PUNJAB VIDHAN SABHA

DEBATES

17th May, 1972

Vol. I—No. 28

OFFICIAL REPORT

CONTENTS

Wednesday, the 17th May, 1972

Price : Rs. 80/15P.

Punjab Vidhan Sabha Secretariat, Chandigarh.

Price Rs.

ERRATA

TO

Punjab Vidhan Sabha

Debates

Dated the 17th May, 1972

Vol. I—No. 28

Read	*For*	*Page*	*Line*
ਸਰਦਾਰ ਜਸਵਿੰਦਰ ਸਿੰਘ ਬਰਾੜ	ਸਤਵਾਰ ਜਸਵਿੰਦਤ ਸਿੰਘ ਬਰਾੜ	(28)10	4th from below
ਸਰਦਾਰ ਜਸਵਿੰਦਰ ਸਿੰਘ ਬਰਾੜ	ਸਰਦਾਰ ਜਸਵਿੰਦਰ ਸਿੰਘ ਬਰਾੜ	(28)18	3rd from below
ਸਰਦਾਰ ਬਲਵਿੰਦਰ ਸਿੰਘ ਭੁੰਦੜ	ਸਰਦਾਰ ਬਲ.ਵਿੰ ਦਰ ਸਿੰਘ ਭੁੰਡਰ	(28)19	3
ਲੁਧਿਆਣਾ	ਲੁਧਿਆਣ	(28)22	2
ਵਗੈਰਾ	ਵਗਗ	(28)89	16th from below
ਸਰਦਾਰ ਕਹੰਨੈਲ ਸਿੰਘ ਮਰੜ੍ਹੀ	ਸਰਦਾਰ ਕਰਨੈਲ ਸਿੰਘ ਮਰੜੀ	(28)107	6
ਸਰਦਾਰ ਧੰਨਾ ਸਿੰਘ ਗੁਲਸ਼ਨ	ਸਰਦਾਰ ਧੰਨਾ ਸਿੰਘ ਗੁਲਜ਼ਨ	(28)108	1
ਪੂਰਾ ਕਰ ਲਏ	ਪੂਰਾ ਲਏ	(28)117	18
ਲੋਕਾਂ	ਲੋਕ	(28)118	12th from below
ਲੇਕਿਨ	ਲਕਿਨ	(28)124	9
ਨੂੰ	ਨ	(28)125	2nd from below
DEVELOP-MENT	DEVELOP-MEHT	(28)127	Top line
ਗਿਆਨੀ ਕੁੰਦਨ ਸਿੰਘ ਪਤੰਗ	ਗਿਆਨੀ ਕੁਦਨ ਸਿੰਘ ਪਤੰਗ	(28)131	15
end	and	(28)146	3rd from below

Read	*For*	*Page*	*Line*
ਸਕਦਾ	ਸਗਦਾ	(28)148	14th from below
ਸਰਦਾਰ ਜਸਦੇਵ ਸਿੰਘ ਸੰਧੂ	ਸਰਦਾਰ ਜਸਦੇਵ ਸਿੰਘ ਸਧੂ	(28)149	2
ਬਣਾਉਣਗੇ	ਬਣਾਵੇਗੇ	(28)153	9th from below
ਜ਼ਿਆਦਤੀ	ਜ਼ਆਦਤੀ	(28)156	12
Question	Qusetion	(23)154	10
motion	moion	(28)171	5
17th May, 1972	17th May, 1979	(28)172	Top
Board	Borard	(28)175	10
employ:e	emoloyee	(28)175	14
or	of	(28)175	14
employee	employees	(28)175	22
ਐਂਪਲਾਈ	ਅ਼ਪਲਾਈ	(28)175	24
motion	moion	(28)176	6
stand	srand	(28)176	16
pei.iod	pariod	(28)181	16 h from below
ਸਤੰਬਰ	ਸਤੰਬ	(28)187	9th from below
Gratuity	Gratutiy	v	21
Pension	Penison	vi	28
nomin:e	nomine	vii	32 & 52
Prescribed	Preseribed	viii	23 and 24
ਆਰਡਰ	ਆਰਡਸ	xiv	10
ACQUISITION	ACQUI ION	xxiii	13
Union	Uniod	xxviii	6
Sardar Kirpal Singh Dhillon	Sardar Kirpal Singh Dillon	xxii	8th from below
Comrade Satya Pal Dang	Commrade Satya Pal Dang	Lxxv	13th from below
yes	ys	Lxxx	I

PUNJAB VIDHAN SABHA

Wednesday, the 17th May, 1972.

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 1.00. p.m. of the Clock. Mr. Speaker (Sardar Darbara Singh) in the Chair.

POSTPONED STARRED QUESTIONS AND ANSWERS

Model Villages in District Gurdaspur

***91. Sardar Waryam Singh :** Will the Minister for Development be pleased to state—

(a) the total number of model villages constructed in Gurdaspur District during the period from 1969 to 1972, datewise and blockwise;

(b) whether any complaint regarding corruption or malpractices in Sri Hargobindpur and Kanuwan Blocks about the misuse of funds incurred on the construction of model villages in these blocks was received by the Government; if so, the action taken by the Government in this regard;

(c) whether the Government proposes to appoint an officer of I.P.S. rank from the Vigilance Department to make a thorough enquiry into the embezzlement charges and mis-utilization of funds, corruption and malpractices, referred to in part (b) above; if not, the reasons therefor ?

Captain Rattan Singh ; (a) A statement is laid on the Table of the House.

(b) Complaint was received by the Deputy Commissioner, Gurdaspur who is getting the matter looked into.

(c) There is no such proposal under consideration of the Development Department at present.

[(ੲ) ਇਕ ਸਟੇਟਮੈਂਟ ਵਿਧਾਨ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਬੀ) ਸ਼ਿਕਾਇਤ ਡਿਪਟੀ ਕਮਿਸ਼ਨਰ, ਗੁਰਦਾਸਪੁਰ ਕੋਲ ਪੁਜੀ ਸੀ ਜਿਸ ਤੇ ਉਹ ਕਾਰਵਾਈ ਕਰ ਰਿਹਾ ਹੈ ।

(ਸੀ) ਵਿਕਾਸ ਵਿਭਾਗ ਦੇ ਜ਼ੇਰੇ ਗੌਰ ਅਜੇ ਕੋਈ ਤਜਵੀਜ਼ ਨਹੀਂ ।]

[Development Minister]

(a) **Statement showing number of Model Villages selected/constructed in Gurdaspur District during the year 1969-70 to 1972-73.**

Name of Block	Number of villages selected 1969-70	Stage (completed)	Number of villages selected in 1970-71	Stage (completed)
Batala	2	Completed on 4-12-69/ 26-2-70	8	—
Dharkalan	1	4-12-69	5	Completed 3/72
Dhariwal	1	-do-	8	Completed 1 (12/71)
Dorangla	1	-do-	6	Completed 2 (6/71)
Derababa Nanak	1	-do-	8	—
Fatehgarh Churian	1	-do-	6	—
Gurdaspur	1	9-10-69	6	Completed 1 (6/71)
Kahnuwan	1	4-12-69	13	—
Narot Jaimal Singh	1	-do-	5	Completed 2 (8/71) 3 (3/72)
Pathankot	1	-do-	5	Completed 5(3/72)
Siri Hargobindpur	1	22-10-69	13	—
	12		85	19

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੇ ਮਾਡਲ ਵਿਲੇਜਿਜ਼ ਇਨਕੰਪਲੀਟ ਹਨ ਉਹ ਕਿਤਨੀ ਕੁ ਦੇਰ ਤਕ ਕੰਪਲੀਟ ਹੋ ਜਾਣਗੇ ? ਨਾਲ ਹੀ ਇਹ ਵੀ ਦੱਸਣ ਕਿ ਕੀ ਸੱਬ ਮਾਊਂਟੇਨੀਅਸ ਏਰੀਏ ਵਿਚ ਉਨ੍ਹਾਂ ਲੋਕਾਂ ਦੇ ਮਾਲੀਏ ਨੂੰ ਮੁਆਫ ਕਰਨ ਦੇ ਆਰਡਰ ਕਰਨਗੇ ?

ਵਿਕਾਸ ਮੰਤਰੀ : ਜਿਹੜੇ ਇਨਕੰਪਲੀਟ ਹਨ ਉਨਾਂ ਨੂੰ ਕੰਪਲੀਟ ਕਰਨ ਦੀ ਛੇਤੀ ਤੋਂ ਛੇਤੀ ਕੋਸ਼ਿਸ਼ ਕੀਤੀ ਜਾਵੇਗੀ। ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਦੇ ਸਪਲੀਮੈਂਟਰੀ ਦਾ ਦੂਜਾ ਭਾਗ ਹੈ ਉਹ ਸਵਾਲ ਵਿਚ ਨਹੀਂ ਪੁੱਛਿਆ ਗਿਆ ਅਤੇ ਨਾ ਹੀ ਮੈਨੂੰ ਉਸ ਬਾਰੇ ਕੋਈ ਇਨਫਰਮੇਸ਼ਨ ਹੈ।

25A

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਹਾਊਸ ਦੀ ਇਹ ਜਨਰਲ ਫੀਲਿੰਗ ਹੈ ਕਿ ਮਾਡਲ ਵਿਲੇਜਿਜ਼ ਵਿਚ ਰੁਪਿਆ ਖਰਾਬ ਕੀਤਾ ਜਾ ਰਿਹਾ ਹੈ ਅਤੇ ਸਰਕਾਰ ਦਾ ਅੱਛਾ ਪ੍ਰਬੰਧ ਨਹੀਂ ਹੈ। ਜਿਨ੍ਹਾਂ ਪਿੰਡਾਂ ਵਿਚ ਅਜੇ ਤਕ ਕੰਮ ਸ਼ੁਰੂ ਹੀ ਨਹੀਂ ਕੀਤਾ ਗਿਆ, ਕੀ ਉਨ੍ਹਾਂ ਪਿੰਡਾਂ ਵਿਚ ਵੀ ਕੰਮ ਸ਼ੁਰੂ ਕਰਨ ਦੀ ਕੋਈ ਸਕੀਮ ਸਰਕਾਰ ਦੇ ਜ਼ੇਰੇ ਗੌਰ ਹੈ ?

ਮੰਤਰੀ : ਜਿਨ੍ਹਾਂ ਪਿੰਡਾਂ ਦੀ ਸੈਂਕਸ਼ਨ 31 ਮਾਰਚ, 1971 ਤੋਂ ਪਹਿਲਾਂ ਪਹਿਲਾਂ ਹੋ ਚੁਕੀ ਹੈ ਉਨ੍ਹਾਂ ਵਿਚ ਕੰਮ ਸ਼ੁਰੂ ਕੀਤਾ ਜਾਏਗਾ।

ਸ੍ਰੀ ਵਿਸ਼ਵਾ ਮਿਤਰ ਸੇਖਰੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫ਼ਰਮਾਇਆ ਹੈ ਕਿ the matter is being looked into ਮੈਂ ਪੁਛਦਾ ਹਾਂ ਕਿ ਇਸ ਦਾ ਨਿਪਟਾਰਾ ਕਰਨ ਲਈ ਇਹ ਕਿਤਨੀ ਕੁ ਦੇਰ ਹੋਰ ਲਗਾਉਣਗੇ ?

ਮੰਤਰੀ : ਬਹੁਤ ਛੇਤੀ ਅਕਸਪੀਡਾਈਟ ਕਰਨ ਦਾ ਯਤਨ ਕਰਾਂਗੇ ਜੀ ।

ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਮਾਡਲ ਗਰਾਮਜ਼ ਦੀ ਸਕੀਮ ਸਰਕਾਰ ਨੇ ਬਣਾਈ ਸੀ ਤਾਂ ਉਸ ਵਿਚ ਕਿਹਾ ਗਿਆ ਸੀ ਕਿ ਪਿੰਡਾਂ ਵਿਚ ਫਿਰਨੀਆਂ ਪੱਕੀਆਂ ਬਣਾਈਆਂ ਜਾਣਗੀਆਂ, ਸੜਕਾਂ ਨਿਕਲਣਗੀਆਂ ਪਰ ਹੁਣ ਇਹ ਮੁੱਕਰ ਕਿਉਂ ਗਏ ਹਨ?

ਮੰਤਰੀ : ਅਸੀਂ ਬਿਲਕੁਲ ਨਹੀਂ ਮੁੱਕਰੇ। ਅਸੀਂ ਕੇਵਲ ਇਤਨਾ ਹੀ ਕਹਿੰਦੇ ਹਾਂ ਕਿ ਜਿਨ੍ਹਾਂ ਪਿੰਡਾਂ ਦੀ ਮਨਜ਼ੂਰੀ 31 ਮਾਰਚ, 1971 ਤਕ ਹੋ ਚੁਕੀ ਹੈ ਉਹ ਕੰਪਲੀਟ ਕੀਤੇ ਜਾਣਗੇ ।

ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ : ਸਪੀਕਰ ਸਾਹਿਬ, ਮੇਰਾ ਸਵਾਲ ਹੈ ਕਿ ਇਨ੍ਹਾਂ ਨੇ ਕਿਹਾ ਸੀ ਕਿ ਸੜਕਾਂ ਪੱਕੀਆਂ ਹੋਣਗੀਆਂ, ਡਿਸਪੈਂਸਰੀਆਂ ਖੁਲ੍ਹੀਆਂ ਜਾਣਗੀਆਂ ਅਤੇ ਪਿੰਡਾਂ ਦੀਆਂ ਫਿਰਨੀਆਂ ਪੱਕੀਆਂ ਕੀਤੀਆਂ ਜਾਣਗੀਆਂ, ਉਸ ਵਾਇਦੇ ਨੂੰ ਇਹ ਕਦ ਤਕ ਪੂਰਾ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਸਪਲੀਮੈਂਟਰੀ ਹੁਣ ਪੁੱਛਿਆ ਗਿਆ ਹੈ ਇਸ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ ।

AGRICULTURAL LOANS OUTSTANDING AGAINST FARMERS IN THE STATE

***301. Sardar Dhanna Singh Gulshan** : Will the Minister for Development be pleased to state—

(a) the amount of Government loans advanced by the Agriculture Department which are still outstanding against the farmers of the State for the period from 1955 to 31st March, 1972;

(b) the purpose/purposes for which the said farmers were advanced the said loans by the Government;

(c) the district-wise break-up of the amount of loans received by the said farmers from the Government for the purchase of fertilizers and tractors;

(d) the rate of interest per annum which the farmers have to pay to Government on the said loans ?

Captain Rattan Singh : (a) (i) Minor Irrigation: Rs. 4,10,59,764.61 up to 31-3-71

(ii) Soil Conservation — Rs. 1,49,02,871.21

(iii) Fertilizer, Tractors, Horticulture, Grapes and Plant Protection — Information is being collected from District/Tehsil Offices.

[Development Mininster]

(b) The loans were advanced by the Agriculture Department to the farmers for tractors, Horticulture, Grapes, Minor Irrigation, Plant Protection, Fertilizer and Soil Conservation.

(c) (i) Fertilizer	..	The information is placed on the Table of the House.
(ii) Tractors	..	Information is being collected from the District/Tehsil offices.

(d) The rate of interest is fixed on yearly basis and for the years from 1955 to 1972, it ranged between 5½% and 9%

[(ੳ) (1) ਛੋਟੀ ਸਿੰਚਾਈ, ਰੁਪਏ 4,10,59,764.61 ਮਿਤੀ 31 ਮਾਰਚ, 1971 ਤੱਕ ।

(2) ਭੂਮੀ ਰੱਖਿਆ ਰੁਪਏ 1,49,02,871·21

(3) ਖਾਦ, ਟਰੈਕਟਰ, ਬਾਗਬਾਨੀ ਅੰਗੂਰ ਅਤੇ ਪੌਦ ਰਖਿਆ	ਜ਼ਿਲ੍ਹਾ ਅਤੇ ਤਹਿਸੀਲ ਦਫਤਰਾਂ ਤੋਂ ਸੂਚਨਾ ਇਕੱਤਰ ਕੀਤੀ ਜਾ ਰਹੀ ਹੈ ।

(ਅ) ਖੇਤੀਬਾੜੀ ਵਿਭਾਗ ਨੇ ਜ਼ਿਮੀਂਦਾਰਾਂ ਨੂੰ ਟਰੈਕਟਰ, ਬਾਗਬਾਨੀ, ਅੰਗੂਰ, ਛੋਟੀ ਸਿੰਚਾਈ, ਪੌਦ ਰੱਖਿਆ, ਖਾਦ ਅਤੇ ਭੂਮੀ ਸੁਧਾਰ ਲਈ ਕਰਜ਼ੇ ਦਿੱਤੇ ।

(ੲ) (1) ਖਾਦ ਬਾਰੇ ਸੂਚਨਾ ਸਦਨ ਦੇ ਟੇਬਲ ਉੱਤੇ ਰੱਖੀ ਜਾਂਦੀ ਹੈ ।

(2) ਟਰੈਕਟਰਾਂ ਬਾਰੇ ਸੂਚਨਾ ਜ਼ਿਲ੍ਹਾ ਅਤੇ ਤਹਿਸੀਲ ਦਫਤਰਾਂ ਤੋਂ ਇਕਤਰ ਕੀਤੀ ਜਾ ਰਹੀ ਹੈ ।

(ਸ) ਸੂਦ ਦੀ ਦਰ ਸਾਲਵਾਰ ਨਿਸ਼ਚਿਤ ਕੀਤੀ ਜਾਂਦੀ ਹੈ ਅਤੇ 1955 ਤੋਂ 1972 ਤੀਕ 5½ ਪ੍ਰਤੀਸ਼ਤ ਤੋਂ 9 ਪ੍ਰਤੀਸ਼ਤ ਹੁੰਦੀ ਰਹੀ ਹੈ ।]

Statement showing Districtwise details of Fertilizer Loans Advanced from 1955 to 1966-67
(Pertaining to Part C of Starred Assembly Question No. 301.)

S.No.	District		Amount (Rs.)
1.	Amritsar	..	1,75,03,616.74
2.	Gurdaspur	..	1,10,72,389.26
3.	Hoshiarpur	..	1,39,36,175.87
4.	Jullundur	..	1,64,84,038.97
5.	Ludhiana	..	4,72,56,073.37
6.	Ferozepur	..	4,15,11,350.02
7.	Kapurthala	..	51,47,462.90
8.	Rupar	..	65,15,939.23

S. No.	District		Amount Rs.
9.	Bhatinda	..	1,57,95,071.35
10.	Patiala	..	1,06,92,016.81
11.	Sangrur	..	1,41,13,225.48

No Government loans were advanced for Fertilizers after the year 1966-67. Thereafter this work was entrusted to co-operatives.

[1955 ਤੋਂ 1966-67 ਤੀਕ ਖਾਦ ਦੇ ਕਰਜ਼ਿਆਂ ਦੇ ਵੇਰਵਿਆਂ ਦੀ ਜ਼ਿਲਾਵਾਰ ਸੂਚੀ]

(ਸੁਆਲ ਨੰ: 301 ਭਾਗ—ਸ)

ਲੜੀ ਨੰ:	ਜ਼ਿਲ੍ਹਾ		ਰਕਮ ਰੁਪਿਆਂ ਵਿਚ
1.	ਅੰਮ੍ਰਿਤਸਰ	..	1,75,03,616.74
2.	ਗੁਰਦਾਸਪੁਰ	..	1,10,72,389.26
3.	ਹੁਸ਼ਿਆਰਪੁਰ	..	1,39,36,175.87
4.	ਜਲੰਧਰ	..	1,64,84,038.97
5.	ਲੁਧਿਆਣਾ	..	4,72,56,073.37
6.	ਫਿਰੋਜ਼ਪੁਰ	..	4,15,11,350.02
7.	ਕਪੂਰਥਲਾ	..	51,47,462.90
8.	ਰੋਪੜ	..	65,15,939.23
9.	ਬਠਿੰਡਾ	..	1,57,95,071.35
10.	ਪਟਿਆਲਾ	..	1,06,92,016.81
11.	ਸੰਗਰੂਰ	..	1,41,13,225.48

ਸਾਲ 1966-67 ਤੋਂ ਬਾਦ ਸਰਕਾਰ ਵਲੋਂ ਖਾਦ ਲਈ ਕਰਜ਼ੇ ਦੇਣੇ ਬੰਦ ਕਰ ਦਿੱਤੇ ਗਏ ਸਨ । ਇਸ ਤੋਂ ਬਾਦ ਇਹ ਕੰਮ ਸਹਿਕਾਰਤਾ ਸਭਾਵਾਂ ਨੂੰ ਸੌਂਪ ਦਿੱਤਾ ਗਿਆ ਸੀ ।]

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹਦਾ ਹਾਂ ਕਿ ਦੋ ਢਾਈ ਕਰੋੜ ਰੁਪਏ ਕਰਜ਼ੇ ਦੀ ਰਕਮ ਜਿਹੜੀ ਕਿ ਅਜੇ ਤਕ ਵਸੂਲ ਨਹੀਂ ਹੋਈ ਉਸ ਨੂੰ ਵਸੂਲ ਕਰਨ ਲਈ ਸਰਕਾਰ ਕੀ ਕਦਮ ਉਠਾ ਰਹੀ ਹੈ ?

ਵਿਕਾਸ ਮੰਤਰੀ. ਇਸ ਸਵਾਲ ਦਾ ਜਵਾਬ ਮੈਂ ਪਹਿਲਾਂ ਹੀ ਦੇ ਚੁੱਕਾ ਹਾਂ।

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਰੁਪਿਆਂ ਦੀ ਵਸੂਲੀ ਜਲਦੀ ਤੋਂ ਜਲਦੀ ਕਰਨ ਲਈ ਕਿਹੜੇ ਕਿਹੜੇ ਸਾਧਨ ਵਰਤੇ ਜਾ ਰਹੇ ਹਨ ?

ਮੰਤਰੀ : ਇਨ੍ਹਾਂ ਦੀਆਂ ਵਸੂਲੀਆਂ ਸਤਾਰਾਂ ਸਾਲ ਪੁਰਾਣੀਆਂ ਹਨ। ਇਸ ਸਬੰਧ ਵਿਚ ਫਿਗਰਜ਼ ਮੰਗੀਆਂ ਹਨ। ਉਨ੍ਹਾਂ ਦੇ ਪੁੱਜਣ ਤੇ ਹੀ ਸਰਕਾਰ ਵਿਚਾਰ ਕਰੇਗੀ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਇਨਡਸਟਰੀ ਆਦਿ ਬਾਰੇ ਲੋਨ ਤੇ ਸਰਕਾਰ ਕੇਵਲ ਪੰਜ ਜਾਂ ਸੱਤ ਪਰਸੈਂਟ ਵਿਆਜ ਲੈਂਦੀ ਹੈ, ਪਰ ਕਿਸਾਨਾਂ ਨੂੰ ਕਰਜ਼ੇ ਤੇ ਵਿਆਜ 9 ਪ੍ਰਤੀਸ਼ਤ ਦੀ ਦਰ ਨਾਲ ਦੇਣਾ ਪੈਂਦਾ ਹੈ, ਕੀ ਇਹ ਕਿਸਾਨਾਂ ਨਾਲ ਧੱਕਾ ਨਹੀਂ ਕੀਤਾ ਜਾ ਰਿਹਾ ਅਤੇ ਕੀ ਸਰਕਾਰ ਇਸ ਵਿਆਜ ਦੀ ਹੈਵੀ ਦਰ ਨੂੰ ਘਟਾਉਣ ਲਈ ਵਿਚਾਰ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਫਰਟੇਲਾਈਜ਼ਰ ਲਈ ਲੋਨ ਡਿਪਾਰਟਮੈਂਟ ਤਾਂ ਦਿੰਦਾ ਹੀ ਨਹੀਂ ਹੈ ਇਸ ਲਈ ਇਸ ਬਾਰੇ ਵਿਚਾਰ ਕਰਨ ਦਾ ਸਵਾਲ ਹੀ ਨਹੀਂ ਉਠਦਾ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਮੈਂ ਤਾਂ ਸਮੁੱਚੀ ਗਲ ਕੀਤੀ ਹੈ। ਮੈਂ ਤਾਂ ਕਿਹਾ ਹੈ ਕਿ ਕਿਸਾਨਾਂ ਨੂੰ ਕਰਜ਼ੇ ਦੀ ਰਕਮ ਤੇ 9 ਪ੍ਰਤੀਸ਼ਤ ਵਿਆਜ ਦੇਣਾ ਪੈਂਦਾ ਹੈ ਪਰ ਇਨਡਸਟਰੀ ਆਦਿ ਵਾਸਤੇ ਪੰਜ ਜਾਂ ਸੱਤ ਪਰਸੈਂਟ ਦੀ ਦਰ ਹੈ। ਕੀ ਇਹ ਭਾਰ ਜਿਹੜਾ ਕਿ ਭਾਰੀ ਸੂਦ ਦੀ ਦਰ ਨਾਲ ਕਿਸਾਨਾਂ ਤੇ ਪੈ ਰਿਹਾ ਹੈ ਇਸ ਨੂੰ ਘਟਾਉਣ ਲਈ ਉਪਰਾਲਾ ਨਹੀਂ ਕਰੋਗੇ ?

Minister: This is with the approval of the Reserve Bank of India.

CHANGE OF SENIORITY OF TEACHERS TRANSFERRED TO THE STATE OF PUNJAB AFTER 1ST NOVEMBER, 1966

***88. Comrade Jangir Singh Joga :** Will the Minister for Education be pleased to state—

(a) the total number of teachers (categorywise) transferred to the State of Punjab due to change in allocation after 1st November, 1966;

(b) whether it is a fact that the Government decided that previous seniority of such allocated teachers would not change;

(c) if the reply to part (b) above be in the affirmative, whether it has come to the notice of the Government that some Officers did not follow Government's instructions while fixing seniority of such allocated teachers, if so, the names of such Officers with their designations;

(d) the details of the measures the Government proposes to take to deal with the said defaulting Officers;

(e) the number of such teachers, out of those mentioned in part (a) above, who lost their seniority due to the said transfer;

(f) the number of such teachers who appealed to the Government to retain their previous seniority in the light of Governments instructions;

(g) the number of appeals decided by the Department in favour of such teachers;

(h) the number of appeals rejected by the Department together with the reasons therefor ;

(i) the number of appeals lying pending/unattended by the Department;

(j) the time by which all these appeals are likely to be settled ?

Sardar Umrao Singh :

(a) J.B.T. 386 C. & V. 168

(b) No. Except the teachers of four bifurcated Districts (Ambala,, Sangrur, Hoshiarpur, and Gurdaspur whose seniority existed in these districts before reorganisation) all other teachers were to lose seniority on allocation from Haryana, Himachal Pradesh to Punjab.

(c) Question does not arise.
(d) ,,
(e) 472
(f) Question does not arise.
(g) ,,
(h) ,,
(i) ,,
(j) ,,

[(ੳ) ਜੇ. ਬੀ. ਟੀ. 386 ਸੀ. ਤੇ ਵੀ. 168

(ਅ) ਨਹੀਂ ਜੀ । ਸਿਵਾਏ ਅੰਬਾਲਾ, ਸੰਗਰੂਰ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਅਧਿਆਪਕਾਂ ਦੇ ਜਿਨ੍ਹਾਂ ਦੀ ਸੀਨੀਆਰਟੀ ਵੀ ਇਨ੍ਹਾਂ ਜ਼ਿਲ੍ਹਿਆਂ ਦੀ ਹੀ ਸੀ ਬਾਕੀ ਦੇ ਸਾਰੇ ਅਧਿਆਪਕਾਂ ਨੂੰ ਹਰਿਆਣੇ ਅਤੇ ਹਿਮਾਚਲ ਪ੍ਰਦੇਸ਼ ਤੋਂ ਐਲੋਕੇਸ਼ਨ ਬਦਲਣ ਕਾਰਣ ਪੰਜਾਬ ਵਿਚ ਆਉਣ ਤੇ ਸੀਨੀਆਰਟੀ ਛੱਡਣੀ ਪਈ ।

(ੲ) ਅਤੇ (ਸ) ਸਵਾਲ ਪੈਦਾ ਨਹੀਂ ਹੁੰਦਾ ।
(ਹ) 472
(ਕ) ਸਵਾਲ ਪੈਦਾ ਨਹੀਂ ਹੁੰਦਾ
(ਖ) ,,
(ਗ) ,,
(ਘ) ,,
(ਙ) ,,]

STARRED QUESTION NO. 205

(ਇਹ ਸਵਾਲ ਸਦਨ ਵਿਚ ਪੇਸ਼ ਨਹੀਂ ਕੀਤਾ ਗਿਆ)

TEHSILDARS AND CONSOLIDATION OFFICERS BELONGING TO SCHEDULED CASTES

***285. Sardar Gurbanta Singh :** Will the Minister for Education be pleased to state—

(a) the number of Tehsildars, Naib-Tehsildars, Consolidation Officers and Assistant Consolidation Officers in the State at present together with the number of Scheduled Castes amongst them;

(b) whether the low percentage of Scheduled Caste Tehsildars, Naib-Tehsildars, Consolidation/Assistant Consolidation Officers is proposed to be brought up to the level of the percentage prescribed for them;

(c) If the reply to part (b) above be in the affirmative the manner in which it is proposed to be done ?

Sardar Umrao Singh :

(a)

Cadre		Total strength	Scheduled Castes
Tehsildars	..	52	3
Naib-Tehsildars	..	154	14
Consolidation Officers	..	4	1
Assistant Consolidation Officers	..	30	2

(b) and (c) While filling up the vacancies the percentage provided for is kept in view.

[(ਏ)

ਕੇਡਰ	ਕੁਲ ਗਿਣਤੀ	ਅਨੁਸੂਚਿਤ ਜਾਤੀ ਦੇ
ਤਹਿਸੀਲਦਾਰ	52	3
ਨਾਇਬ-ਤਹਿਸੀਲਦਾਰ	154	14
ਚੱਕਬੰਦੀ ਅਫਸਰ	4	1
ਸਹਾਇਕ ਚੱਕਬੰਦੀ ਅਫਸਰ	30	2

(ਬੀ. ਅਤੇ ਸੀ.) ਅਸਾਮੀਆਂ ਭਰਨ ਵੇਲੇ ਨਿਯਤ ਪ੍ਰਤੀਸ਼ਤ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ)]

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਇਹ ਜਿਹੜੀ ਮੰਤਰੀ ਜੀ ਨੇ ਲਿਸਟ ਪੜ੍ਹ ਕੇ ਸੁਣਾਈ ਹੈ ਕਿ 52 ਤਹਿਸੀਲਦਾਰਾਂ ਵਿਚੋਂ ਤਿੰਨ ਸ਼ੈਡਿਊਲਡ ਕਾਸਟਸ ਅਤੇ ਇਸ ਤਰ੍ਹਾਂ 154 ਨਾਇਬ-ਤਹਿਸੀਲਦਾਰਾਂ ਵਿਚੋਂ 14 ਸ਼ੈਡਿਊਲਡ ਕਾਸਟਸ ਹਨ ਅਤੇ ਕਨਸਾਲੀਡੇਸ਼ਨ ਅਫ਼ਸਰ ਚਾਰ ਹਨ ਜਿਨ੍ਹਾਂ

ਵਿਚੋਂ ਇਕ ਸ਼ੈਡਿਊਲਡ ਕਾਸਟਸ ਹੈ। ਇਨ੍ਹਾਂ ਨੇ ਇਹ ਕਿਹਾ ਹੈ ਕਿ ਅਗੇ ਵਾਸਤੇ ਰੇਜ਼ਰਵੇਸ਼ਨ ਦੇ ਹਿਸਾਬ ਨਾਲ ਠੀਕ ਭਰਤੀ ਕੀਤੀ ਜਾਇਆ ਕਰੇਗੀ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਇਸ ਤਰ੍ਹਾਂ ਤਾਂ ਸੌ ਵਰ੍ਹਿਆਂ ਤਕ ਵੀ ਇਹ ਪਰਸੈਂਟੇਜ ਪੂਰੀ ਨਹੀਂ ਹੋਵੇਗੀ। ਸਪੀਕਰ ਸਾਹਿਬ, ਕੀ ਸਰਕਾਰ ਰੈਜ਼ਰਵੇਸ਼ਨ ਪੂਰੀ ਕਰਨ ਲਈ ਅੱਗੇ ਤੋਂ ਸ਼ੈਡਿਊਲਡ ਕਾਸਟਸ ਤੋਂ ਬਿਨਾਂ ਹੋਰ ਭਰਤੀ ਉਤਨੀ ਦੇਰ ਰੋਕਣ ਲਈ ਤਿਆਰ ਹੈ; ਜੇਕਰ ਨਹੀਂ ਤਾਂ ਕੀ ਇਹ ਸੋਸ਼ਲਿਜ਼ਮ ਹੈ ?

ਸਿੱਖਿਆ ਮੰਤਰੀ : ਜਿਹੜੀਆਂ ਤਜਵੀਜ਼ਾਂ ਮਾਸਟਰ ਜੀ ਦੇਣਗੇ ਅਗੇ ਤੋਂ ਉਨ੍ਹਾਂ ਤੇ ਵਿਚਾਰ ਕਰ ਲਵਾਂਗੇ।

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਜਿਹੜਾ ਘਾਪਾ ਹੈ ਇਕ ਦੋ ਦਾ ਹੁੰਦਾ ਤਾਂ ਹੋਰ ਗਲ ਸੀ, 100 ਜਾਂ 150 ਅਸਾਮੀਆਂ ਦਾ ਘਾਪਾ ਹੈ ਜਿਹੜਾ ਕਿ ਪਿਛਲੇ ਪੰਜਾਂ ਸੱਤਾਂ ਸਾਲਾਂ ਵਿਚ ਪਿਆ ਹੈ, ਕੀ ਇਸ ਨੂੰ ਪੂਰਾ ਕਰਨ ਲਈ ਅਗੇ ਤੋਂ ਜਿੰਨੇ ਵੀ ਨਾਇਬ ਤਹਿਸੀਲਦਾਰ ਜਾਂ ਤਹਿਸੀਲਦਾਰ ਲੈਣੇ ਹਨ ਉਨ੍ਹਾਂ ਵਿਚ ਪੂਰਾ ਕਰ ਦਿੱਤਾ ਜਾਵੇਗਾ ਅਤੇ ਇਹ ਆਰਡਰ ਸਰਕਾਰ ਜਾਰੀ ਕਰਨ ਨੂੰ ਤਿਆਰ ਹੈ ਕਿ ਜਦ ਤਕ ਸ਼ੈਡਿਊਲਡ ਕਾਸਟਾਂ ਦੀ ਗਿਣਤੀ ਇਸ ਸਰਵਿਸ ਵਿਚ ਪੂਰੀ ਨਹੀਂ ਹੋ ਜਾਂਦੀ ਦੂਜਿਆਂ ਨੂੰ ਨਾਇਬ-ਤਹਿਸੀਲਦਾਰ ਜਾਂ ਤਹਿਸੀਲਦਾਰ ਨਹੀਂ ਲਿਆ ਜਾਵੇਗਾ ?

ਮੰਤਰੀ : ਇਸ ਸਬੰਧ ਵਿਚ ਬੇਨਤੀ ਇਹ ਹੈ ਕਿ ਦੋ ਤਰ੍ਹਾਂ ਦੀਆਂ ਅਪਵਾਇੰਟਮੈਂਟਸ ਕੀਤੀਆਂ ਜਾਂਦੀਆਂ ਹਨ—ਇਕ ਤਾਂ ਡਾਇਰੈਕਟ ਰਿਕਰੂਟਮੈਂਟ ਅਤੇ ਦੂਜੇ ਡੀਪਾਰਟਮੈਂਟਲ ਪਰਮੋਸ਼ਨਾਂ ਰਾਹੀਂ। ਡਾਇਰੈਕਟ ਅਪਵਾਇੰਟਮੈਂਟਸ ਵਿਚ ਤਾਂ ਉਨ੍ਹਾਂ ਦੀਆਂ ਪੋਸਟਾਂ ਰੀਜ਼ਰਵ ਕੀਤੀਆਂ ਹੋਈਆਂ ਹਨ। ਜਿਥੋਂ ਤਕ ਪਰੋਮੋਸ਼ਨ ਰਾਹੀਂ ਪੋਸਟਾਂ ਫਿਲ ਕਰਨ ਦਾ ਸਬੰਧ ਹੈ ਇਹ ਜਿਹੜੀ ਕਮੀ ਹੈ ਇਸ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ।

ਸਰਦਾਰ ਅਜਾਇਬ ਸਿੰਘ ਸੰਧੂ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਜਿਹੜੀ ਲਿਸਟ ਦਿਤੀ ਹੈ ਇਸ ਸਵਾਲ ਦੇ ਜਵਾਬ ਦੇ ਸਬੰਧ ਵਿਚ, ਉਸ ਵਿਚ 52 ਤਹਿਸੀਲਦਾਰਾਂ ਵਿਚੋਂ 3 ਸ਼ੈਡਿਊਲਡ ਕਾਸਟਸ ਤਹਿਸੀਲਦਾਰ ਹਨ ਅਤੇ 154 ਨਾਇਬ-ਤਹਿਸੀਲਦਾਰਾਂ ਵਿਚੋਂ 14 ਸ਼ੈਡਿਊਲਡ ਕਾਸਟਸ ਹਨ, ਤਾਂ ਕੀ ਸਰਕਾਰ ਉਨ੍ਹਾਂ ਅਫਸਰਾਂ ਦੇ ਖਿਲਾਫ, ਜਿਨ੍ਹਾਂ ਨੇ ਸਰਕਾਰ ਦੀ ਤਹਿ ਕੀਤੀ ਨੀਤੀ ਦੀ ਉਲੰਘਣਾ ਕਰਕੇ ਸ਼ੈਡਿਊਲਡ ਕਾਸਟਾਂ ਦੀ ਪਰਸੈਂਟੇਜ ਦਾ ਇਨ੍ਹਾਂ ਆਸਾਮੀਆਂ ਨੂੰ ਪੁਰ ਕਰਨ ਸਮੇਂ ਖਿਆਲ ਨਹੀਂ ਰਖਿਆ, ਕੀ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ?

ਮੰਤਰੀ : ਇਹ ਤਾਂ ਅਫਸਰਾਂ ਨੇ ਨਹੀਂ ਕੀਤੀਆਂ ਇਹ ਤਾਂ ਸਿਲੈਕਸ਼ਨ ਕਮੇਟੀ ਨੇ ਚੁਣੇ ਹਨ, ਬੋਰਡ ਨੇ ਚੁਣੇ ਹਨ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਮੰਨਿਆ ਹੈ ਕਿ ਇਹ ਗਲਤ ਗੱਲ ਹੋਈ ਹੈ ਫਿਰ ਇਨ੍ਹਾਂ ਨੂੰ ਟਾਲਣਾ ਨਹੀਂ ਚਾਹੀਦਾ ਅਤੇ ਕਹਿਣਾ ਚਾਹੀਦਾ ਹੈ ਕਿ ਐਕਸ਼ਨ ਲਿਆ ਜਾਵੇਗਾ ਅਤੇ ਕਮੀ ਨੂੰ ਪੂਰਾ ਕੀਤਾ ਜਾਵੇਗਾ।

(ਕੋਈ ਉਤਰ ਨਹੀਂ ਦਿਤਾ ਗਿਆ)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਜਿਹੜੀਆਂ ਨਿਯੁਕਤੀਆਂ ਬਾਈ ਪਰੋਮੋਸ਼ਨ ਕੀਤੀਆਂ ਗਈਆਂ ਹਨ ਇਨ੍ਹਾਂ ਵਿਚੋਂ ਕਿੰਨੀਆਂ ਕਾਂਗਰਸ ਸਰਕਾਰ ਦੇ ਵੇਲੇ ਦੀਆਂ ਹਨ ਅਤੇ ਕਿੰਨੀਆਂ ਅਕਾਲੀ ਸਰਕਾਰ ਦੇ ਵੇਲੇ ਦੀਆਂ ਹਨ ?

ਮੰਤਰੀ : ਮੈਨੂੰ ਤਾਂ ਇਹ ਪੁਛਿਆ ਗਿਆ ਸੀ ਕਿ ਅੱਪ ਟੂ ਡੇਟ ਕੀ ਪੋਜ਼ੀਸ਼ਨ ਹੈ। ਹੋ ਸਕਦਾ ਹੈ ਪਿਛਲੇ ਪੰਜਾਂ ਸਾਲਾਂ ਵਿਚ ਇਹ ਜ਼ਿਆਦਾ ਹੋਈਆਂ ਹੋਣ ਅਤੇ ਸ਼ਿਡਿਊਲਡ ਕਾਸਟਸ ਦਾ ਖ਼ਿਆਲ ਨਾ ਰਖਿਆ ਗਿਆ ਹੋਵੇ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਸ ਗਲ ਨੂੰ ਮੱਦੇ ਨਜ਼ਰ ਰਖਦੇ ਹੋਏ ਕਿ ਲੈਂਡ ਸੀਲਿੰਗ ਲਗਾਈ ਜਾ ਰਹੀ ਹੈ ਅਤੇ ਇਨ੍ਹਾਂ ਨੂੰ ਜ਼ਮੀਨ ਕਢਾਉਣ ਲਈ ਵਧੇਰੇ ਤਹਿਸੀਲਦਾਰਾਂ ਅਤੇ ਨਾਇਬ-ਤਹਿਸੀਲਦਾਰਾਂ ਦੀ ਲੋੜ ਪਏਗੀ ਤਾਂ ਉਨ੍ਹਾਂ ਦੀਆਂ ਅਸਾਮੀਆਂ ਨੂੰ ਪੂਰ ਕਰਨ ਦਾ ਯਤਨ ਕੀਤਾ ਜਾਵੇਗਾ ?

(ਕੋਈ ਉੱਤਰ ਨਹੀਂ ਦਿੱਤਾ ਗਿਆ)

ਸਰਦਾਰ ਹਰਚੰਦ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਪਿਛਲੇ 25 ਸਾਲਾਂ ਵਿਚ 52 ਤਹਿਸੀਲਦਾਰਾਂ ਵਿਚੋਂ 3 ਸ਼ੈਡਿਊਲਡ ਕਾਸਟਸ ਲਏ ਗਏ ਹਨ ਅਤੇ ਇਥੇ ਸੀ.ਐਮ. ਸਾਹਿਬ ਵੀ ਬੈਠੇ ਹਨ ਜਿਹੜੇ ਕਿ ਸੋਸ਼ਲਿਸਟ ਸਰਕਾਰ ਚਾਹੁੰਦੇ ਹਨ, ਤਾਂ ਕੀ ਇਹ ਹਦਾਇਤ ਜਾਰੀ ਕਰਨ ਨੂੰ ਤਿਆਰ ਹਨ ਕਿ ਹਰੀਜਨਾਂ ਦਾ ਸਰਵਿਸਾਂ ਵਿਚ ਕੋਟਾ 25 ਪ੍ਰਤੀਸ਼ਤ ਦਾ ਜਿਹੜਾ ਹੈ ਇਹ ਸਾਰਿਆਂ ਤੋਂ ਪਹਿਲਾਂ ਪੂਰਾ ਕੀਤਾ ਜਾਵੇਗਾ ?

ਮੰਤਰੀ : ਮੈਂ ਤਾਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਇਸ ਕਮੀ ਨੂੰ ਸਰਕਾਰ ਪੂਰਾ ਕਰਨ ਦਾ ਯਤਨ ਕਰੇਗੀ, ਅਤੇ ਚਾਹੁੰਦੇ ਹਾਂ। ਹੁਣ 32 ਨਾਇਬ-ਤਹਿਸਲਦਾਰ ਲਏ ਸਨ ਇਨ੍ਹਾਂ ਵਿਚੋਂ 7 ਸ਼ੈਡਿਊਲਡ ਕਾਸਟਸ ਦੇ ਹਨ ਅਤੇ ਇਕ ਬੈਕਵਰਡ ਕਲਾਸ ਦਾ ਹੈ। ।

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਠੀਕ ਹੈ ਕਿ ਇਨ੍ਹਾਂ ਨੇ 32 ਵਿਚੋਂ 8 ਲੈਣੇ ਸਨ ਤਾਂ ਲਏ 7 ਹਨ ਅਤੇ 1 ਬੈਕਵਰਡ ਕਲਾਸ ਦਾ ਲਿਆ ਹੈ ਪਰ ਜਿਹੜੀ ਰੀਜ਼ਰਵੇਸ਼ਨ ਪਹਿਲਾਂ ਸੀ ਉਸ ਦਾ ਖਿਆਲ ਹੁਣ ਗਿਆਨੀ ਜੀ ਦੀ ਸਰਕਾਰ ਵੇਲੇ ਰਖਿਆ ਜਾਵੇਗਾ ਕਿ ਪਾਪੂਲੇਸ਼ਨ ਦੇ ਬੇਸਿਜ਼ ਦਾ ਖਿਆਲ ਰਖਿਆ ਜਾਵੇ ਕਿ ਕਿੰਨੀਆਂ ਐਪਵਾਇੰਟਮੈਂਟਸ ਪਿਛੇ ਹੋਈਆਂ ਹਨ ਅਤੇ ਉਨ੍ਹਾਂ ਦੀ ਕਮੀ ਨੂੰ ਹੁਣ ਪੂਰਾ ਕੀਤਾ ਜਾਵੇਗਾ। ਇਨ੍ਹਾਂ ਦੀ ਰਿਜ਼ਰਵੇਸ਼ਨ 25 ਦੀ 50 ਪ੍ਰਤੀਸ਼ਤ ਕਰ ਦਿੱਤੀ ਜਾਵੇਗੀ ਜਿਸ ਤਰ੍ਹਾਂ ਕਿ ਪਿਛਲੀ ਸਰਕਾਰ ਨੇ ਪਟਵਾਰੀਆਂ ਅਤੇ ਪੁਲਿਸ ਦੀ ਸਰਵਿਸ ਵਿਚ ਸ਼ੈਡਿਊਲਡ ਕਾਸਟਾਂ ਦੀ ਕਮੀ ਨੂੰ ਪੂਰਾ ਕਰਨ ਲਈ ਕੀਤਾ ਸੀ ?

ਮੰਤਰੀ : ਸਪੀਕਰ ਸਾਹਿਬ, ਇਹ ਘਾਟਾ ਪਿਛਲੇ ਪੰਜ ਸਾਲਾਂ ਵਿਚ ਅਕਾਲੀ ਵੀਰਾਂ ਦਾ ਪਾਇਆ ਹੋਇਆ ਹੈ ਅਤੇ ਇਸ ਤੋਂ ਪਹਿਲਾਂ ਕੁਝ ਮਾਸਟਰ ਜੀ ਦੇ ਆਪਣੇ ਵੇਲੇ ਦਾ ਵੀ ਹੈ। ਅਸੀਂ ਹਰੀਜਨਾਂ ਦਾ ਕੋਟਾ ਪੂਰਾ ਕਰਨ ਦਾ ਹਰ ਯਤਨ ਕਰਾਂਗੇ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜੇ ਹੋ ਗਏ।)

ਸਰਦਾਰ ਜਸਵਿੰਦਰ ਸਿੰਘ ਬਰਾੜ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਜਿਹੜਾ ਘਾਟਾ ਹਰੀਜਨਾਂ ਦਾ ਸਰਵਿਸਾਂ ਵਿਚ ਪਿਛਲੇ ਸਾਲਾਂ ਵਿਚ ਪਿਆ ਹੋਇਆ ਹੈ ਉਨ੍ਹਾਂ ਨੂੰ ਹੁਣ ਇਹ ਕਦ ਤਕ ਪੂਰਾ ਕਰ ਦੇਣਗੇ ?

(ਕੋਈ ਉੱਤਰ ਨਹੀਂ ਦਿਤਾ ਗਿਆ)

ਚੌਧਰੀ ਸੁੰਦਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਸ ਤਰ੍ਹਾਂ ਮਾਸਟਰ ਜੀ ਨੇ ਦਸਿਆ ਹੈ ਕਿ 1952 ਵਿਚ ਪਟਵਾਰੀਆਂ ਅਤੇ ਪੁਲਿਸ ਵਿਚ ਭਰਤੀ ਲਈ 50 ਪ੍ਰਤੀਸ਼ਤ ਸੀਟਾਂ ਹਰੀਜਨਾਂ ਲਈ ਰੀਜ਼ਰਵ ਕਰ ਦਿੱਤੀਆਂ ਗਈਆਂ ਸਨ ਤਾਂ ਕੀ ਹੁਣ ਵੀ ਸਰਕਾਰ ਇਸ ਤਰ੍ਹਾਂ ਦੀ ਰੀਜ਼ਰਵੇਸ਼ਨ ਕਰਨ ਨੂੰ ਤਿਆਰ ਹੈ ਕਿ ਨਾਇਬ-ਤਹਿਸੀਲਦਾਰਾਂ ਅਤੇ ਤਹਿਸੀਲਦਾਰਾਂ ਵਿਚ ਜਦ ਤਕ ਕੋਟਾ ਹਰੀਜਨਾਂ ਦਾ ਪੂਰਾ ਨਾ ਹੋ ਜਾਵੇ ਹੋਰ ਕਿਸੇ ਨੂੰ ਨਹੀਂ ਲਿਆ ਜਾਵੇਗਾ, ਜੇਕਰ ਇਹ ਕਰ ਦੇਣ ਤਾਂ ਠੀਕ ਹੈ ਨਹੀਂ ਤਾਂ ਇਹ ਨਿਰੀ ਲਿਪ ਸਿਪਾਹੀ ਰਹਿ ਜਾਵੇਗੀ ਜਿਸ ਨੂੰ ਅਸੀਂ ਮੰਨਣ ਨੂੰ ਤਿਆਰ ਨਹੀਂ । (ਵਿਘਨ) (ਸ਼ੋਰ)

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਪਾਸ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਤਕ ਸਰਵਿਸਾਂ ਵਿਚ ਹਰੀਜਨ ਵੀਰਾਂ ਦੇ ਕੋਟੇ ਦਾ ਸਬੰਧ ਹੈ ਸਰਕਾਰ ਇਸ ਨੂੰ ਪੂਰਾ ਕਰਨ ਲਈ ਕੋਈ ਢੰਗ ਲਭੇਗੀ । ਪਿਛੇ ਇਸ ਤਰ੍ਹਾਂ ਦੀਆਂ ਇਨਸਟ੍ਰਕਸ਼ਨਾ ਸਨ ਪਰ ਉਨ੍ਹਾਂ ਤੇ ਅਮਲ ਨਹੀਂ ਹੋਇਆ ਇਸ ਲਈ ਇਸ ਸਰਕਾਰ ਨੂੰ ਉਲਾਂਭੇ ਦੇਣ ਦੀ ਲੋੜ ਨਹੀਂ । ਸਰਕਾਰ ਯਤਨ ਕਰੇਗੀ ਕਿ ਇਸ ਕਮੀ ਨੂੰ ਪੂਰਾ ਕੀਤਾ ਜਾਵੇ । (ਵਿਘਨ)

CONSTRUCTION OF NEW BUILDING FOR CIVIL HOSPITAL GURDASPUR

*116 1. **Comrade Raj Kumar** :
2. **Comrade Satya Pal Dang**: Will the Minister for Finance be pleased to state—

(a) the date when the construction of New Building of Civil Hospital, Gurdaspur including residential quarters was sanctioned;

(b) the date of starting the construction work referred to in para (a) above together with the actual position of the construction work as it stands at present;

(c) whether it is a fact that it is a time-bound construction with a time-limit of 1-1/2 year from the date of its commencement;

(d) if the answer to part (c) above be in the affirmative, whether the construction work is going on according to the stipulated time schedule; if not, the reasons therefor and whether responsibility for delay, if any, has been fixed ?

Shri Hans Raj Sharma : The scheme for construction of 100-beded ward building in Civil Hospital, Gurdaspur was sanctioned on 4th September, 1967.

(b) This work was started on 7th May, 1968. 85% work has been completed

(c) Yes.

[Finance Minister]

(d) The progress of the work is not according to the schedule and following have been the main reasons for delay :—

(i) Some residential houses of Medical Department existed at site where the new building was to be constructed. After prolonged correspondence these existing residential buildings which interfered with the construction as they were cutting across the proposed building, were got vacated from the Medical authorities after about 6 months of the allotment of the work to the contractor.

(ii) There was delay in supply of structural Architectural drawings, Shortage of Cement, steel and, Bricks, also occurred quite frequently.

(iii) The contractor could not complete the work though his time limit was extended up to 30th September, 1971. He started giving bad quality of work which was rejected by the Department. The contractor instead of rectifying the defective and sub-standard work, left the work. Inspite of repeated notices and pursuations at all levels, the contractor has not resumed the work. Action as per terms and conditions of the agreement has already been taken and the work has now been started departmentally at the risk and cost of the contractor and will be completed by 31st August, 1972.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜੋ ਜਵਾਬ ਮਨਿਸਟਰ ਸਾਹਿਬ ਨੇ ਦਿੱਤਾ ਹੈ ਉਸ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਇਹ ਕਨਸਟਰਕਸ਼ਨ ਟਾਈਮ-ਬਾਊਂਡ ਸੀ ਅਤੇ $1\frac{1}{2}$ ਸਾਲ ਵਿਚ ਤਿਆਰ ਹੋਣੀ ਸੀ। ਪਰ ਕੀ ਵਜ਼ੀਰ ਸਾਹਿਬ ਦਸਣਗੇ ਕਿ ਇਸ ਦੀ ਕਨਸਟਰਕਸ਼ਨ ਕਦੋਂ ਸ਼ੁਰੂ ਹੋਈ ?

ਇਸ ਦੇ ਨਾਲ ਹੀ ਮੈਂ ਇਹ ਵੀ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਵਜ਼ੀਰ ਸਾਹਿਬ ਵਲੋਂ ਜਵਾਬ ਆਇਆ ਹੈ ਕਿ 85 ਪ੍ਰਤੀਸ਼ਤ ਕਨਸਟਰਕਸ਼ਨ ਹੋਈ ਹੈ, ਇਸ ਦੇ ਨਾਲ ਨਾਲ ਰੈਜ਼ੀਡੈਂਸ਼ਲ ਕੁਆਰਟਰਜ਼ ਵੀ ਤਿਆਰ ਹੋਣੇ ਸੀ, ਮੈਂ ਜਾਨਣਾ ਚਾਹੁੰਦਾ ਹਾਂ ਕਿ ਉਨ੍ਹਾਂ ਰੈਜ਼ੀਡੈਂਸ਼ਲ ਕੁਆਰਟਰਜ਼ ਦੀ ਪਰਸੈਂਟੇਜ ਕੀ ਹੈ?

ਵਿੱਤ ਮੰਤਰੀ : ਮੈਂ ਅਰਜ਼ ਕਰ ਚੁਕਾ ਹਾਂ ਜੀ ਕਿ 85 ਪ੍ਰਤੀਸ਼ਤ ਵਰਕ ਕੰਪਲੀਟ ਹੋ ਚੁਕਾ ਹੈ। ਬਾਕੀ ਦਾ ਕੰਮ ਹੁਣ ਡੀਪਾਰਟਮੈਂਟਲੀ ਕਰਵਾਉਣਾ ਸ਼ੁਰੂ ਕੀਤਾ ਹੈ ਕਿਉਂਕਿ ਕੁਆਲਟੀ ਆਫ਼ ਵਰਕ ਠੀਕ ਨਹੀਂ ਸੀ।

ਕਾਮਰੇਡ ਰਾਜ ਕੁਮਾਰ : ਮੈਂ ਇਹ ਵੀ ਪੁਛਿਆ ਸੀ ਕਿ ਇਸ ਵਰਕ ਵਿਚ ਰੈਜ਼ੀਡੈਂਸ਼ਲ ਕੁਆਰਟਰਜ਼ ਵੀ ਬਣਨੇ ਸੀ ....(ਵਿਘਨ)

ਮੰਤਰੀ : ਮੈਂ ਇਸ ਦਾ ਜਵਾਬ ਦੇ ਦਿੱਤਾ ਹੈ।

ਕਾਮਰੇਡ ਰਾਜ ਕੁਮਾਰ : ਮੈਂ ਇਹ ਵਜ਼ੀਰ ਸਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਵਰਕ $1\frac{1}{2}$ ਸਾਲ ਵਿਚ ਕੰਪਲੀਟ ਹੋਣਾ ਸੀ ਉਹ ਚਾਰ ਕੁ ਸਾਲ ਬਾਅਦ ਸ਼ੁਰੂ ਹੋਕੇ 85 ਪ੍ਰਤੀਸ਼ਤ ਹੋਇਆ। ਜਦੋਂ ਕਿ ਉਸ ਦੀ ਅਰਨੈਸਟ ਮਨੀ ਡੀਪਾਜ਼ਟਿਡ ਸੀ, ਤਾਂ ਕਿਉਂ ਉਹ ਫ਼ੋਰਫੀਟ ਨਹੀਂ ਕੀਤੀ ਗਈ ? ਇਤਨੀ ਡਿਲੇ ਨਾਲ ਕੰਮ ਸ਼ੁਰੂ ਹੋਣ ਦੀ ਕਿਸ ਅਫਸਰ ਦੀ ਜ਼ਿਮੇਵਾਰੀ ਹੈ ਅਤੇ ਸਰਕਾਰ ਉਸ ਦੇ ਖ਼ਿਲਾਫ ਕੀ ਐਕਸ਼ਨ ਲਵੇਗੀ ?

ਮੰਤਰੀ : ਸਾਨੂੰ ਤਾਂ ਅਜ ਦੋ ਮਹੀਨੇ ਹੀ ਹੋਏ ਹਨ ਆਇਆਂ ਨੂੰ । ਪਰ ਅਸੀਂ ਇਸ ਦਾ ਕਾਰਣ ਪੁਛਾਂਗੇ ਅਤੇ ਜਿਹੜਾ ਅਫਸਰ ਜ਼ਿਮੇਵਾਰ ਹੋਵੇਗਾ ਉਸ ਨੂੰ ਜ਼ਰੂਰ ਸਜ਼ਾ ਦੇਵਾਂਗੇ ।

LABOURERS EMPLOYED IN FACTORIES IN LUDHIANA CITY AND LUDHIANA DISTRICT

*104. **Shri Sardari Lal Kapur :** Will the Minister for Finance be pleased to state :

(a) the total number of labourers employed in factories manufacturing machinery in the city of Ludhiana and Ludhiana District separately as at present;

(b) the average daily wage of a labourer employed in the factories referred to in part (a) above in the city of Ludhiana and Ludhiana District separately ;

(c) the action the Government propose to take so that the labourers working in factories of Ludhiana and Ludhiana District are paid adequate wages ?

Shri Hans Raj Sharma : (a) The requisite information is as under ; —

	(i)	In Ludhiana City ..	3,765 (Approximately)
	(ii)	In Ludhiana District excluding Ludhiana City ..	240 (Approximately)
(b)	(i)	In Ludhiana City ..	Rs. 6/- per day (Approximately)
	(ii)	In Ludhiana District excluding Ludhiana City	Rs. 6/- per day (Approximately)

(c) The Employment of Manufacturing of machinery is covered under Schedule I of the Minimum Wages Act, 1948. Minimum rates of wages are revised in the employment after every three years and these have been linked with C.P.I. number in order to save the wages of the worker from erosion on account of increase in price. The rate of neutralization is 50 paise per point.

ਸ੍ਰੀ ਸਰਦਾਰੀ ਲਾਲ ਕਪੂਰ : ਕੀ ਵਜ਼ੀਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਜਿਹੜੇ ਲੋਕ ਉਹ ਭਰਤੀ ਕਰਦੇ ਹਨ ਉਨ੍ਹਾਂ ਦੀ ਸਰਵਿਸ ਕੁਝ ਦੇਰ ਬਾਅਦ ਹੀ ਖਰੇਕ ਕਰ ਦੇਂਦੇ ਹਨ ਤਾਂ ਜੋ ਉਹ ਪਰਮਾਨੈਂਟ ਨਾ ਹੋ ਸਕਣ ਅਤੇ ਉਨ੍ਹਾਂ ਨੂੰ ਪਹਿਲੀਆਂ ਵੇਜਿਜ਼ ਹੀ ਮਿਲਦੀਆਂ ਰਹਿਣ। ਕੀ ਸਰਕਾਰ ਇਸ ਤਰ੍ਹਾਂ ਦੀ ਲੇਬਰ ਦੀ ਕੋਈ ਹਿਫ਼ਾਜ਼ਤ ਕਰ ਸਕੇਗੀ ?

ਵਿੱਤ ਮੰਤਰੀ : ਇਨ੍ਹਾਂ ਦੀ ਹਿਫ਼ਾਜ਼ਤ ਅਸੀਂ ਜ਼ਰੂਰ ਕਰਾਂਗੇ। ਇਸ ਬਾਰੇ ਮੈਂ ਪਹਿਲਾਂ ਵੀ ਹਾਊਸ ਦੇ ਵਿਚ ਦਸ ਚੁਕਾ ਹਾਂ ਕਿ ਕੁਝ ਸਟੈਂਡਿੰਗ ਆਰਡਰਜ਼ ਹਨ ਤਾਂ ਜੋ ਇਨ੍ਹਾਂ ਦੀ ਸੇਫ਼ਗਾਰਡ ਹੁੰਦੀ ਰਹੇ ਇਸ ਤੋਂ ਇਲਾਵਾ ਇਨ੍ਹਾਂ ਆਰਡਰਜ਼ ਦੇ ਵਿਚ ਅਸੀਂ ਹੋਰ ਵੀ ਤਬਦੀਲੀ ਕਰ ਰਹੇ ਹਾਂ ਤਾਂ ਜੋ ਉਨ੍ਹਾਂ ਦੀ ਸਰਵਿਸਿਜ਼ ਦੀ ਪੂਰੀ ਪੂਰੀ ਸਕਿਉਰਟੀ ਹੋਵੇ ।

ਕਾਮਰੇਡ ਸੱਤਪਾਲ ਡਾਂਗ : ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਸਕਿਲਡ ਵਰਕਰਜ਼ ਨੂੰ 6 ਰੁਪਏ ਦੇ ਹਿਸਾਬ ਨਾਲ ਡੇਲੀ ਵੇਜਿਜ਼ ਮਿਲਦੀਆਂ ਹਨ। ਇਹ ਦਿਹਾੜੀ ਸਰਕਾਰ ਦੇ ਚਪੜਾਸੀਆਂ ਦੇ ਨਾਲੋਂ ਘੱਟ ਹੈ। ਕੀ ਸਰਕਾਰ ਇਨ੍ਹਾਂ ਦੀ ਮਿਨੀਮੱਮ ਵੇਜਿਜ਼ ਨੂੰ ਮੌਜੂਦਾ ਮਹਿੰਗਾਈ ਦੇ ਮੁਤਾਬਿਕ ਅਪਗਰੇਡ ਕਰੇਗੀ ?

ਮੰਤਰੀ : ਇਹ ਗੱਲ ਮੈਂ ਪਹਿਲਾਂ ਵੀ ਹਾਊਸ ਦੇ ਵਿਚ ਦਸ ਚੁਕਾ ਹਾਂ ਕਿ ਮਿਨੀਮੱਮ ਵੇਜਿਜ਼ ਮਹਿੰਗਾਈ ਦੇ ਨਾਲ ਲਿੰਕ ਕਰਕੇ ਹੀ ਦਿੱਤੀਆਂ ਜਾਂਦੀਆਂ ਹਨ। ਤੀਸਰੇ ਸਾਲ ਮਿਨੀਮੱਮ ਵੇਜਿਜ਼ ਦੇ ਰੇਟਸ ਰੀਵਾਈਜ਼ ਕੀਤੇ ਜਾਂਦੇ ਹਨ। ਜੇ ਕਿਸੇ ਇੰਡਸਟਰੀ ਵਿਚ ਇਹ ਕਵਰ ਨਹੀ ਹੁੰਦਾ ਤਾਂ ਸਾਡੇ ਨੋਟਿਸ ਵਿਚ ਲਿਆਓ ਅਸੀਂ ਜ਼ਰੂਰ ਗੌਰ ਕਰਾਂਗੇ।

ਕਾਮਰੇਡ ਰਾਜ ਕੁਮਾਰ : ਇਨ੍ਹਾਂ ਸਾਰੀਆਂ ਗੱਲਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਕਿ ਫੈਕਟਰੀਜ਼ ਦੀ ਲੇਬਰ ਦੀ ਸਰਵਿਸਿਜ਼ ਸਕਿਉਰਡ ਨਹੀਂ, ਕੀ ਵਜ਼ੀਰ ਸਾਹਿਬ ਕੋਈ ਐਸਾ ਪ੍ਰੋਸੀਜ਼ਰ ਜਾਂ ਪਲੈਨਿੰਗ ਜਾਂ ਕੋਈ ਲੈਜਿਸਲੇਸ਼ਨ ਲਿਆਉਣਗੇ ਜਿਸ ਦੇ ਨਾਲ ਇਹ ਮੁਆਮਲਾ ਹਲ ਹੋ ਸਕੇ ਕਿਉਂਕਿ ਸਟੈਂਡਿੰਗ ਆਰਡਰਜ਼ ਜਿਸ ਦਾ ਇਹ ਜ਼ਿਕਰ ਕਰਦੇ ਹਨ ਦਾ ਸਕੋਪ ਬੜਾ ਹੀ ਲਿਮਿਟਿਡ ਹੈ ?

ਮੰਤਰੀ : ਅਸੀਂ ਲੇਬਰ ਐਡਵਾਈਜ਼ਰੀ ਕਮੇਟੀ ਦੀ ਇਕ ਮੀਟਿੰਗ ਬੁਲਾਈ ਹੈ, ਇਹੋ ਜਿਹੇ ਜਿਹੜੇ ਵੀ ਹੋਰ ਪੁਆਇੰਟਸ ਹੋਣਗੇ ਅਸੀਂ ਉਨ੍ਹਾਂ ਦੇ ਜ਼ਰੂਰ ਫੈਸਲੇ ਕਰਾਂਗੇ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਜਿਵੇਂ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਲੇਬਰ ਐਡਵਾਇਜ਼ਰੀ ਕਮੇਟੀ ਦੀ ਇਕ ਮੀਟਿੰਗ ਬੁਲਾਕੇ ਸਾਰੇ ਫੈਸਲੇ ਕਰਾਂਗੇ। ਪਰ ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਫੈਕਟਰੀਆਂ ਦੇ ਮਜ਼ਦੂਰਾਂ ਦਾ ਬੋਰਡ ਹੈ ਇਸੇ ਤਰ੍ਹਾਂ ਜਿਹੜੇ ਲੋਕ ਖੇਤਾਂ ਵਿਚ ਮਜ਼ਦੂਰੀ ਕਰਦੇ ਹਨ ਕੀ ਇਨ੍ਹਾਂ ਨੂੰ ਵੀ ਜਾਇਜ਼ ਮਜ਼ਦੂਰੀ ਦਿਵਾਉਣ ਵਾਸਤੇ ਇਹ ਸਰਕਾਰ ਕੋਈ ਕਦਮ ਚੁਕੇਗੀ ?

ਮੰਤਰੀ : ਜਿਥੋਂ ਤੱਕ ਐਗਰੀਕਲਚਰ ਲੇਬਰ ਦਾ ਸਵਾਲ ਹੈ ਇਹ ਵੀ ਇਸ ਸਟੈਂਡਿੰਗ ਆਰਡਰ ਦੇ ਵਿਚ ਕਵਰਡ ਹੈ। ਅਸੀਂ ਇਨ੍ਹਾਂ ਦੀ ਵੀ ਇਕ ਮਿਨੀਮੱਮ ਵੇਜਿਜ਼ ਐਡਵਾਇਜ਼ਰੀ ਕਮੇਟੀ ਬਣਾ ਦਿੱਤੀ ਹੈ।

CONSTRUCTION OF BRIDGE ON DRAIN BETWEEN TAPPA AND DHILWAN

*253. **Giani Kundan Singh Patang** : Will the Minister for Irrigation and Power be pleased to state the time by which the bridge on the drain between Tappa and Dhilwan in Bhadur Constituency of District Sangrur which is lying incomplete for the last two years is likely to be completed?

Shri Joginder Pal Pandey (Minister of State for Local Government and Jails) : By 31st March, 1973. [31-3-73 ਤਕ]

ਗਿਆਨੀ ਕੁੰਦਨ ਸਿੰਘ ਪਤੰਗ : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਪੁਲ ਦੇ ਬਣਾਉਣ ਵਿਚ ਹੁਣ ਤੱਕ ਲੇਟ-ਕਿਉਂ ਹੋਈ ?

(ਕੋਈ ਜਵਾਬ ਨਹੀਂ ਦਿਤਾ ਗਿਆ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਆਪਦੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਫਿਤਵਾਂ ਤਪਾ ਰੋਡ ਦਾ ਪੁਲ ਬਣਾਉਂਦਿਆਂ ਬਣਾਉਂਦਿਆਂ ਹੁਣ ਤਕ ਕਈ ਸਰਕਾਰਾਂ ਤਬਦੀਲ ਹੋ ਗਈਆਂ ਹਨ। ਮੈਂ ਉਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਇਹ ਕਦੋਂ ਤਕ ਮੁਕੰਮਲ ਹੋ ਜਾਵੇਗਾ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

SCHEDULED CASTES SECTIONAL OFFICERS OF IRRIGATION DEPARTMENT PROMOTED AS SUB DIVISIONAL OFFICERS

***305. Sardar Dhanna Singh Gulshan :** Will the Minister for Irrigation and Power be pleased to state—the number of Sectional Officers of the Irrigation Department who have been promoted as officiating Sub-Divisional Officers during the period from 1st January, 1970 to 31st March, 1972 together with the number of the said officers belonging to Scheduled Castes ?

Shri Gurmail Singh: Total 75 Sectional Officers were promoted during the period from 1st January, 1970 to 31st March, 1972. Out of them 71 were reverted on 4th January, 1972 but they filed writs and brought stay-orders from the Hon'ble High Court on 11th January, 1972 which were confirmed on 10th February, 1972. Two of these Sectional Officers belong to Scheduled Castes.

[ਮਿਤੀ 1 ਜਨਵਰੀ, 1970 ਤੋਂ 31 ਮਾਰਚ, 1972 ਤਕ ਕੁਲ 75 ਭਾਗ ਅਫਸਰ ਪਰੋਮੋਟ ਕੀਤੇ ਗਏ। ਇਨ੍ਹਾਂ ਵਿਚੋਂ 71 ਅਫਸਰਾਂ ਨੂੰ 4 ਜਨਵਰੀ, 1972 ਨੂੰ ਰਿਵਰਟ ਕਰ ਦਿੱਤਾ ਗਿਆ। ਪਰ ਇਨ੍ਹਾਂ ਨੇ ਮੁਕਦਮੇ ਦਾਇਰ ਕਰ ਦਿੱਤੇ ਅਤੇ 11 ਜਨਵਰੀ, 1972 ਨੂੰ ਹਾਈਕੋਰਟ ਤੋਂ ਸਟੇ ਆਰਡਰ ਲੈ ਲਏ ਜਿਹੜੇ ਕਿ 10 ਫਰਵਰੀ, 1972 ਨੂੰ ਕਨਫਰਮ ਹੋ ਗਏ। ਇਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਦੋ ਭਾਗ ਅਫਸਰ ਹਨ।]

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹਾਂਗਾ ਕਿ ਜਿਹੜੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਦੋ ਭਾਗ ਅਫਸਰ ਪ੍ਰੋਮੋਟ ਹੋਏ ਹਨ ਅਤੇ ਉਹ ਕਨਫਰਮ ਵੀ ਹੋਏ ਹਨ, ਉਨ੍ਹਾਂ ਦਾ ਨਾਉਂ ਅਤੇ ਪਤਾ ਕੀ ਹੈ ?

ਸਿੰਜਾਈ ਅਤੇ ਬਿਜਲੀ ਮੰਤਰੀ : ਇਨ੍ਹਾਂ ਦਾ ਪਤਾ ਪੁਛ ਕੇ ਦਸਿਆ ਜਾ ਸਕਦਾ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਸਮਝਦਾ ਹਾਂ ਕਿ ਜਿਨ੍ਹਾਂ 71 ਅਫਸਰਾਂ ਨੂੰ 4 ਜਨਵਰੀ, 1972 ਨੂੰ ਰੀਵਰਟ ਕੀਤਾ ਗਿਆ ਸੀ, ਪਰ ਹਾਈਕੋਰਟ ਦੇ ਫੈਸਲੇ ਮੁਤਾਬਿਕ ਕਨਫਰਮ ਕੀਤਾ ਗਿਆ, ਇਹੋ ਗੱਲ ਡਾਇਰੈਕਟਰ ਕਹਿੰਦਾ ਹੈ ਇਹੋ ਇਨ੍ਹਾਂ ਦਾ ਸੈਕਟਰੀ ਕਹਿੰਦਾ ਹੈ। ਇਹ ਬਿਲਕੁਲ ਰੌਂਗ ਪ੍ਰੋਮੋਸ਼ਨਾਂ ਹੋਈਆਂ ਹਨ ..... (ਸ਼ੋਰ)

ਮੰਤਰੀ : ਮੈਂ ਸਮਝਤਾ ਹਾਂ ਕਿ ਅਜਿਹਾ ਕਰਨ ਦੀ ਕੋਈ ਲੋੜ ਹੀ ਨਹੀਂ ਸੀ। ਪਰ ਜੇ ਕਿਸੇ ਅਫਸਰ ਨੇ ਅਜਿਹਾ ਕੀਤਾ ਵੀ ਹੈ ਤਾਂ ਉਸ ਦੇ ਖਿਲਾਫ ਐਕਸ਼ਨ ਲੈਣ ਵਿਚ ਸੰਕੋਚ ਨਹੀਂ ਕਰਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਮਾਲ ਮੰਤਰੀ ਸਾਹਿਬ ਨੇ ਤਾਂ ਟਾਲ ਦਿਤਾ ਸੀ ਪਰ ਤੁਹਾਨੂੰ ਨਹੀਂ ਟਾਲਣਾ ਚਾਹੀਦਾ ਕਿਉਂਕਿ ਤੁਸੀਂ ਇਸ ਕਮਿਊਨਿਟੀ ਦੇ ਨਾਲ ਸਬੰਧ ਰਖਦੇ ਹੋ। ਮੈਂ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ 75 ਪੋਸਟਾਂ ਵਿਚੋਂ ਸਿਰਫ 2 ਹਰੀਜਨ ਪਰਮੋਟ ਹੋਏ। ਤਾਂ ਕੀ ਸਰਕਾਰ ਮਾਸਟਰ ਗੁਰਬੰਤਾ ਸਿੰਘ ਦੀ ਉਸ ਸੁਜੈਸ਼ਨ ਨੂੰ ਮੰਨ ਲਵੇਗੀ ਕਿ ਜਦੋਂ ਤਕ ਇਹ ਰਿਜ਼ਰਵੇਸ਼ਨ ਪੂਰੀ ਨਾ ਹੋਵੇ ਤਦ ਤਕ ਅਗੇ ਹੋਰ ਨਵੀਂ ਭਰਤੀ ਨਾ ਕੀਤੀ ਜਾਵੇ ?

ਮੰਤਰੀ : ਕਲਾਸ 2 ਦੀ ਪਰਮੋਸ਼ਨ ਦੀ ਰਿਜ਼ਰਵੇਸ਼ਨ ਲਈ ਇੰਸਟ੍ਰਕਸ਼ਨਜ਼ ਸਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਂਦਾ ਗਿਆ ਹੈ। ਪਰ ਫਿਰ ਵੀ ਸਰਕਾਰ ਇਸ ਬਾਰੇ ਦੁਬਾਰਾ ਗੌਰ ਕਰੇਗੀ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਲਾਸ ਵਨ ਅਤੇ ਕਲਾਸ ਟੂ ਦੀ ਰਿਜ਼ਰਵੇਸ਼ਨ ਬਾਰੇ ਸੁਪਰੀਮ ਕੋਰਟ ਦਾ ਕੋਈ ਫੈਸਲਾ ਇਨ੍ਹਾਂ ਕੋਲ ਆਇਆ ਹੈ ?

ਮੰਤਰੀ : ਮੈਨੂੰ ਪਤਾ ਲਗਾ ਹੈ ਕਿ ਸੁਪਰੀਮ ਕੋਰਟ ਦਾ ਕੋਈ ਅਜਿਹਾ ਫੈਸਲਾ ਆਇਆ ਸੀ ਪਰ ਸੁਪਰੀਮ ਕੋਰਟ ਦਾ ਫ਼ੈਸਲਾ ਕੋਈ ਸਾਡੇ ਤੇ ਬਾਈਂਡਿੰਗ ਨਹੀਂ ਹੈ। ਕਿਉਂਕਿ ਇਸ ਵਿਚ ਨਾਂ ਤਾਂ ਇਹ ਕਿਹਾ ਗਿਆ ਹੈ ਕਿ ਜ਼ਰੂਰ ਕਰੋ ਅਤੇ ਨਾ ਹੀ ਇਹ ਕਿਹਾ ਹੈ ਕਿ ਨਾ ਕਰੋ। ਪਰ ਸਰਕਾਰ ਆਪਣੇ ਤੌਰ ਤੇ ਇਸ ਸਾਰੇ ਮਸਲੇ ਤੇ ਹਮਦਰਦੀ ਦੇ ਨਾਲ ਗੌਰ ਕਰੇਗੀ।

BRIDGE ON SIRHIND CHOE BETWEEN SUNAM TO BHATINDA ROAD

***313. Shri Brish Bhan :** Will the Minister for Irrigation and Power be pleased to state—

(a) whether the Government is aware of the fact that the bridge on the Sirhind Choe between Sunam-Bhatinda Road, was washed away due to floods;

(b) if the reply to part (a) above be in the affirmative, the action, if any, taken by the Government so far to construct a new bridge;

(c) the target date by which the said bridge is likely to be completed?

Shri Joginder Pal Pandey (Minister of State for Local Government and Jails) : (a) Yes; the bridge was damaged partly due to unprecedented floods and partly owing to canalization of Sirhind choe.

(b) Proposal for its reconstruction is under process.

(c) During IV Plan period depending upon availability of funds.

[(ੲ) ਜੀ ਹਾਂ; ਇਹ ਪੁਲ ਅੰਸ਼ਕ ਬਹੁਤ ਜ਼ਿਆਦਾ ਹੜ੍ਹਾਂ ਕਾਰਣ ਅਤੇ ਸਰਹਿੰਦ ਚੋਂ ਦੇ ਨਹਿਰੀਕਰਣ ਕਰਨ ਨਾਲ ਟੁਟ ਗਿਆ ਸੀ।

(ਬੀ) ਇਸ ਦੀ ਦੋਬਾਰਾ ਉਸਾਰੀ ਕਰਨ ਦਾ ਸੁਝਾਓ ਵਿਚਾਰ ਅਧੀਨ ਹੈ ।

(ਜੀ) ਚੌਥੀ ਪੰਜ–ਸਾਲਾ ਯੋਜਨਾ ਵਿਚ ਧਨ ਦੀ ਪ੍ਰਾਪਤੀ ਤੇ ਨਿਰਭਰ ਹੈ ।]

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਹ ਪੁਲ ਕਿਹੜੇ ਸਾਲ ਹੜ੍ਹਾਂ ਵਿਚ ਟੁਟਿਆ ਸੀ ਅਤੇ ਇਤਨੇ ਸਾਲ ਵਿਚੋਂ ਹੀ ਕਿਉਂ ਲਮਕਿਆ ਰਿਹਾ ?

ਰਾਜ ਮੰਤਰੀ : ਉਹ ਪੁਲ 1964 ਵਿਚ ਟੁਟਿਆ ਬਹੁਤ ਜ਼ਿਆਦਾ ਹੜ੍ਹਾਂ ਕਰਕੇ । ਅਤੇ 1965 ਵਿਚ ਇਕ ਐਸਟੀਮੇਟ ਬਣਾਇਆ ਗਿਆ ਸੀ ਜਿਸ ਦੇ ਮੁਤਾਬਕ 3 ਲੱਖ 40 ਹਜ਼ਾਰ ਰੁਪਏ ਉਸ ਤੇ ਖਰਚ ਹੋਣੇ ਸੀ ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਉਸ ਵਿਚੋਂ 50 ਪ੍ਰਤੀਸ਼ਤ ਡਰੇਨੇਜ ਡਿਪਾਰਟਮੈਂਟ ਦੇਵੇਗਾ । ਅਤੇ ਬਾਕੀ ਦਾ 50 ਪ੍ਰਤੀਸ਼ਤ ਬੀ. ਐਂਡ ਆਰ. ਦਾ ਮਹਿਕਮਾ ਲਗਾਵੇਗਾ । ਪਰ ਉਸ ਤੋਂ ਬਾਦ ਜਦੋਂ ਚੀਫ ਇੰਜੀਨੀਅਰ ਸਾਹਿਬ ਨੇ ਉਹ ਐਸਟੀਮੇਟ ਲਗਾਇਆ ਤਾਂ ਉਹ 5 ਲਖ 86 ਹਜ਼ਾਰ ਦਾ ਬਣਿਆ । ਹੁਣ ਨਵੇਂ ਐਸਟੀਮੇਟ ਦੇ ਮੁਤਾਬਕ ਉਸ ਨੂੰ ਫਿਰ ਬਣਾਉਣ ਦਾ ਯਤਨ ਕੀਤਾ ਜਾਵੇਗਾ ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਕੀ ਆਉਂਦੇ 5 ਸਾਲਾ ਪਲਾਨ ਵਿਚ ਉਹ ਕੰਪਲੀਟ ਹੋ ਜਾਵੇਗਾ ?

ਰਾਜ ਮੰਤਰੀ : ਭਾਵੇਂ ਡਿਪਾਰਟਮੈਂਟ ਨੇ ਰੁਪਏ ਦੀ ਕੰਡੀਸ਼ਨ ਰਖੀ ਹੈ ਪਰ ਫਿਰ ਵੀ ਅਸੀਂ ਯਤਨ ਕਰਾਂਗੇ ਕਿ ਇਸ ਨੂੰ ਕਾਇਦੇ ਦੇ ਮੁਤਾਬਿਕ ਹੀ ਪੂਰਾ ਕੀਤਾ ਜਾਵੇ ।

ਕਾਮਰੇਡ ਜੰਗੀਰ ਸਿੰਘ ਜੋਗਾ : ਕੀ ਵਜ਼ੀਰ ਸਾਹਿਬ ਦਸਣਗੇ ਕਿ ਉਹ ਪੁਲ ਕਦੋਂ ਬਣਿਆ ਅਤੇ ਕਦੋਂ ਟੁਟਾ (ਵਿਘਨ) ਕੀ ਇਹ ਠੀਕ ਨਹੀਂ ਕਿ ਉਹ ਬਣਨ ਦੇ ਇਕ ਸਾਲ ਬਾਅਦ ਹੀ ਟੁਟ ਗਿਆ ?

ਰਾਜ ਮੰਤਰੀ : ਉਹ ਪੁਲ 1956 ਵਿਚ ਬਣਿਆ ਸੀ ਅਤੇ ਜਿਸ ਤਰ੍ਹਾਂ ਮੈਂ ਦਸਿਆ ਹੈ ਕਿ 1964 ਵਿਚ ਬਹੁਤ ਜ਼ਿਆਦਾ ਹੜ੍ਹ ਆਉਣ ਕਰਕੇ ਟੁਟ ਗਿਆ ਸੀ ।

COLLECTION OF FUNDS BY S.D. M.S AND TEHSILDARS IN THE STATE

***311. Comrade Darshan Singh Canadian** : Will the Chief Minister be pleased to state—

(a) whether the Government has authorised the Sub-Divisional Magistrates and the Tehsildars in the State to collect funds from the Public for the Red Cross functions, the Defence Funds, Bangla Desh Relief Fund and the Small Savings Funds;

(b) the amount collected for each of these funds by the Tehsildars and Sub-Divisional Magistrates in the year 1971-72;

(c) whether it has come to the notice of the Government that forcible collections are made by the Officers mentioned in part (b) above when people approach them for attestation for purposes of registration, licences, passports, etc.;

(d) if the answer to part (c) above be in the affirmative, whether the Government intends to stop the said forcible collections ?

Sardar Nasib Singh Gill (Deputy Minister, Home and Industries): (a) Yes Sir, in the case of Defence Fund and Small Savings but not in the case of Bangla Desh Relief Fund and the Red Cross. However, voluntary donations received for the latter funds are remitted to the appropriate authorities.

(b) (i)	Red Cross	.. Rs. 7,50,368.02
(ii)	Defence Funds	.. Rs. 2,03,15,669.32
(iii)	Bangla Desh Relief Fund	.. Rs. 2,258.15
(iv)	Small Savings	.. Rs. 7,95,00,000.00

(c) No.

(d) Does not arise.

[(ੲ) ਹਾਂ ਜੀ, ਡੀਫੈਂਸ ਫੰਡ ਤੇ ਸਮਾਲ ਸੇਵਿੰਗਜ਼ ਲਈ। ਰੈਡ ਕਰਾਸ ਅਤੇ ਬੰਗਲਾ ਦੇਸ਼ ਰੀਲੀਫ ਫੰਡ ਲਈ ਨਹੀਂ। ਪਰ ਬੰਗਲਾ ਦੇਸ਼ ਰੀਲੀਫ ਫੰਡ ਅਤੇ ਰੈਡ ਕਰਾਸ ਲਈ ਜੋ ਚੰਦਾ ਸਵੈ-ਇੱਛਾ ਨਾਲ ਦਿੱਤੇ ਜਾਂਦੇ ਹਨ ਉਹ ਯੋਗ ਅਧਿਕਾਰੀਆਂ ਨੂੰ ਭੇਜ ਦਿਤੇ ਜਾਂਦੇ ਹਨ।

				ਰੁਪਏ ਪੈਸੇ
(ਬੀ)	(1)	ਰੈਡ ਕਰਾਸ	..	7,50,368.02
	(2)	ਡੀਫੈਂਸ ਫੰਡ	..	2,03,15,669.32
	(3)	ਬੰਗਲਾ ਦੇਸ਼ ਰੀਲੀਫ ਫੰਡ	..	2,258.15
	(4)	ਸਮਾਲ ਸੇਵਿੰਗਜ਼	..	7,95,00,000.00

(ਸੀ) ਨਹੀਂ ਜੀ।

(ਡੀ) ਸਵਾਲ ਹੀ ਪੈਂਦਾ ਨਹੀਂ ਹੁੰਦਾ।]

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਉਨ੍ਹਾਂ ਨੂੰ ਪਤਾ ਨਹੀਂ ਕਿ ਐਸ. ਡੀ. ਐਮ. ਅਤੇ ਹੋਰ ਅਫਸਰ ਜ਼ਬਰੀ ਉਗਰਾਹੀ ਕਰਦੇ ਹਨ। ਉਸ ਦਿਨ ਸਰਦਾਰ ਸੁਰਜੀਤ ਸਿੰਘ ਜੀ ਨੇ ਬਜਟ ਤੇ ਸਪੀਚ ਕਰਦੇ ਹੋਏ ਵਜ਼ੀਰ ਸਾਹਿਬ ਦੇ ਸਾਹਮਣੇ ਇਹ ਗਲ ਕਹੀ ਸੀ ਕਿ ਲੋਕਾਂ ਦੀ ਛਿਲ ਲਾਹੀ ਜਾ ਰਹੀ ਹੈ ਇਨ੍ਹਾਂ ਜ਼ਬਰੀ ਚੰਦਿਆਂ ਕਰਕੇ। ਕੀ ਵਜ਼ੀਰ ਸਾਹਿਬ ਇਸ ਦੀ ਅਦਾਲਤੀ ਇਨਕੁਆਇਰੀ ਕਰਵਾਉਣ ਲਈ ਤਿਆਰ ਹਨ ?

ਉਪ ਮੰਤਰੀ : ਜੇ ਕੋਈ ਸਪੈਸਿਫਿਕ ਕੇਸ ਸਾਡੇ ਨੋਟਿਸ ਵਿਚ ਲਿਆਂਦਾ ਜਾਵੇ ਤਾਂ ਇਨਕੁ-ਆਇਰੀ ਕਰਵਾਉਣ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਇਸ ਗਲ ਤੋਂ ਕੋਈ ਅਣਜਾਣ ਨਹੀਂ ਕਿ ਬੰਗਲਾ ਦੇਸ਼ ਫੰਡ ਅਤੇ ਹੋਰ ਫੰਡ ਜ਼ਬਰੀ ਉਗਰਾਹੇ ਜਾਂਦੇ ਹਨ। ਕੀ ਵਜ਼ੀਰ ਸਾਹਿਬ ਇਸ ਗਲ ਦਾ ਵਿਸ਼ਵਾਸ਼ ਦਿਵਾਉਣਗੇ ਕਿ ਉਹ ਇਸ ਗਲ ਦੀ ਇਨਕੁਆਇਰੀ ਕਰਵਾਉਣਗੇ ?

ਉਪ ਮੰਤਰੀ : ਜੇ ਕੋਈ ਸਪੈਸੇਫਿਕ ਕੇਸ ਸਾਡੇ ਨੋਟਿਸ ਵਿਚ ਲਿਆਓ ਤਾਂ ਜ਼ਰੂਰ ਇਨਕੁਆਇਰੀ ਕਰਵਾਵਾਂਗੇ ।

ਸਰਦਾਰ ਬਲਵਿੰਦਰ ਸਿੰਘ ਭੂੰਡਰ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕੋਈ ਜ਼ਬਰੀ ਉਗਰਾਹੀ ਨਹੀਂ ਹੋ ਰਹੀ । ਪਰ ਮੈਂ ਇਹ ਦਸਦਾ ਹਾਂ ਕਿ ਉਥੇ ਬੜੀ ਭਾਰੀ ਕੁਰਪਸ਼ਨ ਇਸ ਕਰਕੇ ਹੋ ਰਹੀ ਹੈ । ਜੋ ਕੋਈ ਆਦਮੀ ਕੰਮ ਕਰਵਾਉਣ ਜਾਂਦਾ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਬੰਗਲਾ ਦੇਸ਼ ਫੰਡ ਜਾਂ ਡਿਫੈਂਸ ਫੰਡ ਇਤਨਾ ਦੇ । ਜੇ ਉਹ ਕਹੇ ਕਿ ਮੈਂ ਨਹੀਂ ਦੇਣਾ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਚੰਗਾ ਫਿਰ 1,000 ਰੁਪਏ ਦੀ ਰਜਿਸਟਰੀ ਪਿਛੇ 100 ਰੁਪਏ ਮੁਫ਼ਤ ਹੀ ਦੇ ਜਾ । ਕੀ ਸਰਕਾਰ ਇਸ ਕੰਮ ਨੂੰ ਖ਼ਤਮ ਕਰਨ ਲਈ ਕੋਈ ਕਦਮ ਚੁੱਕੇਗੀ ?

ਉਪ ਮੰਤਰੀ : ਕਿਤੇ ਵੀ ਜ਼ਬਰੀ ਉਗਰਾਹੀ ਨਹੀਂ ਵਸੂਲ ਕੀਤੀ ਜਾਂਦੀ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਫ਼ੰਡ ਇਕੱਠੇ ਕਰਨ ਲਈ ਅਫ਼ਸਰਾਂ ਨੂੰ ਕਿਤਨੇ ਪ੍ਰਤੀਸ਼ਤ ਕਮਿਸ਼ਨ ਦਿੱਤਾ ਜਾਂਦਾ ਹੈ ? (ਹਾਸਾ)

(ਕੋਈ ਜਵਾਬ ਨਹੀਂ ਦਿੱਤਾ ਗਿਆ)

ਕੀ ਇਹ ਠੀਕ ਨਹੀਂ ਕਿ ਕਈ ਅਫ਼ਸਰਾਂ ਦੀ ਤਨਖਾਹ ਤਾਂ 500 ਰੁਪਏ ਹੁੰਦੀ ਹੈ ਅਤੇ ਕਮਿਸ਼ਨ 700 ਜਾਂ 800 ਰੁਪਏ ਬਣ ਜਾਂਦਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜੋਸ਼ ਸਾਹਿਬ ਦਾ ਬੜਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਸਾਡਾ ਧਿਆਨ ਇਸ ਪਾਸੇ ਦਿਵਾਇਆ ਹੈ ਤੇ ਪੁਛਿਆ ਹੈ ਕਿ ਅਸੀਂ ਅਫ਼ਸਰਾਂ ਨੂੰ ਕਿਤਨਾ ਕਮਿਸ਼ਨ ਦੇਂਦੇ ਹਾਂ । ਇਨ੍ਹਾਂ ਨੇ ਕਿਹਾ ਹੈ ਕਿ ਉਗਰਾਹੀ ਕਰਨ ਵਾਲੇ ਬੜੇ ਪੈਸੇ ਕਮਾਉਂਦੇ ਹਨ, ਅਸੀਂ ਮਸ਼ਕੂਰ ਹੋਵਾਂਗੇ ਜੇ ਇਹ ਉਨ੍ਹਾਂ ਦੇ ਨਾਂ, ਪਤੇ ਠਿਕਾਣੇ, ਸਾਨੂੰ ਦਸ ਦੇਣ ਤਾਂ ਕਿ ਅਸੀਂ ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਲੈ ਸਕੀਏ । ਸਰਕਾਰ ਨੇ ਜ਼ਬਰੀ ਉਗਰਾਹੀ ਕਰਨ ਦਾ ਕੋਈ ਆਦੇਸ਼ ਨਹੀਂ ਦਿਤਾ । ਬਾਕੀ ਬੰਗਲਾ ਦੇਸ਼ ਫੰਡ ਅਤੇ ਡਿਫੈਂਸ ਫੰਡ ਦਾ ਹੁਣ ਸਮਾਂ ਹੀ ਨਿਕਲ ਗਿਆ ਹੈ। ਹੁਣ ਸਿਰਫ ਦੋ ਹੀ ਫ਼ੰਡਾਂ ਦੀ ਉਗਰਾਹੀ ਹੁੰਦੀ ਹੈ, ਰੈਡ ਕਰਾਸ ਅਤੇ ਸਮਾਲ ਸੇਵਿੰਗ ਦੀ। ਜੋ ਸਮਾਲ ਸੇਵਿੰਗ ਦੀ ਉਗਰਾਹੀ ਹੁੰਦੀ ਹੈ ਉਸ ਵਿਚੋਂ 2/3 ਹਿਸਾ ਸਾਨੂੰ ਹਿੰਦ ਸਰਕਾਰ ਕਰਜ਼ੇ ਵੱਜੋਂ ਦੇ ਦਿੰਦੀ ਹੈ। ਜਿਹੜਾ ਕਿ 25 ਸਾਲਾਂ ਵਿਚ ਮੋੜਨਾ ਹੁੰਦਾ ਹੈ ਅਤੇ ਪਹਿਲੇ ਪੰਜ ਸਾਲਾਂ ਵਿਚ ਕੋਈ ਰਕਮ ਮੋੜਨੀ ਨਹੀਂ ਪੈਂਦੀ। ਇਸ ਨਾਲ ਉਨਤੀ ਕਰਨ ਵਿਚ ਮਦਦ ਮਿਲਦੀ ਹੈ । ਜ਼ਬਰੀ ਉਗਰਾਹੀ ਦਾ ਤਾਂ ਕੋਈ ਸਵਾਲ ਨਹੀਂ, ਹਾਂ ਪ੍ਰੇਰਨਾ ਜ਼ਰੂਰ ਕਰਦੇ ਹਾਂ। ਮੈਂ ਮੈਂਬਰ ਸਾਹਿਬ ਨੂੰ ਵੀ ਕਹਾਂਗਾ ਕਿ ਉਹ ਵੀ ਇਸ ਬਾਰੇ ਲੋਕਾਂ ਨੂੰ ਪ੍ਰੇਰਣ। ਹਾਂ ਜੇ ਕੋਈ ਜ਼ਬਰੀ ਉਗਰਾਹੀ ਕਰਦਾ ਹੈ ਤਾਂ ਉਸ ਨੂੰ ਪਕੜਵਾਉਣ ਅਤੇ ਜੇ ਕੋਈ ਹਿਸਾ ਵੀ ਰਖਦਾ ਹੈ ਤਾਂ ਉਸ ਨੂੰ ਵੀ ਪਕੜਵਾਉਣ ।

ਸਰਦਾਰ ਪ੍ਰਿਥੀਪਾਲ ਸਿੰਘ : ਕੀ ਮੁੱਖ ਮੰਤਰੀ ਸਾਹਿਬ ਨੂੰ ਪਤਾ ਹੈ ਕਿ ਜਿਹੜੀਆਂ ਰੈਡ ਕਰਾਸ ਦੀਆਂ ਟਿਕਟਾਂ ਵੇਚੀਆਂ ਜਾਂਦੀਆਂ ਹਨ ਉਹ ਬਾਹਰ ਆਕੇ ਚਪੜਾਸੀ ਆਦਿ ਲੈ ਕੇ ਫਿਰ ਵੇਚ ਦਿੰਦੇ ਹਨ ?

ਖੇਤੀਬਾੜੀ ਅਤੇ ਵਿਕਾਸ ਮੰਤਰੀ : ਸਪੀਕਰ ਸਾਹਿਬ, ਇਥੇ ਸੈਪਲੀਮੈਂਟਰੀ ਦੇ ਰਾਹੀਂ ਇਨਫਾਰ-ਮੇਸ਼ਨ ਮੰਗੀ ਜਾਂਦੀ ਹੈ ਪਰ ਇਹ ਇਨਫਾਰਮੇਸ਼ਨ ਦੇ ਰਹੇ ਹਨ ।

ਕਾਮਰੇਡ ਸੱਤ ਪਾਲ ਡਾਂਗ : ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿ ਅਸੀਂ ਕੋਈ ਹਿੱਸਾ ਨਹੀਂ ਦਿੰਦੇ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਿਹੜੀ ਕਿਹੜੀ ਉਗਰਾਹੀ ਵਿਚ ਕਾਨੂੰਨੀ ਤੌਰ ਤੇ ਕਮਿਸ਼ਨ ਦਿੱਤਾ ਜਾਂਦਾ ਹੈ। (ਵਿਘਨ) ਅਤੇ ਕਿਹੜੀ ਕਿਹੜੀ ਉਗਰਾਹੀ ਵਿਚ ਇਹ ਆਪਣੇ ਆਪ ਕਮਿਸ਼ਨ ਲੇ ਲੈਂਦੇ ਹਨ (ਵਿਘਨ) ਇਸ ਚੀਜ਼ ਦਾ ਕੋਈ ਹਿਸਾਬ ਕਿਤਾਬ ਰਖਿਆ ਜਾਂਦਾ ਹੈ ਕਿ ਨਹੀਂ? ਚੀਫ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਜ਼ਬਰੀ ਕੋਈ ਕਮਿਸ਼ਨ ਨਹੀਂ ਲਿੱਤਾ ਜਾਂਦਾ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਰਜਿਸਟਰੀ ਕਰਨ ਵੇਲੇ ਜਿੰਨਾਂ ਚਿਰ ਰਜਿਸਟਰੀ ਕਰਾਉਣ ਵਾਲਾ ਪੈਸੇ ਨਹੀਂ ਦਿੰਦਾ ਉਨਾ ਚਿਰ ਉਹਦੀ ਰਜਿਸਟਰੀ ਨਹੀਂ ਕੀਤੀ ਜਾਂਦੀ । ਕੀ ਇਹ ਜ਼ਬਰੀ ਨਹੀਂ ਹੈ ? (ਵਿਘਨ)

ਮੁੱਖ ਮੰਤਰੀ : ਰਜਿਸਟਰੀ ਦਾ ਤਜਰਬਾ ਡਾਂਗ ਸਾਹਿਬ ਨੂੰ ਹੋ ਸਕਦਾ ਹੈ। ਬਾਕੀ ਜੋ ਬੰਦਾ ਰਜਿਸਟਰੀ ਕਰਦਾ ਹੈ ਜਾਂ ਕਰਾਉਂਦਾ ਹੈ ਇਹ ਦੋਵੇਂ ਪੈਸੇ ਵਾਲੇ ਹੁੰਦੇ ਹਨ। ਅਤੇ ਜੇ ਅਫਸਰ ਮੁਤੱਲਕਾ ਉਨ੍ਹਾਂ ਨੂੰ ਇਸ ਬਾਰੇ ਕੋਈ ਰਾਏ ਦੇ ਦਿੰਦਾ ਹੈ ਜਿਸ ਵਿਚ ਕਿ ਉਨ੍ਹਾਂ ਦਾ ਭਲਾ ਹੁੰਦਾ ਹੈ ਤਾਂ ਇਹ ਕੋਈ ਮਾੜੀ ਗਲ ਨਹੀਂ। ਕੋਈ ਐਸਾ ਸਬੂਤ ਹੋਵੇ ਜਿਸ ਤੋਂ ਇਹ ਪਤਾ ਲੱਗੇ ਕਿ ਦਬਾ ਪਾਕੇ ਉਨ੍ਹਾਂ ਤੋਂ ਪੈਸੇ ਲਏ ਗਏ ਹਨ ਤਾਂ ਉਹ ਸਾਡੇ ਨੋਟਿਸ ਵਿਚ ਲਿਆਂਦਾ ਜਾਵੇ ਅਸੀਂ ਐਕਸ਼ਨ ਲਵਾਂਗੇ। ਮੈਂ ਸਰਦਾਰ ਪ੍ਰਿਥੀਪਾਲ ਸਿੰਘ ਦਾ ਧੰਨਵਾਦ ਕਰਦਾ ਹਾਂ ਉਨ੍ਹਾਂ ਨੇ ਸਵਾਲ ਪੁਛਦੇ ਪੁਛਦੇ ਜਵਾਬ ਦੇ ਦਿੱਤਾ ਹੈ ।

ਸ੍ਰੀ ਵਿਸ਼ਵਾ ਮਿੱਤਰ ਸੇਖਰੀ : ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਡਿਫੈਂਸ ਫੰਡ ਵਿਚ ਡਿਸਟ੍ਰਿਕਟ ਗੁਰਦਾਸਪੁਰ ਦੇ ਲੋਕਾਂ ਨੇ ਡੇਢ੍ਹ ਕਿਲੋ ਸੋਨਾ ਜਮ੍ਹਾ ਕਰਾਇਆ ਸੀ ਅਤੇ ਉਸ ਨੂੰ ਡਿਸਟ੍ਰਿਕਟ ਦੀ ਐਡਮਨਿਸਟ੍ਰੇਸ਼ਨ ਖਾ ਗਈ, ਇਸ ਤੇ ਕੀ ਐਕਸ਼ਨ ਲਿਆ ਗਿਆ ਹੈ ?

ਮੁੱਖ ਮੰਤਰੀ : ਮੈਂ ਮੈਂਬਰ ਸਾਹਿਬ ਦਾ ਬੜਾ ਮਸ਼ਕੂਰ ਹਾਂ ਇਨ੍ਹਾਂ ਨੇ ਇਨਫਰਮੇਸ਼ਨ ਦਿੱਤੀ ਹੈ। ਇਹ ਜੇ ਨਾਂ ਵੀ ਲਿਖ ਕੇ ਦੇਣਗੇ ਤਾਂ ਵੀ ਇਹ ਸ਼ਬਦ ਲਿਖੇ ਗਏ ਹਨ ਮੈਂ ਇਨਕੁਆਇਰੀ ਕਰਾ ਲਵਾਂਗਾ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਮੈਂ ਪੁਛਣਾ ਚਾਹੁੰਦਾ ਹਾਂ ਕਿ ਮੌਜੂਦਾ ਮਨਿਸਟਰ ਸਾਹਿਬਾਨ ਨੇ ਜ਼ਮੀਨਾਂ ਟਰਾਂਸਫਰ ਕਰਾਈਆਂ ਹਨ ਕੀ ਇਨ੍ਹਾਂ ਨੇ ਸਮਾਲ ਸੇਵਿੰਗਜ਼ ਲਈ ਕੁਝ ਦਿੱਤਾ ਹੈ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਕਾਮਰੇਡ ਸੱਤ ਪਾਲ ਡਾਂਗ : ਜਿਨ੍ਹਾਂ ਮਨਿਸਟਰਾਂ ਨੇ ਜ਼ਮੀਨਾਂ ਟਰਾਂਸਫ਼ਰ ਕਰਾਈਆਂ ਹਨ ਉਨ੍ਹਾਂ ਨੇ ਪ੍ਰੇਰਤ ਹੋਕੇ ਕਿੰਨੇ ਪੈਸੇ ਦਿਤੇ ਹਨ ?

ਵਿਕਾਸ ਮੰਤਰੀ : ਇਹ ਤਾਂ ਹੈਪੋਥੋਟੀਕਲ ਹੈ ।

ਮੁੱਖ ਮੰਤਰੀ : ਮੇਰੀ ਖੁਆਹਿਸ਼ ਹੈ ਇਸ ਬਾਰੇ ਮੈਨੂੰ ਕੋਈ ਦਸੇ ਕਿ ਇਹ ਕੰਮ ਕਿਸ ਨੇ ਕਰਾਇਆ, ਕਿਸ ਮਨਿਸਟਰ ਨੇ ਕਰਾਇਆ, ਜਾਂ ਐਮ. ਐਲ. ਏ. ਨੇ ਕਰਾਇਆ ਜਾਂ ਸੀ.ਪੀ.ਆਈ. ਦੇ ਲੀਡਰ ਨੇ ਕਰਾਇਆ, ਜਾਂ ਕਾਂਗਰਸ ਦੇ ਲੀਡਰ ਨੇ ਕਰਾਇਆ ਜਾਂ ਫਿਰ ਅਕਾਲੀ ਪਾਰਟੀ ਦੇ ਲੀਡਰ ਨੇ ਕਰਾਇਆ । ਇਸ ਬਾਰੇ ਮੈਨੂੰ ਪਤਾ ਲਗਣਾ ਚਾਹੀਦਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਮੈਂ ਦੱਸਦਾ ਹਾਂ। ਪੰਜ ਮਈ ਨੂੰ ਲੁਧਿਆਣਾ ਵਿਚ 25,000 ਦੇ ਨਾਨ ਜੁਡੀਸ਼ਲ ਪੇਪਰ ਖਰੀਦੇ ਗਏ ਹਨ ਅਤੇ ਇਹ ਜ਼ਮੀਨਾਂ ਦਾ ਤਬਾਦਲਾ ਕਰਨ ਬਾਰੇ ਇਨ੍ਹਾਂ ਵਿਚ ਸਰਦਾਰ ਗੁਰਨਾਮ ਸਿੰਘ ਅਤੇ ਹੋਰ ਬਹੁਤ ਸਾਰੇ ਮਨਿਸਟਰ ਸਾਹਿਬ ਹਨ, ਇਕ ਮਨਿਸਟਰ ਸਾਹਿਬ ਦੀ ਧਰਮ ਪਤਨੀ ਦਾ ਨਾਂ ਲਿਤਾ ਜਾਂਦਾ ਹੈ। ਇਸ ਪੰਜ ਮਈ ਬਾਰੇ ਲੁਧਿਆਣੇ ਵਿਚ ਜੋ ਕੁਝ ਹੋਇਆ ਹੈ ਇਸ ਸਬੰਧੀ ਸ੍ਰੀ ਆਜ਼ਾਦ ਸਾਹਿਬ ਦਾ ਬਿਆਨ ਅਖਬਾਰ ਵਿਚ ਛਪਿਆ ਹੈ। ਕੀ ਇਸ ਬਾਰੇ ਇਨਕੁਆਇਰੀ ਕਰਾਈ ਜਾਵੇਗੀ ?

ਵਿਕਾਸ ਮੰਤਰੀ : ਜੇ ਕਿਸੇ ਨੇ ਜ਼ਮੀਨ ਦਾ ਤਬਾਦਲਾ ਕਰਵਾਇਆ ਹੈ, ਇਹ ਕੰਮ ਮੈਂ ਨਹੀਂ ਕੀਤਾ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਇਹ ਬਿਲ ਤਾਂ 26 ਸਤੰਬਰ, 1970 ਤੋਂ ਲਾਗੂ ਹੋਣਾ ਹੈ। ਬਲਕਿ ਇਸ ਨਾਲ ਜਿਨ੍ਹਾਂ ਨੇ ਟੈਕਸ ਦੇ ਦਿੱਤਾ। ਇਸ ਲਈ ਜਿਨ੍ਹਾਂ ਜਿਨ੍ਹਾਂ ਨੇ ਵੀ ਇਹ ਕੰਮ ਕੀਤਾ ਹੈ ਉਨ੍ਹਾਂ ਨੇ ਤਾਂ ਇਸ ਤਰ੍ਹਾਂ ਕਰਕੇ ਸਰਕਾਰ ਦੀ ਆਮਦਨੀ ਵਧਾਈ ਹੈ ਫੇਰ ਇਸ ਨਾਲ ਕਿਸੇ ਨੂੰ ਕੀ ਤਕਲੀਫ ਹੈ ?

ਕਾਮਰੇਡ ਸੱਤਪਾਲ ਡਾਂਗ : ਆਜ਼ਾਦ ਸਾਹਿਬ ਦਾ ਬਿਆਨ ਅਖਬਾਰ ਵਿਚ ਛਪਿਆ ਹੈ ਕਿ ਕਿਸੇ ਮਨਿਸਟਰ ਨੇ ਜ਼ਮੀਨ ਦਾ ਤਬਾਦਲਾ ਕਰਾਇਆ । ਕੀ ਇਸ ਨੇ ਸਮਾਲ ਸੇਵਿੰਗਜ਼ ਲਈ ਕੋਈ ਪੈਸਾ ਦਿੱਤਾ ਕਿ ਇਸ ਬਾਰੇ ਕੋਈ ਇਨਕੁਆਇਰੀ ਕਰਾਈ ਜਾਵੇਗੀ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

COMPLAINT RECEIVED BY DEPUTY COMMISSIONER, LUDHIANA IN MARCH, 1970

***219.1. Comrade Dana Ram :**
2. Comrade Satya Pal Dang: | Will the Chief Minister be pleased to:—

(a) state whether in the month of March, 1970, the Deputy Commissioner, Ludhiana received a complaint from any Trade Union that the Police and the Management of a Local Mill had conspired and had burnt Union Flag and tent and had beaten up some workers and also levelled some other serious allegations against the Police; if so, a copy of the complaint be laid on the Table of the House;

(b) state whether any Executive Magistrate or any other officer was appointed to hold an enquiry into the said allegations; if so, his name and the date when he completed the enquiry;

(c) lay on the Table of the House a copy of the enquiry report and the action, if any, taken on the basis of this report?

ਸਰਦਾਰ ਨਸੀਬ ਸਿੰਘ ਗਿਲ (ਉਪ ਮੰਤਰੀ, ਗ੍ਰਿਹ ਅਤੇ ਉਦਯੋਗ) : (ੳ) ਹਾਂ ਜੀ। ਸ਼ਿਕਾਇਤ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਉਪ ਮੰਤਰੀ, ਗ੍ਰਹਿ ਅਤੇ ਉਦਯੋਗ)

(ਬੀ) ਹਾਂ ਜੀ। ਸ੍ਰੀ ਜੋਗਿੰਦਰ ਪਾਲ ਸਿੰਘ ਪੁਰੀ, ਪੀ.ਸੀ.ਐਸ. ਦੁਖ ਨਿਵਾਰਨ ਅਫਸਰ ਲੁਧਿਆਣਾ ਨੂੰ ਇਸ ਸ਼ਿਕਾਇਤ ਵਿਚ ਲਾਏ ਦੋਸ਼ਾਂ ਦੀ ਪੜਤਾਲ ਕਰਨ ਅਤੇ ਰਪੋਰਟ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੇ ਪੁੱਛ ਗਿੱਛ ਕਰਨ ਮਗਰੋਂ ਆਪਣੀ ਰਿਪੋਰਟ ਮਿਤੀ 19 ਮਾਰਚ, 1970 ਨੂੰ ਭੇਜੀ ਸੀ।

(ਸੀ) ਪੁਛ ਗਿੱਛ ਰਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰਖਣਾ ਲੋਕ ਹਿਤ ਵਿਚ ਨਹੀਂ ਹੈ। ਇਸ ਪੁੱਛ ਗਿੱਛ ਰਪੋਰਟ ਦੇ ਪਰਾਪਤ ਹੋਣ ਤੇ ਉਸ ਵੇਲੇ ਦੇ ਜ਼ਿਲ੍ਹਾ ਮੈਜਿਸਟ੍ਰੇਟ ਨੇ ਇਸ ਦੇ ਕੁਝ ਅੰਸ਼ ਸੀਨੀਅਰ ਸੁਪਰਡੰਟ ਪੁਲਿਸ ਲੁਧਿਆਣਾ ਨੂੰ ਭੇਜੇ ਸਨ ਅਤੇ ਇਸ ਸਬੰਧ ਵਿਚ ਕਾਰਵਾਈ ਕਰਨ ਲਈ ਬੇਨਤੀ ਕੀਤੀ ਸੀ। ਇਸ ਰਪੋਰਟ ਦੇ ਆਧਾਰ ਤੇ ਮੁਕਦਮਾ ਐਫ.ਆਈ.ਆਰ. ਨੰ: 126, ਮਿਤੀ 10 ਮਈ, 1970 ਧਾਰਾ 435/380 ਭ: ਦ: ਥਾਣਾ ਇੰਡਸਟਰੀਅਲ ਏਰੀਆ, ਲੁਧਿਆਣਾ ਸ੍ਰੀ ਰਾਜ ਪਾਲ ਆਦਿ ਵਿਰੁਧ ਰਜਿਸਟਰ ਕੀਤਾ ਗਿਆ ਸੀ ਪਰ ਮੌਕੇ ਦੇ ਗਵਾਹਾਂ ਵਿਚੋਂ ਬਹੁਗਿਣਤੀ ਆਪਣੀ ਮੁਲਾਜ਼ਮਤ ਲੁਧਿਆਣੇ ਵਿਚੋਂ ਛੱਡ ਕੇ ਉਤਰ ਪ੍ਰਦੇਸ਼ ਆਦਿ ਚਲੇ ਜਾਣ ਕਾਰਨ ਪੁਛ ਗਿੱਛ ਵੇਲੇ ਉਹ ਨਾ ਮਿਲ ਸਕੇ ਅਤੇ ਜਿਹੜੇ ਗਵਾਹਾਂ ਨੇ ਪੁਛ ਗਿੱਛ ਵੇਲੇ ਆਪਣੀ ਗਵਾਹੀ ਦਿਤੀ ਸੀ ਉਹ ਭੀ ਇਕ ਦੂਜੇ ਨਾਲ ਟਕਰਾ ਨਹੀਂ ਸੀ ਖਾਂਦੀ। ਇਸ ਤਰ੍ਹਾਂ ਸ਼ਹਾਦਤ ਦੇ ਪੂਰੇ ਨਾ ਹੋਣ ਕਾਰਨ ਇਸ ਕੇਸ ਵਿਚ ਮਿਤੀ 12 ਜਨਵਰੀ, 1971 ਨੂੰ ਅਨਟਰੇਸਡ ਰਪੋਰਟ ਦਿਤੀ ਗਈ ਸੀ। ਇਸ ਤੋਂ ਪਹਿਲਾਂ ਮਜ਼ਦੂਰਾਂ ਵਿਰੁਧ ਇਕ ਮੁਕਦਮਾ ਨੰ: 66, ਮਿਤੀ 1 ਮਾਰਚ, 1970 ਅ/ਧ 332/353/336/186/148/149/437 ਭ: ਦ: ਥਾਣਾ ਇੰਡਸਟਰੀਅਲ ਏਰੀਆ ਲੁਧਿਆਣਾ ਦਰਜ ਕੀਤਾ ਹੋਇਆ ਸੀ। ਇਸ ਕੇਸ ਦੀ ਤਫਤੀਸ਼ ਕਰਕੇ ਮਿਤੀ 6 ਅਪ੍ਰੈਲ, 1970 ਨੂੰ ਇਸ ਵਿਚ ਚਲਾਨ ਮੁਰੱਤਬ ਕੀਤਾ ਗਿਆ ਸੀ। ਇਸ ਮੁਕਦਮੇ ਵਿਚ ਮਜ਼ਦੂਰਾਂ ਨੂੰ ਸਜ਼ਾ ਹੋ ਚੁਕੀ ਹੈ। ਮਜ਼ਦੂਰਾਂ ਵਿਰੁਧ ਧਾਰਾ 107/151 ਜਾ: ਫੌ: ਹੇਠਲੀ ਕਾਰਵਾਈ ਕੀਤੀ ਗਈ ਸੀ ਕਿਉਂਕਿ ਉਹ ਕਾਨੂੰਨ ਨੂੰ ਆਪਣੇ ਹੱਥ ਵਿਚ ਲੈ ਰਹੇ ਸਨ ਜਿਸ ਕਰਕੇ ਅਮਨ ਭੰਗ ਹੋਣ ਦਾ ਖ਼ਤਰਾ ਸੀ।

COPY OF COMPLAINT

To
The Deputy Commissioner,
Ludhiana.

Subject.—Deep rooted conspiracy between the management of the Oswal Spinning and Weaving Mills Ltd. Ludhiana and the Ludhiana Police.

Sir,

That applicant respectfully submit as under :—

(1) That an industrial dispute is pending before the 'Labour Department regarding different demands of the workmen against the management of M/s Oswal Spinning and Weaving Mills Ltd. Ludhiana since 29th October, 1969.

(2) That on account of the labour dispute, the management is very much annoyed with the workmen and they have conspired with the local police to pressurise the workmen for withdrawal of their dispute and in order to break the union and the workers resistance.

(3) That in order to achieve their end, the management suspended, retrenched, and dismissed a number of workmen in their Mills illegally and without any justification. They also illegally laid off 168 workmen including ladies since 16th January, 1970 employed in their Mill No. 1. Against this unlawful act the workmen of Mill No. 2 of the management went on a legal strike with effect from 13th February, 1970.

(4) That the management in conspiracy with police involved eight workers and their leaders in a case under sections 107/151, Cr. P. C. on 8th January, 1970 and eight workers and their leaders in a false case of theft under section 382, 342, 356, 148, 149, I. P. C. on 30th January, 1970. On 1st March, 1970 feeling desperate the management again conspired with the Police and falsely implicated 26 persons under section 325, 332, 426, 148, 149, I.P.C. and falsely implicated nine workers in case under section 107/151, Cr.P.C. These persons include foremost Trade Union Leaders of Ludhiana and that of the factory committee. The management became desperate because the unity of the workers could not be broken and their will was un-shaken.

(5) That on 1st March, 1970 at about 8.30 a.m. the management created an incident by provocation and in conspiracy with the police in which several unsocial elements were brought in by the management who were armed with naked Kirpans, Hockeys, and other weapons. They came in a car along with a police constable who was in uniform. The Manager Shri Krishan Lal abused in filthy and most provocating manner to the striking workers who were raising slogans in support of their demands opposite to the Mill No. 2. Then on the arrival of the undesirable elements entered in the Mills and bricks-batting was started from the Management side. In retaliation striking workers also threw bricks and this continued for about half-an-hour. The un-social elements were directed by Mr. Rajpal, one of the Directors of the Mills, Krishan Lal, Manager of Mill No. 2, and Sardari Lal Jain, Manager of Mill No. 3. These three persons also directed the gundas to catch the slogan-raising workers. Thus undesirable elements attached the wo rker's tent with deadly weapons. They snatched the Union Flag and tried to set it on fire. Mohinder Singh, a person of the Management who tried to set the flag on fire was hit by a brick and, therefore, could not burn it. Meanwhile the persons of the Management went in the Mill. In the meantime the Trade Union leaders Om Parkash Mehta and Sita Ram arrived at the spot and appealed to the workers to remain calm. The Superintendent of Police along with S.H.O. S. Darshan Singh accompanied by a police force numbering 60 to 70 persons arrived at the spot. Indiscriminate arrests were made by the police at the spot and about a dozen persons were arrested.

(6) Taking advantage of the incident the local police especially S. Darshan Singh, S.H.O. conspired with the management. S.H.O. Darshan Singh alongwith Rajpaul, Director later on roamed about in the Industrial Area in a car and catch hold of number of employees of the Mills and took them to the Police Station No. 6, where they were beaten mercilessly by the Police Constable Darshan Singh S.H.O. himself and they were filthilly abused by Darshan Singh, S.H.O. and as well as police constables. The workers were forced to take payments under police pressures and forced to sign the registers and various other papers. The registers and papers were brought from the Mills by the cashier. These forced payments were made before the police in the presence of Shri Rajpaul, Sardari Lal Jain, Manager, Cashier Gursharan, after the workers were tortured. After payments these workmen were taken to the Mills and kept there.

(7) That at about 11.30 P.M. one police official who was wearing spectacles visited the Mill and enquired something from Rajpaul and the police official thereafter left the place. After a few minutes Rajpaul went outside in a car and shouted on the workers who were sitting near the tent on the road side near Mill No. 1. He threatened that he will take the revenge and that the workmen will suffer dire consequences. After a few minutes, he came along with police force including a Havildar, Shri Shadi Lal and, started giving threats to the workers and scattered them with lathi-blows,

(Deputy Minister for Home and Industries)

The police used lathis and the workers sitting outside the tent were scattered. Later on Rajpaul and Police party entered the tent opposite the Mill, beaten the workers including Comrade Khushal, Cashier of the Ludhiana Textile Mazdoor Union. He along with the seven other workers were taken to the Police Station and out of them six were arrested under section 107/151, Cr. P.C. and the remaining two persons, namely, Barasati and Hazari were kept there up to 12 noon on 2.3. and were forced to take their payment and to sign the registers and blank papers under torture and pressure in the presence of Shri Sardari Lal, Manager, Cashier Gursharan. Later on this tent was removed from the place along with durries, utensils, flags, motos and other articles by the management and the police in a tempo of the Mills.

(8) Immediately thereafter Rajpaul along with Kanti, Ashok, Mangat Ram and several others cut the ropes of the tent pitched near the gate in the presence of Shadi Lal, Head Constable and other constables. Then Rajpaul directed Ashok, Kanti and Mangat Ram to set the tent and the union flag on fire. Fire was seen by the workers of M/s New Era Hindustan Woollen Mills, and M/s S.K. Weaving Factory who had come to support the cause of the workmen. This occurrence was witnessed by Manraj s/o Prabhu Ram, Ganga Ram s/o Punnu Ram, Rajinder, s/o Kishan Chand, Jagat Ram, s/o Nauranga Ram, Ram Kishan, s/o Hukam Chand and Nageshwar s/o Kaleshwar. Immediately thereafter the management managed to bring bricks in the tempo and trucks, placed them on the places where the tents were previously pitched. In the morning they put up wire with poles and fenced the area illegally, althogh it is a municipal land.

The whole circumstances narrated above clearly prove that there is a deep-rooted conspiracy between the management and the un-social elements and the local police on the other hand to break the workers movement and to flout the constitutional and fundamental rights given to the workers by law, instead of giving protection to the workmen the police acted in a most un-lawful and unheard of manners . No person from the sides of the management has been arrested. No case has been registered against the police officials responsible for the wrong acts so far inspite of the facts that telegrams were sent to the authorities concerned immediately after the happening . The press has also reported the incident and Comrade Bharat Parkash, District Secretary of the Communist Party of India, Ludhiana District met your honour and the S.P. on 2nd March, 1970 alongwith Satwant Singh Grewal, Advocate, Vice-President, Trade Union Congress, Ludhiana District, and narrated the whole incident. Your-honour deputed the S.P. Ludhiana to go on the spot and report the matter by tomorrow. S.P. visited this spot and was shown the bricks placed by the management and fence fixed by them some burnt cloth was also shown lying under the bricks. The management was also present. Next day, i.e., 3rd March, 1970 Comrade Bharat Parkash again met your honour and demanded immediate action against the culprits and your honour asked to submit the affidavits of the concerned persons. Affidavits of Shri Sham Lal s/o Badri, Gangaram, s/o Punnu Ram,Barsati, s/o Ramdayal Rajinder Parsad, s/o Kishan Chand Man Raj, s/o Prabhu Ram, Ram Chander, s/o Ganga Dutt, Jagatram, s/o Nauranga Ram, Ram Kishan, s/o Hukam Chand, Nageshwar, s/o Kuleshwer are attached herewith for your favourable consideration.

ਸ਼੍ਰੀ ਸਪੀਕਰ : ਸੰਧੂ ਸਾਹਿਬ, ਉਸ ਦੇ ਨਾਲ ਇਕ ਐਕਸਪਲੇਨੇਟਰੀ ਮੈਮੋਰੰਡਮ ਚਾਹੀਦਾ ਸੀ...... (ਵਿਘਨ)......ਤੁਸੀਂ ਤਸ਼ਰੀਫ ਰਖੋ ।......(ਵਿਘਨ) (Sandhu Sahib, an explanatory memorandum should have been enclosed with the notice of Adjournment Motion....(Interruption). Please resume your seat (Interruption).

ਸਰਦਾਰ ਅਜਾਇਬ **ਸਿੰਘ** ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਅੱਜ ਹੀ ਭੱਜ ਜਾਣਾ ਹੈ ।... ... (ਵਿਘਨ) । ਪ੍ਰਾਈਵੇਟ ਟੀਚਰਾਂ ਦਾ ਬੜਾ ਅਹਿਮ ਮਸਲਾ ਹੈ......(ਵਿਘਨ)

Mr. Speaker : Please resume your seat....(*Interruption*)

ਸਰਦਾਰ ਅਜਾਇਬ ਸਿੰਘ ਸੰਧੂ : * * *

ਸ਼੍ਰੀ ਸਪੀਕਰ : ਜੋ ਕੁਝ ਵੀ ਮੈਂਬਰ ਸਾਹਿਬ ਵਿਦਾਊਟ ਦੀ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ, ਉਹ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ । (Whatever the hon. Member is speaking without the permission of the Chair should not form part of the proceedings.)

CALL ATTENTION NOTICES UNDER RULE 66

(Serial No. 366)

*1. **Comrade Satya pal Dang** :

2. **Comrade Darshan Singh Canadian** : Sir, We beg to draw the attention of the Government towards a matter of urgent public importance, namely, there is much discontentment amongst the student community of Ludhiana which may take an ugly shape unless steps are taken to remove their just grievances. A serious law and order problem may develop. Immediate cause of this discontentment is the disciplinary action taken against over half a dozen students of the Agricultural University Ludhiana for organising a rally against the American bombing of North Viet-Nam.

In view of the obvious and urgent importance of the matter, the Government may please be asked to make a statement in the House.

ਸ਼੍ਰੀ ਸਪੀਕਰ: ਪ੍ਰਵਾਨ ਕੀਤੀ ਜਾਂਦੀ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement in the House.)

ਕਾਮਰੇਡ ਸੱਤਪਾਲ ਡਾਂਗ : * * (ਵਿਘਨ)

Mr. Speaker : Whatever the hon. member has said without t e permission of the Chair, should not form part of the proceedings. (*Interruption*)

---

*Expunged as ordered by the Chair.

STATEMENT IN REPLY TO CALL ATTENTION NOTICES LAID ON THE TABLE

Education Minister : (Sardar Umrao Singh) Sir, I beg to lay on the Table replies to Call Attention Notices Nos. 265, 312, 324, 331 and 352.

(SERIAL NO. 265)

1. **Comrade Satya Pal Dang, 2. Comrade Achhra Singh** : To draw the attention of the Government towards a matter of urgent public importance, namely, that the Meharchand Polytechnic and Dayanand Junior Technical School are aided Institutions and almost the entire expenditure of the two institutions is being met out of the Government grants.

The staff of the two institutions however, is treated very shabbily and is very much at disadvantage as compared with the staff of similar Government institutions.

The staff is on indefinite stay-in pen down strike since 12th April, 1972. The education of hundreds of students faces serious threat and there is much discontentment in the public.

In view of the obvious and urgent importance of the matter, the Government may please be asked to make a statement in the House.

ਸ੍ਰੀ ਗੁਰਮੇਲ ਸਿੰਘ (ਸਿੰਚਾਈ ਅਤੇ ਬਿਜਲੀ ਮੰਤਰੀ) ਮੇਹਰ ਚੰਦ ਪੋਲੀਟੈਕਨਿਕ ਅਤੇ ਦਯਾ ਨੰਦ ਜੂਨੀਅਰ ਤਕਨੀਕੀ ਸਕੂਲ ਨੂੰ ਘਾਟੇ ਦੀ ਕਰਮਵਾਰ 75 ਫ਼ੀਸਦੀ ਅਤੇ 100 ਫੀ ਸਦੀ ਗ੍ਰਾਂਟ ਮਿਲਦੀ ਹੈ । ਇਕ ਰਿਪ੍ਰਿਜ਼ੈਂਟੇਸ਼ਨ ਆਇਆ ਹੈ ਕਿ ਇਨ੍ਹਾਂ ਸੰਸਥਾਵਾਂ ਦੇ ਸਟਾਫ਼ ਨੂੰ ਸਰਕਾਰੀ ਪੋਲੀ-ਟੈਕਨਿਕਾਂ ਦੇ ਕਰਮਚਾਰੀਆਂ ਜਿੰਨੀਆਂ ਤਨਖਾਹਾਂ ਨਹੀਂ ਮਿਲਦੀਆਂ ਅਤੇ ਉਨ੍ਹਾਂ ਨੇ ਇਸ ਲਈ ਸਟਰਾਈਕ ਕੀਤੀ ਹੋਈ ਹੈ । ਹੁਣ ਇਹ ਵਾਪਿਸ ਲੈ ਲਈ ਦਸੀ ਗਈ ਹੈ ।

ਸਰਕਾਰ ਨੇ ਇਨ੍ਹਾਂ ਸੰਸਥਾਵਾਂ ਦੇ ਟੀਚਿੰਗ ਅਮਲੇ ਦੀਆਂ ਤਨਖ਼ਾਹਾਂ 1 ਫ਼ਰਵਰੀ, 1971 ਤੋਂ ਸੋਧ ਦਿੱਤੀਆਂ ਹਨ । ਇਨ੍ਹਾਂ ਦੀਆਂ ਤਨਖ਼ਾਹਾਂ ਇਸ ਤਰ੍ਹਾਂ ਫ਼ਿਕਸ ਕੀਤੀਆਂ ਜਾਣੀਆਂ ਹਨ ਤਨਖ਼ਾਹਾਂ 1 ਫ਼ਰਵਰੀ, 1968 ਤੋਂ ਸੋਧੀਆਂ ਮੰਨ ਕੇ ਦਿੱਤੀਆਂ ਜਾਣੀਆਂ ਹਨ ਅਤੇ 1 ਫ਼ਰਵਰੀ 1968 ਤੋਂ 31 ਜਨਵਰੀ, 1971 ਤਕ ਕੋਈ ਏਰੀਅਰ ਨਹੀਂ ਦਿੱਤਾ ਜਾਣਾ । ਇਸ ਦੇ ਨਾਲ ਇਕ ਸ਼ਰਤ ਇਹ ਹੈ ਕਿ ਇਨ੍ਹਾਂ ਸੰਸਥਾਵਾਂ ਦੀਆਂ ਪ੍ਰਬੰਧਕੀ ਕਮੇਟੀਆਂ ਨੇ ਆਪਣੀ ਨਿਰਧਾਰਤ ਕੰਟਰੀ-ਬਿਊਸ਼ਨ ਦੇਣੀ ਹੈ । ਜੇ ਇਹ ਲਾਭ ਇਸ ਟੀਚਿੰਗ ਅਮਲੇ ਨੂੰ ਨਹੀਂ ਮਿਲਿਆ ਤਾਂ ਇਸ ਵਜ੍ਹਾ ਇਹ ਹੈ ਕਿ ਇਨ੍ਹਾਂ ਸੰਸਥਾਵਾਂ ਨੇ ਵਾਧੂ ਖ਼ਰਚੇ ਦੇ ਹਿੱਸੇ ਦੇਣ ਦੀ ਜ਼ਿੰਮੇਵਾਰੀ ਨਹੀਂ ਲਈ । ਇਸ ਤਰ੍ਹਾਂ ਸਰਕਾਰ ਕਿਸੇ ਤਰ੍ਹਾਂ ਵੀ ਦੋਸ਼ੀ ਨਹੀਂ ਹੈ ।

(SERIAL NO. 312)

Comrade Darshan Singh Canadian: To draw the attention of the Government towards a matter of urgent public importance, namely, that the water supply of village Mehendwani in the Bet Area of Garhshankar Tehsil in Hoshiarpur which gets its water from Haripur Water Works, has been stopped. The village people and the cattle are without any supply of drinking water. The local authorities have failed to rectify their complaints. Hence there is great resentment among the people.

[Comrade Darshan Singh Canadian]

In view of the obvious and urgent public importance of the matter, the Government may kindly make a statement on the issue in the House.

ਸ੍ਰੀ ਹੰਸ ਰਾਜ ਸ਼ਰਮਾ : (ਵਿੱਤ ਮੰਤਰੀ) ਇਸ ਬਾਰੇ ਵਿਚ ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ ਹੁਸ਼ਿਆਰਪੁਰ) ਤੋਂ ਪੁਛ-ਗਿਛ ਕਰਨ ਤੇ ਪਤਾ ਲਗਾ ਹੈ ਕਿ ਹਰੀਪੁਰ ਵਾਟਰ ਵਰਕਸ ਦੀ ਮੁਰੰਮਤ ਕੀਤੀ ਜਾਣੀ ਲੋੜੀਂਦੀ ਸੀ। ਲੋਕ ਨਿਰਮਾਣ ਵਿਭਾਗ ਵਲੋਂ ਹੀ ਮੁਰੰਮਤ ਗਰਮੀਆਂ ਤੋਂ ਪਹਿਲਾਂ ਕਰਨ ਦਾ ਫ਼ੈਸਲਾ ਕੀਤਾ ਗਿਆ। ਉਨ੍ਹਾਂ ਨੇ ਮਿਤੀ 23 ਅਪਰੈਲ, 1972 ਨੂੰ ਇਹ ਵਾਟਰ ਵਰਕਸ ਬੰਦ ਕਰ ਦਿੱਤਾ। ਇਨ੍ਹਾਂ ਦਿਨਾਂ ਵਿੱਚ ਬਿਜਲੀ ਵੀ ਬੰਦ ਸੀ। ਇਹ ਮੁਰੰਮਤ ਦਾ ਕੰਮ ਮਿਤੀ 1 ਮਈ, 1972 ਤੀਕ ਹੁੰਦਾ ਰਿਹਾ। ਮਿਤੀ 2 ਮਈ, 1972 ਤੋਂ ਵਾਟਰ ਵਰਕਸ ਦੁਬਾਰਾ ਠੀਕ ਢੰਗ ਨਾਲ ਚਲ ਪਿਆ ਅਤੇ ਪਿੰਡ ਮਹਿੰਦਵਾਣੀ ਨੂੰ ਪੂਰੇ ਦਬਾਅ ਨਾਲ ਪਾਣੀ ਮਿਲਣ ਲਗ ਪਿਆ ਹੈ। ਮਿਤੀ 5 ਮਈ, 1972 ਨੂੰ ਕਾਰਜਕਾਰੀ ਇੰਜੀਨੀਅਰ (ਜਨ-ਸਿਹਤ) ਲੋਕ ਨਿਰਮਾਣ ਵਿਭਾਗ, ਹੁਸ਼ਿਆਰਪੁਰ ਨੇ ਆਪ ਜਾ ਕੇ ਹਰੀਪੁਰ ਵਾਟਰ ਵਰਕਸ ਨੂੰ ਦੇਖਿਆ ਅਤੇ ਪਤਾ ਲਗਿਆ ਕਿ ਪਾਣੀ ਪੂਰੇ ਜ਼ੋਰਾਂ ਨਾਲ ਸਾਰੇ ਪਿੰਡ ਨੂੰ ਜਾ ਰਿਹਾ ਹੈ। ਮਿਤੀ 9 ਮਈ, 1972 ਨੂੰ ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਵਿਭਾਗ (ਜਨ-ਸਿਹਤ) ਹੁਸ਼ਿਆਰਪੁਰ ਨੇ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਮੈਂਬਰ, ਪੰਜਾਬ ਵਿਧਾਨ ਸਭਾ ਨਾਲ ਇਸ ਪਿੰਡ ਦਾ ਦੌਰਾ ਕੀਤਾ ਅਤੇ ਉਥੇ ਜਾ ਕੇ ਦੇਖਿਆ ਕਿ ਪਾਣੀ ਪੂਰੇ ਜ਼ੋਰਾਂ ਨਾਲ ਮਹਿੰਦਵਾਣੀ ਪਿੰਡ ਜਾ ਰਿਹਾ ਸੀ।

ਉਪਰੋਕਤ ਪੋਜ਼ੀਸ਼ਨ ਤੋਂ ਇਹ ਸਾਫ਼ ਜ਼ਾਹਿਰ ਹੈ ਕਿ ਵਾਟਰ ਵਰਕਸ ਹਰੀਪੁਰ ਮੁਰੰਮਤ ਕਰਨ ਲਈ ਅਤੇ ਬਿਜਲੀ ਦੀ ਸਪਲਾਈ ਬੰਦ ਹੋਣ ਕਾਰਨ ਮਿਤੀ 23 ਅਪਰੈਲ, 1972 ਤੋਂ 1 ਮਈ, 1972 ਤਕ ਬੰਦ ਰਿਹਾ ਹੈ। ਮਿਤੀ 2 ਮਈ, 1972 ਤੋਂ ਇਹ ਵਾਟਰ ਵਰਕਸ ਠੀਕ ਢੰਗ ਨਾਲ ਚਲ ਰਿਹਾ ਹੈ ਅਤੇ ਪਿੰਡ ਮਹਿੰਦਵਾਣੀ ਦੇ ਲੋਕਾਂ ਨੂੰ ਪਾਣੀ ਦੀ ਕੋਈ ਤਕਲੀਫ ਨਹੀਂ।

(ਕ੍ਰਮ ਨੰ: 324)

1. **ਸਰਦਾਰ ਗੁਰਦੇਵ ਸਿੰਘ** :

2. **ਸਰਦਾਰ ਤਾਰਾ ਸਿੰਘ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਪਿੰਡ ਬਰਸਾਲ ਹਲਕਾ ਜਗਰਾਵਾਂ ਵਿੱਚ ਇਕ ਬੀਬੀਆਂ ਦਾ ਹਾਈ ਸਕੂਲ ਹੈ ਜਿਹੜਾ 6 ਪਿੰਡਾਂ ਦੀ ਹੱਦ ਤੇ ਹੈ। ਸਕੂਲ ਦੀ ਕੰਧ ਦੇ ਬਿਲਕੁਲ ਨਾਲ ਇਕ ਨਵਾਂ ਠੇਕਾ ਖੁਲ੍ਹਾ ਹੈ, ਸ਼ਰਾਬੀ ਸਕੂਲ ਦੇ ਸਾਹਮਣੇ ਖਲੋ ਕੇ ਭਲਾ ਬੁਰਾ ਬੋਲਦੇ ਹਨ। ਠੇਕੇ ਦੀ ਵਜ੍ਹਾ ਨਾਲ ਲੋਕ ਲੜਕੀਆਂ ਨੂੰ ਸਕੂਲ ਚੋਂ ਹਟਾਈ ਜਾਂਦੇ ਹਨ। ਸਰਕਾਰ ਇਸ ਮਾਮਲੇ ਵਲ ਤੁਰਤ ਧਿਆਨ ਦੇ ਕੇ ਲੋਕਾਂ ਦੀ ਬੇਚੈਨੀ ਨੂੰ ਜਲਦੀ ਰੋਕਣ ਦੀ ਖੇਚਲ ਕਰੇ।

ਕੈਪਟਨ ਰਤਨ ਸਿੰਘ (ਵਿਕਾਸ ਮੰਤਰੀ) : ਇਸ ਮੁਆਮਲੇ ਦੀ ਜਾਂਚ ਪੜਤਾਲ ਕਰਨ ਮਗਰੋਂ ਪਤਾ ਲਗਾ ਹੈ ਕਿ 1 ਅਪਰੈਲ, 1972 ਤੋਂ ਦੇਸੀ ਸ਼ਰਾਬ ਦਾ ਠੇਕਾ ਜੋ ਕਿ ਪਹਿਲਾਂ ਪਿੰਡ ਬਜ਼ੁਰਗ ਵਿੱਚ ਸੀ ਪਿੰਡ ਸੰਗਤਪੁਰਾ ਵਿਖੇ ਤਬਦੀਲ ਕਰ ਦਿੱਤਾ ਗਿਆ ਹੈ। ਇਹ ਸਕੂਲ ਪਿੰਡ ਬਰਸਾਲ ਦੀ ਹੱਦ ਵਿੱਚ ਹੈ। ਸਕੂਲ ਤੋਂ ਸੜਕ ਦੇ ਪਾਰ ਠੇਕੇ ਨੂੰ ਮਿਲਾਕੇ ਕੁਲ ਚਾਰ ਦੁਕਾਨਾਂ ਹਨ। ਇਸ ਸਕੂਲ ਦੇ ਇਰਦ ਗਿਰਦ ਤਕਰੀਬਨ 5 ਫੁਟ ਉੱਚੀ ਦੀਵਾਰ ਹੈ। ਇਹ ਠੇਕਾ ਸਕੂਲ ਦੇ

ਗੇਟ ਤੋਂ ਲਗ ਭਗ 70 ਗਜ਼ ਦੂਰ ਹੈ ਅਤੇ ਸਕੂਲ ਦੀ ਦੀਵਾਰ ਤੋਂ 35 ਗਜ਼ ਦੂਰ ਹੈ । ਇਹ ਦੁਕਾਨਾਂ ਅਤੇ ਸਕੂਲ ਆਬਾਦੀ ਤੋਂ ਦੂਰ ਵਾਕਿਆ ਹਨ । ਇਹ ਠੇਕਾ ਚਾਰ ਪਿੰਡਾਂ ਦੇ ਸੈਂਟਰ ਵਿੱਚ ਹੈ । ਇਨ੍ਹਾਂ ਪਿੰਡਾਂ ਦੇ ਨਾਉਂ ਬਜ਼ੁਰਗ, ਬਰਸਾਲ, ਸੰਗਤਪੁਰਾ ਅਤੇ ਜੰਡੀ ਰਸੂਲਪੁਰ ਹਨ । ਲੋਕਾਂ ਦੀਆਂ ਭਾਵਨਾਵਾਂ ਨੂੰ ਮੁੱਖ ਰਖਦਿਆਂ ਠੇਕੇਦਾਰ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਸ ਠੇਕੇ ਨੂੰ ਹੋਰ ਦੂਰ ਲੈ ਜਾਵੇ ਕਿਉਂਕਿ ਇਸ ਮਹਿਕਮੇ ਨੇ ਠੇਕੇ ਦੀ ਮੌਜੂਦਾ ਜਗ੍ਹਾ ਅਜੇ ਤਕ ਪ੍ਰਵਾਨ ਨਹੀਂ ਕੀਤੀ ਹੈ ।

2. ਇਥੇ ਇਹ ਕਹਿਣਾ ਵੀ ਉਚਿਤ ਹੋਵੇਗਾ ਕਿ ਇਸ ਇਲਾਕੇ ਵਿੱਚ ਨਾਜਾਇਜ਼ ਸ਼ਰਾਬ ਨੂੰ ਰੋਕਣ ਲਈ ਇਹ ਠੇਕਾ ਬਜ਼ੁਰਗ ਤੋਂ ਇਸ ਪਿੰਡ ਵਿੱਚ ਤਬਦੀਲ ਕੀਤਾ ਗਿਆ ਹੈ ।

(SERIAL No. 331)

1. **Comrade Satya Pal Dang :**
2. **Comrade Darshan Singh Canadian :** to draw the attention of the Government towards a matter of urgent public importance, namely, that recently two notorious smugglers Tarsem Lal and Kishori Lal of Apre of district Jullundur alongwith a police party led by S.H.O. Sardul Singh of Nawan Shahr plus seventy eighty armed ruffians attacked the farm of one Hukma s/o Nand Singh of Solanpur (Police Station Nawan Shahr) and tried to illegally evict him from lands on which he is a tenant since 1957. Civil Suits regarding these lands are still pending in the Punjab High Court and Nawan Shahr S.D.M.'s Court. The raiding party shot one of Hukma's dogs, destroyed crops in four acres, drove away his cattle, ransacked his house and continued to fire through-out the night. A wave of anger has spread throughout the area due to this act of high handedness. In view of the impending agrarian legislation such acts are Multiplying throughout the State.

As the matter is of obvious and urgent public importance the Government may kindly make a statement on the floor of the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਸਥਾਨਕ ਪੁਲਿਸ ਦੀ ਜਾਂਚ ਪੜਤਾਲ ਤੋਂ ਪਤਾ ਲਗਾ ਹੈ ਕਿ ਪਿੰਡ ਅਪਰਾ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਦੇ ਤਰਸੇਮ ਲਾਲ ਅਤੇ ਕਿਸ਼ੋਰੀ ਲਾਲ ਆਦਿ ਨੇ ਪਿੰਡ ਸਲੇਮਪੁਰ ਥਾਣਾ ਨਵਾਂ ਸ਼ਹਿਰ ਵਿਚ 65 ਏਕੜ ਜ਼ਮੀਨ ਇਕ ਅਲਾਟੀ ਪਾਸੋਂ 1965 ਵਿਚ ਖ਼ਰੀਦੀ ਜਿਹੜਾ ਦਿੱਲੀ ਵਿਚ ਰਹਿੰਦਾ ਹੈ । ਇਹ ਜ਼ਮੀਨ ਹੁਕਮਾ ਪੁਤਰ ਨੰਦ ਸਿੰਘ ਵਾਸੀ ਪਿੰਡ ਸਲੇਮਪੁਰ ਬਤੌਰ ਮਜ਼ਾਰਾ 1957 ਤੋਂ ਵਾਹ ਰਿਹਾ ਸੀ ਜਿਸ ਨੇ ਕਚਹਿਰੀ ਵਿੱਚ ਦਾਵਾ ਕੀਤਾ ਕਿ ਇਹ ਜ਼ਮੀਨ ਤਰਸੇਮ ਲਾਲ ਦੇ ਨਾਂ ਨਾ ਲਾਈ ਜਾਵੇ । ਜਿਸ ਦਾ ਨਿਚਲੀ ਅਦਾਲਤ ਨੇ ਫ਼ੈਸਲਾ ਉਸਦੇ ਹੱਕ ਵਿੱਚ ਕੀਤਾ ਪਰੰਤੂ ਪੰਜਾਬ ਹਾਈਕੋਰਟ ਵਿੱਚ ਅਪੀਲ ਕਰਨ ਤੇ ਇਹ ਫ਼ੈਸਲਾ ਰਦ ਕਰ ਦਿੱਤਾ ਗਿਆ । ਹਾਈ ਕੋਰਟ ਤੋਂ ਫ਼ੈਸਲਾ ਹੋਣ ਤੇ ਐਸ. ਡੀ. ਐਮ. ਨਵਾਂ ਸ਼ਹਿਰ ਨੇ ਹੁਕਮ ਜਾਰੀ ਕੀਤੇ ਕਿ ਜ਼ਮੀਨ ਤਰਸੇਮ ਲਾਲ ਆਦਿ ਦੇ ਹਵਾਲੇ ਕੀਤੀ ਜਾਵੇ ਅਤੇ ਆਪਣੇ ਹੁਕਮ ਨੰਬਰ 640, ਮਿਤੀ 12 ਅਪਰੈਲ, 1972 ਰਾਹੀਂ ਪੁਲਿਸ ਦੀ ਮਦਦ ਤਲਬ ਕੀਤੀ ਅਤੇ ਸਾਫ਼ ਲਿਖਿਆ ਕਿ ਨੁਕਸ ਅਮਨ ਦਾ ਖ਼ਤਰਾ ਹੈ ਕਿਉਂਕਿ ਮੁਖਾਲਫ ਪਾਰਟੀ ਨੇ ਪਹਿਲੇ ਮਾਲ ਅਫਸਰਾਂ ਦੀ ਕਾਰਵਾਈ ਵਿੱਚ ਦਖ਼ਲ ਅੰਦਾਜ਼ੀ ਕੀਤੀ ਸੀ । ਇਸ ਲਈ ਸਬ ਇੰਸਪੈਕਟਰ ਸਰਦੂਲ ਸਿੰਘ ਸਟੇਸ਼ਨ ਹਾਊਸ ਅਫਸਰ, ਨਵਾਂ ਸ਼ਹਿਰ ਗਏ. ਏ. ਐਸ. ਆਈ. ਪਿਆਰਾ ਸਿੰਘ, ਇਕ ਹੈਡ ਕੰਨਸਟੇਬਲ, 4 ਕੰਨਸਟੇਬਲ ਸ੍ਰੀ ਭਾਗ ਰਾਮ ਕਾਨੂੰਗੋ ਨਾਲ ਪਿੰਡ

[ਮੁੱਖ ਮੰਤਰੀ]

ਸਲੇਮਪੁਰ ਮਿਤੀ 19 ਅਪਰੈਲ, 1972 ਨੂੰ ਗਏ ਤੇ ਖੜੀ ਫਸਲ ਨੂੰ ਕੁਰਕ ਕਰਕੇ ਜ਼ਮੀਨ ਦਾ ਕਬਜ਼ਾ ਮਿਤੀ 20 ਅਪਰੈਲ, 1972 ਨੂੰ ਸਾਰੀ ਜ਼ਾਮਤਾ ਕਾਰਵਾਈ ਕਰਕੇ ਤਰਸੇਮ ਲਾਲ ਆਦਿ ਨੂੰ ਦਿਵਾ ਦਿੱਤਾ । ਜ਼ਮੀਨ ਦਾ ਕਬਜ਼ਾ ਪੁਰ ਅਮਨ ਤਰੀਕੇ ਨਾਲ ਕਾਨੂੰਨ ਦੇ ਅਨੁਸਾਰ ਦਵਾਇਆ ਗਿਆ । ਕੋਈ ਨਾਜਾਇਜ਼ ਹਰਕਤ ਨਹੀਂ ਹੋਈ । ਕਣਕ ਦੀ ਖੜੀ ਫਸਲ ਸ੍ਰੀ ਭਾਗ ਰਾਮ ਫੀਲਡ ਕਾਨੂੰਗੋ (ਸਰਕਾਰੀ ਰੀਸੀਵਰ ਦੇ ਸਾਹਮਣੇ) ਸ੍ਰੀ ਹੁਕਮਾ ਦੀ ਮੌਜੂਦਗੀ ਵਿੱਚ ਕਟੀ ਗਈ। ਇਸ ਰਾਹੀਂ ਹੋਈ ਕਣਕ ਦੀ ਕੀਮਤ ਐਸ. ਡੀ. ਐਮ. ਨਵਾਂ ਸ਼ਹਿਰ ਦੇ ਹੁਕਮ ਦੇ ਮੁਤਾਬਕ ਸ੍ਰੀ ਤਰਸੇਮ ਲਾਲ ਦੇ ਹੱਕ ਵਿੱਚ ਡਿਗਰੀ ਵਲ ਲਗਾਈ ਜਾਵੇਗੀ। ਪੁਲਿਸ ਵਲੋਂ ਕਿਸੇ ਨਜਾਇਜ਼ ਦਬਾ ਪਾਣ ਦਾਇਲਜ਼ਾਮ ਬਿਲਕੁਲ ਠੀਕ ਨਹੀਂ । ਪੁਲਿਸ ਨੇ ਐਸ.ਡੀ.ਐਮ. ਨਵਾਂ ਸ਼ਹਿਰ ਦੇ ਹੁਕਮ ਅਨੁਸਾਰ ਬਿਲਕੁਲ ਕਾਨੂੰਨੀ ਕਾਰਵਾਈ ਕੀਤੀ ਹੈ । ਪੁਲਿਸ ਨੇ ਕੋਈ ਗੋਲੀ ਨਹੀਂ ਚਲਾਈ ਤੇ ਨਾ ਹੀ ਕੋਈ ਕੁਤਾ ਮਾਰਿਆ । ਹਾਲਾਂ ਕਿ ਸ੍ਰੀ ਹੁਕਮਾ ਨੇ ਚੌਕੀ ਰਾਹੋਂ ਵਿੱਚ ਮਿਤੀ 25 ਅਪਰੈਲ, 1972 ਨੂੰ ਇੰਦਰਾਜ ਨੰਬਰ 6 ਤੇ ਰਪਟ ਦਰਜ ਕਰਾਈ ਕਿ ਸ੍ਰੀ ਤਰਸੇਮ ਲਾਲ ਨੇ ਇਕ ਅਵਾਰਾ ਕੁਤੀ ਜਿਹੜੀ ਜ਼ਮੀਨ ਵਿੱਚ ਫਿਰ ਰਹੀ ਸੀ ਨੂੰ ਮਰਵਾ ਦਿੱਤਾ । ਇਸ ਬਾਬਤ ਕੋਈ ਪੁਲਿਸ ਕਾਰਵਾਈ ਦੀ ਲੋੜ ਨਹੀਂ ਸੀ ਕਿਉਂ ਕਿ ਸ੍ਰੀ ਹੁਕਮਾ ਨੇ ਤਰਸੇਮ ਲਾਲ ਪਾਸੋਂ ਕੋਈ ਖ਼ਤਰਾ ਜ਼ਾਹਿਰ ਨਹੀਂ ਕੀਤਾ ।ਅਗਰ ਕੋਈ ਨੁਕਸ ਅਮਨ ਦਾ ਖਤਰਾ ਹੋਵੇ ਤਾਂ ਪੁਲਿਸ ਬਿਲਕੁਲ ਚੁਕੰਨੀ ਹੈ ।

(SERIAL NO. 352)

Comrade Darshan Singh Canadian : to draw the attention of the Government towards a matter of urgent public importance, namely, that the Police of Thana Malout beat up one Mr. Jagdish Kumar ex-President of Malout Municipal Committee. He was beaten so mercilessly that 20 marks of injuries were revealed in medical examination. There was such widespread resentment against this act of repression that the people of Malout town staged a demonstration in front of the Police station and observed hartal on May, 9. There is wide discontentment among the people even now.

In view of the urgent public importance of the matter, the Government may kindly be asked to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਪੜਤਾਲ ਤੋਂ ਪਾਇਆ ਗਿਆ ਹੈ ਕਿ ਮਿਤੀ 9 ਮਈ, 1972 ਦੀ ਰਾਤ ਨੂੰ ਸ੍ਰੀ ਡੀ. ਆਰ. ਭਟੀ, ਏ.ਐਸ. ਪੀ., (ਜੋ ਟਰੇਨਿੰਗ ਤੇ ਹਨ) ਸਮੇਤ ਏ. ਐਸ. ਆਈ. ਤੇ 15 ਸਿਪਾਹੀ ਥਾਨਾ ਮੁਕਤਸਰ ਅਤੇ ਮਲੋਟ ਦੇ ਇਲਾਕੇ ਵਿੱਚ ਇਕ ਸਰਕਾਰੀ ਗਡੀ ਵਿੱਚ ਪਟਰੋਲਿੰਗ ਅਤੇ ਨਾਕਾਬੰਦੀ ਡਿਊਟੀ ਨਿਭਾ ਰਹੇ ਸਨ । ਤਕਰੀਬਨ 11.45 ਵਜੇ ਰਾਤ ਨੂੰ ਜਦ ਇਹ ਪੁਲਿਸ ਪਾਰਟੀ ਅਬੋਹਰ ਅਤੇ ਬਠਿੰਡਾ ਦੇ ਚੌਕ ਤੇ ਪੁਜੀ ਤਾਂ ਮਲੋਟ ਦੀ ਤਰਫੋਂ ਇਕ ਕਾਰ ਆਈ ਜਿਸ ਵਿੱਚ ਸ੍ਰੀ ਜਗਦੀਸ਼ ਕੁਮਾਰ ਪਰੋਪਰਾਈਟਰ ਜਸਵੰਤ ਸਿਨਮਾ ਮਲੋਟ ਅਤੇ ਉਸ ਦੇ ਦੋ ਹੋਰ ਸਾਥੀ ਸਨ । ਇਹ ਕਾਰ ਜਿਸ ਨੂੰ ਸ੍ਰੀ ਜਗਦੀਸ਼ ਕੁਮਾਰ ਚਲਾ ਰਹੇ ਸਨ, ਨੂੰ ਸ੍ਰੀ ਭਟੀ ਨੇ ਇਹ ਵੇਖਣ ਲਈ, ਕਿ ਉਹ ਕੋਈ ਟਰੈਫਿਕ ਰੂਲ ਦੀ ਉਲੰਘਣਾ ਤਾਂ ਨਹੀਂ ਕਰ ਰਹੇ, ਰੋਕਿਆ । ਜਦ ਕਾਰ ਰੁਕ ਗਈ ਤਾਂ ਏ.ਐਸ.ਪੀ. ਨੇ ਸ੍ਰੀ ਜਗਦੀਸ਼ ਕੁਮਾਰ ਨੂੰ ਕਾਰ ਦੇ ਕਾਗਜ਼ ਵਿਖਾਉਣ ਲਈ ਆਖਿਆ ਏ.ਐਸ. ਪੀ. ਸਾਹਿਬ ਦੇ ਕਹਿਣ ਅਨੁਸਾਰ ਸ੍ਰੀ ਜਗਦੀਸ਼ ਕੁਮਾਰ ਨੇ ਕਾਗਜ਼ ਵਿਖਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਪੁਲਿਸ ਦੇ ਵਿਰੁਧ ਬੁਰਾ ਭਲਾ ਕਿਹਾ ਅਤੇ ਪੁਲਿਸ ਦੇ ਨਾਲ ਜਦੋ ਜ਼ਹਿਦ ਕਰਨ ਤੋਂ ਬਾਦ ਇਹ ਕਾਰ ਚਲਾ ਕੇ ਚਲਾ ਗਿਆ । ਦੂਸਰੀ ਤਰਫ ਸ੍ਰੀ ਜਗਦੀਸ਼ ਕੁਮਾਰ ਨੇ ਇਹ ਜ਼ਾਹਿਰ

ਕੀਤਾ ਕਿ ਉਸ ਨੇ ਪੁਲਿਸ ਨੂੰ ਆਖਿਆ ਸੀ ਕਿ ਕਾਰ ਦੇ ਕਾਗਜ਼ ਉਸ ਦੇ ਘਰ ਰਹਿ ਗਏ ਹਨ ਜਿਸ ਤੇ ਏ. ਐਸ. ਪੀ. ਸਾਹਿਬ ਨਰਾਜ਼ ਹੋ ਗਏ ਅਤੇ ਉਸ ਨੂੰ ਬੁਰਾ ਭਲਾ ਕਿਹਾ ਅਤੇ ਉਨ੍ਹਾਂ ਨੇ ਕਾਰ ਵਿੱਚ ਅਬੋਹਰ ਤਕ ਲੈ ਜਾਣ ਵਾਸਤੇ ਆਖਿਆ । ਇੰਜ ਕਰਨ ਤੋਂ ਸ੍ਰੀ ਜਗਦੀਸ਼ ਕੁਮਾਰ ਨੇ ਮਜਬੂਰੀ ਜ਼ਾਹਿਰ ਕੀਤੀ ਕਿਉਂਕਿ ਉਸ ਨੇ ਉਸ ਦੇ ਸਾਥੀਆਂ ਨੂੰ ਪਿੰਡ ਬੋਦੀਵਾਲਾ ਛੱਡਣਾ ਸੀ । ਸ੍ਰੀ ਜਗਦੀਸ਼ ਕੁਮਾਰ ਦੇ ਕਹਿਣ ਅਨੁਸਾਰ ਇਸ ਤੇ ਏ.ਐਸ.ਪੀ. ਸਾਹਿਬ ਤੇ ਉਨ੍ਹਾਂ ਦੇ ਹੋਰ ਪੁਲਿਸ ਕਰਮਚਾਰੀ ਬਹੁਤ ਨਰਾਜ਼ ਹੋ ਗਏ ਅਤੇ ਉਸ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ ਕੁਟਿਆ । ਜਗਦੀਸ਼ ਕੁਮਾਰ ਆਪਣੀ ਕਾਰ ਵਿੱਚ ਥਾਨਾ ਮਲੋਟ ਗਿਆ । ਪਰੰਤੂ ਉਸ ਨੇ ਫਿਰੋਜ਼ਪੁਰ ਵਿਖੇ ਇਸ ਵਾਕਿਆ ਦੇ ਬਾਰੇ ਟੈਲੀਫੂਨ ਆਦਿ ਰਾਹੀਂ ਕੁਝ ਭੀ ਨਹੀਂ ਕਿਹਾ । ਸ੍ਰੀ ਪੂਰਨ ਚੰਦ ਅਡੀਸ਼ਨਲ ਐਸ.ਪੀ. ਤਕਰੀਬਨ ਸਵੇਰੇ 4 ਵਜੇ ਥਾਨਾ ਪੁਜੇ ਪਰੰਤੂ ਸ੍ਰੀ ਜਗਦੀਸ਼ ਕੁਮਾਰ ਨੇ ਜਿਦ ਕੀਤੀ ਕਿ ਨਾਂ ਤਾਂ ਉਸ ਨੇ ਕੋਈ ਰਪਟ ਦਰਜ ਕਰਾਉਣੀ ਹੈ ਤੇ ਨਾ ਹੀ ਡਾਕਟਰੀ ਮੁਆਇਨਾ ਕਰਵਾਉਣਾ ਹੈ । ਥੋੜੀ ਦੇਰ ਬਾਅਦ ਇਲਾਕੇ ਦੇ ਪਤਵੰਤੇ ਅਤੇ ਐਮ. ਐਲ. ਏ ਮੌਕੇ ਤੇ ਆ ਗਏ ਅਤੇ ਕਾਫੀ ਸਮਝਾਉਣ ਤੋਂ ਬਾਅਦ ਸ੍ਰੀ ਜਗਦੀਸ਼ ਕੁਮਾਰ ਨੇ ਉਪਰੋਕਤ ਬਿਆਨ ਦਿੱਤਾ । ਜਿਸ ਤੇ ਥਾਨੇ ਵਿੱਚ ਮਿਤੀ 9 ਮਈ, 1972 ਨੂੰ ਸਵੇਰੇ 8.55 ਤੇ ਰਪਟ ਲਿਖੀ ਗਈ । ਐਸ. ਐਸ. ਪੀ. ਸਾਹਿਬ ਭੀ ਮੌਕੇ ਤੇ ਪੁਜੇ ਜਿਸ ਕਰਕੇ ਮਾਮਲਾ ਪੂਰੀ ਤਰ੍ਹਾਂ ਨਾਲ ਕਾਬੂ ਪਾਇਆ ਗਿਆ । ਸ੍ਰੀ ਜਗਦੀਸ਼ ਕੁਮਾਰ ਦਾ ਡਾਕਟਰੀ ਮੁਆਇਨਾ ਕਰਾਇਆ ਗਿਆ ਜਿਸ ਤੋਂ ਪਾਇਆ ਗਿਆ ਕਿ ਉਸ ਨੂੰ 20 ਚੋਟਾਂ ਲਗੀਆਂ ਪਾਈਆਂ ਗਈਆਂ ਜਿਨ੍ਹਾਂ ਵਿਚੋਂ 3 ਚੋਟਾਂ ਦੀ ਪ੍ਰੀਖਿਆ ਵਿਚਾਰ ਅਧੀਨ ਹੈ । ਇਹ ਠੀਕ ਹੈ ਕਿ ਹੜਤਾਲ ਕੀਤੀ ਗਈ ਸੀ ਪਰੰਤੂ ਕੁਝ ਸਮੇਂ ਲਈ ਇਸ ਤੇ ਬਾਅਦ ਦੁਕਾਨਾਂ ਖੁਲ ਗਈਆਂ ਸਨ । ਸ੍ਰੀ ਡੀ. ਆਰ. ਭਟੀ, ਏ.ਐਸ ਪੀ. ਨੂੰ ਪੀ. ਏ. ਪੀ. ਵਿੱਚ ਬਦਲ ਦਿੱਤਾ ਗਿਆ ਹੈ ਅਤੇ ਏ. ਐਸ. ਆਈ. ਅਤੇ 15 ਸਿਪਾਹੀਆਂ ਨੂੰ ਮੁਅਤਲ ਕਰ ਦਿੱਤਾ ਗਿਆ ਹੈ ਡੀ. ਆਈ. ਜੀ. ਜਲੰਧਰ ਰੇਂਜ ਮੌਕੇ ਤੇ ਪੁਜ ਕੇ ਪੜਤਾਲ ਕਰ ਰਹੇ ਹਨ । ਹੁਣ ਹਾਲਾਤ ਠੀਕ ਠਾਕ ਹਨ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਇਕ ਪਾਸੇ ਤਾਂ ਸੋਸ਼ਲਿਜ਼ਮ ਦੀਆਂ ਗਲਾਂ ਕਰਦੇ ਹਨ......(ਵਿਘਨ)......ਦੂਜੇ ਪਾਸੇ ਵਾਈਸ ਚਾਂਸਲਰ ਉਥੇ ਡਿਗਰੀ ਲੈਣ ਲਈ ਜਾ ਰਿਹਾ......(ਵਿਘਨ)...... ਉਨ੍ਹਾਂ ਨੇ ਵੀਤਨਾਮ ਵਿੱਚ ਕੀ ਹਾਲ ਕੀਤਾ ਹੋਇਆ ਹੈ......(ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਬਰਾੜ ਸਾਹਿਬ ਨੂੰ ਇਸ ਦੀ ਵਜ੍ਹਾ ਦਸੀ ਹੈ । ਵਿਦਿਆਰਥੀਆਂ ਦੇ ਖਿਲਾਫ਼ ਕਾਰਵਾਈ ਕਰਕੇ ਸਾਰੇ ਦੇਸ਼ ਦੀ ਤੌਹੀਨ ਕੀਤੀ ਹੈ । ਉਹ ਕਾਰਨ ਮੈਨੂੰ ਸਮਝ ਨਹੀਂ ਆਏ । ਤੁਸੀਂ ਦੁਬਾਰਾ ਦਸ ਦਿਉ । ਸਪੀਕਰ ਸਾਹਿਬ, ਤੁਸੀਂ ਇਸੇ ਤਰ੍ਹਾਂ ਹੀ ਮੇਰੀ ਇਕ ਹੋਰ ਕਾਲ ਅਟੈਨਸ਼ਨ ਮੋਸ਼ਨ ਡਿਸਅਲਾਉ ਕੀਤੀ ਹੈ । ਉਸ ਦੀ ਵਜ੍ਹਾ ਇਹ ਦਿਤੀ ਹੈ ਕਿ ਲੈਂਡ ਸੀਲਿੰਗ ਬਿਲ ਆ ਰਿਹਾ ਹੈ, ਉਸ ਦੇ ਉੱਤੇ ਇਸ ਬਾਰੇ ਬਹਿਸ ਹੋ ਸਕਦੀ ਹੈ । ਸਪੀਕਰ ਸਾਹਿਬ, ਉਹ ਬਿਲ ਹੁਣ ਨਹੀਂ ਆ ਰਿਹਾ । ਮੇਰੀ ਬੇਨਤੀ ਹੈ ਕਿ ਉਸ ਨੂੰ ਮੁੜ ਕੇ ਰੀਕੰਸਿਡਰ ਕਰਕੇ ਅਲਾਉ ਕਰ ਦਿਉ ।

ਸ੍ਰੀ ਸਪੀਕਰ : ਤੁਸੀਂ ਇਸ ਤੇ ਪਹਿਲਾਂ ਹੀ ਬਹਿਸ ਕਰ ਲਈ ਹੈ । ਲੈਂਡ ਸੀਲਿੰਗ ਦੇ ਕੁਐਸ਼ਚਨ ਤੇ ਬਹਿਸ ਕਰ ਲਈ ਹੈ । (*Addressing Comrade Satya Pal Dang* : You have already discussed it. You have also discussed the question of ceiling on land.

THE PUNJAB LEGISLATIVE ASSEMBLY SPEAKER'S AND DEPUTY SPEAKER'S SALARIES (AMENDMENT) BILL, 1972

Minister for Education (Sardar Umrao Singh): Sir, I beg to introduce the Punjab Legislative Assembly Speaker's and Deputy Speaker's Salaries (Amendment) Bill, 1972.

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਇਹ ਬਿਲ ਅਜੰਡੇ ਉੱਤੇ ਨਹੀਂ ਹੈ । ਬਿਜ਼ਨਸ ਐਡਵਾਈਜ਼ਰੀ ਕਮੇਟੀ ਦੇ ਵਿਚ ਇਸ ਬਿਲ ਦਾ ਕੋਈ ਜ਼ਿਕਰ ਨਹੀਂ ਹੋਇਆ । ਇਹ ਬਿਲ ਕਿਸ ਤਰਾਂ ਆ ਸਕਦਾ ਹੈ ।

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਇਕ ਆਰਡੀਨਰੀ ਟਾਈਪ ਦਾ ਬਿਲ ਹੈ । ਇਸ ਰਾਹੀਂ ਪੰਜਾਬ ਅਤੇ ਹਰਿਆਣੇ ਵਿੱਚ ਜਿਹੜੀ ਡਿਸਪੈਰਿਟੀ ਹੈ ਉਹ ਦੂਰ ਕਰ ਰਹੇ ਹਾਂ। ਪਹਿਲਾਂ ਸਪੀਕਰ ਅਤੇ ਡਿਪਟੀ ਸਪੀਕਰ ਨੂੰ ਜੋ ਅਮੈਨਟੀਜ਼ ਮਿਲਦੀਆਂ ਸਨ ਉਸ ਲਈ ਇਕ ਐਕਟ ਸੀ । ਜੇ ਸਪੀਕਰ ਜਾਂ ਡਿਪਟੀ ਸਪੀਕਰ ਕਿਸੇ ਕਾਰਨ ਤੋਂ ਆਪਣੀ ਕਾਰ ਨਾ ਰਖ ਸਕਣ ਤਾਂ ਇਨ੍ਹਾਂ ਦੇ ਆਫਿਸ ਦੀ ਆਨਰ ਅਤੇ ਡਿਗਨਟੀ ਨੂੰ ਮੁੱਖ ਰਖਦੇ ਹੋਏ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸਰਕਾਰ ਵਲੋਂ ਉਨ੍ਹਾਂ ਨੂੰ ਕਾਰ ਮਿਲੇ । (ਵਿਘਨ) (ਸ਼ੋਰ)

Minister for Education (Sardar Umrao Singh) : Sir, I beg to move—

That the Punjab Legislative Assembly Speaker's and Deputy Speaker's Salaries (Amendment) Bill, 1972 be taken into consideration at once.

Mr. Speaker : Motion moved—

That the Punjab Legislative Assembly Speaker's and Deputy Speaker's Salaries (Amendment) Bill, 1972 be taken into consideration at once.

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ ਮੈਂ ਇਹ ਗਲ ਕਹਿਣਾ ਚਾਹੁੰਦਾ ਹਾਂ ਕਿ ਇਸ ਬਿਲ ਦੇ ਕੰਟੈਂਟਸ ਭਾਵੇਂ ਕੁਝ ਵੀ ਹੋਣ ਪਰ ਪਾਰਲੀਮੈਂਟਰੀ ਡੈਮੋਕਰੇਸੀ ਅੰਦਰ ਕਿਸੇ ਕਿਸਮ ਦੀ ਕੋਈ ਕਾਰਵਾਈ ਕਰਨ ਲਈ ਕੋਈ ਪ੍ਰੋਸੀਜਰ ਹੈ ਅਤੇ ਤੁਸੀਂ ਉਸ ਪ੍ਰੋਸੀਜਰ ਦੇ ਗਾਰਡਿਅਨ ਹੋ । ਜਿਹੜੇ ਰੂਲ ਇਸ ਹਾਊਸ ਦੇ ਬਣਾਏ ਹੋਏ ਹਨ ਉਨ੍ਹਾਂ ਦੇ ਮੁਤਾਬਿਕ ਕੋਈ ਵੀ ਬਿਲ ਪੰਜ ਦਿਨ ਦੇ ਨੋਟਿਸ ਤੋਂ ਬਿਨਾਂ ਇੰਟਰੋਡਿਊਸ ਨਹੀਂ ਕੀਤਾ ਜਾ ਸਕਦਾ । ਸਪੀਕਰ ਸਾਹਿਬ ਸਾਡੇ ਰਾਈਟਸ ਨਾਲ ਅਤੇ ਇਸ ਹਾਊਸ ਨਾਲ ਇਹ ਇਕ ਅਜੀਬ ਮਜ਼ਾਕ ਹੈ ਕਿ ਇਹ ਬਿਲ ਹਾਲੇ ਤਕ ਸਾਨੂੰ ਮਿਲਿਆ ਨਹੀਂ ਅਤੇ ਤੁਸੀਂ ਮੈਜਾਰਿਟੀ ਦੀ ਆਵਾਜ਼ ਸੁਣ ਕੇ ਇਸ ਨੂੰ ਇੰਟਰੋਡਿਊਸ ਕਰਨ ਦੀ ਆਗਿਆ ਦੇ ਦਿੱਤੀ ਹੈ । ਇਹ ਬਿਲ ਸਾਨੂੰ ਮਿਲਿਆ ਨਹੀਂ, ਰੈਲੇਵੈਂਟ ਰੂਲ ਸਸਪੈਂਡ ਹੋਇਆ ਨਹੀਂ । ਇਹ ਬਿਲ ਪਹਿਲਾਂ ਸਾਨੂੰ ਸਰਕੂਲੇਟ ਹੋਣਾ ਚਾਹੀਦਾ ਸੀ । ਸਪੀਕਰ ਸਾਹਿਬ ਅੱਜ ਤਾਂ ਇਨ੍ਹਾਂ ਦੀ ਮੈਜੋਰਿਟੀ ਹੈ. ਇਨ੍ਹਾਂ ਦੀ ਸਟੇਬਲ ਗੌਰਮਿੰਟ ਹੈ । ਪਰ ਜੇ ਕਿਸੇ ਗੌਰਮੈਂਟ ਦੀ ਕੋਈ ਸਟੇਬਿਲਟੀ ਨਾ ਹੋਵੇ ਉਹ ਵੀ ਇਹੋ ਜਿਹੇ ਸਨੈਪ ਤਰੀਕੇ ਨਾਲ ਬਿਲ ਪਾਸ ਕਰਾਏ ਤਾਂ ਵੀ ਇਹ ਜਸਟੀਫਾਈਡ ਨਹੀਂ ਹੋ ਸਕਦਾ । ਇਸ ਗੌਰਮੈਂਟ ਕੋਲ ਮੈਜਾਰਿਟੀ ਹੈ । ਇਹ ਸਟੇਬਲ ਗੌਰਮੈਂਟ ਹੈ । ਜਦੋਂ ਹਾਊਸ ਪਰੋਰੋਗ ਹੋ ਜਾਵੇ ਤਾਂ ਆਰਡੀਨੈਂਸ ਲਿਆ ਸਕਦੀ ਹੈ । ਕਿਸੇ ਪਰਾਪਰ ਤਰੀਕੇ ਨਾਲ ਇਸ ਨੂੰ ਲਿਆ ਸਕਦੀ ਹੈ ।

ਸਪੀਕਰ ਸਾਹਿਬ, ਜਿਥੋਂ ਤਕ ਇਸ ਬਿਲ ਦੇ ਮੈਰਿਟਸ ਦੀ ਗੱਲ ਹੈ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਤੁਹਾਡੇ ਔਹਦੇ ਦਾ ਬੜਾ ਮਾਣ ਕਰਦਾ ਹਾਂ, ਤੁਹਾਡੀ ਬੜੀ ਇਜ਼ਤ ਕਰਦਾ ਹਾਂ । ਪਰ ਮੈਂ

ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਜੇ ਹਰਿਆਣੇ ਵਿਚ ਸਪੀਕਰ ਜਾਂ ਡਿਪਟੀ ਸਪੀਕਰ ਨੂੰ ਜੋ ਫੈਸਿਲਟੀਜ਼ ਮਿਲਦੀਆਂ ਹਨ, ਸਰਕਾਰ ਚਾਹੁੰਦੀ ਹੈ ਕਿ ਉਹ ਫੈਸਿਲਟੀਜ਼ ਇਥੇ ਵੀ ਹੋਣੀਆਂ ਚਾਹੀਦੀਆਂ ਹਨ ਤਾਂ ਸਪੀਕਰ ਸਾਹਿਬ ਜਿਸ ਗਲ ਲਈ ਕੋਈ ਬਿਲ ਲਿਆਉਣ ਦੀ ਲੋੜ ਨਹੀਂ, ਜੋ ਕੰਮ ਐਡ-ਮਨਿਸਟਰੇਟਿਵ ਆਰਡਰ ਨਾਲ ਹੋ ਸਕਦਾ ਹੈ, ਉਹ ਵੀ ਕਰਨ। ਸਾਡੇ ਅਸੰਬਲੀ ਦੇ ਰਿਪੋਰਟਰ ਇਥੇ ਬੈਠੇ ਹਨ। ਉਨ੍ਹਾਂ ਦਾ ਕੇਸ ਚਲ ਰਿਹਾ ਹੈ। ਦੋ ਸਾਲ ਹੋ ਗਏ ਹਨ ਕੋਈ ਫੈਸਲਾ ਨਹੀਂ ਹੋਇਆ। 20–20 ਮੈਮੋਰੈਂਡਮ ਉਨ੍ਹਾਂ ਨੇ ਦਿਤੇ ਹਨ। ਚੰਗਾ ਹੁੰਦਾ ਜੇ ਇਹ ਸਰਕਾਰ ਉਨ੍ਹਾਂ ਦਾ ਕੰਮ ਵੀ ਕਰ ਦਿੰਦੀ। ਸਪੀਕਰ ਸਾਹਿਬ, ਮੈਂ 20 ਕੈਟੇਗਰੀਜ਼ ਹੋਰ ਗਿਣਾ ਦਿੰਦਾ ਹਾਂ ਜਿਨ੍ਹਾਂ ਮੁਲਾਜ਼ਮਾਂ ਦੀ ਤਨਖ਼ਾਹ ਹਰਿਆਣੇ ਵਿੱਚ ਪੰਜਾਬ ਨਾਲੋਂ ਜ਼ਿਆਦਾ ਹੈ। ਫ਼ਾਈਨੈਂਸ ਮਨਿਸਟਰ ਸਾਹਿਬ ਨੇ ਤੇ ਇਸ ਨਵੀਂ ਸਰਕਾਰ ਨੇ ਇਹ ਮੁਨਾਸਬ ਨਹੀਂ ਸਮਝਿਆ ਕਿ ਜਿਨ੍ਹਾਂ ਮੁਲਾਜ਼ਮਾਂ ਦੇ ਸਕੇਲ ਹਰਿਆਣੇ ਨਾਲੋਂ ਘੱਟ ਹਨ, ਘੱਟੋ ਘਟ ਹਰਿਆਣੇ ਦੇ ਬਰਾਬਰ ਤਾਂ ਕਰ ਦੇਣ। ਸਪੀਕਰ ਸਾਹਿਬ, ਇਹ ਬਿਲ ਪੜ੍ਹਨ ਤੋਂ ਬਾਅਦ, ਸਟੱਡੀ ਕਰਨ ਤੋਂ ਬਾਅਦ ਸ਼ਾਇਦ ਮੈਂ ਇਸ ਦੇ ਹੱਕ ਵਿਚ ਹੋ ਜਾਵਾਂ।

ਸਪੀਕਰ ਸਾਹਿਬ, ਇਸ ਹਾਊਸ ਦਾ ਮੈਂਬਰ ਹੁੰਦੇ ਹੋਏ ਮੈਂ ਇਹ ਆਪਣਾ ਫ਼ਰਜ਼ ਸਮਝਦਾ ਹਾਂ ਕਿ ਸਰਕਾਰ ਨੂੰ ਬੇਨਤੀ ਕਰਾਂ ਕਿ ਇਸ ਤਰੀਕੇ ਨਾਲ ਆਪਣੀ ਅਕਸਰੀਅਤ ਨੂੰ ਵਰਤ ਕੇ ਅਤੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੂੰ ਆਪਣੇ ਕੰਨਫੀਡੈਂਸ ਵਿਚ ਨਾਂ ਲੈ ਕੇ ਬਿਲ ਪੇਸ਼ ਕਰਨ ਦੇ ਯਤਨ ਨਾ ਕਰਨ। ਅਗਰ ਇਹ ਬਿਲ ਲਿਔਉਣਾ ਜ਼ਰੂਰੀ ਸੀ ਤਾਂ ਕਮ-ਅਜ਼-ਕਮ ਲੀਡਰ ਆਫ਼ ਦੀ ਆਪੋਜ਼ੀਸ਼ਨ ਅਤੇ ਸੀ.ਪੀ.ਆਈ. ਦੇ ਲੀਡਰ ਨੂੰ ਕੰਸਲਟ ਕਰਦੇ ਕਿ ਅਸੀਂ ਇਹ ਬਿਲ ਲਿਆਉਣਾ ਚਾਹੁੰਦੇ ਹਾਂ ਭਾਵੇਂ ਇਹ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੇ ਅਜੰਡੇ ਤੋਂ ਬਾਹਰ ਹੈ, ਤਾਂ ਇਹ ਠੀਕ ਹੁੰਦਾ। ਪਰ ਇਹ ਜਿਹੜਾ ਤਰੀਕਾ ਅਪਣਾਇਆ ਹੈ ਇਸ ਨਾਲ ਨਾ ਮੈਂ ਸਹਿਮਤ ਹਾਂ ਅਤੇ ਨਾ ਹੀ ਮੇਰੀ ਪਾਰਟੀ ਹੋ ਸਕਦੀ ਹੈ।

ਸ਼੍ਰੀ ਸਪੀਕਰ : ਇਹ ਬਿਲ ਪ੍ਰੀਜ਼ਾਈਡਿੰਗ ਆਫੀਸਰਜ਼ ਦੇ ਮੁਤੱਲਕ ਹੈ। ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪ੍ਰੈਜ਼ੈਂਟ ਰੂਲਜ਼ ਦੇ ਮੁਤਾਬਿਕ ਸਪੀਕਰ ਨੂੰ 300 ਰੁਪਿਆ ਮਹੀਨਾ ਅਲਾਊਂਸ ਮਿਲਦਾ ਹੈ। ਜੇ ਸਪੀਕਰ ਕਾਰ ਆਪਣੀ ਰਖ ਤਾਂ 300 ਰੁਪਏ ਨਾਲ ਤਾਂ ਡਰਾਈਵਰ ਵੀ ਨਹੀਂ ਮਿਲਦਾ। ਡਿਪਟੀ ਸਪੀਕਰ ਨੂੰ ਸਿਰਫ਼ 200 ਰੁਪਏ ਮਹੀਨਾ ਅਲਾਊਂਸ ਮਿਲਦਾ ਹੈ। ਡਰਾਈਵਰ ਵਗੈਰਾ ਦਾ ਜ਼ਿਕਰ ਇਸ ਵਿੱਚ ਨਹੀਂ ਹੈ। ਸਰਕਾਰ ਨੇ ਕਾਰ ਦਾ ਪ੍ਰੋਵੀਜ਼ਨ ਦੇਣ ਦੀ ਪ੍ਰਪੋਜ਼ਲ ਕੀਤੀ ਹੈ। ਹੋਰ ਕੋਈ ਫ਼ੈਸਿਲਟੀ ਨਹੀਂ ਦਿੱਤੀ। ਅਗਰ ਸਾਰਾ ਹਾਊਸ ਇਸ ਨਾਲ ਐਗਰੀ ਕਰਦਾ ਹੈ ਅਤੇ ਸਿਰਫ਼ ਡਾਂਗ ਸਾਹਿਬ ਨੂੰ ਇਤਰਾਜ਼ ਹੋਵੇ ਤਾਂ ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਬਿਲ ਵਿਦਡਰਾ ਕਰ ਲੈਣ। (This Bill relates to the Presiding Officers. I may mention that according to the present rules, the Speaker gets Rs. 300/- per month as conveyance allowance. If the Speaker maintains his own car, he cannot even engage the services of a Driver for Rs. 300. The Deputy Speaker gets a conveyance allowance of Rs. 200 per mensem. There is no provision for the facility of a driver in this Bill. Government has proposed to make a provision for cars only. There is no provision for any other facility. Even if Com. Dang's is the lone voice against this Bill while the rest of the House agrees to it, even then I would request the Minister to withdraw it.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਨੇ ਸਿਰਫ ਇਤਨਾ ਕੁਝ ਹੀ ਕਹਿਣਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜਦੋਂ ਉਹ ਇਸ ਨੂੰ ਪੜ੍ਹ ਲੈਣਗੇ ਫਿਰ ਸ਼ਾਇਦ ਐਗਰੀ ਕਰ ਜਾਣ । ਹੁਣ ਇਨ੍ਹਾਂ ਨੇ ਸਾਰੀ ਗਲ ਸੁਣ ਲਈ ਹੈ । ਮੈਨੂੰ ਯਕੀਨ ਹੈ ਕਿ ਉਹ ਹੁਣ ਐਗਰੀ ਕਰ ਜਾਣਗੇ ।

ਸ਼੍ਰੀ ਸਪੀਕਰ : ਮੈਂ ਬੇਨਤੀ ਕਰਦਾ ਹਾਂ ਕਿ ਜੇ ਇਸਨੂੰ ਸਾਰਿਆਂ ਨੇ ਪ੍ਰਵਾਨਗੀ ਦੇਣੀ ਹੈ ਤਾਂ ਹੀ ਇਸਨੂੰ ਮੂਵ ਕੀਤਾ ਜਾਵੇ। (I suggest that this Bill may be moved only if it is likely to be approved unanimously,)

Comrade Satya Pal Dang : Let the Chief Minister give assurance that this type of flagrant violation of Rules and Procedure will not be repeated in future.

ਮੁੱਖ ਮੰਤਰੀ : ਸਪੀਕਰ ਸਾਹਿਬ ਬਹੁਤ ਚੰਗੀ ਗੱਲ ਹੈ ਕਿ ਡਾਂਗ ਸਾਹਿਬ ਨੇ ਆਪਣੀ ਗਲ ਕਰ ਲਈ ਹੈ। ਡਾਂਗ ਸਾਹਿਬ ਨੂੰ ਪਤਾ ਹੈ ਕਿ ਜੇ ਮੈਜੋਰਟੀ ਨੇ ਇਹ ਬਿਲ ਐਡਮਿਟ ਕਰ ਲਿਆ ਹੈ ਤਾਂ ਇਹ ਪਾਸ ਵੀ ਹੋ ਜਾਣਾ ਹੈ । ਫਿਰ ਉਨ੍ਹਾਂ ਨੂੰ ਇਸ ਤਰ੍ਹਾਂ ਦੁਬਾਰਾ ਨਵੀਂ ਸ਼ਰਤ ਨਹੀਂ ਸੀ ਲਾਉਣੀ ਚਾਹੀਦੀ । ਨਵੀਂ ਸ਼ਰਤ ਤਾਂ ਲਾਉਂਦੇ ਜੇ ਅਸੀਂ ਰਲ ਕੇ ਨਾ ਚਲਦੇ ਹੋਈਏ । ਸੀ.ਪੀ.ਆਈ. ਦੇ ਨੇਤਾ ਜੀ ਤੇ ਅਸੀਂ ਹਰ ਗਲ ਸਲਾਹ ਨਾਲ ਕਰਦੇ ਹਾਂ। ਜਿਹੜੀ ਗਲ ਕਰਨ ਦੀ ਲੋੜ ਨਹੀਂ ਉਹ ਵੀ ਕਰਦੇ ਹਾਂ। ਮੈਨੂੰ ਆਸ ਹੈ ਜਿੰਨੀ ਗਲ ਡਾਂਗ ਸਾਹਿਬ ਨੇ ਕੀਤੀ ਹੈ ਉਹ ਇਸ ਬਿਲ ਉਤੇ ਨਹੀਂ ਕਰਨਗੇ । ਮੈਂ ਬੇਨਤੀ ਕਰਦਾ ਹਾਂ ਕਿ ਹੁਣ ਇਸ ਦੀ ਦੁਬਾਰਾ ਕੰਸਿਡਰੇਸ਼ਨ ਕਰ ਲਉ।

ਸ਼੍ਰੀ ਸਪੀਕਰ : ਜੇ ਤੁਸੀਂ ਸਾਰੇ ਯੁਨਾਨੀਮਸਲੀ ਇਸ ਨੂੰ ਐਪਰੂਵ ਕਰਦੇ ਹੋ ਅਤੇ ਇਸ ਤੇ ਕੋਈ ਚਰਚਾ ਨਹੀਂ ਕਰਨੀ ਤਾਂ ਤੇ ਠੀਕ ਹੈ, ਨਹੀਂ ਤਾਂ ਮੈਂ ਇਸ ਆਗਸਟ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਵਿਦਡਰਾ ਕਰ ਲਏ । (If the House approves it unanimously and would not raise a discussion on it, then it may be moved otherwise I would request that it may be withdrawn,)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਪੀ.ਆਈ. ਦੇ ਨੇਤਾ ਨੂੰ ਤੇ ਸਾਰੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਇਹ ਇਕ ਚੰਗਾ ਬਿਲ ਹੈ । ਇਸ ਨੂੰ ਮੰਨ ਲੈਣ ਤਾਂ ਚੰਗੀ ਗਲ ਹੈ ! ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਰਕਾਰ ਡਾਂਗ ਸਾਹਿਬ ਵਾਸਤੇ ਵੀ ਜ਼ਰੂਰ ਸੋਚੇ ਕਿਉਂਕਿ ਉਹ ਸੀ. ਪੀ. ਆਈ. ਦੇ ਨੇਤਾ ਹਨ ।

ਸਿਖਿਆ ਮੰਤਰੀ: ਅਸੀਂ ਲੀਡਰ ਆਫ ਦੀ ਆਪੋਜ਼ੀਸ਼ਨ ਵਾਸਤੇ ਜ਼ਰੂਰ ਸੋਚ ਰਹੇ ਹਾਂ ।

Mr. Speaker—Question is.

That the Punjab Legislative Assembly Speaker's and Deputy Speaker's Salaries (Amendment) Bill, 1972 be taken into consideration at once.

The Motion was carried.

Mr. Speaker : Now the House will proceed to consider the Bill Clause by Clause.

CLAUSE 2

Mr. Speaker : Question is—

That Cla use 2 stand part of the Bill.

The motion was carried.

CLAUSE 3

Mr. Speaker : Question is—

That Clause 3 stand part of the Bill.

The Motion was carried.

CLAUSE 4

Mr. Speaker : Question is—

That Clause 1 stand part of the Bill.

The Motion was carried.

TITLE

Mr. Speaker : Question is—

That Title be the title of the Bill.

The motion was carried.

Minister for Education (Sardar Umrao Singh) : Sir, I beg to move—

That the Punjab Legislative Assembly Speaker's and Deputy Speaker's Salaries (Amendment) Bill, 1972 be passed.

Mr. Speaker : Motion moved—

That the Punjab Legislative Assembly Speaker's and Deputy Speaker's Salaries (Amendment) Bill, 1972, be passed.

ਸਰਦਾਰ ਅਜਾਇਬ ਸਿੰਘ ਸੰਧੂ (ਮੁਰਿੰਡਾ ਐਸ. ਸੀ.) : ਸਪੀਕਰ ਸਾਹਿਬ, ਇਸ ਸਰਕਾਰ ਨੇ ਬੜੀ ਚੰਗੀ ਗਲ ਕੀਤੀ ਕਿ ਇਹ ਬਿਲ ਲਿਆਂਦਾ ਹੈ । ਸਾਨੂੰ ਇਸ ਬਾਰੇ ਬਿਲਕੁਲ ਕੋਈ ਇਤਰਾਜ਼ ਨਹੀਂ ਹੈ । ਪਰ ਮੈਂ ਸਮਝਦਾ ਹਾਂ ਕਿ ਇਹ ਗਲ ਤਾਂ ਬਹੁਤ ਚਿਰ ਪਹਿਲਾਂ ਹੋ ਜਾਣੀ ਚਾਹੀਦੀ ਸੀ ਕਿਉਂਕਿ ਜਿਤਨੀਆਂ ਸਹੂਲਤਾਂ ਆਨਰੇਬਲ ਮਨਿਸਟਰਜ਼ ਨੂੰ ਹਨ ਉਸ ਤੋਂ ਵੀ ਵੱਧ ਇਸ ਸਦਨ ਦੇ ਆਨਰੇਬਲ ਸਪੀਕਰ ਨੂੰ ਹੋਣੀਆਂ ਚਾਹੀਦੀਆਂ ਹਨ । ਔਰ ਇਸ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ ਨੂੰ ਵੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ । (ਥੰਪਿੰਗ) ਲੇਕਿਨ ਸਪੀਕਰ ਸਾਹਿਬ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸਰਕਾਰ ਨੇ ਇਸ ਬਿਲ ਦੀ ਜਿਹੜੀ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਹੈ ਉਸ ਵਿੱਚ ਇਹ ਲਿਖਿਆ ਹੈ ਕਿ ਕਿਉਂਕਿ ਹਰਿਆਣੇ ਨੇ ਇਹ ਚੀਜ਼ ਕੀਤੀ ਹੈ ਇਸ ਲਈ ਅਸੀਂ ਕਰਦੇ ਹਾਂ। ਮੈਨੂੰ ਇਸ ਬਾਰੇ ਹੈਰਾਨੀ ਹੁੰਦੀ ਹੈ ਸਪੀਕਰ ਸਾਹਿਬ ਕਿ ਉਹ ਸਟੇਟ ਇਸ ਸਟੇਟ ਵਿੱਚੋਂ ਜੰਮੀ ਹੋਈ ਹੈ ਔਰ ਫਿਰ ਇਹ ਕਹਿਣਾ ਕਿ ਕਿਉਂਕ

[ਸਰਦਾਰ ਅਜਾਇਬ ਸਿੰਘ ਸੰਧੂ]

ਇਹ ਹਰਿਆਣਾ ਸਟੇਟ ਨੇ ਕੀਤਾ ਹੈ ਇਸ ਲਈ ਅਸੀਂ ਕਰਦੇ ਹਾਂ ਇਹ ਚੀਜ਼ ਸ਼ੋਭਾ ਨਹੀਂ ਦਿੰਦੀ। ਸਰਕਾਰ ਨੂੰ ਇਹ ਨਹੀਂ ਸੀ ਕਹਿਣਾ ਚਾਹੀਦਾ। ਇਸ ਤੋਂ ਤਾਂ ਸਪੀਕਰ ਸਾਹਿਬ ਇਹ ਜ਼ਾਹਰ ਹੁੰਦਾ ਹੈ ਕਿ ਇਹ ਸਰਕਾਰ ਤਾਂ ਇਨਐਫੀਸ਼ੈਂਟ ਹੈ ਔਰ ਉਹ ਸਰਕਾਰ ਐਫੀਸ਼ੈਂਟ ਹੈ।

ਇਸ ਤਰ੍ਹਾਂ ਹੀ ਸਪੀਕਰ ਸਾਹਿਬ ਜੇਕਰ ਇਸ ਸਰਕਾਰ ਨੇ ਹਰਿਆਣਾ ਸਰਕਾਰ ਨੂੰ ਹੀ ਫ਼ਾਲੋ ਕਰਨਾ ਹੈ ਤਾਂ ਪੂਰੀ ਤਰ੍ਹਾਂ ਕਰਨ। ਹਰਿਆਣੇ ਵਿੱਚ ਰਿਪੋਟਰਜ਼ ਦੇ ਗਰੇਡ ਵੱਧ ਹਨ ਅਤੇ ਇਧਰ ਘੱਟ ਹਨ। ਇਸ ਤਰ੍ਹਾਂ ਹੀ ਮੈਂ ਅਰਜ਼ ਕਰਦਾ ਹਾਂ ਕਿ ਉਥੇ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਬਕਾਇਦਾ ਤਨਖ਼ਾਹ ਮਿਲਦੀ ਹੈ, ਕੋਠੀ ਮਿਲਦੀ ਹੈ, ਅਤੇ ਹੋਰ ਵੀ ਕਈ ਸਹੂਲਤਾਂ ਮਿਲਦੀਆਂ ਹਨ ਜਿਹੜੀਆਂ ਕਿ ਇਥੇ ਨਹੀਂ ਹਨ। (ਵਿਘਨ)

Mr. Speaker : Order please.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤਾਂ ਇਹ ਬੇਨਤੀ ਕਰ ਰਿਹਾ ਹਾਂ ਕਿ ਸਾਨੂੰ ਇਹ ਬਿਲਕੁਲ ਨਹੀਂ ਕਰਨਾ ਚਾਹੀਦਾ ਕਿ ਇਹ ਚੀਜ਼ ਕਿਉਂਕਿ ਹਰਿਆਣੇ ਨੇ ਕੀਤੀ ਹੈ ਇਸ ਲਈ ਅਸੀਂ ਕਰ ਰਹੇ ਹਾਂ। ਸਾਨੂੰ ਹਰਿਆਣੇ ਨੂੰ ਫ਼ਾਲੋ ਨਹੀਂ ਕਰਨਾ ਚਾਹੀਦਾ। ਅਤੇ ਜੇਕਰ ਕਰਨਾ ਹੀ ਹੈ ਤਾਂ ਫਿਰ ਡਿਸਕਰੀਮੀਨੇਸ਼ਨ ਨਹੀਂ ਹੋਣੀ ਚਾਹੀਦੀ। ਹਰਿਆਣੇ ਦੇ ਇਹ ਚੀਜ਼ ਕਰਨ ਤੋਂ ਪਹਿਲਾਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਗੁਰਨਾਮ ਸਿੰਘ ਜੀ ਨੇ ਕਈ ਵਾਰ ਇਹ ਗੱਲ ਕਹੀ ਸੀ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਪੂਰੀਆਂ ਲੋੜੀਂਦੀਆ ਸਹੂਲਤਾਂ ਦਿਆਂਗੇ। ਉਸ ਨੂੰ ਸੈਲਰੀ ਅਤੇ ਕੋਠੀ ਸਰਕਾਰ ਮੁਹੱਈਆ ਕਰੇਗੀ। ਉਸ ਵੇਲੇ ਸਪੀਕਰ ਸਾਹਿਬ ਇਹ ਕਾਂਗਰਸ ਵਾਲੇ ਇਨ੍ਹਾਂ ਬੈਂਚਾਂ ਤੇ ਬੈਠੇ ਸਨ ਔਰ ਲੀਡਰ ਆਫ ਦੀ ਆਪੋਜ਼ੀਸ਼ਨ ਕਾਂਗਰਸੀ ਭਰਾ ਹੁੰਦਾ ਸੀ। ਮੇਰੀ ਬੇਨਤੀ ਹੈ ਕਿ ਸਰਦਾਰ ਗੁਰਨਾਮ ਸਿੰਘ ਜੀ ਤਾਂ ਇਸ ਚੀਜ਼ ਨੂੰ ਨਹੀਂ ਕਰ ਸਕੇ ਪਰ ਇਸ ਸਰਕਾਰ ਨੂੰ ਤਾਂ ਕਰ ਦੇਣਾ ਚਾਹੀਦਾ ਹੈ। (ਵਿਘਨ)

ਸਪੀਕਰ ਸਾਹਿਬ, ਜਿਸ ਤਰ੍ਹਾਂ ਕਿ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਇਹ ਰਿਪੋਟਰਜ਼ ਸਾਥੀ ਜਿਹੜੇ ਕਿ ਜਿਤਨਾ ਚਿਰ ਅਸੀਂ ਬੈਠਦੇ ਹਾਂ ਇਨ੍ਹਾਂ ਨੂੰ ਕੰਮ ਕਰਨਾ ਪੈਂਦਾ ਹੈ, ਇਨ੍ਹਾਂ ਦੇ ਗਰੇਡ ਵਧਾਉਣੇ ਚਾਹੀਦੇ ਹਨ। ਸਪੀਕਰ ਸਾਹਿਬ ਸਾਡੇ ਲੀਡਰ ਆਫ ਦੀ ਆਪੋਜ਼ੀਸ਼ਨ ਇਸ ਚੀਜ਼ ਨੂੰ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਕਿ ਇਹ ਸਰਕਾਰ ਜਿਹੜੇ ਵੀ ਚੰਗੇ ਕੰਮ ਕਰੇਗੀ, ਅਸੀਂ ਉਨ੍ਹਾਂ ਦੀ ਸਪੋਰਟ ਕਰਾਂਗੇ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਬਿਲ ਬਹੁਤ ਚੰਗਾ ਹੈ ਅਤੇ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਪਰ ਨਾਲ ਹੀ ਮੈਂ ਗਿਆਨੀ ਜੀ ਨੂੰ ਇਹ ਬੇਨਤੀ ਜ਼ਰੂਰ ਕਰਾਂਗਾ ਕਿ ਉਹ ਇਕੋ ਜਿਹਾ ਵਤੀਰਾ ਰਖਣ। ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਬਿਲ ਇਸ ਲਈ ਲਿਆਂਦਾ ਹੈ ਕਿਉਂਕਿ ਇਹ ਚੀਜ਼ ਹਰਿਆਣੇ ਵਿੱਚ ਹੋਈ ਹੈ ਤਾਂ ਫਿਰ ਡਿਸਕਰੀਮੀਨੇਸ਼ਨ ਨਾ ਕਰਨ। ਜਿਹੜਾ ਇਕ ਵਿਅਕਤੀ ਵਾਸਤੇ ਐਟੀਚਿਊਡ ਹੋਵੇ ਦੂਜਿਆਂ ਵਾਸਤੇ ਵੀ ਉਹ ਹੀ ਐਟੀਚਿਊਡ ਹੋਣਾ ਚਾਹੀਦਾ ਹੈ। ਇਨ੍ਹਾਂ ਨੂੰ ਵਾਇਦਾ ਕਰਨਾ ਚਾਹੀਦਾ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਸਰਕਾਰ ਹਰਿਆਣੇ ਵਾਂਗ ਹੀ ਪੂਰੀਆਂ ਸਹੂਲਤਾਂ ਦੇਵੇਗੀ। ਸਪੀਕਰ ਸਾਹਿਬ ਇਹ ਹੁਣ ਸੈਸ਼ਨ ਛੱਡ ਕੇ ਭਜਣਾ ਚਾਹੁੰਦੇ ਹਨ। (ਵਿਘਨ)

Mr. Speaker : Please wind up.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੁੱਖ ਮੰਤਰੀ ਸਾਹਿਬ ਇਸ ਗੱਲ ਦਾ ਵਾਇਦਾ ਕਰਨ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਪੂਰੀਆਂ ਸਹੂਲਤਾਂ ਸਰਕਾਰ ਵਲੋਂ ਦਿੱਤੀਆਂ ਜਾਣਗੀਆਂ । ਨਹੀਂ ਤਾਂ ਅਸੀਂ ਸਮਝਾਂਗੇ ਕਿ ਇਹ ਜਿਹੜੀਆਂ ਗੱਲਾਂ ਕਰਦੇ ਹਨ ਉਹ ਆਪਣੇ ਵਾਸਤੇ ਹੀ ਕਰਦੇ ਹਨ, ਲੋਕਾਂ ਵਾਸਤੇ ਨਹੀਂ ਕਰਦੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਬੜੀ ਹੀ ਸੁੰਦਰ ਗੱਲ ਕਹੀ ਹੈ । ਇਨ੍ਹਾਂ ਨੇ ਕਿਹਾ ਹੈ ਕਿ ਇਸ ਬਿਲ ਵਿੱਚ ਹਰਿਆਣੇ ਦਾ ਜ਼ਿਕਰ ਨਹੀਂ ਸੀ ਹੋਣਾ ਚਾਹੀਦਾ । ਮੈਂ ਵੀ ਇਹ ਗੱਲ ਮਹਿਸੂਸ ਕਰਦਾ ਹਾਂ । ਪਰ ਇਨ੍ਹਾਂ ਨੇ ਇਤਨੀ ਲੰਬੀ ਚੌੜੀ ਤਕਰੀਰ ਇਸ ਗਲ ਤੇ ਹੀ ਝਾੜ ਦਿਤੀ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਸਹੂਲਤਾਂ ਦਿਤੀਆਂ ਜਾਣ । ਏਸੇ ਲਈ ਇਨ੍ਹਾਂ ਨੇ ਡਾਂਗ ਸਾਹਿਬ ਲਈ ਸਹੂਲਤਾਂ ਮੰਗੀਆਂ ਹਨ । ਸਪੀਕਰ ਸਾਹਿਬ ਇਨ੍ਹਾਂ ਦੀ ਤਾਂ ਉਹ ਗਲ ਹੈ "ਇਕ ਦੇ ਗਾਲੀ ਇਕ ਦੇ ਮੇਹਣੇ, ਇਹ ਨਣਾਨ ਭਾਬੀ ਦੋਵੇਂ ਸਕੀਆਂ ।' ਲੇਕਿਨ ਜਿਹੜੀ ਗਲ ਇਨ੍ਹਾਂ ਨੇ ਅਖੀਰ ਵਿਚ ਕਹੀ ਹੈ ਉਸ ਤੋਂ ਮੈਨੂੰ ਮਾਲੂਮ ਹੁੰਦਾ ਹੈ ਕਿ ਸਰਦਾਰ ਅਜਾਇਬ ਸਿੰਘ ਜੀ ਕਿਸੇ ਖਾਸ ਭੁਲੇ ਵਿਚ ਹਨ । ਉਨ੍ਹਾਂ ਦਾ ਇਹ ਖ਼ਿਆਲ ਕਿ ਪਹਿਲੇ ਜੋ ਮੁੱਖ ਮੰਤਰੀ ਸੀ ਉਸ ਨੇ ਇਲਾਨ ਕੀਤਾ ਸੀ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਵਾਸਤੇ ਸਰਕਾਰ ਕੁਝ ਦੇਵੇਗੀ । ਇਨ੍ਹਾਂ ਨੇ ਕਿਹਾ ਹੈ ਕਿ ਉਹ ਸਰਕਾਰ ਤਾਂ ਚਲੀ ਗਈ ਪਰ ਉਸ ਦੇ ਐਲਾਨ ਤੇ ਅਮਲ ਨਹੀਂ ਹੋਇਆ । ਖ਼ੈਰ ਮੈਂ ਇਸ ਪਾਸੇ ਜ਼ਿਆਦਾ ਨਾ ਜਾਂਦਾ ਹੋਇਆ ਇਨ੍ਹਾਂ ਨੂੰ ਇਹੋ ਹੀ ਕਹਾਂਗਾ ਕਿ ਮੈਂ ਇਸ ਬਾਰੇ ਵਿਚਾਰ ਕਰ ਲਵਾਂਗਾ ।

(**ਸਰਦਾਰ ਅਜਾਇਬ ਸਿਘ ਸੰਧੂ** ਵਲੋਂ ਵਿਘਨ)

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਸੰਧੂ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਸਾਨੂੰ ਹਰਿਆਣਾ ਅਤੇ ਅਕਾਲੀ ਸਰਕਾਰ ਦੀ ਤਰ੍ਹਾਂ ਰਾਜ ਕਰਨਾ ਸਿਖਾਉਣਾ ਚਾਹੁੰਦੇ ਹਨ । ਪਰ ਅਸੀਂ ਨਹੀਂ ਚਾਹੁੰਦੇ ਕਿ ਅਸੀਂ ਤਿੰਨ ਦਿਨ ਬਜਟ ਸੈਸ਼ਨ ਕਰਕੇ ਉਠਾ ਦੇਈਏ । ਇਹ ਮੈਨੂੰ ਦਸਣ ਕਿ ਪਿਛਲੇ ਅੱਠ ਸਾਲ ਤੋਂ ਕੋਈ ਇਤਨਾ ਲੰਬਾ ਬਜਟ ਸੈਸ਼ਨ ਹੋਇਆ ਹੋਵੇ ਜਿਤਨਾ ਕਿ ਅਸੀਂ ਰਖਿਆ ਹੈ । (ਥੰਪਿੰਗ)

ਸਪੀਕਰ ਸਾਹਿਬ ਮੇਰਾ ਦਰਿੜ੍ਹ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਹੀ ਜਮਹੂਰੀਅਤ ਵਿਚ ਜੰਤਾ ਦੇ ਪ੍ਰਤੀਨਿਧਾਂ ਨੂੰ ਇਥੇ ਆਪਣੇ ਵਿਚਾਰ ਰਖਣ ਲਈ ਖੁਲ੍ਹਾ ਸਮਾਂ ਮਿਲਣਾ ਚਾਹੀਦਾ ਹੈ ।(ਥੰਪਿੰਗ)ਪਰ, ਸਪੀਕਰ ਸਾਹਿਬ ਮੈਂ ਆਪਣੇ ਅਕਾਲੀ ਵੀਰਾਂ ਨੂੰ ਦਸ ਦੇਵਾਂ ਕਿ ਸਾਨੂੰ ਪਤਾ ਹੈ ਕਿ ਕੀ ਕਰਨਾ ਚਾਹੀਦਾ ਹੈ ਅਤੇ ਕਦੋਂ ਕਰਨਾ ਚਾਹੀਦਾ ਹੈ । ਜਦੋਂ ਠੀਕ ਮੌਕਾ ਆਇਆ ਜ਼ਰੂਰ ਕਰਾਂਗੇ । (ਥੰਪਿੰਗ)

Mr. Speaker : Question is—

That the Punjab Legislative Assembly Speaker's and Deputy Speaker's Salaries (Amendment) Bill, 1972, be passed.

The motion was carried.

THE PUNJAB HOUSING DEVELOPMENT BOARD BILL, 1972

Minister for Development and Agriculture (Captain Rattan Singh) : I beg to move—

That the Punjab Housing Development Board Bill, 1972, be taken into consideration at once.

Mr. Speaker : Motion moved—

That the Punjab Housing Development Board Bill, 1972, be taken into consideration at once.

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਇਹ ਹਾਊਸਿੰਗ ਬੋਰਡ ਦਾ ਬਿਲ ਪੇਸ਼ ਕੀਤਾ ਹੈ ਇਹ ਅੰਗਰੇਜ਼ੀ ਵਿਚ ਛਪਿਆ ਹੋਇਆ ਹੈ ਪੰਜਾਬੀ ਵਿਚ ਨਹੀਂ ਹੈ । ਕੀ ਇਸ ਤਰ੍ਹਾਂ ਪੰਜਾਬੀ ਜ਼ਬਾਨ ਨਾਲ ਧਕਾ ਨਹੀਂ ਹੋ ਰਿਹਾ ? ਪੰਜਾਬੀ ਨੂੰ ਅੱਤੋਂ ਤ੍ਰੋਹਣੇ ਕੀਤਾ ਜਾ ਰਿਹਾ ਹੈ । ਇਸ ਬਿਲ ਨੂੰ ਅੰਗਰੇਜ਼ੀ ਵਿੱਚ ਪੇਸ਼ ਕਰਨ ਦੇ ਕਾਰਨ ਵੀ ਨਹੀਂ ਦਸੇ ਗਏ । ਇਹ ਸਰਕਾਰ ਪੰਜਾਬੀ ਨਾਲ ਸਰਾਸਰ ਧੱਕਾ ਕਰ ਰਹੀ ਹੈ......(ਵਿਘਨ)

ਸ਼੍ਰੀ ਸਪੀਕਰ : Please resume your seat now. ਤੁਸੀਂ ਚੈਕਅਪ ਕਰ ਲਉ ਇਸ ਬਿਲ ਦੀਆਂ ਪੰਜਾਬੀ ਵਿਚ ਵੀ ਕਾਪੀਆਂ ਤੁਹਾਨੂੰ ਪੁੱਜ ਗਈਆਂ ਹੋਣਗੀਆਂ ।(Please resume your seat. Please check up; you might have received the Punjabi version of this Bill)

(ਇਸ ਸਮੇਂ ਸਰਦਾਰ ਕੁੰਦਨ ਸਿੰਘ ਪਤੰਗ ਖੜੇ ਹੋ ਕੇ ਕਹਿ ਰਹੇ ਸਨ- ਨਹੀਂ ਜੀ, ਨਹੀਂ ਜੀ)

ਸ਼੍ਰੀ ਸਪੀਕਰ : ਪਤੰਗ ਸਾਹਿਬ ਤੁਸੀਂ ਪਹਿਲਾਂ ਆਪਣੀ ਮੇਜ਼ ਵੇਖ ਲਓ । (Patang Sahib, search your seat first).

(ਕਾਮਰੇਡ ਚੰਦ ਸਿੰਘ ਚੋਪੜਾ ਵਲੋਂ ਵਿਘਨ)

ਸ਼੍ਰੀ ਸਪੀਕਰ : ਚੋਪੜਾ ਜੀ, ਜਿਹੜੇ ਬਿਲ ਹਨ ਉਹ ਅਜੇ ਤਕ ਅੰਗਰੇਜ਼ੀ ਵਿਚ ਹੀ ਪੇਸ਼ ਹੁੰਦੇ ਹਨ, ਇਸ ਲਈ ਤੁਹਾਡਾ ਇਤਰਾਜ਼ ਵੈਲਿਡ ਨਹੀਂ ਹੈ । (ਵਿਘਨ) (Chopra Ji, according to the existing practice all the Bills are presented to the House in English. Your objection is, therefore, invalid.) (Interruption)

ਸਰਦਾਰ ਅਜਾਇਬ ਸਿੰਘ ਸੰਧੂ: ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੁੰਦਨ ਸਿੰਘ ਪਤੰਗ ਹੋਰਾਂ ਲਿਖ ਕੇ ਆਪਨੂੰ ਇਹ ਬਿਨੈ ਕੀਤੀ ਸੀ ਕਿ ਇਸ ਬਿਲ ਦੀ ਕਾਪੀ ਉਨ੍ਹਾਂ ਨੂੰ ਪੰਜਾਬੀ ਵਿਚ ਮਿਲਣੀ ਚਾਹੀਦੀ ਹੈ । ਇਸ ਤੋਂ ਪਹਿਲਾਂ ਵੀ ਸਰਕਾਰ ਨੂੰ ਇਸ ਬਾਰੇ ਤੁਹਾਡੇ ਰਾਹੀਂ ਕਿਹਾ ਗਿਆ ਸੀ ਕਿ ਅੰਗਰੇਜ਼ੀ ਵਿਚ ਕਾਰਵਾਈ ਘੱਟ ਕਰਿਆ ਕਰਨ ਅਤੇ ਪੰਜਾਬੀ ਵਿਚ ਵਧ ਕਰਿਆ ਕਰਨ ਪਰ ਸਰਕਾਰ ਨੇ ਕੋਈ ਪਰਵਾਹ ਨਹੀਂ ਕੀਤੀ ਅਤੇ ਇਸ ਬਿਲ ਦੀ ਕਾਪੀ ਸਾਡੇ ਪਾਸ ਪੰਜਾਬ ਵਿਚ ਨਹੀਂ ਆਈ ।

ਸ੍ਰੀ ਸਪੀਕਰ : ਬਿਲਾਂ ਦਾ ਤਰਜਮਾ ਸਾਡਾ ਦਫਤਰ ਵਿਧਾਨ ਸਭਾ ਸਕੱਤ੍ਰੇਤ ਦਾ ਕਰਦਾ ਹੈ ਅਤੇ ਜੇਕਰ ਇਸ ਵਿਚ ਲੈਪਸ ਹੋਈ ਹੈ ਤਾਂ ਇਹ ਸਾਡੇ ਦਫਤਰ ਦੀ ਹੈ। ਅਗੇ ਤੋਂ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਇਹ ਢਿਲ ਨਾ ਹੋਵੇ। (ਵਿਘਨ) (The translation of the Bills is being done by the Vidhan Sabha Sectt. So, if there has been a lapse then it has been on the part of my office. Efforts will be made in future to avoid repetition of such a lapse.)

(ਇਸ ਸਮੇਂ ਕਈ ਮੈਂਬਰ ਪੁਆਇੰਟ ਆਫ ਆਰਡਰ ਤੇ ਖੜੇ ਹੋ ਗਏ) (ਵਿਘਨ)

Mr. Speaker : Order please.

WALK-OUT

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਸਪੀਕਰ ਸਾਹਿਬ, ਇਹ ਬਿਲ ਪੰਜਾਬੀ ਵਿਚ ਆਉਣਾ ਚਾਹੀਦਾ ਹੈ ਇਹ ਅਸਾਨੂੰ ਨਹੀਂ ਦਿੱਤਾ ਗਿਆ (ਵਿਘਨ) (ਸ਼ੋਰ)

ਸਰਦਾਰ ਕਰਨੈਲ ਸਿੰਘ ਮਰੜੀ : ਸਪੀਕਰ ਸਾਹਿਬ, ਤੁਸੀਂ ਇਹ ਕਿਹਾ ਹੈ ਕਿ ਦਫਤਰ ਦੀ ਗਲਤੀ ਹੋਈ ਹੈ ਅਤੇ ਬਿਲ ਦੀ ਕਾਪੀ ਪੰਜਾਬੀ ਵਿਚ ਨਹੀਂ ਮਿਲੀ (ਵਿਘਨ) ਤਾਂ ਫਿਰ ਸਰਕਾਰ ਕਾਹਦੀ ਹੋਈ। (ਵਿਘਨ) (ਸ਼ੋਰ)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ: ਇਹ ਪੰਜਾਬੀ ਬੋਲੀ ਨਾਲ ਧਕਾ ਕੀਤਾ ਜਾ ਰਿਹਾ ਹੈ ਅਤੇ ਅਸਾਨੂੰ ਬਿਲ ਪੰਜਾਬੀ ਵਿਚ ਨਹੀਂ ਦਿਤਾ ਗਿਆ। ਇਸ ਦੇ ਵਿਰੁਧ ਰੋਸ ਪਰਗਟ ਕਰਦਾ ਹੋਇਆ ਮੈਂ ਇਸ ਸਦਨ ਵਿਚੋਂ ਵਾਕ ਆਊਟ ਕਰਦਾ ਹਾਂ।

(ਇਸ ਸਮੇਂ ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ ਹਾਊਸ ਤੋਂ ਬਾਹਰ ਚਲੇ ਗਏ) (ਵਿਘਨ)(ਸ਼ੋਰ)

THE PUNJAB HOUSING DEVELOPMENT BOARD BILL 1972
(Resumption)

ਸਰਦਾਰ ਕਰਨੈਲ ਸਿੰਘ ਮਰੜੀ : ਇਹ ਸਾਨੂੰ ਪੰਜਾਬੀ ਵਿਚ ਬਿਲ ਇਸ ਲਈ ਨਹੀਂ ਦਿੰਦੇ ਤਾਂ ਕਿ ਅਸੀਂ ਬਹਿਸ ਵਿਚ ਹਿਸਾ ਨਾ ਲੈ ਸਕੀਏ। ਕਾਰਵਾਈ ਚਲਾਣ ਤੋਂ ਪਹਿਲਾਂ ਸਪੀਕਰ ਸਾਹਿਬ ਇਸ ਬਿਲ ਦੀਆਂ ਪੰਜਾਬੀ ਵਿਚ ਕਾਪੀਆਂ ਮਿਲ ਜਾਣੀਆਂ ਚਾਹੀਦੀਆਂ ਹਨ। ਮੈਂ ਤਾਂ ਲਿਖ ਕੇ ਵੀ ਆਪ ਪਾਸ ਭੇਜਿਆ ਸੀ ਕਿ ਬਿਲਾਂ ਦੀਆਂ ਕਾਪੀਆਂ ਪੰਜਾਬੀ ਵਿਚ ਦਿਤੀਆਂ ਜਾਣ। (ਵਿਘਨ) (ਸ਼ੋਰ)

ਕਾਮਰੇਡ ਸਤ ਪਾਲ ਡਾਂਗ : ਸਪੀਕਰ ਸਾਹਿਬ, ਆਪ ਦਾ ਰੂਲਿੰਗ ਆ ਗਿਆ ਹੈ ਅਤੇ ਇਹ ਵੀ ਠੀਕ ਹੈ ਕਿ ਅਮੈਂਡਮੈਂਟਸ ਵੀ ਅੰਗਰੇਜ਼ੀ ਵਿੱਚ ਹੀ ਆਂਦੀਆਂ ਹਨ ਅਤੇ ਤੁਸੀਂ ਇਸ ਦੇ ਬਾਰੇ ਵਿੱਚ ਦਸ ਦਿੱਤਾ ਹੈ ਕਿ ਇਹ ਪੰਜਾਬੀ ਵਿੱਚ ਅੱਗੇ ਤੋਂ ਆਉਣੀਆਂ ਅਤੇ ਇਸ ਦਾ ਪੰਜਾਬੀ ਵਰਯਨ ਮਿਲ ਜਾਇਆ ਕਰੇਗਾ। ਅਤੇ ਅਸੀਂ ਇਹ ਚਾਹੁੰਦੇ ਹਾਂ ਕਿ ਇਸ ਬਿਲ ਵਿੱਚ ਅਗਾਂਹ ਪਰੋਸੀਡ ਕੀਤਾ ਜਾਵੇ। ਤੁਸੀਂ ਇਹ ਦਸਿਆ ਹੈ ਕਿ ਲੈਪਸ ਹੈ ਤੁਹਾਡੇ ਦਫਤਰ ਦੀ ਅਤੇ ਇਸ ਗੱਲ ਦਾ ਅੱਗੇ ਤੋਂ ਖਿਆਲ ਰਖਿਆ ਜਾਵੇਗਾ ਕਿ ਪੰਜਾਬੀ ਦਾ ਵਰਯਨ ਨਾਲ ਹੀ ਮਿਲ ਜਾਇਆ ਕਰੇ। ਪਰ ਸਪੀਕਰ ਸਾਹਿਬ, ਇਹ ਬਿਲ ਤਾਂ ਦੋ ਤਿੰਨ ਦਿਨ ਪਹਿਲਾਂ ਮਿਲਿਆ ਸੀ ਅਤੇ ਇਸ ਦਾ ਪੰਜਾਬੀ ਵਰਯਨ ਅਜ ਮਿਲ

[ਕਾਮਰੇਡ ਸੱਤ ਪਾਲ ਡਾਂਗ]

ਜਾਣਾ ਚਾਹੀਦਾ ਸੀ। ਕਿਉਂ ਨਾ ਇਹ ਵਰਜ਼ਨ ਅੰਗਰੇਜ਼ੀ ਵਰਸ਼ਨ ਦੇ ਨਾਲ ਹੀ ਮਿਲ ਜਾਇਆ ਕਰੇ। ਤੁਸੀਂ ਇਹ ਕਿਹਾ ਹੈ ਕਿ ਇਹ ਗੱਲ ਅਗੇ ਤੋਂ ਰੀਪੀਟ ਨਹੀਂ ਹੋਵੇਗੀ ਪਰ ਇਹ ਗਲ ਤੁਸੀਂ ਮਨਿਸਟਰਾਂ ਨੂੰ ਕਹੋ ਕਿ ਉਹ ਇਸ ਗਲ ਦਾ ਇੰਤਜ਼ਾਮ ਕਰਨ ਕਿ ਪੰਜਾਬੀ ਵਿੱਚ ਵਰਜ਼ਨ ਅਗਰੇਜ਼ੀ ਵਰਜ਼ਨ ਦੇ ਨਾਲ ਹੀ ਆ ਜਾਇਆ ਕਰੇ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਐਕਸ਼ਨ ਨੂੰ ਜਸਟਫਾਈ ਨਾ ਕਰੋ। (ਵਿਘਨ) (ਸ਼ੋਰ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਤੇ ਖੜੇ ਹੋ ਗਏ)

ਸ੍ਰੀ ਸਪੀਕਰ : ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਮੈਂਬਰ ਸਾਹਿਬਾਨ ਦਾ ਇਹ ਜੈਨਵਿਨ ਗਰੀਵੈਂਸ ਹੈ ਅਤੇ ਸਾਈਡ ਬਾਈ ਸਾਈਡ ਬਿਲਾਂ ਦਾ ਪੰਜਾਬੀ ਟ੍ਰਾਂਸਲੇਸ਼ਨ ਵੀ ਆਉਣਾ ਚਾਹੀਦਾ ਹੈ। ਅੱਗੇ ਸਰਕਾਰ ਵਲੋਂ ਬਿਲ ਅੰਗਰੇਜ਼ੀ ਵਿੱਚ ਆਉਂਦਾ ਸੀ ਅਤੇ ਵਿਧਾਨ ਸਭਾ ਸਕਤ੍ਰੇਤ ਵਿੱਚ ਇਸ ਦਾ ਪੰਜਾਬੀ/ਹਿੰਦੀ ਵਿੱਚ ਟ੍ਰਾਂਸਲੇਸ਼ਨ ਹੁੰਦਾ ਸੀ। ਇਹ ਕਿਉਂਕਿ ਬਿਲ ਬਹੁਤ ਲੰਮਾ ਸੀ ਅਤੇ ਵਕਤ ਥੋੜਾ ਸੀ ਇਸ ਲਈ ਇਸ ਦਾ ਪੰਜਾਬੀ ਵਰਜ਼ਨ ਵਕਤ ਸਿਰ ਨਹੀਂ ਆ ਸਕਿਆ। ਇਸ ਲਈ ਸਰਕਾਰ ਦੀ ਇਸ ਪੱਖ ਵਿੱਚ ਕੁਆਪਰੇਸ਼ਨ ਦੀ ਲੋੜ ਹੈ ਕਿ ਜਾਂ ਤਾਂ ਸਰਕਾਰ ਵਲੋਂ ਹੀ ਅੰਗਰੇਜ਼ੀ ਦੇ ਬਿਲਾਂ ਨੂੰ ਟ੍ਰਾਂਸਲੇਟ ਕਰਵਾ ਕੇ ਕਾਪੀ ਪੰਜਾਬੀ ਵਿੱਚ ਨਾਲ ਹੀ ਭੇਜੀ ਜਾਇਆ ਕਰੇ ਜਾਂ ਵਿਧਾਨ ਸਭਾ ਨੂੰ ਐਡੀਕੁਏਟ ਸਟਾਫ਼ ਦੇਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਇਸ ਦੇ ਬਾਰੇ ਵਿੱਚ ਢਿੱਲ ਨਾ ਪਵੇ (I would submit to the Government that the hon. Members have a genuine grievance here. The Punjabi version of the Bills should be supplied to them along with the English text. The practice has been that the Bills received from the Government in English are translated into Punjabi/Hindi in the Vidhan Sabha Secretariat. Since this Bill was quite lengthy and the time available being insufficient the Punjabi version could not be made available in time for the use of the Hon. Members. I would seek the cooperation of the Govt. in this respect. Either they should supply the Punjabi version alongwith the English version or provide adequate staff to this Secretariat to avoid delay in getting the Bills translated.)

ਵਿਕਾਸ ਮੰਤਰੀ : ਜਿਹੜਾ, ਸਪੀਕਰ ਸਾਹਿਬ, ਆਪ ਨੇ ਸੁਝਾਵ ਦਿੱਤਾ ਹੈ ਸਰਕਾਰ ਇਸ ਨਾਲ ਸਹਿਮਤ ਹੈ ਕਿ ਬਿਲ ਦਾ ਵਰਜ਼ਨ ਪੰਜਾਬੀ ਵਿੱਚ ਵੀ ਆਉਣਾ ਚਾਹੀਦਾ ਹੈ ਅਤੇ ਅੱਗੇ ਤੋਂ ਕੋਸ਼ਿਸ਼ ਕੀਤੀ ਜਾਵੇਗੀ। ਹੁਣ ਕਿਉਂਕਿ ਹਾਈ ਕੋਰਟ ਦੀ ਜ਼ਬਾਨ ਵੀ ਅੰਗਰੇਜ਼ੀ ਹੈ। (ਵਿਘਨ) (ਸ਼ੋਰ)

ਸਰਦਾਰ ਕਰਨੈਲ ਸਿੰਘ ਮਰੜੀ : ਇਥੇ ਹਾਈ ਕੋਰਟ ਦੀ ਗੱਲ ਨਾ ਕਰੋ ਉਹ ਤਾਂ ਪੰਜਾਬੀ ਵਿਚ ਵੀ ਬਿਆਨ ਲੈਂਦੇ ਹਨ ਤੁਸੀਂ ਹਾਈ ਕੋਰਟ ਵਿਚ ਨਹੀਂ ਬੋਲ ਰਹੇ ਇਹ ਵਿਧਾਨ ਸਭਾ ਹੈ, ਜਿਸ ਵਿਚ ਤੁਸੀਂ ਬੋਲ ਰਹੇ ਹੋ।

ਵਿਕਾਸ ਮੰਤਰੀ : ਕਾਨੂੰਨ ਸਾਰੇ ਹੀ ਅੰਗਰੇਜ਼ੀ ਵਿਚ ਹਾਲੇ ਤਕ ਬਣਦੇ ਹਨ ਅਤੇ ਉਸ ਵਿਚ ਹੀ ਲਾਗੂ ਹਨ (ਵਿਘਨ) (ਸ਼ੋਰ)

(ਕਈ ਮੈਂਬਰ ਪੁਆਇਟ ਆਫ਼ ਆਰਡਰ ਤੇ ਖੜੇ ਹੋ ਗਏ)

ਸਰਦਾਰ ਧੰਨਾ ਸਿੰਘ ਗੁਲਸ਼ਨ : ਹਾਈ ਕੋਰਟ ਵਿਚ ਤਾਂ ਬਿਆਨ ਪੰਜਾਬੀ ਵਿਚ ਲੈਂਦੇ ਹਨ । ਇਸ ਲਈ ਸਪੀਕਰ ਸਾਹਿਬ, ਸਾਡੀਂ ਇਹ ਮੰਗ ਹੈ ਕਿ ਬਿਲ ਦੀ ਕਾਪੀ ਪੰਜਾਬੀ ਵਿਚ ਮਿਲਣੀ ਚਾਹੀਦੀ ਹੈ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਜਦੋਂ ਤਕ ਪੰਜਾਬੀ ਦਾ ਵਰਸ਼ਨ ਨਹੀਂ ਆ ਜਾਂਦਾ ਇਸ ਬਿਲ ਨੂੰ ਪੋਸਟਪੋਨ ਕੀਤਾ ਜਾਵੇ ਕਿਉਂਕਿ ਜਿਹੜੇ ਮੈਂਬਰ ਪੰਜਾਬੀ ਹੀ ਜਾਣਦੇ ਹਨ ਉਨ੍ਹਾਂ ਨਾਲ ਇਹ ਬੜਾ ਧਕਾ ਹੋਵੇਗਾ ਜੇਕਰ ਉਨ੍ਹਾਂ ਨੂੰ ਪੰਜਾਬੀ ਵਰਸ਼ਨ ਨਾ ਸਪਲਾਈ ਕੀਤਾ ਜਾਵੇ । ਕਿੰਨੇ ਅਫ਼ਸੋਸ ਦੀ ਗੱਲ ਹੈ ਸਪੀਕਰ ਸਾਹਿਬ ਕਿ ਪੰਜ ਦਿਨ ਹੋ ਗਏ ਹਨ ਬਿਲ ਨੂੰ ਪੇਸ਼ ਕੀਤਿਆਂ ਪਰ ਅਜ ਤਕ ਇਸ ਦਾ ਪੰਜਾਬੀ ਵਰਸ਼ਨ ਨਹੀਂ ਆਇਆ ਅਤੇ ਦੂਜੇ ਪਾਸੇ ਇਕ ਬਿਲ ਅੱਜ ਹੀ ਪੇਸ਼ ਹੋਇਆ ਹੈ ਅਤੇ ਉਸ ਦੀ ਪੰਜਾਬੀ ਦੀ ਕਾਪੀ ਸਾਨੂੰ ਮਿਲ ਗਈ ਹੈ । ਇਸ ਤੋਂ ਜ਼ਿਆਦਾ ਮੈਂਬਰਾਂ ਨਾਲ ਕੀ ਧੱਕਾ ਕੀਤਾ ਜਾ ਸਕਦਾ ਹੈ ਕਿ ਪੰਜਾਬੀ ਵਰਸ਼ਨ ਹੀ ਨਾ ਸਪਲਾਈ ਕੀਤਾ ਜਾਵੇ । ਇਸ ਲਈ ਸਾਡੀ ਮੰਗ ਹੈ ਕਿ ਜਦ ਤਕ ਇਸ ਬਿਲ ਦਾ ਪੰਜਾਬੀ ਵਰਸ਼ਨ ਪੇਸ਼ ਨਹੀਂ ਕੀਤਾ ਜਾਂਦਾ ਇਸ ਬਿਲ ਨੂੰ ਪੋਸਟਪੋਨ ਕਰ ਦਿੱਤਾ ਜਾਵੇ (ਵਿਘਨ)

ਸ੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਪਾਸ ਬੇਨਤੀ ਕਰਾਂਗਾ ਕਿ ਅੱਗੇ ਤੋਂ ਇਸ ਗੱਲ ਦਾ ਪਰਬੰਧ ਹੋ ਜਾਇਆ ਕਰੇਗਾ ਹੁਣ ਇਸ ਬਹਿਸ ਨੂੰ ਖਤਮ ਕਰ ਦਿੱਤਾ ਜਾਵੇ । (I would request the hon. Members to stop further discussion on this point. In future arrangements shall be made to supply Punjabi version alongwith English text of the Bills.)

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਇਸ ਵਕਤ ਸਰਦਾਰ ਅਜਾਇਬ ਸਿੰਘ ਸੰਧੂ ਅਤੇ ਮਰਹਟੀ ਸਾਹਿਬ ਪੰਜਾਬੀ ਵਿੱਚ ਬਿਲ ਨਾ ਪੇਸ਼ ਕੀਤੇ ਜਾਣ ਤੇ ਇਤਰਾਜ਼ ਕਰ ਰਹੇ ਹਨ । ਇਹ ਠੀਕ ਹੈ ਕਿ ਸਾਨੂੰ ਪੰਜਾਬੀ ਬੋਲੀ ਦਾ ਬੜਾ ਇਤਰਾਮ ਹੈ*

ਸ੍ਰੀ ਸਪੀਕਰ : ਇਹ ਸ਼ਬਦ ਸ਼ੋਭਾ ਭਰਪੂਰ ਨਹੀਂ, ਅਤੇ ਐਕਸਪੰਜ ਕੀਤੇ ਜਾਣ । (These words used by the hon. Member are not in good taste. These may be expunged (Interruption) (Noise).

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਸਰਕਾਰ ਨੂੰ ਇਹ ਅਰਜ਼ ਕਰਾਂਗਾ ਕਿ ਚੌਧਰੀ ਸਾਹਿਬ ਦਾ ਅੱਗੇ ਹੀ ਕਦ ਛੋਟਾ ਹੈ ਅਤੇ ਸੀਟ ਵੀ ਉਨ੍ਹਾਂ ਨੂੰ ਬੜੀ ਦੂਰ ਮਿਲੀ ਹੈ ਇਸ ਲਈ ਕਈ ਵਾਰੀ ਉਹ ਨਜ਼ਰ-ਅੰਦਾਜ਼ ਹੋ ਜਾਂਦੇ ਹਨ ਪਰ ਉਹ ਗਿਲਾ ਅਕਾਲੀਆਂ ਤੇ ਕਰਦੇ ਹਨ ।

ਇਕ ਮਾਨਯੋਗ ਮੈਂਬਰ : ਪਹਿਲੇ ਰਾਜ ਨੇ ਵੀ ਉਨ੍ਹਾਂ ਦੇ ਨਾਲ ਧਕਾ ਕੀਤਾ ਸੀ ਹੁਣ ਤੁਸੀਂ ਵੀ ਕਰਦੇ ਹੋ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਸਪੀਕਰ ਸਾਹਿਬ, ਚੌਧਰੀ ਸਾਹਿਬ ਬਾਰੇ ਕੋਈ ਗਲ ਨਹੀਂ ਕਰਨੀ ਕਿਉਂਕਿ ਜਿਤਨੇ ਉਹ ਛੋਟੇ ਹਨ ਉਹੀ ਜੇਹੀ ਬਚਿਆਂ ਵਾਲੀ ਉਨ੍ਹਾਂ ਨੇ ਗਲ ਕਰਨੀ ਹੈ । ਮੈਂ ਤਾਂ ਵਿਕਾਸ ਮੰਤਰੀ ਦਾ ਧਿਆਨ ਰੂਲ 122 ਵੱਲ ਇਹ ਪੜ੍ਹ ਕੇ ਦਿਵਾਉਣਾ ਚਾਹੁੰਦਾ ਹਾਂ ਜਿਸ ਦੇ ਟ-ਨੋਟ ਅੰਦਰ ਇਹ ਲਿਖਿਆ ਹੈ ਕਿ:—

> If any member is unacquainted with English, the Secretary, if requested by him, with the permission of the Speaker, shall cause the Bill to be translated into Hindi or Punjabi, as the case may be.

---

*Expunged as ordered by the Chair.

[ਸਰਦਾਰ ਅਜਾਇਬ ਸਿੰਘ ਸੰਧੂ]

ਇਸ ਹਾਊਸ ਦੇ ਇਕ ਮਾਨਯੋਗ ਮੈਂਬਰ ਨੇ ਲਿਖ ਕੇ ਭੇਜਿਆ, ਇਸ ਦੇ ਨਾਲ ਹੋਰ ਵੀ ਮੈਂਬਰਾਂ ਨੇ ਲਿਖ ਕੇ ਭੇਜਿਆ ਕਿ ਸਾਨੂੰ ਬਿਲਾਂ ਦੀਆਂ ਕਾਪੀਆਂ ਪੰਜਾਬੀ ਵਿਚ ਮਿਲਣੀਆਂ ਚਾਹੀਦੀਆਂ ਹਨ.....।

ਸ੍ਰੀ ਸਪੀਕਰ : ਪਰ ਇਹ ਕਿਥੇ ਲਿਖਿਆ ਹੈ ਕਿ ਇਸ ਤੇ ਡਿਸਕਸ਼ਨ ਹੀ ਸਟਾਪ ਕੀਤੀ ਜਾਵੇ। (But it has been mentioned nowhere that the discussion should be stopped for this reason.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਹਾਨੂੰ ਫੁਲ-ਪਾਵਰਜ਼ ਹਨ, ਤੁਸੀਂ ਇਨ੍ਹਾਂ ਨੂੰ ਆਰਡਰ ਕਰ ਸਕਦੇ ਹੋ ਕਿ ਇਹ ਬਿਲ ਪੰਜਾਬੀ ਦੇ ਵਿਚ ਭੇਜੋ, ਜਿਹੜੀ ਇਹ ਗਲਤ ਕਾਰਵਾਈ ਕਰਦੇ ਹਨ ਤੁਸੀਂ ਇਨ੍ਹਾਂ ਨੂੰ ਰੋਕੋ। ਇਹ ਬਿਲ ਦੀ ਕਾਪੀ ਸਾਨੂੰ ਪੰਜਾਬੀ ਵਿਚ ਜ਼ਰੂਰ ਮਿਲਣੀ ਚਾਹੀਦੀ ਹੈ, ਤੁਹਾਨੂੰ ਜਦੋਂ ਫੁਲ ਪਾਵਰਜ਼ ਹਨ ਤੁਸੀਂ ਇਨ੍ਹਾਂ ਨੂੰ ਕਹੋ......

(ਇਸ ਵੇਲੇ ਗਿਆਨੀ ਕੁੰਦਨ ਸਿੰਘ ਪਤੰਗ ਬੋਲਣ ਲਈ ਖੜ੍ਹੇ ਹੋਏ)

ਸ੍ਰੀ ਸਪੀਕਰ : ਗਿਆਨੀ ਜੀ, ਜੋ ਕੁਝ ਚੌਧਰੀ ਸਾਹਿਬ ਨੇ ਤੁਹਾਡੇ ਮੁਤਅਲਕ ਕਿਹਾ ਸੀ ਉਹ ਤਾਂ ਐਕਸਪੰਜ ਕਰ ਦਿੱਤਾ ਹੈ, ਹੁਣ ਡਿਸਕਸ਼ਨ ਨੂੰ ਚਲਣ ਦਿਉ। (*Addressing Giani Kundan Singh Patang* : Whatever Chaudhari Sahib said about you that has been expunged. Now let the House proceed further.)

ਗਿਆਨੀ ਕੁੰਦਨ ਸਿੰਘ ਪਤੰਗ : ਆਨ ਏ ਪੁਆਇੰਟ ਆਫ ਆਰਡਰ ਸਰ, ਚੌਧਰੀ ਸਾਹਿਬ ਨੇ ਕਿਹਾ ਹੈ ਕਿ ਉਹ ਪੰਜਾਬੀ ਜਾਣਦੇ ਹਨ, ਮੈਂ ਉਨ੍ਹਾਂ ਤੋਂ ਪੁਛਦਾ ਹਾਂ ਕਿ ਉਹ ਗਲਾਸ ਦੀ ਪੰਜਾਬੀ ਦਸ ਦੇਣ ਤਾਂ ਜਾਣਾ। ਜਾਂ ਇਹ ਦਸ ਦੇਣ ਕਿ ਪੰਡਿਤ, ਪੰਡਤਾ ਪੰਡਤਾਣੀ ਦੇ ਕੀ ਅਰਥ ਹੁੰਦੇ ਹਨ (ਹਾਸਾ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀ। (This is no point of order.)

ਕੈਪਟਨ ਰਤਨ ਸਿੰਘ : ਪਤੰਗ ਜੀ, ਮੈਂ ਤਾਂ ਪੰਜਾਬੀ ਜਾਣਦਾ ਹਾਂ ਹੁਣ ਮੈਨੂੰ ਤਾ ਬਲਣ ਦੇਉ... (ਸ਼ੋਰ)

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਕਹਿੰਦਾ ਹਾਂ ਜਦੋਂ ਸਾਡੀ ਮੰਗ ਹੈ ਕਿ ਬਿਲ ਪੰਜਾਬੀ ਵਿੱਚ ਆਵੇ ਤਾਂ ਇਸ ਦੀ ਕਾਪੀ ਸਾਨੂੰ ਕਿਉਂ ਨਹੀਂ ਮਿਲਦੀ। ਅਸੀਂ ਇਸ ਤਰ੍ਹਾਂ ਹਾਊਸ ਨਹੀਂ ਚਲਣ ਦੇਵਾਂਗੇ, ਭਾਵੇਂ ਇਹ ਇਕ ਘੰਟੇ ਦੇ ਵਾਸਤੇ ਹਾਊਸ ਮੁਲਤਵੀ ਕਰ ਦਿੱਤਾ ਜਾਵੇ (ਸ਼ੋਰ)

ਸ੍ਰੀ ਸਪੀਕਰ : ਤੁਸੀਂ ਸੰਧੂ ਜੀ, ਹਾਊਸ ਦੀ ਕਾਰਵਾਈ ਵਿੱਚ ਵਿਘਨ ਪਾ ਰਹੇ ਹੋ (ਸ਼ੋਰ) (Addressing S. Jasdev Singh Sandhu : You are interrupting the proceedings of the House.)

ਸਰਦਾਰ ਜਸਦੇਵ ਸਿੰਘ ਸੰਧੂ : ਇਹ ਪੰਜਾਬੀ ਦੇ ਨਾਲ ਸਰਾਸਰ ਧੱਕਾ ਹੈ, ਅਸੀਂ ਇਸ ਨੂੰ ਬਿਲਕੁਲ ਵੀ ਬਰਦਾਸ਼ਤ ਕਰਨ ਵਾਸਤੇ ਤਿਆਰ ਨਹੀਂ ਹਾਂ ਪਹਿਲਾਂ ਬਿਲ ਪੰਜਾਬੀ ਵਿੱਚ ਆਉਣਾ ਚਾਹੀਦਾ ਹੈ।......(ਸ਼ੋਰ)

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਇਹ ਸਾਰਿਆਂ ਦੇ ਭਲੇ ਦਾ ਬਿਲ ਹੈ ਇਸ ਤੇ ਸਾਰਿਆਂ ਨੂੰ ਮੁਤਫ਼ਿਕ ਹੋਣਾ ਚਾਹੀਦਾ ਹੈ । (ਸ਼ੋਰ) ਇਸ ਦੇ ਵਿਚ ਇਕ ਟੈਕਨੀਕਲ ਰੁਕਾਵਟ ਹੈ (ਇਕ ਮਾਨਯੋਗ ਮੈਂਬਰ—ਤੁਸੀਂ ਪੰਜਾਬੀ ਨੂੰ ਆਪਣੇ ਸੂਬੇ ਦੀ ਜ਼ਬਾਨ ਮੰਨਿਆ ਬਿਲ ਫੇਰ ਪੰਜਾਬੀ ਵਿਚ ਕਿਉਂ ਨਹੀਂ ?)

(ਇਸ ਵੇਲੇ ਬਹੁਤ ਸਾਰੇ ਮੈਂਬਰ ਬੋਲ ਰਹੇ ਸਨ, ਬਹੁਤ ਸ਼ੋਰ ਸੀ ਨਾਲ ਹੀ ਵਿਕਾਸ ਮੰਤਰੀ ਵੀ ਆਪਣੀ ਤਕਰੀਰ ਕਰ ਰਹੇ ਸਨ) ।

ਇਸ ਦੇ ਵਿਚ ਜੋ ਬਿਲ ਦੇ ਏਮਜ਼ ਅਤੇ ਆਬਜੈਕਟਸ ਹਨ, ਉਨ੍ਹਾਂ ਰਾਹੀਂ ਸਾਰਿਆਂ ਦਾ ਹੀ ਭਲਾ ਹੈ । (ਇਕ ਮਾਨਯੋਗ ਮੈਂਬਰ : ਤੁਸੀਂ ਸਾਡੇ ਨਾਲ ਧਕਾ ਕਰ ਰਹੇ ਹੋ, ਇਹ ਅਛੀ ਗਲ ਨਹੀਂ ਹੈ ।) ਮੈਂ ਕਹਿੰਦਾ ਹਾਂ ਤੁਸੀਂ ਮੇਰੀ ਪਹਿਲਾਂ ਗੱਲ ਤਾਂ ਸੁਣੋ, ਇਹ ਢੰਗ ਅਛਾ ਨਹੀਂ ਹੈ, ਇਹ ਗ਼ਰੀਬਾਂ ਦੇ ਭਲੇ ਵਾਸਤੇ ਬਿਲ ਹੈ, ਤੁਸੀਂ ਇਸ ਤਰ੍ਹਾਂ ਦੀਆਂ ਗਲਾਂ ਕਰਕੇ ਆਪਣਾ ਵਕਤ ਖਰਾਬ ਕਰ ਰਹੇ ਹੋ, ਇਹ ਲੋਕਾਂ ਦੇ ਭਲੇ ਦੀ ਸਰਕਾਰ ਹੈ, ਇਸ ਲਈ ਮੈਂ ਕਹਾਂਗਾ ਕਿ ਇਸ ਲੋਕ ਹਤ ਵਾਲੇ ਬਿਲ ਨੂੰ ਜਲਦੀ ਤੋਂ ਜਲਦੀ ਪਾਸ ਕੀਤਾ ਜਾਵੇ । ਇਹ ਹਾਊਸਿੰਗ ਦਾ ਕੰਮ ਜਿਹੜਾ ਇਹ ਸਰਕਾਰ ਕਰਨਾ ਚਾਹੁੰਦੀ ਹੈ ਇਹ ਸਭ ਤੋਂ ਅਹਿਮ ਸੋਸ਼ਲਿਜ਼ਮ ਦਾ ਕੰਮ ਹੈ (ਸ਼ੋਰ) ਮੈਂ ਉਨ੍ਹਾਂ ਲੋਕਾਂ ਨੂੰ ਕਹਿੰਦਾ ਹਾਂ ਜਿਹੜੇ ਇਸ ਵੇਲੇ ਸ਼ੋਰ ਕਰ ਰਹੇ ਹਨ । ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਲੋਕਾਂ ਦੀ ਭਲਾਈ ਕਿਵੇਂ ਕੀਤੀ ਜਾ ਸਕਦੀ ਹੈ । ਇਸ ਲਈ ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਹ ਪਾਸ ਕਰ ਦਿਤਾ ਜਾਵੇ । (ਸ਼ੋਰ)

(ਆਵਾਜ਼ਾਂ : ਇਹ ਹਰਗਿਜ਼ ਨਹੀਂ ਹੋਣਾ ਚਾਹੀਦਾ, ਇਸ ਤਰ੍ਹਾਂ ਦੀ ਹੇਸਟੀ ਕਾਰਵਾਈ ਅਸੀਂ ਹਰਗਿਜ਼ ਬਰਦਾਸ਼ਤ ਨਹੀਂ ਕਰਾਂਗੇ ।)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਬਿਲ ਇਕ ਬਹੁਤ ਹੀ ਅਹਿਮ ਬਿਲ ਹੈ । ਇਨ੍ਹਾਂ ਸਾਰਿਆਂ ਦਾ ਇਹ ਇਤਰਾਜ਼ ਵੀ ਵਾਜਬੀ ਹੈ ਕਿ ਇਸ ਦੀ ਕਾਪੀ ਪੰਜਾਬੀ ਦੇ ਵਿੱਚ ਨਹੀਂ ਦਿੱਤੀ ਗਈ । ਹੁਣ ਤੁਸੀਂ ਤਰੀਕਾ ਲਭਣਾ ਹੈ ਕਿ ਇਸ ਬਿਲ ਤੇ ਵਿਚਾਰ ਨੂੰ ਕਿਸ ਤਰ੍ਹਾਂ ਚਲਾਉਣਾ ਹੈ । ਭਾਵੇਂ ਕੋਈ ਵੀ ਤਰੀਕਾ ਤੁਸੀਂ ਲਭ ਲੱਉ, ਇਸ ਬਿਲ ਤੇ ਹਰ ਇਕ ਨੂੰ ਡਿਸਕਸ ਕਰਨ ਵਾਸਤੇ ਪੂਰਾ ਪੂਰਾ ਵਕਤ ਮਿਲਣਾ ਚਾਹੀਦਾ ਹੈ, । ਇਸ ਤਰ੍ਹਾਂ ਹੇਸਟੀ ਮੂਵ ਕਰਕੇ ਇਸ ਨੂੰ ਪਾਸ ਕਰਾਉਣਾ ਇਹ ਠੀਕ ਨਹੀਂ ਹੋਵੇਗਾ । (ਵਿਘਨ)(ਸ਼ੋਰ)

ਕਾਮਰੇਡ ਰਾਜ ਕੁਮਾਰ (ਧਾਰੀਵਾਲ) : ਸਪੀਕਰ ਸਾਹਿਬ, ਉਸ ਦਿਨ ਇਕ ਬੜਾ ਸੁਚਜਾ ਫ਼ੈਸਲਾ ਹੋਇਆ ਸੀ ਕਿ ਇਸ ਬਿਲ ਨੂੰ ਅਗੇ ਪਾ ਦਿੱਤਾ ਜਾਵੇ ਤਾਂਕਿ ਮੈਂਬਰ ਸਾਹਿਬਾਨ ਇਸ ਦੀਆਂ ਔਖਿਆਈਆਂ ਨੂੰ ਦੇਖ ਸਕਣ । ਮੈਂ ਅਤੇ ਕਾਮਰੇਡ ਸੱਤ ਪਾਲ ਡਾਂਗ ਜੀ ਨੇ ਇਸ ਬਿਲ ਤੇ 47 ਅਮੈਂਡਮੈਂਟਸ ਦਿੱਤੀਆਂ ਹਨ ਜਿਹੜੀਆਂ ਕਿ ਤੁਹਾਡੀ ਮੇਹਰਬਾਨੀ ਨਾਲ ਆਲਰੈਡੀ ਸਰਕੂਲੇਟ ਹੋ ਚੁੱਕੀਆਂ ਹਨ । ਮੇਰੀ ਇਹ ਇਕ ਸਬਮਿਸ਼ਨ ਹੈ ਕਿ ਇਹ ਬਿਲ ਕਿਉਂਕਿ ਕਾਫੀ ਇਮਪਾਰਟੈਂਟ ਹੈ ਜਿਸ ਤਰ੍ਹਾਂ ਕਿ ਕਪਤਾਨ ਸਾਹਿਬ ਨੇ ਦਸਿਆ ਹੈ । ਇਸ ਲਈ ਇਸ ਨੂੰ ਵਿਚਾਰਨ ਲਈ ਵੀ ਇਕ ਸਿਲੈਕਟ ਕਮੇਟੀ ਬਣਾ ਦਿੱਤੀ ਜਾਏ, ਇਸ ਤਰ੍ਹਾਂ ਇਸ ਦੇ ਨਾਲ ਹੋਰ ਵੀ ਜ਼ਿਆਦਾ ਇਨਸਾਫ ਹੋਵੇਗਾ ਇਹ ਗਲ ਜਲਦੀ ਦੇ ਵਿੱਚ ਨਹੀਂ ਹੋਣੀ ਚਾਹੀਦੀ । ਇਸ ਬਿਲ ਦੀਆਂ 94 ਧਰਾਵਾਂ ਹਨ । ਇਸ ਦੀਆਂ

[ਕਾਮਰੇਡ ਰਾਜ ਕੁਮਾਰ]

17 ਅਮੈਂਡਮੈਂਟਸ ਤਾਂ ਸਾਡੀਆਂ ਹਨ, ਇਨ੍ਹਾਂ ਵਿੱਚ ਕੁਝ ਅਮੈਂਡਮੈਂਟਸ ਐਸੀਆਂ ਹਨ ਜਿਹੜੀਆਂ ਇਸ ਦੇ ਏਮਜ਼ ਐਂਡ ਆਬਜੈਕਟਸ ਦੇ ਰੂਟਸ ਵਿੱਚ ਜਾਂਦੀਆਂ ਹਨ। ਇਸ ਲਈ ਮੈਂ ਕਹਾਂਗਾ ਕਿ ਜੇਕਰ ਤੁਸੀਂ ਮੁਨਾਸਬ ਖਿਆਲ ਕਰੋਂ ਤਾਂ ਹਾਊਸ ਇਸ ਨੂੰ ਸਿਲੈਕਟ ਕਮੇਟੀ ਬਣਾ ਕੇ ਇਸ ਦੇ ਸਪੁਰਦ ਕਰਨ ਲਈ ਵਿਚਾਰ ਕਰੇ ਇਸ ਤੋਂ ਬਾਅਦ ਕੋਈ ਫ਼ੈਸਲਾ ਕਰ ਲਿਆ ਜਾਵੇ।

ਇਕ ਗਲ ਮੈਂ ਕਲੀਅਰ ਕਰ ਦੇਵਾਂ ਕਿ ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਅਸੀਂ ਚਾਹੁੰਦੇ ਹਾਂ ਕਿ ਇਸ ਬਿਲ ਤੇ ਕਾਰਵਾਈ ਪ੍ਰੋਸੀਡ ਕਰੇ ਅਤੇ ਰੁਕੇ ਨਾ।

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਅਤੇ ਸ੍ਰੀ ਗੁਰਦਿਆਲ ਸੈਣੀ ਪੁਆਇੰਟ ਆਫ ਆਰਡਰ ਤੇ ਖੜੇ ਹੋਏ। ਹਾਊਸ ਵਿੱਚ ਬਹੁਤ ਸ਼ੋਰ ਸੀ।)

Sir, I beg to move—

That the Punjab Housing Development Board Bill be referred to a Select Committee consisting of:—

1. Giani Zail Singh, Chief Minister.
2. Shri Partap Chand Bhandari, M.L.A.
3. Shri Sardari Lal Kapur, M.L.A.
4. Sardar Darshan Singh K. P., M.L.A.
5. Sardar Lachhman Singh, M.L.A.
6. Sardar Jaswinder Singh Brar, M.L.A.
7. Sardar Ajaib Singh Sandhu M.L.A.
8. Giani Kundan Singh Patang, M.L.A.
9. Comrade Satyapal Dang, M.L.A.

with a direction to make a report by the 31st July, 1972.

Mr. Speaker : Motion moved —

That the Punjab Housing Development Board Bill be referred to a Select Committee consisting of:—

1. Giani Zail Singh, Chief Minister.
2. Shri Partap Chand Bhandari, M.L.A.
3. Shri Sardari Lal Kapur, M.L.A.
4. Sardar Darshan Singh, K.P., M.L.A.
5. Sardar Lachhman Singh, M.L.A.
6. Sardar Jaswinder Singh Brar, M.L.A.
7. Sardar Ajaib Singh Sandhu, M.L.A.
8. Giani Kundan Singh Patang, M.L.A.
9. Comrade Satyapal Dang, M.L.A.

with a direction to make a report by the 31st July, 1972.

Mr. Speaker : Question is—

That the Punjab Housing Development Board Bill be referred to a Select Committee consisting of—

1. Giani Zail Singh, Chief Minister.
2. Shri Partap Chand Bhandari, M.L.A.
3. Shri Sardari Lal Kapur, M.L.A.
4. Sardar Darshan Singh, K.P., M.L.A.
5. Sardar Lachhman Singh, M.L.A.
6. Sardar Jaswinder Singh Brar, M.L.A.

7. Sardar Ajaib Singh Sandhu, M.L.A.
8. Giani Kundan Singh Patang, M.L.A.
9. Comrade Satyapal Dang, M.L.A.

with a direction to make a report by the 31st July, 1972.

(After ascertaining the votes by voices, Mr. Speaker said 'I think. Noes have it'. This opinion was challenged. The bells were sounded, The question was put again and Mr. Speaker said 'I think Noes have it. Again it was challenged. The Members were asked to rise in their places Thirty one members rose in support of the Motion and sixty-four against the motion. The motion was declared lost.)

AYES 31

NOES 64

The motion was lost.

(At 3-15 P.M. when division was taking place some visitors threw some leaflets from the Visitors' Gallery on the Floor of the House and also raised some slogans.)

ਸ਼੍ਰੀ ਸਪੀਕਰ : ਕੀ ਕੋਈ ਸਜਣ ਬੋਲਣਾ ਚਾਹੁੰਦਾ ਹੈ ? (Would any Member like to speak on the Bill ?)

ਮੁੱਖ ਮੰਤਰੀ : ਆਨ ਏ ਪੁਆਇੰਟ ਆਫ ਇਨਫਾਰਮੇਸ਼ਨ ਸਰ । ਸਪੀਕਰ ਸਾਹਿਬ ਜਦੋਂ ਵੋਟਿੰਗ ਹੋ ਰਹੀ ਸੀ ਤਾਂ ਦੋ ਅਕਾਲੀ ਮੈਂਬਰ ਸਾਡੇ ਨਾਲ ਖੜੇ ਹੋਏ ਸੀ (ਗਲਤ ਹੈ ਗਲਤ ਹੈ ਦੀਆਂ ਅਵਾਜ਼ਾਂ) ਫਿਰ ਉਹ ਬੈਠ ਗਏ ਸੀ । ਉਹ ਮੈਂਬਰ ਹਨ ਸਰਦਾਰ ਅਜਾਇਬ ਸਿੰਘ ਸੰਧੂ ਅਤੇ ਸਰਦਾਰ ਕਰਨੈਲ ਸਿੰਘ ਮਤੜ੍ਹੀ । (ਗਲਤ ਹੈ ਗਲਤ ਹੈ ਦੀਆਂ ਆਵਾਜ਼ਾਂ) ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਹ ਕਿਹੜੇ ਪਾਸੇ ਹਨ ? (ਹਾਸਾ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਆਪਣੀ ਗਲ ਕਹਿਣ ਤੋਂ ਪਹਿਲਾਂ ਤੁਹਾਡੇ ਇਕ ਬਹੁਤ ਅੱਛੇ ਫੈਸਲੇ ਦਾ ਜ਼ਿਕਰ ਕਰਕੇ ਆਪਣੀ ਗਲ ਕਹਾਂਗਾ ......

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਅਸੀਂ ਪੰਜਾਬੀ ਵਿੱਚ ਬਿਲ ਦੀਆਂ ਕਾਪੀਆਂ ਸਪਲਾਈ ਕਰਨ ਲਈ ਕਿਹਾ ਸੀ ਉਸ ਦਾ ਸਰਕਾਰ ਵਲੋਂ ਕੋਈ ਜਵਾਬ ਨਹੀਂ ਆਇਆ। ਤੁਸੀਂ ਸਰਕਾਰ ਤੋਂ ਐਸ਼ੋਰੈਂਸ ਦਿਵਾਓ ਕਿ ਅੱਗੇ ਤੋਂ ਅਜਿਹੀ ਗਲ ਨਹੀਂ ਹੋਵੇਗੀ ਅਤੇ ਬਿਲਾਂ ਦੀਆਂ ਕਾਪੀਆਂ ਪੰਜਾਬੀ ਵਿੱਚ ਵੀ ਮਿਲਣਗੀਆਂ । ਤਾਂ ਹੀ ਇਹ ਕਾਰਵਾਈ ਅੱਗੇ ਚਲਣੀ ਚਾਹੀਦੀ ਹੈ ।

ਸ਼੍ਰੀ ਸਪੀਕਰ : ਸਰਕਾਰ ਤਾਂ ਇਹ ਕਹਿੰਦੀ ਹੈ ਕਿ ਪੰਜਾਬੀ ਨੂੰ ਲਾਗੂ ਵੀ ਅਸੀਂ ਹੀ ਕੀਤਾ ਸੀ ਅਤੇ ਚਾਲੂ ਵੀ ਅਸੀਂ ਹੀ ਕਰਾਂਗੇ (ਸ਼ੋਰ) (The Government claim that they introduced the Punjabi in the State as official language and now would see that the decision is acted upon.)

ਖੇਤੀ ਬਾੜੀ ਅਤੇ ਵਿਕਾਸ ਮੰਤਰੀ ; ਸਪੀਕਰ ਸਾਹਿਬ, ਤੁਸੀਂ ਜੋ ਕਿਹਾ ਹੈ (ਸਰਦਾਰ ਕਰਨੈਲ ਸਿੰਘ ਮਰੂੜੀ ਵਲੋਂ ਵਿਘਨ) ਅੱਗੇ ਇਹ ਰਿਵਾਜ ਰਿਹਾ ਹੈ ਕਿ ਅਸੀਂ ਬਿਲ ਦੀ ਕਾਪੀ ਤੁਹਾਡੇ ਸੈਕ੍ਰੀਟੇਰੀਏਟ ਨੂੰ ਭੇਜ ਦਿੰਦੇ ਹਾਂ ਅਤੇ ਤੁਹਾਡਾ ਸੈਕ੍ਰੀਟੇਰੀਏਟ ਉਸ ਦਾ ਤਰਜਮਾ ਕਰਵਾ ਕੇ ਅਤੇ ਪ੍ਰਿੰਟ ਕਰਵਾਕੇ ਸਰਕੂਲੇਟ ਕਰਵਾ ਦਿੰਦਾ ਹੈ । ਤੁਸੀਂ ਵੀ ਆਪਣੀ ਮਜਬੂਰੀ ਦਸੀ ਸੀ । ਅਸੀਂ ਤੁਹਾਡੀ ਮਜਬੂਰੀ ਨੂੰ ਮਦੇ-ਨਜ਼ਰ ਰਖਦੇ ਹੋਏ ਇਹ ਕਿਹਾ ਸੀ ਕਿ ਜਿਹੜੀ ਮਦਦ ਦੀ ਵੀ ਲੋੜ ਹੋਵੇ ਅਸੀਂ ਉਹ ਦੇਣ ਨੂੰ ਤਿਆਰ ਹਾਂ । ਇਹ ਐਸ਼ੋਰੈਂਸ ਮੈਂ ਹਾਊਸ ਵਿਚ ਦਿਵਾਉਂਦਾ ਹਾਂ । ਸਰਕਾਰ ਦਾ ਮਕਸਦ ਇਹ ਕਦੇ ਨਹੀਂ ਕਿ ਪੰਜਾਬੀ ਨੂੰ ਉਹ ਅਹਿਮੀਅਤ ਨਾ ਦਿੱਤੀ ਜਾਵੇ ਜਿਹੜੀ ਕਿ ਰਾਜ ਭਾਸ਼ਾ ਹੋਣ ਕਰਕੇ ਉਸ ਨੂੰ ਮਿਲਣੀ ਚਾਹੀਦੀ ਹੈ । ਸ਼ਾਇਦ ਆਨਰੇਬਲ ਮੈਂਬਰਜ਼ ਦੇ ਗਿਆਤ ਵਿੱਚ ਇਹ ਚੀਜ਼ ਨਹੀਂ ਕਿ ਅਸੀਂ ਬਿਲ ਤੁਹਾਡੇ ਸੈਕ੍ਰੀਟੇਰੀਏਟ ਨੂੰ ਭੇਜ ਦਿੰਦੇ ਹਾਂ ਅਤੇ ਉਹ ਅੱਗੇ ਤਰਜਮਾ ਕਰਵਾ ਕੇ ਸਰਕੂ-ਲੇਟ ਕਰਵਾਉਂਦਾ ਹੈ । ਪਰ ਇਹ ਬਿਲ ਕਿਉਂਕਿ ਬਹੁਤ ਲੰਮਾ ਸੀ ਇਸ ਕਰਕੇ ਵਕਤ ਸਿਰ ਟਰਾਂਸਲੇਟ ਨਹੀਂ ਹੋ ਸਕਿਆ ਜਿਸ ਲਈ ਤੁਸੀਂ ਮਜਬੂਰੀ ਜ਼ਾਹਿਰ ਕੀਤੀ ਸੀ । ਮੈਂ ਐਸ਼ੋਰੈਂਸ ਦਿਵਾਉਣਾ ਚਾਹੁੰਦਾ ਹਾਂ ਕਿ ਸਾਰੀਆਂ ਆਈਟਮਜ਼ ਦਾ ਪੰਜਾਬੀ ਟਰਾਂਸਲੇਸ਼ਨ ਵੀ ਅੱਗੇ ਤੋਂ ਮੈਂਬਰਾਂ ਨੂੰ ਮਿਲੇਗਾ ਅਤੇ ਮੈਨੂੰ ਉਮੀਦ ਹੈ ਕਿ ਇਸ ਐਸ਼ੋਰੈਂਸ ਨੂੰ ਮਦੇ ਨਜ਼ਰ ਰਖ ਕੇ ਇਸ ਬਿਲ ਤੇ ਅਗਲੀ ਕਾਰਵਾਈ ਚਾਲੂ ਕੀਤੀ ਜਾਵੇਗੀ ।

ਰਾਜ ਮੰਤਰੀ ਸਥਾਨਕ ਸਰਕਾਰ ਅਤੇ ਜੇਲ੍ਹਾਂ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੀਡਰ ਆਫ਼ ਦੀ ਅਪੋਜ਼ੀਸ਼ਨ ਅਤੇ ਹੋਰ ਆਪੋਜ਼ੀਸ਼ਨ ਜੋ ਸਾਹਮਣੇ ਬੈਠੇ ਹਨ ਇਹ ਪੰਜਾਬੀ ਜ਼ਬਾਨ ਦੇ ਠੇਕੇਦਾਰ ਨਹੀਂ ਹਨ ਬਲਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਠੇਕੇਦਾਰ ਹੈ ਪੰਜਾਬੀ ਜ਼ਬਾਨ ਦੀ (ਸ਼ੋਰ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, (ਵਿਘਨ) ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਦੀ ਸਰਕਾਰ ਦੀ ਠੇਕੇਦਾਰੀ ਦਾ ਪਤਾ ਇਸ ਗਲ ਤੋਂ ਲਗਦਾ ਹੈ (ਵਿਘਨ) ਇਨ੍ਹਾਂ ਨੂੰ ਇਸ ਦਾ ਪੰਜਾਬੀ ਵਿੱਚ ਤਰਜਮਾ ਕਰਕੇ ਪਹਿਲਾਂ ਹੀ ਲਿਆਉਣਾ ਚਾਹੀਦਾ ਸੀ ਤਾਂ ਇਸ ਵਲ ਕੋਈ ਇਤਰਾਜ਼ ਨਾ ਹੁੰਦਾ (ਵਿਘਨ) ਜਦੋਂ ਇਹ ਬਿਲ ਅੰਗਰੇਜ਼ੀ ਵਿੱਚ ਆ ਗਿਆ ਤਾਂ ਮੈਂ ਸਮਝਦਾ ਹਾਂ ਕਿ ਇਸ ਪੰਜਾਬੀ ਜ਼ਬਾਨ ਦੀ ਠੇਕੇਦਾਰੀ ਤਾਂ ਪਾਂਡੇ ਸਾਹਿਬ ਦੀ ਸਰਕਾਰ ਦੀ ਉਸ ਵੇਲੇ ਹੀ ਖ਼ਤਮ ਹੋ ਗਈ । ਇਨ੍ਹਾਂ ਨੂੰ ਚਾਹੀਦਾ ਹੈ ਕਿ ਬਿਲ ਪੰਜਾਬੀ ਵਿੱਚ ਲਿਆਇਆ ਕਰਨ ਅਤੇ ਇਸ ਦੀ ਕਾਪੀ ਅੰਗਰੇਜ਼ੀ ਵਿੱਚ ਹੋਇਆ ਕਰੇ । (ਵਿਘਨ) ਬਿਲ ਪੰਜਾਬੀ ਵਿੱਚ ਹੋਵੇ ਅਤੇ ਕਾਪੀ ਅੰਗਰੇਜ਼ੀ ਵਿੱਚ ਹੋਵੇ ।

ਸ੍ਰੀ ਸਪੀਕਰ: ਮੈਂ ਹਾਊਸ ਅੱਗੇ ਬੇਨਤੀ ਕਰਾਂਗਾ ਕਿ ਹਾਊਸਿੰਗ ਦੀ ਸਮਸਿਆ ਜੋ ਕਿ (ਵਿਘਨ) ਸਾਰੇ ਦੇਸ਼ ਵਿੱਚ ਹੈ ਅਤੇ ਇਸ ਪਰਦੇਸ਼ ਵਿੱਚ ਵੀ (ਸ਼ੋਰ) ਬੜੀ ਦੁਖਦਾਈ ਹਾਲਤ ਹੈ (ਵਿਘਨ) ਇਹ ਬੜਾ ਜ਼ਰੂਰੀ ਬਿਲ ਹੈ ਜਿਸ ਤੇ ਬਹਿਸ ਕਰਨੀ ਚਾਹੀਦੀ ਹੈ (ਵਿਘਨ) ਹੋਰ ਗਲਾਂ ਕਰਕੇ ਵਕਤ ਜ਼ਾਇਆ ਕਰਨ ਦੀ ਬਜਾਏ ਸਾਨੂੰ ਇਸ ਬਿਲ ਤੇ ਬਹਿਸ ਕਰਨੀ ਚਾਹੀਦੀ ਹੈ । ਮੈਂ ਕਾਮਰੇਡ ਰਾਜ ਕੁਮਾਰ ਜੀ ਨੂੰ ਕਹਾਂਗਾ ਕਿ ਉਹ ਇਸ ਬਿਲ ਤੇ ਬੋਲਣ । (I would like to point out that the Housing is a grave problem all over India and the conditions are quite acute in this region also. (Noise) (Interruption) Leaving other matters aside we should take this Bill into consideration. I call upon Comrade Raj Kumar to resume his speech on this Bill.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ (ਸ਼ੋਰ) (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ । (ਸ਼ੋਰ) (ਵਿਘਨ)

ਚੌਧਰੀ ਜਗਤ ਰਾਮ : ਆਨ ਏ ਪੁਆਇੰਟ ਆਫ ਆਰਡਰ, ਸਰ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਮੈਨੂੰ ਕਹਿ ਲੈਣ ਦਿਉ । ਬੜੀ ਜ਼ਰੂਰੀ ਗਲ ਹੈ । (ਵਿਘਨ) ਚੀਫ ਮਨਿਸਟਰ ਸਾਹਿਬ ਨੇ ਪੁਛਿਆ ਸੀ ਕਿ ਜਦੋਂ ਹੁਣੇ ਬਿਲ ਤੇ ਗਿਣਤੀ ਹੋਈ ਸੀ ਤਾਂ ਸਾਹਮਣੇ ਬੈਠੇ ਸਜਣਾਂ ਵਿੱਚੋਂ ਵੀ ਦੋ ਸੱਜਣ ਸਾਡੇ ਨਾਲ ਖੜੇ ਹੋ ਗਏ ਸੀ (ਵਿਘਨ) (ਸ਼ੋਰ) ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਰਾਮ ਚੰਦਰ ਜੀ ਬਨਬਾਸ ਨੂੰ ਗਏ ਸੀ (ਸ਼ੋਰ) (ਵਿਘਨ)

(ਇਸ ਵੇਲੇ ਐਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਦਿੱਤਾ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਲੋਕ ਇਹ ਸਮਝਦੇ ਸੀ (ਵਿਘਨ)(ਸ਼ੋਰ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਪ੍ਰਾਬਲਮ ਬੜੀ ਗੰਭੀਰ ਹੈ ਸਾਡੇ ਦੇਸ਼ ਵਿੱਚ (ਵਿਘਨ) (ਸ਼ੋਰ) ਇਸ ਗੰਭੀਰਤਾ ਦਾ ਅਸਰ (ਵਿਘਨ) ਜੋ ਸਾਡੇ ਸੂਬੇ ਤੇ ਹੈ ਮੈਂ ਉਸ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ । (ਸ਼ੋਰ) (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਸਾਡਾ ਰਾਈਟ ਹੈ । (ਵਿਘਨ)

ਸ੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਤੁਸੀਂ ਬੋਲੀ ਚਲੋ । (Comrade Raj Kumar Ji, please continue your speech.)

ਕਾਮਰੇਡ ਰਾਜ ਕਮਾਰ : ਮੈਂ ਅਰਜ਼ ਕਰ ਰਿਹਾ ਸੀ (ਵਿਘਨ) ਇਹ ਮਸਲਾ ਕਿੰਨਾਂ ਗੰਭੀਰ ਹੈ। (ਸ਼ੋਰ) (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ,* * * (ਵਿਘਨ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਹਾਊਸਿੰਗ ਪ੍ਰਾਬਲਮ ਬੜੀ ਗੰਭੀਰ ਹੈ (ਵਿਘਨ) (ਸ਼ੋਰ)

(ਇਸ ਵੇਲੇ ਐਨਾ ਸ਼ੋਰ ਪੈ ਰਿਹਾ ਸੀ ਕਿ ਕੁਝ ਨਹੀਂ ਸੁਣਾਈ ਦਿੱਤਾ)

ਸਰਦਾਰ ਜਸਦੇਵ ਸਿੰਘ ਸੰਧੂ : * * * (ਵਿਘਨ)

ਸ੍ਰੀ ਸਪੀਕਰ : ਜੋ ਕੁਝ ਇਹ ਕਹਿੰਦੇ ਹਨ ਉਹ ਪਾਰਟ ਆਫ ਦੀ ਪ੍ਰੋਸੀਡਿੰਗ ਨਹੀਂ ਬਣੇਗਾ । (Whatever the hon. Member has said, that will not form part of the proceedings.)

ਕਾਮਰੇਡ ਰਾਜ ਕਮਾਰ (ਸ਼ੋਰ (ਵਿਘਨ) ਮਕਾਨਾਂ ਦੀ ਥੁੜ ਹੈ (ਵਿਘਨ) (ਸ਼ੋਰ) ਇਹ ਮਸਲੇ ਦੀ ਡੂੰਘਾਈ ਵਿੱਚ (ਵਿਘਨ) (ਸ਼ੋਰ)

(ਸ਼ੋਰ ਕਾਰਣ ਇਸ ਵੇਲੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ)

---

*Expunged as ordered by the Chair.

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ (ਵਿਘਨ) (ਸ਼ੋਰ)

Mr. Speaker: Raj Kumar ji, please continue.

ਕਾਮਰੇਡ ਰਾਜ ਕੁਮਾਰ : ਮੈਂ ਜ਼ਿਕਰ ਕਰ ਰਿਹਾ ਸੀ (ਵਿਘਨ) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਇਹ ਬੜਾ ਅਨਫੇਅਰ ਹੈ (ਵਿਘਨ) ਜੇ ਡਿਸਕਸ਼ਨ ਕਰਨੀ ਹੈ ਤਾਂ ਰੌਲਾ ਗੌਲਾ ਬੰਦ ਹੋਣਾ ਚਾਹੀਦਾ ਹੈ । ਕੋਈ ਬੰਦਾ ਵੀ ਇਸ ਤਰੀਕੇ ਨਾਲ ਬੋਲ ਨਹੀਂ ਸਕਦਾ । (ਵਿਘਨ) (ਸ਼ੋਰ)

Sardar Ajaib Singh Sandhu;- On a point of order, Sir. You do not allow us to raise the point of order.

Mr. Speaker: Point of order cannot be allowed to be misused.

Sardar Ajaib Singh Sandhu : It is not misused, Sir.

Mr. Speaker; It is not only being misused but it is also being abused.

ਸਰਦਾਰ ਜਸਦੇਵ ਸਿੰਘ ਸੰਧੂ : × × ×

ਸ੍ਰੀ ਸਪੀਕਰ : ਇਹ ਚੇਅਰ ਤੇ ਐਸਪਰਸ਼ਨ ਹੈ । ਇਹ ਐਕਸਪੰਜ ਹੋਣਾ ਚਾਹੀਦਾ ਹੈ । (ਸ਼ੋਰ) (ਵਿਘਨ) ਤੁਸੀ ਆਪ ਤਾਂ ਮੈਂਬਰਾਂ ਦੇ ਖਿਆਲਾਤ ਨੂੰ ਸੁਣਦੇ ਨਹੀਂ (ਵਿਘਨ) (This is an aspersion on the Chair. It should be expunged. (Interruption) (Noise) You do not listen to other Members.) (Interruption)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਮੈਂਬਰ ਖੜ੍ਹਾ ਹੋਵੇ ਤੁਸੀਂ ਸੁਣੋ ਨਾਂ (ਵਿਘਨ) ××× (ਵਿਘਨ)

ਸ੍ਰੀ ਸਪੀਕਰ : ਕਿੰਨੇ ਪੁਆਇੰਟ ਆਫ਼ ਆਰਡਰ ਤੁਸੀਂ ਰੇਜ਼ ਕਰਨਾ ਚਾਹੋਗੇ ? (How many points of order would you like to raise).

ਸਰਦਾਰ ਅਜਾਇਬ ਸਿੰਘ ਸੰਧੂ : ਇਸ ਬਾਰੇ ਕੋਈ ਲਿਮਿਟ ਨਹੀਂ ਹੋ ਸਕਦੀ (ਵਿਘਨ) ਪਹਿਲਾਂ ਇਨ੍ਹਾਂ ਨੂੰ ਇਕ ਪੁਆਇੰਟ ਆਫ਼ ਆਰਡਰ ਕਰਨ ਦੀ ਇਜਾਜ਼ਤ ਦਿਉ ਫਿਰ ਦੂਜਾ ਵੀ ਹੋ ਸਕਦਾ ਹੈ । (ਵਿਘਨ)

ਸ੍ਰੀ ਸਪੀਕਰ: ਜੇ ਇਹ ਪੁਆਇੰਟ ਆਫ਼ ਆਰਡਰ ਹਾਊਸ ਦੀ ਕਾਰਵਾਈ ਨੂੰ ਰੋਕਣ ਦਾ ਹੈ ਤਾਂ ਆਗਿਆ ਨਹੀਂ ਦਿਤੀ ਜਾਵੇਗੀ (ਵਿਘਨ) (A point of order that obstructs the proceedings of the House is inadmissible.)

ਸਰਦਾਰ ਅਜਾਇਬ ਸਿੰਘ ਸੰਧੂ : ਜੇ ਪੁਆਇੰਟ ਆਫ਼ ਆਰਡਰ ਠੀਕ ਨਾ ਹੋਇਆ ਤਾਂ ਤੁਸੀਂ ਰੂਲ ਆਊਟ ਕਰ ਦਈਓ (ਵਿਘਨ)

---

*Expunged as ordered by the Chair.

ਸ੍ਰੀ ਸਪੀਕਰ : ਸੰਧੂ ਸਾਹਿਬ, ਤੁਹਾਡਾ ਕੀ ਪੁਆਇੰਟ ਆਫ਼ ਆਰਡਰ ਹੈ ? (Sandhu Sahib, what is your point of order ?)

ਸਰਦਾਰ ਜਸਦੇਵ ਸਿੰਘ ਸੰਧੂ: ਪੁਆਇੰਟ ਆਫ਼ ਆਰਡਰ ਤੇ ਬੋਲਣਾ ਸਾਡਾ ਰਾਈਟ ਹੈ । ਜੇ ਠੀਕ ਨਾਂ ਸਮਝੋ ਤਾਂ ਤੁਸੀਂ ਰੂਲ ਆਊਟ ਕਰ ਸਕਦੇ ਹੋ । ਮੈਂ ਸਮਝਦਾ ਹਾਂ ਕਿ ਜਿਹੋ ਜਿਹਾ ਬੀਹੇਵ ਤੁਸੀਂ ਸਾਡੇ ਨਾਲ ਕੀਤਾ ਹੈ (ਵਿਘਨ) ਅਸੀਂ ਐਨੇ ਚਿਰ ਤੋਂ ਖੜੇ ਹਾਂ ਤੁਸੀਂ ਸਾਨੂੰ ਸੁਣਦੇ ਹੀ ਨਹੀਂ ਅਸੀਂ ਕਿਸ ਤਰ੍ਹਾਂ ਪੁਆਇੰਟ ਆਫ਼ ਆਰਡਰ ਰੇਜ਼ ਕਰੀਏ । ਇਹ ਮੋਸਟ ਅਨਪ੍ਰੈਸੀਡੈਂਟਿਡ ਗਲ ਹੈ ਜਿਸ ਤਰੀਕੇ ਨਾਲ ਤੁਸੀਂ ਪੁਆਇੰਟ ਆਫ਼ ਆਰਡਰ ਰੇਜ਼ ਨਹੀਂ ਕਰਨ ਦਿੰਦੇ (ਵਿਘਨ)

ਸ੍ਰੀ ਸਪੀਕਰ: ਤੁਸੀਂ ਗਿਆਨੀ ਐਡਵੋਕੇਟ ਹੋ (ਵਿਘਨ) ਹਾਊਸਿੰਗ ਬਿਲ ਤੇ ਡਿਸਕਸ਼ਨ ਹੋ ਰਹੀ ਹੈ ਅਤੇ ਤੁਸੀਂ ਇਸ ਤੇ ਇਕ ਸ਼ਬਦ ਨਹੀਂ ਕਿਹਾ ਹੈ (ਵਿਘਨ) ਇਸ ਤਰ੍ਹਾਂ ਨਾਲ ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਇਹ ਗਲਤ ਐਪ੍ਰੋਚ ਹੈ (ਵਿਘਨ) (*Addressing Sardar Jasdev Singh Sandhu :* You are a Giani and an Advocate (*Interruption*) The discussion is about the Housing Bill and you have not said even one word regarding this Bill (*Interruption*) It is wrong to raise a point of order in this manner.)

ਸਰਦਾਰ ਜਸਦੇਵ ਸਿੰਘ ਸੰਧੂ : ਜੇ ਬਗੈਰ ਸੁਣੇ ਫੈਸਲਾ ਕਰਨਾ ਚਾਹੋ ਤਾਂ ਫਿਰ (ਵਿਘਨ) ਰੂਲ ਮੁਤਾਬਿਕ ਅਸੀਂ ਮੰਗ ਕੀਤੀ ਸੀ ਕਿ ਬਿਲ ਦਾ ਪੰਜਾਬੀ ਟ੍ਰਾਂਸਲੇਸ਼ਨ ਦਿਤਾ ਜਾਵੇ ਔਰ ਅਜੇ ਤਕ ਇਸ ਗਲ ਦੀ ਕਲੀਅਤ ਅਸ਼ੋਰੇਸ ਨਹੀਂ ਦਿਤੀ ਗਈ । ਪੰਜਾਬੀ ਵਿਚ ਅਨੁਵਾਦ ਕਦੋਂ ਤਕ ਮਿਲ ਜਾਵੇਗਾ ਅਤੇ ਜਿਹੜੇ ਮੈਂਬਰ ਅੰਗ੍ਰੇਜ਼ੀ ਨਹੀਂ ਜਾਣਦੇ (ਵਿਘਨ) ਉਹ ਪੰਜਾਬੀ ਵਿਚ ਪੜ੍ਹਕੇ ਇਸ ਡਿਸਕਸ਼ਨ ਵਿਚ ਹਿੱਸਾ ਲੈ ਸਕਣ ।

ਸ੍ਰੀ ਸਪੀਕਰ : ਛੇਤੀ ਤੋਂ ਛੇਤੀ ਮਿਲ ਜਾਵੇਗਾ । (It will be supplied as early as possible.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜੇ ਇਹ ਕਹਿਣ ਇਕ ਘੰਟੇ ਵਿਚ ਬਿੱਲ ਪਾਸ ਕਰ ਲੈਣਾ ਹੈ, ਇਹ ਠੀਕ ਨਹੀਂ ਹੈ। (ਵਿਘਨ) ਜਦ ਤਕ ਇਹ ਪਹਿਲਾਂ ਇਸ ਦਾ ਪੰਜਾਬੀ ਵਿਚ ਤਰਜਮਾਂ ਕਰਕੇ ਨਾ ਦੇਣ, ਉਦੋ ਤੱਕ ਇਹ ਬਿਲ ਪਾਸ ਨਹੀਂ ਹੋਣਾ ਚਾਹੀਦਾ । ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਇਕ ਘੰਟੇ ਦੀ ਰੀਸੈੱਸ ਕਰਨ ਅਤੇ ਅਸੀਂ ਵੀ ਉਤਨੇ ਚਿਰ ਵਿਚ ਚਾਹ ਪੀ ਆਈਏ ਅਤੇ ਇਸ ਦਾ ਤਰਜਮਾ ਕਰਕੇ ਇਥੇ ਦਿਤਾ ਜਾਵੇ । (ਵਿਘਨ) (ਸ਼ੋਰ) ਸਰਕਾਰ ਸਾਡੇ ਰਾਈਟਸ ਤੇ ਛਾਪਾ ਮਾਰਨਾ ਚਾਹੁੰਦੀ ਹੈ । (ਵਿਘਨ) ਇਨ੍ਹਾਂ ਨੂੰ ਲੁੱਟਣ ਦੀ ਇਜਾਜ਼ਤ ਤੁਸੀਂ ਨਾ ਦਿਓ ।

ਸ੍ਰੀ ਸਪੀਕਰ : ਇਹ ਬਿੱਲ ਬਹੁਤ ਪਹਿਲਾਂ ਬਣ ਜਾਣਾ ਚਾਹੀਦਾ ਸੀ । ਪਰ ਇਸ ਦੇ ਵਿਚ ਅੱਜ ਤਕ ਅਣਗਹਿਲੀ ਹੋਈ ਹੈ । ਇਸ ਕਰਕੇ ਜਿਤਨਾ ਛੇਤੀ ਇਸ ਨੂੰ ਪਾਸ ਕਰੋਗੇ ਉਤਨਾ ਹੀ ਅੱਛਾ ਹੋਵੇਗਾ । (ਵਿਘਨ) (This Bill should have been presented much earlier. It has already been considerably delayed. It should therefore, be passed at the earlist.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ 25 ਸਾਲ ਅਣਗਹਿਲੀ ਕੀਤੀ ਹੈ ਪਰ ਹੁਣ ਤਾਂ ਇਕ ਘੰਟੇ ਦੀ ਗੱਲ ਹੈ । ਇਕ ਘੰਟੇ ਦੀ ਰੀਸੈੱਸ ਕਰ ਲਈ ਜਾਵੇ ਅਤੇ ਇਸ ਦਾ ਤਰਜਮਾ ਕਰਕੇ ਲਿਆਂਦਾ ਜਾਵੇ । (ਵਿਘਨ)

ਸ਼੍ਰੀ ਸਪੀਕਰ: ਇਸ ਦੇ ਉਤੇ ਜਿੰਨੀ ਵੱਧ ਤੋਂ ਵੱਧ ਐਸ਼ੋਰੇਂਸ ਦੀ ਲੋੜ ਸੀ, ਉਹ ਦਿੱਤੀ ਗਈ ਹੈ। (ਵਿਘਨ) ਹੁਣ ਮੈਂ ਕਾਮਰੇਡ ਰਾਜ ਕੁਮਾਰ ਨੂੰ ਕਹਾਂਗਾ ਕਿ ਉਹ ਆਪਣੀ ਸ਼ਪੀਚ ਰਿਜ਼ਿਊਮ ਕਰਨ। (Maximum assurance has been given in this respect. Now I would request Comrade Raj Kumar to resume his speech. (*Interruption*)

(ਇਸ ਸਮੇਂ ਕਾਮਰੇਡ ਰਾਜ ਕੁਮਾਰ ਬੋਲਣ ਲਈ ਖੜ੍ਹੇ ਹੋਏ।)

ਹਾਊਸ ਵਿਚ ਇਸ ਸਮੇਂ ਕਾਫ਼ੀ ਸ਼ੋਰ ਸੀ। ਬਹੁਤ ਸਾਰੇ ਮੈਂਬਰਜ਼ ਬੋਲ ਰਹੇ ਸਨ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਸ ਦੀ ਪੰਜਾਬੀ ਵਿਚ ਕਾਪੀ ਦੇਣ। (ਵਿਘਨ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਵਿਚ ਕਾਫ਼ੀ ਸ਼ੋਰ ਸੀ।)

ਸਿਖਿਆ ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਸਮਝਦਾ ਸੀ ਕਿ ਇਹ ਦੋਵੇਂ ਸੰਧੂ ਲਾ ਗਰੈਜੂਏਟ ਹਨ ਪਰ ਪਤਾ ਲੱਗਾ ਕਿ ਇਹ ਢਾਡੀ ਜਥਾ ਹੈ ਅਤੇ ਇਨ੍ਹਾਂ ਨੂੰ ਸਿਵਾਏ ਰੌਲਾ ਪਾਉਣ ਦੇ ਹੋਰ ਕੁਝ ਨਹੀਂ ਪਤਾ। (ਸ਼ੋਰ) ਵਿਘਨ)

ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ: ਪੁਆਇੰਟ ਆਫ਼ ਆਰਡਰ ਸਰ। ਸਪੀਕਰ ਸਾਹਿਬ, ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਐਨਾ ਇੰਪਾਰਟਟੈਂਟ ਬਿੱਲ ਪੰਜਾਬ ਹਾਊਸਿੰਗ ਡੀਵੈਲਪਮੈਂਟ ਬੋਰਡ ਦਾ ਹੋਵੇ ਅਤੇ ਇਸ ਤਰ੍ਹਾਂ ਕਹਿ ਕੇ ਸ਼ੁਰੂ ਕੀਤਾ ਗਿਆ ਕਿ ਇਹ ਪੰਜਾਖੀ ਵਿਚ ਕਿਉਂ ਨਹੀਂ ਦਿਤਾ ਗਿਆ। ਇਸ ਵਿਚ ਕੋਈ ਦੋ ਰਾਵਾਂ ਨਹੀਂ। ਪਰ ਜਿਹੜੇ ਮੈਂਬਰ ਸਾਹਿਬਾਨ ਅੰਗਰੇਜ਼ੀ ਪੜ੍ਹਨਾ ਨਹੀਂ ਜਾਣਦੇ ਉਨ੍ਹਾਂ ਨੂੰ ਹਿੰਦੀ ਅਤੇ ਪੰਜਾਬੀ ਦੇ ਵਿਚ ਇਹ ਬਿੱਲ ਵੰਡਿਆ ਜਾਣਾ ਚਾਹੀਦਾ ਸੀ ਪਰ ਕੁਝ ਮਜ਼ਬੂਰੀਆਂ ਕਰਕੇ ਨਹੀਂ ਵੰਡਿਆ ਗਿਆ। ਪਰ ਸਾਡੇ ਆਨਰੇਬਲ ਮੈਂਬਰਜ਼ ਨੂੰ 293 ਦਿਨ ਮਿਲ ਗਏ ਸੀ ਸਟਡੀ ਕਰਨ ਵਿਚ ਬੜਾ ਚੰਗਾ ਹੁੰਦਾ ਅਗਰ ਮਰਹਾੜੀ ਸਾਹਿਬ (ਵਿਘਨ) (ਸ਼ੋਰ) (ਸਰਦਾਰ ਕਰਨੈਲ ਸਿੰਘ ਮਰਹਾੜੀ ਵਲੋਂ ਵਿਘਨ) ਬੜਾ ਚੰਗਾ ਹੁੰਦਾ ਅਗਰ ਮਰਹਾੜੀ ਸਾਹਿਬ ਚਾਹੁੰਦੇ ਕਿ ਇਸ ਬਿੱਲ ਨੂੰ ਸਟੱਡੀ ਕਰਨਾ ਹੈ ਤਾਂ ਉਹ ਕਿਸੇ ਕੋਲੋਂ ਵੀ ਪੜ੍ਹਵਾ ਕੇ ਇਸ ਨੂੰ ਸਟੱਡੀ ਕਰਕੇ ਇਸ ਦੇ ਉਤੇ ਅਗਰ ਕੋਈ ਅਮੈਂਡਮੈਂਟਸ ਦੇਣਾ ਚਾਹੁੰਦੇ ਤਾਂ ਦੇ ਸਕਦੇ ਸੀ। (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰਹਾੜੀ ਪੁਆਇੰਟ ਆਫ਼ ਆਰਡਰ ਤੇ ਖੜੇ ਹੋਏ। ਪਰ ਹਾਊਸ ਵਿਚ ਕਾਫ਼ੀ ਸ਼ੋਰ ਸੀ ਜਿਸ ਕਰਕੇ ਕੁਝ ਸੁਣਾਈ ਨਹੀਂ ਦਿੱਤਾ)।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰਜ਼ ਨੂੰ ਇਹ ਅਰਜ਼ ਕਰਦੀ ਹਾਂ ਕਿ ਐਨਾ ਵਕਤ ਹਾਊਸ ਦਾ ਜ਼ਾਇਆ ਨਾ ਕਰਨ ਅਤੇ ਇਸ ਬਿੱਲ ਤੇ ਅੱਛੀ ਤਰ੍ਹਾਂ ਵਿਚਾਰ ਕਰਨ ਤਾਕਿ ਇਸ ਬਿੱਲ ਤੇ ਅੱਛੀ ਤਰ੍ਹਾਂ ਡਿਸਕਸ਼ਨ ਹੋ ਕੇ ਇਹ ਬਿਲ ਪਾਸ ਹੋ ਸਕੇ। ਸੋ ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਦੀ ਹਾਂ ਅਤੇ ਉਮੀਦ ਕਰਦੀ ਹਾਂ ਕਿ ਉਹ ਮੇਰੀ ਬੇਨਤੀ ਨੂੰ ਪਰਵਾਨ ਕਰਨਗੇ ਅਤੇ ਮੈਂ ਸਰਕਾਰ ਨੂੰ ਵੀ ਬੇਨਤੀ ਕਰਾਂਗੀ ਕਿ ਅੱਗੇ ਤੋਂ ਬਿੱਲ ਮੈਂਬਰਜ਼ ਨੂੰ ਪੰਜਾਬੀ ਅਤੇ ਹਿੰਦੀ ਵਿਚ ਵੰਡੇ ਜਾਇਆ ਕਰਨ (ਵਿਘਨ) ਇਸ ਲਈ ਮਿਹਰਬਾਨੀ ਕਰਕੇ ਹਾਊਸ ਦਾ ਵਕਤ ਜ਼ਾਇਆ ਨਾ ਕੀਤਾ ਜਾਵੇ। ਕਿਉਂਕਿ ਇਹ ਕੋਈ ਖੇਲ੍ਹ ਤਮਾਸ਼ਾ ਨਹੀਂ ਹੈ ਕਿ ਪਬਲਿਕ ਦਾ ਐਠਾ ਪੈਸਾ ਜ਼ਾਇਆ ਹੋਵੇ ਅਤੇ ਜਿਹੜੇ

ਸੌ ਦੋ ਸੌ ਮੀਲ ਤੋਂ ਇਥੇ ਆਉਂਦੇ ਹਨ ਤਾਂ ਜਦੋਂ ਛੇ ਛੇ ਮੈਂਬਰ ਉਠ ਕੇ ਇੱਕਠੇ ਬੋਲਣ ਲੱਗ ਜਾਂਦੇ ਹਨ ਤਾਂ ਉਦੋਂ ਕੋਈ ਪਤਾ ਨਹੀਂ ਲੱਗਦਾ ਕਿ ਉਹ ਕੀ ਬੋਲ ਰਹੇ ਹਨ । ਇਸ ਲਈ ਮੈਂ ਬੇਨਤੀ ਕਰਾਂਗੀ ਕਿ ਤੁਸੀਂ ਇਕ ਗੱਲ ਨੂੰ ਵਿਚਾਰੋ ਅਤੇ ਇਸ ਬਿੱਲ ਨੂੰ ਪਾਸ ਕਰੋ । (ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਦੇ ਬਹੁਤ ਸਾਰੇ ਮੈਂਬਰਜ਼ ਬੋਲਣ ਲਈ ਖੜੇ ਹੋਏ ।)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ ,ਸਰ । (ਵਿਘਨ) (ਸ਼ੋਰ)

ਸਰਦਾਰ ਕਰਨੈਲ ਸਿੰਘ ਮਰੜੀ : ਸਪੀਕਰ ਸਾਹਿਬ, ਮੈਂ 15-20 ਵਾਰੀ ਪੁਆਇੰਟ ਆਫ਼ ਆਰਡਰ ਤੇ ਖੜਾ ਹੋਇਆ ਹਾਂ ਪਰ ਤੁਸੀਂ ਕੋਈ ਧਿਆਨ ਹੀ ਨਹੀਂ ਦਿੰਦੇ । (ਵਿਘਨ) ਮੈਂ ਵੀ ਵੋਟਾਂ ਕੇ ਆਇਆ ਹਾਂ । ਇਸ ਲਈ ਸਾਡੀ ਵੀ ਗਲ ਸੁਣੋ । (ਵਿਘਨ) (ਸ਼ੋਰ)

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਅਗਰ ਕੋਈ ਮੈਂਬਰ ਇਸ ਬਿੱਲ ਤੇ ਬੋਲਣਾ ਨਹੀਂ ਚਾਹੁੰਦਾ ਤਾਂ ਕਲਾਜ਼ ਬਾਈ ਕਲਾਜ਼ ਕੰਸਿਡਰੇਸ਼ਨ ਸ਼ੁਰੂ ਕਰੋ । (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਫਿਰ ਇਸ ਤਰ੍ਹਾਂ ਕੰਮ ਨਹੀਂ ਚੱਲਣਾ । (ਵਿਘਨ)

ਸ੍ਰੀ ਸਪੀਕਰ : ਪਰ ਸੰਧੂ ਸਾਹਿਬ, ਤੁਸੀਂ ਮੇਰੀ ਬੇਨਤੀ ਤਾਂ ਮੰਨ ਲਵੋ । (Sandhu Sahib, please accede to my request.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਹਾਡਾ ਹੁਕਮ ਮੰਨਦੇ ਹਾਂ। ਇਥੇ ਬੀਬੀ ਜੀ ਨੇ ਕਿਹਾ ਹੈ ਕਿ ਇਹ ਕਿਸੇ ਹੋਰ ਤੋਂ ਪੜ੍ਹਾ ਲੈਂਦੇ । (ਵਿਘਨ) ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਵੀ ਗਲਤੀ ਕੀਤੀ ਹੈ ਕਿ ਸਾਨੂੰ ਪੰਜਾਬੀ ਵਿਚ ਨਹੀਂ ਦਿਤਾ । ਪਰ ਇਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਉਹ 10 ਮੈਂਬਰਾਂ ਨੂੰ ਘਰ ਬੁਲਾ ਕੇ ਪੰਜਾਬੀ ਵਿਚ ਉਨ੍ਹਾਂ ਨੂੰ ਸਮਝਾ ਦਿੰਦੇ । (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਸ ਦਾ ਪੰਜਾਬੀ ਵਿਚ ਤਰਜਮਾ ਕਰਕੇ ਲਿਆਉਣਾ ।

(ਇਸ ਸਮੇਂ ਹਾਊਸ ਵਿਚ ਬੜਾ ਸ਼ੋਰ ਸੀ ।)

ਸ੍ਰੀ ਸਪੀਕਰ: ਸੰਧੂ ਸਾਹਿਬ ,ਤੁਹਾਡੇ ਵਿਚ ਕਈ ਐਡਵੋਕੇਟ ਬੈਠੇ ਹਨ । ਅੱਜ ਮਰਹੜੀ ਸਾਹਿਬ ਨਾ ਬੋਲਣ, ਦੂਜੇ ਮੈਂਬਰਜ਼ ਬੋਲ ਲੈਣ । (ਵਿਘਨ) (Sandhu Sahib, there are so many Advocate Members in your party. Let other speak today instead of Shri Marhari.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਹਾਊਸਿੰਗ ਬੋਰਡ ਪਿੰਡਾਂ ਵਾਲਿਆਂ ਵਾਸਤੇ ਵੀ ਬਣਨਾ ਹੈ । ਇਥੇ ਪਿੰਡਾਂ ਦੇ ਮੈਂਬਰਜ਼ ਆਏ ਹੋਏ ਹਨ, ਇਸ ਲਈ ਉਨ੍ਹਾਂ ਨੇ ਵੀ ਬੋਲਣਾ ਹੈ । (ਵਿਘਨ) (ਸ਼ੋਰ)

ਸਰਦਾਰ ਕਰਨੈਲ ਸਿੰਘ ਮਰਹੜੀ : ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਟਾਈਮ ਨਹੀਂ ਦਿੰਦੇ —x x x

Mr. Speaker :

(ਇਸ ਸਮੇਂ ਹਾਊਸ ਵਿਚ ਕਾਫ਼ੀ ਸ਼ੋਰ ਸੀ)

---

*Expunged as ordered by the Chair.

ਸਰਦਾਰ ਧੰਨਾ ਸਿੰਘ ਗੁਲਸ਼ਨ :ਸਪੀਕਰ ਸਾਹਿਬ, ਤੁਸੀਂ ਮੇਰੀ ਵੀ ਗਲ ਨਹੀਂ ਸੁਣਦੇ ××× ××× ××× ।

(ਇਸ ਸਮੇਂ ਹਾਊਸ ਵਿਚ ਕਾਫ਼ੀ ਸ਼ੋਰ ਸੀ)

ਸ੍ਰੀ ਸਪੀਕਰ : ਇਹ ਰਿਕਾਰਡ ਤੇ ਸ਼ੋ ਨਾ ਕੀਤਾ ਜਾਏ । (This may not come on the record.)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਸਰਕਾਰ ਦੀ ਗਲਤੀ ਕਰਕੇ ਹੋਇਆ ਹੈ ।(ਵਿਘਨ) ਮੈਂ ਬੇਨਤੀ ਕਰਾਂਗਾ ਕਿ ਸਾਡੇ ਇੱਕਲੇ ਇੱਕਲੇ ਮੈਂਬਰਜ਼ ਦਾ ਬੈਠਣਾ ਠੀਕ ਨਹੀਂ ਹੋਵੇਗਾ । (ਸ਼ੋਰ)

ਸ੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਤੁਸੀਂ ਆਪਣੀ ਸਪੀਚ ਜਾਰੀ ਰੱਖੋ । (Comrade Raj Kumar ji, please continue your speech.)

(ਇਸ ਸਮੇਂ ਹਾਊਸ ਵਿਚ ਸ਼ੋਰ ਸੀ ।)

ਕਾਮਰੇਡ ਰਾਜ ਕੁਮਾਰ : ਮਕਾਨਾਂ ਦਾ ਘਾਟਾ ਵਧਦਾ ਜਾ ਰਿਹਾ ਹੈ । ਪੰਜਾਬ ਦੇ ਵਿਚ ਇਸ ਦੀ ਜੋ ਹਾਲਤ ਹੈ, ਮੈਂ ਉਸ ਦਾ ਜ਼ਿਕਰ ਕਰਦਾ ਹਾਂ । ਮੈਨੂੰ ਬਹੁਤੇ ਅਦਾਦੋਸ਼ਮਾਰ ਇੱਕਠੇ ਕਰਨ ਦਾ ਮੌਕਾ ਤਾਂ ਨਹੀਂ ਮਿਲਿਆ ਲੇਕਿਨ ਪਿਛਲੀਆਂ ਦੋ ਛੁਟੀਆਂ ਵਿਚ ਪੰਜਾਬ ਵਿਚ ਜੋ ਕੁਝ ਮੈਂ ਦੇਖਿਆ... (ਇਸ ਸਮੇਂ ਬਹੁਤ ਸਾਰੇ ਮੈਂਬਰਜ਼ ਉਠ ਕੇ ਬੋਲ ਰਹੇ ਸਨ ਅਤੇ ਕੁਝ ਨਹੀਂ ਸੁਣਾਈ ਦਿਤਾ ।)

ਚੌਧਰੀ ਦਰਸ਼ਨ ਸਿੰਘ : ਪੁਆਇੰਟ ਆਫ਼ ਆਰਡਰ, ਸਰ । (ਵਿਘਨ) ਸਪੀਕਰ ਸਾਹਿਬ, ਜਿਸ ਤਰ੍ਹਾਂ ਇਹ ਕਰ ਰਹੇ ਹਨ ਇਸ ਤਰ੍ਹਾਂ ਪਰੋਸੀਡਿੰਗਜ਼ ਨਹੀਂ ਚੱਲ ਸਕਦੀਆਂ । (ਵਿਘਨ) (ਸ਼ੋਰ)

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ।)

ਸਰਦਾਰ ਸਤਨਾਮ ਸਿੰਘ ਬਾਜਵਾ : ਸਪੀਕਰ ਸਾਹਿਬ, ਜੇ ਇਨ੍ਹਾਂ ਦੀ ਇਥੇ ਬੈਠਿਆਂ ਦੀ ਨਹੀਂ ਸੁਣੀ ਜਾਂਦੀ ਤਾਂ ਕੀ ਇਹ ਲੰਮੇ ਪੈ ਜਾਣ । (ਵਿਘਨ) (ਸ਼ੋਰ)

ਆਪੋਜ਼ੀਸ਼ਨ ਵਲੋਂ ਆਵਾਜ਼ਾਂ : ਧੱਕੇ ਸ਼ਾਹੀ ਨਹੀਂ ਚੱਲੇਗੀ । (ਸ਼ੋਰ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਇਕ ਐਸੇ ਸ਼ਹਿਰ ਵਿਚ ਜਾਣ ਦਾ ਮੌਕਾ ਮਿਲਿਆ ਜਿਥੇ ਹਾਊਸਿੰਗ ਦੀ ਸਮੱਸਿਆ ਹੈ । (ਵਿਘਨ) (ਸ਼ੋਰ)

(ਇਸ ਵਕਤ ਹਾਊਸ ਵਿਚ ਕੁਝ ਆਪੋਜ਼ੀਸ਼ਨ ਮੈਂਬਰਾਂ ਵੱਲੋਂ ਮੇਜ਼ ਖੜਕਾਏ ਜਾ ਰਹੇ ਸਨ ਤੇ ਸ਼ੋਰ ਸੀ ਅਤੇ ਸਰਦਾਰ ਸੁਰਜੀਤ ਸਿੰਘ (ਬਰਨਾਲਾ) ਪੁਆਇੰਟ ਆਫ਼ ਆਰਡਰ ਤੇ ਖੜ੍ਹੇ ਹੋ ਗਏ ਪਰ ਕਾਮਰੇਡ ਰਾਜ ਕੁਮਾਰ ਨੇ ਆਪਣੀ ਸਪੀਚ ਜਾਰੀ ਰਖੀ)

ਇਨ੍ਹਾਂ ਝੁਗੀਆਂ ਵਿਚ ਔਸਤਨ ਹਰ ਝੁਗੀ ਵਿਚ 8 ਆਦਮੀ ਰਹਿੰਦੇ ਹਨ । 8775 ਝੁਗੀਆਂ ਹਨ ਤਾਂ ਇਸ ਦਾ ਮਤਲਬ ਇਹ ਹੋਇਆ ਕਿ 65 ਹਜ਼ਾਰ ਦੀ ਆਬਾਦੀ ਵਾਸ਼ਤੇ ਰਹਿਣ ਲਈ ਜਗ੍ਹਾ ਦਾ ਪ੍ਰਬੰਧ ਨਹੀਂ । ਇਹ ਬੈਗਰਾਊਂਡ ਹੈ, ਜਿਸ ਬੈਗਰਾਊਂਡ ਦੇ ਅੰਦਰ ਸਾਡੇ ਮਾਨਯੋਗ 'ਵਿੱਤਮੰਤਰੀ ਜੀ ਨੇ ਆਪਣੀ

*Not recorded as ordered by the Chair

ਬਜਟ ਸਪੀਚ ਵਿਚ ਅਤੇ ਸਾਡੇ ਮਾਨਯੋਗ ਚੀਫ ਮਨਿਸਟਰ ਸਾਹਿਬ ਨੇ ਆਪਣੇ ਏਮਜ਼ ਐਂਡ ਆਬਜੈਕਟਸ ਵਿਚ ਇਹ ਸਮੱਸਿਆ ਦਰਸਾਈ ਹੈ। (ਸ਼ੋਰ) (ਬਹੁਤ ਸ਼ੋਰ) ਇਸ ਸਮੱਸਿਆ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਇਨ੍ਹਾਂ ਨੇ ਇਸ ਹਾਊਸ ਵਿਚ ਅਸ਼ੋਰੈਂਸ਼ ਦਿਤੀ ਕਿ ਆਉਣ ਵਾਲੇ ਸਮੇਂ ਵਿਚ ਸਰਕਾਰ ਦੀ ਤਰਫੋਂ 500-ਰੁਪਏ ਮਾਹਵਾਰੀ ਦੀ ਇਨਕਮ ਤਕ ਹਰ ਇਕ ਭਾਵੇਂ ਉਹ ਹਰੀਜਨ ਹੋਵੇ ਤੇ ਭਾਵੇਂ ਉਹ ਗੈਰ ਹਰੀਜਨ ਹੋਵੇ ਉਨ੍ਹਾਂ ਨੂੰ ਮਕਾਨ ਦਿਤੇ ਜਾਣਗੇ। ਮੈਂ ਉਨ੍ਹਾਂ ਦੀ ਇਸ ਅਸ਼ੋਰੈਂਸ਼ ਦਾ ਸਵਾਗਤ ਕੀਤਾ, (ਸ਼ੋਰ) (ਬਹੁਤ ਸ਼ੋਰ) (ਅਪੋਜ਼ੀਸ਼ਨ ਬੈਂਚਾਂ ਵਲੋਂ ਮੇਜ਼ਾਂ ਖੜਕਾਈਆਂ ਜਾ ਰਹੀਆਂ ਸਨ।) ਇਸ ਕਰਕੇ ਉਨ੍ਹਾਂ ਨੇ ਇਹ ਬਿਲ ਲਿਆਂਦਾ।

(ਹਾਊਸ ਵਿਚ ਇਸ ਵਕਤ ਕਾਫੀ ਸ਼ੋਰ ਸੀ। ਸਰਦਾਰ ਸੁਰਜੀਤ ਸਿੰਘ (ਬਰਨਾਲਾ) ਹਾਲੀਂ ਵੀ ਆਪਣਾ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜੇ ਹੋਏ ਸਨ) (ਮੇਜ਼ ਖੜਕਾਏ ਜਾ ਰਹੇ ਸਨ)**

Mr. Speaker ; Whatever the Hon'ble members are saying without the permission of the chair should not form part of the proceedings.

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਕੋਈ ਆਪਣੀ ਖਾਤਰ ਨਹੀਂ ਰੇਜ਼ ਕਰ ਰਿਹਾ। ਮੈਂ ਤਾਂ ਇਹ ਇਸ ਕਰਕੇ ਰੇਜ਼ ਕਰ ਰਿਹਾ ਹਾਂ ਕਿ ਜਿਸ ਤਰ੍ਹਾਂ ਇਸ ਵੇਲੇ ਹਾਊਸ ਚਲ ਰਿਹਾ ਹੈ ਇਸ ਦਾ ਨਾਂ ਬੋਲਣ ਵਾਲੇ ਨੂੰ ਕੋਈ ਲਾਭ ਹੈ ਅਤੇ ਨਾ ਹੀ ਕੋਈ ਸੁਣਨ ਵਾਲੇ ਨੂੰ ਲਾਭ ਹੋ ਸਕਦਾ ਹੈ। ਮੈਂ ਤਾਂ ਤੁਹਾਨੂੰ ਇਕ ਸੁਜੈਸ਼ਨ ਦੇਣਾ ਚਾਹੁੰਦਾ ਸੀ ਤਾਂ ਕਿ ਹਾਊਸ ਠੀਕ ਢੰਗ ਨਾਲ ਚਲ ਸਕੇ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਸਰਦਾਰ ਸੁਰਜੀਤ ਸਿੰਘ ਜੀ, ਇਹ ਸੁਜੈਸ਼ਨ ਤਾਂ ਤੁਸੀਂ ਆਪਣੀ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਦਿਉ...(ਵਿਘਨ)(ਸ਼ੋਰ)(*Addressing Sardar Surjit Singh*: You may please give this suggestion to your Party Members. (Interruption and Noise in the House)

ਸਰਦਾਰ ਸੁਰਜੀਤ ਸਿੰਘ: ਸਪੀਕਰ ਸਾਹਿਬ, ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਹ ਕਿਉਂ ਹੋ ਰਹੀ ਹੈ। (ਵਿਘਨ) ਗਲਤੀ ਸਰਕਾਰ ਦੀ ਹੈ ਔਰ ਥੋਪੀ ਸਾਡੇ ਜ਼ਿਮੇਂ ਜਾ ਰਹੀ ਹੈ। ਇਸ ਗਲ ਦਾ ਸੌਖਾ ਇਲਾਜ ਮੈਂ ਦਸਣਾ ਚਾਹੁੰਦਾ ਹਾਂ ਕਿ ਇਕ ਘੰਟੇ ਵਾਸਤੇ ਹਾਊਸ ਨੂੰ ਐਡਜਰਨ ਕਰ ਦਿਉ... (ਸ਼ੋਰ) ਸਪੀਕਰ ਸਾਹਿਬ, ਇਹ ਬਿਲ ਬੜਾ ਇਮਪਾਰਟੈਂਟ ਹੈ, ਇਸ ਦੀ ਮਹੱਤਤਾ ਨੂੰ ਅਸੀਂ ਸਮਝਦੇ ਹਾਂ ਇਸ ਤੇ ਸਾਡੇ ਲੀਡਰ ਸਾਹਿਬ ਨੇ ਤੇ ਹੋਰ ਸਾਡੇ ਮੈਂਬਰ ਸਾਹਿਬਾਨ ਨੇ ਬੋਲਣਾ ਹੈ। ਲੇਕਿਨ ਇਹ ਜੋ ਸਰਕਾਰ ਨੇ ਗਲਤੀ ਕੀਤੀ ਹੈ ਉਸ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਘੰਟੇ ਦੀ ਖਾਤਰ ਹਾਊਸ ਨੂੰ ਐਡਜਰਨ ਕਰ ਦਿਉ। ਇਸ ਦੌਰਾਨ ਇਹ ਸਾਨੂੰ (ਸਰਕਾਰੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਪੰਜਾਬੀ ਵਿਚ ਕਾਪੀਆਂ ਕਰਵਾ ਕੇ ਦੇ ਦੇਣ। (ਵਿਘਨ) (ਸ਼ੋਰ)

ਸਰਕਾਰੀ ਪਾਰਟੀ ਵਲੋਂ ਆਵਾਜ਼ਾਂ : ਇਹ ਨਹੀਂ ਮਿਲ ਸਕਦੀਆਂ। (ਸ਼ੋਰ)

ਸ੍ਰੀ ਸਪੀਕਰ : ਇਹ ਪੁਆਇੰਟ ਤੁਸੀਂ ਪਹਿਲਾਂ ਵੀ ਰੇਜ਼ ਕੀਤਾ ਸੀ, ਮੈਂ ਕਿਹਾ ਸੀ ਕਿ ਇਸ ਤੇ ਡਿਸਕਸ਼ਨ ਚਲਣ ਦਿਉ। ਜਿਹੜੇ ਮੈਂਬਰ ਸਾਹਿਬਾਨ ਅੰਗਰੇਜ਼ੀ ਸਮਝਦੇ ਹਨ ਉਹ ਇਸ ਸਮੇਂ ਬਹੁਤ ਲੈਣ। (ਵਿਘਨ) (ਸ਼ੋਰ) (This point had been raised by you earlier too and I had said that the discussion should be allowed to continue. The hon. Members, who know English may take part in the discussion at this stage..) (*Interruption*) (*Noise*)

(ਇਸ ਵਕਤ ਸਰਦਾਰ ਗੁਰਬਚਨ ਸਿੰਘ ਜੀ ਖੜੇ ਹੋ ਕੇ ਕਹਿ ਰਹੇ ਸਨ ਜੋ ਸ਼ੋਰ ਕਾਰਨ ਸੁਣਾਈ ਨਹੀਂ ਦੇ ਸਕਿਆ)

---

*Expunged as ordered by the Chair

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, 10-15 ਮਿੰਟ ਲਈ ਹਾਊਸ ਨੂੰ ਬੇਸ਼ਕ ਐਡਜਰਨ ਕਰ ਦਿਓ ਜੇ ਕੋਈ ਵੀ ਆਊਟ ਨਿਕਲ ਸਕਦਾ ਹੋਵੇ otherwise there is no use. (ਵਿਘਨ)

ਸ਼੍ਰੀ ਸਪੀਕਰ : ਵੇ ਇਕੋ ਹੀ ਹੈ ਕਿ ਇਹ ਕੁਆਪਰੇਟ ਕਰਨ (ਵਿਘਨ) (The only way open to us is that the Members of the opposition should co-operate (*Interruption*)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਅਸੀਂ ਤਾਂ ਕੋਆਪਰੇਟ ਕਰਦੇ ਹਾਂ ਪਰ ਇਹ ਸਰਕਾਰ ਕੋਆਪਰੇਟ ਨਹੀਂ ਕਰ ਰਹੀ (ਵਿਘਨ) (ਸ਼ੋਰ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਗਲ ਤਾਂ ਉਹੀ ਹੋਈ (ਵਿਘਨ) ਸਾਡੀ ਗੱਲ ਤਾਂ ਤੁਸੀਂ ਮੰਨਦੇ ਨਹੀਂ (ਸ਼ੋਰ) (ਵਿਘਨ)

Mr. Speaker; Please resume your seat. (Interruption and noise in the House).

ਸਰਦਾਰ ਧੰਨਾ ਸਿੰਘ ਗੁਲਸ਼ਨ ;:* × × × × × (ਸ਼ੋਰ)

Mr. Speaker: Whatever the Hon'ble Member Sardar Dhanna Singh Gulshan is saying should not be recorded.

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਅਸੀਂ ਪੰਜਾਬੀ ਨਾਲ ਧੱਕਾ ਬਰਦਾਸ਼ਤ ਨਹੀਂ ਕਰਨਾ। ਇਸ ਸਰਕਾਰ ਨੂੰ ਬਿਲ ਪੰਜਾਬੀ ਵਿਚ ਦੇਣਾ ਪੈਣਾ ਹੈ। ਇਸ ਕਰਕੇ ਕੋਸ਼ਿਸ਼ ਕਰੋ ਕਿ ਇਕ ਘੰਟੇ ਵਾਸਤੇ ਹਾਊਸ ਐਡਜਰਨ ਕਰ ਦਿਤਾ ਜਾਵੇ। (ਵਿਘਨ) (ਸ਼ੋਰ) ਇਹ ਕਾਰਵਾਈ ਨਹੀਂ ਚਲਣ ਚਾਹੀਦੀ। (ਸ਼ੋਰ) (ਬਹੁਤ ਸ਼ੋਰ) ਸਪੀਕਰ ਸਾਹਿਬ, ਸਿਰਫ 10 ਸਫੇ ਹਨ ਅਤੇ 10 ਵਜ਼ੀਰ ਹਨ, ਇਕ ਸਫੇ ਤਰਜਮਾ ਕਰ ਦੇਣ। (ਵਿਘਨ) (ਸ਼ੋਰ)

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਕੋਈ ਉਪਰਾਲਾ ਕਰਕੇ ਦੇਖ ਲਓ। (ਵਿਘਨ) 10-15 ਮਿੰਟ ਵਾਸਤੇ ਬੇਸ਼ਕ ਹਾਊਸ ਐਡਜਰਨ ਕਰ ਲਓ। (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ:** × × × × × (ਸ਼ੋਰ)

ਸ਼੍ਰੀ ਸਪੀਕਰ : ਜੋ ਕੁਝ ਵੀ ਸੰਧੂ ਸਾਹਿਬ ਕਹਿ ਰਹੇ ਹਨ ਵਿਦਆਊਟ ਦੀ ਪਰਮਿਸ਼ਨ ਆਫ ਦੀ ਚੇਅਰ, ਉਹ ਪ੍ਰੋਸੀਡਿੰਗਜ਼ ਦਾ ਹਿਸਾ ਨਾ ਬਨਨ। (ਸ਼ੋਰ) (Whatever the hon. Member Sardar Ajaib Singh Sandhu is saying without the permission of the Chair, should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਕੋਈ ਬੁਰੀ ਗਲ ਕਹੀ ਹੈ? ਸਪੀਕਰ ਸਾਹਿਬ, ਇੰਨਾਂ ਧੱਕਾ ਨਾ ਕਰੋ। (ਵਿਘਨ) (ਸ਼ੋਰ)

Mr. Speaker: Please resume your seat (interruption)

---

*Not recorded as ordered by the Chair.
**Expunged as ordered by the Chair.

ਸਰਦਾਰ ਅਜਾਇਬ ਸਿਘ ਸੰਧੂ: ਮੁੱਖ ਮੰਤਰੀ ਜੀ ਸੁੱਤੇ ਪਏ ਹਨ, ਅਸੀਂ ਤਾਂ ਉਨ੍ਹਾਂ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਜਾਗਦੇ ਹੀ ਨਹੀਂ। (ਵਿਘਨ) ਘੰਟੇ ਲਈ ਸਪੀਕਰ ਸਾਹਿਬ, ਹਾਊਸ ਨੂੰ ਐਡਜਰਨ ਕਰ ਦਿਉ।

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਮੈਂਬਰ ਸਾਹਿਬਾਨ ਬੈਂਚ ਵਜਾ ਰਹੇ ਸਨ)

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ): ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ (ਵਿਘਨ) ਇਸ ਬਿਲ ਦੇ ਪਾਸ ਹੋਣ ਤੋਂ ਬਾਦ ਦੋ ਕਰੋੜ ਰੁਪਏ ਸੈਂਟਰ ਦੀ ਸਰਕਾਰ ਨੇ ਦੇਣੇ ਹਨ ...(ਵਿਘਨ) ਇਸ ਦੇ ਪਾਸ ਹੋਣ ਤੇ ਕਿਉਂਕਿ ਜੋ ਇਨ੍ਹਾਂ ਨੇ (ਅਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਇਸ ਨੂੰ ਲੇਟ ਕੀਤਾ ਅਤੇ ਹੁਣ ਇਨ੍ਹਾਂ ਦੇ ਪਰਦੇ ਖੁਲ੍ਹਣੇ ਹਨ ਇਸ ਕਰਕੇ ਇਹ ਰੌਲਾ ਪਾਈ ਜਾਂਦੇ ਹਨ ...(ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ: ਸਪੀਕਰ ਸਾਹਿਬ, ਇਹ ਸਾਡੇ ਹਰੀਜਨ ਭਰਾ (ਵਿਘਨ)...(ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਇਹ (ਸ੍ਰੀ ਪਿਆਰਾ ਰਾਮ ਧੰਨੋਵਾਲੀ ਵੱਲ ਇਸ਼ਾਰਾ ਕਰਦੇ ਹੋਏ) ਆਪਣੀ ਬਾਂਹ ਤੁੜਵਾਈ ਫਿਰਦਾ ਹੈ (ਵਿਘਨ) ਮੈਂ ਸਮਝਦਾ ਹਾਂ ਕਿ ਕਿਸੇ ਨੇ ਇਸ ਲਈ ਤੋੜਿਆ ਹੋਣਾ ਹੈ ਕਿ ਇਹ ਰੋਜ਼ ਪਾਰਟੀਆਂ ਬਦਲਦਾ ਰਹਿੰਦਾ ਹੈ .. (ਵਿਘਨ) (ਸ਼ੋਰ)

SHORT ADJOURNMENT OF THE HOUSE

ਸ੍ਰੀ ਸਪੀਕਰ: ਚੂੰਕਿ ਹਾਊਸ ਵਿਚ ਬਹੁਤ ਰੌਲਾ ਪੈ ਰਿਹਾ ਹੈ ...(ਵਿਘਨ) ਹਾਊਸ ਦੀ ਕਾਰਵਾਈ ਵਿਚ ਬਹੁਤ ਵਿਘਨ ਪੈਂਦਾ ਹੈ। ਇਸ ਕਰਕੇ ਹਾਊਸ ਨੂੰ 15 ਮਿੰਟਾਂ ਲਈ ਸਥਗਿਤ ਕੀਤਾ ਜਾਂਦਾ ਹੈ।

(As the House is too rowdy......(*Interruption*), and the proceedings are being repeatedly obstructed, the House is adjourned for fifteen minutes....)

3.45

(ਇਸ ਵਕਤ ਹਾਊਸ 15 ਮਿੰਟਾਂ ਲਈ ਸਥਗਿਤ ਹੋ ਗਿਆ ਅਤੇ 4-00 ਵਜੇ ਬਾਅਦ ਦੁਪਹਿਰ ਫਿਰ ਸ਼ੁਰੂ ਹੋਇਆ।

THE PUNJAB HOUSING DEVELOPMENT BOARD BILL 1972
(*Resumption*)

ਕਾਮਰੇਡ ਰਾਜ ਕੁਮਾਰ (ਧਾਰੀਵਾਲ): ਸਪੀਕਰ ਸਾਹਿਬ, ਮੈਂ ਇਸ ਮਸਲੇ ਦੀ ਗੰਭੀਰਤਾ ਦਾ ਤੁਹਾਡੇ ਸਾਹਮਣੇ ਜ਼ਿਕਰ ਕਰ ਰਿਹਾ ਸਾਂ। ਮੈਂ ਇਹ ਅਹਿਸਾਸ ਕੀਤਾ ਹੈ ਕਿ ਟਰੇਜ਼ਰੀ ਬੈਂਚਿਜ਼ ਵਿਚ ਇਸ ਦਾ ਜ਼ਿਕਰ ਹੋਇਆ ਹੈ ਅਤੇ ਇਹ ਬਿਲ ਸਾਡੇ ਸਾਮਹਣੇ ਆਇਆ ਹੈ। ਤਵਕੋ ਇਹ ਕੀਤੀ ਜਾਂਦੀ ਸੀ ਕਿ ਇਹ ਬਿਲ ਮਸਿਲੇ ਨੂੰ ਐਨਥਿਊਜ਼ ਕਰੇਗਾ ਅਤੇ ਪਬਲਿਕ ਪਾਰਟੀਸਿਪੇਸ਼ਨ ਲਈ ਸੁਝਾਵ ਇਸ ਵਿਚੋਂ ਨਿਕਲਣਗੇ। ਲੇਕਿਨ ਸਪੀਕਰ ਸਾਹਿਬ ਇਹ ਗੰਭੀਰ ਸਮਸਿਆ ਜੋਕਿ ਅਜ ਪਜਾਬ ਵਿਚ ਹੈ ਇਸ ਤੇ ਬੋਲਣ ਤੋਂ ਪਹਿਲਾਂ ਮੈਂ ਸਾਰੇ ਮੁਲਕ ਦੀ ਹਾਲਤ ਨੂੰ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਸੀ। ਪੰਜਾਬ ਦੀ ਹਾਲਤ ਵੀ ਇਸ ਤੋਂ ਘੱਟ ਗੰਭੀਰ ਨਹੀਂ। ਅਜ ਸਟਾਰਟਿਲਿੰਗ ਗਲ ਇਹ ਹੈ ਕਿ ਬੜੀ ਤੇਜ਼ੀ ਨਾਲ ਅਬਾਦੀ ਵੱਧ ਰਹੀ ਹੈ। 1951 ਵਿਚ ਪੰਜਾਬ ਦੀ ਅਬਾਦੀ 91,57,252 ਸੀ ਅਤੇ 10 ਸਾਲਾਂ ਦੇ ਬਾਅਦ 1961 ਵਿਚ ਇਹ 1,11,35000 ਹੋ ਗਈ ਅਤੇ 1971 ਵਿਚ ਇਹ 1,34,72,972 ਹੋ ਗਈ ਹੈ। ਇਤਹਾਦੀ ਸਭਾ ਦੀਆ ਫਿਗਰਜ਼ ਦੇ ਮੁਤਾਬਿਕ ਸਾਡੇ ਮੁਲਕ ਦੀ ਆਬਾਦੀ 40 ਸਾਲਾਂ ਦੇ

[ਕਾਮਰੇਡ ਰਾਜ ਕੁਮਾਰ]

ਬਾਅਦ ਅੱਜ ਦੀ ਆਬਾਦੀ ਤੋਂ ਡਬਲ ਹੋ ਜਾਵੇਗੀ। ਇਸ ਦਾ ਮਤਲਬ ਇਹ ਹੈ ਕਿ ਜਿਹੜੀ ਮਕਾਨਾਂ ਦੀ ਸ਼ਾਰਟੇਜ ਹੈ ਉਹ ਹੋਰ ਜ਼ਿਆਦਾ ਹੋ ਜਾਵੇਗੀ। ਅੱਜ 85 ਲੱਖ ਯੂਨਿਟ ਸਾਰੇ ਹਿੰਦੁਸਤਾਨ ਵਿਚ ਹਨ। ਇਹ ਸਮਸਿਆ ਇਤਨੀ ਗੰਭੀਰ ਹੈ ਕਿ ਇਸ ਨੂੰ ਟੈਕਲ ਕਰਨ ਲਈ ਕੋਈ ਬਿਲ ਸਾਹਮਣੇ ਆਉਣਾ ਚਾਹੀਦਾ ਸੀ। ਦੋ ਦਿਨ ਪਹਿਲਾਂ ਕੇਰਲਾ ਅੰਦਰ ਇਸ ਸਮਸਿਆ ਨੂੰ ਹਲ ਕਰਨ ਦਾ ਉਨ੍ਹਾਂ ਨੇ ਇੱਕ ਆਪਣਾ ਇੰਡੀ-ਜੀਨੂਅਸ ਤਰੀਕਾ ਅਖਤਿਆਰ ਕੀਤਾ ਹੈ। ਸਾਡੇ ਅੰਦਰ ਇਕ ਆਦਮ ਹੈ ਕਿ ਜਿਹੜਾ ਕੁਝ ਬਾਹਰ ਹੁੰਦਾ ਹੋਵੇ ਉਸ ਨੂੰ ਹੂ-ਬਹੂ ਇਮੀਟੇਟ ਕਰਕੇ ਆਪਣੀ ਹਾਲਤ ਨੂੰ ਵੇਖੇ ਬਗੈਰ ਅਸੀਂ ਅਪਣਾ ਲੈਂਦੇ ਹਾਂ ਕੇਰਲਾ ਅੰਦਰ ਇਕ ਲੱਖ ਮਕਾਨ ਬਣਾਉਣ ਵਾਸਤੇ ਟਾਈਮ ਬਾਊਂਡ ਪ੍ਰੋਗਰਾਮ ਹੈ। ਕੇਰਲਾ ਨੂੰ ਡੇਢ ਕਰੋੜ ਰੁਪਿਆ ਸੈਂਟਰ ਦੀ ਤਰਫੋਂ ਮਿਲਣਾ ਹੈ। ਅਤੇ ਇਸ ਪ੍ਰਾਜੈਕਟ ਉੱਤੇ ਉਨ੍ਹਾਂ ਦਾ 8-9 ਕਰੋੜ ਰੁਪਿਆ ਖਰਚ ਆਉਣਾ ਹੈ। ਉਨ੍ਹਾਂ ਨੇ ਆਪਣੀ ਸਕੀਮ ਵਿਚ ਪਬਲਿਕ ਪਾਰਟੀਸਿਪੇਸ਼ਨ ਲਿਆਂਦੀ ਹੈ। ਚੀਫ਼ ਮਨਿਸਟਰ ਨੇ ਅਪੀਲ ਕੀਤੀ ਕਿ ਹਰ ਵੇਜ ਅਰਨਰ ਆਪਣੀ ਇੱਕ ਦਿਨ ਦੀ ਦਿਹਾੜੀ ਗਰੀਬ ਲੋਕਾਂ ਨੂੰ ਮਕਾਨ ਬਣਾਉਣ ਵਾਸਤੇ ਕੰਟਰੀਬਿਊਟ ਕਰੇ। ਇਸ ਦੀ ਬਹੁਤ ਅੱਛੀ ਰਿਸਪਾਂਸ ਹੋਈ। ਉਨ੍ਹਾਂ ਨੇ ਇਸ ਤਰ੍ਹਾਂ ਇੱਕ ਲੱਖ ਮਕਾਨ ਬਣਾਉਣ ਦਾ ਪ੍ਰੋਗਰਾਮ ਰੱਖਿਆ ਹੈ।

ਸਪੀਕਰ ਸਾਹਿਬ ਮੈਂ ਤਵਕੋ ਕਰਦਾ ਸੀ ਕਿ ਸਾਡੇ ਬਿਲ ਵਿਚੋਂ ਵੀ ਇਸ ਕਿਸਮ ਦੀਆਂ ਚੀਜ਼ਾਂ ਨਿਕਲਣਗੀਆਂ ਜਿਸ ਨਾਲ ਕਿ ਅਸੀਂ ਲੋਕਾਂ ਨੂੰ ਅਜਿਹਾ ਪ੍ਰੋਗਰਾਮ ਦੇ ਸਕਾਂਗੇ। ਪਰ ਮੈਂ ਬੜੇ ਅਦਬ ਨਾਲ ਇਹ ਗਲ ਕਹਿਣਾ ਚਾਹੁੰਦਾ ਹਾਂ ਕਿ ਇਸ ਬਿਲ ਨਾਲ ਉਹ ਚੀਜ਼ ਬਾਹਰ ਨਿਕਲੀ ਹੈ ਜੋ ਸਾਡੇ ਇਮਪਰੂਵਮੈਂਟ ਟਰਸਟ ਬਣਨ ਤੋਂ ਬਾਅਦ ਸਾਡੇ ਸਾਹਮਣੇ ਆਈ ਸੀ। ਇਹ ਐਕਟ ਇਕ ਰਿਵਾਲਵਿੰਗ ਫੰਡ ਕਰੀਏਟ ਕਰਨ ਦਾ ਸਾਧਨ ਬਣੇਗਾ ਜਿਸ ਦੇ ਵਿਚੋਂ ਅਨਅਰਨਡ ਇੰਟਰੈਸਟ ਸਾਨੂੰ ਮਿਲੇਗਾ। ਉਸ ਪੈਸੇ ਨਾਲ ਐਸੀਆਂ ਚੀਜ਼ਾਂ ਠੀਕ ਕਰ ਸਕਾਂਗੇ ਜਿਹੜੀਆਂ ਗਰੀਬ ਲੋਕਾਂ ਨਾਲ ਘੱਟ ਤੁਅਲਕ ਰਖਦੀਆਂ ਹਨ ਅਤੇ ਉਤਲੇ ਤਬਕੇ ਨਾਲ ਜ਼ਿਆਦਾ ਤੁਅਲਕ ਰਖਦੀਆਂ ਹਨ। ਇਹ ਅਦਾਦੋਸ਼ੁਮਾਰ ਇਤਹਾਦੀ ਸਭਾ ਦੇ ਹਨ ਕਿ 60 ਫੀ ਸਦੀ ਹਾਊਸਿੰਗ ਫੰਡ ਅੱਜ ਤਕ ਜੋ ਖਰਚ ਹੋਇਆ ਹੈ ਉਹ 40 ਫੀ ਸਦੀ ਦੇ ਜ਼ਰੂਰੀਆਤ ਨੂੰ ਸਾਹਮਣੇ ਰਖ ਕੇ ਹੋਇਆ ਹੈ। ਅਤੇ 60 ਜਿਸ ਤਬਕੇ ਲਈ ਇਹ ਖ਼ਰਚ ਕਰਨਾ ਜ਼ਰੂਰੀ ਹੈ ਉਸ ਦੇ ਲਈ ਖਰਚ ਨਹੀਂ ਹੋਇਆ। ਇਸ ਬਿਲ ਵਿਚ ਕੁਝ ਸਕੀਮਾਂ ਜਿਨ੍ਹਾਂ ਦਾ ਜ਼ਿਕਰ ਸੈਕਸ਼ਨ 32 ਅਤੇ 55 ਦੇ ਵਿਚ ਹੈ ਉਨ੍ਹਾਂ ਨੂੰ ਡੀਟੇਲ ਵਿਚ ਲਿਖ ਦਿੱਤਾ ਗਿਆ ਹੈ। ਸਪੀਕਰ ਸਾਹਿਬ ਜਿਸ ਤਬਕੇ ਨੂੰ ਸਭ ਤੋਂ ਪਹਿਲਾਂ ਇਮਦਾਦ ਦੇਣ ਦੀ ਲੋੜ ਹੈ ਉਸ ਵਾਸਤੇ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਮੰਤਵਾਂ ਅੰਦਰ ਉਸ ਦਾ ਜ਼ਿਕਰ ਕਰੀਏ। ਬਿਲ ਦੀ ਧਾਰਾ 32 ਵਿਚ ਜਿਹੜੇ ਮੰਤਵ ਰਖੇ ਗਏ ਹਨ ਉਨ੍ਹਾਂ ਵਿਚ ਕਿਤੇ ਜ਼ਿਕਰ ਨਹੀਂ ਕਿ ਜਿਸ ਤਬਕੇ ਨੂੰ ਮਦਦ ਦੀ ਲੋੜ ਹੈ ਉਸ ਨੂੰ ਦਿੱਤੀ ਜਾਵੇਗੀ। ਸਬਸੀਡਾਇਜ਼ਡ ਹਾਊਸਿੰਗ ਸਕੀਮ ਅਤੇ ਰੈਂਟਲ ਹਾਊਸਿੰਗ ਸਕੀਮਾਂ ਬਣਾਉਣਗੇ, ਇਸ ਦਾ ਜ਼ਿਕਰ ਤਕ ਨਹੀਂ ਆਇਆ। ਉਸ ਦੇ ਉਲਟ ਹੈ ਕੀ? ਇਸ ਬਿਲ ਨੂੰ ਪੜ੍ਹ ਕੇ ਬੜਾ ਦੁਖ ਹੋਇਆ ਹੈ। ਬਿਲ ਵਿਚ ਲਿਖਿਆ ਹੈ ਕਿ ਅਰਬਨ ਰੈਂਟ ਰਿਸਟ-ਰਕਸ਼ਨ ਐਕਟ ਇਸ ਸਕੀਮ ਤੇ ਲਾਗੂ ਨਹੀਂ ਹੋਵੇਗਾ। ਇਹ ਐਕਟ ਪੰਜਾਬ ਦੇ ਅੰਦਰ ਲਾਲੈਸਨੈਸ ਫੈਲਾਣ ਵਾਸਤੇ ਇੱਕ ਫਰੀ ਲਾਈਸੈਂਸ ਹੋਵੇਗਾ। ਅਗਰ ਰੈਂਟ ਰਿਸਟਰਕਸ਼ਨ ਐਕਟ ਇਸ ਬਿਲ ਦੇ ਜ਼ਰੀਏ ਬਣਨਵਾਲੀ ਮਕਾਨਾਂ ਦੀ ਸਕੀਮ ਤੇ ਲਾਗੂ ਨਹੀਂ ਹੋਵੇਗਾ ਤਾਂ ਬਾਕੀ ਥਾਵਾਂ ਤੇ ਰੈਂਟ ਰਿਸਟਰਕਸ਼ਨ ਐਕਟ ਕਿਸ ਤਰ੍ਹਾਂ ਲਾਗੂ ਕਰਨਗੇ। ਇਸ ਦਾ ਨਤੀਜਾ ਇਹ ਨਿਕਲੇਗਾ ਜਿਵੇਂ ਇਸ ਵੇਲੇ ਚੰਡੀਗੜ੍ਹ ਅੰਦਰ ਲੋਕ ਕਰਾਹ ਰਹੇ ਹਨ ਅਤੇ ਰੈਂਟ ਰਿਸਟਰਕਸ਼ਨ ਐਕਟ ਨੂੰ ਚਾਹੁੰਦੇ ਹਨ। ਅਤੇ ਜੇ ਇਹ ਲਾਗੂ ਨਾਂ ਹੋਇਆ ਤਾਂ ਇਸ ਬਣਾਉਣ ਤੋਂ ਬਾਅਦ ਬਣਨ ਵਾਲੀ ਸਕੀਮ ਦੇ ਨਤੀਜੇ ਦੇ ਤੌਰ ਤੇ ਸ਼ਹਿਰਾਂ ਵਿਚ ਹਾਹਾਕਾਰ ਪੈ ਜਾਵੇਗੀ। ਮੈਂ ਇਸ ਲਈ ਅਰਜ਼ ਕਰਦਾ ਹਾਂ ਕਿ ਇਸ ਬਿਲ ਨੂੰ ਹੋਰ ਵਿਚਾਰਿਆ ਜਾਵੇ। ਇਸ

ਵਿਚ ਮਾਸ ਪਾਰਟੀਸੀਪੇਸ਼ਨ ਅਤੇ ਮਾਸ ਇੰਥਿਊਜ਼ੀਆਜ਼ਮ ਕਰੀਏਟ ਕਰਨ ਦੀ ਕੋਈ ਗਲ ਨਹੀਂ । ਇਸ ਬਿਲ ਨਾਲ ਇਕ ਹੋਰ ਟਾਪ ਹੈਵੀ ਬਊਰੋਕਰੇਸੀ ਬਣੇਗੀ ਜਿਸ ਦੇ ਵਿਚ ਹਾਊਸ ਵਿਚ ਬੈਠੇ ਅਲੈਕਟਿਡ ਮੈਂਬਰਜ਼ ਦਾ ਕੋਈ ਦਖਲ ਨਹੀਂ ਹੋਵੇਗਾ। ਇਹ ਬੋਰਡ ਬਣਨਾ ਹੈ ਤਾਂ ਇਸ ਵਿਚ ਕੋਈ ਆਈ. ਏ. ਐਸ. ਹਾਊਸਿੰਗ ਕਮਿਸ਼ਨਰ ਬਣਨਾ ਹੈ ਅਤੇ ਕੋਈ ਫਾਈਨਾਂਸ ਮੈਂਬਰ ਜਿਹੜਾ ਹਰ ਮਹਿਕਮੇ ਨਾਲ ਤੁਅਲਕ ਰਖਦਾ ਹੋਵੇ ਅਤੇ ਤਮਾਮ ਮਹਿਕਮਿਆਂ ਦੇ ਸੈਕਟਰੀ ਮੈਂਬਰ ਹੋਣਗੇ ਤਾਂ ਘੱਟੋ ਘੱਟ ਇਸ ਹਾਊਸ ਦਾ ਕੋਈ ਮੈਂਬਰ ਇਸ ਵਿਚ ਜ਼ਰੂਰ ਲੈਣਾ ਚਾਹੀਦਾ ਹੈ। ਇਹੀ ਤਜਰਬਾ ਬਿਜਲੀ ਬੋਰਡ ਦੇ ਸਿਲਸਿਲੇ ਵਿਚ ਹੋਇਆ ਹੈ । ਬਿਜਲੀ ਬੋਰਡ ਦੀ ਕਾਰਕਰਦਗੀ ਬਾਰੇ ਕਿਉਂ ਰੌਲਾ ਇਥੇ ਪੈਦਾ ਰਿਹਾ ਹੈ। ਇਸ ਹਾਊਸਿੰਗ ਬੋਰਡ ਦਾ ਜੋ ਕੰਮ ਹੋਵੇਗਾ ਇਸ ਦਾ ਸਬੰਧ ਬਹੁਤ ਲੋਕਾਂ ਨਾਲ ਹੋਵੇਗਾ । ਇਸ ਦੇ ਉਤੇ ਕਿਤੇ ਜ਼ਿਆਦਾ ਰੌਲਾ ਪੈਣ ਦੀ ਗੁੰਜਾਇਸ਼ ਹੈ । ਇਸ ਕਰਕੇ ਤੁਹਾਡੇ ਰਾਹੀਂ ਆਦਰਣੀਯ ਚੀਫ ਮਨਿਸਟਰ ਅੱਗੇ ਮੇਰੀ ਇਹ ਦਰਖਾਸਤ ਹੈ ਕਿ ਬੋਰਡ ਬਣਾਉਣ ਲਗਿਆਂ ਇਸ ਗਲ ਦਾ ਦਰੁਸਤ ਤੌਰ ਤੇ ਖਿਆਲ ਰੱਖ ਲੈਣ ਕਿ ਪਾਰਟ ਟਾਈਮ ਮੈਂਬਰ ਹਨ ਜਿਸ ਤਰ੍ਹਾਂ ਐਕਸ ਆਫੀਸ਼ਿਓ ਸੈਕਟਰੀ ਇਸ ਦੇ ਮੈਂਬਰ ਰਖੇ ਗਏ ਹਨ ਇਸੇ ਤਰ੍ਹਾਂ ਇਸ ਸਦਨ ਦੇ ਘੱਟੋ ਘਟ 3 ਮੈਂਬਰ ਉਸ ਬੋਰਡ ਵਿਚ ਜ਼ਰੂਰ ਹੋਣ ਤਾਂ ਕਿ ਉਹ ਇਸਦੀ ਕਾਰਕਰਦਗੀ ਤੇ ਚੰਗੀ ਤਰ੍ਹਾਂ ਨਿਗਰਾਨੀ ਰੱਖਣ । ਇਸ ਤੋਂ ਉਲਟ ਪੰਜਾਬ ਮਿਊਂਸਪਲ ਐਕਟ 1911 ਇਸ ਬਿਲ ਦੇ ਆਉਣ ਤੋਂ ਬਾਅਦ ਖ਼ਤਮ ਨਹੀਂ ਹੋਣਾ ਚਾਹੀਦਾ । ਇਸ ਬਿਲ ਵਿਚ ਕਿਤੇ **ਇਸ** ਦਾ ਜ਼ਿਕਰ ਨਹੀਂ। ਇਸ ਬਿਲ ਦੇ ਨਤੀਜੇ ਦੇ ਤੌਰ ਤੇ ਅਗਰ ਪੰਜਾਬ ਮਿਊਂਸਪਲ ਐਕਟ ਦੇ ਉਤੇ ਕਿਸੇ ਕਿਸਮ ਦਾ ਕੋਈ ਛਾਪਾ ਪਵੇਗਾ ਤਾਂ ਮੈਂ ਸਮਝਦਾ ਹਾਂ ਕਿ ਇਸ ਦਾ ਕੋਈ ਠੀਕ ਨਤੀਜਾ ਨਹੀਂ ਨਿਕਲੇਗਾ । ਮਿਊਂਸਪਲ ਕਮੇਟੀਆਂ ਵਿਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੁੰਦੇ ਹਨ ਅਤੇ ਇਸ ਬੋਰਡ ਦੀਆਂ ਸਕੀਮਾਂ ਨਾਲ ਇਸ ਦੇ ਸਾਰੇ ਕੰਮ ਵਿਚ ਰੁਕਾਵਟ ਪਵੇਗੀ । ਇਸ ਕਰਕੇ ਮੇਰੀ ਬੇਨਤੀ ਹੈ ਕਿ ਇਸ ਬਿਲ ਵਿਚ ਜਿਹੜੀਆਂ ਦਫ਼ਾਤ ਟਕਰਾਉਂਦੀਆਂ ਹਨ ਉਨ੍ਹਾਂ ਦਾ ਧਿਆਨ ਰਖਦਿਆਂ ਹੋਇਆਂ ਮਿਊਂਸਪਲ ਕਮੇਟੀਆਂ ਦੇ ਮਿਊਂਸਪਲ ਐਕਟ 1911 ਦੇ ਮੁਤਾਬਿਕ ਜੋ ਅਖ਼ਤਿਆਰਾਤ ਹਨ ਉਨ੍ਹਾਂ ਨੂੰ ਕਾਇਮ ਰਖਿਆ ਜਾਵੇ ।

ਸਪੀਕਰ ਸਾਹਿਬ, ਦਫ਼ਾਤ 170-ਏ, 170-ਬੀ, 170 ਸੀ, 170-ਡੀ, 170-ਈ, 170-ਐਫ, ਅਤੇ 171 ਹਨ ਇਨ੍ਹਾਂ ਵੱਲ ਖਾਸ ਤਵੱਜੋ ਦੇਣੀ ਚਾਹੀਦੀ ਹੈ ਔਰ ਜਿਹੜੇ ਮਿਊਂਸਪਲ ਕਮੇਟੀਆਂ ਦੇ ਇਖਤਿਆਰਤ ਹਨ ਉਨ੍ਹਾਂ ਨੂੰ ਕਿਸੇ ਵੀ ਕੀਮਤ ਦੇ ਖ਼ਤਮ ਕਰਨ ਦੀ ਇਜ਼ਾਜਤ ਨਹੀਂ ਦੇਣੀ ਚਾਹੀਦੀ ।

ਇਸ ਤੋਂ ਇਲਾਵਾ ਸਪੀਕਰ ਸਾਹਿਬ, ਮੈਂ ਇਕ ਗਲ ਕਹਿਣਾ ਚਾਹੁੰਦਾ ਹਾਂ ਕਿ ਲੈਂਡ ਐਕੂਏਜ਼ੀਸ਼ਨ ਐਕਟ ਦੇ ਜ਼ਰੀਏ ਜ਼ਮੀਨਾਂ ਹਾਸਲ ਕਰਨ ਦੀਆਂ ਸਕੀਮਾਂ ਨੂੰ ਸਿਰੇ ਚੜ੍ਹਾਉਣ ਦੀ ਜ਼ਰੂਰਤ ਹੈ। ਸਪੀਕਰ **ਸਾਹਿਬ** ਜੇਕਰ ਇਹ ਕਹਿ ਦਿਤਾ ਜਾਵੇ ਕਿ ਸਾਡਾ ਮਕਸਦ ਵਿਧਾਨ ਦੀ ਧਾਰਾ 43-ਬੀ ਆਰ. ਸੀ. ਦੇ ਤਾਹਿਤ ਪਬਲਿਕ ਪਰਪਜ਼ ਦੇ ਤੌਰ ਤੇ ਇਹ ਜ਼ਮੀਨ ਇਕੁਆਇਰ ਕਰਨ ਦਾ ਹੈ ਤਾਂ ਫਿਰ ਸਾਡੇ ਉਤੇ ਪਾਬੰਦੀ ਨਹੀਂ ਰਹਿ ਜਾਂਦੀ ਕੀਮਤ ਮੁਕਰੱਰ ਕਰਨ ਦੀ ਸਰਕਾਰ ਲੋਕਾਂ ਦੀ ਲੋੜ ਅਨੁਸਾਰ ਕੀਮਤ ਮੁਕੱਰਰ ਕਰ ਸਕੇਗੀ। ਅੱਜ ਹਾਲਤ ਇਹ ਹੈ ਕਿ ਜ਼ਮੀਨ ਬਹੁਤ ਹੀ ਮਹਿੰਗੀ ਹੈ । ਬੋਰਡ ਨੂੰ ਇਹ ਸੱਸਤੀ ਨਹੀਂ ਮਿਲ ਸਕੇਗਾ। ਜੇਕਰ ਜ਼ਮੀਨ ਦਾ ਭਾਅ ਜੋ ਕਿ ਅੱਜ ਸ਼ਹਿਰਾਂ ਵਿਚ ਹੋ ਰਿਹਾ ਹੈ ਉਸ ਵਲ ਧਿਆਨ ਕਰੀਏ ਤਾਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਇਤਨੇ ਮਹਿੰਗੇ ਭਾਅ ਜ਼ਮੀਨ ਲੈ ਕੇ ਫਿਰ ਉਸ ਦੀ 34—35 ਰੁਪਏ ਸੁਕੇਅਰ ਫੁਟ ਦੇ ਹਿਸਾਬ ਨਾਲ ਬਣਵਾਈ ਦੇ ਕੇ ਲੋਕ ਸਾਨੂੰ ਇਹ ਮਕਾਨ ਬਣਾਉਣ ਵਾਸਤੇ ਮੌਕਾ ਨਹੀਂ ਦੇਣਗੇ। ਔਰ ਜੋ ਐਲਾਨ ਮਾਨਯੋਗ ਵਿਤ ਮੰਤਰੀ ਜੀ ਨੇ ਕੀਤਾ ਹੈ ਕਿ ਪੰਜ ਸੌ ਰੁਪਏ ਤੋਂ ਥੱਲੇ ਦੀ

[ਕਾਮਰੇਡ ਰਾਜ ਕੁਮਾਰ]

ਆਮਦਨ ਵਾਲੇ ਲੋਕਾਂ ਨੂੰ ਮਕਾਨ ਦੇਣ ਹਨ ਉਸ ਵਿਚ ਇਹ ਕਾਮਯਾਬ ਨਹੀਂ ਹੋ ਸਕਣਗੇ, ਅਗਰ ਇਨ੍ਹਾਂ ਗਲਾਂ ਤੇ ਜਿਨ੍ਹਾਂ ਬਾਰ ਕਿ ਮੈਂ ਬੇਨਤੀ ਕੀਤੀ ਹੈ ਧਿਆਨ ਨਾ ਕੀਤਾ ਗਿਆ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਕੁਰਸੀ ਤੇ ਬਿਰਾਜਮਾਨ ਹੋਏ।) ਡਿਪਟੀ ਸਪੀਕਰ ਸਾਹਿਬ, ਇਸ ਐਕਟ ਵਿਚ ਇਸ ਤਰ੍ਹਾਂ ਡਿਕਲੇਅਰ ਕਰਨਾ ਚਾਹੀਦਾ ਹੈ :—

It is here by declared that this is being enacted for the fulfilment of the objectives of States policy as enunciated in clause (b) and (c) of Articles 39 of the Constitution of India.

ਡਿਪਟੀ ਸਪੀਕਰ ਸਾਹਿਬ, ਇਹ ਗਲ ਕਰਨ ਤੋਂ ਬਾਅਦ ਭਾਵੇਂ ਲੈਂਡ ਐਕਈਜ਼ੀਸ਼ਨ ਐਕਟ ਦੇ ਮੁਤਾਬਿਕ ਜਿਸ ਦਾ ਜ਼ਿਕਰ ਦਫਾ 59 ਵਿਚ ਕੀਤਾ ਗਿਆ ਹੈ, ਜ਼ਮੀਨ ਐਕੁਆਇਰ ਕਰ ਲਈ ਜਾਵੇ । ਔਰ ਦਫ਼ਾ 59 ਨੂੰ ਜਿਸ ਤਰ੍ਹਾਂ ਕਿ ਮੇਰੀ ਤਰਮੀਮ ਵਿਚ ਸੁਝਾਓ ਦਿਤਾ ਹੈ ਅਡਾਪਟ ਕਰ ਲਿਆ ਜਾਵੇ ਤਾਂ ਸਾਨੂੰ ਜ਼ਮੀਨ ਸਸਤੀ ਮਿਲਣ ਵਿਚ ਕਾਫ਼ੀ ਮੱਦਦ ਮਿਲੇਗੀ ।

ਫਿਰ ਡਿਪਟੀ ਸਪੀਕਰ ਸਾਹਿਬ, ਇਸ ਬਿੱਲ ਵਿਚ ਬਹੁਤ ਸਾਰੀਆਂ ਸਕੀਮਾਂ ਦਾ ਜ਼ਿਕਰ ਕੀਤਾ ਹੈ ਔਰ ਉਨ੍ਹਾਂ ਵਿਚ ਵੈਲਕਮਿੰਗ ਸਟੈਪਸ ਵੀ ਹਨ ਲੇਕਿਨ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ । ਮਿਸਾਲ ਦੇ ਤੌਰ ਤੇ ਮਕਾਨ ਬਣਾਉਣਗੇ ਲੈਂਡ ਕਰਨ ਲਈ, ਇਹ ਵੈਲਕਮਿੰਗ ਸਟੈਪ ਹੈ ਲੇਕਿਨ ਮਕਾਨ ਬਣਾਉਣਗੇ ਕਰਾਏ ਲਈ ਇਸ ਬਾਰੇ ਮੇਰੀ ਅਰਜ਼ ਹੈ ਕਿ ਕਰਾਏ ਅਗੇ ਹੀ ਵਧ ਰਹੇ ਹਨ । ਅਗਰ ਪੰਜਾਬ ਦੀ ਸਰਕਾਰ ਪਬਲਕਿ ਸੈਕਟਰ ਦੇ ਤੌਰ ਤੇ ਅਰਬਨ ਰੈਂਟ ਰਿਸਟਰਿਕਸ਼ਨ ਦੇ ਤੌਰ ਤੇ ਥੋਹੜੇ ਕਰਾਏ ਲਈ ਸਕੀਮਾਂ ਨਹੀਂ ਬਨਾਵੇਗੀ ਔਰ ਉਹ ਪਬਲਿਕ ਪਰਪਜ਼ ਜਿਸ ਦੇ ਪੇਸ਼ੇ ਨਜ਼ਰ ਅਸੀਂ ਚਲਣਾ ਚਾਹੁੰਦੇ ਹਾਂ ਅਸੀਂ ਇਸ ਵਿਚ ਕਾਮਯਾਬ ਨਹੀਂ ਹੋ ਸਕਾਂਗੇ ।

ਡਿਪਟੀ ਸਪੀਕਰ ਸਾਹਿਬ, ਇਸ ਬਿਲ ਵਿਚ ਕੁਝ ਅਜੇਹੇ ਭਾਗ ਹਨ ਜਿਨ੍ਹਾਂ ਵਿਚ ਇਹ ਦੱਸਿਆ ਹੋਇਆ ਹੈ ਕਿ ਇਸ ਬੋਰਡ ਦਾ ਹਿਸਾਬ ਕਿਤਾਬ ਕੌਣ ਰਖੇਗਾ । ਚੈਕ ਕੌਣ ਕਰੇਗਾ । ਇਸ ਸਬੰਧ ਵਿਚ ਬਹੁਤ ਜ਼ਿਆਦਾ ਪਾਵਰਜ਼ ਬਿਉਰੋਕਰੇਸੀ ਨੇ ਆਪਣੇ ਹੱਥ ਵਿਚ ਲੈਣ ਦੀ ਕੋਸ਼ਿਸ਼ ਕੀਤੀ ਹੈ । ਇਸ ਵਿਚ ਕਿਹਾ ਹੈ ਕਿ ਹਾਊਸਿੰਗ ਬੋਰਡ ਦਾ ਆਡਿਟ ਪੰਜਾਬ ਦਾ ਆਡੀਟਰ ਜਨਰਲ ਨਹੀਂ ਕਰੇਗਾ । ਆਡਿਟ ਕੌਣ ਕਰੇਗਾ ? ਆਡਿਟ ਉਹ ਕਰਨਗੇ ਜਿਨ੍ਹਾਂ ਵਿਚ ਮਜਾਰਿਟੀ ਆਈ. ਏ. ਐਸ. ਅਫਸਰਾਂ ਦੀ ਹੋਵੇਗੀ। ਇਸ ਲਈ ਮੇਰਾ ਸੁਝਾਉ ਹੈ ਕਿ ਇਸ ਬਿੱਲ ਵਿਚ ਤਰਮੀਮ ਕਰ ਦਿਤੀ ਜਾਏ ਔਰ ਇਹ ਪ੍ਰੋਵੀਜ਼ਨ ਕੀਤਾ ਜਾਏ ਕਿ ਇਸ ਦਾ ਹਿਸਾਬ ਕਿਤਾਬ ਜੋ ਵੀ ਹੈ ਉਹ ਆਡੀਟਰ ਜਨਰਲ ਕਰੇਗਾ ਔਰ ਇਹ ਬੋਰਡ ਦੇ ਆਪਣੇ ਫੈਸਲੇ ਉਪਰ ਨਹੀਂ ਛੱਡਿਆ ਜਾਵੇਗਾ ।

ਡਿਪਟੀ ਸਪੀਕਰ ਸਾਹਿਬ, ਮੈਂ ਫਿਰ ਦਰਖ਼ਾਸਤ ਕਰਦਾ ਹਾਂ ਕਿ ਸਰਕਾਰ ਐਕੁਈਜ਼ੀਸ਼ਨ ਦੇ ਬਾਰੇ ਸਪੈਸ਼ਲ ਤਵਜੋ ਦੇਵੇ । ਸਾਨੂੰ ਇਸ ਬਿੱਲ ਵਿਚ ਇਸ ਤਰਾਂ ਦਾ ਪ੍ਰੋਵੀਜ਼ਨ ਲਿਆਉਣਾ ਚਾਹੀਦਾ ਹੈ ਕਿ ਜਿਸ ਨਾਲ ਸ਼ਹਿਰਾਂ ਦੇ ਅੰਦਰ ਦੀ ਜ਼ਮੀਨ ਸਰਕਾਰ ਐਕੁਆਇਰ ਕਰ ਲਵੇ ਔਰ ਉਹ ਐਕੁਈਜ਼ੀਸ਼ਨ ਮਾਰਕਿਟ ਰੇਟ ਤੇ ਨਾ ਹੋਵੇ ਬਲਕਿ ਲੋਕਾਂ ਦੀ ਲੋੜ ਨੂੰ ਮੱਦੇ-ਨਜ਼ਰ ਰਖਦੇ ਹੋਏ ਜੋ ਮੁਆਵਜ਼ਾ ਸਰਕਾਰ ਤੈਹ ਕਰੇ ਉਸ ਰੇਟ ਤੇ ਐਕੁਆਇਰ ਕੀਤੀ ਜਾ ਸਕੇ। ਇਸ ਤਰ੍ਹਾਂ ਕਰਨ ਨਾਲ ਅਸੀਂ ਆਪਣੇ ਇਸ ਬਿੱਲ ਵਿਚਲੇ ਮੰਤਵ ਨੂੰ ਪੂਰਾ ਕਰ ਸਕਾਂਗੇ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿਚ ਇਸ ਵੇਲੇ 1,912,353 ਮਕਾਨ ਹਨ ਔਰ ਪੰਜਾਬ ਦੀ ਆਬਾਦੀ 1,3,472,972 ਹੈ। ਇਹ ਆਬਾਦੀ ਦਸ ਸਾਲਾਂ ਤੱਕ ਇਸ ਤੋਂ ਦੋ ਗੁਣਾ ਹੋ ਜਾਵੇਗੀ। ਪੰਜਾਬ ਵਿਚ ਹਰ ਸਾਲ ਇਕ ਲੱਖ ਮਕਾਨਾਂ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਔਰ ਜੇਕਰ ਅਸੀਂ ਪਿਛਲੇ ਸਾਲਾਂ ਦੇ ਫਿਗਰਜ਼ ਲਈਏ ਤਾਂ ਪਤਾ ਲਗਦਾ ਹੈ ਕਿ ਮਕਾਨਾਂ ਦੀ ਕਿਤਨੀ ਸ਼ਾਰਟੇਜ ਦਿਨ ਬਦਿਨ ਵਧ ਰਹੀ ਹੈ ਔਰ ਮਕਾਨ ਕਿਤਨੇ ਘੱਟ ਬਣਾਏ ਜਾ ਰਹੇ ਹਨ। ਸੰਨ 1970-71 ਵਿਚ ਸਿਰਫ 826 ਮਕਾਨ ਬਣੇ ਹਨ ਜਿਨ੍ਹਾਂ ਵਿਚੋਂ 67 ਮਕਾਨ ਮਿਡਲ ਇਨਕਮ ਗਰੁਪ ਸਕੀਮ ਦੇ ਤਾਹਿਤ 537 ਲੋਅ ਇਨਕਮ ਗਰੁਪ ਸਕੀਮ ਥਲੇ ਬਣੇ, 69 ਮਕਾਨ ਸਬਸੀਡਾਈਜ਼ਡ ਹਾਊਸਿੰਗ ਸਕੀਮ ਥਲੇ ਔਰ 153 ਮਕਾਨ ਰੈਂਟਲ ਹਾਊਸਿੰਗ ਸਕੀਮ ਦੇ ਹੇਠ ਬਣੇ ਹਨ। ਔਰ ਲੋੜ ਕਿਤਨੇ ਮਕਾਨਾਂ ਦੀ ਸੀ? ਇਕ ਲੱਖ ਮਕਾਨਾਂ ਦੀ। ਔਰ ਬਣੇ ਕਿਤਨੇ, ਕੇਵਲ 826 ਮਕਾਨ। ਇਸ ਲਈ ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਜਿਸ ਤਰ੍ਹਾਂ ਕਿ ਆਪਣੇ ਏਮਜ਼ ਐਂਡ ਆਬਜੈਕਟਸ ਵਿਚ ਜ਼ਿਕਰ ਕੀਤਾ ਹੈ ਉਨ੍ਹਾਂ ਦੀ ਪੂਰਤੀ ਲਈ ਜਿਹੜੀਆਂ ਅਮੈਂਡਮੈਂਟਸ ਮੈਂ ਔਰ ਡਾਂਗ ਸਾਹਿਬ ਨੇ ਦਿਤੀਆਂ ਹਨ ਉਨ੍ਹਾਂ ਤੇ ਵਿਚਾਰ ਕੀਤਾ ਜਾਵੇ। ਔਰ ਅਗਰ ਅਸੀਂ ਪਾਰਟੀ ਬੇਸਿਜ਼ ਨਾਲ ਹੀ ਚਲਦੇ ਰਹਾਂਗੇ ਤਾਂ ਅਸੀਂ ਕਿਸੇ ਸਟੇਜ ਤੇ ਨਹੀਂ ਪੁੱਜ ਸਕਾਂਗੇ। ਮੈਨੂੰ ਆਸ ਹੈ ਕਿ ਜਿਹੜੀਆਂ ਅਸੀਂ ਅਮੈਂਡਮੈਂਟਸ ਦਿਤੀਆਂ ਹਨ ਔਰ ਜਿਹੜੀਆਂ ਸਾਰੇ ਜ਼ਰੂਰੀ ਪੁਆਇੰਟਸ ਨੂੰ ਕਵਰ ਕਰਦੀਆਂ ਹਨ ਉਨ੍ਹਾਂ ਨੂੰ ਇਹ ਜ਼ਰੂਰ ਕੰਸਿਡਰ ਕਰਨਗੇ। ਇਤਨਾ ਕਹਿੰਦਾ ਹੋਇਆ ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ) : ਡਿਪਟੀ ਸਪੀਕਰ ਸਾਹਿਬ, ਹਾਊਸਿੰਗ ਡਵੈਲਪਮੈਂਟ ਬੋਰਡ ਜਿਸ ਦੀ ਉਡੀਕ ਕਾਫ਼ੀ ਚਿਰ ਪਹਿਲਾਂ ਤੋਂ ਕੀਤੀ ਜਾਂਦੀ ਸੀ ਕਿ ਇਹ ਬਿੱਲ ਪੇਸ਼ ਹੋਵੇ, ਐਕਟ ਬਣੇ, ਮੈਂ ਇਸ ਗਲ ਦੀ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਇਹ ਬਿੱਲ ਇਸ ਸਦਨ ਵਿਚ ਪੇਸ਼ ਹੋਇਆ ਹੈ। ਲੇਕਿਨ ਨਾਲ ਦੀ ਨਾਲ ਹੀ ਮੈਂ ਡਿਪਟੀ ਸਪੀਕਰ, ਸਾਹਿਬ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਤਾਂ ਸਰਕਾਰ ਦੇ ਆਪਣੇ ਹਿੱਤ ਦੀ ਗਲ ਹੁੰਦੀ ਹੈ ਤਾਂ ਉਸਨੂੰ ਤਾਂ ਇਹ ਕਰਨ ਦਾ ਯਤਨ ਕਰਦੀ ਹੈ। ਔਰ ਜਿਹੜੀ ਦੂਜੀਆਂ ਪਾਰਟੀਆਂ ਜਾਂ ਲੋਕਾਂ ਤੇ ਹਿਤਾਂ ਦੀ ਗਲ ਹੁੰਦੀ ਹੈ ਤਾਂ ਇਹ ਉਸ ਕੰਮ ਵਿਚ ਜਾਣ ਬੁਝ ਕੇ ਊਣਤਾਈਆਂ ਰਖ ਲੈਂਦੀ ਹੈ। ਜਿਹੜੀਆਂ ਮੈਂ ਊਣਤਾਈਆਂ ਮਹਿਸੂਸ ਕੀਤੀਆਂ ਹਨ ਉਹ ਸਰਕਾਰੀ ਬੈਂਚਾਂ ਤੇ ਬੈਠੇ ਵੀਰਾਂ ਨੂੰ ਦਸਣਾ ਚਾਹੁੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਇਨ੍ਹਾਂ ਊਣਤਾਈਆਂ ਨੂੰ ਜ਼ਰੂਰ ਦੂਰ ਕਰਨ ਦਾ ਯਤਨ ਕਰਨਗੇ।

ਮੇਰੇ ਕਾਮਰੇਡ ਭਰਾਵਾਂ ਨੇ ਚੰਗੀਆਂ ਅਮੈਂਡਮੈਂਟਸ ਦਿਤੀਆਂ ਹਨ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਮੇਰਾ ਖਿਆਲ ਹੈ ਕਿ ਇਹ ਸੋਧਨਾਵਾਂ ਜ਼ਰੂਰੀ ਹਨ ਅਤੇ ਕਰਨੀਆਂ ਚਾਹੀਦੀਆਂ ਹਨ।

ਇਥੇ ਇਕ ਗਲ ਮੈਂ ਡਿਪਟੀ ਸਪੀਕਰ ਸਾਹਿਬ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਵਿਚ ਜਿਹੜੀ ਕੰਪੋਜੀਸ਼ਨ ਬਣਾਈ ਗਈ ਹੈ ਇਹ ਅਨਡੈਮੋਕਰੇਟਿਕ ਹੈ। ਅਤੇ ਸਾਡੀ ਜਿਹੜੀ ਜ਼ਹਿਨੀਅਤ ਹੈ ਇਹ ਮੈਂ ਸਮਝਦਾ ਹਾਂ ਕਿ ਅਜ ਵੀ ਗੁਲਾਮਾਨਾ ਜ਼ਹਿਨੀਅਤ ਹੈ ਅਤੇ ਇਹ ਸਾਡੇ ਵਿਚੋ ਅਜ ਤਕ ਨਹੀਂ ਨਿਕਲੀ ਕਿਉਂਕਿ ਲੋਕ ਰਾਜ ਵਿਚ ਲੋਕਾਂ ਦੇ ਜਜ਼ਬਾਤ ਅਤੇ ਲੋਕਾਂ ਦੇ ਹਾਵ ਭਾਵ ਦੀ ਤਰਜਮਾਨੀ ਕੀਤੀ ਜਾਣੀ ਚਾਹੀਦੀ ਹੈ। ਜਿਹੜੀ ਕਿ ਇਸ ਬਿਲ ਵਿਚ ਨਹੀਂ ਕੀਤੀ ਗਈ ਅਤੇ ਲੋਕਤੰਤਰ ਦੀਆਂ ਰਵਾਇਤਾਂ ਨੂੰ ਸਾਹਮਣੇ ਨਹੀਂ ਰਖਿਆ ਗਿਆ। ਇਸ ਵਿਚ ਇਨ੍ਹਾਂ ਨੇ ਅਫਸਰਾਂ ਦੀ ਫੌਜ ਨੂੰ ਨੁਮਾਇੰਦਗੀ ਦੇ ਦਿਤੀ ਹੈ। ਇਸ ਦਾ ਭਾਵ ਮੇਰਾ ਕਿਸੇ ਅਫ਼ਸਰ ਦੀ ਜ਼ਾਤ ਤੇ ਹਮਲਾ ਕਰਨਾ ਨਹੀਂ ਪਰ ਮੇਰਾ ਤਾਂ ਭਾਵ ਇਹ ਹੈ ਕਿ ਅਫ਼ਸਰਾਂ ਰਾਹੀਂ ਲੋਕਾਂ ਦੇ ਜਜ਼ਬਾਤ ਅਤੇ ਉਨ੍ਹਾਂ ਦੇ ਹਾਵ ਭਾਵ ਦੀ ਸਹੀ ਤਰਜਮਾਨੀ ਨਹੀਂ ਕੀਤੀ ਜਾ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਸਕਦੀ ਇਹ ਠੀਕ ਹੈ ਕਿ ਅਫ਼ਸਰ ਹੋਣੇ ਚਾਹੀਦੇ ਹਨ ਕਿਉਂਕਿ ਉਹ ਪੜ੍ਹੇ ਲਿਖੇ ਹੁੰਦੇ ਹਨ ਅਤੇ ਸਰਕਾਰੀ ਕੰਮ ਵਿਚ ਚੰਗੀ ਸਲਾਹ ਦੇ ਸਕਦੇ ਹਨ ਪਰ ਉਨ੍ਹਾਂ ਨੂੰ ਇਸ ਬਿਲ ਵਿਚ ਨਾਮੀਨੇਟ ਅਫ਼ਸਰਾਂ ਨੂੰ ਨਿਵਾਜਣ ਦਾ ਖਿਆਲ ਸਰਕਾਰ ਨੇ ਕੀਤਾ ਹੈ ਜਿਸ ਨਾਲ ਮੈਂ ਅਤੇ ਮੇਰੀ ਪਾਰਟੀ ਬਿਲਕੁਲ ਸਹਿਮਤ ਨਹੀਂ।

ਡਿਪਟੀ ਸਪੀਕਰ ਸਾਹਿਬ, ਇਕ ਗਲ ਮੈਂ ਇਹ ਬੇਨਤੀ ਕਰਨੀ ਹੈ ਕਿ ਜੇਕਰ ਸਹੀ ਮਾਹਨਿਆਂ ਵਿਚ ਇਸ ਬਿਲ ਤੋਂ ਕੋਈ ਲਾਭ ਉਠਾਉਣਾ ਹੈ ਤਾਂ ਲੋਕਾਂ ਦੇ ਨੁਮਾਇੰਦਿਆਂ ਨੂੰ ਅਫ਼ਸਰਾਂ ਦੀ ਥਾਂ ਤੇ ਜਗ੍ਹਾ ਦਿਤੀ ਜਾਵੇ ਅਤੇ ਇਸ ਪੱਖ ਵਿਚ ਸੋਧ ਵੀ ਕੀਤੀ ਜਾਵੇ । ਇਸ ਦੇ ਨਾਲ ਹੀ ਨੰਬਰ ਦੋ ਤੇ ਇਹ ਗਲ ਆਉਂਦੀ ਹੈ ਕਿ ਲੋਕਤੰਤਰ ਪਰਣਾਲੀ ਵਿਚ ਆਪੋਜ਼ੀਸ਼ਨ ਦਾ ਕਾਫੀ ਵਡਾ ਰੋਲ ਹੁੰਦਾ ਹੈ ਅਤੇ ਕਨਸਟਰੱਕਟਿਵ ਗਲਾਂ ਉਨ੍ਹਾਂ ਵਲੋਂ ਆ ਸਕਦੀਆਂ ਹਨ ਅਤੇ ਉਨ੍ਹਾਂ ਦਾ ਹੱਕ ਹੁੰਦਾ ਹੈ ਕਿ ਉਨ੍ਹਾਂ ਨੂੰ ਲੋਕ ਤੰਤਰ ਵਿਚ ਨਾਲ ਰਖਿਆ ਜਾਵੇ। ਪਰ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਸ ਪੱਖ ਵਲ ਧਿਆਨ ਨਹੀਂ ਦਿਤਾ ਗਿਆ ਅਤੇ ਇਸ ਲਈ ਮੈਂ ਆਸ ਕਰਦਾ ਹਾਂ ਕਿ ਆਪੋਜ਼ੀਸ਼ਨ ਦੀਆਂ ਪਾਰਟੀਆਂ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਇਸ ਬੋਰਡ ਤੇ ਨੁਮਾਇੰਦਗੀ ਦੇਣੀ ਚਾਹੀਦੀ ਹੈ। ਤਾਂ ਕਿ ਕਨਸਟਰੱਕਟਿਵ ਕੰਮਾਂ ਵਿਚ ਵੱਧ ਚੜ੍ਹ ਕੇ ਹਿਸਾ ਪਾ ਸਕਣ । ਅਤੇ ਉਹ ਸਹੀ ਤਰੀਕੇ ਨਾਲ ਉਨ੍ਹਾਂ ਲੋਕਾਂ ਦੀ ਤਰਜਮਾਨੀ ਕਰ ਸਕਣ ਜਿਹੜੇ ਕਿ ਗਰੀਬ ਹਨ, ਮਜ਼ਦੂਰ ਹਨ ਅਤੇ ਕਿਸਾਨ ਵਰਗ ਦੇ ਹਨ ਜਿਨ੍ਹਾਂ ਲਈ ਮਕਾਨ ਬਣਾਏ ਜਾਣੇ ਹਨ ਅਤੇ ਇਹ ਵੇਖ ਸਕਣ ਕਿ ਇਨ੍ਹਾਂ ਵਰਗਾਂ ਨਾਲ ਕੋਈ ਬੇਇਨਸਾਫ਼ੀ ਨਾ ਹੋ ਸਕੇ ।

ਇਸ ਤੋਂ ਅਗੇ ਡਿਪਟੀ ਸਪੀਕਰ ਸਾਹਿਬ, ਇਹ ਆਮ ਵੇਖਿਆ ਗਿਆ ਹੈ ਅਤੇ ਤੁਹਾਨੂੰ ਵੀ ਪਤਾ ਹੈ ਕਿ ਇਸ ਤਰ੍ਹਾਂ ਦੇ ਪਰੋਗਰਾਮਾਂ ਅਤੇ ਸਕੀਮਾਂ ਤੋਂ ਉਹ ਬੰਦੇ ਲਾਭ ਉਠਾ ਲੈਂਦੇ ਹਨ ਜਿਨ੍ਹਾਂ ਦਾ ਸਰਕਾਰ ਤੇ ਜਾਇਜ਼ ਅਤੇ ਨਜਾਇਜ਼ ਤਰੀਕੇ ਨਾਲ ਹੋਲਡ ਹੋਵੇ (ਵਿਘਨ)

(ਇਸ ਸਮੇਂ ਸਰਦਾਰ ਉਮਰਾਓ ਸਿੰਘ ਕਿਸੇ ਹੋਰ ਆਨਰੇਬਲ ਮੈਂਬਰ ਨਾਲ ਗਲਾਂ ਕਰ ਰਹੇ ਸਨ)

ਸਰਦਾਰ ਉਮਰਾਓ ਸਿੰਘ ਜੀ ਗਲਾਂ ਫਿਰ ਕਰ ਲੈਣਾ ਅਜ ਜੋ ਸੋਸ਼ਲਿਜ਼ਮ ਦਾ ਢੰਡੋਰਾ ਪਿਟਿਆ ਜਾ ਰਿਹਾ ਹੈ ਅਤੇ ਇਹ ਕਿਹਾ ਜਾ ਰਿਹਾ ਹੈ ਕਿ ਅਸੀਂ ਹਰੀਜਨਾਂ ਅਤੇ ਸ਼ਡਿਊਲਡ ਕਾਸਟਾਂ ਨੂੰ ਹਕ ਦੇਣਾ ਚਾਹੁੰਦੇ ਹਾਂ ਅਤੇ ਇਸ ਪੱਖ ਵਿਚ ਅਵਾਜ਼ ਉਠਾਈ ਜਾਂਦੀ ਹੈ ਹਰ ਪਾਸੇ ਤੋਂ । ਇਸ ਆਵਾਜ਼ ਨਾਲ ਮੈਂ ਅਤੇ ਮੇਰੀ ਪਾਰਟੀ ਅਤੇ ਮੇਰੇ ਹਮ ਖਿਆਲ ਲੋਕ ਵੀ ਸਹਿਮਤ ਹਨ ਪਰ ਅਸੀਂ ਵੇਖਦੇ ਹਾਂ ਕਿ ਇਸ ਬਿਲ ਵਿਚ ਸ਼ਡਿਊਲਡ ਕਾਸਟਾਂ ਦਾ ਕੇਵਲ ਇਕ ਮੈਂਬਰ ਲਿਆ ਗਿਆ ਹੈ ਇਨ੍ਹਾਂ ਨੂੰ ਬਹੁਤ ਥੋੜੀ ਨੁਮਾਇੰਦਗੀ ਦਿਤੀ ਗਈ ਹੈ। ਇਸ ਵਿਚ ਸ਼ਡਿਊਲਡ ਕਾਸਟਾਂ ਦੀ ਗਿਣਤੀ ਜ਼ਿਆਦਾ ਹੋਣੀ ਚਾਹੀਦੀ ਹੈ। ਕਿਉਂਕਿ ਇਹ ਇਸ ਲਈ ਵੀ ਜ਼ਰੂਰੀ ਹੈ ਕਿ ਇਹ ਹਾਊਸਿੰਗ ਕਾਲੋਨੀਜ਼ ਗਰੀਬ ਲੋਕਾਂ ਲਈ ਇੰਡਸਟਰੀਅਲ ਵਰਕਰਾਂ ਲਈ ਬਣਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਵਰਗਾਂ ਦੇ ਲੋਕਾਂ ਲਈ ਬਣਾਈਆਂ ਜਾ ਰਹੀਆਂ ਹਨ ਪਰ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਸਨਮਾਨਿਆ ਨਹੀਂ ਗਿਆ । ਨੌਂ ਮੈਂਬਰਾਂ ਵਿਚੋਂ ਕੇਵਲ ਇਕ ਹਰੀਜਨ ਲਿਆ ਗਿਆ ਹੈ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹਰੀਜਨ ਭਰਾਵਾਂ, ਮਿਡਲ ਕਲਾਸ ਦੇ ਵਰਕਰਾਂ ਅਤੇ ਛੋਟੇ ਭਾਂਡੇ ਵਾਲੇ ਵਰਗਾਂ ਨੂੰ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ ਤਾਂ ਉਸ ਵਰਗ ਨੂੰ ਜ਼ਿਆਦਾ ਨੁਮਾਇੰਦਗੀ ਇਸ ਬੋਰਡ ਤੇ ਦਿਤੀ ਜਾਵੇ ਤਾਂ ਕਿ ਉਹ ਇਸ ਕੰਮ ਵਿਚ ਸਹਾਈ ਹੋ ਸਕਣ ।

ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਮੈਂ ਕੋਰਮ ਦੇ ਬਾਰੇ ਵਿਚ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਸ ਬਿਲ ਵਿਚ ਕੋਰਮ ਕੇਵਲ 3 ਮੈਂਬਰਾਂ ਦਾ ਰਖਿਆ ਹੈ ਮੈਂ ਸਮਝਦਾ ਹਾਂ ਕਿ ਇਹ ਇਕ ਊਣਤਾਈ ਰਹਿ ਗਈ ਹੈ ਅਤੇ ਇਹ ਲੋਕਤੰਤਰ ਰਾਜ ਦੀਆਂ ਰਵਾਇਤਾਂ ਦੇ ਅਨੁਕੂਲ ਨਹੀਂ ਇਹ ਕੋਰਮ ਘੱਟੋ ਘੱਟ 6 ਮੈਂਬਰਾਂ ਦਾ ਹੋਣਾ ਚਾਹੀਦਾ ਹੈ ਤਾਂ ਕਿ ਜਿਨ੍ਹਾਂ ਵੀ ਕੰਮ ਕੀਤਾ ਜਾਵੇ ਮੈਜਾਰਟੀ ਦੀ ਰਾਏ ਨਾਲ ਕੀਤਾ ਜਾ ਸਕੇ । 9 ਮੈਂਬਰਾਂ ਵਿਚੋਂ ਇਕ ਬਟਾ ਤਿੰਨ ਮੈਂਬਰਾਂ ਦਾ ਕੋਰਮ ਰਖ ਦੇਣਾ ਇਹ ਬਹੁਤ ਹੀ ਅਨਜਸਟ ਹੈ। ਲੋਕਾਂ ਦੇ ਜਜ਼ਬਾਤ ਦੀ ਤਿੰਨ ਮੈਂਬਰ ਸਹੀ ਤੌਰ ਤੇ ਤਰਜਮਾਨੀ ਨਹੀਂ ਕਰ ਸਕਦੇ । 6 ਮੈਂਬਰ ਕਰ ਸਕਦੇ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਬੋਰਡ ਦਾ ਕੋਰਮ 6 ਮੈਂਬਰਾਂ ਦਾ ਹੋਣਾ ਚਾਹੀਦਾ ਹੈ ।

ਇਕ ਹੋਰ ਪੱਖ ਵਲ ਮੈਂ ਆਪ ਦਾ ਧਿਆਨ ਡਿਪਟੀ ਸਪੀਕਰ ਸਾਹਿਬ, ਲਿਆਉਣਾ ਚਾਹੁੰਦਾ ਹਾਂ ਕਿ ਸਰਕਾਰ ਆਪਣੀ ਮਜਾਰੇਟੀ ਦੇ ਬਲ ਬੋਤੇ ਤੇ ਸਾਰੇ ਕੰਮ ਕਰਨਾ ਚਾਹੁੰਦੀ ਹੈ ਅਤੇ ਮਾਈਨਾਰੇਟੀ ਨੂੰ ਬਿਲਕੁਲ ਇਗਨੋਰ ਕਰਦੀ ਆ ਰਹੀ ਹੈ। ਅਤੇ ਇਸ ਤਰ੍ਹਾਂ ਦੀ ਪੁਰਾਣੀ ਰਵਾਇਤ ਨੂੰ ਇਥੇ ਵੀ ਲਿਆਉਣ ਦਾ ਯਤਨ ਸਰਕਾਰ ਨੇ ਕੀਤਾ ਹੈ ਕਿਉਂਕਿ ਇਸ ਵਿਚ ਇਹ ਪਰਬੰਧ ਕੀਤਾ ਗਿਆ ਹੈ ਕਿ ਚੇਅਰਮੈਨ ਸਾਹਿਬ ਜਾਂ ਮੈਂਬਰ ਜਿਹੜੇ ਇਸ ਬੋਰਡ ਦੇ ਹੋਣ ਜੇਕਰ ਉਹ ਤਿੰਨ ਸਾਲ ਦੀ ਆਪਣੀ ਟਰਮ ਨੂੰ ਪੂਰਾ ਕਰ ਲੈਣ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਆਪਣਾ ਕਨਸਟਰੱਕਟਿਵ ਰੋਲ ਅਦਾ ਕਰ ਦਿਤਾ ਹੈ ਜਿਹੜਾ ਕਿ ਮਕਾਨਾਂ ਦੇ ਬਣਾਉਣ ਵਾਸਤੇ ਉਨ੍ਹਾਂ ਨੇ ਅਦਾ ਕਰਨਾ ਸੀ । ਉਹ ਕੰਮ ਉਨ੍ਹਾਂ ਨੇ ਤਕਰੀਬਨ ਮੁਕਾ ਲਿਆ ਹੁੰਦਾ ਹੈ ਇਸ ਲਈ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਤਿੰਨ ਸਾਲ ਬਾਦ ਰੀਅਪਵਾਇੰਟ ਨਹੀਂ ਕਰਨਾ ਚਾਹੀਦਾ। ਇਸ ਬਿਲ ਵਿਚ ਸਰਕਾਰ ਨੇ ਇਹ ਕੀਤਾ ਹੈ ਕਿ ਜਿਹੜਾ ਚੇਅਰਮੈਨ ਤਿੰਨ ਸਾਲ ਦੀ ਆਪਣੀ ਮਿਆਦ ਨੂੰ ਮੁਕਾ ਲਏ ਜਾਂ ਮੈਂਬਰ ਤਿੰਨ ਸਾਲ ਦੀ ਟਰਮ ਨੂੰ ਪੂਰਾ ਲਏ ਉਸ ਨੂੰ ਰੀਅਪਵਾਇੰਟ ਕੀਤਾ ਜਾ ਸਕਦਾ ਹੈ। ਇਸ ਲਈ ਮੈਂ ਆਪ ਦੀ ਰਾਹੀਂ ਸਰਕਾਰੀ ਬੈਂਚਾਂ ਪਾਸ ਬੇਨਤੀ ਕਰਾਂਗਾ ਕਿ ਜਿਹੜਾ ਮੈਂਬਰ ਤਿੰਨ ਸਾਲ ਤਕ ਆਪਣਾ ਰੋਲ ਪੂਰਾ ਕਰ ਲਏ ਉਸ ਨੂੰ ਰੀਟਾਇਰ ਕਰ ਦੇਣਾ ਚਾਹੀਦਾ ਹੈ ਅਤੇ ਰੀਅਪਵਾਇੰਟ ਨਹੀਂ ਕਰਨਾ ਚਾਹੀਦਾ। ਉਸ ਵਿਅਕਤੀ ਨੂੰ ਉਸ ਦੀ ਥਾਂ ਤੇ ਲਿਆਉਣਾ ਚਾਹੀਦਾ ਹੈ ਜੋ ਕਨਸਟਰਕਟਿਵ ਕੰਮ ਕਰ ਸਕਦਾ ਹੋਵੇ ਅਤੇ ਜਿਸ ਵਿਚ ਕੰਮ ਕਰਨ ਲਈ ਅਨਰਜੀ ਹੋਵੇ ਅਤੇ ਨਵੀਨਤਾ ਲਿਆ ਸਕੇ ਅਤੇ ਇਸ ਤੇ ਪੁਰਾਣਿਆਂ ਨੂੰ ਹੀ ਨਹੀਂ ਲਗਾਉਣਾ ਚਾਹੀਦਾ ।

ਇਕ ਗਲ ਮੈਂ ਖ਼ਾਸ ਤੌਰ ਤੇ ਆਪ ਦੀ ਰਾਹੀਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਬਿਲ ਪਹਿਲਾਂ ਮਹਾਰਾਸ਼ਟਰ ਨੇ ਸਭ ਤੋਂ ਪਹਿਲਾਂ ਬਣਾਇਆ ਸੀ। ਜੇਕਰ ਸਰਕਾਰੀ ਬੈਂਚਾਂ ਤੇ ਬੈਠੇ ਉਸ ਬਿਲ ਨੂੰ ਪਹਿਲਾਂ ਵੇਖ ਲੈਂਦੇ ਅਤੇ ਨਜ਼ਰ ਮਾਰ ਲੈਂਦੇ ਤਾਂ ਇਸ ਵਿਚ ਜਿੰਨੀਆਂ ਊਣਤਾਈਆਂ ਨਜ਼ਰ ਆ ਰਹੀਆਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾ ਸਕਦਾ। ਮੈਂ ਜਿਨ੍ਹਾਂ ਕੁ ਮਹਾਰਾਸ਼ਟਰ ਦੇ ਹਾਊਸਿੰਗ ਨੂੰ ਪੜ੍ਹਿਆ ਹੈ ਉਸ ਤੋਂ ਵੇਖਿਆ ਹੈ ਕਿ ਉਸ ਵਿਚ ਬਹੁਤ ਹੀ ਘਟ ਊਣਤਾਈਆਂ ਮੈਨੂੰ ਦਿਖਾਈ ਦਿਤੀਆਂ ਹਨ। ਇਸ ਲਈ ਇਸ ਬਿਲ ਨੂੰ ਫਰੇਮ ਕਰਨ ਸਮੇਂ ਉਸ ਨੂੰ ਸਾਹਮਣੇ ਰਖ ਲਿਆ ਜਾਂਦਾ ਤਾਂ ਊਣਤਾਈਆਂ ਇਨ੍ਹਾਂ ਨੂੰ ਸੌਖਿਆਂ ਹੀ ਨਜ਼ਰ ਆ ਜਾਂਦੀਆਂ ਅਤੇ ਉਨ੍ਹਾਂ ਨੂੰ ਦੂਰ ਕੀਤਾ ਜਾ ਸਕਦਾ ਸੀ ।

ਇਕ ਬੇਨਤੀ ਇਹ ਹੈ ਕਿ ਹਾਊਸਿੰਗ ਡਿਵੈਲਪਮੈਂਟ ਬੋਰਡ ਜ਼ਿਆਦਾ ਤਰ ਗਰੀਬਾਂ, ਫੈਕਟਰੀ ਵਰਕਰਾਂ ਦੇ ਹਿਤ ਲਈ ਬਣਾਇਆ ਜਾ ਰਿਹਾ ਹੈ ਅਤੇ ਉਚ ਵਰਗ ਦੇ ਲੋਕਾਂ ਨੂੰ ਜ਼ਿਆਦਾ ਸਹੂਲਤਾਂ ਨਹੀਂ ਦਿਤੀਆਂ ਜਾ ਸਕਦੀਆਂ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ ਸ਼ਹਿਰਾਂ ਵਿਚ ਮਕਾਨ ਬਣਾਏ ਜਾਣੇ ਹਨ ਉਨ੍ਹਾਂ ਵਿਚ ਸੱਬ-ਕਮੇਟੀਆਂ ਬਣਾ ਦਿਤੀਆਂ ਜਾਣ ਅਤੇ ਇਸ ਤਰ੍ਹਾਂ ਜਿਨ੍ਹਾਂ ਪਿੰਡਾਂ ਵਿਚ ਇਹ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਬਣਾਏ ਜਾ ਰਹੇ ਹਨ ਉਨ੍ਹਾਂ ਪਿੰਡਾਂ ਵਿਚ ਵੀ ਸਬ-ਕਮੇਟੀਆਂ ਕਾਇਮ ਕਰਨੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਤੇ ਗਰੀਬ ਵਰਕਰਾਂ ਦੇ ਨੁਮਾਇੰਦਿਆਂ ਨੂੰ ਲੈਣਾ ਚਾਹੀਦਾ ਹੈ ਤਾਂ ਕਿ ਉਥ ਦੇ ਲੋਕਾਂ ਦੀਆਂ ਇਮੋਸ਼ਨਾਂ ਅਤੇ ਜ਼ਜ਼ਬਾਤ ਨੂੰ ਲੈ ਕੇ ਕਾਲੋਨੀਜ਼ ਸੈਟ ਅਪ ਕੀਤੀਆਂ ਜਾਣ ।

ਇਸ ਦੇ ਨਾਲ ਹੀ ਇਹ ਪੱਖ ਵੀ ਅਖੋਂ ਓਹਲੇ ਨਹੀਂ ਕਰਨਾ ਚਾਹੀਦਾ ਕਿ ਨਕਸ਼ੇ ਇਥੋਂ ਚੰਡੀਗੜ੍ਹ ਬੈਠੇ ਅਫਸਰ ਬਣਾ ਕੇ ਭੇਜ ਦਿੰਦੇ ਹਨ । ਪਰ ਸਾਡੇ ਮੁਲਕ ਦਾ ਵਾਤਾਵਰਣ ਅਮਰੀਕਾ ਜਾਂ ਯੂਰਪੀ ਦੇਸ਼ਾਂ ਜਾਂ ਸੋਸ਼ਲਿਸਟ ਮੁਲਕਾਂ ਤੋਂ ਵਖਰਾ ਹੈ । ਅਸਾਡਾ ਤਮਦਨ ਅਤੇ ਅਸਾਡੀ ਤਹਜ਼ੀਬ ਅਤੇ ਸਭਿਅਤਾ ਭਿੰਨ ਹੈ ਇਸ ਲਈ ਦੇਸ਼ ਦੀਆਂ ਲੋੜਾਂ ਅਤੇ ਰਹਿਨ ਸਹਿਨ ਦੇ ਤਰੀਕੇ ਵਖਰੇ ਹਨ ਇਸ ਲਈ ਨਕਸ਼ੇ ਤਿਆਰ ਕੀਤੇ ਜਾਣ ਲਗਿਆਂ ਇਨ੍ਹਾਂ ਗਲਾਂ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਦੂਜੇ ਮੁਲਕਾਂ ਵਾਂਗ ਕਾਲੋਨੀਜ਼ ਸੈਟ ਅਪ ਨਾ ਕਰ ਦਿਤੀਆਂ ਜਾਣ ਸਗੋਂ ਆਪਣੇ ਵਾਤਾਵਰਣ ਅਤੇ ਲੋੜਾਂ ਨੂੰ ਸਾਹਮਣੇ ਰਖ ਕੇ ਨਕਸ਼ੇ ਤਿਆਰ ਕੀਤੇ ਜਾਣ ।

ਇਕ ਖਾਸ ਬੇਨਤੀ ਇਹ ਕਰਨਾ ਚਾਹੁੰਦਾ ਹਾਂ ਕਿ ਕੋਈ ਵੀ ਸਕੀਮ ਸਰਕਾਰ ਵਲੋਂ ਤਿਆਰ ਕੀਤੀ ਜਾਂਦੀ ਹੈ ਤਾਂ ਉਹ ਕਿਨਾਂ ਚਿਰ ਲਮਕਦੀ ਰਹਿੰਦੀ ਹੈ । ਇਸ ਲਈ ਮੈਂ ਇਸ ਪਾਪੂਲਰ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਬਾਕੀ ਦੀਆ ਸਕੀਮਾਂ ਫੇਲ੍ਹ ਹੋ ਜਾਂਦੀਆਂ ਹਨ ਇਹ ਨਹੀਂ ਹੋਣੀ ਚਾਹੀਦੀ । ਮੇਰਾ ਭਾਵ ਇਹ ਹੈ ਕਿ ਜਿਸ ਗਲ ਨੂੰ ਮੁਲਕ ਦੀ ਸਰਕਾਰ ਨੇ ਖ਼ੁਦ ਬਣਾਉਣਾ ਹੋਵੇ ਉਸ ਲਈ ਸਾਰੇ ਵਸੀਲੇ ਵਰਤੇ ਜਾ ਸਕਦੇ ਹਨ । ਇਸ ਲਈ ਇਹ ਕੰਮ ਕਿਉਂਕਿ ਸਰਕਾਰ ਵਲੋਂ ਤਿਆਰ ਕੀਤਾ ਗਿਆ ਹੈ ਇਸ ਲਈ ਜਿਸ ਤਰ੍ਹਾਂ ਸੜਕਾਂ ਦੇ ਤਿਆਰ ਕਰਨ ਲਈ ਕਰੈਸ਼ ਪਰੋਗਰਾਮ ਬਣਾਇਆ ਗਿਆ ਹੈ ਅਤੇ ਮਾਡਲ ਵਿਲੇਜਿਜ਼ ਦੀ ਸਕੀਮ ਤਿਆਰ ਕੀਤੀ ਗਈ ਹੈ ਇਸੇ ਤਰ੍ਹਾਂ ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਹ ਕਿਉਂਕਿ ਹਰੀਜਨਾਂ ਲਈ, ਗਰੀਬ ਵਰਕਰਾਂ ਲਈ ਅਤੇ ਫੈਕਟਰੀ ਵਰਕਰਾਂ ਲਈ ਮਕਾਨ ਬਣਾਏ ਜਾਣੇ ਹਨ ਇਸ ਲਈ ਇਸ ਨੂੰ ਕਰੈਸ਼ ਪਰੋਗਰਾਮ ਦੇ ਤੌਰ ਤੇ ਤਿਆਰ ਕਰਕੇ ਅਮਲ ਵਿਚ ਲਿਆਉਣਾ ਚਾਹੀਦਾ ਹੈ, ਜਿਸ ਤਰ੍ਹਾਂ ਕਿ ਮੇਰੇ ਕਾਮਰੇਡ ਵੀਰ ਰਾਜ ਕੁਮਾਰ ਜੀ ਨੇ ਫਿਗਰਜ਼ ਦਿਤੀਆਂ ਹਨ ਕਿ ਸਾਨੂੰ ਇਕ ਲੱਖ ਮਕਾਨਾਂ ਦੀ ਲੋੜ ਸੀ ਪਰ ਬਣਾਏ ਕੇਵਲ 8 ਸੌ ਦੇ ਕਰੀਬ ਗਏ । ਇਸ ਲਈ ਇਹ ਲੋਕ ਦੇ ਹਿੱਤ ਲਈ ਕਾਲੋਨੀਜ਼ ਬਣਾਈਆਂ ਜਾ ਰਹੀਆਂ ਹਨ ਇਹ ਤਾਂ ਹੀ ਸਕੀਮ ਸਿਰੇ ਚੜ੍ਹ ਸਕੇਗੀ ਜੇਕਰ ਇਸ ਨੂੰ ਕਰੈਸ਼ ਪਰੋਗ੍ਰਾਮ ਦੇ ਤੌਰ ਤੇ ਅਮਲ ਵਿਚ ਲਿਆਂਦਾ ਜਾਵੇ । ਨਹੀਂ ਤਾਂ ਇਸ ਦਾ ਮਕਸਦ ਪੂਰਾ ਨਹੀਂ ਕੀਤਾ ਜਾ ਸਕੇਗਾ ।

ਇਥੇ ਫੈਮਲੀ ਪਲਾਨਿੰਗ ਦੇ ਬਾਰੇ ਵਿਚ ਬਹੁਤ ਜ਼ਿਕਰ ਕੀਤਾ ਗਿਆ ਅਤੇ ਇਹ ਵੀ ਕਿ ਇਸ ਤਰ੍ਹਾਂ ਕਰਨ ਨਾਲ ਹਰ ਇਕ ਨੂੰ ਕੁਲੀ ਜੁਲੀ ਮਿਲ ਸਕੇਗੀ । ਪਰ ਇਹ ਜਿਹੜਾ ਅਰਬਨ ਤੇ ਰੂਰਲ ਸੀਲਿੰਗ ਦੇ ਬਿਲ ਲਿਆ ਰਹੇ ਹਨ ਇਨ੍ਹਾਂ ਵਿਚ ਤਾਂ ਇਹ ਦਿਤਾ ਗਿਆ ਹੈ ਕਿ ਫੈਮਲੀ ਜਿਨੀ ਵਧਾਈ ਜਾਵੇ ਚੰਗਾ ਰਹੇਗਾ ਅਤੇ ਜਿਸ ਤਰ੍ਹਾਂ ਕਾਮਰੇਡ ਰਾਜ ਕੁਮਾਰ ਨੇ ਦਸਿਆ ਹੈ ਕਿ ਇਹ ਆਬਾਦੀ ਤਾਂ ਡਬਲ ਅਤੇ ਟਿਬਲ ਹੋ ਜਾਵੇਗੀ ਅਤੇ ਜਿਥੇ ਅਜ ਇਕ ਲੱਖ ਮਕਾਨਾਂ ਦੀ ਲੋੜ ਹੈ ਉਥੇ ਇਸ ਤੋਂ ਦੁਗਣੀ ਅਤੇ ਤਿਗਣੀ ਮਕਾਨਾਂ ਦੀ ਲੋੜ ਪਏਗੀ ਇਸ ਲਈ ਮੈਂ ਇਹ ਕਹਾਂਗਾ ਕਿ ਇਸਦੇ ਸਬੰਧ ਵਿਚ ਕਰੈਸ਼ ਪਰੋਗਰਾਮ ਤਿਆਰ ਕੀਤਾ ਜਾਣਾ ਚਾਹੀਦਾ ਹੈ । ਇਹ ਭਾਵੇਂ ਜਿਸ ਤਰੀਕੇ ਨਾਲ ਵੀ ਕੀਤਾ ਜਾਵੇ ਕੰਮ ਕਰਨ ਦੀ ਸਪੀਡ ਤੇਜ਼ ਕਰਨੀ ਚਾਹੀਦੀ ਹੈ ਤਾਂ ਕਿ ਲੋਕਾਂ ਨੂੰ ਵਕਤ ਮੁਤਾਬਿਕ ਸਹੂਲਤਾਂ ਦਿਤੀਆਂ ਜਾ ਸਕਣ ।

ਜਿਥੋਂ ਤਕ ਜਰਨਲਿਸਟਾਂ ਦਾ ਸਬੰਧ ਹੈ ਇਹ ਮੁਲਕ ਦੀ ਕਰੀਮ ਹੁੰਦੇ ਹਨ । ਇਹ ਜਿਹੜੇ ਵੀਰ ਪਰੈਸ ਗੈਲਰੀ ਵਿਚ ਬੈਠੇ ਹਨ ਇਨ੍ਹਾਂ ਦੇ ਬਾਰੇ ਵਿਚ ਇਕ ਸਕੀਮ ਵੀ ਸਰਕਾਰ ਨੂੰ ਭੇਜੀ ਗਈ ਸੀ ਪਰ ਉਹ ਪਿਛੇ ਸਿਰੇ ਨਹੀਂ ਸੀ ਚੜ੍ਹ ਸਕੀ । ਇਨ੍ਹਾਂ ਦੇ ਬਾਰੇ ਵਿਚ ਬੇਨਤੀ ਹੈ ਕਿ 14 ਅਖਬਾਰ ਹਨ ਜਿਹੜੇ ਕਿ ਜਲੰਧਰ ਵਿਚ ਹੀ ਛਪਦੇ ਹਨ ਅਤੇ ਇਸ ਇੰਡਸਟਰੀ ਵਿਚ ਕੋਈ 1490 ਵਰਕਿੰਗ ਜਰਨਲਿਸਟ ਹਨ ਅਤੇ ਕੰਮ ਕਰ ਰਹੇ ਹਨ ਜੇਕਰ ਅਸੀਂ ਹਰੀਜਨਾਂ ਅਤੇ ਫੈਕਟਰੀ ਵਰਕਰਾਂ ਲਈ ਸਹੂਲਤਾਂ ਦੇਣ ਲਈ ਇਹ ਬੋਰਡ ਕਾਇਮ ਕਰ ਰਹੇ ਹਾਂ ਤਾਂ ਇਨ੍ਹਾਂ 1400 ਜਰਨਲਿਸਟਾਂ ਲਈ ਵੀ ਜਲੰਧਰ ਵਿਖੇ ਕਾਲੋਨੀਜ਼ ਸੈਟ ਅਪ ਕੀਤੀਆਂ ਜਾਣ ।

ਇਸ ਦੇ ਨਾਲ ਹੀ ਮੈਂ ਇਹ ਬੇਨਤੀ ਵੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਇਹ ਭਰਾ ਜਿਹੜੇ ਜਰਨਲਿਜ਼ਮ ਦਾ ਕਮ ਕਰਦੇ ਹਨ, ਇਨ੍ਹਾਂ ਨੂੰ ਵੀ ਰਿਹਾਇਸ਼ ਦੀਆਂ ਪੂਰੀਆਂ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਉਨ੍ਹਾਂ ਨੂੰ ਜਿਨ੍ਹਾਂ ਨੂੰ ਹੁਣ ਤੱਕ ਕੋਈ ਸਹੂਲਤਾਂ ਪ੍ਰਾਪਤ ਨਹੀਂ ਹਨ ਛੇਤੀ ਤੋਂ ਛੇਤੀ ਦੇਣੀਆਂ ਚਾਹੀਦੀਆਂ ਹਨ। ਸਰਕਾਰ ਨੇ ਅਜੇ ਮੁਹਾਲੀ ਦੇ ਪਲਾਟ ਕਟਣੇ ਹਨ ਇਨ੍ਹਾਂ ਜਰਨਲਿਸਟਾਂ ਵਾਸਤੇ ਕਾਲੋਨੀਜ਼ ਬਣਾ ਕੇ ਇਨ੍ਹਾਂ ਨੂੰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ । ਕਿਉਂਕਿ ਇਨ੍ਹਾਂ ਨੂੰ ਇਕ ਸੋਸਾਇਟੀ ਵਿਚ ਪਰੋਕੇ ਰਖਣ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਗਲਾਂ ਕਹਿਣ ਵਾਲੀਆਂ ਹਨ, ਜੋ ਅਮੈਂਡਮੈਂਟ ਦੀ ਸ਼ਕਲ ਵਿਚ ਜਦੋਂ ਆਉਣਗੀਆਂ ਮੈਂ ਅਰਜ਼ ਕਰਾਂਗਾ। ਇਸ ਵੇਲੇ ਤਾਂ ਮੈਂ ਇਕ ਵਾਰੀ ਫਿਰ ਕਹਾਂਗਾ ਕਿ ਹਰੀਜਨ ਭਰਾਵਾਂ, ਫੈਕਟਰੀ ਵਰਕਰਾਂ ਅਤੇ ਜਰਨਲਿਸਟਸ ਦੇ ਨੁਮਾਇੰਦਿਆਂ ਨੂੰ ਇਸ ਬੋਰਡ ਦੇ ਵਿਚ ਲੈਣਾ ਚਾਹੀਦਾ ਹੈ ਤਾਂ ਜੋ ਉਹ ਆਪਣੀਆਂ ਮੰਗਾਂ ਮਨਾ ਸਕਣ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

ਸ਼੍ਰੀ ਪ੍ਰੇਮ ਗੁਪਤਾ (ਪਟਿਆਲਾ): ਡਿਪਟੀ ਸਪੀਕਰ ਸਾਹਿਬ, ਅਜ ਜਿਹੜਾ ਹਾਊਸ ਦੇ ਸਾਹਮਣੇ ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਬਿਲ ਹੈ ਮੈਂ ਇਸ ਦਾ ਸੁਆਗਤ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਪੰਜਾਬ ਸਰਕਾਰ ਨੂੰ ਇਸ ਗਲ ਦੀ ਵੀ ਵਧਾਈ ਦੇਣ ਵਾਸਤੇ ਖੜ੍ਹਾ ਹੋਇਆ ਹਾਂ ਕਿ ਇਹ ਬਿਲ ਜਿਹੜਾ ਅਜ ਸਰਕਾਰ ਨੇ ਪੰਜਾਬ ਦੇ ਲੋਕਾਂ ਵਾਸਤੇ ਲਿਆਉਂਦਾ ਹੈ 2-3 ਸਾਲ ਤੋਂ ਪਹਿਲਾਂ ਆ ਜਾਣਾ ਚਾਹੀਦਾ ਸੀ। ਪਰ ਇਹ ਕਿਹੜੇ ਕਾਰਨਾਂ ਕਰਕੇ ਲੇਟ ਹੋਇਆ, ਕਿਉਂ ਲੇਟ ਹੋਇਆ ਮੈਂ ਇਨ੍ਹਾਂ ਗਲਾਂ ਵਲ ਨਾ ਜਾਂਦਾ ਹੋਇਆ ਹਾਊਸ ਦਾ ਧਿਆਨ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਸ ਦਿਨ ਦੀ ਇਹ ਸਰਕਾਰ ਬਣੀ ਹੈ, ਜੋ ਵਰਡਿਕਟ ਇਸ ਨੇ ਚੋਣਾ ਦੇ ਦੌਰਾਨ ਵਿਚ ਪੰਜਾਬ ਦੇ ਲੋਕਾਂ ਨੂੰ ਦਿੱਤਾ ਸੀ ਪੂਰਾ ਕੀਤਾ। ਖਾਸ ਕਰਕੇ ਗਰੀਬ ਤਬਕੇ ਲਈ, ਲੋਂ ਪੇਡ ਤਬਕੇ ਲਈ ਇਸ ਨੂੰ ਪੂਰਾ ਕੀਤਾ । ਜਿਹੜਾ ਵਰਡਿਕਟ ਸਾਡੀ ਪਾਰਟੀ ਨੇ ਸੀ. ਪੀ. ਆਈ ਦੇ ਨਾਲ ਰਲ ਕੇ ਲੋਕਾਂ ਨਾਲ ਚੋਣਾਂ ਵੇਲੇ ਪੂਰਾ ਕੀਤਾ ਸੀ ਉਸ ਨੂੰ ਇਕ ਇਕ ਕਰਕੇ ਪੂਰਾ ਕੀਤਾ । ਨਾ ਸਿਰਫ ਉਸ ਨੇ ਪੂਰਾ ਹੀ ਕੀਤਾ ਬਲਕਿ ਉਸ ਨੂੰ ਅਮਲੀ ਸ਼ਕਲ ਵੀ ਦਿੱਤੀ। ਇਥੇ ਜਦੋਂ ਵਿੱਤ ਮੰਤਰੀ ਨੇ ਆਪਣੀ ਬਜਟ ਸਪੀਚ ਵਿਚ ਗਵਰਨਰ ਸਾਹਿਬ ਦੀ ਪਾਲੀਸੀ ਦਸਦੇ ਹੋਏ ਲੋਕਾਂ ਨੂੰ ਮਕਾਨ ਦੇਣ ਲਈ ਇਕ ਮੁਹਿੰਮ ਵਿਢਾਦੇ ਦਾ ਜ਼ਿਕਰ ਕੀਤਾ ਤਾਂ ਏਥੇ ਕਈ ਭਾਈਆਂ ਨੇ ਰੌਲਾ ਪਾਇਆ ਕਿ ਜਿਹੜੇ ਇਹ ਵਾਇਦੇ ਕਰ ਰਹੇ ਹਨ ਇਹ ਪੂਰੇ ਨਹੀਂ ਕਰ ਸਕਣਗੇ। ਕਿਸੇ ਨੇ ਇਹ ਬਹਾਨਾ ਬਣਾਇਆ ਕਿ ਪੈਸੇ ਹੀ ਨਹੀਂ ਹਨ, ਕਿਸੇ ਨੇ ਇਹ ਕਿਹਾ ਕਿ ਦੇਣਗੇ ਕਿਥੋਂ ਇਸ ਦੀ ਤਾਂ ਬਜਟ ਦੇ ਵਿਚ ਐਲੋਕੇਸ਼ਨ ਹੀ ਨਹੀਂ ਹੈ। ਅਜ ਉਹ ਸਾਰੀ ਦੀ ਸਾਰੀ ਸਚਾਈ ਪੰਜਾਬ ਦੇ ਲੋਕਾਂ ਸਾਹਮਣੇ ਆ ਗਈ ਹੈ। ਨਾ ਕੋਈ ਪੈਸੇ ਦੀ ਰੁਕਾਵਟ ਹੈ ਅਤੇ ਨਾ ਹੀ ਕੋਈ ਹੋਰ ਚੀਜ਼ ਹੈ । ਇਸ ਸਰਕਾਰ ਨੇ ਇਸ ਤਰ੍ਹਾਂ ਦਾ ਪਰੋਗਰਾਮ ਬਣਾਇਆ ਹੈ ਕਿ ਇਨ੍ਹਾਂ ਨੇ ਹਰ ਬਹਾਨੇ ਇਸ ਸੂਬੇ

[ਸ੍ਰੀ ਪ੍ਰੇਮ ਗੁਪਤਾ]
ਦੇ ਲੋਕਾਂ ਦੀਆਂ ਸਮਸਿਆਵਾਂ ਨੂੰ ਹਲ ਕਰਨਾ ਹੈ ਅਤੇ ਜੇ ਇਸ ਦੇ ਰਸਤੇ ਵਿਚ ਕੋਈ ਰੁਕਾਵਟ ਹੈ ਤਾਂ ਉਨ੍ਹਾਂ ਦਾ ਹੱਲ ਲਭਣਾ ਹੈ। ਮੈਨੂੰ ਉਮੀਦ ਹੈ ਕਿ ਸਰਕਾਰ ਅਗੇ ਵਧੇਗੀ ਰੁਕੇਗੀ ਨਹੀਂ।

ਡਿਪਟੀ ਸਪੀਕਰ ਸਾਹਿਬ, ਮੈਂ ਰਾਜਨੀਤਿਕ ਗਲਾਂ ਦੇ ਵਿਚ ਪੈਣਾ ਨਹੀਂ ਚਾਹੁੰਦਾ ਪਰ ਇਤਨਾ ਜ਼ਰੂਰ ਅਰਜ਼ ਕਰਾਂਗਾ ਕਿ ਹਾਊਸਿੰਗ ਡੀਵੈਲਪਮੈਂਟ ਬੋਰਡ ਦਾ ਇਹ ਜਿਹੜਾ ਬਿਲ ਹੈ ਇਸ ਤੇ ਹੋਰ ਕੰਟਰੋਵਰਸੀ ਹੋਣੀ ਨਹੀਂ ਚਾਹੀਦੀ। ਚਾਹੇ ਇਹ ਪੈਸੇ ਦੇ ਸਵਾਲ ਦੀ ਹੋਵੇ ਅਤੇ ਚਾਹੇ ਕਿਸੇ ਹੋਰ ਗਲ ਦੇ ਮੁਤਅੱਲਕ ਹੋਵੇ, ਜਿਹੜਾ ਕੰਮ ਦੋ ਤਿੰਨ ਵਰ੍ਹਿਆਂ ਤੋਂ ਹੋ ਨਹੀਂ ਸਕਿਆ ਸੀ ਅਸੀਂ ਇਸ ਨੂੰ ਪੂਰਾ ਕਰਕੇ ਵਿਖਾਵਾਂਗੇ। ਜਿਹੜੇ ਲੋਕ ਐਵੇਂ ਗਰੀਬ ਤਬਕੇ ਦੀ ਹਿਮਾਇਤ ਦਾ ਨਾਹਰਾ ਲਾਉਂਦੇ ਰਹੇ ਹਨ ਉਹ ਇਹ ਗਲ ਹੁਣ ਬਰਦਾਸ਼ਤ ਕਰ ਨਹੀਂ ਸਕਣਗੇ (ਵਿਘਨ-ਸ਼ੋਰ) ਇਹੋ ਗਲ ਹੈ ਉਹ ਹੁਣ ਰਾਮ ਰੌਲਾ ਪਾਉਂਦੇ ਹਨ। ਮੈਂ ਆਪਣੇ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਮੈਂ ਤਾਂ ਇਕ ਨਵਾਂ ਮੈਂਬਰ ਹਾਂ ਇਸ ਲਈ ਮੈਨੂੰ ਇੰਟਰਪਟ ਨਾ ਕਰੋ। (ਸ਼ੋਰ)...

ਸ੍ਰੀ ਡਿਪਟੀ ਸਪੀਕਰ : ਚੇਅਰ ਨੂੰ ਐਡਰੈਸ ਕਰੋ। (Please address the Chair)

ਸ੍ਰੀ ਪ੍ਰੇਮ ਗੁਪਤਾ : ਤੁਹਾਡੇ ਰੌਲਾ ਪਾਉਣ ਨਾਲ ਨਾ ਮੈਂ ਸਪੀਚ ਕਰਨ ਤੋਂ ਬੰਦ ਹੋਣਾ ਹੈ ਅਤੇ ਨਾ ਹੀ ਇਸ ਤਰ੍ਹਾਂ ਕਰਨ ਨਾਲ ਇਹ ਬਿਲ ਪਾਸ ਹੋਣ ਤੋਂ ਹੀ ਰਹਿਣਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਤਰ੍ਹਾਂ ਦੇ ਪ੍ਰੋਗਰੈਸਿਵ ਮਈਅਰਜ਼ ਅਸੀਂ ਅਡਾਪਟ ਕੀਤੇ ਹਨ (ਵਿਘਨ-ਸ਼ੋਰ) ਇਥੇ ਹੀ ਨਹੀਂ ਅਸੀਂ ਹੋਰ ਵੀ ਬਹੁਤ ਸਾਰੇ ਪ੍ਰੋਗਰੈਸਿਵ ਮਈਅਰਜ਼ ਅਡਾਪਟ ਕਰਨੇ ਹਨ। ਇਨ੍ਹਾਂ ਨੂੰ ਇਹ ਭਾਵੇਂ ਚੰਗੇ ਲਗਣ ਭਾਵੇਂ ਮੰਦੇ ਲਗਣ ਅਸੀਂ ਇਨ੍ਹਾਂ ਦੀ ਪਰਵਾਹ ਕਰੇ ਬਗੈਰ ਹੀ ਲੋਕ ਭਲਾਈ ਦੇ ਕੰਮ ਕਰਦੇ ਚਲੀ ਜਾਣਾ ਹੈ।

ਇਸ ਬਿਲ ਦੇ ਸਬੰਧ ਵਿਚ ਮੈਂ ਦੋ ਤਿੰਨ ਗਲਾਂ ਕਹਿਣੀਆਂ ਚਾਹੁੰਦਾ ਹਾਂ ਇਕ ਤਾਂ ਇਸ ਕਲਾਜ਼ ਦੇ ਵਿਚ ਇਹ ਬੋਰਡ ਦੇ ਕੰਸਟੀਚਿਊਸ਼ਨਲ ਬਾਡੀ ਬਾਰੇ ਧਾਰਾ ਰਖੀ ਗਈ ਹੈ, ਮੈਂਬਰਾਂ ਦੇ ਮੁਤਅੱਲਕ ਮੇਰੀ ਰਾਏ ਇਹ ਹੈ ਕਿ ਇਸ ਦੇ ਮੈਂਬਰ ਏਬਲ ਬਾਡੀ, ਸਰਵਿੰਗ ਮੈਂਬਰ ਹੋਣੇ ਚਾਹੀਦੇ ਹਨ। ਆਮ ਤੌਰ ਤੇ ਹੁੰਦਾ ਇਹ ਹੈ ਕਿ ਗਵਰਨਮੈਂਟ ਦੇ ਰੀਟਾਇਰਡ ਸ਼ੁਦਾ 58 ਸਾਲ ਤੋਂ ਉਤੇ ਦੇ ਆਦਮੀ ਬੋਰਡਜ਼ ਦੇ ਮੈਂਬਰ ਬਣਾਏ ਜਾਂਦੇ ਹਨ, ਜਾਂ ਉਨ੍ਹਾਂ ਵਿਚੋਂ ਕੋਈ ਚੇਅਰਮੈਨ ਬਣਾ ਦਿਤਾ ਜਾਂਦਾ ਹੈ। ਇਹ ਮੈਂ ਇਸ ਲਈ ਕਹਿੰਦਾ ਹਾਂ ਕਿ ਪਿਛਲੇ ਦਿੱਨਾਂ ਦੇ ਵਿਚ ਮੈਂ ਐਜੂਕੇਸ਼ਨਲ ਬੋਰਡ ਦਾ ਜ਼ਿਕਰ ਕੀਤਾ ਜਦੋਂ ਕਿ ਮੈਂ ਐਜੂਕੇਸ਼ਨ ਦੀ ਡੀਮਾਂਡ ਤੇ ਬੋਲ ਰਿਹਾ ਸੀ। ਐਜੂਕੇਸ਼ਨ ਬੋਰਡ ਸਹੀ ਸ਼ਬਦਾਂ ਵਿਚ ਪਿੰਗਲ-ਵਾੜਾ ਬਣਿਆ ਹੋਇਆ ਹੈ। ਰੀਟਾਇਰਡ ਆਫੀਸਰਜ਼ ਨੂੰ ਇਸ ਬੋਰਡ ਦੇ ਮੈਂਬਰ ਬਣਾ ਕੇ ਰਖਿਆ ਹੋਇਆ ਹੈ, ਐਜੂਕੇਸ਼ਨ ਦਾ ਕੀ ਸੁਧਾਰ ਹੋਣਾ ਹੈ। ਇਸ ਤਰ੍ਹਾਂ ਇਸ ਬੋਰਡ ਨੇ ਲੋਕ ਭਲਾਈ ਦੇ ਬੜੇ ਕੰਮ ਕਰਨੇ ਹਨ, ਗਰੀਬਾਂ ਨੂੰ ਮਕਾਨ ਬਣਾ ਕੇ ਦੇਣੇ ਹਨ, ਇਸ ਲਈ ਬੋਰਡ ਦੇ ਵਿਚ ਕੋਈ ਇਹੋ ਜਿਹਾ ਮੈਂਬਰ ਨਾ ਲਾਇਆ ਜਾਵੇ ਜਿਹੜਾ ਰੀਟਾਇਰਡ ਅਫਸਰ ਹੋਵੇ ਐਕਸ ਆਫੀਸ਼ਿਅਲ ਹੋਵੇ ਜਾਂ 58 ਸਾਲਾ ਹੋਵੇ। ਮੈਂ ਤਾਂ ਕਹਿੰਦਾ ਹਾਂ ਕਿ ਸਰਕਾਰ ਨੂੰ ਇਹ ਪ੍ਰੋਵੀਜ਼ਨ ਕਰਨੀ ਚਾਹੀਦੀ ਹੈ ਕਿ ਓਵਰਏਜਡ ਅਤੇ ਰੀਟਾਇਰ ਬੋਰਡ ਦੇ ਮੈਂਬਰ ਨਹੀਂ ਲਏ ਜਾਣਗੇ। ਸਾਨੂੰ ਇਨ੍ਹਾਂ ਤੋਂ ਛੁਟਕਾਰਾਂ ਹਾਸਲ ਕਰਨਾ ਚਾਹੀਦਾ ਹੈ। ਪਿਛਲੀ ਦਿਨੀ, ਮੈਂ ਇਕ ਆਰਟੀਕਲ ਯੂਨੈਸਕੋ ਰਿਪੋਰਟ ਦੇ ਵਿਚ ਪੜ੍ਹ ਰਿਹਾ ਸੀ, ਇਸ ਵਿਚ ਲਿਖਿਆ ਸੀ ਕਿ ਇਕ ਹਿਊਮਨ ਬੀਇੰਗ ਦੀ ਮੇਨ ਖਾਹਸ਼ ਕੀ ਹੈ। ਇਸ ਦੇ ਵਿਚ ਇਹ ਲਿਖਿਆ ਹੋਇਆ ਸੀ ਕਿ :—

"This is the cherished wish of a human being to own a house.

ਇਸ ਲਈ ਪੰਜਾਬ ਸਰਕਾਰ ਨੇ ਉਹ ਕੰਮ ਕੀਤਾ ਹੈ ਜਿਹੜਾ ਇਕ ਇਨਸਾਨ ਦੀ ਸਭ ਤੋਂ ਵਡੀ ਖ਼ਾਹਿਸ਼ ਰਾਹੀਂ ਪੂਰਾ ਹੁੰਦਾ ਹੈ। ਹੋ ਸਕਦਾ ਹੈ ਇਸ ਬਿਲ ਦੇ ਵਿਚ ਕੋਈ ਨੁਕਸ ਹੋਵੇ ਕੋਈ ਘਾਟਾ ਹੋਵੇ, ਉਸ ਤੇ ਮੌਕੇ ਮੁਤਾਬਿਕ ਸੋਧ ਕੀਤੀ ਜਾ ਸਕਦੀ ਹੈ। ਪਰ ਇਸ ਵੇਲੇ ਜਿਹੜੀ ਸਰਕਾਰ ਨੇ ਗ਼ਰੀਬ ਜਨਤਾ ਦੀ ਸੇਵਾ ਲਈ ਕੰਮ ਕੀਤਾ ਹੈ ਇਸ ਲਈ ਜਿਤਨੀ ਵੀ ਸਰਕਾਰ ਦੀ ਪ੍ਰਸ਼ੰਸਾ ਕੀਤੀ ਜਾਵੇ ਉਹ ਥੋੜ੍ਹੀ ਹੈ। ਇਸ ਸਮੇਂ ਮੈਂ ਇਕੋ ਹੀ ਬੇਨਤੀ ਮੈਂਬਰ ਸਾਹਿਬਾਨ ਨੂੰ ਕਰਾਂਗਾ ਕਿ ਬੋਰਡ ਦਾ ਕੋਈ ਪਾਰਟ ਟਾਈਮ ਮੈਂਬਰ ਨਾਮੀਨੇਟ ਨਾ ਹੋਵੇ, ਚਾਹੇ ਉਹ ਹਰੀਜਨਾਂ ਵਿਚੋਂ ਹੋਣ ਅਤੇ ਚਾਹੇ ਪਬਲਿਕ ਮੈਨ ਹੋਣ। ਇਸ ਬਾਰੇ ਅਗੇ ਸਰਕਾਰ ਬਿਜਲੀ ਬੋਰਡ ਦੇ ਵਿਚ ਤਜਰਬਾ ਕਰ ਚੁਕੀ ਹੈ। ਜਿਤਨੇ ਵੀ ਮੈਂਬਰ ਹੋਣ ਫੁਲ ਟਾਈਮ ਹੀ ਹੋਣੇ ਚਾਹੀਦੇ ਹਨ। ਤਾਂ ਜੋ ਇਸ ਦਾ ਕੰਮ ਠੀਕ ਢੰਗ ਦੇ ਨਾਲ ਚਲਦਾ ਰਹੇ। ਇਸ ਤੋਂ ਬਾਅਦ ਮੈਂ ਸਰਕਾਰ ਨੂੰ ਰਿਕੁਐਸਟ ਕਰਾਂਗਾ ਕਿ ਬੋਰਡ ਬਣਾਉਣ ਤੋਂ ਬਾਅਦ ਜਿਹੜਾ ਕਨ-ਸਟਰੱਕਸ਼ਨ ਦਾ ਕੰਮ ਹੋਵੇ ਉਹ ਸਕੈਟਰਡ ਨਹੀਂ ਹੋਣਾ ਚਾਹੀਦਾ। ਇਹ ਨਾ ਹੋਵੇ ਇਕ ਏਥੇ ਹੈ ਅਤੇ ਇਕ ਓਥੇ ਹੈ। ਇਸ ਤਰ੍ਹਾਂ ਦੀ ਕਨਸਟਰੱਕਸ਼ਨ ਜਿਹੜੀ ਹੁੰਦੀ ਹੈ ਉਹ ਲੋਕਾਂ ਦੇ ਵਾਸਤੇ ਤਕਲੀਫ ਦੇਹ ਹੁੰਦੀ ਹੈ। ਕਾਲੋਨੀਆਂ ਬਣਾਈਆਂ ਜਾਣ ਪਰ ਉਹ ਮੰਡੀਆਂ ਤੋਂ ਦੂਰ ਅਤੇ ਹੋਰ ਇਸ ਤਰ੍ਹਾਂ ਦੀ ਸਕੈਟਰਡ ਆਬਾਦੀ ਦੇ ਨਾਲ ਨਾ ਹੋਣ। ਸਕੈਟਰਡ ਕਨਸਟਰੱਕਸ਼ਨ ਨਾਲ ਇਹ ਜਿਹੜੀ ਮਕਾਨਾਂ ਦੀ ਵਿਸ਼ ਹੈ ਇਹ ਪੂਰੀ ਨਹੀਂ ਹੋ ਸਕਦੀ। ਲੋਕਾਂ ਦੀ ਮਕਾਨਾਂ ਦੇ ਨਾ ਹੋਣ ਕਰਕੇ ਬੜੀ ਮਿਜ਼ਰੇਬਲ ਕੰਡੀਸ਼ਨ ਹੈ, ਲੋਕੀਂ ਫੁਟ ਪਾਥਾਂ ਤੇ ਪੈ ਕੇ ਗੁਜ਼ਾਰਾ ਕਰਦੇ ਹਨ। ਉਹ ਗ਼ਰੀਬ ਆਦਮੀ ਜਿਨ੍ਹਾਂ ਦੇ ਪਾਸ ਕੋਈ ਮਕਾਨ ਨਹੀਂ ਨਾ ਹੀ ਕੋਈ ਬਣਾਉਣ ਦਾ ਸਾਧਨ ਹੀ ਹੈ ਅਤੇ ਨਾ ਹੀ ਕੋਈ ਇਨ੍ਹਾਂ ਦੇ ਪਾਸ ਪ੍ਰਾਪਰਟੀ ਹੀ ਹੈ ਜਿਸ ਨੂੰ ਐਜ਼ ਸਿਕਿਉਰਟੀ ਰਖ ਕੇ ਸਰਕਾਰ ਤੋਂ ਕੋਈ ਕਰਜ਼ਾ ਲਿਆ ਜਾ ਸਕੇ।

ਇਨ੍ਹਾਂ ਲੋਕਾਂ ਦੀ ਸਹਾਇਤਾਂ ਕਰਨ ਲਈ ਇਹ ਬੋਰਡ ਬਣਾਇਆ ਗਿਆ ਹੈ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਇਹ ਬੋਰਡ ਆਪਣੇ ਇਸ ਏਮ ਨੂੰ ਪੂਰਾ ਕਰੇਗਾ। ਜੋ ਲੋ ਇੰਨਕਮ ਵਾਲੇ ਲੋਕ ਹਨ ਲੋਅ-ਅਰਨਿੰਗ ਵਾਲੇ ਲੋਕ ਹਨ, ਭਾਵੇਂ ਉਹ ਹਰੀਜਨ ਹਨ ਜਾਂ ਮਜ਼ਦੂਰ, ਫੈਕਟਰੀਆਂ ਵਿਚ ਕੰਮ, ਕਰਦੇ ਹਨ ਜਾਂ ਖੇਤਾਂ ਵਿਚ, ਰੈਗੂਲਰ ਹਨ ਜਾਂ ਡੇਲੀ ਵੇਜਿਜ਼ ਤੇ, ਉਨ੍ਹਾਂ ਸਾਰਿਆਂ ਨੂੰ ਮਕਾਨ ਦੇਣ ਲਈ ਕੀਤੇ ਹੋਏ ਪਰਣ ਨੂੰ ਪੂਰਾ ਕਰਨ ਵਾਸਤੇ, ਜੋ ਰਿਜ਼ੋਲਵ ਕੀਤਾ ਹੋਇਆ ਹੈ, ਉਸ ਨੂੰ ਪੂਰਾ ਕਰਨ ਵਾਸਤੇ ਇਹ ਬੋਰਡ ਪੂਰਾ ਜ਼ੋਰ ਲਾਵੇਗਾ। ਜੋ ਲੋਕ ਛੋਟੀਆਂ-ਛੋਟੀਆਂ ਝੁਗੀਆਂ ਵਿਚ ਰਹਿੰਦੇ ਹਨ, ਜਿਨ੍ਹਾਂ ਨੂੰ ਸੌਣ ਲਈ ਵੀ ਥਾਂ ਨਹੀਂ ਮਿਲਦੀ, 7-7 ਮੈਂਬਰ ਹਨ ਇਕ ਇਕ ਫ਼ੈਮਲੀ ਦੇ, ਇਹ ਬੋਰਡ ਉਨ੍ਹਾਂ ਨੂੰ ਚੰਗੇ ਮਕਾਨ ਬਣਾ ਕੇ ਦੇਣ ਦੀ ਕੋਸ਼ਿਸ਼ ਕਰੇਗਾ।

ਡਿਪਟੀ ਸਪੀਕਰ ਸਾਹਿਬ, ਦੂਜੀ ਦਰਖਾਸਤ ਮੈਂ ਇਸ ਸਬੰਧੀ ਸਰਕਾਰ ਨੂੰ ਇਹ ਕਰਨੀ ਹੈ ਕਿ ਬੋਰਡ ਬਣਾਉਣ ਦੇ ਵੇਲੇ ਉਹ ਇਸ ਗਲ ਦਾ ਧਿਆਨ ਰਖੇ ਕਿ ਕਈ ਸ਼ਹਿਰਾਂ ਦੇ ਵਿਚ ਲੋਕਾਂ ਨੇ, ਗਰੀਬ ਲੋਕਾਂ ਨੇ, ਮੁਲਾਜ਼ਮਾਂ ਨੇ ਅਤੇ ਹੋਰ ਉਨ੍ਹਾਂ ਨੇ ਜਿਨ੍ਹਾਂ ਲੋਕਾਂ ਦੇ ਕੋਲ ਕੋਈ ਮਕਾਨ ਨਹੀਂ ਸੀ ਉਨ੍ਹਾਂ ਨੇ ਕਈ ਬਸਤੀਆਂ ਵਸਾਈਆਂ ਹੋਈਆਂ ਹਨ। ਉਹ ਅਜੇ ਤਕ ਰੈਗੂਲਰਾਈਜ਼ ਨਹੀਂ ਹੋਈਆਂ। ਮਿਊਂਸਪਲ ਕਮੇਟੀਆਂ ਉਨ੍ਹਾਂ ਤੋਂ ਟੈਕਸ ਤਾਂ ਲੈ ਲੈਂਦੀਆਂ ਹਨ ਪਰ ਕੋਈ ਅਮੈਨਿਟੀਜ਼ ਨਹੀਂ ਦਿੰਦੀਆਂ। ਉਨ੍ਹਾਂ ਬਸਤੀਆਂ ਵਿਚ ਨਾ ਸੜਕਾਂ ਬਣੀਆਂ ਹਨ ਨਾ ਪਾਣੀ ਦਾ ਕੋਈ ਇੰਤਜ਼ਾਮ ਹੈ ਅਤੇ ਨਾ ਹੀ ਬਿਜਲੀ ਦਾ ਕੋਈ ਇੰਤਜ਼ਾਮ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹੋ ਜਿਹੀਆਂ ਬਸਤੀਆਂ ਨੂੰ ਖਤਮ ਨਾ ਕੀਤਾ ਜਾਵੇ ਸਗੋਂ ਉਨ੍ਹਾਂ ਦੀ ਇੰਪਰੂਵਮੈਂਟ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਾਰੀਆਂ ਅਮੈਨਿਟੀਜ਼ ਦਿਤੀਆਂ ਜਾਣ ਅਤੇ ਉਨ੍ਹਾਂ ਨੂੰ ਰੈਗੂਲਰਾਈਜ਼ ਕਰ ਲਿਆ ਜਾਵੇ। ਬੋਰਡ ਦੀਆਂ ਨਵੀਆਂ ਸਕੀਮਾਂ ਦੀ ਇਕ ਖਾਸ ਗਲ ਹੈ ਸਲੱਮ ਕਲੀਅਰੈਂਸ। ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਬਸਤੀਆਂ ਨੂੰ ਸਲੱਮ ਸਮਝ ਕੇ ਉਜਾੜਿਆ ਨਾ

[ਸ੍ਰੀ ਪ੍ਰੇਮ ਗੁਪਤਾ]

ਜਾਵੇ ਸਗੋਂ ਉਨ੍ਹਾਂ ਦੀ ਇਮਪਰੂਵਮੈਂਟ ਕੀਤੀ ਜਾਵੇ । ਇਹ ਨਾ ਹੋਵੇ ਜਿਵੇਂ ਕਿ ਕਈ ਇਮਪਰੂਵਮੈਂਟ ਟਰੱਸਟਾਂ ਨੇ ਕੀਤਾ ਹੈ। ਉਨ੍ਹਾਂ ਨੇ ਕਈ ਮਕਾਨ ਅਤੇ ਕਈ ਬਿਲਡਿੰਗਾਂ ਢਾਹ ਦਿਤੀਆਂ ਹਨ ਪਰ ਉਨ੍ਹਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਰਹਿਣ ਲਈ ਕੋਈ ਆਲਟਰਨੇਟਿਵ ਥਾਂ ਨਹੀਂ ਦਿਤੀ ਗਈ । ਇਸ ਬੋਰਡ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਸੈਂਟਰ ਦੀ ਸਰਕਾਰ ਨੇ ਜਿਤਨਾ ਵੀ ਪੈਸਾ ਦੇਣਾ ਹੈ ਉਸ ਵਿਚ ਹੋਰ ਪੈਸਾ ਪਾ ਕੇ ਪਿੰਡਾਂ ਅਤੇ ਸ਼ਹਿਰਾਂ ਦੇ ਵਿਚ ਹੋਰ ਮਕਾਨ ਬਣਾਏ ਜਾਣ ਅਤੇ ਇਹ ਕ੍ਰਾਈਟੇਰੀਆ ਮੁਕਰਰ ਕੀਤਾ ਜਾਵੇ ਕਿ ਜਿਹੜੇ ਬੰਦੇ ਦੀ ਇੰਨਕਮ ਘਟ ਹੈ, ਜਾਂ ਜਿਹੜਾ ਜਾਬ-ਲੈਸ ਹੈ, ਜਿਸ ਦੀ ਅਰਨਿੰਗ ਲੋ ਹੈ, ਉਨ੍ਹਾਂ ਲੋਕਾਂ ਨੂੰ ਮਕਾਨ ਪਹਿਲਾਂ ਮਿਲਣ । ਫਿਰ ਜਿਨ੍ਹਾਂ ਦੀ ਇਨਕਮ ਉਨ੍ਹਾਂ ਤੋਂ ਜ਼ਿਆਦਾ ਹੈ, ਉਨ੍ਹਾਂ ਨੂੰ ਮਿਲਣ ਅਤੇ ਜਿਨ੍ਹਾਂ ਦੀ ਇੰਨਕਮ ਜ਼ਿਆਦਾ ਹੈ, ਉਨ੍ਹਾਂ ਨੂੰ ਸਭ ਤੋਂ ਅਖੀਰ ਵਿਚ ਮਿਲਣ । ਇਸ ਤਰ੍ਹਾਂ ਹੇਠੋਂ ਉਪਰ ਨੂੰ ਮਕਾਨ ਦੇਣੇ ਸ਼ੁਰੂ ਕੀਤੇ ਜਾਣ । ਨਾ ਕਿ ਉਪਰੋਂ ਹੇਠਾਂ ਨੂੰ ਦਿਤੇ ਜਾਣ । ਮੈਂ ਸਮਝਦਾ ਹਾਂ ਕਿ ਜੇ ਸਰਕਾਰ ਚਾਹੁੰਦੀ ਹੈ ਕਿ ਇਹ ਬੋਰਡ ਕਾਮਯਾਬ ਹੋਵੇ ਤਾਂ ਇਸ ਨੂੰ ਕਈ ਹੋਰ ਗਲਾਂ ਵਲ ਵੀ ਧਿਆਨ ਦੇਣਾ ਪਏਗਾ ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਗਲ ਮੈਂ ਨਹੀਂ ਸਮਝ ਸਕਿਆ । ਇਨ੍ਹਾਂ ਨੇ ਬੋਰਡ ਦੇ ਕਈ ਮੈਂਬਰ ਐਕਸ-ਆਫ਼ੀਸੋ ਰਖੇ ਹੋਏ ਹਨ । ਪਰ ਮਕਾਨ ਸੰਭਾਲ, ਉਨ੍ਹਾਂ ਦੀ ਸੇਲ ਅਤੇ ਹੋਰ ਅਜਿਹੀਆਂ ਗਲਾਂ ਦਾ ਜ਼ਿਮੇਦਾਰ ਚੀਫ ਇੰਜੀਨੀਅਰ, ਪੀ. ਡਬਲਿਯੂ.ਡੀ. ਹੁੰਦਾ ਹੈ ਪਰ ਉਸ ਨੂੰ ਮੈਂਬਰ ਨਹੀਂ ਬਣਾਇਆ ਗਿਆ ਹੈ । ਮੈਂ ਸਮਝਦਾ ਹਾਂ ਕਿ ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਇਸ ਵਿਚ ਅਕਾਮੋਡੇਟ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਕਿ ਚੰਗੀ ਤਰ੍ਹਾਂ ਕੋਆਰਡੀਨੇਸ਼ਨ ਹੋ ਸਕੇ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਹ ਬਿਲ ਜਿਹੜਾ ਕਿ ਕਾਫ਼ੀ ਚਿਰ ਪਹਿਲਾਂ ਪੰਜਾਬ ਵਿਚ ਆ ਜਾਣਾ ਚਾਹੀਦਾ ਸੀ ਪਰ ਪੁਲੀਟੀਕਲ ਇਨਸਟੈਬਿਲਟੀ ਕਰਕੇ ਨਹੀਂ ਆਇਆ, ਹੁਣ ਇਹ ਸਰਕਾਰ ਲੈ ਆਈ ਹੈ । ਪਹਿਲਾਂ ਜਦੋਂ ਵੀ ਇਹ ਬਿਲ ਬਣਨ ਦੀ ਗਲ ਚਲਦੀ ਸੀ ਇਹ ਫ਼ੈਸਲਾ ਹੋ ਨਹੀਂ ਸੀ ਸਕਦਾ ਕਿ ਇਸ ਬੋਰਡ ਦਾ ਚੇਅਰਮੈਨ ਕੌਣ ਬਣੇਗਾ। ਇਸ ਚੇਅਰਮੈਨ ਦੇ ਝਗੜੇ ਦੇ ਵਿਚ ਹੀ ਇਹ ਬਿਲ ਵੀ ਨਹੀਂ ਪੇਸ਼ ਕੀਤਾ ਗਿਆ । ਹੁਣ ਜਦੋਂ ਇਹ ਬਿਲ ਇਥੇ ਆ ਗਿਆ ਹੈ ਤਾਂ ਮੈਂ ਆਸ ਕਰਦਾ ਹਾਂ ਕਿ ਇਹ ਬੋਰਡ ਪੰਜਾਬ ਨੂੰ ਮਕਾਨਾਂ ਦੇ ਸਿਲਸਿਲੇ ਵਿਚ ਇਕ ਆਈਡਲ ਸਟੇਟ ਬਣਾ ਦੇਵੇਗਾ। ਇਨ੍ਹਾਂ ਸ਼ਬਦਾਂ ਦੇ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ ।

(ਇਸ ਵੇਲੇ ਚੌਧਰੀ ਜਗਤ ਰਾਮ ਅਤੇ ਸਰਦਾਰ ਕੁੰਦਨ ਸਿੰਘ ਪਤੰਗ ਆਪਸ ਵਿਚ ਬੈਠੇ ਬੈਠੇ ਬੋਲ ਰਹੇ ਸੀ ਜੋ ਸੁਣਾਈ ਨਹੀਂ ਦਿਤਾ ।)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਪਹਿਲਾਂ ਉਧਰੋ ਚੌਧਰੀ ਜਗਤ ਰਾਮ ਨੇ ਪਤੰਗ ਜੀ ਨੂੰ ਕੁਝ ਮਾੜੇ ਸ਼ਬਦ ਕਹੇ ਫਿਰ ਇਧਰੋਂ ਪਤੰਗ ਜੀ ਨੇ ਕੁਝ ਮਾੜੇ ਸ਼ਬਦ ਜਵਾਬ ਵਿਚ ਕਹੇ । ਮੈਂ ਸਮਝਦਾ ਹਾਂ ਕਿ ਇਹ ਸ਼ਬਦ ਵਾਪਸ ਹੋਣੇ ਚਾਹੀਦੇ ਹਨ ।

ਸ੍ਰੀ ਡਿਪਟੀ ਸਪੀਕਰ : ਜੇ ਦੋਵੇਂ ਪਾਸੇ ਬਰਦਾਸ਼ਤ ਕਰ ਲੈਣ ਤਾਂ ਤੁਹਾਨੂੰ ਕੀ ਇਤਰਾਜ਼ ਹੈ? (You need not object if both of them are willing to tolerate those remarks.)

ਸਰਦਾਰ ਅਜਾਇਬ ਸਿੰਘ ਸੰਧੂ: ਮਾੜੀ ਗਲ ਰਿਕਾਰਡ ਤੇ ਨਹੀਂ ਸੀ ਰਹਿਣੀ ਚਾਹੀਦੀ । (ਵਿਘਨ) ਮੈਨੂੰ ਅਜ ਪਤਾ ਲਗਾ ਹੈ ਕਿ ਕਈ ਮੈਂਬਰ ਗਧੀਆਂ ਵਾਲੇ ਵੀ ਹੁੰਦੇ ਹਨ । (ਹਾਸਾ)

ਸਰਦਾਰ ਧੰਨਾ ਸਿੰਘ ਗੁਲਸ਼ਨ (ਨਥਾਣਾ, ਐਸ. ਸੀ.): (ਮੈਂਬਰ ਸਾਹਿਬ ਦਾ ਮਾਈਕ ਬੰਦ ਸੀ ਜਿਸ ਕਰਕੇ ਉਨ੍ਹਾਂ ਦੀ ਅਵਾਜ਼ ਪੂਰੀ ਤਰ੍ਹਾਂ ਸੁਣਾਈ ਨਹੀਂ ਸੀ ਦੇ ਰਹੀ ।)

ਡਿਪਟੀ ਸਪੀਕਰ ਸਾਹਿਬ, ਦੇਸ਼ ਦੀ ਅਜ਼ਾਦੀ ਆਉਣ ਤੋਂ ਬਾਅਦ ਕਈ ਲੋਕ ਜਿਨ੍ਹਾਂ ਕੋਲ ਇਕ ਮੰਜ਼ਲ ਦਾ ਮਕਾਨ ਸੀ ਉਨ੍ਹਾਂ ਕੋਲ 6 ਮੰਜ਼ਲਾਂ ਦੇ ਮਕਾਨ ਹੋ ਗਏ ਅਤੇ ਦੂਜੇ ਪਾਸੇ ਕਈ ਆਦਮੀ ਉਨ੍ਹਾਂ ਮਕਾਨਾਂ ਦੀ ਛਾਂ ਹੇਠ ਫੁਟਪਾਥਾਂ ਤੇ ਸੌਂਦੇ ਰਹੇ । ਇਨ੍ਹਾਂ ਲੋਕਾਂ ਦੇ ਮਕਾਨ ਨਹੀਂ ਬਣ ਸਕੇ ਕਿਉਂਕਿ ਉਨ੍ਹਾਂ ਦੇ ਕੋਲ ਮਕਾਨ ਬਣਾਉਣ ਲਈ ਕੋਈ ਜ਼ਮੀਨ ਨਹੀਂ ਸੀ । ਇਹ ਲੋਕ ਨੀਲੇ ਅੰਬਰ ਦੀ ਛਾਂ ਹੇਠ ਧਰਤੀ ਦੇ ਉਪਰ ਆਪਣੇ ਦਿਨ ਕਟ ਰਹੇ ਹਨ । ਇਹ ਉਹ ਲੋਕ ਹਨ ਜੋ ਦੂਜੇ ਲੋਕਾਂ ਦੇ ਮਹਿਲ ਉਸਾਰਦੇ ਹਨ ਪਰ ਉਨ੍ਹਾਂ ਨੂੰ ਆਪ ਇਹ ਹੱਕ ਨਹੀਂ ਕਿ ਉਨ੍ਹਾਂ ਮਹਿਲਾਂ ਦੀ ਛਾਵੇਂ ਵੀ ਬੈਠ ਸਕਣ । ਅਜਿਹੇ ਲੋਕਾਂ ਨੂੰ ਮਕਾਨ ਦੇਣ ਲਈ ਇਹ ਬੋਰਡ ਬਣਾਇਆ ਜਾ ਰਿਹਾ ਹੈ । ਮੈਨੂੰ ਇਸ ਨਾਲ ਕੋਈ ਵਿਰੋਧ ਨਹੀਂ ਹੈ । ਪਰ ਜੋ ਇਸ ਬਿਲ ਦੀ ਬਣਤਰ ਹੈ, ਇਸ ਬਾਰੇ ਮੈਂ ਜ਼ਰੂਰ ਕੁਝ ਗਲਾਂ ਕਹਿਣੀਆਂ ਹਨ ।

ਅਜ ਅਜ਼ਾਦੀ ਆਇਆਂ 20 ਸਾਲ ਹੋ ਗਏ ਹਨ । ਪਰ ਰਾਜ ਚਲਾ ਰਹੀ ਪਾਰਟੀ ਦੀ ਜੋ ਵੀ ਮੀਟਿੰਗ ਹੁੰਦੀ ਸੀ, ਜੋ ਵੀ ਸਮਾਗਮ ਹੁੰਦਾ ਸੀ, ਉਸ ਵਿਚ ਹੀ ਇਹ ਰੈਜ਼ੋਲਿਊਸ਼ਨ ਪਾਸ ਹੁੰਦਾ ਆ ਰਿਹਾ ਕਿ ਅਸੀਂ ਲੋਕਾਂ ਨੂੰ ਰੋਟੀ ਕਪੜਾ ਔਰ ਮਕਾਨ ਦਿਆਂਗੇ । ਪਰ ਇਸ ਰੈਜ਼ੋਲਿਊਸ਼ਨ ਤੇ ਅਮਲ ਕਦੇ ਵੀ ਨਾ ਕੀਤਾ ਗਿਆ । ਪਾਰਲੀਮੈਂਟ ਵਿਚ ਵੀ ਪਰਸੋਂ ਜਵਾਬ ਦਿੰਦਿਆਂ ਹੋਇਆਂ ਇਹ ਦਸਿਆ ਗਿਆ ਕਿ ਅਜ ਵੀ ਦੇਸ਼ ਵਿਚ 2 ਕਰੋੜ ਹੋਰ ਮਕਾਨਾਂ ਦੀ ਲੋੜ ਹੈ । ਅਜ ਵੀ 2 ਕਰੋੜ ਦੇਸ਼ ਵਾਸੀ ਫੁਟਪਾਥਾਂ ਤੇ ਸੌਂ ਕੇ ਆਪਣਾ ਵਕਤ ਲੰਘਾਉਂਦੇ ਹਨ । ਸਾਡੇ ਲਈ ਇਹ ਕੋਈ ਖੁਸ਼ੀ ਦੀ ਗਲ ਨਹੀਂ ਹੈ ਕਿ ਸਾਡੇ ਦੇਸ਼ ਵਿਚ 2 ਕਰੋੜ ਲੋਕਾਂ ਨੂੰ ਆਪਣਾ ਸਿਰ ਢਕਣ ਲਈ ਕੋਈ ਥਾਂ ਨਹੀਂ ਹੈ । ਮੈਂ ਸਮਝਦਾ ਹਾਂ ਕਿ ਇਹ ਯਤਨ ਹੋਣਾ ਚਾਹੀਦਾ ਹੈ ਕਿ ਛੇਤੀ ਤੋਂ ਛੇਤੀ ਅਜਿਹੇ ਬੰਦਿਆਂ ਨੂੰ ਮਕਾਨ ਮਿਲ ਜਾਣ ।

ਡਿਪਟੀ ਸਪੀਕਰ ਸਾਹਿਬ, ਮੈਂ ਅਗਲੀ ਗਲ ਇਹ ਕਰਨੀ ਹੈ ਕਿ ਪੰਚਾਇਤ ਸੰਮਤੀਆਂ ਅਤੇ ਪੰਚਾਇਤਾਂ ਲਈ ਮਕਾਨ ਬਣਾਉਣ ਨੂੰ ਇਹ ਬੋਰਡ ਪਹਿਲ ਦੇਵੇਗਾ । ਇਸ ਵਿਚ ਇਹ ਕਿਹਾ ਗਿਆ ਹੈ ਕਿ ਜੋ ਤਜਰਬੇਕਾਰ ਅਤੇ ਰਿਟਾਇਰ ਅਫਸਰ ਹਨ ਉਨ੍ਹਾਂ ਨੂੰ ਵੀ ਬੋਰਡ ਦੇ ਮੈਂਬਰ ਦੇ ਤੌਰ ਤੇ ਲਿਆ ਜਾਵੇਗਾ । ਮੈਂ ਸਮਝਦਾ ਹਾਂ ਕਿ ਇਹ ਕਾਬਲ ਬੰਦੇ ਲੈਣ ਦੀ ਥਾਂ ਤੇ ਆਪਣੇ ਨੂਰੇ-ਨਜ਼ਰ ਲਏ ਜਾਣਗੇ । ਇਹ ਨਹੀਂ ਹੋਣਾ ਚਾਹੀਦਾ । ਸਿਰਫ ਕਾਬਲ ਅਤੇ ਐਕਸਪੀਰੀਐਂਸਡ ਬੰਦੇ ਹੀ ਬਤੌਰ ਮੈਂਬਰ ਲਏ ਜਾਣੇ ਚਾਹੀਦੇ ਹਨ ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਿਰਫ ਮਕਾਨ ਬਣਾ ਦੇਣੇ ਹੀ ਕਾਫੀ ਨਹੀਂ ਸਗੋਂ ਉਨ੍ਹਾਂ ਦੀ ਪੂਰੀ ਸੰਭਾਲ ਵੀ ਹੋਣੀ ਚਾਹੀਦੀ ਹੈ । ਮੈਂ ਇਸ ਸਿਲਸਿਲੇ ਦੇ ਵਿਚ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਸਾਬਕਾ ਪੈਪਸੂ ਦੇ ਵਿਚ ਇਕ ਵਾਰ ਸਾਬਕਾ ਪੈਪਸੂ ਦੇ ਚੀਫ ਮਨਿਸਟਰ ਸ੍ਰੀ ਬ੍ਰਿਸ਼ ਭਾਨ ਦੇ ਸਮੇਂ ਬਰਨਾਲੇ ਵਿਖੇ ਇਕ ਢਹਿਆਂ ਦੀ ਬਸਤੀ ਬਣਾਈ ਗਈ। ਪਰ ਦੋ ਮਹੀਨੇ ਦੇ ਬਾਅਦ ਹੀ ਉਸ ਦੀਆਂ ਕੰਧਾਂ ਢਹਿਣੀਆਂ ਸ਼ੁਰੂ ਹੋ ਗਈਆਂ ਤਖਤੇ ਟੁਟ ਗਏ ਅਤੇ ਬਾਰਸ਼ਾਂ ਜਦੋਂ ਹੋਈਆਂ ਤਾਂ ਸਾਰਾ ਪਾਣੀ ਅੰਦਰ ਚਲਾ ਗਿਆ । ਜੋ ਰਹਿਣ ਵਾਲੇ ਸੀ ਉਹ ਵੀ ਮਕਾਨ ਛਡ ਕੇ ਭਜ ਗਏ ।

(ਸਰਦਾਰ ਧੰਨਾ ਸਿੰਘ ਗੁਲਸ਼ਨ)

ਇਹੋ ਜਿਹੇ ਮਕਾਨਾਂ ਨੂੰ ਜਨਮ ਦੇਣਾ ਇਨ੍ਹਾਂ ਦੀ ਥੋੜੇ ਸਮੇਂ ਵਿਚ ਮੌਤ ਦੇਖਣੀ ਹੈ । ਤਾਂ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਕਿਤੇ ਰੁਪਏ ਜ਼ਾਇਆ ਨਾ ਚਲੇ ਜਾਣ । ਇਸ ਲਈ ਮੈਂ ਅਰਜ਼ ਕਰਾਂਗਾ ਡਿਪਟੀ ਸਪੀਕਰ ਸਾਹਿਬ, ਕਿ ਜਿਥੇ ਸ਼ਹਿਰਾਂ ਵਿਚ ਇਸ ਬਿਲ ਰਾਹੀਂ ਜ਼ਮੀਨ ਲਈ ਜਾਂਦੀ ਹੈ ਡਿਪਟੀ ਸਪੀਕਰ ਸਾਹਿਬ ਮੈਨੂੰ ਇਸ ਗਲ ਦਾ ਖਦਸ਼ਾ ਹੈ ਕਿ ਜਿਥੇ ਸ਼ਹਿਰਾਂ ਦੇ ਲਾਗੇ ਲਾਗੇ ਸਰਕਾਰ ਨੂੰ ਜ਼ਮੀਨ ਚਾਹੀਦੀ ਹੁੰਦੀ ਹੈ ਉਹ ਜ਼ਮੀਨ ਕਿਸਾਨਾਂ ਤੋਂ ਐਕੁਆਇਰ ਕਰ ਲਈ ਜਾਂਦੀ ਹੈ । ਇਸ ਵੇਲੇ ਵੀ ਸਰਕਾਰ ਨੂੰ ਲੋੜ ਪੈਂਦੀ ਹੈ ਮਕਾਨ ਬਣਾਉਣਾ ਹੈ ਜਾਂ ਕੋਈ ਹੋਰ ਇਹੋ ਜਿਹੇ ਅਦਾਰੇ ਬਨਾਉਣੇ ਹਨ, ਤਾਂ ਉਸ ਵੇਲੇ ਸਰਕਾਰ ਕਿਸਾਨ ਦੀ ਜ਼ਮੀਨ ਐਕੁਆਇਰ ਕਰ ਲੈਂਦੀ ਹੈ । ਇਹ ਕਿਸਾਨਾਂ ਦੀਆਂ ਕੀਮਤੀ ਜ਼ਮੀਨਾਂ ਹੁੰਦੀਆਂ ਹਨ ਜਿਹੜੀਆਂ ਕਿ ਸਰਕਾਰ ਐਕੁਆਇਰ ਕਰ ਲੈਂਦੀ ਹੈ। ਲਕਿਨ ਐਕੁਆਇਰ ਕਰਨ ਤੋਂ ਬਾਅਦ ਜ਼ਮੀਨ ਮਹਿੰਗੀ ਹੋ ਜਾਂਦੀ ਹੈ (ਵਿਘਨ) ਇਸ ਤਰ੍ਹਾਂ ਕਰਨ ਨਾਲ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਪੂਰੀ ਕੀਮਤ ਨਹੀਂ ਮਿਲਦੀ । ਇਸ ਵਲ ਧਿਆਨ ਰਖਣਾ ਚਾਹੀਦਾ ਹੈ। ਜਿਸ ਵੇਲੇ ਸਰਕਾਰ ਨੂੰ ਲੋੜ ਹੁੰਦੀ ਹੈ। (ਵਿਘਨ) ਤਾਂ ਸਰਕਾਰ ਆਪਣੇ ਆਪ ਇਸ ਨੂੰ ਗਜ਼ਟ ਨੋਟੀ-ਫਿਕੇਸ਼ਨ ਕਰ ਦਿੰਦੀ ਹੈ ਪਰ ਇਹ ਗਜ਼ਟ ਨੋਟੀਫਿਕੇਸ਼ਨ ਦਾ ਚੰਦ ਆਦਮੀਆਂ ਨੂੰ ਹੀ ਪਤਾ ਹੁੰਦਾ ਹੈ । ਅਤੇ ਇਸ ਦਾ ਕਿਸਾਨਾਂ ਨੂੰ ਬਿਲਕੁਲ ਪਤਾ ਨਹੀਂ ਲਗਦਾ ਅਤੇ ਬਾਅਦ ਵਿਚ ਸਰਕਾਰ ਕਹਿ ਦਿੰਦੀ ਹੈ ਕਿ ਆਖਰੀ ਤਾਰੀਖ ਲੰਘ ਗਈ। ਇਸ ਲਈ ਜ਼ਮੀਨਾਂ ਐਕੁਆਇਰ ਕਰਨ ਵੇਲੇ ਇਨ੍ਹਾਂ ਗਰੀਬ ਕਿਸਾਨਾਂ ਨਾਲ ਧਕਾ ਕੀਤਾ ਜਾਂਦਾ ਹੈ। ਇਸ ਗਲ ਨੂੰ ਵੀ ਧਿਆਨ ਵਿਚ ਰਖਣਾ ਚਾਹੀਦਾ ਹੈ ।

ਜੇ ਅਸੀਂ ਸ਼ਹਿਰਾਂ ਵਿਚ ਕਾਲੋਨੀਜ਼ ਬਣਾਉਂਦੀਆਂ ਹਨ ਜਿਥੇ ਵਡੀਆਂ ਵਡੀਆਂ ਬਿਲਡਿੰਗਾਂ ਬਣਾਉਣੀਆਂ ਹਨ ਤਾਂ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਸ ਦੇ ਨਾਲ ਨਾਲ ਪਿੰਡਾਂ ਵਿਚ ਵੀ ਅਜਿਹੀਆਂ ਕਾਲੋਨੀਜ਼ ਬਨਾਉਣੀਆਂ ਚਾਹੀਦੀਆਂ ਹਨ । ਇਹ ਪਿੰਡਾਂ ਵਿਚ ਲੋਕ ਜਿਹੜੇ ਕਿ ਪਛੜੀਆਂ ਸ਼ਰੇਣੀਆਂ ਦੇ ਵੀ ਹਨ ਇਹ ਲੋਕ ਬਹੁਤ ਦੇਰ ਤੋਂ ਇਨ੍ਹਾਂ ਗਲਾਂ ਤੋਂ ਵਾਂਝੇ ਹਨ ਮੇਰਾ ਭਾਵ ਜਿਹੜੀਆਂ ਜ਼ਮੀਨਾਂ ਪਿੰਡਾਂ ਵਿਚ ਸਾਂਝੀਆਂ ਛਡੀਆਂ ਪਰ ਇਨ੍ਹਾਂ ਜ਼ਮੀਨਾਂ ਦਾ ਅਧਿਕਾਰ ਵੀ ਇਨ੍ਹਾਂ ਲੋਕਾਂ ਨੂੰ ਨਹੀਂ ਮਿਲਿਆ। ਇਸ ਲਈ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਵਿਚ ਵੀ ਇਹ ਕਾਲੋਨੀਜ਼ ਬਣਾਉਣੀਆਂ ਚਾਹੀਦੀਆਂ ਹਨ । ਜਿਥੇ ਸ਼ਹਿਰਾਂ ਵਿਚ ਇਸ ਬਾਰੇ ਹਾਲਤ ਸੁਧਾਰਨੀ ਹੈ ਉਥੇ ਪਿੰਡਾਂ ਨੂੰ ਵੀ ਇਸ ਗਲ ਤੋਂ ਪਿਛੇ ਨਹੀਂ ਰਖਿਆ ਜਾਣਾ ਚਾਹੀਦਾ ਹੈ ।

ਮੈਂ ਇਕ ਗਲ ਕਹਿ ਕੇ ਆਪ ਦਾ ਧੰਨਵਾਦ ਕਰਾਂਗਾ । ਸਰਕਾਰ ਦੀ ਮਨਸ਼ਾ ਹੈ ਕਿ ਜਿਨ੍ਹਾਂ ਕੋਲ ਮਕਾਨ ਨਹੀਂ ਉਨ੍ਹਾਂ ਨੂੰ ਮਕਾਨ ਬਣਾ ਕੇ ਦੇ ਦਿਤੇ ਜਾਣ ਲੇਕਿਨ ਪਿਛਲੇ ਸਾਲ ਮੈਂ ਅਰਜ਼ ਕੀਤੀ ਸੀ ਇਕ ਮਤਾ ਵੀ ਆਇਆ ਸੀ ਕਿ ਜਿਨ੍ਹਾਂ ਨੇ ਸਰਕਾਰ ਤੋਂ ਕਰਜ਼ ਲਿਆ ਹੈ ਮਕਾਨ ਬਣਾਉਣ ਵਾਸਤੇ ਖਾਸ ਤੌਰ ਤੇ ਪਛੜੀਆਂ ਸ਼ਰੇਣੀਆਂ ਨੇ ਜੋ ਕਰਜ਼ੇ ਲਏ ਹਨ ਉਹਦੇ ਬਾਅਦ ਦੇਸ਼ ਵਿਚ ਜੋ ਬੇ-ਰੁਜ਼ਗਾਰੀ ਆਈ ਇਕੋ ਮਹਿੰਗਾਈ ਆਈ ਇਹ ਲੋਕ ਜੇਲ੍ਹਾਂ ਵਿਚ ਚਲੇ ਗਏ, (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਹਾਡਾ ਮਾਈਕ ਕੰਮ ਨਹੀਂ ਕਰਦਾ ਇਸ ਲਈ ਤੁਸੀਂ ਦੂਸਰੇ ਮਾਈਕ ਤੇ ਆ ਜਾਓ । (ਵਿਘਨ) ਰਿਪੋਰਟਰਜ਼ ਨੂੰ ਸੁਣਨ ਵਿਚ ਕਾਫੀ ਤਕਲੀਫ ਹੋ ਰਹੀ ਹੈ (ਵਿਘਨ)
(*Addressing Sardar Dhanna Singh Gulshan*: You may please speak from some other mike since your mike is not working properly. The Reporters are experiencing difficulty.)

(ਇਸ ਸਮੇਂ ਸਰਦਾਰ ਧੰਨਾ ਸਿੰਘ ਗੁਲਸ਼ਨ ਆਪਣੀ ਸੀਟ ਤੋਂ ਹਟਕੇ ਨਾਲ ਲਗਦੀ ਦੂਜੀ ਸੀਟ ਤੇ ਆਕੇ ਬੋਲਣ ਲਗ ਪਏ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸੋ ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਮੇਰੇ ਦੋਸਤ ਕਹਿ ਰਹੇ ਹਨ ਕਿ ਇਨ੍ਹਾਂ ਮਕਾਨਾਂ ਦੀ ਲੋੜ ਕੋਈ ਨਹੀਂ, ਇਹ ਖਾਂਦੇ ਪੀਂਦੇ ਪੰਜਾਬ ਦੇ ਰਹਿਣ ਵਾਲੇ ਹਨ ਅਤੇ ਇਹ ਪੰਜਾਬ ਵਿਚ ਰਹਿੰਦੇ ਹੋਏ ਵੀ ਯੂ.ਪੀ. ਦੀ ਬੋਲੀ ਬੋਲਦੇ ਹਨ (ਵਿਘਨ) ਇਨ੍ਹਾਂ ਵਿਚ ਕਮਜ਼ੋਰੀ ਹੋ ਸਕਦੀ ਹੈ, ਸਾਡੇ ਵਿਚ ਕਮਜ਼ੋਰੀ ਨਹੀਂ ਰਹਿ ਸਕਦੀ । (ਥੰਪਿੰਗ) (ਵਿਘਨ) ਸੋ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬੋਰਡ ਮਕਾਨਾਂ ਵਾਸਤੇ ਬਣਨਾ ਹੈ ਇਸ ਵਿਚ ਜ਼ਿਆਦਾਤਰ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਹਿੱਸਾ ਮਿਲਣਾ ਚਾਹੀਦਾ ਹੈ। ਇਹ ਲੋਕ ਚਾਹੇ ਸ਼ਹਿਰਾਂ ਵਿਚ ਵਸਦੇ ਹਨ ਅਤੇ ਚਾਹੇ ਪਿੰਡਾਂ ਵਿਚ ਵਸਦੇ ਹਨ ਇਨ੍ਹਾਂ ਦੀ ਹਾਲਤ ਬਹੁਤ ਬੁਰੀ ਹੈ । ਇਨ੍ਹਾਂ ਕੋਲ ਕੋਈ ਮਕਾਨ ਨਹੀਂ ਹੈ । ਇਹ ਲੋਕ ਮਕਾਨ ਪਾ ਵੀ ਨਹੀਂ ਸਕਦੇ । ਜਿਨ੍ਹਾਂ ਨੇ ਕਰਜ਼ੇ ਲਏ ਹਨ ਉਹ ਦੇ ਨਹੀਂ ਸਕਦੇ। ਇਸ ਲਈ ਅਜਿਹੇ ਲੋਕਾਂ ਨੂੰ ਇਸ ਵਿਚ ਸ਼ਾਮਿਲ ਕਰ ਲੈਣਾ ਚਾਹੀਦਾ ਹੈ ਜਿਨ੍ਹਾਂ ਦੀਆਂ ਕਿਸ਼ਤਾਂ ਪੂਰੀਆਂ ਨਹੀਂ ਹੋਈਆਂ ਅਤੇ ਪੰਜਾਬ ਨੂੰ ਛਡ ਗਏ ਹਨ (ਵਿਘਨ) ਜੇਲਾਂ ਵਿਚ ਚਲੇ ਗਏ ਹਨ, ਅਜਿਹੇ ਲੋਕਾਂ ਨੂੰ ਵੱਧ ਤੋਂ ਵੱਧ ਸਹਾਇਤਾ ਦੇਣੀ ਚਾਹੀਦੀ ਹੈ । ਬੋਰਡ ਦੇ ਮੈਂਬਰਾਂ ਵਿਚ ਪਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਨੂੰ ਵੀ ਨੁਮਾਇੰਦਗੀ ਦੇਣੀ ਚਾਹੀਦੀ ਹੈ । ਇੰਨਾਂ ਹੀ ਕਹਿੰਦਾ ਹੋਇਆ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

ਭਗਤ ਗੁਰਾਂ ਦਾਸ ਹੰਸ (ਸ਼ਾਮ ਚੁਰਾਸੀ, ਐਸ. ਸੀ.) ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਹੋਇਆ ਹੈ ਇਹ ਬੜਾ ਅੱਛਾ ਬਿਲ ਹੈ । ਇਸ ਰਾਹੀਂ ਗਰੀਬ ਅਤੇ ਲੇਬਰ ਕਲਾਸ ਵਾਸਤੇ ਕਾਲੋਨੀਜ਼ ਬਣਨੀਆਂ ਹਨ । ਇਹ ਬੜਾ ਅੱਛਾ ਕੰਮ ਹੈ। ਹਰ ਇਕ ਕੋਲ ਮਕਾਨ ਆਪਣਾ ਚਾਹੀਦਾ ਹੈ। ਜਿਸ ਕੋਲ ਮਕਾਨ ਨਹੀਂ ਉਹਦਾ ਰਹਿਣਾ ਬਹਿਣਾ ਅੱਛਾ ਨਹੀਂ । ਕਈ ਅਮੀਰ ਆਦਮੀਆਂ ਦਾ ਖਿਆਲ ਹੈ ਕਿ ਭਾਵੇਂ ਮਕਾਨ ਕਰਾਏ ਤੇ ਹੋਵੇ ਪਰ ਪੈਸੇ ਜ਼ਿਆਦਾ ਕਮਾਉਣੇ ਚਾਹੀਦੇ ਹਨ । ਇਹ ਉਨ੍ਹਾਂ ਦਾ ਬਿਜ਼ਨੈਸ ਹੁੰਦਾ ਹੈ। ਪਰ ਗਰੀਬ ਇਹ ਚਾਹੁੰਦਾ ਹੈ ਕਿ ਮੇਰੇ ਅਤੇ ਮੇਰੇ ਪਰੀਵਾਰ ਵਾਸਤੇ ਦੋ ਕਮਰਿਆਂ ਦਾ ਛੋਟਾ ਜਿਹਾ ਇਕ ਮਕਾਨ ਜ਼ਰੂਰ ਹੋਣਾ ਚਾਹੀਦਾ ਹੈ ।

ਇਸ ਬਿਲ ਵਿਚ ਕਿਹਾ ਗਿਆ ਹੈ ਕਿ ਇਸ ਬੋਰਡ ਦੇ ਮੈਂਬਰ ਜ਼ਿਆਦਾਤਰ ਹਰੀਜਨ ਹੋਣ ਚਾਹੀਦੇ ਹਨ ਇਹ ਬੜੀ ਸਰਾਹਣਾਯੋਗ ਗਲ ਹੈ। ਇਸ ਵਿਚ ਅਫਸਰਾਂ ਤੋਂ ਇਲਾਵਾ ਬਾਕੀ ਦੇ ਸਾਰੇ ਮੈਂਬਰ ਹਰੀਜਨ ਹੀ ਹੋਣੇ ਚਾਹੀਦੇ ਹਨ ਕਿਉਂਕਿ ਹੋਰਾਂ ਨੂੰ ਇਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਹੋ ਸਕਦੀ ਇਹ ਅਮੀਰ ਆਦਮੀਆਂ ਨੂੰ ਇਨ੍ਹਾਂ ਨਾਲ ਹਮਦਰਦੀ ਤਾਂ ਉਸ ਵੇਲੇ ਹੀ ਹੁੰਦੀ ਹੈ ਜਦੋਂ ਕਿ ਇਨ੍ਹਾਂ ਨੇ ਇਨ੍ਹਾਂ ਕੋਲੋਂ ਵੋਟਾਂ ਲੈਣੀਆਂ ਹੁੰਦੀਆਂ ਹਨ । ਉਸ ਵੇਲੇ ਇਹ ਲੋਕ ਜ਼ਰੂਰ ਵੋਟਾਂ ਲੈਣ ਖਾਤਰ ਇਨ੍ਹਾਂ ਨੂੰ ਕਹਿ ਦਿੰਦੇ ਹਨ ਕਿ ਇਨ੍ਹਾਂ ਦੀਆਂ ਝੌਂਪੜੀਆਂ ਬਹੁਤ ਗੰਦੀਆਂ ਹਨ ਅਤੇ ਇਨ੍ਹਾਂ ਦਾ ਸੁਧਾਰ ਹੋਣਾ ਚਾਹੀਦਾ ਹੈ। (ਵਿਘਨ) ਇਸ ਬੋਰਡ ਦੇ ਮੈਂਬਰ ਇਨ੍ਹਾਂ ਗਰੀਬਾਂ ਨੂੰ ਹੀ ਲੈਣਾ ਚਾਹੀਦਾ ਹੈ ਜਿਹੜੇ ਕਿ ਆਪਣੀ ਸਾਰੀ ਜ਼ਿੰਦਗੀ ਇਨ੍ਹਾਂ ਝੌਂਪੜੀਆਂ ਵਿਚ ਹੀ ਗੁਜ਼ਾਰਦੇ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਹੁਣੇ ਹੁਣੇ ਤਕਰੀਰ ਕਰਦਿਆਂ ਹੋਇਆਂ ਮੇਰੇ ਦੋਸਤ ਆਨਰੇਬਲ ਬਜ਼ੁਰਗ ਮੈਂਬਰ ਨੇ ਕਿਹਾ ਸੀ ਕਿ ਅਸੀਂ ਖਾਂਦੇ ਪੀਂਦੇ ਆਦਮੀ ਹਾਂ ਅਤੇ ਚੰਗਾ ਹੁੰਦਾ ਜੇ ਇਹ ਵੀ ਕਹਿ ਦਿੰਦੇ ਕਿ ਹਰੀਜਨਾਂ ਦੀ ਹਾਲਤ ਬਹੁਤ ਖਰਾਬ ਹੈ । (ਵਿਘਨ) ਇਨ੍ਹਾਂ ਤੋਂ ਇਹ ਨਾ ਦਸਿਆ ਗਿਆ ਕਿ ਪਛੜੀਆਂ ਸ਼੍ਰੇਣੀਆਂ ਦੀ ਹਾਲਤ ਕਿੰਨੀ ਖਰਾਬ ਹੈ । ਤਾਂ ਮੈਂ ਦਸਣਾ ਚਾਹੁੰਦਾ ਹਾਂ ਕਿ ਜੇ ਹਜ਼ਾਰ ਵਿਚੋਂ ਦੋ ਆਦਮੀਆਂ ਦੀ ਹਾਲਤ ਅੱਛੀ ਹੋਵੇ ਤਾਂ ਇਸ ਤੋਂ ਇਹ ਅੰਦਾਜ਼ਾ ਨ ਲਗਾਇਆ ਜਾਂਦਾ ਕਿ ਸਾਰੀ ਸ਼੍ਰੇਣੀ ਦੀ ਹਾਲਤ ਚੰਗੀ ਹੈ । ਜੇ ਕੋਈ ਅੱਛੀ ਸੋਸਾਇਟੀ ਵਿਚ ਰਹਿ ਕੇ

(ਭਗਤ ਗੁਰਾਂ ਦਾਸ ਹੰਸ)

ਇਕ ਬੰਦਾ ਚੰਗਾ ਬਣ ਜਾਂਦਾ ਹੈ ਤਾਂ ਉਸ ਨੂੰ ਦੂਸਰੇ ਨੂੰ ਜੋ ਕਿ ਮਾੜੀ ਸੋਸਾਇਟੀ ਵਿਚ ਰਹਿ ਕੇ ਚੰਗਾ ਨਹੀਂ ਬਣਦਾ ਉਸ ਨੂੰ ਨਾਲ ਲੈਕੇ ਚਲਣਾ ਚਾਹੀਦਾ ਹੈ । ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ ਹਰ ਆਦਮੀ ਦਾ ਜੀਵਨ ਪੱਧਰ ਉਚਾ ਕਰਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਅਸੀਂ ਹਰੀਜਨ ਕਾਲੋਨੀਜ਼ ਬਣਾਉਂਦੇ ਹਾਂ ਉਥੇ ਮੈਂ ਇਸ ਚੀਜ਼ ਦੇ ਹਕ ਵਿਚ ਹਾਂ ਕਿ ਉਥੇ ਕੇਵਲ ਹਰੀਜਨ ਹੀ ਨਾ ਵਸਣ ਬਲਕਿ ਹੋਰ ਜਾਤੀਆਂ ਦੇ ਲੋਕ ਵੀ ਵਸਣ । ਜੇ ਉਥੇ ਤੁਸੀਂ ਹਰੀਜਨਾਂ ਨੂੰ ਪੰਜ ਹਜ਼ਾਰ ਰੁਪਿਆ ਮਕਾਨ ਬਣਾਉਣ ਵਾਸਤੇ ਦਿੰਦੇ ਹੋ ਤਾਂ ਦੂਜੀ ਜਾਤੀਆਂ ਵਾਲਿਆਂ ਨੂੰ ਭਾਵੇਂ ਅੱਠ ਹਜ਼ਾਰ ਰੁਪਿਆ ਮਕਾਨ ਬਣਾਉਣ ਵਾਸਤੇ ਦੇ ਦੇਵੋ । ਇਹ ਰਿਆਇਤਾਂ ਮਿਲਣ ਨਾਲ ਉਹ ਬੰਦੇ ਵੀ ਉਥੇ ਰਹਿਣਗੇ ਅਤੇ ਇਸ ਨਾਲ ਇਨ੍ਹਾਂ ਦੇ ਬਚਿਆਂ ਵਿਚ ਪ੍ਰੇਮ ਭਾਵ ਪੈਦਾ ਹੋਵੇਗਾ । (ਵਿਘਨ)

ਹਰੀਜਨਾਂ ਵਿਚ ਕਈ ਅਜਿਹੇ ਵੀ ਹਨ ਜਿਹੜੇ ਕਿ ਹਰੀਜਨ ਹੁੰਦੇ ਹੋਏ ਵੀ ਹਰੀਜਨਾਂ ਤੋਂ ਨਫ਼ਰਤ ਕਰਦੇ ਹਨ । ਹਰੀਜਨਾਂ ਵਿਚ ਕਈ ਅਜਿਹੇ ਭਰਾ ਵੀ ਹਨ ਜਿਨ੍ਹਾਂ ਦੀ ਮਾਲੀ ਹਾਲਤ ਅੱਛੀ ਹੈ, ਜ਼ਮੀਨ ਅੱਛੀ ਹੈ । ਪਰ ਇਨ੍ਹਾਂ ਵਿਚੋਂ ਕਈਆਂ ਵਿਚ ਕਮਜ਼ੋਰੀ ਆ ਜਾਂਦੀ ਹੈ ਇਨ੍ਹਾਂ ਨੂੰ ਅਸੀਂ ਇਨਸਾਨ ਨਹੀਂ ਕਹਿ ਸਕਦੇ । ਦੂਜੇ ਪਾਸੇ ਇਨ੍ਹਾਂ ਵਿਚੋਂ ਹੀ ਸਵੇਰੇ ਉਠ ਕੇ ਕਈ ਬੰਦੇ ਨਾ ਉਹ ਗੁਰਦਵਾਰੇ ਜਾਂਦੇ ਹਨ ਨਾ ਮੰਦਰ ਜਾਂਦੇ ਹਨ ਪਰ ਲੋਕਾਂ ਦੀ ਸੇਵਾ ਕਰਦੇ ਹਨ । ਸਾਰੀ ਸਮਾਜ ਉਸ ਤੋਂ ਨਫ਼ਰਤ ਕਰਦੀ ਜਿਹੜਾ ਲੋਕ ਗੰਦ ਫੈਲਾਉਂਦੇ ਹਨ ਉਨ੍ਹਾਂ ਤੋਂ ਕੋਈ ਨਫ਼ਰਤ ਨਹੀਂ ਕਰਦਾ । ਉਤੋਂ ਜਿਹੜੇ ਗੰਦ ਸਾਫ਼ ਕਰਦੇ ਹਨ ਉਨ੍ਹਾਂ ਤੋਂ ਲੋਕ ਨਫ਼ਰਤ ਕਰਦੇ ਹਨ (ਵਿਘਨ) ਮੇਰਾ ਭਾਵ ਹੈ ਕਿ ਸਵੀਪਰਾਂ ਲਈ ਮਕਾਨ ਬਣਾਉਣ ਨੂੰ ਕੋਈ ਤਿਆਰ ਨਹੀਂ ਹੈ । ਜ਼ਮੀਨਾਂ ਇਨ੍ਹਾਂ ਨੂੰ ਨਹੀਂ ਦਿਤੀਆਂ ਜਾਂਦੀਆਂ । ਸਰਵਿਸਿਜ਼ ਵਿਚ ਇਨ੍ਹਾਂ ਲੋਕਾਂ ਨੂੰ ਨੁਮਾਇੰਦਗੀ ਦੇਣ ਨੂੰ ਕੋਈ ਤਿਆਰ ਨਹੀਂ ਹੈ । ਜਿਸ ਵੇਲੇ ਸਵੀਪਰ ਕਿਸੇ ਅਫਸਰ ਕੋਲ ਜਾਂਦਾ ਹੈ ਤਾਂ ਉਸ ਨੂੰ ਕੋਈ ਨੇੜੇ ਨਹੀਂ ਆਉਣ ਦਿੰਦਾ । ਡਿਪਟੀ ਸਪੀਕਰ ਸਾਹਿਬ, ਇਕ ਹਰੀਜਨ ਬੜਾ ਪੜ੍ਹਿਆ ਐਮ. ਏ. ਪਾਸ ਨੌਜਵਾਨ ਸੀ ਉਹ ਰੋਣ ਲਗ ਗਿਆ । ਉਹ ਕਹਿੰਦਾ ਸੀ ਕਿ ਉਸਨੂੰ ਚਪੜਾਸੀ ਹੀ ਲਗਾ ਦਿਉ । ਜਦ ਕਿਸੇ ਨੂੰ ਪਤਾ ਲਗ ਜਾਂਦਾ ਹੈ ਕਿ ਉਹ ਸਵੀਪਰ ਹੈ ਤਾਂ ਉਸ ਨੂੰ ਕੋਈ ਨੌਕਰੀ ਨਹੀਂ ਦਿਤੀ ਜਾਂਦੀ । ਉਹ ਪਠਾਨਕੋਟ ਦਾ ਰਹਿਣ ਵਾਲਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਵਿਤਕਰਾ ਨਹੀਂ ਹੋਣਾ ਚਾਹੀਦਾ । ਸਾਰਿਆਂ ਦੀਆਂ ਸਾਂਝੀਆਂ ਕਾਲੋਨੀਜ਼ ਬਣਨੀਆਂ ਚਾਹੀਦੀਆਂ ਹਨ । (ਵਿਘਨ) ਤੁਸੀਂ ਸ਼ਹਿਰਾਂ ਦੀ ਲਹਿੰਦੀ ਤਰਫ਼ ਜਾਉ ਜਾਂ ਪਿੰਡਾਂ ਦੀ ਲਹਿੰਦੀ ਤਰਫ਼ ਜਾਉ ਉਥੇ ਤੁਹਾਨੂੰ ਹਰੀਜਨਾਂ ਦੀਆਂ ਬਸਤੀਆਂ ਮਿਲਣਗੀਆਂ (ਵਿਘਨ) ਇਨ੍ਹਾਂ ਨੂੰ ਸੂਰਜ ਦੀ ਪਹਿਲੀ ਕਿਰਨ ਨਸੀਬ ਨਹੀਂ ਹੁੰਦੀ । ਜਿਸ ਤਰਫ਼ ਸੂਰਜ ਚੜ੍ਹਦਾ ਹੈ ਉਸ ਤਰਫ਼ ਇਨ੍ਹਾਂ ਦੀਆਂ ਬਸਤੀਆਂ ਬਣਨੀਆਂ ਚਾਹੀਦੀਆਂ ਹਨ ।

ਇਸ ਲਈ ਮੈਂ ਅਰਜ਼ ਕਰਾਂਗਾ ਆਪਣੀ ਸਰਕਾਰ ਨੂੰ, ਚੀਫ ਮਨਿਸਟਰ ਸਾਹਿਬ ਨੂੰ ਕਿ ਮਿਉਂ-ਸਿਪਲ ਕਮੇਟੀ ਦੇ ਏਰੀਆਜ਼ ਦੇ ਨਾਲ ਨਾਲ 2-3 ਮੀਲ ਦੇ ਫਾਸਲੇ ਤੇ ਸਬਅਰਬਨ ਏਰੀਆ ਹੈ ਉਥੇ ਕਈ ਹਰੀਜਨ ਕਬਜ਼ਾ ਕਰਕੇ ਬੈਠੇ ਹਨ ਅਤੇ ਉਹ ਗੰਦੀਆਂ ਬਸਤੀਆਂ ਵਿੱਚ ਰਹਿੰਦੇ ਹਨ । 11 ਸੌ ਰੁਪਏ ਪਰ ਏਕੜ ਜ਼ਮੀਨ ਸੈਂਟਰਲ ਗੌਰਮਿੰਟ ਤੋਂ ਖਰੀਦੀ ਗਈ ਹੈ ਉਹ ਬੇਸ਼ਕ ਉਸ ਦੇ ਉਤੇ ਹੋਰ ਦੋ ਸੌ ਜਾਂ ਚਾਰ ਸੌ ਰੁਪਿਆ ਪਾ ਕੇ ਭਾਵ ਕਿ 15 ਸੌ ਰੁਪਏ ਵਿੱਚ ਭਾਵੇਂ ਉਨ੍ਹਾਂ ਨੂੰ ਦਿੱਤਾ ਜਾਵੇ ਤਾਂਕਿ ਉਹ ਵੀ ਉਥੇ ਗਰਾਉਂਡਜ਼ ਬਣਾ ਸਕਣ ਅਤੇ ਪਰਾਰਥਨਾ ਭਵਨ ਬਣਾ ਸਕਣ । ਡਿਪਟੀ ਸਪੀਕਰ ਸਾਹਿਬ, ਦੇਸ਼ ਦੇ ਵਿੱਚ ਕਾਰਖਾਨੇ ਵੀ ਜ਼ਰੂਰੀ ਹਨ ਪਰ ਕਾਰਖਾਨੇ ਵੀ ਤਦ ਹੀ ਚਲ ਸਕਦੇ ਹਨ ਜੇਕਰ ਗਰੀਬਾਂ ਦੀ ਹਾਲਤ, ਜੋ ਕਿ ਕਾਰਖਾਨੇ ਚਲਾਉਣ ਵਾਲੇ ਹਨ, ਉਨ੍ਹਾਂ ਦੀ ਹਾਲਤ ਚੰਗੀ ਹੋਵੇ । ਇਸ ਲਈ

ਮੈਂ ਬੇਨਤੀ ਕਰਾਂਗਾ ਕਿ ਰੀਹੈਬੀਲੀਟੇਸ਼ਨ ਦੇ ਕੋਲ ਜਿਹੜੀ ਜ਼ਮੀਨ ਹੈ ਜਿਹੜੀ ਕਿ 11 ਸੋ ਰੁਪਏ ਏਕੜ ਸੈਂਟਰਲ ਗੌਰਮਿੰਟ ਤੋਂ ਖਰੀਦੀ ਹੈ, ਉਹ ਕਿਰਪਾ ਕਰਕੇ 15 ਸੋ ਰੁਪਏ ਵਿੱਚ ਭਾਵੇਂ ਹਰੀਜਨਾਂ ਲਈ ਐਕੁਆਇਰ ਕੀਤੀ ਜਾਵੇ । ਅਸੀਂ ਕੋਈ ਮੁਫ਼ਤ ਨਹੀਂ ਮੰਗਦੇ, ਉਸ ਦੀ ਕੀਮਤ ਲਈ ਜਾਵੇ । ਸੈਂਟਰਲ ਗੌਰਮਿੰਟ ਨੇ ਹਰੀਜਨਾਂ ਨੂੰ ਮਕਾਨਾਂ ਵਾਸਤੇ 3 ਹਜ਼ਾਰ ਦਿੱਤਾ ਪਰ ਉਸ ਦਾ ਕੀਤਾ ਕੁਝ ਨਹੀਂ ਗਿਆ। ਮਕਾਨ ਨਹੀਂ ਬਣੇ । ਹੁਣ ਇਸੇ ਤਰ੍ਹਾਂ 12 ਕਰੋੜ ਰੁਪਿਆ ਸੈਂਟਰ ਪਾਸੋਂ ਆਉਣਾ ਹੈ । ਇਸ ਲਈ ਅਗਰ ਪੰਜਾਬ ਸਰਕਾਰ ਵੀ ਇਨ੍ਹਾਂ ਲਈ ਕੁਝ ਕਰਨਾ ਚਾਹੁੰਦੀ ਹੈ ਤਾਂ ਪੰਜਾਬ ਸਰਕਾਰ ਵੀ ਐਨਾ ਰੁਪਿਆ ਆਪਣੇ ਕੋਲੋਂ ਦੇਵੇ ਅਤੇ ਹਰੀਜਨਾਂ ਲਈ ਨਵੇਂ ਮਕਾਨ ਬਣਾਏ ਜਾਣ । ਡਿਪਟੀ ਸਪੀਕਰ ਸਾਹਿਬ, ਮੈਨੂੰ ਬਾਪੂ ਧਾਮ ਜਾਣ ਦਾ ਮੌਕਾ ਮਿਲਿਆ। ਬਾਪੂ ਧਾਮ ਵਿੱਚ ਹਰੀਜਨ ਰਹਿੰਦੇ ਹਨ। ਉਥੇ ਹਰੀਜਨ ਮਾਰਕਿਟ ਹੈ। ਅਗਰ ਉਸੇ ਤਰ੍ਹਾਂ ਦਾ ਨਕਸ਼ਾ ਇਥੇ ਬਣਾਇਆ ਜਾਵੇ ਤਾਂ ਹਰੀਜਨਾਂ ਦੀ ਹਾਲਤ ਅੱਛੀ ਹੋ ਸਕਦੀ ਹੈ । ਉਹ ਬੜੀ ਸ਼ਾਨਦਾਰ ਜਗ੍ਹਾ ਹੈ। ਬੱਚਿਆਂ ਦੀ ਪਰਵਰਿਸ਼ ਠੀਕ ਕਰਨ ਵਾਸਤੇ ਸਿਹਤ ਜ਼ਰੂਰੀ ਹੈ । ਜੇ ਬੱਚੇ ਅੱਛੀ ਹਵਾ ਵਿੱਚ ਰਹਿਣ......

ਸ੍ਰੀ ਡਿਪਟੀ ਸਪੀਕਰ: ਤੁਸੀਂ ਬੋਰਡ ਦੇ ਸਬੰਧ ਵਿੱਚ ਬੋਲੋ। (Please speak about the Board.)

ਭਗਤ ਗੁਰਾਂ ਦਾਸ ਹੰਸ : ਮੈਂ ਇਸ ਬਾਰੇ ਕਹਿੰਦਾ ਹਾਂ । ਮੈਂ ਕਹਿੰਦਾ ਹਾਂ ਕਿ ਇਸ ਬੋਰਡ ਵਿਚ ਸਾਰ ਹਰੀਜਨ ਲੈਣੇ ਚਾਹੀਦੇ ਹਨ। ਅਤੇ ਜਿਹੜੇ ਅਫ਼ਸਰ ਹੋਣੇ ਚਾਹੀਦੇ ਹਨ ਪਹਿਲਾਂ ਉਨ੍ਹਾਂ ਨੂੰ ਕਸਮ ਖਵਾ ਕੇ ਪੁੱਛਣਾ ਚਾਹੀਦਾ ਹੈ ਕਿ ਜੇ ਤੂੰ ਹਰੀਜਨਾਂ ਨਾਲ ਸਿੰਪਥੀ ਰਖਦਾ ਹੈ ਤਾਂ ਲਵਾਂਗੇ ਨਹੀਂ ਤਾਂ ਨਹੀਂ। ਜੇ ਉਹ ਰਜ਼ਾਮੰਦ ਹੋਵੇ ਤਾਂ ਉਹ ਅਫ਼ਸਰ ਵਿੱਚ ਲੈਣਾ ਚਾਹੀਦਾ ਹੈ । ਜੇ ਉਹ ਕਹੇ ਕਿ ਮੈਂ ਹਰੀਜਨਾਂ ਦਾ ਭਲਾ ਚਾਹਵਾਂਗਾ ਤਾਂ ਉਸ ਨੂੰ ਲਿਆ ਜਾਵੇ । ਇਸੇ ਤਰ੍ਹਾਂ ਜਿਹੜਾ ਚੇਅਰਮੈਨ ਹੋਣਾ ਚਾਹੀਦਾ ਹੈ ਉਹ ਗਰੀਬਾਂ ਦੇ ਵਿੱਚੋਂ, ਹਰੀਜਨਾਂ ਦੇ ਵਿੱਚੋਂ ਹੋਣਾ ਚਾਹੀਦਾ ਹੈ ।

ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਇਥੇ ਗੁਲਸ਼ਨ ਜੀ ਨੇ ਕਿਹਾ ਹੈ ਕਿ ਪਿੰਡਾਂ ਦੀ ਹਾਲਤ ਖ਼ਰਾਬ ਹੈ । ਇਹ ਠੀਕ ਹੈ । ਇਥੇ ਮਤਾ ਪਾਸ ਹੋਇਆ ਕਿ 1/3 ਹਿੱਸਾ ਪਚਾਇਤਾਂ ਦੀ ਜ਼ਮੀਨ ਹਰੀਜਨਾਂ ਨੂੰ ਦਿਤੀ ਜਾਵੇ ਪਰ ਇਸ ਦੇ ਉਤੇ ਕੋਈ ਅਮਲ ਨਹੀਂ ਹੋਇਆ । ਪਚਾਇਤਾਂ ਨੇ ਇਸ ਤੇ ਕੋਈ ਅਮਲ ਨਹੀਂ ਕੀਤਾ। ਇਸ ਲਈ ਪਿੰਡ ਦੀ ਪੰਚਾਇਤ ਗਰੀਬਾਂ ਨੂੰ ਮਕਾਨ ਬਣਾਉਣ ਵਾਸਤੇ ਮਾਮੂਲੀ ਕੀਮਤ ਤੇ ਜ਼ਮੀਨ ਦੇਵੇ । ਉਸ ਦੇ ਨਾਲ ਪਿੰਡਾਂ ਵਿੱਚ ਉਨ੍ਹਾਂ ਦੀਆਂ ਕਾਲੋਨੀਜ਼ ਚੰਗੀਆਂ ਬਣ ਸਕਦੀਆਂ ਹਨ। ਉਸ ਦੇ ਵਿੱਚ ਗਰੀਬ ਹਰੀਜਨ ਅਤੇ ਹੋਰ ਭਾਈ ਰਹਿ ਸਕਦੇ ਹਨ। ਇਸ ਵਾਸਤੇ ਉਨ੍ਹਾਂ ਨੂੰ ਰੁਪਿਆ ਵੀ ਬਗੈਰ ਸੂਦ ਤੇ ਦਿੱਤਾ ਜਾਵੇ । ਨਕਸ਼ਾ ਵੀ ਕਾਲੋਨੀਜ਼ ਲਈ ਗੌਰਮਿੰਟ ਬਣਾ ਕੇ ਦੇਵੇ, ਉਥੇ ਫਲੱਸ਼ ਸਿਸਟਮ ਵੀ ਸਰਕਾਰ ਆਪ ਕਰੇ ਤਾਂਕਿ ਉਨ੍ਹਾਂ ਦਾ ਵੀ ਨਕਸ਼ਾ ਬਦਲ ਜਾਵੇ ਤੇ ਉਹ ਵੀ ਸਮਝਣ ਕਿ ਅਸੀਂ ਆਜ਼ਾਦ ਭਾਰਤ ਦੇ ਵਾਸੀ ਹਾਂ । ਇਸ ਲਈ ਜੇ ਗਰੀਬਾਂ ਦੀ ਇਮਦਾਦ ਕਰਨੀ ਹੈ ਉਨ੍ਹਾਂ ਦੇ ਫ਼ਾਇਦੇ ਵਾਸਤੇ ਜਿਹੜੀ ਪੰਚਾਇਤ ਦੀ ਜ਼ਮੀਨ ਹੈ ਉਹ ਐਕੁਆਇਰ ਕਰਕੇ ਮਾਮੂਲੀ ਰੇਟ ਤੇ ਗਰੀਬਾਂ ਨੂੰ ਦਿੱਤੀ ਜਾਵੇ । ਤਾਂਕਿ ਉਹ ਗਰੀਬ ਵੀ ਛੋਟੀਆਂ ਕਾਲੋਨੀਜ਼ ਬਣਾ ਕੇ ਵਸ ਸਕਣ ਅਤੇ ਉਹ ਵੀ ਸਮਝਣ ਕਿ ਅਸੀਂ ਭਾਰਤ ਦੇ ਵਾਸੀ ਹਾਂ।

ਦੂਸਰਾ ਸ਼ਹਿਰਾਂ ਦੇ ਗਰੀਬਾਂ ਦੀ ਹਾਲਤ ਨੂੰ ਠੀਕ ਕਰਨ ਦਾ ਸਾਧਨ ਕੋਈ ਨਹੀਂ। ਚੰਡੀਗੜ੍ਹ ਵਿੱਚ ਜਿਸ ਤਰ੍ਹਾਂ ਚਪੜਾਸੀ ਦੇ ਕੁਆਰਟਰ ਤੋਂ ਲੈ ਕੇ ਚੀਫ ਮਨਿਸਟਰ ਦੇ ਕੁਆਰਟਰ ਤਕ ਫਲੱਸ਼ ਸਿਸਟਮ ਹੈ । ਇਸ ਤੇ ਕਰੋੜਾਂ ਰੁਪਿਆ ਖ਼ਰਚ ਹੋਇਆ ਹੈ । ਇਸੇ ਤਰ੍ਹਾਂ ਪਿੰਡਾਂ ਵਿੱਚ ਕਾਲੋਨੀਜ਼

(ਭਗਤ ਗੁਰਾਂ ਦਾਸ ਹੰਸ)

ਬਣਾ ਕੇ ਉਥੇ ਵੀ ਫਲੱਸ਼ ਸਿਸਟਮ ਹੋਣਾ ਚਾਹੀਦਾ ਹੈ । ਚੌਥੇ ਅਖ਼ਬਾਰ ਵਿੱਚ ਸਾਡੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਬਿਆਨ ਦਿੱਤਾ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ 15 ਅਗਸਤ ਤੋਂ ਕੋਈ ਲੜਕੀ ਆਪਣੇ ਸਿਰ ਤੇ ਗੰਦ ਦੀ ਟੋਕਰੀ ਨਹੀਂ ਚੁੱਕੇਗੀ । ਇਹ ਠੀਕ ਹੈ ਅਜਿਹੀਆਂ ਨੀਤੀਆਂ ਤੇ ਅਮਲ ਕਰਨਾ ਚਾਹੀਦਾ ਹੈ । ਇਥੇ ਸੜਕਾਂ ਖਰਾਬ ਹਨ, ਫਲੱਸ਼ ਦਾ ਕੋਈ ਇੰਤਜ਼ਾਮ ਨਹੀਂ, ਇਸ ਤਰਫ਼ ਜ਼ਿਆਦਾ ਰੁਪਿਆ ਦੇਣਾ ਚਾਹੀਦਾ ਹੈ । ਹਰੀਜਨ ਕਾਲੋਨੀਜ਼ ਵਾਸਤੇ ਫਲੱਸ਼ ਸਿਸਟਮ ਦਾ ਪ੍ਰਬੰਧ ਹੋਣਾ ਚਾਹੀਦਾ ਹੈ । ਅੰਤ ਵਿੱਚ ਫਿਰ ਮੈਂ ਕਹਾਂਗਾ ਕਿ ਜਿਸ ਤਰ੍ਹਾਂ ਬਾਪੂ ਧਾਮ ਕਾਲੋਨੀ ਬਣੀ ਹੈ ਉਸੇ ਤਰ੍ਹਾਂ ਇਥੇ ਵੀ ਕਾਲੋਨੀਜ਼ ਬਣਨੀਆਂ ਚਾਹੀਦੀਆਂ ਹਨ ਤਾਕਿ ਹਰੀਜਨਾਂ ਦਾ ਜੀਵਨ ਪੱਧਰ ਉੱਚਾ ਹੋ ਸਕੇ ।

ਚੌਧਰੀ ਰਾਮ ਸਿੰਘ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਇਸ ਵੇਲੇ ਹਾਊਸ ਦੇ ਸਾਹਮਣੇ ਪੇਸ਼ ਹੈ, ਇਹ ਬਹੁਤ ਜ਼ਰੂਰੀ ਸੀ ਅਤੇ ਪੰਜਾਬ ਗੌਰਮਿੰਟ ਨੇ, ਪੰਜਾਬ ਦੀ ਕਾਂਗਰਸ ਨੇ ਜਿਹੜਾ ਫ਼ੈਸਲਾ ਕੀਤਾ ਸੀ ਅਤੇ ਪ੍ਰਾਮਿਜ਼ ਕੀਤਾ ਉਨ੍ਹਾਂ ਵਿੱਚੋਂ ਇਹ ਇਕ ਹੈ । ਇਸ ਦੀ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਜਿਸ ਤਰ੍ਹਾਂ ਸਰਕਾਰ ਨੇ ਹੋਰ ਵੀ ਪ੍ਰਾਮਿਜ਼ ਪੂਰੇ ਕਰਨੇ ਹਨ ਜਾਂ ਕੀਤੇ ਹਨ ਉਨ੍ਹਾਂ ਵਿੱਚੋਂ ਇਹ ਵੀ ਵੱਡਾ ਪ੍ਰਾਮਿਜ਼ ਸੀ । ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਝੁੱਗੀਆਂ ਹੀ ਝੁੱਗੀਆਂ ਹਨ । ਸਰਕਾਰ ਨੇ ਇਸ ਬਿਲ ਦੇ ਰਾਹੀਂ ਜਿਹੜਾ ਉਨ੍ਹਾਂ ਦੀ ਹਾਲਤ ਨੂੰ ਸੁਧਾਰਨ ਵਾਸਤੇ ਇਸ ਹਾਊਸ ਵਿੱਚ ਐਫ਼. ਐਮ. ਅਤੇ ਸੀ. ਐਮ. ਸਾਹਿਬ ਨੇ ਔਰ ਗੌਰਮਿੰਟ ਨੇ ਜਿਹੜੀ ਇਹ ਗੱਲ ਕਹੀ ਹੈ ਕਿ ਅਸੀਂ ਉਨ੍ਹਾਂ ਨੂੰ ਇਸ ਸਾਲ ਲੈਂਡ ਦੇਵਾਂਗੇ, ਅਤੇ ਫਿਰ ਮਕਾਨਾਂ ਵਾਸਤੇ ਕਰਜ਼ੇ ਦੇਵਾਂਗੇ ਅਤੇ ਕੁਝ ਸਬਸਿਡੀ ਦੇਵਾਂਗੇ, ਇਹ ਬੜਾ ਸ਼ਲਾਘਾਯੋਗ ਕੰਮ ਹੈ । ਪਿੰਡਾਂ ਦੇ ਲੋਕ ਕਈ ਕਈ ਸਾਲਾ ਝੁੱਗੀਆਂ ਵਿੱਚ ਰਹਿੰਦੇ ਹਨ । ਹੋ ਸਕਦਾ ਹੈ ਕਿ ਉਨ੍ਹਾਂ ਦੀ ਝੁਗੀ 10 ਫੁੱਟ ਦੀ ਹੋਵੇ, 15 ਫੁੱਟ ਦੀ ਹੋਵੇ ਜਾਂ 20 ਫੁੱਟ ਦੀ ਹੋਵੇ ਪਰ ਉਸ ਦੇ ਵਿੱਚ ਉਨ੍ਹਾਂ ਦੇ ਦਾਦੇ ਤੋਂ ਲੈ ਕੇ ਇਤਨੇ ਮੈਂਬਰ ਰਹਿ ਰਹੇ ਹਨ ਪਰ ਲੈਂਡ ਲਾਰਡਜ਼ ਨੂੰ ਕਦੇ ਇਹ ਤਰਸ ਨਹੀਂ ਆਇਆ ਕਿ ਉਹ ਵੀ ਹਿੰਦੁਸਤਾਨ ਦੇ ਸ਼ਹਿਰੀ ਹਨ, ਉਹ ਵੀ ਇਨਸਾਨ ਹਨ । ਮੈਂ ਕਹਿੰਦਾ ਹਾਂ ਕਿ ਲੈਂਡ ਲਾਰਡਜ਼ ਨੇ ਉਨ੍ਹਾਂ ਨੂੰ ਇਨਸਾਨ ਨਹੀਂ ਉਨ੍ਹਾਂ ਨੂੰ ਹੈਵਾਨ ਸਮਝਿਆ ਹੈ । ਔਰ ਕਾਂਗਰਸ ਨੇ ਗਿਆਨੀ ਜੀ ਨੇ ਇਹ ਬਿਲ ਲਿਆ ਕੇ ਇਕ ਬਿਹਤਰੀਨ ਫ਼ੈਸਲਾ ਕੀਤਾ ਹੈ। ਉਹ ਦਿਹਾਤਾਂ ਦੇ ਗਰੀਬ ਲਕ, ਲੈਂਡਲੈਸ ਲੋਕ, ਹਰੀਜਨ ਤੇ ਬੈਕਵਰਡ ਉਨ੍ਹਾਂ ਦੀ ਭਲਾਈ ਵਾਸਤੇ ਇਹ ਜਿਹੜਾ ਫ਼ੈਸਲਾ ਕੀਤਾ ਹੈ ਕਿ ਉਨ੍ਹਾਂ ਨੂੰ ਪੱਕੇ ਮਕਾਨਾਂ ਵਿੱਚ ਲੈ ਜਾਣ ਵਾਸਤੇ ਉਨ੍ਹਾਂ ਨੂੰ ਗ੍ਰਾਂਟਸ ਦਿਆਂਗੇ, ਉਨ੍ਹਾਂ ਨੂੰ ਲੋਨ ਦਿਆਂਗਾ ਅਤੇ ਉਨ੍ਹਾਂ ਨੂੰ ਪੱਕੇ ਮਕਾਨਾਂ ਵਿੱਚ ਭੇਜਾਂਗੇ, ਇਹ ਬੜਾ ਸਰਕਾਰ ਦਾ ਸ਼ਲਾਘਾਯੋਗ ਕੰਮ ਹੈ । ਇਸੇ ਤਰ੍ਹਾਂ ਸ਼ਹਿਰਾਂ ਵਿੱਚ ਸਲੱਮ ਹਨ । ਉਥੇ ਵੀ ਝੁੱਗੀਆਂ ਹਨ । ਉਥੇ ਕੋਈ ਨਾਲੀਆਂ ਦਾ ਇੰਤਜ਼ਾਮ ਨਹੀਂ । ਵਿਆਹ ਸ਼ਾਦੀ ਵਿੱਚ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ । ਅਗਰ ਕੋਈ ਮਰ ਜਾਂਦਾ ਹੈ ਤਾਂ ਉਸ ਦੀ ਲਾਸ਼ ਨਹੀਂ ਨਿਕਲ ਸਕਦੀ । ਸੋ ਇਨ੍ਹਾਂ ਦੀ ਹਾਲਤ ਸੁਧਾਰਨ ਵਲ ਅਤੇ ਉਨ੍ਹਾਂ ਦੀਆਂ ਝੁੱਗੀਆਂ ਰੀਮੂਵ ਕਰਕੇ ਉਨ੍ਹਾਂ ਨੂੰ ਪੱਕੇ ਮਕਾਨਾਂ ਵਿੱਚ ਲੈ ਜਾਣ ਦੀ ਇਹ ਜਿਹੜੀ ਸਕੀਮ ਹੈ, ਇਹ ਬੜੀ ਸ਼ਲਾਘਾਯੋਗ ਹੈ । ਇਸ ਲਈ ਮੈਂ ਇਹ ਅਰਜ਼ ਕਰਾਂਗਾ ਕਿ ਇਸ ਦੇ ਵਿੱਚ ਇਹ ਜ਼ਰੂਰੀ ਹੈ ਕਿ ਜਿਸ ਵੇਲੇ ਬੋਰਡ ਬਣੇ ਅਤੇ ਉਹ ਆਪਣੀ ਫੰਕਸ਼ਨਿੰਗ ਸ਼ੁਰੂ ਕਰੇ ਤਾਂ ਪਹਿਲਾਂ ਝੁੱਗੀਆਂ ਵਲ ਪਰਾਇਰਟੀ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਪੱਕੇ ਮਕਾਨਾਂ ਵਿੱਚ ਰੀਮੂਵ ਕਰਨਾ ਚਾਹੀਦਾ ਹੈ ਨਾ ਕਿ ਜਿਨ੍ਹਾਂ ਦੇ ਪੱਕੇ ਮਕਾਨ ਹਨ ਤਾਂ ਕਿ ਉਹ ਵੀ ਅੱਛੀ ਜ਼ਿੰਦਗੀ ਬਸਰ ਕਰ ਸਕਣ।

ਲੇਕਿਨ ਇਕ ਗੱਲ ਡਿਪਟੀ ਸਪੀਕਰ ਸਾਹਿਬ, ਨਾਲ ਦੀ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬੋਰਡ ਹੈ ਇਸ ਨੂੰ ਬਹੁਤ ਜ਼ਿਆਦਾ ਪਾਵਰਾਂ ਦਿੱਤੀਆਂ ਗਈਆਂ ਹਨ ਅਤੇ ਜਿਹੜੇ ਬੋਰਡ ਦੇ ਮੈਂਬਰ ਬਣਾਏ ਗਏ ਹਨ ਉਹ ਵੀ ਸਰਕਾਰੀ ਅਫ਼ਸਰ ਜ਼ਿਆਦਾ ਬਣਾਏ ਗਏ ਹਨ । ਚੇਅਰਮੈਨ ਵੀ ਇਸ ਬੋਰਡ ਦਾ ਇਕ ਆਈ. ਏ. ਐਸ. ਅਫਸਰ ਹੀ ਹੋਵੇਗਾ, ਹਾਊਸਿੰਗ ਕਮਿਸ਼ਨਰ। ਇਸ ਦੇ ਵਿੱਚ ਸਾਰੇ ਹੀ ਸਰਕਾਰ ਦੇ ਸੈਕਟਰੀ ਵਗੈਰਾ ਹੀ ਹੋਣਗੇ । ਜਿਹੜੇ 5 ਆਦਮੀਆਂ ਦੇ ਪਾਰਟ ਟਾਈਮ ਜਾਂ ਐਕਸ ਆਫੀਸ਼ੋ ਦਾ ਜ਼ਿਕਰ ਕੀਤਾ ਗਿਆ ਹੈ, ਇਹ ਵੀ ਸਰਕਾਰੀ ਸੈਕਟਰੀਆਂ ਜਾਂ ਹੋਰ ਅਫ਼ਸਰਾਂ ਵਿੱਚੋਂ ਹੀ ਹੋਣਗੇ । ਮੈਂ ਸਮਝਦਾ ਹਾਂ ਕਿ ਇਹ ਇਕ ਸਰਕਾਰੀ ਢਾਂਚਾ ਜਿਹਾ ਬਣ ਜਾਵੇਗਾ । ਡੈਮੋ-ਕਰੈਟਿਕ ਸੈਟ ਅਪ ਦੇ ਵਿੱਚ ਇਹੋ ਜਿਹਾ ਢਾਂਚਾ ਨਹੀਂ ਬਣਾਉਣਾ ਚਾਹੀਦਾ ।

5.14 P.M. (ਇਸ ਵਕਤ ਸ੍ਰੀ ਸਪੀਕਰ ਪਰਧਾਨਗੀ ਦੀ ਕੁਰਸੀ ਤੇ ਬਿਰਾਜਮਾਨ ਹੋਏ)

ਫਿਰ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਹੜੀਆਂ ਪਾਵਰਾਂ ਇਨ੍ਹਾਂ ਨੇ ਇਮਪਰੂਵ-ਮੈਂਟ ਟਰੱਸਟਸ ਦੀਆਂ ਵੀ ਬੋਰਡ ਨੂੰ ਦਿੱਤੀਆਂ ਹਨ, ਮੇਰੇ ਆਪਣੇ ਖ਼ਿਆਲ ਦੇ ਮੁਤਾਬਕ ਇਹ ਕੋਈ ਚੰਗੀ ਗੱਲ ਨਹੀਂ । ਇਨ੍ਹਾਂ ਨੇ ਆਪਣੇ ਖਿਆਲ ਦੇ ਮੁਤਾਬਕ ਇਹ ਗੱਲ ਚੰਗੀ ਕੀਤੀ ਹੋਵੇਗੀ ਲੇਕਿਨ ਮੇਰਾ ਖ਼ਿਆਲ ਹੈ ਕਿ 2 ਅਦਾਰੇ ਇਕੋ ਸ਼ਹਿਰ ਵਿੱਚ ਨਹੀਂ ਚਲਣੇ ਚਾਹੀਦੇ । ਇਮਪਰੂਵਮੈਂਟ ਟਰੱਸਟ ਵੀ ਕੰਮ ਕਰੇਗਾ ਅਤੇ ਇਹ ਬੋਰਡ ਵੀ ਕੰਮ ਕਰੇਗਾ ਅਤੇ ਪਹਿਲਾਂ ਇਹ ਇਕ ਏਜੰਟ ਦੀ ਤਰ੍ਹਾਂ ਕੰਮ ਕਰੇਗਾ । ਇਸ ਦਾ ਮਤਲਬ ਇਹ ਹੋਇਆ ਕਿ ਮਾਲਕ ਵੀ ਕੰਮ ਖੁਦ ਕਰ ਸਕਦਾ ਹੈ ਅਤੇ ਏਜੰਟ ਵੀ ਕੰਮ ਕਰ ਸਕਦਾ ਹੈ । ਇਹ ਜਿਹੜਾ ਦੋਹਰਾ ਕੰਮ ਕਰਨ ਵਾਲੀ ਗਲ ਹੈ ਮੇਰਾ ਖਿਆਲ ਹੈ ਕਿ ਇਹ ਨਾ ਮੁਨਾਸਿਬ ਹੈ, ਇਸ ਦੇ ਨਾਲ ਡੀਵੈਲਪਮੈਂਟ ਰੁਕ ਜਾਵੇਗੀ ਜਿਥੇ ਦੋਨੋਂ ਅਦਾਰੇ ਕੰਮ ਕਰਨ ਉਥੇ ਜ਼ਰੂਰੀ ਗੱਲ ਹੈ ਕਿ ਕੰਮ ਵਿੱਚ ਰੁਕਾਵਟ ਆਵੇਗੀ। ਮੈਨੂੰ ਪਤਾ ਹੈ ਕਿ ਮਿਊਂਸਪਲ ਕਮੇਟੀਆਂ ਤੇ ਇਮਪਰੂਵਮੈਂਟ ਟਰੱਸਟ ਦੀ ਆਪਸ ਵਿੱਚ ਕਈ ਵਾਰੀ ਲੜਾਈ ਹੋ ਜਾਂਦੀ ਹੈ । ਉਨ੍ਹਾਂ ਵਿੱਚ ਆਪਸ ਵਿੱਚ ਕੰਟਰੋਵਰਸੀ ਕਈ ਵਾਰੀ ਪੈਦਾ ਹੋ ਜਾਂਦੀ ਹੈ । ਕਿਉਂਕਿ 7 ਦਿਨ ਦੇ ਅਦਰ ਅੰਦਰ ਉਨ੍ਹਾਂ ਨੇ ਮਿਊਂਸਪਲ ਕਮੇਟੀ ਨੂੰ ਸਕੀਮ ਭੇਜਣੀ ਹੁੰਦੀ ਹੈ, ਹੈਲਥ ਅਫ਼ਸਰ ਕੋਲ ਵੀ ਭੇਜਣੀ ਹੈ । ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਆਪਸ ਵਿੱਚ ਉਨ੍ਹਾਂ ਦੀ ਕਈ ਗੱਲਾਂ ਤੇ ਕੰਟਰੋਵਰਸੀ ਹੋ ਜਾਂਦੀ ਹੈ ਅਤੇ ਇਸ ਕੰਟਰੋਵਰਸੀ ਵਿੱਚ ਕਈ ਵਾਰੀ ਬੇਹਤਰੀਨ ਸਕੀਮਾਂ ਜਿਹੜੀਆਂ ਹੁੰਦੀਆਂ ਹਨ ਉਹ ਵੀ ਰਹਿ ਜਾਂਦੀਆਂ ਹਨ । ਇਸ ਲਈ ਮੇਰੀ ਅਰਜ਼ ਹੈ ਕਿ ਇਹ ਦੋਹਰੀਆਂ ਪਾਵਰਾਂ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਇਕ ਇੰਸਟੀਚਿਊਸ਼ਨ ਜਾਂ ਇਕ ਅਦਾਰਾ ਹੋਣਾ ਚਾਹੀਦਾ ਹੈ ।

ਫਿਰ ਸਪੀਕਰ ਸਾਹਿਬ, ਮੈਂ ਫੰਡਜ਼ ਦੇ ਮੁਤਅਲਕ ਕੁਝ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਨੇ ਇਸ ਦੇ ਵਿੱਚ ਇਕ ਕਲਾਜ਼ ਰਖੀ ਹੈ ਕਿ ਪ੍ਰਾਫ਼ਿਟ ਫੰਡ ਵੀ ਹੋਵੇਗਾ । ਮੇਰਾ ਖ਼ਿਆਲ ਹੈ ਕਿ ਇਹ ਨੋ ਪ੍ਰਾਫਿਟ ਨੋ ਲਾਸ ਬੇਸਿਜ਼ ਤੇ ਸਾਰਾ ਕੁਝ ਹੋਣਾ ਚਾਹੀਦਾ ਹੈ । ਨਹੀਂ ਤੇ ਇਹ ਇਕ ਪ੍ਰਾਫ਼ੀਟੇਬਲ ਇਨਸਟੀਚਿਊਸ਼ਨ ਜਿਹਾ ਬਣ ਜਾਵੇਗਾ । ਤੁਸੀਂ ਦੇਖ ਲਓ ਕਿ ਇਮਪਰੂਵਮੈਂਟ ਟਰੱਸਟ ਕਿਉਂ ਨਹੀਂ ਕਾਮਯਾਬ ਹੋ ਸਕੇ ? ਇਸ ਦੀ ਵਜ੍ਹਾ ਇਹ ਹੈ ਕਿ ਉਹ ਪ੍ਰਾਫ਼ਿਟ ਦੇਖਦੇ ਹਨ । ਪੰਜ ਹਜ਼ਾਰ, 10 ਹਜ਼ਾਰ ਤੇ ਕਈ ਵਾਰੀ 50 ਹਜ਼ਾਰ ਰੁਪਏ ਤਕ ਪਲਾਟ ਚਲਾ ਜਾਂਦਾ ਹੈ । ਇਹੋ ਜਿਹੇ ਪ੍ਰਾਫਿਟ ਦੀਆਂ ਗਲਾਂ ਸੋਚਣ ਨਾਲ ਕਈ ਵਾਰੀ ਬਹੁਤ ਸਾਰੀਆਂ ਸਕੀਮਾਂ ਧਰੀਆਂ ਦੀਆਂ ਧਰੀਆਂ ਰਹਿ ਜਾਂਦੀਆਂ ਹਨ। ਇਸ ਲਈ ਮੇਰੀ ਅਰਜ਼ ਹੈ ਕਿ ਇਹ 'ਪ੍ਰਾਫ਼ਿਟ' ਦਾ ਲਫ਼ਜ਼ ਜਿਹੜਾ ਹੈ ਇਹ ਕਟਿਆ ਜਾਣਾ ਚਾਹੀਦਾ ਹੈ ਅਤੇ ਇਸ ਦੀ ਥਾਂ 'ਨੋ ਪ੍ਰਾਫ਼ਿਟ ਨੋ ਲਾਸ' ਦਾ ਲਫ਼ਜ਼ ਆਉਣਾ ਚਾਹੀਦਾ ਹੈ ਤਾਂ ਕਿ ਗਰੀਬ ਆਦਮੀ ਨੂੰ ਸਹੂਲਤ ਪੂਰੀ ਮਿਲ ਸਕੇ ਅਤੇ ਉਹ ਕੁਝ ਫ਼ਾਇਦਾ ਉਠਾ ਸਕਣ । (ਘੰਟੀ)

(ਚੌਧਰੀ ਰਾਮ ਸਿੰਘ)

ਸਪੀਕਰ ਸਾਹਿਬ, ਇਹੋ ਜਿਹੇ ਬੋਰਡ ਬਣਾਉਣ ਦਾ ਢਾਂਚਾ ਬਹੁਤ ਦੇਰ ਤੋਂ ਚਲਿਆ ਆ ਰਿਹਾ ਹੈ । ਇਹ ਅਕਾਲੀ ਸਰਕਾਰ ਵੇਲੇ ਵੀ ਚਲਦਾ ਆ ਰਿਹਾ ਹੈ ਪਰ ਇਨ੍ਹਾਂ ਨੇ ਇਹ ਲੋੜ ਨਹੀਂ ਮਹਿਸੂਸ ਕੀਤੀ ਕਿ ਜਿਹੜੇ ਗਰੀਬ ਲੋਕ ਵਿਚਾਰੇ ਝੁਗੀਆਂ ਵਿੱਚ ਰਹਿਦੇ ਹਨ, ਸ਼ਹਿਰਾਂ ਵਿੱਚ ਜਾਂ ਪਿੰਡਾਂ ਵਿੱਚ, ਉਨ੍ਹਾਂ ਨੂੰ ਕੋਈ ਮਕਾਨ ਵਗੈਰਾ ਦਿੱਤੇ ਜਾਣ । ਇਨ੍ਹਾਂ ਨੇ ਇਸ ਕੰਮ ਵਾਸਤੇ ਤਾਂ ਕੋਈ ਬੋਰਡ ਨਹੀਂ ਬਣਾਇਆ ਪਰ ਹੋਰ ਦੇ ਹੋਰ ਬੋਰਡ ਬਣਾਉਣ ਦੀਆਂ ਗੱਲਾਂ ਸੋਚਦੇ ਰਹੇ । ਇਨ੍ਹਾਂ ਨੇ ਇਸ ਗੱਲ ਦਾ ਕੋਈ ਯਤਨ ਨਹੀਂ ਕੀਤਾ ਕਿ ਜਿਹੜੇ ਲੋਕ ਝੁਗੀਆਂ ਵਿੱਚ ਵਸਦੇ ਹਨ, ਉਨ੍ਹਾਂ ਨੂੰ ਵੀ ਮਕਾਨ ਮੁਹੱਈਆ ਕੀਤੇ ਜਾਣ ਅਤੇ ਉਨ੍ਹਾਂ ਗਰੀਬ ਲੋਕਾਂ ਦਾ ਵੀ ਰਹਿਣ ਦਾ ਜਿਹੜਾ ਸਟੈਂਡਰਡ ਹੈ ਉਹ ਉੱਚਾ ਹੋ ਸਕੇ । ਇਨ੍ਹਾਂ ਨੇ ਜੇ ਸੋਚਿਆ ਹੈ ਤਾਂ ਇਹ ਸੋਚਿਆ ਹੈ ਕਿ ਲੈਂਡ ਲਾਰਡ ਹੋਰ ਵੱਡਾ ਲੈਂਡ ਲਾਰਡ ਕਿਸ ਤਰ੍ਹਾਂ ਬਣ ਸਕਦਾ ਹੈ ਜਾਂ ਇਕ ਸਰਮਾਏਦਾਰ ਹੋਰ ਸਰਮਾਏਦਾਰ ਕਿਸ ਤਰ੍ਹਾਂ ਬਣ ਸਕਦਾ ਹੈ । ਇਸ ਵਾਸਤੇ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਜੋ ਫ਼ੈਸਲਾ ਸਾਡੀ ਸਰਕਾਰ ਨੇ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਕੀਤਾ ਹੈ ਕਿ ਗਰੀਬ ਆਦਮੀਆਂ ਨੂੰ ਮਕਾਨ ਮਿਲ ਸਕਣ, ਇਹ ਇਕ ਬਹੁਤ ਬੇਹਤਰੀਨ ਫੈਸਲਾ ਹੈ ਅਤੇ ਜਿਸ ਨਾਲ ਗਰੀਬ ਆਦਮੀ ਨੂੰ ਫ਼ਾਇਦਾ ਹੋਵੇਗਾ ।

ਫਿਰ ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਆਪਣੇ ਐਕਟ ਵਿੱਚ ਇਹ ਕਿਹਾ ਹੈ ਕਿ ਇਹ ਬੋਰਡ ਹਰ ਸਾਲ ਰਿਪੋਰਟ ਕਰੇ । ਇਸ ਬਾਰੇ ਅਰਜ਼ ਹੈ ਕਿ ਰਿਪੋਰਟਾਂ ਦੀ ਜੋ ਹਾਲਤ ਹੁੰਦੀ ਹੈ, ਉਹ ਤੁਹਾਡੇ ਸਾਹਮਣੇ ਹੀ ਹੈ । ਬਿਜਲੀ ਬੋਰਡ ਦੀ ਜਾਂ ਹੋਰ ਬੋਰਡਾਂ ਦੀ ਰਿਪੋਰਟ ਆਉਂਦੀ ਹੈ, ਉਸ ਤੇ ਡਿਸਕਸ਼ਨ ਵਾਸਤੇ ਅਸੀਂ ਲਿਖਦੇ ਹਾਂ ਪਰ ਡਿਸਕਸ਼ਨ ਹੁੰਦੀ ਨਹੀਂ । (ਵਿਘਨ) ਇਸ ਵਾਸਤੇ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਇਸ ਬੋਰਡ ਦੇ ਫੰਕਸ਼ਨਜ਼ ਬਾਰੇ ਅਤੇ ਇਨ੍ਹਾਂ ਨੂੰ ਪੈਸੇ ਦੇਣ ਵਾਸਤੇ ਜੋ ਕੋਈ ਵੀ ਚੀਜ਼ ਆਉਣੀ ਹੈ ਉਹ ਅਲਾਇਦਾ ਅਸੈਂਬਲੀ ਵਿਚ ਆਉਣੀ ਚਾਹੀਦੀ ਹੈ ਤਾਂ ਕਿ ਇਸ ਗੱਲ ਦਾ ਪਤਾ ਲਗ ਸਕੇ ਕਿ ਇਹ ਜਿਹੜਾ ਬੋਰਡ ਹੈ ਇਸ ਨੇ ਕਿਤਨਾ ਕੰਮ ਕੀਤਾ ਹੈ, ਇਸ ਵਿੱਚੋਂ ਕਿਤਨਾ ਸ਼ਹਿਰਾਂ ਵਿਚ ਅਤੇ ਕਿਤਨਾ ਪਿੰਡਾਂ ਵਿੱਚ ਕੰਮ ਕੀਤਾ ਹੈ, ਕਿਤਨੀਆਂ ਝੁਗੀਆਂ ਬਣਾਈਆਂ, ਕਿਤਨੇ ਮਕਾਨ ਬਣਾਏ ਜਾਂ ਹੋਰ ਕੀ ਕੰਮ ਕੀਤਾ ਹੈ ।

ਫਿਰ, ਸਪੀਕਰ ਸਾਹਿਬ, ਇਹ ਵੀ ਕਿਹਾ ਗਿਆ ਹੈ ਕਿ ਜਿਨ੍ਹਾਂ ਮੁਲਾਜ਼ਮਾਂ ਦੀ 500 ਰੁਪਏ ਤੋਂ ਥਲੇ ਇਨਕਮ ਹੈ ਉਨ੍ਹਾਂ ਨੂੰ ਮਕਾਨ ਦਿੱਤੇ ਜਾਣਗੇ । ਲੇਕਿਨ ਮੇਰੀ ਅਰਜ਼ ਹੈ ਕਿ ਇਹ ਕੰਮ ਤੇਜ਼ੀ ਨਾਲ ਚਲਣਾ ਚਾਹੀਦਾ ਹੈ । ਇਸ ਦੇ ਕੰਮ ਦੇ ਲਈ ਭਾਰਤ ਸਰਕਾਰ ਤੋਂ ਫੰਡ ਲੈਣਾ ਚਾਹੀਦਾ ਹੈ, ਲਾਈਫ ਇੰਸ਼ੋਰੈਂਸ਼ ਕਾਰਪੋਰੇਸ਼ਨ ਤੋਂ ਫ਼ੰਡ ਜ਼ਿਆਦਾ ਲੈਣਾ ਚਾਹੀਦਾ ਹੈ ਤਾਂ ਕਿ ਇਹ ਕੰਮ ਹੌਲੀ ਹੌਲੀ ਨਾ ਚਲੇ ਸਗੋਂ ਤੇਜ਼ ਰਫਤਾਰ ਨਾਲ ਚਲੇ । ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਟਾਈਮ ਬਾਊਂਡ ਕੰਮ ਹੋਣਾ ਚਾਹੀਦਾ ਹੈ ਕਿ ਇਤਨੇ ਸਮੇਂ ਵਿੱਚ ਇਹ ਕੰਮ ਹੋਵੇਗਾ ਅਤੇ ਇਤਨੇ ਸਮੇਂ ਵਿੱਚ ਇਹ ਕੰਮ ਹੋ ਜਾਵੇਗਾ ।

ਇਹੋ ਵਜ੍ਹਾ ਹੈ ਕਿ ਮੈਂ ਅੱਗੇ ਵੀ ਕਹਿ ਚੁੱਕਾ ਹਾਂ ਕਿ ਇਸ ਬੋਰਡ ਦਾ ਡੈਮੋਕਰੈਟਿਕ ਸੈਟ ਅਪ ਢਾਂਚਾ ਬਣਾਉਣਾ ਚਾਹੀਦਾ ਹੈ । ਬੋਰਡ ਨੂੰ ਇਕ ਸੁਚੱਜਾ ਬੋਰਡ ਬਣਾਉਣਾ ਚਾਹੀਦਾ ਹੈ । ਇਸ ਦੇ ਵਿੱਚ ਐਮ ਐਲ. ਏਜ਼. ਦੀ ਰਿਪਰਜ਼ੈਂਟੇਸ਼ਨ ਜ਼ਰੂਰ ਹੋਣੀ ਚਾਹੀਦੀ ਹੈ । ਇਸ ਦੇ ਵਿੱਚ ਇਕ ਕਲਾਜ਼ ਦੀ ਹੋਰ ਐਡੀਸ਼ਨ ਹੋਣੀ ਚਾਹੀਦੀ ਹੈ ਕਿ ਇਸ ਵਿੱਚ ਐਮ. ਐਲ. ਏ. ਨੂੰ ਰਿਪਰਜ਼ੈਂਟੇਸ਼ਨ ਦਿੱਤੀ ਜਾਵੇ । ਇਸ ਦੇ ਨਾਲ ਹੀ ਸਰਕਾਰ ਨੂੰ 3-4 ਮੈਂਬਰ ਨਾਨ ਆਫ਼ੀਸ਼ਲ ਮੈਂਬਰ ਨਾਮੀਨੇਟ ਕਰਨੇ ਚਾਹੀਦੇ ਹਨ

ਤਾਂ ਕਿ ਸਾਨੂੰ ਸਾਰੀ ਗੱਲ ਦਾ ਚਾਨਣ ਹੋ ਸਕੇ । ਨਹੀਂ ਤਾਂ ਇਸ ਤਰ੍ਹਾਂ ਇਮਪਰੂਵਮੈਂਟ ਟਰੱਸਟ ਦੀਆਂ ਦੋ ਦੋ ਸਾਲ ਸਕੀਮਾਂ ਪਈਆਂ ਰਹਿੰਦੀਆਂ ਹਨ, ਤਿੰਨ ਤਿੰਨ ਸਾਲ ਉਥੇ ਸਕੀਮਾਂ ਐਵੇਂ ਹੀ ਪਈਆਂ ਰਹਿੰਦੀਆਂ ਹਨ, ਇਹੀ ਹਾਲਤ ਇਸ ਬੋਰਡ ਵਿੱਚ ਵੀ ਨਾ ਹੋਵੇ । (ਘੰਟੀ) (ਵਿਘਨ)

ਸਪੀਕਰ ਸਾਹਿਬ, ਮੈਂ ਦੋ ਤਿੰਨ ਮਿੰਟ ਵਿੱਚ ਹੀ ਮੁਕਾ ਦਿੰਦਾ ਹਾਂ। (ਵਿਘਨ) ਇਨ੍ਹਾਂ ਨੇ ਇਸਦੇ ਜੁਰਮਾਨੇ ਦਾ ਜ਼ਿਕਰ ਕੀਤਾ ਹੈ । ਉਸ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । 89 ਵਿੱਚ ਇਨ੍ਹਾਂ ਨੇ 200 ਰੁਪਏ ਅਤੇ 93 ਵਿੱਚ 50 ਰੁਪਏ ਜੁਰਮਾਨਾ ਲਿਖੇ ਹਨ । (ਵਿਘਨ)ਇਸ ਤਰ੍ਹਾਂ ਸ਼ਹਿਰਾਂ ਦੀ ਡਿਵੈਲਪਮੈਂਟ ਨਹੀਂ ਹੋ ਸਕਦੀ । 50 ਰੁਪਏ ਵਿੱਚ ਤਾਂ, ਸਪੀਕਰ ਸਾਹਿਬ, ਮੇਰਾ ਖ਼ਿਆਲ ਹੈ ਕਿ ਦੋ ਬੋਰੀਆਂ ਸੀਮਿੰਟ ਦੀਆਂ ਵੀ ਨਹੀਂ ਆਉਂਦੀਆਂ ।

ਇਸ ਵਾਸਤੇ ਇਹ ਜੁਰਮਾਨੇ ਵਾਲੀ ਕਲਾਜ਼ ਜ਼ਰੂਰ ਹੋਣੀ ਚਾਹੀਦੀ ਹੈ ਨਹੀਂ ਤਾਂ ਇਮਪਰੂਵਮੈਂਟ ਨਹੀਂ ਹੋ ਸਕੇਗੀ । ਪੰਜਾਬ ਦਾ ਕੁਝ ਨਹੀਂ ਹੋ ਸਕੇਗਾ । ਸ਼ਹਿਰਾਂ ਦੀ ਇੰਪਰੂਵਮੈਂਟ, ਦਿਹਾਤਾਂ ਦੀ ਇਪਰੂ-ਵਮੈਂਟ ਰਹਿ ਜਾਏਗੀ । ਇਸ ਕਰਕੇ ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ, ਕਿਉਂ ਜੋ ਇਸ ਨੇ ਇਹ ਇਕ ਚੰਗਾ ਕੰਮ ਕੀਤਾ ਹੈ । ਲੋਕੀਂ ਝੁਗੀਆਂ ਵਿੱਚੋਂ ਨਿਕਲ ਕੇ ਪਕੇ ਮਕਾਨਾਂ ਵਿੱਚ ਆਉਣਗੇ । ਜੋ ਗੌਰਮੈਂਟ ਨੇ ਵਾਇਦਾ ਕੀਤਾ ਸੀ ਉਸ ਵਲ ਇਹ ਇਕ ਅਹਿਮ ਕਦਮ ਹੈ । ਇਤਨਾ ਕਹਿੰਦਾ ਹੋਇਆ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ।

ਗਿਆਨੀ ਕੁਂਦਨ ਸਿੰਘ ਪਤੰਗ (ਭਦੌੜ ਐਸ. ਸੀ.): ਸ੍ਰੀਮਾਨ ਸਪੀਕਰ ਸਾਹਿਬ, ਇਹ ਜਿਹੜਾ ਬਿਲ ਲਿਆਂਦਾ ਹੈ ਗਰੀਬਾਂ ਦਾ ਹਮਾਇਤੀ ਹੋਣ ਕਰਕੇ ਬੜਾ ਅਛਾ ਹੈ, ਪਰੰਤੂ ਵੇਖਣਾ ਇਹ ਹੈ ਕਿ ਜਿਹੜੀਆਂ ਕਾਲੋਨੀਆਂ ਬਣਾਉਣੀਆਂ ਹਨ, ਜਿਹੜੇ ਮਕਾਨ ਗਰੀਬਾਂ ਨੂੰ ਬਣਾ ਕੇ ਦੇਣੇ ਹਨ, ਪਹਿਲਾਂ ਇਹ ਵੇਖਣਾ ਚਾਹੀਦਾ ਹੈ ਕਿ ਇਨ੍ਹਾਂ ਮਕਾਨਾਂ ਦੇ ਲੋੜਵੰਦ ਕੌਣ ਹਨ । ਕਈ ਗਰੀਬ ਕੌਮਾ ਹਨ, ਜਿਹੜੀਆਂ ਖੋਤਿਆਂ ਉੱਤੇ, ਘੋੜਿਆਂ ਉਤੇ ਅਤੇ ਊਠਾਂ ਉਤੇ ਆਪਣੇ ਘਰ ਲਦੀ ਫਿਰਦੀਆਂ ਹਨ । ਕਈ ਘਰਾਂ ਦੇ ਵਿਚ ਵਸਦੇ ਹਨ ਚਾਹੇ ਉਹ ਵੀ ਗਰੀਬ ਹਨ । ਪਰ ਜਿਹੜੇ ਨਿਤਾਪ੍ਰਤਿ ਘਰ ਬਦਲ ਲੈਂਦੇ ਹਨ ਜਿਸ ਤਰ੍ਹਾਂ ਢਹੇ, ਬਾਜ਼ੀਗਰ, ਸਾਂਸੀ ਅਤੇ ਗਡੀਆਂ ਵਾਲੇ ਹਨ, ਇਹ ਰੋਜ਼ ਦੀ ਰੋਜ਼ ਨਵੀਂ ਥਾਂ ਤੇ ਜਾਂਦੇ ਹਨ, ਇਨ੍ਹਾਂ ਕੋਲ ਕਪੜਿਆਂ ਦੇ ਘਰ ਹੁੰਦੇ ਹਨ, ਜਿਨ੍ਹਾਂ ਨੂੰ ਵੇਖਣ ਨੂੰ ਭੀ ਜੀ ਨਹੀਂ ਕਰਦਾ । ਗੌਰਮਿੰਟ ਨੂੰ ਚਾਹੀਦਾ ਹੈ ਜਿਹੜੀਆਂ ਕੌਮਾਂ ਹਰ ਰੋਜ਼ ਆਪਣੇ ਘਰ ਖੋਤਿਆਂ ਤੇ ਲੱਦੀ ਫਿਰਦੇ ਹਨ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ । ਮਕਾਨ ਬਣਾ ਕੇ ਦੇਣ ਨਾਲ ਉਨ੍ਹਾਂ ਦਾ ਦੇਸ਼ ਨਾਲ, ਕੌਮ ਨਾਲ, ਅਤੇ ਸੂਬੇ ਨਾਲ ਪਿਆਰ ਹੋ ਜਾਏਗਾ ਅਤੇ ਉਨ੍ਹਾਂ ਦੀ ਮੰਗਣ ਦੀ ਆਦਤ ਖ਼ਤਮ ਹੋ ਜਾਏਗੀ । ਇਸ ਦੇ ਨਾਲ ਹੀ ਜਿਹੜੀਆਂ ਕਾਲੋਨੀਆਂ ਬਣਾਉਣੀਆਂ ਚਾਹੀਦੀਆਂ ਹਨ ਉਹ ਨਿਰੇ ਅਛੂਤਾਂ ਦੀਆਂ ਨਹੀਂ ਹੋਣੀਆਂ ਚਾਹੀਦੀਆਂ ਬਲਕਿ ਗਰੀਬ ਕੋਈ ਭੀ ਹੋਵੇ ਭਾਵੇਂ ਅਖੌਤੀ ਉਚੀ ਜਾਤੀ ਦੇ ਹਨ ਤੇ ਚਾਹੇ ਕੋਈ ਹੋਰ ਹਨ ਉਨ੍ਹਾਂ ਦੇ ਮਕਾਨ ਕੋਲ ਕੋਲ ਹੋਣੇ ਚਾਹੀਦੇ ਹਨ ਤਾਂ ਕਿ ਇਕ ਦੂਜੇ ਤੋਂ ਨਫ਼ਰਤ ਨਾ ਹੋ ਸਕੇ । ਉਨ੍ਹਾਂ ਕਾਲੋਨੀਆਂ ਵਿੱਚ ਵਸਣ ਵਾਲਿਆਂ ਨੂੰ ਇਕ ਦੂਜੇ ਤੋਂ ਘਿਰਣਾ ਨਹੀਂ ਹੋਣੀ ਚਾਹੀਦੀ । ਇਹ ਘਿਰਣਾ ਤਾਂ ਦੂਰ ਹੋ ਸਕਦੀ ਹੈ ਜੇ ਕਰ ਉਨ੍ਹਾਂ ਦੇ ਮਕਾਨ ਬੜੇ ਸੁੰਦਰ ਹੋਣ, ਸੜਕਾਂ ਸਾਫ਼ ਸੁਥਰੀਆਂ ਹੋਣ ਅਤੇ ਖੁਲ੍ਹੀਆਂ ਹੋਣ ਜਿੱਥੋਂ ਦੀ ਮੋਟਰ ਗੱਡੇ ਆਦਿ ਲੰਘ ਸਕਣ ਔਰ ਉਨ੍ਹਾਂ ਦੇ ਰਹਿਣ ਦਾ ਮਕਾਨ ਪਸ਼ੂਆਂ ਦੇ ਮਕਾਨਾਂ ਤੋਂ ਜੁਦਾ ਹੋਵੇ, ਮਕਾਨਾਂ ਵਿੱਚ ਅਲੈਹਦਾ ਗੁਸਲਖਾਨਾ ਹੋਵੇ, ਟੱਟੀ ਆਦਿ ਹੋਵੇ ਯਾਨੀ ਉਨ੍ਹਾਂ ਨੂੰ ਹਰ ਕਿਸਮ ਦੀਆਂ ਸਹੂਲਤਾਂ ਮੁਹੱਈਆ ਹੋਣ ਤਾਂ ਕਿ ਉਨ੍ਹਾਂ ਦੀਆਂ ਕਾਲੋਨੀਆਂ ਤੋਂ ਕੋਈ ਵੀ ਨਫ਼ਰਤ ਨਾ ਕਰ ਸਕੇ । ਨਾ ਹੀ ਇਹ ਕੋਈ ਕਹਿ ਸਕੇ ਕਿ ਇਹ ਫਲਾਣੇ ਅਛੂਤਾਂ ਦੀ ਬਸਤੀ ਹੈ । ਉਥੇ ਜੇ ਅਛੂਤ ਹੋਣ ਤਾਂ ਅਖਉਤੀ ਉਚ ਜਾਤੀਆਂ ਦੇ ਵੀ ਲੋਗ ਹੋਣ । ਇਸ

(ਗਿਆਨੀ ਕੁੰਦਨ ਸਿੰਘ ਪਤੰਗ)

ਵਕਤ ਸਭ ਤੋਂ ਜ਼ਿਆਦਾ ਜੇ ਮਕਾਨਾਂ ਦੀ ਲੋੜ ਹੈ ਤਾਂ ਉਹ ਹੈ ਢਹੇਆਂ ਨੂੰ,ਟੱਪਰੀਵਾਸੀਆਂ ਨੂੰ। ਉਹ ਵਿਚਾਰੇ ਦਰ ਦਰ ਫਿਰਦੇ ਹਨ। ਉਨ੍ਹਾਂ ਕੋਲ ਕੋਈ ਮਕਾਨ ਨਹੀਂ, ਉਨ੍ਹਾਂ ਦਾ ਕੋਈ ਪਿੰਡ ਨਹੀਂ ਕਈ ਵਾਰ ਤਾਂ ਉਨ੍ਹਾਂ ਦਾ ਵੋਟਾਂ ਦਾ ਹੱਕ ਭੀ ਨਹੀਂ ਰਹਿ ਜਾਂਦਾ। ਬਾਜ਼ੀਗਰ ਪਾਕਿਸਤਾਨ ਵਿੱਚੋਂ ਆਏ ਹਨ, ਉਨ੍ਹਾਂ ਨੇ ਅਜੇ ਤਕ ਮਕਾਨਾਂ ਦੀ ਛੱਤ ਦੀ ਸ਼ਕਲ ਤਕ ਨਹੀਂ ਦੇਖੀ। ਉਨ੍ਹਾਂ ਦੀਆਂ ਬਸਤੀਆਂ ਵਿੱਚ ਸਕੂਲ ਨਹੀਂ ਹਨ, ਕਈ ਵਾਰ ਤਾਂ ਪਿੰਡਾਂ ਤੋਂ ਦੂਰ ਬੈਠੇ ਰਹਿੰਦੇ ਹਨ। ਜਿਸ ਤਰ੍ਹਾਂ ਭਗਤ ਗੁਰਾਂ ਦਾਸ ਜੀ ਨੇ ਕਿਹਾ ਸੀ ਕਿ ਉਨ੍ਹਾਂ ਦੀਆਂ ਬਸਤੀਆਂ ਛਿਪਦੇ ਵਲ ਹਨ ਚੜ੍ਹਦੇ ਵਲ ਨਹੀਂ ਹੁੰਦੀਆਂ। ਮੈਂ ਕਹਿੰਦਾ ਹਾਂ ਕਿ ਛਿਪਦੇ ਚੜ੍ਹਦੇ ਦਾ ਕੋਈ ਫ਼ਰਕ ਨਹੀਂ, ਕਿਧਰੇ ਭੀ ਕਿਉਂ ਨਾ ਹੋਣ ਉਨ੍ਹਾਂ ਨੂੰ ਹਰ ਚੀਜ਼ ਮੁਹੱਈਆ ਹੋਣੀ ਚਾਹੀਦੀ ਹੈ ਜੋ ਸ਼ਹਿਰਾਂ ਦੇ ਲੋਕਾਂ ਨੂੰ ਹੁੰਦੀ ਹੈ। ਉਨ੍ਹਾਂ ਨੂੰ ਜੇ ਪੂਰੀਆਂ ਸਹੂਲਤਾਂ ਮਿਲਣ ਤਾਂ ਉਨ੍ਹਾਂ ਦੇ ਮਕਾਨ ਚਾਹੇ ਚੜ੍ਹਦੇ ਵਲ ਹੋਣ ਚਾਹੇ ਛਿਪਦੇ ਵਲ ਹੋਣ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਿਹੜੇ ਬੋਰਡ ਦੇ ਮੈਂਬਰ ਹੋਣ ਉਨ੍ਹਾਂ ਨੂੰ ਗਰੀਬਾਂ ਨਾਲ ਹਿੱਤ ਹੋਣਾ ਚਾਹੀਦਾ ਹੈ। ਕਈ ਲੋਕ ਵਿਖਾਵੇ ਦਾ ਹਿੱਤ ਕਰਦੇ ਹਨ ਉਨ੍ਹਾਂ ਨੂੰ ਬੋਰਡ ਦਾ ਮੈਂਬਰ ਨਹੀਂ ਬਣਾਉਣਾ ਚਾਹੀਦਾ। ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਕਈ ਲੋਕ ਐਸੇ ਭੀ ਹੋਣਗੇ ਜਿਹੜੇ ਕਹਿਣਗੇ ਕਿ ਮੇਰੇ ਕੋਲ ਤਾਂ ਮਕਾਨ ਨਹੀਂ ਕਿਉਂਕਿ ਉਨ੍ਹਾਂ ਕੋਲ ਜਿਹੜੇ ਮਕਾਨ ਹੋਣਗੇ ਉਹ ਘਰਵਾਲੀਆਂ ਦੇ ਨਾਂ ਤੇ ਕਰਾ ਦਿੰਦੇ ਹਨ। ਉਨ੍ਹਾਂ ਕੋਲੋਂ ਮੈਂ ਪੁਛਦਾ ਹਾਂ ਕਿ ਕੀ ਘਰ ਵਾਲੀ ਨੂੰ ਤਲਾਕ ਦੇ ਦਿੱਤਾ ਹੈ, ਜੋ ਹੋਰ ਮਕਾਨ ਮੰਗਦੇ ਹੋ। ਕਈ ਮਕਾਨਾਂ ਲਈ ਸਰਕਾਰ ਕੋਲੋਂ ਕਰਜ਼ੇ ਲੈ ਲੈਂਦੇ ਹਨ ਅਤੇ ਪਹਿਲਾ ਮਕਾਨ ਘਰ ਵਾਲੀ ਦੇ ਨਾਂ ਤੇ ਹੁੰਦਾ ਹੈ ਅਤੇ ਦੂਜਾ ਘਰ ਬਣਾ ਕੇ ਕਰਾਏ ਤੇ ਦੇ ਦਿੰਦੇ ਹਨ। ਇਹ ਮਕਾਨ ਬਣਾ ਕੇ ਗਰੀਬਾਂ ਨੂੰ ਦਿੱਤੇ ਜਾਣ ਇਸ ਬੋਰਡ ਦੇ ਜਿਹੜੇ ਮੈਂਬਰ ਹੋਣ ਉਹ ਉਨ੍ਹਾਂ ਲੋਕਾਂ ਦੀਆਂ ਇਨ੍ਹਾਂ ਗੱਲਾਂ ਤੋਂ ਜਾਣੂ ਹੋਣ। ਚੇਅਰਮੈਨ ਗਰੀਬਾਂ ਦੇ ਨਾਲ ਪਿਆਰ ਕਰਨ ਵਾਲਾ ਹੋਵੇ ਨਾ ਕਿ ਆਪਣਾ ਮਤਲਬ ਕਢਣ ਵਾਲਾ ਹੋਵੇ। ਅਸੀਂ ਚਾਹੁੰਦੇ ਹਾਂ ਕਿ ਜਿਹੜੇ ਬੋਰਡ ਦੇ ਮੈਂਬਰ ਹੋਣ, ਚਾਹੇ ਉਹ ਪਛੜੀਆਂ ਸ਼੍ਰੇਣੀਆਂ ਦੇ ਹੋਣ, ਚਾਹੇ ਉਚ ਜਾਤੀਆਂ ਦੇ ਹੋਣ, ਚਾਹੇ ਪੜ੍ਹੇ ਲਿਖੇ ਹੋਣ ਚਾਹੇ ਐਮ. ਐਲ. ਏ. ਹੋਣ, ਪਰ ਹੋਣ ਗਰੀਬਾਂ ਨਾਲ ਪਿਆਰ ਕਰਨ ਵਾਲੇ। ਮੈਂ ਤਾਂ ਇਹ ਕਹਾਂਗਾ ਕਿ ਇਸ ਬੋਰਡ ਦੇ ਮੈਂਬਰ ਨਾ ਤੇ ਨਿਰੇ ਪਛੜੀਆਂ ਜਾਤੀਆਂ ਦੇ ਹੋਣ ਅਤੇ ਨਾ ਹੀ ਸਾਰੇ ਦੂਜੇ ਹੋਣ ਸਗੋਂ ਇਸ ਦੇ ਮੈਂਬਰ ਸਾਂਝੇ ਹੋਣੇ ਚਾਹੀਦੇ ਹਨ। ਜਿਹੜਾ ਇਥੇ ਕਿਹਾ ਗਿਆ ਹੈ ਕਿ ਪਿਛਲੀ ਗੌਰਮਿੰਟ ਮਕਾਨ ਬਣਾ ਕੇ ਨਹੀਂ ਦੇ ਸਕੀ, ਸਾਨੂੰ ਉਸ ਨਾਲ ਗਿਲਾ ਜ਼ਰੂਰ ਹੈ, ਪਰ ਅਸੀਂ ਚਾਹੁੰਦੇ ਹਾਂ, ਕਿ ਇਹ ਗੌਰਮਿੰਟ ਮਕਾਨ ਬਣਾ ਕੇ ਦੇ ਦੇਵੇ ਅਤੇ ਇਹ ਵਧਾਈ ਦੀ ਹੱਕਦਾਰ ਬਣ ਜਾਏ, ਪਰ ਅਸੀਂ ਚਾਹੁੰਦੇ ਹਾਂ ਕਿ ਕਿਸੇ ਤਰ੍ਹਾਂ ਹੀ ਕਿਉਂ ਨਾ ਹੋਵੇ ਗਰੀਬਾਂ ਦਾ ਭਲਾ ਹੋਣਾ ਚਾਹੀਦਾ ਹੈ। ਅਸੀਂ ਚਾਹੁੰਦੇ ਹਾਂ ਕਿ ਕੋਈ ਭੀ ਗੌਰਮਿੰਟ ਬਣਾਵੇ ਮਕਾਨ ਪਰ ਮਿਲਨ ਗਰੀਬਾਂ ਨੂੰ। ਸਾਨੂੰ ਇਨ੍ਹਾਂ ਮਕਾਨਾਂ ਬਾਰੇ ਇਕ ਖ਼ਤਰਾ ਹੈ। ਅਸੀਂ ਚਾਹੁੰਦੇ ਹਾਂ ਕਿ ਮਕਾਨ ਬਣਾਏ ਜਾਣ ਅਤੇ ਗਰੀਬਾਂ ਨੂੰ ਦਿੱਤੇ ਜਾਣ, ਪਰ ਇਸ ਦੇ ਨਾਲ ਪਾਰਟੀ ਨਾ ਪਾਲੀ ਜਾਵੇ (ਥੰਪਿੰਗ)। ਅਜਿਹੇ ਮੈਂਬਰ ਨਾ ਬਣਾਏ ਜਾਣ ਜਿਨ੍ਹਾਂ ਨੂੰ ਟੀ. ਏ. ਦੇਣਾ ਹੈ ਜਾਂ ਤਨਖਾਹ ਦੇਣੀ ਹੈ। ਉਸ ਦੇ ਚੇਅਰਮੈਨ ਲਈ ਗੌਰਮਿੰਟ ਨੂੰ ਇਹ ਖ਼ਿਆਲ ਨਹੀਂ ਹੋਣਾ ਚਾਹੀਦਾ ਕਿ ਉਹ ਚਿੱਟੇ ਕਪੜਿਆਂ ਵਾਲਾ ਹੈ ਜਾ ਨੀਲੀ ਪੱਗ ਵਾਲਾ ਹੈ, ਜਿਹੜਾ ਗਰੀਬਾਂ ਦਾ ਹਿੱਤ ਕਰ ਸਕਦਾ ਹੈ ਉਸ ਨੂੰ ਬਣਾਉਣਾ ਚਾਹੀਦਾ ਹੈ ਇਹ ਗੱਲ ਨਹੀਂ ਹੋਣੀ ਚਾਹੀਦੀ ਕਿ ਉਹ ਇਲੈਕਸ਼ਨਾਂ ਵਿੱਚ ਹਾਰ ਗਿਆ ਹੈ ਅਤੇ ਚੋਰ ਦਰਵਾਜ਼ੇ ਥਾਣੀਂ ਉਸ ਨੂੰ ਲੈ ਆਂਦਾ ਜਾਏ। ਜਿਸ ਨੂੰ ਜਨਤਾ ਨੇ ਇਕ ਵਾਰ ਦੁਰਕਾਰ ਦਿੱਤਾ, ਫਿਰ ਉਸ ਨੂੰ ਅਜਿਹੇ ਕੰਮ ਲਈ ਲੈ ਆਉਣ ਕਿਥੋਂ ਦਾ ਸਮਾਜਵਾਦ ਹੈ ? ਇਹ ਨਾ ਹੋਵੇ ਕਿ ਮੁੰਡੇ ਦਾ ਨਾਉਂ

ਚੰਗਾ ਹੈ ਇਸ ਲਈ ਉਸ ਨੂੰ ਰਖ ਲਵੋ । ਜੇ ਨਾਉਂ ਚੰਗਾ ਹੈ ਤਾਂ ਨਾਲ ਹੀ ਨੀਅਤ ਵੀ ਚੰਗੀ ਹੋਣੀ ਚਾਹੀਦੀ ਹੈ । ਬਿਲ ਤਾਂ ਇਹ ਜਿਹੜਾ ਲਿਆਂਦਾ ਹੈ ਇਹ ਠੀਕ ਹੈ ਪਰ ਸਾਨੂੰ ਇਨ੍ਹਾਂ ਦੀ ਨੀਅਤ ਤੇ ਸ਼ਕ ਪੈਂਦਾ ਹੈ ਕਿ ਅੰਨ੍ਹਾ ਵੰਡੇ ਸ਼ੀਰਨੀ ਮੁੜ ਮੁੜ ਆਪਣਿਆਂ ਨੂੰ । ਮੈਂ ਕਹਿਦਾ ਹਾਂ ਕਿ ਜਿਹੜਾ ਵੀ ਚੇਅਰਮੈਨ ਹੋਵੇ ਉਹ ਗਰੀਬਾਂ ਦੇ ਹਿੱਤ ਵਾਲਾ ਹੀ ਹੋਵੇ । ਮੈਂ ਤਾਂ ਕਹਿੰਦਾ ਹਾਂ ਕਿ ਨਾਂ ਇਸ ਬੋਰਡ ਦੇ ਮੈਂਬਰਾਂ ਅਤੇ ਨਾ ਹੀ ਚੇਅਰਮੈਨ ਨੂੰ ਕੋਈ ਤਨਖਾਹ ਮਿਲਣੀ ਚਾਹੀਦੀ ਹੈ ਅਤੇ ਟੀ.ਏ. ਵੀ ਉਹੋ ਦਿੱਤਾ ਜਾਏ ਜਿਹੜਾ ਅਸਲ ਬਸ ਤੇ ਖ਼ਰਚ ਆਉਂਦਾ ਹੈ । ਭਾਵੇਂ ਕੋਈ ਐਮ. ਐਲ. ਏ. ਹੋਵੇ ਤੇ ਭਾਵੇਂ ਕੋਈ ਹੋਰ ਹੋਵੇ । ਇਸ ਗੱਲ ਦੀ ਝਾਕ ਵਿੱਚ ਨਾ ਮੀਟਿੰਗ ਅਟੈਂਡ ਕਰਨ ਕਿ ਜਾਣ ਦੇ ਵੀ 35 ਬਣਦੇ ਹਨ ਅਤੇ ਆਉਣ ਦੇ ਵੀ 35 ਬਣਦੇ ਹਨ । ਨਾਲ ਦੀ ਨਾਲ ਹੀ ਮੈਂ ਇਹ ਕਹਾਂਗਾ ਕਿ ਮਕਾਨਾਂ ਦੀਆਂ ਛੱਤਾਂ ਚੌਧਰੀ ਰਾਮ ਸਿਘ ਦੇ ਕੱਦ ਨੂੰ ਵੇਖ ਕੇ ਨੀਵੀਆਂ ਨਾ ਬਣਾਈਆਂ ਜਾਣ (ਵਿਘਨ) ਸਰਦਾਰ ਲਛਮਣ ਸਿੰਘ ਵਰਗੇ ਮੈਂਬਰਾਂ ਨੂੰ ਵੇਖ ਕੇ ਬਣਾਈਆਂ ਜਾਣ ਜਿਸ ਦੇ ਨਾਲ ਘਰ ਚੰਗਾ ਲੱਗੇ ।

ਅੰਤ ਵਿੱਚ ਮੈਂ ਅਰਜ਼ ਕਰਾਂ ਕਿ ਪਛੜੀਆਂ ਸ਼੍ਰੇਣੀਆਂ ਦੇ ਹੱਕ ਵਿੱਚ ਤਾਂ ਸਾਰੇ ਬੋਲਦੇ ਹਨ ਪਰ ਦਿੰਦੇ ਡੱਕਾ ਭੀ ਨਹੀਂ । ਜਿਹੜੇ ਸਾਰੇ ਹੁਣ ਤਕ ਬੋਲੇ ਹਨ ਮੈਂ ਉਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਮਕਾਨਾਂ ਦੀਆਂ ਛੱਤਾਂ ਅਸਮਾਨਾਂ ਨਾਲ ਲਗਦੀਆਂ ਹਨ ਅਤੇ ਗਰੀਬ ਉਸ ਦੇ ਪ੍ਰਛਾਵੇਂ ਵਿੱਚ ਸੌਂਦੇ ਹਨ, ...ਉਨ੍ਹਾਂ ਤੇ ਕਦੇ ਰਜ਼ਾਈ ਵੀ ਇਨ੍ਹਾਂ ਨਹੀਂ ਦਿੱਤੀ......(ਵਿਘਨ)

ਚੌਧਰੀ ਰਾਮ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਇਨ੍ਹਾਂ ਨੇ ਕਿਹਾ ਹੈ ਮੇਰਾ ਕਦ ਛੋਟਾ ਹੈ (ਸ਼ੋਰ) (ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਇਨ੍ਹਾਂ ਦਾ ਕਦ ਸਾਡੇ ਜਿੰਨ੍ਹਾਂ ਹੀ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਗਰੀਬ ਲੋਕਾਂ ਨੂੰ ਕਦੇ ਇਨ੍ਹਾਂ ਨੇ ਕੋਈ ਬਿਸਤਰਾ ਨਹੀਂ ਦਿੱਤਾ, ਕਦੇ ਮਕਾਨ ਬਣਾਉਣ ਵਾਸਤੇ ਕੜੀਆਂ ਅਤੇ ਬਾਲੇ ਨਹੀਂ ਦਿੱਤੇ । ਇਨ੍ਹਾਂ ਨੇ ਕਦੇ ਉਨ੍ਹਾਂ ਨੂੰ ਰੋਟੀ ਨਹੀਂ ਦਿੱਤੀ । ਉਨ੍ਹਾਂ ਦੀਆਂ ਕੁੱਲੀਆਂ ਬਣਾਉਣ ਵਾਸਤੇ ਬਾਂਸ ਨਹੀਂ ਦਿੱਤੇ ਇਹ ਹਿੱਤ ਕੀ ਕਰ ਰਹੇ ਹਨ । ਇਥੇ ਸਿਰਫ ਇਸ ਲਈ ਗੱਲਾਂ ਕਰਦੇ ਹਨ ਤਾਂ ਕਿ ਅਲੈਕਸ਼ਨਾਂ ਵੇਲੇ ਕਹਿ ਸਕਣ ਕਿ ਮੈਂ ਤੁਹਾਡੇ ਲਈ ਅਸੈਂਬਲੀ ਵਿੱਚ ਬੋਲਿਆ ਸੀ ਇਸ ਲਈ ਮੈਨੂੰ ਵੋਟਾਂ ਦਿਉ । ਮੈਂ ਕਹਿੰਦਾ ਹਾਂ ਕਿ ਗੱਲਾਂ ਮਾਰਨ ਨਾਲ ਵੋਟਾਂ ਦਾ ਸੌਦਾ ਨਹੀਂ ਕਰਨਾ ਚਾਹੀਦਾ ਸਗੋਂ ਪਿਆਰ ਨਾਲ, ਉਨ੍ਹਾਂ ਦੇ ਲਈ ਕੰਮ ਕਰਨ ਨਾਲ ਹੋਣਾ ਚਾਹੀਦਾ ਹੈ । 22 ਸਾਲ ਕਾਂਗਰਸ ਦੀ ਸਰਕਾਰ ਇਥੇ ਚਲੀ । ਇਸ ਤੋਂ ਬਾਅਦ, ਪੰਜ ਸਾਲ ਸਾਡੀ ਸਰਕਾਰ ਚਲੀ । ਸਾਡੇ ਵਿੱਚ ਭੰਨ ਤੋੜ ਹੁੰਦੀ ਰਹੀ । ਕਦੇ ਕੋਈ ਤੋੜ ਗਿਆ ਅਤੇ ਕਦੇ ਕੋਈ ਤੋੜ ਗਿਆ । ਕਦੇ ਕਿਸੇ ਦੀ ਤਲਵਾਰ ਸਾਡੇ ਸਿਰ ਤੇ ਲਟਕਦੀ ਰਹੀ ਅਤੇ ਕਦੇ ਕਿਸੇ ਦੀ । ਇਹ ਦੱਸਣ ਕਿ 22 ਸਾਲ ਇਹ ਕੀ ਕਰਦੇ ਰਹੇ ? ਇਨ੍ਹਾਂ ਨੇ, ਸਪੀਕਰ ਸਾਹਿਬ, ਕੁਝ ਨਹੀਂ ਕੀਤਾ ।

ਸ੍ਰੀ ਸਪੀਕਰ : ਪਤੰਗ ਜੀ, ਇਹ ਤਾਂ ਹਾਊਸਿੰਗ ਬੋਰਡ ਬਿੱਲ ਹੈ, ਉਨ੍ਹਾਂ ਦੀ ਕਾਰਕਰਦਗੀ ਦਾ ਬਿਲ ਨਹੀਂ ਹੈ । (Patang Ji, this is Housing Development Board Bill and not a Bill on the past actions of the past Governments.)

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਹਮਾਇਤ ਤਾਂ ਕਰਦਾ ਹਾਂ ਜੇ ਇਹ ਗਰੀਬਾਂ ਲਈ ਕੁਝ ਦਿੰਦੇ । ਦੇਣਾ ਇਨ੍ਹਾਂ ਨੇ ਕੁਝ ਵੀ ਨਹੀਂ । ਜੇ ਇਹ ਸੱਚੇ ਦਿਲੋਂ ਕੰਮ ਕਰਨਾ ਚਾਹੁੰਦੇ ਹਨ ਤਾਂ ਇਹ ਮਕਾਨ ਬਣਾ ਕੇ ਦਿਖਾਉਣ ਤਾਂ ਕਿ ਇਹ ਢਹੇ ਦਰ ਬਦਰ ਨਾ ਰੁਲਦੇ ਫਿਰਨ, ਬਾਜ਼ੀਗਰ ਦਰ ਬਦਰ ਨਾ ਰੁਲਦੇ ਰਹਿਣ। ਪਤਾ ਨਹੀਂ ਇਨ੍ਹਾਂ ਨੇ ਇਕ ਸਾਲ ਕਢਣਾ ਵੀ ਹੈ ਕਿ ਨਹੀਂ । ਜੇ ਕੱਢ ਗਏ ਤਾਂ ਇਹ ਦੇਖਣਾ ਹੈ ਕਿ ਆਇਆ ਇਨ੍ਹਾਂ ਨੇ ਮਕਾਨ ਬਣਾਏ ਹਨ ਕਿ ਨਹੀਂ । ਅੰਤ ਵਿੱਚ ਸਪੀਕਰ ਸਾਹਿਬ, ਨਿਯਤ ਸਾਫ ਦੀ ਗੱਲ ਨੂੰ ਛੱਡ ਕੇ ਮੈਂ ਇਸ ਬਿਲ ਦੀ ਹਮਾਇਤ ਕਰਦਾ ਹਾਂ ।

ਚੌਧਰੀ ਦਰਸ਼ਨ ਸਿੰਘ (ਨੂਰਮਹਲ) : ਸਪੀਕਰ ਸਾਹਿਬ, ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਦਾ ਬਿਲ ਜਿਹੜਾ ਅੱਜ ਇਥੇ ਪੇਸ਼ ਹੋਇਆ ਹੈ ਬੜਾ ਨੇਕ ਅਤੇ ਚੰਗਾ ਕੰਮ ਹੈ। 1969 ਵਿੱਚ ਜੂਨ ਦੇ ਮਹੀਨੇ ਜਿਸ ਵੇਲੇ ਕੇਂਦਰ ਸਰਕਾਰ ਵਲੋਂ ਬੰਗਲੌਰ ਵਿੱਚ ਸਟੇਟ ਮਨਿਸਟਰਜ਼ ਇਕੱਠੇ ਹੋਏ ਸਨ ਤਾਂ ਹਿੰਦੁਸਤਾਨ ਦੇ ਵਿੱਚ ਮਕਾਨਾਂ ਦਾ ਮਸਲਾ ਦਰ-ਪੇਸ਼ ਸੀ । ਕੇਂਦਰ ਸਰਕਾਰ ਨੇ ਫੈਸਲਾ ਕੀਤਾ ਕਿ ਸਟੇਟਾਂ ਵਿੱਚ ਹਾਊਸਿੰਗ ਡਿਵੈਲਪਮੈਂਟ ਬੋਰਡ ਕਾਇਮ ਕੀਤੇ ਜਾਣ ਜਿਸ ਦੇ ਨਾਲ ਬੇਮਕਾਨਿਆਂ ਨੂੰ ਮਕਾਨ ਦਿੱਤੇ ਜਾਣਗੇ । ਸਪੀਕਰ ਸਾਹਿਬ, ਮੇਰੇ ਦੋਸਤ ਰਾਜ ਕੁਮਾਰ ਜੀ ਨੇ ਇਥੇ ਬੋਲਦਿਆਂ ਹੋਇਆਂ ਕਿਹਾ ਕਿ ਇਸ ਦੇਸ਼ ਦੇ 55 ਕਰੋੜ ਵਾਸੀਆਂ ਵਿੱਚ 8 ਕਰੋੜ 63 ਲੱਖ ਲੋਕ ਐਸੇ ਹਨ ਜਿਨ੍ਹਾਂ ਨੂੰ ਅੱਜ ਤਕ ਮਕਾਨ ਦੀ ਛੱਤ ਥੱਲੇ ਸੌਣਾ ਨਸੀਬ ਨਹੀਂ ਹੋਇਆ । ਪੰਜਾਬ ਦੇ ਵਿੱਚ ਜੇ ਆਂਕੜੇ ਫਰੋਲੇ ਜਾਣ ਤਾਂ 8, 10 ਲੱਖ ਐਸੇ ਗਰੀਬ ਲੋਕ ਹਨ ਜਿਨ੍ਹਾਂ ਦੇ ਮਕਾਨ ਰਹਿਣ ਦੇ ਕਾਬਲ ਨਹੀਂ ਅਤੇ ਕਈ ਉਨ੍ਹਾਂ ਦੀਆਂ ਹਟਸ ਐਸੀਆਂ ਹਨ ਜਿਹੜੀਆਂ ਕਿ ਸੈਨੀਟੇਸ਼ਨ ਦੇ ਲਿਹਾਜ਼ ਨਾਲ ਅਤੇ ਇਨਸਾਨੀ ਜ਼ਿੰਦਗੀ ਬਸਰ ਕਰਨ ਦੇ ਕਾਬਿਲ ਨਹੀਂ । 25 ਸਾਲਾਂ ਤੋਂ ਅਸੀਂ ਸਮਾਜਵਾਦ ਦਾ ਨਾਹਰਾ ਦਿੰਦੇ ਰਹੇ ਹਾਂ । ਇਹ ਕਹਿੰਦੇ ਰਹੇ ਹਾਂ ਕਿ ਅਸੀਂ ਰੋਟੀ ਕਪੜਾ ਅਤੇ ਮਕਾਨ ਪ੍ਰੋਵਾਈਡ ਕਰਾਂਗੇ । ਲੇਕਿਨ ਨਹੀਂ ਕਰ ਸਕੇ । 1969 ਤੋਂ ਬਾਅਦ ਹਰ ਸਾਲ ਕੇਂਦਰ ਸਰਕਾਰ ਵਲੋਂ ਢਾਈ ਕਰੋੜ ਰੁਪਿਆ ਇਸ ਸੂਬੇ ਨੂੰ ਗਰਾਂਟ ਦੀ ਸ਼ਕਲ ਵਿਚ ਮਿਲਣਾ ਸੀ । ਜੇ 1969 ਵਿਚ ਹਾਊਸਿੰਗ ਬੋਰਡ ਇਥੇ ਬਣ ਜਾਂਦਾ ਤਾਂ ਅੱਜ ਤਕ 6 ਕਰੋੜ ਰੁਪਿਆ ਦਾ ਨੁਕਸਾਨ ਜੋ ਸਾਡਾ ਹੋ ਚੁੱਕਾ ਹੈ ਉਹ ਨਾ ਹੁੰਦਾ। ਮੈਂ ਇਸ ਦੀ ਜ਼ਿੰਮੇਵਾਰੀ ਉਨ੍ਹਾਂ ਦੋਸਤਾਂ ਤੇ ਨਹੀਂ ਪਾਉਣਾ ਚਾਹੁੰਦਾ । ਜੇ 1969 ਵਿਚ ਹਾਊਸਿੰਗ ਡਿਵੈਲਪਮੈਂਟ ਬੋਰਡ ਬਣਿਆ ਹੁੰਦਾ ਤਾਂ ਹਰ ਸਾਲ ਜਿਹੜਾ ਢਾਈ ਕਰੋੜ ਰੁਪਿਆ ਮਿਲਦਾ ਉਸ ਨਾਲ ਗਰੀਬ ਹਰੀਜਨ, ਮਜ਼ਦੂਰ ਕਿਸਾਨ ਅਤੇ ਬਾਜ਼ੀਗਰ ਲਈ ਭਾਵੇਂ ਕੋਈ ਵੀ ਹੁੰਦਾ ਉਨ੍ਹਾਂ ਲਈ ਮਕਾਨ ਬਣਦੇ ਅਤੇ ਇਸ ਤਰ੍ਹਾਂ 6 ਕਰੋੜ ਰੁਪਿਆ ਅਸੀਂ ਗਵਾ ਬੈਠੇ ਹਾਂ ਉਹ ਇਨ੍ਹਾਂ ਵਾਸਤੇ ਮਕਾਨ ਬਣਾਉਣ ਦੇ ਕੰਮ ਆਉਂਦਾ । ਅਜ ਇਸ ਗੱਲ ਤੇ ਕਾਫ਼ੀ ਰੌਲਾ ਪਿਆ ਕਿ ਇਹ ਬਿਲ ਪੰਜਾਬੀ ਵਿਚ ਸਰਕੂਲੇਟ ਨਹੀਂ ਹੋਇਆ। ਸਰਕਾਰ ਨੂੰ ਪੰਜਾਬੀ ਵਿਚ ਵੀ ਛਪਵਾਉਣਾ ਚਾਹੀਦਾ ਸੀ। ਪੰਜਾਬੀ ਦੇ ਹਿਤੈਸ਼ੀ ਕੇਵਲ ਸਾਹਮਣੇ ਬੈਠੇ ਦੋਸਤ ਹੀ ਨਹੀਂ, ਅਸੀਂ ਵੀ ਹਾਂ । ਇਸ ਪੁਆਇੰਟ ਤੇ ਮੈਂ ਬੋਲਣਾ ਚਾਹੁੰਦਾ ਸੀ । ਮੈਂ ਚਾਹੁੰਦਾ ਸੀ ਕਿ ਟੈਮਪਰਜ਼ ਕੂਲ ਡਾਊਨ ਹੋ ਜਾਣ ਅਤੇ ਗੈਲਰੀਆਂ ਵਿਚ ਬੈਠੇ ਲੋਕ ਸਾਡਾ ਤਮਾਸ਼ਾ ਨਾ ਵੇਖਣ। ਇਹ ਕਹਿੰਦੇ ਹਨ ਕਿ ਅਸੀਂ ਅੰਗਰੇਜ਼ ਖਾਂ ਹਾਂ, ਫਿਰ ਇਨ੍ਹਾਂ ਦੀ ਤਰਮੀਮ ਇਸ ਹਾਊਸ ਵਿਚ ਆਉਣੀ ਚਾਹੀਦੀ ਸੀ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਪ੍ਰੋਟੈਸਟ ਕਰਕੇ ਇਸ ਹਾਊਸ ਦਾ ਡੇਢ ਘੰਟਾ ਟਾਈਮ ਬਰਬਾਦ ਕੀਤਾ । ਇਸ ਤਰ੍ਹਾਂ ਦੇ ਮਸਲੇ ਜੋ ਗਰੀਬਾਂ ਦੀ ਭਲਾਈ ਲਈ ਹੁੰਦੇ ਹਨ, ਉਸ ਵਿਚ ਜ਼ਬਾਨ ਦਾ ਮਸਲਾ ਲਿਆ ਕੇ ਸ਼ੋਰ ਨਹੀਂ ਪਾਉਣਾ ਚਾਹੀਦਾ । ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਸਮਾਜਵਾਦ ਦੇ ਨਾਹਰੇ ਜਿਹੜੇ ਅਸੀਂ ਦੇ ਰਹੇ ਹਾਂ ਇਹ ਝੂਠੇ

ਸਾਬਤ ਹੋਣਗੇ ਜਿੰਨੀ ਦੇਰ ਤਕ ਅਸੀਂ ਬੇਮਕਾਨਿਆਂ ਵਾਸਤੇ ਰਹਿਣ ਲਈ ਮਕਾਨ ਨਹੀਂ ਬਣਾ ਕੇ ਦਿੰਦੇ । ਸਪੀਕਰ ਸਾਹਿਬ, ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ । ਵੋਟਾਂ ਦੇ ਦਿਨਾਂ ਵਿਚ ਵੋਟਾਂ ਮੰਗਣ ਦੇ ਸਿਲਸਿਲੇ ਵਿਚ ਇਕ ਮੁਹੱਲੇ ਵਿੱਚ ਮੈਂ ਗਿਆ। ਸਰਦੀ ਦਾ ਮੌਸਮ ਸੀ ਅਤੇ ਬਾਰਸ਼ ਪੈ ਰਹੀ ਸੀ। ਉਥੇ ਇਕ ਘਰ ਵਿੱਚ ਅਸੀਂ ਗਏ ਜਿਸ ਦੀ ਛੱਤ ਟੁੱਟੀ ਭੱਜੀ ਸੀ ਅਤੇ ਚੋ ਰਹੀ ਸੀ । ਦਰਵਾਜ਼ੇ ਨੂੰ ਬੋਰੀ ਲਟਕਦੀ ਸੀ । ਉਸ ਘਰ ਵਿੱਚ ਇਕ ਟਿਮ ਟਿਮਾਂਦਾ ਦੀਵਾ ਜਲਦਾ ਪਿਆ ਸੀ ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਇਨ੍ਹਾਂ ਨੇ ਦੀਵੇ ਦਾ ਸ਼ਬਦ ਵਰਤਿਆ ਹੈ । ਦੀਵਾ ਤਾਂ ਪੰਜਾਬ ਵਿੱਚ ਰਿਹਾ ਹੀ ਨਹੀਂ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਠੀਕ ਹੈ ਇਨ੍ਹਾਂ ਨੂੰ ਦੀਵੇ ਦੇ ਨਾਂ ਤੇ ਨਫਰਤ ਹੈ । ਇਹ ਜ਼ਿਆਦਾ ਸੈਂਟੀਮੈਂਟਲ ਨਾ ਬਣਨ । ਇਹ ਦੀਵਾ ਹਜ਼ਾਰਾਂ ਦੇ ਘਰ ਵਿੱਚ ਪੁਰਾਣੇ ਜ਼ਮਾਨੇ ਵਿੱਚ ਰੌਸ਼ਨੀ ਕਰਦਾ ਹੁੰਦਾ ਸੀ । ਇਹ ਦੀਵਾ ਪ੍ਰਾਚੀਨ ਸਮੇਂ ਵਿੱਚ ਸਾਡੀ ਅਗਵਾਈ ਕਰਦਾ ਹੁੰਦਾ ਸੀ । ਕੀ ਹੋਇਆ ਜੇ ਅੱਜ ਇਹ ਅੱਗ ਲਾਉਣ ਵਾਲਾ ਦੀਵਾ ਬਣ ਗਿਆ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਉਸ ਗਰੀਬ ਦੀ ਛੱਤ ਚੋਂਦੀ ਸੀ । ਇਕ ਪਾਸੇ ਬਕਰੀ ਬੰਨ੍ਹੀ ਹੋਈ ਸੀ ਅਤੇ ਦੂਜੇ ਪਾਸੇ ਉਸ ਗਰੀਬ ਦੇ ਹੱਥ ਵਿੱਚ ਰੋਟੀ ਸੀ ਜਿਸ ਦੇ ਉਤੇ ਮਿਰਚ ਰਖੀ ਹੋਈ ਸੀ । ਅਸੀਂ ਸਪੀਕਰ ਸਾਹਿਬ, ਉਨ੍ਹਾਂ ਨੂੰ ਕਿਹਾ ਕਿ ਅਸੀਂ ਵੋਟਾਂ ਮੰਗਣ ਵਾਸਤੇ ਆਏ ਹਾਂ । ਉਨ੍ਹਾਂ ਨੇ ਕਿਹਾ ਕਿ ਕਿਹੜੀ ਪਾਰਟੀ ਵਲੋਂ ? ਅਸੀਂ ਕਿਹਾ ਕਿ ਅਸੀਂ ਕਾਂਗਰਸ ਪਾਰਟੀ ਵਲੋਂ ਆਏ ਹਾਂ। ਉਨ੍ਹਾਂ ਨੇ ਕਿਹਾ ਕਿ 1947 ਤੋਂ ਵੋਟਾਂ ਪਾਉਂਦੇ ਆਏ ਹਾਂ ਕਾਂਗਰਸ ਨੂੰ । ਇਸ ਤਰ੍ਹਾਂ ਹੀ ਫਿਰ ਅਸੀਂ ਇਕ ਤਿੰਨ ਮੰਜ਼ਲੇ ਮਕਾਨ ਦੇ ਮਾਲਕ ਪਾਸ ਵੋਟਾਂ ਲੈਣ ਲਈ ਗਏ । ਜਿਸ ਪਾਸ ਸਪੀਕਰ ਸਾਹਿਬ, ਅਸੀਂ ਗਏ ਉਹ ਸ਼ਾਇਦ ਪਹਿਲਾਂ ਹੀ ਤਾੜ ਗਿਆ ਹੋਵੇਗਾ ਕਿ ਸ਼ਹਿਰੀ ਸੱਜਣ ਨਾਲ ਹਨ ਇਸ ਲਈ ਉਹ ਨੀਚੇ ਹੀ ਆ ਗਿਆ । ਮੈਂ ਕਿਹਾ ਕਿ ਅਸੀਂ ਕਾਂਗਰਸ ਵਾਸਤੇ ਵੋਟਾਂ ਮੰਗਣ ਆਏ ਹਾਂ ਤਾਂ ਉਸ ਨੇ ਕਿਹਾ ਕਿ 25 ਸਾਲ ਹੋ ਗਏ ਹਨ ਸਰਕਾਰ ਨੇ ਸਾਡੇ ਵਾਸਤੇ ਕੀ ਕੀਤਾ ਹੈ ? ਸਾਡੇ ਦਿਮਾਗ ਵਿੱਚ ਆਇਆ ਕਿ ਇਸ ਮੰਜ਼ਲ ਦੀਆਂ ਤਿੰਨ ਛੱਤਾਂ ਹਨ ਕਿਤਨਾ ਚੰਗਾ ਹੁੰਦਾ ਕਿ ਇਸ ਦੀਆਂ ਦੋ ਛੱਤਾਂ ਹੀ ਹੁੰਦੀਆਂ ਅਤੇ ਇਕ ਛੱਤ ਉਸ ਗਰੀਬ ਦੀ ਹੁੰਦੀ । ਜਿਸ ਦੇ ਤਿੰਨ ਦਰਵਾਜ਼ੇ ਹਨ, ਕਿਤਨਾ ਚੰਗਾ ਹੁੰਦਾ ਕਿ ਇਕ ਦਰਵਾਜ਼ਾ ਉਸ ਗਰੀਬ ਦੇ ਘਰ ਨੂੰ ਲਗਾ ਹੁੰਦਾ । (ਥੰਪਿੰਗ)

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਮੇਰਾ ਪੁਆਇੰਟ ਬੜਾ ਹੀ ਅਹਿਮ ਹੈ । ਇਸ ਲਈ ਮੈਨੂੰ ਪੁਆਇੰਟ ਆਫ਼ ਆਰਡਰ ਦੀ ਇਜਾਜ਼ਤ ਦਿਉ । (ਵਿਘਨ)

Mr. Speaker : Please resume your seat.

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਚੌਧਰੀ ਰਾਮ ਸਿੰਘ ਜੀ ਨੂੰ ਤਾਂ ਤੁਸੀਂ ਅਲਾਓ ਕਰ ਦਿੰਦੇ ਹੋ ਔਰ ਸਾਡੀ ਵਾਰੀ ਕਹਿੰਦੇ ਹੋ ਕਿ ਸਮਝੌਤਾ ਹੋਇਆ ਹੋਇਆ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਇਨਸਾਫ ਹੋਣਾ ਚਾਹੀਦਾ ਹੈ । ਇਹ ਗੱਲ ਗਲਤ ਹੈ ਕਿ ਤੁਸੀਂ ਉਸ ਨੂੰ ਤਾਂ ਅਲਾਓ ਕਰ ਦਿਓ ਅਤੇ ਸਾਡੀ ਪਾਰਟੀ ਦੇ ਕਿਸੇ ਵੀ ਆਨਰੇਬਲ ਮੈਂਬਰ ਨੂੰ ਬੋਲਣ ਨਾ ਦਿਉ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਤੁਸੀਂ ਮੇਰਾ ਪੁਆਇੰਟ ਆਫ਼ ਆਰਡਰ ਸੁਣ ਲਵੋ ਜੇਕਰ ਇਹ ਰੈਲੇਵੈਂਟ ਨਾ ਹੋਇਆ ਤਾਂ ਬੇਸ਼ਕ ਅਗੇ ਤੋਂ ਅਲਾਓ ਨਾ ਕਰਿਆ ਕਰਨਾ। (ਵਿਘਨ)

ਸ੍ਰੀ ਸਪੀਕਰ : ਕੀ ਹੈ ਜੀ ਤੁਹਾਡਾ ਪੁਆਇੰਟ ਆਫ ਆਰਡਰ ? (What is your Point of order please ?)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ, ਇਹ ਹੈ ਕਿ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਸਮਾਜਵਾਦ ਲਿਆਉਣਾ ਚਾਹੀਦਾ ਹੈ। ਅਸੀਂ ਇਸ ਨਾਲ ਬਿਲਕੁਲ ਸਹਿਮਤ ਹਾਂ। ਪਰ ਕੀ ਸ੍ਰੀ ਕੇ. ਕੇ. ਸ਼ਾਹ ਵਰਗੇ ਜਿਨ੍ਹਾਂ ਪਾਸ ਦਿੱਲੀ ਵਿੱਚ ਚਾਰ ਚਾਰ ਪੰਜ ਪੰਜ ਏਕੜ ਦੀਆਂ ਕੋਠੀਆਂ ਹਨ ਉਹ ਉਨ੍ਹਾਂ ਕੋਠੀਆਂ ਨੂੰ ਛੱਡਣ ਲਈ ਤਿਆਰ ਹਨ ਕਿਉਂਕਿ ਦਿਲੀ ਵਿੱਚ ਮਕਾਨਾਂ ਦੀ ਬਹੁਤ ਹੀ ਕਮੀਂ ਹੈ ? (ਥੰਪਿੰਗ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਹੁਣ ਜਨਤਾ ਦਾ ਤੂਫਾਨ ਆਉਣ ਵਾਲਾ ਹੈ। ਉਹ ਥੋਹੜੀ ਦੇਰ ਇੰਤਜ਼ਾਰ ਕਰਨ। ਇਹ ਕੇਵਲ ਸਮੇਂ ਦੀ ਹੀ ਗੱਲ ਹੈ। ਸਭ ਕੁਝ ਹੋਵੇਗਾ। ਸਪੀਕਰ ਸਾਹਿਬ, ਮੈਂ ਪਿੱਛੇ ਜਿਹੇ ਯੂਰਪ ਦੇ ਦੌਰੇ ਤੇ ਗਿਆ ਔਰ ਉਥੇ ਇਕ ਸ਼ਹਿਰ ਜਿਸ ਦੀ ਆਬਾਦੀ 65 ਲੱਖ ਦੀ ਸੀ ਉਸ ਸ਼ਹਿਰ ਵਿੱਚ ਕੋਈ ਵੀ ਆਦਮੀ ਰਾਤ ਨੂੰ ਸੜਕ ਤੇ ਨਹੀਂ ਸੀ ਸੁਤਾ ਦੇਖਿਆ, ਕੋਈ ਵੀ ਮੰਗਤਾ ਨਹੀਂ। ਇਕ ਸ਼ਹਿਰ ਜਿਸ ਦੀ ਆਬਾਦੀ 65 ਲੱਖ ਦੀ ਹੋਵੇ ਔਰ ਉਥੇ ਕੋਈ ਵੀ ਮੰਗਤਾ ਨਾ ਹੋਵੇ ਅਤੇ ਕੋਈ ਵੀ ਆਦਮੀ ਸੜਕ ਤੇ ਨਾ ਸੌਂਦਾ ਹੋਵੇ ਤਾਂ ਉਸ ਤੋਂ ਉਸ ਦੇਸ਼ ਦੀ ਉਨਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਥੇ ਬਹੁਤ ਥੋਹੜੇ ਸਮੇਂ ਵਿੱਚ ਹੀ ਪੰਜ ਪੰਜ ਸਟੋਰਿਡ ਹਾਊਸਿਜ਼ ਖੜੇ ਕਰ ਦਿੰਦੇ ਹਨ। ਉਥੇ ਦੋ ਕਮਰਿਆਂ ਤੋਂ ਘੱਟ ਕਿਸੇ ਪਾਸ ਅਕਾਮੋਡੇਸ਼ਨ ਨਹੀਂ ਹੈ। ਮੈਂ ਪੰਜਾਬ ਦੀ ਸਰਕਾਰ ਨੂੰ ਕਹਾਂਗਾ ਕਿ ਇਥੇ ਪਹਿਲੇ ਵੀ ਬੋਰਡ ਬਣੇ ਹੋਏ ਹਨ ਪਰ ਉਨ੍ਹਾਂ ਦੀ ਹਾਲਤ ਬਹੁਤ ਖਰਾਬ ਹੈ। ਇਕ ਮੈਂਬਰ ਦੀ ਥਾਂ ਅੱਜ ਤਿੰਨ ਤਿੰਨ ਮੈਂਬਰ ਬਣੇ ਹੋਏ ਹਨ। ਕਪਤਾਨ ਸਾਹਿਬ ਤੁਸੀਂ ਬੜੇ ਹੀ ਸੁਲਝੇ ਹੋਏ ਹੋ। ਡਸਿਪਲਨ ਦੇ ਪੱਕੇ ਹੋ। ਤੁਸੀਂ ਜੋ ਵੀ ਮੈਂਬਰ ਬਣਾਉ ਉਹ ਪੋਲੀਟੀਸ਼ਨਜ਼ ਨਹੀਂ ਹੋਣੇ ਚਾਹੀਦੇ। ਮੇਰੇ ਮਾਨਯੋਗ ਮੈਂਬਰ ਪਤੰਗ ਸਾਹਿਬ ਨੇ ਕਿਹਾ ਹੈ ਕਿ ਇਹ ਸਰਕਾਰ ਸ਼ੀਰਨੀ ਮੁੜ ਮੁੜ ਘਰਦਿਆਂ ਨੂੰ ਹੀ ਦੇਣ ਵਾਲੀ ਗੱਲ ਨਾ ਕਰ। ਮੈਂ ਵੀ ਇਹ ਕਹਾਂਗਾ ਕਿ ਜਿਹੜੇ ਵੀ ਤੁਸੀਂ ਮੈਂਬਰ ਇਸ ਬੋਰਡ ਦੇ ਬਣਾਉਣ ਲਗੋ ਇਸ ਚੀਜ਼ ਦਾ ਖਾਸ ਖਿਆਲ ਰਖੋ ਕਿ ਉਹ ਪੁਲੀਟੀਕਲ ਮੈਂਬਰ ਨਾ ਹੋਣ। ਉਨ੍ਹਾਂ ਮੈਂਬਰਾਂ ਨੂੰ ਗਰੀਬਾਂ ਦੀਆਂ ਮੰਗਾਂ ਦਾ ਪਤਾ ਹੋਵੇ। ਦੂਸਰੇ ਉਹ ਮੈਂਬਰ ਹੋਣ ਜਿਹੜੇ ਕਿ ਟੈਕਨੀਕਲ ਨਾਲਿਜ ਦਾ ਨੋ ਹਾਊ ਰਖਦੇ ਹੋਣ। ਜਿਹੜੇ ਪੁਲੀਟੀਕਲ ਆਦਮੀ ਹੋਣ ਉਨ੍ਹਾਂ ਨੂੰ ਮੈਂਬਰ ਨਾ ਲਿਆਂਦਾ ਜਾਵ।

ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਕੇਵਲ ਇਤਨੀ ਹੀ ਬੇਨਤੀ ਕਰਾਂਗਾ ਕਿ ਇਹ ਬਿਲ ਬਹੁਤ ਚੰਗਾ ਹੈ ਅਤੇ ਇਸ ਨੂੰ ਪਾਸ ਕਰੋ। (ਥੰਪਿੰਗ)

ਸਰਦਾਰ ਅਜਾਇਬ ਸਿੰਘ ਸੰਧੂ (ਮੁਰਿੰਡਾ ਐਸ. ਸੀ.) : ਸਪੀਕਰ ਸਾਹਿਬ, ਅਸੀਂ ਇਸ ਬਿਲ ਦੇ ਪਾਸ ਕਰਾਉਣ ਦੇ ਹੱਕ ਵਿੱਚ ਹਾਂ ਔਰ ਮੇਰੇ ਦੋਸਤਾਂ ਨੂੰ ਇਸ ਵਿੱਚ ਕੋਈ ਸ਼ਕ ਨਹੀਂ ਹੋਣਾ ਚਾਹੀਦਾ। ਇਧਰੋਂ ਆਵਾਜ਼ਾਂ ਆਈਆਂ ਸਨ ਕਿ ਇਹ ਬਿਲ ਪੰਜ ਸਾਲਾਂ ਵਿੱਚ ਪਾਸ ਨਹੀਂ ਸੀ ਕੀਤਾ ਗਿਆ। ਮੇਰੇ ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਮੈਂ ਕਈਆਂ ਮੁਲਕਾਂ ਵਿੱਚੋਂ ਫਿਰ ਕੇ ਆਇਆ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਕੋਈ ਵੀ ਆਦਮੀ ਸੜਕਾਂ ਤੇ ਨਹੀਂ ਸੌਂਦਾ ਇਹ ਗਲ ਸਪੀਕਰ ਸਾਹਿਬ, ਉਨ੍ਹਾਂ ਦੀ ਬਿਲਕੁਲ ਠੀਕ ਹੈ। ਇਹ ਤਾਂ ਕੇਵਲ ਹਿੰਦੁਸਤਾਨ ਵਿੱਚ ਹੀ ਆਦਮੀ ਸੜਕਾਂ ਤੇ ਸੌਂਦੇ ਹਨ। ਔਰ ਇਸ ਦੀ ਜਿਮਾਵਾਰੀ ਉਨ੍ਹਾਂ ਲੋਕਾਂ ਤੇ ਹੈ ਜਿਹੜੇ ਕਿ ਇਥੇ ਪੰਝੀ ਸਾਲ ਰਾਜ ਕਰਦੇ ਰਹੇ ਹਨ। ਮੈਂ ਸਪੀਕਰ ਸਾਹਿਬ, ਸਮਝਦਾ ਹਾਂ ਕਿ ਜੇਕਰ ਇਨ੍ਹਾਂ ਨੂੰ ਹੁਣ ਵੀ ਸਮਝ ਆ ਗਈ ਹੈ ਤਾਂ ਵੀ ਚਗੀ ਗੱਲ ਹੈ ਅਤੇ ਮੈਂ ਇਸ ਗਲ ਦੀ ਮੁਬਾਰਕ ਬਾਦ ਦਿੰਦਾ ਹਾਂ। ਪਰ ਇਕ ਗੱਲ ਮੈਂ ਜ਼ਰੂਰ

ਕਹਿੰਦਾ ਹਾਂ ਕਿ ਇਕ ਪਾਸੇ ਤਾਂ ਸਰਕਾਰ ਕਹਿੰਦੀ ਹੈ ਕਿ ਅਸੀਂ ਸੋਸ਼ਲਿਸ਼ਟ ਹਾਂ ਔਰ ਦੂਸਰੇ ਪਾਸੇ ਇਸ ਬੋਰਡ ਵਿੱਚ ਬਿਊਰਿਊਕਰੇਸੀ ਨੂੰ ਇਤਨੇ ਅਧਿਕਾਰ ਦੇ ਰਹੀ ਹੈ । ਮੈਂ ਸਮਝਦਾ ਹਾਂ ਕਿ ਇਸ ਵਿੱਚ ਬਿਊਰਿਓਕਰੇਸੀ ਨੂੰ ਘੱਟ ਇਖਤਿਆਰ ਹੋਣੇ ਚਾਹੀਦੇ ਹਨ ।

ਸਪੀਕਰ ਸਾਹਿਬ, ਇਸ ਬਿਲ ਦੀ ਚੌਥੀ ਕਲਾਜ਼ ਵਿੱਚ ਦਸਿਆ ਹੈ ਕਿ ਚੇਅਰਮੈਨ ਤੋਂ ਇਲਾਵਾ ਤਿੰਨ ਹੋਰ ਨਾਮੀਨੇਟਿਡ ਮੈਂਬਰ ਹੋਣੇ ਹਨ ਔਰ ਪੰਜ ਐਕਸਆਫ਼ੀਸ਼ੋ ਮੈਂਬਰ ਹੋਣੇ ਹਨ ।

Provided that atleast one of the nominated whole time members shall be a member of the Scheduled Castes.

ਸਪੀਕਰ ਸਾਹਿਬ, ਇਸ ਬਿਲ ਦੀ ਕਲਾਜ਼ 4 (ਸੀ) ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਹੈ ਕਿ 5 ਮੈਂਬਰਾਂ ਵਿੱਚੋਂ ਘੱਟੋ ਘੱਟ 2 ਮੈਂਬਰ ਸ਼ਡਿਊਲਡ ਕਾਸਟ ਜਾਂ ਬੈਕਵਰਡ ਕਲਾਸ ਦੇ ਹੋਣਗੇ । ਮੈਂ ਸਮਝਦਾ ਹਾਂ ਕਿ ਬੈਕਵਰਡ ਕਲਾਸ ਦੇ ਹੱਕ ਤਾਂ ਖਾਸੇ ਰਾਖਵੇਂ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਦੇ ਬਾਰੇ ਵਿੱਚ ਇਤਰਾਜ਼ ਤਾਂ ਨਹੀਂ ਪਰ ਇਤਰਾਜ਼ ਇਹ ਹੈ ਕਿ ਇਸ ਗਲ ਦਾ ਨਜ਼ਲਾ ਮਾੜੇ ਹਰੀਜਨਾਂ ਤੇ ਡਿਗਦਾ ਹੈ । ਇਸ ਲਈ ਇਥੇ ਇਹ ਗੱਲ ਹੀ ਕੇਵਲ ਰਹਿਣੀ ਚਾਹੀਦੀ ਹੈ ਕਿ ਐਟ ਲੀਸਟ ਦੋ ਸ਼ਡਿਊਲਡ ਕਾਸਟ ਦੇ ਹੋਣਗੇ ਇਸ ਤੋਂ ਇਲਾਵਾ ਬੈਕਵਰਡ ਕਲਾਸ ਦੇ ਸਰਕਾਰ ਚਾਹੇ ਤਾਂ ਰਖ ਦੇਵੇ। ਕਿਉਂਕਿ ਡਰ ਇਸ ਗਲ ਦਾ ਹੈ ਕਿ ਬੈਕਵਰਡ ਕਲਾਸ ਦਾ ਬੁਰਕਾ ਪਾ ਕੇ ਹਰੀਜਨਾਂ ਦੇ ਹੱਕ ਨੂੰ ਨਾ ਮਾਰਿਆ ਜਾਵੇ । ਬੈਕਵਰਡ ਕਲਾਸ ਵਿੱਚ ਕਈ ਸੱਜਣ ਅਜਿਹੇ ਵੀ ਹਨ ਜਿਹੜੇ ਕਾਫੀ ਧਨਾਢ ਹਨ ਅਤੇ ਚੰਗੇ ਰਜੇ ਪੁਜੇ ਹਨ । ਇਸ ਲਈ ਮੈਂ ਇਹ ਕਹਾਂਗਾ ਕਿ ਇਸ ਗੱਲ ਨੂੰ ਦੂਰ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਇਹ ਖਿਆਲ ਵੀ ਰਖਿਆ ਜਾਵੇ ਕਿ ਜਿਹੜਾ ਬੋਰਡ ਦਾ ਚੇਅਰਮੈਨ ਬਣਾਇਆ ਜਾਵੇ ਅਜਿਹਾ ਸਜਣ ਹੋਵੇ ਜਿਸ ਨੂੰ ਗਰੀਬਾਂ ਨਾਲ ਹਰੀਜਨਾਂ ਨਾਲ ਹਮਦਰਦੀ ਹੋਵੇ ਜੇਕਰ ਕਿਸੇ ਲੈਂਡ ਲਾਰਡ ਨੂੰ ਜਾਂ ਬਿਸਵੇਦਾਰ ਨੂੰ ਜਾਂ ਸੇਠ ਨੂੰ ਇਸ ਬੋਰਡ ਦਾ ਚੇਅਰਮਨ ਬਣਾ ਦਿੱਤਾ ਗਿਆ ਤਾਂ ਇਸ ਬਿਲ ਦਾ ਸਾਰਾ ਮੰਤਵ ਹੀ ਫ਼ੌਤ ਹੋ ਜਾਵੇਗਾ । (ਇਥੇ ਮੋਟੇ ਹਰੀਜਨ ਵੀ ਬੈਠੇ ਹੋਏ ਹਨ) ਮੈਂ ਤਾਂ ਇਹ ਕਹਾਂਗਾ ਕਿ ਮਾਸਟਰ ਗੁਰਬੰਤਾ ਸਿੰਘ ਵਰਗੇ ਪਤਲੇ ਆਦਮੀ ਵੀ ਬੈਠੇ ਹਨ ਜਿਨ੍ਹਾਂ ਦਾ ਖਿਆਲ ਮੈਨੂੰ ਹੈ । (ਵਿਘਨ) ਚਾਚਾ ਜੀ ਵਰਗੇ ਤਾਂ ਹੈ ਨਹੀਂ ਇਸ ਸਮੇਂ ਹਾਊਸ ਵਿੱਚ ਨਹੀਂ ਤਾਂ ਉਨ੍ਹਾਂ ਦਾ ਜ਼ਿਕਰ ਵੀ ਕਰ ਦਿੱਤਾ ਜਾਂਦਾ । (ਵਿਘਨ)

ਇਕ ਗਲ ਮੈਂ ਸਪੀਕਰ ਸਾਹਿਬ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਇਹ ਨਜ਼ਰ ਆਉਂਦਾ ਹੈ ਕਿ ਇਨ੍ਹਾਂ ਨੇ ਸ਼ਹਿਰਾਂ ਵਿੱਚ ਹੀ ਮਕਾਨ ਬਣਾ ਦੇਣੇ ਹਨ ਅਤੇ ਇਹ ਪਿੰਡਾਂ ਵਿੱਚ ਨਹੀਂ ਬਨਾਉਣਾ ਚਾਹੁੰਦੇ । ਕਿਉਂਕਿ ਇਨ੍ਹਾਂ ਨੇ ਇਸ ਬਿਲ ਦੇ ਸਟੇਟਮੈਂਟ ਆਫ਼ ਆਬਜੈਕਟਸ ਐਂਡ ਰੀਜ਼ਨਜ ਵਿੱਚ ਇਹ ਦਿੱਤਾ ਹੈ । ਪਹਿਲੀ ਲਾਈਨ ਵਿੱਚ ਦੂਜੇ ਪਹਿਰੇ ਵਿੱਚ ਇਹ ਦਿੱਤਾ ਹੈ ਕਿ :

The problem of housing is more acute in urban areas,

ਇਸ ਲਈ ਮੈਨੂੰ ਖਦਸ਼ਾ ਹੈ ਸਪੀਕਰ ਸਾਹਿਬ, ਕਿ ਮਕਾਨ ਸ਼ਹਿਰਾਂ ਵਿੱਚ ਹੀ ਬਣਾ ਦਿੱਤੇ ਜਾਣਗੇ । ਅਤੇ ਪਿੰਡਾਂ ਨੂੰ ਇਗਨੋਰ ਕਰ ਦਿੱਤਾ ਜਾਵੇਗਾ । ਇਹ ਇਨ੍ਹਾਂ ਨੂੰ ਨਹੀਂ ਕਰਨ ਦੇਣਾ ਚਾਹੀਦਾ । ਇਨ੍ਹਾਂ ਨੇ ਪਿੰਡਾਂ ਦੀ ਗਲ ਪਾਈ ਹੈ ਇਸ ਵਿੱਚ, ਪਰ ਆਖਿਰ ਵਿੱਚ ਪਾਈ ਹੈ । ਇਹ ਤਾਂ, ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਜਿੰਨਾਂ ਅਕਿਊਟ ਮਸਲਾ ਸ਼ਹਿਰਾਂ ਵਿੱਚ ਮਕਾਨਾਂ ਦਾ ਹੈ ਉਨ੍ਹਾਂ ਹੀ ਪਿੰਡਾਂ ਦਾ ਹੈ, ਸਗੋਂ ਪਿੰਡਾਂ ਵਿੱਚ ਮਕਾਨਾਂ ਦੀ ਬਹੁਤੀ ਲੋੜ ਹੈ । ਇਹ ਠੀਕ ਹੈ ਕਿ ਸ਼ਹਿਰਾਂ ਵਿੱਚ ਮਕਾਨਾਂ ਦੀ ਲੋੜ ਹੈ ਅਤੇ ਵਿਚਾਰੇ ਬਾਲਮੀਕਾਂ ਨੂੰ ਘਰ ਤਾਂ ਕੀ ਵਿਚਾਰਿਆਂ ਦੀ ਬਹੁਤ

(ਸਰਦਾਰ ਅਜਾਇਬ ਸਿੰਘ ਸੰਧੂ)

ਬੁਰੀ ਹਾਲਤ ਹੈ । ਬਾਕੀਆਂ ਕੋਲ ਫਿਰ ਵੀ ਕੁਝ ਨਾ ਕੁਝ ਹੁੰਦਾ ਹੈ ਪਰ ਪਿੰਡਾਂ ਵਿੱਚ ਮਕਾਨਾਂ ਦੀ ਹਾਲਤ ਹੋਰ ਵੀ ਮੁਸ਼ਕਲ ਹੈ । ਮੈਂ ਬੇਨਤੀ ਕਰਾਂਗਾ ਕਿ ਜੇਕਰ ਸਰਕਾਰ ਦੀ ਨੀਤੀ ਇਹ ਹੈ ਕਿ ਹਰੀਜਨਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ ਤਾਂ ਉਨ੍ਹਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਇਨ੍ਹਾਂ ਨੂੰ ਹਜ਼ਾਰਾਂ ਸਾਲਾਂ ਤੋਂ ਲਿਤਾੜਿਆ ਜਾ ਰਿਹਾ ਹੈ ਅਤੇ ਇਗਨੋਰ ਕੀਤਾ ਜਾ ਰਿਹਾ ਹੈ। ਇਨ੍ਹਾਂ ਪਾਸ ਨਾ ਕੋਈ ਮਕਾਨ ਹੈ ਨਾ ਕੋਈ ਦੁਕਾਨ ਹੈ ਅਤੇ ਇਨ੍ਹਾਂ ਵਿੱਚੋਂ ਕੋਈ ਸੀਰੀ ਤੇ ਕੋਈ ਸਾਂਝੀ ਹੈ ਅਤੇ ਕੋਈ ਨੌਕਰੀ ਕਰਦਾ ਹੈ ਤਾਂ ਵੀ ਇਨ੍ਹਾਂ ਨਾਲ ਲੈਂਡ ਲਾਰਡ ਵਰਤਾਵ ਚੰਗਾ ਨਹੀਂ ਕਰਦੇ । ਚੌਧਰੀ ਰਾਮ ਸਿੰਘ ਨੇ ਇਥੇ ਲੈਂਡਲਾਰਡਾਂ ਦਾ ਜ਼ਿਕਰ ਕੀਤਾ ਹੈ ਅਤੇ ਸਾਡੇ ਵਲ ਇਸ਼ਾਰਾ ਕਰਦੇ ਰਹੇ ਹਨ, ਪਰ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਲੈਂਡ ਲਾਰਡ ਤਾਂ ਇਨ੍ਹਾਂ ਦੇ ਪਾਸੇ ਬੈਠੇ ਹਨ ਅਤੇ ਇਨ੍ਹਾਂ ਨੇ ਹੀ ਹਰੀਜਨਾਂ ਦਾ ਖਿਆਲ ਨਹੀਂ ਕੀਤਾ ਅਤੇ ਇਨ੍ਹਾਂ ਨੇ ਵੀ ਨਹੀਂ ਸੀ ਕੀਤਾ ਇਸ ਲਈ ਇਨ੍ਹਾਂ ਨੂੰ ਕਹਾਂਗਾ ਕਿ ਹਰੀਜਨਾਂ ਨੂੰ ਪਹਿਲ ਮਿਲਣੀ ਚਾਹੀਦੀ ਹੈ । ਜਦ ਤਕ ਹਰੀਜਨਾਂ ਲਈ ਮਕਾਨ ਨਾ ਬਣ ਜਾਣ ਹੋਰਨਾਂ ਨੂੰ ਨਹੀਂ ਦੇਣੇ ਚਾਹੀਦੇ ਪਹਿਲਾਂ ਇਨ੍ਹਾਂ ਨੂੰ ਦੇਣੇ ਚਾਹੀਦੇ ਹਨ ।

ਸਪੀਕਰ ਸਾਹਿਬ, ਜਿਥੋਂ ਤਕ ਕਲਾਜ਼ 29 ਦਾ ਸਬੰਧ ਹੈ ਹਰੀਜਨਾਂ ਨਾਲ ਭਾਰੀ ਬੇਇਨਸਾਫ਼ੀ ਕੀਤੀ ਜਾ ਰਹੀ ਹੈ । ਇਸ ਸਬੰਧ ਵਿੱਚ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨਜ਼ੂਲ ਲੈਂਡ ਦੇ ਬਾਰੇ ਵਿੱਚ ਸਰਕਾਰ ਕਮਿਟਿਡ ਹੈ ਕਿ ਇਹ ਸਾਰੀ ਦੀ ਸਾਰੀ ਹਰੀਜਨਾਂਨੂੰ ਦਿੱਤੀ ਜਾਵੇਗੀ। ਇਹ 40 ਹਜ਼ਾਰ ਏਕੜ ਜ਼ਮੀਨ ਹੈ । ਪਿਛੇ ਸਵਾਲ ਕੀਤਾ ਗਿਆ ਤਾਂ ਦਸਿਆ ਗਿਆ ਕਿ ਇਸ ਵਿੱਚੋਂ ਕੇਵਲ 10 ਹਜ਼ਾਰ ਏਕੜ ਨਜ਼ੂਲ ਲੈਂਡ ਹਰੀਜਨਾਂ ਨੂੰ ਦਿੱਤੀ ਗਈ ਹੈ ਅਤੇ ਸਰਕਾਰ ਨੇ ਬਾਕੀ ਦੀਂ ਸਾਰੀ ਦੀ ਸਾਰੀ ਜ਼ਮੀਨ ਹਰੀਜਨਾਂ ਨੂੰ ਦੇਣੀ ਹੈ । ਪਰ ਇਸ ਕਲਾਜ਼ ਵਿੱਚ ਇਹ ਕਰ ਦਿੱਤਾ ਗਿਆ ਹੈ ਕਿ ਜੇਕਰ ਸਰਕਾਰ ਅਤੇ ਬੋਰਡ ਵਿੱਚ ਸਮਝੌਤਾ ਹੋ ਜਾਵੇ ਤਾਂ ਇਹ ਸਾਰੀ ਦੀ ਸਾਰੀ ਨਜ਼ੂਲ ਲੈਂਡ ਬੋਰਡ ਨੂੰ ਟ੍ਰਾਂਸਫਰ ਕਰ ਦਿੱਤੀ ਜਾਵੇਗੀ ।

On the terms and conditions agred between the Board and the Government.

ਮੈਂ ਸਮਝਦਾ ਹਾਂ ਕਿ ਸਰਕਾਰ ਨੇ ਵਾਅਦਾ ਤਾਂ ਇਹ ਕੀਤਾ ਸੀ ਕਿ 10 ਹਜ਼ਾਰ ਏਕੜ ਨਜ਼ੂਲ ਲੈਂਡ ਅਲਾਟ ਕਰਾ ਦਿੱਤੀ ਗਈ ਹੈ ਅਤੇ ਬਾਕੀ ਦੀ 30 ਹਜ਼ਾਰ ਏਕੜ ਵੀ ਹਰੀਜਨਾਂ ਨੂੰ ਅਲਾਟ ਕਰ ਦਿੱਤੀ ਜਾਵੇਗੀ ਅਤੇ ਇਹ ਕਰ ਦੇਣੀ ਚਾਹੀਦੀ ਸੀ । ਪਰ ਪਿਛਲੇ 25 ਸਾਲਾਂ ਵਿੱਚ ਇਹ ਅਲਾਟ ਨਹੀਂ ਕੀਤੀ ਗਈ ਇਸ ਲਈ ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਇਹ ਬੋਰਡ ਨੂੰ ਨਾ ਦਿੱਤੀ ਜਾਵੇ ਅਤੇ ਹਰੀਜਨਾਂ ਨੂੰ ਹੀ ਅਲਾਟ ਕੀਤੀ ਜਾਵੇ । ਮੈਂ ਸਮਝਦਾ ਹਾਂ ਕਿ ਹੋਰ ਜ਼ਮੀਨ ਸਰਕਾਰ ਪਾਸ ਬਥੇਰੀ ਹੈ ਜਿੱਥੇ ਕਿ ਮਕਾਨ ਬਣਾਏ ਜਾ ਸਕਦੇ ਹਨ । ਅਤੇ ਇਹ ਹੋਰ ਪਾਸੇ ਤੋਂ ਲੈ ਸਕਦੇ ਹਨ । ਇਸ ਹੀ ਸਬੰਧ ਵਿੱਚ ਮੈਂ ਸਰਕਾਰ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਨਾਲ ਜ਼ਮੀਨ ਕੋਈ ਇਕ ਲਖ ਏਕੜ ਪਈ ਹੋਈ ਹੈ ਜਿਸ ਨੂੰ ਅਸੀਂ ਗੈਰ ਮੁਮਕਿਨ ਕਹਿੰਦੇ ਹਾਂ। ਇਸ ਜ਼ਮੀਨ ਨੂੰ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਪਾਸੋਂ 90 ਰੁਪਏ ਵਿੱਚ ਖਰੀਦ ਕੀਤੀ ਸੀ । ਇਕ ਪੈਕੇਜ ਡੀਲ ਕੀਤਾ ਸੀ ਜਿਸ ਅਧੀਨ ਇਹ ਜ਼ਮੀਨ ਲਈ ਗਈ । ਇਸ ਲਈ ਨਜ਼ੂਲ ਲੈਂਡ ਨਾ ਲਈ ਜਾਵੇ । (ਵਿਘਨ)

EXTENSION OF THE TIME OF THE SITTING

ਸ਼੍ਰੀ ਸਪੀਕਰ : ਸਮਾਂ ਬਹੁਤ ਥੋੜਾ ਰਹਿ ਗਿਆ ਹੈ ਅਤੇ ਇਸ ਵਿੱਚ ਇਸ ਬਿਲ ਨੂੰ ਪਾਸ ਕਰਨਾ ਬਹੁਤ ਔਖਾ ਹੋ ਜਾਵੇਗਾ; ਜੇਕਰ ਹਾਊਸ ਚਾਹੇ ਤਾਂ ਇਸ ਦਾ ਸਮਾਂ ਵਧਾ ਦਿੱਤਾ ਜਾਵੇ ।

(The time at our disposal is very limited. It would be difficult to pass this Bill within this time. If the House agrees the time of the sitting may be extended.)

Is it the pleasure of the House.

Voices: Yes.

ਸ਼੍ਰੀ ਸਪੀਕਰ : ਹਾਊਸ 6-30 ਵਜੇ ਦੀ ਬਜਾਏ 7-30 ਵਜੇ ਤਕ ਚਲੇਗਾ। (The sitting of the House is hereby extended from 6-30 to 7-30 P.M. today.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਜੇਕਰ ਤਾਂ ਤਕਰੀਰਾਂ ਇਸੇ ਤਰ੍ਹਾਂ ਜਾਰੀ ਹੀ ਰਹਿਣੀਆਂ ਹਨ ਤਾਂ ਇਹ ਵਕਤ ਕਾਫੀ ਨਹੀਂ ਹੋਵੇਗਾ ਜਾਂ ਤਾਂ ਤਕਰੀਰਾਂ ਬੰਦ ਹੋ ਜਾਣ ਅਤੇ ਕਲਾਜ਼ ਬਾਈ ਕਲਾਜ਼ ਕਨਸਿਡਰੇਸ਼ਨ ਸ਼ੁਰੂ ਕਰ ਦਿੱਤੀ ਜਾਵੇ ਕਿਉਂਕਿ ਬਹੁਤ ਅਮੈਂਡਮੈਂਟਸ ਹਨ ਅਤੇ 9 ਜਾਂ 10 ਵਜ ਜਾਣਗੇ। ਇਸ ਲਈ ਹਾਊਸ ਦੇ ਟਾਈਮ ਨੂੰ ਇਕੋ ਵੇਰ ਹੀ ਐਕਸਟੈਂਡ ਕਰ ਦਿਉ ਜਾਂ ਫਿਰ ਕੱਲ ਨੂੰ ਕਰ ਲਓ।

ਸ਼੍ਰੀ ਸਪੀਕਰ: ਡਾਂਗ ਸਾਹਿਬ ਜੇਕਰ ਲੋੜ ਪਈ ਤਾਂ ਹਾਊਸ ਦੇ ਟਾਈਮ ਨੂੰ ਹੋਰ ਐਕਸਟੈਂਡ ਕਰ ਦਿੱਤਾ ਜਾਵੇਗਾ। (Dang Sahib the time of the sitting today shall be further extended, if need be.)

THE PUNJAB HOUSING DEVELOPMENT BOARD BILL, 1972

(Resumption)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਤਾਂ ਇਹ ਅਰਜ਼ ਕਰ ਰਿਹਾ ਸਾਂ ਕਿ ਜਿਹੜੀ ਨਜ਼ੂਲ ਲੈਂਡ ਹੈ, ਸਪੀਕਰ ਸਾਹਿਬ, ਇਹ ਹਰੀਜਨਾਂ ਨੂੰ ਹੀ ਮਿਲਣੀ ਚਾਹੀਦੀ ਹੈ ਅਤੇ ਤੁਸੀਂ ਸਰਕਾਰ ਨੂੰ ਇਹ ਗੱਲ ਮਨਵਾਉ। ਅਤੇ ਜਿਹੜੀ ਇਕ ਲੱਖ ਏਕੜ ਗੈਰ ਮੁਮਕਿਨ ਜ਼ਮੀਨ ਸ਼ਹਿਰਾਂ ਅਤੇ ਕਸਬਿਆਂ ਵਿੱਚ ਹੈ ਉਹ ਇਸ ਕੰਮ ਵਿੱਚ ਵਰਤੀ ਜਾ ਸਕਦੀ ਹੈ। ਇਹ ਸਰਕਾਰ ਨੇ ਕੇਵਲ 90 ਰੁਪਏ ਵਿੱਚ ਖਰੀਦੀ ਸੀ ਜੇਕਰ ਸਰਕਾਰ ਨੂੰ ਲੋੜ ਹੋਵੇਗੀ ਤਾਂ ਇਸ ਵਿੱਚੋਂ ਇਨ੍ਹਾਂ ਨੂੰ ਜ਼ਮੀਨ ਮਿਲ ਸਕਦੀ ਹੈ। ਅਤੇ ਬਾਕੀ ਜਿਹੜੀ ਇਸ ਵਿੱਚ ਰਹਿ ਜਾਵੇ ਉਹ ਵੀ ਹਰੀਜਨਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਇਕ ਖਦਸ਼ਾ ਪਤੰਗ ਸਾਹਿਬ ਨੇ ਪਰਗਟ ਕੀਤਾ ਸੀ ਕਿ ਬੋਰਡ ਤੇ ਉਹ ਮੈਂਬਰ ਨਾ ਲਏ ਜਾਣ ਜਿਹੜੇ ਕਿ ਸਰਕਾਰ ਦੇ ਚਹਿਤੇ ਹੋਣ ਜਾਂ ਜਿਹੜੇ ਇਨ੍ਹਾਂ ਦੀ ਸੇਵਾ ਕਰਨਾ ਜਾਣਦੇ ਹੋਣ। ਮੇਰੇ ਇਲਾਕੇ ਵਿੱਚ ਸਪੀਕਰ ਸਾਹਿਬ ਇਕ ਆਦਮੀ ਫਿਰਦਾ ਹੈ ਜਿਹੜਾ ਕਿ ਰੋਜ਼ ਹੀ ਕੋਈ ਗਲ ਆ ਕੇ ਕਰ ਜਾਂਦਾ ਹੈ ਕਿ ਅਜ ਮੈਂ ਬੋਰਡ ਦਾ ਮੈਂਬਰ ਬਣ ਰਿਹਾ ਹਾਂ। ਇਸ ਲਈ ਜਿਨ੍ਹਾਂ ਨੂੰ ਬੋਰਡ ਦੀ ਮੈਂਬਰੀ ਦੀ ਆਸ ਹੈ ਉਨ੍ਹਾਂ ਨੂੰ ਇਸ ਬੋਰਡ ਵਿਚ ਨਹੀਂ ਲੈਣਾ ਚਾਹੀਦਾ ਅਤੇ ਉਹੀ ਸਜਣ ਲੈਣੇ ਚਾਹੀਦੇ ਹਨ ਜਿਹੜੇ ਕਿ ਠੀਕ ਕੰਮ ਕਰ ਸਕਣ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਪਾਸੋਂ ਖਿਮਾਂ ਮੰਗਦਾ ਹਾਂ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਇਸ ਬਿਲ ਦੇ ਮੁਤੱਅਲਕ ਕੁਝ ਅਰਜ਼ ਕਰਾਂ ਮੈਂ ਉਨ੍ਹਾਂ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਬਿਲ ਦੀ ਹਿਮਾਇਤ ਕੀਤੀ ਹੈ। ਇਹ ਬਿਲ ਸੋਸ਼ਲਿਜ਼ਮ ਦੀ ਤਰਫ ਇਕ ਪਹਿਲਾ ਕਦਮ ਹੈ। ਜਿਸ ਦਿਨ ਗਵਰਨਰ ਸਾਹਿਬ ਦਾ ਐਡਰੈਸ ਏਥੇ ਪੇਸ਼ ਹੋਇਆ ਸੀ, ਓਦੋਂ ਮੁੱਖ-ਮੰਤਰੀ ਸਾਹਿਬ ਨੇ ਵਜ਼ਾਰਤ ਕੀਤੀ ਸੀ ਕਿ ਪੰਜਾਬ ਇਕ ਹਿੰਦੁਸਤਾਨ ਵਿੱਚ ਐਸੀ ਸਟੇਟ ਹੈ ਜਿਹੜੀ ਹਰੀਜਨਾਂ ਨੂੰ ਫਰੀ ਆਫ਼ ਕਾਸਟ ਮਕਾਨ ਦੇਵੇਗੀ। ਇਹ ਉਸ ਦਿਨ ਇਸ ਸਟੇਟ ਦਾ ਸੋਸ਼ਲਿਜ਼ਮ ਦੀ ਤਰਫ ਪਹਿਲਾ ਕਦਮ ਸੀ।

(ਵਿਕਾਸ ਮੰਤਰੀ)

ਮੈਂ ਮਨੀ ਮੇਕਿੰਗ ਤੇ ਬੀਲੀਵ ਨਹੀਂ ਕਰਦਾ ਪਰ ਇਤਨਾ ਜ਼ਰੂਰ ਕਹਾਂਗਾ ਕਿ ਇਹ ਕਿਸ ਦਾ ਕਸੂਰ ਹੈ ਕਿ ਹੁਣ ਤਕ ਇਤਨੀ ਮਨੀ ਦਾ ਅਸੀਂ ਨੁਕਸਾਨ ਕਰਦੇ ਰਹੇ ਜਿਹੜਾ ਪੰਜਾਬ ਨੂੰ ਇਸ ਬੋਰਡ ਦਾ ਸ਼ੇਅਰ ਬਣਦਾ ਸੀ ਸੈਂਟਰ ਦਾ ਉਹ ਇਸ ਕਰਕੇ ਨਹੀਂ ਮਿਲਿਆ ਕਿਉਂਕਿ ਇਥੇ ਕੋਈ ਬੋਰਡ ਹੁਣ ਤਕ ਹਾਊਸਿੰਗ ਦਾ ਬਣਾਇਆ ਹੀ ਨਹੀਂ ਗਿਆ । ਇਹ ਕਿਸ ਦਾ ਕਸੂਰ ਹੈ ਕਿ ਕਿਸੇ ਨੇ ਇਸ ਤਰ੍ਹਾਂ ਦਾ ਬਿਲ ਲਿਆਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਅਤੇ ਪੰਜਾਬ ਦਾ ਨੁਕਸਾਨ ਹੁੰਦਾ ਰਿਹਾ । ਅਸੀਂ ਹੁਣ ਕੋਸ਼ਿਸ਼ ਕਰਕੇ ਇਹ ਬਿਲ ਲਿਆਂਦਾ ਹੈ । ਇਥੇ ਕਾਮਰੇਡ ਰਾਜਕੁਮਾਰ ਨੇ ਕਿਹਾ ਸੀ ਕਿ ਇਸ ਤਰ੍ਹਾਂ ਦਾਂ ਬਿਲ ਕੇਰਾਲਾ ਸਟੇਟ ਦੇ ਵਿੱਚ ਲਿਆਂਦਾ ਹੈ, ਜੇ ਕੇਰਾਲਾ ਸਰਕਾਰ ਕੋਈ ਚੰਗਾ ਕੰਮ ਕਰਦੀ ਹੈ, ਤਾਂ ਸਾਨੂੰ ਉਸ ਨੂੰ ਧਿਆਨ ਦੇ ਵਿੱਚ ਰਖਣਾ ਚਾਹੀਦਾ ਹੈ । ਜਿਸ ਤਰ੍ਹਾਂ ਕਾਮਰੇਡ ਸਾਹਿਬ ਨੇ ਕਿਹਾ ਕਿ ਅਸੀਂ ਮੰਨਦੇ ਹਾਂ ਪਰ ਮੇਰੀ ਉਹ ਇਹ ਗਲ ਭੁਲ ਗਏ ਕਿ ਨਾ ਸਿਰਫ ਇਹ ਅਸੀਂ ਸੋਸ਼ਲਿਜ਼ਮ ਦੇ ਵਲ ਕਦਮ ਉਠਾਇਆ ਹੈ ਸਗੋਂ ਹੋਰ ਵੀ ਇਸ ਤਰ੍ਹਾਂ ਦੇ ਕਈ ਕਦਮ ਉਠਾਏ ਹਨ ਜਿਨ੍ਹਾਂ ਦੀ ਇਨ੍ਹਾਂ ਨੂੰ ਸਰਾਹਨਾ ਕਰਨੀ ਚਾਹੀਦੀ ਹੈ। ਅਸੀਂ ਹਰ ਚੰਗੇ ਕਦਮ ਦੀ ਤਾਰੀਫ ਹੀ ਨਹੀਂ ਕਰਾਂਗੇ ਪਰ ਉਸ ਤੇ ਚਲਣ ਦੀ ਕੋਸ਼ਿਸ਼ ਵੀ ਕਰਾਂਗੇ । ਅਸੀਂ ਪੰਜਾਬੀ ਦੀ ਜਿਥੇ ਸੇਵਾ ਕਰਨੀ ਹੈ, ਉਸ ਨੂੰ ਸੰਸਾਰ ਦੇ ਵਿੱਚ ਉਚਾ ਉਠਾਉਣਾ ਹੈ ਉਸੇ ਤਰ੍ਹਾਂ ਅਸੀਂ ਹਰੀਜਨਾਂ ਦੀ ਵੀ ਖਿਦਮਤ ਕਰਨੀ ਹੈ । ਇਥੇ ਚੌਧਰੀ ਦਰਸ਼ਨ ਸਿੰਘ ਹੋਰਾਂ ਨੇ ਕਿਹਾ ਸੀ ਕਿ ਬੋਰਡ ਦੇ ਜਿਹੜੇ ਮੈਂਬਰ ਬਣਨ ਉਹ ਨਾਨ-ਆਫੀਸ਼ਲ 5 ਮੈਂਬਰ ਬਣਨੇ ਚਾਹੀਦੇ ਹਨ । ਪੁਲੀਟੀਕਲ ਬੰਦੇ ਨਹੀਂ ਹੋਣੇ ਚਾਹੀਦੇ । ਮੈਂ ਉਨ੍ਹਾਂ ਦੀ ਇਸ ਗਲ ਨਾਲ ਇਤਫਾਕ ਨਹੀਂ ਕਰਦਾ । ਮੈਂ ਕਹਿੰਦਾ ਹਾਂ ਕਿ ਜਿਸ ਕੰਮ ਲਈ ਅਸੀਂ ਬੀੜਾ ਚੁਕਿਆ ਹੈ ਅਸੀਂ ਇਸ ਨੂੰ ਸਿਰੇ ਚਾੜ੍ਹਨਾ ਹੈ, ਤੁਹਾਨੂੰ ਉਨ੍ਹਾਂ ਬੰਦਿਆਂ ਤੋਂ ਕੰਮ ਲੈਣਾ ਹੋਵੇਗਾ ਜਿਹੜੇ ਕਿ ਕਮਿਟਡ ਬੰਦੇ ਹੋਣ ਤਾਂ ਹੀ ਇਸ ਬਿਲ ਦੇ ਏਮਜ਼ ਐਂਡ ਆਬਜੈਕਟਸ ਪੂਰੇ ਹੋ ਸਕਦੇ ਹਨ । ਅਜ ਸਾਨੂੰ ਇਹ ਡਾਇਰੈਕਟਿਵ ਮਿਲਿਆ ਹੈ ਕਿ ਅਸੀਂ ਸੋਸ਼ਲਿਜ਼ਮ ਲਿਆਉਣਾ ਹੈ । ਸਾਡੀ ਪ੍ਰਾਈਮ ਮਨਿਸਟਰ ਸ੍ਰੀਮਤੀ ਇੰਦਰਾ ਗਾਂਧੀ ਨੇ ਸੋਸ਼ਲਿਜ਼ਮ ਦਾ ਸਾਨੂੰ ਇਕ ਨਾਹਰਾ ਦਿੱਤਾ ਅਸੀਂ ਇਹ ਤਹੀਆ ਕਰ ਲਿਆ ਹੈ ਕਿ ਕਮਿਟਿਡ ਬੰਦੇ ਭਾਵੇਂ ਉਹ ਕਿਸੇ ਵਰਗ ਦੇ ਵਿੱਚੋਂ ਆਉਣ ਅਸੀਂ ਹੁਣ ਆਪਣਾ ਕਦਮ ਇਕ ਕਲਾਸ-ਲੈਸ ਸੋਸਾਇਟੀ ਵਲ ਉਠਾਉਣ ਲਗੇ ਹਾਂ । (ਵਿਘਨ-ਸ਼ੋਰ) ਸਾਡੇ ਮਨ ਦੇ ਵਿੱਚ ਕੋਈ ਸ਼ਕ ਨਹੀਂ, ਅਸੀਂ ਜੋ ਵੀ ਪ੍ਰੋਗਰਾਮ ਬਣਾਇਆ ਹੈ ਅਤੇ ਜਿਸ ਤਰ੍ਹਾਂ ਸਾਡੇ ਚੀਫ਼ ਮਨਿਸਟਰ ਨੇ ਕਿਹਾ ਹੈ ਕਿ ਅਸੀਂ ਜਨਤਾ ਸਾਹਮਣੇ ਆਪਣਾ ਇਕ ਟਾਈਮ ਬਾਊਂਡ ਪ੍ਰੋਗਰਾਮ ਰਖਿਆ ਹੈ ਸਾਨੂੰ ਇਸ ਬਾਰੇ ਪੂਰੀ ਤਸੱਲੀ ਹੈ ਕਿ ਇਹ ਜ਼ਰੂਰ ਪੂਰਾ ਹੋਣਾ ਹੈ । ਇਸ ਦੇ ਨਾਲ ਹੀ ਅਸੀਂ ਇਹ ਧਿਆਨ ਵੀ ਰਖਿਆ ਕਿ ਸਰਕਾਰ ਦੀ ਤਾਕਤ ਕਿਤੇ ਵੀ ਮਿਸਯੂਜ਼ ਨਹੀਂ ਹੋਣੀ ਚਾਹੀਦੀ । ਜੇ ਤੁਸੀਂ ਇਸ ਬਿਲ ਦੇ ਆਰਟੀਕਲ 10, 52, 54, 62, 88, 89 ਵਗੈਰਾ ਪੜ੍ਹੋ ਤਾਂ ਉਨ੍ਹਾਂ ਵਿੱਚ ਸਾਫ ਇਹ ਪਾਬੰਧੀ ਲਾਈ ਹੈ ਕਿ ਜੇ ਕੋਈ ਮੈਂਬਰ ਠੀਕ ਕੰਮ ਨਹੀਂ ਕਰਦਾ ਉਸ ਨੂੰ ਹਟਾਇਆ ਜਾ ਸਕਦਾ ਹੈ । ਜੇ ਸਰਕਾਰ ਨੂੰ ਕੋਈ ਸ਼ਕ ਪੈ ਜਾਵੇ ਤਾਂ ਸਰਕਾਰ ਜਿਸ ਤੋਂ ਮਰਜ਼ੀ ਚੈਕਿੰਗ ਕਰਾ ਸਕਦੀ ਹੈ । ਇਸ ਤਰ੍ਹਾਂ ਦੀਆਂ ਖ਼ਾਮੀਆਂ ਦਾ ਅਸੀਂ ਪਹਿਲਾਂ ਹੀ ਪੂਰਾ ਇੰਤਜ਼ਾਮ ਕੀਤਾ ਹੋਇਆ ਹੈ ਕੋਈ ਫੰਡਜ਼ ਦੇ ਵਿਚ ਏਧਰ ਓਧਰ ਦੀ ਗਲ ਨਹੀਂ ਹੋ ਸਕਦੀ । ਸਾਡੀ ਨੀਅਤ ਇਸ ਮੁਆਮਲੇ ਦੇ ਵਿੱਚ ਬਿਲਕੁਲ ਸਾਫ ਹੈ । ਸਾਡੇ ਫਾਈਨੈਂਸ ਮਨਿਸਟਰ ਸਾਹਿਬ ਨੇ ਜੋ ਪੈਸਾ ਰਖਿਆ ਹੈ ਜਿਹੜਾ ਕਿ 2—2½ ਕਰੋੜ ਦੇ ਕਰੀਬ ਹੈ ਜੇ ਹੋਰ ਵੀ ਕੋਈ ਦਿੱਕਤ ਹੋਵੇ ਤਾਂ ਉਹ ਪੈਸੇ ਦੀ ਕਮੀ ਡੀਬੈਂਚਰਜ਼ ਰਾਹੀਂ ਪੂਰੀ ਕੀਤੀ ਜਾ ਸਕਦੀ ਹੈ । ਇਹ ਕੋਈ 5:7 ਜਾਂ 100 ਮਕਾਨ ਬਣਾਉਣ ਦਾ ਹਿਸਾਬ ਨਹੀਂ ਹੈ ਇਹ ਤਾਂ ਹਜ਼ਾਰਾਂ ਲੱਖਾਂ ਦੀ ਤਾਦਾਦ ਵਿੱਚ ਮਕਾਨ ਬਣਾਉਣੇ ਹਨ । ਇਥੇ ਚੌਧਰੀ ਦਰਸ਼ਨ ਸਿੰਘ ਨੇ ਕਿਹਾ ਕਿ ਮੈਂ ਸ਼ਹਿਰੀਆਂ ਦੀ

ਹਿਮਾਇਤ ਵਿੱਚ ਗੱਲ ਕਰਦਾ ਹਾਂ, ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਮੈਂ ਅੱਧਾ ਸ਼ਹਿਰੀ ਹਾਂ ਅਤੇ ਅਧਾ ਰੂਰਲ ਵੀ ਹਾਂ । ਸਾਨੂੰ ਹਮੇਸ਼ਾਂ ਮਜ਼ਦੂਰਾਂ ਦਾ ਹੀ ਖ਼ਿਆਲ ਹੈ ਜਾਂ ਗਰੀਬਾਂ ਦਾ ਹੈ ਜਿਹੜੇ ਭਾਵੇਂ ਸ਼ਹਿਰੀ ਹਨ ਭਾਵੇਂ ਰੂਰਲ ਹਨ । ਅਸੀਂ ਅਲੈਕਸ਼ਨਾਂ ਵੇਲੇ ਜਨਤਾ ਨਾਲ ਜਿਹੜੇ ਵਾਇਦੇ ਕੀਤੇ ਸੀ ਅਸੀਂ ਅਜ ਵੀ ਉਨ੍ਹਾਂ ਤੇ ਕਾਇਮ ਹਾਂ । ਪਹਿਲਾਂ ਮਕਾਨ ਅਸੀਂ ਉਨ੍ਹਾਂ ਨੂੰ ਦੇਣੇ ਹਨ ਜਿਨ੍ਹਾਂ ਨੂੰ ਸਭ ਤੋਂ ਜਿਆਦਾ ਜ਼ਰੂਰਤ ਹੈ, ਜਿਨ੍ਹਾਂ ਕੋਲ ਨਾ ਕੋਈ ਪੈਸਾ ਹੈ ਅਤੇ ਨਾ ਕੋਈ ਹੋਰ ਤਾਕਤ ਹੈ । ਮੇਰੇ ਮਾਨਯੋਗ ਮੈਂਬਰ ਡਾਂਗ ਸਾਹਿਬ ਨੇ ਬੜੀ ਮੇਹਨਤ ਕੀਤੀ ਹੈ ਮੈਂ ਉਨ੍ਹਾਂ ਨੂੰ ਦਾਦ ਦਿੰਦਾ ਹਾਂ ਜਿਨ੍ਹਾਂ ਨੇ ਕਿ ਇਤਨੀਆਂ ਅਮੈਂਡਮੈਂਟਸ ਦਿੱਤੀਆਂ ਹਨ, ਪਰ ਜੇ ਇਨ੍ਹਾਂ ਨੇ ਜ਼ਰਾ ਧਿਆਨ ਦਿੱਤਾ ਹੁੰਦਾ ਤਾਂ ਇਹ ਇਤਨੀਆਂ ਅਮੈਂਡਮੈਂਟਾਂ ਨਾ ਦੇਂਦੇ । ਪਰ ਇਹ ਕੰਮ ਤਾਂ ਹੋ ਹੀ ਜਾਣਾ ਹੈ । ਇਹ ਸੋਸ਼ਲਿਜ਼ਮ ਦਾ ਇਕ ਤੂਫ਼ਾਨ ਹੈ ਜਿਹੜਾ ਰੁਕ ਨਹੀਂ ਸਕਦਾ । ਏਥੇ ਮੇਰੇ ਆਨਰੇਬਲ ਮੈਂਬਰ ਚੌਧਰੀ ਦਰਸ਼ਨ ਸਿੰਘ ਨੇ ਕਿਹਾ ਸੀ ਕਿ ਸਾਡੀ ਪਾਰਟੀ ਨੇ ਸੋਸ਼ਲਿਜ਼ਮ ਦਾ ਵੈਨਗਾਰਡ ਬਣਨਾ ਹੈ । ਇਨ੍ਹਾਂ ਲੋਕਾਂ ਦੀਆਂ ਗੱਲਾਂ ਹੀ ਰਹੀਆਂ, ਪਰ ਅਸੀਂ ਜੋ ਵਾਇਦੇ ਕੀਤੇ ਸੀ ਉਹ ਅਸੀਂ ਪੂਰੇ ਕਰ ਰਹੇ ਹਾਂ, ਸਾਡੀਆਂ ਗੱਲਾਂ ਨਹੀਂ ਅਸੀਂ ਉਨ੍ਹਾਂ ਨੂੰ ਪ੍ਰੈਕਟੀਕਲ ਸ਼ਕਲ ਦੇ ਰਹੇ ਹਾਂ ।

ਕਾਮਰੇਡ ਸੱਤ ਪਾਲ ਡਾਂਗ : ਕੀ ਕਪਤਾਨ ਸਾਹਿਬ, ਇਹ ਡੀਫ਼ਾਈਨ ਕਰਕੇ ਦਸਣਗੇ ਕਿ ਸੋਸ਼ਲਿਜ਼ਮ ਕੀ ਹੁੰਦਾ ਹੈ ?

ਵਿਕਾਸ ਮੰਤਰੀ : ਡਾਂਗ ਸਾਹਿਬ, ਤੁਸੀਂ ਤਾਂ ਮੈਨੂੰ ਪਰਸਨਲੀ ਬੜੀ ਚੰਗੀ ਤਰ੍ਹਾਂ ਜਾਣਦੇ ਹੋ ਮੈਂ ਸੋਸ਼ਲਿਸਟ ਹੀ ਨਹੀਂ ਮੈਂ ਰੈਵੋਲਿਊਸ਼ਨਰੀ ਵੀ ਰਿਹਾ ਹਾਂ ।

ਕਾਮਰੇਡ ਸੱਤ ਪਾਲ ਡਾਂਗ : ਹੁਣ ਤੁਸੀਂ ਪ੍ਰੋਗਰੈਸਿਵ ਫਾਰਮਰ ਹੋ ।

ਵਿਕਾਸ ਮੰਤਰੀ: ਡਾਂਗ ਸਾਹਿਬ ਮੈਂ ਤੁਹਾਨੂੰ ਹਿਟ ਬੈਕ ਵੀ ਕਰ ਸਕਦਾ ਹਾਂ। (ਵਿਘਨ) (ਸ਼ੋਰ)

40-45 ਅਮੈਂਡਮੈਂਟਸ ਡਾਂਗ ਸਾਹਿਬ ਨੇ ਦਿਤੀਆਂ ਹਨ । ਅਸੀਂ ਬਹੁਤ ਕੋਸ਼ਿਸ਼ ਕੀਤੀ ਕਿ ਇਨ੍ਹਾਂ ਵਿੱਚੋਂ ਜਿਹੜੀਆਂ ਵੀ ਚੰਗੀਆਂ ਹੋਣ, ਅਸੀਂ ਤਾਂ ਖੁਦ ਚਾਹੁੰਦੇ ਹਾਂ ਕਿ ਕੋਈ ਚੰਗਾ ਸੁਝਾਓ ਆਵੇ ਅਸੀਂ ਉਸ ਨੂੰ ਅਸੈਪਟ ਕਰ ਲਈਏ, ਪਰ ਇਨ੍ਹਾਂ ਵਿੱਚੋਂ ਐਸੀਆਂ ਹਨ ਜਿਹੜੀਆਂ ਮੰਨੀਆਂ ਨਹੀਂ ਜਾ ਸਕਦੀਆਂ । ਮੈਂ ਚੌਧਰੀ ਦਰਸ਼ਨ ਸਿੰਘ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਤਨੇ ਗੌਹ ਨਾਲ ਇਸ ਬਿਲ ਦੀ ਸਕਰੂਟਨੀ ਕਰਕੇ ਆਪਣੇ ਵਿਚਾਰ ਦਿੱਤੇ । ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਸਾਡਾ ਸੋਸਲਿਜ਼ਮ ਦਾ ਕੋਈ ਨਿਰਾ ਪਰਚਾਰ ਹੀ ਨਹੀਂ ਹੈ ਜਿਸ ਤਰ੍ਹਾਂ ਏਥੇ ਕਿਸੇ ਮੈਂਬਰ ਨੇ ਕਿਹਾ ਸੀ (ਸ਼ੋਰ) ਅਸੀਂ ਇਹ ਪ੍ਰੈਕਟੀਕਲ ਕਰਕੇ ਵਿਖਾ ਰਹੇ ਹਾਂ । ਇਸ ਤਰ੍ਹਾਂ ਦਾ ਬਿਲ ਅਜ ਤੋਂ 10 ਸਾਲ ਪਹਿਲਾਂ ਟੇਬਲ ਤੇ ਆ ਜਾਣਾ ਚਾਹੀਦਾ ਸੀ । ਇਹ ਸਾਡੇ ਤੇ ਇਹ ਇਲਜ਼ਾਮ ਲਾਉਂਦੇ ਰਹੇ ਕਿ ਅਸੀਂ 20 ਸਾਲ ਦੇ ਵਿੱਚ ਕੁਝ ਨਹੀਂ ਕੀਤਾ। ਮੈਂ ਕਹਿੰਦਾ ਹਾਂ ਕਿ ਤੁਸੀਂ ਦੱਸੋ ਕਿ 5 ਸਾਲ ਦੇ ਵਿਚ ਕੀ ਕੀਤਾ ਸਾਡੀ ਨੀਅਤ ਤੇ ਕਿਸੇ ਨੂੰ ਕੋਈ ਸ਼ਕ ਨਹੀਂ ਹੋਣਾ ਚਾਹੀਦਾ ਅਸੀਂ ਇਸ ਤਰ੍ਹਾਂ ਦੇ ਹਾਲਾਤ ਬਣਾਏ ਹੀ ਨਹੀਂ ਕਿ ਛੁਪ ਕੇ ਕੋਈ ਕੰਮ ਕੀਤਾ ਜਾਵੇ । ਅਸੀਂ ਆਪਣੀ ਮਰਜ਼ੀ ਨਾਲ ਕੰਮ ਕੋਈ ਨਹੀਂ ਕੀਤਾ, ਹਰ ਇਕ ਵਿੱਚ ਸੀ. ਪੀ. ਆਈ. ਵਾਲਿਆਂ ਦੀ ਪਹਿਲਾਂ ਮਰਜ਼ੀ ਲਈ ਹੈ । ਹੁਣ ਤਕ ਇਹੋ ਕਹਿੰਦੇ ਰਹੇ ਹਨ ਕਿ ਇਹ ਲੇਟ ਨਹੀਂ ਹੋਣਾ ਚਾਹੀਦਾ । ਉਨ੍ਹਾਂ ਨੇ ਖੁਦ ਰੈਜ਼ੋਲਿਊਸ਼ਨ ਵੀ ਪਾਸ ਕੀਤਾ ਹੈ, ਮੈਂ ਸਮਝਦਾ ਹਾਂ ਹੁਣ ਇਸ ਦੇ ਵਿੱਚ ਹੋਰ ਢਿਲ ਨਹੀਂ ਹੋਣੀ ਚਾਹੀਦੀ । ਜਿਹੜੇ ਲੋਕਾਂ ਨੇ ਘਰ ਬਣਾਉਣੇ ਹਨ ਜੇ ਹੁਣ ਵੀ ਲੇਟ ਹੋ ਗਏ ਤਾਂ ਜਿਹੜੀ ਜ਼ਮੀਨ ਲੈ ਕੇ ਘਰ ਬਣਾਉਣੇ ਹਨ ? ਉਸ ਦੇ ਵਿੱਚ ਢਿਲ ਪੈ ਜਾਵੇਗੀ ।

[ਵਿਕਾਸ ਮੰਤਰੀ]

ਇਹ ਬੋਰਡ ਅਜਿਹਾ ਨਹੀਂ ਹੈ ਜਿਸ ਦੇ ਕੰਮ ਵਿੱਚ ਕੋਈ ਕੁਰੈਕਸ਼ਨ ਸਰਕਾਰ ਨਹੀਂ ਕਰ ਸਕਦੀ। ਅਸੀਂ ਇਸ ਬੋਰਡ ਦੇ ਵਿੱਚ ਇਹ ਪ੍ਰੋਵੀਜ਼ੋ ਰਖਿਆ ਹੈ ਕਿ ਬੋਰਡ ਜਿਹੜੀ ਵੀ ਸਕੀਮ ਬਣਾਵੇ ਉਸ ਦੀ ਮਨਜ਼ੂਰੀ ਪਹਿਲਾਂ ਸਰਕਾਰ ਪਾਸੋਂ ਲਵੇ। ਜਿਹੜੀਆਂ ਸਕੀਮਾਂ 50 ਲੱਖ ਰੁਪਏ ਦੀਆਂ ਬਣਦੀਆਂ ਹਨ ਅਸੀਂ ਇਹ ਫੈਸਲਾ ਕੀਤਾ ਹੈ ਕਿ ਉਨ੍ਹਾਂ ਵਿੱਚ ਇੰਟਰਫੀਅਰ ਨਹੀਂ ਕਰਨਾ ਕਿਉਂਕਿ ਜੇ 500 ਮਕਾਨ ਵੀ ਬਣਾਏ ਜਾਣ ਦੀ ਸਕੀਮ ਹੋਵੇ ਅਤੇ ਇਕ ਮਕਾਨ ਦੀ ਕੀਮਤ 10 ਹਜ਼ਾਰ ਰੁਪਏ ਵੀ ਹੋਵੇ ਤਾਂ ਵੀ ਇਹ ਰਕਮ 50 ਲੱਖ ਰੁਪਏ ਦੀ ਬਣ ਜਾਂਦੀ ਹੈ। ਇਸ ਲਈ ਇਸ ਰਕਮ ਵਾਲੀ ਸਕੀਮ ਨੂੰ ਅਸੀਂ ਨਹੀਂ ਛੇੜਨਾ ਪਰ ਜਿਸ ਸਕੀਮ ਵਿੱਚ ਇਸ ਤੋਂ ਵਧ ਰੁਪਿਆ ਲਗਣਾ ਹੈ ਉਸ ਦੀ ਮਨਜ਼ੂਰੀ ਸਰਕਾਰ ਨੂੰ ਵਿਖਾ ਕੇ ਲਈ ਜਾਵੇਗੀ। ਇਸ ਸਾਰੀ ਸਕੀਮ ਤੇ 50-60 ਕਰੋੜ ਰੁਪਿਆ ਲਗਣਾ ਹੈ। ਇਸ ਲਈ ਅਸੀਂ ਇਹ ਫੈਸਲਾ ਕੀਤਾ ਹੈ ਕਿ ਇਸ ਬੋਰਡ ਦੇ ਕੰਮ ਤੇ ਪੂਰੀ ਤਰ੍ਹਾਂ ਧਿਆਨ ਦਿੱਤਾ ਜਾਵੇ। ਸਾਨੂੰ ਇਸ ਗੱਲ ਦਾ ਤਜਰਬਾ ਹੈ ਕਿ ਡਿਵੈਲਪਮੈਂਟ ਦੀਆਂ ਜਿਹੜੀਆਂ ਸਕੀਮਾਂ ਹਨ, ਜਿਹੜੇ ਪ੍ਰੋਗਰਾਮ ਹਨ ਉਨ੍ਹਾਂ ਨੂੰ ਇੰਪਲੀਮੈਂਟ ਕਰਨ ਵਿੱਚ ਵਕਤ ਲਗ ਜਾਂਦਾ ਹੈ। ਇਸ ਬੋਰਡ ਦੇ ਕੰਮ ਸ਼ੁਰੂ ਹੋਣ ਵਿੱਚ ਵੀ ਇਕ ਸਾਲ ਲਗ ਜਾਵੇਗਾ। ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਤੋਂ ਜਲਦੀ ਹੋ ਜਾਵੇ ਪਰ ਇਕ ਸਾਲ ਦਾ ਸਮਾਂ ਕੋਈ ਜ਼ਿਆਦਾ ਨਹੀਂ। ਜਦੋਂ ਬੋਰਡ ਬਣ ਜਾਵੇਗਾ ਤਾਂ ਸਕੀਮਾਂ ਬਣਨਗੀਆਂ, ਐਸਟੀਮੇਟਸ ਲਗਣਗੇ ਤਾਂ ਫਿਰ ਅਸੀਂ ਉਨ੍ਹਾਂ ਸਕੀਮਾਂ ਨੂੰ ਐਕਚੂਅਲੀ ਇੰਪਲੀਮੈਂਟ ਕਰ ਸਕਾਂਗੇ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਪੰਜਾਬ ਦੇ ਲੋਕ ਵੀ ਇਸ ਬੋਰਡ ਦੇ ਕੰਮਾਂ ਵਿੱਚ ਆਪਣੀ ਲੇਬਰ ਦੇ ਰਾਹੀਂ ਹਿੱਸਾ ਪਾਉਣ। ਪੰਜਾਬ ਦੇ ਲੋਕ ਪਹਿਲਾਂ ਵੀ ਵਲੰਟੀਅਰਲੀ ਲੇਬਰ ਕਰਦੇ ਰਹੇ ਹਨ, ਸੜਕਾਂ ਤੇ ਮਿਟੀ ਆਦਿ ਪਾਉਂਦੇ ਰਹੇ ਹਨ, ਸਾਨੂੰ ਉਮੀਦ ਹੈ ਕਿ ਉਹ ਇਸ ਬੋਰਡ ਦੇ ਪ੍ਰੋਗਰਾਮਾਂ ਵਿੱਚ ਵੀ ਆਪਣੀ ਲੇਬਰ ਦੇ ਰਾਹੀਂ ਹਿੱਸਾ ਪਾਉਣਗੇ। ਅਗੇ ਪਿੰਡਾਂ ਵਿੱਚ ਉਨ੍ਹਾਂ ਨੇ ਲੇਬਰ ਕੀਤੀ ਹੈ ਹੁਣ ਪਿੰਡਾਂ ਅਤੇ ਸ਼ਹਿਰਾਂ ਦੋਨਾਂ ਵਿੱਚ ਲੇਬਰ ਕਰਨਗੇ। ਕਿਉਂਕਿ ਇਹ ਮਕਾਨ ਗਰੀਬਾਂ ਅਤੇ ਮਜ਼ਦੂਰਾਂ ਲਈ ਬਣ ਰਹੇ ਹਨ ਇਸ ਲਈ ਮੈਨੂੰ ਉਮੀਦ ਹੈ ਕਿ ਭਾਵੇਂ ਉਹ ਮਜ਼ਦੂਰ ਥਕੇ ਟੁਟੇ ਹੋਏ ਹੋਣ ਪਰ ਫਿਰ ਵੀ ਆ ਕੇ ਆਪਣਾ ਕੰਮ ਸਮਝ ਕੇ ਉਹ ਕੁਝ ਹੋਰ ਲੇਬਰ ਕਰਨ। ਇਹ ਸਮਝਣ ਕਿ ਉਹ ਦੇਸ਼ ਦੀ ਉਸਾਰੀ ਦੇ ਵਿੱਚ ਹਿੱਸਾ ਪਾ ਰਹੇ ਹਨ, ਉਹ ਦੇਸ਼ ਦੇ ਹਿਸੇਦਾਰ ਹਨ। ਜਿਨ੍ਹਾਂ ਲੋਕਾਂ ਕੋਲ ਸਿਰ ਢਕਣ ਲਈ ਮਕਾਨ ਨਹੀਂ ਉਹ ਇਹ ਸਮਝਦੇ ਹਨ ਕਿ ਇਸ ਦੇਸ਼ ਦੇ ਵਿੱਚ ਸਾਡਾ ਘਰ ਵੀ ਨਹੀਂ ਤਾਂ ਇਹ ਦੇਸ਼ ਵੀ ਸਾਡਾ ਨਹੀਂ, ਇਸ ਵਿੱਚ ਸਾਡਾ ਕੋਈ ਹਿੱਸਾ ਨਹੀਂ। ਜਦੋਂ ਤਕ ਕੋਈ ਆਦਮੀ ਦੇਸ਼ ਨੂੰ ਆਪਣਾ ਨਾ ਸਮਝੇ ਉਹ ਦੇਸ਼ ਲਈ ਕੁਰਬਾਨੀ ਨਹੀਂ ਕਰ ਸਕਦਾ। ਦੇਸ਼ ਲਈ ਕੁਰਬਾਨੀ ਕਰਨ ਲਈ ਇਹ ਜ਼ਰੂਰੀ ਹੈ ਕਿ ਇਥੇ ਦਾ ਹਰ ਬਸ਼ਰ ਇਹ ਸਮਝੇ ਕਿ ਇਹ ਦੇਸ਼ ਮੇਰਾ ਹੈ। ਮੈਂ ਵੀ ਇਸ ਦਾ ਹਿਸੇਦਾਰ ਹਾਂ। ਤਦ ਹੀ ਕੋਈ ਕੁਰਬਾਨੀ ਕੀਤੀ ਜਾ ਸਕਦੀ ਹੈ। ਸਪੀਕਰ ਸਾਹਿਬ, ਮੈਂ ਜ਼ਿਆਦਾ ਬੋਲਣ ਵਿੱਚ ਯਕੀਨ ਨਹੀਂ ਰਖਦਾ। ਜ਼ਿਆਦਾ ਕੰਮ ਕਰਨ ਵਿੱਚ ਯਕੀਨ ਰਖਦਾ ਹਾਂ। ਮੈਂ ਸਮਝਦਾ ਹਾਂ ਕਿ ਜ਼ਿਆਦਾ ਬੋਲਣ ਨਾਲੋਂ ਜ਼ਿਆਦਾ ਕੰਮ ਕਰ ਵਿਖਾਣਾ ਚੰਗਾ ਹੁੰਦਾ ਹੈ। ਸਿਰਫ 5, 6 ਮਹੀਨੇ ਗੁਜ਼ਰ ਲੈਣ ਦਿਓ ਜਦੋਂ ਦੂਜਾ ਸੈਸ਼ਨ ਆਵੇਗਾ ਤਾਂ ਫਿਰ ਤੁਸੀਂ ਪੁਛਣਾ ਅਤੇ ਅਸੀਂ ਦਸਾਂਗੇ ਕਿ ਇਸ ਪੀਰੀਅਡ ਦੇ ਦੌਰਾਨ ਅਸੀਂ ਕੀ ਕੁਝ ਕੀਤਾ ਹੈ। ਅਸੀਂ ਕਿਤਨਾ ਕੰਮ ਕੀਤਾ ਹੈ, ਇਹ ਤੁਹਾਨੂੰ ਪਤਾ ਲਗ ਜਾਵੇਗਾ। ਇਸ ਬਾਰੇ ਇਕ ਹੋਰ ਗਲ ਮੈਂ ਸਾਫ ਕਰ ਦੇਵਾਂ ਕਿ ਇਸ ਵਿੱਚ ਜਿਹੜੇ ਅਫਸਰ ਲਗਾਣੇ ਹਨ ਉਨ੍ਹਾਂ ਦੀ ਸੀਨੀਆਰਟੀ ਦਾ ਖ਼ਿਆਲ ਨਹੀਂ ਰਖਿਆ ਜਾਵੇਗਾ ਕਿਉਂਕਿ ਸਾਨੂੰ ਤਾਂ ਉਹ ਬੰਦੇ, ਉਹ ਅਫਸਰ ਇਸ ਵਿਚ ਚਾਹੀਦੇ ਹਨ ਜੋ ਕਿ ਕੁਮਿਟਿਡ ਹੋਣ। (ਥੰਪਿੰਗ) ਸਾਨੂੰ ਉਹ ਅਫਸਰ ਚਾਹੀਦੇ ਹਨ ਜੋ ਛੇਤੀ ਤੋਂ ਛੇਤੀ ਇਸ ਕੰਮ ਨੂੰ ਸਿਰੇ ਚੜ੍ਹਾਉਣ। ਤਾਂ ਕਿ ਲੋਕਾਂ

ਨੂੰ, ਨੌਜਵਾਨਾਂ ਨੂੰ ਜਿਹੜਾ ਇਹ ਭਰੋਸਾ ਹੈ ਕਿ ਇਹ ਸਰਕਾਰ ਕੁਝ ਕਰੇਗੀ ਉਨ੍ਹਾਂ ਦਾ ਭਰੋਸਾ ਕਾਇਮ ਰਹੇ । ਇਸ ਲਈ ਅਸੀਂ ਕੁਮਿਟਿਡ ਬੰਦੇ ਇਸ ਬੋਰਡ ਦੇ ਵਿੱਚ ਲਗਾਵਾਂਗੇ ।

ਸਪੀਕਰ ਸਾਹਿਬ, ਇਤਨੀ ਗੱਲ ਕਹਿੰਦੇ ਹੋਏ ਮੈਂ ਆਪਣੀ ਥਾਂ ਲੈਂਦਾ ਹਾਂ ਕਿ ਜਿਸ ਤਰ੍ਹਾਂ ਸਾਰੇ ਮੈਂਬਰਾਂ ਨੇ ਇਸ ਬਿਲ ਨੂੰ ਜਨਰਲ ਸਪੋਰਟ ਕੀਤੀ ਹੈ, ਉਸੇ ਤਰ੍ਹਾਂ ਹੋਲ-ਹਾਰਟਿਡਲੀ ਸਪੋਰਟ ਦੇ ਕੇ ਇਸ ਨੂੰ ਯੂਨਾਨੇਮਸਲੀ ਪਾਸ ਕਰਵਾਉਣ । ਮੈਂ ਸਪੀਕਰ ਸਾਹਿਬ ਮਿਹਣੇ ਮਾਰਣ ਵਿੱਚ ਯਕੀਨ ਨਹੀਂ ਰਖਦਾ । ਮੈਂ ਇਹ ਨਹੀਂ ਚਾਹੁੰਦਾ ਕਿ ਇਧਰੋਂ ਉਧਰ ਨੂੰ ਜਾਂ ਉਧਰੋਂ ਇਧਰ ਨੂੰ ਮਿਹਣੇ ਮਾਰੇ ਜਾਣ । ਮੈਂ ਇਹ ਯਕੀਨ ਦਿਵਾਉਂਦਾ ਹਾਂ ਕਿ ਆਉਂਦੇ ਪੰਜ ਸਾਲਾਂ ਦੇ ਵਿੱਚ ਪੰਜਾਬ ਹਿੰਦੁਸਤਾਨ ਵਿੱਚ ਮਕਾਨਾਂ ਦੇ ਲਿਹਾਜ਼ ਦੇ ਨਾਲ ਇਕ ਨਮੂਨੇ ਦਾ ਸੂਬਾ ਬਣ ਜਾਵੇਗਾ । ਪੰਜਾਬੀ ਪਹਿਲਾਂ ਮਿਹਨਤੀ ਹਨ, ਪੰਜਾਬੀ ਬਹਾਦਰ ਹਨ, ਇਨ੍ਹਾਂ ਵਿੱਚ ਇਨੀਸ਼ੀਏਟਿਵ ਹੈ. ਜੇ ਇਸ ਇਕ ਪਾਸੇ ਜੁਟ ਜਾਣ ਤਾਂ ਪੰਜਾਬ ਦਾ ਨਕਸ਼ਾ ਬਦਲ ਸਕਦਾ ਹੈ । ਸਾਡੇ ਪੁਲੀਟੀਕਲ ਡਿਫਰੈਂਸਜ਼ ਰਹਿਣ ਪਰ ਗਰੀਬਾਂ ਅਤੇ ਹਰੀਜਨਾਂ ਨੂੰ ਮਕਾਨ ਦੇਣ ਲਈ ਸਾਨੂੰ ਸਾਰਿਆਂ ਨੂੰ ਇਕ ਹੋ ਜਾਣਾ ਚਾਹੀਦਾ ਹੈ । ਪਿੰਡਾਂ ਅਤੇ ਸ਼ਹਿਰਾਂ ਵਿੱਚ ਜੋ ਸਲੱਮਜ਼ ਹਨ ਅਤੇ ਜੇ ਤੁਸੀਂ ਕਦੇ ਗਾਡੀ ਵਿੱਚ ਬੈਠੋ ਤਾਂ ਦੋਨਾਂ ਪਾਸੇ ਜਿਹੜਾ ਨਜ਼ਾਰਾ ਹੁੰਦਾ ਹੈ ਉਹ ਦੇਖ ਕੇ ਸ਼ਰਮ ਆ ਜਾਂਦੀ ਹੈ । ਲੋਕਾਂ ਕੋਲ ਪੇਸ਼ਾਬ ਕਰਨ ਲਈ ਵੀ ਜਗ੍ਹਾ ਨਹੀਂ ਹੁੰਦੀ । ਇਸ ਲਈ ਅਜਿਹੇ ਗਰੀਬ ਲੋਕਾਂ ਨੂੰ ਮਕਾਨ ਦੇਣ ਦਾ ਜੋ ਇਹ ਬਿਲ ਆਇਆ ਹੈ ਇਸ ਨੂੰ ਯੂਨੈਨੀਮਸਲੀ ਪਾਸ ਕਰਨਾ ਚਾਹੀਦਾ ਹੈ ।

Mr. Speaker : Question is—

That the Punjab Housing Development Board Bill, 1972, be taken into consideration at once.

The Motion was carried

MOTION RE. CONTEMPT OF THE HOUSE COMMITTED BY SOME PERSONS FROM THE VISITORS GALLERY BY SHOUTING SLOGANS AND THROWING LEAFLETS ON THE FLOOR OF THE HOUSE

ਸਿਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਏਜੰਡੇ ਦੀ ਅਗਲੀ ਆਈਟਮ ਲਈ ਜਾਵੇ ਮੈਂ ਇਕ ਵਾਅਕੇ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜੋ ਕਿ ਅੱਜ ਇਸ ਸਦਨ ਦੀਆਂ ਗੈਲਰੀਆਂ ਵਿਚ ਵਾਪਰਿਆ । ਉਹ ਬੜਾ ਅਨਡਿਜ਼ਾਇਰੇਬਲ ਵਾਕਿਆ ਸੀ । ਕੁਝ ਬੰਦਿਆਂ ਨੇ ਗੈਲਰੀਆਂ ਵਿਚੋ ਨਾਹਰੇ ਮਾਰਦੇ ਹੋਏ ਹਾਊਸ ਵਿਚ ਲੀਫ-ਲੈਟਸ ਸੁਟੇ । ਇਸ ਨਾਲ ਹਾਊਸ ਦੀ ਪਵਿਤਰਤਾ ਭੰਗ ਹੋਈ । ਇਸ ਢੰਗ ਨਾਲ ਜੋ ਕੁਝ ਹੋਇਆ ਹੈ ਉਹ ਕਲੀਅਰਲੀ ਹਾਊਸ ਦੀ ਕੰਟੈਂਪਟ ਹੈ ਇਸ ਲਈ ਤੁਹਾਡੀ ਆਗਿਆ ਦੇ ਨਾਲ—

I beg ta move—

That this House resolves that the following persons calling themselevs as—

1. S. Amrik Singh s/o S. Sajjan Singh of V. Kakowal, Tehsil and District Ludhiana.
2. S. Harchand Singh s/o S.Dalip Singh V. Khasi Kalan, Teh. & Distt. Ludhiana.
3. S. Gurmail Singh s/o S. Sher Singh V. Khasi Kalan, Teh & Distt. Ludhiana.
4. S. Dhuman Singh s/o S. Lal Singh V. Khasi Kalan, Teh. & Distt. Ludhiana.
5. S. Amrik Singh s/o S. Kehar Singh, V. Khasi Kalan, Teh. & District Ludhiana.

(Education Minister)

6. S. Manmohan Singh s/o S. Ramdit Singh, V. Hawas, Teh. & Distt Ludhiana.

who threw some leaflets from the Visitors Gallery on the floor of the House at 3.15 p.m. today and whom the Watch and Ward Officer took into custody immediately, have committed a grave offence and are guilty of the contempt of the House.

This House further resolves that they should be kept in the custody of the Sergeant-at-Arms till the rising of the House today.

Mr. Speaker : Motion moved—

This House resolves that the following persons calling themselves as—

1. S. Amrik Singh s/o S. Sajjan Singh, V. Kakowal, Teh. & Distt. Ludhiana.
2. S. Harchand Singh s/o S. Dalip Singh, V. Khasi Kalan, Teh. & Distt. Ludhiana.
3. S. Gurmail Singh s/o S. Sher Singh, V. Khasi Kalan, Teh. & District Ludhaina.
4. S. Dhuman Singh s/o S. Lal Singh, V. Khasi Kalan, Teh. & District Ludhiana.
5. S. Amrik Singh s/o S. Kehar Singh, V. Khasi Kalan, Teh. & Distt. Ludhiana.
6. S. Manmohan Singh s/o S. Ramdit Singh, V. Hawas, Teh. & Distt Ludhiana.

who threw some leaflets from rhe Visitors Gallery on the floor of the House at 3.15 p.m. today and whom the Watch and Ward Officer took into custody immediately, have committed a grave offence and are guilty of the contempt of the House.

This House further resolves that they should be kept in the custody of the Serjeant-at-Arms till the rising of the House today.

Mr. Speaker : Question is—

This House resolves that the following persons calling themselves as—

1. S.Amrik Singh s/o S. Sajjan Singh, V. Kakowal, Teh. & Distt Ludhiana.
2. S. Harchand Singh s/o S. Dalip Singh, V. Khasi Kalan, Teh & District Ludhiana.
3. S. Gurmail Singh s/o S. Sher Singh, V. Khasi Kalan, Teh. & Distt. Ludhiana.
4. S. Dhuman Singh s/o S. Lal Singh, V. Khasi Kalan, Teh. & Distt. Ludhiana.
5. S. Amrik Singh s/o S. Kehar Singh, V. Khasi Kalan, Teh. & Distt. Ludhiana.
6. S. Manmohan Singh s/o S. Ramdit Singh, V. Hawas, Teh. & Distt. Ludhiana.

who threw some leaflets from the Visitors Gallery on the floor of the House at 3.15 P.M. today and whom the Watch and Ward Officer took into custody immediately have committed a grave offence and are guilty of the contempt of the House.

This House further resolves that they should be kept in the custody of the Serjeant-at-Arms till the rising of the House today.

The Motion was carried unanimously.

Acharya Prithvi Singh Azad : Through you, Sir, I would like to know the Hon'ble members who gave them passes today.

Chaudhri Darshan Singh : Displeasure of the House may be conveyed to those Hon'ble members.

Mr. Speaker : I will check up and inform this august House.

ਸਰਦਾਰ ਅਜਾਇਬ ਸਿੰਘ ਸੰਧੂ : ਹੋ ਸਕਦਾ ਹੈ ਕਿ ਇਨ੍ਹਾਂ ਵਿਚੋਂ ਹੀ ਕਿਸੇ ਨੇ ਪਾਸ ਇਸ਼ੂ ਕੀਤੇ ਹੋਣ । (ਸ਼ੋਰ) (ਵਿਘਨ)

ਚੌਧਰੀ ਦਰਸ਼ਨ ਸਿੰਘ : ਜੇ ਸਾਡੇ ਵਿਚੋਂ ਕਿਸੇ ਨੇ ਇਸ਼ੂ ਕੀਤਾ ਹੈ ਤਾਂ ਅਸੀਂ ਬੋਲਡਲੀ ਐਡਮਿਟ ਕਰਾਂਗੇ ਤੇ ਜੇ ਤੁਹਾਡੇ ਵਿਚੋਂ ਕਿਸੇ ਨੇ ਪਾਸ ਇਸ਼ੂ ਕੀਤੇ ਹਨ ਤਾਂ ਤੁਹਾਨੂੰ ਗ੍ਰੇਸਫੁਲੀ ਮੰਨ ਲੈਣਾ ਚਾਹੀਦਾ ਹੈ (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਕਈ ਆਦਮੀਂ ਆਕੇ ਪਾਸਾਂ ਲਈ ਸਾਈਨ ਕਰਵਾ ਲੈਂਦੇ ਹਨ ਪਰ ਸਾਨੂੰ ਇਹ ਕਿਸ ਤਰ੍ਹਾਂ ਪਤਾ ਲਗ ਸਕਦਾ ਹੈ ਕਿ ਉਹ ਅੰਦਰ ਜਾ ਕੇ ਕੀ ਕਰਨਗੇ । (ਵਿਘਨ) (ਸ਼ੋਰ)

ਚੌਧਰੀ ਦਰਸ਼ਨ ਸਿੰਘ : ਇਹ ਪਾਸ ਬਾਦਲ ਸਾਹਿਬ ਨੇ ਇਸ਼ੂ ਕੀਤੇ ਹਨ ਅਤੇ ਉਨ੍ਹਾਂ ਨੇ ਬਾਹਰ ਵੀਂ ਮੁਜ਼ਾਹਰਾ ਕਰਵਾਇਆ ਸੀ ਅਤੇ ਅਜ ਅੰਦਰ ਵੀ ਕਰਵਾਇਆ ਹੈ । (ਵਿਘਨ) (ਸ਼ੋਰ)

ਸਰਦਾਰ ਜਸਦੇਵ ਸਿੰਘ ਸੰਧੂ : ਇਹ ਇਕ ਮਾਨਯੋਗ ਮੈਂਬਰ ਤੇ ਐਸਪਰਸ਼ਨ ਹੈ ਇਹ ਸ਼ਬਦ ਐਕਸਪੰਜ ਕਰ ਦਿਤੇ ਜਾਣੇ ਚਾਹੀਦੇ ਹਨ । (ਵਿਘਨ) (ਸ਼ੋਰ)

THE PUNJAB HOUSJNG DEVELOPMENT BOARD BILL, 1972
(*Resumption*)

Mr. Speaker : Now the House will proceed to consider the Bill clause by clause. Comrade Raj Kumar and Comrade Satyapal Dang have given a notice to move for a new clause.

Comrade Satyapal Dang : I beg for leave to move the following new clause :—

That after clause 1, the following new clause be *added*—

"*Declaration* 1-A.—It is hereby declared that this is being enacted for the fulfilment of the objectives of State policy as enunciated in clauses (b) and (c) of Article 39 of the Constitution of India."

ਮੈਂ ਬੇਨਤੀ ਕਰਨੀ ਹੈ ਕਿ ਕੈਪਟਨ ਸਾਹਿਬ ਨੇ ਜਿਨ੍ਹਾਂ ਸੈਂਟੀਮੈਂਟਸ ਦਾ ਇਜ਼ਹਾਰ ਕੀਤਾ, ਸੋਸ਼ਲਿਜ਼ਮ ਕੀ ਚੀਜ਼ ਹੈ ਇਸ ਵਲ ਮੈਂ ਨਹੀਂ ਜਾਣਾ ਚਾਹੁੰਦਾ (ਵਿਘਨ) ਸ਼ਹਿਰਾਂ ਵਿਚ, ਪਿੰਡਾਂ ਵਿਚ ਗਰੀਬ ਲੋਕਾਂ ਲਈ ਮਕਾਨਾਂ ਦਾ ਪਰਬੰਧ ਹੋਵੇ । ਮੈਂ ਬੇਨਤੀ ਕਰਨੀ ਹੈ ਜਿੰਨਾ ਚਿਰ ਸ਼ਹਿਰਾਂ ਅੰਦਰ ਜਿੰਨੀ ਜ਼ਮੀਨ ਹੈ ਉਸ ਨੂੰ ਅਗਰ ਮਾਰਕਿਟ ਵੈਲਿਊ ਤੇ ਲੈਕੇ ਮਕਾਨ ਬਣਾਉਣੇ ਹਨ ਤਾਂ ਮਕਾਨ ਨਹੀਂ ਮਿਲਦੇ। ਜਿਹੜੀ ਕੈਪਟਨ ਸਾਹਿਬ ਨੇ ਇਹ ਗਲ ਕਹੀ ਹੈ ਕਾਂਸਟੀਚਿਊਸ਼ਨ ਦੀ ਦੋ ਧਾਰਾਂ ਨੂੰ ਜਿਨ੍ਹਾਂ ਵਿਚ ਡਿਕਲੇਰੇਸ਼ਨ ਕਰਕੇ ਬਾਅਦ ਵਿਚ ਵਿਧਾਨ ਸਭਾ ਤੋਂ ਸਰਕਾਰ ਨੂੰ ਅਖਤਿਆਰ ਮਿਲ ਜਾਵੇਗਾ (ਵਿਘਨ) ਕਿ ਸਸਤੇ ਮਕਾਨ ਬਨਾਉਣ ਵਾਸਤੇ ਜੋ ਵੀ ਸਰਕਾਰ ਸਮਝੇ ਉਹ ਕਰੇ । ਕੀ ਇਸ ਤਰ੍ਹਾਂ ਨਾਲ ਗਰੀਬਾਂ ਨੂੰ ਸਸਤੇ ਮਕਾਨ ਬਣਾ ਕੇ ਦਿਤੇ ਜਾ ਸਕਦੇ ਹਨ ? ਕੈਪਟਨ ਸਾਹਿਬ ਕਹਿੰਦੇ ਹਨ ਕਿ ਧਾਰਾ ਇਥੇ ਲਾਗੂ ਨਹੀਂ ਹੈ । ਮੈਂ ਪੜ੍ਹ ਕੇ ਸੁਣਾਉਂਦਾ ਹਾਂ ।

Article 39 reads—

"The State shall, in particular, direct its policy towards securing—

(a) that the citizens, men and women equally, have the right to an adequate means of livelihood;

(b) that the ownership and control of the material resources of the community are so distributed as best to subserve the common good;

(c) that the operation of the economic system does not result in the concentration of wealth and means of production to the common detriment........"

[ਕਾਮਰੇਡ ਸੱਤ ਪਾਲ ਡਾਂਗ]

ਇਹ ਕਾਫ਼ੀ ਵਾਈਡ ਹੈ। ਇਹ ਐਪਲੀਕੇਬਲ ਨਹੀਂ ਹੁੰਦੀ ਤਾਂ ਮੈਨੂੰ ਸਮਝ ਨਹੀਂ ਆਈ। ਇਹ ਡਿਕਲੇਰੇਸ਼ਨ ਕਰਕੇ ਹੀ ਸਸਤੇ ਮਕਾਨ ਬਣਾਉਣਾ ਸੰਭਵ ਹੋਵੇਗਾ।

Mr. Speaker : Motion moved—

That leave be granted to move the following new clause :—

That after clause 1, the following new clause be *added* :—

"Declaration 1-A.—It is hereby declared that this is being enacted for the fulfilment of the objectives of State Policy as enunciated in clauses (b) and (c) of Article 39 of the Constitution of India,'

Mr. Speaker : Question is—

That leave be granted to move the following new caluse:—

That after clause 1, the following new clause be *added* :—

"Declaration. 1-A.—It is hereby declared that this is being enacted for the fulfilment of the objectives of State Policy as enunciated in clauses (b) and (c) of Article 39 of the Constitution of India."

(After ascertaining the votes of the House by voices, Mr. Speaker said I think Noes have it'. This opinion was challenged. The bells were sounded. The question was put again and Mr. Speaker said, I think Noes have it'. Again it was challenged. The Members were asked to rise in their places. Thirty Members rose in support of the motion and sixty-one against the motion. The motion was declared lost.)

Ayes 30

Noes 61

The motion was lost.

CLAUSE 2

Mr. Speaker : Question is—

That Clause 2 stand part of the Bill.

The motion was carried.

CLAUSE 3

Mr. Speaker : Question is—

That Clause 3 stand part of the Bill.

The motion was carried.

CLAUSE 4

Mr. Speaker : Comrade Raj Kumar and Comrade Satyapal Dang have given notices of amendments to this clause.

Comrade Satyapal Dang : Sir, I beg to move the following two amendments—

In sub-clause (1), at the and *add*—

"(d) three M.L.A.s elected by the Punjab Vidhan Sabha on the basis of proportional representation, as part-time Members".

At the end of sub-clause (2), *add* the following :—

"The Members referred to in sub-section (1) (d) shall be entitled only to travelling and Daily Allowances in accordance with the Punjab Legislative Assembly (Allowances of Members) Act, 1942."

Mr. Speaker : Motion moved—

In sub-clause (1), at the end *add*.—

"(d) three M.L.A.s elected by the Punjab Vidhan Sabha on the basis of proportional representation, as part-time Members."

Mr. Speaker : Motion moved—

At the end of sub-clause (2), *add* the following:—

"The Members referred to in sub-section (1) (d) shall be entitled only to Travelling and Daily Allowances in accordance with the Punjab Legislative Assembly (Allowances of Members) Act, 1942."

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਸੀ ਆਨਰੇਬਲ ਮੈਂਬਰ ਡਾਂਗ ਸਾਹਿਬ ਨੂੰ ਕਿ ਇਥੇ ਇਹ ਅਨ-ਨਸੈਸਰੀ ਹੈ ਔਰ ਇਹ ਬਿਲ ਨੂੰ ਮਦਦ ਨਹੀਂ ਕਰਦਾ ਸਗੋਂ ਨੁਕਸਾਨ ਕਰਦਾ ਹੈ। ਜਿਹੜਾ ਇਨ੍ਹਾਂ ਨੇ ਕੋਟ ਕੀਤਾ ਹੈ ਇਹ ਵੀ ਚੰਗੀ ਅੰਗਰੇਜ਼ੀ ਪੜ੍ਹੇ ਹੋਏ ਹਨ ਉਹਦਾ ਮਤਲਬ ਮੀਨਜ਼ ਆਫ਼ ਪ੍ਰੋਡਕਸ਼ਨ ਹੈ। ਹਾਊਸਿਜ਼ ਮੀਨਜ਼ ਆਫ ਪ੍ਰੋਡਕਸ਼ਨ ਨਹੀਂ। (ਵਿਘਨ)।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਚੌਧਰੀ ਰਾਮ ਸਿੰਘ ਨੇ ਵੀ ਇਸ ਗਲ ਦਾ ਬੜਾ ਜ਼ੋਰ ਦਿੱਤਾ ਹੈ ਅਤੇ ਕੈਪਟਨ ਰਤਨ ਸਿੰਘ ਨੇ ਵੀ ਕਿਹਾ ਹੈ ਕਿ ਅਸੀਂ ਕਮਿਟਡ ਟੂ ਦੀ ਕਾਜ਼ ਬੰਦ ਲਵਾਂਗੇ ਪਰ ਮੇਰੀ ਤਰਮੀਮ ਇਹ ਹੈ ਕਿ ਇਸ ਬੋਰਡ ਦੇ ਵਿਚ 3 ਐਮ.ਐਲ.ਏਜ਼. ਮੈਂਬਰ ਬਣਾਏ ਜਾਣ ਉਹ ਇਸ ਵਿਚ ਬੜੀ ਮੱਦਦ ਦੇਣਗੇ।

ਵਿਕਾਸ ਮੰਤਰੀ : ਡਾਂਗ ਸਾਹਿਬ ਨੂੰ ਯਾਦ ਨਹੀਂ ਇਨ੍ਹਾਂ ਨੇ ਇਤਰਾਜ਼ ਕੀਤਾ ਸੀ ਕਿ ਐਮ. ਐਲ. ਏਜ਼. ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਦੇ ਮੈਂਬਰ ਬਣਾਏ ਗਏ ਸੀ ਤੇ ਜੇ ਇਸ ਦੇ ਬੋਰਡ ਦੇ ਐਮ. ਐਲ. ਏਜ਼ ਮੈਂਬਰ ਬਣਾ ਦਿਤੇ ਜਾਣ ਤਾਂ ਦੇ ਵਿਲ ਇਨਕਰ ਡਿਸਕੁਆਲੀਫੀਕੇਸ਼ਨ। ਇਸ ਕਰਕੇ ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਇਸ ਚੀਜ਼ ਨੂੰ ਸਟੱਡੀ ਨਹੀਂ ਕੀਤਾ।

ਕਾਮਰੇਡ ਸੱਤ ਪਾਲ ਡਾਂਗ : ਤੁਸੀਂ ਇਸ ਨੂੰ ਅੱਗੇ ਪੜ੍ਹ ਲਵੋ।

ਵਿਕਾਸ ਮੰਤਰੀ : ਉਹ ਕੋਈ ਪੇਮੈਂਟ ਨਾ ਲੈਣ, ਕੁਝ ਵੀ ਨਾ ਲੈਣ ਈਵਨ ਦੈਨ ਦੇ ਇਨਕਰ ਡਿਸਕੁਆਲੀਫੀਕੇਸ਼ਨ। ਮੈਂ ਲਾ ਡੀਪਾਰਟਮੈਂਟ ਕੋਲੋਂ ਪੁਛ ਲਿਆ ਹੈ। ਇਸ ਲਈ ਮੈਂ ਇਨ੍ਹਾਂ ਦੀ ਅਮੈਂਡਮੈਂਟ ਨਹੀਂ ਮੰਨ ਸਕਦਾ। ਜੇ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਦੇ ਐਮ.ਐਲ.ਏਜ਼. ਮੈਂਬਰ ਬਣੇ ਸੀ ਤਾਂ ਤੁਸੀਂ ਇਤਰਾਜ਼ ਕੀਤਾ ਸੀ। ਇਸ ਕਰਕੇ ਇਹ ਵੀ ਉਸੇ ਤਰ੍ਹਾਂ ਦਾ ਬੋਰਡ ਹੈ ਇਸ ਕਰਕੇ ਇਹ ਇਸ ਵਿਚ ਵੀ ਨਹੀਂ ਆਉਣੇ ਚਾਹੀਦੇ। ਇਸ ਕਰਕੇ ਮੈਨੂੰ ਅਫ਼ਸੋਸ ਹੈ ਕਿ ਮੈਂ ਇਸ ਅਮੈਂਡਮੈਂਟ ਨੂੰ ਐਕਸੈਪਟ ਨਹੀਂ ਕਰ ਸਕਦਾ।

PERSONAL EXPLANATION BY COMRADE SATYA PAL DANG

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ ਸਰ। ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਬੜੀ ਦੇਰ ਦੀ ਬਣੀ ਹੋਈ ਹੈ ਉਸ ਦੇ ਬੋਰਡ ਆਫ਼ ਡਾਇਰੈਕਟਰ ਦੇ ਲਈ ਰਿਮੂਨੀਰੇਸ਼ਨ ਪਰੋਵਾਈਡਿਡ ਹੈ। ਅਕਾਲੀ ਮਨਿਸਟਰੀ ਨੇ ਉਸ ਦੇ ਤਿਨ ਐਮ. ਐਲ. ਏਜ਼ ਡਾਇਰੈਕਟਰ ਬਣਾ ਦਿੱਤੇ। ਮੈਂ ਐਪਲੀਕੇਸ਼ਨ ਦੇ ਦਿੱਤੀ। ਇਨ੍ਹਾਂ ਡਿਸਕੁਆਲੀਫੀਕੇਸ਼ਨ ਇਨਕਰ ਕਰ ਲਈ। ਪਰ ਐਗਰੋ ਇੰਡਸਟਰੀਜ਼ ਦੀ ਕੰਸਟੀਚਿਊਸ਼ਨ ਡਿਫਰੈਂਟ ਹੈ। ਜਦ ਐਮ.ਐਲ.ਏਜ਼. ਨੂੰ ਬੋਰਡ ਦੇ ਵਿਚ ਜਾਂ ਯੂਨੀਵਰਸਿਟੀ ਦੇ ਵਿਚ ਕੋਈ ਤਨਖਾਹ ਨਾ ਮਿਲੇ ਸਿਵਾਏ ਅਸੈਂਬਲੀ ਦੇ ਮੈਂਬਰ ਦੇ ਜੋ ਮਿਲਦਾ ਹੈ ਤਾਂ ਕੋਈ ਡਿਸਕੁਆਲੀ- ਫੀਕੇਸ਼ਨ ਇਨਕਰ ਨਹੀਂ ਕਰਦੇ। ਪਰ ਲਾ ਡੀਪਾਰਟਮੈਂਟ ਨੇ ਇਹ ਜੋ ਇਨ੍ਹਾਂ ਨੂੰ ਐਡਵਾਈਸ ਕੀਤਾ ਹੈ, ਇਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਲਾ ਦਾ ਪਤਾ ਨਹੀਂ ਹੈ। ਇਸ ਲਈ ਲਾ ਡੀਪਾਰਟਮੈਂਟ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਦੇ ਰੂਲਜ਼ ਦੇ ਵਿਚ ਇਹ ਪਰੋਵਾਈਡਿਡ ਹੈ ਕਿ ਉਨ੍ਹਾਂ ਦੇ ਡਾਇਰੈਕਟਰਜ਼ ਨੂੰ ਰਿਮੂਨੀਰੇਸ਼ਨ ਮਿਲੇਗਾ। ਇਸ ਕਰਕੇ ਜਿਹੜਾ ਐਮ.ਐਲ.ਏਜ਼. ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦਾ ਡਾਇਰੈਕਟਰ ਬਣਦਾ ਹੈ ਉਹ ਡਿਸਕੁਆਲੀਫੀਕੇਸ਼ਨ ਇਨਕਰ ਕਰਦਾ ਹੈ। ਅਗਰ ਰਿਮੂਨੀਰੇਸ਼ਨ ਨਾ ਦਿੱਤੀ ਜਾਵੇ ਫਿਰ ਤਾਂ ਡਿਸਕੁਆਲੀਫੀਕੇਸ਼ਨ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

THE PUNJAB HOUSING DEVELOPMENT BOARD BILL, 1972

(Resumption)

ਕਾਮਰੇਡ ਸੱਤ ਪਾਲ ਡਾਂਗ : ਰੈਂਟ ਕੰਟਰੋਲ ਐਕਟ ਦਾ ਜ਼ਮੀਨ ਇਕਵਾਇਰ ਕਰਨ ਨਾਲ ਕੀ ਤਅਲੁਕ ਹੈ । (ਵਿਘਨ) ਇਥੇ ਸੋਸ਼ਲਿਜ਼ਮ ਲਿਆਉਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਪਰ ਰੈਂਟ ਕੰਟਰੋਲ ਐਕਟ ਲਾਗੂ ਨਹੀਂ ਕੀਤਾ ਜਾਂਦਾ (ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ ਤੁਹਾਡੀ ਅਤੇ ਇਨ੍ਹਾਂ ਦੀ ਸੋਸ਼ਲਿਜ਼ਮ ਦੀ ਡੈਫ਼ੀਨੇਸ਼ਨ ਵਿਚ ਡਿਫ਼ਰੈਂਸ ਹੈ । (ਹਾਸਾ) (Dang Sahib, there is a difference between your and his definition of socialism.) (laughter)

Mr. Speaker: Question is—

That clause 95 stand part of the Bill.

The motion was carried.

CLAUSE 96

Mr. Speaker: Question is—

That clause 96 stand part of the Bill.

The motion was carried.

CLAUSE 97

Mr. Speaker: Question is—

That clause 97 stand part of the Bill.

The motion was carried.

CLAUSE 98

Mr. Speaker: Question is—

That clause 98 stand part of the Bill.

The motion was carried.

CLAUSE 99

Mr. Speaker: Question is—

That clause 99 stand part of the Bill.

The motion was carried.

CLAUSE I

Mr. Speaker: Question is—

That clause I stand part of the Bill.

The motion was carried

TITLE

Mr. Speaker: Question is—

That Title be the Title of the Bill.

The motion was carried.

Minister for Development and Agriculture (Captain Rattan Singh): Sir I beg to move—

That the Punjab Housing Development Board Bill, 1972, as amended, be passed.

Mr. Speaker: Motion moved—

That the Punjab Housing Development Board Bill, 1972, as amended be passed.

Mr Speaker: Question is—

That the Punjab Housing Development Board Bill 1972, as amended, be passed.

The motion was carried

— ——

MOTION UNDER RULE 16 FOR THE ADJOURNMENT OF THE HOUSE *Sine-Die*

Minister for Education (Sardar Umrao Singh) : I beg to move—

> That the House at its rising this day shall stand adjourned *sine die*

The Bills relating to the imposition of ceilings on Urban Property and Agricultural lands are of far-reaching implications. These measures vitally affect all sections of the people in the State.

The various aspects of sucb measures are under active consideration at the All India level, as well as in the various States. A large number of Members have also indicated that the members of the House should get adequate time and opportunity to cosider the implications of these measures.

Government have no intention of pushing through measures of such far reaching importance. It has accordingly been considered desirable not to take up these Bills at this stage. Government would, however, like to make it clear that these measures would be taken up for enactment within the shortest possible pariod.

Mr. Speaker : Motion moved—

> That the House at its rising this day shall stand adjourned *sine die.*

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜੀ ਮੋਸ਼ਨ ਸਾਈਨੇ ਡਾਈ ਵਾਲੀ ਮਨਿਸਟਰ ਸਾਹਿਬ ਹੁਣ ਲਿਆਏ ਹਨ ਇਹ ਸਵੇਰੇ ਲਿਆਉਣੀ ਚਾਹੀਦੀ ਸੀ। ਅਸਲ ਵਿਚ ਗਲ ਇਹ ਹੈ ਕਿ ਇਹ ਭਜਣਾ ਚਾਹੁੰਦੇ ਹਨ, ਇਸ ਲਈ ਇਹ ਹੁਣ ਇਹ ਮੋਸ਼ਨ ਲਿਆਏ ਹਨ। ਇਹ ਨਾਹਰੇ ਤਾਂ ਸਮਾਜਵਾਦ ਅਤੇ ਹਰੀਜਨਾਂ ਦੀ ਭਲਾਈ ਦੇ ਬੜੇ ਲਾਉਂਦੇ ਹਨ ਪਰ ਇਥੇ ਸੀਲਿੰਗ ਬਿਲਜ਼ ਪਾਸ ਨਹੀਂ ਕਰਵਾ ਰਹੇ। ਅਸਲ ਵਿਚ ਇਨ੍ਹਾਂ ਨੂੰ ਪਤਾ ਲਗ ਗਿਆ ਸੀ ਕਿ ਇਥੇ ਇਹ ਬਿਲ ਇਨ੍ਹਾਂ ਦੀ ਪਾਰਟੀ ਦੇ ਬੰਦਿਆਂ ਨੇ ਪਾਸ ਨਹੀਂ ਸੀ ਹੋਣ ਦੇਣਾ।

ਇਨ੍ਹਾਂ ਨੇ ਡਿਫੀਟ ਮਨਜ਼ੂਰ ਕਰ ਲਈ ਹੈ ਇਸ ਕਰਕੇ ਬਿਲਾਂ ਨੂੰ ਵਾਪਸ ਲਈ ਜਾਂਦੇ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਉਂਕਿ ਸਰਕਾਰ ਇਹ ਮਹਿਸੂਸ ਕਰਦੀ ਹੈ ਕਿ ਜੇ ਬਿਲ ਇਥੇ ਹੁਣ ਪਾਸ ਹੋਣਗੇ ਤਾਂ ਉਨ੍ਹਾਂ ਦੇ ਅੰਦਰ ਬੈਠੇ ਹੋਏ ਆਨਰੇਬਲ ਮੈਂਬਰ ਪਾਸ ਨਹੀਂ ਹੋਣ ਦੇਣਗੇ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇਹ ਮਹਿਸੂਸ ਕਰ ਲਿਆ ਹੈ ਕਿ ਦੇ ਆਰ ਗੋਇੰਗ ਟੂ ਬੀ ਡਿਫੀਟਿਡ (ਵਿਘਨ) ਇਸ ਲਈ ਸਰਕਾਰ ਨੂੰ ਇਥੇ ਰਹਿਣ ਦਾ ਕੋਈ ਹੱਕ ਨਹੀ ਹੈ (ਵਿਘਨ) ਇਨ੍ਹਾਂ ਨੂੰ ਰਿਜ਼ਾਇਨ

[ਸਰਦਾਰ ਅਜਾਇਬ ਸਿੰਘ ਸੰਧੂ]

ਕਰਨਾ ਚਾਹੀਦਾ ਹੈ । ਇਨ੍ਹਾਂ ਨੇ ਮਹਿਸੂਸ ਕਰ ਲਿਆ ਹੈ ਕਿ ਅਸੀਂ ਡਿਫੀਟ ਹੋਣ ਜਾ ਰਹੇ ਹਾਂ । ਇਸ ਕਰਕੇ ਡਿਫੀਟ ਨਾ ਹੋਏ, ਇਹ ਨਵਾਂ ਢੰਗ ਲਭਿਆ ਹੈ । ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੇ ਹਾਰ ਮੰਨ ਲਈ ਹੈ । ਇਸ ਕਰਕੇ ਇਹ ਮੈਦਾਨ ਛਡ ਕੇ ਭਜ ਰਹੇ ਹਨ । ਇਨ੍ਹਾਂ ਨੂੰ ਕਹੋ ਕਿ ਇਹ ਡੈਮੋਕਰੇਸੀ ਦਾ ਕਤਲ ਨਾ ਕਰਨ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ, ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਇਹ ਦੋਵੇਂ ਬਿਲ ਸੀਲਿੰਗ ਆਨ ਅਰਬਨ ਪ੍ਰਾਪਰਟੀ ਅਤੇ ਸੀਲਿੰਗ ਆਨ ਲੈਂਡ ਪ੍ਰਾਪਰਟੀ (ਵਿਘਨ) ਇਨ੍ਹਾਂ ਦੇ ਪਾਸ ਹੋਣ ਨਾਲ ਕੋਈ ਫਾਇਦਾ ਨਹੀਂ ਪੁਜਣਾ ਸੀ । ਇਹ ਠੀਕ ਹੈ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਇਸ ਵੇਲੇ ਥਿੰਕਿੰਗ ਹੋ ਰਹੀ ਹੈ ਅਤੇ ਇਸ ਦੀ ਰੋਸ਼ਨੀ ਵਿਚ ਇਸ ਡਿਸਕਸ਼ਨ ਤੋਂ ਬਾਅਦ ਇਹ ਬਿਲ ਆਉਣ । ਇਸ ਤੇ ਆਲ ਇੰਡੀਆ ਥਿੰਕਿੰਗ ਹੋ ਰਹੀ ਹੈ, ਇਹ ਠੀਕ ਹੈ । ਅਗੇ ਵੀ ਲੈਂਡ ਰਿਫਾਰਮਜ਼ ਕਮੇਟੀ ਦੀਆਂ ਸੁਜੈਸ਼ਨਜ਼ ਆਈਆਂ ਹਨ । (ਵਿਘਨ) ਮੈਂ ਤਾਂ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਬਿਲਾਂ ਨੂੰ ਜੋ ਇਸ ਵੇਲੇ ਪਿਛੇ ਪਾਇਆ ਜਾ ਰਿਹਾ ਹੈ, ਇਸ ਦੌਰਾਨ ਜੋ ਜ਼ਮੀਨਾਂ ਦੀ ਸੇਲ, ਟਰਾਂਸਫਰ ਜੋ ਵੀ ਹੋਇਆ ਜਾਂ ਇਸ ਵੇਲੇ ਵੀ ਰੌਲਾ ਪਿਆ ਹੈ, ਹਜ਼ਾਰਾਂ ਆਦਮੀਆਂ ਨੇ ਜ਼ਮੀਨਾਂ ਟਰਾਂਸਫਰ ਕੀਤੀਆਂ ਹਨ, ਕਿਸੇ ਨੇ ਪਾਰਟੀਸ਼ਨ ਕੀਤੀਆਂ ਹਨ ਅਤੇ ਜੇ ਇਸ ਐਕਟ ਨੂੰ ਰਿਟ੍ਰਾਸਪੈਕਟਿਵ ਇਫੈਕਟ ਨਾ ਦਿੰਦੇ ਤਾਂ ਇਸ ਦਾ ਕੋਈ ਲਾਭ ਨਹੀਂ ਹੋਣਾ ਸੀ । ਜੇ ਹੁਣ ਇਕ ਜਾਂ ਦੋ ਮਹੀਨੇ ਦੇ ਬਾਅਦ ਵਿਚਾਰ ਕਰਨ ਤੋਂ ਬਾਅਦ ਇਹ ਬਿਲ ਲਿਆਉਣਾ ਹੈ ਤਾਂ ਇਸ ਸਮੇਂ ਦੌਰਾਨ ਜੋ ਜ਼ਮੀਨਾਂ ਦੀਆਂ ਟਰਾਂਸਫਰਾਂ ਹੋਣਗੀਆਂ ਇਸ ਚੀਜ਼ ਨੂੰ ਰੋਕਣ ਵਾਸਤੇ [illegible] ਆਰਡੀਨੈਂਸ ਚਾਹੀਦਾ ਹੈ । (ਵਿਘਨ) ਹਰ ਕਿਸਮ ਦੀ ਟਰਾਂਸਫਰ ਆਫ ਲੈਂਡ ਬੈਨ ਕੀਤੀ ਜਾਵੇ । ਜਿੰਨਾਂ ਚਿਰ ਤੱਕ ਇਹ ਚੀਜ਼ ਬੈਨ ਨਹੀਂ ਕੀਤੀ ਜਾਂਦੀ ਉਦੋਂ ਤੱਕ ਕੋਈ ਲਾਭ ਨਹੀਂ ਪੁਜੇਗਾ । ਇਹ ਅਰਬਨ ਅਤੇ ਰੂਰਲ ਪ੍ਰਾਪਰਟੀ ਵਾਸਤੇ ਦੋਵਾਂ ਵਾਸਤੇ ਜ਼ਰੂਰੀ ਹੈ । ਇਹ ਚੀਜ਼ ਲੀਗਲੀ ਵੀ ਹੋ ਸਕਦੀ ਹੈ । (ਵਿਘਨ) ਗੌਰਮਿੰਟ ਯਕੀਨ ਦਿਲਾਏ ਕਿ ਜਦ ਤਕ ਹਾਊਸ ਵਿਚ ਨਵਾਂ ਕਾਨੂੰਨ ਨਹੀਂ ਆਉਂਦਾ ਉਦੋਂ ਤਕ ਜ਼ਮੀਨਾਂ ਨੂੰ ਟਰਾਂਸਫਰ ਨਹੀਂ ਕੀਤਾ ਜਾ ਸਕਦਾ ਅਤੇ ਸੇਲ ਆਫ ਲੈਂਡ ਵਿਲ ਬੀ ਕੰਸਿਡਰਡ ਐਜ਼ ਇਨਵੈਲਿਡ । ਇਸ ਕਿਸਮ ਦਾ ਆਰਡੀਨੈਂਸ ਲਿਆਉਣ ਦਾ ਸਰਕਾਰ ਵਿਸ਼ਵਾਸ਼ ਦਿਲਾਏ । ਇਹ ਦੋਵੇਂ ਬਿਲ ਸੀਲਿੰਗ ਆਫ ਲੈਂਡ ਔਰ ਸੀਲਿੰਗ ਆਨ ਅਰਬਨ ਪ੍ਰਾਪਰਟੀ ਚੰਗੀ ਡਾਇਰੈਕਸ਼ਨ ਨਾਲ ਹੋਰ ਅੱਛੇ ਬਣ ਜਾਣਗੇ । (ਘੰਟੀ) ਇਸ ਕਰਕੇ ਇਹਦੇ ਪੋਸਟਪੋਨ ਹੋਣ ਦਾ ਕੋਈ ਫਾਇਦਾ ਹੋਵੇਗਾ । (ਵਿਘਨ) ਮੈਂ ਸਮਝਦਾ ਹਾਂ ਕਿ ਇਸ ਦ ਪੋਸਟਪੋਨਮੈਂਟ ਠੀਕ ਹੋਵੇਗੀ ਅਤੇ ਫੇਰ ਸਾਨੂੰ ਇਤਰਾਜ਼ ਤਾਂ ਕੀ ਹੋਣਾ ਹੈ ਅਸੀਂ ਇਸ ਦੀ ਹਮਾਇਤ ਕਰਾਂਗੇ । (ਵਿਘਨ)

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਵਿਦ ਦੀ ਪਰਮਿਸ਼ਨ ਆਫ ਦੀ ਚੇਅਰ, ਸਪੀਕਰ ਸਾਹਿਬ, ਸਾਡੀ ਪਾਰਟੀ ਸੋਸ਼ਲਿਜ਼ਮ ਚਾਹੁੰਦੀ ਹੈ, ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ । ਸੈਂਟਰਲ ਲੈਂਡ ਰਿਫਾਰਮਜ਼ ਕਮੇਟੀ ਦੀ ਮੀਟਿੰਗ ਪਹਿਲਾ ਮਿਤੀ 16 ਅਪਰੈਲ 1971 ਨੂੰ ਹੋਈ ਅਤੇ ਫੇਰ ਮਿਤੀ 3 ਅਗਸਤ 1971 ਨੂੰ ਹੋਈ । ਇਸ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਹਿੰਦੁਸਤਾਨ ਭਰ ਵਿਚ ਲੈਂਡ ਸੀਲਿੰਗ ਅਤੇ ਅਰਬਨ ਸੀਲਿੰਗ ਲਿਆਈ ਜਾਵੇ । ਮਿਤੀ 4 ਅਗਸਤ 1971 ਨੂੰ ਰਾਜ ਸਭਾ ਵਿਚ ਵਜ਼ੀਰ ਸਾਹਿਬ ਨੇ ਬਿਆਨ ਦਿਤਾ ਕਿ ਹਿੰਦੁਸਤਾਨ ਵਿਚ ਲੈਂਡ ਸੀਲਿੰਗ ਲਿਆਈ ਜਾਵੇਗੀ ਔਰ ਇਸੀ ਮੈਨੀਫੈਸਟੋ ਤੇ ਸਾਡੀ ਪਾਰਟੀ ਨੇ ਇਥੇ ਇਲੈਕਸ਼ਨ ਲੜੇ । ਜੋ ਪਹਿਲਾਂ ਮੈਨੀਫੈਸਟੋ ਤਿਆਰ ਕੀਤਾ ਉਸ ਵਿਚ ਵਾਜ਼ਾ

ਤੌਰ ਤੇ ਇਲਾਨ ਕੀਤਾ ਗਿਆ ਸੀ ਕਿ ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿਚ ਲੈਂਡ ਸੀਲਿੰਗ ਅਤੇ ਅਰਬਨ ਪ੍ਰਾਪਰਟੀ ਤੇ ਸੀਲਿੰਗ ਲਗਾਈ ਜਾਵੇਗੀ । ਸਾਡੀ ਪਾਰਟੀ ਇਸ ਤੇ ਕਮਿਟਿਡ ਹੈ (ਵਿਘਨ) ਇਸ ਤੇ ਸਾਡੀ ਪਾਰਟੀ ਵਿਚ ਡਿਫਰੈਂਸ ਆਫ਼ ਐਪੀਨੀਅਨ ਤਾਂ ਹੋ ਸਕਦਾ ਹੈ ਲੇਕਿਨ ਇਹ ਚੀਜ਼ ਬਿਲਕੁਲ ਸਾਫ਼ ਹੈ ਕਿ ਸਾਡੀ ਪਾਰਟੀ ਇਸ ਵਲ ਕਮਿਟਿਡ ਹੈ (ਥੰਪਿੰਗ) ਇਸ ਬਿਲ ਦੀ ਸਕ੍ਰੀਨਿੰਗ ਕਰਨ ਵਾਸਤੇ ਸੈਂਟਰ ਵਿਚ ਮੀਟਿੰਗਾਂ ਹੋ ਰਹੀਆਂ ਹਨ। ਇਸ ਬਾਰੇ ਰਪੋਰਟ ਵਿਚ ਤਾਂ ਕੁਝ ਕਨਫਿਊਜ਼ਨ ਹੈ ਲੇਕਿਨ ਪਾਰਟੀ ਦੇ ਦਿਮਾਗ ਵਿਚ ਕੋਈ ਕਨਫਿਊਜ਼ਨ ਨਹੀਂ ਹੈ । ਇਸ ਤੇ ਅਸੀਂ ਸਾਰੇ ਇਕੱਠੇ ਹਾਂ । ਇਹ ਬਿਲ ਵਾਪਸ ਇਸ ਕਰਕੇ ਲਏ ਗਏ ਹਨ ਤਾਂ ਕਿ ਸਾਰੇ ਜਣੇ, ਤੁਸੀਂ ਵੀ ਅਤੇ ਅਸੀਂ ਵੀ, ਇਨ੍ਹਾਂ ਬਿਲਾਂ ਨੂੰ ਪੜ੍ਹ ਲਈਏ (ਵਿਘਨ) ਜਿੰਨੀਆਂ ਵੀ ਅਮੈਂਡਮੈਂਟਾਂ ਆਈਆਂ ਹਨ ਇਨ੍ਹਾਂ ਨੂੰ ਧਿਆਨ ਵਿਚ ਰਖ ਕੇ ਅਸੀਂ ਚਾਹੁੰਦੇ ਹਾਂ ਕਿ ਹੋਰ ਵੀ ਅਛਾ ਅਤੇ ਪ੍ਰੋਗਰੈਸਿਵ ਬਿਲ ਲਿਆਈਏ । ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਦੋ ਮਹੀਨੇ ਦਾ ਰੌਲਾ ਪੈ ਰਿਹਾ ਹੈ ਕਿ ਸਮਾਜਵਾਦ ਲਿਆਉਣਾ ਹੈ। ਇਹ ਲੋਕਾਂ ਨੂੰ ਨਾਹਰਿਆਂ ਵਿਚ ਹੀ ਰਖ ਰਹੇ ਹਨ (ਵਿਘਨ) (ਸ਼ੋਰ) ਇਹ ਸਮਾਜਵਾਦ ਦਾ ਨਾਅਰਾ ਲਗਾਈ ਜਾਂਦੇ ਹਨ ਅਤੇ ਕਰਦੇ ਕੁਝ ਨਹੀਂ ਹਨ । (ਵਿਘਨ)

ਮੁੱਖ ਮੰਤਰੀ : ਸਤਿਕਾਰਯੋਗ ਸਪੀਕਰ ਸਾਹਿਬ, ਹਾਊਸ ਐਡਜਰਨ ਕਰਨ ਤੋਂ ਪਹਿਲਾਂ ਕੁਝ ਦੋਸਤਾਂ ਨੇ ਇਸ ਗਲ ਦਾ ਨਾਜਾਇਜ਼ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਕਿਹਾ ਹੈ ਕਿ ਸਰਕਾਰ ਭਜ ਗਈ । ਇਹ ਲਫਜ਼ ਕਿਸੇ ਜ਼ਿਮੇਵਾਰ ਆਨਰੇਬਲ ਮੈਂਬਰ ਦੇ ਮੂੰਹ ਤੋਂ ਸਜਦੇ ਨਹੀਂ ਔਰ ਉਨ੍ਹਾਂ ਦੇ ਮੂੰਹ ਵਿਚੋਂ ਜਿਨ੍ਹਾਂ ਮੈਬਰਾਂ ਦੀ ਗਿਣਤੀ ਹਾਊਸ ਵਿਚ 24 ਹੋਵੇ (ਥੰਪਿੰਗ) (ਵਿਘਨ)

ਇਕ ਅਵਾਜ਼ : ਹੁਣ ਤਾਂ 25 ਹਨ ।

ਮੁੱਖ ਮੰਤਰੀ : ਜਿਹੜੇ ਲੋਕ ਜਨਤਾ ਵਲੋਂ ਛੇਕੇ ਗਏ ਹੋਣ ਔਰ ਬੁਰੀ ਤਰ੍ਹਾਂ ਹਾਰ ਖਾ ਗਏ ਹੋਣ, ਦੋਵੇਂ ਬਿਲਾਂ ਦੀ ਮੁਖਾਲਫਤ ਕਰਦੇ ਹੋਣ, ਲੈਂਡ ਲਾਰਡਾਂ ਦੀ ਹਮਾਇਤ ਕਰਦੇ ਹੋਣ ਔਰ ਲੈਂਡ ਰਿਫਾਰਮਜ਼ ਦੇ ਖਿਲਾਫ ਹੋਣ, ਉਨ੍ਹਾਂ ਦੇ ਮੂੰਹੋਂ ਇਹ ਲਫਜ਼ ਸ਼ੋਭਦੇ ਨਹੀਂ (ਵਿਘਨ) (ਥੰਪਿੰਗ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਬਿਲ ਲੈਂਡ ਲਾਰਡਾਂ ਕੋਲੋਂ ਡਰ ਕੇ ਵਾਪਸ ਲੈ ਰਹੇ ਹਨ (ਵਿਘਨ) ਇਹ ਲੈਂਡ ਲਾਰਡਾਂ ਕੋਲੋਂ ਬਹੁਤ ਡਰਦੇ ਹਨ (ਸ਼ੋਰ) ਇਨ੍ਹਾਂ ਦੀ ਪਾਰਟੀ ਵਿਚ ਲੈਂਡ ਲਾਰਡ ਬੈਠੇ ਹਨ ਔਰ ਇਹ ਇਨ੍ਹਾਂ ਤੋਂ ਡਰਦੇ ਹਨ (ਵਿਘਨ (ਸ਼ੋਰ)

ਮੁੱਖ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਅਜ ਸਾਡੇ ਅਕਾਲੀ ਮੈਂਬਰਾਂ ਵਿਚੋਂ ਜਿਹੜੇ ਸਨਮਾਨਯੋਗ ਮੈਂਬਰ ਸ਼ਰਾਫਤ ਨਾਲ ਬੈਠੇ ਰਹੇ ਹਨ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ । ਜਿੰਨਾਂ ਵਧ ਤੋਂ ਵਧ ਇਨ੍ਹਾਂ ਵਲੋਂ ਕਿਹਾ ਜਾ ਸਕਦਾ ਸੀ ਕਿਹਾ ਗਿਆ ਔਰ ਸਾਡੇ ਮੈਂਬਰਾਂ ਨੇ ਬੜੇ ਸਬਰ ਨਾਲ ਔਰ ਫਰਾਖਦਿਲੀ ਨਾਲ ਸੁਣਿਆ ਹੈ। ਹੁਣ ਇਨ੍ਹਾਂ ਨੂੰ ਸੁਣਨ ਲਈ ਤਿਆਰ ਰਹਿਣਾ ਚਾਹੀਦਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਵਾਇਦਾ ਕੀਤਾ ਸੀ (ਵਿਘਨ) ਕਿ ਇਸੇ ਸੈਸ਼ਨ ਵਿਚ ਅਰਬਨ ਪਰਾਪਰਟੀ ਔਰ ਰੂਰਲ ਪ੍ਰਾਪਰਟੀ ਤੇ ਸੀਲਿੰਗ ਵਾਸਤੇ ਬਿਲ ਪੇਸ਼ ਕਰਾਂਗੇ ਔਰ ਇਹ ਵੀ ਕਿਹਾ ਸੀ ਕਿ ਜੇ ਹੋ ਸਕਿਆ ਤਾਂ ਇਸੇ ਸੈਸ਼ਨ ਵਿਚ ਪਾਸ ਕਰਵਾ- ਵਾਂਗੇ । (ਵਿਘਨ) ਲੇਕਿਨ ਅਸੀਂ ਪੇਸ਼ ਜ਼ਰੂਰ ਕਰਾਂਗੇ । ਅਸੀਂ ਉਹ ਵਾਇਦਾ ਪੂਰਾ ਕੀਤਾ ਔਰ ਉਹ ਬਿਲ ਲੈ ਕੇ ਆਏ । ਇਨ੍ਹਾਂ ਬਿਲਾਂ ਦੇ ਨਾਲ ਪੰਜਾਬ ਵਿਚ ਢਾਈ ਫੀ ਸਦੀ ਲੈਂਡ ਲਾਰਡਾਂ ਦਾ ਟੋਲਾ ਅਜ ਇਸ ਗਲ ਤੋਂ ਦੁਖੀ ਹੈ । (ਸ਼ੋਰ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਇਨ੍ਹਾਂ ਢਾਈ ਫੀ ਸਦੀ ਲੈਂਡ ਲਾਰਡਾਂ ਤੋਂ ਡਰਦੇ ਹੋ । (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਿਪਟੀ ਲੀਡਰ ਆਫ ਦੀ ਆਪੋਜ਼ੀਸ਼ਨ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਇਕ ਅਗੇ ਤੁਸੀਂ ਗਲਤੀ ਕੀਤੀ ਸੀ (ਵਿਘਨ) ਔਰ ਦੂਜੀ ਅੱਜ ਫੇਰ ਗਲਤੀ ਨਾਂ ਕਰੋ । ਤੁਸੀਂ ਇਨ੍ਹਾਂ ਢਾਈ ਫੀ ਸਦੀ ਲੈਂਡ ਲਾਰਡਾਂ ਦੀ ਹਮਾਇਤ ਨਾਂ ਕਰੋ (ਸ਼ੋਰ)(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਬਿਲਕੁਲ ਨਹੀਂ ਕਰਦੇ ਪਰ ਤੁਸੀਂ ਇਨ੍ਹਾਂ ਢਾਈ ਫੀ ਸਦੀ ਬੰਦਿਆਂ ਤੋਂ ਡਰਦੇ ਹੋ । (ਵਿਘਨ)

ਮੁੱਖ ਮੰਤਰੀ ; ਸਪੀਕਰ ਸਾਹਿਬ, ਮੈਂ ਉਸ ਦਿਨ ਵੀ ਯਕੀਨ ਦਿਵਾਇਆ ਸੀ ਅਤੇ ਅੱਜ ਵੀ ਇਸ ਮਹਾਨ ਹਾਊਸ ਵਿਚ ਭਰੋਸਾ ਦਿਵਾਉਂਦਾ ਹਾਂ ਕਿ ਜੋ ਜਨਤਾ ਨਾਲ ਵਾਅਦੇ ਕੀਤੇ ਸੀ ਉਹ ਪੂਰੇ ਕਰਨੇ ਹਨ ।(ਤਾੜੀਆਂ) ਤੇ ਪੰਜਾਬ ਦੇ ਅੰਦਰ ਇਕਤਸਾਦੀ ਇਨਕਲਾਬ ਪੈਦਾ ਕਰਨਾ ਹੈ। ਜੇ ਬਿਲਾਂ ਵਿਚ ਕੋਈ ਕਮੀ ਹੋਵੇ ਤਾਂ ਉਸ ਨੂੰ ਠੀਕ ਕਰਨਾ ਹੈ । ਪਰ ਇਹ ਗੱਲ ਭੁਲਣੀ ਨਹੀਂ ਚਾਹੀਦੀ ਕਿ ਸਾਡਾ ਦੇਸ਼ ਇਕ ਹੈ ਅਤੇ ਹਿੰਦੁਸਤਾਨ ਵਿਚ ਇਸ ਵਕਤ ਜਿਸ ਪਾਰਟੀ ਦਾ ਰਾਜ ਇਥੇ ਹੈ ਉਸ ਪਾਰਟੀ ਦਾ ਰਾਜ ਦੋ ਤਿੰਨ ਰਿਆਸਤਾਂ ਨੂੰ ਛਡ ਕੇ ਸਾਰੇ ਹਿੰਦੁਸਤਾਨ ਵਿਚ ਵੀ ਹੈ । ਸੈਂਟਰ ਵਿਚ ਵੀ ਹੈ। ਇਤਨੀ ਵਡੀ ਪਾਰਟੀ ਦੀਆਂ ਜ਼ਿੰਮੇਵਾਰੀਆਂ ਵੀ ਇਹ ਹਨ ਕਿ ਮੁਲਕ ਦੀ ਇਕਨਾਮਕ ਅਤੇ ਪਾਲਿਸੀ ਵਿਚ ਸਿਮੀਲੈਰਿਟੀ ਨੂੰ ਕਾਇਮ ਰੱਖਿਆ ਜਾਵੇ । ਸਪੀਕਰ ਸਾਹਿਬ, ਤੁਹਾਨੂੰ ਇਸ ਗਲ ਦੀ ਖੁਸ਼ੀ ਹੋਵੇਗੀ ਕਿ ਮੁਲਕ ਵਿਚ ਲੈਂਡ ਰੀਫ਼ਾਰਮ ਦੇ ਮੁਤਅਲਕ ਜੋ ਹਾਈਐਸਟ ਬਾਡੀ ਬਣੀ ਸੀ, ਜਿਹੜੀ ਹਿੰਦੁਸਤਾਨ ਦੇ ਸਾਰੇ ਚੀਫ ਮਨਿਸਟਰ ਤੇ ਹਿੰਦੁਸਤਾਨ ਦੇ ਪ੍ਰਤੀਨਿਧਾਂ ਦੇ ਵਿਚੋਂ ਚੁਣਕੇ ਬਣਾਈ ਗਈ ਸੀ ਅਤੇ ਉਸ ਦੇ ਵਿਚ ਪੰਜ ਚੀਫ ਮਨਿਸਟਰਜ਼ ਲਏ ਗਏ , ਉਨ੍ਹਾਂ ਪੰਜਾਂ ਵਿਚੋਂ ਪੰਜਾਬ ਨੂੰ ਪ੍ਰਤੀਨਿਧਤਾ ਦਿਤੀ ਗਈ ਹੈ (ਤਾੜੀਆਂ)ਅਤੇ ਪੰਜਾਬ ਨੇ ਸਿਰਫ ਪੰਜਾਬ ਬਾਰੇ ਰਾਏ ਹੀ ਨਹੀਂ ਦੇਣੀ ਬਲਕਿ ਸਮੁੱਚੇ ਹਿੰਦੁਸਤਾਨ ਲਈ ਰਾਏ ਵੀ ਦੇਣੀ ਹੈ । ਇਸ ਗਲ ਨੂੰ ਮੁੱਖ ਰਖਦੇ ਹੋਏ ਤਾਮਿਲ ਨਾਡੂ ਮਹਰਾਸ਼ਟਰ , ਬਿਹਾਰ, ਹਿਮਾਚਲਪਰਦੇਸ਼ ਅਤੇ ਪੰਜਾਬ 5 ਸੂਬਿਆਂ ਦੇ ਚੀਫ ਮਨਿਸਟਰ ਮੈਂਬਰ ਹਨ। ਉਸ ਕਮੇਟੀ ਦੇ ਚੇਅਰਮੈਨ ਸ੍ਰੀ ਫਖਰੂਦੀਨ ਅਲੀ ਅਹਿਮਦ, ਸੈਂਟਰ ਦੇ ਮਨਿਸਟਰ ਇੰਚਾਰਜ ਹਨ । ਪਲਾਨਿੰਗ ਕਮਿਸ਼ਨ ਦਾ ਇਕ ਮੈਂਬਰ ਹੈ,ਲਾ ਮਨਿਸਟਰ ਉਸ ਵਿਚ ਸ਼ਾਮਿਲ ਹੈ। ਅਤੇ ਪ੍ਰਾਇਮ ਮਨਿਸਟਰ ਉਸ ਵਿਚ ਸ਼ਾਮਲ ਹਨ । ਇਨ੍ਹਾਂ ਪੰਜ ਸੂਬਿਆਂ ਨੇ ਅਜੇ ਤੱਕ ਲੈਂਡ ਰਿਫਾਰਮ ਦੇ ਉਤੇ ਆਪਣੇ ਫੈਸਲੇ ਨਹੀਂ ਕੀਤੇ । ਕਿਉਂਕਿ ਸਾਡੀ ਜ਼ਿੰਮੇਵਾਰੀ ਹੈ ਅਤੇ ਜਦ ਤੱਕ ਉਸ ਦੀਆਂ ਮੀਟਿੰਗਾਂ ਚਾਲੂ ਹਨ ਅਤੇ ਜਦ ਤੱਕ ਵਿਚਾਰ ਕੀਤੀ ਜਾ ਰਹੀ ਹੈ ਅਤੇ ਕਈਆਂ ਮਸਲਿਆਂ ਤੇ ਕਲੈਅਰਿਟੀ ਨਹੀਂ ਤਦ ਤੱਕ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਸ ਪਾਲਸੀ ਨੂੰ ਲਾਗੂ ਕਰਨ ਲਈ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰੀਏ । ਮੈਂ ਪੰਜਾਬ ਵਿਚੋਂ ਤੁਹਾਡਾ ਪ੍ਰਤੀਨਿਧੀ ਹੁੰਦਾ ਹੋਇਆ ਉਸ ਕਮੇਟੀ ਦਾ ਮੈਂਬਰ ਹੁੰਦਾ ਹੋਇਆ ਰਾਏ ਨਹੀਂ ਦੇ ਸਕਦਾ ਸੀ ਕਿ ਜਦ ਤਕ ਉਸ ਹਾਈਐਸਟ ਬਾਡੀ ਨੇ ਜਿਸ ਨੇ ਕਿ ਸਾਰੇ ਹਿੰਦੁਸਤਾਨ ਲਈ ਨੀਤੀ ਨੂੰ ਨਿਰਧਾਰਤ ਕਰਨਾ ਹੈ, ਆਪਣਾ ਫੈਸਲਾ ਨਾ ਦਿਤਾ ਹੋਵੇ ਕੋਈ ਫੈਸਲਾ ਤੇ ਲਾਗੂ ਕੀਤਾ ਜਾਵੇ। ਸਪੀਕਰ ਸਾਹਿਬ, ਅਸੀਂ ਜਿਹੜੇ ਬਿਲ ਪੇਸ਼ ਕੀਤੇ ਹਨ ਉਨ੍ਹਾਂ ਬਿਲਾਂ ਵਿਚ ਜੋ ਕੁਝ ਲਿਖਿਆ ਗਿਆ ਹੈ ਉਸ ਦੇ ਵਿਚ ਕੁਝ ਹੋਰ ਵੀ ਲਿਖਣਾ ਪਵੇਗਾ । ਮੈਂ ਇਕ ਦੋ ਮਿਸਾਲਾਂ ਤੁਹਾਨੂੰ ਦੇਣੀਆਂ ਦੱਸਣ ਲੱਗਾ ਹਾਂ । ਕਈ ਮਸਲੇ ਹਨ ਜਿਨ੍ਹਾਂ ਮਸਲਿਆਂ ਤੇ ਹਿੰਦੁਸਤਾਨ ਦੀ ਉਹ

ਹਾਈ ਐਸਟ ਬਾਡੀ ਸੋਚ ਰਹੀ ਹੈ । ਉਹ ਇਹ ਹੈ ਕਿ ਲੈਂਡ ਤੇ ਸੀਲਿੰਗ ਹੋਣ ਤੋਂ ਬਾਅਦ ਲੈਂਡ ਵੰਡਣੀ ਕਿਵੇਂ ਹੈ । ਲੈਂਡ ਕਿਸ ਕੋਲ ਜਾਣੀ ਹੈ । ਲੈਂਡ ਸੀਲਿੰਗ ਕਰਨ ਤੋਂ ਬਾਅਦ ਜ਼ਮੀਨ ਛਡਣੀ ਕਿਸ ਕੋਲ ਹੈ । ਐਬਸੈਂਟੀ ਲੈਂਡ ਲਾਰਡਜ਼ ਰਹਿਣਗੇ ਜਾਂ ਨਹੀਂ । ਵੱਡੇ ਵੱਡੇ ਕਾਰਖਾਨੇਦਾਰ, ਜਿਨ੍ਹਾਂ ਦੇ ਵੱਡੇ ਵੱਡੇ ਕਾਰਖਾਨੇ ਹਨ ਅਤੇ ਜਿਨ੍ਹਾਂ ਦੇ ਜ਼ਮੀਨਾਂ ਦੇ ਫਾਰਮ ਬਣੇ ਹੋਏ ਹਨ ਉਨ੍ਹਾਂ ਨੇ ਇਕ ਇਕ ਏਕੜ ਵਿਚੋਂ ਪੰਜ ਹਜ਼ਾਰ ਰੁਪਿਆ ਆਮਦਨ ਦੱਸੀ ਹੈ । ਕਿਉਂਕਿ ਉਨ੍ਹਾਂ ਨੇ ਇੰਕਮ ਟੈਕਸ ਤੋਂ ਬਚਣਾ ਸੀ । ਉਨ੍ਹਾਂ ਨੇ ਗਰੀਬਾਂ ਨੂੰ ਮਾਰਿਆ ਹੈ । ਮੈਂ ਇਹ ਰਾਏ ਰੱਖਦਾ ਹਾਂ ਕਿ ਜਿਸ ਦੇ ਕੋਲ ਬਹੁਤ ਵੱਡੀ ਜ਼ਮੀਨ ਹੈ, ਪਰ ਉਹ ਆਪ ਹਲ ਨਹੀਂ ਚਲਾਉਂਦਾ ਉਸ ਨੂੰ ਜ਼ੀਮਨ ਦਾ ਕੋਈ ਹੱਕ ਨਹੀਂ । (ਤਾੜੀਆਂ) ਸੀਲਿੰਗ ਤੋਂ ਘੱਟ ਜ਼ਮੀਨ ਵੀ ਉਸ ਦੇ ਕੋਲ ਨਹੀਂ ਛਡਣੀ ਚਾਹੀਦੀ । ਉਸ ਨੂੰ ਕਿਚਨ ਗਾਰਡਨ ਲਈ ਵੀ ਜ਼ਮੀਨ ਨਹੀਂ ਦੇਣੀ ਚਾਹੀਦੀ । (ਤਾੜੀਆਂ) ਕਈ ਐਬਸੈਂਟੀ ਲੈਂਡ ਲਾਰਡਜ਼ ਕਲਕੱਤੇ ਰਹਿੰਦੇ ਹਨ ਪਰ ਉਨ੍ਹਾਂ ਦੀ ਜ਼ਮੀਨ ਪੰਜਾਬ ਵਿਚ ਹੈ । ਕਈ ਅੰਮ੍ਰਿਤਸਰ ਰਹਿੰਦੇ ਹਨ ਪਰ ਜ਼ਮੀਨ ਉਨ੍ਹਾਂ ਦੀ ਬਿਹਾਰ ਵਿਚ ਪਈ ਹੈ । ਉਹ ਖਾਂਦੇ ਕਿਥੋਂ ਹਨ, ਅਤੇ ਕਮਾਂਉਂਦੇ ਕਿਵੇਂ ਹਨ? ਉਹ ਕਿਵੇਂ ਗਰੀਬਾਂ ਨੂੰ ਗੁਲਾਮ ਬਣਾਕੇ ਆਪ ਮਾਲਕ ਬਣੇ ਬੈਠੇ ਹਨ । ਇਹ ਚੀਜ਼ ਵੀ ਸੋਚਣੀ ਹੈ ਕਿ ਉਨ੍ਹਾਂ ਲਈ ਜ਼ਮੀਨ ਛੱਡੀਏ ਜਾਂ ਨਾ ਛਡੀਏ , ਸੋ ਮੈਂ ਇਹ ਕੁਝ ਗਲਾਂ ਨਮੂਨੇ ਦੀਆਂ ਆਖੀਆਂ ਹਨ । (ਵਿਘਨ) ਮੈਂ ਡਿਪਟੀ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਇਸ ਕਰਕੇ ਕਿਹਾ ਸੀ ਕਿ ਭਰਾ ਗੱਲ ਸੁਣ ਕੇ ਜੇ ਤੈਨੂੰ ਕਿਸਾਨ ਨਾਲ ਥੋੜ੍ਹੀ ਬਹੁਤ ਹਮਦਰਦੀ ਹੈ ਤਾਂ ਤੈਨੂੰ ਇਹ ਨਾਅਰਾ ਨਹੀਂ ਮਾਰਨਾ ਚਾਹੀਦਾ ਕਿ ਸਾਡੇ ਕੋਲ 30 ਸਟੈਂਡਰਡ ਏਕੜ ਜ਼ਮੀਨ ਰਹਿਣ ਦਿਓ । ਸਾਰੇ ਲੈਂਡ ਲਾਰਡਜ਼ ਕਹਿੰਦੇ ਹਨ ਕਿ 30 ਸਟੈਂਡਰਡ ਏਕੜ ਜ਼ਮੀਨ ਰਹਿਣ ਦਿਓ । (ਵਿਘਨ) ਮੇਰੇ ਪਾਸ ਸ੍ਰੀ ਬ੍ਰਿਸ਼ਭਾਨ ਜੀ ਬੈਠੇ ਹਨ , ਇਹ ਪੈਪਸੂ ਦੇ ਚੀਫ਼ ਮਨਿਸਟਰ ਹੁੰਦੇ ਸਨ । ਮੈਂ ਸੂਬੇ ਦੀ ਕਾਂਗਰਸ ਦਾ ਪ੍ਰੈਜ਼ੀਡੈਂਟ ਸੀ । ਸਰਦਾਰ ਪਰਤਾਪ ਸਿੰਘ ਕੈਰੋਂ, 'ਸ਼ੇਰੇ ਪੰਜਾਬ', ਪੰਜਾਬ ਦੇ ਮੁੱਖ ਮੰਤਰੀ ਜੀ ਸਨ । ਉਸ ਵਕਤ ਇਨ੍ਹਾਂ ਦੋਵਾਂ ਸੂਬਿਆਂ ਵਿਚ ਇਸ ਚੀਜ਼ ਦੀ ਭਾਰੀ ਵਿਰੋਧਤਾ ਹੋਈ ਸੀ । ਪਰ ਹੁਣ ਮੈਂ ਇਹ ਕਹਿੰਦਾ ਹਾਂ ਕਿ ਅਸੀਂ ਇਹ ਵਿਰੋਧਤਾ ਮੁਕਾ ਦੇਣੀ ਹੈ । (ਤਾੜੀਆਂ) ਸਪੀਕਰ ਸਾਹਿਬ, ਸਮਾਜ ਵਿਚ ਬੜਾ ਭਾਰੀ ਅੰਤਰ ਸੀ । ਉਹ ਕੀ ਸੀ? ਜ਼ਮੀਨ ਦਾ ਮਾਲਿਕ ਹੋਰ ਅਤੇ ਵਾਹੀਕਾਰ ਹੋਰ ਅਤੇ ਖੇਤ ਮਜ਼ਦੂਰ ਹੋਰ ਸਨ । ਸਾਡੀ ਨਿਗਾਹ ਖੇਤ ਮਜ਼ਦੂਰ ਤੇ ਵਾਹੀਕਾਰ ਵਲ ਜਾਵੇਗੀ । ਫਿਰ ਜ਼ਮੀਨ ਦਾ ਮਾਲਿਕ ਜੋ ਖੇਤ ਵਿਚ ਕੰਮ ਨਹੀਂ ਕਰਦਾ ਉਸ ਵਲ ਵੀ ਨਿਗਾਹ ਜਾਵੇਗੀ । ਉਸ ਦੀ ਇਜ਼ਤ ਵੀ ਕਰਾਂਗੇ, ਉਸ ਦਾ ਮਾਣ ਵੀ ਕਰਾਂਗੇ । ਉਸ ਦੀ ਜਾਨ ਦੀ ਰਾਖੀ ਵੀ ਕਰਾਂਗੇ । ਬਗੈਰ ਇਕ ਖੂਨ ਦਾ ਕਤਰਾ ਡੋਲ੍ਹੇ ਜ਼ਮੀਨ ਦਾ ਮਾਲਿਕ ਜ਼ਮੀਨ ਦਾ ਵਾਹੀਕਾਰ ਹੋਵੇਗਾ । (ਤਾੜੀਆਂ) ਜੋ ਤਪਦੀਆਂ ਲੂਆਂ ਵਿਚ ਖੇਤਾਂ ਵਿਚ ਕੰਮ ਕਰਦਾ ਹੈ, ਸਾਡੀ ਨਜ਼ਰ ਵਿਚ ਉਹ ਹੈ । (ਸਰਦਾਰ ਅਜਾਇਬ ਸਿੰਘ ਸੰਧੂ ਵਲੋਂ ਵਿਘਨ) ਸੰਧੂ ਸਾਹਿਬ, ਤੁਸੀਂ ਲੈਂਡਲਾਰਡਜ਼ ਦੇ ਏਜੰਟ ਨਾ ਬਣੋ ਤੁਸੀਂ ਵੀ ਸਾਡੇ ਵਰਗੇ ਹੋ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : × ××× ××× ×××

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ that should not form part of the proceedings. (Whatever the hon. Member is saying that should not form part of the proceedings.)

ਮੁੱਖ ਮੰਤਰੀ: ਮੈਂ ਦੋ ਤਿੰਨ ਗਲਾਂ ਕਹਿ ਕੇ ਖ਼ਤਮ ਕਰਦਾ ਹਾਂ । ਸਾਡੇ ਸਮਾਜ ਵਿਚ ਇਕ ਰਿਵਾਜ ਸੀ ਕਿ ਪੰਜਾਬ ਵਿਚ ਬਹੁਤ ਵਡੇ ਤੇ ਉਚੇ ਉਚੇ ਘਰ ਜਿਹੜੇ ਹੁੰਦੇ ਸਨ ਉਹ ਸਰਦਾਰਾਂ ਦੇ ਹੁੰਦੇ ਸਨ ।

---

*Expunged as ordered by the Chair.

[ਮੁੱਖ ਮੰਤਰੀ]

ਜਿਹੜੇ ਛੋਟੇ ਅਤੇ ਘਟੀਆਂ ਘਰ ਹੁੰਦੇ ਸਨ ਉਨ੍ਹਾਂ ਵਿਚ ਜਟ ਤੇ ਦੂਜੇ ਲੋਕ ਵਸਦੇ ਸਨ । ਪਿੰਡ ਵਿਚ ਜੇ ਕਿਸੇ ਉਚੇ ਜਟ ਦਾ ਘਰ ਪੁਛੀਏ ਤਾਂ ਲੋਕ ਕਹਿੰਦੇ ਸਨ ਕਿ ਉਚੇ ਚੁਬਾਰੇ ਵਾਲਾ ਸਰਦਾਰਾਂ ਦਾ ਘਰ ਹੈ । ਉਚੇ ਚੁਬਾਰੇ ਵਾਲੇ ਸਰਦਾਰ ਕਹਾਉਂਦੇ ਸਨ ਅਤੇ ਜੱਟ ਨਹੀਂ ਸੀ ਕਹਾਉਂਦੇ । ਜੱਟ ਨੂੰ ਛੋਟਾ ਸਮਝਿਆ ਜਾਂਦਾ ਸੀ। ਪਿੰਡ ਵਿਚ ਸਰਦਾਰਾਂ ਦੇ ਦੋ ਤਿੰਨ ਘਰ ਹੁੰਦੇ ਸਨ । ਸੋ ਹੁਣ ਉਹ ਸਰਦਾਰ ਨਹੀਂ ਰਹਿਣਗੇ ਸਾਰੇ ਜੱਟ ਕਹਾਉਣਗੇ ਜਾਂ ਸਾਰੇ ਸਰਦਾਰ। ਹੁਣ ਮੌਕਾ ਆ ਗਿਆ ਹੈ ਕਿ ਉਹ ਸਰਦਾਰ ਹੁਣ ਕਹਿੰਦਾ ਹੈ ਕਿ ਮੈਂ ਵੀ ਜੱਟ ਹਾਂ। ਸੋ ਅਸੀਂ ਜਟ ਦੀ ਬਿਹਤਰੀ ਅਤੇ ਉਸ ਦੇ ਮੁਖੜੇ ਤੇ ਰੌਣਕ ਲਿਆਉਣੀ ਹੈ । ਇਸ ਲਈ ਸਾਨੂੰ ਇਨ੍ਹਾਂ ਗੱਲਾਂ ਦਾ ਕੋਈ ਡਰ ਨਹੀਂ ਭਾਵੇਂ ਇਸ ਦੀ ਕਿੰਨੀ ਹੀ ਵਿਰੋਧਤਾ ਹੋਵੇ (ਤਾੜੀਆਂ)। ਮੈਂ ਆਪਣੀ ਪਾਰਟੀ ਦੇ ਮੈਂਬਰਾਂ ਵਲੋਂ ਭਰੋਸੇ ਨਾਲ ਕਹਿ ਸਕਦਾ ਹਾਂ ਅਤੇ ਮਾਣ ਨਾਲ ਕਹਿ ਸਕਦਾ ਕਿ ਇਹ ਇੰਦਰਾ ਗਾਂਧੀ ਦੀਆਂ ਟਿਕਟਾਂ ਤੇ ਜਿਤੇ ਹਨ ਅਤੇ ਕੋਈ ਵੀ ਬੇਵਫ਼ਾ ਨਹੀਂ ਹੋਵੇਗਾ । (ਤਾੜੀਆਂ) ਉਹ ਆਪਣੀਆਂ ਜਾਇਦਾਦਾਂ ਲੁਟਾ ਸਕਦੇ ਹਨ ਪਰ ਕਾਂਗਰਸ ਪਾਰਟੀ ਦੀਆਂ ਨੀਤੀਆਂ ਦੇ ਖਿਲਾਫ਼ ਨਹੀਂ ਜਾਣਗੇ ।

ਸਪੀਕਰ ਸਾਹਿਬ, ਸਾਡੀ ਪਾਰਟੀ ਇਕ ਜਮਹੂਰੀ ਪਾਰਟੀ ਹੈ । ਅਸੀਂ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ ਇਸ ਗਲ ਦੀ ਕਿ ਇਮਾਨਦਾਰੀ ਨਾਲ ਕੋਈ ਆਦਮੀ ਸੋਚ ਸਕਦਾ ਹੈ ।ਜੇ ਕੋਈ ਮੈਂਬਰ ਇਹ ਕਹੇ ਕਿ ਕਿ ਇਸ ਤੋਂ ਘੱਟ ਜ਼ਮੀਨ ਦਾ ਯੂਨਿਟ ਨਹੀਂ ਹੋ ਸਕਦਾ ਤਾਂ ਇਹ ਕੋਈ ਬੁਰਾਈ ਦੀ ਗਲ ਨਹੀਂ ਹੈ। ਕੋਈ ਆਦਮੀ ਵੱਧ ਸੋਚ ਸਕਦਾ ਹੈ, ਕੋਈ ਘੱਟ ਸੋਚ ਸਕਦਾ ਹੈ । ਲੇਕਿਨ ਸਾਡੇ ਸਾਹਮਣੇ ਇਕ ਨਿਸ਼ਾਨਾ ਹੈ ਕਿ ਕਿਸ ਆਦਮੀ ਦਾ ਸਟੈਂਡਰਡ ਆਫ ਲਿਵਿੰਗ ਘੱਟ ਤੋਂ ਘੱਟ ਕੀ ਹੋਣਾ ਚਾਹੀਦਾ ਹੈ? ਅਸੀਂ ਉਹ ਸਟੈਂਡਰਡ ਆਫ਼ ਲਿਵਿੰਗ ਬਹਾਲ ਰਖਾਂਗੇ ਅਤੇ ਇਸ ਤੋਂ ਵਧੇਰੇ ਜਾਂ ਫਾਲਤੂ ਜੋ ਹੋਵੇਗਾ ਉਹ ਅਸੀਂ ਲੈ ਲਵਾਂਗੇ । (ਤਾੜੀਆਂ)

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼ਹਿਰਾਂ ਦੀ ਜਾਇਦਾਦ ਦਾ ਸਵਾਲ ਹੈ। ਮੈਂ ਦੇਖਿਆ ਹੈ ਕਿ ਜਦੋਂ ਪਿੰਡਾਂ ਦੀ ਜ਼ਮੀਨ ਜਾਂ ਜਾਇਦਾਦ ਦਾ ਨਾਮ ਲਉ ਤਾਂ ਕਈ ਔਖੇ ਹੁੰਦੇ ਹਨ ਅਤੇ ਜਦੋਂ ਸ਼ਹਿਰਾਂ ਦੀ ਜਾਇਦਾਦ ਦਾ ਨਾਮ ਲਉ ਤਾਂ ਉਹ ਸੌਖੇ ਹੁੰਦੇ ਹਨ। ਕਈ ਕਹਿੰਦੇ ਹਨ ਕਿ ਪਿੰਡਾਂ ਦੀਆਂ ਜਾਇਦਾਦਾਂ ਘਟਾਉ, ਹੋਰ ਘਟਾਉ ਤਾਂ ਹੀ ਸੋਸ਼ਲਿਜ਼ਮ ਆਵੇਗਾ। ਜੇ ਅਸੀਂ ਸ਼ਹਿਰਾਂ ਦਾ ਨਾਮ ਲਈਏ ਤਾਂ ਕਹਿੰਦੇ ਹਨ ਕਿ ਸੋਚ ਲਉ, ਕੰਮ ਬੜਾ ਔਖਾ ਹੈ, ਇਹ ਬਹੁਤ ਵਡੀ ਗਲ ਹੈ । ਪਰ, ਸਪੀਕਰ ਸਾਹਿਬ, ਮੈਂ ਕਹਿਣ ਚਾਹੁੰਦਾ ਹਾਂ ਕਿ ਸਾਡੇ ਲਈ ਸ਼ਹਿਰੀਏ ਵੀ ਪਿਆਰੇ ਹਨ ਅਤੇ ਦਿਹਾਤੀ ਵੀ ਪਿਆਰੇ ਹਨ । ਜਿਤਨਾ ਤੁਹਾਨੂੰ ਪੰਜਾਬੀਆਂ ਨਾਲ ਪਿਆਰ ਹੈ, ਜਿਤਨਾ ਇਨ੍ਹਾਂ ਮੇਰੇ ਵੀਰਾਂ ਨੂੰ (ਆਪੋਜ਼ੀਸ਼ਨ ਵੱਲ ਇਸ਼ਾਰਾ) ਪੰਜਾਬੀਆਂ ਨਾਲ ਪਿਆਰ ਹੈ ਉਤਨਾ ਹੀ ਸਾਨੂੰ ਸਾਰਿਆਂ ਨੂੰ ਪੰਜਾਬੀਆਂ ਨਾਲ ਪਿਆਰ ਹੈ । ਇਸ ਦੇ ਵਿਚ ਕੋਈ ਸ਼ੱਕ ਵਾਲੀ ਗਲ ਨਹੀਂ ਕਿ ਮੇਰੇ ਵਿਰੋਧੀਆਂ ਨੂੰ ਵੀ ਪੰਜਾਬੀਆਂ ਨਾਲ ਪਿਆਰ ਹੈ। ਕੋਈ ਆਦਮ ਜੇ ਕਿਸੇ ਤੋਂ ਰਹਿਨਮਾਈ ਲੈਂਦਾ ਹੈ ਤਾਂ ਉਥੋਂ ਗਲਤੀ ਵੀ ਖਾ ਸਕਦਾ ਹੈ ਪਰ ਜਿਥੋਂ ਅਸੀਂ ਰਹਿਨੁਮਾਈ ਲੈਂਦੇ ਹਾਂ ਉਹ ਜਾਣਦੇ ਹਨ ਕਿ ਕੀ ਕਰਨਾ ਹੈ, ਕਿਵੇਂ ਕਰਨਾ ਹੈ ਅਤੇ ਕਦੋਂ ਕਰਨਾ ਹੈ? (ਵਿਘਨ ਮੇਰੇ ਕਾਮਰੇਡ ਸਾਥੀਆਂ ਸੀ. ਪੀ. ਆਈ ਵਾਲਿਆਂ ਨੂੰ ਇਹ ਤਾਨ੍ਹਾ ਮਿਲਦਾ ਰਹਿੰਦਾ ਹੈ ਕਿ ਅਸੀਂ ਸਾਰੇ ਰਲ ਕੇ ਕਿਉਂ ਸੋਚਦੇ ਹਾਂ ਪਰ, ਸਪੀਕਰ ਸਾਹਿਬ, ਮੈਂ ਇਸ ਗਲ ਨੂੰ ਤਾਨ੍ਹਾ ਨਹੀਂ ਸਮਝਦਾ। ਅਗਾਂਹ ਵੱਧੂ ਤਾਕਤਾਂ ਫਿਰਕਾਦਾਰੀ ਨੂੰ ਖ਼ਤਮ ਕਰਨ ਲਈ ਅਤੇ ਫਿਰਕਾਦਾਰੀ ਦੇ ਵਿਰੁਧ ਅਗਰ ਇੱਕਠੀਆਂ ਹੋਈਆਂ ਹਨ ਤਾਂ ਇਸ ਦੇ ਵਿਚ ਕੋਈ ਮਾੜੀ ਗਲ ਨਹੀਂ । ਉਨ੍ਹਾਂ ਦੇ ਇੱਕਠੇ ਹੋਣ ਤੇ ਕਦੇ ਕਦੇ ਕਾਮਰੇਡ ਸਾਥੀ ਆਪਣੇ ਆਪ ਦੇ ਭੁਲੇਖੇ ਵਿਚ ਵੀ ਪੈ ਜਾਂਦੇ ਹਨ। ਇਹ ਕਈ ਵਾਰ ਭੁਲੇਖੇ ਵਿਚ ਪੈ ਜਾਂਦੇ ਹਨ ਕਿ ਕਾਂਗਰਸੀਏ ਹੀ ਸਾਰਾ ਕਰੈਡਿਟ ਨਾ ਲੈ ਜਾਣ । ਜੇ ਅਸੀਂ 30 ਸਟੈਂਡਰਡ ਏਕੜ ਜ਼ਮੀਨ ਦੀ ਗਲ ਕੀਤੀ ਸੀ ਤਾਂ ਇਹ 20 ਸਟੈਂਡਰਡ ਏਕੜ ਜ਼ਮੀਨ ਦੀ ਗਲ ਕਰਦੇ ਸੀ। ਜੇ ਅਸੀਂ 20 ਸਟੈਂਡਰਡ ਏਕੜ ਦੀ ਗਲ

ਕੀਤੀ ਤਾਂ ਇਹ 18 ਸਟੈਂਡਰਡ ਏਕੜ ਤੇ ਆ ਗਏ ਅਤੇ ਜੇ ਅਸੀਂ ਸਾਢੇ 17 ਏਕੜ ਦੀ ਗਲ ਕੀਤੀ ਤਾਂ ਇਹ ਸਾਢੇ 17 ਤੇ ਆ ਗਏ। (ਵਿਘਨ) ਜਿਸ ਤਰ੍ਹਾਂ ਜੋਸ਼ ਜੀ ਨੇ ਵੀ ਕਿਹਾ ਸੀ ਕਿ ਇਹ ਕੋਈ ਖਾਸ ਅਗਾਹਾਂ ਵਧੂ ਗਲ ਨਹੀਂ ਹੋਈ। ਸਪੀਕਰ ਸਾਹਿਬ, ਜੇ ਤਾਂ ਇਹ ਕਰਦੇ ਤਾਂ ਉਹ ਅਗੇ ਵਧੂ ਸੀ ਪਰ ਜੇ ਅਸੀਂ ਕਰ ਦਿਤੀ ਤਾਂ ਇਹ ਕੋਈ ਖਾਸ ਅਗੇ ਵਧੂ ਇਨ੍ਹਾਂ ਨੂੰ ਨਾ ਲਗੀ। (ਵਿਘਨ) ਸਾਡੀ ਇਸ ਵਿਚ ਲੜਾਈ ਕੋਈ ਨਹੀਂ ਹੈ। ਭੁਲੇਖਾ ਸਿਰਫ ਇਤਨਾ ਹੈ ਕਿ ਇਹ ਕਹਿੰਦੇ ਹਨ ਕਿ ਅਸੀਂ ਜ਼ਿਆਦਾ ਅਗੇ ਵਧੂ ਹਾਂ ਅਤੇ ਅਸੀਂ ਕਹਿੰਦੇ ਹਾਂ ਕਿ ਅਸੀਂ ਜ਼ਿਆਦਾ ਅਗੇ ਵਧੂ ਹਾਂ। ਇਸ ਕਰਕੇ ਸਾਡਾ ਕੰਪੀਟੀਸ਼ਨ ਜਿਹਾ ਹੋ ਜਾਂਦਾ ਹੈ। (ਵਿਘਨ) ਇਹ ਕਹਿੰਦੇ ਹਨ ਕਿ ਜੇ ਬਿਲ ਨਾ ਆਇਆ ਤਾਂ ਜ਼ਮੀਨਾਂ ਵੰਡੀਆਂ ਜਾਣਗੀਆਂ। ਲੋਕੀਂ ਖਰੀਦ ਲੈਣਗੇ। ਇਸ ਦਾ ਕੋਈ ਛੇਤੀ ਪ੍ਰਬੰਧ ਕਰੋ। ਗੱਲ ਉਨ੍ਹਾਂ ਦੀ ਵੀ ਸੱਚੀ ਹੈ। ਮੈਂ ਮੰਨਦਾ ਹਾਂ ਕਿ ਰੋਕ ਲਗਾਉਣੀ ਚਾਹੀਦੀ ਹੈ। ਲੇਕਿਨ ਮੈਂ ਕਹਿੰਦਾ ਹਾਂ ਕਿ ਜੇ ਉਹ ਮੇਰੇ ਭਰਾ ਜ਼ਮੀਨੋ ਬਾਹਰ ਹੋ ਜਾਣ ਤਾਂ ਮੈਂ ਜਾਂਦਾ ਹੈ। ਜੇ ਕਿਸੇ ਦਾ ਭਾਣਜਾ ਜਾਂ ਕੋਈ ਹੋਰ ਜ਼ਮੀਨ ਵਾਲਾ ਨਾ ਹੋਵੇ ਅਤੇ ਉਹ ਖੇਤੀ ਬਾੜੀ ਕਰਨਾ ਚਾਹੁੰਦਾ ਹੋਵੇ ਤਾਂ ਜੇ ਉਸ ਬੇਜ਼ਮੀਨੇ ਨੂੰ ਕੋਈ ਲੈਂਡ ਲਾਰਡ ਜ਼ਮੀਨ ਦਿੰਦਾ ਹੈ ਤਾਂ ਦੇ ਲੈਣ ਦਿਤੇ। (ਵਿਘਨ) (ਸ਼ੋਰ) (ਕਾਮਰੇਡ ਸੱਤਪਾਲ ਡਾਂਗ ਜੀ ਵਲੋਂ ਵਿਘਨ) ਕਾਮਰੇਡ ਜੀ ਨੂੰ ਮੈਂ ਪੁਛਦਾ ਹਾਂ ਕਿ ਕਾਮਰੇਡ ਜੀ ਤੁਸੀਂ ਪਿੰਡਾਂ ਦੀ ਜ਼ਮੀਨ ਵਾਸਤੇ ਕਹਿੰਦੇ ਹੋ ਪਰ ਸ਼ਹਿਰੀਆਂ ਦੀ ਜਾਇਦਾਦ ਵਾਸਤੇ ਕਿਉਂ ਨਹੀਂ ਕਹਿੰਦੇ ? (ਵਿਘਨ)

ਕਾਮਰੇਡ ਸੱਤ ਪਾਲ ਡਾਂਗ: ਅਸੀਂ ਤਾਂ, ਸਪੀਕਰ ਸਾਹਿਬ, ਦੋਨਾਂ ਦੀ ਮਗ ਕਰਦੇ ਹਾਂ। (ਵਿਘਨ) ਇਹ ਹੀ ਔਖੇ ਹਨ। (ਵਿਘਨ)

ਮੁੱਖ ਮੰਤਰੀ: ਜਦੋਂ ਅਸੀਂ ਬਿਲ ਲਿਆ ਰਹੇ ਹਾਂ ਔਰ ਉਹ ਵੀ ਰੀਟਰਾਸਪੈਕਟਿਵ ਇਫੈਕਟ ਤੋਂ ਤੇ ਜੇ ਤਿੰਨ ਮਹੀਨੇ ਬਾਦ ਆ ਗਿਆ ਤਾਂ ਕੀ ਫਰਕ ਪੈ ਗਿਆ ? (ਵਿਘਨ)

ਸਪੀਕਰ ਸਾਹਿਬ, ਮੈਂ ਤਾਂ ਸਮਝਦਾ ਸੀ ਕਿ ਤੁਹਾਡੇ ਕੋਲ ਘੱਟੋ ਘੱਟ ਕਾਮਰੇਡਾਂ ਬਾਰੇ ਫਰਿਆਦ ਨਹੀਂ ਕਰਨੀ ਪਵੇਗੀ। ਜਦੋਂ ਅਸੀਂ ਉਨ੍ਹਾਂ ਨੂੰ ਬੜੇ ਆਰਾਮ ਨਾਲ ਸੁਣਦੇ ਹਾਂ ਤਾਂ ਉਨ੍ਹਾਂ ਨੂੰ ਵੀ ਸੁਣਨਾ ਚਾਹੀਦਾ ਹੈ। (ਵਿਘਨ) ਜਿਹੜੀ ਯਾਰੀ ਪਾਈ ਹੋਈ ਹੈ ਉਹ ਵੀ ਨਿਭਾਉਣੀ ਚਾਹੀਦੀ ਹੈ। (ਵਿਘਨ

ਸਰਦਾਰ ਅਜਾਇਬ ਸਿੰਘ ਸੰਧੂ: ਜਦੋਂ ਤੁਸੀਂ ਲੱਤ ਮਾਰਦੇ ਹੋ ਤਾਂ ਰੋਂਦੇ ਨੇ। (ਵਿਘਨ)—

ਮੁੱਖ ਮੰਤਰੀ: ਸਪੀਕਰ ਸਾਹਿਬ, ਪਿੰਡਾਂ ਵਿਚ ਦੋਸਤੀ ਬਾਰੇ ਇਕ ਅਖਾਣ ਹੈ। ਉਹ ਕਹਿੰਦੇ ਹਨ

'ਲਾਲੀ ਮੇਰੀਆਂ ਅੱਖਾਂ ਵਿਚ ਰੜਕੇ, ਅੱਖ ਮੇਰੇ ਯਾਰ ਦੀ ਦੁਖੇ'

ਸੋ, ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਹ ਬਿਲ ਰੀਟਰਾਸਪੈਕਟਿਵ ਇਫੈਕਟ ਹੋਵੇਗਾ 26 ਸਤੰਬਰ 1970 ਤੋਂ ਇਸਦਾ ਅਸਰ ਹੋਣਾ ਹੈ ਔਰ ਇਸੇ ਤਰ੍ਹਾਂ ਸ਼ਹਿਰੀ ਜਾਇਦਾਦ ਦੇ ਮੁਤਅੱਲਕ ਵੀ ਪਿਛਲੀ ਤਾਰੀਖ਼ ਹੀ ਰਖੀ ਹੈ। (ਸਰਦਾਰ ਧੰਨਾ ਸਿੰਘ ਗੁਲਸ਼ਨ ਜੀ ਵਲੋਂ ਵਿਘਨ) ਸਪੀਕਰ ਸਾਹਿਬ, ਅਜ ਹੀ ਤੁਸੀਂ ਦੇਖ ਲਉ ਕਿ ਹਰੀਜਨਾਂ ਦਾ ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਕੀ ਹਾਲ ਕੀਤਾ ਹੈ। ਇਨ੍ਹਾਂ ਨੂੰ ਥਲੇ ਬਿਠਾ ਦਿੱਤਾ ਤੇ ਆਪ ਕੁਰਸੀਆਂ ਤੇ ਬੈਠੇ ਰਹੇ। (ਹਾਸਾ) (ਵਿਘਨ) (ਮਰੜ੍ਹੀ ਸਾਹਿਬ ਵਲੋਂ ਵਿਘਨ)

ਸਪੀਕਰ ਸਾਹਿਬ, ਸਮਾਜ ਵਿਚ ਜੇ ਵਡੀ ਤਬਦੀਲੀ ਤੋਂ ਬਾਦ ਝਗੜਾ ਨਾ ਹੋਵੇ, ਜਲੂਸ ਨਾ ਨਿਕਲਣ ਜਾਂ ਜ਼ਿੰਦਾਬਾਦ ਮੁਰਦਾਬਾਦ ਨਾ ਹੋਵੇ ਤਾਂ ਇਸ ਦਾ ਮਤਲੱਬ ਹੈ ਕਿ ਇਫੈਕਟਵ ਰੈਵੋਲਿਊਸ਼ਨ ਨਹੀਂ, ਇਹ ਮਾਮੂਲੀ ਜਿਹਾ ਰੈਵੋਲਿਊਸ਼ਨ ਹੈ। (ਵਿਘਨ) ਸਪੀਕਰ ਸਾਹਿਬ, ਅਸੀਂ ਸਾਰੇ ਪੰਜਾਬੀਆਂ ਨਾਲ

[ਮੁੱਖ ਮੰਤਰੀ]

ਪਿਆਰ ਕਰਦੇ ਹਾਂ ਪਰ ਜੇ ਕੋਈ ਅਮੀਰ ਆਦਮੀ ਗਰੀਬ ਦਾ ਭਲਾ ਕਰਨ ਤੋਂ ਸਾਨੂੰ ਰੋਕੇਗਾ ਤਾਂ ਅਸੀਂ ਨਹੀਂ ਰੁਕਾਂਗੇ । ਉਹ ਅਰਦਾਸਾ ਯਾਦ ਕਰੋ —

'ਅੜੇਗਾ ਸੋ ਝੜੇਗਾ, ਸ਼ਰਨ ਪੜੇਗਾ ਸੋ ਤਰੇਗਾ'

(ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਇਨ੍ਹਾਂ ਦੋਸਤਾਂ ਦਾ ਧੰਨਵਾਦੀ ਹਾਂ । ਤੁਹਾਨੂੰ ਪਤਾ ਹੈ ਕਿ ਮੈਂ ਬਹੁਤ ਲੰਮਾ ਸਮਾਂ ਨਹੀਂ ਬੋਲ ਸਕਦਾ । ਇਹ ਦੋਸਤ ਮੈਨੂੰ ਦਮ ਦੁਆ ਦਿੰਦੇ ਹਨ, ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ।

ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ ਸੀਰੀਂ ਖੇਤਾ ਵਿਚ ਕੰਮ ਕਰਦੇ ਹਨ । ਇਹ ਖੇਤਾਂ ਵਿਚ ਕੰਮ ਕਰਨ ਵਾਲੇ ਅਤੇ ਉਨ੍ਹਾਂ ਵਿਚੋਂ ਹਿੱਸਾ ਲੈਣ ਵਾਲੇ ਆਮ ਤੌਰ ਤੇ ਹਰੀਜਨ ਸੀਰੀ ਹੁੰਦੇ ਹਨ । ਇਹ ਨੀਵੀਆਂ ਜਾਤੀਆਂ ਵਾਲੇ ਹੁੰਦੇ ਹਨ । ਅਸੀਂ ਉਨ੍ਹਾਂ ਵਿਚ ਹੌਲੀ ਹੌਲੀ ਤਬਦੀਲੀ ਲਿਆਂਦੀ ਹੈ ਅਤੇ ਲਆ ਰਹੇ ਹਾਂ ਅਤੇ ਉਨ੍ਹਾਂ ਨੂੰ ਆਪਣਾ ਭਰਾ ਬਣਾਉਣਾ ਚਾਹੁੰਦੇ ਹਾਂ । ਸਪੀਕਰ ਸਾਹਿਬ, ਅਸੀਂ ਇਹ ਕਰਨਾ ਹੈ ਕਿ ਇਹ ਸੀਰੀਂ, ਰਲ ਕੇ ਕਮਾਈ ਕਰਕੇ ਜਿਹੜਾ ਪੰਜਿਵਾਂ ਜਾਂ ਚੌਥਾ ਹਿਸਾ ਲੈਣ ਵਾਲਾ ਉਸ ਨੂੰ ਥੋੜ੍ਹੀ ਜਿਹੀ ਆਪਣੀ ਜ਼ਮੀਨ ਦਾ ਹੀ ਮਾਲਕ ਬਣਾ ਦਿਉ । (ਵਿਘਨ) ਸਪੀਕਰ ਸਾਹਿਬ, ਕਈ ਪਿੰਡਾਂ ਵਿਚ ਰਿਜ਼ਰਵੇਸ਼ਨ ਬਣਨ ਤੋਂ ਬਾਦ ਉਹ ਪੰਚ ਬਣਿਆ ,ਸਰਪੰਚ ਬਣਿਆ ਪਰ ਸਰਪੰਚ ਬਣ ਕੇ ਵੀ ਉਸ ਵਿਚਾਰੇ ਨੂੰ ਇਨ੍ਹਾਂ ਨੇ ਸੀਰੀਂ ਬਣਾ ਕੇ ਰਖਿਆ । ਤੁਹਾਨੂੰ ਇਹ (ਆਪੋਜ਼ੀਸ਼ਨ ਦੇ ਕੁਝ ਮੈਂਬਰ ਵੱਲ ਇਸ਼ਾਰਾ) ਹਾਲੀਂ ਵੀ ਸੀਰੀਂ ਹੀ ਸਮਝਦੇ ਹਨ ।

ਸਪੀਕਰ ਸਾਹਿਬ, ਇਨ੍ਹਾਂ ਹਾਲਤਾਂ ਕਰਕੇ ਅਸੀਂ ਕਲ ਨੂੰ ਬਿਲ ਪਾਸ ਨਹੀਂ ਕਰ ਰਹੇ ਅਤੇ ਅਜ ਵੀ ਨਹੀਂ ਕੀਤਾ ਤਾਕਿ ਇਸ ਤੇ ਹੋਰ ਵਿਚਾਰ ਕਰ ਲਿਆ ਜਾਏ। ਹਿੰਦੁਸਤਾਨ ਦਾ ਇਕ ਮੁਕੰਮਲ ਨਕਸ਼ ਬਣਕੇ ਸਾਡੇ ਸਾਮ੍ਹਣੇ ਆ ਜਾਏ। ਜਿਥੇ ਪੁਲੀਟੀਕਲ ਇਨਕਲਾਬ ਚਾਹੀਦਾ ਸੀ ਉਥੇ ਆਰਥਿਕ ਇਨਕਲਾਬ ਦੀ ਵੀ ਇਕਸਾਰਤਾਂ ਚਾਹੀਦੀ ਹੈ। ਇਨ੍ਹਾਂ ਪਾਲੀਸੀਆਂ ਨੂੰ, ਇਨ੍ਹਾਂ ਨੁਕਤਿਆਂ ਨੂੰ ਸਾਰੇ ਪਾਸਿਉਂ ਸਮਝ ਕੇ ਅਸੀਂ ਫ਼ੈਸਲਾ ਕਰਾਂਗੇ । ਸਪੀਕਰ ਸਾਹਿਬ, ਸਾਡੀ ਸੈਂਟਰ ਦੀ ਪਾਰਟੀ ਸੂਬਿਆਂ ਦੇ ਵੱਖ ਵੱਖ ਹਾਲਾਤ ਜ਼ਿਲ੍ਹਿਆਂ ਦੇ ਵੱਖ ਵੱਖ ਹਾਲਾਤ, ਬਲਾਕਾਂ ਦੇ ਵੱਖ ਵੱਖ ਹਾਲਾਤ, ਪਿੰਡਾਂ ਦੀ ਇੱਕ ਪੱਤੀ ਦੂਜੀ ਪੱਤੀ ਨਾਲੋਂ ਵੱਖ ਹੋ ਸਕਦੀ ਹੈ, ਇਨ੍ਹਾਂ ਸਾਰਿਆਂ ਨੂੰ ਸਾਮ੍ਹਣੇ ਰੱਖ ਕੇ ਜੋ ਵੀ ਪਾਲੀਸੀ ਬਣਾਏਗੀ ਪੰਜਾਬ ਉਸ ਦੇ ਮੁਤਾਬਕ ਕਰੇਗਾ । ਪੰਜਾਬ ਹਮੇਸ਼ਾ ਹਿੰਦੁਸਤਾਨ ਦੇ ਸੁਪਨਿਆਂ ਨੂੰ ਪੂਰਾ ਕਰਦਾ ਆਇਆ ਹੈ ਅਤੇ ਹੁਣ ਵੀ ਕਰੇਗਾ । ਜੈ ਹਿੰਦ ।

PERSONAL EXPLANATION BY SARDAR AJAIB SINGH SANDHU

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਪਰਸਨਲ ਐਕਸਪਲਾ-ਨੇਸ਼ਨ ਇਹ ਹੈ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਖਾਸਾ ਜ਼ੋਰ ਲਾ ਕੇ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਬੜੇ ਗਰੀਬਾਂ ਦੇ ਹਮਦਰਦ ਹਨ (ਵਿਘਨ) ।

ਸ੍ਰੀ ਸਪੀਕਰ: ਸਧੂ ਸਾਹਿਬ, ਇਹ ਤੁਹਾਡੀ ਜ਼ਾਤ ਨਾਲ ਕਿਵੇਂ ਸਬੰਧਤ ਹੈ ? (Sandhu Sahib, how does it relate to you ?)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਇਹ ਮੇਰੀ ਜ਼ਾਤ ਨਾਲ ਸਬੰਧਤ ਹੈ ਕਿਉਂਕਿ ਇਨ੍ਹਾਂ ਨੇ ਮੈਨੂੰ ਅਮੀਰਾਂ ਦੇ ਠੇਕੇਦਾਰ ਕਿਹਾ ਹੈ (ਵਿਘਨ) ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਸਰਮਾਇਦਾਰਾਂ ਦੇ ਅਤੇ ਲੈਂਡ ਲਾਰਡਾਂ ਦੇ ਏਜੰਟ ਹਾਂ (ਵਿਘਨ) ਮੈਂ ਕਹਿੰਦਾ ਹਾਂ ਕਿ ਇਹ ਆਪ ਹੀ ਸਰਮਾਏਦਾਰਾਂ ਦੇ ਅਤੇ ਲੈਂਡਲਾਰਡਾਂ ਦੇ ਏਜੰਟ ਨੇ ਜਿਨ੍ਹਾਂ ਨੇ ਬਿਲ ਲਿਆ ਕੇ ਪਾਸ ਨਹੀਂ ਕੀਤਾ (ਵਿਘਨ)। (ਸ਼ੇਮ, ਸ਼ੇਮ ਦੀਆਂ ਅਵਾਜ਼ਾਂ)

MOTION UNDER RULE 16 FOR THE ADJOURNMENT OF THE HOUSE *Sine Die*

(*Resumption*)

Mr. Speaker: Question is—

That the House at its rising this day shall stand adjourned *sine-die*,

The motion was carried.

8.62 P.M.

(The House then adjourned *sine die*)

763/19-10-73—284 ਕਾਪੀਆਂ—ਪੰਜਾਬ ਸਰਕਾਰ ਪਰੈਸ, ਪਟਿਆਲਾ।

APPENDIX

TO

PUNJAB VIDHAN SABHA

DEBATES

Vol. I—No. 28

17th May, 1972

STARRED QUESTIONS AND ANSWERS

DEATH OF THE EMPLOYEES OF IRRIGATION DEPARTMENT WHILE IN SERVICE

*394. **1. Comrade Raj Kumar :**
2. Comrade Satya Pal Dang : Will the Minister for Irrigation and Power be pleased to state :—

(a) the names of officials/officers of the Punjab Government in the Irrigation Department who died while in service during the period from 1st April, 1971 to 30th September, 1971, a list giving their names, the nature of posts held by each together with the dates of their deaths be laid on the Table of the House;

(b) whether the dependents of the said deceased have been paid *ex-gratia* grants and given other facilities admissible under the rules/Government orders; if not, the reasons for the delay in each case;

(c) the details of the cases in which the amounts in their provident funds have not been paid to the nominees and the reasons therefor ?

Shri Gurmail Singh : (a) A list giving the names, nature of posts, date of death of the officers/officials of the Punjab Government who died during the period 1st April, 1971 to 30th September 1971, is laid on the Table of the House, at Annexure I.

(b) Position of payment sanction of *Ex-gratia* Grant, Family Pension and Death- cum-retirement Gratuity to the families/dependents of the deceased is given in the statement at Annexure II, laid on the Table of the House.

(c) Position of payment of Provident Fund to the family/dependents of the deceased is given at Annexure III, laid on the Table of the House.

Replies to Starred Question No. 395, Unstarred Question Nos. 351, 353, 359, 360, 361, 362, 363, 365, 367, 368, 369, 370 and converted into Starred Question Nos. 325, 326, 366, 371, 408, 410, 416, 419, 434. 435, 440, 441, 442, 447, 448, 450, 452, 453, 454, 455, 463, 464, 466, 467, 468, 470, 478, 480 and 481 have not been received so far.

ANNEXURE-I

S.No.	Name and Designation	Date of Death	Circle
1	2	3	4
	Sarvshri—		
1.	Anokh Singh, Gauge Reader	6-4-1971	Patiala Circle, I.B. Patiala.
2.	Ganpat Rai, Sectional Officer	21-4-1971	Administration and Stores Circle, Talwara.
3.	Jaswant Singh, Peon	21-4-1971	Chief Engineer, Irrigation Works, Punjab, Head Office.
4.	Gian Chand, Zilladar	23-4-1971	Ferozepur Canal Circle.
5.	Dalip Singh, Barkandaz	24-4-1971	Nangal Mechanical Circle, Nangal.
6.	Shadi Ram, Canal Patrol	24-4-1971	Sirhind Canal Circle, Ludhiana.
7	Jagdish Chand, Beldar	28-4-1971	Irrigation and Power Research Institute, Punjab, Amritsar.
8.	Sunder, Sweeper	29-4-1971	Bhakra Main Line Circle, Patiala.
9.	Mohan Singh, Sectional Officer	23-5-1971	Patiala Circle, I.B. Patiala.
10.	Mohinder Singh, Sectional Officer	27-6-1971	Ferozepur Canal Circle, Ferozepore.
11.	Sushil Kumar, Sub-Divisional Officer	5-7-1971	Thein Dam Circle Chandigarh.
12.	Sukh Ram Dass Chowkidar	7-7-1971	Sirhind Canal Circle, Ludhiana
13.	Harbans Lal Mehra, Sectional Officer	8-7-1971	Administration and Accounts Circle, Beas Sutlej Link Project, Sunder Nagar.
14.	Buta Singh, Daffedar	13-7-1971	Upper Bari Doab Canal Circle, Amritsar.
15.	Karam Singh, Peon	13-7-1971	Bhakra Main Line Circle, Patiala
16.	Arjan Singh, Mate	17-7-1971	Sirhind Canal Circle, Ludhiana.
17.	Chaman Lal, Sectional Officer	25-7-1971	Administration and Accounts Circle, Sunder Nagar.
18.	Amar Singh, Sub-Divisional Clerk	25-7-1971	Administration and Stores Circle, Talwara.
19.	Khem Singh, Mate	31-7-1971	Ferozepur Canal Circle, Ferozepur.
20.	Rup Lal, Irrigation Booking Clerk	14-8-1971	Patiala Circle, I.B. Patiala.
21.	Lachhman Dass, Canal Patrol	21-8-1971	Sirhind Canal Circle, Ludhiana
22.	Ralla Singh Canal Patrol	10-9-1971	Ditto
23.	Sukhder Chand Gupta, Sectional Officer	21-9-1971	Patiala Circle I.B. Patiala

ANNEXURE -II

S.No.	Name	Post	Date of death	Circle to which attached
1.	Anokh Singh	Gauge Reader	6-4-1971	Patiala, I.B. Circle Patiala.
		Ex-gratia not paid for want of application from the legal heirs of the deceased.		
		Family Pension and Death-cum-Retirement Gratuity case has been sent to the Accountant-General Punjab duly sanctioned by Executive Engineer, Lehal Division, *vide* his letter No. 8549 dated 29th September, 1971. Pension Payment Order/ Gratuity Order are yet to be issued by the Accountant General, Punjab.)		
2.	Ganpat Rai	Sectional Officer	21-4-1971	Administration and Stores Circle, Talwara.
		Ex-gratia, Family Pension and Death -cum-Retirement Gratuity neither sanctioned nor paid for want of application from the family of the deceased. Widow has stated that the requisite papers were submitted by her by post but not received by Department. An other set of documents has been sent to the widow for completion and re-submission.		
3.	Jaswant Singh	Peon	21-4-1971	Chief Engineer, Irrigation Works, Punjab, Head Office, Chandigarh.
		Ex-gratia sanctioned to the widow mother of the deceased. Payment not yet made due to non-receipt of dependence certificate from the DeputyCommissioner. No family Pension is due as the deceased was a bachelor. Sanction of Death-cum-Retirement Gratuity under issue.		
4.	Gian Chand	Zilladar	23-4-1971	Ferozepur Canal Circle, Ferozepur.
		Sanction of *Ex-gratia* accorded on 4th May, 1972. Payment is yet to be made. Pension Payment Order issued. Gratuity Order issued.		
5.	Dalip Singh	Barkandaz	24-4-1971	Nangal Mechanical Circle Nangal.
		Ex-gratia, Family Pension and Death -cum-Retirement Gratuity case could not be taken in hand due to non-allocation of the deceased to any State which has recently been made to Punjab and case has been taken in hand now.		
6.	Shadi Ram	Canal Patrol	4-1-1971	Sirhind Canal Circle, Ludhiana
		Sanction of ***Ex-gratia*** accorded and bill presented to Ludhiana Treasury.		
		Family Pension ad Death-cum-Retirement Gratuity case sent to Accountant General, Punjab, duly sanctioned *vide* Executive Engineer Sidhwan Division letter No. 2565/PF, dated 24th April, 1972,. Pension Payment Order/Gratuity Order are yet to be issued by Accouantant General, Punjab.		

S.No.	Name	Post	Date of death	Circle to which attached
7.	Jagdish Chand	Beldar	28-4-1971	Director, Irrigation and Power Research Institute, Amritsar.
		Ex-gratia Grant neither sanctioned nor paid due to wrong procedure adopted by the Director, Irrigation and Power Research Institute, Amritsar, by sending the case to Accountant-General, Punjab, instead of sanctioning and making payment by himself as laid down under the instructions. Family Pension not sanctioned. Death-cum-Retirement Gratuity not sanctioned. However, Anticipatory Family Pension has been allowed to the widow.		
8.	Sunder	Sweeper	29-4-1971	Bhakra Main Line Circle, Patiala.
		Ex-gratia paid to the widow. Family pension and Death-cum Retirement Gratuity case sent to Accountant-General, Punjab, duly sanctioned *vide* Executive Engineer, Devigarh Division No. 1505/PF, dated 18th February, 1972. Pension Payment Order/Gratuity Order are to be issued by Accountant-General, Punjab.		
9.	Mohan Singh	Sectional Officer	23-5-71	Patiala I.B. Circle, Patiala.
		Ex-gratia sanctioned by Superintending Engineer, but it was sent to Accountant General, Punjab, for making payment erroneously. In fact the payment was to be made by the Superintending Engineer himself. Necessary instructions are, however, being given to Superintending Engineer now. Family Pension and Death-cum-Retirement Gratuity sanctioned by the Superintending Engineer as the deceased was a temporary Sectional Officer. Accountant-General, Punjab, objected and refused to Pension Payment Order and Gratuity Order, Superintending Engineer is being directed to re-refer the case to Accountant General, Punjab for issue of Pension Payment Order/Gratuity Order.		
10.	Mohinder Singh	Sectional Officer	27-6-1971	Ferozepur Canal Circle, Ferozepur.
		Payment of *Ex-gratia* made to the widow. Sanction of Family Pension and Death-cum-Retirement Gratuity accorded on 28th October, 1971 and 3rd January, 1971 respectvely. Pension Payment Order and Gratuity Order are yet to be issued by Accountant-General, Punjab.		
11.	Sushil Kumar	Sub-Divisional Officer	5-7-1971	Thein Dam Circle
		Sanction of *Ex-gratia* accorded on 24th September 1971. Payment not yet made as the Accountant-General, Punjab has not issued the authority of payment.		

S. No.	Name	Post	Date of death	Circle to which attached
11.	Sushil Kumar—			
		Family Pension sanctioned on 24th September, 1971. No information about Pension Payment Order from the Accountant-General, Punjab. Death-cum-Retirement Gratuity case pending for want of No Demand Certificate and Service Book from the Superintending Engineer.		
12.	Sukh Ram Dass	Chowkidar	7-7-1971	Sirhind Canal Circle, Ludhiana
		Ex-gratia paid to the widow Family Pension and Death-cum-Retirement Gratuity case sent to Accountant, General, Punjab, duly sanctioned by Executive Engineer, Ferozepur Division *vide* his No. 1307/PF, dated 25th February, 1972. Pension Payment Order and Gratuity Order are yet to be issued by Accountant-General, Punjab. Widow is, however, in receipt of Anticipatory Pension.		
13.	Harbans Lal Mehra	Sub-Divisional Officer	8-7-1971	Administration and Accounts Circle, Beas Sutlej Link Project, Sundernagar.
		Sanction of *Ex-gratia* accorded on 2nd February, 1972. Payment is yet to be made. Family pension not sanctioned as the case is not received from the Superintending Engineer. Death-cum-Retirement Gratuity not sanctioned for want of No Demand Certificate from the respective quarters.		
14.	Buta Singh	Daffadar	13-7-1971	Upper Bari Doab Canal Circle, Amritsar.
		Ex-gratia sanctioned, payment will be made as soon as the bill is passed by the Treasury Officer. Family Pension sanctioned and Pension Payment Order issued Death-cum-Retirement Gratuity sanctioned and Gratuity Order issued.		
15.	Karam Singh	Peon	13-7-1971	Bhakra Main Line Circle, Patiala.
		Ex-gratia sanctioned on 10th May, 1972. Payment will be made shortly. Pension Payment Order issued. Death-cum-Retirement Gratuity sanctioned by Executive Engineer. Gratuity Order is yet to be issued by Accountant-General, Punjab.		
16.	Arjan Singh	Mate	17-7-1971	Sirhind Canal Circle, Ludhiana.
		Ex-gratia not paid for want of application and legal heirs certificate from the widow who has been requested for needful. Family pension and Death-cum-Retirement Gratuity case is pending for want of required pension papers from the widow.		
17.	Chaman Lal	Sectional Officer	25-7-1971	Administration and Accounts Circle, Beas Sutlej Link Project, Sundernagar.
		Ex-gratia sanctioned on 8-3-72. Payment is yet to be made. Family pension case is complete, sanction being accorded. Death-cum-Retirement Gratuity case is pending for want of No-demand Certificates from the respective quarters.		

S. No.	Name	Post	Date of death	Circle to which attached
18.	Amar Singh	Sub-Divisional Clerk.	25-7-71	Administration and Stores Circle, Talwara.
		Ex-gratia, Family Pension and Death-cum-Retirement Gratuity not sanctioned. Case should not be taken in hand due to non-allocation to any State which have recently been done. Case being processed now.		
19.	Khem Singh	Mate	31-7-71	Ferozepur Canal Circle Ferozepur.
		Sanction of *Ex-gratia* accorded and bill presented to Treasury Officer, Fazilka by Executive Engineer, Abohar. Now payment has been drawn from the Treasury and is being disbursed to the widow.		
		Pension Payment Order issued on 5-4-72. Gratuity Order issued on 13-3-1972.		
20.	Rup Lal	Irrigation Booking Clerk.	14-8-71	Patiala I.B. Circle, Patiala.
		Ex-gratia sanctioned, payment being made.		
		Family pension sanctioned. Pension Payment Order is yet to be issued.		
		Death-cume-Retirement Gratuity sanctioned. Gratutiy order yet to be issued.		
21.	Lachman Dass	Canal Patrol	21-8-71	Sirhind Canal Circle, Ludhiana
		Ex-gratia sanctioned and bill presented to Treasury Officer, Ropar.		
		Family pension papers, Death Certificate are still awaited from the widow which are being collected through special man. On completion the case will be submitted to Accountant-General, Punjab, duly sanctioned, for issuing Penison Payment Order and Gratuity Order.		
22.	Ralla Singh	Canal Patrol	10-9-71	Sirhind Canal, Circle, Ludhiana
		Ex-gratia sanctioned and bill presented to Treasury Officer Rupar.		
		Family pension and Death-cum-Retirement Gratuity Case could not be completed for want of Death Certificate which has been submitted by the widow now. Case is now being sent to Accountant-General, Punjab, duly sanctioned for issuing Pension Payment Order and Gratuity Order.		
23.	Sukhdev Chand Gupta	Sectional Officer	21-9-71	Patiala I.B. Circle, Patiala.
		Ex-gratia paid to the widow.		
		Family Pension/Death-cum-Retirement Gratuity case could not be taken up for want of order regarding crossing of Efficiency Bar. Case received on 11-5-72 in Chief Engineer (N.G.E. Section), for necessary action.		

ANNEXURE III

S. No. Name and Designation	Date of death	Reasons for non-payment of G.P.Fund.
Sarvshri.		
1. Anokh Singh, Gauge Reader	6-4-71	The legal heirs of the deceased has not submitted application for the withdrawal of G.P. Fund.
2. Ganpat Rai, Sectional Officer	21-4-71	The case regarding final payment of G.P. Fund is under correspondence with the Accountant-General, Punjab Simla.
3. Gian Chand ,Zilladar	23-4-71	Application for the payment of G.P. Fund to the legal heirs of the deceased official has not been received from the nominees on the prescribed pro forma and the payment shall be arranged on receipt of the application,
4. Shadi Ram, Beldar	24-4-71	Application for final withdraw of G.P. Fund has been submitted to the A.G. Punjab and authorisation for withdrawal of the amount is-awaited from him.
5. Jagdish Chand, Beldar	28-4-71	The widow of the deceased has not so far applied for the final withdrawal of G.P. Fund.
6. Sundar, Sweeper	29-4-71	The nomine of the deceased has not applied for the final with-drawal of G.P. Fund.
7. Sushil Kumar Nayar, Offg. S.D.O.	5-7-71	The amount of provident fund has not been paid so far to the nominee of the deceased officer, since the papers duly completed have only been received in the last week of April and sent to the A.G, Himachal and Chandigarh, Simla, for necessary action. The deceased officer served in Himachal Pradesh and joined Punjab on 23-6-70.
8. Harbans Lal Mehra, S.O.	8-7-71	G.P. Fund sanctioned and case sent to A.G. Central Revenue, Delhi, for payment.
9. Sita Singh Daffadar	13-7-71	The application of the nomine of the deceased official for the release of provident fund has been sent to the A.G., Punjab. The payment shall be made as soon as necessary authority is received from the A.G., Punjab.

S. No.	Name and Designation	Date of death	Reasons for non-payment of G.P. Fund
10.	Karam Singh, Peon	13-7-71	G.P.Fund of the deceased could not be withdrawn due to non-submission of required application on proper proforma by the nominee. He has been asked to submit application on the prescribed proforma for the final payment of G.P. Fund.
11.	Arjan Singh, Mate	17-7-71.	Application for the final withdrawal of G.P. Fund has not been received from the nominees of the deceased and thesame has been called for from them.
12.	Khem Singh Mate	31-7-71	Application for the payment of the G.P.Fund to the legal heirs of the deceased official has not been received from nominees on the preseribed pro-forma and the payment ment shall be arranged on receipt of application.
13.	Rup Lal, I.B.C	14-8-71	The case of final withdrawal of G.P. Fund is under corres pondence with the A.G. Punjab.
14.	Lachhman Dass, Beldar	21-8-71	The application from the nominee of the deceased has been received and is under scrutiny in the office of Sirhind Canal Circle.
15.	Ralla Singh, Beldar	10-9-71	Application for final withdrawal of G.P. Fund has been forwarded to the A.G. Punjab, and authorisation for the withdrawal of the amount is awaited from him.
16.	Sukhdev Chand Gupta	21-9-71	The legal heirs of the deceased has not submitted application for the final withdrawal of G.P. Fund.

[(ੳ) 1 ਅਪ੍ਰੈਲ, 1971 ਤੋਂ 30 ਸਤੰਬਰ, 1971 ਤੱਕ ਦੇ ਸਮੇਂ ਵਿਚ ਸਵਰਗਵਾਸ ਹੋਏ ਇਸ ਮਹਿਕਮੇ ਦੇ ਕਰਮਚਾਰੀਆਂ ਦੀ ਸੂਚੀ ਜਿਸ ਵਿਚ ਉਹਨਾਂ ਦਾ ਨਾਂ, ਅਹੁਦਾ ਤੇ ਮੌਤ ਦੀ ਮਿਤੀ ਦਿੱਤੀ ਹੋਈ ਹੈ, ਅਨੈਕਸਚਰ 1 ਤੇ ਲਾਈ ਜਾਂਦੀ ਹੈ। ਅਤੇ ਹਾਊਸ ਵਿਚ ਪੇਸ਼ ਕੀਤੀ ਜਾਂਦੀ ਹੈ।

(ਅ) ਮਿਰਤਕ ਦੇ ਪਰਵਾਰਾਂ ਨੂੰ ਐਕਸਗਰੇਸ਼ੀਆਂ ਪਰਵਾਰ ਪੈਨਸ਼ਨ ਤੇ ਡੀ. ਸੀ. ਆਰ, ਜੀ. ਟੀ ਕੀਤੀ ਅਦਾਇਗੀ ਜਾਂ ਉਹਨ੍ਹਾਂ ਸਬੰਧੀ ਜਾਰੀ ਕੀਤੀ ਪਰਵਾਨਗੀ ਦੇ ਵੇਰਵੇ ਦੀ ਸੂਚੀ ਐਨਕਸਚਰ 2 ਤੇ ਲਾਈ ਜਾਂਦੀ ਹੈ ਅਤੇ ਹਾਊਸ ਵਿਚ ਪੇਸ਼ ਕੀਤੀ ਜਾਂਦੀ ਹੈ।

(ੲ) ਮਿਰਤਕਾਂ ਦੇ ਪਰਵਾਰਾਂ ਨੂੰ ਪ੍ਰਾਵੀਡੈਂਟ ਫੰਡ ਦੀ ਕੀਤੀ ਅਦਾਇਗੀ ਦੀ ਸੂਚੀ ਅਨੈਕਸਚਰ 3 ਤੇ ਲਾਈ ਜਾਂਦੀ ਹੈ ਅਤੇ ਹਾਊਸ ਵਿਚ ਪੇਸ਼ ਕੀਤੀ ਜਾਂਦੀ ਹੈ।

ਅਨੁਲਗ 1

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
1.	ਸ੍ਰੀ ਅਨੋਖ ਸਿੰਘ, ਗੇਜ਼ ਰੀਡਰ	6-4-1971	ਇਰੀਗੇਸ਼ਨ ਬਰਾਂਚ ਸਰਕਲ ਪਟਿਆਲਾ
2,	ਸ੍ਰੀ ਗਣਪਤ ਰਾਏ, ਭਾਗ ਅਫਸਰ	21-4-1971	ਐਡਮਨਿਸਟਰੇਸ਼ਨ ਸਟੋਰਜ਼, ਤਲਵਾੜਾ।
3.	ਸ੍ਰੀ ਜਸਵੰਤ ਸਿੰਘ, ਚਪੜਾਸੀ	21-4-1971	ਚੀਫ ਇੰਜੀਨੀਅਰ, ਸਿੰਜਾਈ ਵਿਭਾਗ, ਪੰਜਾਬ।
4.	ਸ੍ਰੀ ਗਿਆਨ ਚੰਦ, ਜ਼ਿਲੇਦਾਰ	23-4-1971	ਫ਼ਿਰੋਜ਼ਪੁਰ ਕੈਨਾਲ ਸਰਕਲ, ਫ਼ਿਰੋਜ਼ਪੁਰ।
5,	ਸ੍ਰੀ ਦਲੀਪ ਸਿੰਘ, ਬਰਕਨਦਾਜ਼	24-4-1971	ਨੰਗਲ ਮਕੈਨੀਕਲ ਸਰਕਲ, ਨੰਗਲ
6.	ਸ੍ਰੀ ਸ਼ਾਦੀ ਰਾਮ, ਕੈਨਾਲ ਪਟਰੋਲ	24-4-1971	ਸਰਹਿੰਦ ਕੈਨਾਲ ਸਰਕਲ, ਲੁਧਿਆਣਾ
7,	ਸ੍ਰੀ ਜਗਦੀਸ਼ ਚੰਦ, ਬੇਲਦਾਰ	28-4-1971	ਡਾਇਰੈਕਟਰ, ਇਰੀਗੇਸ਼ਨ ਅਤੇ ਪਾਵਰ ਰੀਸਰਚ, ਅੰਮ੍ਰਿਤਸਰ।
8,	ਸ੍ਰੀ ਸੁੰਦਰ, ਸਵੀਪਰ	29-4-1971	ਭਾਖੜਾ ਮੇਨ ਲਾਈਨ ਸਰਕਲ, ਪਟਿਆਲਾ।
9,	ਸ੍ਰੀ ਮੋਹਨ ਸਿੰਘ, ਭਾਗ ਅਫਸਰ	23-5-1971	ਇਰੀਗੇਸ਼ਨ ਬਰਾਂਚ ਸਰਕਲ, ਪਟਿਆਲਾ।
10,	ਸ੍ਰੀ ਮਹਿੰਦਰ ਸਿੰਘ, ਭਾਗ ਅਫ਼ਸਰ	27-6-1971	ਫਿਰੋਜ਼ਪੁਰ ਕੈਨਾਲ ਸਰਕਲ, ਫਿਰੋਜ਼ਪੁਰ।
11,	ਸ੍ਰੀ ਸੁਸ਼ੀਲ ਕੁਮਾਰ, ਐਸ. ਡੀ. ਓ, (ਉਪ-ਮੰਡਲ ਅਫ਼ਸਰ)	5-7-1971	ਥੀਨ ਡੈਮ ਸਰਕਲ, ਚੰਡੀਗੜ੍ਹ।
12.	ਸ੍ਰੀ ਸੁੱਖ ਰਾਮ ਦਾਸ, ਚੌਕੀਦਾਰ	7-7-1971	ਸਰਹਿੰਦ ਕੈਨਾਲ ਸਰਕਲ, ਲੁਧਿਆਣਾ
13,	ਸ੍ਰੀ ਹਰਬੰਸ ਲਾਲ ਮਹਿਰਾ, ਭਾਗ ਅਫ਼ਸਰ	8-7-1971	ਐਡਮਨਿਸਟਰੇਸ਼ਨ ਅਤੇ ਅਕਾਊਂਟਸ ਸਰਕਲ, ਸੁੰਦਰ ਨਗਰ।

ਲੜੀ ਨੰ:	ਨਾਂ ਅਤੇ ਅਹੁਦਾ	ਮੌਤ ਦੀ ਮਿਤੀ	ਸਰਕਲ
14.	ਸ੍ਰੀ ਬੂਟਾ ਸਿੰਘ, ਦਫਾਦਾਰ	13-7-1971	ਅਪਰ ਬਾਰੀ ਦੁਆਬ ਸਰਕਲ, ਅੰਮ੍ਰਿਤਸਰ।
15.	ਸ੍ਰੀ ਕਰਮ ਸਿੰਘ, ਚਪੜਾਸੀ	13-7-1971	ਭਾਖੜਾ ਮੇਨ ਲਾਈਨ ਸਰਕਲ, ਪਟਿਆਲਾ।
16.	ਸ੍ਰੀ ਅਰਜਨ ਸਿੰਘ, ਮੇਟ	17-7-1971	ਸਰਹਿੰਦ ਕੈਨਾਲ ਸਰਕਲ ਲੁਧਿਆਣਾ
17.	ਸ੍ਰੀ ਚਮਨ ਲਾਲ, ਭਾਗ ਅਫ਼ਸਰ	25-7-1971	ਐਡਮਨਿਸਟਰੇਸ਼ਨ ਅਤੇ ਅਕਾਊਂਟਸ ਸਰਕਲ, ਸੁੰਦਰ ਨਗਰ।
18.	ਸ੍ਰੀ ਅਮਰ ਸਿੰਘ, ਸਬ-ਡਵੀਜ਼ਨਲ ਕਲਰਕ	25-7-1971	ਐਡਮਨਿਸਟਰੇਸ਼ਨ ਸਟੋਰਜ਼ ਸਰਕਲ ਤਲਵਾੜਾ।
19.	ਸ੍ਰੀ ਖੇਮ ਸਿੰਘ, ਮੇਟ	31-7-1971	ਫਿਰੋਜ਼ਪੁਰ ਕੈਨਾਲ ਸਰਕਲ, ਫਿਰੋਜ਼ਪੁਰ।
20.	ਸ੍ਰੀ ਰੂਪ ਲਾਲ ਨਹਿਰੀ, ਪਟਵਾਰੀ	14-8-1971	ਇਰੀਗੇਸ਼ਨ ਬਰਾਂਚ ਸਰਕਲ, ਪਟਿਆਲਾ।
21.	ਸ੍ਰੀ ਲਛਮਣ ਦਾਸ, ਕੇਨਾਲ, ਪਟਰੋਲ	21-8-1971	ਸਰਹਿਦ ਕੈਨਾਲ ਸਰਕਲ, ਲੁਧਿਆਣਾ।
22.	ਸ੍ਰੀ ਰੱਲਾ ਸਿੰਘ, ਕੇਨਾਲ ਪਟਰੋਲ	10-9-1971	ਸਰਹਿੰਦ ਕੈਨਾਲ ਸਰਕਲ, ਲੁਧਿਆਣਾ
23.	ਸ੍ਰੀ ਸੁਖਦੇਵ ਚੰਦ ਗੁਪਤਾ, ਭਾਗ ਅਫ਼ਸਰ	21-9-1971	ਇਰੀਗੇਸ਼ਨ ਬਰਾਂਚ ਸਰਕਲ, ਪਟਿਆਲਾ।

ਅਨੁਲਗ 2

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
1,	ਸ੍ਰੀ ਅਨੋਖ ਸਿੰਘ, ਗੇਜ ਰੀਡਰ	6-4-1971	ਇਰੀਗੇਸ਼ਨ ਬ੍ਰਾਂਚ ਸਰਕਲ, ਪਟਿਆਲਾ ਮਿਰਤਕ ਦੇ ਪਰਵਾਰ ਵਲੋਂ ਪ੍ਰਤਿਬੇਨਤੀ ਨਾ ਆਉਣ ਕਰਕੇ ਐਕਸ ਗਰੇਸ਼ੀਆ ਦੀ ਅਦਾਇਗੀ ਨਹੀਂ ਕੀਤੀ ਜਾ ਸਕੀ। ਪਰਵਾਰ ਪੈਨਸ਼ਨ ਤੇ ਡੈਥ-ਕਮ-ਰੀਟਾਇਰਮੈ ਗਰੈਚੁਟੀ ਦਾ ਕੇਸ ਪ੍ਰਵਾਨਗੀ ਦੇ ਕੇ ਲਹਿਲ ਮੰਡਲ ਦੇ ਪੱਤਰ ਨੰ: 8649, ਮਿਤੀ 29 ਸਤੰਬਰ, 1971 ਨਾਲ ਏ, ਜੀ: (ਅਕਾਊਂਟੈਂਟ ਜਨਰਲ) ਪੰਜਾਬ ਨੂੰ ਭੇਜ ਦਿੱਤਾ ਹੈ। ਪੈਨਸ਼ਨ ਪੇਮੈਂਟ ਆਰਡਰ, ਅਜੇ ਜਾਰੀ ਹੋਣਾ ਹੈ।
2,	ਸ੍ਰੀ ਗਣਪਤ ਰਾਏ, ਭਾਗ ਅਫ਼ਸਰ	21-4-1971	ਐਡਮਨਿਸਟਰੇਸ਼ਨ ਅਤੇ ਸਟੋਰਜ਼, ਤਲਵਾੜਾ ਮਿਰਤਕ ਦੇ ਪਰਵਾਰ ਵਲੋਂ ਪ੍ਰਤੀ ਬੇਨਤੀ ਨਾ ਆਉਣ ਕਰਕੇ ਐਕਸ ਗਰੇਸ਼ੀਆ ਪਰਵਾਰ ਪੈਨਸ਼ਨ ਤੇ ਡੈਥ-ਕੰਮ-ਰੀਟਾਇਰਮੈਂਟ ਗਰੈਚੂਟੀ ਦੀ ਪਰਵਾਨਗੀ ਨਹੀਂ ਦਿੱਤੀ ਜਾ ਸਕੀ। ਵਿਧਵਾ ਨੇ ਦੱਸਿਆ ਹੈ ਕਿ ਉਸ ਨੇ ਜ਼ਰੂਰੀ ਕਾਗਜ਼ ਡਾਕ ਰਾਹੀਂ ਭੇਜ ਦਿੱਤੇ ਹਨ, ਪਰ ਮਹਿਕਮੇ ਕੋਲ ਨਹੀਂ ਪੁੱਜੇ। ਕਾਗਜ਼ਾਂ ਦਾ ਇਕ ਹੋਰ ਸੈਟ ਵਿਧਵਾ ਨੂੰ ਮੁਕੰਮਲ ਕਰਕੇ ਭੇਜਣ ਲਈ ਭੇਜ ਦਿੱਤਾ ਹੈ।
3.	ਸ੍ਰੀ ਜਸਵੰਤ ਸਿੰਘ, ਚਪੜਾਸੀ	21-4-1971	ਮੁੱਖ ਦਫ਼ਤਰ ਐਕਸ ਗਰੇਸ਼ੀਆ ਦੀ ਪਰਵਾਨਗੀ ਮਿਰਤਕ ਦੀ ਵਿਧਵਾ ਮਾਂ ਦੇ ਨਾਂ ਜਾਰੀ ਕਰ ਦਿੱਤੀ ਹੈ, ਪਰ ਡੀਪੈਂਡੈਂਟ ਸਰਟੀਫਿਕੇਟ ਨਾਂ ਦੇਣ ਕਰਕੇ ਅਦਾਇਗੀ ਨਹੀਂ ਹੋ ਸਕੀ। ਮਿਰਤਕ ਕੁੰਵਾਰਾ ਹੋਣ ਕਰਕੇ ਪਰਵਾਰ ਪੈਨਸ਼ਨ ਦਾ ਹੱਕਦਾਰ ਨਹੀਂ ਬਣਦਾ। ਡੈਥ-ਕਮ-ਰੀਟਾਇਰਮੈਂਟ ਗਰੈਚੁਟੀ ਦੀ ਪਰਵਾਨਗੀ ਜਾਰੀ ਹੋ ਰਹੀ ਹੈ।

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
4.	ਸ੍ਰੀ ਗਿਆਨ ਚੰਦ, ਜ਼ਿਲੇਦਾਰ	23-4-1971	ਫਿਰੋਜ਼ਪੁਰ ਕੈਨਾਲ ਸਰਕਲ, ਫਿਰੋਜ਼ਪੁਰ । ਐਕਸ ਗਰੇਸ਼ੀਆ ਦੀ ਪਰਵਾਨਗੀ 4 ਮਈ, 1972 ਨੂੰ ਦੇ ਦਿੱਤੀ ਹੈ । ਪਰ ਅਦਾਇਗੀ ਅਜੇ ਨਹੀਂ ਹੋਈ। ਪੈਨਸ਼ਨ ਪੇਮੈਂਟ ਆਰਡਰ ਜਾਰੀ ਹੋ ਚੁੱਕਿਆ ਹੈ। ਗਰੈਚੁਟੀ ਆਰਡਰ ਜਾਰੀ ਹੋ ਚੁਕਿਆ ਹੈ ।
5.	ਸ੍ਰੀ ਦਲੀਪ ਸਿੰਘ, ਬਰਕਨਦਾਜ਼	24-4-1971	ਨੰਗਲ ਮਕੈਨੀਕਲ ਸਰਕਲ ਨੰਗਲ। ਮਿਰਤਕ ਦੀ ਕਿਸੇ ਸਟੇਟ ਨੂੰ ਐਲੋ-ਕੇਸ਼ਨ ਨਾ ਹੋਣ ਕਰਕੇ ਉਸ ਦਾ ਐਕਸ ਗਰੇਸ਼ੀਆ ਪਰਵਾਰ ਪੈਨਸ਼ਨ ਤੇ ਡੈਥ-ਕਮ-ਰੀਟਾਇਰਮੈਂਟ ਗਰੈਚੁਟੀ ਦਾ ਕੇਸ ਹੱਥ ਵਿਚ ਲਿਆ ਨਹੀਂ ਜਾ ਸਕਿਆ।ਇਸ ਦੀ ਐਲੋਕੇਸ਼ਨ ਅਜੇ ਪਿਛੇ ਜਿਹੇ ਹੀ ਪੰਜਾਬ ਸਟੇਟ ਨੂੰ ਹੋਈ ਹੈ ।
6.	ਸ੍ਰੀ ਸ਼ਾਦੀ ਰਾਮ, ਕੈਨਾਲ ਪਟਰੋਲ	24-4-1971	ਸਰਹਿੰਦ ਕੈਨਾਲ ਸਰਕਲ, ਲੁਧਿਆਣਾ ਐਕਸ ਗਰੇਸ਼ੀਆ ਦੀ ਪਰਵਾਨਗੀ ਦੇ ਦਿੱਤੀ ਹੈ ਤੇ ਬਿਲ ਲੁਧਿਆਣਾ ਖਜ਼ਾਨੇ ਨੂੰ ਭੇਜ ਦਿੱਤਾ ਹੈ। ਕਾਰਜਕਾਰੀ ਇੰਜੀਨੀਅਰ, ਸਿਧਵਾਂ ਮੰਡਲ ਦੇ ਪੱਤਰ ਨੰ: 2565/ਮਿਤੀ 24 ਅਪ੍ਰੈਲ, 1972 ਨਾਲ ਪੈਨਸ਼ਨ ਤੇ ਡੈਥ-ਕਮ-ਰੀਟਾਇਰਮੈਂਟ ਗਰੈਚੁਟੀ ਦੀ ਪਰਵਾਨਗੀ ਦੇ ਕੇ ਕੇਸ ਏ. ਜੀ. ਪੰਜਾਬ ਨੂੰ ਭੇਜ ਦਿੱਤਾ ਹੈ । ਪੈਨਸ਼ਨ ਪੇਮੈਂਟ ਆਰਡਰ ਤੇ ਗਰੈਚੁਟੀ ਆਡਰ ਅਜੇ ਜਾਰੀ ਹੋਣੇ ਹਨ ।

ਲੜੀ ਨੰ:	ਨਾਂ ਤੇ ਅਹੁਦਾਂ	ਮੌਤ ਦੀ ਮਿਤੀ	ਸਰਕਲ
7.	ਸ੍ਰੀ ਜਗਦੀਸ਼ ਚੰਦ, ਬੇਲਦਾਰ	28-4-1971	ਡਾਇਰੈਕਟਰ ਇਰੀਗੇਸ਼ਨ ਪਾਵਰ ਰੀਸਰਚ । ਐਕਸ ਗਰੇਸ਼ੀਆ ਗਰਾਂਟ ਦੀ ਨਾਂ ਹੀ ਪਰਵਾਨਗੀ ਜਾਰੀ ਹੋਈ ਹੈ ਤੇ ਨਾਂ ਅਦਾਇਗੀ ਕਿਉਂਕਿ ਡਾਇਰੈਕਟਰ ਇਰੀਗੇਸ਼ਨ ਅਤੇ ਪਾਵਰ ਰੀਸਰਚ ਨੇ ਆਪ ਪਰਵਾਨਗੀ ਜਾਰੀ ਕਰਕੇ ਅਦਾਇਗੀ ਕਰਨ ਦੀ ਬਜਾਏ ਕੇਸ ਏ. ਜੀ. ਨੂੰ ਭੇਜਣ ਦਾ ਗਲਤ ਤਰੀਕਾ ਅਖਤਿਆਰ ਕੀਤਾ ਸੀ । ਫੈਮਲੀ ਪੈਨਸ਼ਨ ਦੀ ਪਰਵਾਨਗੀ ਨਹੀਂ ਦਿੱਤੀ ਗਈ, ਪਰ ਵਿਧਵਾ ਨੂੰ ਅਨੁ-ਮਾਨਤ ਪਰਵਾਰ ਪੈਨਸ਼ਨ ਮਿਲ ਰਹੀ ਹੈ । ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦੀ ਪਰਵਾਨਗੀ ਹੀ ਦਿੱਤੀ ਹੈ ।
8.	ਸ੍ਰੀ ਸੁੰਦਰ, ਸਵੀਪਰ	29-4-1971	ਭਾਖੜਾ ਮੇਨ ਲਾਈਨ ਸਰਕਲ, ਪਟਿਆਲਾ । ਐਕਸ ਗਰੇਸ਼ੀਆ ਦੀ ਅਦਾਇਗੀ ਵਿਧਵਾ ਨੂੰ ਕਰ ਦਿੱਤੀ ਹੈ । ਕਾਰਜਕਾਰੀ ਇੰਜੀਨੀਅਰ, ਦੇਵੀਗੜ੍ਹ ਮੰਡਲ ਦੇ ਪਤਰ ਨੰ: 1505 । ਮਿਤੀ 18 ਫਰਵਰੀ, 1972 ਨਾਲ ਪੈਨਸ਼ਨ ਤੇ ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦੀ ਪਰਵਾਨਗੀ ਦੇ ਕੇ ਕੇਸ ਅਕਾਊਂਟੈਂਟ ਜਨਰਲ ਨੂੰ ਭੇਜ ਦਿੱਤਾ ਹੈ, ਪੈਨਸ਼ਨ ਪੇਮੈਂਟ ਆਰਡਰ ਤੇ ਗਰੈਚੂਟੀ ਆਰਡਰ ਜਾਰੀ ਹੋਣਾ ਬਾਕੀ ਹੈ ।
9.	ਸ੍ਰੀ ਮੋਹਨ ਸਿੰਘ, ਭਾਗ ਅਫ਼ਸਰ	23-5-1971	ਭਾਖੜਾ ਇਰੀਗੇਸ਼ਨ ਬ੍ਰਾਂਚ ਸਰਕਲ, ਪਟਿਆਲਾ । ਐਕਸ ਗਰੇਸ਼ੀਆ ਦੀ ਪਰਵਾਨਗੀ ਦਾ ਕੇਸ ਨਿਗਰਾਨ ਇੰਜੀਨੀਅਰ ਨੇ ਗਲਤੀ ਨਾਲ ਅਕਾਊਂਟੈਂਟ ਜਨਰਲ ਨੂੰ ਭੇਜ ਦਿੱਤਾ ਸੀ । ਦਰਅਸਲ ਅਦਾਇਗੀ ਉਸ ਨੇ ਆਪ ਹੀ ਕਰਨੀ ਸੀ । ਜਿਸ ਕਰਕੇ ਅਦਾਇਗੀ ਨਾ ਹੋ ਸਕੀ ਨਿਗਰਾਨ ਇੰਜੀਨੀਅਰ ਨੂੰ ਠੀਕ ਕਾਰਵਾਈ ਕਰਨ ਵਾਸਤੇ ਹਦਾਇਤ ਕਰ ਦਿੱਤੀ ਗਈ ਹੈ ।

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
			ਕੱਚਾ ਭਾਗ ਅਫ਼ਸਰ ਹੋਣ ਕਰਕੇ ਨਿਗਰਾਨ ਇੰਜੀਨੀਅਰ ਨੇ ਪੈਨਸ਼ਨ ਤੇ ਡੈਥ-ਕਮ-ਰਿਟਾਇਰਮੈਂਟ ਗਰੈਚੂਟੀ ਦੀ ਪਰਵਾਨਗੀ ਦੇ ਕੇ ਕੇਸ ਅਕਾਊਂਟੈਂਟ ਜਨਰਲ ਨੂੰ ਭੇਜ ਦਿੱਤਾ ਸੀ। ਪਰ ਅਕਾਊਂਟੈਂਟ-ਜਨਰਲ ਨੇ ਇਸ ਤੇ ਇਤਰਾਜ਼ ਲਗਾਕੇ ਵਾਪਸ ਕਰ ਦਿੱਤਾ ਹੈ ਤੇ ਪੈਨਸ਼ਨ ਪੇਮੈਂਟ ਆਰਡਰ ਗਰੈਚੂਟੀ ਆਰਡਰ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ। ਅਕਾਊਂਟੈਂਟ ਜਨਰਲ ਦਾ ਇਹ ਪੱਖ ਗਲਤ ਸੀ। ਇਸ ਲਈ ਨਿਗਰਾਨ ਇੰਜੀਨੀਅਰ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਕੇਸ ਫਿਰ ਅਕਾਊਂਟੈਂਟ-ਜਨਰਲ, ਪੰਜਾਬ ਨੂੰ ਭੇਜ ਦੇਵੇ।
10.	ਸ੍ਰੀ ਮਹਿੰਦਰ ਸਿੰਘ, ਭਾਗ ਅਫ਼ਸਰ	27-6-1971	ਫਿਰੋਜ਼ਪੁਰ ਕੈਨਾਲ ਸਰਕਲ ਫਿਰੋਜ਼ਪੁਰ ਐਕਸ ਗਰੇਸ਼ੀਆ ਦੀ ਅਦਾਇਗੀ ਵਿਧਵਾ ਨੂੰ ਕਰ ਦਿੱਤੀ ਗਈ ਹੈ। ਫੈਮਲੀ ਪੈਨਸ਼ਨ ਦੀ ਪਰਵਾਨਗੀ 28 ਅਕਤੂਬਰ, 1971 ਨੂੰ ਜਾਰੀ ਕਰ ਦਿੱਤੀ ਹੈ। ਪਰ ਪੈਨਸ਼ਨ ਪੇਮੈਂਟ ਆਰਡਰ ਜਾਰੀ ਹੋਣਾ ਬਾਕੀ ਹੈ। ਡੈਥ-ਕਮ-ਰੀਟਾਇਰਮੈਂਟ ਗਰੈਚੁਟੀ ਦੀ ਪਰਵਾਨਗੀ 5 ਜਨਵਰੀ, 1972 ਨੂੰ ਜਾਰੀ ਕਰ ਦਿੱਤੀ ਹੈ, ਪਰ ਗਰੈਚੂਟੀ ਆਰਡਰ ਜਾਰੀ ਹੋਣਾ ਬਾਕੀ ਹੈ।
11.	ਸ੍ਰੀ ਸੁਸ਼ੀਲ ਕੁਮਾਰ, ਸਬ ਡਿਵੀਜ਼ਨਲ ਅਫ਼ਸਰ	5-7-1971	ਥੀਨ ਡੈਮ ਸਰਕਲ, ਚੰਡੀਗੜ੍ਹ। ਐਕਸ ਗਰੇਸ਼ੀਆ ਦੀ ਪਰਵਾਨਗੀ 24 ਸਤੰਬਰ, 1971 ਨੂੰ ਜਾਰੀ ਕਰ ਦਿੱਤੀ ਹੈ। ਅਦਾਇਗੀ ਦੀ ਅਥਾਰਟੀ ਅਕਾਊਂਟੈਂਟ-ਜਨਰਲ ਨੇ ਜਾਰੀ ਕਰਨੀ ਹੈ।

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
			ਪਰਵਾਰ ਪੈਨਸ਼ਨ ਦੀ ਪਰਵਾਨਗੀ 24 ਸਤੰਬਰ, 1971 ਨੂੰ ਜਾਰੀ ਕਰ ਦਿੱਤੀ ਹੈ। ਪਰ ਪੈਨਸ਼ਨ ਪੇਮੈਂਟ ਆਰਡਰ ਬਾਰੇ ਕੋਈ ਸੂਚਨਾ ਨਹੀਂ ਮਿਲੀ। ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦਾ ਕੇਸ ਬੇਬਾਕੀ ਸਰਟੀਫਿਕੇਟ ਤੇ ਸੇਵਾ ਪੱਤਰੀ ਨਾ ਆਉਣ ਕਰਕੇ ਪੈਂਡਿੰਗ ਹੈ।
12.	ਸ੍ਰੀ ਸੁੱਖ ਰਾਮ ਦਾਸ, ਚੌਕੀਦਾਰ	7-7-1971	ਸਰਹਿੰਦ ਕੈਨਾਲ ਸਰਕਲ, ਲੁਧਿਆਣਾ। ਐਕਸ ਗਰੇਸ਼ੀਆ ਦੀ ਅਦਾਇਗੀ ਵਿਧਵਾ ਨੂੰ ਕਰ ਦਿੱਤੀ ਹੈ। ਫਿਰੋਜ਼ਪੁਰ ਮੰਡਲ ਦੇ ਪੱਤਰ ਨੰ: 1307 ਮਿਤੀ 25 ਫਰਵਰੀ, 1972 ਨਾਲ ਪਰਵਾਰ ਪੈਨਸ਼ਨ ਤੇ ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦੀ ਪਰਵਾਨਗੀ ਦੇ ਕੇ ਕੇਸ ਅਕਾਊਂਟੈਂਟ-ਜਨਰਲ, ਪੰਜਾਬ ਨੂੰ ਭੇਜ ਦਿੱਤਾ ਹੈ, ਪਰ ਪੈਨਸ਼ਨ ਪੇਮੈਂਟ ਆਰਡਰ ਤੇ ਗਰੈਚੂਟੀ ਆਰਡਰ ਜਾਰੀ ਨਹੀਂ ਹੋਇਆ। ਵਿਧਵਾ ਨੂੰ ਅਨੁਮਾਨਤ ਪੈਨਸ਼ਨ ਮਿਲ ਰਹੀ ਹੈ।
13.	ਸ੍ਰੀ ਹਰਬੰਸ ਲਾਲ ਮਹਿਰਾ, ਭਾਗ ਅਫ਼ਸਰ	8-7-1971	ਐਡਮਨਿਸਟਰੇਸ਼ਨ ਅਤੇ ਅਕਾਊਂਟਸ, ਸੁੰਦਰ ਨਗਰ। ਐਕਸ ਗਰੇਸ਼ੀਆ ਦੀ ਪਰਵਾਨਗੀ 2 ਫਰਵਰੀ, 1972 ਨੂੰ ਦੇ ਦਿੱਤੀ ਹੈ, ਪਰ ਅਦਾਇਗੀ ਅਜੇ ਨਹੀਂ ਹੋਈ। ਪਰਵਾਰ ਪੈਨਸ਼ਨ ਦੀ ਪਰਵਾਨਗੀ ਨਹੀਂ ਹੋਈ ਹੈ ਕਿਉਂਕਿ ਕੇਸ ਨਿਗਰਾਨ ਇੰਜੀਨੀਅਰ ਤੋਂ ਨਹੀਂ ਆਇਆ। ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦਾ ਕੇਸ

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
			ਬੇਬਾਕੀ ਸਰਟੀਫਿਕੇਟ ਨਾ ਆਉਣ ਕਰਕੇ ਪੈਂਡਿੰਗ ਹੈ।
14.	ਬੂਟਾ ਸਿੰਘ, ਦਫ਼ਾਦਾਰ	13-7-1971	ਅਪਰ ਬਾਰੀ ਦੁਆਬ ਨਹਿਰ ਸਰਕਲ, ਅੰਮ੍ਰਿਤਸਰ। ਐਕਸ ਗਰੇਸ਼ੀਆ ਦੀ ਪਰਵਾਨਗੀ ਦੇ ਦਿੱਤੀ ਗਈ ਹੈ। ਬਿਲ ਪਾਸ ਹੋਣ ਤੇ ਅਦਾਇਗੀ ਕਰ ਦਿੱਤੀ ਜਾਵੇਗੀ। ਪੈਨਸ਼ਨ ਪੇਮੈਂਟ ਜਾਰੀ ਹੋ ਚੁਕਿਆ ਹੈ। ਗਰੈਚੂਟੀ ਆਰਡਰ ਜਾਰੀ ਹੋ ਚੁਕਿਆ ਹੈ।
15.	ਸ੍ਰੀ ਕਰਮ ਸਿੰਘ, ਚਪੜਾਸੀ	13-7-71	ਭਾਖੜਾ ਮੇਨ-ਲਾਈਨ ਸਰਕਲ, ਪਟਿਆਲਾ ਐਕਸ ਗਰੇਸ਼ੀਆ ਦੀ ਪਰਵਾਨਗੀ 10 ਮਾਰਚ, 1972 ਨੂੰ ਦਿੱਤੀ ਗਈ ਹੈ, ਅਦਾਇਗੀ ਛੇਤੀ ਹੀ ਕਰ ਦਿੱਤੀ ਜਾਵੇਗੀ। ਪੈਨਸ਼ਨ ਪੇਮੈਂਟ ਆਰਡਰ ਜਾਰੀ ਹੋ ਚੁਕਿਆ ਹੈ। ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਆਡਰ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ, ਪਰ ਗਰੈਚੂਟੀ ਆਰਡਰ ਅਜੇ ਜਾਰੀ ਨਹੀਂ ਹੋਇਆ।
16.	ਸ੍ਰੀ ਅਰਜਨ ਸਿੰਘ, ਮੇਟ	17-7-71	ਸਰਹਿੰਦ ਕੈਨਾਲ ਸਰਕਲ, ਲੁਧਿਆਣਾ। ਵਿਧਵਾ ਤੋਂ ਪ੍ਰਤਿਬੇਨਤੀ ਤੇ ਲੀਗਲ ਹੇਅਰ ਸਰਟੀਫਿਕੇਟ ਨਾ ਆਉਣ ਕਰਕੇ ਐਕਸ ਗਰੇਸ਼ੀਆ ਅਜੇ ਨਹੀਂ ਦਿੱਤਾ ਗਿਆ। ਵਿਧਵਾ ਨੂੰ ਜ਼ਰੂਰੀ ਕਾਗਜ਼ ਭੇਜਣ ਲਈ ਬੇਨਤੀ ਕੀਤੀ ਗਈ ਹੈ। ਵਿਧਵਾ ਤੋਂ ਜ਼ਰੂਰੀ ਕਾਗਜ਼ ਨਾ ਆਉਣ ਕਰਕੇ ਫੈਮਲੀ ਪੈਨਸ਼ਨ ਤੇ ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦਾ ਕੇਸ ਅਟਕਿਆ ਹੋਇਆ ਹੈ।

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
17.	ਸ੍ਰੀ ਚਮਨ ਲਾਲ, ਭਾਗ ਅਫ਼ਸਰ	25-7-1971	ਐਡਮਨਿਸਟਰੇਸ਼ਨ ਅਤੇ ਅਕਾਊਂਟਸ ਸਰਕਲ, ਸੁੰਦਰ ਨਗਰ । ਐਕਸ ਗਰੇਸ਼ੀਆ ਦੀ ਪਰਵਾਨਗੀ 8 ਮਾਰਚ, 1972 ਨੂੰ ਦਿੱਤੀ ਗਈ ਹੈ, ਪੇਮੈਂਟ ਕਰਨੀ ਬਾਕੀ ਹੈ । ਪਰਵਾਰ ਪੈਨਸ਼ਨ ਦਾ ਕੇਸ ਮੁਕੰਮਲ ਹੋ ਚੁਕਿਆ ਹੈ ਤੇ ਪਰਵਾਨਗੀ ਦਿੱਤੀ ਜਾ ਰਹੀ ਹੈ । ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦਾ ਕੇਸ ਬੇਬਾਕੀ ਸਰਟੀਫਿਕੇਟ ਨਾ ਆਉਣ ਕਰਕੇ ਰੁਕਿਆ ਹੋਇਆ ਹੈ।
18.	ਸ੍ਰੀ ਅਮਰ ਸਿੰਘ, ਸਬ ਡਿਵੀਜ਼ਨਲ ਕਲਰਕ	25-7-1971	ਐਡਮਨਿਸਟਰੇਸ਼ਨ ਅਤੇ ਸਟੋਰਜ਼, ਤਲਵਾੜਾ । ਐਕਸ ਗਰੇਸ਼ੀਆ ਦੀ ਪਰਵਨਾਗੀ ਨਹੀਂ ਦਿੱਤੀ ਗਈ । ਪਰਵਾਰ ਪੈਨਸ਼ਨ ਦੀ ਪਰਵਾਨਗੀ ਨਹੀਂ ਦਿੱਤੀ ਗਈ । ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦੀ ਪਰਵਾਨਗੀ ਨਹੀਂ ਦਿੱਤੀ ਗਈ। ਕਿਸੇ ਸਟੇਟ ਨੂੰ ਐਲੋਕੇਟ ਨਾ ਹੋਣ ਕਰਕੇ ਕੇਸ ਤੇ ਕਾਰਵਾਈ ਨਹੀਂ ਕੀਤੀ ਜਾ ਸਕੀ । ਹੁਣ ਐਲੋਕੇਸ਼ਨ ਹੋ ਗਈ ਹੈ ਤੇ ਕੇਸ ਤੇ ਅਗਲੀ ਕਾਰਵਾਈ ਹੋ ਰਹੀ ਹੈ ।
19.	ਸ੍ਰੀ ਖੇਮ ਸਿੰਘ, ਮੇਟ	31-7-1971	ਫਿਰੋਜ਼ਪੁਰ ਕੈਨਾਲ ਸਰਕਲ, ਫਿਰੋਜ਼ਪੁਰ । ਖਜ਼ਾਨੇ ਤੋਂ ਐਕਸ ਗਰੇਸ਼ੀਆ ਦੀ ਰਕਮ ਕਢਵਾ ਲਈ ਹੈ ਤੇ ਵਿਧਵਾ ਨੂੰ ਦਿੱਤੀ ਜਾ ਰਹੀ ਹੈ । ਪੈਨਸ਼ਨ ਪੇਮੈਂਟ ਆਰਡਰ ਜਾਰੀ ਹੋ ਚੁਕਿਆ ਹੈ ਗਰੈਚੂਟੀ ਆਰਡਰ ਜਾਰੀ ਹੋ ਚੁਕਿਆ ਹੈ।
20.	ਸ੍ਰੀ ਰੂਪ ਲਾਲ, ਨਹਿਰੀ ਪਟਵਾਰੀ	14-8-1971	ਇਰੀਗੇਸ਼ਨ ਬਰਾਂਚ ਸਰਕਲ, ਪਟਿਆਲਾ । ਐਕਸ ਗਰੇਸ਼ੀਆ ਦੀ ਪਰਵਾਨਗੀ ਦੇ ਦਿੱਤੀ ਹੈ । ਅਦਾਇਗੀ ਹੋਣੀ ਬਾਕੀ ਹੈ। ਫੈਮਲੀ ਪੈਨਸ਼ਨ ਦੀ ਪਰਵਾਨਗੀ ਦਿੱਤੀ ਜਾ ਚੁੱਕੀ ਹੈ । ਪੈਨਸ਼ਨ ਪੇਮੈਂਟ

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
			ਆਰਡਰ ਜਾਰੀ ਹੋਣਾ ਬਾਕੀ ਹੈ । ਡੈਥ-ਕਮ-ਰੀਟਾਇਰਮੈਂਟ ਗ੍ਰੈਚੂਟੀ ਦੀ ਪਰਵਾਨਗੀ ਜਾਰੀ ਹੋ ਚੁਕੀ ਹੈ । ਗਰੈਚੂਟੀ ਆਰਡਰ ਹੋਣਾ ਬਾਕੀ ਹੈ ।
21.	ਸ੍ਰੀ ਲਛਮਣ ਦਾਸ, ਕੈਨਾਲ ਪਟਰੋਲ	21-8-1971	ਸਰਹਿੰਦ ਕੈਨਾਲ ਸਰਕਲ ਲੁਧਿਆਣਾ ਐਕਸ ਗਰੇਸ਼ੀਆ ਦੀ ਪਰਵਾਨਗੀ ਦੇ ਕੇ ਬਿੱਲ ਰੋਪੜ ਖਜ਼ਾਨੇ ਨੂੰ ਭੇਜ ਦਿੱਤਾ ਹੈ। ਪਾਸ ਹੋਣ ਤੇ ਅਦਾਇਗੀ ਕੀਤੀ ਜਾਵੇਗੀ । ਪਰਵਾਰ ਪੈਨਸ਼ਨ ਪੱਤਰ ਤੇ ਡੈਥ ਸਰਟੀਫਿਕੇਟ ਅਜੇ ਵਿਧਵਾ ਵਲੋਂ ਨਹੀਂ ਆਇਆ। ਜਿਹੜਾ ਕਿ ਵਿਸ਼ੇਸ਼ ਆਦਮੀ ਭੇਜ ਕੇ ਮੰਗਵਾਏ ਜਾ ਰਹੇ ਹਨ । ਕੇਸ ਮੁਕੰਮਲ ਕਰਨ ਉਪਰੰਤ ਅਕਾਉਂਟੈਂਟ-ਜਨਰਲ ਨੂੰ ਪੈਨਸ਼ਨ ਪੇਮੈਂਟ ਆਰਡਰ ਤੇ ਗਰੈਚੂਟੀ ਆਰਡਰ ਜਾਰੀ ਕਰਨ ਲਈ ਭੇਜ ਦਿੱਤਾ ਜਾਵੇਗਾ ।
22.	ਸ੍ਰੀ ਰੱਲਾ ਸਿੰਘ, ਕੈਨਾਲ ਪਟਰੋਲ	10-9-1971	ਸਰਹਿੰਦ ਕੈਨਾਲ ਸਰਕਲ ਲੁਧਿਆਣਾ ਐਕਸ ਗਰੇਸ਼ੀਆ ਦੀ ਪਰਵਾਨਗੀ ਦੇ ਕੇ ਬਿਲ ਰੋਪੜ ਖਜ਼ਾਨੇ ਨੂੰ ਭੇਜ ਦਿੱਤਾ ਹੈ । ਬਿਲ ਪਾਸ ਹੋਣ ਤੇ ਅਦਾਇਗੀ ਕਰ ਦਿੱਤੀ ਜਾਵੇਗੀ । ਪਰਵਾਰ ਪੈਨਸ਼ਨ ਤੇ ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦਾ ਕੇਸ ਵਿਧਵਾ ਵਲੋਂ ਡੈਥ ਸਰਟੀਫਿਕੇਟ ਨਾ ਦੇਣ ਕਰਕੇ ਮੁਕੰਮਲ ਨਹੀਂ ਹੋ ਸਕਿਆ, ਜਿਹੜਾ ਕਿ ਵਿਧਵਾ ਨੂੰ ਹੁਣ ਭੇਜਿਆ ਹੈ । ਕੇਸ ਪ੍ਰਵਾਨਗੀ ਦੇ ਕੇ ਅਕਾਊਂਟੈਂਟ ਜਨਰਲ ਨੂੰ ਭੇਜਿਆ ਜਾ ਰਿਹਾ ਹੈ ।
23.	ਸ੍ਰੀ ਸੁਖਦੇਵ ਚੰਦ ਗੁਪਤਾ, ਭਾਗ ਅਫਸਰ	21-9-1971	ਇਰੀਗੇਸ਼ਨ ਬ੍ਰਾਂਚ ਸਰਕਲ, ਪਟਿਆਲਾ ਐਕਸ ਗਰੇਸ਼ੀਆ ਦੀ ਅਦਾਇਗੀ ਵਿਧਵਾ ਨੂੰ ਕਰ ਦਿੱਤੀ ਹੈ। ਐਫੀਸ਼ੈਂਸੀ (ਨਿਪੁੰਨਤਾ ਰੋਕ ਟੱਪਣਾ) ਬਾਰ ਦੇ ਕੇਸ ਦਾ ਫੈਸਲਾ ਨਾ ਹੋਣ ਕਰਕੇ ਪਰਵਾਰ ਪੈਨਸ਼ਨ ਤੇ ਡੈਥ-ਕਮ-ਰੀਟਾਇਰਮੈਂਟ ਗਰੈਚੂਟੀ ਦੇ ਕੇਸ ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਸਕੀ। ਹੁਣ ਇਹ ਕੇਸ 11 ਮਈ, 1972 ਨੂੰ ਇਸ ਦਫ਼ਤਰ ਦੇ ਨਾਨ-ਗਜ਼ਟਿਡ ਭਾਗ (ਅਮਲਾ ਭਾਗ) ਵਿਚ ਜ਼ਰੂਰੀ ਕਾਰਵਾਈ ਲਈ ਆਇਆ ਹੈ

ਅਨੁਲਗ 3

ਲੜੀ ਨੰ:	ਨਾਮ ਤੇ ਅਹੁਦਾ	ਮੌਤ ਦੀ ਮਿਤੀ	ਪ੍ਰਾਵੀਡੈਂਟ ਫੰਡ ਦੀ ਨਾ-ਅਦਾਇਗੀ ਦੇ ਕਾਰਨ
ਸਰਵਸ਼੍ਰੀ			
1.	ਅਨੋਖ ਸਿੰਘ, ਗੇਜ ਰੀਡਰ	6-4-1971	ਜੀ. ਪੀ. ਫੰਡ ਦੀ ਅਦਾਇਗੀ ਲਈ ਮਿਰਤਕ ਦੇ ਵਾਰਸਾਂ ਨੇ ਅਰਜ਼ੀ ਨਹੀਂ ਦਿੱਤੀ।
2.	ਗਨਪਤ ਰਾਏ, ਭਾਗ ਅਫ਼ਸਰ	21-4-1971	ਜੀ. ਪੀ. ਫੰਡ ਦੀ ਅਦਾਇਗੀ ਦਾ ਕੇਸ ਏ.ਜੀ. ਪੰਜਾਬ ਸ਼ਿਮਲਾ ਨਾਲ ਪੱਤਰ ਵਿਹਾਰ ਅਧੀਨ ਹੈ।
3.	ਗਿਆਨ ਚੰਦ, ਜ਼ਿਲੇਦਾਰ	23-4-1971	ਜੀ.ਪੀ. ਫੰਡ ਦੀ ਅਦਾਇਗੀ ਲਈ ਮਿਰਤਕ ਦੇ ਨਾਮਜ਼ਦਾਂ ਨੇ ਨੀਯਤ ਫ਼ਾਰਮ ਤੇ ਅਰਜ਼ੀ ਨਹੀਂ ਦਿੱਤੀ ਸੀ। ਨੀਯਤ ਫ਼ਾਰਮ ਤੇ ਅਰਜ਼ੀ ਆਉਣ ਤੇ ਅਦਾਇਗੀ ਲਈ ਕਾਰਵਾਈ ਕੀਤੀ ਜਾਵੇਗੀ।
4.	ਸ਼ਾਂਤੀ ਰਾਮ, ਬੇਲਦਾਰ	24-4-1971	ਜੀ.ਪੀ. ਫੰਡ ਦੀ ਅੰਤਮ ਅਦਾਇਗੀ ਲਈ ਅਰਜ਼ੀ ਏ. ਜੀ. ਪੰਜਾਬ ਨੂੰ ਭੇਜ ਦਿੱਤੀ ਹੈ, ਪ੍ਰੰਤੂ ਰਕਮ ਦੀ ਅਦਾਇਗੀ ਲਈ ਉਸ ਪਾਸੋਂ ਅਥਾਰਟੀ ਦੀ ਉਡੀਕ ਹੈ।
5.	ਜਗਦੀਸ਼ ਚੰਦ, ਬੇਲਦਾਰ	28-4-1971	ਮਿਰਤਕ ਦੀ ਪਤਨੀ ਨੇ ਜੀ. ਪੀ. ਫੰਡ ਦੀ ਅਦਾਇਗੀ ਲਈ ਅਜੇ ਅਰਜ਼ੀ ਨਹੀਂ ਦਿੱਤੀ।

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
6.	ਸੁੰਦਰ, ਸਵੀਪਰ	29-4-1971	ਮਿਰਤਕ ਦੇ ਨਾਮਜ਼ਦ ਨੇ ਅਜੇ ਤੀਕ ਜੀ. ਪੀ. ਫੰਡ ਦੀ ਅਦਾਇਗੀ ਲਈ ਅਰਜ਼ੀ ਨਹੀਂ ਦਿੱਤੀ ।
7.	ਸੁਸ਼ੀਲ ਕੁਮਾਰ ਨਯਰ, ਕਾਇਮ ਮੁਕਾਮ ਉਪ-ਮੰਡਲ ਅਫਸਰ	5-7-1971	ਮਿਰਤਕ ਅਫਸਰ ਦੇ ਨਾਮਜ਼ਦ ਨੂੰ ਅਜੇ ਤੀਕ ਜੀ. ਪੀ. ਫੰਡ ਦੀ ਅਦਾਇਗੀ ਨਹੀਂ ਹੋਈ, ਕਿਉਂਕਿ ਅਪ੍ਰੈਲ ਦੇ ਅੰਤਮ ਸਪਤਾਹ ਵਿਚ ਮੁਕੰਮਲ ਕਾਗਜ਼ ਆਏ ਸਨ ਅਤੇ ਲੋੜੀਂਦੀ ਕਾਰਵਾਈ ਲਈ ਇਹ ਕਾਗਜ਼ ਏ. ਜੀ. ਹਿਮਾਚਲ ਅਤੇ ਚੰਡੀਗੜ੍ਹ, ਸ਼ਿਮਲਾ ਨੂੰ ਭੇਜ ਦਿੱਤੇ ਹਨ । ਮਿਰਤਕ ਅਫਸਰ ਨੇ ਹਿਮਾਚਲ ਵਿਚ ਸੇਵਾ ਕੀਤੀ ਸੀ ਅਤੇ 23 ਜੂਨ, 1970 ਨੂੰ ਹੀ ਪੰਜਾਬ ਵਿਚ ਹਾਜ਼ਰ ਹੋਏ ਸਨ ।
8.	ਹਰਬੰਸ ਲਾਲ ਮਹਿਰਾ ਭਾਗ ਅਫਸਰ	8-7-1971	ਜੀ.ਪੀ. ਫੰਡ ਦੀ ਮੰਨਜ਼ੂਰੀ ਦੇ ਦਿੱਤੀ ਹੈ ਅਤੇ ਕੇਸ ਏ. ਜੀ. ਸੀ. ਆਰ, ਦਿੱਲੀ ਨੂੰ ਅਦਾਇਗੀ ਲਈ ਭੇਜ ਦਿੱਤਾ ਹੈ।
9.	ਬੂਟਾ ਸਿੰਘ, ਦਫੇਦਾਰ	13-7-1971	ਮਿਰਤਕ ਦੇ ਨਾਮਜ਼ਦ ਦੀ ਅਰਜ਼ੀ ਜੀ. ਪੀ. ਫੰਡ ਦੀ ਅਦਾਇਗੀ ਲਈ ਏ. ਜੀ. ਪੰਜਾਬ ਨੂੰ ਭੇਜ ਦਿੱਤੀ ਹੈ ।

ਲੜੀ ਨੰ:	ਨਾਂ ਤੇ ਅਹੁਦਾ	ਮੌਤ ਦੀ ਮਿਤੀ	ਸਰਕਲ
			ਜਦੋਂ ਉਸ ਪਾਸੋਂ ਅਥਾਰਿਟੀ ਆ ਜਾਵੇਗੀ ਅਦਾਇਗੀ ਕਰ ਦਿੱਤੀ ਜਾਵੇਗੀ।
	ਸਰਵ ਸ੍ਰੀ		
10.	ਕਰਮ ਸਿੰਘ, ਸੇਵਾਦਾਰ	13-7-1971	ਜੀ. ਪੀ. ਫੰਡ ਦੀ ਰਕਮ ਮਿਰਤਕ ਦੇ ਨਾਮਜ਼ਦ ਪਾਸੋਂ ਅਰਜ਼ੀ ਨੀਯਤ ਫ਼ਾਰਮ ਵਿਚ ਨਾ ਹੋਣ ਕਰਕੇ ਨਹੀਂ ਕਢਵਾਈ ਜਾ ਸਕੀ। ਨਾਮਜ਼ਦ ਨੂੰ ਅਰਜ਼ੀ ਫ਼ਾਰਮ ਵਿਚ ਦੇਣ ਲਈ ਕਿਹਾ ਹੈ।
11.	ਅਰਜਨ ਸਿੰਘ ਮੇਟ	17-7-1971	ਮਿਰਤਕ ਦੇ ਨਾਮਜ਼ਦ ਪਾਸੋਂ ਜੀ.ਪੀ, ਫੰਡ ਦੀ ਅੰਤਮ ਅਦਾਇਗੀ ਲਈ ਅਜੇ ਅਰਜ਼ੀ ਨਹੀਂ ਆਈ। ਉਸ ਨੂੰ ਅਰਜ਼ੀ ਦੇਣ ਲਈ ਕਿਹਾ ਗਿਆ ਹੈ।
12.	ਖੇਮ ਸਿੰਘ, ਮੇਟ	31-7-1971	ਮਿਰਤਕ ਦੇ ਵਾਰਸਾਂ ਨੂੰ ਜੀ. ਪੀ. ਫੰਡ ਦੀ ਅਦਾਇਗੀ ਲਈ ਉਸ ਦੇ ਨਾਮਜਦਾਂ ਪਾਸੋਂ ਅਰਜ਼ੀ ਨੀਯਤ ਫ਼ਾਰਮ ਵਿਚ ਨਹੀਂ ਆਈ ਅਰਜ਼ੀ ਦੇ ਆਉਣ ਤੇ ਹੀ ਜੀ. ਪੀ. ਫੰਡ ਦੀ ਅਦਾਇਗੀ ਲਈ ਕਾਰਵਾਈ ਕੀਤੀ ਜਾਵੇਗੀ।
13,	ਰੂਪ ਲਾਲ ਆਈ. ਬੀ.ਸੀ.	14-8-1971	ਜੀ.ਪੀ. ਫੰਡ ਦੀ ਅੰਤਮ ਅਦਾਇਗੀ ਲਈ ਕੇਸ ਏ. ਜੀ ਪੰਜਾਬ ਨਾਲ ਪੱਤਰ ਵਿਹਾਰ ਅਧੀਨ ਹੈ।
14	ਲਛਮਣ ਦਾਸ, ਬੇਲਦਾਰ	21-8-1971	ਮਿਰਤਕ ਦੇ ਨਾਮਜ਼ਦ ਪਾਸੋਂ ਅਰਜ਼ੀ ਆ ਗਈ ਹੈ ਅਤੇ ਇਹ ਨਿਗਰਾਨ ਇੰਜੀਨੀਅਰ ਸਰਹੰਦ ਕੈਨਾਲ ਸਰਕਲ ਦੇ ਦਫ਼ਤਰ ਵਿਚ ਵਿਚਾਰ ਅਧੀਨ ਹੈ।
15	ਰਲਾ ਸਿੰਘ, ਬੇਲਦਾਰ	10-9-1971	ਜੀ ਪੀ. ਫੰਡ ਦੀ ਅੰਤਮ ਅਦਾਇਗੀ ਲਈ ਅਰਜ਼ੀ ਏ. ਜੀ. ਪੰਜਾਬ ਨੂੰ ਭੇਜ ਦਿੱਤੀ ਹੈ ਅਤੇ ਉਸ ਪਾਸੋਂ ਰਕਮ ਦੀ ਅਦਾਇਗੀ ਲਈ ਅਥਾਰਟੀ ਦੀ ਉਡੀਕ ਹੈ।
16	ਸੁਖਦੇਵ ਚੰਦ, ਭਾਗ ਅਫ਼ਸਰ	21-10-1971	ਮਿਰਤਕ ਦੇ ਵਾਰਸਾਂ ਨੇ ਜੀ. ਪੀ. ਫੰਡ ਦੀ ਅਦਾਇਗੀ ਲਈ ਅਰਜ਼ੀ ਨਹੀਂ ਦਿੱਤੀ।

LAND WITH POSSESSION OF FARMERS

*288. **Master Gurbanta Singh :** Will the Minister for Education be pleased to state—

(a) the number separately, of farmers in Punjab who Possess 5 to 10, 10 to 20, 20 to 30, 30 to 50 and more than 50 acres of land at present;

(b) the areas of land mentioned in part (a) above in standard and ordinary acres separately?

ਸਰਦਾਰ ਉਮਰਾਓ ਸਿੰਘ : ਸੂਚਨਾ ਇਕਤਰ ਕਰਨ ਉਤੇ ਖਰਚ ਹੋਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁਕਤ ਨਹੀਂ ਹੋਵੇਗੀ ।

[Time and labour involved in collecting this information will not be commensurate with the benefits to be derived.]

UNSTARRED QUESTION AND ANSWERS

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): ਸਨਮਾਨ ਯੋਗ ਸਪੀਕਰ ਸਾਹਿਬ, ਸਾਡੇ ਪੜੋਸ ਦੇ ਪ੍ਰਾਂਤ ਦੇ ਸਾਬਕ ਮੁੱਖ ਮੰਤਰੀ ਬਖਸ਼ੀ ਗੁਲਾਮ ਮੁਹੰਮਦ ਪਿਛਲੇ ਕੁਝ ਮਹੀਨਿਆਂ ਤੋਂ ਸਾਥੋਂ ਵਿਛੜ ਗਏ ਹਨ । ਬਖਸ਼ੀ ਗੁਲਾਮ ਮੁਹੰਮਦ ਸਾਹਿਬ ਸਾਡੇ ਦੇਸ਼ ਦੀਆਂ ਰਿਆਸਤਾਂ ਦੇ ਲੋਕਾਂ ਦੇ ਅੰਦੋਲਨ ਵਿਚ ਅਗੇ ਵੱਧ ਕੇ ਕੰਮ ਕਰਦੇ ਰਹੇ ਸਨ । ਉਨ੍ਹਾਂ ਨੇ ਇਕ ਨਿਹਾਇਤ ਗਰੀਬ ਖਾਨਦਾਨ ਵਿਚ ਜਨਮ ਲੈ ਕੇ ਵਡੀਆਂ ਵਡੀਆਂ ਤਾਕਤਾਂ ਦਾ ਮੁਕਾਬਲਾ ਕੀਤਾ ਸੀ । ਉਨ੍ਹਾਂ ਨੂੰ ਨਾ ਸਿਰਫ ਸ਼ਖਸੀ ਹਕੂਮਤਾਂ ਦਾ ਮੁਕਾਬਲਾ ਕਰਨਾ ਪਿਆ ਸੀ ਸਗੋਂ ਉਨ੍ਹਾਂ ਨੂੰ ਫਿਰਕਾਦਾਰੀ ਦੇ ਖਿਲਾਫ ਵੀ ਟੱਕਰ ਲੈਣੀ ਪਈ ਸੀ । ਜਿਸ ਦਲੇਰੀ ਨਾਲ, ਜਿਸ ਹਿੰਮਤ ਨਾਲ ਉਨ੍ਹਾਂ ਨੇ ਉਨ੍ਹਾਂ ਤਾਕਤਾਂ ਨਾਲ ਟਕਰ ਲਈ ਉਹ ਉਨ੍ਹਾਂ ਦੇ ਨਾਮ ਨੂੰ ਹਮੇਸ਼ਾਂ ਲਈ ਅਮਰ ਕਰ ਗਈਆਂ ਹਨ ।

ਬਖਸ਼ੀ ਗੁਲਾਮ ਮੁਹੰਮਦ ਨੂੰ 1953 ਵਿਚ ਆਪਣੇ ਸੂਬੇ ਦੀ ਵਾਗਡੋਰ ਸੰਭਾਲਣ ਦਾ ਮੌਕਾ ਮਿਲਿਆਂ । ਉਨ੍ਹਾਂ ਨੇ ਇਸ ਦੌਰਾਨ ਵਿਚ ਬੜੀ ਦ੍ਰਿੜ੍ਹਤਾ ਨਾਲ, ਹਿੰਮਤ ਨਾਲ ਉਨ੍ਹਾਂ ਤਾਕਤਾਂ ਦਾ ਮੁਕਾਬਲਾ ਕੀਤਾ ਜਿਹੜੀਆਂ ਤਾਕਤਾਂ ਕਸ਼ਮੀਰ ਨੂੰ ਹਿੰਦੁਸਤਾਨ ਨਾਲੋਂ ਵਖਰਾ ਕਰਨ ਦੇ ਸੁਪਨੇ ਲੈਂਦੀਆਂ ਸਨ ।

ਉਪਰੰਤ ਉਹ 1967 ਵਿਚ ਪਾਰਲੀਮੈਂਟ ਦੇ ਮੈਂਬਰ ਬਣੇ । ਉਹ ਤਾਕਤ ਵਿਚ ਵੀ ਰਹੇ ਅਤੇ ਤਾਕਤ ਤੋਂ ਬਾਹਰ ਵੀ ਰਹੇ । ਉਨ੍ਹਾਂ ਦਾ ਅਕੀਦਾ ਹਿੰਦੁਸਤਤਾਨ ਦੀ ਇਕ ਕੌਮੀਅਤ ਵਿਚ ਸੀ ਅਤੇ ਉਨ੍ਹਾਂ ਫ਼ਿਰਕਾਦਾਰੀ ਦੇ ਵਿਰੁਧ ਲੜਾਈ ਲੜੀ । ਹਿੰਦੁਸਤਾਨ ਦੇ ਉਨ੍ਹਾਂ ਅਫਸਰਾਂ ਦੇ ਖਿਲਾਫ ਜਿਹੜੇ ਕਸ਼ਮੀਰ ਨੂੰ ਹਿੰਦੁਸਤਾਨ ਤੋਂ ਵੱਖਰਾ ਕਰਨ ਦੀਆਂ ਸੋਚਾਂ ਸੋਚਦੇ ਸਨ, ਲੜਾਈ ਲੜੀ ਅਤੇ ਬਹਾਦਰੀ ਨਾਲ ਮੁਕਾਬਲਾ ਕੀਤਾ ।

[ਮੁੱਖ ਮੰਤਰੀ]

ਉਨ੍ਹਾਂ ਦੀ ਮੌਤ ਨਾਲ ਅਸੀਂ ਜੰਮੂ ਅਤੇ ਕਸ਼ਮੀਰ ਵਿਚਲੀਆਂ ਰਾਸ਼ਟਰੀ ਹਿਤੈਸ਼ੀ ਤਾਕਤਾਂ ਦੀ ਏਕਤਾ ਦੇ ਸੱਚੇ ਪੈਰੋਕਾਰ ਤੋਂ ਮਹਿਰੂਮ ਹੋ ਗਏ ਹਾਂ ।

ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਮਹਾਨ ਸਪੂਤ ਰਾਏ ਬਹਾਦਰ ਬਦਰੀ ਦਾਸ, ਇਕ ਮੰਨੇ ਪਰਮੰਨੇ ਕਾਨੂੰਨਦਾਨ, ਵਿਦਿਆ ਸ਼ਾਸਤਰੀ ਅਤੇ ਮਜ਼ਲੂਮਾਂ ਤੇ ਜ਼ਰੂਰਤਮੰਦਾਂ ਦੇ ਸੱਚੇ ਹਿਮਾਇਤੀ ਸਨ । ਜਲੰਧਰ ਦੇ ਗੁਲਾਬ ਦੇਵੀ ਟੀ. ਬੀ. ਹਸਪਤਾਲ ਦੀ ਸਥਾਪਨਾ ਅਤੇ ਤਰੱਕੀ ਉਨ੍ਹਾਂ ਦੀ ਅਣਥਕ ਘਾਲਣਾ ਅਤੇ ਤਿਆਗ ਦਾ ਸਦਕਾ ਹੈ ।

ਉਹ ਇਕ ਪਰਉਪਕਾਰੀ ਵਿਅਕਤੀ ਸਨ ਅਤੇ ਦੁਖੀ ਤੇ ਮੁਥਾਜ ਲੋਕਾਂ, ਵਿਧਵਾਵਾਂ ਅਤੇ ਯਤੀਮਾਂ ਨੂੰ ਰਾਹਤ ਦੇਣ ਲਈ ਸਦਾ ਤਿਆਰ ਰਹਿੰਦੇ ਸਨ । ਉਹ ਸਵਾਮੀ ਦਯਿਆ ਨੰਦ ਜੀ ਦੇ ਇਕ ਸੱਚੇ ਅਨੁਯਾਈ ਸਨ । ਉਹ 1945 ਵਿਚ ਆਜ਼ਾਦ ਹਿੰਦ ਫੌਜ ਦੇ ਕਰਮਚਾਰੀਆਂ ਦੀ ਰਖਿਆ ਲਈ ਕਾਂਗਰਸ ਵਰਕਿੰਗ ਕਮੇਟੀ ਵਲੋਂ ਸ੍ਰੀ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਉੱਘੇ ਵਕੀਲਾਂ ਦੀ ਬਣਾਈ ਗਈ 9 ਮੈਂਬਰੀ ਕਮੇਟੀ ਦੇ ਮੈਂਬਰਾਂ ਵਿਚੋਂ ਇਕ ਸਨ । ਉਨ੍ਹਾਂ ਦਾ ਪੰਜਾਬ ਵਿਚ ਉਮਰ ਭਰ ਸੇਵਾ ਕਰਕੇ ਚਲੇ ਜਾਣਾ ਕੇਵਲ ਜਲੰਧਰ ਸ਼ਹਿਰ ਹੀ ਨਹੀਂ ਸਗੋਂ ਸਾਰੇ ਪੰਜਾਬ ਅੰਦਰ ਸ਼ੋਕ ਦਾ ਸਮਾਂ ਸੀ। ਉਨ੍ਹਾਂ ਦੀ ਘਾਟ ਪੂਰੀ ਹੋਣੀ ਜੇ ਨਾਮੁਮਕਨ ਨਹੀਂ ਤਾਂ ਸੁਖਾਲੀ ਬਿਲਕੁਲ ਨਹੀਂ ।

ਉਨ੍ਹਾਂ ਦੀ ਮੌਤ ਨਾਲ ਪੰਜਾਬ ਇਕ ਉਘੇ, ਮੰਨੇ ਪ੍ਰਮੰਨੇ ਕਾਨੂੰਨਦਾਨ ਤੇ ਵਿਦਿਆ ਸ਼ਾਸਤਰੀ ਅਤੇ ਇਕ ਲੋਕ ਹਿਤੈਸ਼ੀ ਮਹਾਨ ਸਪੂਤ ਤੋਂ ਵਾਂਝਾ ਹੋ ਗਿਆ ਹੈ ।

ਸਪੀਕਰ ਸਾਹਿਬ, ਸਾਡੇ ਦੇਸ਼ ਦੇ ਇਕ ਮਸ਼ਹੂਰ ਪ੍ਰਾਂਤ ਗੁਜਰਾਤ ਵਿਚ ਸ੍ਰੀ ਯਾਗਨਿਕ ਦਾ ਲੰਮਾ ਲੋਕ ਹਿਤੈਸ਼ੀ ਜੀਵਨ ਦੇਸ਼ਭਗਤੀ, ਸਚਾਈ ਅਤੇ ਲੋਕ ਸੇਵਾ ਲਈ ਕੀਤੀ ਗਈ ਅਣਥਕ ਘਾਲਣਾ ਦੀ ਇਕ ਨਾ ਭੁਲਣ ਵਾਲੀ ਕਹਾਣੀ ਹੈ। ਉਹ ਇਕ ਪੁਰਾਣੇ ਗਾਂਧੀਵਾਦੀ ਸਨ ਜੋ ਆਜ਼ਾਦੀ ਦੀ ਲੜਾਈ ਵਿਚ ਸਭ ਤੋਂ ਮੋਹਰੀ ਰਹੇ । ਉਹ ਇਕ ਦਲੇਰ ਸੰਗਰਾਮੀਏ ਸਨ ਅਤੇ ਉਨ੍ਹਾਂ ਨੇ ਆਪਣਾ ਜੀਵਨ ਗਰੀਬਾਂ ਅਤੇ ਮਜ਼ਲੂਮਾਂ ਦੀ ਭਲਾਈ ਲਈ ਅਰਪਣ ਕਰ ਦਿਤਾ ।

ਸ੍ਰੀ ਯਾਗਨਿਕ 1957 ਤੋਂ ਲੋਕਸਭਾ ਦੇ ਮੈਂਬਰ ਚਲੇ ਆ ਰਹੇ ਸਨ । ਉਹ ਇਕ ਸੰਤ ਸੁਭਾ ਵਿਅਕਤੀ ਸਨ ਅਤੇ ਉਹ ਆਪਣੇ ਪਿਛੇ ਕੋਈ ਜਾਇਦਾਦ ਨਹੀਂ ਛਡ ਗਏ । ਉਨ੍ਹਾਂ ਦੀ ਕੇਵਲ ਜਾਇਦਾਦ ਉਨ੍ਹਾਂ ਦੀਆਂ ਕਿਤਾਬਾਂ ਤੋਂ ਹੋਣ ਵਾਲੀ ਆਮਦਨ ਸੀ ਜੋ ਕਿ ਉਨ੍ਹਾਂ ਨੇ ਗਰੀਬਾਂ ਦੀ ਭਲਾਈ ਲਈ ਅਰਪਨ ਕਰ ਦਿਤੀ ਹੈ । ਉਨ੍ਹਾਂ ਦੇ 1921 ਤੋਂ ਹੀ ਗਾਂਧੀ ਜੀ ਨਾਲ ਬੜੇ ਨੇੜੇ ਦੇ ਸਬੰਧ ਸਨ ਅਤੇ ਉਨ੍ਹਾਂ ਨੇ ਗਾਂਧੀ ਵਿਦਿਆਪੀਠ ਵਰਗੀਆਂ ਸੰਸਥਾਵਾਂ ਅਤੇ 'ਯੰਗ ਇੰਡੀਆ' ਤੇ 'ਨਵਜੀਵਨ' ਸਪਤਾਹਕ ਪਤਰਕਾਵਾਂ ਦੀ ਸਥਾਪਨਾ ਲਈ ਮਹੱਤਵਪੂਰਣ ਕੰਮ ਕੀਤਾ ।

ਉਨ੍ਹਾਂ ਦੀ ਮੌਤ ਨਾਲ ਅਸੀਂ ਇਕ ਮਹਾਨ ਨੇਤਾ ਅਤੇ ਸਮਾਜ ਸੇਵਕ ਤੋਂ ਵਾਂਝੇ ਹੋ ਗਏ ਹਾਂ । ਸਾਨੂੰ ਇਨ੍ਹਾਂ ਤਿੰਨਾਂ ਮਹਾਨ ਪੁਰਸ਼ਾਂ ਦੇ ਵਛੋੜੇ ਦਾ ਅਤੀ ਅਫਸੋਸ ਹੈ ।

आचार्य पृथ्वी सिंह आज़ाद : (खन्ना, ऐस. सी.) अध्यक्ष महोदय, हाऊस के नेता जी ने जो प्रस्ताव बक्शी गुलाम मुहम्मद, दीवान बद्री दास जी और श्री यागनिक जी के सम्बन्ध में हाऊस में रखा है वह एक ऐसा प्रस्ताव है, जिसके साथ अगर विरोधी पक्ष वाले भी यहां होते तो वे भी इसका पूर्ण समर्थन करते और इस शोक प्रस्ताव में भाग लेकर उनको श्रद्धांजली भेंट करते ।

बख्शी गुलाम मुहम्मद उन लोगों में से थे, जिन्होंने एक साधारण घराने में पैदा हो कर, साधारण तालीम हासिल करके और राष्ट्रीय भावना को अपना कर रियासत जम्मू और कश्मीर में रजवाड़ा शाही के खिलाफ आवाज़ उठाई। यही नहीं जिस समय कश्मीर पर पाकिस्तानी दोस्तों ने हमला किया तो उस वक्त जितना काम बख्शी गुलाम मुहम्मद साहिब ने कश्मीर को बचाने के लिये किया था उतना काम उस वक्त जम्मू कशमीर के प्राईम-मिनिस्टर शेख अब्दुल्ला साहिब भी नहीं कर पाये थे।

बख्शी गुलाम मुहम्मद उन चन्द हिन्दुस्तानियों में से एक थे जिन्हों ने कश्मीर को बचाने के लिए बहुत काम किया। जब शेख अब्दुल्ला विद्रोह की भावना ले कर ऐसे हालात पैदा कर रहे थे कि जिससे हिन्दुस्तान की यकजहती को बहुत खतरा था उस समय जिस हौसले, हिम्मत और बहादुरी से बख्शी साहिब ने हालात का मुकाबला किया उसकी कोई मिसाल नहीं। स्पीकर साहिब, राजनीति में लोगों के सोचने का और काम करने का ढंग बदलता रहता है। जो काम बख्शी गुलाम मुहम्मद साहिब ने हिन्दुस्तान की यकजहती को कायम रखने के लिए किए अगर उनको सामने रखा जाता तो वह कश्मीर की बागडोर मरते दम तक अपने हाथों में रखने वाले होते।

(इस वक्त अकाली दल और कम्युनिस्ट पार्टी के मैंबर हाऊस में लौट आए) स्पीकर साहिब, उनके मरने पर हमारी पार्लियामैंट में हिन्दुस्तान के नेताओं ने जो खराजे अकीदत बख्शी गुलाम मुहम्मद को अदा किए हैं उनको देख कर मुझे एक शेअर याद आता है।

'मेरी तुरबत पे बांध के सेहरा,
मुझे दुलहा बना के देख लिया।'

जिस समय वह जिन्दा थे तब उनकी कुर्बानियों की वह कद्र नहीं की गई जो उन के मरने के बाद हिन्दुस्तान वालों को याद आई। यह हमारी बदकिस्मती है कि हम उन लोगों को भूल जाते हैं जिन्होंने देश की आज़ादी के लिए, यकजहती और Secularism कायम रखने के लिये अपना सब कुछ खतरे में डाल दिया लेकिन असूलों को कुर्बान नहीं किया। जिन लोगों ने अपने असूलों को कभी कुर्बान नहीं किया उन लोगों में बख्शी गुलाम मुहम्मद का नाम हमेशा स्वर्ण अक्षरों में लिखा जायेगा।

स्पीकर साहिब, दीवान बद्री दास के मुताल्लिक जितना कहा जाए कम है। लेकिन उनका किया हुआ एक बेमिसाल काम रहती दुनिया तक याद रहेगा। जिस वक्त पंजाब में शीश गंज के पवित्र गुरुद्वारों पर लाहौर के मुसलमान दोस्तों ने कब्ज़ा किया था उस समय लुधियाना ज़िले के Shri S. Partap लाहौर के डिप्टी कमिश्नर थे। उस समय जो झगड़ा चला और हाई कोर्ट में गुरुद्वारा प्रबन्धक कमेटी की तरफ से जो मुकद्दमा किया गया तब उस मुकद्दमे की बगैर किसी फीस के जिसने पैरवी की वह दीवान बद्री दास ही थे। इस केस की पैरवी करने के लाखों रुपये लिए जा सकते थे। वह हिन्दु सिक्ख, मुसलिम इतहाद की बुनियाद थे। वह पुराने ज़माने के लोगों की पुरानी सभ्यता, पुरानी संस्कृति और भाईचारक जीवन की एक जिन्दा मिसाल थे।

[आचार्य पृथ्वी सिह आजाद]

स्पीकर साहिब, श्री यगनीक हिन्दुस्तान के उन चंद त्यागी फ़कीरों में से थे जिन्होंने सब कुछ देश और समाज के लिये किया। उन्होंने सारा जीवन गांधी जी के बताए रास्ते पर चल कर समाज सेवा में लगाया। आज जब कि देश ने एक नया मोड़ लिया है समानता और समाजवाद लाने का, ऐसे महान पुरुषों की जरूरत थी। आज वह हमारे दरमियान नहीं। हम कोशिश करेंगे कि उन की स्मृति को चिरस्थायी रखने के लिए हम उस रस्ते पर चलते रहें जो कौमी यकजहती के लिए बख्शीगुलाम मुहम्मद ने काम किया, हिन्दु-सिख एकता का रास्ता दीवान बद्री दास ने अपनाया और महात्मा गांधी का समाजवाद और सेवा-भावना का रास्ता श्री यगनीक ने अपनाया उसे हम अपनाएं। इन शब्दों के साथ मैं अपनी आवाज़ अपने नेता की आवाज में सम्मलित करता हूँ।

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਸਪੀਕਰ ਸਾਹਿਬ, ਮੈਨੂੰ ਬਖਸ਼ੀ ਗੁਲਾਮ ਮਹੰਮਦ ਸਾਹਿਬ ਨਾਲ 15, 20 ਸਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਜਦੋਂ ਅਸੀਂ ਸਾਰੇ ਮਿਲ ਕੇ ਰਜਵਾੜਿਆਂ ਦੇ ਖਿਲਾਫ ਸਟੇਟ ਪੀਪਲ ਕਾਨਫਰੰਸ ਦੇ ਮਾਤਹਿਤ ਲੜਦੇ ਸੀ, ਤਾਂ ਉਸ ਵਿਚ ਬਖਸ਼ੀ ਗੁਲਾਮ ਮੁਹੰਮਦ ਸਾਹਿਬ ਦਾ ਬੜਾ ਵੱਡਾ ਹਿੱਸਾ ਸੀ। ਬਖਸ਼ੀ ਗੁਲਾਮ ਮੁਹੰਮਦ ਸਾਹਿਬ ਨੇ ਮੁਲਕ ਦੀ ਯਕਜਿਹਤੀ ਲਈ ਦੇਸ਼ ਨੂੰ ਉਸਾਰਨ ਲਈ ਅਤੇ ਫਿਰਕਾਪ੍ਰਸਤੀ ਦੇ ਖਿਲਾਫ ਜੋ ਜਹਾਦ ਕੀਤਾ ਉਸ ਦੀ ਕੋਈ ਮਿਸਾਲ ਨਹੀਂ। ਮੈਂ ਸਮਝਦਾ ਹਾਂ ਕਿ ਸਾਨੂੰ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲਣਾ ਚਾਹੀਦਾ ਹੈ। ਸਾਡੇ ਦੇਸ਼ ਵਿਚ ਅਜ ਜਦ ਕਿ ਫਿਰਕੂ ਹਵਾ ਬੇਸ਼ਕ ਕੁਝ ਘੱਟ ਹੋਈ ਹੈ ਪਰ ਫਿਰਕੂ ਤਾਕਤਾਂ ਹਮੇਸ਼ਾਂ ਕਦੇ ਕਿਸੇ ਚੀਜ਼ ਦੇ ਨਾਂ ਤੇ ਅਤੇ ਕਦੇ ਕਿਸੇ ਚੀਜ਼ ਦੇ ਨਾਂ ਤੇ ਜਿਉਂਦੀਆਂ ਰਹਿੰਦੀਆਂ ਹਨ। ਬਖਸ਼ੀ ਗੁਲਾਮ ਮੁਹੰਮਦ ਸਾਹਿਬ ਨੇ ਜੋ ਬੇ ਮਿਸਾਲ ਕੁਰਬਾਨੀਆਂ ਕੀਤੀਆਂ ਹਨ ਸਾਨੂੰ ਉਨ੍ਹਾਂ ਤੋਂ ਸਿਖਿਆ ਲੈਣੀ ਚਾਹੀਦੀ ਹੈ।

ਇਸੇ ਤਰ੍ਹਾਂ ਸ਼੍ਰੀ ਇੰਦੂ ਲਾਲ ਯਗਨੀਕ ਪਾਰਲੀਮੈਂਟ ਦੇ ਮੈਂਬਰ ਸਨ। ਉਹ ਲਗਾਤਾਰ ਪਾਰਲੀਮੈਂਟ ਦੇ ਮੈਂਬਰ ਰਹੇ। ਬਾਵਜੂਦ ਕਾਂਗਰਸ ਦੀ ਫਿਲਾਸਫੀ ਨੂੰ ਮੰਨਦੇ ਹੋਏ ਉਨ੍ਹਾਂ ਨੇ ਹਿੰਦੁਸਤਾਨ ਦੇ 80 ਫੀ ਸਦੀ ਕਿਸਾਨਾ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ। ਜਿੰਨੇ ਵੀ ਅੰਦੋਲਨ ਇਸ ਮੁਤਲਿਕ ਚਲੇ ਉਨ੍ਹਾਂ ਵਿਚ ਯਗਨੀਕ ਜੀ ਦਾ ਪੂਰਾ ਹਿੱਸਾ ਰਿਹਾ। ਇਸ ਤੋਂ ਇਲਾਵਾ ਜਦੋਂ ਸੂਬਿਆਂ ਦੀ ਵੰਡ ਦਾ ਸੁਆਲ ਆਇਆ ਤਾਂ ਯਗਨੀਕ ਜੀ ਪਾਰਲੀਮੈਂਟ ਵਿਚ ਆਪਣੇ ਸੂਬੇ ਵਾਸਤੇ ਅਤੇ ਆਪਣੀ ਗੁਜਰਾਤੀ ਜ਼ਬਾਨ ਵਾਸਤੇ ਲੜਦੇ ਰਹੇ। ਮੈਂ ਉਨ੍ਹਾਂ ਨੂੰ ਕਮਿਉਨਿਸਟ ਪਾਰਟੀ ਵਲੋਂ ਸ਼ਰਧਾਂਜਲੀ ਪੇਸ਼ ਕਰਦਾ ਅਤੇ ਪ੍ਰਾਰਥਨਾ ਕਰਦਾ ਹਾਂ ਕਰਦਾ ਕਿ ਅਸੀਂ ਸਾਰੇ ਉਨ੍ਹਾਂ ਦੇ ਜੀਵਨ ਤੋਂ ਸਿਖਿਆ ਪ੍ਰਾਪਤ ਕਰੀਏ।

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ) : ਸਪੀਕਰ ਸਾਹਿਬ ਦੀਵਾਨ ਬਦਰੀ ਦਾਸ ਦੇ ਅਕਾਲ ਚਲਾਣੇ ਕਰਨ ਤੇ ਜਿਥੇ ਆਰੀਆ ਸਾਮਾਜ ਦੀਆਂ ਸੰਸਥਾਵਾਂ ਵਿਚ ਅਫਸੋਸ ਪ੍ਰਗਟ ਕੀਤਾ ਗਿਆ ਹੈ ਉਥੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਜਿਥੇ ਵੀ ਉਨ੍ਹਾਂ ਨੇ ਡਿਵੈਲਪਮੈਂਟ ਅਤੇ ਲੋਕ ਭਲਾਈ ਦੇ ਕੰਮ ਵਿਚ ਹਿੱਸਾ ਪਾਇਆ ਉਥੇ ਅਫਸੋਸ ਪਗਟ ਕੀਤਾ ਗਿਆ। ਇਕ ਵਿਅਕਤੀ ਜਿਸ ਨੇ ਹਸਪਤਾਲ ਬਣਾਏ ਹਣ, ਜਿਸ ਨੇ ਡੀ.ਏ.ਵੀ. ਸਕੂਲ ਖੋਲ੍ਹੇ ਹੋਣ, ਅਤੇ ਡੀ.ਏ.ਵੀ ਕਾਲਜ ਖੋਲ੍ਹੇ ਹੋਣ ਅਤੇ ਸਵਾਮੀ ਦਯਾ ਨੰਦ ਦੇ ਅਸੂਲਾਂ ਤੇ ਚਲ ਕੇ ਮੁਲਕ ਨੂੰ ਉਚਾ ਕਰਨ ਦੀ ਕੋਸ਼ਿਸ਼ ਕੀਤੀ ਹੋਵੇ, ਉਸ ਨੂੰ ਕੌਣ ਭੁਲਾ ਸਕਦਾ ਹੈ ਉਨ੍ਹਾਂ ਨੇ, ਆਈ, ਐਨ.ਏ. ਦਾ ਕੇਸ ਇਕ ਵਕੀਲਾਂ ਦੀ ਕਮੇਟੀ ਬਣਾ ਕੇ ਉਸ ਵੇਲੇ ਮੁਫਤ ਲੜਿਆ ਜਦੋਂ ਅੰਗਰੇਜ਼ਾਂ ਦਾ ਦਬਦਬਾ ਸੀ ਅਤੇ ਗੁਲਾਮੀ ਦੀਆਂ ਜੰਜ਼ੀਰਾਂ ਨੇ ਮੁਲਕ ਨੂੰ ਜਕੜਿਆ ਹੋਇਆ ਸੀ। ਜਿਥੇ

ਉਨ੍ਹਾਂ ਨੇ ਲੋਕ ਭਲਾਈ ਦੇ ਕੰਮ ਕੀਤੇ, ਉਥੇ ਹੋਰ ਉਹ ਇਕ ਸੋਸ਼ਲ ਵਰਕਰ ਸਨ ਅਤੇ ਉਘੇ ਵਕੀਲ ਸਨ ਅਤੇ ਉਨ੍ਹਾਂ ਵਿਚ ਮੁਲਕ ਅਤੇ ਕੌਮ ਲਈ ਮਰ ਮਿਟਣ ਦੀ ਦਲੇਰੀ ਸੀ ਅਤੇ ਵਡਾ ਤੋਂ ਵਡਾ ਕੰਮ ਕਰਨ ਲਈ ਤਿਆਰ ਸਨ ।

ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਇਨ੍ਹਾਂ ਨੇ ਕਿਸੇ ਵੀ ਮਜ਼ਹਬੋ-ਮਿੱਲਤ ਦਾ ਆਸਰਾ ਨਾ ਹੋਣ ਦਿਤਾ ਬਲਕਿ ਜਿਥੇ ਜਿਥੇ ਵੀ ਹਿੰਦੁਸਤਾਨ ਦੇ ਕਿਸੇ ਫਿਰਕੇ ਨੇ, ਕਿਸੇ ਕੌਮ ਨੇ ਗੁਲਾਮੀ ਚੁਕਣ ਵਾਸਤੇ ਅਗਰੇਜ਼ਾਂ ਨਾਲ ਟੱਕਰ ਲੈਣ ਦਾ ਯਤਨ ਕੀਤਾ, ਆਪ ਜੀ ਨੇ ਉਨ੍ਹਾਂ ਦਾ ਡਟ ਕੇ ਸਾਥ ਦਿਤਾ । ਗੁਰਦਵਾਰਾ ਸੀਸ ਗੰਜ ਦੇ ਕੇਸ ਵਿਚ ਜਿਥੇ ਲੱਖਾਂ ਰੁਪਿਆ ਪਬਲਿਕ ਦਾ ਵਕਾਲਤ ਤੇ ਲਗਾਇਆ ਗਿਆ, ਇਹ ਹੀ ਇਕ ਬਹਾਦਰ ਸ਼ਖਸੀਅਤ ਸਨ ਜਿਨ੍ਹਾਂ ਨੇ ਇਹ ਕੇਸ ਮੁਫਤ ਲੜਿਆ ਅਤੇ ਜਿੱਤ ਪ੍ਰਾਪਤ ਕੀਤੀ । ਇਨ੍ਹਾਂ ਲਫਜ਼ਾਂ ਨਾਲ ਮੈਂ ਇਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹੋਇਆ ਇਹ ਪ੍ਰਾਰਥਨਾ ਕਰਦਾ ਹਾਂ ਕਿ ਵਾਹਿਗੁਰੂ ਇਨ੍ਹਾਂ ਦੀ ਮਹਾਨ ਰੂਹ ਨੂੰ ਸਵਰਗ ਵਿਚ ਸਥਾਨ ਦੇਵੇ ।

ਬਖਸ਼ੀ ਗੁਲਾਮ ਮੁਹੰਮਦ ਜੀ ਦੀ ਮਹਾਨ ਸ਼ਖਸੀਅਤ ਨੂੰ ਕੇਵਲ ਹਿੰਦੋਸਤਾਨ ਹੀ ਨਹੀਂ ਸਗੋਂ ਦੁਨੀਆਂ ਦਾ ਹਰ ਇਕ ਸੂਝਵਾਨ ਵਿਅਕਤੀ ਮੰਨਦਾ ਹੈ ਅਤੇ ਉਨ੍ਹਾਂ ਨੂੰ ਭੁਲ ਨਹੀਂ ਸਕਦਾ । ਉਨ੍ਹਾਂ ਨੇ ਹਿੰਦੋਸਤਾਨ ਦੀ ਇਨਟੈਗਰਿਟੀ ਵਾਸਤੇ, ਸਪੀਕਰ ਸਾਹਿਬ, ਜੋ ਕੰਮ ਕੀਤਾ ਹੈ, ਕਸ਼ਮੀਰ ਵਾਸਤੇ ਜੋ ਜੱਦੋ ਜਹਿਦ ਕੀਤੀ ਹੈ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਆਪਣੀ ਔਕਾਤ ਤੋਂ ਵੱਧ ਕੰਮ ਕੀਤਾ ਹੈ । ਉਹ ਇਕ ਐਜੂਕੇਸ਼ਨਿਸਟ ਸਨ, ਦੇਸ਼ ਭਗਤ ਸਨ । ਉਨ੍ਹਾਂ ਨੇ ਐਡਮਨਿਸਟਰੇਸ਼ਨ ਨੂੰ ਸਾਫ ਸੁਥਰਾ ਕਰਨ ਲਈ ਵੀ ਪੂਰਾ ਯਤਨ ਕੀਤਾ । ਇਨ੍ਹਾਂ ਗੱਲਾਂ ਤੋਂ ਇਲਾਵਾ ਉਨ੍ਹਾਂ ਦੀ ਮਹਾਨ ਸ਼ਖਸੀਅਤ ਨੇ ਲੋਕਾਂ ਵਿਚ ਦੇਸ਼ -ਭਗਤੀ ਦਾ ਜਜ਼ਬਾ ਪੈਦਾ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ । ਮੇਰੀ ਪ੍ਰਾਰਥਨਾ ਹੈ ਕਿ ਪਰਮਾਤਮਾ ਉਨ੍ਹਾਂ ਦੀ ਮਹਾਨ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ।

ਸਪੀਕਰ ਸਾਹਿਬ, ਮੈਂ ਹੁਣ ਸ੍ਰੀ ਇੰਦੂ ਲਾਲ ਜਗਨੀਕ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੋਇਆ ਇਹ ਅਰਜ਼ ਕਰਦਾ ਹਾਂ ਕਿ ਮੈਂ ਇਨ੍ਹਾਂ ਦਾ ਪਰਸਨਲ ਤੌਰ ਤੇ ਤਾਂ ਵਾਕਫ ਨਹੀਂ ਹਾਂ । ਪਰ ਜਿਥੋਂ ਤਕ ਮੇਰਾ ਨਾਲਿਜ ਕੰਮ ਕਰਦਾ ਹੈ ਇਹ ਮਹਾਨ ਸ਼ਖਸੀਅਤ 1953 ਤੋਂ ਲੈ ਕੇ ਹੁਣ ਤਕ ਪਾਰਲੀਮੈਂਟ ਦੇ ਮੈਂਬਰ ਚਲੇ ਆ ਰਹੇ ਸਨ । ਇਨ੍ਹਾਂ ਨੇ ਮਹਾਤਮਾ ਗਾਂਧੀ ਜੀ ਦੇ ਅਸੂਲਾਂ ਤੇ ਚਲ ਕੇ ਦੇਸ਼ ਦੇ ਹਿਤਾਂ ਵਾਸਤੇ ਬੜੇ ਤਕੜੇ ਕੰਮ ਕੀਤੇ ਹਨ । ਗੁਜਰਾਤ ਦੀ ਜ਼ਬਾਨ ਦਾ ਮਸਲਾ ਚਲ ਰਿਹਾ ਸੀ । ਗੁਜਰਾਤ ਨੂੰ ਹਿੰਦੁਸਤਾਨ ਵਿਚ ਸ਼ਾਮਲ ਕਰਨ ਦਾ ਮਸਲਾ ਆਇਆ ਤਾਂ ਇਨ੍ਹਾਂ ਨੇ ਸੂਬਾ-ਪ੍ਰਸਤੀ ਨੂੰ ਤਰਜੀਹ ਨਹੀਂ ਦਿਤੀ ਬਲਕਿ ਹਿੰਦੋਸਤਾਨ ਦੀ ਸਮੁੱਚੇ ਤੌਰ ਤੇ ਮਦਦ ਕੀਤੀ ਹੈ । ਆਪ ਜੀ ਨੇ ਆਪਣੇ ਸੂਬੇ ਵਾਸਤੇ ਚੰਗੇ ਕੰਮ ਕਰਨ ਦਾ ਯਤਨ ਕੀਤਾ । ਇਹ 1953 ਤੋਂ ਲੈ ਕੇ ਮੈਂਬਰ ਪਾਰਲੀਮੈਂਟ ਰਹੇ ਹਨ । ਇਨ੍ਹਾਂ ਨੇ ਜੋ ਹਿੰਦੋਸਤਾਨ ਦੀ ਉਨਤੀ ਵਾਸਤੇ ਕੰਮ ਕੀਤੇ ਹਨ ਉਨ੍ਹਾਂ ਲਈ ਹਿੰਦੋਸਤਾਨ ਦੀ ਜਨਤਾ ਇਨ੍ਹਾਂ ਦੀ ਰਿਣੀ ਹੈ । ਮੇਰੀ ਵਾਹਿਗੁਰੂ ਜੀ ਅਗੇ ਅਰਦਾਸ ਹੈ ਕਿ ਉਹ ਇਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਸ਼ਾਂਤੀ ਬਖਸ਼ੇ ।

ਸ੍ਰੀ ਸਪੀਕਰ : ਇਨ੍ਹਾਂ ਮਹਾਨ ਪੁਰਸ਼ਾਂ ਦੇ ਅਕਾਲ ਚਲਾਣੇ ਤੇ ਜਿਹੜੇ ਦੁਖ ਭਰੇ ਔਰ ਉਨ੍ਹਾਂ ਦੇ ਪਰਵਾਰਾਂ ਨਾਲ ਹਮਦਰਦੀ ਭਰੇ ਵਿਚਾਰਾਂ ਦਾ ਪਰਗਟਾਵਾ ਚੀਫ ਮਨਿਸਟਰ ਸਾਹਿਬ, ਆਜ਼ਾਦ ਸਾਹਿਬ, ਲੀਡਰ ਆਫ ਦੀ ਆਪੋਜੀਸ਼ਨ ਅਤੇ ਕਾਮਰੇਡ ਜੋਸ਼ ਜੀ ਨੇ ਕੀਤਾ ਹੈ, ਮੈਂ ਉਨ੍ਹਾਂ ਦਾ ਭਰਪੂਰ ਸਮਰਥਨ ਕਰਦਾ ਹਾਂ । ਔਰ ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਾਰਾ ਹਾਊਸ ਇਹੋ ਜਜ਼ਬਾਤ ਰਖਦਾ ਹੈ । ਇਹ ਪਰਸਤਾਵ ਜਿਹੜਾ ਕਿ ਪੇਸ਼ ਕੀਤਾ ਹੈ ਲੀਡਰ ਆਫ ਦੀ ਹਾਉਸ ਨੇ, ਉਸ ਨਾਲ ਸਾਰੇ ਹਾਊਸ ਦਾ ਸਮਰਥਨ

[ਸ੍ਰੀ ਸਪੀਕਰ]

ਹੈ ਕਿ ਸਾਰੇ ਵਿਚਾਰ ਇਨ੍ਹਾਂ ਮਹਾਨ ਪੁਰਸ਼ਾਂ ਦੇ ਪਰਵਾਰਾਂ ਤਕ ਅਪੜਾਏ ਜਾਣ ਔਰ ਮੈਂ ਸਮਝਦਾ ਹਾਂ ਕਿ ਮਹਾਨ ਪੁਰਸ਼ਾਂ ਨੂੰ ਸ਼ਰਧਾਂਜਲੀ ਜਿਹੜੀ ਹਾਊਸ ਵਲੋਂ ਪੇਸ਼ ਹੋਈ ਹੈ ਤਾਂ ਹੀ ਯੋਗ ਸ਼ਰਧਾਂਜਲੀ ਹੋਵੇਗੀ, ਜੇ ਅਸੀਂ ਸਾਰੇ ਪਰਤਿਗਿਆ ਕਰੀਏ ਕਿ ਜਿਸਤਰ੍ਹਾਂ ਉਨ੍ਹਾਂ ਮਹਾਨ ਪੁਰਸ਼ਾਂ ਨੇ ਸੈਕੂਲੈਰਿਜ਼ਮ ਦੀ, ਲੋਕ ਸੇਵਾ ਦੀ, ਮਜ਼ਦੂਰਾਂ ਦੀ, ਕਿਸਾਨਾਂ ਦੀ ਲੜਾਈ ਲਈ ਲਗਾਤਾਰ ਤੇ ਨਿਸ਼ਕਾਮ ਲਗਨ ਦੇ ਨਾਲ ਮਹਾਨ ਜੀਵਨ ਨੂੰ ਅਰਪਨ ਕੀਤਾ ਹੈ, ਨੇਕ ਕੰਮਾਂ ਲਈ ਸਾਰੇ ਦਾਨ ਕਰਨ ਦਾ ਯਤਨ ਕਰੀਏ। ਇਨ੍ਹਾਂ ਸ਼ਬਦਾਂ ਨਾਲ ਮੈਂ ਇਨ੍ਹਾਂ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਅਰਪਨ ਕਰਦਾ ਹੋਇਆ ਹਾਊਸ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਉਨ੍ਹਾਂ ਦੀ ਅਕੀਦਤ ਦੇ ਵਿਚ ਦੋ ਮਿੰਟ ਦਾ ਮੋਨ ਧਾਰਨ ਕੀਤਾ ਜਾਵੇ ।

(I fully associate myself with the sentiments of grief and sympathy for the bereaved families expressed by the Chief Minister, Azad Sahib, Leader of the Opposition and Comrade Josh at the passing away of these great personalities. I am certain that the House also wishes the same and would like that the views expressed here alongwith the condolence message from the House be communicated to the bereaved families of these great personalities . I think we will be paying true tribute to the departed souls when following in their footsteps, we take a pledge to advance the interests of secularism, service of the people, the labourers and of the farmers. With these words I would request the Members of the House to stand in their seats for a couple of minutes as a mark of respect in their memory.)

(At this stage all the hon. members stood up in their seats for two minutes)

FINANCIAL BUSINESS

(i) **Presentation of the Supplementary Estimates (2nd Instalment) for the year 1972-73.**

(ii) **Presentation of the Report of the Committee on Estimates on Supplementary Estimates (2nd Instalment) for the year 1972-73.**

Minister for Finance (Shri Hans Raj Sharma) : Sir, I beg to present the Supplementary Estimates (2nd Instalment) for the year 1972-73.

Sardar Gurdarshan Singh (Chairman, Estimates Committee) : Sir, I beg to present the Report of the Committee on Estimates on the Supplementary Estimates (2nd Instalment) for the year 1972-73.

PAPERS LAID ON THE TABLE

Minister for Education (Sardar Umrao Singh): Sir, I beg to lay on the Table —

(i) The Punjab Municipal (Amendment) Ordinance, 1972(Punjab Ordinance No. 1 of 1972);

(ii) The Constitution (Twenty-Eighth Amendment)Bill, 1972, as passed by both Houses of Parliament;

(iii) The Annual Financial Statement (Budget Estimates) for the year 1971-72 of the Punjab State Electricity Board, as required under section 61 (3) of the Electricity (Supply) Act, 1948.

(iv) The Annual Accounts of the Punjab State Electricity Board for the year 1969-70, as required under section 69(5) of the Electricity (Supply) Act, 1948;

(v) The 4th Annual Report of the Punjab State Industrial Development Corporation Limited for the year 1969-70, as required under section 619 A(3) (b) of the Companies Act, 1956;

(vi) The 5th Annual Report of the Punjab State Industrial Development Corporation Limited for the year 1970-71, as required under section 619-A (3) (b) of the Companies Act, 1956;

(vii) The 1st Annual Report of the Punjab Con-cast Steels Limited for the year 1970-71, as required under section 619A (3) (b) of the Companies Act, 1956;

(viii) The 18th Annual Report of the Punjab Financial Corporation for the year ended 31st March, 1971, as required under section 38(3) of the State Financial Corporations Act, 1951, and

(ix) The 19th Annual Report of the Punjab Financial Corporation for the year ended 31st March, 1972, as required under section 38 (3) of the State Financial Corporations Act, 1951.

OFFICIAL RESOLUTION UNDER ARTICLE 368 OF THE CONSTITUTION.

Minister for Education (Sardar Umrao Singh) : Sir, I beg to move—

> That this House ratifies the amendments to the Constitution of India falling within the purview of the proviso to clause (2) of Article 368 thereof proposed to be made by the Constitution (Twenty eighth Amendment) Bill, 1972, as passed by the two Houses of Parliament.

Mr. Speaker : Motion moved—

> That this House ratifies the amendments to the Constitution of India falling within the purview of the proviso to clause (2) of Article 368 thereof proposed to be made by the Constitution (Twenty eighth Amendment) Bill, 1972, as passed by the two Houses of Parliament.

ਸਿਖਿਆ ਮੰਤਰੀ(ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਜੋ ਰੇਜ਼ੋਲਿਊਸ਼ਨ ਮੈਂ ਮੂਵ ਕੀਤਾ ਹੈ ਏਸ ਰਾਹੀਂ ਪਾਰਲੀਮੈਂਟ ਦੇ ਵਿਚ ਕਾਨਸਟੀਚਿਊਸ਼ਨ ਦੀ ਅਮੈਂਡਮੈਂਟ ਪਾਸ ਹੋਈ ਹੈ । ਇਹ ਰੇਟੀਫੀਕੇਸ਼ਨ ਹੈ ਅਤੇ ਉਹ ਅਮੈਂਡਮੈਂਟ ਕਾਨਸਟੀਚਿਊਸ਼ਨ ਦੇ ਆਰਟੀਕਲ 314 ਦੀ ਹੈ ।

ਸੰਵਿਧਾਨ ਦੇ ਆਰਟੀਕਲ 314 ਵਿਚ ਦਰਜ ਹੈ ਕਿ ਜਿਹੜੇ ਵੀ ਆਈ. ਸੀ. ਐਸ. ਅਫ਼ਸਰ ਹਨ ਇਹ ਸਾਰੇ ਸੈਕਟਰੀ ਆਫ ਸਟੇਟ ਜਾਂ ਸੈਕਟਰੀ ਆਫ ਸਟੇਟ ਇਨ ਕੌਂਸਲ ਵਲੋਂ ਰਖੇ ਗਏ ਸਨ । 15 ਅਗਸਤ 1947 ਤੋ ਪਹਿਲਾਂ ਜਿਹੜੀਆਂ ਸ਼ਰਤਾਂ ਇਨ੍ਹਾਂ ਦੀਆਂ ਨਿਯੁਕਤੀਆਂ ਵੇਲੇ ਨਿਰਧਾਰਿਤ ਕੀਤੀਆਂ ਗਈਆਂ ਸਨ ਉਹ ਰਹਿਣਗੀਆਂ ਅਤੇ ਇਹ ਸ਼ਰਤਾਂ ਸੈਕਟਰੀ ਆਫ ਸਟੇਟ ਹੀ ਲਾਗੂ ਕਰਦਾ ਸੀ। ਜਦ ਇੰਡੀਅਨ ਇੰਨਡੀਪੈਂਡੇਂਸ ਐਕਟ ਬਣਿਆ ਤਾਂ ਇਸ ਦੀ ਦਫ਼ਾ 44 ਅਨੁਸਾਰ ਸ਼ਰਤਾਂ ਸਾਡੇ ਵਿਧਾਨ ਦੇ ਮੁਤਾਬਿਕ ਰੈਗੁਲੇਟ ਹੋਣੀਆਂ ਸ਼ੁਰੂ ਹੋ ਗਈਆਂ। ਅਤੇ ਇਸ ਅਨੁਸਾਰ ਇਨ੍ਹਾਂ ਦੀਆਂ ਸ਼ਰਤਾਂ ਦਰਜ ਰਹਿ ਗਈਆਂ ਜਿਹੜੀਆਂ ਕਿ ਆਜ਼ਾਦੀ ਤੋਂ ਪਹਿਲਾਂ ਸਨ। ਹੁਣ ਇਸ ਵਕਤ ਜਦ ਕਿ ਦੇਸ਼ ਆਜ਼ਾਦ ਹੋ ਗਿਆ ਹੈ ਅਤੇ 25 ਸ਼ਾਲ ਅਜ਼ਾਦੀ ਨੂੰ ਮਿਲਿਆਂ ਹੋ ਗਏ ਹਨ ਹੌਲੇ ਹੌਲੇ ਉਹ

[ਸਿਖਿਆ ਮੰਤਰੀ]

ਸਾਰੀਆਂ ਗੱਲਾਂ ਦੇਸ਼ ਦੇ ਮਾਹੌਲ ਨੂੰ ਸਾਹਮਣੇ ਰਖ ਕੇ ਅਤੇ ਦੇਸ਼ ਦੇ ਨਵੇਂ ਸੈਟਅਪ ਵਿਚ ਉਨ੍ਹਾਂ ਸ਼ਰਤਾਂ ਨੂੰ ਜਿਹੜੀਆਂ ਕਿ ਅੰਗ੍ਰੇਜ਼ ਛਡ ਕੇ ਗਏ ਹਨ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਜਿਹੜੀਆਂ ਸਹੂਲਤਾਂ ਇਨ੍ਹਾਂ ਨੂੰ ਮਿਲ ਰਹੀਆਂ ਸਨ ਉਨ੍ਹਾਂ ਨੂੰ ਖਤਮ ਕੀਤੇ ਜਾਣ ਲਈ ਇਹ ਆਫੀਸ਼ਲ ਰੈਜ਼ੂਲੇਸ਼ਨ ਪੇਸ਼ ਕੀਤਾ ਗਿਆ ਹੈ। ਅਜ ਜਦ ਕਿ ਅਸਾਡੇ ਸੰਵਿਧਾਨ ਵਿਚ ਤਰਮੀਮ ਕਰਕੇ ਬੈਂਕਾਂ ਦਾ ਨੈਸ਼ਨੇਲਾਈਜ਼ੇਸ਼ਨ ਕੀਤਾ ਗਿਆ ਹੈ, ਰਾਜਿਆਂ ਦੇ ਭਤਿਆਂ ਨੂੰ ਬੰਦ ਕੀਤਾ ਗਿਆ ਹੈ ਤਾਂ ਫਿਰ ਆਈ. ਸੀ. ਐਸ. ਅਫਸਰਾਂ ਨੂੰ ਜਿਹੜੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਸਨ ਅਤੇ ਜਿਹੜੀਆਂ ਸ਼ਰਤਾਂ ਉਨ੍ਹਾਂ ਨੂੰ ਭਰਤੀ ਕਰਨ ਵੇਲੇ ਕੀਤੀਆਂ ਗਈਆਂ ਸਨ ਅਤੇ ਜਿਨ੍ਹਾਂ ਦੀ ਗਰੰਟੀ ਦੇਸ਼ ਦੇ ਅਜ਼ਾਦ ਹੋਣ ਤੇ ਉਨ੍ਹਾਂ ਨੂੰ ਦਿੱਤੀ ਗਈ ਸੀ ਅਤੇ ਪਰੋਟੈਕਸ਼ਨ ਦਿਤੀ ਗਈ ਸੀ ਮੌਜੂਦਾ ਹਾਲਾਤ ਨੂੰ ਸਾਹਮਣੇ ਰਖ ਕੇ ਕਾਇਮ ਨਹੀਂ ਸਨ ਰਖੀਆਂ ਜਾ ਸਕਦੀਆਂ। ਇਨ੍ਹਾਂ ਸ਼ਰਤਾਂ ਦਾ ਰਹਿਣਾ ਸਮਾਜਵਾਦ ਦੇ ਮੁਤਾਬਿਕ ਨਹੀਂ। ਇਸ ਵਾਸਤੇ ਇਹ ਮਤਾ ਪੇਸ਼ ਕੀਤਾ ਗਿਆ ਹੈ ਕਿ ਪਾਰਲੀਮੈਂਟ ਨੂੰ ਇਖਤਿਆਰ ਹੋਣਾ ਚਾਹੀਦਾ ਹੈ ਕਿ ਉਹ ਇਸ ਤਰ੍ਹਾਂ ਦਾ ਕਾਨੂੰਨ ਬਣਾ ਸਕੇ ਜਿਸ ਕਾਨੂੰਨ ਦੇ ਨਾਲ ਉਸ ਵਕਤ ਜਿਹੜੀਆਂ ਕਨ-ਡੀਸ਼ਨਜ਼ ਬਣਾਈਆਂ ਗਈਆਂ ਸਨ ਅਤੇ ਜਿਹੜੇ ਐਗਰੀਮੈਂਟ ਉਨ੍ਹਾਂ ਨਾਲ ਕੀਤੇ ਗਏ ਸਨ ਉਨ੍ਹਾਂ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਨੂੰ ਰੀਵੋਕ ਕੀਤਾ ਜਾ ਸਕੇ। ਜਿਹੜੇ ਅਫਸਰ ਸਰਵਿਸ ਵਿਚ ਹਨ ਜਾਂ ਰੀਟਾਇਰ ਹੋ ਚੁਕੇ ਹਨ ਉਨ੍ਹਾਂ ਨੂੰ ਪੁਰਾਣੀਆਂ ਕਨਡੀਸਨਜ਼ ਅਨੁਸਾਰ ਪੈਨਸ਼ਨ ਦਿਤੀ ਜਾਂਦੀ ਸੀ ਇਸ ਸਬੰਧ ਵਿਚ ਪਾਰਲੀਮੈਂਟ ਕਾਨੂੰਨ ਬਣਾ ਕੇ ਉਨ੍ਹਾਂ ਸ਼ਰਤਾਂ ਨੂੰ ਬਦਲ ਸਕੇ। ਮੌਜੂਦਾ ਹਾਲਾਤ ਦੇ ਮੁਤਾਬਿਕ ਕਨਡੀਸ਼ਨਜ਼ ਨੂੰ ਬਦਲ ਸਕੇ। ਜਿਸ ਮਾਹੌਲ ਵਿਚ ਅਜ ਕਲ ਆਈ. ਏ. ਐਸ. ਅਫਸਰ ਕੰਮ ਕਰ ਰਹੇ ਹਨ ਇਸੇ ਤਰ੍ਹਾਂ ਉਹ ਵੀ ਕੰਮ ਕਰਨ। ਅਤੇ ਅਫਸਰਾਂ ਵਿਚ ਇਸ ਤਰ੍ਹਾਂ ਦੀ ਕਲਾਸ ਡਿਸਟਿੰਕਸ਼ਨ ਖਤਮ ਕੀਤੀ ਜਾ ਸਕੇ। ਇਸ ਲਈ ਮੈਨੂੰ ਆਸ ਹੈ ਕਿ ਜਿਸ ਤਰ੍ਹਾਂ ਪਾਰਲੀਮੈਂਟ ਵਿਚ ਸਰਵ ਸੰਮਤੀ ਨਾਲ ਇਸ ਮਤੇ ਦੀ ਹਮਾਇਤ ਕੀਤੀ ਗਈ ਸਿਵਾਏ ਸੁਤੰਤਰ ਪਾਰਟੀ ਦੇ ਜਿਸ ਦੇ ਕਿ ਇਕ ਸਮੇਂ 2 ਅਤੇ ਇਕ ਸਮੇਂ 4 ਵੋਟ ਸਨ ਬਾਕੀ ਪਾਰਟੀਆਂ ਨੇ ਅਕਾਲੀ ਪਾਰਟੀ, ਕਮਿਉਨਿਸਟ ਪਾਰਟੀ ਅਤੇ ਦੂਜੀਆਂ ਪਾਰਟੀਆਂ ਇਸ ਨਾਲ ਸਹਿਮਤ ਹੋਈਆਂ ਅਤੇ ਇਸ ਸਬੰਧ ਵਿਚ ਬਿਲ ਨੂੰ ਪਾਸ ਕੀਤਾ ਇਸੇ ਤਰ੍ਹਾਂ ਹੀ ਇਹ ਹਾਊਸ ਵੀ ਸਰਵ ਸੰਮਤੀ ਨਾਲ ਇਸ ਮਤੇ ਨੂੰ ਪਾਸ ਕਰੇਗਾ।

(ਇਸ ਸਮੇਂ ਸ਼ਰਦਾਰ ਸੁਰਜੀਤ ਸਿੰਘ ਬਰਨਾਲਾ, ਪੈਨਲ ਆਫ ਚੇਅਰਮੈਨ ਦੇ ਮੈਂਬਰ ਸਾਹਿਬ, ਨੇ ਕੁਰਸੀ ਸੰਭਾਲੀ)

ਕਾਮਰੇਡ ਰਾਜ ਕੁਮਾਰ (ਧਾਰੀਵਾਲ): ਮਾਨਯੋਗ ਚੇਅਰਮੈਨ ਸਾਹਿਬ, ਮੈਂ ਇਸ ਰੈਜ਼ੋਲੇਸ਼ਨ ਦੀ ਹਮਾਇਤ ਕਰਨ ਲਈ ਖੜਾ ਹੋਇਆ ਹਾਂ। ਜਿਸ ਰਾਹੀਂ ਕਿ ਕਾਨਸਟੀਚੂਸ਼ਨ ਦੀਆਂ ਅਮੈਂਡਮੈਂਟਸ ਨੂੰ ਰੈਟੀਫਾਈ ਕਰਨਾ ਹੈ। ਇਹ ਇਕ ਲਾਜੀਕਲ ਗੱਲ ਹੈ ਕਿ ਜਿਸ ਵਕਤ ਰਾਜਿਆਂ ਦੇ ਵਜ਼ੀਫੇ ਬੰਦ ਕਰ ਦਿੱਤੇ ਗਏ ਹਨ ਅਤੇ ਇਸ ਬਾਰੇ ਇਹ ਦੇਸ਼ ਫੈਸਲਾ ਲੈ ਚੁਕਾ ਹੈ ਤਾਂ ਸਾਮਰਾਜੀ ਦਬਾ ਹੇਠ ਕੀਤੀਆਂ ਜਾ ਰਹੀਆਂ ਗੱਲਾਂ ਨੂੰ ਜਿਹੜੀਆਂ ਕਿ ਪੁਰਾਣੀਆਂ ਚਲੀਆਂ ਆ ਰਹੀਆਂ ਹਨ ਕਿਸੇ ਵੀ ਸ਼ਕਲ ਵਿਚ ਕਾਇਮ ਨਹੀਂ ਰਖਿਆ ਜਾਣਾ ਚਾਹੀਦਾ। ਇਨ੍ਹਾਂ ਨੂੰ ਖਤਮ ਕਰਨਾ ਇਕ ਕੁਦਰਤੀ ਅਮਰ ਹੈ। ਅੰਗ੍ਰੇਜ਼ਾਂ ਦੇ ਵਕਤ ਵਿਚ ਆਈ ਸੀ. ਐਸ. ਕਾਡਰ ਨੂੰ ਬਿਊਰੋਕਰੇਸੀ ਦਾ ਸਟੀਲ ਫਰੇਮ ਮੰਨਿਆ ਜਾਂਦਾ ਸੀ ਅਤੇ ਆਜ਼ਾਦੀ ਦੀ ਤਹਿਰੀਕ ਨੂੰ ਇਨ੍ਹਾਂ ਰਾਹੀਂ ਦਬਾਇਆ ਜਾਂਦਾ ਸੀ। ਇਸ ਲਈ ਹੁਣ ਵਕਤ ਆ ਗਿਆ ਜਦ ਕਿ ਅੰਗ੍ਰੇਜ਼ ਰਾਜ ਦੇ ਬਾਕੀਆਤ ਨੂੰ ਜਿਨ੍ਹਾਂ ਵਿਚ ਇਹ ਵੀ ਇਕ ਸੀ ਖਤਮ ਕੀਤਾ ਜਾਵੇ। ਅਤੇ ਇਹ ਪਹਿਲਾਂ ਹੀ

ਖਤਮ ਕੀਤੇ ਜਾਣੇ ਚਾਹੀਦੇ ਸਨ ਪਰ ਹਿਸਟਰੀ ਵਿਚ ਜੋ ਕੁਝ ਇਸ ਦੇਸ਼ ਵਿਚ ਹੋਇਆਂ ਇੰਡੀਪੈਂਡੈਂਸ ਦੇ ਵਕਤ ਅਤੇ ਇਸ ਤੋਂ ਬਾਦ ਵੀ ਜਿਹੜੇ ਸਮਝੌਤੇ ਹੋਏ ਉਨ੍ਹਾਂ ਵਿਚ ਉਸ ਸਮੇਂ ਦੇ ਹਾਲਾਤ ਦਾ ਰੀਫਲੈਕਸ਼ਨ ਸੀ ਅਤੇ ਦੇਸ਼ ਦੀ ਇਹ ਮਜਬੂਰੀ ਸੀ ਕਿ ਉਸੇ ਸਟੀਲ ਫਰੇਮ ਨੂੰ ਤਸਲੀਮ ਕਰ ਲਿਆ ਗਿਆ । ਅਤੇ ਆਈ. ਸੀ. ਐਸ. ਅਫਸਰਾਂ ਦੇ ਹੱਕਾਂ ਅਤੇ ਸਹੂਲਤਾਂ ਨੂੰ ਵਿਧਾਨਕ ਤੌਰ ਤੇ ਤਸਲੀਮ ਕਰ ਲਿਆ ਗਿਆ। ਉਸ ਵੇਲੇ ਦੀਆਂ ਮਜਬੂਰੀਆਂ ਵੀ ਸਨ । ਪਰ ਹੁਣ ਦੇ ਹਾਲਾਤ ਦੇ ਮੁਤਾਬਕ ਇਹ ਖੁਸ਼ੀ ਵਾਲੀ ਗਲ ਹੈ ਕਿ ਅੰਗ੍ਰੇਜ਼ਾਂ ਨਾਲ ਕੀਤੇ ਐਗਰੀਮੈਂਟਾਂ ਵਿਚੋਂ ਅਸੀਂ ਨਿਕਲ ਰਹੇ ਹਾਂ ਅਤੇ ਵਨ ਆਫਟਰ ਦੀ ਅਦਰ ਇਨ੍ਹਾਂ ਨੂੰ ਖਤਮ ਕਰ ਰਹੇ ਹਾਂ। ਹੁਣ ਜਿਸ ਚੀਜ਼ ਨੂੰ ਅਸੀਂ ਖਤਮ ਕਰ ਰਹੇ ਹਾਂ ਇਹ ਦੋ ਚੀਜ਼ਾਂ ਹਨ ਇਕ ਤਾਂ ਇਹ ਕਿ ਉਨ੍ਹਾਂ ਆਈ. ਸੀ. ਐਸ. ਅਫਸਰਾਂ ਦੇ ਪ੍ਰਿਵਿਲੇਜ਼ ਜਿਹੜੇ ਕਿ ਅਜ ਗੈਰ ਜ਼ਰੂਰੀ ਹੀ ਨਹੀਂ ਸਗੋਂ ਹਾਸੋ ਹੀਣੇ ਵੀ ਲਗਦੇ ਹਨ ਨੂੰ ਖਤਮ ਕੀਤਾ ਜਾਵੇ। ਉਨ੍ਹਾਂ ਸ਼ਰਤਾਂ ਵਿਚ ਇਹ ਲਿਖਿਆ ਹੋਇਆ ਹੈ ਕਿ ਆਈ. ਸੀ. ਐਸ. ਦੀ ਤਨਖਾਹ ਇਨਡੀਅਨ ਕਰੰਸੀ ਵਿਚ ਨਹੀਂ ਪਾਉਂਡਾਂ ਵਿਚ ਦਿਤੀ ਜਾਇਆ ਕਰੇਗੀ । ਪਹਿਲੇ ਉਸ ਵਕਤ ਵਿਚ ਜਦ ਦੇਸ਼ ਵਿਚ ਇੰਡੀਅਨ ਆਈ.ਸੀ.ਐਸ. ਅਫਸਰ ਅਤੇ ਅੰਗ੍ਰੇਜ਼ ਆਈ.ਸੀ.ਐਸ. ਅਫਸਰ ਹੁੰਦੇ ਸਨ ਤਾਂ ਇਹ ਰੂਲ ਜਾਂ ਇਸ ਤਰ੍ਹਾਂ ਦੀ ਕੋਈ ਬਾਈ ਲਾ ਸਮਝ ਵੀ ਆ ਸਕਦਾ ਸੀ ਪਰ ਅੱਜ ਇਹ ਮੰਗ ਕਰਨੀ ਕਿ ਆਈ. ਸੀ. ਐਸ. ਅਫਸਰਾਂ ਨੂੰ ਤਨਖਾਹ ਪਾਉਂਡਾਂ ਵਿਚ ਦਿਤੀ ਜਾਵੇ ਜਾਂ ਪੈਨਸ਼ਨ ਪਾਉਂਡਾਂ ਵਿਚ ਦਿਤੀ ਜਾਵੇ ਇਹ ਇਕ ਐਂਟੀ-ਨੈਸ਼ਨਲ ਆਊਟਲੁਕ ਹੈ। ਅਤੇ ਇਸ ਦੀ ਸਪੋਰਟ ਉਹੀ ਕਰ ਸਕਦੇ ਹਨ ਜਿਨ੍ਹਾਂ ਦਾ ਵਤੀਰਾ ਜਨਮ ਤੋਂ ਹੀ ਹਿੰਦੁਸਤਾਨ ਦੇ ਵਿਰੁਧ ਰਿਹਾ ਹੋਵੇ। ਇਸ ਗਲ ਦਾ ਜਦ ਵਿਚਾਰ ਬਣਾਇਆ ਗਿਆ ਤਾਂ ਕੋਰਟਾਂ ਦੇ ਦਰਵਾਜ਼ੇ ਵੀ ਉਨ੍ਹਾਂ ਅਫਸਰਾਂ ਨੇ ਖਟਖਟਾਏ ਪਰ ਕੋਈ ਗਲ ਨਾ ਬਣ ਸਕੀ। ਫਿਰ ਦੂਜਾ ਇਹ ਸੀ ਕਿ ਜਿੰਨਾ ਵੀ ਵਡਾ ਮਹਿਂਘਮਾਨਾ ਜੁਰਮ ਕੋਈ ਆਈ, ਸੀ. ਐਸ. ਅਫਸਰ ਕਰੇ ਸਾਡੇ ਵਿਧਾਨ ਦੇ ਮੁਤਾਬਿਕ ਆਈ. ਸੀ. ਐਸ. ਦੇ ਖਿਲਾਫ ਕੋਈ ਕਾਰਵਾਈ ਨਾ ਸੈਂਟਰ ਦੇ ਕਾਨੂੰਨ ਅਨੁਸਾਰ ਅਤੇ ਨਾ ਸਟੇਟ ਦੇ ਕਾਨੂੰਨ ਦੇ ਅਧੀਨ ਸੰਭਵ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਉਨ੍ਹਾਂ ਵਿਰੁਧ ਕੋਈ ਐਕਸ਼ਨ ਲਿਆ ਜਾ ਸਕਦਾ ਹੈ। ਜਦ ਅਸੀਂ ਆਪਣੇ ਦੇਸ਼ ਵਿਚ ਮੁੰਦਰਾ ਸਕੈਂਡਲ ਵੇਖਿਆ ਅਤੇ ਜੈਂਤੀ ਸ਼ਿਪਿੰਗ ਵਾਲੇ ਡਾ. ਧਰਮਤੇਜਾ ਦਾ ਸਕੈਂਡਲ ਵੇਖਿਆ ਤਾਂ ਇਹ ਪਤਾ ਲਗਾ ਕਿ ਉਨ੍ਹਾਂ ਪਿਛੇ ਇੰਨ੍ਹਾਂ ਹੀ ਆਈ. ਸੀ. ਐਸ. ਅਫਸਰਾਂ ਦੇ ਲੁਕੇ ਹੱਥ ਸਨ। ਜਿਹੜੇ ਕਿ ਅਜੇ ਤਕ ਇਸ ਤਰ੍ਹਾਂ ਦੀ ਕਾਰਵਾਈ ਲਈ ਪਰੇਰਨਾ ਦਿੰਦੇ ਰਹੇ ਹਨ। ਇਹ I.C.S. ਅਜੇ ਤਕ ਬਰਿਟਿਸ਼ ਇੰਪੀਰੀਲਿਜ਼ਮ ਤੋਂ ਪ੍ਰੇਰਨਾ ਲੈਂਦੇ ਰਹੇ ਹਨ। ਇਸੇ ਕਾਰਨ ਅਸੀਂ ਬਹੁਤ ਸਾਰੇ ਅਰਸੇ ਤਕ ਦੇਸ਼ ਦੀ ਅਕਾਨੋਮੀ ਨੂੰ ਬਰਿਟਿਸ਼ ਸਟਰੈਂਗਲ ਹੋਲਡ ਨਾਲੋਂ ਤੋੜ ਨਹੀਂ ਸਕੇ। ਇਥੇ ਹੀ ਬਸ ਨਹੀਂ, ਰਨ ਆਫ ਕਛ ਦਾ ਜਦ ਝਗੜਾ ਹੋਇਆ ਤਾਂ ਦੇਸ਼ ਦੀ ਕੌਮੀ ਆਜ਼ਾਦੀ ਦੀ ਤਹਿਰੀਕ ਦੇ ਸਾਹਮਣੇ ਇਨਾਂ ਹੀ ਆਈ. ਸੀ. ਐਸ. ਅਫਸਰਾਂ ਦੇ ਸਟੀਲ ਫਰੇਮ ਨੇ ਮਜਬੂਰ ਕਰ ਦਿੱਤਾ ਕਿ ਅਸੀਂ ਬ੍ਰਿਟਿਸ਼ ਸਾਮਰਾਜ ਦੀ ਸਾਲਸੀ ਮੰਨੀਏ, ਜਿਸਦੇ ਨਤੀਜੇ ਵਜੋਂ ਅਸਾਨੂੰ ਕੁਝ ਇਲਾਕਾ ਪਾਕਿਸਤਾਨ ਨੂੰ ਦੇਣਾ ਪਿਆ। ਇਹ ਸਭ ਆਈ. ਸੀ. ਐਸ. ਅਫਸਰਾਂ ਦੀ ਐਡਵਾਈਸ ਹੀ ਅਧਾਰਿਤ ਸੀ। ਕਿਉਂਕਿ ਕੁਝ ਸ਼ਰਤਾਂ ਸਾਡੇ ਸੰਵਿਧਾਨ ਦੀਆਂ ਧਾਰਾਵਾਂ ਥਲੇ ਮੌਜੂਦ ਸਨ। ਇਹ ਪੁਰਾਣੇ ਵਕਤਾਂ ਦੀਆਂ ਬਾਕੀਆਂ ਹਨ ਜਿਸ ਨੂੰ ਜਿੰਨੀ ਜਲਦੀ ਖਤਮ ਕੀਤਾ ਜਾਂਦਾ ਚੰਗਾ ਸੀ ਇਸ ਲਈ ਇਸ ਮਤੇ ਨੂੰ ਅਸਾਡੀ ਪਾਰਟੀ ਵੈਲਕਮ ਕਰਦੀ ਹੈ ਕਿਉਂਕਿ ਇਹ ਵਕਤ ਦੀ ਅਵਾਜ਼ ਦੇ ਅਨੁਕੂਲ ਹੈ ਅਤੇ ਵਕਤ ਦੇ ਨਾਲ ਹੀ ਇਹ ਚੀਜ਼ ਪੇਸ਼ ਕੀਤੀ ਗਈ ਹੈ।

ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਇਹ ਹਾਲਾਤ 1967 ਵਿਚ ਬਦਲੇ ਜਦ ਕਿ ਕਾਂਗਰਸ ਵਿਚ ਤਕਸੀਮ ਹੋਈ ਅਤੇ ਸਿੰਡੀਕੇਟ ਵਖ ਹੋ ਗਈ ਅਤੇ ਕਈ ਕਾਂਗਰਸ ਤੋਂ ਬਾਹਰ ਚਲੇ ਗਏ ਅਤੇ ਜਨ ਸੰਘ ਕਿਨਾਰੇ ਲਗ ਗਿਆ ਉਸ ਤੋਂ ਬਾਦ ਪਾਰਲੀਮੈਂਟ ਸੁਖਾਲੀ ਹੋਕੇ ਇਸ ਪਾਸੇ ਸੋਚਣ ਲਗ ਪਈ ਅਤੇ ਇਹ ਵੀ ਉਸੇ ਸੋਚ ਦਾ ਸਿੱਟਾ ਹੈ ।

[ਕਾਮਰੇਡ ਰਾਜ ਕੁਮਾਰ]

ਇਕ ਪਖ ਵਲ ਹੋਰ ਧਿਆਨ ਦੇਣ ਦੀ ਲੋੜ ਹੈ ਕਿ ਜਿਥੇ ਅਸੀਂ ਪੁਰਾਣੇ ਆਈ. ਸੀ. ਐਸ. ਅਫਸਰਾਂ ਦੇ ਪਰਿਵਿਲਿਜ ਖਤਮ ਕਰ ਰਹੇ ਹਾਂ ਅਤੇ ਅੰਗ੍ਰੇਜ਼ਾਂ, ਮਾਜੀ ਦੀ, ਇਕ ਲੀਗੇਸੀ ਨੂੰ ਮਿਟਾ ਰਹੇ ਹਾਂ ਉਥੇ ਜਿਹੜਾ ਆਈ. ਏ. ਐਸ. ਕਾਡਰ ਆਈ. ਸੀ. ਐਸ. ਦੀ ਥਾਂ ਲੈ ਰਿਹਾ ਹੈ ਕਿਤੇ ਉਨ੍ਹਾਂ ਵਿਚ ਵੀ ਇਸ ਤਰ੍ਹਾਂ ਦੇ ਖਿਆਲਾਤ ਜਨਮ ਤਾਂ ਨਹੀਂ ਲੈ ਰਹੇ। ਕੀ ਇਹ ਗਲ ਤਾਂ ਨਹੀਂ ਕਿ ਪਹਿਲੇ ਜਰਾਸੀਮ ਨਵੇਂ ਆਈ. ਏ. ਐਸ. ਕਾਡਰ ਵਿਚ ਨਹੀਂ ਪਨ ਰਹੇ ? ਜੋ ਅੰਗ੍ਰੇਜ਼ ਦੇ ਹਥ ਠੋਕਾ ਬਣਕੇ ਲੋਕਾਂ ਨੂੰ ਅਤੇ ਲੋਕਾਂ ਦੀ ਆਵਾਜ਼ ਨੂੰ ਦਬਾਉਣ ਵਿਚ ਤਾਂ ਨਹੀਂ ਲਗੇ ਰਹਿੰਦੇ ਹਨ।

ਚੇਅਰਮੈਨ ਸਾਹਿਬ, ਮੈਂ ਉਮੀਦ ਕਰਾਂਗਾ ਕਿ ਆਈ. ਸੀ. ਐਸ. ਕੇਡਰ ਨੇ ਇਸ ਮੁਲਕ ਦੀ ਜੰਗੇ ਆਜ਼ਾਦੀ ਨੂੰ ਕੁਚਲਣ ਵਿਚ ਅੰਗਰੇਜ਼ਾਂ ਦੀ ਇਮਦਾਦ ਨਾਲ ਜੋ ਪ੍ਰੋਗਰਾਮ ਬਣਾਏ ਸਨ ਉਹ ਸਾਡੇ ਲਈ ਅਤੇ ਸਾਡੇ ਬਚਿਆਂ ਲਈ ਇਕ ਬੜੀ ਬੁਰੀ ਮਿਸਾਲ ਸੀ। ਮੈਂ ਉਮੀਦ ਕਰਦਾ ਹਾਂ ਕਿ ਇਹ ਗਲ ਹੁਣ ਰਿਪੀਟ ਨਹੀਂ ਕੀਤੀ ਜਾਣ ਦਿੱਤੀ ਜਾਵੇਗੀ। ਇਹ I.C.S ਅਫਸਰ ਹੁਣ ਵੀ ਆਪਣੀਆਂ ਪੁਰਾਣੀਆਂ ਚਾਲਾਂ ਚਲਦੇ ਹਨ, ਉਨ੍ਹਾਂ ਨੂੰ ਅੱਜ ਵੀ ਆਮ ਲੋਕਾਂ ਤੋਂ ਨਫਰਤ ਹੈ, ਉਹ ਲੋਕਾਂ ਨੂੰ ਆਪਣੇ ਤੋਂ ਡਿਸਟੈਂਸ ਤੇ ਰਖ ਕੇ ਅਜੇ ਵੀ ਖੁਸ਼ ਹੁੰਦੇ ਹਨ। ਜੇ ਇਸ ਤਰ੍ਹਾਂ ਦੀ ਗਲ ਆਈ. ਏ. ਐਸ. ਕੇਡਰ ਦੇ ਵਿਚ ਵੀ ਆ ਗਈ ਤਾਂ ਇਸ ਦਾ ਨਤੀਜਾ ਇਹੋ ਹੋਵੇਗਾ ਕਿ ਉਹ ਵੀ ਸਾਡੀਆਂ ਡੈਮੋਕਰੇਟਿਕ ਟਰੈਡੀਸ਼ਨਜ਼ ਦੇ ਵਿਚ ਇਕ ਨਵੀਂ ਰੁਕਾਵਟ ਪੈਦਾ ਕਰਨਗੇ। ਇਸ ਤਰ੍ਹਾਂ ਦਾ ਐਲੀਮੈਂਟ ਜੇ ਇਸ ਮੁਲਕ ਵਿਚ ਪਰਫੁਲਿਤ ਹੋ ਗਿਆ ਤਾਂ ਇਹ ਕਿਸੇ ਵੇਲੇ ਵੀ ਇਸ ਮੁਲਕ ਦੇ ਵਿਚ ਖਰਾਬੀ ਪੈਦਾ ਕਰ ਸਕਦਾ ਹੈ। ਇਸ ਲਈ ਬੇਹਤਰ ਇਹ ਹੋਵੇਗਾ ਕਿ ਅਜ ਅਸੀਂ ਆਪਣੇ ਆਪ ਨੂੰ ਪੁਰਾਣੇ ਮੂਲ ਤਰੀਕੇ ਵਿਚ ਕੰਮ ਕਰਨ ਲਈ ਢਾਲ ਲਈਏ, ਸਾਨੂੰ ਆਪਣਾ ਕੰਮ ਚਲਾਉਣ ਲਈ ਪ੍ਰਾਪਰ ਅਤੇ ਮਾਡਰਨ ਢੰਗਾਂ ਨਾਲ ਚਲਣਾ ਹੋਵੇਗਾ। ਅਜ ਜ਼ਰੂਰਤ ਇਸ ਗਲ ਦੀ ਹੈ ਕਿ ਆਈ. ਏ. ਐਸ. ਅਤੇ ਆਈ. ਪੀ. ਐਸ. ਕੇਡਰ ਨੂੰ ਡੈਮੋਕਰੇਟਿਕ ਕੇਂਦਰਾਂ ਦੀ ਵਧੇਰੇ ਸੋਝੀ ਦਿਵਾਈ ਜਾਵੇ। ਉਨ੍ਹਾਂ ਨੂੰ ਡੈਮੋਕਰੇਟਿਕ ਟਰੈਡੀਸ਼ਨਜ਼ ਅਨੁਸਾਰ ਚਲਾਇਆ ਜਾਵੇ। ਚੇਅਰਮੈਨ ਸਾਹਿਬ, ਪਰ ਮੈਨੂੰ ਇਹ ਗਲ ਕਹਿਣੀ ਪੈਂਦੀ ਹੈ ਕਿ ਨਾਂ ਉਹ ਡੈਮੋਕਰੇਟਿਕ ਟਰੈਡੀਸ਼ਨਜ਼ ਅਨੁਸਾਰ ਚਲ ਰਹੇ ਹਨ, ਨਾਂ ਹੀ ਇਸ ਪਾਸੇ ਵਲੋਂ ਕੋਈ ਉਚੇਚਾ ਉਨ੍ਹਾਂ ਵਿਚ ਇਸ ਤਰ੍ਹਾਂ ਦਾ ਡੈਮੋਕਰੈਟਿਕ ਲਗਾਰੀ ਉਦਮ ਨਜ਼ਰ ਆਉਂਦਾ ਹੈ। ਮਾਈਂਡ ਕਲਟੀਵੇਟ ਕਰਨ ਦੀ ਜ਼ਰੂਰਤ ਹੈ, ਜਿਸ ਨਾਲ ਕਿ ਉਹ ਜਨਤਾ ਦੇ ਨੇੜੇ ਆਕੇ ਕੰਮ ਕਰਨ। ਪਰ ਜੇ ਇਨ੍ਹਾਂ ਆਈ. ਏ. ਐਸ. ਅਫਸਰਾਂ ਨੇ ਪਿਛਲੇ ਆਈ. ਸੀ. ਐਸ. ਅਫਸਰਾਂ ਵਾਲੇ ਹੀ ਤਰੀਕੇ ਇਖਤਿਆਰ ਕੀਤੇ ਰਖਣੇ ਹਨ ਤਾਂ ਇਹ ਮੁਲਕ ਦੇ ਲਈ ਬਹੁਤ ਹੀ ਨੁਕਸਾਨ ਦੇਹ ਸਾਬਤ ਹੋਣਗੇ। ਇਸ ਤਰ੍ਹਾਂ ਤਾਂ ਲੋਕਾਂ ਨੂੰ ਕੋਈ ਫਰਕ ਨਹੀਂ ਜਾਪੇਗਾ, ਇਹ ਇਕ ਚਿਟੀ ਚਮੜੀ ਵਾਲੇ ਆਈ. ਸੀ. ਐਸ. ਤੋਂ ਇਖਤਿਆਰਾਤ ਇਕ ਕਾਲੀ ਚਮੜੀ ਵਾਲੇ ਆਈ. ਏ. ਐਸ. ਕੋਲ ਆ ਜਾਣ ਦੇ ਬਰਾਬਰ ਹੋਵੇਗਾ। ਤਾਂ ਕੀ ਫੇਰ ਇਹ ਕੋਈ ਨਵੀਂ ਗਲ ਕਰਨੀ ਹੋਵੇਗੀ ? ਮੈਂ ਇਸ Amendment ਦੇ Ratify ਕਰਨ ਲਈ ਆਪਣੀ ਪਾਰਟੀ ਵੱਲੋਂ ਇਹ ਗਲ ਕੀਤੇ ਜਾਣ ਦੇ ਪ੍ਰਸਤਾਵ ਦੀ ਫੁਲ ਸਪੋਰਟ ਕਰਦਾ ਹੋਇਆ ਇਹ ਕਹਾਂਗਾ ਕਿ ਸਰਕਾਰ ਵਰਤਮਾਨ ਆਈ. ਏ. ਐਸ. ਤੇ ਆਈ. ਪੀ. ਐਸ. ਕਾਡਰ ਨੂੰ ਆਈ. ਸੀ. ਐਸ. ਪਿਛੋਕੜ ਦੇ ਹਾਨੀਕਾਰਕ ਅਸਰਾਂ ਤੋਂ ਬਚਾਕੇ ਰਖੇ।

(ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ, ਐਸ. ਸੀ) : ਸ੍ਰੀਮਾਨ ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਭਾਵੇਂ ਹਿੰਦੁਸਤਾਨ ਵਿਚ ਉਨ੍ਹਾਂ ਹੀ ਪੁਰਾਣੀਆਂ ਰਵਾਇਤਾਂ ਤੇ ਕੰਮ ਹੋ ਰਿਹਾ ਹੈ ਜਿਹੜੀਆਂ ਕਿ ਅੰਗਰੇਜ਼ ਸ਼ਾਹੀ ਨੇ ਕਾਇਮ ਕੀਤੀਆਂ ਸਨ ਪਰ ਇਹ ਇਕ ਬਹੁਤ ਹੀ ਖੁਸ਼ੀ ਦੀ ਗਲ ਹੈ ਕਿ ਅਜ ਉਨ੍ਹਾਂ ਦੀਆਂ ਪਾਵਰਜ਼ ਖੋਹ ਕੇ ਉਨ੍ਹਾਂ ਤੇ ਕਰਾਰੀ ਸਟ ਮਾਰੀ ਹੈ। ਪੁਰਾਣੇ ਜ਼ਮਾਨੇ ਵਿਚ ਜਿਹੜੇ ਆਈ. ਸੀ. ਐਸ. ਅਫਸਰ ਹੁੰਦੇ ਸਨ ਉਹ ਸਟੇਟ ਦਾ ਨੱਕ, ਕੰਨ, ਅੱਖ, ਮੂੰਹ ਅਤੇ ਸਭ ਕੁਝ ਹੀ ਸਮਝੇ ਜਾਂਦੇ ਸਨ। ਪਰ ਅਜ ਸਮੇਂ ਦੀ ਮੰਗ ਇਹ ਹੈ ਕਿ ਇਹ ਤਾਕਤਾਂ ਇਕ ਥਾਂ ਇਕਠੀਆਂ ਨਹੀਂ ਹੋਣੀਆਂ ਚਾਹੀਦੀਆਂ, ਇਨ੍ਹਾਂ ਸ਼ਕਤੀਆਂ ਨੂੰ ਵਖੇਰਨਾ ਚਾਹੀਦਾ ਹੈ। ਇਹ ਮਤਾ ਬੜਾ ਅੱਛਾ ਹੈ ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ।

ਬਾਕੀ ਜਿਹੜੀ ਗਲ ਸੀ. ਪੀ. ਆਈ. ਦੇ ਭਰਾਵਾਂ ਨੇ ਕਹੀ ਹੈ ਕਿ ਅਸੀਂ ਕਾਂਗਰਸ ਦੇ ਕਰੀਬ ਆ ਗਏ ਹਾਂ ਇਹ ਤਾਂ ਇਕ ਬਹੁਤ ਪੁਰਾਣੀ ਗਲ ਹੈ। ਅਸਲ ਗਲ ਤਾਂ ਇਹ ਹੈ ਕਿ ਡੀਫੈਕਟ ਕਾਂਗਰਸੀ ਜਿਹੜਾ ਨਵਾਂ ਰੂਪ ਧਾਰ ਕੇ ਕਾਂਗਰਸ ਦੇ ਵਿਚ ਦਾਖਲ ਹੋਏ ਹਨ, ਉਹ ਇਸ ਤਰ੍ਹਾਂ ਦੇ ਭੁਲੇਖੇ ਪਾਉਂਦੇ ਹਨ।

ਜਨਤਾ ਦੀ ਇਹੋ ਡੀਮਾਂਡ ਹੈ ਕਿ ਆਈ. ਸੀ. ਐਸ. ਸ਼ਕਤੀਆਂ ਨੂੰ ਖਤਮ ਕਰਨਾ ਚਾਹੀਦਾ ਹੈ। ਇਸ ਮਤੇ ਦਾ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਪੂਰਾ ਪੂਰਾ ਸਮਰਥਨ ਕਰਦਾ ਹਾਂ ਅਤੇ ਆਪਣੀ ਸਪੀਚ ਖਤਮ ਕਰਦਾ ਹਾਂ।

Mr. Deputy Speaker : Question is—

> That this House ratifies the amendments to the Constitution of India falling within the purview of the proviso to clause (2) of Article 368 thereof proposed to be made by the Constitution (Twenty eighth Amendment) Bill, 1972, as passed by the two Houses of Parliament.

The motion was carried

SUPPLEMENTARY ESTIMATES (SECOND INSTALMENT) 1972-73

Mr. Deputy Speaker: The fi st items is discussion on the estimates of the expenditure charged on the revenues of the State. If any Member wants to discuss any charged item, he may please do so.

(No Member rose to speak)

Mr. Deputy Speaker : There are three Demands for Supplementary Grants which are to be discussed and voted upon today. If the hon. Members agree, all the Demands may be deemed to have been read and moved as per past practice. I would request that while raising discussion, the Demand number on which the discussion is sought to be raised, may please be indicated by the Member concerned.

DEMAND NO. 35

> That a supplementary sum not exceeding Rs. 70,89,000 be granted to the Governor to defray the charges that will come in course of payment for the year ending 31st March, 1973, in respect of 60 Capital Outlay on Road and Water Transport Schemes.

[Mr. Speaker]

DEMAND NO. 41

That a supplementary sum not exceeding Rs. 10,00,000 be granted to the Governor to defray the charges that will come in course of payment for the year ending 31st March, 1973, in respect of 71-Miscellaneous.

DEMAND NO. 53

That a supplementary sum not exceeding Rs. 1,70,000 be granted to th Governor to defray the charges that will come in course of payment for the year ending 31st March, 1973, in respect of Q-Loans and Advances by the State Government.

आचार्य पृथ्वी सिंह आज़ाद (खन्ना, एस. सी.) : डिप्टी स्पीकर साहिब, सप्लीमैंटरी डिमांड्ज़ में सफा 4 पर एक डिमांड नं. 41 है। बेशक यह बहुत थोड़ी रक्म की मांग है मगर मुझे इस के बारे में कुछ निवेदन करना है। इस रक्म के दिये जाने पर मुझे इतराज़ नहीं मगर सवाल इसकी पद्धति का है जो कि ठीक नहीं। पंचायत राज्य चालू करते वक्त सरकार ने प्रजातंत्र को अपनाने की नीति को स्वीकार किया था। इनका ख्याल था कि हमने इसकी जड़ों को मज़बूत करना है क्योंकि जितना काम पंचायतें ग्रामों में लोगों की उन्नति का कर सकती हैं उतना काम और कोई संस्था नहीं कर सकती। यह बात पहले ही से ध्यान में रखी गई थी। मगर डिप्टी स्पीकर साहिब निहायत ही अफसोस से कहना पड़ता है कि पंचायतों के काम काज में सरकार काफी से ज्यादा मदाखलत कर रही है। पंचायतें अपना काम कर नहीं पाई हैं। ज्यादा विस्तार में न जाता हुआ इतना ही अर्ज़ करूँगा कि अगर आप इस खर्च की तफसील को पढ़ें तो पता चलेगा कि यह रक्म एक तो ग्राम पंचायत गुहरा, ज़िला लुधियाना की है और दूसरी टिब्बा नंगल के एक सरपंच को हटाने पर हरजाने की है जिसे अकाली पार्टी ने हटाया था। हालांकि सरपंच का कोई कसूर नहीं था।

लेकिन उनको इसलिए हटाया गया क्योंकि वह अकाली सरकार की हां में हां नहीं मिलाते थे। अकाली पार्टी की सियासत का समर्थन नहीं करते थे, अकाली ऐम.ऐल.ए. के इशारे पर नाचते नहीं थे। डिप्टी स्पीकर साहिब, और भी कई सरपंचों को अकाली सरकार ने हटाया था लेकिन वह हाई कोर्ट तक नहीं गए थे लेकिन यह चले गए और हाई कोर्ट ने जो फैसला इन सरपंचों के हक में दिया, वह अकाली पार्टी की सरकार के लिए एक सर्टीफीकेट है कि कैसे गांवों की पंचायतों के काम में वह सरकार मदाखलत करती रही। जो सरपंच सरकार के इशारे पर नहीं नाचते थे उनको किस प्रकार हटाया गया। डिप्टी स्पीकर साहिब, आपके द्वारा मैं आजकी सरकार का ध्यान इस ओर दिलाना चाहता हूँ कि जो रवैया अकाली सरकार ने अपनाया था वह इन को नहीं अपनाना चाहिए। आज जो पंचायतें तथा समितियां बनी हैं उनको ठीक ढंग से काम करने देना चाहिए। मैं समझता हूँ कि यदि आज की कांग्रेस सरकार पंचायतों और समितियों को ठीक तरह काम करने देगी तो यह डैमोक्रेसी को मज़बूत बनाने में अपना हिस्सा डालेगी।

अब डिप्टी स्पीकर साहिब, मैं डिमांड नं. 53 की तरफ आपके द्वारा सरकार का ध्यान दिलाना चाहता हूँ । खरड़ में एक टैक्सटाईल मिल लगी हुई है, जिसको लगाने का काम स्वर्गीय देश बन्धु गुप्ता जी ने किया था जोकि पुराने पंजाब के महावीरों में से एक थे । और कांग्रेस के बहुत बड़े नेता थे । पत्रकारों में भी वे एक अपना ही स्थान रखते थे । उन्हों ने खरड़ के इलाके की गरीबी को दूर करने के लिये, पानीपत वूलन मिलज़ आरम्भ की थी । जब तक मिल ठीक ढंग से काम करती रही, डरैक्टरों में लूट खसूट करने की आदत नहीं पड़ी थी, तब तक डिप्टी स्पीकर साहिब, मैं अपने अनुभव से कह सकता हूँ कि इस इलाके की खुशहाली में इस मिल का बड़ा हिस्सा था । इसमें तीन हज़ार मज़दूर काम करते थे और उन तीन हजार में से 2 हज़ार हरिजन मज़दूर थे । मैं कह सकता हूँ कि इस कारखाने का सबसे ज्यादा लाभ गरीब हरिजनों को हुआ । इस मिल को लाखों रुपये की आमदनी थी । इसके 2/3 हिस्सा बलैंकटस मिलिट्री को सप्लाई होते थे । इस आमदन से एक और मिल आरम्भ की गई, जिसमें पंजाब सरकार के भी हिस्से है, L.I.C. के भी हिस्से हैं। और गरीब लोगों के भी हिस्से हैं । यह दोनों मिलें खसारे का सौदा नहीं हैं । (विघ्न) आपको कुछ भी पता नहीं । तो डिप्टी स्पीकर साहिब, आपको यह याद होगा कि पिछले बजट सैशन में मेरे दोस्त साथी जोश जी ने एक सवाल पूछा था और उस पर एक सप्लीमैंटरी करके मैंने लेबर मनिस्टर से पूछा था कि क्या वह यह यकीन दिलायेंगे कि वह इस मिल को सिक मिल डिक्लेअर करके टेक ओवर करेंगे ? अब उस मिल को एक और सरमायादार ने ले लिया है, मुझे पता नहीं कि वह भी इसे चला सकेंगे या नहीं। लेकिन डिप्टी स्पीकर साहिब, मैं आपके द्वारा अपनी सरकार से कहूँगा कि खरड़ तथा पानीपत बूलन मिल्ज़ को सिक डिक्लेयर करके पंजाब सरकार अपने कबज़े में लेकर ठीक ढंग से चलाए । यह नुक्सान का सौदा नहीं है । नफ़े का सौदा है । और सरकार जो नैशनेलाईज़ेशन की पालिसी तह करना चाहती है, यह उसकी तरफ एक कदम होगा । लोगों की बेहतरी के लिये भी यह अच्छा होगा क्योंकि खरड़ एक ऐसा इलाका है जहां किसी भी सरकार ने कोई इन्डस्ट्री लगाने की तरफ ध्यान नहीं दिया है ।

फिर डिप्टी स्पीकर साहिब, मैं डिमांड नं: 35 के बारे में 2, 4 शब्द कहूँगा । इस डिमांड के ज़रिए सरकार ट्रांस्पोर्ट सर्विस के लिए रुपया लेना चाहती है । डिप्टी स्पीकर साहिब इस सरकार की नीति ट्रांसपोर्ट की नैशनेलाइजेशन की है। लेकिन पता नहीं क्यों पंजाब सरकार ने एक ऐसी नीति अपनायी हुई है कि जो पुराने रूट्स हैं वह उन लोगों को ही दिये जा रहे हैं जो पहले वहां ट्रांसपोर्ट चलाते रहे हैं। डिप्टी स्पीकर साहिब, सरकार पंजाब रोडवेज़ को भी पैप्सू ट्रांसपोर्ट कारपोरेशन की तरह एक कारपोरेशन में बदलना चाहती है । मैं सरकार से कहूँगा कि यदि पैप्सू ट्रांसपोर्ट कारपोरेशन की जांच पड़ताल ऐसे आदमी से करवाए जो हिसाब किताब को समझता हो, ट्रांसपोर्ट को समझता हो, तो आपको पता चलेगा कि कारपोरेशन घाटे का सौदा है। (विघ्न) पंजाब रोडवेज़ के काम करने का जो ढंग है वह ठीक है । इसमें काम करने वाले इम्प्लाईज़ को सब फैसिलटीज़ मिलती हैं, और अगर कोई फैसिलटी नहीं मिलती तो वह यूनियनिइज़म के ज़रीए ले लेते हैं। और सरकार वह फैसिलिटीज़ देने पर बाधित हो जाती है । इस महकमे को कारपोरेशन में बदलने का काम मेरे विचार में अपनी ज़िम्मेदारी

[आचार्य पृथ्वी सिंह आज़ाद]

दूसरे पर डालने का एक तरीका है। इस लिए मैं आपके द्वारा सरकार से कहूँगा किबजाए रोडवेज़ को कारपोरेशन में बदलने के सरकार को जल्दी से जल्दी नैशनेलाईज़ेशन की तरफ कदम उठाना चाहिए। और अगर अभी नैशनेलाईज़ेशन नहीं कर सकती तो ट्रीपरटाईट के सिद्धांत पर इस बिजनस को चलाए। जिसमें कर्मचारियों का हिस्सा हो, सरकार का हिस्सा हो और जो इस समय ट्रांसपोर्ट का बिज़नस करते हैं, उनका शेयर हो। मुझे सरकार की 60: 40 की नीति की समझ नहीं आती। यह केवल कहने को ही है। वरना इस समय भी इस सदन में ऐसे मैंबर बैठे हैं जोकि इस बिज़नस को कंट्रोल करते हैं। जब अकालियों की सरकार थी तो भी यह उसे अपने इशारों पर नचाते थे और अब जब कांग्रेस की सरकार आ गई है तो इसे अपने इशारों पर नचा रहे हैं।

मुझे उम्मीद है कि पंजाब की कांग्रेस सरकार जिसके नेता ज्ञानी जैलसिंह जी हैं, समाजवाद की समर्थक है, और यह सरकार किसी की परवाह नहीं करती, यह पंजाब रोडवेज़ को nationalise करके, इस सिद्धांत को मज़बूत करेगी। (विघ्न) इसके साथ ही मैं Supplementary Grants का समर्थन करता हूँ।

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਮੈਂ ਡਿਮਾਂਡ ਨੰਬਰ 35 ਜੋ ਕਿ ਸਪਲੀਮੈਂਟਰੀ ਡਿਮਾਂਡਜ਼ ਵਿਚ ਮੇਨ ਡਿਮਾਂਡ ਹੈ, ਉਸ ਤੇ ਬੋਲਣਾ ਚਾਹੁੰਦਾ ਹਾਂ। ਇਸ ਡਿਮਾਂਡ ਰਾਹੀਂ 70,89,000 ਰੁਪਏ ਦੀ ਮੰਗ ਕੀਤੀ ਗਈ ਹੈ। ਇਸ ਡਿਮਾਂਡ ਰਾਹੀਂ ਕੁਝ ਟਰਾਂਸਪੋਰਟ ਦੀ ਇਮਪਰੂਵਮੈਂਟ ਕਰਨੀ ਹੈ ਅਤੇ ਕੁਝ ਬਸਾਂ ਹੋਰ ਚਾਲੂ ਕਰਨੀਆਂ ਹਨ ਅਤੇ ਕੁਝ ਤੇ ਬਾਡੀਜ਼ ਲਾਉਣੀਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਟੇਟ ਟਰਾਂਸਪੋਰਟ ਦੀ ਹਾਲਤ ਸੂਬੇ ਦੇ ਅੰਦਰ ਬਹੁਤ ਭੈੜੀ ਹੈ। ਐਮ. ਐਲ. ਏਜ਼. ਨੂੰ ਫੈਸਿਲੀਟੀਜ਼ ਮਿਲੀਆਂ ਹਨ ਬਸਾਂ ਵਿਚ ਟਰੈਵਲ ਕਰਨ ਦੀਆਂ ਅਤੇ ਬਹੁਤ ਸਾਰੇ ਐਮ. ਐਲ. ਏਜ਼. ਬਸਾਂ ਵਿਚ ਟਰੈਵਲ ਵੀ ਕਰਦੇ ਹਨ ਅਤੇ ਇਹ ਸਭ ਜਾਣਦੇ ਹਨ ਕਿ ਅੱਵਲ ਤਾਂ ਬਸਾਂ ਟਾਈਮ ਸਿਰ ਨਹੀਂ ਜਾਂਦੀਆਂ, ਜੇ ਜਾਂਦੀਆਂ ਹਨ ਤਾਂ ਇਹ ਰਾਹ ਵਿਚ ਹੀ ਖੜ੍ਹ ਜਾਂਦੀਆਂ ਹਨ ਕਿਉਂਕਿ ਰਸਤੇ ਵਿਚ ਹੀ ਕੋਈ ਨਾ ਕੋਈ ਇਨ੍ਹਾਂ ਵਿਚ ਨੁਕਸ ਪੈ ਜਾਂਦਾ ਹੈ (ਵਿਘਨ) ਕੋਈ ਨਾ ਕੋਈ ਮਕੈਨੀਕਲ ਨੁਕਸ ਹੋਣ ਕਰਕੇ ਇਹ ਬਸਾਂ ਰਾਹ ਵਿਚ ਹੀ ਰੁਕ ਜਾਂਦੀਆਂ ਹਨ। ਜੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਪੁਛਿਆ ਜਾਂਦਾ ਹੈ ਤਾਂ ਇਹ ਜਵਾਬ ਦਿੰਦੇ ਹਨ ਕਿ ਇਨ੍ਹਾਂ ਦਾ ਕੋਈ ਕਸੂਰ ਨਹੀਂ ਹੈ ਅਤੇ ਬਸਾਂ ਤਾਂ ਵਰਕਸ਼ਾਪ ਵਿੱਚੋਂ ਹੀ ਠੀਕ ਤਰ੍ਹਾਂ ਨਾਲ ਚੈਕ ਕਰਕੇ ਨਹੀਂ ਭੇਜਦੇ ਹਨ। ਇਸ ਲਈ ਇਹ ਕਸੂਰ ਕੰਡਕਟਰਾਂ ਜਾਂ ਡਰਾਇਵਰਾਂ ਦਾ ਨਹੀਂ ਹੈ ਬਲਕਿ ਵਰਕਸ਼ਾਪ ਵਿਚ ਕੰਮ ਕਰਨ ਵਾਲਿਆਂ ਦਾ ਹੈ। ਇਸ ਲਈ ਇਸ ਚੀਜ਼ ਨੂੰ ਚੈਕ ਕਰਨਾ ਚਾਹੀਦਾ ਹੈ ਅਤੇ ਵਰਕਸ਼ਾਪ ਵਿਚ ਬਸ ਚਲਣ ਤੋਂ ਪਹਿਲਾਂ ਇਸ ਦੀ ਚੰਗੀ ਤਰ੍ਹਾਂ ਨਾਲ ਚੈਕਿੰਗ ਹੋਣੀ ਚਾਹੀਦੀ ਹੈ। (ਵਿਘਨ)

ਸਟੇਟ ਰੋਡਵੇਜ਼, ਪੰਜਾਬ ਰੋਡਵੇਜ਼ ਜਾਂ ਪੈਪਸੂ ਰੋਡਵੇਜ਼ ਦੀਆਂ ਬੱਸਾਂ ਜਦੋਂ ਚਲਦੀਆਂ ਹਨ ਤਾਂ ਰਸਤੇ ਵਿਚ ਜਾਂ ਬਾਜ਼ਾਰਾਂ ਵਿਚੋਂ ਦੀ ਜਦੋਂ ਲੰਘਦੀਆਂ ਹਨ ਤਾਂ ਬਾਜ਼ਾਰ ਵਿਚ ਧੂਆਂ ਧਾਰ ਹੋ ਜਾਂਦਾ ਹੈ। ਇਸ ਨਾਲ ਏਅਰ ਪਾਲਿਊਸ਼ਨ ਦਾ ਸਵਾਲ ਪੈਦਾ ਹੋ ਜਾਂਦਾ ਹੈ। ਏਅਰ ਪਾਲਿਊਸ਼ਨ ਤੇ ਬੜੀਆਂ ਤਾਕਤਾਂ ਇਸ ਵੇਲੇ ਵਿਚਾਰ ਕਰ ਰਹੀਆਂ ਹਨ। ਸਾਨੂੰ ਵੀ ਚਾਹੀਦਾ ਹੈ ਕਿ ਇਸ ਸਮੱਸਿਆ ਉਤੇ ਵਿਚਾਰ ਕਰੀਏ। ਇਹ ਜਿਹੜਾ ਬਸਾਂ ਚਲਣ ਨਾਲ ਸ਼ਹਿਰਾਂ ਵਿਚ ਜਾਂ ਬਾਜ਼ਾਰਾਂ ਵਿਚ ਧੂਆਂ ਧਾਰ ਹੋ ਜਾਂਦਾ

ਹੈ, ਇਹ ਚੰਗਾ ਕੰਮ ਨਹੀਂ ਹੈ । ਇਸ ਵਲ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਰੋਕਣਾ ਚਾਹੀਦਾ ਹੈ।

ਮੈਂ ਅਰਜ਼ ਕਰਦਾ ਹਾਂ ਕਿ ਮਹਿਜ਼ ਬਸਾਂ ਦੀ ਗਿਣਤੀ ਵਧਾ ਦੇਣ ਨਾਲ ਇਹ ਮਸਲਾ ਹਲ ਨਹੀਂ ਹੋ ਜਾਣਾ। ਬਲਕਿ ਰੋਡਵੇਜ਼ ਦੀ ਮੈਨੇਜਮੈਂਟ ਨੂੰ ਸੁਧਾਰਨ ਨਾਲ ਹੀ ਕੁਝ ਠੀਕ ਹੋ ਸਕਦਾ ਹੈ । ਇਸ ਵਿਚ ਸਰਕਾਰ ਵਲੋਂ ਕਿਹਾ ਗਿਆ ਹੈ ਕਿ ਪੰਜਾਬ ਰੋਡਵੇਜ਼ ਨੂੰ ਕਾਰਪੋਰੇਸ਼ਨ ਵਿਚ ਬਦਲ ਦੇਣਾ ਹੈ। ਪਿਛਲੇ ਸੈਸ਼ਨ ਵਿਚ ਵੀ ਇਸ ਤਰ੍ਹਾਂ ਦੀ ਗਲ ਚਲ ਰਹੀ ਸੀ ਅਤੇ ਉਸ ਵੇਲੇ ਵੀ ਸਰਕਾਰ ਵਲੋਂ ਕਿਹਾ ਗਿਆ ਸੀ ਕਿ ਇਸ ਮਸਲੇ ਤੇ ਸੋਚ ਵਿਚਾਰ ਹੋ ਰਹੀ ਹੈ। ਪਰ ਇਹ ਪਤਾ ਨਹੀਂ ਕਿ ਹਾਲੇ ਤਕ ਸੋਚ ਵਿਚਾਰ ਹੋਈ ਹੈ ਜਾਂ ਕਿ ਨਹੀਂ ਹੁਣ ਸਪਲੀਮੈਂਟਰੀ ਡਿਮਾਂਡਜ਼ ਵਿਚ ਫੇਰ ਇਹ ਸਵਾਲ ਆ ਗਿਆ ਹੈ ਕਿ ਇਸ ਉਤੇ ਸਰਕਾਰ ਸੋਚ ਵਿਚਾਰ ਕਰ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਆਖਰਕਾਰ ਇਸ ਦਾ ਫੈਸਲਾ ਕਦੋਂ ਤਕ ਕਰਨਾ ਹੈ ਅਤੇ ਇਸ ਮਸਲੇ ਨੂੰ ਲਟਕਾਈ ਨਹੀਂ ਜਾਣਾ ਚਾਹੀਦਾ ਹੈ। ਕਈ ਬੰਦੇ ਅਜਿਹੇ ਹਨ ਜੋ ਚਾਹੁੰਦੇ ਹਨ ਕਿ ਇਹ ਰੋਡਵੇਜ਼ ਦੀ ਕਾਰਪੋਰੇਸ਼ਨ ਬਣ ਜਾਵੇ ਅਤੇ ਕਈ ਬੰਦੇ ਅਜਿਹੇ ਹਨ ਜੋ ਚਾਹੁੰਦੇ ਹਨ ਕਿ ਇਹ ਕਾਰਪੋਰੇਸ਼ਨ ਨਾ ਬਣੇ। ਜਿਹੜੇ ਬੰਦੇ ਚਾਹੁੰਦੇ ਹਨ ਕਿ ਕਾਰਪੋਰੇਸ਼ਨ ਬਣ ਜਾਵੇ ਉਨ੍ਹਾਂ ਦਾ ਵਿਚਾਰ ਤਾਂ ਇਹ ਹੈ ਕਿ ਉਨ੍ਹਾਂ ਦੇ ਬੰਦੇ ਇਸ ਕਾਰਪੋਰੇਸ਼ਨ ਵਿਚ ਐਡਜਸਟ ਹੋ ਜਾਣਗੇ। ਕਈ ਬੰਦੇ ਇਲੈਕਸ਼ਨ ਹਾਰ ਗਏ ਹਨ ਅਤੇ ਉਨ੍ਹਾਂ ਦਾ ਵਿਚਾਰ ਹੈ ਕਿ ਕਾਰਪੋਰੇਸ਼ਨ ਬਣਨ ਤੇ ਉਹ ਇਥੇ ਐਡਜਸਟ ਹੋ ਸਕਣਗੇ। ਇਸ ਲਈ ਮੇਰੀ ਅਰਜ਼ ਇਹ ਹੈ ਕਿ ਇਸ ਗਲ ਦਾ ਫੈਸਲਾ ਛੇਤੀ ਹੋਣਾ ਚਾਹੀਦਾ ਹੈ ਕਿ ਕਾਰਪੋਰੇਸ਼ਨ ਬਣਨੀ ਹੈ ਜਾਂ ਕਿ ਨਹੀਂ ਤਾਂ ਕਿ ਲੋਕਾਂ ਨੂੰ ਇਹ ਤੌਖਲਾ ਨਾ ਰਹੇ ।

ਇਹ ਜੋ ਰੁਪਿਆ ਇਸ ਮੰਗ ਵਿਚ ਮੰਗਿਆ ਗਿਆ ਹੈ, ਇਹ ਵੀ ਜਾਇਜ਼ ਨਹੀਂ ਹੈ। ਇਹ ਕੋਈ ਅਜਿਹਾ ਖਰਚ ਨਹੀਂ ਹੈ ਜਿਹੜਾ ਕਿ ਪਹਿਲਾਂ ਬਜਟ ਸਮੇਂ ਨਹੀਂ ਮੰਗਿਆ ਜਾ ਸਕਦਾ ਸੀ। ਜਦੋਂ ਪਿਛਲੇ ਸਸ਼ਨ ਵਿਚ ਮੰਗਾਂ ਆਈਆਂ ਸਨ ਉਦੋਂ ਵੀ ਇਹ ਰੁਪਿਆ ਮੰਗਿਆ ਜਾ ਸਕਦਾ ਸੀ ਲੇਕਿਨ ਉਦੋਂ ਇਸ ਤਰ੍ਹਾਂ ਨਾ ਕਰਨ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਸਰਕਾਰ ਦੂਰ-ਦਰਸ਼ੀ ਨਹੀਂ ਹੈ। ਇਸ ਸਰਕਾਰ ਨੂੰ ਇਹ ਪਤਾ ਨਹੀਂ ਕਿ ਆਉਂਦਿਆਂ ਚਾਰ ਮਹੀਨਿਆਂ ਵਿਚ ਹੋਰ ਕਿੰਨੇ ਪੈਸੇ ਦੀ ਲੋੜ ਪੈ ਸਕਦੀ ਹੈ। ਇਹ ਜੋ ਪੈਸੇ ਮੰਗੇ ਗਏ ਹਨ ਇਨ੍ਹਾਂ ਦਾ ਠੀਕ ਤਰ੍ਹਾਂ ਖਰਚ ਕਰਨਾ ਚਾਹੀਦਾ ਹੈ। ਜਿਹੜੀਆਂ ਬਸਾਂ ਕੰਡੈਮ ਹੋਣ ਵਾਲੀਆਂ ਹਨ ਉਨ੍ਹਾਂ ਨੂੰ ਜ਼ਰੂਰ ਡਿਸ਼ਕਾਰਡ ਕਰ ਦੇਣਾ ਚਾਹੀਦਾ ਹੈ।

ਇੱਕ ਪਾਸੇ ਇਹ ਨੈਸ਼ਨਾਲਾਈਜ਼ੇਸ਼ਨ 60 ਪ੍ਰਤੀਸ਼ਤ ਦੀ ਗਲ ਕਰਦੇ ਹਨ। ਪਰ ਮੈਂ ਇਹ ਅਰਜ਼ ਕਰਦਾ ਹਾਂ ਕਿ ਨੈਸ਼ਨੇਲਾਈਜ਼ੇਸ਼ਨ ਉਸ ਵੇਲੇ ਹੁੰਦੀ ਹੈ ਜਦ ਕਿ ਕੋਈ ਚੀਜ਼ ਨਾਸ ਵਿਚ ਜਾਂਦੀ ਹੋਵੇ। ਦੋਨਾਂ ਸੰਸਥਾਵਾਂ; ਪਰਾਈਵੇਟ ਅਤੇ ਸਰਕਾਰੀ ਬਸਾਂ ਨੂੰ ਸਾਹਮਣੇ ਰਖ ਲਵੋ ਅਤੇ ਤੁਹਾਨੂੰ ਪਤਾ ਲਗ ਜਾਵੇਗਾ ਕਿ ਸਟੇਟ ਟਰਾਂਸਪੋਰਟ ਪਰਾਈਵੇਟ ਟਰਾਂਸਪੋਰਟ ਦਾ ਮੁਕਾਬਲਾ ਨਹੀਂ ਕਰ ਸਕਦੀ ਹੈ। ਪਰਾਈਵੇਟ ਟਰਾਂਸਪੋਰਟ ਵਾਲੇ ਸਟੇਟ ਟਰਾਂਸਪੋਰਟ ਵਾਲਿਆਂ ਤੋਂ ਜ਼ਿਆਦਾ ਕਮਾਉਂਦੇ ਹਨ ਅਤੇ ਇਨ੍ਹਾਂ ਦੀ ਸਰਵਿਸ ਵੀ ਸਟੇਟ ਟਰਾਂਸਪੋਰਟ ਵਾਲਿਆਂ ਤੋਂ ਜ਼ਿਆਦਾ ਅੱਛੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਨੈਸ਼ਨਾਲਾਈ-ਜ਼ੇਸ਼ਨ ਕੋਈ ਮਾੜੀ ਗਲ ਨਹੀਂ ਹੈ। ਲੇਕਿਨ ਇਹ ਹੋਣ ਨਾਲ ਜਿਹੜੀ ਮਸ਼ੀਨਰੀ ਇਸ ਨੂੰ ਰਨ ਕਰਦੀ ਹੈ ਉਹ ਗਿਅਰਅੱਪ ਹੋਣੀ ਚਾਹੀਦੀ ਹੈ। ਨੈਸ਼ਨਾਲਾਈਜ਼ੇਸ਼ਨ ਬੇਸ਼ਕ ਕਰੋ ਲੇਕਿਨ ਮਸ਼ੀਨਰੀ ਨੂੰ ਮੁਨਾਸਿਬ ਢੰਗ ਨਾਲ ਗਿਅਰਅੱਪ ਕਰੋ। ਜੇ ਨੈਸ਼ਨਾਲਾਈਜ਼ੇਸ਼ਨ ਕਰਕੇ ਸੂਬੇ ਵਿਚ ਰਹਿਣ ਵਾਲਿਆਂ ਨੂੰ ਚੰਗੀ ਟਰਾਂਸਪੋਰਟ ਮੁਹਈਆਂ ਨਹੀਂ ਕਰਨੀ ਤਾਂ ਮੈਂ ਇਸ ਗਲ ਦੀ ਵਿਰੋਧਤਾ ਕਰਦਾ ਹਾਂ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਆਨ ਏ ਪੁਆਇੰਟ ਆਫ ਆਰਡਰ, ਸਰ। (ਵਿਘਨ) ਕਿਸਾਨ ਯੂਨੀਅਨ ਵਲੋਂ ਭੁਖ ਹੜਤਾਲ ਰਖੀ ਹੋਈ ਹੈ। (ਵਿਘਨ) ਇਸ ਵਲ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ ਹੈ। ਗਿਆਰਾਂ ਬਾਰਾਂ ਦਿਨ ਹੋ ਗਏ ਹਨ। ਸਰਕਾਰ ਨੂੰ ਉਨ੍ਹਾਂ ਬਾਰੇ ਜ਼ਰੂਰ ਕੁਛ ਕਰਨਾ ਚਾਹੀਦਾ ਹੈ। (ਵਿਘਨ) ਬਿਜਲੀ ਮਿਲਦੀ ਨਹੀਂ ਹੈ ਇਸ ਵਲ ਮੁਨਾਸਿਬ ਧਿਆਨ ਕਰਨਾ ਚਾਹੀਦਾ ਹੈ। (ਵਿਘਨ)

ਸ੍ਰੀ ਡਿਪਟੀ ਸਪੀਕਰ : ਬੈਠੋ ਜੀ। (Please resume your seat.)

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ (ਗੜ੍ਹਸ਼ੰਕਰ) : ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰ: 48 ਜਿਸ ਵਿਚ ਆਖਿਆ ਗਿਆ ਹੈ ਕਿ ਸਰਕਾਰ ਨੂੰ ਦਸ ਲਖ ਰੁਪਿਆ ਹੋਰ ਚਾਹੀਦਾ ਹੈ। ਇਹ ਪੈਸੇ ਸਾਡੀ ਫੌਜ, ਹੋਮਗਾਰਡ ਅਤੇ ਬਾਰਡਰ ਸਿਕਿਉਰਿਟੀ ਫੋਰਸ ਦੇ ਜਵਾਨਾਂ ਦੀ ਬੇਹਤਰੀ ਲਈ ਜਾਂ ਉਨ੍ਹਾਂ ਦੇ ਟੱਬਰਾਂ ਦੀ ਸਹਾਇਤਾ ਲਈ ਇਹ ਜਿਹੜੇ ਪੈਸੇ ਦੇਣੇ ਹਨ ਇਸ ਗਲ ਦਾ ਕਿਸੇ ਨੂੰ ਸੰਕੋਚ ਨਹੀਂ ਹੋ ਸਕਦਾ। ਇਹ ਪੈਸੇ ਬੜੀ ਖੁਸ਼ੀ ਨਾਲ ਉਨ੍ਹਾਂ ਨੂੰ ਦਿੱਤੇ ਜਾਣ ਲੇਕਿਨ ਇਹ ਗੱਲ ਵੀ ਸਪਸ਼ਟ ਹੈ ਕਿ ਇਕੱਲੀ ਸਾਡੀ ਫੌਜ ਨੇ ਹੀ ਬਹਾਦਰੀ ਨਹੀਂ ਦਿਖਾਈ ਬਲਕਿ ਪੰਜਾਬ ਨੇ ਅਤੇ ਬਾਰਡਰ ਦੇ ਇਲਾਕੇ ਦੇ ਲੋਕਾਂ ਨੇ ਵੀ ਫੌਜ ਦਾ ਸਾਥ ਦਿਤਾ, ਇਨ੍ਹਾਂ ਨੇ ਬੜੀ ਭਾਰੀ ਬਹਾਦਰੀ ਦਿਖਾਈ ਪਰ ਇਨ੍ਹਾਂ ਦੀ ਹਾਲਤ ਇਹ ਹੈ ਕਿ ਜਿਹੜਾ ਰਿਲੀਫ ਉਜੜ ਪੁਜੜ ਕੇ ਆਏ ਲੋਕਾਂ ਨੂੰ ਮਿਲਦਾ ਹੈ ਉਹ ਅੱਜ ਬੰਦ ਕੀਤਾ ਜਾ ਰਿਹਾ ਹੈ। ਇਸ ਜ਼ੋਨ ਵਿਚ ਸਿਰਫ ਉਹੀ ਬੰਦਿਆਂ ਨੂੰ ਰਿਲੀਫ ਦਿੱਤੀ ਜਾਵੇਗੀ ਜਿਨ੍ਹਾਂ ਦੀ ਜ਼ਮੀਨ ਪਾਕਿਸਤਾਨ ਦੇ ਕਬਜ਼ੇ ਵਿਚ ਰਹਿ ਗਈ ਹੈ। ਜਿਹੜੇ ਬੇਜ਼ਮੀਨੇ ਅਤੇ ਖੇਤ ਮਜ਼ਦੂਰ ਹਨ ਉਨ੍ਹਾਂ ਲਈ ਸਰਕਾਰ ਦਾ ਜਵਾਬ ਇਹੀ ਹੈ ਕਿ ਉਨ੍ਹਾਂ ਨੂੰ ਦੇਣ ਲਈ ਸਾਡੇ ਕੋਲ ਕੁਝ ਨਹੀਂ ਹੈ। ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਵੀ ਉਹੀ ਲੋਕ ਹਨ ਜਿਹੜੇ ਕਿ ਮੌਤ ਤੇ ਮੂੰਹ ਵਿਚ ਰਹੇ ਹਨ। ਜੇ ਪੈਸੇ ਦੀ ਲੋੜ ਹੈ ਤਾਂ ਇਸ ਹਾਊਸ ਤੋਂ ਮੰਗ ਲੈਣ ਲੇਕਿਨ ਇਨ੍ਹਾਂ ਲੋਕਾਂ ਨੂੰ ਇਸ ਤਰ੍ਹਾਂ ਵਸਾਰਣਾ ਨਹੀਂ ਚਾਹੀਦਾ ਹੈ।

ਬਾਰਡਰ ਦੇ ਜ਼ਿਲ੍ਹੇ ਅੰਦਰਲੇ ਲੋਕਾਂ ਤੋਂ ਮਾਲੀਆ ਉਗਰਾਹਿਆ ਜਾ ਰਿਹਾ ਹੈ। ਇਸ ਨਾਲ ਉਨ੍ਹਾਂ ਲੋਕਾਂ ਅੰਦਰ ਬੜਾ ਭਾਰੀ ਰੋਸ਼ ਪਾਇਆ ਜਾਂਦਾ ਹੈ। ਇਨ੍ਹਾਂ ਲੋਕਾਂ ਨੇ ਲੜਾਈ ਵੇਲੇ ਫੌਜ ਦੀ ਬੜੀ ਭਾਰੀ ਸਹਾਇਤਾ ਕੀਤੀ ਸੀ ਅਤੇ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਦਾ ਯਤਨ ਕੀਤਾ ਸੀ। ਇਸ ਵਲ ਵੀ ਵਿਚਾਰ ਕਰਨਾ ਚਾਹੀਦਾ ਹੈ। (ਵਿਘਨ)

ਡਿਮਾਂਡ ਨੰ: 53 ਵਿਚ ਸਰਕਾਰ ਨੇ 1,70,000 ਰੁਪਏ ਖਰੜ ਦੇ ਮਜ਼ਦੂਰਾਂ ਨੂੰ ਕਰਜ਼ਾ ਦੇਣ ਲਈ ਮੰਗੇ ਹਨ। (ਵਿਘਨ) ਖਰੜ ਦੇ ਮਿਲ ਮਾਲਕਾਂ ਨੇ ਮਜ਼ਦੂਰਾਂ ਵਲ ਨਿਹਾਇਤ ਹੀ ਕੋੜਾ ਵਤੀਰਾ ਅਪਣਾਇਆ ਹੋਇਆ ਹੈ। ਮਜ਼ਦੂਰਾਂ ਨੂੰ ਤਿੰਨ-ਤਿੰਨ ਚਾਰ-ਚਾਰ ਮਹੀਨੇ ਦੀ ਤਨਖਾਹ ਨਹੀਂ ਸੀ ਦਿੱਤੀ ਗਈ ਉਹ ਭੁਖੇ ਮਰਦੇ ਸਨ। ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਦਾ ਇਹ ਕਦਮ ਸ਼ਲਾਘਾਯੋਗ ਹੈ (ਵਿਘਨ) ਪਰ ਮੈਂ ਇਹ ਅਰਜ਼ ਕਰਦਾ ਹਾਂ ਕਿ ਇਸ ਗਲ ਨੂੰ ਜੁਰਮ ਬਣਾਇਆ ਜਾਵੇ ਕਿ ਇਕ ਆਦਮੀ ਤੋਂ ਕੰਮ ਲੈਣਾ ਉਸ ਤੋਂ ਕੰਮ ਕਰਾਉਣਾ ਮੁਨਾਫਾ ਖੋਰੀ ਦਾ ਅਤੇ ਬਾਅਦ ਵਿਚ ਉਹਦੀ ਤਨਖਾਹ ਮਾਰ ਲੈਣੀ ਇਸ ਪ੍ਰਤੀ ਇਹ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਅਜਿਹੇ ਮਜ਼ਦੂਰਾਂ ਦਾ ਤਨਖਾਹ ਦਾ ਹੱਕ ਨਹੀਂ ਮਾਰਿਆ ਜਾਣਾ ਚਾਹੀਦਾ ਹੈ।

ਅੰਮ੍ਰਿਤਸਰ ਵਿਖੇ ਹਿੰਦੁਸਤਾਨ ਐਂਬਰਾਇਡਰੀ ਮਿਲ ਹੈ ਜੋ ਕਿ ਤਿੰਨ ਸਾਲ ਤੋਂ ਬੰਦ ਪਈ ਹੈ। ਉਥੇ ਮਹੀਨੇ ਬੱਧੀ ਮਜ਼ਦੂਰਾਂ ਨੂੰ ਤਨਖਾਹ ਨਹੀਂ ਮਿਲਦੀ ਹੈ। (ਵਿਘਨ)

ਫਿਰ ਸਰਕਾਰ ਦਖ਼ਲ ਦਿੰਦੀ ਹੈ ਪਰ ਉਸ ਦਾ ਕੋਈ ਉਪਾਅ ਨਹੀਂ ਕੀਤਾ ਜਾਂਦਾ। ਇੰਡਸਟਰੀ ਦੀ ਪ੍ਰਾਬਲਮ ਹੈ। ਇੰਡਸਟਰੀ ਦੇ ਵਿਚ ਇਸ ਵੇਲੇ ਬੜਾ ਭਾਰੀ ਸੰਕਟ ਹੈ। ਬਿਜਲੀ ਵੱਲੋਂ, ਕੋਲੇ ਵੱਲੋਂ, ਯਾਰਨ ਦੇ ਪੱਖੋਂ ਬੜਾ ਸੰਕਟ ਹੈ। ਨਤੀਜਾ ਇਹ ਹੈ ਕਿ ਕਿਉਂਕਿ ਇਹ ਨਵੀਂ ਪ੍ਰਾਬਲਮ ਹੈ, ਐਫ. ਐਮ. ਸਾਹਿਬ ਹੋਰ ਪੈਸਾ ਮੰਗਣਗੇ। (ਵਿਘਨ) ਧਾਰੀਵਾਲ ਵਿਚ ਜਿਹੜੀ ਮਿੱਲ ਹੈ, ਉਥੇ 3 ਹਜ਼ਾਰ ਵਰਕਰ ਬੇਕਾਰ ਹਨ। ਉਹ ਮਿੱਲ ਬੰਦ ਹੋ ਰਹੀ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਹਿੰਦੁਸਤਾਨ ਇੰਬਰਾਇਡਰੀ ਇੰਡਸਟਰੀ ਅਤੇ ਇਸੇ ਤਰ੍ਹਾਂ ਸ਼ੰਭੂ ਨਾਥ ਕੈਮੀਕਲ ਦੇ ਕਾਰਖਾਨੇ ਬੰਦ ਪਏ ਹਨ। ਉਥੇ ਜਿਹੜਾ ਮਜ਼ਦੂਰ ਹੈ ਉਨ੍ਹਾਂ ਦੀ ਬੜੀ ਭਾਰੀ ਸਮੱਸਿਆ ਹੈ। ਇਸ ਵੇਲੇ ਬਿਜਲੀ ਦੀ ਸਮੱਸਿਆ ਬਣੀ ਹੋਈ ਹੈ। ਇਸ ਵੇਲੇ ਅੰਮ੍ਰਿਤਸਰ ਵਿਚ 3 ਨਾਗੇ ਹਫਤੇ ਵਿਚ ਹਨ। ਸਰਕਾਰ ਕਹਿੰਦੀ ਹੈ ਕਿ 50 ਪ੍ਰਤੀਸ਼ਤ ਕਟ ਹੈ। ਸੋ ਬਾਕੀ ਜਿਹੜੀ ਤਿੰਨ ਚਾਰ ਦਿਨ ਬਿਜਲੀ ਚਲਦੀ ਹੈ ....

ਕਾਮਰੇਡ ਸੱਤ ਪਾਲ ਡਾਂਗ : ਉਥੇ ਦੋ ਦਿਨ ਬਿਜਲੀ ਮਿਲਦੀ ਹੈ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਡਾਂਗ ਸਾਹਿਬ, ਕਹਿੰਦੇ ਹਨ ਕਿ ਉਥੇ ਦੋ ਦਿਨ ਬਿਜਲੀ ਮਿਲਦੀ ਹੈ। ਉਹ ਵੀ ਜਿਹੜੀ ਮਿਲਦੀ ਹੈ ਉਹ ਦੋ ਘੰਟੇ ਦਿਨੇ ਅਤੇ ਚਾਰ ਘੰਟੇ ਰਾਤ ਨੂੰ ਮਿਲਦੀ ਹੈ। ਇਸ ਬਾਰੇ ਸ਼ਿਕਾਇਤ ਪਹਿਲਾਂ ਤੋਂ ਹੀ ਤੁਰੀ ਆਉਂਦੀ ਹੈ। ਇਹ ਸਰਕਾਰ ਕਹਿੰਦੀ ਹੈ ਕਿ ਇਹ ਕੀਤਾ ਜਾ ਰਿਹਾ ਹੈ, ਉਹ ਕੀਤਾ ਜਾ ਰਿਹਾ ਹੈ ਸਰਕਾਰ ਪੂਰੀ ਤਰ੍ਹਾਂ ਖਬਰਦਾਰ ਹੈ ਅਤੇ ਜੈਨਰੇਟਰਾਂ ਦੇ ਆਰਡਰ ਦਿਤੇ ਹਨ ਲੇਕਿਨ ਫਿਰ ਵੀ ਬਿਪਤਾ ਉਹੀ ਹੈ। ਕੀਤਾ ਕੁਝ ਨਹੀਂ ਜਾਂਦਾ। ਇਹ ਵੱਖਰੀ ਗੱਲ ਹੈ ਕਿ ਐਤਕੀਂ ਮੌਨਸੂਨ ਨੇ ਧੋਖਾ ਦਿਤਾ ਹੈ। (ਵਿਘਨ)

ਇਸ ਤੋਂ ਅਗਲਾ ਸਵਾਲ ਇਹ ਹੈ ਕਿ ਪੰਜਾਬ ਵਿਚ ਕਾਰਖਾਨਿਆਂ ਵਿਚ ਜਿਹੜੇ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਨੂੰ 100 ਰੁਪਏ ਤੋਂ 125 ਰੁਪਏ ਮਿਲਦੇ ਹਨ। ਜਦ ਕੇਂਦਰ ਸਰਕਾਰ ਆਪ ਕਹਿੰਦੀ ਹੈ ਕਿ ਇਕ ਰੁਪਏ ਦੀ ਕੀਮਤ 0.42 ਪੈਸੇ ਰਹਿ ਗਈ ਹੈ, ਤਾਂ ਇਸ ਹਿਸਾਬ ਨਾਲ ਉਸ ਆਦਮੀ ਨੂੰ 50 ਜਾਂ 60 ਰੁਪਏ ਮਿਲੇ। ਤਾਂ ਕੀ ਉਸ ਗਰੀਬ ਦਾ 50 ਜਾਂ 60 ਰੁਪਏ ਵਿਚ ਗੁਜ਼ਾਰਾ ਹੋ ਸਕਦਾ ਹੈ ? ਕੀ ਇਸ ਵਿਚ ਸਰਕਾਰ ਦੀ ਜ਼ਿਮੇਵਾਰੀ ਨਹੀਂ ਅਤੇ ਇਕ ਪਾਸੇ ਮੁਨਾਫੇਖੋਰੀ ਹੋ ਰਹੀ ਹੈ। ਉਨ੍ਹਾਂ ਸਰਮਾਏਦਾਰਾਂ ਪਾਸ ਕੋਠੀਆਂ ਹਨ, ਕਾਰਾਂ ਹਨ, ਪਰ ਦੂਜੇ ਪਾਸੇ ਗਰੀਬ ਮਜ਼ਦੂਰਾਂ ਨੂੰ 50 ਜਾਂ 60 ਰੁਪਏ ਤਨਖਾਹ ਦਿਤੀ ਜਾਂਦੀ ਹੈ। ਇਸ ਤਰ੍ਹਾਂ ਇੰਡਸਟਰੀਅਲ ਵਰਕਰਜ਼ ਵਿਚ ਬੜੀ ਭਾਰੀ ਬੇਚੈਨੀ ਹੈ। ਮੈਂ ਕਹਿੰਦਾ ਹਾਂ ਕਿ ਵਰਕਰਾਂ ਦੇ ਮਾਮਲੇ ਵਿਚ ਸਰਕਾਰ ਦੀ ਨੀਤੀ ਕੋਝੀ ਹੈ ਅਤੇ ਇਹ ਸਰਮਾਏਦਾਰਾਂ ਦੀ ਮਦਦ ਕਰਦੀ ਹੈ। (ਵਿਘਨ)

ਇਸ ਤੋਂ ਅਗੇ ਮੈਂ ਡਿਮਾਂਡ ਨੰ: 35 ਵਲ ਆਉਂਦਾ ਹਾਂ। ਇਸ ਮੰਗ ਰਾਹੀਂ 70 ਲੱਖ 89 ਹਜ਼ਾਰ ਰੁਪਿਆ ਮੰਗਿਆ ਜਾ ਰਿਹਾ ਹੈ ਟਰਾਂਸਪੋਰਟ ਦੇ ਲਈ। ਇਥੇ ਪਹਿਲੀ ਅਰਜ਼ ਇਹ ਹੈ ਕਿ ਅਜੇ ਤਕ ਬਜਟ ਪਾਸ ਹੋਏ ਨੂੰ 3 ਮਹੀਨੇ ਹੋਏ ਹਨ—ਤਿੰਨ ਮਹੀਨਿਆਂ ਵਿਚ ਐਡੀ ਵਡੀ ਰਕਮ ਬਲਕਿ ਕਰੋੜ ਦੇ ਨਜ਼ਦੀਕ ਹੀ ਹੈ, ਦਾ ਖਰਚ ਕਿਸੇ ਨੂੰ ਦਿਖਿਆ ਹੀ ਨਹੀਂ। ਦੂਜੇ ਪਾਸੇ ਜ਼ਿਕਰ ਇਹ ਹੈ ਕਿ ਕਾਰਪੋਰੇਸ਼ਨ ਬਣਨ ਦੀ ਸੰਭਾਵਨਾ ਸੀ। (ਵਿਘਨ) ਗਵਰਨਰ ਦੇ ਰਾਜ ਵਿਚ ਕੋਈ ਡੇਢ ਸਾਲ ਪਹਿਲਾਂ ਕਾਰਪੋਰੇਸ਼ਨ ਦੀ ਗੱਲ ਹੋਈ। ਮੈਂ ਕਹਿੰਦਾ ਹਾਂ ਕਿ ਕਾਰਪੋਰੇਸ਼ਨ ਦਾ ਪੰਜਾਬ ਵਿਚ ਬੜਾ ਵਿਰੋਧ ਹੈ। ਜੇ ਕਾਰਪੋਰੇਸ਼ਨ ਬਣੀ ਜਾਂ ਕੌਮੀ ਕੀਤੀ ਤਾਂ ਮਜ਼ਦੂਰ ਦੇ ਹਕ ਮਾਰੇ ਜਾਣਗੇ। ਇਸੇ ਤਰ੍ਹਾਂ ਸਰਕਾਰੀ ਮੁਲਾਜ਼ਮ ਜਿਹੜੇ ਹਨ ਉਹ ਨੀਮ ਸਰਕਾਰੀ ਅਦਾਰੇ (ਕਾਰਪੋਰੇਸ਼ਨ) ਦੇ ਅਧੀਨ ਚਲੇ ਜਾਣਗੇ। ਇਸ ਲਈ ਜੇ ਕਾਰਪੋਰੇਸ਼ਨ ਬਣਨੀ ਹੈ ਤਾਂ ਇਹ ਚੀਜ਼ ਹਾਊਸ ਵਿਚ ਆਉਣੀ ਚਾਹੀਦੀ ਹੈ ਅਤੇ ਉਸ ਦੇ ਉਤੇ ਡਿਸਕਸ਼ਨ ਹੋਵੇ। (ਵਿਘਨ)

[ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ]

ਇਸ ਤੋਂ ਅੱਗੇ 20 ਲੱਖ ਰੁਪਿਆ ਬੌਡੀਜ਼ ਬਣਾਉਣ ਲਈ ਅਤੇ 50 ਲੱਖ ਰੁਪਿਆ ਮੰਗਿਆ ਜਾ ਰਿਹਾ ਹੈ ਕਿ ਨਵੀਆਂ ਬੱਸਾਂ ਲਈ ਅਤੇ ਬਿਲਡਿੰਗਾਂ ਆਦਿ ਲਈ। ਮੈਂ ਅਰਜ਼ ਕਰਦਾ ਹਾਂ ਕਿ ਕਿਸ ਢੰਗ ਨਾਲ ਸਾਡੇ ਕੌਮੀਕਰਨ ਕਰ ਰਹੇ ਹਨ। ਹਰਿਆਣਾ ਸਾਡੇ ਨਾਲੋਂ ਤੀਜਾ ਹਿੱਸਾ ਹੈ (ਵਿਘਨ) ਚਲੋ 40 ਪ੍ਰਤੀਸ਼ਤ ਸਹੀ। ਹਰਿਆਣਾ ਦੀ ਹਾਲਤ ਇਹ ਹੈ ਕਿ ਉਹ 2 ਕਰੋੜ ਰੁਪਿਆ ਟਰਾਂਸਪੋਰਟ ਦੇ ਵਿਚੋਂ ਲੱਗਭਗ ਸਾਲ ਦਾ ਕਮਾਉਂਦਾ ਹੈ। ਪਰ ਸਾਡੇ 28 ਲੱਖ ਰੁਪਿਆ। ਬੱਸਾਂ ਸਾਡੀਆਂ ਉਨ੍ਹਾਂ ਨਾਲੋਂ ਡਿਉਢੀਆਂ ਹਨ। ਸੋ ਇਥੇ ਬਣ ਕੀ ਰਿਹਾ ਹੈ? ਗੱਡੀਆਂ ਦੀ ਹਾਲਤ ਬੜੀ ਮਾੜੀ ਹੈ। ਅੱਧੀਆਂ ਤੋਂ ਵੱਧ ਤਾਂ ਇਹੋ ਜਿਹੀਆਂ ਹਨ ਜਿਸ ਤਰ੍ਹਾਂ ਕਿ ਪੀਪੇ ਨੂੰ ਇੰਜਣ ਲਾ ਕੇ ਤੋਰ ਦਿੱਤਾ। ਉਹ ਸਾਜ਼ ਵਜਾਉਂਦੀਆਂ ਜਾਂਦੀਆਂ ਹਨ ਅਤੇ ਦੂਰੋਂ ਹੀ ਪਤਾ ਲਗ ਜਾਂਦਾ ਹੈ ਕਿ ਇਹ ਰੋਡਵੇਜ਼ ਦੀ ਬੱਸ ਹੈ। ਲੋਕੀਂ ਡਰਦੇ ਮਾਰੇ ਉਨ੍ਹਾਂ ਤੇ ਚੜ੍ਹਦੇ ਨਹੀਂ ਹਨ। ਸਾਨੂੰ ਵੀ ਇਸ ਗੱਲ ਤੇ ਸ਼ਰਮ ਆਉਂਦੀ ਹੈ ਕਿ ਲੋਕ ਇਸ ਬਾਰੇ ਕੀ ਕਹਿੰਦੇ ਹਨ। ਪਰ ਇਸ ਨੂੰ ਸੁਧਾਰਨਾ ਕਿਸ ਨੇ ਹੈ। (ਵਿਘਨ) ਜਲੰਧਰ ਤੋਂ ਜ਼ਿਮੇਵਾਰ ਲੋਕਾਂ ਨੇ ਦੂਸ਼ਨ ਲਗਾ ਕੇ ਸੀ.ਐਮ. ਸਾਹਿਬ ਪਾਸ ਭੇਜੇ ਹਨ। ਜਲੰਧਰ ਤੋਂ ਜਿਸ ਵੇਲੇ ਬੱਸਾਂ ਦੀਆਂ ਬਾਡੀਜ਼ ਬਣਦੀਆਂ ਹਨ ਤਾਂ ਟੈਂਡਰ ਕਾਲ ਨਹੀਂ ਕੀਤੇ ਜਾਂਦੇ। ਬੜੇ ਬੜੇ ਅਫਸਰ ਮਿਲੇ ਹੋਏ ਹਨ, ਕਮਿਸ਼ਨ ਬੱਧੇ ਹੋਏ ਹਨ। ਜਲੰਧਰ ਦੇ ਜ਼ਿਮੇਵਾਰ ਲੋਕਾਂ ਨੇ ਦੂਸ਼ਣ ਲਗਾ ਕੇ ਗਿਆਨੀ ਜੀ, ਸੀ. ਐਮ. ਸਾਹਿਬ, ਪਾਸ ਭੇਜਿਆ। ਇਸ ਦੇ ਦੂਜੇ ਪਾਸੇ ਇਹ ਹੈ ਕਿ ਕੁਰੱਪਸ਼ਨ ਹੇਠਾਂ ਤੋਂ ਲੈ ਕੇ ਉਪਰ ਤੱਕ ਹੈ। ਕੰਡਕਟਰ ਤੋਂ ਲੈ ਕੇ ਉਪਰ ਤੱਕ ਇਹੀ ਹਾਲ ਹੈ। ਉਹ ਆਪਣਾ ਹਿੱਸਾ ਲੈਂਦੇ ਹਨ ਅਤੇ ਇਸ ਤਰ੍ਹਾਂ ਉਹ ਮਨੇਜਰਾਂ ਨਾਲ ਮਿਲੇ ਹੋਏ ਹਨ। ਉਨ੍ਹਾਂ ਦੀਆਂ ਪੱਤੀਆਂ ਪਾਈਆਂ ਹੋਈਆਂ ਹਨ ਕਿ ਤੂੰ ਕਿੰਨਾ ਦੇਣਾ ਹੈ। ਬਦਲੀਆਂ ਵਿਚ ਵੀ ਇਸੇ ਤਰ੍ਹਾਂ ਹੁੰਦਾ ਹੈ। ਸੋ ਸੀ. ਐਮ. ਸਾਹਿਬ ਆਪ ਇਸ ਮਹਿਕਮੇ ਦੇ ਇੰਚਾਰਜ ਹਨ ਉਹ ਇਸ ਚੀਜ਼ ਨੂੰ ਦੇਖ ਲੈਣ। (ਵਿਘਨ) ਇਹ ਕਹਿੰਦੇ ਹਨ ਕਿ ਅਸੀਂ ਸਮਾਜਵਾਦ ਲਿਆਉਣਾ ਹੈ ਪਤਾ ਨਹੀਂ ਉਹ ਸਮਾਜਵਾਦ ਕਿਹੋ ਜਿਹਾ ਬਣਨਾ ਹੈ ? ਪਰ ਕੁਝ ਕਰੋਗੇ ਤਾਂ ਹੀ ਸਮਾਜਵਾਦ ਆਵੇਗਾ। ਦੋ ਚਾਰ ਜਿਹੜੇ ਕੁਰੱਪਸ਼ਨ ਕਰਦੇ ਹਨ ਉਨ੍ਹਾਂ ਨੂੰ ਫੜੋ ਅਤੇ ਕੁਰੱਪਸ਼ਨ ਬੰਦ ਕਰੋ। ਅਕਾਲੀ ਪਾਰਟੀ ਦੀ ਮਨਿਸਟਰੀ ਵੇਲੇ ਵੀ ਇਸੇ ਤਰ੍ਹਾਂ ਹੀ ਰਿਹਾ, ਗਵਰਨਰੀ ਰਾਜ ਵਿਚ ਵੀ ਇਸੇ ਤਰ੍ਹਾਂ ਅਤੇ ਹੁਣ ਕਾਂਗਰਸ ਆਈ ਹੈ ਪਰ ਕੀਤਾ ਕੁਝ ਨਹੀਂ। ਜੇ ਦੇਸ਼ ਦਾ ਕੁਝ ਭਲਾ ਕਰਨਾ ਚਾਹੁੰਦੇ ਹੋ ਤਾਂ ਇਸ ਬਾਰੇ ਕੁਝ ਕਰਨਾ ਚਾਹੀਦਾ ਹੈ।। ਕੁਰੱਪਸ਼ਨ ਦੇ ਇਸ ਗੰਦ ਨੂੰ ਜੇ ਹੱਥ ਨਾ ਪਾਇਆ ਤਾਂ ਫਿਰ ਜਨਤਾ ਉਠ ਖੜੀ ਹੋ ਜਾਵੇਗੀ। (ਵਿਘਨ)

ਇਸ ਤਰ੍ਹਾਂ ਰੋਡਵੇਜ਼ ਦਾ ਜੋ ਪ੍ਰਬੰਧ ਹੈ, ਉਸ ਬਾਰੇ ਮੈਂ ਦੱਸਦਾ ਹਾਂ ਕਿ ਲੋਕਾਂ ਦੇ ਲਈ ਪੂਰੀਆਂ ਸਹੂਲਤਾਂ ਵੀ ਨਹੀਂ। ਬਹੁਤ ਸਾਰੀਆਂ ਥਾਵਾਂ ਐਸੀਆਂ ਹਨ, ਜਿਥੇ ਕਿ ਜਨਤਾ ਬੱਸਾਂ ਤੇ ਚੜ੍ਹਨ ਆਉਂਦੀ ਹੈ ਉਨ੍ਹਾਂ ਦੇ ਖੜੇ ਹੋਣ ਜਾਂ ਬਹਿਣ ਲਈ ਉਥੇ ਕੋਈ ਜਗ੍ਹਾ ਨਹੀਂ ਹੈ, ਉਥੇ ਕੋਈ ਕਿਸੇ ਕਿਸਮ ਦੀ ਛੱਤ ਨਹੀਂ ਹੈ। ਬਾਰਸ਼ਾਂ ਵਿਚ ਬਹੁਤ ਬੁਰਾ ਹਾਲ ਹੁੰਦਾ ਹੈ। ਫਗਵਾੜੇ ਵਿਚ ਉਥੇ ਯੂਰੀਨਲ ਦਾ ਕੋਈ ਪ੍ਰਬੰਧ ਨਹੀਂ ਹੈ ਜੇ ਪੈਸਾ ਕਮਾਉਂਦੇ ਹੋ ਤਾਂ ਜਨਤਾ ਨੂੰ ਸਹੂਲਤਾਂ ਵੀ ਦੇਣੀਆਂ ਚਾਹੀਦੀਆਂ ਹਨ। ਇਸ ਕਰਕੇ ਮੈਂ ਅਰਜ਼ ਕਰਾਂਗਾ ਕਿ ਸਰਕਾਰ ਨੇ ਇਹ ਜਿਹੜੀ ਡੀਮਾਂਡ ਰੱਖੀ ਹੈ, ਉਸ ਡੀਮਾਂਡ ਨੂੰ ਮੁੱਖ ਰਖਦੇ ਹੋਏ ਇਹ ਜ਼ਰੂਰੀ ਹੈ ਕਿ ਟ੍ਰਾਂਸਪੋਰਟ ਦਾ ਪ੍ਰਬੰਧ ਠੀਕ ਕੀਤਾ ਜਾਵੇ, ਜਨਤਾ ਨੂੰ ਪੂਰੀਆਂ ਸਹੂਲਤਾਂ ਦਿੱਤੀਆਂ ਜਾਣ, ਇਸ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਇਹੋ ਕੁਝ ਮੈਂ ਇਨ੍ਹਾਂ ਡੀਮਾਂਡਜ਼ ਤੇ ਕਹਿਣਾ ਚਾਹੁੰਦਾ ਸੀ।

ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ): ਡਿਪਟੀ ਸਪੀਕਰ ਸਾਹਿਬ, ਇਹ ਜਿਹੜੀਆਂ ਸਪਲੀਮੈਂਟਰੀ ਡੀਮਾਂਡਜ਼ ਸਰਕਾਰ ਨੇ ਰੱਖੀਆਂ ਹਨ, ਇਸਦੇ ਬਾਰੇ ਵਿਚ ਇਹ ਕਹਿਣਾ ਕਿ ਸਰਕਾਰ ਨੂੰ ਅੱਗੇ ਇਸ ਦਾ ਪਤਾ ਨਹੀਂ ਸੀ ਬੱਜਟ ਬਾਰੇ, ਮੈਂ ਦੱਸਦਾ ਹਾਂ ਕਿ ਇਹ ਕੰਟਨਜੈਂਸੀ ਫੰਡ ਹੁੰਦਾ ਹੈ ਜਿਸ ਦੀ

ਮਾਲੀਅਤ 2 ਕਰੋੜ ਰੁਪਏ ਹੁੰਦੀ ਹੈ। ਸਰਕਾਰ ਕਿਸੇ ਵੇਲੇ ਵੀ ਐਮਰਜੈਂਸੀ ਦੇ ਵਿਚ ਉਸ ਫੰਡ ਦੇ ਵਿਚੋਂ ਰੁਪਿਆ ਕਢਾ ਕੇ ਖਰਚ ਕਰ ਸਕਦੀ ਹੈ। (ਇਕ ਆਵਾਜ਼ : ਹੁਣ ਐਮਰਜੈਂਸੀ ਨਹੀਂ ਹੈ) ਇਨ੍ਹਾਂ ਨੂੰ ਐਮਰਜੰਸੀ ਦਾ ਮਤਲਬ ਦੱਸ ਦਿਉ ਕੀ ਹੁੰਦਾ ਹੈ। ਉਹ ਮੈਂ ਦਸਦਾ ਹਾਂ ਕਿ ਤੁਹਾਨੂੰ ਘਰ ਵਿਚ ਕਿਸੇ ਚੀਜ਼ ਨੂੰ ਛੇਤੀ ਖਰੀਦਣ ਦੀ ਲੋੜ ਪੈ ਜਾਵੇ .... (ਵਿਘਨ)

ਐਮਰਜੈਂਸੀ ਦਾ ਮਤਲਬ ਸਰਕਾਰ ਨੂੰ ਪੈਸਾ ਇਮੀਜੀਏਟਲੀ ਲੋੜ ਸੀ। 40,50 ਜਾਂ 70 ਬਸਾਂ ਖਰੀਦੀਆਂ ਗਈਆਂ ਉਨ੍ਹਾਂ ਦੀ ਪੇਮੈਂਟ ਕਰਨ ਵਾਸਤੇ, ਟਰਾਂਸਪੋਰਟ ਦੇ ਮਹਿਕਮੇ ਵਾਸਤੇ ਇਹ ਰੁਪਿਆ ਰਖਿਆ ਗਿਆ ਹੈ। ਇਸ ਡੇਫੀਸ਼ੈਂਸੀ ਨੂੰ ਪੂਰਾ ਕਰਨ ਦੇ ਲਈ ਇਹ 80 ਲੱਖ ਰੁਪਏ ਦੀਆਂ ਸਪਲੀਮੈਂਟਰੀ ਡੀਮਾਂਡਜ਼ ਹਾਊਸ ਦੇ ਸਾਹਮਣੇ ਪੇਸ਼ ਹਨ। (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਦੇ ਮਹਿਕਮੇ ਕੋਲ, ਪੰਜਾਬ ਸਰਕਾਰ ਕੋਲ ਇਸ ਗਲ ਦਾ ਕੋਈ ਜਵਾਬ ਨਹੀਂ ਜਦੋਂ ਕਿ 29 ਅਕਤੂਬਰ, 1971 ਦਾ ਗਵਰਨਰ ਇਨ-ਕੌਂਸਲ ਦਾ ਫੈਸਲਾ ਕੀਤਾ ਗਿਆ ਸੀ ਕਿ ਪੰਜਾਬ ਦੀ ਰੋਡਵੇਜ਼ ਨੂੰ ਟਰਾਂਸਪੋਰਟ ਕਾਰਪੋਰੇਸ਼ਨ ਵਿਚ ਕਨਵਰਟ ਕਰ ਦਿੱਤਾ ਜਾਵੇ। ਮਾਰਚ ਵਿਚ ਪਾਪੂਲਰ ਸਰਕਾਰ ਬਣ ਗਈ ਸੀ ਅਤੇ ਗਵਰਨਰ ਸਾਹਿਬ ਨੇ ਇਹ ਕਿਹਾ ਸੀ ਕਿ ਇਹ ਫੈਸਲਾ ਪਾਪੂਲਰ ਸਰਕਾਰ ਦੇ ਜ਼ੇਰੇ ਗੌਰ ਲਿਆਂਦਾ ਜਾਵੇ। ਮਾਰਚ ਵਿਚ ਸਰਕਾਰ ਪਾਪੂਲਰ ਬਣ ਗਈ ਜੇ ਉਹ ਕੋਈ ਇਸ ਬਾਰੇ ਵਿਚ ਫੈਸਲਾ ਨਹੀਂ ਕਰ ਸਕੀ ਤਾਂ ਮਹਿਕਮੇ ਦੇ ਕਰਮਚਾਰੀ ਤਾਂ ਇਸ ਗਲ ਨੂੰ ਚੰਗੀ ਤਰ੍ਹਾਂ ਜਾਣਦੇ ਸੀ ਕਿ ਜੇ ਕਾਰਪੋਰੇਸ਼ਨ ਇਤਨੀ ਜਲਦੀ ਨਹੀਂ ਬਣਨੀ ਤਾਂ ਫਿਰ ਪੈਸੇ ਦੀ ਲੋੜ ਹੋਵੇਗੀ। ਜੇ ਤਾਂ ਕਾਰਪੋਰੇਸ਼ਨ ਬਣ ਜਾਂਦੀ ਤਾਂ ਉਹ ਕਿਸੇ ਕੋਲੋਂ ਪੈਸੇ ਲੈ ਸਕਦੇ ਸੀ। ਐਲ. ਆਈ. ਸੀ. ਤੋਂ ਜਾਂ ਕਿਸੀ ਹੋਰ ਕੋਲੋਂ ਲੈ ਸਕਦੇ ਸੀ। ਲੇਕਿਨ ਜੇ ਕਾਰਪੋਰੇਸ਼ਨ ਬਣਾਉਣ ਦਾ ਫੈਸਲਾ ਨਹੀਂ ਸੀ ਹੋ ਸਕਿਆ ਤਾਂ ਸਰਕਾਰੀ ਕਰਮਚਾਰੀਆਂ ਦੀ ਇਹ ਡਿਊਟੀ ਬਣਦੀ ਸੀ ਕਿ ਟਰਾਂਸਪੋਰਟ ਲਈ ਬਜਟ ਪਲੈਨ ਵਿਚ ਰਖਦੇ। ਟਰਾਂਸਪੋਰਟ ਦੇ ਸਾਰੇ ਬਜਟ ਨੂੰ ਪਲੈਨ ਵਿਚੋਂ ਬਾਹਰ ਕਿਉਂ ਕਢਿਆ ਸੀ ? ਹਾਊਸ ਨੂੰ ਇਹ ਗਲ ਦਸਣੀ ਚਾਹੀਦੀ ਹੈ ਕਿ ਜੇ ਕਾਰਪੋਰੇਸ਼ਨ ਨਹੀਂ ਬਣ ਸਕੀ ਤਾਂ ਪਲੈਨਡ ਬਜਟ ਵਿਚੋਂ ਇਸ ਆਈਟਮ ਨੂੰ ਕਿਉਂ ਕਢਿਆ ਗਿਆ ਹੈ ? ਮਾਰਚ, 1972 ਤੋਂ ਹੁਣ ਤਕ ਇਕ ਪੈਸਾ ਵੀ ਟਰਾਂਸਪੋਰਟ ਦੇ ਮਹਿਕਮੇ ਕੋਲ ਖਰਚ ਕਰਨ ਵਾਸਤੇ ਨਹੀਂ ਸੀ। ਤੁਸੀਂ ਚੰਡੀਗੜ੍ਹ ਤੋਂ ਅੰਮ੍ਰਿਤਸਰ ਨੂੰ ਜਾਓ ਤੁਹਾਨੂੰ ਜ਼ਰੂਰ 5-7 ਬੱਸਾਂ ਖਰਾਬ ਮਿਲਣਗੀਆਂ। ਟਰਾਂਸਪੋਰਟ ਦੇ ਮਹਿਕਮੇ ਕੋਲ ਉਨ੍ਹਾਂ ਦੀ ਰਿਪੇਅਰ ਵਾਸਤੇ ਪੈਸਾ ਨਹੀਂ ਸੀ। ਉਨ੍ਹਾਂ ਕੋਲ ਕਿਹੜਾ ਪੈਸਾ ਸੀ ? ਸਿਰਫ ਮੁਲਾਜ਼ਮਾਂ ਨੂੰ ਤਨਖਾਹਾਂ ਆਦਿ ਦੇਣ ਦਾ। ਸਰਕਾਰੀ ਕਰਮਚਾਰੀਆਂ ਨੂੰ ਟਰਾਂਸਪੋਰਟ ਕਾਰਪੋਰੇਸ਼ਨ ਬਣਾਉਣੀ ਚਾਹੀਦੀ ਸੀ, ਜੇ ਕਾਰਪੋਰੇਸ਼ਨ ਕਿਸੀ ਵਜ੍ਹਾ ਕਰਕੇ ਨਹੀਂ ਬਣ ਸਕੀ ਤਾਂ ਉਨ੍ਹਾਂ ਨੇ ਪਲੈਂਡ ਬਜਟ ਵਿਚ ਟਰਾਂਸਪੋਰਟ ਲਈ ਪੈਸਾ ਕਿਉਂ ਨਹੀਂ ਰਖਿਆ ? ਇਹ ਵਡੇ ਵਡੇ ਅਫਸਰ ਪਬਲਿਕ ਸੈਕਟਰ ਨੂੰ ਕਨਡੈਮ ਕਰਦੇ ਹਨ। ਇਹ ਵਡੇ ਵਡੇ ਅਫਸਰ ਪ੍ਰਾਈਵੇਟ ਕੰਪਨੀਆਂ ਵਾਲਿਆਂ ਨਾਲ ਮਿਲ ਕੇ, ਵਡੇ ਵਡੇ ਸਰਮਾਏਦਾਰਾਂ ਨਾਲ ਮਿਲ ਕੇ ਪਬਲਿਕ ਸੈਕਟਰ ਨੂੰ ਕਨਡੈਮ ਕਰਨਾ ਚਾਹੁੰਦੇ ਹਨ ਤਾਕਿ ਪਬਲਿਕ ਸੈਕਟਰ ਕਿਸੇ ਪਾਸਿਉਂ ਸਿਰੇ ਨਾ ਲਗੇ। ਇਸ ਲਈ ਮੈਂ ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਇਸ ਗਲ ਦਾ ਹਾਊਸ ਵਿਚ ਜਵਾਬ ਦੇਵੇ ਕਿ ਅਕਤੂਬਰ, 1971 ਦਾ ਫੈਸਲਾ ਕਿਉਂ ਜ਼ੇਰੇ ਗੌਰ ਨਹੀਂ ਕੀਤਾ ਅਤੇ ਜੇ ਕੀਤਾ ਹੈ ਤਾਂ ਕੀ ਫੈਸਲਾ ਕੀਤਾ ਹੈ ?

ਇਕ ਦੂਜੀ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਰੋਡਵੇਜ਼ ਦੇ 150 ਬੰਦੇ ਬਾਹਰ ਧਰਨਾ ਮਾਰੀ ਬੈਠੇ ਹਨ। ਤੁਹਾਨੂੰ ਉਨ੍ਹਾਂ ਦੀ ਡੀਮਾਂਡਜ਼ ਵਲ ਧਿਆਨ

[ਚੌਧਰੀ ਦਰਸ਼ਨ ਸਿੰਘ]

ਦੇਣਾ ਚਾਹੀਦਾ ਹੈ। ਉਹ ਵਰਦੀ ਮੰਗਦੇ ਹਨ ਅਤੇ ਰੂਲਜ਼ ਥੱਲੇ ਵਰਦੀ ਦੇਣ ਦੀ ਪ੍ਰੋਵੀਜ਼ਨ ਵੀ ਹੈ ਫਿਰ ਉਨ੍ਹਾਂ ਨੂੰ ਕਿਉਂ ਨਾ ਵਰਦੀ ਦਿਤੀ ਜਾਵੇ ? ਉਨ੍ਹਾਂ ਨੂੰ ਵਰਦੀ ਮਿਲਣੀ ਚਾਹੀਦੀ ਹੈ। ਫਿਰ ਉਨ੍ਹਾਂ ਦੀ ਕੁਝ ਬੋਨਸ ਦੀ ਮੰਗ ਹੈ, ਜੇ ਸਰਕਾਰ ਪ੍ਰਾਫਿਟ ਵਿਚ ਚਲਦੀ ਹੈ ਤਾਂ ਬੋਨਸ ਵੀ ਉਨ੍ਹਾਂ ਨੂੰ ਦੇ ਦਿਉ। (ਘੰਟੀ)

ਇਕ ਗਲ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਗਿੱਲ ਸਾਹਿਬ ਦੀ ਸਰਕਾਰ ਵੇਲੇ ਦੇ ਕੁਝ ਮੁਲਾਜ਼ਮਾਂ ਤੇ ਕੇਸਿਜ਼ ਹਨ ਉਨ੍ਹਾਂ ਨੂੰ ਨਿਪਟਾਉਣਾ ਚਾਹੀਦਾ ਹੈ। 3 ਸਾਲ ਹੋ ਗਏ ਹਨ ਉਨ੍ਹਾਂ ਕੇਸਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ। (ਵਿਘਨ) (ਘੰਟੀ)

ਇਕ ਗਲ, ਡਿਪਟੀ ਸਪੀਕਰ ਸਾਹਿਬ, ਆਖਿਰ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਿਲਾਂ ਦੇ ਮੁਤੱਲਕ ਇਥੇ ਜ਼ਿਕਰ ਆਇਆ ਹੈ। 2-4 ਡਿਗਰੀਆਂ ਹਾਈਕੋਰਟ ਨੇ 1968 ਵਿਚ ਦਿੱਤੀਆਂ ਹਨ ਪਰ ਸਰਕਾਰ ਨੇ ਹਾਲੀਂ ਤਕ ਅਪੀਲਾਂ ਨਹੀਂ ਕੀਤੀਆਂ। ਉਨ੍ਹਾਂ ਕਰਮਚਾਰੀਆਂ ਦੇ ਲਈ ਪੈਸੇ 1969, 1970 ਅਤੇ 1971 ਦੇ ਬਜਟ ਵਿਚ ਨਹੀਂ ਆਏ ਪਰ ਇਨ੍ਹਾਂ ਸਪਲੀਮੈਂਟਰੀ ਡੀਮਾਂਡਜ਼ ਵਿਚ ਆ ਰਏ ਹਨ। ਐਸਾ ਕਿਉਂ ਹੋਇਆ ਹੈ ? (ਵਿਘਨ) (ਘੰਟੀ)

Mr. Deputy Speaker: Please resume your seat now.

ਚੌਧਰੀ ਦਰਸ਼ਨ ਸਿੰਘ: ਬਸ ਜੀ ਇਕ ਮਿੰਟ। ਇਹ ਸਪਲੀਮੈਂਟਰੀ ਡੀਮਾਂਡਜ਼ ਰਾਹੀਂ 80 ਲੱਖ ਰੁਪਿਆ ਮੰਗਿਆ ਹੈ ਲੇਕਿਨ 80 ਲੱਖ ਰੁਪਿਆ ਮੰਗਣ ਦੇ ਨਾਲ ਟਰਾਂਸਪੋਰਟ ਦੇ ਮਹਿਕਮੇ...... (ਘੰਟੀ) ਹੁਣ ਤਾਂ ਸੜਕਾਂ ਬਹੁਤ ਬਣ ਗਈਆਂ ਹਨ ਪਰ ਇਨ੍ਹਾਂ ਸੜਕਾਂ ਤੇ ਚਲੇਗਾ ਕੀ ਜੇ ਬਸਾਂ ਹੀ ਨਹੀਂ ਹੋਣਗੀਆਂ। ਤਾਂ ਸਿਰਫ 45 ਬਸਾਂ ਇਸ ਸਾਲ ਖਰੀਦੀਆਂ ਗਈਆਂ ਹਨ। ਇਨ੍ਹਾਂ ਨਾਲ ਕੀ ਬਣਨਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਮੁਸਾਫਰਾਂ ਦੀਆਂ ਦਿੱਕਤਾਂ ਨੂੰ ਸਾਹਮਣੇ ਰਖਦੇ ਹੋਏ ਹੋਰ ਬੱਸਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਬਸਾਂ ਅੱਛੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਮੁਸਾਫਰਾਂ ਨੂੰ ਆਰਾਮ ਰਹੇ। ਇਤਨਾ ਕਹਿ ਕੇ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ): ਡਿਪਟੀ ਸਪੀਕਰ ਸਾਹਿਬ, ਕੁਝ ਗਲਤ ਫਹਿਮੀ ਇਥੇ ਇਹ ਹੈ ਕਿ ਅਸੀਂ ਟਰਾਂਸਪੋਰਟ ਦੇ ਬਾਰੇ ਪਹਿਲਾਂ ਕਿਉਂ ਨਹੀਂ ਸੋਚਿਆ। ਦਰਅਸਲ ਗਵਰਨਰ ਸਾਹਿਬ ਨੇ ਜਿਹੜਾ ਬਜਟ ਬਣਾਇਆ ਸੀ ਇਸ ਦੇ ਬਾਰੇ ਮੈਂ ਪਹਿਲਾਂ ਹੀ ਅਰਜ਼ ਕੀਤੀ ਸੀ ਕਿ ਉਸ ਵਿਚ ਇਹ ਖਿਆਲ ਸੀ ਕਿ ਪੰਜਾਬ ਰੋਡਵੇਜ਼ ਦੀ ਕਾਰਪੋਰੇਸ਼ਨ ਬਣਾਈ ਜਾਵੇ। ਉਸ ਦੇ ਵਾਸਤੇ 20 ਲੱਖ ਰੁਪਿਆ ਮੰਗਿਆ ਸੀ ਅਤੇ ਜਿਹੜਾ ਕਿ ਕਾਫੀ ਸੀ। ਲੇਕਿਨ ਵਰਕਰਜ਼ ਵਲੋਂ ਅਤੇ ਕਈ ਦੂਸਰੇ ਸਾਥੀਆਂ ਵਲੋਂ ਕਾਰਪੋਰੇਸ਼ਨ ਬਣਾਉਣ ਵਿਚ ਕੁਝ ਮੁਖਾਲਫਤ ਆਈ। ਫਿਰ ਅਸੀਂ ਦੇਖਿਆ ਕਿ ਦੋਨਾਂ ਸਾਈਡਾਂ ਨੂੰ ਸਟਡੀ ਕਰੀਏ। ਜਲਦਬਾਜ਼ੀ ਨਾ ਕਰੋ ਕਿਉਂਕਿ ਹਾਲੀਂ ਫੈਸਲਾ ਨਹੀਂ ਹੋਇਆ ਅਤੇ ਉਸ ਤੇ ਸੰਜੀਦਗੀ ਨਾਲ ਵਿਚਾਰ ਹੋ ਰਿਹਾ ਹੈ ਕਿ ਇਸ ਨੂੰ ਬਣਾਈਏ ਜਾਂ ਨਾ ਬਣਾਈਏ। ਇਸ ਵਾਸਤੇ ਟਰਾਂਸਪੋਰਟ ਦਾ ਕੰਮ ਚਲਾਉਣ ਵਾਸਤੇ, ਬਸਾਂ ਵਾਸਤੇ ਕਿਉਂ ਕਿ ਸੜਕਾਂ ਹੁਣ ਬਹੁਤ ਸਾਰੀਆਂ ਮੁਕੰਮਲ ਹੋ ਗਈਆਂ ਹਨ ਅਤੇ ਉਨ੍ਹਾਂ ਵਾਸਤੇ ਬਸਾਂ ਚਾਹੀਦੀਆਂ ਹਨ, ਇਸ ਲਈ ਇਹ ਰੁਪਿਆ ਮੰਗਿਆ ਗਿਆ ਹੈ।

ਦੂਸਰੀ ਚੀਜ਼ ਜਿਥੋਂ ਤਕ ਇਨ੍ਹਾਂ ਵਰਕਰਜ਼ ਦਾ ਸਵਾਲ ਹੈ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਵਿਚ ਟਰਾਂਸਪੋਰਟ ਵਰਕਰਜ਼ ਦਾ ਵੇਜਿਜ਼ ਅਤੇ ਕਨਡੀਸ਼ਨ ਆਫ ਸਰਵਿਸ ਜੋ ਹੈ ਉਹ ਬਹੁਤ ਸਾਰੀਆਂ ਸਟੇਟਾਂ

ਨਾਲੋਂ ਚੰਗਾ ਹੈ। ਜੇ ਕੋਈ ਉਨ੍ਹਾਂ ਦੀਆਂ ਮੰਗਾਂ ਹਨ ਉਹ ਟਰਾਂਸਪੋਰਟ ਦੇ ਮਹਿਕਮੇ ਨਾਲ ਗਲ ਬਾਤ ਕਰਕੇ ਹੱਲ ਕਰ ਲੈਣ।

ਜਿਥੋਂ ਤਕ ਡਿਪਟੀ ਸਪੀਕਰ ਸਾਹਿਬ, 10 ਲੱਖ ਰੁਪਏ ਮੰਗ ਦੇ ਸਵਾਲ ਦੇ ਬਾਰੇ ਮੇਰੇ ਸਾਥੀਆਂ ਨੇ ਜ਼ਿਕਰ ਕੀਤਾ ਹੈ, ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਲੜਾਈ ਦੇ ਦਿਨਾਂ ਵਿਚ ਜਿਤਨੇ ਸਾਡੇ ਲੋਕ ਸ਼ਹੀਦ ਹੋਏ ਹਨ ਜਾਂ ਜ਼ਖਮੀ ਹੋਏ ਹਨ ਉਨ੍ਹਾਂ ਨੂੰ ਸਹਾਇਤਾ ਦੇਣ ਲਈ ਸਾਡੇ ਪਾਸ ਕੁਝ ਲਿਮਟਾਂ ਹੁਣ ਆ ਰਹੀਆਂ ਹਨ ਅਤੇ ਉਸ ਦੇ ਵਾਸਤੇ ਸਾਡੇ ਲਈ ਇਹ ਬੜਾ ਜ਼ਰੂਰੀ ਸੀ ਕਿ ਪੈਸੇ ਦੀ ਮੰਗ ਕੀਤੀ ਜਾਵੇ। ਕਿਉਂਕਿ ਜਿਸ ਤਰ੍ਹਾਂ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਇਸ ਸਰਕਾਰ ਨੇ 500 ਰੁਪਏ ਤੋਂ 1,000 ਰੁਪਏ ਸਹਾਇਤਾ ਕਰ ਦਿੱਤੀ ਸੀ ਅਤੇ ਜ਼ਖਮੀ ਲੋਕਾਂ ਨੂੰ ਵੀ ਮਦਦ ਦੇਣੀ ਹੈ, ਇਸ ਲਈ ਇਹ ਫੰਡ ਰਖਿਆ ਗਿਆ ਹੈ ਤਾਂ ਕਿ ਪੰਜਾਬ ਇਸ ਗਲ ਵਿਚ ਕਿਸੇ ਹੋਰ ਸਟੇਟ ਤੋਂ ਪਿਛੇ ਨਾ ਰਹੇ ਅਤੇ ਅਗੇ ਹੀ ਰਹੇ।

ਡਿਪਟੀ ਸਪੀਕਰ ਸਾਹਿਬ, ਤੀਸਰੀ ਵਡੀ ਆਈਟਮ ਮਜ਼ਦੂਰਾਂ ਦੇ ਬਾਰੇ ਹੈ। ਜਿਸ ਤਰ੍ਹਾਂ ਆਨਰੇਬਲ ਮੈਂਬਰਜ਼ ਨੂੰ ਇਲਮ ਹੈ ਕਿ ਖਰੜ ਦੀਆਂ 2 ਮਿਲਾਂ ਬੰਦ ਹੋ ਗਈਆਂ ਸੀ। ਰੁਪਿਆ ਉਨ੍ਹਾਂ ਨੇ ਸਰਕਾਰ ਦਾ ਵੀ ਦੇਣਾ ਸੀ, ਈ. ਐਸ. ਆਈ. ਅਤੇ ਐਲ. ਆਈ. ਸੀ. ਦਾ ਵੀ ਪੈਸਾ ਦੇਣਾ ਸੀ ਅਤੇ ਫਾਈਨਾਨਸ਼ਲ ਕਾਰਪੋਰੇਸ਼ਨ ਦਾ ਵੀ ਇਹ ਪੈਸਾ ਸੀ। ਮਾਲਿਕ ਮਿਲ ਬੰਦ ਕਰ ਗਏ। ਔਰ ਹਾਈਕੋਰਟ ਨੇ ਫੈਸਲਾ ਕੀਤਾ ਦੂਸਰੀ ਮੈਨੇਜਮੈਂਟ ਨੇ ਟੇਕ ਓਵਰ ਕੀਤਾ। ਉਨ੍ਹਾਂ ਦੀ ਮੈਨੇਜਮੈਂਟ ਨਵੀਂ ਬਣਾਈ। ਨਵੀਂ ਮਨੇਜਮੈਂਟ 2—3 ਮਹੀਨੇ ਮਜ਼ਦੂਰਾਂ ਨੂੰ ਤਨਖਾਹ ਨਹੀਂ ਦੇ ਸਕੀ। ਮਜ਼ਦੂਰਾਂ ਨੇ ਇਥੇ ਆਕੇ ਧਰਨਾ ਮਾਰਿਆ। ਸਾਨੂੰ ਕੋਈ ਰਸਤਾ ਨਜ਼ਰ ਨਹੀਂ ਆਇਆ। ਹਾਈ ਕੋਰਟ ਨੇ ਜਿਹੜੀ ਮਨੇਜਮੈਂਟ ਕੀਤੀ ਉਹ ਤਨਖਾਹ ਨਹੀਂ ਦੇ ਸਕਦੀ ਸੀ ਅਤੇ ਦੂਜੀ ਮਨੇਜਮੈਂਟ ਆਈ। ਉਸ ਇੰਟਰਵੀਨਿੰਗ ਪੀਰੀਅਡ ਵਿਚ ਮਜ਼ਦੂਰਾਂ ਨੂੰ ਤਨਖਾਹ ਨਹੀਂ ਮਿਲੀ। ਉਹ ਤਨਖਾਹ ਇਤਨੀ ਥੋੜ੍ਹੀ ਸੀ ਕਿ ਉਸ ਦੇ ਵਿਚ ਮਜ਼ਦੂਰਾਂ ਦੇ ਟੱਬਰ ਦਾ ਰੋਜ਼ ਮੱਰਾਹ ਦਾ ਖਰਚ ਵੀ ਪੂਰਾਂ ਹੋਣਾ ਮੁਸ਼ਕਲ ਸੀ। ਉਸ ਦੇ ਲਈ ਇਹ 1.70 ਲੱਖ ਰੁਪਿਆ ਸਾਨੂੰ ਲੈਣਾ ਪਿਆ। ਇਹ ਰੁਪਿਆ ਜਿਹੜਾ ਮਜ਼ਦੂਰਾਂ ਨੂੰ ਇਸ ਸ਼ਕਲ ਵਿਚ ਦਿੱਤਾ ਹੈ ਇਹ ਪੰਜਾਬ ਦੀ ਹਿਸਟਰੀ ਵਿਚ ਪਹਿਲੀ ਵੇਰ ਹੈ ਅਤੇ ਇਸ ਤਰ੍ਹਾਂ ਕਿਸੇ ਵੀ ਪਿਛਲੀ ਮਨਿਸਟਰੀ ਨੇ ਨਹੀਂ ਸੀ ਕੀਤਾ। ਇਹ ਪਰੰਪਰਾ ਇਸ ਮਨਿਸਟਰੀ ਨੇ ਗਰੀਬਾਂ ਦੀ ਮੱਦਦ ਲਈ ਸ਼ੁਰੂ ਕੀਤੀ ਹੈ। ਇਹ ਰਕਮ ਉਨ੍ਹਾਂ ਕੋਲੋਂ ਆਸਾਨ ਪੰਜ ਕਿਸ਼ਤਾਂ ਵਿਚ ਵਸੂਲੀ ਜਾਵੇਗੀ।

ਕੈਨੇਡੀਅਨ ਸਾਹਿਬ ਨੇ ਅੰਮ੍ਰਿਤਸਰ ਵਿਚ ਜਿਹੜੀ ਹਿੰਦੁਸਤਾਨ ਐਂਬਰਾਈਡਰੀ ਮਿਲ ਹੈ ਉਸ ਦੇ ਬਾਰੇ ਕੁਝ ਜ਼ਿਕਰ ਕੀਤਾ ਸੀ। ਉਸ ਦੇ ਬਾਰੇ ਮੈਂ ਦਸ ਦਿਆਂ ਕਿ ਅਸੀਂ ਹਿੰਦੁਸਤਾਨ ਸਰਕਾਰ ਨੂੰ ਲਿਖ ਦਿਤਾ ਹੈ। ਉਸ ਦੇ ਲਈ ਉਥੇ ਇਕ ਟੀਮ ਵੀ ਆ ਚੁਕੀ ਹੈ ਔਰ ਅਸੀਂ ਹਿੰਦ ਸਰਕਾਰ ਨੂੰ ਉਸ ਨੂੰ ਟੇਕ ਓਵਰ ਕਰਨ ਲਈ ਕਹਿ ਦਿੱਤਾ ਹੈ। (ਵਿਘਨ) ਜਿਸ ਤਰ੍ਹਾਂ ਡਾਂਗ ਸਾਹਿਬ ਨੂੰ ਪਤਾ ਹੈ ਕਿ ਖਰੜ ਬਾਰੇ ਵੀ ਉਨ੍ਹਾਂ ਨੇ ਮਨਜ਼ੂਰ ਕਰ ਲਿਆ ਹੈ (ਵਿਘਨ) ਹੁਣ ਦੂਜੀ ਮਨੇਜਮੈਂਟ ਨੇ ਟੇਕ ਓਵਰ ਕਰ ਲਿਆ ਹੈ ਅਤੇ ਕੰਮ ਠੀਕ ਚਲ ਰਿਹਾ ਹੈ।

ਜਿਥੋਂ ਤਕ ਬਿਜਲੀ ਦੇ ਕਰਾਈਸਿਜ਼ ਦਾ ਸੁਆਲ ਹੈ ਇਹ ਮੌਨਸੂਨ ਦੇ ਫੇਲੀਅਰ ਦੇ ਕਾਰਨ ਹੀ ਹੈ ਇਸ ਵਿਚ ਸਾਡਾ ਕੋਈ ਕਸੂਰ ਨਹੀਂ ਹੈ। ਇਸ ਦੇ ਬਾਵਜੂਦ ਵੀ ਅਸੀਂ ਕਹਿ ਦਿੱਤਾ ਹੈ ਕਿ ਪਿੰਡਾਂ ਵਿਚ ਜਿਹੜੀ ਟਿਊਬਵੈੱਲਾਂ ਆਦਿ ਤੇ ਕਟ ਲਗਾਈ ਜਾਵੇ ਉਹ ਨਾਮ ਮਾਤਰ ਹੀ ਲਗਾਈ

[ਵਿੱਤ ਮੰਤਰੀ]

ਜਾਵੇ। ਪਰ ਮੇਰਾ ਖਿਆਲ ਹੈ ਸ਼ਾਇਦ ਹਾਲ ਤਾਈਂ ਤਾਂ ਉਥੇ ਕਟ ਲਾਈ ਹੀ ਨਹੀਂ (ਵਿਘਨ) ਸ਼ਹਿਰਾਂ ਵਿਚ ਵੀ ਸਾਡੀ ਕੋਸ਼ਿਸ਼ ਹੈ ਕਿ ਜਿਹੜੀ ਕਟ ਲਗਾਈ ਗਈ ਹੈ ਜਲਦੀ ਤੋਂ ਜਲਦੀ ਰੈਸਟੋਰ ਕਰ ਦਿੱਤੀ ਜਾਏ ਤਾਕਿ ਕਾਰਖਾਨੇ ਆਦਿ ਚਲਣ ਅਤੇ ਮਜ਼ਦੂਰ ਅੱਨ ਐਮਪਲਾਇਡ ਨਾ ਹੋਣ। ਮੈਂ ਤਾਂ ਬਿਜਲੀ ਬਰਡ ਵਾਲਿਆਂ ਨੂੰ ਕਹਿ ਦਿੱਤਾ ਹੈ ਕਿ ਉਹ ਕੋਈ ਐਸਾ ਇੰਤਜ਼ਾਮ ਕਰਨ ਕਿ ਕਮ-ਅਜ਼-ਕਮ ਉਨ੍ਹਾਂ ਸ਼ਹਿਰਾਂ ਵਿਚ ਬਿਜਲੀ ਨਾ ਜਾਇਆ ਕਰੇ ਜਿਥੇ ਇੰਡਸਟਰੀ ਬੰਦ ਹੋ ਜਾਵੇ ਅਤੇ ਲੇਬਰ ਅਨਅਮਪਲਾਇਡ ਹੋ ਜਾਵੇ। ਜਿਸ ਤਰ੍ਹਾਂ ਪਿਛੇ ਜਿਹੇ ਢਾਈ ਕਰੋੜ ਰੁਪਏ ਦੇ ਜਨਰੇਟਰ ਰਸ਼ੀਆ ਤੋਂ ਮੰਗਵਾਏ ਸਨ, ਇਹੋ ਜਿਹਾ ਕੋਈ ਇੰਤਜ਼ਾਮ ਕਰ ਲਿਆ ਜਾਵੇ। ਬਿਜਲੀ ਬੋਰਡ ਨੂੰ ਕਿਹਾ ਗਿਆ ਹੈ ਕਿ ਉਹ ਉਨ੍ਹਾਂ ਜਨਰੇਟਰਜ਼ ਨੂੰ ਜਲਦੀ ਤੋਂ ਜਲਦੀ ਚਾਲੂ ਕਰੇ ਅਤੇ ਜੇ ਹੋਰ ਲੋੜ ਹਨ ਤਾਂ ਹੋਰ ਲੈ ਲੈਣ।

ਇਕ ਗਲ ਆਜ਼ਾਦ ਸਾਹਿਬ ਨੇ ਸਰਪੰਚਾਂ ਬਾਰੇ ਕਹੀ ਸੀ ਕਿ ਉਹ ਹਟਾ ਦਿੱਤੇ ਗਏ ਸਨ ਅਤੇ ਉਹ ਹਾਈਕੋਰਟ ਵਿਚ ਚਲੇ ਗਏ ਸਨ ਅਤੇ ਉਨ੍ਹਾਂ ਨੂੰ ਖਾਹਮਖਾਹ ਰੁਪਇਆ ਦੇਣਾ ਪਿਆ। ਉਨ੍ਹਾਂ ਬਾਰੇ ਮੈਂ ਅਰਜ਼ ਕਰਾਂ ਕਿ ਉਹ ਪਿਛਲੀ ਸਰਕਾਰ ਨੇ ਹਟਾਏ ਸਨ ਅਤੇ ਕੋਰਟ ਦੇ ਫੈਸਲੇ ਅਨੁਸ਼ਾਰ ਉਹ ਹਰਜਾਨਾ ਲਾਜ਼ਮੀ ਤੌਰ ਤੇ ਦੇਣਾ ਪਿਆ (ਵਿਘਨ)

ਮੈਂ ਆਸ ਕਰਦਾ ਹਾਂ ਕਿ ਇਸ ਨੂੰ ਹੁਣ ਹਾਊਸ ਪਾਸ ਕਰ ਦੇਵੇਗਾ।

Mr. Deputy Speaker : Question is—

> That a supplementary sum not exceeding Rs. 70,89,000 be granted to the Governor to defray the charges that will come in course of payment for the year ending 31st March, 1973 in respect of 60—Capital Outlay on Road and Water Transport Schemes.

The Motion was carried.

Mr. Deputy Speaker : Question is

> That a Supplementary sum not exceeding Rs. 10,00,000 be granted to the Governor to defray the charges that will come in course of payment for the year ending 31st March, 1973, in respect of 71—Miscellaneous.

The Motion was carried

Mr. Deputy Speaker : Question is —

> That a supplementary sum not exceeding Rs. 1,70,000/- be granted to the Governor to defray the charges that will come in course of payment for the year ending 31st March, 1973, in respect of Q—Loans and Advances by the State Government.

The Motion was carried.

LEGISLATIVE BUSINESS

THE PUNJAB APPROPRIATION (NO. 4) BILL, 1972

Minister for Finance (Shri Hans Raj Sharma) : Sir, I beg to introduce the Punjab Appropriation (No. 4) Bill. 1972.

Minister for Finance (Shri Hans Raj Sharma) ; Sir, I beg to move—

> That the Punjab Appropriation (No. 4) Bill be taken into consideration at once.

Mr. Deputy Speaker : Motion moved—

That the Punjab Appropriation (No. 4) Bill be taken into consideration at once.

(No Member rose to speak)

Mr. Deputy Speaker : Question is—

That the Punjab Appropriation (No. 4) Bill be taken into consideration at once.

The Motion was carried.

Mr. Deputy Speaker : Now the House will proceed to consider the Bill clause by clause.

CLAUSE 2

Mr. Deputy Speaker : Question is—

That clause 2 stand part of the Bill.

The Motion was carried

CLAUSE 3

Mr. Deputy Speaker : Question is—

That Clause 3 stand part of the Bill.

The Motion was carried

SCHEDULE

Mr. Deputy Speaker : Question is—

That the Schedule stand part of the Bill.

The Motion was carried.

CLAUSE 1

Mr. Speaker : Question is—

That Clause 1 stand part of the Bill

The Motion was carried

TITLE

Mr. Deputy Speaker : Question is—

That Title be the Title of the Bill.

The Motion was carried

Minister for Finance (Shri Hans Raj Sharma) : Sir, I beg to move—

That the Punjab Appropriation (No.4) Bill be passed.

Mr. Deputy Speaker : Motion moved—

That the Punjab Appropriation (No. 4) Bill be passed.

Mr. Deputy Speaker : Question is—

That the Punjab Appropriation (No. 4) Bill be passed.

The Motion was carried.

THE PUNJAB MUNICIPAL (AMENDMENT) BILL 1972

Minister of State for Local Government and Jails (Shri Joginder Pal Pandey) : Sir, I beg to introduce the Punjab Municipal (Amendment) Bill, 1972.

Minister of State for Local Government and Jails (Shri Joginder Pal Pandey) : Sir, I beg to move—

That the Punjab Municipal (Amendment) Bill, 1972, be taken into consideration at once.

Mr. Deputy Speaker : Motion moved—

That the Punjab Municipal (Amendment) Bill, 1972 be taken into consideration at once.

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ, ਐਸ਼. ਸੀ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਅਸੀਂ ਉਸ ਬਿਲ ਤੇ ਅੱਜ ਬਹਿਸ ਕਰਨ ਲਗੇ ਹਾਂ ਜਿਸ ਕਾਰਨ ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਦਾ ਵਾਤਾਵਰਨ ਬਹੁਤ ਖਰਾਬ ਰਿਹਾ। ਸਰਕਾਰ ਤਾਂ ਇਹ ਕਹਿੰਦੀ ਹੈ ਕਿ ਮਿਊਨਿਸੀਪਲ ਕਮੇਟੀ ਵਿਚ ਬਾਲਮੀਕੀਆਂ ਨੂੰ ਰਿਪਰੈਜ਼ੇਂਟੇਸ਼ਨ ਦੇਣੀ ਸੀ ਅਤੇ ਦੋ ਬੀਬੀਆਂ ਲਿਆਉਣੀਆਂ ਸੀ ਇਸ ਕਾਰਨ ਮਿਊਨਿਸੀਪਲ ਐਕਟ ਵਿਚ ਤਰਮੀਮ ਕਰਨ ਦੀ ਲੋੜ ਪਈ ਲੇਕਿਨ ਡਿਪਟੀ ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਨਾ ਇਨ੍ਹਾਂ ਨੂੰ ਗਰੀਬ ਸ਼ੈਡਿਊਲਡ ਕਾਸਟਾਂ ਦਾ ਅਤੇ ਨਾ ਹੀ ਬੀਬੀਆਂ ਦਾ ਖਿਆਲ ਆਇਆ। ਲੇਕਿਨ ਜਿਸ ਵਕਤ ਸਾਰੇ ਪੰਜਾਬ ਦੀ ਜਨਤਾ ਨੇ ਇਕੱਲੇ ਇਕੱਲੇ ਸ਼ਹਿਰ ਵਿਚ, ਸਾਰੇ ਵਜ਼ੀਰਾਂ ਦੇ ਦੌਰਿਆਂ ਅਤੇ ਐਮ. ਐਲ. ਏਜ਼ ਦੀਆਂ ਮਿਨਤਾਂ ਦੇ ਬਾਵਜੂਦ, ਕਾਂਗਰਸ ਨੂੰ ਵੋਟਾਂ ਨਾ ਪਾਈਆਂ ਤਾਂ ਫਿਰ ਇਨ੍ਹਾਂ ਨੇ ਸੋਚਿਆ ਕਿ ਇਥੇ ਮਿਊਨਿਸੀਪਲ ਕਮੇਟੀਆਂ ਵਿਚ ਹਰੀਜਨ ਵੀ ਹੋਣੇ ਚਾਹੀਦੇ ਹਨ ਅਤੇ ਬੀਬੀਆਂ ਵੀ ਹੋਣੀਆਂ ਚਾਹੀਦੀਆਂ ਹਨ ਜਿਥੋਂ ਤਕ ਮਿਊਨਿਸੀਪਲ ਕਮੇਟੀਆਂ ਵਿਚ ਬਾਲਮੀਕੀ ਸਜਣਾਂ ਅਤੇ ਦੋ ਬੀਬੀਆਂ ਦੇ ਪਾਉਣ ਦਾ ਸਵਾਲ ਹੈ, ਡਿਪਟੀ ਸਪੀਕਰ ਸ਼ਾਹਿਬ, ਮੇਰੀ ਅਤੇ ਮੇਰੀ ਪਾਰਟੀ ਦਾ ਉਸ ਨਾਲ ਕੋਈ ਮੱਤਭੇਦ ਨਹੀਂ ਪਰ ਜਿਸ ਢੰਗ ਨਾਲ ਅਤੇ ਜਿਸ ਵਕਤ ਅਤੇ ਜਿਸ ਤਰੀਕੇ ਨਾਲ ਇਹ ਬਿਲ ਲਿਆਂਦਾ ਗਿਆ ਹੈ, ਮੈਂ ਸਮਝਦਾ ਹਾਂ ਕਿ ਉਹ ਬੜਾ ਮਾੜਾ ਹੈ। ਜਦੋਂ ਇਨ੍ਹਾਂ ਨੇ ਵੇਖ ਲਿਆ ਕਿ ਹੁਣ ਸਾਡਾ ਕੋਈ ਵਸ ਨਹੀਂ ਚਲਦਾ ਤਾਂ ਫਿਰ ਇਸ ਬਿਲ ਨੂੰ ਲਿਆਂਦਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਐਕਟ ਵਿਚ ਤਰਮੀਮ ਮਿਉਨਿਸੀਪਲ ਅਲੈਕਸ਼ਨਾਂ ਤੋਂ ਪਹਿਲਾਂ ਲਿਆਉਣੀ ਚਾਹੀਦੀ ਸੀ। ਤੁਹਾਨੂੰ ਪਤਾ ਹੈ ਕਿ ਬਲਾਕ ਸੰਮਤੀਆਂ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਹਰੀਜਨਾਂ ਨੂੰ ਥਾਂ ਦਿੱਤੀ ਗਈ ਹੈ, ਬੀਬੀਆਂ ਨੂੰ ਥਾਂ ਦਿੱਤੀ ਗਈ ਹੈ। ਲੇਕਿਨ ਉਥੇ ਇਹ ਨਹੀਂ ਕਿਹਾ ਕਿ ਜੇ ਕਿਸੇ ਇੱਕ ਧੜੇ ਦੀ ਬਹੁ ਗਿਣਤੀ ਹੋ ਜਾਵੇ ਤਾਂ ਉਹ ਆਪਣੇ ਆਪ ਨੂੰ ਕੋ-ਆਪਟ ਕਰ ਲੈਣ। ਜਿਸ ਬੀਬੀ ਨੂੰ ਬੀਬੀਆਂ ਦਾ ਖਿਆਲ ਨਾ ਹੋਵੇ ਬਲਕਿ ਮੈਜਾਰਟੀ ਪਾਰਟੀ ਦਾ ਖਿਆਲ ਹੋਵੇ, ਉਹ ਉਸ ਬਿਲ ਦੇ ਮੁਤਾਬਿਕ ਕੋ-ਆਪਟ ਹੋ ਸਕਦੀ ਹੈ, ਅਤੇ ਜਿਸ ਬੀਬੀ ਨੂੰ ਬੀਬੀਆਂ ਦਾ ਖਿਆਲ

ਹੋਵੇ, ਉਨ੍ਹਾਂ ਦੇ ਹੱਕ ਬਾਰੇ ਲੜਨ ਦਾ ਖਿਆਲ ਹੋਵੇ, ਉਹ ਕੋ-ਆਪਟ ਨਹੀਂ ਹੋ ਸਕਦੀ। ਅੱਜ ਜਿਨ੍ਹਾਂ ਬਾਲਮੀਕੀਆਂ ਨੂੰ ਬਾਲਮੀਕੀਆਂ ਲਈ ਲੜਨ ਦਾ ਖਿਆਲ ਹੋਵੇ, ਉਹ ਇਸ ਅਮੈਂਡਮੈਂਟ ਰਾਹੀਂ ਇਸ ਵਿਚ ਨਹੀਂ ਲਏ ਜਾ ਸਕਦੇ। ਚਾਹੀਦਾ ਤਾਂ ਇਹ ਸੀ ਕਿ ਮਿਊਨਿਸੀਪਲ ਕਮੇਟੀਆਂ ਵਿਚ ਉਹੀ ਬੀਬੀਆਂ ਲਈਆਂ ਜਾਣ, ਜੋ ਹਾਰਿਆਂ ਹੋਇਆਂ ਵਿਚੋਂ ਸੱਭ ਤੋਂ ਵੱਧ ਵੋਟਾਂ ਲੈਣ। ਕੇਵਲ ਉਹ ਬੀਬੀਆਂ ਹੀ ਕੋ-ਆਪਟ ਹੋ ਸਕਣ। ਇਸ ਐਕਟ ਵਿਚ ਤਰਮੀਮ ਪਿਛਲੇ ਸੈਸ਼ਨ ਵਿਚ ਲਿਆਉਣੀ ਚਾਹੀਦੀ ਸੀ। ਜਿਹੜਾ ਬਾਲਮੀਕੀ ਅਲੈਕਸ਼ਨ ਲੜਿਆ ਹੋਵੇ ਅਤੇ ਜਿਸ ਨੂੰ ਬਾਲਮੀਕੀ ਪਸੰਦ ਕਰਦੇ ਹੋਣ ਅਤੇ ਜਿਹੜਾ ਸਭ ਤੋਂ ਵੱਧ ਵੋਟਾਂ ਲੈ ਕੇ ਹਾਰਿਆ ਹੋਵੇ, ਉਸ ਨੂੰ ਹੀ ਕੋ-ਆਪਟ ਕੀਤਾ ਜਾਵੇ। ਗੱਲ ਤਾਂ ਹਰੀਜਨਾਂ ਅਤੇ ਬੀਬੀਆਂ ਨੂੰ ਸਥਾਨ ਦੇਣ ਦੀ ਸੀ। ਜਿਹੜੀ ਹਾਲਤ ਇਸ ਸਰਕਾਰ ਦੀ ਲੋਕਾਂ ਨੇ ਸ਼ਹਿਰਾਂ ਵਿਚ ਕੀਤੀ ਹੈ, ਉਹ ਕਿਸੇ ਕੋਲੋਂ ਛੁਪੀ ਨਹੀਂ। ਸਰਕਾਰ ਨੇ ਗਰੀਬੀ ਹਟਾਉਣ ਦਾ ਅਤੇ ਸਮਾਜਵਾਦ ਲਿਆਉਣ ਦਾ ਜੋ ਪਹਿਲਾ ਤੋਹਫਾ ਲੋਕਾਂ ਨੂੰ ਦਿੱਤਾ ਸੀ ਉਸ ਦਾ ਕੀ ਨਤੀਜਾ ਨਿਕਲਿਆ ? ਇਹ ਚਾਹੁੰਦੇ ਸਨ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਜਿਹੜੀਆਂ ਵਿਰੋਧੀ ਪਾਰਟੀਆਂ ਮਿਊਂਸਪਲ ਅਲੈਕਸ਼ਨਾਂ ਵਿਚ ਮੈਜਾਰਟੀਆਂ ਬਣੀਆਂ ਹਨ, ਉਨ੍ਹਾਂ ਨੂੰ ਮਾਈਨਾਰਟੀ ਵਿਚ ਬਦਲਿਆ ਜਾਵੇ। ਡਿਪਟੀ ਸਪੀਕਰ ਸਾਹਿਬ, ਜਿਹੜਾ ਆਰਡੀਨੈਂਸ ਇਨ੍ਹਾਂ ਨੇ ਲਿਆਂਦਾ ਸੀ, ਇਹ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਹਿਸਟਰੀ ਵਿਚ ਇਕ ਬਲੈਕੈਸਟ ਐਕਟ ਸੀ। ਇਸ ਆਰਡੀਨੈਂਸ ਰਾਹੀਂ ਪੰਜਾਬ ਦੀ ਜਮਹੂਰੀਅਤ ਨੂੰ ਪ੍ਰਸਟੀਚੂਟ ਕੀਤਾ ਗਿਆ। ਇਸ ਦੀ ਜ਼ਿੰਮੇਵਾਰ ਇਹ ਸਾਹਮਣੇ ਬੈਠੀ ਸਰਕਾਰ ਅਤੇ ਇਸ ਦੇ ਵਜ਼ੀਰ ਹਨ। ਮੈਨੂੰ ਇਹ ਕਹਿਣ ਵਿਚ ਝਿਝਕ ਨਹੀਂ ਕਿ ਬਹੁਤ ਸਾਰੇ ਕਾਂਗਰਸੀ ਐਮ. ਐਲ. ਏਜ਼ ਨੇ ਵਜ਼ੀਰਾਂ ਨੂੰ ਖੁਸ਼ ਕਰਨ ਲਈ ਸ਼ਹਿ ਵਿਚ ਜਾਕੇ ਲੋਕਾਂ ਨੂੰ ਧਮਕਾਇਆ ਅਤੇ ਡਰਾਇਆ। ਵਿਰੋਧੀ ਪਾਰਟੀਆਂ ਵਾਲੇ ਅਤੇ ਇੰਡੀਪੈਂਡੈਂਟ ਮੈਂਬਰਾਂ ਨੂੰ ਕਿਹਾ ਕਿ ਸਰਕਾਰ ਤਾਂ ਸਾਡੀ ਹੈ ਤੁਹਾਡਾ ਕੰਮ ਕਿਸ ਤਰ੍ਹਾਂ ਚਲੇਗਾ। ਅਸੀਂ ਕੰਮ ਨਹੀਂ ਚਲਣ ਦੇਵਾਂਗੇ। ਮੇਰਾ ਖਿਆਲ ਹੈ ਕਿ ਜੋ ਗਲਤ ਇਸਤੇਮਾਲ ਹੋ ਸਕਦਾ ਸੀ, ਇਸ ਆਰਡੀਨੈਂਸ ਰਾਹੀਂ ਉਨ੍ਹਾਂ ਮਿਊਨਿਸਪਲ ਕਮੇਟੀਆਂ ਵਿਚ ਆਪਣੀ ਘੱਟ ਗਿਣਤੀ ਨੂੰ ਬਹੁ ਗਿਣਤੀ ਵਿਚ ਤਬਦੀਲ ਕਰਨ ਲਈ ਇਸ ਸਰਕਾਰ ਨੇ ਕੀਤਾ। ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਲੋਕਲ ਬਾਡੀਜ਼ ਡਿਪਾਰਟਮੈਂਟ ਨੇ ਪੂਰਾ ਰੱਜ ਕੇ ਇਸ ਸਰਕਾਰ ਦਾ ਸਾਥ ਦਿੱਤਾ। ਮੈਂ ਤੁਹਾਨੂੰ ਸੈਂਕੜੇ ਮਿਸਾਲਾਂ ਦੇ ਸਕਦਾ ਹਾਂ ਜਿਥੇ ਇਨ੍ਹਾਂ ਨੇ ਇਨਸਾਫ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਬਟਾਲੇ ਵਿਚ ਜਨਸੰਘ ਨੂੰ 15 ਸੀਟਾਂ ਮਿਲੀਆਂ ਹਨ ਤੇ ਕਾਂਗਰਸ ਨੂੰ 14 ਸੀਟਾਂ ਉਥੇ ਇੱਕ ਮਿਊਂਸਪਲ ਕਮਿਸ਼ਨਰ ਸੀ ਉਸ ਦੇ ਪਿਉ ਦਾ ਨਾਂ ਡਿਪਾਰਟਮੈਂਟ ਨੇ ਗਲਤ ਛਾਪ ਦਿੱਤਾ ਤਾਂ ਕਿ ਝਗੜਾ ਪੈ ਜਾਏ। ਜਿਸ ਦਫਤਰ ਵਿਚ 29 ਆਦਮੀਆਂ ਦੇ ਨਾਂ ਠੀਕ ਨਹੀਂ ਛਾਪੇ ਜਾ ਸਕਦੇ ਉਸ ਦਫਤਰ ਤੋਂ ਕੀ ਇਨਸਾਫ ਮਿਲ ਸਕਦਾ ਹੈ। ਜੇ ਗੌਰਮਿੰਟ ਮਹਿਕਮਿਆਂ ਵਾਲਿਆਂ ਨੂੰ ਕਹੇ ਕਿ ਤੁਹਾਨੂੰ ਇਹ ਕੰਮ ਕਰਨਾ ਪਵੇਗਾ ਜੇ ਨਹੀਂ ਕਰੋਗੇ ਤਾਂ ਤੁਹਾਡੇ ਲਈ ਮਾੜਾ ਹੋਵੇਗਾ ਤਾਂ ਮੈਂ ਸਮਝਦਾ ਹਾਂ ਕਿ ਮਹਿਕਮਿਆਂ ਵਾਲਿਆਂ ਨੇ ਸਿਰਫ ਇਸ ਡਰ ਤੋਂ ਹੀ ਇਨ੍ਹਾਂ ਦਾ ਸਾਥ ਦਿੱਤਾ। ਪਰ ਇਸ ਮਹਿਕਮੇ ਦਾ ਡਾਇਰੈਕਟਰ ਇਕ ਆਈ. ਏ. ਐਸ. ਅਫਸਰ ਹੈ ਪੰਜਾਬ ਸਰਕਾਰ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲੈ ਸਕਦੀ ਪਰ ਉਨ੍ਹਾਂ ਨੇ ਵੀ ਇਨਸਾਫ ਨਹੀਂ ਕੀਤਾ ਬਲਕਿ ਜਿਸ ਤਰ੍ਹਾਂ ਵਜ਼ੀਰ ਸਾਹਿਬ ਕਹਿੰਦੇ ਰਹੇ, ਉਸੇ ਤਰ੍ਹਾਂ ਹੀ ਇਹ ਕਰਦੇ ਰਹੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਹੇਰਾਫੇਰੀ ਕਰਕੇ ਗਲਤ ਨਾਂ ਛਪਵਾ ਦਿੱਤੇ। ਅਫਸਰਾਂ ਰਾਹੀਂ ਅਤੇ ਐਕਸਾਈਜ਼ ਐਂਡ ਟੈਕਸੇਸ਼ਨ ਦੇ ਮਹਿਕਮੇ ਨੂੰ ਵਰਤ ਕੇ ਆਪਣੀ ਘੱਟ ਗਿਣਤੀ ਨੂੰ ਬਹੁ ਗਿਣਤੀ ਵਿਚ ਬਦਲਣ ਦੀ ਕੋਸ਼ਿਸ਼ ਕੀਤੀ। ਡਿਪਟੀ ਸਪੀਕਰ ਸਾਹਿਬ,

[ਸਰਦਾਰ ਅਜਾਇਬ ਸਿੰਘ ਸੰਧੂ]

ਬਸੀ ਪਠਾਣਾ, ਕੁਰਾਲੀ ਅਤੇ ਰੋਪੜ ਦੀਆਂ ਮਿਉਨਿਸੀਪਲ ਕਮੇਟੀਆਂ ਦੀ ਅਲੈਕਸ਼ਨ ਮੈਨੂੰ ਵੇਖਣ ਦਾ ਮੌਕਾ ਮਿਲਿਆ। ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਬਸੀ ਪਠਾਣਾ ਦੀ ਮਿਉਨਿਸੀਪਲ ਕਮੇਟੀ ਵਿਚ ਇਕ ਅਜੀਬ ਗਲ ਵਾਪਰੀ। ਇਥੇ ਦੇ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਰੱਦ ਕਰ ਦਿਤਾ ਇੱਕ ਵਜ਼ੀਰ ਸਾਹਿਬ ਜਿਹੜੇ ਆਪਣੇ ਆਪ ਨੂੰ ਬੜਾ ਸਿਆਣਾ ਅਤੇ ਇਨਸਾਫ ਪਸੰਦ ਸਮਝਦੇ ਹਨ, ਕਈ ਦਿਨ ਉਥੇ ਡੇਰੇ ਲਾਕੇ ਬੈਠੇ ਰਹੇ, ਲੇਕਿਨ ਉਨ੍ਹਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਜਿਹੜੀ ਇਨ੍ਹਾਂ ਦੀ ਮਾਈਨਾਰਟੀ ਸੀ ਉਸ ਨੂੰ ਇਹ ਮੈਜਾਰਟੀ ਵਿਚ ਬਦਲ ਨਹੀਂ ਸਕੇ ਜਦੋਂ ਇਹ ਆਪਣੇ ਕੰਮ ਵਿਚ ਸਫਲ ਹੋ ਕੇ ਆ ਗਏ ਤਾਂ ਲੋਕਾਂ ਨੇ ਮਿਉਨਿਸੀਪਲ ਕਮਿਸ਼ਨਰ ਦੇ ਅੱਗੇ ਧਰਨਾ ਮਾਰ ਦਿੱਤਾ ਅਤੇ ਕਿਹਾ ਕਿ ਅਸੀਂ ਤੁਹਾਨੂੰ ਵੋਟਾਂ ਪਾਈਆਂ ਹਨ। ਜੇ ਤੁਸੀਂ ਸਰਕਾਰੀ ਅਫਸਰਾਂ ਤੋਂ ਡਰੀਂ ਜਾਂ ਵਜ਼ੀਰਾਂ ਤੋਂ ਡਰ ਕੇ ਬਹੁ ਗਿਣਤੀ ਨੂੰ ਘੱਟ ਗਿਣਤੀ ਵਿਚ ਤਬਦੀਲ ਕਰੋਗੇ ਤਾਂ ਅਸੀਂ ਤੁਹਾਡੀਆਂ ਨਾਸਾਂ ਵਿਚ ਦਮ ਕਰ ਦਿਆਂਗੇ। ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਉਥੇ ਦੇ ਐਸ. ਡੀ. ਐਮ., ਐਕਸ. ਈ. ਐਨ., ਬੀ. ਐਂਡ ਆਰ. ਅਤੇ ਐਸ.ਡੀ.ਓ. ਅਤੇ ਹੋਰ ਪੰਜ ਸੱਤ ਅਫਸਰਾਂ ਦੀ ਤਬਦੀਲੀ ਕਰ ਦਿੱਤੀ। ਤੁਸੀਂ ਟਰਬਿਊਨ ਵਿਚ ਪੜ੍ਹਿਆ ਹੋਣਾ ਹੈ ਕਿ ਇਨ੍ਹਾਂ ਨੇ ਉਥੋਂ ਦੇ ਪੰਜ ਸੱਤ ਅਫਸਰਾਂ ਦੀ ਤਬਦੀਲੀ ਕਿਉਂ ਕੀਤੀ। ਇਨ੍ਹਾਂ ਨੇ ਕਿਹਾ ਹੈ ਕਿਉਂਕਿ ਕਾਂਗਰਸ ਬਸੀ ਪਠਾਣਾਂ ਦੀਆਂ ਮਿਉਨਿਸੀਪਲ ਅਲੈਕਸ਼ਨਾਂ ਵਿਚ ਜਿੱਤੀ ਨਹੀਂ, ਇਸ ਲਈ ਇਨ੍ਹਾਂ ਨੂੰ ਤਬਦੀਲ ਕੀਤਾ ਗਿਆ ਹੈ।

ਅੱਜ ਵੀ ਵਿਰੋਧੀ ਦਲ ਵਾਲਿਆਂ ਨੇ ਇਕ ਕੁਅਾਪਸ਼ਨ ਕਰਕੇ ਕਾਂਗਰਸ ਨੂੰ ਹਰਾ ਕੇ ਇੰਡੀਪੈਂਡੈਂਟ ਬੰਦੇ ਨੂੰ ਪ੍ਰੈਜ਼ੀਡੈਂਟ ਚੁਣ ਲਿਆ ਹੈ। ਲੇਕਿਨ ਉਸ ਦਾ ਨਾਉਂ ਗਜ਼ਟ ਕਰਨ ਦਾ ਕੇਸ ਸੈਕਟਰੀ ਟੂ ਗੌਰਮਿੰਟ, ਪੰਜਾਬ, ਲੋਕਲ ਬਾਡੀਜ਼ ਡਿਪਾਰਟਮੈਂਟ ਪਾਸ ਪਿਆ ਹੈ। ਉਸ ਦਾ ਨਾਉ ਗਜ਼ਟ ਨਹੀਂ ਕੀਤਾ ਜਾ ਰਿਹਾ ਕਿਉਂਕਿ ਬਾਕੀ ਦੇ ਬੰਦਿਆਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਉਥੇ ਦਾ ਇਕ ਮਿਉਨਿਸੀਪਲ ਕਮਿਸ਼ਨਰ ਹੈ ਉਸ ਦੀ ਨੂੰਹ ਉਥੇ ਮਾਸਟਰਨੀ ਲਗੀ ਹੋਈ ਹੈ। ਉਸ ਨੂੰ ਕਿਹਾ ਜਾ ਰਿਹਾ ਹੈ ਕਿ ਜੇਕਰ ਤੂੰ ਕਾਂਗਰਸ ਦੀ ਹਿਮਾਇਤ ਨਾ ਕੀਤੀ ਤਾਂ ਤੇਰੀ ਨੂੰਹ ਨੂੰ ਫਿਰੋਜ਼ਪੁਰ ਜਾਂ ਹੋਰ ਕਿਧਰੇ ਬਦਲ ਦਿੱਤਾ ਜਾਵੇਗਾ। (ਸ਼ੇਮ ਸ਼ੇਮ) ਇਨ੍ਹਾਂ ਨੂੰ ਪਤਾ ਹੈ ਕਿ ਕਿਤਨੇ ਦਿਨਾਂ ਤੋਂ ਇਹ ਮਿਨਤਾਂ ਕਰ ਰਹੇ ਹਨ ਪਰ ਇਨ੍ਹਾ ਦੀ ਕੋਈ ਵੀ ਗੱਲ ਮੰਨੀ ਨਹੀਂ ਗਈ। (ਸ਼ੋਰ) ਪੰਚਾਇਤਾਂ ਵਿਚ ਇਨ੍ਹਾਂ ਦਾ ਇਹੋ ਹਾਲ ਹੋਇਆ ਹੈ।

ਸ੍ਰੀ ਡਿਪਟੀ ਸਪੀਕਰ: ਬਿਲ ਤੇ ਬੋਲੋ ਸੰਧੂ ਸਾਹਿਬ। (ਵਿਘਨ) Order please. No interruption. (Sandhu Sahib please speak on the Bill (*interruption*) Order please. (No interruption).

ਸਰਦਾਰ ਅਜਾਇਬ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ ਮੈਂ ਹੋਰ ਦਸ ਦਿੰਦਾ ਹਾਂ। ਅਮਲੋਹ ਦੇ ਹਲਕੇ ਵਿਚ ਮੰਡੀ ਗੋਬਿੰਦਗੜ੍ਹ ਹੈ, ਉਥੇ ਇਨ੍ਹਾਂ ਨੂੰ ਪਤਾ ਹੈ ਕਿ ਕਾਂਗਰਸ ਦੇ ਕੇਵਲ ਤਿੰਨ ਮੈਂਬਰ ਜਿੱਤੇ ਹਨ। (ਵਿਘਨ)

ਕੇ. ਪੀ. ਸਾਹਿਬ, ਤੁਸੀਂ ਠੀਕ ਰਹੋ ਤਾਂ ਚੰਗੀ ਗੱਲ ਹੈ ਨਹੀਂ ਤਾਂ ਮੈਂ ਜਲੰਧਰ ਦੀ ਗੱਲ ਵੀ ਦਸ ਸਕਦਾ ਹਾਂ।

ਤੇ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜਮਹੂਰੀਅਤ ਦੀਆਂ ਧੱਜੀਆਂ ਉੜਾਈਆਂ ਹਨ । ਜੇਕਰ ਇਕੱਲੇ ਇਕੱਲੇ ਨੂੰ ਵਰਣਨ ਕਰੀਏ ਤਾਂ ਬਹੁਤ ਸਮਾਂ ਲਗੇਗਾ ।

ਇਕ ਗਲ, ਡਿਪਟੀ ਸਪੀਕਰ ਸਾਹਿਬ, ਹੋਰ ਹੈ ਕਿ ਇਲੈਕਸ਼ਨਾਂ ਵਿਚ ਲਾ ਐਂਡ ਆਰਡਰ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ । ਇਸ ਸੰਗਤਨ ਦੀ ਸਰਕਾਰ ਨੇ ਇਹ ਕੋਸ਼ਿਸ਼ ਕੀਤੀ ਕਿ ਜੇਕਰ ਲੜਾਈ ਹੋ ਜਾਵੇ ਤਾਂ ਚੰਗਾ ਹੈ, ਸਰਕਾਰ ਆਪ ਕੁਆਪਸ਼ਨ ਕਰੇਗੀ । ਮੈਂ ਤੁਹਾਨੂੰ ਕੁਰਾਲੀ ਦੀ ਮਿਸਾਲ ਦਿੰਦਾ ਹਾਂ । ਪਿਛਲੇ ਮਹੀਨੇ ਮਿਊਨਿਸੀਪਲ ਕਮੇਟੀ, ਕੁਰਾਲੀ ਦੀ ਕੁਆਪਸ਼ਨ ਹੋਣੀ ਸੀ । ਇਕ ਪਾਸੇ ਛੇ ਬੰਦੇ ਹਨ ਔਰ ਦੂਜੇ ਪਾਸੇ ਪੰਜ ਬੰਦੇ ਹਨ । ਉਨ੍ਹਾਂ ਪੰਜਾਂ ਬੰਦਿਆਂ ਵਿਚੋਂ ਇਕ ਆਪਣੇ ਆਪ ਨੂੰ ਪੰਜਾਬ ਦੇ ਮੁੱਖ ਮੰਤਰੀ ਜੀ ਦਾ ਖਾਸ ਬੰਦਾ ਸਮਝਦਾ ਹੈ। ਔਰ ਉਹ ਕਹਿੰਦਾ ਹੈ ਕਿ ਜਦ ਤਕ ਪੰਜਾਂ ਤੋਂ ਛੇ ਨਹੀਂ ਬਣਦੇ ਮੈਂ ਕੁਆਪਸ਼ਨ ਨਹੀਂ ਹੋਣ ਦਿੰਦਾ। ਤੁਸੀਂ ਹੈਰਾਨ ਹੋਵੋਗੇ ਕਿ ਪਿਛਲੇ ਮਹੀਨੇ ਦੀ 9 ਜਾਂ 10 ਤਾਰੀਖ ਨੂੰ ਸਵੇਰੇ ਪੰਜ ਵਜੇ ਲੁਧਿਆਣੇ ਦੀ ਇਕ ਕਾਰ ਆਈ ਜਿਸ ਦਾ ਨੰਬਰ ਸੀ ਪੀ. ਯੂ. ਐਲ. 2676 ਉਸ ਕਾਰ ਵਿਚ ਬੰਦੂਕਾਂ ਵਾਲੇ ਬੈਠੇ ਸਨ ਜਿਨ੍ਹਾਂ ਨੇ ਉਸ ਮਿਊਂਸਪਲ ਕਮਿਸ਼ਨਰ ਨੂੰ ਡਰਾ ਧਮਕਾ ਕੇ ਜਿਹੜਾ ਕਿ ਅਖਬਾਰਾਂ ਲੈ ਕੇ ਵੇਚਦਾ ਹੈ, ਉਸ ਨੂੰ ਉਨ੍ਹਾਂ ਨੇ ਮਾਰ ਦੇਣ ਦੀ ਧਮਕੀ ਵੀ ਦਿੱਤੀ । ਉਸਨੂੰ ਚੁਕਣ ਦੀ ਵੀ ਕੋਸ਼ਿਸ਼ ਕੀਤੀ ਗਈ। ਉਸ ਸਾਰੀ ਚੀਜ਼ ਦੀ ਰਿਪੋਰਟ ਵੀ ਥਾਣੇ ਵਿਚ ਦਰਜ ਕਰਾਈ ਗਈ ਹੈ (ਸ਼ੇਮ, ਸ਼ੇਮ) ਅੱਜ ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਕੋਆਪਸ਼ਨ ਗਲਤ ਢੰਗ ਨਾਲ ਕਰਵਾਈ ਹੈ (ਘੰਟੀ) ਉਥੇ ਅੱਜ ਛੇ ਬੰਦੇ ਲੁਕੇ ਬੈਠੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਦੂਜੇ ਪਾਸੇ ਬੰਦੂਕਾਂ ਵਾਲੇ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਉਨ੍ਹਾਂ ਨੂੰ ਚੁਕ ਕੇ ਲੈ ਜਾਈਏ ।

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ, ਦੋ ਮਿੰਟ ਵਿਚ ਵਾਈਂਡ ਅੱਪ ਕਰੋ। (Sandhu Sahib, please wind up within two minutes).

ਸਰਦਾਰ ਅਜਾਇਬ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ, ਇਥੇ ਜਿਹੜੇ ਕਾਂਗਰਸੀ ਬੈਠੇ ਹਨ ਉਨ੍ਹਾਂ ਨੂੰ ਵੀ ਇਸ ਸਾਰੀ ਗਲ ਦਾ ਪਤਾ ਹੈ। ਆਜ਼ਾਦ ਸਾਹਿਬ ਨੂੰ ਵੀ ਪਤਾ ਹੈ ਉਹ ਜਾਣਦੇ ਹਨ ਕਿ ਕਿਸ ਤਰ੍ਹਾਂ ਉਥੇ ਛੇ ਬੰਦੇ ਲੁਕੇ ਬੈਠੇ ਹਨ ਔਰ ਮੈਂ ਡਿਪਟੀ ਸਪੀਕਰ ਸਾਹਿਬ, ਆਪ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੋਆਪਸ਼ਨ ਤੋਂ ਪਹਿਲਾਂ ਮੈਨੂੰ ਖਦਸ਼ਾ ਹੈ ਕਿ ਚੀਫ ਮਨਿਸਟਰ ਸਾਹਿਬ ਦੇ ਇਸ਼ਾਰੇ ਤੇ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਵਿਚੋਂ ਇਕ ਅੱਧ ਬੰਦੇ ਨੂੰ ਚੁਕਕੇ ਕਿਧਰੇ ਆਪਣੀ ਗਿਣਤੀ ਵਧਾਉਣ ਦੀ ਖਾਤਰ ਇਹ ਕੋਝਾ ਕੰਮ ਨਾ ਕੀਤਾ ਜਾਵੇ।

ਅਵਾਜ਼ਾਂ : ਸਭ ਝੂਠ । ਸਭ ਝੂਠ ।

ਸਰਦਾਰ ਅਜਾਇਬ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ ਮੈਂ ਇਨ੍ਹਾਂ ਭਾਈਆਂ ਨੂੰ ਕਹਿੰਦਾ ਹਾਂ ਕਿ ਜੇਕਰ ਮੈਂ ਝੂਠ ਬੋਲਦਾ ਹਾਂ ਤਾਂ ਇਹ ਆਜ਼ਾਦ ਸਾਹਿਬ ਤੋਂ ਪੁੱਛ ਲੈਣ । (ਵਿਘਨ) ਆਜ਼ਾਦ ਸਾਹਿਬ ਧਰਮ ਨਾਲ ਕਹਿ ਦੇਣ। (ਵਿਘਨ)

Mr. Deputy Speaker: Order please.

ਸਰਦਾਰ ਅਜਾਇਬ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜੇਕਰ ਕੁਰਾਲੀ ਵਿਚ ਖੂਨ ਹੋ ਗਿਆ ਤਾਂ ਮੁੱਖ ਮੰਤਰੀ ਅਤੇ ਪੰਜਾਬ ਦੇ ਮੰਤਰੀਆਂ ਦੀ ਜ਼ਿਮੇਵਾਰੀ ਹੋਵੇਗੀ । ਇਸ ਲਈ ਅੱਜ ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਲਾ ਐਂਡ ਆਰਡਰ ਦੀ ਸਿਚੂਏਸ਼ਨ ਨੂੰ ਖਰਾਬ ਹੋਣ ਤੋਂ ਰੋਕਣ । ਮੈਂ ਫਿਰ ਕਹਿੰਦਾ ਹਾਂ ਕਿ ਜੇਕਰ ਕਿਸੇ ਮਿਊਂਸਪਲ ਕਮਿਸ਼ਨਰ ਦਾ ਕੋਈ ਨੁਕਸਾਨ ਹੋ ਗਿਆ ਤਾਂ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਸਰਦਾਰ ਗੁਰਬੰਤਾ ਸਿੰਘ (ਕਰਤਾਰਪੁਰ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਇਸ ਆਰਡੀਨੈਂਸ ਦੀ ਇਮਦਾਦ ਕਰਨ ਵਾਸਤੇ, ਤਾਈਦ ਕਰਨ ਵਾਸਤੇ ਖੜਾ ਹੋਇਆ ਹਾਂ।

ਜਥੇਦਾਰ ਗੁਰਬਚਨ ਸਿੰਘ : ਇਮਦਾਦ ਤਾਂ ਹੋ ਗਈ ਹੈ। (ਵਿਘਨ) (ਸ਼ੋਰ)

Mr. Deputy Speaker Order please.

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਕੋਲੋਂ ਤਾਂ ਪੰਜਾਂ ਸਾਲਾਂ ਵਿਚ ਇਲੈਕਸ਼ਨ ਵੀ ਨਹੀਂ ਹੋ ਸਕੀ। ਇਹ ਮੇਰੀ ਸਰਕਾਰ ਨੇ ਆਉਂਦਿਆਂ ਹੀ ਮਿਉਂਸਪਲ ਕਮੇਟੀਆਂ ਦੇ ਇਲੈਕਸ਼ਨਜ਼ ਕਰਵਾਏ ਔਰ ਪੰਚਾਇਤਾਂ ਦੇ ਇਲੈਕਸ਼ਨ ਕਰਵਾਏ। (ਸਰਦਾਰ ਕਰਨੈਲ ਸਿੰਘ ਮਰੜ੍ਹੀ ਵਲੋਂ ਵਿਘਨ)

ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੂੰ ਪਤਾ ਹੈ ਕਿ ਮਿਉਂਸਪਲ ਕਮੇਟੀਆਂ ਦੀਆਂ ਇਲਕਸ਼ਨਾਂ ਲੜਨ ਵਾਸਤੇ ਅਸੀਂ ਔਰ ਜਨਸੰਘ ਵਾਲੇ ਸੀ। ਹੋਰ ਕੋਈ ਵੀ ਨਹੀਂ ਸੀ। (ਵਿਘਨ)

ਸਰਦਾਰ ਗੁਰਦੇਵ ਸਿੰਘ ਸਿੱਧੂ (ਸਮਾਣਾ ਐਸ. ਸੀ) : ਮੈਂ, ਜਨਾਬ, ਤੁਹਾਡੀ ਰਾਹੀਂ ਮਾਸਟਰ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਤਨੀਆਂ ਵੋਟਾਂ ਤੇ ਜਿੱਤ ਕੇ ਆਏ ਹਨ ?

ਸ੍ਰੀ ਡਿਪਟੀ ਸਪੀਕਰ: ਇਹ ਪੁਆਇੰਟ ਆਫ ਆਰਡਰ ਨਹੀਂ ਹੈ। ਤੁਸੀਂ ਤਸ਼ਰੀਫ ਰਖੋ (Please resume your seat. This is no point of order.)

ਸਰਦਾਰ ਗੁਰਬੰਤਾ ਸਿੰਘ: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਹਿੰਮਤ ਨਹੀਂ ਪਈ ਮੇਰੇ ਖਿਲਾਫ ਖੜੇ ਹੋਣ ਦੀ। ਅਕਾਲੀ ਪਾਰਟੀ ਦਾ ਉਮੀਦਵਾਰ ਤਾਂ ਨੱਠ ਗਿਆ ਸੀ। (ਵਿਘਨ) (ਸ਼ੋਰ) (ਇਸ ਸਮੇਂ ਆਪੋਜ਼ੀਸ਼ਨ ਵਲੋਂ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ)।

Mr. Deputy Speaker: Order please. Please resume your seats.

ਆਪੋਜ਼ੀਸ਼ਨ ਵਲੋਂ ਆਵਾਜ਼ਾਂ: ਡਿਪਟੀ ਸਪੀਕਰ ਸਾਹਿਬ, ਇਹ ਪੈਸੇ ਦੇ ਕੇ ਜਿੱਤੇ ਹਨ।

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਹਾਈ ਕੋਰਟ ਵਿਚ ਕੇਸ ਚਲਦਾ ਹੈ।

ਚੌਧਰੀ ਜਗਤ ਰਾਮ: ਡਿਪਟੀ ਸਪੀਕਰ ਸਾਹਿਬ, ਮਾਸਟਰ ਜੀ ਕਹਿੰਦੇ ਹਨ ਕਿ ਮੁਕੱਦਮਾ ਚਲਦਾ ਹੈ ਇਸ ਤਰ੍ਹਾਂ ਤਾਂ ਇਹ ਆਪ ਮੰਨ ਰਹੇ ਹਨ ਕਿ ਪੈਸੇ ਦਿਤੇ ਹਨ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮਾਸਟਰ ਜੀ ਨੇ ਪੈਸੇ ਦਿੱਤੇ ਹਨ। ਔਰ ਇਸ ਵਿਚ ਹੁਣ ਕੋਈ ਸ਼ਕ ਨਹੀਂ ਰਹਿ ਜਾਂਦਾ ਕਿਉਂਕਿ ਦੇਣ ਵਾਲਾ ਇਨਡਾਇਰੈਕਟਲੀ ਆਪ ਹੀ ਮੰਨਦਾ ਹੈ ਕਿ ਪੈਸੇ ਦਿੱਤੇ ਹਨ। (ਵਿਘਨ)

ਸ੍ਰੀ ਡਿਪਟੀ ਸਪੀਕਰ: ਮਾਸਟਰ ਜੀ, ਤੁਸੀਂ ਮਿਉਂਸਪਲ ਬਿਲ ਤੇ ਹੀ ਬੋਲੋ। (Master Ji, please confine yourself to the Municipal Bill only.)

ਸਰਦਾਰ ਗੁਰਬੰਤਾ ਸਿੰਘ : ਮੇਰੀ ਗੁਜ਼ਾਰਿਸ਼ ਹੈ ਕਿ ਜਿਹੜਾ ਮੇਰੇ ਮੁਕਾਬਲੇ ਤੇ ਕੈਂਡੀਡੇਟ ਅਕਾਲੀਆਂ ਨੇ ਖੜਾ ਕੀਤਾ ਸੀ ਉਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਮਾਨਦਾਰ ਸੀ ਔਰ ਇਤਨਾ ਅਮੀਰ ਹੈ ਕਿ ਸਾਰਿਆਂ ਨੂੰ ਖਰੀਦ ਸਕਦਾ ਹੈ। (ਵਿਘਨ) ਇਸ ਕਾਰਨ ਪੈਸੇ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਉਸ ਨੇ ਮਰੜ੍ਹੀ ਸਾਹਿਬ ਵਰਗੇ ਤਾਂ ਨੌਕਰ ਰਖੇ ਹੋਏ ਹਨ (ਵਿਘਨ) (ਇਸ ਸਮੇਂ ਆਪੋਜ਼ੀਸ਼ਨ ਵਲੋਂ ਬਹੁਤ ਸਾਰੇ ਮੈਂਬਰ ਸਾਹਿਬ ਬੋਲਣ ਲਈ ਖੜੇ ਹੋਏ।) (ਵਿਘਨ) (ਬਹੁਤ ਸ਼ੋਰ) ਮੈਂ ਡਿਪਟੀ ਸਪੀਕਰ ਸਾਹਿਬ, ਇਹ ਅਰਜ਼ ਕਰ ਰਿਹਾ ਸਾਂ ।

ਸ੍ਰੀ ਡਿਪਟੀ ਸਪੀਕਰ : ਮੈਂ ਆਨਰੇਬਲ ਮੈਂਬਰ ਸਾਹਿਬਾਨ ਪਾਸ ਬੇਨਤੀ ਕਰਾਂਗਾ ਕਿ ਇਹ ਬੜਾ ਇੰਪਾਰਟੈਂਟ ਬਿਲ ਹੈ ਅਤੇ ਇਸ ਤੇ ਗੰਭੀਰਤਾ ਨਾਲ ਵਿਚਾਰ ਕਰਨ । ਮੈਂ ਮਾਸਟਰ ਸਾਹਿਬ ਦੀ ਸੇਵਾ ਵਿਚ ਵੀ ਬੇਨਤੀ ਕਰਾਂਗਾ ਕਿ ਉਹ ਇਸ ਮੋਸ਼ਨ ਤੇ ਹੀ ਬੋਲਣ । (I would like to point out to the hon. Members that an important Bill is before the House and they should take it up seriously. I would also request Master Gurbanta Singh to confine his speech to the motion before the House.)

(*Interruption by Sardar Karnail Singh Mararhi*)

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਰਾਹੀਂ ਮਰੜ੍ਹੀ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਇਹ ਆਪਣੇ ਵਕਤ ਵਿਚ ਜੋ ਚਾਹੁੰਣ ਕਹਿਣ ਪਰ ਇਸ ਤਰ੍ਹਾਂ ਵਿਚੋਂ ਨਾ ਬੋਲਣ । ਮੈਂ ਆਪ ਮਿਉਂਨਿਸੀਪਲ ਐਕਟ ਦੀ ਬਹਿਸ ਤੋਂ ਇਕ ਇੰਚ ਵੀ ਬਾਹਰ ਨਹੀਂ ਜਾਵਾਂਗਾ । ਲੈਜਿਸਲੇਟਰਜ਼ ਦਾ ਕੰਮ ਹੈ ਕਿ ਸਬਰ ਨਾਲ ਅਤੇ ਸੰਜੀਦਗੀ ਨਾਲ ਸਾਰੇ ਵਿਚਾਰਾਂ ਨੂੰ ਸੁਣਨਾ ਅਤੇ ਸਚੀ ਗਲ ਦੇ ਖਿਲਾਫ ਰੌਲਾ ਨਹੀਂ ਪਾਣਾ ਚਾਹੀਦਾ (ਵਿਘਨ)(ਸ਼ੋਰ) ਇਸ ਐਕਟ ਅਨੁਸਾਰ ਕਾਂਗਰਸ ਨੇ ਆਪਣੇ ਉਮੀਦਵਾਰ ਖੜੇ ਕੀਤੇ । ਸਿਰਫ 'ਏ' ਕਲਾਸ ਮਿਉਂਨਿਸਪਲ ਕਮੇਟੀਆਂ ਵਿਚ ਅਤੇ ਬਾਕੀ ਦੀਆਂ ਮਿਉਂਨਿਸਪਲ ਕਮੇਟੀਆਂ ਵਿਚ ਕਾਂਗਰਸ ਨੇ ਆਪਣੇ ਉਮੀਦਵਾਰ ਖੜ੍ਹੇ ਨਹੀਂ ਸਨ ਕੀਤੇ । ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸ਼ਡੂਲਡ ਕਾਸਟ ਅਤੇ ਇਸਤਰੀਆਂ ਨੂੰ ਨੁਮਾਇੰਦਗੀ ਦੇਣ ਲਈ ਇਹ ਬਿਲ ਪੇਸ਼ ਕੀਤਾ ਗਿਆ ਹੈ । ਜਦ ਇਹ ਪਹਿਲਾਂ ਐਕਟ ਬਣਿਆ ਸੀ ਤਾਂ ਉਹ ਐਕਟ ਰੀਜਨਲ ਕਮੇਟੀਆਂ ਵਿਚ ਗਿਆ ਸੀ ਅਤੇ ਉਥੇ ਵੀ ਇਹ ਪਾਸ ਕੀਤਾ ਗਿਆ ਸੀ ਕਿ ਸ਼ਡੂਲਡ ਕਾਸਟ ਅਤੇ ਇਸਤ੍ਰੀਆਂ ਨੂੰ ਨੁਮਾਇੰਦਗੀ ਦਿਤੀ ਜਾਵੇ ਪਰ ਇਹ ਬਿਲ ਅਸੀਂ ਅਸੈਂਬਲੀ ਅਤੇ ਅਪਰ ਹਾਊਸ ਪਾਸੋਂ ਪਾਸ ਨਹੀਂ ਸੀ ਕਰਵਾ ਸਕੇ। ਨਹੀਂ ਤਾਂ ਇਨ੍ਹਾਂ ਵਰਗਾਂ ਨੂੰ ਉਸ ਸਮੇਂ ਹੀ ਨੁਮਾਇੰਦਗੀ ਮਿਲ ਜਾਣੀ ਸੀ । ਮੈਨੂੰ ਇਸ ਗਲ ਦੀ ਖੁਸ਼ੀ ਹੈ ਅਤੇ ਮਾਣ ਹੈ ਕਿ ਇਸ ਅਸਾਡੀ ਸਰਕਾਰ ਨੇ ਇਸ ਪਾਸੇ ਸੋਚਿਆ ਕਿ ਪਛੜੇ ਵਰਗਾਂ ਨੂੰ ਨੁਮਾਇੰਦਗੀ ਦਿਤੀ ਜਾਵੇ । ਇਸਤ੍ਰੀਆਂ ਨੂੰ ਅਤੇ ਸ਼ਡੂਲਡ ਕਾਸਟਾਂ ਨੂੰ । ਜਿਥੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਉਸ ਦੇ ਨਾਲ ਹੀ ਵਿਰੋਧੀ ਧੜੇ ਵਾਲਿਆਂ ਦੀ ਗਲ ਤੇ ਅਫਸੋਸ ਵੀ ਹੈ ਕਿ ਜਿਥੇ ਮਿਉਂਨਿਸੀਪਲ ਕਮੇਟੀ ਵਿਚ ਮੁਖਾਲਫ ਧੜੇ ਦੇ ਮੈਂਬਰ ਜ਼ਿਆਦਾ ਹਨ ਉਨ੍ਹਾਂ ਨੇ ਆਪਣਿਆਂ ਹੀ ਨੁਮਾਇੰਦਗੀਆਂ ਕਰ ਲਈਆਂ ਹਨ ਤੇ ਜੇਕਰ ਉਨ੍ਹਾਂ ਮਿਉਂਨਿਸਪਲ ਕਮੇਟੀਆਂ ਵਿਚ ਜਿਥੇ ਕਿ ਕਾਂਗਰਸ ਵਾਲਿਆਂ ਦੀ ਬਹੁਗਿਣਤੀ ਹੈ ਆਪਣੇ ਬੰਦਿਆਂ ਨੂੰ ਨਾਮਜ਼ਦ ਕਰ ਦਿਤਾ ਤਾਂ ਇਸ ਤੇ ਇਤਰਾਜ਼ ਨਹੀਂ ਸੀ ਕਰਨਾ ਚਾਹੀਦਾ । ਬਹੁਤ ਸਾਰੀਆਂ ਪਾਰਟੀਆਂ ਨੇ ਇਸ ਤਰ੍ਹਾਂ ਕੀਤੇ ਜਾਣ ਵਾਲੀ ਨੁਮਾਇੰਦਗੀ ਦੇ ਬਾਰੇ ਵਿਚ ਚਰਚਾ ਵੀ ਕੀਤੀ ਹੈ ਕਿ ਕਿਉਂ ਨਾਮਜ਼ਦਗੀ ਕੀਤੀ ਜਾ ਰਹੀ ਹੈ ਅਤੇ ਇਹ ਕਾਂਗਰਸ ਵਾਲਿਆਂ ਨੇ ਇਕ ਬੈਕ ਡੋਰ ਖੋਲ ਦਿਤਾ ਹੈ, ਕਾਂਗਰਸ ਦੇ ਆਦਮੀਆਂ ਨੂੰ ਨਾਮਜ਼ਦ ਕਰਨ ਲਈ ਪਰ ਇਹ ਇਤਰਾਜ਼ ਠੀਕ ਨਹੀਂ ਕਿਉਂ ਕਿ ਜਿਥੇ ਜਿਸ ਧੜੇ ਦੀ ਬਹੁਗਿਣਤੀ ਸੀ ਉਸ ਨੇ ਆਪਣੇ ਬੰਦਿਆਂ ਨੂੰ ਨਾਮਜ਼ਦ ਕਰ ਲਿਆ ਅਤੇ ਜਿਥੇ ਕਾਂਗਰਸ ਦੀ ਮਜਾਰਟੀ ਸੀ ਉਥੇ ਕਾਂਗਰਸ ਵਾਲਿਆਂ ਨੇ ਆਪਣੇ ਬੰਦਿਆਂ ਨੂੰ ਨਾਮਜ਼ਦ ਕਰ ਲਿਆ ਤਾਂ ਇਸ ਵਿਚ ਕੋਈ ਇਤਰਾਜ਼ ਵਾਲੀ ਗਲ ਰਹਿ ਨਹੀਂ ਜਾਂਦੀ । (ਵਿਘਨ)

ਇਕ ਮਾਨਯੋਗ ਮੈਂਬਰ : ਬਟਾਲੇ ਵਿਚ ਕੀ ਹੋਇਆ ?

ਸਰਦਾਰ ਗੁਰਬੰਤਾ ਸਿੰਘ : ਕਿਉਂ ਕਿ, ਡਿਪਟੀ ਸਪੀਕਰ ਸਾਹਿਬ, ਬਟਾਲੇ ਦਾ ਕੇਸ ਹਾਈਕੋਰਟ ਵਿਚ ਹੈ ਇਸ ਲਈ ਮੈਂ ਉਸ ਦੇ ਬਾਰੇ ਵਿਚ ਗਲ ਨਹੀਂ ਕਹਿਣਾ ਚਾਹੁੰਦਾ । (ਵਿਘਨ) (ਸ਼ੋਰ) ਮੈਂ ਤਾਂ ਇਹ ਕਹਾਂਗਾ ਕਿ ਇਹ ਕਾਂਗਰਸ ਦੀ ਫਰਾਖਦਿਲੀ ਹੈ । (ਵਿਘਨ)

ਇਕ ਆਵਾਜ਼ : ਇਹ ਤਾਂ ਫਰਾਡ ਦਿਲੀ ਹੈ ।

ਸਰਦਾਰ ਗੁਰਬੰਤਾ ਸਿੰਘ : ਮੈਂ ਸਰਕਾਰ ਨੂੰ ਇਸ ਬਿੱਲ ਦੇ ਲਿਆਣ ਤੇ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਇਸਤ੍ਰੀਆਂ ਨੂੰ ਵੀ ਪਛੜੀਆਂ ਸਮਝ ਕੇ ਨੁਮਾਇੰਦਗੀ ਦਿੱਤੀ ਹੈ ਅਤੇ ਸ਼ਡਿਊਲਡ ਕਾਸਟਾਂ ਨੂੰ ਵੀ । ਇਸ ਦੇ ਨਾਲ ਹੀ ਮੈਂ ਸਰਕਾਰ ਪਾਸ ਇਹ ਸੁਝਾਵ ਰਖਣਾ ਚਾਹੁੰਦਾ ਹਾਂ ਕਿ ਇਥੇ ਜਿਹੜਾ ਲਫਜ਼ 'ਚੂਹੜਾ' ਰਖਿਆ ਗਿਆ ਹੈ ਇਸ ਨੂੰ ਬਦਲ ਕੇ ਲਫਜ਼ 'ਸਵੀਪਰ' ਜਾਂ 'ਬਾਲਮੀਕੀ' ਕਰ ਦਿੱਤਾ ਜਾਵੇ । (ਵਿਘਨ) (ਬਹੁਤ ਸ਼ੋਰ)

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * (ਬਹੁਤ ਸ਼ੋਰ)

Mr. Deputy Speaker : No interruptions please.

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ (ਵਿਘਨ)

ਸ਼੍ਰੀ ਡਿਪਟੀ ਸਪੀਕਰ : ਮਰੜ੍ਹੀ ਸਾਹਿਬ, ਆਪ ਤਸ਼ਰੀਫ ਰਖੋ । ਇਹ ਜੋ ਕੁਝ ਮਰੜ੍ਹੀ ਸਾਹਿਬ ਚੇਅਰ ਦੀ ਬਿਨਾ ਆਗਿਆ ਬੋਲ ਰਹੇ ਹਨ, ਇਹ ਪਰੋਸੀਡਿੰਗਜ਼ ਦਾ ਭਾਗ ਨਾ ਬਣੇ । (ਵਿਘਨ) (Marhari Sahib, please resume your seat. Whatever is being said by the hon. Member, Sardar Karnail Singh Mararhi, without the permission of the Chair should not form part of the proceedings.) (*Interruption*)

ਸਰਦਾਰ ਗੁਰਬੰਤਾ ਸਿੰਘ: ਮੇਰੀ ਇਸ ਸਬੰਧ ਵਿਚ ਦੂਜੀ ਬੇਨਤੀ ਇਹ ਹੈ ਕਿ ਜਿਹੜੇ ਐਮ.ਐਲ.ਏਜ਼. ਨਾਮੀਨੇਟ ਕੀਤੇ ਗਏ ਹਨ ਮਿਊਨਿਸਪਲ ਕਮੇਟੀਆਂ ਤੇ ਉਨ੍ਹਾਂ ਨੂੰ ਵੋਟ ਦੇਣ ਦਾ ਹੱਕ ਹੋਣਾ ਚਾਹੀਦਾ ਹੈ (ਪ੍ਰਸ਼ੰਸਾ) ਕਿਉਂ ਕਿ ਇਹ ਜਨਤਾ ਦੀਆਂ ਵੋਟਾਂ ਲੈ ਕੇ ਚੁਣੇ ਗਏ ਹਨ ਅਤੇ ਇਨ੍ਹਾਂ ਨੂੰ ਐਸੋਸੀਏਟ ਮੈਂਬਰ ਦੇ ਤੌਰ ਤੇ ਨਹੀਂ ਰਹਿਣ ਦੇਣਾ ਚਾਹੀਦਾ ਵੋਟਿੰਗ ਦਾ ਇਨ੍ਹਾਂ ਨੂੰ ਹੱਕ ਹੋਣਾ ਚਾਹੀਦਾ ਹੈ ।

ਤੀਜੀ ਗੱਲ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਬਾਲਮੀਕੀ ਜਾਂ ਇਸਤਰੀਆਂ ਨਾਮਜ਼ਦ ਕੀਤੀਆਂ ਜਾਣੀਆਂ ਹਨ ਉਹ ਉਨ੍ਹਾਂ ਨੂੰ ਕੀਤਾ ਜਾਵੇ ਜਿਨ੍ਹਾਂ ਨੇ ਇਲੈਕਸ਼ਨ ਲੜੀ ਸੀ ਪਰ ਵੋਟਾਂ ਘਟ ਪਈਆਂ ਸਨ ਅਤੇ ਚੁਣ ਕੇ ਨਹੀਂ ਸਨ ਆ ਸਕੇ । ਜਿਸ ਤਰ੍ਹਾਂ ਕਿ ਪੰਚਾਇਤਾਂ ਵਿਚ ਕੀਤਾ ਗਿਆ ਹੈ ਕਿ ਜਿਹੜਾ ਵੋਟਾਂ ਜ਼ਿਆਦਾ ਲੈ ਜਾਵੇ ਉਸ ਨੂੰ ਨਾਮੀਨੇਟ ਕੀਤਾ ਜਾਵੇ ਕਿਉਂ ਕਿ ਉਹ ਚੁਣਿਆ ਨਹੀਂ ਸੀ ਗਿਆ । ਇਸ ਲਈ ਮੇਰਾ ਇਹ ਸੁਝਾਵ ਹੈ ਕਿ ਜਿਹੜੀਆਂ ਇਸਤਰੀਆਂ ਜਾਂ ਬਾਲਮੀਕੀ ਇਲੈਕਸ਼ਨਾਂ ਵਿਚ ਆਏ ਅਤੇ ਉਨ੍ਹਾਂ ਨੂੰ ਵੋਟਾਂ ਪਈਆਂ ਉਨ੍ਹਾਂ ਨੂੰ ਨਾਮਜ਼ਦ ਕੀਤਾ ਜਾਵੇ ਮਜਾਰਟੀ ਪਾਰਟੀ ਆਪਣੀ ਮਰਜ਼ੀ ਨਾਲ ਕਿਸੇ ਨੂੰ ਜੀ ਚਾਹੇ ਨਾਮਜ਼ਦ ਨਾ ਕਰ ਸਕੇ । (ਵਿਘਨ) (ਸ਼ੋਰ) (ਮਰੜ੍ਹੀ ਸਾਹਿਬ ਵਲੋਂ ਵਿਘਨ)

---

*Expunged as ordered by the Chair.

Mr. Deputy Speaker : Please resume your seat. (Noise)

(ਮਰੜ੍ਹੀ ਸਾਹਿਬ ਸ਼ੋਰ ਵਿਚ ਹੀ ਬੋਲਦੇ ਗਏ ਜੋ ਸੁਣਾਈ ਨਾ ਦਿਤਾ ।)

ਸ੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਮਰੜ੍ਹੀ ਸਾਹਿਬ ਚੇਅਰ ਦੀ ਬਿਨਾ ਆਗਿਆ ਕਹਿ ਰਹੇ ਹਨ ਇਹ ਪਰੋਸੀਡਿੰਗਜ਼ ਦਾ ਭਾਗ ਨਾ ਬਣੇ । (Whatever is being said by Mararhi Sahib without the permission of the Chair should not form part of the proceedings.)

ਸਰਦਾਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕੁਝ ਮੈਨਰਜ਼ ਸਿਖਣੇ ਚਾਹੀਦੇ ਹਨ ਕਿ ਲੈਜਿਸਲੇਚਰ ਵਿਚ ਕਿਸ ਤਰ੍ਹਾਂ ਬੋਲਣਾ ਚਾਹੀਦਾ ਹੈ। ਇਹ ਆਪਣੀ ਵਾਰੀ ਤੇ ਜੋ ਚਾਹੇ ਕਹਿਣ ਪਰ ਇਸ ਤਰ੍ਹਾਂ ਰੌਲਾ ਨਹੀਂ ਪਾਣਾ ਚਾਹੀਦਾ । ਮੈਂ ਬੇਨਤੀ ਕਰਦਾ ਹਾਂ ਕਿ ਇਹ ਰੌਲਾ ਕਿਉਂ ਪਾਂਦੇ ਹਨ ਅਤੇ ਅਜ ਤੜਫਦੇ ਕਿਉਂ ਹਨ ? ਕਿਉਂ ਕਿ ਇਹ ਨਾ ਤਿੰਨਾਂ ਵਿਚ ਹਨ ਨਾ ਤੇਰ੍ਹਾਂ ਵਿਚ । ਇਨ੍ਹਾਂ ਨੂੰ ਕੋਈ ਵੀ ਨਹੀਂ ਪੁਛਦਾ ।

ਮਿਉਨਿਸੀਪਲ ਕਮੇਟੀ ਵਿਚ ਤਾਂ ਇਨ੍ਹਾਂ ਨੂੰ ਕੋਈ ਪੁਛਦਾ ਨਹੀਂ ਅਤੇ ਨਾ ਹੀ ਕੋਈ ਵੋਟ ਪਾਂਦਾ ਹੈ (ਵਿਘਨ) ਜੇਕਰ ਇਹ ਕੋਈ ਉਮੀਦਵਾਰ ਖੜਾ ਵੀ ਕਰ ਲੈਣ ਤਾਂ ਵੀ ਇਹ ਉਸ ਨੂੰ ਮਿਉਨਿਸੀਪਲ ਕਮੇਟੀਆਂ ਵਿਚ ਕਾਮਯਾਬ ਨਹੀਂ ਕਰ ਸਕਦੇ । ਫਿਰ ਪਤਾ ਨਹੀਂ ਇਸ ਬਿਲ ਤੇ ਬਹਿਸ ਦੇ ਦੌਰਾਨ ਇਹ ਕਿਉਂ ਰੌਲਾ ਪਾਂਦੇ ਹਨ ?

ਇਨ੍ਹਾਂ ਸ਼ਬਦਾ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜਿਹੜੇ ਤਿੰਨ ਸੁਝਾਵ ਮੈਂ ਸਰਕਾਰ ਨੂੰ ਦਿੱਤੇ ਹਨ ਉਨ੍ਹਾਂ ਤੇ ਸਰਕਾਰ ਵਿਚਾਰ ਕਰੇਗੀ । (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ: ਕਾਮਰੇਡ ਸੱਤਪਾਲ ਡਾਂਗ (ਸ਼ੋਰ)(ਸਰਦਾਰ ਕਰਨੈਲ ਸਿੰਘ ਮਰੜ੍ਹੀ ਵਲੋਂ ਵਿਘਨ * * *

ਇਹ ਜੋ ਕੁਝ ਮਰੜ੍ਹੀ ਸਾਹਿਬ ਕਹਿ ਰਹੇ ਹਨ ਇਹ ਕਾਰਵਾਈ ਦਾ ਭਾਗ ਨਾ ਬਣੇ । (*Interruption*) Whatever is being said by Marhari Sahib should not form part of the proceedings.)

ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ-ਪਛਮ) : ਡਿਪਟੀ ਸਪੀਕਰ ਸਾਹਿਬ, ਇਕ ਆਰਡੀਨੈਂਸ ਜਾਰੀ ਹੋਇਆ, ਉਸ ਵੇਲੇ ਜਦੋਂ ਕਿ ਅਸੈਂਬਲੀ ਪ੍ਰੋਰੋਗ ਹੋ ਗਈ । ਅੱਜ ਸਦਨ ਦੀ ਮੇਜ਼ ਤੇ ਉਸ ਦੀ ਥਾਂ ਤੇ ਇਕ ਬਿੱਲ ਦੀ ਸ਼ਕਲ ਵਿਚ ਉਹ ਪੇਸ਼ ਹੈ। ਇਸ ਬਿਲ ਦਾ ਜੋ ਤੱਤ ਹੈ ਉਸ ਬਾਰੇ ਵੀ ਕੋਈ ਰਾਏ ਹੋ ਸਕਦੀ ਹੈ । ਇਸ ਢੰਗ ਨਾਲ ਔਰ ਜਿਸ ਨੀਅਤ ਦੇ ਨਾਲ ਇਹ ਬਿੱਲ ਲਿਆਂਦਾ ਗਿਆ ਹੈ ਇਸ ਬਾਰੇ ਵੀ ਕੋਈ ਰਾਏ ਹੋ ਸਕਦੀ ਹੈ । ਮੈਂ ਦੋਨਾਂ ਗੱਲਾਂ ਬਾਰੇ ਹਾਊਸ ਦੇ ਸਾਹਮਣੇ ਬੇਨਤੀ ਕਰਾਂਗਾ ।

ਕਾਂਗਰਸ ਪਾਰਟੀ ਅੰਦਰ ਜਿਹੜੇ ਆਪਣੇ ਆਪ ਨੂੰ ਪ੍ਰੋਗ੍ਰੈਸਿਵ ਕਹਿੰਦੇ ਹਨ ਯਾ ਸਮਝਦੇ ਹਨ ਜਿਨ੍ਹਾਂ ਹਾਲਾਤ ਵਿਚ ਅਤੇ ਜਿਸ ਢੰਗ ਨਾਲ ਅਤੇ ਜਿਸ ਨੀਅਤ ਨਾਲ ਉਨ੍ਹਾਂ ਵਲੋਂ ਇਹ ਆਰਡੀਨੈਂਸ ਲਿਆਂਦਾ ਗਿਆ ਹੈ ਇਹ ਜਮਹੂਰੀਅਤ ਦੀ ਰਵਾਇਤ ਦੇ ਮੁਤਾਬਿਕ ਇਕ ਚੰਗੀ ਗਲ ਹੈ। ਕਿਤਨੀ ਕੁਚੰਗੀ ਗਲ ਹੈ ਇਹ ਫੇਰ

*Expunged as ordered by the Chair.

[ਕਾਮਰੇਡ ਸੱਤਪਾਲ ਡਾਂਗ]

ਕਹਾਂਗਾ। ਪਹਿਲਾਂ ਮੈਂ ਇਸ ਬਿਲ ਦੇ ਤੱਤ ਦੀ ਗੱਲ ਕਰਦਾ ਹਾਂ । ਇਸ ਵਿਚ ਕਿਸੇ ਦੀਆਂ ਵੀ ਦੋ ਰਾਇਆਂ ਨਹੀਂ ਹੋ ਸਕਦੀਆਂ ਕਿ ਅੱਜ ਦੀ ਸਮਾਜ ਦੇ ਵਿਚ ਬਰਾਬਰੀ ਦੇ ਅਧਾਰ ਤੇ ਚੋਣ ਲੜ ਕੇ ਔਰਤਾਂ ਨਹੀਂ ਆ ਸਕਦੀਆਂ । ਉਨ੍ਹਾਂ ਲਈ ਇਸ ਢੰਗ ਨਾਲ ਬਰਾਬਰੀ ਹਾਸਲ ਕਰਨਾ ਕੋਈ ਸੰਭਵ ਨਹੀਂ ਹੈ । ਪੰਜਾਬ ਦੇ ਵਿਚ 104 ਮਿਉਂਸਪਲ ਕਮੇਟੀਆਂ ਹਨ ਇਨ੍ਹਾਂ ਵਿਚ ਹੁਣ ਤਕ ਚੋਣ ਲੜਨ ਲਈ ਕਿਤਨੀਆਂ ਕੁ ਆਈਆਂ ਅਤੇ ਕਿਤਨੀਆਂ ਕੁ ਕਾਮਿਯਾਬ ਹੋਈਆਂ ਇਸ ਤੋਂ ਹੀ ਸਾਰੀ ਗਲ ਸਪਸ਼ਟ ਹੋ ਜਾਂਦੀ ਹੈ। ਇਸ ਲਈ ਔਰਤਾਂ ਨੂੰ ਮੁਨਾਸਿਬ ਨੁਮਾਇੰਦਗੀ ਦੇਣ ਵਿਚ, ਜਿਨ੍ਹਾਂ ਚਿਰ ਉਹ ਸਮਾਜ ਦੇ ਵਿਚ ਬਰਾਬਰੀ ਹਾਸਲ ਨਹੀਂ ਕਰ ਲੈਂਦੀਆਂ ਸਾਨੂੰ ਕੋਈ ਨਾ ਕੋਈ ਰਾਹ ਕਢਣਾ ਹੀ ਚਾਹੀਦਾ ਹੈ । ਜਿਸ ਤਰ੍ਹਾਂ ਕਿ ਪੰਚਾਇਤਾਂ ਵਿਚ ਇਨ੍ਹਾਂ ਨੂੰ ਨੁਮਾਇੰਦਗੀ ਦੇਣ ਦੇ ਲਈ ਸੋਚਿਆ ਗਿਆ, ਇਹ ਦਰੁਸਤ ਹੀ ਸੋਚਿਆ ਗਿਆ । ਇਸ ਤਰ੍ਹਾਂ ਦਾ ਰਾਹ ਜਿਸ ਤਰ੍ਹਾਂ ਕਿ ਪੰਚਾਇਤਾਂ ਦੇ ਵਿਚ ਕਢਿਆ ਗਿਆ, ਪੰਚਾਇਤਾਂ ਵਿਚ ਔਰਤਾਂ ਨੂੰ ਨੁਮਾਇੰਦਗੀ ਦੇ ਕੇ ਇਕ ਦਰੁਸਤ ਸੋਚਿਆ ਗਿਆ । ਸ਼ੈਡੂਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੇ ਲੋਕ ਰੀਜ਼ਰਵ ਸੀਟਾਂ ਤੋਂ ਆਉਂਦੇ ਹਨ ਹੋਰ ਉਨ੍ਹਾਂ ਤੋਂ ਸਵਾਏ ਉਥੋਂ ਕੋਈ ਖੜਾ ਨਹੀਂ ਹੋ ਸਕਦਾ । ਪਰ ਇਹ ਇਕ ਹਕੀਕਤ ਹੈ ਕਿ ਸ਼ੈਡੂਲਡ ਕਾਸਟਸ ਤੋਂ ਇਲਾਵਾ ਇਕ ਹਿੱਸਾ ਉਹ ਵੀ ਇਨ੍ਹਾਂ ਦੇ ਵਿਚ ਵਸਦਾ ਹੈ ਜਿਨ੍ਹਾਂ ਨੂੰ ਕਿ ਭੰਗੀ ਜਾਂ ਬਾਲਮੀਕੀ ਕਿਹਾ ਜਾਂਦਾ ਹੈ। ਸਰਕਾਰ ਨੇ ਇਨ੍ਹਾਂ ਲੋਕਾਂ ਨੂੰ ਉਚਾ ਚੁਕਣ ਦਾ ਕੋਈ ਉਪਰਾਲਾ ਨਹੀਂ ਕੀਤਾ । ਹਾਲਾਤ ਦੇ ਮੁਤਾਬਿਕ ਸਫਾਈ ਕਰਨ ਵਾਲਿਆਂ ਨੂੰ ਵੀ ਕੁਰਸੀ ਤੇ ਬੈਠਣ ਵਾਲਿਆ ਦੇ ਬਰਾਬਰ ਲਿਆਉਣਾ ਚਾਹੀਦਾ ਹੈ । ਜਿਸ ਤਰ੍ਹਾਂ ਸ਼ੈਡੂਲਡ ਕਾਸਟਸ ਅਤੇ ਬੈਕਵਰਡ ਕਲਾਸਿਜ ਲਈ ਰਿਜ਼ਰਵੇਸ਼ਨ ਹੈ ਇਸੇ ਤਰ੍ਹਾਂ ਬਾਲਮੀਕੀ ਕਲਾਸ ਨੂੰ ਵੀ ਬਰਾਬਰੀ ਦੇ ਦਰਜੇ ਤੇ ਲਿਆਉਣ ਲਈ ਕੋਆਪਸ਼ਨ ਦੇਣੀ ਜ਼ਰੂਰੀ ਹੈ ਇਹ ਇਕ ਦਰੁਸਤ ਜੇਹੀ ਗਲ ਹੈ । ਇਸੇ ਤਰ੍ਹਾਂ ਔਰਤਾਂ ਨੂੰ ਕੋਆਪਸ਼ਨ ਹੋਣੀ ਚਾਹੀਦੀ ਹੈ । ਜੇ ਸ਼ਡੂਲਡ ਕਾਸਟਸ ਦੀ ਇਕ ਔਰਤ ਦੋ ਔਰਤਾਂ ਵਿਚੋਂ ਆਉਂਦੀ ਹੈ ਤਾਂ ਦੂਸਰੀ ਸੀਟ ਦੇ ਲਈ ਜੇ ਬਾਲਮੀਕੀਆਂ ਨੂੰ ਦੇ ਦਿਤੀ ਜਾਂਵੇ ਤਾਂ ਇਹ ਦਰੁਸਤ ਗਲ ਹੋਵੇਗੀ। ਇਸ ਤਰ੍ਹਾਂ ਉਹ ਵੀ ਆਪਣੀ ਪਾਰਟੀ ਦੀ ਨੁਮਾਇੰਦਗੀ ਕਰ ਸਕਦੇ ਹਨ ।

ਇਕ ਗੱਲ ਮੈਂ ਇਥੇ ਸੰਧੂ ਸਾਹਿਬ ਦੇ ਕੋਲ ਅਰਜ਼ ਕਰਦਾ ਹਾਂ । ਇਥੇ ਇਕ ਗੱਲ ਮਾਸਟਰ ਗੁਰਬੰਤਾ ਸਿੰਘ ਜੀ ਨੇ ਕਹੀ ਕਿ ਚੋਣ ਵੋਟਾਂ ਨਾਲ ਹੋਵੇ ਸ਼ਹਿਰਾਂ ਵਿਚ ਵਾਰਡ ਬਣੇ ਹੁੰਦੇ ਹਨ ਪਰ ਪਿੰਡਾਂ ਦੇ ਵਿਚ ਨਹੀਂ । ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਸ ਤਰ੍ਹਾਂ ਤਾਂ ਦੋ ਬੋਗਸ ਸੀਟਾਂ ਤੇ ਜ਼ਨਾਨੀਆਂ ਵੀ ਖੜੀਆਂ ਕੀਤੀਆਂ ਜਾ ਸਕਦੀਆਂ ਹਨ । ਇਕ ਨੂੰ 15 ਵੋਟਾਂ ਹੋ ਗਈਆਂ ਅਤੇ ਇਕ ਨੂੰ 10 ਪੈ ਗਈਆਂ । ਮੈਂ ਸਮਝਦਾ ਹਾਂ ਇਥੇ ਅਕਲੀਅਤ ਜਾਂ ਅਕਸਰੀਅਤ ਦਾ ਸਵਾਲ ਨਹੀਂ ਹੋਣਾ ਚਾਹੀਦਾ, ਹੋਣਾ ਇਹ ਚਾਹੀਦਾ ਹੈ ਕਿ ਉਨ੍ਹਾਂ ਦਾ ਸਿੰਪਲ ਮੈਜਾਰਟੀ ਦੇ ਨਾਲ ਕੋਆਪਟ ਕਰ ਦਿੱਤਾ ਜਾਵੇ, ਇਸ ਤਰ੍ਹਾਂ ਹੋ ਜਾਣ ਨਾਲ ਇਹ ਕੋਈ ਗਲਤ ਗਲ ਨਹੀਂ ਹੋਵੇਗੀ ।

ਹੁਣ ਮੈਂ ਕੁਝ ਕੌੜੀਆਂ ਗਲਾਂ ਕਹਿਣਾ ਚਾਹੁੰਦਾ ਹਾਂ । ਉਹ ਇਹ ਹਨ ਕਿ ਪਹਿਲਾਂ ਤਾਂ ਉਹ ਕਿਹੜੇ ਸੱਰਕਮੁਸਟਾਂਸਿਜ਼ ਹਨ ਜਿਨ੍ਹਾਂ ਕਰਕੇ ਇਹ ਆਰਡੀਨੈਂਸ ਜਾਰੀ ਹੋਇਆ ? ਮੈਨੂੰ ਇਹ ਗੱਲ ਕਹਿਣ ਦੇ ਵਿਚ ਕੋਈ ਝਿਜਕ ਨਹੀਂ ਕਿ 17 ਤਾਰੀਖ ਨੂੰ ਅੰਮ੍ਰਿਤਸਰ ਮਿਉਂਸਪਲ ਕਮੇਟੀ ਦੀਆਂ ਵੋਟਾਂ ਪੈਣੀਆਂ ਸਨ, ਉਸੇ ਤਾਰੀਖ ਨੂੰ ਪੰਜਾਬ ਦੇ ਚੀਫ ਮਨਿਸਟਰ ਨੇ ਅੰਮ੍ਰਿਤਸਰ ਇਕ ਪ੍ਰੈਸ ਕਾਨਫਰੰਸ ਕੀਤੀ ਜਿਸ ਦੀ ਖਬਰ 18 ਤਾਰੀਖ ਦੀ ਟਰੀਬੀਊਨ ਦੇ ਵਿਚ ਛਾਪੀ ਗਈ । ਉਹ ਇਹ ਸੀ ਕਿ ਅਸੈਂਬਲੀ ਦੇ ਮੈਂਬਰਜ਼ ਵੀ ਮਿਉਂਸਪਲ ਕਮੇਟੀਆਂ ਦੇ ਮੈਂਬਰਜ਼ ਹੋਣਗੇ । ਉਹ ਕਾਰਵਾਈ ਦੇ ਵਿਚ ਹਿਸਾ ਜ਼ਰੂਰ ਲੈ ਸਕਣਗੇ ਪਰ ਉਨ੍ਹਾਂ ਨੂੰ ਵੋਟ ਦਾ ਕੋਈ ਹੱਕ ਨਹੀਂ ਹੋਵੇਗਾ (ਇਕ ਮਾਨਯੋਗ ਮੈਂਬਰ : ਇਹ ਇਕ ਗਲਤ ਰਿਪੋਰਟ ਛਾਪੀ ਸੀ) ਇਹ ਗਲਤ ਨਹੀਂ ਸੀ, ਮੈਂ ਇਹ ਸਾਬਤ ਕਰ ਸਕਦਾ ਹਾਂ । ਇਸ ਦੀ ਤਹਿ

ਵਿਚ ਲੋਕਾਂ ਨੇ ਇਹ ਸੋਚਿਆਂ ਕਿ ਉਹ ਕੁਝ ਮੈਂਬਰਾਂ ਨੂੰ 17 ਤਾਰੀਖ ਤੱਕ ਵੋਟਾਂ ਹਾਸਲ ਕਰਨ ਦੀ ਗਰਜ਼ ਨਾਲ ਕਹਿੰਦੇ ਰਹੇ ਤਾਂ ਜੋ ਉਥੇ ਮਾਈਨਾਰੇਟੀ ਨੂੰ ਮੈਜਾਰਟੀ ਦੇ ਵਿਚ ਬਦਲਿਆ ਜਾਵੇ। ਉਥੇ ਲੋਕਾਂ ਨੇ ਇਹ ਆਵਾਜ਼ ਉਠਾਈ ਕਿ ਭਾਵੇਂ ਕਿਤੇ ਮਨਾਰਟੀ ਹੋਵੇ ਜਾਂ ਮਜਾਰਟੀ ਪਰ ਸਾਡਾ ਹੱਕ ਇਕ ਐਮ. ਐਲ.ਏ. ਨੂੰ ਕਿਉਂ ਦਿੱਤਾ ਜਾਵੇ। ਜਦੋਂ ਚੋਣਾਂ ਖਤਮ ਹੋ ਗਈਆਂ ਅਤੇ ਐਮ.ਐਲ.ਏਜ਼. ਜਿਥੇ ਛੋਟੇ ਸ਼ਹਿਰਾਂ ਵਿਚ ਇਨ੍ਹਾਂ ਦੇ ਨਹੀਂ ਸਨ ਇਨ੍ਹਾਂ ਨੂੰ ਡਰ ਸੀ ਕਿ ਕਿਤੇ ਕਾਂਗਰਸ ਦੀ ਮੈਜਾਰਟੀ ਮਾਈਨਾਰਟੀ ਦੇ ਵਿਚ ਨਾ ਆ ਜਾਵੇ, ਇਨ੍ਹਾਂ ਨੇ ਆਪਣਾ ਪੈਂਤੜਾ ਹੋਰ ਪਾਸੇ ਬਦਲ ਲਿਆ। ਗਿਆਨੀ ਜੀ ਨੇ ਫੇਰ ਤਕਰੀਰ ਕੀਤੀ ਕਿ ਜਿਥੇ ਜਿਥੇ ਬੈਕਵਰਡ ਚੁਣੇ ਜਾਣੇ ਹਨ, ਉਨ੍ਹਾਂ ਵਿਚੋਂ ਇਕ ਬੈਕਵਰਡ ਹੋਵੇਗਾ ਅਤੇ ਇਕ ਬਾਲਮੀਕੀ ਹੋਵੇਗਾ। ਇਸ ਤਰ੍ਹਾਂ ਉਨ੍ਹਾਂ ਦਾ ਖਿਆਲ ਸੀ ਕਿ ਨਾਮੀਨੇਟਿਡ ਲੈ ਕੇ ਅਸੀਂ ਮਾਈਨਾਰਟੀ ਨੂੰ ਮੈਜਾਰਟੀ ਵਿਚ ਬਦਲਣ ਦੀ ਕੋਸ਼ਿਸ਼ ਕਰਾਂਗੇ। ਜਦੋਂ ਲੋਕਾਂ ਨੇ ਇਸ ਦੇ ਖਿਲਾਫ ਵੀ ਆਵਾਜ਼ ਉਠਾਈ ਤਾਂ ਉਨ੍ਹਾਂ ਨੂੰ ਚੁਪ ਕਰਨਾ ਪਿਆ। ਫੇਰ ਗਿਆਨੀ ਜੀ ਕਹਿਣ ਲਗ ਪਏ ਕਿ ਅਸੀਂ ਨਾਮੀਨੇਟ ਨਹੀਂ ਕਰਾਂਗੇ ਅਸੀਂ ਕੋ-ਆਪਟ ਕਰਾਂਗੇ ਅਤੇ 2/3 ਦੀ ਰੇਸ਼ੋ ਨਾਲ ਕੋ-ਆਪਟ ਕਰਾਂਗੇ ਤਾਂ ਜੋ ਆਪਣੀ ਮਾਈਨਰਟੀ ਨੂੰ ਮੈਜਾਰਟੀ ਦੇ ਵਿਚ ਲਿਆਂਦਾ ਜਾਵੇ, ਇਸ ਦੇ ਖਿਲਾਫ ਵੀ ਬੜਾ ਸਖਤ ਰੌਲਾ ਪਿਆ। (ਸ਼ੋਰ) ਏਥੇ ਹੁਣ ਮੈਂ ਇਨ੍ਹਾਂ ਦੇ ਲਈ ਕੋਈ ਕਰੜੇ ਸ਼ਬਦ ਨਹੀਂ ਵਰਤਦਾ ਇਤਨਾ ਹੀ ਕਹਾਂਗਾ ਕਿ ਜਿਸ ਵੇਲੇ ਇਨ੍ਹਾਂ ਤੇ ਲੋਕਾਂ ਵਲੋਂ * * * ਪਈਆਂ ਤਾਂ ਫਿਰ ਇਹ ਮੁੜ ਕੇ ਠੀਕ ਗਲ ਤੇ ਆਏ। ਮੈਂ ਇਸ ਗਲ ਦੇ ਹੱਕ ਵਿਚ ਹਾਂ ਕਿ ਇਹ ਸਿੰਪਲ ਮੈਜਾਰਿਟੀ ਦੇ ਨਾਲ ਹੋਵੇ। . .

ਸ਼੍ਰੀ ਪ੍ਰੇਮ ਗੁਪਤਾ : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ * * * ਦਾ ਸ਼ਬਦ ਪਾਰਲੀਮੈਂਟਰੀ ਹੈ ?

ਸ੍ਰੀ ਡਿਪਟੀ ਸਪੀਕਰ : ਇਹ * * * ਦਾ ਸ਼ਬਦ ਕਟ ਦਿਤਾ ਜਾਵੇ। (The word * * * may be expunged)

ਸਰਦਾਰ ਅਜਾਇਬ ਸਿੰਘ ਸੰਧੂ : ਜੇ * * * ਸ਼ਬਦ ਅਨਪਾਰਲੀਮੈਂਟਰੀ ਹਨ ਤਾਂ ਡੰਡੇ, ਸੋਟੇ ਪਏ ਲਿਖੇ ਜਾ ਸਕਦੇ ਹਨ ....(ਸ਼ੋਰ)

ਕਾਮਰੇਡ ਸੱਤਪਾਲ ਡਾਂਗ : ਏਥੇ ਅਖ਼ਬਾਰਾਂ ਬਾਰੇ ਇਕ ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਅਖਬਾਰਾਂ ਗਲਤ ਖਬਰ ਛਪਦੀਆਂ ਹਨ। ਮੇਰੇ ਪਾਸ ਇਕ ਡਾਇਰੈਕਟਰ ਦਾ ਨੋਟਿਸ ਹੈ ਜੋ ਮੈਂ ਪੜ੍ਹ ਕੇ ਸੁਣਾਉਂਦਾ ਹਾਂ।

Copy of letter No. D.L. G-72/881-91, dated the 23rd June, 1972, from the Director, Local Govt, Punjab, Chandigarh to all the Deputy Commissioners in the State.

Subject: Nomination of persons of certain categories on Municipal Committees in the State.

I am directed to bring to your notice that a proposal is under consideration of the State Government for amending Section 12 of the Punjab Municipal Act, 1911 through an Ordinance to provide for nomination of Members on Municipal Committees from the following categories to the extent indicated against each—

---

*Expunged as ordered by the Chair.

[ਕਾਮਰੇਡ ਸੱਤਪਾਲ ਡਾਂਗ]

ਡਿਪਟੀ ਸਪੀਕਰ ਸਾਹਿਬ, ਇਹ ਰਿਵਿਊਜ਼ ਕਰਨ ਕਿ ਇਨ੍ਹਾਂ ਦੇ ਡਾਇਰੈਕਟਰ ਨੇ ਇਹ ਸਰਕੂਲਰ ਨਹੀਂ ਕਢਿਆ । ਅਜੇ ਸਰਕਾਰ ਨੇ ਇਹ ਆਰਡੀਨੈਂਸ ਜਾਰੀ ਨਹੀਂ ਸੀ ਕੀਤਾ ਅਤੇ ਉਹ ਡੀ.ਸੀ. ਦੀਆਂ ਸਿਫਾਰਸ਼ਾਂ ਮੰਗਣ ਲਗ ਪਿਆ ਸੀ । ਸਿਫਾਰਸ਼ਾਂ ਲਈ ਜਿਹੜਾ ਚਾਰਟ ਭਰਨਾ ਸੀ, ਉਹ ਚਾਰਟ ਵੀ ਇਸ ਸਰਕੂਲਰ ਦੇ ਨਾਲ ਲਗਿਆ ਹੋਇਆ ਹੈ (ਵਿਘਨ) ਹਰਿਆਣੇ ਦਾ ਨਹੀਂ ਹੈ, ਪੰਜਾਬ ਦਾ ਹੈ, ਉਸ ਦਾ ਨਾਂ ਜੋਸ਼ੀ ਹੈ। ਜੇ ਕਹੋ ਤਾਂ ਉਸਦਾ ਹੁਲੀਆਂ ਵੀ ਦਸ ਦਿਆਂ ।(ਵਿਘਨ) ਫਿਰ ਡਿਪਟੀ ਸਪੀਕਰ ਸਾਹਿਬ, ਜਦੋਂ ਲੋਕਾਂ ਵਲੋਂ ਇਸ ਚੀਜ਼ ਦੀ ਵਿਰੋਧਤਾ ਹੋਈ (ਵਿਘਨ) (ਆਵਾਜ਼ਾਂ: ਜੋਸ਼ੀ ਤਾਂ ਹਰਿਆਣੇ ਦਾ ਹੈ) ਤੁਸੀਂ ਅਜੇ ਮਨਿਸਟਰ ਨਹੀਂ ਬਣੇ, ਤੁਹਾਨੂੰ ਨਹੀਂ ਪਤਾ । (ਹਾਸਾ) ਨਾਲ ਹੀ ਪਾਂਡੇ ਸਾਹਿਬ ਬੈਠੇ ਹਨ ਉਨ੍ਹਾਂ ਨੂੰ ਪੁਛ ਲਓ । ਡਿਪਟੀ ਸਪੀਕਰ ਸਾਹਿਬ, ਇਸ ਹਿਸਟਰੀ ਦਾ ਜ਼ਿਕਰ ਇਥੇ ਮੈਂ ਇਸ ਲਈ ਕੀਤਾ ਹੈ ਕਿ ਇਨ੍ਹਾਂ ਦੀ ਨੀਅਤ ਚੰਗੀ ਨਹੀਂ ਸੀ ਇਹ ਮੈਜਾਰਟੀ ਦਾ ਮਾਈਨਾਰਟੀ ਵਿਚ ਬਦਲਣਾ ਚਾਹੁੰਦੇ ਸੀ । (ਵਿਘਨ) ਇਸ ਵੇਲੇ ਕਈ ਸਜਣ ਗੱਲਾਂ ਕਰ ਰਹੇ ਹਨ । ਧੰਨੋਵਾਲੀ ਸਾਹਿਬ ਇਹ ਕਹਿੰਦੇ ਹਨ ਕਿ ਅਸੀਂ ਜਨਸੰਘ ਦੇ ਨਾਲ ਮਿਲ ਗਏ ਹਾਂ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਜਨਸੰਘ ਦੇ ਨਾਲ ਕੌਣ ਮਿਲਿਆ ਹੈ ? ਛਰਹਟਾ ਇਕ ਅਜਿਹੀ ਕਮੇਟੀ ਹੈ ਜਿਥੇ ਜਦੋਂ ਤੋਂ ਇਹ ਬਣੀ ਹੈ ਕਮਿਊਨਿਸਟ ਸਪੌਂਸਰਡ ਮੁਹਾਜ਼......... ।

ਸ੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ, ਕਿਤਨਾ ਟਾਈਮ ਹੋਰ ਲਉਗੇ । (Dang Sahib, how much more time will you require ?)

ਕਾਮਰੇਡ ਸੱਤਪਾਲ ਡਾਂਗ : 3-4 ਮਿੰਟ ਹੋਰ ।

ਸਿਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਦ ਇਕ ਹੋਰ ਮੋਸ਼ਨ ਹੈ, ਜੇ ਉਹ ਪੇਸ਼ ਨਹੀਂ ਕਰਨਾ ਚਾਹੁੰਦੇ ਤਾਂ ਬੇਸ਼ਕ ਇਸ ਤੇ ਹੋਰ ਬੋਲ ਲੈਣ ਨਹੀਂ ਤਾਂ ਉਨ੍ਹਾਂ ਨੂੰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਦੇ ਮੁਤਾਬਕ ਹੀ ਚਲਣਾ ਚਾਹੀਦਾ ਹੈ ।

ਕਾਮਰੇਡ ਸਤਪਾਲ ਡਾਂਗ : ਮਾਸਟਰ ਜੀ ਨੂੰ ਰੋਕਣਾ ਸੀ ਉਸ ਵੇਲੇ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਬਟਾਲੇ ਦੀ ਕਮੇਟੀ ਸੀ । ਜਨਸੰਘ ਦੇ ਮੈਂਬਰ ਸੀ 11 ਕਾਂਗਰਸ ਦੇ ਮੈਂਬਰ ਸੀ 10 ਇਨ੍ਹਾਂ ਨੇ ਇਕ ਜਨਸੰਘ ਦੇ ਮੈਂਬਰ ਦਾ ਨਾਂ ਗਜ਼ਟ ਨਹੀਂ ਹੋਣ ਦਿਤਾ । ਦੋਨੋ ਹੋ ਗਏ 10-10 ਫਿਰ 3 ਮੈਂਬਰ ਇਨ੍ਹਾਂ ਨੇ ਕੋਆਪਟ ਕੀਤੇ ਅਤੇ ਇਹ ਹੋ ਗਏ 13 ਅਤੇ ਉਹ ਰਹਿ ਗਏ 10 । ਪਰ ਫਿਰ ਹਾਈ ਕੋਰਟ ਨੇ ਇਨ੍ਹਾਂ ਦੇ ਮੂੰਹ ਤੇ ਚਪੇੜ ਮਾਰੀ ਤਾਂ ਕੀ ਮਜ਼ਾ ਆਇਆ । (ਹਾਸਾ) (ਵਿਰੋਧੀ ਬੈਂਚਾਂ ਵਲੋਂ ਤਾੜੀਆਂ) ਤੋਂ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਛਰਹਟੇ ਵਿਚ ਇਨ੍ਹਾਂ ਨੇ ਅਤੇ ਜਨਸੰਘ ਨੇ ਕਮਿਊਨਿਸਟ ਪਾਰਟੀ ਦੇ ਖਿਲਾਫ ਰਲ ਕੇ ਚੋਣਾ ਲੜੀਆਂ । ਇਨ੍ਹਾਂ ਕਰਕੇ ਇਕ ਸੀਟ ਉਹ ਲੈ ਗਏ ਅਤੇ ਉਨ੍ਹਾਂ ਕਰਕੇ ਇਕ ਸੀਟ ਇਹ ਲੈ ਗਏ । ਹੁਣ ਦੱਸੋ ਜਨਸੰਘ ਦਾ ਯਾਰ ਕੌਣ ਹੈ ? ਸਾਨੂੰ ਕੋਈ ਜਨਸੰਘ ਦਾ ਦੋਸਤ ਹੋਣ ਦਾ ਤਾਹਨਾ ਨਹੀਂ ਮਾਰ ਸਕਦਾ ।

ਸ੍ਰੀ ਵਿਸ਼ਵਾਮਿਤਰ ਸੇਖੜੀ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਜੋ ਕੁਝ ਡਾਂਗ ਸਾਹਿਬ ਨੇ ਬਟਾਲੇ ਬਾਰੇ ਕਿਹਾ ਹੈ, ਉਹ ਗਲਤ ਹੈ ਉਸ ਮੈਂਬਰ ਦਾ ਨਾਂ ਇਸ ਲਈ ਗਜ਼ਟ ਨਹੀਂ ਸੀ ਹੋਇਆ ਕਿਉਂਕਿ ਉਸ ਦਾ ਨਾਂ ਅਤੇ ਉਸ ਦੇ ਬਾਪ ਦਾ ਨਾਂ ਲਿਸਟਾਂ ਦੇ ਵਿਚ ਗਲਤ ਸੀ ਅਤੇ ਉਸ ਦੇ ਨਾਮੀਨੇਸ਼ਨ ਦੇ ਪੇਪਰ ਵੀ ਇਸ ਕਰਕੇ ਗਲਤ ਹੋ ਗਏ ਸੀ ।

ਸ੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ । (It is no point of order.)

ਕਾਮਰੇਡ ਸੱਤ ਪਾਲ ਡਾਂਗ : ਫਿਰ ਡਿਪਟੀ ਸਪੀਕਰ ਸਾਹਿਬ ਇਕ ਹੋਰ ਗਲਤ ਗੱਲ ਜੋ ਹੋਈ ਹੈ, ਉਹ ਮੈਂ ਤੁਹਾਨੂੰ ਦੱਸਦਾ ਹਾਂ ਕਿ ਇਨ੍ਹਾਂ ਦੀ ਨੀਅਤ ਕੀ ਹੈ । ਇਥੇ ਖਰੜ ਦੀ ਕਮੇਟੀ ਹੈ, ਉਸ ਵਿਚ ਕਾਂਗਰਸ ਦੀ ਮੈਜਾਰਿਟੀ ਹੈ । ਕਾਂਗਰਸ ਦੇ 2 ਧੜੇ ਹਨ । ਉਥੇ ਇਕ ਗਰੁਪ ਹੈ ਜਿਹੜਾ ਇਨ ਪਾਵਰ ਹੈ ਅਤੇ ਜਿਸ ਨੂੰ ਮਨਿਸਟਰ ਸਾਹਿਬ ਬਿਲੌਂਗ ਕਰਦੇ ਹਨ । ਉਥੇ ਇਕ ਮੈਂਬਰ ਕੋਆਪਟ ਹੋ ਗਿਆ । ਉਹ ਕਮਿਊਨਿਸਟ ਹੈ, ਉਸ ਦਾ ਨਾਂ ਇਸ ਲਈ ਗਜ਼ਟ ਨਹੀਂ ਹੋ ਰਿਹਾ ਕਿਉਂਕਿ ਉਹ ਉਸ ਆਦਮੀ ਨੂੰ ਸਪੋਰਟ ਨਹੀਂ ਕਰੇਗਾ ਜਿਸਨੂੰ ਕਿ ਮਨਿਸਟਰ ਸਾਹਿਬ ਪਸੰਦ ਕਰਦੇ ਹਨ । (ਸ਼ੇਮ–ਸ਼ੇਮ) ਡਿਪਟੀ ਸਪੀਕਰ ਸਾਹਿਬ ਇਨ੍ਹਾਂ ਦੀ ਜਿਹੜੀ ਇਸ ਨੀਅਤ ਦਾ ਇਜ਼ਹਾਰ ਹੋਇਆ ਹੈ ਅਜਿਹੀ ਨੀਅਤ ਦਾ ਇਜ਼ਹਾਰ ਉਸ ਵੇਲੇ ਹੋਇਆ ਕਰਦਾ ਸੀ ਜਿਸ ਵੇਲੇ ਕਾਂਗਰਸ ਯੂਨਾਈਟਿਡ ਸ਼ੀ ਅਤੇ ਉਸ ਦੀ ਨੀਅਤ ਇਹ ਹੁੰਦੀ ਸੀ ਕਿ ਕਿਸੇ ਤਰ੍ਹਾਂ ਵੀ ਤਾਕਤ ਤੇ ਕਬਜ਼ਾ ਕਰ ਲਓ, ਇਹ ਸਾਡੀ ਤਾਕਤ ਨੂੰ ਵਧਾਏਗਾ । ਮੈਂ ਇਨ੍ਹਾਂ ਨੂੰ ਵਾਰਨ ਕਰਦਾ ਹਾਂ ਕਿ ਇਹ ਤਰੀਕਾ ਯੂਨਾਈਟਿਡ ਕਾਂਗਰਸ ਲਈ ਫਾਇਦੇਮੰਦ ਨਹੀਂ ਸੀ ਸਾਬਤ ਹੋਇਆ, ਤੁਹਾਡੇ ਲਈ ਵੀ ਨਹੀਂ ਹੋਵੇਗਾ । ਫਿਰ ਡਿਪਟੀ ਸਪੀਕਰ ਸਾਹਿਬ ਇਥੇ ਮਿਊਨਿਸਪਲ ਕਮੇਟੀਆਂ ਤੱਕ ਹੀ ਗਲ ਮਹਿਦੂਦ ਨਹੀਂ ਹੈ । ਇਨ੍ਹਾਂ ਦਾ ਇਕ ਆਈ.ਜੀ. ਅਸ਼ਵਨੀ ਕੁਮਾਰ ਹੈ । ਉਸ ਨੇ ਅਤੇ ਉਸ ਦੇ ਐਸ. ਪੀਜ਼. ਨੇ ਲੋਕਾਂ ਤੋਂ ਢਾਈ ਲੱਖ ਰੁਪਿਆ ਜ਼ਬਰਦਸਤੀ ਸੈਰ ਲਈ ਉਗਰਾਹਿਆ ਕਿ ਹਾਕੀ ਦੀ ਟੀਮ ਨੇ ਮਿਊਨਿਖ .... ।

(ਇਸ ਵੇਲੇ ਹਾਊਸ ਵਿਚ ਸ਼ੋਰ ਪੈ ਗਿਆ ਕਈ ਮੈਂਬਰ ਸਾਹਿਬਾਨ ਆਪਣੀ ਆਪਣੀ ਸੀਟ ਤੇ ਖੜੇ, ਹੋ ਗਏ)

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਆਨ ਏ ਪੁਆਇਟ ਆਫ ਆਰਡਰ ਸਰ । ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ, ਵੱਡੇ ਪੁਰਾਣੇ ਪਾਰਲੀਮੈਂਟੇਰੀਅਨ ਹਨ, ਪਰ ਅਜ ਉਹ ਇਰਰੇ–ਲੇਵੈਂਟ ਗਲਾਂ ਕਰ ਰਹੇ ਹਨ । ਹੋਰ ਕੋਈ ਹੁੰਦਾ ਤਾਂ ਸ਼ਾਇਦ ਨਾ ਹੀ ਕਹਿੰਦਾ । ਪਰ ਜੇ ਉਨ੍ਹਾਂ ਵਰਗੇ ਸਿਆਣੇ ਮੈਂਬਰ ਵੀ ਅਜਿਹਾ ਕਰਨ ਲਗ ਪੈਣ ਤਾਂ ਅਸੀਂ ਹੋਰਾਂ ਨੂੰ ਕੀ ਆਖ ਸਕਦੇ ਹਾਂ ।

ਸ੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ ਹੁਣ ਤੁਸੀਂ ਵਾਇੰਡ ਅਪ ਕਰ ਦਿਉ । (Dang Sahib, please wind up now.)

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੈਂ ਕੈਪਟਨ ਸਾਹਿਬ ਦੀ ਮਦਦ ਕਰ ਦਿਆਂ । ਮੈਂ ਉਨ੍ਹਾਂ ਨੂੰ ਦਸਦਾ ਹਾਂ ਕਿ ਅਜਿਹਾ ਕੇਵਲ ਲੋਕਲ ਗੌਰਮਿੰਟ ਡਿਪਾਰਟਮੈਂਟ ਵਿਚ ਹੀ ਨਹੀਂ ਹੋਇਆ, ਹਰ ਇਕ ਡਿਪਾਰਟਮੈਂਟ ਵਿਚ ਇਸ ਤਰ੍ਹਾਂ ਹੋ ਰਿਹਾ ਹੈ । ਅਜ ਇੰਦਰਾ ਕਾਂਗਰਸ ਵੀ ਡਿਸਾਈ ਕਾਂਗਰਸ ਦੇ ਰਾਹ ਤੇ ਤੁਰ ਪਈ ਹੈ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਆਪਣਾ ਰਸਤਾ ਦਰੁਸਤ ਕਰਨ । ਇਸ ਨਾਲ ਹੀ ਪੰਜਾਬ ਦਾ ਵੀ ਭਲਾ ਹੋਵੇਗਾ ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਦੂਜੀ ਬੇਨਤੀ ਇਹ ਕਰਨੀ ਹੈ ਕਿ ਇਨ੍ਹਾਂ ਕੋਲ ਆਲ ਪਾਰਟੀਜ਼ ਦੀਆਂ ਐਗਰੀਡ ਮਿਊਂਸਪਲ ਐਕਟ ਤੇ ਤਰੀਮੀਮਾਂ ਪਈਆਂ ਹਨ, ਉਹ ਵੀ ਬਿਲ ਵਿਚ ਰੱਖ ਦੇਣ । ਉਨ੍ਹਾਂ ਤਰਮੀਮਾਂ ਦਾ ਸਬੰਧ ਲੋਕਾਂ ਦੇ ਨਾਲ ਵੀ ਹੈ ਅਤੇ ਕਮੇਟੀਆਂ ਦੇ ਕਰਮਚਾਰੀਆਂ ਦੇ ਨਾਲ ਵੀ । (ਘੰਟੀ) ਅਖੀਰ ਵਿਚ ਡਿਪਟੀ ਸਪੀਕਰ ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਇਸ ਆਰਡੀਨੈਂਸ ਦਾ ਜੋ ਤੱਤ

[ਕਾਮਰੇਡ ਸੱਤਪਾਲ ਡਾਂਗ]

ਹੈ ਉਹ ਠੀਕ ਹੈ । ਲੋਕਾਂ ਨੇ ਇਨ੍ਹਾਂ ਨੂੰ ਮਜਬੂਰ ਕੀਤਾ ਹੈ ਤਾਂ ਇਹ ਆਰਡੀਨੈਂਸ ਲਿਆਏ ਸਨ ਪਰ ਜਿਸ ਨੀਅਤ ਦਾ ਇਜ਼ਹਾਰ ਇਨ੍ਹਾਂ ਨੇ ਕੀਤਾ ਹੈ ਉਹ ਜਮਹੂਰੀਅਤ ਵਾਸਤੇ ਅਤੇ ਕਾਂਗਰਸ ਪਾਰਟੀ ਵਾਸਤੇ ਠੀਕ ਨਹੀਂ ਹੈ । ਇਸ ਕਾਂਗਰਸ ਨੂੰ ਪੁਰਾਣੀ ਕਾਂਗਰਸ ਦੇ ਰਾਹ ਤੇ ਨਹੀਂ ਚਲਣਾ ਚਾਹੀਦਾ ਮੈਂ ਖਾਸ ਤੌਰ ਤੇ ਕਪੂਰ ਸਾਹਿਬ ਵਰਗੇ ਸਜਣਾਂ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਮਹਿੰਗਾਈ ਦੇ ਖਿਲਾਫ ਅਵਾਜ਼ ਚੁਕੀ ਹੈ ਉਸੇ ਤਰ੍ਹਾਂ ਇਸ ਚੀਜ਼ ਦੇ ਖਿਲਾਫ ਵੀ ਅਵਾਜ਼ ਚੁਕਣ ।

ਸ੍ਰੀ ਡਿਪਟੀ ਸਪੀਕਰ : ਚੌਧਰੀ ਰਾਮ ਸਿੰਘ ਜੀ, ਸਿਰਫ 5 ਮਿੰਟ ਵਾਸਤੇ । (The hon. Member, Chaudhri Ram Singh may please speak for five minutes only).

ਚੌਧਰੀ ਰਾਮ ਸਿੰਘ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, 5 ਮਿੰਟ ਤਾਂ ਬਹੁਤ ਥੋੜੇ ਹਨ, ਟਾਈਮ ਐਕਸਟੈਂਡ ਕਰ ਦਿਓ । (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਇਹ ਤਾਂ ਬੜੀ ਭਾਰੀ ਬੇਇਨਸਾਫੀ ਹੈ । (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ ਇਹ ਜੋ ਤਰਮੀਮੀ ਬਿਲ ਸਰਕਾਰ ਵਲੋਂ ਇਥੇ ਲਿਆਂਦਾ ਗਿਆ ਹੈ, ਇਹ ਬੜੀ ਸਰਾਹਨਾ ਕਰਨ ਵਾਲੀ ਗਲ ਹੈ । ਚਾਹੀਦਾ ਤਾਂ ਇਹ ਸੀ ਕਿ ਇਹ ਬਿਲ ਬੜੀ ਪਹਿਲਾਂ ਇਥੇ ਆ ਜਾਂਦਾ ਤਾਂ ਕਿ ਜੋ ਬਾਲਮੀਕੀ, ਬੈਕਵਰਡ ਕਲਾਸਿਜ਼ ਦੇ ਅਤੇ ਜੋ ਔਰਤਾਂ ਉਂਝ ਚੁਣਕੇ ਮਿਊਂਸਿਪਲ ਕਮੇਟੀਆਂ ਵਿਚ ਨਹੀਂ ਆ ਸਕਦੀਆਂ ਉਹ ਵੀ ਕਮੇਟੀ ਦੇ ਮੈਂਬਰ ਬਣ ਸਕਦੀਆਂ ਇਸ ਲਈ ਇਸ ਗਲ ਦੀ ਬੜੀ ਲੋੜ ਸੀ ਕਿ ਪੰਜਾਬ ਦੇ ਪਿਛੜੇ ਹੋਏ ਵਰਗ ਦੇ ਲੋਕਾਂ ਨੂੰ ਅਤੇ ਔਰਤਾਂ ਨੂੰ ਕਮੇਟੀ ਵਿਚ ਰੀਪ੍ਰੈਜ਼ੈਂਟੇਸ਼ਨ ਦਾ ਮੌਕਾ ਦਿਤਾ ਜਾਂਦਾ । ਡਿਪਟੀ ਸਪੀਕਰ ਸਾਹਿਬ, ਏਥੇ ਮੇਰੇ ਅਕਾਲੀ ਦੋਸਤਾਂ ਨੇ ਕਿਹਾ ਹੈ ਕਿ ਇਹ ਚੀਜ਼ ਚੰਗੀ ਨਹੀਂ ਕੀਤੀ ਗਈ । ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੂੰ ਬਾਲਮੀਕੀਆਂ ਅਤੇ ਬੈਕਵਰਡ ਕਲਾਸਾਂ ਦੇ ਨਾਲ ਕੋਈ ਹਮਦਰਦੀ ਨਹੀਂ ਹੈ । ਇਨ੍ਹ ਨੇ ਤਾਂ ਮਿਊਂਸਪਲ ਕਮੇਟੀ ਦੀਆਂ ਚੋਣਾਂ ਵੀ ਨਹੀਂ ਸੀ ਕਰਵਾਈਆਂ । ਇਨ੍ਹਾਂ ਨੇ ਤਾਂ ਕਮੇਟੀਆਂ ਨੂੰ ਸੁਪਰ– ਸੀਡ ਕਰਨਾ ਸ਼ੁਰੂ ਕਰ ਦਿਤਾ ਸੀ । (ਵਿਘਨ) (ਸ਼ੋਰ) ਲੁਧਿਆਣੇ ਦੀ ਕਮੇਟੀ ਇਨ੍ਹਾਂ ਨੇ ਸੁਪਰਸੀਡ ਕੀਤੀ । (ਵਿਘਨ) (ਸ਼ੋਰ) ਜਲੰਧਰ ਦੀ ਕਮੇਟੀ ਇਨ੍ਹਾਂ ਨੇ ਸੁਪਰਸੀਡ ਕੀਤੀ । (ਵਿਘਨ) ਇਸ ਲਈ ਜਮਹੂਰੀਅਤ ਦਾ ਇਹ ਤਕਾਜ਼ਾ ਨਹੀਂ ਸੀ ਕਿ ਇਹ ਜਮਹੂਰੀਅਤ ਦੇ ਦੁਸ਼ਮਣ ਹਨ ਇਨ੍ਹਾਂ ਨੂੰ ਪਤਾ ਨਹੀਂ (ਵਿਘਨ) ਪੰਜਾਬ ਗੌਰਮਿੰਟ ਨੇ ਪੰਚਾਇਤਾਂ ਦੇ ਇਲੈਕਸ਼ਨਜ਼ ਕਰਾਏ । ਇਸੇ ਤਰ੍ਹਾਂ ਮਿਊਂਸਿਪਲ ਕਮੇਟੀਆਂ ਦੇ ਇਲੈਕਸ਼ਨਜ਼ ਕਰਾਏ । ਪੰਜਾਬ ਦੇ ਸ਼ਹਿਰੀ ਅਤੇ ਪਿੰਡਾਂ ਵਿਚ ਰਹਿਣ ਵਾਲਿਆਂ ਨੂੰ ਵੋਟਾਂ ਦੇਣ ਦਾ ਮੌਕਾ ਦਿਤਾ ਅਤੇ ਆਪਣੇ ਨੁਮਾਇੰਦੇ ਚੁਣਨ ਦਾ ਟਾਈਮ ਦਿਤਾ । ਇਸ ਕੰਮ ਲਈ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ । ਇਹ ਇਨ੍ਹਾਂ ਦਾ ਕੰਮ ਬੜਾ ਸ਼ਲਾਘਾਯੋਗ ਹੈ ਅਜ ਤਕ ਪੰਚਾਇਤ ਇਲੈਕਸ਼ਨਜ਼ ਨਹੀਂ ਹੋਏ ਸਨ, ਉਹ ਇਸ ਗੌਰਮਿੰਟ ਨੇ ਕਰਾਏ ਅਤੇ ਅੱਜ ਤਕ ਮਿਊਂਸਿਪਲ ਇਲੈਕਸ਼ਨਜ਼ ਨਹੀਂ ਹੋਏ ਸਨ, ਉਹ ਵੀ ਇਸੇ ਸਰਕਾਰ ਨੇ ਕਰਾਏ ਅਤੇ ਲੋਕਾਂ ਨੂੰ ਆਪਣੇ ਨੁਮਾਇੰਦੇ ਚੁਣਨ ਦਾ ਮੌਕਾ ਦਿਤਾ । ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਤੁਹਾਡੇ ਰਾਹੀਂ ਇਹ ਅਰਜ਼ ਕਰਾਂਗਾ ਕਿ ਪੰਜਾਬ ਸਰਕਾਰ ਨੂੰ ਨਵਾਂ ਬਿਲ ਇਸ ਸਬੰਧੀ ਛੇਤੀ ਹੀ ਪੇਸ਼ ਕਰਨਾ ਚਾਹੀਦਾ ਹੈ । ਜਿਹੜੀ ਪਿਛੇ ਜਿਹੇ ਕਮੇਟੀ ਨੇ ਮਿਊਂਸਿਪਲ ਐਕਟ ਵਿਚ ਤਰਮੀਮਾਂ ਕਰਨ ਸਬੰਧੀ ਆਪਣੀਆਂ ਸਿਫਾਰਸ਼ਾਂ ਪੇਸ਼ ਕੀਤੀਆਂ ਸਨ, ਜਿਸ ਨਾਲ ਕਿ ਮਿਊਂਸਿਪਲ ਕਮੇਟੀਆਂ ਨੂੰ ਕੰਮ ਕਰਨ ਦੇ ਜ਼ਿਆਦਾ ਅਖਤਿਆਰ ਮਿਲ ਸੱਕਣ, ਮਿਊਂਸਪਲ ਐਂਪਲਾਈਜ਼ ਨੂੰ ਸਰਵਿਸ ਮਿਲ ਸਕਣ, ਕਮੇਟੀ ਟੈਕਸਿਜ਼ ਲਗਾ ਸਕੇ, ਇਸ ਵਲ ਸਰਕਾਰ ਨੂੰ ਛੇਤੀ ਧਿਆਨ ਦੇਣਾ ਚਾਹੀਦਾ ਹੈ ਅੌਰ ਇਸ ਨੂੰ ਇੰਪਲੀਮੈਂਟ ਕਰਨਾ ਚਾਹੀਦਾ ਹੈ (ਘੰਟੀ)

ਇਹ ਜਿਹੜਾ ਅਕਾਲੀ ਪਾਰਟੀ ਵਲੋਂ ਕਿਹਾ ਗਿਆ ਹੈ ਕਿ ਸਰਕਾਰ ਨੇ ਇਸ ਤਰ੍ਹਾਂ ਕਰਕੇ ਆਪਣੀ ਐਡ-ਮਨਿਸਟ੍ਰੇਸ਼ਨ ਨੂੰ ਮਜ਼ਬੂਤ ਕਰਨ ਵਾਸਤੇ ਕੀਤਾ ਹੈ, ਇਹ ਇਲਜ਼ਾਮ ਬਿਲਕੁਲ ਗਲਤ ਹੈ। (ਵਿਘਨ) ਮੈਂ ਇਸ ਗੱਲ ਦੀ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਹੜਾ ਕਿ ਇਨ੍ਹਾਂ ਨੇ ਔਰਤਾਂ ਨੂੰ ਔਰ ਬਾਲ-ਮੀਕੀਆਂ ਨੂੰ ਇਸ ਵਿਚ ਨੁਮਾਇੰਦਗੀ ਦਿਤੀ ਹੈ (ਵਿਘਨ) ਜੋ ਹੁਲੜ ਬਾਜ਼ੀ ਜਨਸੰਘੀਆਂ ਨੇ ਅੰਮ੍ਰਿਤਸਰ ਵਿਚ ਕੀਤੀ ਹੈ (ਵਿਘਨ) ਜਿਹੜੇ ਜਨਸੰਗੀ ਮੈਂਬਰਾਂ ਨੇ ਉਥੇ ਗੁੰਡਾਗਰਦੀ ਕੀਤੀ ਹੈ ਉਨ੍ਹਾਂ ਨੂੰ ਮੈਂਬਰਸ਼ਿ ਤੋਂ ਰਿਮੂਵ ਕਰ ਦੇਣਾ ਚਾਹੀਦਾ ਹੈ। (ਘੰਟੀ) ਹੋਰ ਜ਼ਿਆਦਾ ਨਾ ਕਹਿੰਦਾ ਹੋਇਆ ਮੈਂ ਸਰਕਾਰ ਨੂੰ ਇਸ ਬਿਲ ਤੇ ਮੁਬਾਰਕਬਾਦ ਦਿੰਦਾ ਹੋਇਆ ਆਪਣੀ ਸੀਟ ਲੈਂਦਾ ਹਾਂ।

ਰਾਜ ਮੰਤਰੀ ਸਥਾਨਕ ਸਰਕਾਰ ਅਤੇ ਜੇਲ੍ਹਾਂ (ਸ੍ਰੀ ਜੋਗਿੰਦਰਪਾਲ ਪਾਂਡੇ): ਡਿਪਟੀ ਸਪੀਕਰ ਸਾਹਿਬ ਆਨਰੇਬਲ ਮੈਂਬਰਾਂ ਨੇ ਆਪਣੇ ਖਿਆਲਾਤ ਦਾ ਇਜ਼ਹਾਰ ਕੀਤਾ ਹੈ। ਸਭ ਤੋਂ ਪਹਿਲਾਂ ਅਕਾਲੀ ਪਾਰਟੀ ਦੇ ਡਿਪਟੀ ਲੀਡਰ, ਮਿਸਟਰ ਸੰਧੂ ਨੇ ਸ਼ੁਰੂ ਕੀਤਾ ਔਰ ਉਨ੍ਹਾਂ ਨੇ ਆਪਣੇ ਖਿਆਲਾਤ ਦਾ ਕਾਫੀ ਇਜ਼ਹਾਰ ਕੀਤਾ ਹੈ, ਇਨ੍ਹਾਂ ਨੇ ਗਿਲਾ ਸ਼ਿਕਵਾ ਕੀਤਾ ਹੈ ਔਰ ਇਨ੍ਹਾਂ ਨੂੰ ਗੁੱਸਾ ਵੀ ਹੈ। ਇਨ੍ਹਾਂ ਨੇ ਆਪਣੀ ਸਪੀਚ ਅੰਦਰ ਕਈ ਅਜਿਹੇ ਇਲਜ਼ਾਮ ਲਗਾਏ ਹਨ ਜਿਹੜੇ ਕਿ ਬੇ ਬੁਨਿਆਦ ਹਨ। ਮੈਂ ਇਸ ਬਾਰੇ ਥੋੜੀ ਜਿਹੀ ਹਿਸਟਰੀ ਦਸਣਾ ਚਾਹੁੰਦਾ ਹਾਂ। ਪੰਜਾਬ ਦੇ ਅੰਦਰ 100 ਮਿਊਂਸਪਲ ਕਮੇਟੀਆਂ ਹਨ। ਚਾਰ ਇਨ੍ਹਾਂ ਦੇ ਨਾਲ ਨੋਟੀਫਾਈਡ ਏਰੀਆ ਕਮੇਟੀਆ ਸਨ। ਇਹ ਕੁਲ 104 ਮਿਊਂਸਪਲ ਕਮੇਟੀਆਂ ਸਨ। ਇਨ੍ਹਾਂ ਵਿਚੋਂ 100 ਕਮੇਟੀਆਂ ਦੇ ਇਲੈਕਸ਼ਨ ਹੋਣੇ ਚਾਹੀਦੇ ਸਨ। ਅੱਠ ਸਾਲ ਤੋਂ ਬਾਅਦ ਇਥੇ ਪੰਜਾਬ ਵਿਚ ਜਮਹੂਰੀਅਤ ਦੀ ਹਕੂਮਤ ਆਈ ਹੈ ਅਤੇ ਇਸ ਨੇ ਆਕੇ ਇਹ ਫੈਸਲਾ ਕੀਤਾ ਕਿ ਇਹ ਇਲੈਕਸ਼ਨਜ਼ ਹੋਣੇ ਚਾਹੀਦੇ ਹਨ (ਥੰਪਿੰਗ) (ਵਿਘਨ) ਪੰਜਾਬ ਵਿਚ 79 ਕਮੇਟੀਆਂ ਦੇ ਇਲੈਕਸ਼ਨਜ਼ ਹੋ ਸਕਦੇ ਹਨ ਔਰ ਇਸ ਸਰਕਾਰ ਨੇ ਰਤੀ ਭਰ ਵੀ ਦੇਰ ਨਹੀਂ ਕੀਤੀ ਅਤੇ ਇਨ੍ਹਾਂ ਦੇ ਇਲੈਕਸ਼ਨਜ਼ ਕਰਾਉਣ ਦਾ ਇਲਾਨ ਕਰ ਦਿਤਾ। 21 ਮਿਊਂਸਪਲ ਕਮੇਟੀਆਂ ਬਕਾਇਆ ਹਨ, ਇਨ੍ਹਾਂ ਵਿਚ ਕਈ ਕਾਨੂੰਨ ਅੜਚਨਾਂ ਹਨ ਜਾਂ ਹੋਰ ਕਈ ਅੜਚਨਾਂ ਹਨ ਜਿਸ ਕਰਕੇ ਇਨ੍ਹਾਂ ਦੇ ਇਲੈਕਸ਼ਨਜ਼ ਨਹੀਂ ਹੋ ਸਕੇ। ਸਰਕਾਰ ਚਾਹੁੰਦੀ ਸੀ ਕਿ ਜੇ ਉਨ੍ਹਾਂ ਮਿਊਂਸਪਲ ਕਮੇਟੀਆਂ ਦੇ ਵੀ ਇਲੈਕਸ਼ਨਜ਼ ਹੋ ਜਾਂਦੇ ਤਾਂ ਬੇਹਤਰ ਸੀ। ਕੁਝ ਇਸ ਗਲ ਦਾ ਵੀ ਗਿਲਾ ਹੈ ਕਿ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ, ਉਸ ਵੀਕਰ ਸੈਕਸ਼ਨ ਨੂੰ ਨੁਮਾਇੰਦਗੀ ਕਿਉਂ ਦਿਤੀ ਹੈ ? ਡਾਂਗ ਸਾਹਿਬ ਕਹਿੰਦੇ ਹਨ ਕਿ ਇਹ ਗਲਾਂ ਹੋਣੀਆਂ ਚਾਹੀਦੀਆਂ ਸਨ। ਪ੍ਰਿੰਸੀਪਲੀ ਉਹ ਇਨ੍ਹਾਂ ਗੱਲਾਂ ਨਾਲ ਸਹਿਮਤ ਹਨ। ਮਗਰ ਅਕਾਲੀ ਪਾਰਟੀ ਦੇ ਮੈਂਬਰਾਂ ਨੇ ਇਸ ਦੇ ਖਿਲਾਫ ਕੁਝ ਗੱਲਾਂ ਅਜਿਹੀਆਂ ਕਹੀਆਂ ਹਨ ਜਿਵੇਂ ਕਿ ਇਲੈਕਸ਼ਨਾਂ ਵਿਚ ਉਥੇ ਤਾਕਤ ਦਾ ਇਸਤੇਮਾਲ ਹੋਇਆ (ਵਿਘਨ) ਇਸ ਬਾਰੇ ਮੈਂ ਇਹ ਅਰਜ਼ ਕਰਾਂਗਾ ਕਿ ਇਸ ਗੱਲ ਦਾ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਕਰੈਡਿਟ ਜਾਂਦਾ ਹੈ ਕਿ ਐਨੇ ਇਲੈਕਸ਼ਨਜ਼ ਹੋਏ ਪਰ ਇਕ ਵੀ ਕੇਸ ਪੁਲਿਸ ਨੂੰ ਨਹੀਂ ਰੈਫਰ ਹੋਇਆ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : *

ਸ੍ਰੀ ਡਿਪਟੀ ਸਪੀਕਰ : ਜੋ ਕੁਝ ਇਹ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿੰਦੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (Whatever the hon. Member has said without the permission of the Chair, should not be recorded.)

*Not recorded as ordered by the Chair.

ਰਾਜ ਮੰਤਰੀ : ਮੈਂ ਚੈਲੰਜ ਕਰਦਾ ਹਾਂ ਕਿ ਕਾਂਗਰਸ ਪਾਰਟੀ ਵਲੋਂ ਕੋਈ ਵੀ ਕਿਸੇ ਜਲਸੇ ਵਿਚ ਗੜਬੜ ਨਹੀਂ ਕਰਾਈ ਗਈ ਹੈ । (ਵਿਘਨ) ਇਹ ਸਾਰੇ ਪੰਜਾਬ ਅੰਦਰ ਇਸ ਕਿਸਮ ਦੀ ਇਕ ਵ ਮਿਸਾਲ ਪੇਸ਼ ਨਹੀਂ ਕਰ ਸਕੇ । ਮੈਂ ਡਿਪਟੀ ਸਪੀਕਰ ਸਾਹਿਬ, ਇਹ ਗਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਇਨ੍ਹਾਂ ਦੀ ਹਕੂਮਤ ਬਣਦੀ ਵੀ ਰਹੀ ਅਤੇ ਟੁਟਦੀ ਵੀ ਰਹੀ, ਪਰ ਇਹ ਜਮੂਹਰੀਅਤ ਨੂੰ ਬਹਾਲ ਨਹੀਂ ਕਰ ਸਕੇ ।(ਵਿਘਨ) 79 ਮਿਉਂਸਪਲ ਕਮੇਟੀਆਂ ਦੇ ਚੁਣਾਉ ਵਿਚ ਇਕ ਅਕਾਲੀ ਵੀ ਕਾਮਯਾਬ ਨਹੀਂ ਹੋਇਆ । (ਸ਼ੋਰ) (ਵਿਘਨ) ਪੰਜਾਬ ਦੇ ਅੰਦਰ ਅਕਾਲੀ ਪਾਰਟੀ ਦੀ ਮਿਉਂਸਪਲ ਕਮੇਟੀਆਂ ਦੇ ਚੁਣਾਉ ਵਿਚ ਉਹੀ ਹਾਲਤ ਹੈ ਜੋ ਜਨ ਸੰਘ ਦੀ ਅਸੈਂਬਲੀ ਦੇ ਚੁਣਾਉ ਵਿਚ ਹੋਈ ਸੀ । (ਵਿਘਨ) ਮੈਂ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਤੁਹਾਡੇ ਰਾਹੀਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਮੇਰੀ ਗੱਲ ਧਿਆਨ ਨਾਲ ਸੁਣਨੀ ਚਾਹੀਦੀ ਹੈ ਕਿਉਂਕਿ ਜਦੋਂ ਇਹ ਬੋਲੇ ਸਨ ਤਾਂ ਮੈਂ ਕੋਈ ਇੰਟਰਪਸ਼ਨ ਨਹੀਂ ਕੀਤੀ ਸੀ । ਇਨ੍ਹਾਂ ਨੇ ਬੱਸੀ ਪਠਾਣਾ ਦਾ ਜ਼ਿਕਰ ਕੀਤਾ ਹੈ । ਇਨ੍ਹਾਂ ਨੇ ਕਿਹਾ ਹੈ ਕਿ ਉਥੇ ਦੇ ਮਿਉਂਸਪਲ ਕਮੇਟੀ ਦੇ ਪਰਧਾਨ ਇਕ ਇੰਡੀਪੈਂਡੈਂਟ ਆਦਮੀ ਨੂੰ ਬਣਾਇਆ ਹੈ । ਮੇਰਾ ਇਸ ਨਾਲ ਕੋਈ ਤੁਅਲੁਕ ਨਹੀਂ ਹੈ । ਸਰਕਾਰ ਦਾ ਇਸ ਨਾਲ ਕੋਈ ਤਅਲੁਕ ਨਹੀਂ ਹੈ । ਕਿਸੇ ਮਿਉਂਸਪਲ ਕਮੇਟੀ ਦਾ ਪਰੈਜ਼ੀਡੈਂਟ ਚਾਹੇ ਇੰਡੀਪੈਂਡੈਂਟ ਹੋਵੇ, ਚਾਹੇ ਜਨ-ਸੰਘੀ ਹੋਵੇ ਅਤੇ ਚਾਹੇ ਕਾਂਗਰਸੀ ਹੋਵੇ, ਇਸ ਨਾਲ ਸਰਕਾਰ ਦਾ ਕੋਈ ਤੁਅਲੱਕ ਨਹੀਂ ਹੈ । ਪਰ ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ (ਵਿਘਨ) ਉਹ ਉਨ੍ਹਾਂ ਨੂੰ ਵੋਟ ਦੇਕੇ ਕਾਂਗਰਸ ਪਾਰਟੀ ਵਿਚ ਬੈਠਾ ਹੈ । ਅਜ ਵੀ ਉਥੇ ਬਹੁਗਿਣਤੀ ਕਾਂਗਰਸ ਨਾਲ ਹੈ । ਜੇ ਉਨ੍ਹਾਂ ਦਾ ਖਿਆਲ ਹੈ ਕਿ ਪਰੈਜ਼ੀਡੈਂਟ ਉਨ੍ਹਾਂ ਦੇ ਨਾਲ ਹੈ ਜਾਂ ਕਾਂਗਰਸ ਤੋਂ ਬਾਹਰ ਹੈ ਤਾਂ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਥੇ ਬੱਸੀ ਪਠਾਣਾ ਦਾ ਜ਼ਿਕਰ ਆਇਆ ਹੈ । ਇਹ ਮੇਰਾ ਹਲਕਾ ਹੈ । ਕਾਂਗਰਸ ਨੇ ਉਥੇ ਛੇ ਟਿਕਟਾਂ ਦਿੱਤੀਆਂ ਅਤੇ ਉਨ੍ਹਾਂ ਵਿਚੋਂ ਸਿਰਫ ਇਕ ਹੀ ਰਿਟਰਨ ਹੋਇਆ ਹੈ ਅਤੇ ਬਾਕੀ ਦੇ ਗਿਆਰਾਂ ਬਾਰਾਂ ਆਦਮੀ ਇੰਡੀਪੈਂਡੈਂਟ ਸੀ । ਇਨ੍ਹਾਂ ਨੇ ਨਾਜਾਇਜ਼ ਢੰਗ ਨਾਲ (ਵਿਘਨ)

ਸ੍ਰੀ ਡਿਪਟੀ ਸਪੀਕਰ : ਤਸ਼ਰੀਫ ਰਖੋ । (Please resume your seat).

ਰਾਜ ਮੰਤਰੀ (ਸਥਾਨਕ ਸਰਕਾਰ ਅਤੇ ਜੇਲ੍ਹਾਂ) : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਨਾ ਤਾਂ ਇਨ੍ਹਾਂ ਦੀ ਅਕਾਲੀ ਪਾਰਟੀ ਨੇ ਇਲੈਕਸ਼ਨਜ਼ ਲੜੇ ਹਨ ਅਤੇ ਨਾ ਹੀ ਇਨ੍ਹਾਂ ਨੇ ਆਪ ਇਲੈਕਸ਼ਨ ਲੜੇ ਹਨ। ਫਿਰ ਇਨ੍ਹਾਂ ਨੂੰ ਇਹ ਕਿਸ ਤਰ੍ਹਾਂ ਪਤਾ ਹੋ ਸਕਦਾ ਹੈ ਕਿ ਕਾਂਗਰਸ ਪਾਰਟੀ ਨੇ ਜਾਂ ਕਿਸੇ ਹੋਰ ਪਾਰਟੀ ਨੇ ਕਿਸ ਕਿਸ ਕਮੇਟੀ ਵਿਚ ਕਿੰਨੇ ਕਿੰਨੇ ਬੰਦੇ ਖੜੇ ਕੀਤੇ ਹਨ । ਅਤੇ ਕਿਸ ਕਿਸ ਨੇ ਇਲੈਕਸ਼ਨ ਲੜੇ ਹਨ । (ਵਿਘਨ)

ਮੈਂ ਇਹ ਗਲ ਦਸਣੀ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਜਿਹੜੇ ਅਵਾਮ ਦੇ ਨੁਮਾਇੰਦੇ ਹਨ, ਜਿਹੜੇ ਗਰੀਬਾਂ ਦੇ ਨੁਮਾਇੰਦੇ ਹਨ ਅਤੇ ਸਰਮਾਇਦਾਰਾਂ ਅਤੇ ਲੈਂਡਲਾਰਡਾਂ ਦੇ ਨੁਮਾਇੰਦੇ ਨਹੀਂ ਹਨ, ਇਹ ਬਾਲਮੀਕ ਅਤੇ ਹਰੀਜਨਾਂ ਨੂੰ ਰਿਪਰਜ਼ੈਂਟ ਕਰਦੇ ਹਨ, ਇਨ੍ਹਾਂ ਦੇ ਮਨ ਵਿਚ ਇਹ ਗੱਲ ਸੀ ਕਿ ਇਨ੍ਹਾਂ ਲੋਕਾਂ ਨੂੰ ਬਾਵਜੂਦ ਇਲੈਕਸ਼ਨ ਹੋਣ ਦੇ, ਬਾਵਜੂਦ ਰਿਜ਼ਰਵੇਸ਼ਨਜ਼ ਹੋਣ ਦੇ ਫਿਰ ਵੀ ਇਨ੍ਹਾਂ ਲੋਕਾਂ ਨੂੰ ਹੱਕ ਨਹੀਂ ਮਿਲਦਾ ਹੈ । ਇਨ੍ਹਾਂ ਨੂੰ ਕਿਸੇ ਤਰੀਕੇ ਨਾਲ ਮਿਉਂਸਪਲ ਕਮੇਟੀਆਂ ਦੇ ਅੰਦਰ ਹੱਕ ਮਿਲਣਾ ਚਾਹੀਦਾ ਹੈ । ਔਰ ਇਹ ਜਿਹੜੇ ਕਿ ਹਿੰਦੋਸਤਾਨ ਦੀ ਅੱਧੀ ਆਬਾਦੀ ਹੈ ਔਰ ਇਨ੍ਹਾਂ ਨੂੰ ਵੋਟ ਦੇਣ ਦਾ ਹੱਕ ਹੈ ਇਨ੍ਹਾਂ ਨੂੰ ਮਿਉਂਸਪਲ ਕਮੇਟੀਆਂ ਦੇ ਅੰਦਰ ਖਾਸ ਤੌਰ ਤੇ ਨੁਮਾਇੰਦਗੀ ਦੇਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਅਤੇ ਪਰਸੰਨਤਾ ਹੋਵੇਗੀ ਜਦੋਂ ਕਿ ਮੈਂ ਹਾਊਸ ਨੂੰ ਇਹ ਫਿਗਰਜ਼ ਦਸਾਂਗਾ ਕਿ ਇਨ੍ਹਾਂ 79 ਮਿਊਂਸਪਲ ਕਮੇਟੀਆਂ ਦੇ ਅੰਦਰ ਪੰਜ ਉਹ ਕਮੇਟੀਆਂ ਹਨ ਜਿਨ੍ਹਾਂ ਦੇ ਇਲੈਕਸ਼ਨਜ਼ ਰਹਿ ਗਏ ਸਨ ।

ਬਹੁਤ ਸਾਰੀਆਂ ਮਿਊਂਸਪਲ ਕਮੇਟੀਆਂ ਬੇਕਾਇਦਗੀ ਨਾਲ ਆਪਣਾ ਕੰਮ ਕਰ ਰਹੀਆਂ ਹਨ । ਕੁਝ ਮਿਊਂਸਪਲ ਕਮੇਟੀਆਂ ਦੇ ਇਲੈਕਸ਼ਨ ਐਸੇ ਹਨ ਜਿਨ੍ਹਾਂ ਦੇ ਕੇਸ ਕਿਸੇ ਨਾ ਕਿਸੇ ਵਜ੍ਹਾ ਕਰਕੇ ਕੋਰਟ ਵਿਚ ਗਏ ਪਰ ਬਾਕੀ ਸਾਰੀਆਂ ਕਮੇਟੀਆਂ ਆਪਣਾ ਆਪਣਾ ਕੰਮ ਬਕਾਇਦਾ ਕਰ ਰਹੀਆਂ ਹਨ । ਮੈਂ ਅਲੈਕਸ਼ਨਾਂ ਦੀ ਗੱਲ ਦਸਦਾ ਹਾਂ । ਸਾਰੇ ਪੰਜਾਬ ਵਿਚ ਸਿਰਫ ਦੋ ਔਰਤਾਂ ਕਾਮਯਾਬ ਹੋਈਆਂ । ਇਕ ਅੰਮ੍ਰਿਤਸਰ ਵਿਚ ਕਾਮਰੇਡ ਸੱਤਪਾਲ ਡਾਂਗ ਜੀ ਦੀ ਧਰਮਪਤਨੀ, ਜੋ ਕਿ ਮਿਊਂਸਪਲ ਕਮੇਟੀ, ਛੇਹਰਟਾ ਵਿਚ ਕਾਮਯਾਬ ਹੋਈ । ਦੂਸਰੀ ਲੇਡੀ ਟੈਂਕਾਂਵਾਲੀ ਵਿਚ ਕਾਮਯਾਬ ਹੋਈ ਹੈ । ਡਾਂਗ ਸਾਹਿਬ ਨੇ ਜਾਂ ਇਨ੍ਹਾਂ ਨੇ ਅਖਬਾਰਾਂ ਵਿਚ ਬਿਆਨ ਦੇ ਕੇ ਸਫਾਈ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਕਿ ਸੀ.ਐਮ. ਦੇ ਮਨ ਵਿਚ ਕੋਈ ਐਸੀ ਗੱਲ ਸੀ। ਪਰ ਮੈਂ ਇਹ ਚੈਲੇਂਜ ਕਰਦਾ ਹਾਂ ਕਿ ਸੀ.ਐਮ. ਦੇ ਮਨ ਵਿਚ ਸਿਵਾਏ ਇਸ ਗੱਲ ਦੇ ਕਿ ਵੀਕਰ ਸੈਕਸ਼ਨ ਨੂੰ ਤਾਕਤ ਮਿਲਣੀ ਚਾਹੀਦੀ ਹੈ, ਹੋਰ ਕੋਈ ਗੱਲ ਨਹੀਂ ਸੀ । (ਵਿਘਨ) 148 ਪੰਜਾਬ ਦੀਆਂ ਲੇਡੀਜ਼ ਮਿਊਂਸਪਲ ਕਮੇਟੀਆਂ ਵਿਚ ਸੀ. ਐਮ. ਸਾਹਿਬ ਦੀ ਬਦੌਲਤ ਨੁਮਾਇੰਦਗੀ ਹਾਸਲ ਕਰ ਚੁੱਕੀਆਂ ਹਨ। (ਤਾੜੀਆਂ) ਇਹ ਕਹਿੰਦੇ ਹਨ ਕਿ ਇਸ ਸਰਕਾਰ ਨੇ ਇਨ੍ਹਾਂ ਇਲੈਕਸ਼ਨਾਂ ਵਿਚ ਬਹੁਤ ਦਖਲ ਦਿੱਤਾ ਹੈ। (ਵਿਘਨ) ਮੈਂ ਦੱਸਦਾ ਹਾਂ ਕਿ 148 ਦੇ ਵਿਚੋਂ 4 ਲੇਡੀਜ਼ ਉਹ ਹਨ ਜਿਹੜੀਆਂ ਇਲੈਕਟ ਹੋਕੇ ਆਈਆਂ । 144 ਜਿਹੜੀਆਂ ਕੁਆਪਟ ਹੋਈਆਂ ਅਗਰ ਉਨ੍ਹਾਂ ਵਿਚੋਂ ਇਹ 14 ਦਾ ਵੀ ਨਾਮ ਦੱਸ ਦੇਣ ਕਿ ਇਹ ਸਰਕਾਰ ਨੇ ਨਾਮਜ਼ਦ ਕੀਤੀਆਂ ਹਨ ਤਾਂ ਮੈਨੂੰ ਜੋ ਇਹ ਸਜ਼ਾ ਦੇਣ ਮੈਂ ਭੁਗਤਣ ਨੂੰ ਤਿਆਰ ਹਾਂ । (ਤਾੜੀਆਂ) ਇਹ ਮੈਂਬਰਜ਼ ਦੀ ਆਪਣੀ ਸਵੀਟ ਵਿੱਲ ਨਾਲ ਉਨ੍ਹਾਂ ਨੂੰ ਲੈਣ ਦਾ ਫੈਸਲਾ ਕੀਤਾ ਗਿਆ ਅਤੇ ਉਨ੍ਹਾਂ ਦੇ ਹੱਕ ਵਿਚ ਵੋਟਾਂ ਪਾਈਆਂ । (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਦੇ ਵਿਚ ਦੋ ਹੀ ਪਾਰਟੀਆਂ ਹਨ ਜਿਨ੍ਹਾਂ ਨੇ ਪਿਛਲੇ 5 ਸਾਲ ਰਾਜ ਕੀਤਾ । ਉਨ੍ਹਾਂ ਨੂੰ ਅਵਾਮ ਦੇ ਸਾਹਮਣੇ ਜਾਣ ਦੀ ਜੁਰਅਤ ਹੀ ਨਹੀਂ ਪਈ । (ਵਿਘਨ) ਸਾਡੇ ਸੀ.ਐਮ. ਸਾਹਿਬ ਨੇ 17 ਮਾਰਚ ਤੋਂ ਬਾਅਦ 18 ਜੂਨ ਨੂੰ ਆਪਣੇ ਆਪ ਨੂੰ ਜਨਤਾ ਦੇ ਹਵਾਲੇ ਕਰ ਦਿੱਤਾ । (ਵਿਘਨ) ਪਰ ਤੁਸੀਂ ਕੋਠੀਆਂ ਵਿਚ ਬੈਠੇ ਰਹੇ ਜਾਂ ਇਥੇ ਬੈਠੇ ਰਹੇ । (ਵਿਘਨ) (ਇਸ ਸਮੇਂ ਹਾਊਸ ਵਿਚ ਕਾਫੀ ਸ਼ੋਰ ਸੀ) । ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜੇ ਲੋਕ ਹਨ, ਜਿਨ੍ਹਾਂ ਨੂੰ ਅਸੀਂ ਸਫਾਈ ਮਜ਼ਦੂਰ ਕਹਿੰਦੇ ਹਾਂ, ਕੁਝ ਲੋਕਾਂ ਨੇ ਇਸ ਗੱਲ ਨੂੰ ਐਕਸਪਲਾਇਟ ਕਰਨ ਦੀ ਕੋਸ਼ਿਸ਼ ਕੀਤੀ । ਇਹ ਗੱਲ ਉਨ੍ਹਾਂ ਲੋਕਾਂ ਨੇ ਕੀਤੀ ਜਿਨ੍ਹਾਂ ਨੇ ਪਿਛਲੇ 5 ਸਾਲ ਰਾਜ ਕੀਤਾ । ਉਨ੍ਹਾਂ ਨੇ ਕਿਤਾਬਾਂ ਨਹੀਂ ਪੜ੍ਹੀਆਂ । (ਵਿਘਨ) ਉਨ੍ਹਾਂ ਨੇ ਕਾਨੂੰਨ ਨਹੀਂ ਪੜ੍ਹਿਆ ਅਤੇ ਜਿਨ੍ਹਾਂ ਨੇ ਪੜ੍ਹਿਆ ਉਹ ਜਾਣ ਬੁੱਝਕੇ ਭੁੱਲ ਗਏ । (ਵਿਘਨ) (ਸ਼ੋਰ) ਸੋ ਇਹ ਜਿਹੜੇ ਇਲਜ਼ਾਮ ਲਗਾਉਂਦੇ ਹਨ ਮੈਂ ਦੱਸਦਾ ਹਾਂ ਕਿ ਸੀ.ਐਮ. ਸਾਹਿਬ ਦੀ, ਪੰਜਾਬ ਸਰਕਾਰ ਦੀ ਮਨਸ਼ਾ ਇਹ ਸੀ ਕਿ ਸਫਾਈ ਮਜ਼ਦੂਰ ਨੂੰ ਹੱਕ ਮਿਲਣਾ ਚਾਹੀਦਾ ਹੈ । ਇਸ ਵੇਲੇ 35 ਕੁਆਪਟਡ ਮੈਂਬਰ ਐਸੇ ਹਨ ਜਿਨ੍ਹਾਂ ਨੂੰ ਹੱਕ ਮਿਲਿਆ ਹੈ ਬਾਕੀਆਂ ਨੂੰ ਨਹੀਂ ਮਿਲਿਆ । ਸਿਰਫ ਇਕ ਕੇਸ ਸੀ ਜਿਥੇ ਕਿ ਸਰਕਾਰ ਨੂੰ ਦਖਲ ਦੇਣਾ ਪਿਆ । ਤੁਸੀਂ ਅੰਦਾਜ਼ਾ ਲਗਾਉ ਕਿ ਜਦ ਇਸ ਪੰਜਾਬ ਦੇ ਵਿਚ ਨਾਮੀਨੇਸ਼ਨ ਸਰਕਾਰ ਨੇ ਉਸ ਸਫਾਈ ਮਜ਼ਦੂਰ ਦੀ ਕੀਤੀ ਹੈ ਜਿਸ ਦੇ ਮੁਤੱਲਕ ਆਪੋਜ਼ੀਸ਼ਨ ਦੇ ਵੱਲੋਂ ਇਸ ਅਸੈਂਬਲੀ ਦੇ ਵਿਚ ਜਾਂ ਅਖਬਾਰਾਂ ਦੇ ਰਾਹੀਂ ਇਤਨਾ ਕੁਝ ਕਿਹਾ ਗਿਆ, ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਜੋ ਕਹਿੰਦੇ ਹਨ ਕਿ ਸਰਕਾਰ ਦਾ ਇਸ ਵਿਚ ਦਖਲ ਹੈ, ਇਸ ਵਿਚ ਸਚਾਈ ਨਹੀਂ ਹੈ । ਮੈਂ ਹੁਣ ਬੈਕਵਾਰਡ ਦੇ ਬਾਰੇ ਉਹ ਫਿਗਰਜ਼ ਦੱਸ ਦਿਆਂ ਕਿ ਕਿਹੜੇ ਲੋਕ ਕਾਮਯਾਬ ਹੋਏ ਅਤੇ ਜਿਹੜੇ ਨਹੀਂ ਹੋਏ । ਉਹ 39 ਹਨ ਕਿਹੜੇ ਮਿਊਂਸਪਲ ਕਮੇਟੀਆਂ ਦੇ ਵਿਚ ਕੋਆਪਟ ਹੋਏ । 4 ਐਸੇ ਆਦਮੀ ਹਨ ਜਿਨ੍ਹਾਂ ਦੇ ਕੇਸ ਸਰਕਾਰ ਦੇ ਕੋਲ ਆਏ ਅਤੇ ਸਰਕਾਰ ਨੂੰ ਉਸ

[ਰਾਜ ਮੰਤਰੀ ਸਥਾਨਕ ਸਰਕਾਰ ਅਤੇ ਜੇਲ੍ਹਾਂ]

ਵਿਚ ਦਖਲ ਦੇ ਕੇ ਉਨ੍ਹਾਂ ਨੂੰ ਨਾਮੀਨੇਟ ਕਰਨਾ ਪਿਆ । ਸੋ ਮੈਂ ਆਪੋਜੀਸ਼ਨ ਨੂੰ ਅਰਜ਼ ਕਰਦਾ ਹਾਂ ਕਿ ਤੁਸੀਂ ਆਪ ਅੰਡਰਸਟੈਂਡ ਕਰੋ ਕਿ ਜੋ ਤੁਸੀਂ ਇਲਜਾਮ ਲਾਉਂਦੇ ਹੋ, ਕੀ ਉਸ ਦਾ ਜਵਾਬ ਇਹ ਫਿਗਰਜ਼ ਨਹੀਂ ਹਨ ? ਇਸੇ ਤਰ੍ਹਾਂ 10 ਤੋਂ 15 ਔਰਤਾਂ ਨਾਮੀਨੇਟ ਕੀਤੀਆਂ ਹਨ। ਇਸ ਤੋਂ ਇਲਾਵਾ ਉਹ ਸਾਰੀਆਂ ਦੀਆਂ ਸਾਰੀਆਂ ਮਿਊਂਸੀਪਲ ਕਮੇਟੀਆਂ ਦੇ ਵਿਚੋਂ ਬਕਾਇਦਾ ਕੁਆਪਟ ਹੋਕੇ ਆਈਆਂ ਹਨ। ਇਥੇ ਡਾਂਗ ਸਾਹਿਬ ਨੇ ਇਹ ਕਿਹਾ ਸੀ ਕਿ ਕਾਂਗਰਸ ਵਾਲੇ ਪੁਰਾਣੀ ਤਰ੍ਹਾਂ ਚੱਲਦੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਛੇਹਰਟਾ ਕਮੇਟੀ ਤੇ ਕਮਿਉਨਿਸਟ ਪਾਰਟੀ ਦਾ ਜੋ ਕਬਜਾ ਹੈ ਉਹ ਕਾਂਗਰਸ ਦੀ ਬਦੌਲਤ ਹੀ ਹੋਇਆ ਹੈ । (ਵਿਘਨ) ਜੇ ਕਾਂਗਰਸ ਤੁਹਾਡੀ ਮਦਦ ਨਾ ਕਰਦੀ ਤਾਂ ਤੁਸੀਂ (ਕਾਮਰੇਡ ਡਾਂਗ ਵੱਲ ਇਸ਼ਾਰਾ ਕਰਦੇ ਹੋਏ) ਨਜ਼ਰ ਨਾ ਆਉਂਦੇ । (ਤਾੜੀਆਂ) (ਵਿਘਨ) ਛੇਹਰਟਾ ਮਿਉਂਸਪਲ ਕਮੇਟੀ ਤੋਂ ਇਲਾਵਾ ਹੋਰ ਕੋਈ ਕਮੇਟੀ ਇਨ੍ਹਾਂ ਕੋਲ ਨਹੀਂ (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਚਾਹੇ ਇਸ ਨੂੰ ਪੁਆਇੰਟ ਆਫ ਆਰਡਰ ਸਮਝ ਲਵੋ ਅਤੇ ਭਾਵੇਂ ਇਸ ਨੂੰ ਪਰਸਨਲ ਐਕਸਪਲੇਨੇਸ਼ਨ ਸਮਝ ਲਵੋ । ਮੈਂ ਇਨ੍ਹਾਂ ਦੀ ਵਾਕਫੀਅਤ ਲਈ ਅਰਜ਼ ਕਰਦਾ ਹਾਂ ਕਿ ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਅਕਾਲੀ ਪਾਰਟੀ, ਸੀ.ਪੀ.ਐਮ. ਮਤਲਬ ਕਿ ਛੇ ਗਊ ਵੱਛੇ ਸਾਡੇ ਖਿਲਾਫ ਲੜੇ ਪਰ ਜਿੱਤ ਸਾਡੀ ਹੀ ਹੋਈ । (ਵਿਘਨ) (ਹਾਸਾ) ਸਰਦਾਰ ਗੁਰਮੇਜ਼ ਸਿੰਘ (ਪਾਰਲੀਮੈਂਟਰੀ ਸਕੱਤਰ) ਉਥੇ ਜਾ ਕੇ ਬੈਠੇ ਰਹੇ..... (ਵਿਘਨ) (ਸ਼ੋਰ)

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ ।)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਗੁਰਮੇਜ ਸਿੰਘ (ਪਾਰਲੀਮੈਂਟਰੀ ਸਕੱਤਰ) : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਬਿਲਕੁਲ ਕਲੀਅਰ ਅਰਜ਼ ਕਰਦਾ ਹਾਂ ਕਿ ਅਸੈਂਬਲੀ ਦੇ ਇਲੈਕਸ਼ਨਾਂ ਵਿਚ ਜੇ ਕਮਿਊਨਿਸਟ ਪਾਰਟੀ ਕਾਂਗਰਸ ਨਾਲ ਕੰਪਰੋਮਾਈਜ਼ ਨਾ ਕਰਦੀ ਤਾਂ ਇਕ ਵੀ ਕਮਿਊਨਿਸਟ ਨਾ ਜਿੱਤਦਾ । (ਵਿਘਨ) ਛੇਹਰਟਾ ਵਿਚ ਇਨ੍ਹਾਂ ਦੇ ਜਿੱਤਣ ਦਾ ਕਾਰਨ ਵੀ ਇਹੀ ਸੀ ਕਿ ਇਨ੍ਹਾਂ ਕਾਂਗਰਸ ਨਾਲ ਕੰਪਰੋਮਾਈਜ਼ ਕੀਤਾ ਸੀ ਇਸ ਕਰਕੇ ਇਹ ਜਿੱਤ ਗਏ । (ਵਿਘਨ) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਸਾਡੇ ਕੰਪਰੋਮਾਈਜ਼ ਕਰਕੇ ਹੀ ਇਹ ਇਥੇ ਅਸੈਂਬਲੀ ਵਿਚ ਆਏ ਹਨ । (ਵਿਘਨ) ਨਹੀਂ ਤਾਂ ਇਹ ਇਥੇ ਨਜ਼ਰ ਨਾ ਆਉਂਦੇ ।

ਸ੍ਰੀ ਡਿਪਟੀ ਸਪੀਕਰ : ਇਸ ਕੰਟਰੋਵਰਸੀ ਵਿਚ ਨਾ ਪਉ ! (ਵਿਘਨ) (ਸ਼ੋਰ) (It is better not to touch this controversy.)

ਕਾਮਰੇਡ ਸੱਤ ਪਾਲ ਡਾਂਗ : ਸੀ.ਐਮ., ਸਰਦਾਰ ਗੁਰਮੇਜ ਸਿੰਘ ਅਤੇ ਮੈਂ ਅਸਤੀਫਾ ਦੇ ਦਿੰਦੇ ਹਾਂ ਅਤੇ ਫਿਰ ਦੇਖ ਲੈਂਦੇ ਹਾਂ ਕਿ ਕੌਣ ਜਿੱਤਦਾ ਹੈ । (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ : ਸਮਾਂ ਬਹੁਤ ਹੋ ਗਿਆ ਹੈ, ਇਸ ਤਰ੍ਹਾਂ ਕੰਟਰੋਵਰਸੀ ਵਿਚ ਨਾ ਪਉ । (The House is already behind schedule. It is better not to enter into this controversy.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਪੁਆਇੰਟ ਆਫ ਆਰਡਰ ਸਰ। ਜਿਸ ਤਰ੍ਹਾਂ ਆਪ ਜੀ ਦੱਸਦੇ ਹੋ ਕਿ ਹਾਊਸ ਦਾ ਟਾਈਮ ਜ਼ਾਇਆ ਹੋ ਰਿਹਾ ਹੈ ਲੇਕਿਨ ਮੇਰੀ ਅਰਜ਼ ਹੈ ਕਿ ਇਲਜ਼ਾਮ ਇਨ੍ਹਾਂ ਦੇ ਠੀਕ ਹਨ। ਕਿਉਂਕਿ ਜੇ ਇਹ ਮਦਦ ਨਾ ਕਰਦੇ ਤਾਂ ਉਹ ਨਜ਼ਰ ਨਾ ਆਉਂਦੇ ਅਤੇ ਜੇ ਉਹ ਇਨ੍ਹਾਂ ਦੀ ਮਦਦ ਨਾ ਕਰਦੇ ਤਾਂ ਇਹ ਨਜ਼ਰ ਨਾ ਆਉਂਦੇ (ਵਿਘਨ)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਥੋੜੇ ਚਿਰ ਵਾਸਤੇ ਮੁਦਾਖਲਤ ਕਰਦਾ ਹਾਂ। ਮੈਨੂੰ ਅਫਸੋਸ ਹੈ ਕਿ ਇਸ ਮਿਉਂਸਪਲ ਕਮੇਟੀਆਂ ਦੇ ਬਿੱਲ ਵਿਚ ਅਮੈਂਡਮੈਂਟ ਉਤੇ ਕੁਝ ਕਰੜੀਆਂ ਗੱਲਾਂ ਹੋ ਗਈਆਂ ਹਨ। ਮੈਂ ਉਸ ਸਮੇਂ ਹਾਊਸ ਵਿਚ ਨਹੀਂ ਸੀ ਅਤੇ ਸਾਰੀ ਤਕਰੀਰ ਮੈਂ ਸੁਣੀ ਨਹੀਂ। ਲੇਕਿਨ ਮੈਂ ਸਿਰਫ ਐਨਾ ਕਹਿਣਾ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਸੀ.ਪੀ.ਆਈ. ਨੂੰ ਰਿਪਰੀਜ਼ੈਂਟ ਕਰਦੇ ਹਨ। ਉਹ ਸਾਡੇ ਨਾਲੋਂ ਆਪਣੇ ਆਪਨੂੰ ਵੱਡੇ ਸੋਸ਼ਲਿਸਟ ਸਮਝਦੇ ਹਨ ਤੇ ਸ਼ਾਇਦ ਹੋਣ ਵੀ। ਲੇਕਿਨ ਡੈਮੋਕਰੇਸੀ ਦੇ ਵਿਚ ਜੇ ਕਰ ਸਰਕਾਰ ਵੀਕਰ ਸੈਕਸ਼ਨ ਨੂੰ ਨਹੀਂ ਬਚਾਉਂਦੀ ਤਾਂ ਲੂਜ਼ ਡੈਮੋਕਰੇਸੀ ਕੈਪੀਟਲਿਸਟ ਦਾ ਗੜ੍ਹ ਬਣ ਜਾਵੇਗੀ। ਅਤੇ ਇਸ ਮਾਮਲੇ ਵਿਚ ਇਨ੍ਹਾਂ ਨੂੰ ਮਦਦ ਕਰਨੀ ਚਾਹੀਦੀ ਹੈ। ਇਕ ਗੱਲ ਪਾਂਡੇ ਸਾਹਿਬ ਵੱਲੋਂ ਕਹੀ ਗਈ, ਇਕ ਡਾਂਗ ਸਾਹਿਬ ਨੇ ਕਹੀ ਅਤੇ ਇਕ ਗੱਲ ਸਰਦਾਰ ਗੁਰਮੇਜ਼ ਸਿੰਘ ਨੇ ਕਹੀ। ਅਸੀਂ ਇਸ ਪਾਸੇ ਵਿਚ ਲੜਾਈ ਰਲ ਕੇ ਲੜੀ।

ਰੱਬ ਜਾਣੇ ਕਿਸ ਦੇ ਤਅਲੁਕ ਨਾਲ ਕੌਣ ਆਉਂਦਾ ਤੇ ਕੌਣ ਨਾ ਆਉਂਦਾ। ਇਥੇ ਸੀ.ਪੀ. ਆਈ. ਵਾਲੇ ਦੋਸਤ ਜਿਹੜੇ ਹਨ ਮੈਂ ਉਨ੍ਹਾਂ ਦੀ ਇੱਜਤ ਕਰਦਾ ਹਾਂ ਅਤੇ ਉਨ੍ਹਾਂ ਦਾ ਬੜਾ ਆਦਰ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਸਾਡੀ ਸਾਂਝ ਨੇ ਪਿਛਾਂਹ ਖਿਚੂ ਤਾਕਤਾਂ ਨੂੰ ਹਰਾਇਆ ਹੈ ਪਰ ਜਿਤਿਆ ਕਿਹੜਾ ਹੈ ਇਹ ਮੈਂ ਨਹੀਂ ਜਾਣਦਾ ਪਰ ਇਤਨਾ ਜ਼ਰੂਰ ਜਾਣਦਾ ਹਾਂ ਕਿ ਫਿਰਕਾਦਾਰੀ ਦਬੀ ਹੈ। (ਸਰਕਾਰੀ ਬੈਂਚਾਂ ਵਲੋਂ ਤਾੜੀਆਂ) ਮੈਂ ਇਸ ਸਾਂਝ ਨੂੰ ਲੋਕਾਂ ਦੇ ਭਲੇ ਵਾਸਤੇ ਸਮਝਦਾ ਹਾਂ। ਕੌਣ ਮੁੱਖ ਮੰਤਰੀ ਬਣਦਾ ਜਾਂ ਬਣਿਆ ਹੈ ਇਹੋ ਜਿਹੀਆਂ ਗਲਾਂ ਡਾਂਗ ਸਾਹਿਬ ਦੇ ਮੂੰਹੋਂ ਗੁਸੇ ਵਿਚ ਨਹੀਂ ਨਿਕਲਣੀਆਂ ਚਾਹੀਦੀਆਂ। ਲੇਕਿਨ ਮੈਂ ਇਤਨਾ ਜ਼ਰੂਰ ਕਹਿ ਸਕਦਾ ਹਾਂ ਕਿ ਪੰਜਾਬ ਦੀ ਕਾਂਗਰਸ ਨੇ ਸੀ. ਪੀ. ਆਈ. ਨਾਲ ਸਮਝੌਤਾ ਕੀਤਾ ਹੈ, ਪਰ ਇਹ ਜਿਹੜੇ ਮੇਰੇ ਵੀਰ ਸਾਹਮਣੇ ਬੈਠੇ ਹਨ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਇਹ ਸਾਰੀਆਂ ਪਾਰਟੀਆਂ ਨਾਲ ਸਮਝੌਤਾ ਕਰ ਚੁਕੇ ਹਨ। ਸੀ. ਪੀ. ਆਈ. ਨਾਲ ਵੀ ਜਫੀਆਂ ਪਾ ਚੁਕੇ ਹਨ, ਜਨਸੰਘ ਨਾਲ ਅਤੇ ਹੋਰ ਕਈ ਪਾਰਟੀਆਂ ਨਾਲ ਇਹ ਸਮਝੌਤੇ ਕਰ ਚੁਕੇ ਹਨ ਅਤੇ ਇਕਠੇ ਰਾਜ ਕਰ ਚੁਕੇ ਹਨ, ਇਨ੍ਹਾਂ ਨੂੰ ਇਹ ਤਾਹਨੇ ਦੇਣੇ ਚੰਗੇ ਨਹੀਂ ਲਗਦੇ। ਮੈਂ ਸਮਝਦਾ ਹਾਂ ਕਿ ਸਾਡਾ ਆਪਸ ਵਿਚ ਨਿਨਾਣ ਭਾਬੀ ਵਾਲਾ ਝਗੜਾ ਹੈ ਜਿਹੜਾ ਕਿ ਕੋਈ ਝਗੜਾ ਨਹੀ ਅਤੇ ਇਹ ਆਪਸ ਵਿਚ ਇਕ ਦੂਜੇ ਦੀਆਂ ਸਕੀਆਂ ਹਨ। ਪਾਂਡੇ ਸਾਹਿਬ ਦਾ ਜਵਾਬ ਮੈਂ ਕਹਾਂਗਾ ਕਿ ਡਾਂਗ ਸਾਹਿਬ ਠੰਡੇ ਦਿਲ ਨਾਲ ਸੁਣ ਲੈਣ (ਵਿਘਨ) ਮੈਂ ਇਹ ਵੀ ਕਹਿੰਦਾ ਹਾਂ ਕਿ ਇਸ ਤਰ੍ਹਾਂ ਜੇ ਕਦੇ ਕਦੇ ਕੋਈ ਗੱਲ ਬਾਤ ਨਾ ਹੋਵੇ ਤਾਂ ਨਾਲ ਮਿਲੀ ਪਾਰਟੀ ਦੀ ਕੋਈ ਹੈਸੀਅਤ ਨਹੀਂ ਰਹਿੰਦੀ। ਸਰਕਾਰ ਨਾਲ ਮਿਲਕੇ ਜਿਹੜੀ ਪਾਰਟੀ ਚਲੇਗੀ ਜੇ ਉਹ ਬਿਲਕੁਲ ਨਾਲ ਹੀ ਮਿਲ ਜਾਏ ਤਾਂ ਉਸ ਦੀ ਫਿਰ ਕੋਈ ਹੈਸੀਅਤ ਨਹੀਂ ਰਹਿੰਦੀ। ਇਸ ਲਈ ਥੋੜਾ ਬਹੁਤ ਚਲਦਾ ਰਹਿੰਦਾ ਹੈ ਪਰ ਡਾਂਗ ਸਾਹਿਬ ਦੇ ਪ੍ਰਿੰਸੀਪਲ ਨੂੰ ਮੈਂ ਸਪੋਰਟ ਕਰਦਾ ਹਾਂ ਅਤੇ ਡਾਂਗ ਸਾਹਿਬ ਨੂੰ ਇਸ ਲਈ ਮੁਬਾਰਕਬਾਦ ਵੀ ਦਿੰਦਾ ਹਾਂ। ਸਾਨੂੰ ਜੋ ਮਰਜ਼ੀ ਕਹਿ ਲਿਆ ਕਰੋ ਪਰ ਪ੍ਰਿੰਸੀਪਲ ਤੇ ਸਾਡੇ ਨਾਲ ਰਿਹਾ ਕਰੋ। (ਥੰਪਿੰਗ)

ਰਾਜ ਮੰਤਰੀ (ਸਥਾਨਕ ਸਰਕਾਰ ਅਤੇ ਜੇਲ੍ਹਾਂ) : ਡਿਪਟੀ ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਦੀ ਗੱਲ ਬਾਤ ਤੋਂ ਬਾਦ ਮੈਂ ਆਪਣੀ ਗੱਲ ਨੂੰ ਲੰਮਾ ਚੌੜਾ ਨਹੀਂ ਕਰਾਂਗਾ ਅਤੇ ਮੈਂ ਸਿਰਫ ਇਤਨਾ ਹੀ ਕਹਾਂਗਾ ਕਿ ਸਾਨੂੰ ਸਾਰਿਆਂ ਨੂੰ ਚੰਗੇ ਕੰਮ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ । ਸਰਕਾਰੀ ਕਰਮਚਾਰੀਆਂ ਬਾਰੇ ਇਥੇ ਆਮ ਕਿਹਾ ਜਾਂਦਾ ਹੈ ਕਿ ਇਹ ਕੰਮ ਨਹੀਂ ਕਰਦੇ । ਜੇ ਸਰਕਾਰੀ ਕਰਮਚਾਰੀਆਂ ਨੇ ਕੰਮ ਕੀਤਾ ਹੈ ਤਾਂ ਅੱਜ ਉਨ੍ਹਾਂ ਨੂੰ ਵੀ ਤਾਅਨੇ ਮਿਹਣੇ ਮਿਲ ਗਏ । ਉਨ੍ਹਾਂ ਦਾ ਨਾਮ ਵੀ ਇਥੇ ਉਛਾਲਿਆ ਗਿਆ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਡੀਪਾਰਟਮੈਂਟ ਨੇ ਜਿਸ ਨੂੰ ਲੋਕਲ ਸੈਲਫ ਗੌਰਮਿੰਟ ਦਾ ਡੀਪਰਟਮੈਂਟ ਕਹਿੰਦੇ ਹਨ ਇਸਨੇ ਇਸ ਥੋੜੇ ਜਿਹੇ ਅਰਸੇ ਵਿਚ ਜੋ ਸੀ.ਐਮ. ਸਾਹਿਬ ਨੇ ਡਿਊਟੀ ਲਗਾਈ ਸੀ ਉਸ ਨੂੰ ਆਪਣੀ ਪੂਰੀ ਤਨਦੇਹੀ ਨਾਲ ਨਿਭਾਇਆ ਹੈ ਅਤੇ ਰਾਤ ਦਿਨ ਮਿਹਨਤ ਕੀਤੀ ਹੈ । ਰਾਤ ਦੇ ਬਾਰਾਂ ਬਾਰਾਂ ਵਜੇ ਤਕ ਬੈਠ ਕੇ ਇਸ ਮਹਿਕਮੇ ਦੇ ਕਰਮਚਾਰੀਆਂ ਨੇ ਕੰਮ ਕੀਤਾ ਹੈ ਜਿਸ ਦੇ ਲਈ ਉਹ ਸ਼ਾਬਾਸ਼ ਦੇ ਹੱਕਦਾਰ ਹਨ । ਨੇਕ ਆਦਮੀਆਂ ਦੀ ਅਤੇ ਮਿਹਨਤੀ ਆਦਮੀਆਂ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਚੰਗੇ ਕੰਮ ਨੂੰ ਚੰਗਾ ਕਹਿਣਾ ਚਾਹੀਦਾ ਹੈ ।

(ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਵੀ ਅਰਜ਼ ਕਰ ਚੁਕਾ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਜਿਨ੍ਹਾਂ ਦੇ ਮਨ ਦੇ ਅੰਦਰ ਇਹ ਕਲਪਣਾ ਉਠੀ ਸੀ ਕਿ ਵੀਕਰ ਸੈਕਸ਼ਨ ਨੂੰ ਨੁਮਾਇੰਦਗੀ ਮਿਲਣੀ ਚਾਹੀਦੀ ਹੈ ਅਤੇ ਉਨ੍ਹਾਂ ਨੇ ਇਹ ਨੁਮਾਇੰਦਗੀ ਦੇਣ ਦੀ ਕੋਸ਼ਿਸ਼ ਕੀਤੀ । ਸਾਨੂੰ ਸਾਰਿਆਂ ਨੂੰ ਇਹ ਗੱਲ ਅਡਾਪਟ ਕਰਕੇ ਵੀਕਰ ਸੈਕਸ਼ਨ ਨੂੰ ਨੁਮਾਇੰਦਗੀ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ । ਮੈਂ ਜ਼ਿਆਦਾ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਟਾਈਮ ਕਾਫੀ ਹੋ ਗਿਆ ਹੈ । ਇਸ ਲਈ ਮੈਂ ਮੂਵ ਕਰਦਾ ਹਾਂ ਕਿ ਇਸ ਬਿਲ ਨੂੰ ਪਾਸ ਕੀਤਾ ਜਾਵੇ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਆਨ ਏ ਪੁਆਇੰਟ ਆਫ ਆਰਡਰ ਸਰ । (ਵਿਘਨ) ਇਨ੍ਹਾਂ ਨੇ ਕਿਹਾ ਹੈ ਕਿ ਪਛੜੀਆਂ ਸ਼੍ਰੇਣੀਆਂ ਨੂੰ ਸਤਿਕਾਰ ਦਿਤਾ ਗਿਆ ਹੈ । ਸਦਨ ਦੇ ਵਿਚ ਇਹ...... (ਵਿਘਨ) (ਸ਼ੋਰ)

Mr. Speaker : No point of order. Please resume your seat. (*Interruption*) Sidhu Sahib, please resume your seat.

ਸਰਦਾਰ ਗੁਰਦੇਵ ਸਿੰਘ ਸਿੱਧੂ : * * * (ਸ਼ੋਰ) (ਵਿਘਨ)

ਸ੍ਰੀ ਸਪੀਕਰ : ਜੋ ਕੁਝ ਵੀ ਸਿੱਧੂ ਸਾਹਿਬ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਬੋਲ ਰਹੇ ਹਨ that should not form part of the proceedings. (*Interruption*) (Whatever the hon. Member. Sardar Gurdev Singh Sidhu. is saying without the permission of the Chair that should not form part of the proceedings.)

Mr. Speaker: Question is—

That the Punjab Municipal (Amendment) Bill, 1972 be taken into consideration at once.

The Motion was carried.

---

*Expunged as ordered by the Chair.

Mr Speaker: Now the House will proceed to consider the Bill clause by clause.

SUB-CLAUSE (2) OF CLAUSE 1

Mr. Speaker : Question is—

That Sub Clause (2) of Clause 1 stand part of the Bill.

The motion was carried.

CLAUSE 2

Mr. Speaker : Question is—

That Clause 2 stand part of the Bill.

The motion was carried.

CLAUSE 3

Mr. Speaker : Question is—

That Clause 3 stand part of the Bill.

The motion was carried.

CLAUSE 4

Mr. Speaker : Question is—

That Clause 4 stand part of the Bill.

The motion was carried.

CLAUSE 5

Mr. Speaker : Question is—

That Clause 5 stand part of the Bill.

The motion was carried

CLAUSE 6

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ, ਐਸ.ਸੀ.) : ਸਪੀਕਰ ਸਾਹਿਬ, ਮੈਂ ਕਲਾਜ਼ 6 ਤੇ ਬੋਲਣਾ ਚਾਹੁੰਦਾ ਹਾਂ । ਇਸ ਦੇ ਵਿਚ ਇਹ ਜਿਹੜਾ ਸੈਕਸ਼ਨ 12–ਏ ਪਾਇਆ ਗਿਆ ਹੈ ਇਸ ਦੇ ਵਿਚ ਲਿਖਿਆ ਹੈ ਕਿ 'If no person belonging to the Scheduled Caste of Balmiki, Chura or Bhangi" ਮੈਂ ਸਮਝਦਾ ਹਾਂ ਕਿ 25 ਸਾਲ ਤੋਂ ਬਾਦ ਵੀ ਜੇ ਗਾਂਧੀ ਜੀ ਦੇ 'ਨਾਮ ਲੇਵਾ ਚੂੜ੍ਹਾ' ਕਹਿੰਦੇ ਹਨ ਤਾਂ ਇਹ ਬੜੀ ਸ਼ਰਮ ਦੀ ਗਲ ਹੈ । (ਵਿਘਨ) ਵੈਸੇ 'ਬਾਲਮੀਕੀ' ਸ਼ਬਦ ਨਾਲ ਇਹ ਕੰਮ ਸਰ ਸਕਦਾ ਹੈ। ਇਹ ਜਿਹੜੇ ਸ਼ਬਦ 'ਚੂੜ੍ਹਾ ਅਤੇ ਭੰਗੀ' ਹਨ ਇਹ ਚੰਗਾ ਨਹੀਂ ਲਗਦਾ ਹੈ । ਇਹ ਇਸ ਵਿਚੋਂ ਕੱਢ ਦੇਣਾ ਚਾਹੀਦਾ ਹੈ । (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਡਿਪਟੀ ਲੀਡਰ ਆਫ ਦੀ ਆਪੋਜ਼ੀਸ਼ਨ ਵਕੀਲ ਹਨ । ਮੈਨੂੰ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਨੇ ਵਕਾਲਤ ਕਿਸ ਤਰ੍ਹਾਂ ਪਾਸ ਕਰ ਲਈ ? (ਵਿਘਨ) (ਸ਼ੋਰ) ਇਨ੍ਹਾਂ ਨੇ ਕੰਸਟੀਚਿਊਸ਼ਨ ਸ਼ਾਇਦ ਨਹੀਂ ਪੜ੍ਹਿਆ । (ਵਿਘਨ) (ਸ਼ੋਰ) ਜਿਹੜਾ ਕੰਸਟੀਚਿਊਸ਼ਨ ਹੈ ਉਸ ਵਿਚ 'ਬਾਲਮੀਕੀ, ਚੂੜ੍ਹਾ ਅਤੇ ਭੰਗੀ' ਤਿੰਨ ਲਫਜ਼ ਹਨ । (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਹ 25 ਸਾਲਾ ਜੁਬਲੀ ਮਨਾ ਰਹੇ ਹਨ (ਵਿਘਨ) (ਸ਼ੋਰ) ਮੈਂ ਕਹਿੰਦਾ ਹਾਂ ਕਿ ਇਸ ਵਿਚ 'ਚੂੜ੍ਹਾ ਤੇ ਭੰਗੀ' ਸ਼ਬਦ ਨਹੀਂ ਆਉਣੇ ਚਾਹੀਦੇ (ਸ਼ੋਰ) (ਵਿਘਨ)

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਰਦਾਰ ਅਜਾਇਬ ਸਿੰਘ ਸੰਧੂ, ਨਾਲ ਮੁਤਫਿਕ ਹਾਂ ਕਿ "ਚੂੜ੍ਹਾ" ਨਹੀਂ ਕਹਿਣਾ ਚਾਹੀਦ (ਸ਼ੋਰ)(ਵਿਘਨ) ਮੈਂ ਕਹਿੰਦਾ ਹਾਂ ਕਿ ਜੇ ਇਹ ਵਕੀਲ ਹਨ ਤਾਂ ਇਸ ਸ਼ਬਦ ਬਾਰੇ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਸੀ । (ਸ਼ੋਰ) (ਵਿਘਨ) ਮੈਂ ਅਰਜ਼ ਕਰਾਂ ਕਿ ਕੰਸਟੀਚਿਊਸ਼ਨ ਦੇ ਅਪੈਂਡਿਕਸ ਵਿਚ ਆਰਡਰ 1950 ਵਿਚ ਜਿਹੜਾ ਕਿ ਪੰਜਾਬ ਦੇ ਨਾਲ ਪਾਰਟ 10 ਵਿਚ ਸ਼ਡਿਊਲ ਹੈ ਉਹ ਕਹਿੰਦਾ ਹੈ ਕਿ ਥਰੂ ਆਊਟ ਦੀ ਸਟੇਟ ਕਿਹੜੀਆਂ ਕਿਹੜੀਆਂ ਕਾਸਟਸ ਹੋਣੀਆਂ ਚਾਹੀਦੀਆਂ ਹਨ । ਉਹ ਮੈਂ ਪੜ੍ਹ ਦਿੰਦਾ ਹਾਂ :

1. ਆਦਿ ਧਰਮੀ
2. ਬੰਗਾਲੀ
3. ਬਰਾੜ, ਬਰੂੜ ਅਤੇ ਬੇਰੂੜ
4. ਬਟਵਾਲ
5. ਬਉਰੀਆ ਜਾਂ ਬਵਾਰਿਆ
6 ਬਾਜ਼ੀਗਰ
7 ਬਾਲਮੀਕੀ, ਚੂੜ੍ਹਾ ਜਾਂ ਭੰਗੀ

(**ਇਸ ਵਕਤ ਆਪੋਜ਼ੀਸ਼ਨ ਬੈਂਚਾਂ ਵਲੋਂ ਕਈ ਮੈਂਬਰ ਸਾਹਿਬਾਨ ਖੜੇ ਹੋਕੇ ਬੋਲ ਰਹੇ ਸਨ** ਪਰ ਸ਼ੋਰ ਇਤਨਾ ਸੀ ਕਿ ਕੁਝ ਸੁਣਾਈ ਨਹੀਂ ਦੇ ਰਿਹਾ ਸੀ)

ਇਹ ਲਿਮਟ ਤੇਤੀਆਂ ਦੀ ਹੈ ਔਰ ਇਸ ਨੂੰ ਬਣਾਉਣ ਵਾਲੇ ਡਾਕਟਰ ਅੰਬੇਦਕਰ ਸਨ। ਇਸ ਕਰਕੇ ਮੇਰੇ ਆਨਰੇਬਲ ਮੈਂਬਰ ਨੂੰ ਇਨ੍ਹਾਂ ਗਲਾਂ ਵਿਚ ਨਹੀਂ ਪੈਣਾ ਚਾਹੀਦਾ । ਇਹ ਤਾਂ ਜਿਸ ਤਰ੍ਹਾਂ ਇਕ ਤਸ਼ਰੀਹ ਦਿਤੀ ਹੈ, ਇਕ ਡੇਫੀਨੀਸ਼ਨ ਦਿਤੀ ਹੈ ਤਾਂ ਕਿ ਕੋਈ ਨਾਜਾਇਜ ਫਾਇਦਾ ਨਾ ਉਠਾਏ, ਇਸ ਕਰਕੇ ਦਿਤਾ ਗਿਆ ਹੈ । ਇਸ ਨੂੰ ਕਿਸੇ ਵੀ ਹੋਰ ਨੀਅਤ ਨਾਲ ਨਹੀਂ ਦਿਤਾ ਗਿਆ । ਕਲ ਨੂੰ ਕੋਈ ਚੀਮਾ, ਬਾਜਵਾ ਜਾਂ ਰੰਧਾਵਾ ਨਾ ਖਲੋ ਜਾਵੇ । ਉਨ੍ਹਾਂ ਤੋਂ ਬਚਾਉਣ ਲਈ ਇਹ ਕੀਤਾ ਗਿਆ ਹੈ ਹੋਰ ਕੋਈ ਗਲ ਨਹੀਂ । (ਸ਼ੋਰ) ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਵਕਤ ਇਹ ਵਿਧਾਨ ਬਣਿਆ ਸੀ ਤਾਂ ਉਸ ਵੇਲੇ ਇਹ ਸ਼ਬਦ ਮਸ਼ਹੂਰ ਸਨ (ਵਿਘਨ) (ਸ਼ੋਰ) ਇਸ ਵੇਲੇ ਵਿਧਾਨ ਵਿਚ ਤਰਮੀਮ ਕੀਤੀ ਜਾ ਚੁਕੀ ਹੈ ਕਿ ਜੇ ਕੋਈ ਕਿਸੇ ਨੂੰ ਚਮਾਰ ਜਾਂ ਚੂੜ੍ਹਾ ਆਦਿ ਕਹੇਗਾ ਤਾਂ ਉਸ ਨੂੰ 6 ਮਹੀਨੇ ਦੀ ਸਜ਼ਾ ਦਿਤੀ ਜਾਵੇਗੀ । (ਸ਼ੋਰ) ਜੇ ਇਸ ਵਕਤ ਇਸ ਸ਼ਬਦ ਨੂੰ ਕੱਢ ਦਿਤਾ ਜਾਵੇ ਤਾਂ ਚੰਗਾ ਹੋਵੇਗਾ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਗੁਲਸ਼ਨ ਜੀ, ਤੁਸੀਂ ਹੁਣ ਤਸ਼ਰੀਫ ਰਖੋ । (ਸ਼ੋਰ) (ਵਿਘਨ) (Sardar Dhanna Singh Gulshan, please resume your seat now.) (*Noise*) (*Interruption*)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰੀ ਐਕਸਪਲਾਨੇਸ਼ਨ ਸੁਣ ਲਵੋ (ਵਿਘਨ)

ਸ੍ਰੀ ਸਪੀਕਰ : ਤੁਹਾਡੇ ਤੇ ਕੋਈ ਪਰਸਨਲ ਅਟੈਕ ਕੀਤਾ ਹੈ ? (ਵਿਘਨ) (ਸ਼ੋਰ) (No personal attack has been made against you.) (*Interruption*) (*Noise*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਨੂੰ ਕਿਹਾ ਹੈ ਕਿ ਮੈਂ ਕੰਸਟੀਚਿਊਸ਼ਨ ਨਹੀਂ ਪੜ੍ਹਿਆ । (ਸ਼ੋਰ) (ਵਿਘਨ) ਤੇ ਮੈਂ ਵਕੀਲ ਹਾਂ । (ਵਿਘਨ) ਮੈਂ ਕਹਿੰਦਾ ਹਾਂ ਕਿ ਜੇ ਇਹ 25 ਸਾਲ ਕੋਈ ਮਾੜਾ ਕੰਮ ਕਰਦੇ ਰਹੇ ਹਨ ਤਾਂ ਹੁਣ ਠੀਕ ਕਰ ਲੈਣ । (ਵਿਘਨ)

Mr. Speaker: Please resume your seat. (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਲਫਜ਼ ਕਟਾ ਦਿਉ (ਸ਼ੋਰ)(ਵਿਘਨ)

ਆਵਾਜ਼ਾਂ : 'ਚੂੜ੍ਹਾ' ਸ਼ਬਦ ਕੱਢੋ (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੁਸੀਂ ਇਹ ਗਲ ਕਹਿੰਦੇ ਹੋ, ਪਰ ਜੇ ਕੋਈ ਮਾਣ ਨਾਲ ਕਹਿੰਦਾ ਹੈ ਕਿ ਉਹ ਚਮਾਰ ਹੈ ਤਾਂ ਕੀ ਤੁਸੀਂ ਉਸ ਨੂੰ ਇਹ ਉਹਦਾ ਨਹੀਂ ਲੈਣ ਦਿੰਦੇ ? (ਵਿਘਨ) (ਸ਼ੋਰ) (This is what you say but there can be some person who may feel it an honour to call himself a 'Chamar'. Why should you stand in his why ?) (*Interruption*) (*Noise*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ ਇਹ 'ਚੂੜ੍ਹਾ' ਸ਼ਬਦ ਖਤਮ ਕਰਨਾ ਚਾਹੀਦਾ ਹੈ (ਸ਼ੋਰ) (ਵਿਘਨ) ਇਹ ਸ਼ਬਦ ਗਲਤ ਹੈ ਅਤੇ ਬਾਲਮੀਕੀ ਨਾਲ ਕੰਮ ਸਰ ਸਕਦਾ ਹੈ । (ਸ਼ੋਰ) (ਵਿਘਨ)

Mr. Speaker : Question is—

That Clause 6 stand part of the Bill.

After ascertaining the votes of the House by voices, Mr. Speaker said 'I think Ayes havh it.' This opinion was challenged. The bells were sounded. The question was put again and Mr. Speaker said 'I think Ayes have it.' Again it was challenged. The Members were asked to rise in their places. Fifty-nine Members rose in support of the Motion and twenty-one against the motion. The motion was declared carried.)

Ayes 59
Noes 21

The motion was carried

CLAUSE 7

Mr. Speaker : Question is—

That Clause 7 stand part of the Bill.

The motion was carried.

CLAUSE 8

Mr. Speaker : Question is—

That Clause 8 stand part of the Bill.

The motion was carried.

CLAUSE 9

Mr. Speaker : Question is—

That Clause 9 stand part of the Bill.

The motion was carried.

CLAUSE 10

Mr. Speaker : Question is—

That Clause 10 stand part of the Bill.

The motion was carried.

CLAUSE 11

Mr. Speaker : Question is—

That Clause 11 stand part of the Bill.

The motion was carried.

CLAUSE 12

Mr. Speaker : Question is—

That Clause 12 stand part of the Bill.

The motion was carried.

CLAUSE 13

Mr. Speaker : Question is—

That Clause 13 stand part of the Bill.

The motion was carried.

CLAUSE 14

Mr. Speaker : Question is—

That Clause 14 stand part of the Bill.

The motion was carried.

CLAUSE 15

Mr. Speaker : Question is—

That Clause 15 stand part of the Bill.

The motion was carried.

CLAUSE 16

Mr. Speaker : Question is—

That Clause 16 stand part of the Bill.

The motion was carried.

CLAUSE 17

Mr. Speaker : Question is—

That Clause 17 stand part of the Bill.

The motion was carried.

SUB-CLAUSE (1) OF CLAUSE 1

Mr. Speaker : Question is-

That Sub-Clause (1) of Clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried

Minister of State for Local Government and Jails (Shri Joginder Paul Pandey): I beg to move—

That the Punjab Municipal (Amendment) Bill, 1972 be passed.

Mr. Speaker: Motion moved.—

That the Punjab Municipal (Amendment) Bill, 1972 be passed.

ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ) : ਸਪੀਕਰ ਸਾਹਿਬ, ਮੈਂ ਦੋ ਤਿੰਨ ਮਿੰਟ ਇਸ ਬਾਰੇ ਬੋਲਣਾ ਚਾਹੁੰਦਾ ਹਾਂ। ਪਹਿਲੀ ਗਲ ਤਾਂ ਡਾਂਗ ਸਾਹਿਬ ਨੇ ਇਹ ਆਖੀ ਹੈ ਕਿ ਇਹ ਜਿਹੜਾ ਬਿਲ ਲਿਆਂਦਾ ਗਿਆ ਹੈ, ਇਹ ਪਛੜੀਆਂ ਸ਼ਰੇਣੀਆਂ ਅਤੇ ਵੀਕਰ ਸੈਕਸ਼ਨ ਦੀ ਭਲਾਈ ਵਾਸਤੇ ਲਿਆਂਦਾ ਗਿਆ ਹੈ ਅਤੇ ਇਸ ਬਾਰੇ ਹਾਊਸ ਦੀਆਂ ਦੋ ਰਾਵਾਂ ਨਹੀਂ ਹੋ ਸਕਦੀਆਂ। ਦੂਜੀ ਗਲ

[ਚੌਧਰੀ ਦਰਸ਼ਨ ਸਿੰਘ]

ਡਾਂਗ ਸਾਹਿਬ ਨੇ ਇਹ ਆਖੀ ਹੈ ਕਿ ਇਹ ਬਿਲ ਬੇਵਕਤ ਲਿਆਂਦਾ ਗਿਆ ਹੈ। ਕਾਂਗਰਸ ਸਰਕਾਰ ਦੀ ਜਾਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੀ ਕੋਈ ਮਨਸ਼ਾ ਨਹੀਂ ਸੀ ਕਿ ਇਸ ਬਿਲ ਰਾਹੀਂ ਮਿਉਂਸਪਲ ਕਮੇਟੀਆਂ ਵਿਚ ਕਾਂਗਰਸ ਅਕਸਰੀਅਤ ਹਾਸਲ ਕਰੇ। ਡਾਂਗ ਸਾਹਿਬ ਨੇ ਗਿਆਨੀ ਜ਼ੈਲ ਸਿੰਘ ਦੀਆਂ ਪ੍ਰੈਸ ਸਟੇਟਮੈਂਟਾਂ ਅਤੇ ਕੁਝ ਲੈਟਰਜ਼ ਬਾਰੇ ਜ਼ਿਕਰ ਕੀਤਾ ਹੈ। ਸਰਕਾਰ ਦੇ ਜ਼ੇਰੇ ਗੌਰ ਪਰੋਪੋਜ਼ਲ ਜ਼ਰੂਰ ਸੀ। ਤੁਸੀਂ ਆਰਡੀਨੈਂਸ ਜਾਂ ਬਿਲ ਦੀ ਮੇਨ ਕੰਸਟ੍ਰਕਸ਼ਨ ਬਾਰੇ ਕੋਈ ਖਾਮੀ ਕਢੋ। ਫਰਜ਼ ਕਰੋ ਲਉ ਆਰਡੀਨੈਂਸ ਪਹਿਲਾਂ ਜਾਰੀ ਕਰਨਾ ਚਾਹੀਦਾ ਸੀ। ਸਪੀਕਰ ਸਾਹਿਬ, ਪਚਾਇਤਾਂ, ਪੰਚਾਇਤ ਸਮਿਤੀਆਂ ਅਤੇ ਅਸੈਂਬਲੀ ਵਿਚ ਹਰੀਜਨਾਂ ਨੂੰ ਰੇਜ਼ਵਰਵੇਸ਼ਨ ਪਹਿਲਾਂ ਵੀ ਹੈ। ਜੇ ਇਹ ਆਰਡੀਨੈਂਸ ਪਹਿਲਾਂ ਜਾਰੀ ਹੁੰਦਾ ਤਾਂ ਕੀ ਕਾਂਗਰਸ ਦੀ ਅਕਸਰੀਅਤ ਵਿਚ ਇਜ਼ਾਫਾ ਹੁੰਦਾ ਜਾਂ ਕਮੀ। ਇਸ ਨਾਲ ਕਾਂਗਰਸ ਦੀਆਂ ਸੀਟਾਂ ਜ਼ਿਆਦਾ ਹੁੰਦੀਆਂ। ਕਾਸ਼ ਮੇਰੇ ਦੋਸਤਾਂ ਨੇ ਡਾਕਟਰ ਐਂਬੇਦਕਰ ਦੀਆਂ ਇੰਟੈਨਸ਼ਨਜ਼ ਦਾ ਅਹਿਤਰਾਮ ਕੀਤਾ ਹੁੰਦਾ। ਉਨ੍ਹਾਂ ਨੇ 'ਚੂੜ੍ਹਾ' ਦਾ ਲਫਜ਼ ਇਸ ਕਰਕੇ ਵਿਧਾਨ ਵਿਚ ਲਿਆਂਦਾ ਸੀ ਤਾਂ ਕਿ ਕੋਈ ਕਲਾਸ ਰਿਪਰੇਜ਼ੈਂਟੇਸ਼ਨ ਤੋਂ ਵਾਂਝੀ ਨਾ ਰਹਿ ਜਾਵੇ। (ਸ਼ੋਰ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : * * * *

ਸ੍ਰੀ ਸਪੀਕਰ : ਜੋ ਕੁਝ ਸੰਧੂ ਸਾਹਿਬ ਕਹਿ ਰਹੇ ਹਨ that should not form part of the proceedings. (Whatever Sandhu Sahib is saying that should not form part of the proceedings.)

ਚੌਧਰੀ ਦਰਸ਼ਨ ਸਿੰਘ : ਤੁਸੀਂ ਪਾਰਲੀਮੈਂਟ ਦੀਆਂ ਡੀਬੇਟਾਂ ਪੜ੍ਹ ਕੇ ਵੇਖੋ। ਡਾਕਟਰ ਐਂਬੇਦਕਰ ਦਾ ਇਰਾਦਾ ਇਹ ਸੀ ਕਿ ਕੋਈ ਵੀ ਆਦਮੀ ਰਿਆਇਤ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਨੇ ਦੁਬਾਰਾ ਅਨਟਚੇਬਿਲਟੀ ਦਾ ਐਕਟ ਲਿਆਂਦਾ। ਇੰਟੈਨਸ਼ਨ ਇਸ ਨੂੰ ਇਨਕਲੂਡ ਕਰਨ ਦੀ ਸੀ। ਜੇ ਚੂੜ੍ਹਾ ਕਹਿਣ ਦੀ ਇੰਟੈਨਸ਼ਨ ਹੁੰਦੀ ਤਾਂ ਫਿਰ ਬਾਅਦ ਵਿਚ ਅਨਟਚੇਬਿਲਟੀ ਦਾ ਐਕਟ ਨਾਂ ਲਿਆਂਦਾ ਜਾਂਦਾ। ਇਸ ਕਰਕੇ ਇੰਟੈਨਸ਼ਨ ਸਿਰਫ ਇਸ ਨੂੰ ਇਨਕਲੂਡ ਕਰਨ ਦੀ ਹੈ। (ਸ਼ੋਰ) ਪੰਜਾਬ ਸਰਕਾਰ ਦਾ ਇਰਾਦਾ ਰਿਆਇਤ ਦੇਣ ਦਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਸੰਧੂ ਸਾਹਿਬ, ਹੁਣ ਪੁਆਇੰਟ ਆਫ ਆਰਡਰ ਨੂੰ ਜਾਣ ਦਿਉ ਤੁਸੀਂ ਅਗੇ ਬਹੁਤ ਕਰ ਲਏ ਹਨ। (Sandhu Sahib, you have already raised so many points of order. Now please leave it).

ਸਰਦਾਰ ਅਜਾਇਬ ਸਿੰਘ ਸੰਧੂ : ਇਕ ਮਿੰਟ ਦੀ ਗਲ ਹੈ, ਸਪੀਕਰ ਸਾਹਿਬ, ਮੈਂ ਤਾਂ ਕੇਵਲ ਇਤਨੀ ਹੀ ਬੇਨਤੀ ਕਰਨੀ ਹੈ ਕਿ ਇਹ ਕਲ ਦੀਆਂ ਖਬਰਾਂ ਦੀ ਬਿਨ੍ਹਾਂ ਤੇ ਗਲ ਕਰਦੇ ਹਨ। ਜੇਕਰ ਇਹ ਚਾਹੁੰਣ ਤਾਂ ਭਾਵੇਂ ਸਾਰਿਆਂ ਨੂੰ ਚੂਹੜੇ ਲਿਖ ਦਿਆ ਕਰਨ। ਸਾਨੂੰ ਕੋਈ ਇਤਰਾਜ਼ ਨਹੀਂ ਹੈ।

*Expunged as ordered by the Chair.

ਕਾਮਰੇਡ ਸੱਤ ਪਾਲ ਡਾਂਗ(ਅੰਮ੍ਰਿਤਸਰ ਪੱਛਮ): ਸਪੀਕਰ ਸਾਹਿਬ ਇਸ ਬਿਲ ਦੇ ਅਸੂਲ ਬਾਰੇ ਜਿਹੜੀ ਗਲ ਮੈਂ ਕਹੀ ਸੀ ਉਸ ਤੇ ਸਟੈਂਡ ਕਰਦਾ ਹਾਂ। ਜਿਸ ਢੰਗ ਨਾਲ ਇਹ ਆਇਆ, ਜੋ ਓਰਿਜਨਲ ਇੰਟੈਨਸ਼ਨ ਸੀ ਮੈਂ ਉਸ ਬਾਰੇ ਫੈਕਟਸ ਦਿਤੇ ਸੀ । ਪਰ ਚੀਫ ਮਨਿਸਟਰ ਸਾਹਿਬ ਨੇ ਸਾਡੀ ਪਾਰਟੀ ਦੇ ਮੁਤਅਲਕ ਇਕ ਗਲ ਕਹੀ ਹੈ ਜਿਸ ਨਾਲ ਕਿ ਮਿਸਅੰਡਰਸਟੈਂਡਿੰਗ ਹੋ ਸਕਦੀ ਹੈ ਇਨ੍ਹਾਂ ਨੇ ਕਿਹਾ ਹੈ ਕਿ ਇਹ ਪਾਰਟੀ ਚਲਦੀ ਹੀ ਸਰਕਾਰ ਦੇ ਨਾਲ ਨਾਲ ਹੈ। ਦੂਸਰੀ ਪਾਰਟੀ ਦੇ ਨਾਲ ਐਡਜਸਟਮੈਂਟ ਕਰਨੀ ਪੈਂਦੀ ਹੈ । ਸਪੀਕਰ ਸਾਹਿਬ, ਸਾਡੀ ਪਾਰਟੀ ਦੀ ਇੰਟੈਨਸ਼ਨ ਇਹ ਹੈ ਕਿ ਕਮਿਊਨਿਜ਼ਮ ਦੇਸ਼ ਵਿਚ ਲਿਆਉਣਾ ਹੈ । ਇਹ ਮਨਿਸਟਰੀ ਜਿਸ ਹਿਸਾਬ ਨਾਲ ਚਲੇਗੀ ਅਸੀਂ ਮੈਰਿਟਸ ਉਤੇ ਡੀਸੀਜ਼ਨ ਲਵਾਂਗੇ । ਅਸੀਂ ਅਕਾਲੀ ਲੀਡਰਸ਼ਿਪ ਨੂੰ ਹਰੀਜਨਾਂ ਦੇ ਵਿਰੋਧੀ ਸਮਝਦੇ ਹਾਂ । ਪਰ ਜਦੋਂ ਉਨ੍ਹਾਂ ਨੇ ਪਿੰਡਾਂ ਵਿਚ ਧਰਮਸ਼ਾਲਾਵਾਂ ਬਨਾਉਣ ਦਾ ਫੈਸਲਾ ਕੀਤਾ ਤਾਂ ਅਸੀਂ ਉਨ੍ਹਾਂ ਨੂੰ ਸਪੋਰਟ ਕੀਤਾ । ਪਿਛਲੇ ਪੰਜ ਮਹੀਨਿਆਂ ਤੋਂ ਗਿਆਨੀ ਜ਼ੈਲ ਸਿੰਘ ਜੀ ਦੀ ਮਨਿਸਟਰੀ ਚਲ ਰਹੀ ਹੈ । This Ministry is going the old Congress way. In the days to come, we will have to fight bitterly against it.

ਮੁੱਖ ਮੰਤਰੀ : (ਗਿਆਨੀ ਜ਼ੈਲ ਸਿੰਘ): ਸਪੀਕਰ ਸਾਹਿਬ, ਮੈਂ ਚਾਹੁੰਦਾ ਸਾਂ ਕਿ ਸਮਾਂ ਇਨ੍ਹਾਂ ਗਲਾਂ ਉਤੇ ਜ਼ਿਆਦਾ ਨਾ ਲਗਦਾ । ਲੇਕਿਨ ਡਾਂਗ ਸਾਹਿਬ, ਜਿਨ੍ਹਾਂ ਦਾ ਮੈਂ ਬੜਾ ਸਤਿਕਾਰ ਕਰਦਾ ਹਾਂ, ਅਗਰ ਉਨ੍ਹਾਂ ਦਾ ਮਨਸ਼ਾ ਹੋਵੇ, ਉਨ੍ਹਾਂ ਨੂੰ ਕਾਂਗਰਸ ਦੀ ਪਰਾਫਾਰਮੈਂਸ ਨਾਲ ਇਤਫਾਕ ਨਾ ਹੋਵੇ, ਉਨ੍ਹਾਂ ਲਈ ਮੈਦਾਨ ਖੁਲ੍ਹਾ ਹੈ। ਜੋ ਕੁਝ ਚਾਹੁੰਣ ਉਹ ਕਹਿਣ । (ਤਾੜੀਆਂ) ਮੈਂ ਕਿਹਾ ਹੈ ਕਿ ਜੋ ਹੋਏ ਹਨ ਉਨ੍ਹਾਂ ਵਿਚ ਹਿਸੇਦਾਰ ਹਨ ਸੀ.ਪੀ.ਆਈ. ਵਾਲੇ ਵੀ ।

Voices : Incorrect, incorrect.

ਮੁੱਖ ਮੰਤਰੀ : ਸੋ ਸਪੀਕਰ ਸਾਹਿਬ, ਮੈਂ ਇਹ ਵੀ ਸਮਝਦਾ ਹਾਂ ਕਿ ਕਈ ਗੱਲਾਂ ਨਾਲ ਬੇਇਤਫਾਕੀ ਹੋ ਸਕਦੀ ਹੈ । ਮੈਂ ਪਾਲਸੀ ਮੈਟਰਜ਼ ਲਈ ਇਨ੍ਹਾਂ ਦੀ ਸਲਾਹ ਲੈ ਸਕਦਾ ਹਾਂ । ਲੇਕਿਨ ਐਡਮਨਿਸਟਰੇਸ਼ਨ ਦੇ ਡੇ-ਟੂ-ਡੇ ਕੰਮਾਂ ਵਿਚ ਦਖਲ ਬਰਦਾਸ਼ਤ ਨਹੀਂ ਕਰ ਸਕਦਾ । ਕੋਈ ਰਾਜ਼ੀ ਰਹੇ ਜਾਂ ਨਾਂ ਰਹੇ। (ਤਾੜੀਆਂ) ਲੇਕਿਨ ਮੈਂ ਪੰਜਾਬ ਨੂੰ ਫਿਰਕੇਦਾਰਨਾਂ ਜਮਾਤਾਂ ਤੋਂ ਮੁਕਤ ਕਰਾਉਣ ਦੇ ਲਈ ਦੂਸਰੀਆਂ ਅਗਾਂਹ ਵਧੂ ਪਾਰਟੀਆਂ ਨਾਲ ਐਡਜਸਟਮੈਂਟ ਕਰਨ ਲਈ ਹਰ ਸਮੇਂ ਤਿਆਰ ਹਾਂ। ਸੀ.ਪੀ.ਆਈ. ਡੈਮੋਕਰੇਸੀ ਵਿਚ ਵਿਸ਼ਵਾਸ਼ ਰਖਦੀ ਹੈ, ਮੇਰਾ ਭਰੋਸਾ ਹੈ ਕਿ ਇਹ ਪਾਰਟੀ ਫਿਰਕੇ-ਦਾਰੀ ਵਿਚ ਵਿਸ਼ਵਾਸ ਨਹੀਂ ਰਖਦੀ, ਮੇਰਾ ਭਰੋਸਾ ਹੈ ਇਹ ਇਕ ਅਗਾਂਹ ਵਧੂ ਪਾਰਟੀ ਹੈ, ਸਾਡਾ ਇਤਫਾਕ ਹੈ । ਲੇਕਿਨ ਬਹਿਸ ਵਿਚ ਜੇਕਰ ਮੈਂ ਪੈ ਜਾਵਾਂ ਤਾਂ ਡਾਂਗ ਸਾਹਿਬ ਜਦੋਂ ਸਰਦਾਰ ਗੁਰਨਾਮ ਸਿੰਘ ਜੀ ਦੀ ਵਜ਼ਾਰਤ ਵਿਚ ਸਨ ਤਾਂ ਜਨਸੰਘ ਦੇ ਵਜ਼ੀਰਾਂ ਦੀ ਜੋ ਪਰਫਾਰਮੈਂਸ ਸੀ ਜਿਸ ਨਾਲ ਫਿਰਕਾ ਦਾਰੀ ਵਧੀ, ਜਿਸ ਨਾਲ ਰੀਐਕਸ਼ਨਰੀ ਤਾਕਤਾਂ ਵਧੀਆਂ ਸਨ, ਉਸ ਵਿਚ ਡਾਂਗ ਸਾਹਿਬ ਦਾ ਵੀ ਹਿੱਸਾ ਹੈ । (ਤਾੜੀਆਂ) ਲੇਕਿਨ ਮੈਂ ਚਾਹਵਾਂਗਾ ਕਿ ਲੋਕਾਂ ਦੇ ਭਲੇ ਵਾਸਤੇ ਰਲ ਕੇ ਚਲਿਆ ਜਾਵੇ । ਮੈਂ ਤਾਂ ਇਸ ਤੋਂ ਅੱਗੇ ਵੀ ਜਾਂਦਾ ਹਾਂ ਕਿ ਇਨ੍ਹਾਂ ਅਕਾਲੀ ਵੀਰਾਂ ਦਾ ਜਿਹੜਾ ਵੀ ਕੋਈ ਸੁਝਾਓ ਲੋਕਾਂ ਦੇ ਹਿਤ ਵਿਚ ਹੋਵੇਗਾ ਮੈਂ ਸਤਿਕਾਰ ਕਰਾਂਗਾ । ਜੇਕਰ ਪੰਜਾਬ ਦੀ ਤਰੱਕੀ ਲਈ ਇਹ ਵੀਰ ਸਾਡੇ ਨਾਲ ਮਿਲ ਕੇ ਚਲਣਾ ਚਾਹੁੰਦੇ ਹਨ ਤਾਂ ਮੈਂ ਇਨ੍ਹਾਂ ਨੂੰ ਵੀ ਜੀ ਆਇਆਂ ਆਖਾਂਗਾ । ਪਰ ਅੱਜ ਦੇ ਸਬੰਧ ਵਿਚ ਮੇਰਾ ਖਿਆਲ ਹੈ ਕਿ ਮੇਰੇ ਮਾਨਯੋਗ ਦੋਸਤ ਡਾਂਗ ਸਾਹਿਬ ਨੇ ਮੇਰੇ ਨਾਲ ਜ਼ਿਆਦਤੀ ਕੀਤੀ ਹੈ । ਮੈਂ ਇਸ ਚੀਜ਼ ਦਾ ਬਦਲਾ ਨਹੀਂ ਲੈਣਾ ਚਾਹੁੰਦਾ । ਉਹ ਮੇਰੇ ਮਿੱਤਰ ਹਨ । ਪਰ ਇਕ ਗਲ ਸਾਫ ਕਰਦਾ ਹਾਂ ਕਿ ਇਥੇ ਹਾਊਸ ਵਿਚ ਸਾਰੇ ਹਰੀਜਨ ਮੈਂਬਰ ਬੈਠਕੇ ਫੈਸਲਾ ਕਰ ਦਿਉ ਅਤੇ ਜੇ ਕਰ ਤੁਸੀਂ ਚਾਹੋਗੇ ਕਿ ਇਹ ਲਫਜ਼ ਕਢਣਾ ਹੈ ਤਾਂ ਕਢ ਦਿਤਾ ਜਾਵੇਗਾ । (ਤਾੜੀਆਂ) ਪਹਿਲਾਂ ਤਾਂ ਰੈਜ਼ਰਵੇਸ਼ਨ

[ਮੁੱਖ ਮੰਤਰੀ]

ਜਿਹੜੀ ਕਿ ਗਰੀਬ ਲੋਕਾਂ, ਹਰੀਜਨ ਭਰਾਵਾਂ ਲਈ ਸੀ, ਉਸ ਦਾ ਲਾਭ ਕਿਸ ਨੂੰ ਹੁੰਦਾ ਸੀ ? ਚੌਧਰੀ ਗੁਰਮੇਲ ਸਿੰਘ ਹੋਰਾਂ ਵਰਗਿਆਂ ਨੂੰ ਅਤੇ ਪ੍ਰਿਥਵੀ ਸਿੰਘ ਆਜ਼ਾਦ ਵਰਗਿਆਂ ਨੂੰ । ਉਹ ਲੱਖਾਂਪਤੀ ਨੇ ਪਰਮਾਤਮਾ ਨੇ ਉਨ੍ਹਾਂ ਨੂੰ ਸਭ ਕੁਝ ਦਿਤਾ ਹੈ । ਇਸ ਲਈ ਹੀ ਇਸ ਬਿਲ ਵਿਚ ਭੰਗੀ ਲਫਜ਼ ਲਿਖ ਦਿਤਾ ਹੈ । (ਤਾੜੀਆਂ) ਇਸ ਨਾਲ ਜਿਥੇ ਪਰੈਜ਼ੀਡੈਂਟ ਬੈਠੇਗਾ ਉਥੇ ਸਫਾਈ ਕਰਨ ਵਾਲਾ ਮਜ਼ਦੂਰ ਵੀ ਬੈਠੇਗਾ । ਇਹ ਪਹਿਲਾ ਚਾਂਸ ਹੈ ਕਿ ਅਸੀਂ ਇਨ੍ਹਾਂ ਲੋਕਾਂ ਨੂੰ ਅਗੇ ਆਉਣ ਦਾ ਮੌਕਾ ਦਿਤਾ ਹੈ ।

EXTENSION OF TIME OF THE SITTING

ਸ੍ਰੀ ਸਪੀਕਰ: ਗਿਆਨੀ ਜੀ, ਇਕ ਮਿੰਟ ਤਸ਼ਰੀਫ ਰਖਿਆ ਜੇ । ਕਿਉਂਕਿ ਹਾਊਸ ਦਾ ਬਿਜ਼ਨੈਸ ਅਜੇ ਬਾਕੀ ਹੈ ਇਸ ਲਈ ਹਾਊਸ ਦੇ ਫੈਸਲੇ ਦੇ ਮੁਤਾਬਿਕ ਹਾਊਸ ਦਾ ਸਮਾਂ ਇਕ ਘੰਟਾ ਹੋਰ ਵਧਾ ਦਿਤਾ ਜਾਂਦਾ ਹੈ । (Giani ji, please resume your seat for a minute. As some business is still to be disposed of the time of the sitting is extended by one hour in accordance with the decision of the House.)

THE PUNJAB MUNICIPAL (AMENDMENT) BILL, 1972

(Resumption of Discussion)

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਬੈਕਵਰਡ ਕਲਾਸਿਜ਼ ਦਾ ਮਸਲਾ ਹੈ ਸ਼ਡਿਊਲਡ ਕਾਸਟਾਂ ਵਾਂਗ ਬੈਕਵਰਡ ਕਲਾਸਾਂ ਨੂੰ ਵੀ ਨਾਲ ਰਖਣ ਵਾਸਤੇ, ਉਨ੍ਹਾਂ ਦਾ ਜ਼ਿਆਦਾ । ਤੋਂ ਜ਼ਿਆਦਾ ਸਨਮਾਨ ਵਧਾਉਣ ਵਾਸਤੇ, ਉਨ੍ਹਾਂ ਦੇ ਲਈ ਕੁਆਪਸ਼ਨ ਦਾ ਰਸਤਾ ਇਖਤਿਆਰ ਕੀਤਾ ਹੈ। ਇਸ ਤਰ੍ਹਾਂ ਹੀ ਔਰਤਾਂ ਨੂੰ ਕਾਨੂੰਨ ਨੇ ਤਾਂ ਸਭ ਕੁਝ ਦਿਤਾ ਹੈ ਲੇਕਿਨ ਪ੍ਰੈਕਟਿਸ ਵਿਚ ਇਸਤਰੀ ਜ਼ਾਤੀ ਨੂੰ ਕਿਸੇ ਨੇ ਅੱਗੇ ਨਹੀਂ ਆਉਣ ਦਿਤਾ । ਮੈਂ ਇਹ ਵੀ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਐਮ.ਐਲ.ਏ. ਕਮ ਅਜ਼ ਕਮ ਸਵਾ ਸਵਾ ਲੱਖ ਲੋਕਾਂ ਨੂੰ ਰਿਪਰਜ਼ੈਂਟ ਕਰਦੇ ਹਨ । ਪਹਿਲਾਂ ਉਨ੍ਹਾਂ ਐਮ.ਐਲ.ਏਜ਼. ਦਾ ਮਿਉਂਸਪਲ ਕਮੇਟੀਆਂ ਦੀਆਂ ਮੀਟਿੰਗਾਂ ਵਿਚ ਬੈਠਣਾ ਠੀਕ ਨਹੀਂ ਸੀ ਪਰ ਮੈਂ ਉਨ੍ਹਾਂ ਨੂੰ ਬਿਠਾ ਦਿਤਾ ਹੈ ।

ਕਿਹਾ ਗਿਆ ਕਿ ਪਹਿਲੀ ਸਟੇਟਮੈਂਟ ਕੀ ਸੀ, ਦੂਜੀ ਕੀ ਸੀ ਅਤੇ ਤੀਜੀ ਕੀ ਸੀ । ਪਰ ਵੇਖਣਾ ਤਾਂ ਇਹ ਚਾਹੀਦਾ ਹੈ ਕਿ ਇਨਸਾਨ ਆਪਣੇ ਆਸ਼ੇ ਤੇ ਕਿਸ ਤਰ੍ਹਾਂ ਪੁੱਜਾ ਹੈ । ਡਾਂਗ ਸਾਹਿਬ ਬੜੇ ਸਿਆਣੇ ਆਦਮੀ ਹਨ । ਸੜਕੇ ਸੜਕੇ ਚਲਦੇ ਹਨ । ਪਰ ਸਾਡਾ ਨਵਾਂ ਰਸਤਾ ਹੈ ਜਿਸ ਵਿਚ ਕਈ ਰੁਕਾਵਟਾਂ ਹਨ ਪਰ ਅਸੀਂ ਉਨ੍ਹਾਂ ਕੰਡਿਆਂ ਨੂੰ ਠੀਕ ਕਰਦੇ ਚਲੇ ਆ ਰਹੇ ਹਾਂ । ਜਿਹੜੀਆਂ ਚੀਜ਼ਾਂ ਦੀ ਆਪੋਜ਼ੀਸ਼ਨ ਕਰਕੇ ਲੋਕਾਂ ਦਾ ਭਲਾ ਹੋ ਸਕਦਾ ਹੋਵੇ ਉਨ੍ਹਾਂ ਦੀ ਆਪੋਜ਼ੀਸ਼ਨ ਕੀਤੀ ਜਾਵੇ ਤਾਂ ਠੀਕ ਹੈ ਪਰ ਜਿਹੜੀਆਂ ਚੀਜ਼ਾਂ ਨਾਲ ਸਮਾਜ ਦਾ ਕਮਜ਼ੋਰ ਅੰਗ ਬਰਾਬਰ ਆਉਂਦਾ ਹੈ, ਲੋਕਾਂ ਦਾ ਸਨਮਾਨ ਵਧਦਾ ਹੈ , ਉਨ੍ਹਾਂ ਦੀ ਆਪੋਜ਼ੀਸ਼ਨ ਕੀਤੀ ਜਾਣੀ ਵਾਜਬ ਗਲ ਨਹੀਂ ਹੈ । ਕੋਆਪਸ਼ਨ ਨਾਲ ਔਰਤ ਜਾਤੀ ਦਾ, ਗਰੀਬ ਵਰਗ ਦਾ ਸਮਾਜ ਵਿਚ ਸਨਮਾਨ ਵਧਿਆ ਹੈ । ਪੰਜਾਬ ਵਿਚ ਸਾਰੀਆਂ ਮਿਉਂਸਪਲ ਕਮੇਟੀਆਂ ਵਿਚ 208 ਔਰਤਾਂ ਮੈਂਬਰ ਕਿਉਂ ਹਨ ? ਸਿਰਫ ਇਸ ਕਾਰਣ ਕਿ ਸਰਕਾਰ ਨੇ ਇਕ ਨਵਾਂ ਅਸੂਲ ਲਿਆਂਦਾ ਹੈ। (ਤਾੜੀਆਂ) ਜੇਕਰ ਕਿਸੇ ਵੀਰ ਦਾ ਖਿਆਲ ਹੋਵੇ ਕਿ ਇਥੇ ਵੀ ਅਮਰੀਕਾ ਵਾਲੀ ਡੈਮੋਕ੍ਰੇਸੀ ਆ ਜਾਵੇ, ਇਹ ਨਹੀਂ ਆ ਸਕਦੀ । ਡਾਂਗ ਸਾਹਿਬ ਨੇ ਕਿਹਾ ਹੈ ਕਿ ਇਹ ਅਮੀਰਾਂ ਦੀ ਕਠ ਪੁਤਲੀ ਸਰਕਾਰ ਨਹੀ ਚਲੇਗੀ । ਪਰ ਮੈਂ ਇਨ੍ਹਾਂ ਦਾ ਇਹ ਭੁਲੇਖਾ ਦੂਰ ਕਰ ਦੇਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਅਮੀਰਾਂ ਦੀ ਕਠ-ਪੁਤਲੀ ਨਹੀਂ ਹੈ ਸਗੋਂ ਕਿਸਾਨਾਂ ਦੀ, ਮਜ਼ਦੂਰਾਂ ਦੀ, ਛੋਟੇ ਦੁਕਾਨਦਾਰਾਂ

ਦੀ, ਸਰਕਾਰੀ ਮੁਲਾਜ਼ਮਾਂ ਦੀ ਇਹ ਸਰਕਾਰ ਰਾਖੀ ਕਰੇਗੀ । ਇਸ ਕੰਮ ਲਈ ਜੇਕਰ ਕੋਈ ਵੀ ਅਸੂਲ ਬਦਲਣਾ ਪਵੇ ਉਸ ਨੂੰ ਬਦਲੇਗੀ । ਔਰ ਹਰ ਖੇਤਰ ਵਿਚ ਨਿਆਂ ਦੇਵੇਗੀ । (ਤਾੜੀਆਂ) । ਸਪੀਕਰ ਸਾਹਿਬ, ਡਾਂਗ ਸਾਹਿਬ ਬੜੇ ਪੁਰਾਣੇ ਪਾਰਲੀਮੈਂਟੇਰੀਅਨ ਹਨ । ਔਰ ਇਨ੍ਹਾਂ ਨੂੰ ਮਜ਼ਦੂਰਾਂ ਨੇ ਹੀ ਇਥੇ ਲਿਆਂਦਾ ਹੈ । ਜੇਕਰ ਇਹ ਆਪਣੇ ਮਜ਼ਦੂਰ ਭਰਾਵਾਂ ਨੂੰ ਭੁਲ ਜਾਣ ਤਾਂ ਮੇਰੇ ਵਸ ਦੀ ਗਲ ਨਹੀਂ । ਇਸ ਲਈ ਮੈਂ ਜਿਸ ਰਾਹ ਰਾਜਨੀਤੀ ਵਿਚ ਆਇਆ ਹਾਂ, ਮੇਰਾ ਰਸਤਾ ਹੋਰ ਸੀ। । ਇਨ੍ਹਾਂ ਨੇ ਮਜ਼ਦੂਰਾਂ ਦਾ ਪੱਖ ਲੀਤਾ ਹੈ । ਅਮੀਰਾਂ ਨੇ ਡਾਂਗ ਸਾਹਿਬ ਦੇ ਖਿਲਾਫ ਗਲ ਕੀਤੀ ਲੇਕਿਨ ਜ਼ੈਲ ਸਿੰਘ ਹਿੰਦੋਸਤਾਨ ਦੀ ਆਜ਼ਾਦੀ ਲਈ ਲੜਦਾ ਰਿਹਾ ਹੈ । ਉਸ ਲੜਾਈ ਵਿਚ ਜਿਹੜੀ ਕਿ ਸ਼ਖਸ਼ੀ ਨਜ਼ਾਮ ਦੇ ਖਿਲਾਫ ਲੜੀ ਜਾ ਰਹੀ ਸੀ , ਮੇਰੇ ਨਾਲ ਅਮੀਰ ਵੀ ਸਨ ਅਤੇ ਗਰੀਬ ਵੀ । ਮੈਂ ਆਪਣੀ ਜਮਹੂਰੀਅਤ ਤੇ ਮਾਣ ਕਰ ਸਕਦਾ ਹਾਂ ਅਤੇ ਇਸ ਜਮਹੂਰੀਅਤ ਦੇ ਢਾਂਚੇ ਨੂੰ ਕਾਇਮ ਰਖ ਕੇ ਸਮਾਜਵਾਦ ਲਿਆਣਾ ਚਾਹੁੰਦਾ ਹਾਂ ਇਸ ਲਈ ਮੈਂ ਕਹਾਂਗਾ ਕਿ ਇਸ ਸਮਾਜਵਾਦ ਦੇ ਢਾਂਚੇ ਵਿਚ ਡਾਂਗ ਸਾਹਿਬ ਸਾਡੀਆਂ ਗਲਾਂ ਮੰਨ ਲਿਆ ਕਰਨਗੇ । (ਪ੍ਰਸ਼ੰਸਾ)

ਹੁਣ ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ । ਅਕਾਲੀ ਪਾਰਟੀ ਦੇ ਮੈਂਬਰਾਂ ਅਤੇ ਸੀ.ਪੀ.ਆਈ. ਦੇ ਮੈਂਬਰ ਸਹਿਬਾਨ ਇਸ ਬਿਲ ਨੂੰ ਕੰਟ੍ਰੋਵਰਸ਼ਲ ਨਾ ਬਨਾਉਣ ਇਹ ਇਕ ਉਸਾਰੂ ਬਿਲ ਹੈ ਅਤੇ ਇਸ ਰਾਹੀਂ ਧਾਰਾਵਾਂ ਵਿਚ ਤਬਦੀਲੀਆਂ ਕਿਸੇ ਇਕ ਧੜੇ ਵਾਸਤੇ ਨਹੀਂ ਕੀਤੀਆਂ ਗਈਆਂ । ਇਹ ਤਾਂ ਇਸਤਰੀ ਜਾਤੀ ਵਾਸਤੇ ਹਨ ਜਿਨ੍ਹਾਂ ਦੀ ਗਿਣਤੀ 50% ਦੇ ਲਗਭਗ ਹੈ । ਅਤੇ ਜੇਕਰ ਇਨ੍ਹਾਂ ਵਿਚੋਂ ਦੋ ਵੀ ਤੁਸੀਂ ਕਿਸੇ ਮਿਉਂਸਪਲ ਕਮੇਟੀ ਵਿਚ ਨਹੀਂ ਲਿਆਉਣ ਦੇਣਾ ਚਾਹੁੰਦੇ ਤਾਂ ਇਹ ਇਸਤਰੀ ਜਾਤੀ ਨਾਲ ਅਨਿਆ ਹੋਵੇਗਾ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਅਸੀਂ ਤਾਂ ਕੇਵਲ ਚੂਹੜਾ ਲਫਜ਼ ਕਢਣ ਲਈ ਕਹਿ ਰਹੇ ਹਾਂ ਤੁਸੀਂ ਤਾਂ ਭਾਸ਼ਣ ਦੇਣਾ ਸ਼ੁਰੂ ਕਰ ਦਿਤਾ । (ਵਿਘਨ)

ਮੁੱਖ ਮੰਤਰੀ : ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸਰਦਾਰ ਅਜਾਇਬ ਸਿੰਘ ਵਰਗਾ ਸਿਆਣਾ ਆਦਮੀ ਲਾ-ਗਰੈਜੂਏਟ ਵੇਖਣ ਚਾਖਣ ਵਿਚ ਪੰਡਿਤਾਂ ਨਾਲੋਂ ਸੋਹਣਾ ਹੋਵੇ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : * * * *

Mr. Speaker : No interruptions please. (*Interruption*)
ਜੋ ਕੁਝ ਸੰਧੂ ਸਾਹਿਬ ਬਿਨਾਂ ਚੇਅਰ ਦੀ ਆਗਿਆ ਦੇ ਕਹਿ ਰਹੇ ਹਨ ਇਹ ਕਾਰਵਾਈ ਦਾ ਭਾਗ ਨਾ ਬਣੇ ।

(No interruption please. (*Interruption*) Whatever is being said by the hon. Member Sardar Ajaib Singh Sandhu, without the permission of the Chair, that should not form part of the proceedings.)

ਮੁੱਖ ਮੰਤਰੀ: ਸਪੀਕਰ ਸਾਹਿਬ, ਤੁਸੀਂ ਇਸ ਗਲ ਤੋਂ ਹੀ ਅੰਦਾਜ਼ਾ ਲਗਾ ਲਉ ਕਿ ਅਕਾਲੀ ਪਾਰਟੀ ਦੇ ਸਾਰੇ ਮੈਂਬਰ ਅਤੇ ਇਨ੍ਹਾਂ ਦਾ ਲੀਡਰ ਤਾਂ ਧਿਆਨ ਨਾਲ ਸੁਣ ਰਿਹਾ ਹੋਵੇ ਪਰ ਜੇਕਰ ਇਸ ਪਾਰਟੀ ਦੇ ਡਿਪਟੀ ਲੀਡਰ ਦੀ ਤਾਰੀਫ ਵਿਚ ਕੁਝ ਕਿਹਾ ਜਾਵੇ ਤਾਂ ਵੀ ਸੁਣਨ ਨੂੰ ਤਿਆਰ ਨਹੀਂ ।(ਵਿਘਨ)

* Expunged as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਮੈਨੂੰ ਫੂਕ ਦੇਕੇ ਮੰਨਵਾਉਣਾ ਚਾਹੁੰਦੇ ਹੋ ।(ਵਿਘਨ)

ਮੁੱਖ ਮੰਤਰੀ : ਜੇਕਰ ਇਸ ਨੂੰ ਤੁਸੀਂ ਫੂਕ ਸਮਝਦੇ ਹੋ ਤਾਂ ਭਰਾ ਲਿਆ ਫੂਕ ਕਢ ਦਿੰਦਾ ਹਾਂ (ਹਾਸਾ)(ਵਿਘਨ) ਮੈਂ ਇਸ ਸਬੰਧ ਵਿਚ ਜ਼ਿਆਦਾ ਸਮਾਂ ਲੈਣਾ ਨਹੀਂ ਚਾਹੁੰਦਾ ਅਤੇ ਹੁਣ ਵੀ ਇਹ ਚਾਹੁੰਦਾ ਹਾਂ ਕਿ ਇਸ ਵੇਲੇ ਤਕ ਜਿਹੜੀਆਂ ਸ਼ਡਿਊਲਡ ਕਾਸਟਾਂ ਜਾਤੀਆਂ ਹਨ ਉਹ ਆਪਣਾ ਨਾਮ ਲਿਖ ਕੇ ਰਿਆਇਤਾਂ ਮੰਗਦੀਆਂ ਹਨ ਅਤੇ ਜੇਕਰ ਕੋਈ ਸ਼ਿਕਾਇਤ ਕਰ ਦੇਵੇ ਤਾਂ ਉਸ ਸ਼ਡਿਊਲਡ ਕਾਸਟ ਨੂੰ ਆਪ ਸਾਬਤ ਕਰਨਾ ਪੈਂਦਾ ਹੈ ਕਿ ਉਹ ਸ਼ਡਿਊਲਡ ਕਾਸਟ ਦਾ ਹੈ ਅਤੇ ਉਸ ਦੀ ਅਸਲ ਪਹਿਲੀ ਜਾਤੀ ਇਹ ਹੈ । (ਵਿਘਨ) ਇਸ ਲਈ ਇਹ ਲਫਜ਼ ਰਖਿਆ ਸੀ (ਵਿਘਨ)(ਸ਼ੋਰ)

ਤੁਸੀਂ ਸਾਰੇ ਜੇਕਰ ਇਹ ਬੈਠ ਕੇ ਫੈਸਲਾ ਕਰ ਦਿਉ ਕਿ ਇਹ ਲਫਜ਼ ਨਹੀਂ ਰਹਿਣਾ ਚਾਹੀਦਾ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਅਤੇ ਮੈਂ ਇਸ ਨਾਮ ਨੂੰ ਕਢਣ ਲਈ ਸੈਂਟਰ ਦੀ ਸਰਕਾਰ ਨੂੰ ਵੀ ਲਿੱਖ ਦਿਆਂਗਾ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਠੀਕ ਏ ਜਿਸ ਤਰ੍ਹਾਂ ਕਿ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਹਾਊਸ ਨੂੰ 10 ਮਿੰਟ ਦੇ ਲਈ ਐਡਜਰਨ ਕਰ ਦਿਉ ਤਾਂ ਕਿ ਅਸੀਂ ਫੈਸਲਾ ਕਰ ਕੇ ਇਨ੍ਹਾਂ ਨੂੰ ਹੁਣੇ ਹੀ ਦਸ ਸਕੀਏ । (ਵਿਘਨ) (*Interruptions*) (*Noise*).

Mr. Speaker : Please resume your seat. (*Interruptions*)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ ਸਰ, ਮੈਂ ਮੁੱਖ ਮੰਤਰੀ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਝਗੜਾ ਤਾਂ ਮੁੱਕਾ ਹੀ ਪਿਆ ਹੈ। ਇਨ੍ਹਾਂ ਵਲੋਂ ਮਾਸਟਰ ਗੁਰਬੰਤਾ ਸਿੰਘ ਨੇ ਆਪਣੀ ਤਕਰੀਰ ਵਿਚ ਕਿਹਾ ਹੈ ਕਿ ਲਫਜ਼ ਚੂਹੜਾ ਕਢ ਕੇ ਇਸ ਦੀ ਥਾਂ ਤੇ ਬਾਲਮੀਕੀ ਰਖ ਦਿਤਾ ਜਾਵੇ । ਇਹ ਮੈਨੂੰ ਵੀ ਮਨਜ਼ੂਰ ਹੈ ਕਿ ਚੂਹੜਾ ਅਤੇ ਭੰਗੀ ਲਫਜ਼ ਕਟ ਦਿਤੇ ਜਾਣ ਅਤੇ ਇਨ੍ਹਾਂ ਦੀ ਥਾਂ ਤੇ ਬਾਲਮੀਕੀ ਰਖ ਦਿਤਾ ਜਾਵੇ ।

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order.) (ਵਿਘਨ)

(ਸ਼੍ਰੀ ਧੰਨੋਵਾਲੀ ਵਲੋਂ ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਤਾਂ 20 ਜਗ੍ਹਾ ਦਾ ਪਾਣੀ ਪੀ ਕੇ ਅੱਜ ਬੋਲਣ ਲਗ ਪਿਆ ਹੈ । (ਵਿਘਨ)

ਮੁੱਖ ਮੰਤਰੀ : ਅਜ 25 ਸਾਲਾ ਆਜ਼ਾਦੀ ਦਿਵਸ ਦੀ ਖੁਸ਼ੀ ਵਿਚ ਅਸੀਂ ਫਿਰ ਇਥੇ ਬੈਠਣਾ ਹੈ, ਇਸ ਲਈ ਮੈਂ ਇਨ੍ਹਾਂ ਨੂੰ ਆਫਰ ਦਿੰਦਾ ਹਾਂ ਕਿ ਇਸ ਲਫਜ਼ ਦੇ ਹਟਾਣ ਨਾਲ ਕਿਤੇ ਉਸ ਵਰਗ ਨੂੰ ਨੁਕਸਾਨ ਨਾ ਹੋ ਜਾਵੇ ਅਤੇ ਜੇਕਰ ਤੁਸੀਂ ਸਾਰੇ ਸਮਝਦੇ ਹੋ ਕਿ ਨੁਕਸਾਨ ਨਹੀਂ ਹੋਣ ਲਗਾ ਤਾਂ ਅਸੀਂ ਆਰਡੀਨੈਂਸ ਕਰਕੇ ਇਸ ਲਫਜ਼ ਨੂੰ ਕਢ ਦੇਵਾਂਗੇ (ਵਿਘਨ) ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਪਾਸ ਕਰ ਦਿਤਾ ਜਾਵੇ ।

Mr. Speaker: Question is—

That the Punjab Municipal (Amendment) Bill be passed.

The Motion was carried

MOTION UNDER RULE 16

Minister for Education (Sardar Umrao Singh): Sir, I beg to move—

That the Assembly at its rising this day shall stand adjourned *sine-die*.

Mr. Speaker: Motion moved—

That the Assembly at its rising this day shall stand adjorned *sine-die*.

Mr. Speaker: Question is—

That the Assembly at its rising this day shall stand adjourned *sine-die*.

The Motion was carried

MOTION UNDER RULE 77 RE-SITUATION ARISING OUT OF UNPRECEDENTED RISE IN PRICES AND HEAVY POWER CUT IN THE STATE

Comrade Shamsher Singh Josh(Kharar): Sir I beg to move—

That the situation arising out of unprecedented rise in prices and heavy power cut in the State be taken into consideration.

ਮਾਨਯੋਗ ਸਪੀਕਰ ਸਾਹਿਬ, ਇਸ ਵੇਲੇ ਸਾਡੇ ਰਾਜ ਵਿਚ ਅਤੇ ਹਿੰਦੁਸਤਾਨ ਸਾਰੇ ਵਿਚ ਅਣਸੁਣੇ ਚੜ੍ਹਾ ਕੀਮਤਾਂ ਵਿਚ ਹੋ ਗਏ ਹਨ ਅਤੇ ਇਕ ਤਰ੍ਹਾਂ ਦੇ ਗੈਰ ਮਾਮੂਲੀ ਹਾਲਾਤ ਦੇਸ਼ ਵਿਚ ਪੈਦਾ ਹੋ ਗਏ ਹਨ । ਜਿਹੜੇ ਕਿ ਬਰਦਾਸ਼ਤ ਤੋਂ ਬਾਹਰ ਹਨ । ਫਿਰ ਬਿਜਲੀ ਦੇ ਕਟ ਨਾਲ ਹਾਲਾਤ ਹੋਰ ਵੀ ਗੰਭੀਰ ਬਣਾਏ ਗਏ ਹਨ। ਇਸ ਨਾਲ ਖੇਤੀ ਬਾੜੀ ਦੀ ਪੈਦਾਵਾਰ ਅਤੇ ਸਨਅਤ ਦੀ ਪੈਦਾਵਾਰ ਵਿਚ ਕਰੋੜਾਂ ਰੁਪਦੇ ਦਾ ਨੁਕਸਾਨ ਆਉਣ ਵਾਲੇ ਦਿਨਾਂ ਵਿਚ ਹੋਵੇਗਾ । ਇਸ ਦੀ ਸਾਰਿਆਂ ਤੋਂ ਜ਼ਿਆਦਾ ਸਟ ਇੰਡਸਟਰੀ ਤੇ ਅਤੇ ਇਸ ਦੇ ਬੰਦ ਹੋ ਜਾਣ ਨਾਲ ਮਜ਼ਦੂਰਾਂ ਤੇ ਕਰੜੀ ਸਟ ਪਈ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਇਸ ਅਣਸੁਣੇ ਕੀਮਤਾਂ ਦੇ ਚੜ੍ਹਾ ਨੂੰ ਰੋਕਣ ਲਈ ਅਤੇ ਇਸ ਆ ਪਏ ਸੰਕਟ ਨੂੰ ਹਲ ਕਰਨ ਲਈ ਕੋਈ ਅਸਰਦਾਇਕ ਕਦਮ ਨਹੀਂ ਉਠਾਏ ਗਏ ਅਤੇ ਢਾਂਚਾ ਉਥਲ ਪੁਥਲ ਗਿਆ ਹੈ । ਇਸ ਦੀ ਜ਼ਿਮੇਵਾਰੀ ਕਿਸ ਤੇ ਹੈ ਅਤੇ ਇਸ ਦੀ ਆਧਾਰ ਕੀ ਹੈ । ਇਹ ਵਿਚਾਰਨ ਵਾਲੀ ਗਲ ਹੈ । ਮਹਿੰਗਾਈ ਇਤਨੀ ਵਧ ਚੁਕੀ ਹੈ ਕਿ ਵਜ਼ੀਰ ਖਜ਼ਾਨਾ ਨੇ ਜਿਹੜਾ ਆਪਣਾ ਬਿਆਨ ਸੈਂਟਰ ਵਿਚ ਦਿਤਾ ਸੀ ਮੈਂ ਉਸ ਦਾ ਹਵਾਲਾ ਇਸ ਸਬੰਧ ਵਿਚ ਦੇਣਾ ਚਾਹੁੰਦਾ ਹਾਂ । ਇਹ ਬਿਆਨ 31 ਜੁਲਾਈ, 1972 ਨੂੰ ਪਾਰਲੀਮੈਂਟ ਵਿਚ ਉਨ੍ਹਾਂ ਦਿਤਾ ਅਤੇ ਕਿਹਾ ਕਿ ਦੇਸ਼ ਭਰ ਵਿਚ ਸਨਅਤੀ ਮਜ਼ਦੂਰ ਨੂੰ ਪਹਿਲੇ ਛੇ ਮਹੀਨਿਆਂ ਵਿਚ ਪਿਛੇ ਨਾਲੋਂ 6% ਵਧ ਕੀਮਤਾਂ ਦਾ ਬੋਝ ਝਲਣਾ ਪਿਆ ਹੈ ।

(ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਕੀਮਤਾਂ ਵਿੱਚ ਮਈ, 1971 ਦੇ ਵਿੱਚ 6% ਦਾ ਵਾਧਾ ਹੋਇਆ । ਇਸ ਵਾਧੇ ਦਾ ਜ਼ਿਆਦਾ ਅਸਰ ਸਨਅਤੀ ਖੇਤ ਮਜ਼ਦੂਰ ਤੇ ਪਿਆ ਹੈ । ਉਨ੍ਹਾਂ ਦੀਆਂ ਖਾਣ ਪੀਣ ਦੀਆਂ ਚੀਜ਼ਾਂ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਦੀਆਂ ਕੀਮਤਾਂ ਵਿੱਚ 4 % ਦਾ ਵਾਧਾ ਹੋਇਆ ਹੈ । ਪਿਛਲੇ 3 ਸਾਲਾਂ ਵਿੱਚ 8.30 % ਦਾ ਵਾਧਾ ਤੇਲਾਂ ਅਤੇ ਉਨ੍ਹਾਂ ਦੇ ਬੀਜਾਂ ਦੇ ਵਿੱਚ ਹੋਇਆ ਹੈ, 11.30 % ਦਾ ਵਾਧਾ ਖੰਡ ਦੇ ਰੇਟਾਂ ਵਿੱਚ ਹੋਇਆ ਹੈ , 10 % ਦਾ ਵਾਧਾ ਆਮ ਆਦਮੀ ਦੀਆਂ ਇਸਤੇਮਾਲ ਦੀਆਂ ਚੀਜ਼ਾਂ ਦੇ ਵਿੱਚ ਹੋਇਆ ਹੈ । ਕਿਤਨੇ ਜ਼ੁਲਮ ਦੀ ਗੱਲ ਹੈ ਕਿ ਦਾਲਾਂ ਅਤੇ ਖੰਡ ਦੀਆਂ ਕੀਮਤਾਂ ਵਿੱਚ 25 % ਦਾ ਵਾਧਾ ਹੋਇਆ ਹੈ ਜਿਹੜਾ ਕਿ ਆਮ ਆਦਮੀ ਦੀਆਂ ਲੋੜੀਂਦੀਆਂ ਚੀਜ਼ਾਂ ਹਨ ਇਸੇ ਤਰ੍ਹਾਂ 28 % ਦਾ ਵਾਧਾ ਥੋਕ ਦੀਆਂ ਆਮ ਘਰੇਲੂ ਲੋੜਾਂ ਦੀਆਂ ਦੁਕਾਨਾਂ ਵਿੱਚ ਜਮ੍ਹਾਂ ਕੀਤੀਆਂ ਚੀਜ਼ਾਂ ਤੇ ਵਾਧਾ ਹੋਇਆ ਹੈ । ਜੇ ਕਿਤੇ ਪ੍ਰਚੂਨ ਦਾ ਹਿਸਾਬ ਲਾਇਆ ਜਾਵੇ ਤਾਂ ਇਹ ਹੋਰ ਵੀ ਵਧ ਸਕਦਾ ਹੈ । ਇਸੇ ਤਰ੍ਹਾਂ ਦੀ ਹਾਲਤ ਹੈ ਕਿ ਕੀਮਤਾਂ ਵਧਦੀਆਂ ਹੀ ਜਾ ਰਹੀਆਂ ਹਨ । ਇਸ ਦਾ ਕਾਰਨ ਕੀ ਹੈ ਇਹ ਮਹਿੰਗਾਈ ਵਧਦੀ ਕਿਉਂ ਜਾ ਰਹੀ ਹੈ । ਪਿਛਲੇ ਸਾਲ ਤੋਂ ਜੋ ਵੀ ਵਾਧੇ ਹੋਏ ਹਨ ਉਸ ਤੋਂ ਮੈਂ ਸਮਝਦਾ ਹਾਂ ਕਿ ਇਸ ਵਾਧੇ ਦੇ 5 ਵੱਡੇ ਵੱਡੇ ਕਾਰਨ ਹਨ ।

ਪਹਿਲਾ ਕਾਰਨ ਤਾਂ ਇਹ ਹੈ ਕਿ 1971-72 ਦੇ ਮਾਲੀ ਸਾਲ ਦੇ ਵਿੱਚ ਹਿੰਦੁਸਤਾਨ ਦੀ ਸਰਕਾਰ ਨੇ 900 ਕਰੋੜ ਰੁਪਏ ਦੇ ਵਧ ਨੋਟ ਛਾਪ ਕੇ ਦੇਸ਼ ਵਿੱਚ ਚੋਰ ਬਾਜ਼ਾਰੀ ਨੂੰ ਬੜ੍ਹਾਵਾ ਦਿੱਤਾ । 1970-71 ਦੇ ਵਿੱਚ ਇਹ 300 ਕਰੋੜ ਰੁਪਏ ਦੇ ਨੋਟ ਸਨ, ਇਸ ਦਾ ਮਤਲਬ ਇਹ ਕਿ ਪਿਛਲੇ ਮਾਲੀ ਸਾਲ ਵਿੱਚ ਸਰਕਾਰ ਨੇ 600 ਕਰੋੜ ਰੁਪਏ ਦੇ ਵਧ ਨੋਟ ਛਾਪੇ, ਜਿਸ ਦਾ ਅਸਰ ਕਿ ਹਿੰਦੁਸਤਾਨ ਦੀ ਮਾਰਕਿਟ ਤੇ ਪਿਆ । ਤੁਸੀਂ ਇਸ ਤੋਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ 31 ਮਾਰਚ, 1971 ਤੋਂ ਜਨਵਰੀ, 1972 ਤਕ 900 ਕਰੋੜ ਦੇ ਜਿਹੜੇ ਵੱਧ ਨੋਟ ਛਾਪੇ ਗਏ ਇਹ ਮਹਿੰਗਾਈ ਦਾ ਇਕ ਕਾਰਨ ਹਨ।

ਦੂਸਰਾ ਮਹਿੰਗਾਈ ਵਧਣ ਦਾ ਕਾਰਨ ਇਹ ਹੈ ਕਿ ਹਿੰਦੁਸਤਾਨ ਵਿੱਚ ਕਾਲੇ ਧੰਨ ਦਾ ਦਿਨੋ ਦਿਨ ਵਾਧਾ ਹੋ ਰਿਹਾ ਹੈ। ਕਾਲੇ ਧਨ ਦਾ 3400 ਕਰੋੜ ਦਾ ਅੰਦਾਜ਼ਾ ਹੈ ਜਿਹੜਾ ਕਿ ਇਸ ਵੇਲੇ ਅੰਦਰੋਂ ਗਤੀ ਵਰਤੋਂ ਦੇ ਵਿੱਚ ਆ ਰਿਹਾ ਹੈ ।

ਤੀਸਰਾ ਕਾਰਨ ਇਹ ਹੈ ਕਿ ਜਨਤਾ ਦੇ ਆਮ ਵਰਤੋਂ ਦੀਆਂ ਵਸਤਾਂ ਦੇ ਕਾਰਖਾਨੇ ਉਨ੍ਹਾਂ ਅਜਾਰਾਦਾਰਾਂ ਦੇ ਹੱਥ ਵਿੱਚ ਹਨ ਜਿਹੜੇ ਜਾਣ-ਬੁਝ ਕੇ ਸਕੇਰਸਟੀ ਪੈਦਾ ਕਰ ਰਹੇ ਹਨ ਅਤੇ ਕੀਮਤਾਂ ਚੜ੍ਹਾ ਰਹੇ ਹਨ ।

ਚੌਥਾ ਕਾਰਨ ਮਹਿੰਗਾਈ ਦੇ ਵਾਧੇ ਦਾ ਇਹ ਵੀ ਹੈ ਕਿ ਜੋ ਸਰਕਾਰ ਨੇ ਚੀਜ਼ਾਂ ਦੀ ਡਿਸਟਰੀ-ਬੀਊਸ਼ਨ ਦਾ ਤਰੀਕਾ ਅਪਨਾਇਆ ਹੋਇਆ ਹੈ, ਉਹ ਸਰਾਸਰ ਗ਼ਲਤ ਹੈ ।

ਪੰਜਵਾਂ ਕਾਰਨ ਹੈ ਕਿ ਬੜੇ ਬੜੇ ਅਜਾਰੇਦਾਰ ਨਿਤ ਵਰਤੋਂ ਦੀਆਂ ਚੀਜ਼ਾਂ ਦੇ ਜਾਣ ਬੁਝ ਕੇ ਜ਼ਖੀਰੇ ਬਾਜ਼ੀ ਕਰਦੇ ਹਨ ਅਤੇ ਕੀਮਤਾਂ ਵਧਾ ਕੇ ਲੋਕਾਂ ਵਿੱਚ ਫੇਰ ਨਹੀਂ ਦੇਂਦੇ ਅਤੇ ਫੇਰ ਆਪਣੇ ਹਲਕੇ ਵਿੱਚ ਵੰਡੀ ਜਾਂਦੇ ਹਨ ਅਤੇ ਇਸ ਤਰ੍ਹਾਂ ਗ਼ਰੀਬ ਦੀ ਖੂਨ ਪਸੀਨੇ ਦੀ ਕਮਾਈ ਲੁਟ ਰਹੇ ਹਨ ।

ਇਹ ਪੰਜ ਕਾਰਨ ਹਨ ਜਿਨ੍ਹਾਂ ਕਰਕੇ ਦਿਨੋ ਦਿਨ ਕੀਮਤਾਂ ਦੇ ਵਿੱਚ ਵਾਧਾ ਹੋ ਰਿਹਾ ਹੈ । ਪਰ ਮੌਜੂਦਾ ਹੁਕਮਰਾਨਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਅਤੇ ਹੋਰ ਹੋਰ ਤਰੀਕੇ ਅਪਨਾਉਂਦੇ ਹਨ ਜਿਨ੍ਹਾਂ ਦੇ ਨਾਲ ਕੀਮਤਾਂ ਦੇ ਵਿੱਚ ਵਾਧਾ ਹੋ ਰਿਹਾ ਹੈ । ਮਹਿੰਗਾਈ ਨੂੰ ਰੋਕਣ ਦੇ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਪਹਿਲਾਂ ਤਾਂ ਜਿਹੜਾ ਭਾਰਤ ਸਰਕਾਰ ਨੇ ਦੋ ਸਾਲ ਪਹਿਲਾਂ ਇਕ ਵਾਂਚੂ ਕਮਿਸ਼ਨ ਬਣਾਇਆ ਸੀ ਉਨ੍ਹਾਂ ਦੀਆਂ ਸਿਫਾਰਸ਼ਾਂ ਤੇ ਅਮਲ ਕਰੇ । ਉਨ੍ਹਾਂ ਨੇ ਦੋ ਸੁਝਾਉ ਦਿਤੇ ਸੀ, ਇਕ ਤਾਂ ਇਹ ਕਿ 5,000 ਰੁਪਏ ਤੋਂ ਵੱਧ ਕਿਸੇ ਟੱਬਰ ਦੇ ਪਾਸ ਨਕਦੀ ਨਹੀਂ ਰਹਿਣੀ ਚਾਹੀਦੀ,

ਨਾ ਹੀ ਇਨ੍ਹਾਂ ਪੈਸਿਆਂ ਤੋਂ ਵਧ ਕਿਸੇ ਦੁਕਾਨਦਾਰ ਯਾ ਕੰਪਨੀ ਪਾਸ ਹੋਣੇ ਚਾਹੀਦੇ ਹਨ । ਦੂਸਰਾ ਉਨ੍ਹਾਂ ਦਾ ਸੁਝਾਉ ਇਹ ਸੀ ਕਿ 10 ਤੋਂ ਲੈ ਕੇ ਜਿਤਨੇ ਵੀ ਨੋਟ ਹਨ ਉਹ ਡੀ-ਮਾਨੀਟਾਈਜ਼ ਹੋਣੇ ਚਾਹੀਦੇ ਹਨ । ਇਹ ਦੋ ਸੁਝਾਉ ਵਾਂਚੂ ਕਮਿਸ਼ਨ ਨੇ ਦਿੱਤੇ ਸੀ ਪਰ ਹਿੰਦੁਸਤਾਨ ਦੀ ਸਰਕਾਰ ਨੇ ਹੁਣ ਤਕ ਕੋਈ ਅਮਲ ਨਹੀਂ ਕੀਤਾ ਅਤੇ ਵਾਂਚੂ ਕਮਿਸ਼ਨ ਦੀ ਰਿਪੋਰਟ ਨੂੰ ਰਦੀ ਦੀ ਟੋਕਰੀ ਦੇ ਵਿੱਚ ਪਾਈ ਰਖਿਆ ਹੈ । ਇਸ ਦਾ ਨਤੀਜਾ ਇਹ ਹੋਇਆ ਹੈ ਕਿ ਕਾਲਾ ਧੰਨ ਬੜੇ ਪੈਮਾਨੇ ਤੇ ਬੜੇ ਬੜੇ ਧਨਾਢਾਂ ਦੇ ਹੱਥਾਂ ਵਿੱਚ ਵਧਦਾ ਜਾ ਰਿਹਾ ਹੈ । ਇਹ ਕੰਮ ਰਾਸ਼ਟਰੀ ਪੈਮਾਨੇ ਤੇ ਜੇ ਹੋਵੇ ਤਾਂ ਹੀ ਇਹ ਬਿਮਾਰੀ ਦੂਰ ਹੋ ਸਕਦੀ ਹੈ ।

ਇਕ ਹੋਰ ਸੁਝਾਉ ਮੈਂ ਪੰਜਾਬ ਸਰਕਾਰ ਨੂੰ ਦੇਵਾਂਗਾ ਕਿ ਜਿਸ ਤਰ੍ਹਾਂ ਕਣਕ ਦੀ ਸਟੇਟ ਟਰੇਡਿੰਗ ਹੁੰਦੀ ਹੈ, ਇਸੇ ਤਰ੍ਹਾਂ ਹੀ ਮੱਕੀ, ਜੁਆਰ ਅਤੇ ਬਾਜਰੇ ਦੇ ਅਨਾਜ ਦੀ ਵੀ ਹੋਣੀ ਚਾਹੀਦੀ ਹੈ । ਇਸ ਤੋਂ ਇਲਾਵਾ ਹੋਰ ਵੀ ਕਰਾਪਸ ਜਿਹੜੀਆਂ ਹੁੰਦੀਆਂ ਹਨ ਉਨ੍ਹਾਂ ਦੀਆਂ ਕੀਮਤਾਂ ਬਾਰੇ ਸਰਕਾਰ ਨੂੰ ਆਪਣੇ ਕੰਟਰੋਲ ਹੇਠ ਲੈਣ ਦਾ ਕੋਈ ਨਾ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ । ਇਥੇ ਮਹਿਜ਼ ਅਨਾਜ ਦਾ ਸਵਾਲ ਹੀ ਨਹੀਂ ਹੈ, ਅਨਾਜ ਦੇ ਨਾਲ ਦਾਲਾਂ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਗੁੜ ਆਦਿ ਵੀ ਕੰਟਰੋਲ ਪਰਾਈਸ ਤੇ ਮਿਲਣੀਆਂ ਚਾਹੀਦੀਆਂ ਹਨ । ਜਿੱਥੋਂ ਤਕ ਮੁਲਾਜ਼ਮਾਂ ਨੂੰ ਮਹਿੰਗਾਈ ਭੱਤਾ ਦੇਣ ਦਾ ਸਵਾਲ ਹੈ ਇਹ ਪ੍ਰਾਈਸ ਇੰਡੈਕਸ ਦੇ ਨਾਲ ਹੀ ਜਿਵੇਂ ਜਿਵੇਂ ਵਾਧਾ ਹੋਇਆ ਹੈ ਉਸ ਦੇ ਮੁਤਾਬਿਕ ਇਹ ਦੇ ਦੇਣਾ ਚਾਹੀਦਾ ਹੈ । ਇਹ ਮੇਰੀ ਤਰਫੋਂ ਮੋਟੇ ਮੋਟੇ ਸੁਝਾਉ ਹਨ ਜਿਨ੍ਹਾਂ ਨਾਲ ਮਹਿੰਗਾਈ ਨੂੰ ਰੋਕਿਆ ਜਾ ਸਕਦਾ ਹੈ । ਇਨ੍ਹਾਂ ਤੇ ਜੇ ਇਹ ਸਰਕਾਰ ਅਮਲ ਕਰੇ ਤਾਂ ਇਸ ਨਾਲ ਮੁਲਕ ਦੀ ਇਕਾਨੋਮੀ ਦੇ ਵਿੱਚ ਵਾਧਾ ਹੋਵੇਗਾ ਅਤੇ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਮਿਲੇਗੀ ।

ਜਿਹੜੀ ਬਿਜਲੀ ਦੇ ਵਿੱਚ ਕਟ ਹੋਈ ਹੈ, ਖਾਸ ਤੌਰ ਤੇ ਐਗਰੀਕਲਚਰ ਦੇ ਵਿੱਚ ਜਿਹੜੇ ਟਿਊਬਵੈਲਾਂ ਨੂੰ ਬਿਜਲੀ ਦੀ ਕਟ ਹੋਈ ਹੈ ਉਹਦੇ ਨਾਲ ਜ਼ਿਮੀਂਦਾਰਾਂ ਨੂੰ ਇਕ ਕਰਾਰੀ ਚੋਟ ਵਜੀ ਹੈ। ਇਸੇ ਤਰ੍ਹਾਂ ਜਿਹੜੀ ਕਾਰਖਾਨਿਆਂ ਤੇ ਕਟ ਲਗੀ ਹੈ ਉਨ੍ਹਾਂ ਨਾਲ ਵੀ ਕਾਰਖਾਨੇ ਲਾਕ ਅਪ ਹੋ ਗਏ ਹਨ ਅਤੇ ਇਸ ਦਾ ਅਸਰ ਗ਼ਰੀਬ ਮਜ਼ਦੂਰਾਂ ਤੇ ਪੈ ਰਿਹਾ ਹੈ, ਇਨ੍ਹਾਂ ਦੀ ਇਹ ਹਾਲਤ ਹੈ ਕਿ ਕਾਰਖਾਨੇ ਦੋ ਦਿਨ ਚਲਦੇ ਹਨ ਅਤੇ ਦੋ ਦਿਨ ਨਹੀਂ ਚਲਦੇ, ਗ਼ਰੀਬ ਮਜ਼ਦੂਰ ਨੂੰ ਰੋਟੀ ਕਮਾਉਣੀ ਵੀ ਔਖੀ ਹੋ ਰਹੀ ਹੈ । ਮੁਲਕ ਵਿੱਚ ਬੇਰੁਜ਼ਗਾਰੀ ਵਧ ਰਹੀ ਹੈ। ਹੁਣ ਪਤਾ ਲਗਾ ਹੈ ਕਿ ਨੀਊ ਧਾਰੀ-ਵਾਲ ਵੂਲਨ ਮਿਲ ਵੀ ਹੁਣ ਬੰਦ ਹੋਣ ਵਾਲੀ ਹੈ, ਇਹ ਕਟ ਦਾ ਇਕ ਕੁਹਾੜਾ ਹੈ ਜਿਹੜਾ ਆਮ ਮਜ਼ਦੂਰ ਜਨਤਾ ਤੇ ਚਲਾਇਆ ਗਿਆ ਹੈ, ਮਿਲ ਦੇ ਸਟਾਫ ਨੂੰ ਨੁਕਸਾਨ ਹੋਇਆ ਹੈ। ਕਿਸੇ ਕਾਰਖਾਨੇ ਦਾਰ ਜਾਂ ਮੈਨੇਜਮੈਂਟ ਦਾ ਕੁਝ ਨਹੀਂ ਵਿਗੜਿਆ । ਇਸੇ ਤਰ੍ਹਾਂ ਹੀ ਜਿਹੜੀ ਕਟ ਟਿਊਬਵੈਲਾਂ ਤੇ ਲਗੀ ਉਹ ਪੰਜਾਬ ਦੀ ਜਨਤਾ ਨਾਲ ਭਾਰੀ ਬੇਇਨਸਾਫੀ ਹੈ। ਸਰਕਾਰ ਨੂੰ ਇਹ ਕਟ ਛੇਤੀ ਤੋਂ ਛੇਤੀ ਬਹਾਲ ਕਰ ਦੇਣੀ ਚਾਹੀਦੀ ਹੈ । ਇਸ ਤੋਂ ਇਲਾਵਾ ਜਿਹੜਾ ਪਾਣੀ ਦਾ ਖਰਚਾ ਫਲੈਟ ਰੇਟ ਤੇ ਕਿਸਾਨ ਤੋਂ ਚਾਰਜ ਕੀਤਾ ਜਾਂਦਾ ਹੈ ਇਹ ਉਤਨਾ ਹੀ ਚਾਰਜ ਹੋਣਾ ਚਾਹੀਦਾ ਹੈ ਜਿਤਨਾ ਉਹ ਪਾਣੀ ਇਸਤੇ-ਮਾਲ ਕਰੇ । ਇਥੇ ਬਿਜਲੀ ਸੰਕਟ ਦੇ ਬਾਰੇ ਬਿਆਨ ਦੇਂਦੇ ਹੋਏ, ਸ੍ਰੀ ਹੰਸ ਰਾਜ ਸ਼ਰਮਾ ਨੇ ਕਿਹਾ ਕਿ ਬਿਜਲੀ ਦੀ ਇਸ ਲਈ ਸ਼ਾਰਟੇਜ ਹੈ ਕਿਉਂਕਿ ਨੰਗਲ ਡੈਮ ਵਿੱਚ ਪਾਣੀ ਦੀ ਸ਼ਾਰਟੇਜ ਹੈ । ਪਰ ਮੈਂ ਇਹ ਅਰਜ਼ ਕਰਾਂਗਾ ਕਿ ਇਹ ਸ਼ਾਰਟੇਜ ਮੈਨ ਮੇਡ ਹੈ ਐਕਚੁਅਲ ਨਹੀਂ ਹੈ। ਨੈਚੁਰਲ ਕਲੈਮਿਟੀ ਨਹੀਂ ਹੈ । ਮੌਜੂਦਾ ਸਰਕਾਰ ਨੂੰ ਇਸ ਜ਼ੁਮੇਵਾਰੀ ਤੋਂ ਬਰੀ ਨਹੀਂ ਕੀਤਾ ਜਾ ਸਕਦਾ । ਇਹ ਸਰਕਾਰ ਜਿਹੜੀ ਹਾਈਡਰੋਪਾਵਰ ਤੇ ਡੀਪੈਂਡ ਕਰਦੀ ਹੈ, ਇਨ੍ਹਾਂ ਨੂੰ ਪਾਵਰ ਇਕਤਰ ਕਰਨ ਦੇ ਹੋਰ ਸੋਰਸਿਜ਼ ਲਭਣੇ ਚਾਹੀਦੇ ਹਨ ਨਿਰਾ ਹਾਈਡਰੋਪਾਵਰ ਤੇ ਡੀਪੈਂਡ ਨਹੀਂ ਕਰਨਾ ਚਾਹੀਦਾ ਹੈ । ਇਹ ਨੀਤੀ ਬੜੀ ਗਲਤ ਹੈ ।

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਕਿਉਂ ਨਹੀਂ ਥਰਮਲ ਪਲਾਂਟ ਬਠਿੰਡੇ ਦਾ ਜਲਦੀ ਬਣਾਇਆ ਜਾਂਦਾ ? ਕਿਉਂ ਨਹੀਂ ਹੋਰ ਪਲਾਂਟ ਅਜਿਹੇ ਲਗਾਏ ਜਾਂਦੇ ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਵੱਡੇ ਵੱਡੇ ਕਾਰਖਾਨੇਦਾਰਾਂ ਨੇ ਸਰਕਾਰ ਤੋਂ ਲੱਖਾਂ ਰੁਪਏ ਕਰਜ਼ਾ ਲਿਆ ਜਨਰੇਟਰ ਲਗਾਉਣ ਦੇ ਲਈ ਪਰ ਉਨ੍ਹਾਂ ਨੇ ਜਨਰੇਟਰ ਲਗਾਏ ਨਹੀਂ । ਕਿਉਂ ਨਹੀਂ ਲਗਾਏ ਇਸ ਦਾ ਕਾਰਣ ਮੈਂ ਦਸਦਾ ਹਾਂ । ਕਿਉਂਕਿ ਜੈਨਰੇਟਰ ਦੀ ਬਿਜਲੀ ਉਨ੍ਹਾਂ ਨੂੰ 30 ਪੈਸੇ ਫੀ ਯੂਨਿਟ ਪੈਂਦੀ ਹੈ ਅਤੇ ਨੰਗਲ ਵਾਲੀ ਬਿਜਲੀ ਉਨ੍ਹਾਂ ਨੂੰ 10 ਪੈਸੇ ਫੀ ਯੂਨਿਟ ਪੈਂਦੀ ਹੈ । ਜੇਕਰ ਉਹ ਜਨਰੇਟਰ ਚਲਾ ਦਿੱਤੇ ਜਾਣ ਤਾਂ 10 % ਬਿਜਲੀ ਬਚ ਸਕਦੀ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਾਰਖਾਨੇਦਾਰਾਂ ਨੂੰ ਜਿਨ੍ਹਾਂ ਨੇ ਕਿ ਕਰਜ਼ੇ ਲਏ ਹਨ ਜਨਰੇਟਰ ਚਲਾਉਣ ਲਈ ਕਹੇ । ਫਿਰ ਡਿਪਟੀ ਸਪੀਕਰ ਸਾਹਿਬ, ਨੰਗਲ ਦੇ ਵਿੱਚ ਢਾਈ ਕਰੋੜ ਰੁਪਏ ਦੇ ਜਨਰੇਟਰ ਖਰੀਦ ਕੇ ਰਖੇ ਹੋਏ ਹਨ, ਪਰ ਉਹ ਵਰਤੇ ਨਹੀਂ ਜਾ ਰਹੇ । ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਵਰਤੇ । ਉਨ੍ਹਾਂ ਦੀ ਬਿਜਲੀ ਨੰਗਲ ਦੀ ਖਾਦ ਫੈਕਟਰੀ ਨੂੰ ਦਿੱਤੀ ਜਾ ਸਕਦੀ ਹੈ । ਔਰ ਉਸ ਨੂੰ ਹੁਣ ਜਿਹੜੀ ਬਿਜਲੀ ਦਿੱਤੀ ਜਾ ਰਹੀ ਹੈ ਉਹ ਸਪੇਅਰ ਹੋ ਸਕਦੀ ਹੈ । ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਾਡੀ ਸਰਕਾਰ ਨੂੰ ਸੈਂਟਰ ਦੀ ਸਰਕਾਰ ਕੋਲ ਐਪਰੋਚ ਕਰਨੀ ਚਾਹੀਦੀ ਹੈ ਕਿ ਉਹ ਸਾਨੂੰ ਰਾਜਸਥਾਨ ਅਤੇ ਹੋਰ ਸੂਬਿਆਂ ਦੇ ਕੋਲੋਂ ਬਿਜਲੀ ਲੈ ਕੇ ਦੇਵੇ । ਇਸ ਦੇ ਨਾਲ ਹੀ ਬਿਜਲੀ ਬੋਰਡ ਨੂੰ ਸਟਰੀਮਲਾਈਨ ਕਰਨਾ ਚਾਹੀਦਾ ਹੈ ਤਾਂ ਕਿ ਜਿਹੜੀ ਬਿਜਲੀ ਦੀ ਚੋਰੀ ਹੁੰਦੀ ਹੈ ਓਹ ਰੋਕੀ ਜਾ ਸਕੇ । ਜੇ ਇਹ 5-7 ਕਦਮ ਚੁੱਕੇ ਜਾਣ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚੋਂ ਬਿਜਲੀ ਦਾ ਸੰਕਟ ਖ਼ਤਮ ਹੋ ਸਕਦਾ ਹੈ । ਜਿੱਥੋਂ ਤਕ ਮਹਿੰਗਾਈ ਦੇ ਸੰਕਟ ਦਾ ਸਬੰਧ ਹੈ ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਛੇਤੀ ਹੀ ਕਾਰਵਾਈ ਕਰਨੀ ਚਾਹੀਦੀ ਹੈ । ਲੋਕਾਂ ਨੇ ਸਾਨੂੰ ਇਥੇ ਚੁਣ ਕੇ ਭੇਜਿਆ ਹੈ । ਇਨ੍ਹਾਂ ਮੇਰੇ ਵੀਰਾਂ ਨੂੰ ਵੀ ਲੋਕਾਂ ਨੇ ਹੀ ਗੱਦੀਆਂ ਤੇ ਬਿਠਾਇਆ ਹੈ । ਜੇਕਰ ਇਹ ਮਹਿੰਗਾਈ ਦਾ ਮਸਲਾ ਹਲ ਨਾ ਕੀਤਾ ਗਿਆ ਤਾਂ ਨਤੀਜਾ ਇਹ ਹੋਵੇਗਾ ਕਿ ਜਿਸ ਹੁਕਮ-ਰਾਨ ਪਾਰਟੀ ਦੀ ਇਸ ਵੇਲੇ ਦੇਸ਼ ਵਿੱਚ ਹਕੂਮਤ ਹੈ, ਉਹ ਹਕੂਮਤ ਨਹੀਂ ਰਹੇਗੀ । ਜਨਤਾ ਆਪਣੇ ਮਸਲੇ ਹਲ ਕਰਵਾਏਗੀ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਨੂੰ ਕਦਮ ਚੁੱਕਣੇ ਚਾਹੀਦੇ ਹਨ । ਮੈਂ ਕਹਾਂਗਾ ਕਿ ਹਿੰਦੁਸਤਾਨ ਦੀ ਸਰਕਾਰ ਨੇ ਜਿਸ ਤਰ੍ਹਾਂ ਰਾਜਿਆਂ ਦੀਆਂ ਕਲਗੀਆਂ ਖੋਹੀਆਂ ਹਨ, ਉਨ੍ਹਾਂ ਦੇ ਪਰਿਵਿਜ਼ ਬੰਦ ਕੀਤੇ ਹਨ ਇਸੇ ਤਰ੍ਹਾਂ ਖੰਡ ਦੀਆਂ ਮਿਲਾਂ, ਕਪੜੇ ਦੀਆਂ ਮਿਲਾਂ ਅਤੇ ਹੋਰ ਜਿਹੜੀਆਂ ਜ਼ਰੂਰੀ ਚੀਜ਼ਾਂ ਦੀਆਂ ਮਿਲਾਂ ਹਨ ਉਨ੍ਹਾਂ ਤੇ ਵੀ ਕਾਬੂ ਪਾਏ ਤਾਂ ਕਿ ਅਜਿਹੇ ਹਾਲਾਤ ਦੇਸ਼ ਵਿੱਚ ਪੈਦਾ ਹੋਣ ਤੋਂ ਰੋਕੇ ਜਾ ਸਕਣ ਜਿਹੋ ਜਿਹੇ ਅਜ ਪੈਦਾ ਹੋ ਗਏ ਹਨ । ਇਸ ਦੇ ਨਾਲ ਹੀ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਛੇਤੀ ਹੀ ਅਜਿਹੇ ਕਦਮ ਪੁਟੇ ਜਾਣ ਜਿਨ੍ਹਾਂ ਨਾਲ ਲੋਕਾਂ ਦੇ ਮਸਲੇ ਹਲ ਹੋਣ ਨਹੀਂ ਤਾਂ ਲੋਕਾਂ ਨੇ ਸੰਘਰਸ਼ ਸ਼ੁਰੂ ਕਰ ਦੇਣਾ ਹੈ ਅਤੇ ਸਾਡੀ ਪਾਰਟੀ ਉਸ ਸੰਘਰਸ਼ ਵਿੱਚ ਲੋਕਾਂ ਦਾ ਸਾਥ ਦੇਵੇਗੀ । ਇਸ ਲਈ ਪੰਜਾਬ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਛੇਤੀ ਤੋਂ ਛੇਤੀ ਹਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ । ਮੈਂ ਅੰਤ ਵਿੱਚ ਪੰਜਾਬ ਦੀ ਸਰਕਾਰ ਨੂੰ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਕਹਾਂਗਾ ਕਿ ਵਕਤ ਲੰਘ ਰਿਹਾ ਹੈ । ਇਹ ਨਾ ਹੋਵੇ ਕਿ ਜਿਸ ਤਰ੍ਹਾਂ ਰੋਮ ਜਲ ਰਿਹਾ ਸੀ ਅਤੇ ਨੀਰੋ ਬੰਸੀ ਵਜਾ ਰਿਹਾ ਸੀ । ਅੱਜ ਰੋਮ ਸੜ ਰਿਹਾ ਹੈ ਇਹ ਬੰਸੀ ਹੀ ਨਾ ਵਜਾਉਂਦੇ ਰਹਿਣ । ਇਸ ਤਰ੍ਹਾਂ ਨਾ ਹੋਇਆ ਤਾਂ ਨਾਂ ਤਾਂ ਰੋਮ ਹੀ ਰਹੇਗਾ ਅਤੇ ਨਾ ਹੀ ਰੋਮ ਇਮਪਾਇਰ । ਇਸ ਮਹਿੰਗਾਈ ਨਾਲ ਜਿੱਥੇ ਲੋਕ ਆਪ ਜਾਣਗੇ ਉਥੇ ਉਹ ਤੁਹਾਨੂੰ ਵੀ ਲੈ ਜਾਣਗੇ । ਇਸ ਲਈ ਮਹਿੰਗਾਈ ਨੂੰ ਰੋਕਣ ਲਈ ਛੇਤੀ ਹੀ ਕਦਮ ਪੁਟੇ ਜਾਣੇ ਚਾਹੀਦੇ ਹਨ । ਨਹੀਂ ਤਾਂ ਲੋਕ ਜਥੇਬੰਦ ਹੋ ਜਾਣਗੇ ਤੇ ਸੰਘਰਸ਼ ਸ਼ੁਰੂ ਕਰਨਗੇ, ਜਦੋ ਜਹਿਦ ਹੋਵੇਗੀ ਔਰ ਸਾਡੀ ਪਾਰਟੀ ਇਸ ਜਦੋ ਜਹਿਦ ਵਿੱਚ ਲੋਕਾਂ ਦਾ ਹੀ ਸਾਥ ਦੇਵੇਗੀ ।

Mr. Deputy Speaker: Motion moved—

That the situation arising out of unprecedented rise in prices and heavy power cut in the State be taken into consideration.

ਸਰਦਾਰ ਪ੍ਰੇਮ ਸਿੰਘ ਪ੍ਰੇਮ (ਰਾਏਪੁਰ) : ਡਿਪਟੀ ਸਪੀਕਰ ਸਾਹਿਬ, ਅਸੀਂ ਸਪੀਕਰ ਸਾਹਿਬ ਦਾ ਜਾਂ ਬਿਜ਼ਨਸ ਐਡਵਾਇਜ਼ਰੀ ਕਮੇਟੀ ਦਾ ਜਾਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦਾ ਸ਼ੁਕਰੀਆ ਅਦਾ ਕਰਦੇ ਹਾਂ ਜਿਨ੍ਹਾਂ ਨੇ ਕਿ ਸਾਨੂੰ ਇਸ ਗੰਭੀਰ ਮਸਲੇ ਤੇ ਬੋਲਣ ਦਾ ਸਮਾਂ ਦਿੱਤਾ ਹੈ ।

ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਮਹਿੰਗਾਈ ਦਾ ਜੋ ਮਸਲਾ ਹੈ ਇਹ ਬੜਾ ਜ਼ਰੂਰੀ ਹੈ ਅਤੇ ਇਸ ਤਰ੍ਹਾਂ ਮੇਰੇ ਦੋਸਤ ਕਾਮਰੇਡ ਜੋਸ਼ ਜੀ ਨੇ ਲਾਊਡ-ਸਪੀਕਰ ਦੀ ਪਰਵਾਹ ਨਾ ਕਰਦੇ ਹੋਏ ਮਹਿੰਗਾਈ ਬਾਰੇ ਕਿਹਾ ਹੈ, ਮੈਂ ਉਨ੍ਹਾਂ ਦੇ ਨਾਲ ਮੁਤਫਿਕ ਹਾਂ । ਪਰ ਉਹ ਤਾਂ ਰੋਮ ਤਕ ਚਲੇ ਗਏ ਕਿ ਰੋਮ ਸੜ ਰਿਹਾ ਸੀ ਅਤੇ ਨੀਰੋ ਬੰਸੀ ਵਜਾ ਰਿਹਾ ਸੀ । ਮੈਂ ਉਨ੍ਹਾਂ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਰੀਆਂ ਮਿਸਾਲਾਂ ਹਰ ਥਾਂ ਤੇ ਹਾਵੀ ਨਹੀਂ ਹੋ ਸਕਦੀਆਂ ।

ਮੈਂ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨਾਲ ਇਸ ਗੱਲ ਤੇ ਮੁਤਫਿਕ ਹਾਂ ਕਿ ਹਾਲਾਤ ਅਜਿਹੇ ਪੈਦਾ ਹੋ ਗਏ ਹਨ । ਡਰਾਟ ਵੀ ਆਇਆ ਹੈ ਅਤੇ ਬਾਰਸ਼ਾਂ ਨਹੀਂ ਸੀ ਹੋਈਆਂ । ਅਤੇ ਬਿਜ਼ਨੈਸ-ਮੈਨਾਂ ਨੇ ਚੀਜ਼ਾਂ ਲੁਕਾ ਲਈਆਂ ਅਤੇ ਉਨ੍ਹਾਂ ਦੇ ਭਾਅ ਵਧਾ ਦਿੱਤੇ । ਪਰ ਫਿਰ ਵੀ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਸ ਸਰਕਾਰ ਨੇ ਜਿੱਥੋਂ ਤਕ ਖੰਡ ਦਾ ਸਬੰਧ ਹੈ. ਪਿੰਡਾਂ ਵਾਲਿਆਂ ਦੀ ਇਕ ਬੜੀ ਪੁਰਾਣੀ ਸ਼ਕਾਇਤ ਦੂਰ ਕਰ ਦਿੱਤੀ ਹੈ । ਉਨ੍ਹਾਂ ਦੀ ਮੰਗ ਸੀ ਕਿ ਸਾਨੂੰ ਸ਼ਹਿਰ ਵਾਲਿਆਂ ਦੇ ਬਰਾਬਰ ਖੰਡ ਦਾ ਕੋਟਾ ਦਿੱਤਾ ਜਾਵੇ । ਇਸ ਸਰਕਾਰ ਨੇ ਇਹ ਕਰ ਦਿੱਤਾ ਹੈ ਕਿ ਅੱਧਾ ਕਿਲੋ ਖੰਡ ਸ਼ਹਿਰ ਵਾਲੇ ਨੂੰ ਅਤੇ ਅੱਧਾ ਕਿਲੋ ਹੀ ਪਿੰਡ ਵਾਲੇ ਨੂੰ । ਹਾਂ ਸ਼ਹਿਰ ਵਾਲਿਆਂ ਨੂੰ ਕੁਝ ਹੋਰ ਖੰਡ ਮਹਿੰਗੇ ਭਾਅ ਲੈਣੀ ਪੈਂਦੀ ਹੈ ਇਸ ਲਈ ਇਹ ਕੁਝ ਜ਼ਿਆਦਾ ਵਾ–ਵਰੇਲਾ ਪਿਆ ਹੈ। (ਸ਼ੋਰ) (ਵਿਘਨ) ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਕੋਲ ਕਣਕ ਬਹੁਤ ਪਈ ਹੈ । ਇਨ੍ਹਾਂ ਨੇ 3 ਏਜੰਸੀਆਂ ਤੋਂ ਕਣਕ ਲਈ ਹੈ । ਪਹਿਲੀ ਮਾਰਕਿਟ ਫੈਡਰੇਸ਼ਨ ਦੂਜੀ ਮਹਿਕਮਾ ਸਿਵਲ ਸਪਲਾਈ ਅਤੇ ਤੀਜੀ ਫੂਡ ਕਾਰਪੋਰੇਸ਼ਨ ਆਫ ਇੰਡੀਆ । ਇਨ੍ਹਾਂ ਤਿੰਨਾਂ ਏਜੰਸੀਆਂ ਤੋਂ ਇਨ੍ਹਾਂ ਨੇ ਬੜੀ ਕਣਕ ਇਕਠੀ ਕੀਤੀ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਛੇਤੀ ਤੋਂ ਛੇਤੀ ਉਹ ਆਪਣੇ ਸਟਾਕ ਨੂੰ ਥਾਂ ਥਾਂ ਤੇ ਡਿਪੋ ਖੋਲ੍ਹ ਕੇ ਲੋਕਾਂ ਨੂੰ ਸਸਤੇ ਭਾਅ ਅਨਾਜ ਦੇਣ ਵਿੱਚ ਵਰਤੇ ।

(ਇਸ ਵੇਲੇ ਸਰਦਾਰ ਕਰਨੈਲ ਸਿੰਘ ਮਰੜੀ ਬੋਲਣ ਲਈ ਖੜੇ ਹੋਏ ।)

ਸ਼੍ਰੀ ਡਿਪਟੀ ਸਪੀਕਰ : ਮਰੜ੍ਹੀ ਸਾਹਿਬ, ਇਹ ਇਕ ਕਾਮਨ ਕਾਜ਼ ਹੈ । ਇਸ ਲਈ ਤੁਸੀਂ ਬੈਠ ਜਾਓ । ਉਨ੍ਹਾਂ ਨੂੰ ਬੋਲ ਲੈਣ ਦਿਓ । (Mararhi Sahib, it is a common cause. So please resume your seat and let Sardar Prem Singh Prem speak.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮਰੜ੍ਹੀ ਸਾਹਿਬ, ਤੁਸੀਂ ਬਾਅਦ ਵਿੱਚ ਬੋਲ ਲੈਣਾ । ਇਸ ਤੋਂ ਅੱਗੇ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਜੋਸ਼ ਸਾਹਿਬ ਦੇ ਨਾਲ ਮੁਤਫਿਕ ਹਾਂ ਕਿ ਹੋਰਡਰਜ਼ ਦੇ ਖਿਲਾਫ ਸਖਤ ਐਕਸ਼ਨ ਲੈਣਾ ਚਾਹੀਦਾ ਹੈ । ਜਿਹੜੇ ਕਿ ਚੀਜ਼ਾਂ ਲੁਕਾ ਲੈਂਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਭਾਅ ਤੇਜ਼ ਕਰ ਦਿੰਦੇ ਹਨ । ਉਨ੍ਹਾਂ ਤੇ ਛਾਪੇ ਮਾਰੇ

(ਸਰਦਾਰ ਪ੍ਰੇਮ ਸਿੰਘ ਪ੍ਰੇਮ)

ਜਾਣ ਤਾਂ ਕਿ ਉਹ ਜਿਹੜੀ ਕਮਰਤੋੜ ਮਹਿੰਗਾਈ ਪੈਦਾ ਕਰ ਦਿੰਦੇ ਹਨ ਉਹ ਨਾ ਕਰ ਸਕਣ । ਇਸੇ ਤਰ੍ਹਾਂ ਮੈਂ ਖੰਡ ਦੇ ਮੁਤਅਲਕ ਵੀ ਅਰਜ਼ ਕਰਾਂਗਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਬਹੁਤ ਸਾਰੀ ਖੰਡ ਉਹ ਬਜ਼ਾਰ ਵਿੱਚ ਲਿਆਏ ਤਾਂ ਕਿ ਉਸ ਦੇ ਭਾਅ ਵੀ ਨਾ ਚੜ੍ਹਨ । ਭਾਵੇਂ ਸਰਕਾਰ ਨੂੰ ਇਹ ਸਬਸੀਡਾਈਜ਼ ਕਰਕੇ ਵੀ ਕਿਉਂ ਨਾ ਦੇਣੀ ਪਏ, ਇਹ ਗਰੀਬ ਆਦਮੀਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ ।

ਫਿਰ ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਸੀਮਿੰਟ ਦਾ ਜ਼ਿਕਰ ਕਰਦਾ ਹਾਂ । ਭਾਵੇਂ ਇਸ ਦੀ ਉਤਨੀ ਤੰਗੀ ਹੁਣ ਨਹੀਂ ਰਹੀ ਜਿਤਨੀ ਕਿ ਕੁਝ ਦਿਨ ਪਹਿਲੋਂ ਸੀ । ਫਿਰ ਵੀ ਸਰਕਾਰ ਨੂੰ ਇਸ ਪਾਸੇ ਹੋਰ ਤਵੱਜੋ ਦੇਣੀ ਚਾਹੀਦੀ ਹੈ ।

ਇਸ ਤੋਂ ਅੱਗੇ ਮੈਂ ਇੱਟਾਂ ਦਾ ਜ਼ਿਕਰ ਕਰਦਾ ਹਾਂ । ਇਟਾਂ ਨਹੀਂ ਮਿਲਦੀਆਂ । ਇਸ ਦਾ ਸਭ ਤੋਂ ਵੱਡਾ ਕਾਰਣ ਹੈ ਕਿ ਕੋਲਾ ਨਹੀਂ ਮਿਲਦਾ । ਕੋਲਾ ਇਸ ਲਈ ਨਹੀਂ ਮਿਲਦਾ ਕਿਉਂਕਿ ਵੈਗਨਾਂ ਦੀ ਘਾਟ ਹੈ । ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਭਾਵੇਂ ਉਨ੍ਹਾਂ ਨੂੰ ਇਸ ਕੰਮ ਲਈ ਦਿਲੀ ਵੀ ਕਿਉਂ ਨਾ ਜਾਣਾ ਪਏ ਉਹ ਜਾ ਕੇ ਵੈਗਨਾਂ ਦੀ ਕਮੀ ਨੂੰ ਦੂਰ ਕਰਵਾਉਣ ਤਾਂਕਿ ਸਟੇਟ ਦੇ ਵਿੱਚ ਕੋਲਾ ਖੁਲ੍ਹਾ ਆਵੇ ਅਤੇ ਇੱਟਾਂ ਦੀ ਕਮੀ ਦੂਰ ਹੋ ਸਕੇ ।

ਅਖੀਰ ਵਿੱਚ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜੋਸ਼ ਸਾਹਿਬ ਨੇ ਜੋ ਗਲਾਂ ਕਹੀਆਂ ਹਨ ਮੈਂ ਉਨ੍ਹਾਂ ਦੇ ਨਾਲ ਮੁਤਫ਼ਿਕ ਹਾਂ ਅਤੇ ਸਰਕਾਰ ਨੂੰ ਕਹਾਂਗਾ ਕਿ ਉਹ ਇਸ ਬਾਰੇ ਛੇਤੀ ਹੀ ਕਦਮ ਚੁੱਕੇ ਕਿਉਂਕਿ ਸਾਡੀ ਕਾਂਗਰਸ ਪਾਰਟੀ ਦੇ ਮੈਂਬਰ ਉਨ੍ਹਾਂ ਨਾਲੋਂ ਵੀ ਜ਼ਿਆਦਾ ਔਖੇ ਹਨ ਇਸ ਮਸਲੇ ਤੇ । ਮਹਿੰਗਾਈ ਦੂਰ ਹੋਣੀ ਚਾਹੀਦੀ ਹੈ । ਇਸ ਬਾਰੇ ਸਰਕਾਰ ਨੂੰ ਛੇਤੀ ਤੋਂ ਛੇਤੀ ਕਦਮ ਚੁੱਕਣੇ ਚਾਹੀਦੇ ਹਨ । ਤਾਂ ਕਿ ਇਕ ਦੇ ਮੁਤਅਲਕ ਇਸ ਸਾਡੀ ਸਰਕਾਰ ਉਤੇ ਜਿਤਨੇ ਹੋਰ ਚੰਗੇ ਕੰਮ ਕੀਤੇ ਹਨ ਇਸ ਤਰ੍ਹਾਂ ਦਾ ਇਲਜ਼ਾਮ ਨਾ ਆਵੇ ਇਨ੍ਹਾਂ ਸ਼ਬਦਾਂ ਨਾਲ ਜਿਹ ਜਿਹੜੀਆਂ ਗਲਾਂ ਕਹੀਆਂ ਹਨ ਮੈਂ ਆਸ ਰੱਖਦਾ ਹਾਂ ਇਨ੍ਹਾਂ ਵਲ ਤਵਜੋ ਕਰਕੇ ਮਹਿੰਗਾਈ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਸਰਦਾਰ ਕਰਨੈਲ ਸਿੰਘ ਮਰੜ੍ਹੀ (ਜੰਡਿਆਲਾ, ਐਸ.ਸੀ) : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰੀ ਬੇਨਤੀ ਹੈ ਕਿ ਜਿਥੋਂ ਤਕ ਇਹ ਮਹਿੰਗਾਈ ਦਾ ਸਬੰਧ ਹੈ ਤਾਂ ਪੰਜਾਬ ਵਿਚ ਕੋਈ ਚੀਜ਼ ਨਾ ਹੋਵੇ ਤਾਂ ਤੇ ਇਹ ਡੀਪੂ ਖੋਲਣ ਵਾਲੀ ਗਲ ਬਣਦੀ ਹੈ । ਪਰ ਹਰ ਅਮੀਰ ਆਦਮੀ ਕੋਲ ਇਨ੍ਹਾਂ ਚੀਜ਼ਾਂ ਦਾ ਸਟੋਰ ਕੀਤਾ ਹੋਇਆ ਹੈ । ਇਹ ਕਿਉਂ ਨਹੀਂ ਕਢਾਇਆ ਜਾਂਦਾ ਹੈ। ਖੰਡ ਬਜ਼ਾਰ ਵਿਚੋਂ ਜਿੰਨੀ ਮਰਜ਼ੀ ਖਰੀਦ ਲਵੋਂ ਪਰ ਰੇਟ ਦਿਨ ਬਦਿਨ ਵਧਦਾ ਹੀ ਜਾ ਰਿਹਾ ਹੈ । ਇਸੇ ਤਰ੍ਹਾਂ ਇੱਟਾ ਲੈ ਲਵੋ। ਇਹ 55 ਰੁਪਏ ਗੌਰਮਿੰਟ ਖਰੀਦਦੀ ਹੈ ਪਰ ਪਿੰਡਾਂ ਵਿਚ ਇਹੋ ਇਟਾਂ 110 ਜਾਂ 120 ਰੁਪਏ ਵਿਕਦੀ ਹੈ । ਇਸੇ ਤਰ੍ਹਾਂ ਸੀਮੈਂਟ ਦੀ ਬੋਰੀ 20 ਰੁਪਏ ਫੀ ਬੋਰੀ ਜਿੰਨੀ ਮਰਜ਼ੀ ਲੈ ਲਵੋ ਪਰ ਕੰਟਰੋਲ ਰੇਟ ਤੇ ਇਹ ਮਿਲਦੀ ਨਹੀਂ ਹੈ । ਜਿਹੜੇ ਲੋਕ ਇਜਾਰਦਾਰ ਹਨ ਅਤੇ ਜਿਨ੍ਹਾਂ ਨੇ ਮਾਲ ਦਬਿਆ ਹੋਇਆ ਹੈ, ਇਹ ਸਰਕਾਰ ਉਨ੍ਹਾਂ ਤੋਂ ਘਬਰਾਉਂਦੀ ਕਿਉਂ ਹੈ ਅਤੇ ਉਨ੍ਹਾਂ ਤੋਂ ਮਾਲ ਕਢਾਉਂਦੀ ਕਿਉਂ ਨਹੀਂ ? (ਵਿਘਨ) ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜੇ ਸਰਕਾਰ ਬੜੇ ਬੜੇ ਆਦਮੀਆਂ ਨੂੰ ਹਥ ਨਹੀਂ ਪਾ ਸਕਦੀ ਤਾਂ ਇਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਮਹਿੰਗਾਈ ਨੂੰ ਰੋਕਣ ਦੇ ਸਬੰਧ ਵਿਚ ਗੌਰਮੈਂਟ ਫੇਲ੍ਹ ਹੋਈ ਹੈ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : (ਕੋਟਕਪੂਰਾ) : ਆਨਰੇਬਲ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਚਿਰ ਕੀਮਤਾਂ ਵਿਚ ਵਾਧਾ ਨਹੀ ਰੋਕਿਆ ਜਾ ਸਕਦਾ, ਉਨਾਂ ਚਿਰ ਮੁਲਕ ਆਰਥਕ ਤੌਰ ਤੇ ਤਰੱਕੀ ਨਹੀਂ ਕਰ ਸਕਦਾ ਜਿਨਾਂ ਚਿਰ ਮੁਲਕ ਦੀਆਂ ਪਾਲਿਸੀਆਂ ਬਨਾਉਣ ਵਾਲੇ ਵਿਦਵਾਨ, ਸੂਝਵਾਨ ਅਤੇ ਸਿਆਣੇ ਵਿਅਕਤੀ ਨਾ ਹੋਣ । ਅੱਜ ਤੋਂ ਛੇ ਸਾਲ ਪਹਿਲਾਂ ਕਾਂਗਰਸ ਨੇ: ਮੈਂ ਇਹ ਨਹੀਂ ਜਾਣਦਾ ਕਿ ਕਿਹੜੀ ਪੁਰਾਣੀ ਕਾਂਗਰਸ ਹੈ ਅਤੇ ਕਿਹੜੀ ਨਵੀਂ ਕਾਂਗਰਸ ਹੈ, ਮੈਂ ਤਾਂ ਇਹ ਜਾਣਦਾ ਹਾਂ ਕਿ ਦਿੱਲੀ ਦੀ ਸਰਕਾਰ ਨੇ ਬੜਾ ਉਤਸ਼ਾਹ ਦਿਖਾਇਆ ਅਤੇ ਬੈਂਕਾਂ ਦਾ ਕੌਮੀਕਰਣ ਕੀਤਾ ਕਿ ਗਰੀਬੀ ਦੂਰ ਹੋਵੇਗੀ । ਮੁਲਕ ਆਰਥਕ ਤੌਰ ਤੇ ਤਕੜਾ ਹੋਵੇਗਾ । ਹੋਰ ਵੀ ਕਈ ਇਹੋ ਜਿਹੀਆਂ ਪਾਲਿਸੀਆਂ ਬਣਾਈਆਂ ਜਿਹੜੀਆ ਕਿ ਇੰਡਿਵਿਜੂਅਲਇਜਮ ਤੇ ਨਿਰਭਰ ਕਰਦੀਆਂ ਸਨ । ਇਨ੍ਹਾਂ ਪਾਲਿਸੀਆਂ ਦੇ ਸਿੱਟੇ ਵਜੋਂ ਅੱਜ ਸਾਡੇ ਮੁਲਕ ਵਿਚ ਪ੍ਰਾਈਸ ਇੰਡੈਕਸ ਵਧਿਆ ਹੈ । ਡਿਪਟੀ ਸਪੀਕਰ ਸਾਹਿਬ ਜੇ ਕਿਸੇ ਮੁਲਕ ਦੀ ਤਰੱਕੀ ਨੂੰ, ਜਾਂ ਡਿਵੈਲਪਮੈਂਟ ਨੂੰ ਵੇਖਣਾ ਹੋਵੇ ਜਾਂ ਕਿਸੇ ਮੁਲਕ ਨੂੰ ਉਚਾ ਉਠਦੇ ਵੇਖਣਾ ਹੋਵੇ ਤਾਂ ਉਸ ਮੁਲਕ ਦੀਆਂ ਚੀਜ਼ਾ ਦੀਆਂ ਕੀਮਤਾਂ ਨੂੰ ਵੇਖਣਾ ਹੁੰਦਾ ਹੈ । ਤੇ ਡਿਪਟੀ ਸਪੀਕਰ ਸਾਹਿਬ, ਮੇਰਾ ਅੰਦਾਜ਼ਾ ਇਹ ਹੈ ਕਿ ਛੇ ਸਾਲ ਵਿਚ ਸੈਂਟਰ ਦੀ ਬੀਬੀ ਇੰਦਰਾ ਦੀ ਸਰਕਾਰ ਨੇ ਗਲਤ ਫੈਸਲੇ ਕੀਤੇ ਜਿਸ ਨਾਲ ਇਕਨੌਮੀਕਲੀ ਮੁਲਕ ਨੂੰ ਨੁਕਸਾਨ ਹੋਇਆ ਹੈ ਅਤੇ ਇਸ ਚੀਜ਼ ਦੇ ਸਿੱਟੇ ਰਨੁਮਾ ਹੋਣੇ ਸ਼ੁਰੂ ਹੋ ਗਏ ਹਨ । ਕੀਮਤਾਂ ਵਿਚ ਜੋ ਵਾਧਾ ਹੋਇਆ ਹੈ ਉਹ ਕੁਦਰਤ ਨੇ ਵਾਧਾ ਨਹੀਂ ਕੀਤਾ, ਸਾਡੇ ਕੋਲ ਅਨਾਜ, ਖੰਡ ਦੀ ਕਮੀ ਨਹੀਂ ਹੋਈ ਜਾਂ ਕੋਲੇ ਦੇ ਭੰਡਾਰ ਨਹੀਂ ਖਤਮ ਹੋ ਗਏ ਬਲਕਿ ਇਹ ਤਾਂ ਇਨ੍ਹਾਂ ਦੀਆਂ ਨੀਤੀਆਂ ਦਾ ਅਸਰ ਹੈ । ਇਹ ਉਸ ਇੰਡੀਵੀਜੂਅਲ ਡਿਕਟੇਟਰਸ਼ਿਪ ਜਾਂ ਉਨ੍ਹਾਂ ਦੀ ਆਪਣੀ ਐਡਮਨਿਸਟਰੇਸ਼ਨ ਦਾ ਅਸਰ ਹੈ । ਇਸੀ ਕਰਕੇ ਪ੍ਰਾਈਸ ਇੰਡੈਕਸ ਵਧਿਆ ਹੈ । ਡਿਪਟੀ ਸਪੀਕਰ ਸਾਹਿਬ ਅਖਬਾਰਾਂ ਪੜ੍ਹਨ ਵਾਲੇ, ਕਿਤਾਬਾਂ ਪੜ੍ਹਨ ਵਾਲੇ ਅਤੇ ਆਰਥਕਤਾ ਦੇ ਜੋ ਮਾਹਿਰ ਹਨ ਉਨ੍ਹਾਂ ਨੇ ਚੰਗੀ ਤਰ੍ਹਾਂ ਇਸ ਮਾਮਲੇ ਨੂੰ ਘੋਖਿਆ ਹੈ ਅਤੇ ਸਿੱਟਾ ਇਹ ਨਿਕਲਿਆਂ ਹੈ ਕਿ ਪਿਛਲੇ ਦੋ ਸਾਲਾਂ ਵਿਚ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਵਿਚ 6 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ । ਪਿਛਲੀ ਸਰਕਾਰ ਵੇਲੇ ਖੰਡ ਤੇ ਕੋਈ ਕੰਟਰੋਲ ਨਹੀਂ ਹੋਇਆ ਪਿਛਲੀ ਸਰਕਾਰ ਵੇਲੇ ਕੋਲਾ ਮਿਲਦਾ ਰਿਹਾ ਹੈ ਅਤੇ ਇੱਟਾਂ ਦਾ ਕੋਈ ਘਾਟਾ ਨਹੀਂ ਹੋਇਆ ਹੈ (ਵਿਘਨ) ਤਾਂ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਇਹ ਨਵੀਂ ਸਰਕਾਰ ਬਣਨ ਨਾਲ ਉਸ ਸਰਕਾਰ ਦੀਆ ਪਾਲਿਸੀਆਂ ਨਾਲ ਜੋ ਹੁਣ ਸੰਕਟ ਆਇਆ ਹੈ, ਇਹ ਕਿਉਂ ਆਇਆ ਹੈ । ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਸਰਕਾਰ ਮੇਰੀ ਗਲ ਨਾਲ ਸਹਿਮਤ ਨਾ ਹੋਵੇ ਜਾਂ ਮੇਰੀ ਅਸੈਸਮੈਂਟ ਕਿਸੀ ਸ਼ਕਲ ਵਿਚ ਹੋਵੇ ਮੈਂ ਤਾਂ ਇਹ ਕਹਾਂਗਾ ਕਿ ਐਡਮਨਿਸਟ੍ਰੇਸ਼ਨ ਵਿਚ ਜ਼ਰੂਰ ਕਮੀ ਹੈ ਜਿਸ ਕਰਕੇ ਪ੍ਰਾਈਸ ਇੰਡੈਕਸ ਵਿਚ ਵਾਧਾ ਹੋਇਆ ਹੈ ।

ਇਸ ਤੋਂ ਅੱਗੇ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਇਸ ਤਰ੍ਹਾਂ ਚੀਜ਼ਾ ਦੀਆਂ ਕੀਮਤਾਂ ਵਿਚ ਵਾਧਾ ਹੁੰਦਾ ਰਿਹਾਂ ਤਾਂ ਮਜ਼ਦੂਰਾਂ ਨੂੰ, ਗਰੀਬਾਂ ਨੂੰ ਕਿਸਾਨਾਂ ਨੂੰ ਹੋਰ ਇਸ ਮੁਲਕ ਦੀ ਆਮ ਜਨਤਾ ਨੂੰ ਆਪਣਾ ਕਾਰੋਬਾਰ ਚਲਾਉਣਾ, ਆਪਣਾ ਪੇਟ ਪਾਲਣਾ ਮੁਸ਼ਕਿਲ ਹੋ ਜਾਵੇਗਾ । ਕੀਮਤਾਂ ਵਧਣ ਨਾਲ ਕਾਰਖਾਨੇ ਦੇ ਮਜ਼ਦੂਰ ਇਹ ਚੀਜ਼ ਬਰਦਾਸ਼ਤ ਨਹੀਂ ਕਰ ਸਕਣਗੇ । ਜੇ ਕੀਮਤਾਂ ਵਧੀਆਂ ਸਨ ਤਾਂ ਉਸ ਵੇਲੇ ਧਿਆਨ ਰਖਣਾ ਚਾਹੀਦਾ ਸੀ ਕਿ ਜੋ ਮੁਲਾਜ਼ਮ ਸਾਡੇ ਸੈਕਰੇਟੇਰੀਏਟ ਵਿਚ ਕੰਮ ਕਰਦੇ ਹਨ, ਜੋ ਮਜ਼ਦੂਰ ਖੇਤ ਵਿਚ ਕੰਮ ਕਰਦੇ ਹਨ, ਜੋ ਮਜ਼ਦੂਰ ਇੰਡਸਟਰੀ ਵਿਚ ਕੰਮ ਕਰਦੇ ਹਨ ਉਸੇ ਮਹਿੰਗਾਈ ਦੇ ਹਿਸਾਬ ਨਾਲ ਇਨ੍ਹਾਂ ਦੇ ਮਹਿੰਗਾਈ ਭੱਤੇ ਵਿਚ ਚਾਹੇ ਟੈਂਪੋਰੇਰਲੀ ਹੀ ਹੁੰਦਾ ਵਾਧਾ ਕਰ ਦੇਣਾ ਚਾਹੀਦਾ ਸੀ । ਕੁਝ ਹਾਲਾਤ ਸ਼ਾਇਦ ਕੁਦਰਤ ਪੈਦਾ ਕਰ ਦਿੰਦੀ ਹੈ ਪਰ ਸਾਰੇ ਹਾਲਾਤ ਕੁਦਰਤ ਨਹੀਂ ਪੈਦਾ ਕਰਦੀ । ਇਸ ਵੇਲੇ ਵੀ ਖੰਡ, ਅਨਾਜ ਕੋਲਾ ਜਾਂ ਹੋਰ ਚੀਜਾਂ ਦੇ ਭੰਡਾਰਾਂ ਦੀ ਕਮੀ ਨਹੀਂ ਹੈ ਪਰ ਇਹ ਜੋ ਪ੍ਰਾਈਸ ਇੰਡੈਕਸ ਵਿਚ ਵਾਧਾ ਹੋਇਆ ਹੈ ਇਹਦਾ ਕਾਰਨ ਮੈਂ ਸਮਝਦਾ ਹਾਂ ਕਿ ਐਡਮਨਿਸਟ੍ਰੇਸ਼ਨ ਵਿਚ ਕਮੀ ਹੈ । ਇਸ ਕਮੀ ਨੂੰ ਦੂਰ ਕਰਨਾ ਚਾਹੀਦਾ ਹੈ । ਤਾਂ ਕਿ ਕੀਮਤਾਂ ਵਿਚ ਵਾਧਾ ਨਾ ਹੋਵੇ ਅਤੇ ਲੋਕਾਂ ਨੂੰ ਚੀਜ਼ਾਂ ਮਿਲ ਸਕਣ ।

[ਸਰਦਾਰ ਜਸਵਿੰਦਰ ਸਿੰਘ ਬਰਾੜ]

ਇਸ ਮਹਿੰਗਾਈ ਦੇ ਖਿਲਾਫ਼ ਸ਼ਹਿਰ ਸ਼ਹਿਰ ਵਿਚ ਮੁਜ਼ਾਹਰਾ ਹੋਇਆ ਹੈ । ਹਰ ਮਜ਼ਦੂਰ ਚਾਹੇ ਉਹ ਇੰਡਸਟਰੀ ਵਿਚ ਕੰਮ ਕਰਦਾ ਹੈ ਅਤੇ ਚਾਹੇ ਉਹ ਖੇਤ ਵਿਚ ਕੰਮ ਕਰਦਾ ਹੈ ਉਹ ਅੱਜ ਇਤਨੀ ਮਹਿੰ-ਗਾਈ ਤੋਂ ਬੇਹਦ ਤੰਗ ਹੈ । ਇਸ ਨੂੰ ਵਾਰ-ਫੁਟਿੰਗ ਤੇ ਡੀਲ ਕਰਕੇ ਕੀਮਤਾਂ ਵਿਚ ਵਾਧੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ।

ਇਸ ਤੋਂ ਬਾਅਦ ਡਿਪਟੀ ਸਪੀਕਰ ਸਾਹਿਬ, ਮੈਂ ਇਕ ਕੰਸਟ੍ਰਕਟਿਵ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਮੁਲਕ ਦੀ ਇਹ ਹਾਲਤ ਹੋਵੇ ਗਰੀਬ ਹਾਹਾਕਾਰ ਕਰਦੇ ਹੋਣ, ਮਜ਼ਦੂਰਾਂ ਦਾ ਮਹਿੰਗਾਈ ਨਾਲ ਲਕ ਟੁਟ ਚੁਕਾ ਹੋਵੇ, ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਮਹਿੰਗਾਈ ਤੋਂ ਤੰਗ ਆ ਚੁਕੇ ਹੋਣ, ਸਾਰੀਆਂ ਚੀਜ਼ਾਂ ਦੇ ਭਾਅ 25 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਤਕ ਵਧ ਚੁਕੇ ਹੋਣ ਤਾਂ ਇਹੋ ਜਿਹੀਆਂ ਸੈਲੀਬਰੇਸ਼ਨਜ਼ ਕੀਤੀਆਂ ਜਾਣ, ਗਾਣੇ ਸੁਣੇ ਜਾਣ, ਬਿਜਲੀਆਂ ਜਗਾਈਆਂ ਜਾਣ, ਡਿਨਰ ਖਾਧੇ ਜਾਣ, ਇਹ ਗਲਤ ਰਸਮਾਂ ਹਨ । ਅਸੀਂ ਇਸ ਵਿਚ ਸ਼ਾਮਿਲ ਨਹੀਂ ਹੁੰਦੇ । ਸਾਨੂੰ ਖੁਸ਼ੀ ਹੈ ਕਿ ਮੁਲਕ ਦੀ 25ਵੀਂ ਸਾਲਗਰਾਹ ਹੈ । ਸਾਡੇ ਸਾਥੀ ਇਸ ਨਾਲ ਬਿਲਕੁਲ ਮੁਤਫਿਕ ਹਨ । ਪਰ ਖਜ਼ਾਨੇ ਵਿਚੋਂ ਪੈਸੇ ਕਢਾਕੇ ਸਿਲਵਰ ਜੁਬਲੀ ਬੜੀ ਸ਼ਾਨ ਨਾਲ ਮਨਾਈ ਜਾਵੇ ਉਸ ਜਗ੍ਹਾ ਤੇ ਜਿਥੇ ਕਿ ਅਸੀਂ ਅਹਿਮ ਫੈਸਲੇ ਕਰਨੇ ਹਨ, ਉਥੇ ਬਿਜਲੀਆਂ ਜਗਾਈਆਂ ਜਾਣ, ਗਾਣੇ ਸੁਣਵਾਏ ਜਾਣ, ਡਿਨਰ ਲਏ ਜਾਣ, ਇਹ ਸ਼ਰਮਨਾਕ ਗੱਲਾਂ ਹਨ । ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਜਦੋਂ ਸਾਡੇ ਮੁਲਕ ਦੇ ਮਜ਼ਦੂਰ ਦੀ, ਕਿਸਾਨ ਦੀ ਐਨੀ ਬੁਰੀ ਹਾਲਤ ਹੋਵੇ ਤਾਂ ਸਾਡੀ ਸਰਕਾਰ ਨੂੰ ਖਜ਼ਾਨੇ ਤੇ ਬੋਝ ਪਾਏ ਬਿਨਾਂ ਹੀ ਸਿਲਵਰ ਜੁਬਲੀ ਨੂੰ ਮਨਾਉਣਾ ਚਾਹੀਦਾ ਹੈ। ਮੈਂ ਅਤੇ ਮੇਰੀ ਪਾਰਟੀ ਇਹੋ ਜਿਹੇ ਜਸ਼ਨ ਦੀ ਜਿਥੇ ਮੁਗਲਾਂ ਦਾ ਤਮਾਸ਼ਾ ਦਿਖਾਇਆ ਜਾਣਾ ਹੈ ਅਸੀਂ ਇਸ ਦਾ ਬਾਈਕਾਟ ਕਰਦੇ ਹਾਂ ।

ਬਿਜਲੀ ਦਾ ਸੰਕਟ ਹੈ । ਇਹ ਪਹਿਲਾਂ ਵੀ ਆਇਆ, ਕੁਝ ਗਲਾਂ ਮੰਨੀਆਂ ਜਾ ਸਕਦੀਆਂ ਹਨ । ਕੁਦਰਤ ਨੇ ਸਾਡਾ ਸਾਥ ਨਹੀਂ ਦਿਤਾ ਅਤੇ ਬਾਰਸ਼ਾਂ ਨਹੀਂ ਹੋਈਆਂ । ਇਸ ਕਰਕੇ ਸੰਕਟ ਹੈ ਮੈਂ ਇਹ ਗੱਲ ਮੰਨਣ ਵਾਸਤੇ ਤਿਆਰ ਨਹੀਂ । ਇਹ ਬਿਲਕੁਲ ਕੁਦਰਤ ਕਰਕੇ ਹੀ ਬਿਜਲੀ ਦਾ ਸੰਕਟ ਆਇਆ ਹੈ, ਇਹ ਠੀਕ ਗਲ ਨਹੀਂ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇਹ ਕੰਮ ਸਾਂਭਣ ਵਾਲਿਆਂ ਵਿਚ ਉਣਤਾਈ ਹੈ । ਉਹ ਇਨ-ਕੰਪੀਟੈਂਟ ਹਨ ਔਰ ਉਨ੍ਹਾਂ ਨੂੰ ਇਸ ਗਲ ਦੀ ਜਾਂਚ ਨਹੀਂ ਕਿ ਐਡਮਨਿ-ਸਟ੍ਰੇਸ਼ਨ ਕਿਸ ਤਰ੍ਹਾਂ ਚਲਾਈ ਦੀ ਹੈ। ਉਹ ਮਾਲ ਐਡਮਨਿਸਟਰੇਸ਼ਨ ਚਲਾਉਂਦੇ ਰਹੇ ਔਰ ਉਹ ਟੈਕਨੀਸ਼ਨ ਨੂੰ ਆਪਣੇ ਰਾਹ ਤੇ ਨਹੀਂ ਚਲਣ ਦਿੰਦੇ । ਇਹ ਮੈਨਮੇਡ ਸੰਕਟ ਹੈ । ਜੇ ਭਾਖੜੇ ਡੈਮ ਵਿਚ ਪਾਣੀ ਦੀ ਕਮੀ ਕਰਕੇ ਬਿਜਲੀ ਦਾ ਸੰਕਟ ਆਇਆ ਹੈ, ਤਾਂ ਮੈਂ ਜਨਰੇਟਰ ਦੀ ਗਲ ਲੈਂਦਾ ਹਾਂ। ਇਹ ਕਈ ਵਾਰੀ ਤਜਰਬਾ ਹੋ ਚੁਕਾ ਹੈ ਕਿ ਬਾਰਸ਼ਾਂ ਨਾ ਹੋਣ ਕਰਕੇ ਪਾਣੀ ਘਟ ਜਾਂਦਾ ਹੈ।ਸਰਕਾਰ ਨੇ ਜਨਰੇਟਰ ਮੰਗਵਾਏ ਹੋਏ ਹਨ ਅਤੇ ਉਹ ਮਾਲ ਉਸੇ ਤਰ੍ਹਾਂ ਠਪਿਆ ਹੋਇਆ ਹੈ । ਇਸ ਨੂੰ ਉਪਰੇਸ਼ਨ ਵਿਚ ਲਿਆਉਣ ਦਾ ਸਰਕਾਰ ਨੇ ਕੋਈ ਉਪਰਾਲਾ ਨਹੀਂ ਕੀਤਾ ਹੈ । ਮੈਂ ਸਮਝਦਾ ਹਾਂ ਕਿ ਇੰਝ ਨਾ ਕਰਨਾ ਐਡਮਨਿਸਟ੍ਰੇਸ਼ਨ ਵਿਚ ਕਮੀ ਕਾਰਨ ਹੈ । ਬਿਜਲੀ ਬੋਰਡ ਦੇ ਅਹਿਲਕਾਰ ਇਨ-ਕੰਪੀਟੈਂਟ , ਅਨ-ਇੰਟੈਲੀਜੈਂਟ ਹਨ ਜੋ ਕਿ ਇਸ ਮਾਮਲੇ ਨੂੰ ਘੋਖ ਨਹੀਂ ਸਕੇ ਅਤੇ ਜਨਰੇਟਰਾਂ ਨੂੰ ਚਲਾ ਨਹੀਂ ਸਕੇ ਅਤੇ ਚੰਗੀ ਐਡਮਨਿਸਟ੍ਰੇਸ਼ਨ ਨਹੀਂ ਦੇ ਸਕੇ ।

ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਸ ਬਿਜਲੀ ਦੀ ਘਾਟ ਨੂੰ ਵਾਰ ਫੁਟਿੰਗ ਤੇ ਲਿਆ ਜਾਵੇ । ਜੇ ਥਰਮਲ ਪਲਾਂਟ ਨਾ ਚੱਲਿਆ ਜਾਂ ਇਸ ਦੇ ਵਿਚ ਸੋਧ ਕਰਕੇ ਚੰਗੀ ਗੱਲ ਨਾ ਕੀਤੀ ਗਈ ਤਾਂ ਮੈਂ ਬੇਨਤੀ ਕਰਾਂਗਾ ਕਿ ਸਾਡਾ ਮੁਲਕ ਖਾਸ ਕਰਕੇ ਸਾਡਾ ਪੰਜਾਬ ਐਨਾ ਤਬਾਹ

ਹੋ ਜਾਵੇਗਾ ਕਿ ਸਾਂਭਿਆ ਨਹੀਂ ਜਾਣਾ । ਐਡਮਨਿਸਟਰੇਸ਼ਨ ਜਿਹੜੇ ਚਲਾਉਣਾ ਨਹੀਂ ਜਾਣਦੇ, ਜਿਹੜੇ ਇਸ ਚੀਜ਼ ਦੇ ਨਾਕਾਬਲ ਹਨ ਜਾਂ ਜਿਹੜੇ ਇਨਕੰਪੀਟੈਂਟ ਹਨ ਜਾਂ ਜਿਹੜੇ ਐਡਮਨਿਸਟਰੇਸ਼ਨ ਤੋਂ ਜਾਣੂ ਨਹੀਂ ਹਨ ਉਨ੍ਹਾਂ ਅਹੁਦਿਆਂ ਤੇ ਲਾਉਣ ਵਾਸਤੇ ਉਨ੍ਹਾਂ ਵਾਸਤੇ ਕੋਈ ਐਡਵਾਈਜ਼ਰ ਰਖੋ । ਉਹ ਉਨ੍ਹਾਂ ਨੂੰ ਇਹ ਵੀ ਹਦਾਇਤ ਕਰਨ ਕਿ ਜੋ ਟੈਕਨੀਕਲ ਹੈਂਡਜ਼ ਹਨ ਉਹ ਉਨ੍ਹਾਂ ਦੇ ਰਾਹ ਵਿਚ ਰੋੜਾ ਨਾ ਬਣਨ । ਅਤੇ ਉਨ੍ਹਾਂ ਨੂੰ ਖੁੱਲ ਦੇਣ ਤਾਂ ਕਿ ਉਹ ਆਪਣੀ ਟੈਕਨੀਕਲ ਨਾਲਿਜ ਨਾਲ ਬਿਜਲੀ ਦਾ ਸੰਕਟ ਦੂਰ ਕਰਨ । ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ । ਜੋ ਗੱਲਾਂ ਮੈਂ ਕਹਿਣੀਆਂ ਚਾਹੁੰਦਾ ਸੀ ਉਹ ਕਹਿ ਦਿੱਤੀਆਂ ਹਨ । ਮੈਂ ਐਨੀ ਬੇਨਤੀ ਕਰਾਂਗਾਂ ਕਿ ਮਹਿੰਗਾਈ ਦੇ ਕਾਰਨ ਗਰੀਬ ਕਿਸਾਨਾਂ ਅਤੇ ਆਮ ਗਰੀਬਾਂ ਤੇ ਇਸ ਦਾ ਬੁਰਾ ਅਸਰ ਪਿਆ ਹੈ । ਬਿਜਲੀ ਦਾ ਵੀ ਇਹੀ ਹਾਲ ਹੈ । ਇਕ ਮਿੰਟ ਵਿਚ ਸੱਠ ਸੈਕੰਡ ਹੁੰਦੇ ਹਨ ਯਾਨੀ ਕਿ ਬਿਜਲੀ ਦਿਹਾਤਾਂ ਵਿਚ ਤਾਂ ਇਕ ਮਿੰਟ ਵਿਚ ਸੱਠ ਵਾਰੀ ਚਲੀ ਜਾਂਦੀ ਹੈ ਅਤੇ ਆਉਂਦੀ ਹੈ । ਇਹ ਸਭ ਕੁਝ ਮਾਲ-ਐਡਮਨਿਸਟਰੇਸ਼ਨ ਕਰਕੇ ਹੀ ਹੈ । ਉਸ ਮਜ਼ਦੂਰ ਨੂੰ, ਉਸ ਕਿਸਾਨ ਨੂੰ ਜਿਸ ਦੇ ਕੋਲ ਥੋੜੀ ਜ਼ਮੀਨ ਹੈ ਜੋ ਬਲਬ ਵੱਲ ਦੇਖਦਾ ਰਹਿੰਦਾ ਹੈ ਕਿ ਬਿਜਲੀ ਕਦ ਆਵੇਗੀ ਅਤੇ ਓਸ ਨੇ ਮੂੰਹਾਂ ਵੀ ਮੋੜਨਾ ਹੁੰਦਾ ਹੈ, ਉਸ ਦੀ ਫਸਲ ਦਾ ਬਹੁਤ ਨੁਕਸਾਨ ਹੁੰਦਾ ਹੈ । ਜੇ ਬਿਜਲੀ ਦਾ ਇਹੀ ਹਾਲ ਰਿਹਾ ਤਾਂ ਐਗਰੀਕਲਚਰ ਅਤੇ ਇੰਡਸਟਰੀ ਤੇ ਇਕ ਐਸਾ ਸਮਾਂ ਆਵੇਗਾ ਕਿ ਇਹ ਤਬਾਹ ਹੋ ਜਾਣਗੀਆਂ ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਸੂਗਰ ਦੇ ਕੋਟੇ ਵਿਚ ਜੋ ਬਲੈਕ ਕਰਦੇ ਹਨ ਅਤੇ ਜੋ ਹੋਰਡਰਜ਼ ਹਨ ਜਾਂ ਸਿਵਲ ਸਪਲਾਈ ਦੇ ਜਿਹੜੇ ਮਾੜੇ ਅਫਸਰ ਹਨ, ਉਨ੍ਹਾਂ ਨੂੰ ਪਕੜਨਾ ਚਾਹੀਦਾ ਹੈ । ਡੀ.ਐਫ.ਸੀ, ਫਿਰੋਜ਼ਪੁਰ ਦੇ ਖਿਲਾਫ ਸਰਕਾਰ ਨੇ ਐਕਸ਼ਨ ਲਿਆ ਹੈ, ਮੈਂ ਉਸ ਦੀ ਸਰਾਹਣਾ ਕੀਤੀ ਹੈ ਕਿਉਂਕਿ ਇਨ੍ਹਾਂ ਨੇ ਕੁਰਪਟ ਆਦਮੀ ਨੂੰ ਕਢਕੇ ਨਿਆਂ ਦਿਤਾ ਹੈ । ਐਡਮਨਿਸਟਰੇਸ਼ਨ ਨੂੰ ਚਲਾਉਣ ਵਾਲੇ ਇਹ ਡੀ.ਐਫ. ਸੀ. ਜੋ ਕੁਰਪਟ ਹਨ ਜਾਂ ਹਿਸੇਦਾਰ ਹਨ ਉਨ੍ਹਾਂ ਦੇ ਖਿਲਾਫ ਐਕਸ਼ਨ ਜ਼ਰੂਰ ਲੈਣਾ ਚਾਹੀਦਾ ਹੈ । ਫਿਰੋਜਪੁਰ ਦਾ ਜਿਹੜਾ ਡੀ.ਐਫ.ਸੀ. ਹੈ ਉਹ ਬੜਾ ਕੁਰੱਪਟ ਹੈ । ਇਹੋ ਜਿਹੇ ਕੁਰੱਪਟ ਅਫਸਰ ਹਨ ਅਤੇ ਉਹ ਹੋਰਡਰਾਂ ਨਾਲ ਰਲਕੇ ਖਾਂਦੇ ਹਨ ਜੇ ਉਨ੍ਹਾਂ ਨੂੰ ਰੋਕਿਆ ਨਾ ਗਿਆ ਤਾਂ ਇਸ ਦੇਸ਼ ਦਾ ਕੀ ਬਣੇਗਾ । ਹਿੰਦੁਸਤਾਨ ਵਿਚ 75 ਘਰਾਣੇ ਇਹੋ ਜਿਹੇ ਹਨ ਜਿਨ੍ਹਾਂ ਕੋਲ ਦੇਸ਼ ਦਾ 82 ਪ੍ਰਤੀਸ਼ਤ ਸਰਮਾਇਆ ਹੈ । ਇਸ ਲਈ ਮੈਂ ਰੂਲਿੰਗ ਪਾਰਟੀ ਤੇ ਬੈਠੇ ਦੋਸਤਾਂ ਨੂੰ, ਇਸ ਸਰਕਾਰ ਨੂੰ ਕਹਾਂਗਾ ਕਿ ਜੇ ਤੁਸੀਂ ਖੁਸ਼ਹਾਲ ਹੋਣਾ **ਹੈ** ਤਾਂ ਇਨ੍ਹਾਂ ਸਰਮਾਏਦਾਰਾਂ ਨੂੰ ਪਕੜੋ ਅਤੇ ਕੀਮਤਾਂ ਨੂੰ ਵਧਣ ਤੋਂ ਰੋਕੋ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿੰਨਾ ਚਿਰ ਬਿਰਲੇ ਅਤੇ ਟਾਟਿਆਂ ਤੋਂ ਉਨ੍ਹਾਂ ਦੀ ਇਜਾਰਾਦਾਰੀ ਨਹੀਂ ਖੋਂਹਦੇ ਜਾਂ ਇਨ੍ਹਾਂ 75 ਘਰਾਣਿਆਂ ਤੋਂ ਪੈਸੇ ਖੋਹ ਕੇ ਇਨ੍ਹਾਂ ਗਰੀਬਾਂ ਵਿਚ ਨਹੀਂ ਵੰਡਦੇ ਉਤਨਾ ਚਿਰ ਹਿੰਦੁਸਤਾਨ ਵਿਚ ਖੁਸ਼ਹਾਲੀ ਨਹੀਂ ਹੋ ਸਕਦੀ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੇਰੀ ਪਾਰਟੀ ਦਾ ਵੀ ਇਥੇ ਰਾਜ ਰਿਹਾ ਹੈ, ਰੂਲਿੰਗ ਪਾਰਟੀ ਜੋ ਕਾਂਗਰਸ ਹੈ ਉਹ ਵੀ ਰਹੀ ਅਤੇ ਹੋਰ ਵੀ ਆਈਆਂ ਪਰ ਜਿੰਨਾ ਚਿਰ ਇਜਾਰੇ-ਦਾਰਾਂ ਦੀ ਇਜਾਰੇਦਾਰੀ ਖਤਮ ਨਹੀਂ ਹੁੰਦੀ, ਟਰਾਂਸਪੋਰਟਰਜ਼ ਖਤਮ ਨਹੀਂ ਹੁੰਦੇ, ਬਲੈਕ ਮਾਰਕਿਟ ਖਤਮ ਨਹੀਂ ਹੁੰਦੀ ਅਤੇ 75 ਵੱਡੇ ਵੱਡੇ ਘਰਾਣਿਆਂ ਤੋਂ ਖੋਹ ਕੇ ਗਰੀਬਾਂ ਵਿਚ ਨਹੀਂ ਦਿੰਦੇ ਉਤਨਾ ਚਿਰ ਨਾ ਸਰਕਾਰ ਮਹਿੰਗਾਈ ਤੇ ਕੰਟਰੋਲ ਕਰ ਸਕਦੀ ਹੈ ਅਤੇ ਨਾ ਹੀ ਬਿਜਲੀ ਦੇ ਸੰਕਟ ਤੇ ਕਾਬੂ ਪਾ ਸਕਦੀ ਹੈ ।

ਜਥੇਦਾਰ ਸੋਹਣ ਸਿੰਘ ਜਲਾਲਉਸਮਾਨ (ਬਿਆਸ) : ਡਿਪਟੀ ਸਪੀਕਰ ਸਾਹਿਬ, ਮਹਿੰਗਾਈ ਤੇ ਬਹੁਤ ਸਾਰੇ ਸੱਜਣ ਬੋਲੇ ਹਨ । ਮਹਿੰਗਾਈ ਪੰਜਾਬ ਵਿਚ ਹੀ ਨਹੀਂ ਸਾਰੇ ਦੇਸ਼ ਵਿਚ ਬੜੀ ਮਹਿੰਗਾਈ ਹੈ । ਸਾਰੇ ਦੇਸ਼ ਵਿਚ ਬੜੀ ਔੜ ਹੈ । ਹਿੰਦੁਸਤਾਨ ਦੇ ਦੋ ਸੂਬੇ ਹੜਾਂ ਨਾਲ ਮਾਰੇ ਜਾ ਰਹੇ ਹਨ ਅਤੇ ਬਾਕੀ

ਜਥੇਦਾਰ ਸੋਹਣ ਸਿੰਘ ਜਲਾਲਉਸਮਾਨ]

ਸਾਰੇ ਹਿੰਦੁਸਤਾਨ ਵਿਚ ਸੋਕਾ ਹੈ । ਕੁਦਰਤ ਨੇ ਐਤਕੀ ਤਾਂ ਕਿਸਾਨ ਤੇ ਆਫਤ ਲਿਆਂਦੀ ਹੋਈ ਹੈ ਅਤੇ ਹੋ ਸਕਦਾ ਹੈ ਕਿ ਅਗਲੇ ਸਾਲ ਵਿਚ ਝੋਨੇ ਦੀ ਪੈਦਾਵਾਰ ਘੱਟ ਹੋਵੇ । ਜੋ ਕੁਦਰਤ ਦੀ ਘਾਟ ਹੈ ਉਹ ਛੇਤੀ ਨਾਲ ਪੂਰੀ ਨਹੀਂ ਕੀਤੀ ਜਾ ਸਕਦੀ । ਮੇਰੇ ਮਾਨਯੋਗ ਦੋਸਤ ਕਹਿੰਦੇ ਹਨ ਕਿ ਇੰਦਰਾ ਦੀਆਂ ਨੀਤੀਆਂ ਨਾਲ ਦੇਸ਼ ਵਿਚ ਕਾਲ ਪਿਆ ਹੈ । ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਤੇ ਇੰਦਰਾ ਦੀਆਂ ਨੀਤੀਆਂ ਦੀ ਧਾਕ ਹੈ । ਅਤੇ ਜਿਸ ਢੰਗ ਨਾਲ, ਜਿਸ ਦਲੇਰੀ ਨਾਲ ਅਤੇ ਜਿਸ ਬਹਾਦਰੀ ਨਾਲ ਹਿੰਦੁਸਤਾਨ ਦੀ ਵਾਗਡੋਰ ਇੰਦਰਾ ਜੀ ਨੇ ਲੈ ਕੇ ਹਿੰਦੁਸਤਾਨ ਨੂੰ ਸਾਰੀ ਦੁਨੀਆਂ ਤੇ ਮਸ਼ਹੂਰ ਕੀਤਾ ਹੈ ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਨੂੰ ਇਹੋ ਜਿਹਾ ਇਨਸਾਨ ਨਹੀਂ ਮਿਲ ਸਕਦਾ । ਨਿੰਦਣ ਲਗਿਆਂ ਚੰਗੀਆਂ ਗੱਲਾਂ ਵੱਲ ਜ਼ਰੂਰ ਖਿਆਲ ਕਰਨਾ ਚਾਹੀਦਾ ਹੈ ਅਤੇ ਜੋ ਦੇਸ਼ ਦੇ ਪ੍ਰਬੰਧਾਂ ਵਿਚ ਕਮੀਆਂ ਹੋਣ ਉਹ ਦੱਸਣੀਆਂ ਚਾਹੀਦੀਆਂ ਹਨ ।

ਬਿਜਲੀ ਦਾ ਘਾਟਾ ਸਾਰੇ ਦੇਸ਼ ਵਿਚ ਹੈ ਖਾਸ ਕਰਕੇ ਪੰਜਾਬ ਵਿਚ ਹੈ । ਪਾਣੀ ਨਾਲ ਬਿਜਲੀ ਚਲਦੀ ਹੈ । ਦਰਿਆਵਾਂ ਵਿਚ ਪਾਣੀ ਘਟ ਹੈ । ਇਸ ਵਾਸਤੇ ਅਸੀਂ ਸਮਝਦੇ ਹਾਂ ਕਿ ਇਸ ਮੁਸੀਬਤ ਦਾ ਸਾਨੂੰ ਸਾਰਿਆਂ ਨੂੰ ਮੁਕਾਬਲਾ ਕਰਨਾ ਚਾਹੀਦਾ ਹੈ । ਉਸ ਦੇ ਵਿਚ ਸਰਕਾਰ ਨੂੰ ਪੂਰੀ ਇਮਦਾਦ ਕਰਨੀ ਚਾਹੀਦੀ ਹੈ । ਮਹਿੰਗਾਈ ਦੀ ਜੜ੍ਹ ਕਿਹੜੀ ਹੈ ? ਇਹ ਉਠਦੀ ਕਿਥੋਂ ਹੈ ? ਕਿਸਾਨ ਪੈਦਾਵਾਰ ਕਰਦਾ ਹੈ । ਉਸ ਨੇ ਇਸ ਵੇਲੇ ਝੋਨਾ ਲਾਇਆ ਹੋਇਆ ਹੈ । ਉਸ ਨੂੰ ਪਾਣੀ, ਖਾਦ ਗੁਡਾਈ ਸਭ ਕੁਝ ਯਾਨੀ ਕਿ ਸਾਰੀਆਂ ਚੀਜ਼ਾਂ ਕਿਸਾਨ ਨੂੰ ਲੈਣੀਆਂ ਪੈਂਦੀਆਂ ਹਨ । ਅਗਰ ਹਿੰਦੁਸਤਾਨ ਦੀ ਸਰਕਾਰ ਔਰ ਪੰਜਾਬ ਦੀ ਸਰਕਾਰ ਅਤੇ ਅਸੀਂ ਸਾਰੇ ਇਸ ਢੰਗ ਨਾਲ ਚਲੀਏ ਅਤੇ ਖਾਣ ਪੀਣ ਵਾਲੀਆਂ ਚੀਜ਼ਾਂ ਜੋ ਪੈਦਾ ਕਰਨ ਵਾਲਾ ਇਨਸਾਨ ਹੈ ਉਸ ਨੂੰ ਪੂਰੀਆਂ ਸਹੂਲਤਾਂ ਦੇਈਏ ਤਾਂ ਮੈਂ ਸਮਝਦਾ ਹਾਂ ਕਿ ਮਹਿੰਗਾਈ ਕਾਫੀ ਹੱਦ ਤੱਕ ਘੱਟ ਸਕਦੀ ਹੈ । ਪਰ ਇਹ ਕੰਮ ਗੱਲਾਂ ਬਾਤਾਂ ਨਾਲ ਨਹੀਂ ਹੋਣਾ । ਅੱਜ ਤੋਂ 40-50 ਸਾਲ ਪਹਿਲਾਂ ਜੋ ਕਿਸਾਨ ਵਾਹੀ ਕਰਦਾ ਹੁੰਦਾ ਸੀ ਅਗਰ ਉਸ ਦੀ ਫਸਲ ਮਾਰੀ ਜਾਵੇ ਤਾਂ ਉਹ ਬਹੁਤਾ ਕਰਜ਼ਾਈ ਨਹੀਂ ਹੁੰਦਾ ਸੀ ਪਰ ਹੁਣ ਜੇ ਕਿਸਾਨ ਦੀ ਫਸਲ ਮਾਰੀ ਜਾਵੇ ਜਿਸ ਤਰ੍ਹਾਂ ਹੁਣ ਮਾਰੀ ਜਾਣੀ ਹੈ ਤਾਂ ਉਸ ਦੇ ਉਤੇ ਕਰਜ਼ਾ ਇਤਨਾ ਚੜ੍ਹ ਜਾਣਾ ਹੈ ਕਿ ਉਸ ਨੂੰ ਉਤਾਰਨ ਦੀ ਕੋਈ ਆਸ ਹੀ ਨਹੀਂ । ਇਸ ਲਈ ਜੇ ਅਸੀਂ ਹਿੰਦੁਸਤਾਨ ਵਿਚ, ਪੰਜਾਬ ਵਿਚ ਮਹਿੰਗਾਈ ਨੂੰ ਰੋਕਣਾ ਹੋਵੇ ਤਾਂ ਸਾਨੂੰ ਕਿਸਾਨ ਦੀ ਮੁੱਢ ਤੋਂ ਇਮਦਾਦ ਦੇਣੀ ਚਾਹੀਦੀ ਹੈ, ਉਸ ਨੂੰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਕਿ ਖਾਣ ਪੀਣ ਵਾਲੀਆਂ ਚੀਜ਼ਾਂ ਸੁਵਲੀਆਂ ਹੋ ਜਾਣ ।

ਮੈਂ ਬੇਨਤੀ ਕਰਦਾ ਹਾਂ ਕਿ ਲੜਾਈਆਂ ਬਹੁਤ ਹੋਈਆਂ । ਲੜਾਈ ਜਪਾਨ ਵਿਚ ਹੋਈ । ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਨੇ ਜਿਸ ਢੰਗ ਨਾਲ ਇਹ ਜੰਗ ਜਿਤੀ ਹੈ, ਜਿਸ ਦਲੇਰੀ ਨਾਲ ਅਤੇ ਜਿਸ ਬਹਾਦਰੀ ਨਾਲ ਇਹ ਜੰਗ ਜਿੱਤੀ ਹੈ ਲੋਕਾਂ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ । ਸਾਡੇ ਇਲਾਕੇ ਵਿਚ ਵੀ ਇਕ ਥਾਂ ਕੁਝ ਲੋਕਾਂ ਨੇ ਮੁਜ਼ਾਹਰਾ ਕੀਤਾ ਬਿਜਲੀ ਦੀ ਘਾਟ ਵਾਸਤੇ ਕਿ ਬਿਜਲੀ ਦੀ ਵੰਡ ਚੰਗੀ ਨਹੀਂ । ਇਥੇ ਮੇਰੇ ਦੋਸਤ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਬਹੁਤ ਚੰਗਾ ਕੰਮ ਕੀਤਾ । ਮੈਂ ਸਮਝਦਾ ਹਾਂ ਕਿ ਪਿਛਲੀ ਸਰਕਾਰ ਜੋ ਹਾਕਮਾਂ ਨੂੰ ਮਾੜੀਆਂ ਆਦਤਾਂ ਪਾ ਗਈ ਹੈ ਵੱਢੀ ਦੀ ਜੋ ਆਦਤ ਪਾ ਗਈ ਹੈ, ਉਹ ਛੇਤੀ ਕੀਤੇ ਹਟ ਨਹੀਂ ਸਕਦੀਆਂ । ਪਿਛਲੇ ਪੰਜ ਸਾਲਾਂ ਵਿਚ ਮੇਰੇ ਦੋਸਤਾਂ ਨੇ ਆਪਣੇ ਹੀ ਕੰਮ ਕੀਤੇ ਅਤੇ ਜਿਹੜੇ ਇਨ੍ਹਾਂ ਦੇ ਨਾਲ ਦੇ ਸੱਜਣ ਸੀ ਉਨ੍ਹਾਂ ਨੂੰ ਵੀ ਇਨ੍ਹਾਂ ਕੰਮਾਂ ਵਲ ਲਾ ਦਿੱਤਾ । ਪਰ ਦੂਸਰਿਆਂ ਦਾ ਕੋਈ ਖਿਆਲ ਨਹੀਂ ਕੀਤਾ ਉਨ੍ਹਾਂ ਨੇ ਆਪਣਾ ਹੀ ਖਿਆਲ ਰੱਖਿਆ । ਉਹ ਵੱਢੀ ਲੈਣ ਵੱਲ ਹੀ ਲੱਗੇ ਰਹੇ ਅਤੇ ਦੇਸ਼ ਭਲਾਈ ਦਾ ਕੋਈ ਖਿਆਲ ਨਹੀਂ ਕੀਤਾ । ਸਾਡੀ ਸਰਕਾਰ ਇਹ ਯਤਨ ਕਰ ਰਹੀ ਹੈ ਅਫਸਰਾਂ ਨੂੰ ਚੰਗੇ ਪਾਸੇ ਲਾਇਆ ਜਾਵੇ । ਬਟਾਰੀ ਵਿਖੇ ਵੀ ਲੋਕਾਂ ਨੇ ਹੜਤਾਲ

ਕੀਤੀ ਹੈ । ਹੜਤਾਲ ਇਸ ਵਾਸਤੇ ਕੀਤੀ ਹੈ ਕਿ ਉਥੇ ਦੀ ਜਿਹੜੀ ਬਿਜਲੀ ਹੈ ਉਸ ਦੇ ਉਤੇ ਪਹਿਲਾਂ ਹੀ ਕਟ ਲਾਈ ਹੈ । ਉਥੋਂ ਦੇ ਲੋਕਾਂ ਦਾ ਇਹ ਮੁਤਾਬਲਾ ਹੈ ਕਿ ਇਹ ਕੱਟ ਨਾ ਲਗਾਈ ਜਾਵੇ । ਮੈਂ ਗਿਆਨੀ ਜੀ ਨੂੰ ਬੇਨਤੀ ਕੀਤੀ ਅਤੇ ਉਨ੍ਹਾਂ ਨੇ ਬਿਜਲੀ ਬੋਰਡ ਵਾਲਿਆਂ ਨੂੰ ਇਹ ਕਿਹਾ ਕਿ ਉਥੇ ਜਾਉ ਅਤੇ ਉਥੇ ਜਾਂ ਕੇ ਜੋ ਉਨ੍ਹਾਂ ਦੀਆਂ ਸ਼ਿਕਾਇਤਾਂ ਹਨ ਉਨ੍ਹਾਂ ਵਲ ਧਿਆਨ ਦਿਉ । ਮੈਂ ਆਪਣੀ ਸਰਕਾਰ ਪਾਸ ਬੇਨਤੀ ਕਰਦਾ ਹਾਂ ਕਿ ਜਿਸ ਚੰਗੇ ਢੰਗ ਨਾਲ ਇਸ ਵੇਲੇ ਇਨ੍ਹਾਂ ਦਾ ਲੋਕਾਂ ਦੀ ਸੇਵਾ ਕਰਨ ਦਾ ਖਿਆਲ ਹੈ ਮੈਂ ਇਸ ਗਲ ਵਲ ਵੀ ਇਨ੍ਹਾਂ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ ਜੋ ਪੈਦਾ ਕਰਨ ਵਾਲਾ ਕਿਸਾਨ ਹੈ, ਜਿਨਸਾਂ ਪੈਦਾ ਕਰਨ ਵਾਲਾ ਹੈ ਅਗਰ ਉਨ੍ਹਾਂ ਵਲ ਮੁਢਲਾ ਧਿਆਨ ਦੇ ਕੇ ਉਨ੍ਹਾਂ ਨੂੰ ਸਹੂਲਤਾਂ ਦਿੱਤੀਆਂ ਜਾਣ, ਪਾਣੀ ਦੀ ਸਹੂਲਤ ਦਿੱਤੀ ਜਾਵੇ, ਬਿਜਲੀ ਦੀ ਸਹੂਲਤ ਦਿੱਤੀ ਜਾਵੇ, ਖਾਦ ਦੀ ਸਹੂਲਤ ਦਿੱਤੀ ਜਾਵੇ ਅਤੇ ਹੋਰ ਇਸ ਕਿਸਮ ਦੀਆਂ ਸਹੂਲਤਾਂ ਦਿੱਤੀਆਂ ਜਾਣ ਤਾਂ ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦਾ ਕਲਿਆਣ ਹੋ ਸਕਦਾ ਹੈ । ਖਾਣ ਪੀਣ ਦੀਆਂ ਚੀਜ਼ਾਂ ਬਹੁਤ ਮਹਿੰਗੀਆ ਹੋ ਗਈਆਂ ਹਨ ਲੇਕਿਨ ਕਰਨ ਵਾਲਾ ਜਿਹੜਾ ਹੈ ਉਸ ਵਲ ਅਗਰ ਤੁਸੀਂ ਖਿਆਲ ਕਰੋ ਤਾਂ ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਜਿਹੜਾ ਹੈ ਉਹ ਚੰਗੇ ਢੰਗ ਨਾਲ ਹਲ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬਹੁਤਾ ਟਾਈਮ ਨਾ ਲੈਂਦਾ ਹੋਇਆ ਤੁਹਾਡਾ ਧੰਦਵਾਨ ਕਰਦਾ ਹਾਂ ਅਤੇ ਆਪਣੀ ਸਰਕਾਰ ਦਾ ਇਸ ਗਲ ਵਲ ਧਿਆਨ ਦੁਵਾਉਣਾ ਚਾਹੁੰਦਾ ਹਾਂ ਕਿ ਜਿਹੜਾ ਪੈਦਾ ਕਰਨ ਵਾਲਾ ਕਿਸਾਨ ਹੈ ਉਸ ਵਲ ਧਿਆਨ ਦਿੱਤਾ ਜਾਵੇ ਤਾਂ ਕਿ ਇਥੇ ਦੀ ਮਹਿੰਗਾਈ ਜਿਹੜੀ ਹੈ ਉਹ ਦੂਰ ਹੋ ਸਕੇ । (ਥੰਪਿੰਗ)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਮਹਿੰਗਾਈ ਦੇ ਮੁਤੱਲਕ.........

ਸ੍ਰੀ ਸਰਦਾਰੀ ਲਾਲ ਕਪੂਰ : ਡਿਪਟੀ ਸਪੀਕਰ ਸਾਹਿਬ, ਮੈਂ ਚਾਰ ਪੰਜ ਦਫਾ ਖਲੋਤਾ ਹਾਂ ਪਰ ਤੁਸੀਂ ਮੈਨੂੰ ਟਾਈਮ ਨਹੀਂ ਦਿਤਾ । (ਵਿਘਨ)

ਸ੍ਰੀ ਡਿਪਟੀ ਸਪੀਕਰ : ਗੁਪਤਾ ਸਾਹਿਬ ਨੂੰ ਪ੍ਰਾਰਥਨਾ ਕਰ ਲੈਂਦੇ ਹਾਂ ਕਿ ਉਹ ਆਪਣਾ ਟਾਈਮ ਤੁਹਾਨੂੰ ਦੇ ਦੇਣ । (ਵਿਘਨ) (Let us request Shri Prem Gupta to give way in your favour)

ਇਕ ਆਵਾਜ਼ : ਕਪੂਰ ਸਾਹਿਬ ਨੂੰ ਬੋਲ ਲੈਣ ਦਿਉ ਜੀ । (ਵਿਘਨ)

EXTENSION OF TIME OF THE SITTING

ਸ੍ਰੀ ਡਿਪਟੀ ਸਪੀਕਰ : ਅਗਰ ਹਾਊਸ ਦੀ ਰਾਏ ਹੋਵੇ ਤਾਂ ਹਾਊਸ ਦਾ ਟਾਈਮ ਕੁਝ ਵਧਾ ਦਿਤਾ ਜਾਵੇ । (If the House agrees the time of the sitting may be extended.)

ਆਵਾਜ਼ਾਂ : ਵਧਾ ਦਿਉ ਜੀ ।

ਸ੍ਰੀ ਡਿਪਟੀ ਸਪੀਕਰ : ਸਿਟਿੰਗ ਦਾ ਟਾਈਮ ਅੱਧਾ ਘੰਟਾ ਹੋਰ ਵਧਾਇਆ ਜਾਂਦਾ ਹੈ । (Time of the sitting is extended by half an hour.)

MOTION UNDER RULE 77
(Resumption of Discussion)

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਨਾਰਥ) : ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਮਹਿੰਗਾਈ ਦੇ ਮੁਤਅਲਕ ਜਿਹੜੀ ਡਿਸਕਸ਼ਨ ਕੀਤਾ ਜਾਂ ਰਹੀ ਹੈ, ਮੈਂ ਇਸ ਦੇ ਮੁਤੱਲਕ ਆਪਣੇ ਖਿਆਲਾਤ ਦਾ ਇਜ਼ਹਾਰ ਕਰਨਾ ਚਾਹੁੰਦਾ ਹਾਂ । ਮੈਂ ਸਮਝਦਾ ਹਾਂ ਕਿ ਇਹ ਜਿਹੜੀ ਮਹਿੰਗਾਈ ਹੈ ਇਹ ਇਕ ਬਹੁਤ ਖਤਰਨਾਕ ਜਿਹੀ ਗਲ ਹੈ । ਇਕ ਤਾਂ ਕੁਦਰਤ ਨੇ ਸਾਨੂੰ ਸਜ਼ਾ ਦਿਤੀ ਹੈ । ਬਾਰਸ਼ਾਂ ਦਾ ਨਾ ਹੋਣਾ, ਪੰਜਾਬ ਨੂੰ ਇਕ ਕਿਸਮ ਦੀ ਕੁਦਰਤ ਵਲੋਂ ਸਜ਼ਾ ਹੀ ਮਿਲੀ ਹੈ । ਦੂਸਰੀ ਗਲ ਇਹ ਵੀ ਹੈ ਕਿ ਲੋਕਾਂ ਨੇ ਆਪਣੇ ਤੌਰ ਤੇ ਵੀ ਚੀਜ਼ਾਂ ਨੂੰ ਮਹਿੰਗਾ ਕਰ ਦਿਤਾ ਹੈ ਅਤੇ ਹਰ ਚੀਜ਼ ਦੀ ਕੀਮਤ ਵਧਾ ਦਿਤੀ ਹੈ ਅਤੇ ਇਸ ਵਾਧੇ ਨਾਲ ਦਰਮਿਆਨੇ ਤਬਕੇ ਦੇ ਹਰ ਗਰੀਬ ਆਦਮੀ ਤੇ ਅਸਰ ਪੈ ਰਿਹਾ ਹੈ । ਜਿਸ ਗਰੀਬ ਆਦਮੀ ਦੀ ਰੋਜ਼ ਦੀ ਆਮਦਨ ਜ਼ਿਆਦਾ ਤੋਂ ਜ਼ਆਦਾ 5 ਰੁਪਏ ਹੈ, ਮੈਂ ਸਮਝਦਾ ਹਾਂ ਕਿ ਉਹ ਵਿਚਾਰਾ ਚਾਹ ਪੀਣ ਲਈ ਵੀ ਵਿਲਕਦਾ ਹੈ । ਦੁਧ ਮਹਿੰਗਾ ਹੈ ਪੀਣ ਨੂੰ ਨਹੀਂ ਮਿਲਦਾ, ਖੰਡ ਮਹਿੰਗੀ ਹੈ ਅਤੇ ਇਸੇ ਤਰ੍ਹਾਂ ਵਰਤੋਂ ਦੀਆਂ ਹੋਰ ਸਾਰੀਆਂ ਚੀਜ਼ਾਂ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ ਅਤੇ ਜੇ ਇਸੇ ਤਰ੍ਹਾਂ ਹੀ ਹਾਲ ਹੁੰਦਾ ਰਿਹਾ ਤਾਂ ਮੈਂ ਸਮਝਦਾ ਹਾਂ ਕਿ ਜਿਹੜਾ ਸਾਡਾ ਸੋਸ਼ਲਿਜ਼ਮ ਦਾ ਨਾਹਰਾ ਹੈ, ਗਰੀਬੀ ਹਟਾਉ ਦਾ ਨਾਹਰਾ ਹੈ ਇਸ ਦੇ ਵਿਚ ਸਾਨੂੰ ਲਾਜ਼ਮੀ ਤੌਰ ਤੇ ਕਮਜ਼ੋਰੀ ਮਿਲੇਗੀ । ਮੈਂ ਸਮਝਦਾ ਹਾਂ ਕਿ ਜਿਹੜੇ ਸਾਡੀ ਸਰਕਾਰ ਦੇ ਅਧਿਕਾਰੀ ਹਨ ਅਤੇ ਮਨਿਸਟਰ ਸਾਹਿਬਾਨ ਹਨ ਉਨ੍ਹਾਂ ਨੂੰ ਵਾਰ ਫੁਟਿੰਗ ਤੇ ਕੰਮ ਕਰਨਾ ਚਾਹੀਦਾ ਹੈ ਅਤੇ ਇਸ ਗਲ ਵਲ ਸੋਚਣਾ ਚਾਹੀਦਾ ਹੈ ।

ਇਹ ਜਿਹੜੀ, ਡਿਪਟੀ ਸਪੀਕਰ ਸਾਹਿਬ, ਮਹਿੰਗਾਈ ਦੀ ਪ੍ਰਾਬਲਮ ਹੈ ਉਸ ਨੂੰ ਦੂਰ ਕਰਨ ਲਈ ਸਾਨੂੰ ਦੋ ਕੰਮ ਕਰਨੇ ਚਾਹੀਦੇ ਹਨ । ਇਕ ਤਾਂ ਇਹ ਕਿ ਜਿਨ੍ਹਾਂ ਲੋਕਾਂ ਨੇ ਹੋਰਡਿੰਗ ਕੀਤੀ ਹੋਈ ਹੈ ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਪਕੜਨਾ ਚਾਹੀਦਾ ਹੈ ਅਤੇ ਦੂਸਰਾ ਇਹ ਕਿ ਪੰਜਾਬ ਗੌਰਮਿੰਟ ਸੈਂਟਰ ਦੀ ਸਰਕਾਰ ਨੂੰ ਅਪਰੋਚ ਕਰੇ ਅਤੇ ਜਿਹੜੀਆਂ ਚੀਜ਼ਾਂ ਨਹੀਂ ਮਿਲਦੀਆਂ ਉਨ੍ਹਾਂ ਨੂੰ ਹਾਸਲ ਕਰਨ ਦਾ ਯਤਨ ਕਰੇ । ਮਸਲਨ ਕੋਲਾ ਹੈ, ਅਗਰ ਕੋਲਾ ਨਹੀਂ ਆਉਂਦਾ ਤਾਂ ਇਟਾਂ ਨਹੀਂ ਬਣ ਸਕਦੀਆਂ ਅਤੇ ਇਸੇ ਕਰਕੇ ਇਟਾਂ ਦਾ ਭਾਅ ਵਧ ਜਾਂਦਾ ਹੈ । ਜਿਹੜੀਆਂ ਇਟਾਂ 100/- ਰੁਪਏ ਵਿਚ ਮਿਲਦੀਆਂ ਸਨ ਉਹੀ 130/- ਰੁਪਏ 140 ਰੁਪਏ ਮਿਲਦੀਆਂ ਹਨ । ਲੁਧਿਆਣੇ ਵਿਚ ਇਟਾਂ 150/- ਰੁਪਏ ਵਿਚ ਵੀ ਨਹੀਂ ਮਿਲਦੀਆਂ ਹਾਊਸਿੰਗ ਦੀ ਜਿਹੜੀ ਪ੍ਰਾਬਲਮ ਹੈ ਜਿਸ ਦੇ ਬਾਰੇ ਇਹ ਕਿਹਾ ਗਿਆ ਹੈ ਕਿ ਹਰ ਇਕ ਨੂੰ ਹਾਊਸ ਰਹਿਣ ਲਈ ਮੁਹੱਈਆ ਕਰਨਾ ਹੈ, ਜੇ ਲੋਕਾਂ ਨੂੰ ਮਕਾਨ ਵਾਸਤੇ ਜ਼ਮੀਨ ਦੇ ਦਿਤੀ ਅਗਰ ਉਸ ਮਕਾਨ ਨੂੰ ਬਨਾਉਣ ਵਾਸਤੇ ਚੀਜ਼ਾਂ ਨਾ ਲਭੀਆਂ ਤਾਂ ਵੀ ਕੰਮ ਨਹੀਂ ਚਲ ਸਕੇਗਾ । ਇਸ ਲਈ ਮੈਂ ਆਪਣੀ ਸਰਕਾਰ ਨੂੰ ਇਹ ਪ੍ਰਾਰਥਨਾ ਕਰਾਂਗਾ ਕਿ ਉਹ ਮਹਿੰਗਾਈ ਤੇ ਚੈਕ ਰਖੇ । (ਵਿਘਨ) ਇਥੇ ਮੇਰੇ ਕਈ ਦੋਸਤਾਂ ਨੇ ਕਿਹਾ ਸੀ ਕਿ ਲੋਕਾਂ ਨੂੰ ਬੜੇ ਇਹ ਲੁਟ ਰਹੇ ਹਨ । (ਵਿਘਨ) ਅਸੀਂ ਅਰਬਨ ਸੀਲਿੰਗ ਲਈ ਵੀ ਬਿਲ ਲਿਆ ਰਹੇ ਹਾਂ ਤੇ ਰੂਰਲ ਏਰੀਆ ਦੀ ਸੀਲਿੰਗ ਲਈ ਵੀ ਬਿਲ ਲਿਆ ਰਹੇ ਹਾਂ । ਹੁਣ ਦੇਖਾਂਗੇ ਕਿ ਇਹ ਮੇਰੇ ਵੀਰ ਇਨ੍ਹਾਂ ਗਲਾਂ ਨਾਲ ਸਹਿਮਤ ਹੁੰਦੇ ਹਨ ਜਾਂ ਨਹੀਂ । ਜਿਨ੍ਹਾਂ ਕੋਲ ਜ਼ਮੀਨ ਫਾਲਤੂ ਹੈ ਜਾਂ ਸ਼ਹਿਰਾਂ ਵਿਚ ਜਾਇਦਾਦ ਫਾਲਤੂ ਹੈ ਉਨ੍ਹਾਂ ਕੋਲੋਂ ਇਹ ਫਾਲਤੂ ਲੈਣ ਵਾਸਤੇ ਇਹ ਸਾਡੇ ਵੀਰ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਸਾਨੂੰ ਆਪਣਾ ਸਾਥ ਦਿੰਦੇ ਹਨ ਜਾਂ ਨਹੀਂ ਇਹ ਅਸੀਂ ਹੁਣ ਦੇਖਾਂਗੇ । ਜਿਨ੍ਹਾਂ ਕੋਲ, ਮੈਂ ਤਾਂ ਕਹਿੰਦਾ ਹਾਂ ਕਿ ਧੰਨ ਜ਼ਿਆਦਾ ਹੈ ਅਗਰ ਉਹ ਵੀ ਉਨ੍ਹਾਂ ਤੋਂ ਲੈ ਕੇ ਆਪਸ ਵਿਚ ਸਾਰੇ ਲੋਕਾਂ ਵਿਚ ਨਾ ਵੰਡਿਆ ਗਿਆ ਤਾਂ ਮੈਂ ਸਮਝਦਾ ਹਾਂ ਕਿ ਇਹ ਸੋਸ਼ਲਿਜ਼ਮ ਦਾ ਜਿਹੜਾ ਨਾਹਰਾ ਹੈ ਉਹ ਸਾਡਾ ਪੂਰਾ ਨਹੀਂ ਹੋਵੇਗਾ । (ਵਿਘਨ) ਇਸ ਦੇ ਵਿਚ ਸਾਡੇ ਕਾਂਗਰਸ ਦੇ ਵੀ ਅਤੇ ਗੈਰ ਕਾਂਗਰਸ ਦੇ ਆਦਮੀ ਵੀ ਹੋ ਸਕਦੇ ਹਨ । ਕਿਸੇ ਨੂੰ ਵੀ ਮਾਫ ਕਰਨ ਦੀ ਲੋੜ ਨਹੀਂ । ਮੈਂ ਸਮਝਦਾ ਹਾਂ ਕਿ ਸਮਾਜਵਾਦ ਤਦ ਹੀ ਆ ਸਕਦਾ ਹੈ । ਮੈਂ ਗੌਰਮਿੰਟ ਨੂੰ ਕਹਾਂਗਾ ਕਿਉਂਕਿ ਮੇਰਾ

ਵੀ ਗੌਰਮਿੰਟ ਦੇ ਵਿਚ ਹਿੱਸਾ ਹੈ, ਜੇ ਗੌਰਮਿੰਟ ਅੱਛਾ ਜਾਂ ਮਾੜਾ ਕੰਮ ਕਰੇਗੀ ਮੇਰੀ ਵੀ ਉਸ ਦੇ ਵਿਚ ਜ਼ਿਮੇਵਾਰੀ ਹੈ । ਇਸ ਲਈ ਮੈਂ ਦੋ ਹੱਥ ਜੋੜ ਕੇ ਸਰਕਾਰ ਨੂੰ ਪ੍ਰਾਰਥਨਾ ਕਰਾਂਗਾ ਕਿ ਉਸ ਨੂੰ ਇਸ ਮਹਿੰਗਾਈ ਨੂੰ ਦੂਰ ਕਰਨ ਦੇ ਵਾਸਤੇ ਕੁਝ ਸੋਚਣਾ ਚਾਹੀਦਾ ਹੈ ਅਤੇ ਵਾਰ ਫੁਟਿੰਗ ਤੇ ਕੰਮ ਕਰਨਾ ਚਾਹੀਦਾ ਹੈ । ਬਲਕਿ ਮੈਂ ਤਾਂ ਇਹ ਵੀ ਕਹਾਂਗਾ ਕਿ ਜਿਹੜੀਆਂ ਦੂਸਰੀਆਂ ਸਾਰੀਆਂ ਪਾਰਟੀਆਂ ਹਨ ਉਨ੍ਹਾਂ ਸਾਰਿਆਂ ਦਾ ਮਿਲਵਰਤਣ ਲੈਣਾ ਚਾਹੀਦਾ ਹੈ । ਉਨ੍ਹਾਂ ਨੂੰ ਸਿਰਫ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ । ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਬਜਾਏ ਨੁਕਤਾਚੀਨੀ ਕਰਨ ਦੇ ਕੋਈ ਠੋਸ ਕੰਮ ਲਈ ਸੋਚਣਾ ਚਾਹੀਦਾ ਹੈ । ਨਿਰੀ ਨੁਕਤਾਚੀਨੀ ਨਾਲ ਗਲ ਨਹੀਂ ਬਣਦੀ । (ਵਿਘਨ)

ਖੰਡ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਿਲਾਂ ਇਸ ਵੇਲੇ ਦੇਸ਼ ਵਿਚ ਸਰਮਾਏਦਾਰਾਂ ਦੇ ਕੋਲ ਹਨ, ਜਿਹੜੇ ਇਨ੍ਹਾਂ ਨੂੰ ਦਬੀ ਬੈਠੇ ਹਨ ਅਗਰ ਇਹ ਮਿਲਾਂ ਖੰਡ ਦੀਆਂ ਨੈਸ਼ਨੇਲਾਈਜ਼ ਨਾ ਕੀਤੀਆਂ ਗਈਆਂ ਤਾਂ ਇਹ ਗਲ ਨਹੀਂ ਬਣ ਸਕਣੀ । (ਵਿਘਨ) (ਘੰਟੀ) ਅਗਰ ਮਿਲਾਂ ਸਾਡੇ ਕੋਲ ਹੁੰਦੀਆਂ, ਗੌਰਮਿੰਟ ਕੋਲ ਹੋਂਦੀਆਂ ਤਾਂ ਸੁਪਰੀਮ ਕੋਰਟ ਵਿਚ ਜਾਣ ਦੀ ਲੋੜ ਨਾ ਪੈਂਦੀ । (ਘੰਟੀ)

ਸੋ ਅੰਤ ਵਿਚ ਡਿਪਟੀ ਸਪੀਕਰ ਸਾਹਿਬ, ਮੈਂ ਗੌਰਮਿੰਟ ਦੇ ਅਧਿਕਾਰੀਆਂ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਇਸ ਤਰੀਕੇ ਨਾਲ ਸੋਚਣ ਅਤੇ ਵਾਰ ਫੁਟਿੰਗ ਤੇ ਕੋਈ ਕੰਮ ਕਰਨ ਜਿਸ ਨਾਲ ਕਿ ਮਹਿੰਗਾਈ ਦਰ ਹੋ ਸਕੇ ।

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ · (ਸ਼ੇਰਪੁਰ, ਐਸ.ਸੀ) ਡਿਪਟੀ ਸਪੀਕਰ ਸਾਹਿਬ, ਅੱਜ ਸਾਰੇ ਹੀ ਹਿੰਦੁਸਤਾਨ ਵਿਚ ਆਜ਼ਾਦੀ ਦੀ 25ਵੀਂ ਵਰੇ ਗੰਢ ਮਨਾਈ ਜਾ ਰਹੀ ਹੈ । ਆਜ਼ਾਦੀ ਦੀ ਪ੍ਰਾਪਤੀ ਲਈ ਹਿੰਦੁਸਤਾਨ ਦੇ ਸੈਂਕੜੇ ਹੀ ਮਜ਼ਦੂਰਾਂ ਤੇ ਕਿਸਾਨਾਂ ਨੇ ਆਪਣੀਆਂ ਜਾਨਾਂ ਦਿਤੀਆਂ ਪਰ ਉਹ ਆਪਣੀ ਆਜ਼ਾਦੀ ਨੂੰ ਮਾਣ ਨਾ ਸਕੇ ਤੇ ਨਾ ਹੀ ਸੁਪਨੇ ਜਿਹੜੇ ਉਨ੍ਹਾਂ ਦੇ ਸੀ ਉਹ ਪੂਰੇ ਹੋ ਸਕੇ । ਅੱਜ ਉਨ੍ਹਾਂ ਦੀ ਔਲਾਦ, ਉਹਨਾਂ ਦੇ ਬਚੇ, ਡਿਪਟੀ ਸਪੀਕਰ ਸਾਹਿਬ, ਪੂਰੀ ਤਰ੍ਹਾਂ ਨਪੀੜੇ ਜਾ ਰਹੇ ਹਨ । ਕਿਉਂਕਿ ਮਹਿੰਗਾਈ ਜ਼ੋਰਾਂ ਤੇ ਹੈ ਔਰ ਬੇਰੋਜ਼ਗਾਰੀ ਵਧਦੀ ਜਾ ਰਹੀ ਹੈ । ਸਾਰੇ ਹੀ ਪਾਸੇ ਉਨ੍ਹਾਂ ਨੂੰ ਨਪੀੜਿਆ ਜਾ ਰਿਹਾ ਹੈ । ਮਹਿੰਗਾਈ ਦੀ ਗਲ ਲਵੋ । ਜਦੋਂ ਦੀ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣੀ ਹੈ ਉਦੋਂ ਤੋਂ ਅਜ ਤਕ 6 ਪ੍ਰਤੀਸ਼ਤ ਕੀਮਤਾਂ ਵਿਚ ਵਾਧਾ ਹੋਇਆ ਹੈ । ਹਰ ਇਕ ਚੀਜ਼ ਜਿਸ ਤਰ੍ਹਾਂ ਖੰਡ, ਗੁੜ ਦਾਲਾਂ ਅਤੇ ਹੋਰ ਵਰਤਣ ਦੀਆਂ ਚੀਜ਼ਾਂ ਨੂੰ ਛੱਡ ਕੇ ਇਮਾਰਤੀ ਸਾਮਾਨ ਜਿਵੇਂ ਕਿ ਲੋਹਾ, ਸੀਮਿੰਟ ਆਦਿ ਇਨ੍ਹਾਂ ਚੀਜ਼ਾਂ ਦੀਆਂ ਕੀਮਤਾਂ ਵਿਚ ਬਹੁਤ ਵਾਧਾ ਹੋਇਆ ਹੈ । ਖੰਡ ਨੂੰ ਤਾਂ ਛਡੋ ਕਿਉਂਕਿ ਇਸ ਨੂੰ ਤਾਂ ਅਮੀਰ ਆਦਮੀ ਵਰਤਦੇ ਹਨ, ਗੁੜ ਨੂੰ ਲੈ ਲਉ ਜਿਸ ਨੂੰ ਗਰੀਬ ਆਦਮੀ, ਗਰੀਬ ਕਿਸਾਨ ਵਰਤਦਾ ਹੈ ਉਹ ਵੀ ਮਹਿੰਗਾ ਹੈ ਅਤੇ ਪੌਣੇ ਤਿੰਨ ਰੁਪਏ ਕਿਲੋ ਇਸ ਵੇਲੇ ਵਿਕ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਇਸ ਮਹਿੰਗਾਈ ਦਾ ਗਰੀਬ ਵਰਗ ਤੇ ਬਹੁਤ ਅਸਰ ਹੈ ਅਤੇ ਧਨ ਕੁਬੇਰ ਅਤੇ ਸਰਮਾਏਦਾਰਾਂ ਤੇ ਇਸ ਦਾ ਕੋਈ ਅਸਰ ਨਹੀਂ ਪਿਆ ।

ਸੋ ਇਹ ਜਿਹੜੀ ਮਹਿੰਗਾਈ ਹੈ ਇਹ ਕੋਈ ਮਾਮੂਲੀ ਮਸਲਾ ਨਹੀਂ । ਇਸ ਤੇ ਕੇਵਲ ਵਿਚਾਰ ਹੀ ਨਹੀਂ ਕਰਨਾ ਚਾਹੀਦਾ ਸਗੋਂ ਅਜ ਤੋਂ ਠੋਸ ਸਟੈਪਸ ਸਖਤੀ ਨਾਲ ਉਠਾਉਣੇ ਚਾਹੀਦੇ ਹਨ । ਜਿਹੜੇ ਧੰਨ ਕੁਬੇਰ ਨੇ ਜਿਨ੍ਹਾਂ ਕੋਲ ਇਹ ਜ਼ਖੀਰੇ ਜਮ੍ਹਾਂ ਪਏ ਹਨ ਉਨ੍ਹਾਂ ਕੋਲੋਂ ਕੱਢ ਕੇ ਬਾਕੀ ਸਾਰੇ ਗਰੀਬਾਂ ਨੂੰ ਕੰਟਰੋਲ ਰੇਟ ਤੇ ਦੇਣੇ ਚਾਹੀਦੇ ਹਨ ।

ਡਿਪਟੀ ਸਪੀਕਰ ਸਾਹਿਬ, ਬਾਕੀ ਗਲ ਰਹੀ ਬਿਜਲੀ ਬਾਰੇ । ਬਿਜਲੀ ਦਾ ਇਕ ਬੜਾ ਅਹਿਮ ਮਸਲਾ ਹੈ, ਕਿਉਂਕਿ ਅਜ ਜੋ ਬਿਜਲੀ ਬੰਦ ਹੋਈ ਹੈ ਇਸ ਨਾਲ ਸਾਡੇ ਕਿਸਾਨ ਦੀ ਫਸਲ ਤਬਾਹ

[ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ]

ਹੋ ਰਹੀ ਹੈ । ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੇ ਕਿਤੇ ਕੋਈ ਮਨਿਸਟਰ ਟੂਰ ਤੇ ਜਾਂਦਾ ਹੈ ਤਾਂ ਉਸ ਨੂੰ ਉਥੇ ਸਾਰਾ ਦਿਨ ਬਿਜਲੀ ਮਿਲਦੀ ਰਹਿੰਦੀ ਹੈ । ਸੋ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਵੇਂ ਮਨਿਸਟਰ ਸਾਹਿਬ ਨੂੰ ਇਹ ਸਾਰਾ ਦਿਨ ਬਿਜਲੀ ਦਿੰਦੇ ਹਨ ਉਹ ਉਸੇ ਤਰ੍ਹਾਂ ਸਾਡੇ ਕਿਸਾਨ ਨੂੰ ਵੀ ਬਿਜਲੀ ਦੇਣ ।

ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਜਿਹੜਾ 'ਗਰੀਬੀ ਹਟਾਉ' ਦਾ ਨਾਅਰਾ ਹੈ ਇਹ ਬਿਲਕੁਲ ਗਲਤ ਸਾਬਤ ਹੋਇਆ ਹੈ ਕਿਉਂਕਿ ਅੱਜ ਜਿਹੜੀਆ ਕੀਮਤਾਂ ਹਨ ਉਹ ਆਸਮਾਨ ਨੂੰ ਛੂਹ ਰਹੀਆਂ ਹਨ, ਗਰੀਬਾਂ ਦਾ ਕਚੂਮਰ ਨਿਕਲ ਰਿਹਾ ਹੈ । ਗਰੀਬ ਜ਼ਿਆਦਾ ਗਰੀਬ ਹੁੰਦੇ ਜਾ ਰਹੇ ਹਨ ਅਤੇ ਅਮੀਰ ਜ਼ਿਆਦਾ ਅਮੀਰ । ਮਹਿੰਗਾਈ ਨੂੰ ਨਾ ਰੋਕਣਾ ਅਤੇ ਬਿਜਲੀ ਵਿਚ ਕਟੌਤੀ ਹੋ ਜਾਣਾ ਇਹ ਕਾਂਗਰਸੀਆਂ ਦੀ ਪਾਲਿਸੀ ਦੀ ਹਾਰ ਹੈ । ਇਸ ਤਰ੍ਹਾਂ ਜਿਹੜੀ ਕਾਂਗਰਸ ਸਰਕਾਰ ਦੀ ਨੀਤੀ ਹੈ ਇਹ ਜਨਤਾ ਪ੍ਰਤੀ ਸਾਫ ਨਹੀਂ । ਜੇ ਇਹ ਚਾਹੁੰਦੇ ਤਾਂ ਅਜ ਮਹਿੰਗਾਈ ਨੂੰ ਰੋਕ ਸਕਦੇ ਹਨ, ਪਰ ਇਹ ਨਹੀਂ ਚਾਹੁੰਦੇ ਇਨ੍ਹਾਂ ਦੀ ਨੀਤੀ ਸਾਫ ਨਹੀਂ । ਇਹ ਗਰੀਬਾਂ ਨੂੰ ਕੁਚਲਣਾ ਚਾਹੁੰਦੇ ਹਨ । (ਘੰਟੀ) ਇਸ ਵੇਲੇ ਜਿਹੜਾ ਸਾਡਾ ਗਰੀਬ ਤਬਕਾ ਹੈ ਉਹ ਕੁਚਲਿਆ ਜਾ ਰਿਹਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਸਪੀਚ ਖ਼ਤਮ ਕਰਕੇ ਬੈਠ ਜਾਂਦਾ ਹਾਂ ।

ਸ੍ਰੀ ਪ੍ਰੇਮ ਗੁਪਤਾ : (ਪਟਿਆਲਾ) ਡਿਪਟੀ ਸਪੀਕਰ ਸਾਹਿਬ, ਪਿਛਲੇ ਕੁਝ ਸਮੇਂ ਤੋਂ ਮਹਿੰਗਾਈ ਸਾਰੇ ਹਿੰਦੁਸਤਾਨ ਵਿਚ ਵਧੀ ਹੈ, ਲੇਕਿਨ ਪੰਜਾਬ ਵਿਚ ਇਸ ਦਾ ਬਹੁਤ ਅਸਰ ਪਿਆ ਹੈ । ਬਾਕੀ ਹਿੰਦੁਸਤਾਨ ਨਾਲੋਂ ਪੰਜਾਬ ਵਿਚ ਇਸ ਕਰਕੇ ਜ਼ਿਆਦਾ ਅਸਰ ਪਿਆ ਹੈ ਕਿਉਂਕਿ ਪੰਜਾਬ ਵਿਚ ਬਾਰਸ਼ਾਂ ਦੇ ਫੇਲ੍ਹ ਹੋਣ ਨਾਲ ਬਿਜਲੀ ਵਿਚ ਕਟੌਤੀ ਹੋ ਗਈ ਹੈ । ਸਾਡਾ ਪ੍ਰਾਂਤ ਖੇਤੀ-ਬਾੜੀ ਤੇ ਜ਼ਿਆਦਾ ਨਿਰਭਰ ਹੈ । ਬਿਜਲੀ ਦੀ ਕਮੀ ਉਦੋਂ ਤਕ ਪੂਰੀ ਨਹੀਂ ਹੋ ਸਕਦੀ ਜਦ ਤਕ ਬਾਰਸ਼ਾਂ ਪੂਰੀਆਂ ਨਹੀਂ ਹੁੰਦੀਆਂ। ਜੋ ਫਿਗਰਜ਼ ਦਿਤੀਆਂ ਗਈਆਂ ਹਨ ਕਿ ਗੋਬਿੰਦ ਸਾਗਰ ਵਿਚ 120 ਫੁਟ ਪਾਣੀ ਘੱਟ ਹੈ ਅਤੇ ਜਿਹੜੀਆਂ ਅਜ ਕਲ ਬਾਰਸ਼ਾਂ ਹੋਈਆਂ ਹਨ ਉਨ੍ਹਾਂ ਨਾਲ ਸਿਰਫ 7-8 ਫੁਟ ਪਾਣੀ ਵਧਿਆ ਹੈ । ਜਦ ਤਕ ਪਾਣੀ ਨਹੀਂ ਵਧਦਾ ਬਿਜਲੀ ਦੀ ਕਮੀ ਪੂਰੀ ਨਹੀਂ ਹੋਣੀ ਤੇ ਜਦ ਤਕ ਬਿਜਲੀ ਦੀ ਕਮੀ ਪੂਰੀ ਨਹੀਂ ਹੁੰਦੀ ਪੰਜਾਬ ਦੀ ਅਕਾਨੋਮੀ ਵੀਅਰ ਆਊਟ ਹੁੰਦੀ ਚਲੀ ਜਾਵੇਗੀ। ਖੇਤਾਂ ਵਿਚ ਮਜ਼ਦੂਰ ਕਮ ਨਹੀਂ ਕਰ ਸਕਦੇ । ਆਉਣ ਵਾਲੀ ਫਸਲ ਬਾਰੇ ਦਸਿਆ ਗਿਆ ਹੈ ਕਮੀ ਹੋਣੀ ਹੈ । ਮੈਂ ਇਹ ਗਲ ਸਮਝਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚ ਦੋ ਤਬਕੇ ਹਨ । ਕੁਝ ਲੋਕ ਮਹਿੰਗਾਈ ਦੇ ਵਧਣ ਨਾਲ ਖੁਸ਼ ਹੁੰਦੇ ਹਨ ਜਿਨ੍ਹਾਂ ਨੇ ਸ਼ਾਰਟੇਜ ਦਿਖਾ ਕੇ ਲੋਕਾਂ ਵਿਚ ਲੁਟ ਮਾਰ ਕਰ ਦਿਤੀ ਹੈ । ਕਿਸਾਨ ਮਜ਼ਦੂਰ, ਛੋਟਾ ਕਰਮਚਾਰੀ ਆਦਿ ਜਿਹੜੇ ਆਪਣੀ ਰੋਜ਼ੀ ਵਧਾ ਨਹੀਂ ਸਕਦੇ ਉਨ੍ਹਾਂ ਤੇ ਇਸ ਦਾ ਬਹੁਤ ਅਸਰ ਪੈਂਦਾ ਹੈ । ਬਾਕੀ ਚੀਜ਼ਾਂ ਲੋਹਾ, ਸੀਮਿੰਟ ਆਦਿ ਨੂੰ ਛਡ ਦਿਉ ਖਾਣ ਪੀਣ ਵਾਲੀਆਂ ਚੀਜ਼ਾਂ ਵਿਚ ਬਹੁਤ ਵਾਧਾ ਹੋਇਆ ਹੈ । ਕਣਕ ਜਿਹੜੀ 75 ਰੁਪਏ ਕੁਇੰਟਲ ਦੀ ਸੀ ਉਸ ਦਾ ਆਟਾ ਸ਼ਹਿਰਾਂ ਅਤੇ ਪਿੰਡਾਂ ਵਿਚ 1.10 ਰੁਪਏ ਵਿਕਦਾ ਹੈ । ਇਹ ਇਕ ਸਾਜ਼ਸ਼ ਚਲ ਰਹੀ ਹੈ ਹਿੰਦੁਸਤਾਨ ਵਿਚ ਕਿ ਕਿਸ ਤਰ੍ਹਾਂ ਇੰਦਰਾ ਗਾਂਧੀ ਦੀ ਪਾਪੂਲੈਰਿਟੀ ਨੂੰ ਕਮ ਕੀਤਾ ਜਾਏ, ਇਸ ਦਾ ਕਿਸ ਢੰਗ ਨਾਲ ਮੁਕਾਬਲਾ ਕੀਤਾ ਜਾਵੇ । ਕਾਂਗਰਸ ਦੀਆਂ ਜਿਹੜੀਆਂ ਗਰੀਬ ਹਿਤੈਸ਼ੀ ਨੀਤੀਆਂ ਹਨ ਉਨ੍ਹਾਂ ਨੂੰ ਕਿਸ ਤਰ੍ਹਾਂ ਸਟ ਮਾਰੀ ਜਾਵੇ ? ਮੈਂ ਕਹਿੰਦਾ ਹਾਂ ਕਿ ਇਨ੍ਹਾਂ ਗਲਾਂ ਨਾਲ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ । ਇਸ ਬਾਰੇ ਲੋਕਾਂ ਨੂੰ ਪਤਾ ਹੈ, ਲੈਂਡ ਲਾਰਡਾਂ ਨੂੰ ਪਤਾ ਹੈ, ਸਰਮਾਏਦਾਰਾਂ ਨੂੰ ਪਤਾ ਹੈ ਕਿ ਇਹ ਇਕ ਟੈਂਪਰੇਰੀ ਫੇਜ਼ ਹੈ । ਇਹ ਜਿਹੜੇ ਲੈਂਡ ਲਾਰਡ ਹਨ, ਜਿਹੜੇ ਮਨਾਪਲਿਸਟ ਹਨ ਇਸ ਕਿਸਮ ਦੀ ਜਿਹੜੀ ਕੈਟੇਗਰੀ ਹੈ, ਜਿਹੜਾ ਉਤਲਾ ਤਬਕਾ ਹੈ

ਉਸਨੇ ਸਾਰੀ ਇਕਾਨੋਮੀ ਤੇ ਹੋਲਡ ਕਰ ਰਖਿਆ ਹੈ ਉਹ ਸਾਡੀ ਸਰਕਾਰ ਨੂੰ ਫੇਲ੍ਹ ਕਰਨਾ ਚਾਹੁੰਦਾ ਹੈ, ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਉਹ ਜਮਾਨਾ ਗੁਜ਼ਰ ਗਿਆ ਹੈ, ਹੁਣ ਉਨ੍ਹਾਂ ਦੀਆਂ ਸਾਜ਼ਸ਼ਾਂ ਨਹੀਂ ਚਲਣਗੀਆਂ । ਹੁਣ ਵੰਚੂ ਕਮੇਟੀ ਦੀ ਰਿਪੋਰਟ ਆ ਗਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਕੋਈ ਵੀ ਘਰਾਣਾ 5 ਹਜ਼ਾਰ ਰੁਪਏ ਤੋਂ ਵਧ ਸਰਮਾਇਆ ਨਹੀਂ ਰਖ ਸਕਦਾ ਅਤੇ ਜੇ ਰਖੇਗਾ ਤਾਂ ਉਸ ਦਾ ਹਿਸਾਬ ਕਿਤਾਬ ਰਖਣਾ ਪਏਗਾ । ਹੋਰ ਜਿਤਨਾ ਵੀ ਵਾਧੂ ਪੈਸਾ ਲੋਕਾਂ ਕੋਲ ਹੈ ਉਸ ਨੇ ਬੈਂਕਾ ਵਿਚ ਆਉਣਾ ਹੈ । ਸਾਰੇ ਹਿੰਦੁਸਤਾਨ ਵਿਚ ਜਿਨ੍ਹਾਂ ਕੋਲ ਕਾਲਾ ਧਨ ਹੈ ਉਨ੍ਹਾਂ ਵਿਚ ਤਰਥਲੀ ਮਚੀ ਹੋਈ ਹੈ ਕਿ ਕਿਸ ਤਰ੍ਹਾਂ ਕਾਲੇ ਧਨ ਨੂੰ ਕਢਿਆ ਜਾਵੇ । ਉਹ ਜਿਤਨਾ ਕੁ ਸੋਨਾ ਖਰੀਦ ਲੈਣਗੇ ਜਾਂ ਕੋਈ ਹੋਰ ਚੀਜ਼ ਖਰੀਦ ਲੈਣਗੇ । ਜੇ ਬਲੈਕ ਮਨੀ ਨਹੀਂ ਹੋਵੇਗੀ ਤਾਂ ਇਹ ਸਾਡੀ ਅਕਾਨੋਮੀ ਤੇ ਕੰਟਰੋਲ ਨਹੀਂ ਕਰ ਸਕਣਗੇ ਅਤੇ ਜਿਹੜੇ ਸਰਮਾਇਦਾਰ ਮਹਿੰਗਾਈ ਵਧਾਉਂਦੇ ਹਨ ਉਹ ਇਹ ਨਹੀਂ ਕਰ ਸਕਣਗੇ । ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਦਰਖਾਸਤ ਕਰਾਂਗਾ ਕਿ ਇਹ ਜਿਹੜਾ ਮਹਿੰਗਾਈ ਦਾ ਟੈਂਪਰੇਰੀ ਫੇਜ਼ ਹੈ ਇਸ ਨੂੰ ਖਤਮ ਕਰਨ ਲਈ ਖਾਣ ਪੀਣ ਵਾਲੀਆਂ ਚੀਜਾਂ ਦੀਆਂ ਸਸਤੀਆਂ ਦੁਕਾਨਾਂ ਖੋਲੀਆਂ ਜਾਣ ਅਤੇ ਗਰੀਬਾਂ ਨੂੰ ਸਬਸੀਡਾਈਜ਼ਡ ਰੇਟਸ ਤੇ ਸਪਲਾਈ ਕੀਤੀਆਂ ਜਾਣ ।

ਇੱਕ ਗਲ ਕੋਲੇ ਦੇ ਬਾਰੇ ਵੀ ਮੈਂ ਅਰਜ਼ ਕਰ ਦਿਆਂ ਕਿ ਕੋਲੇ ਦੀ ਥੋੜ੍ਹੀ ਜਿਹੀ ਸ਼ਾਰਟੇਜ ਹੋ ਗਈ ਹੈ, ਉਸ ਦਾ ਕਾਰਣ ਮੈਂ ਸਮਝਦਾ ਹਾਂ ਕਿ ਵੈਗਨਾਂ ਦੀ ਕਮੀ ਹੀ ਹੈ ਔਰ ਹੋ ਸਕਦਾ ਹੈ ਕਿ ਪੰਜਾਬ ਨੂੰ ਵੈਗਨਾਂ ਘੱਟ ਮਿਲੀਆਂ ਹੋਣ । ਮੈਂ ਆਪਣੀ ਸਰਕਾਰ ਕੋਲੋਂ ਮੰਗ ਕਰਦਾ ਹਾਂ ਕਿ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਇਆ ਜਾਏ ਅਤੇ ਕੋਲੇ ਦੀ ਕਮੀ ਨੂੰ ਬਹੁਤ ਜਲਦ ਦੂਰ ਕਰ ਦਿਤਾ ਜਾਏ ਕਿਉਂਜੋ ਕੋਲਾ ਸਾਡੇ ਪੰਜਾਬ ਵਿਚ ਫਿਊਲ ਦੇ ਤੌਰ ਤੇ ਵਧੇਰੇ ਵਰਤੋਂ ਵਿਚ ਲਿਆਂਦਾ ਜਾਂਦਾ ਹੈ, ਇਸ ਲਈ ਪੰਜਾਬ ਵਿਚ ਵੱਧ ਤੋਂ ਵੱਧ ਕੋਲਾ ਲਿਆਂਦਾ ਜਾਵੇ। ਮੈਂ ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਦ ਤਕ ਸਰਕਾਰ ਵੱਡੇ ਵੱਡੇ ਸਰਮਾਏਦਾਰਾਂ ਅਤੇ ਲੈਂਡਲਾਰਡਾਂ ਨੂੰ ਖਤਮ ਨਹੀਂ ਕਰਦੀ ਉਨੀਂ ਦੇਰ ਮਹਿੰਗਾਈ ਘੱਟ ਨਹੀਂ ਸਕਦੀ। ਜਿਹੜੀਆਂ ਪਾਰਟੀਆਂ ਲੈਂਡਲਾਰਡਾਂ ਅਤੇ ਸਰਮਾਏਦਾਰਾਂ ਦੀ ਨੁਮਾਇੰਦਗੀ ਕਰਦੀਆਂ ਹਨ, ਉਹ ਪਾਰਟੀਆ ਹੀ ਦਰ ਅਸਲ ਮਹਿੰਗਾਈ ਵਧਾਉਣ ਦੇ ਹੱਕ ਵਿਚ ਹਨ । ਚਾਹੇ ਉਹ ਜਿਤਨੀਆਂ ਤਕਰੀਰਾਂ ਕਰ ਲੈਣ, ਚਾਹੇ ਜੰਨਸੰਘ ਵਾਲੇ ਜਿਨਾ ਰੌਲਾ ਪਾ ਲੈਣ ਜਾਂ ਮੇਰੇ ਅਕਾਲੀ ਵੀਰ ਰੌਲਾ ਪਾ ਰਹੇ ਹਨ, ਮਹਿੰਗਾਈ ਨਹੀਂ ਹਟ ਸਕਦੀ ਜਦ ਤਕ ਲੈਂਡਲਾਰਡਾਂ ਅਤੇ ਸਰਮਾਏਦਾਰਾਂ ਨੂੰ ਖਤਮ ਨਹੀਂ ਕੀਤਾ ਜਾਂਦਾ । ਉਨ੍ਹਾਂ ਲੋਕਾਂ ਨੂੰ ਜਿਹੜੇ ਮਹਿੰਗਾਈ ਵਧਾ ਕੇ ਸਾਡੀ ਅਕਾਨੋਮੀ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ, ਉਹ ਸਾਡੀ ਸਰਕਾਰ ਨੂੰ ਡੀਫੇਮ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਖਤਮ ਕਰਨ ਲਈ ਸਾਡੀ ਸਰਕਾਰ ਨੂੰ ਕਦਮ ਚੁਕਣੇ ਚਾਹੀਦੇ ਹਨ ।

ਇਸ ਤੋਂ ਮਗਰੋਂ ਮੈਂ ਆਪਣੀ ਸਰਕਾਰ ਨੂੰ, ਚਾਹੇ ਉਹ ਸੂਬੇ ਦੀ ਹੈ ਜਾਂ ਸੈਂਟਰ ਦੀ ਹੈ, ਬੇਨਤੀ ਕਰੂੰਗਾ ਕਿ ਆਮ ਲੋਕਾਂ ਦੀ, ਗਰੀਬਾਂ ਦੀ, ਹਰੀਜਨਾਂ ਦੀ ਭਲਾਈ ਵਾਸਤੇ ਠੋਸ ਕਦਮ ਚੁਕਣੇ ਚਾਹੀਦੇ ਹਨ ਅਤੇ ਆਪਣੇ ਸੂਬੇ ਨੂੰ ਆਪਣੇ ਦੇਸ਼ ਨੂੰ ਆਉਣ ਵਾਲੇ ਸਮੇਂ ਵਿਚ ਇਹੋ ਜਿਹੇ ਕਰਾਈਸਿਜ਼ ਤੋਂ ਬਚਾਉਣਾ ਚਾਹੀਦਾ ਹੈ । ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਕੇ ਬੈਠ ਜਾਂਦਾ ਹਾਂ ।

ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) ਸਤਿਕਾਰਯੋਗ ਸਪੀਕਰ ਸਾਹਿਬ, ਅੱਜ ਦੇ ਹਾਲਾਤ ਵਿਚ, ਜਦ ਕਿ ਸਾਨੂੰ ਆਜ਼ਾਦ ਹੋਇਆ 25 ਸਾਲ ਹੋ ਗਏ ਹਨ ਇਹ ਇਕ ਬੜਾ ਲੰਮਾ ਸਮਾਂ ਹੈ ਜਿਸ ਵਿਚ ਸਾਨੂੰ ਬੜੀ ਤਰਕੀ ਕਰਨੀ ਚਾਹੀਦੀ ਸੀ,ਪਰ ਪੋਜ਼ੀਸ਼ਨ ਅਜ ਵੀ ਉਹੀ ਹੈ ਜੋ 25 ਸਾਲ ਪਹਿਲੋਂ ਸੀ । ਆਜ਼ਾਦੀ ਦੇ 25 ਸਾਲਾਂ ਤੋਂ ਬਾਦ ਅਜ ਵੀ ਵਪਾਰੀ ਲੋਕ ਆਪਣੀ ਮਨਮਰਜੀ ਕਰ ਰਹੇ ਹਨ । ਉਨ੍ਹਾਂ ਨੂੰ ਕੰਟਰੋਲ ਕਰਨ ਦੀ ਤਾਕਤ ਅਜੇ ਵੀ ਸਾਡੀ ਸਰਕਾਰ ਵਿਚ ਨਹੀਂ ਆਈ । ਬੜੇ

[ਸਰਦਾਰ ਬਲ ਵੰਦਰ ਸਿੰਘ ਭੂੰਦੜ]

ਦੁਖ ਦੀ ਗੱਲ ਹੈ ਕਿ ਜਦੋਂ ਵੀ ਕਾਂਗਰਸੀ ਸਰਕਾਰ ਆਉਂਦੀ ਹੈ, ਭਾਵੇਂ ਸ਼ੁਰੂ ਦੇ 16-17 ਸਾਲ ਸਨ ਤੇ ਭਾਵੇਂ ਹੁਣ ਪਿਛਲੇ 4-5 ਮਹੀਨੇ ਦਾ ਸਮਾਂ ਗੁਜ਼ਰਿਆ ਹੈ, ਵਪਾਰੀਆਂ ਨੂੰ ਬੜਾ ਹੌਂਸਲਾ ਮਿਲ ਜਾਂਦਾ ਹੈ ਅਤੇ ਉਹ ਆਪਣੀਆਂ ਮਨ ਮਾਨੀਆਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ । ਅਜੇ ਦੋ ਹੀ ਮਹੀਨੇ ਹੋਏ ਹਨ ਜਦ ਕਿ ਕਣਕ 76 ਰੁਪਏ ਕੁਇੰਟਲ ਖਰੀਦੀ ਗਈ, ਪਰ ਅੱਜ ਪਿਛਲੇ ਮਹੀਨੇ ਤੋਂ ਹੀ ਜਿਹੜੀ ਗਰੀਬ ਜਨਤਾ ਹੈ ਉਸ ਨੂੰ ਆਟਾ 100 ਰੁਪਏ 118 ਰੁਪਏ ਜਾਂ 128 ਰੁਪਏ ਕੁਇੰਟਲ ਖਰੀਦਣਾ ਪੈ ਰਿਹਾ ਹੈ । ਕਿਤਨੀ ਦੁਖ ਦੀ ਗਲ ਹੈ । ਗਿਆਨੀ ਜੀ ਨੇ ਅੱਜ ਵੀ ਬਿਆਨ ਦਿਤਾ ਹੈ ਕਿ ਉਹ ਸਰਮਾਏ-ਦਾਰਾਂ ਦੇ ਪੱਖੀ ਨਹੀਂ ਹਨ, ਬਲਕਿ ਗਰੀਬਾਂ ਦੇ ਪੱਖੀ ਹਨ, ਸਮਾਜਵਾਦ ਦੇ ਪੱਖੀ ਹਨ, ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜੇ ਤੁਸੀਂ ਗਰੀਬਾਂ ਦੇ ਪੱਖੀ ਹੋ ਤਾਂ ਤੁਹਾਨੂੰ ਅਮਲੀ ਰੂਪ ਵਿਚ ਸਮਾਜਵਾਦ ਵਲ ਆਉਣਾ ਚਾਹੀਦਾ ਹੈ ਇਹ ਬਿਆਨਾਂ ਨਾਲ ਨਹੀਂ ਹੋ ਸਕਦਾ (ਵਿਘਨ) ਡਿਪਟੀ ਸਪੀਕਰ ਸਾਹਿਬ, ਖੰਡ ਨੂੰ ਲਵੋ 7 ਰੁਪਏ ਕੁਇੰਟਲ ਦੇ ਹਿਸਾਬ ਨਾਲ ਗੰਨਾ ਖਰੀਦਿਆ ਸੀ ਅਤੇ ਉਸ ਦੀ ਹੀ ਖੰਡ ਬਣੀ ਹੈ ਜਿਹੜੀ 200 ਰੁਪਏ ਕੁਇੰਟਲ ਤੋਂ 400 ਰੁਪਏ ਕੁਅੰਟਲ ਤਕ ਪਹੁੰਚ ਗਈ । ਕੀ ਇਹ ਸਰਕਾਰ ਦੀਆਂ ਗਲਤ ਪਾਲਿਸੀਆਂ ਦੇ ਕਾਰਣ ਨਹੀਂ ? ਕੀ ਇਹ ਵਪਾਰੀਆਂ ਦੀ ਮਨ ਮਾਨੀ ਨਹੀਂ ਹੈ ? ਮੈਂ ਕਹਿੰਦਾ ਹਾਂ ਕਿ ਵਪਾਰੀਆਂ ਨੂੰ ਸਰਕਾਰ ਦੀ ਸ਼ਹਿ ਮਿਲੀ ਹੋਈ ਹੈ । (ਵਿਘਨ) ਇਸੇ ਤਰ੍ਹਾਂ ਯੂ.ਪੀ. ਵਿਚ ਦੋ ਸਾਲ ਦਾ ਚਰਚਾ ਚਲਿਆ ਆਉਂਦਾ ਹੈ । ਪਹਿਲਾਂ ਚਰਨ ਦਾਸ ਦੀ ਗੌਰਮਿੰਟ ਆਈ ਫਿਰ ਗੁਪਤੇ ਦੀ ਗੌਰਮਿੰਟ ਆਈ ਪਰ ਖੰਡ ਦੀਆਂ ਮਿਲਾਂ ਦਾ ਕੌਮੀਕਰਨ ਨਹੀਂ ਹੋ ਸਕਿਆ । ਪਰ ਹੁਣ ਉਥੇ ਕਮਲਾ ਤ੍ਰਿਪਾਠੀ ਦੀ ਸਰਕਾਰ ਹੈ ਜੋ ਕਿ ਕਾਂਗਰਸ ਹਾਈ ਕਮਾਂਡ ਦੀ ਰਹਿਨੁਮਾਈ ਥਲੇ ਚਲ ਰਹੀ ਹੈ । ਪਰ ਮਸਲਾ ਉਸੇ ਤਰ੍ਹਾਂ ਲਟਕ ਰਿਹਾ ਹੈ । ਸਭ ਤੋਂ ਜ਼ਿਆਦਾ ਖੰਡ ਦੀਆਂ ਮਿਲਾਂ ਯੂ.ਪੀ. ਵਿਚ ਹਨ । ਜੇ ਸਰਕਾਰ ਇਮਾਨਦਾਰੀ ਨਾਲ ਲੋਕਾਂ ਦਾ ਭਲਾ ਕਰਨਾ ਚਾਹੁੰਦੀ ਹੈ ਤਾਂ ਦੋ ਮਿੰਟਾਂ ਵਿਚ ਫੈਸਲਾ ਕਰਕੇ ਇਨ੍ਹਾਂ ਮਿਲਾਂ ਨੂੰ ਕੌਮੀ ਕਰ ਦੇਵੇ । ਸਿਰਫ ਗਲ ਕਰਨ ਨਾਲ ਕੁਝ ਨਹੀਂ ਹੋਣਾ । ਇਸੇ ਤਰ੍ਹਾਂ ਕਣਕ ਅਤੇ ਖੰਡ ਨੂੰ ਛੱਡ ਕੇ ਜੋ ਗਰੀਬ ਆਦਮੀ ਦੀਆਂ ਖਰੀਦਣ ਵਾਲੀਆਂ ਚੀਜ਼ਾਂ ਹਨ ਜਿਵੇਂ ਕਿ ਗੁੜ, ਲੂਣ, ਤੇਲ ਅਤੇ ਹੋਰ ਰੋਜ਼-ਮਰਹਾ ਦੀਆਂ ਚੀਜ਼ਾਂ ਹਨ, ਇਨ੍ਹਾਂ ਦੇ ਭਾਅ ਵੱਧਦੇ ਜਾ ਰਹੇ ਹਨ । ਅੱਜ ਗਰੀਬ ਆਦਮੀ ਨੂੰ ਗੁੜ ਪੌਣੇ ਤਿੰਨ ਰੁਪਏ ਕਿਲੋ ਮਿਲਦਾ ਹੈ । ਇਸ ਦਾ ਕਾਰਣ ਮੈਂ ਤਾਂ ਇਹ ਸਮਝਦਾ ਹਾਂ ਕਿ ਸਰਕਾਰ ਦੀ ਕਮਜ਼ੋਰੀ ਹੈ । ਇਹ ਸਖਤੀ ਨਾਲ ਵਪਾਰੀ ਨੂੰ ਹੱਥ ਨਹੀਂ ਪਾਉਂਦੀ । ਕਿਸਾਨ ਮੰਡੀ ਵਿਚ ਨਰਮਾ 70 ਰੁਪਏ ਦੇ ਹਿਸਾਬ ਨਾਲ ਵੇਚਦਾ ਹੈ ਪਰ ਬਾਅਦ ਵਿਚ ਵਪਾਰੀ ਨਰਮੇ ਦੇ ਵੜੇਵਿਆਂ ਨੂੰ 85 ਰੁਪਏ ਕੁਇੰਟਲ ਦੇ ਹਿਸਾਬ ਨਾਲ ਵੇਚਦਾ ਹੈ ਕਪੜਾ 50 ਰੁਪਏ ਮੀਟਰ ਵਿਕਦਾ ਹੈ । ਇਸੇ ਤਰ੍ਹਾਂ ਬਿਜਲੀ ਬਾਰੇ ਇਹ ਕਹਿੰਦੇ ਹਨ ਕਿ ਇਹ ਤਾਂ ਕੁਦਰਤ ਦੀ ਦੇਣ ਹੈ । ਮੀਂਹ ਨਹੀਂ ਪਿਆ ਇਸ ਕਰਕੇ ਬਿਜਲੀ ਨਹੀਂ ਬਣਦੀ । ਇਸ ਲਈ ਥੀਨ ਡੈਮ ਬਣਾਇਆ ਜਾਵੇ ਤਾਂ ਕਿ ਜ਼ਿਆਦਾ ਬਿਜਲੀ ਪੈਦਾ ਹੋ ਸਕੇ । ਜਿਹੜਾ ਪੈਸਾ ਅਸੀਂ ਆਪਣੇ ਦੁਸ਼ਮਨ ਦੇਸ਼ ਨੂੰ ਇਸ ਕਾਰਣ ਦਿੱਤਾ ਹੋਇਆ ਹੈ ਉਹ ਵੀ ਸਾਡੇ ਕੰਮ ਆਏਗਾ । ਅੱਜ ਪੰਜਾਬ ਵਿਚ ਬਿਜ਼ਲੀ ਦੀ ਕਟ ਚਲ ਰਹੀ ਹੈ । ਦਿੱਲੀ ਵਿਚ ਕੱਟ ਕਿਉਂ ਨਹੀਂ ਲਗਦੀ । ਕਿਉਂ ਨਹੀਂ ਪੰਜਾਬ ਦੀ ਕਾਂਗਰਸ ਸਰਕਾਰ ਭਾਰਤ ਸਰਕਾਰ ਨੂੰ ਮਨਾਉਂਦੀ ਕਿ ਪੰਜਾਬ ਦੀ ਇੰਡਸਟਰੀ ਬੇਕਾਰ ਹੋ ਰਹੀ ਹੈ, ਫਸਲ ਤਬਾਹ ਹੋ ਰਹੀ ਹੈ ਸਾਡੀ ਆਰਥਿਕ ਪੋਜ਼ੀਸ਼ਨ ਡਾਊਨ ਹੋ ਰਹੀ ਹੈ, ਇਸ ਲਈ ਸਾਨੂੰ ਬਿਜਲੀ ਦਿਉ ।

ਗੱਲਾਂ ਨਾਲ ਕੁਝ ਨਹੀਂ ਬਣਨਾ । ਜਿਸ ਤਰ੍ਹਾਂ ਬੀਬੀ ਇੰਦਰਾ ਗਾਂਧੀ ਨੇ ਕਿਹਾ ਹੈ ਕਿ ਖੰਡ ਖਾਣ ਤੋਂ ਹਟ ਜਾਉ, ਖੰਡ ਦਾ ਭਾਅ ਆਪਣੇ ਆਪ ਗਿਰ ਜਾਵੇਗਾ । ਇਹ ਜ਼ਿਮੇਂਵਾਰੀ ਤੋਂ ਹਟਣ ਵਾਲੀ ਗਲ ਹੈ। ਤੁਸੀਂ ਜ਼ਿਮੇਂਵਾਰੀ ਨੂੰ ਪਛਾਣੋਂ । ਜੋ ਵਾਇਦੇ ਲੋਕਾਂ ਨੂੰ ਤੁਸੀਂ ਦੇ ਕੇ ਆਏ ਹੋ ਉਨ੍ਹਾਂ ਨੂੰ ਪੂਰਾ ਕਰੋ । ਕਿਉਂ ਨਹੀਂ

ਤੁਸੀਂ ਬਿਰਲਾ ਤੇ ਟਾਟਾ ਨੂੰ ਹੱਥ ਪਾਉਂਦੇ । ਅਸੀਂ ਸੀਲਿੰਗ ਦੇ ਪਖ ਵਿਚ ਹਾਂ ਪਰ ਪਹਿਲਾਂ ਤੁਸੀਂ ਬਿਰਲਾ ਤੇ ਟਾਟਾ ਨੂੰ ਹਥ ਪਾਉ । ਅਸੀਂ ਤੁਹਾਡੇ ਨਾਲ ਹਾਂ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੀਤੀਆਂ ਤੇ ਚਲ ਕੇ ਜਨਤਾ ਨੂੰ ਕੁਝ ਰਿਆਇਤਾਂ ਦਿਉ ।

ਭਗਤ ਗੁਰਾਂ ਦਾਸ ਹੰਸ (ਸ਼ਾਮ ਚੁਰਾਸੀ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਕਈ ਸੱਜਣਾਂ ਨੇ ਆਪਣੇ ਵਿਚਾਰ ਦਿਤੇ ਹਨ । ਅੱਜ ਮਹਿੰਗਾਈ ਬਹੁਤ ਵੱਧ ਗਈ ਹੈ । ਮਗਰ ਜਿਹੜੇ ਲੋਕ ਮਹਿੰਗਾਈ ਨੂੰ ਬਹੁਤ ਮਹਿਸੂਸ ਕਰਦੇ ਹਨ, ਉਨ੍ਹਾਂ ਦੀ ਨਾ ਕੋਈ ਯੂਨੀਅਨ ਹੈ ਤੇ ਨਾ ਹੀ ਕੋਈ ਇਕੱਠ । ਇਹ ਗਰੀਬ ਲੋਕ ਪਿੰਡਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਹਨ ਜਾਂ ਫਿਰ ਸ਼ਹਿਰਾਂ ਵਿਚ ਗਰੀਬ ਹਰੀਜਨ ਹਨ । ਪਰ ਬਾਵਜੂਦ ਇਨ੍ਹਾਂ ਗਲਾਂ ਦੇ ਉਨ੍ਹਾਂ ਨੂੰ ਕਾਂਗਰਸ ਸਰਕਾਰ ਤੇ ਮਾਣ ਹੈ ਅਤੇ ਉਨ੍ਹਾ ਨੂੰ ਪਤਾ ਹੈ ਕਿ ਇਹ ਕਾਂਗਰਸ ਸਰਕਾਰ ਹੀ ਸਾਡਾ ਕੁਝ ਭਲਾ ਕਰ ਸਕਦੀ ਹੈ । ਪਰ ਇਹ ਮਹਿੰ-ਗਾਈ ਵੱਧੀ ਕਿਉਂ ? ਜਿਸ ਵੇਲੇ ਕਿਸਾਨ ਆਪਣੀ ਫਸਲ ਮੰਡੀ ਵਿਚ ਲਿਆਂਦਾ ਹੈ, ਡਿਪਟੀ ਸਪੀਕਰ ਸਾਹਿਬ, ਤਾਂ ਜੋ ਵੀ ਭਾਅ ਮਾਰਕਿਟ ਵਿਚ ਹੁੰਦਾ ਹੈ ਉਸੇ ਭਾ ਤੇ ਵੇਚ ਦਿੰਦਾ ਹੈ। ਵੱਡਾ ਜ਼ਿਮੀਂਦਾਰ ਆਪਣੀ ਫਸਲ ਸਟੋਰ ਕਰਕੇ ਰਖਦਾ ਹੈ ਅਤੇ ਜਦੋਂ ਭਾਅ ਵੱਧ ਜਾਂਦੇ ਹਨ ਤਾਂ ਆਪਣੀ ਫਸਲ ਵੇਚਦਾ ਹੈ। ਉਨ੍ਹਾਂ ਹੀ ਪੈਸਿਆਂ ਦਾ ਵੱਡਾ ਜ਼ਿਮੀਂਦਾਰ ਟਰੈਕਟਰ ਆਦਿ ਖਰੀਦਦਾ ਹੈ ਅਤੇ ਉਨ੍ਹਾਂ ਟਰੈਕਟਰਾਂ ਵਿਚ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਬਿਠਾ ਕੇ ਚੰਡੀਗੜ੍ਹ ਵਿਚ ਲਿਆਉਂਦਾ ਹੈ ਅਤੇ ਨਾਹਰੇ ਲਵਾਉਂਦਾ ਹੈ ਕਿ ਕਣਕ ਦਾ ਭਾਅ ਘਟ ਨਹੀਂ ਹੋਣਾ ਚਾਹੀਦਾ ।

ਡਿਪਟੀ ਸਪੀਕਰ ਸਾਹਿਬ, ਰੇਲਵੇ ਵਿਚ ਮੁਲਾਜ਼ਮਾਂ ਨੂੰ ਆਪਣੇ ਕੋਲੋਂ ਪੈਸੇ ਪਾ ਕੇ ਸਸਤੇ ਭਾਅ ਤੇ ਅਨਾਜ ਦਿਤਾ ਜਾਂਦਾ ਸੀ । ਇਸੇ ਤਰ੍ਹਾਂ ਗੌਰਮਿੰਟ ਨੂੰ ਚਾਹੀਦਾ ਹੈ ਸਰਕਾਰ ਗਰੀਬਾਂ ਨੂੰ ਸਬਸਿਡੀ ਦੇਵੇ । ਕਰੋੜਾਂ ਰੁਪਏ ਸਰਕਾਰ ਖਰਚ ਕਰਦੀ ਹੈ। ਜਿਹੜਾ ਅਨਾਜ ਸਟੋਰ ਕੀਤਾ ਹੋਇਆ ਹੈ ਉਹ ਬਾਹਰ ਕੱਢੋ। ਇਸ ਨਾਲ ਮਨਾਪਲਿਸਟ ਆਪਣੀ ਕਣਕ ਬਾਹਰ ਕੱਢਣਗੇ ਅਤੇ ਭਾਅ ਗਿਰ ਜਾਵੇਗਾ ਡਿਪਟੀ ਸਪੀਕਰ ਸਾਹਿਬ, ਮੈਂ ਫੂਡ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਅਰਜ਼ ਕਰਾਂਗਾ ਕਿ ਹਰ ਪਿੰਡ ਵਿਚ ਡਿਪੂ ਖੋਲੇ ਜਾਣ ਤਾਂ ਕਿ ਗਰੀਬ ਆਦਮੀ ਵੀ ਫਾਇਦਾ ਉਠਾ ਸਕਣ। ਗੁੜ ਜਾਂ ਖੰਡ ਮਹਿੰਗੀ ਕੌਣ ਕਰਦਾ ਹੈ? ਇਹ ਵੱਡੇ ਵੱਡੇ ਕਾਰਖਾਨੇਦਾਰ ਅਤੇ ਸਰਮਾਏਦਰ ਭਾਅ ਮਹਿੰਗਾ ਕਰਦੇ ਹਨ । ਇਹ ਜਿਹੜੇ ਵੱਡੇ ਮਨਾਪਲਿਸਟ ਹਨ ਇਹ ਸਰਕਾਰ ਨੂੰ ਬਦਨਾਮ ਕਰਨਾ ਚਾਹੁੰਦੇ ਹਨ ।

ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਲੜਾਈ ਦੇ ਦਿਨਾਂ ਵਿਚ ਸਾਰੀਆਂ ਪਾਰਟੀਆਂ ਨੇ ਇਕ ਮੁੱਠ ਹੋ ਕੇ ਦੁਸ਼ਮਨ ਦਾ ਮੁਕਾਬਲਾ ਕੀਤਾ ਸੀ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਹੁਣ ਵੀ ਇਸੇ ਤਰ੍ਹਾਂ ਗਰੀਬੀ ਦਾ ਮੁਕਾਬਲਾ ਕਰਨਾ ਚਾਹੀਦਾ ਹੈ । ਸਾਨੂੰ ਗਰੀਬੀ ਦੂਰ ਕਰਨੀ ਚਾਹੀਦੀ ਹੈ । ਜਿਹੜਾ ਆਦਮੀ ਗਲਤ ਕੰਮ ਕਰਦਾ ਹੈ ਉਸ ਨੂੰ ਸਮਾਜ ਵਿਚ ਨੰਗਾ ਕਰਨਾ ਚਾਹੀਦਾ ਹੈ । ਅੱਜ ਸਰਮਾਏਦਾਰ ਇਸ ਚੀਜ਼ ਦਾ ਫਾਇਦਾ ਉਠਾ ਰਿਹਾ ਹੈ ।

ਬਿਜਲੀ ਦੇ ਮੁਤੱਲਕ ਮੈਂ ਕਹਣਾ ਚਾਹੁੰਦਾ ਹਾਂ ਕਿ ਇਸ ਦਾ ਤੋੜਾ ਕਿਉਂ ਪਿਆ ? ਮੈਂ 20 ਸਾਲ ਤੋਂ ਇਸ ਅਸੈਂਬਲੀ ਵਿਚ ਰਿਹਾ ਹਾਂ । ਜਦੋਂ ਦਿੱਲੀ ਨੂੰ ਬਿਜ਼ਲੀ ਦਿੱਤੀ ਸੀ ਉਦੋਂ ਸਾਨੂੰ ਬਿਜਲੀ ਦੀ ਲੋੜ ਨਹੀਂ ਸੀ । ਪਰ ਅੱਜ ਕਿਸਾਨ,ਮਜ਼ਦੂਰ ਅਤੇ ਕਾਰਖਾਨੇਦਾਰ ਨੇ ਇਸ ਗਲ ਦੀ ਲੋੜ ਮਹਿਸੂਸ ਕੀਤੀ ਹੈ ਕਿ ਦੇਸ਼ ਨੂੰ ਉਨਤ ਕੀਤਾ ਜਾਵੇ । ਜਦੋਂ ਅਕਾਲੀ ਭਰਾਵਾਂ ਦੀ ਸਰਕਾਰ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਬਿਜ਼ਲੀ ਦੀ ਕਮੀ ਮਹਿਸੂਸ ਨਹੀਂ ਹੋਣ ਦਿਆਂਗੇ । ਉਨ੍ਹਾਂ ਕਿਹਾ ਕਿ ਸ਼ਹਿਰਾਂ ਵਿਚ ਜੇਨਰੇਟਰ ਚਲਾ ਦਿਆਂਗੇ ਅਤੇ ਪਿੰਡਾਂ ਵਿਚ ਕਿਸਾਨਾਂ ਦੇ ਟਿਊਬਵੈਲਾਂ ਨੂੰ ਬਿਜ਼ਲੀ ਮਿਲੇਗੀ । ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਸ ਵੇਲੇ ਜੋ ਬਿਜ਼ਲੀ ਦੇ ਵਜ਼ੀਰ ਸੀ ਉਸ ਨੇ ਇਨ੍ਹਾਂ ਜੇਨਰੇਟਰਾਂ ਨੂੰ ਬਾਹਰੋਂ ਮੰਗਵਾਉਣ ਉਤੇ 16 ਲੱਖ ਰੁਪਏ ਕਮਿਸ਼ਨ ਲਿਆ । ਮੈਂ ਕਹਿੰਦਾ ਹਾਂ ਕਿ ਇਸ ਦੀ ਇਨਕੁਆਰੀ ਹੋਣੀ ਚਾਹੀਦੀ

[ਭਗਤ ਗੁਰਾਂ ਦਾਸ ਹੰਸ]

ਹੈ । ਡਿਪਟੀ ਸਪੀਕਰ ਸਾਹਿਬ, ਕਰੋੜਾਂ ਰੁਪਏ ਉਨ੍ਹਾਂ ਜੈਨਰੇਟਰਾਂ ਤੇ ਖਰਚ ਕੀਤੇ ਗਏ । ਪਰ ਉਹ ਚਲੇ ਕਿਉਂ ਨਹੀਂ ? ਜਿਨ੍ਹਾਂ ਅਫਸਰਾਂ ਦੀ ਗਲਤੀ ਹੈ ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਹੁਣ ਸਾਡੇ ਬਿਜ਼ਲੀ ਦੇ ਵਜ਼ੀਰ ਬੜੇ ਸਿਆਣੇ ਅਤੇ ਨੌਜਵਾਨ ਹਨ । ਬਿਜ਼ਲੀ ਦੀ ਕਮੀ ਖਤਮ ਹੋ ਸਕਦੀ ਹੈ । ਜੈਨਰੇਟਰ ਲਗਾ ਕੇ ਸ਼ਹਿਰਾਂ ਨੂੰ ਬਿਜਲੀ ਦਿੱਤੀ ਜਾਵੇ ਅਤੇ ਜ਼ਿਮੀਂਦਾਰਾਂ ਨੂੰ ਪੂਰੀ ਬਿਜ਼ਲੀ ਦਿਉ ।

ਡਿਪਟੀ ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਹੁਸ਼ਿਆਰਪੁਰ ਇਕ ਐਸਾ ਜ਼ਿਲ੍ਹਾ ਹੈ ਜਿਸ ਨੂੰ ਇਸ ਗਲ ਦਾ ਫਖਰ ਹੈ ਕਿ ਭਾਖੜਾ ਉਥੋਂ ਨਿਕਲਿਆ ਹੈ। ਇਸ ਭਾਖੜੇ ਨੇ ਸਾਰੀ ਦੁਨੀਆ ਨੂੰ ਸੈਰਾਬ ਕੀਤਾ ਹੈ ਪਰ ਉਸ ਭਾਖੜੇ ਦਾ ਪਾਣੀ ਅਤੇ ਬਿਜ਼ਲੀ ਹੁਸ਼ਿਆਰਪੁਰ ਨੂੰ ਨਹੀਂ ਮਿਲੀ । ਹੁਣ ਇਹ ਵੀ ਨਹੀਂ ਮਿਲਣੀ ਕਿਉਂਕਿ ਸਾਡੇ ਮਨਿਸਟਰ ਸਾਹਿਬ ਬੜੇ ਫਰਾਖ ਦਿਲ ਹਨ । ਹੁਸ਼ਿਆਰਪੁਰ ਦੇ ਇਲਾਕੇ ਵਿਚ ਬੜੀ ਜ਼ਮੀਨ ਬੇਕਾਰ ਪਈ ਹੈ । ਗੌਰਮਿੰਟ ਉਥੇ ਆਪਣੇ ਟਿਊਬਵੈਲ ਲਗਾਏ । ਇਸ ਤਰ੍ਹਾਂ ਨਾਲ ਅਨਾਜ ਦੀ ਕਮੀ ਦੂਰ ਹੋ ਸਕਦੀ ਹੈ । ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਰਾਜ ਮੰਤਰੀ ਖੁਰਾਕ ਅਤੇ ਸਪਲਾਈ(ਸ੍ਰੀ ਗਿਆਨ ਚੰਦ ਖਰਬੰਦਾ): ਡਿਪਟੀ ਸਪੀਕਰ ਸਾਹਿਬ ਮੇਰੇ ਦੋਸ਼ਤਾਂ ਨੇ ਮਹਿੰਗਾਈ ਤੇ ਚਿੰਤਾ ਪ੍ਰਗਟ ਕੀਤੀ ਹੈ । ਮੈਂ ਇਨ੍ਹਾਂ ਦੇ ਜਜ਼ਬਾਤ ਨਾਲ ਸ਼ਾਮਲ ਹੁੰਦਾ ਹਾਂ । ਮਹਿੰਗਾਈ ਦੇਸ਼ ਨੂੰ ਨੁਕਸਾਨ ਪਹੁੰਚਾ ਰਹੀ ਹੈ । ਨਿਰਖ ਕਮ ਹੋਣੇ ਚਾਹੀਦੇ ਹਨ । ਭਾਰਤ ਸਰਕਾਰ ਨੇ ਜੰਗੀ ਸਤਾਹ ਤੇ ਇਸ ਮਸਲੇ ਨੂੰ ਹਲ ਕਰਨ ਦੀ ਕੋਸ਼ਿਸ਼ ਕੀਤੀ ਹੈ । ਔਰ ਜਿਹੜੇ ਹਾਲਾਤ ਪੈਦਾ ਹੋਏ ਹਨ ਉਨ੍ਹਾਂ ਦਾ ਪੂਰੀ ਤਰ੍ਹਾਂ ਟਾਕਰਾ ਕੀਤਾ ਜਾ ਰਿਹਾ ਹੈ । ਪੰਜਾਬ ਸਰਕਾਰ ਨੂੰ ਵੀ ਇਸ ਦਾ ਅਹਿਸਾਸ ਹੈ ਜੰਗੀ ਸਤਾਹ ਤੇ ਮੀਟਿੰਗਾਂ ਹੋ ਚੁਕੀਆਂ ਹਨ । ਔਰ ਵੈਸੇ ਫੈਸਲੇ ਹੋ ਚੁਕੇ ਹਨ ਜਿਨ੍ਹਾਂ ਨਾਲ ਨਿਰਖਾਂ ਨੂੰ ਕਮ ਕਰਨ ਦੀ ਕੋਸ਼ਿਸ਼ ਹੋ ਰਹੀ ਹੈ । ਜੇਕਰ ਕਲ ਦੇ ਮੰਡੀਆਂ ਦੇ ਭਾ ਵਲ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਆਟੇ ਦੇ ਸੀਮਿੰਟ ਦੇ, ਅਤੇ ਖੰਡ ਦੇ ਭਾ ਰੁਕ ਗਏ ਹਨ । ਇਹ ਇਨ੍ਹਾਂ ਕੋਸ਼ਿਸ਼ਾਂ ਦਾ ਹੀ ਨਤੀਜਾ ਹੈ ।

ਆਪੋਜ਼ੀਸ਼ਨ ਵਲੋਂ ਆਵਾਜ਼ : ਵਧੇ ਹਨ, ਘਟੇ ਨਹੀਂ ਹਨ ।

Mr. Speaker: Order please.

ਰਾਜ ਮੰਤਰੀ : ਪੰਜਾਬ ਸਰਕਾਰ ਨੇ ਜਿਹੜੇ ਕਦਮ ਉਠਾਏ ਹਨ ਤੁਹਾਡੇ ਸਾਹਮਣੇ ਹਨ । ਜਿਥੋਂ ਤਕ ਆਟੇ ਤੇ ਕਣਕ ਦਾ ਤਾਅਲੁਕ ਹੈ, ਹਦਾਇਤਾਂ ਜਾਰੀ ਕਰ ਦਿਤੀਆਂ ਗਈਆਂ ਹਨ ਔਰ ਉਨ੍ਹਾਂ ਤੇ ਬਿਲਕੁਲ ਅਮਲ ਕੀਤਾ ਜਾ ਰਿਹਾ ਹੈ। ਡਿਸਟਰਿਕਟ ਦੇ ਅਫਸਰਾਂ ਨੂੰ ਇਹ ਹੁਕਮ ਦੇ ਦਿਤਾ ਗਿਆ ਹੈ ਕਿ ਜਿਥੇ ਕਿਤੇ ਪੰਚਾਇਤ ਮੰਗ ਕਰੇ ਮਿਉਂਸਪਲ ਕਮਿਸ਼ਨਰ ਮੰਗ ਕਰਨ ਜਾਂ ਜਿਥੇ ਵੀ ਲੋਕ ਜ਼ਰੂਰਤ ਸਮਝਣ, ਉਥੇ ਆਟੇ ਦੇ ਡਿਪੋ ਖੋਲ੍ਹ ਦਿੱਤੇ ਜਾਣ । (ਤਾੜੀਆਂ) ਇਹ ਕੇਵਲ ਹਦਾਇਤਾਂ ਹੀ ਨਹੀਂ ਇਨ੍ਹਾਂ ਤੇ ਅਮਲ ਵੀ ਪੂਰੀ ਤਰ੍ਹਾਂ ਕੀਤਾ ਜਾ ਰਿਹਾ ਹੈ । ਇਸ ਚੀਜ਼ ਨੂੰ ਬਾਰਡਰ ਏਰੀਏ ਵਿਚ ਖਾਸ ਤਰਜੀਹ ਦਿਤੀ ਜਾ ਰਹੀ ਹੈ । ਇਸ ਸਾਲ ਸਰਕਾਰ ਪਾਸ 26 ਲੱਖ ਟਨ ਕਣਕ ਦਾ ਭੰਡਾਰ ਹੈ ਜਿਸ ਵਿਚੋਂ 15 ਹਜ਼ਾਰ ਟਨ ਫੂਡ ਕੰਟਰੋਲਰਾਂ ਦੇ ਹਵਾਲੇ ਕਰ ਦਿਤਾ ਗਿਆ ਹੈ । ਇਸ ਵਿਚੋਂ ਪੰਜ ਹਜਾਰ ਟਨ ਡਿਪੂਆਂ ਤੇ ਹੁਣ ਤਕ ਦੇ ਵੀ ਦਿਤਾ ਗਿਆ ਹੈ । ਇਹ ਟਰੈਂਡ ਹੈ ਪੰਜਾਬ ਸਰਕਾਰ ਦਾ । ਆਸ ਹੈ ਕਿ ਹੁਣ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਰਹੇਗੀ । ਹੁਣ ਡਿਪੂਆਂ ਤੇ ਆਟਾ ਮਿਲਦਾ ਹੈ ਜਿਸ ਨਾਲ ਹਾਲਤ ਕਾਫੀ ਸੁਧਰ ਗਈ ਹੈ । (ਸਰਦਾਰ ਅਜਾਇਬ ਸਿਘ ਸੰਧੂ ਇਸ ਸਮੇਂ ਬੋਲਣ ਲਈ ਖੜ੍ਹੇ ਹੋਏ)

ਸੰਧੂ ਸਾਹਿਬ ਤੁਹਾਡੀ ਵਾਰੀ ਮੈਂ ਤੁਹਾਨੂੰ ਇਨਟਰਪੱਟ ਨਹੀਂ ਕੀਤਾ ਔਰ ਤੁਸੀਂ ਵੀ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਨਾ ਕਰੋ । ਤੁਸੀਂ ਆਰਾਮ ਨਾਲ ਸੁਣੋ ਬਾਅਦਵਿਚ ਜੋ ਕਹਿਣਾ ਹੈ ਕਹਿ ਲਿਆ ਜੇ ।

ਤੇ ਡਿਪਟੀ ਸਪੀਕਰ ਸਾਹਿਬ, ਆਟੇ ਦੀ ਕੁਆਲਟੀ ਨੂੰ ਚੈਕ ਕਰਨ ਵਾਸਤੇ ਫਿਰੋਜ਼ਪੁਰ, ਲੁਧਿਆਣਾ ਅਤੇ ਜਲੰਧਰ ਜਿਹੇ ਸ਼ਹਿਰਾਂ ਵਿਚ ਆਟੇ ਦੇ ਸੈਂਪਲ ਲਏ ਗਏ ਹਨ । ਇਸ ਗਲ ਦਾ ਲਿਹਾਜ਼ ਹੁਣ ਬਿਲਕੁਲ ਨਹੀਂ ਹੋਵੇਗਾ ਕਿ ਡੀਫਾਲਟਰ ਕਿਸ ਪਾਰਟੀ ਨਾਲ ਸਬੰਧ ਰਖਦਾ ਹੈ । ਅਗਰ ਕਿਸੇ ਦੇ ਖਿਲਾਫ ਸ਼ਿਕਾਇਤ ਹੋਵੇਗੀ ਤਾਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਹੁਣ ਤਕ ਕੁਝ ਡਿਪੂ ਹੋਲਡਰਾਂ ਦੇ ਖਿਲਾਫ ਕਾਰਵਾਈ ਕੀਤੀ ਗਈ ਹੈ । ਪੰਜਾਬ ਦੇ ਕਮ-ਜ਼-ਕਮ ਦੋ ਸ਼ਹਿਰਾਂ ਵਿਚ ਦੁਕਾਨਦਾਰਾਂ ਨੇ ਪ੍ਰੋਟੈਸਟ ਦੇ ਤੌਰ ਤੇ ਹੜਤਾਲ ਵੀ ਕੀਤੀ ਹੈ । ਇਸ ਤੋਂ ਹੀ ਸਰਕਾਰ ਦੀ ਪਾਲਿਸੀ ਦਾ ਅੰਦਾਜ਼ਾ ਲਗਾਇਆ ਜਾਂ ਸਕਦਾ ਹੈ । ਪੰਜਾਬ ਸਰਕਾਰ ਦੀ ਇਹ ਸਪਸ਼ਟ ਪਾਲਿਸੀ ਹੈ ਕਿ ਖਾਹ ਵਪਾਰੀ ਹੈ, ਖਾਹ ਵੱਡਾ ਜ਼ਿਮੀਂਦਾਰ ਹੈ ਅਗਰ ਉਹ ਜ਼ਖੀਰਾ ਬਾਜ਼ ਹੈ ਤਾਂ ਉਸ ਨਾਲ ਕਿਸੇ ਤਰ੍ਹਾਂ ਦਾ ਲਿਹਾਜ਼ ਨਹੀਂ ਕੀਤਾ ਜਾਵੇਗਾ । ਅਸੀਂ ਇਹ ਕੋਸ਼ਿਸ਼ ਕਰ ਰਹੇ ਹਾਂ ਕਿ ਸੂਬੇ ਵਿਚੋਂ ਜ਼ਖੀਰਾ ਬਾਜ਼ੀ ਦੀ ਲਾਹਨਤ ਨੂੰ ਖਤਮ ਕੀਤਾ ਜਾ ਸਕੇ ।

ਇਸ ਤਰ੍ਹਾਂ ਹੀ ਖੰਡ ਦੇ ਵਪਾਰਿਆਂ ਦੀ ਵੀ ਚੈਕਿੰਗ ਸ਼ੁਰੂ ਕੀਤੀ ਹੈ । ਨਾਲ ਦੀ ਨਾਲ ਬੋਗਸ ਕਾਰਡਾਂ ਦੀ ਚੈਕਿੰਗ ਵੀ ਸ਼ੁਰੂ ਕੀਤੀ ਗਈ ਹੈ । ਤਾਂਕਿ ਡਿਪੂਆਂ ਵਾਲੇ ਚਾਵਲ ਆਟਾ ਜਾਂ ਖੰਡ ਵਿਚ ਹੇਰਾ ਫੇਰੀ ਨਾ ਕਰ ਸਕਣ । ਜਿਸ ਗਰੀਬ ਆਦਮੀ ਪਾਸ ਰਾਸ਼ਨ ਕਾਰਡ ਨਹੀਂ ਹੈ ਉਸ ਨੂੰ ਰਾਸ਼ਨ ਕਾਰਡ ਵੀ ਬਨਾਉਣਾ ਆਸਾਨ ਹੋ ਗਿਆ ਹੈ । ਇਥੇ ਹੀ ਬਸ ਨਹੀਂ, ਇਹ ਵੀ ਹੁਕਮ ਕਰ ਦਿਤਾ ਗਿਆ ਹੈ ਕਿ ਪੰਜ ਕਿਲੋ ਕਣਕ ਰਾਸ਼ਨ ਕਾਰਡ ਤੋਂ ਬਿਨਾਂ ਲੈ ਸਕਦੇ ਹੋ । ਇਸ ਤਰ੍ਹਾਂ ਹੀ ਇਕ ਕਿਲੋ ਚਾਵਲ ਰਾਸ਼ਨ ਕਾਰਡ ਤੋਂ ਬਗੈਰ ਮਿਲ ਸਕਦਾ ਹੈ । ਚਾਵਲਾਂ ਦਾ ਵੀ ਸਰਕਾਰ ਪਾਸ ਹਜ਼ਾਰਾਂ ਟਨ ਦਾ ਭੰਡਾਰ ਹੈ ।

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਪੰਜ ਕਿਲੋ ਕਣਕ ਇਕ ਮਹੀਨੇ ਦੀ ਦਿਤੀ ਜਾਇਆ ਕਰੇਗੀ ਜਾਂ ਇਕ ਦਿਨ ਦੀ ।

Mr. Deputy Speaker : This is no point of order. Please resume your seat.

ਰਾਜ ਮੰਤਰੀ : ਇਹ ਕੋਟਾ ਤੁਸੀਂ ਰੋਜ਼ ਵੀ ਲੈ ਸਕਦੇ ਹੋ ਜਾਂ ਕਿਸੇ ਨੂੰ ਦਵਾ ਸਕਦੇ ਹੋ । ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਖੰਡ ਦੇ ਮਸਲੇ ਤੇ ਆਉਂਦਾ ਹਾਂ ।

ਸ਼੍ਰੀ ਡਿਪਟੀ ਸਪੀਕਰ : ਖਰਬੰਦਾ ਸਾਹਿਬ, ਕੀ ਤੁਸੀਂ ਪੰਜ ਮਿੰਟ ਵਿਚ ਆਪਣੀ ਸਪੀਚ ਖਤਮ ਕਰ ਦਿਉਗੇ (Kharbanda Sahib, will you be able to wind up your speech within five minutes.

ਰਾਜ ਮੰਤਰੀ : ਨਹੀਂ ਜੀ । ਕਮ-ਅਜ਼-ਕਮ 10 ਮਿੰਟ ਦੇ ਦਿਓ ।

EXTENSION OF TIME OF THE SITTING

ਸ਼੍ਰੀ ਡਿਪਟੀ ਸਪੀਕਰ : ਜੇਕਰ ਹਾਊਸ ਦੀ ਖਾਹਸ਼ ਹੋਵੇ ਤਾਂ ਟਾਈਮ ਦਸ ਮਿੰਟ ਹੋਰ ਐਕਸਟੈਂਡ ਕਰ ਦਿਤਾ ਜਾਵੇ । (If the House agrees the time of the sitting may be extended by ten minutes. Is it the pleasure of the House ?)

ਆਵਾਜ਼ਾਂ : ਠੀਕ ਹੈ ਜੀ ।

ਸ਼੍ਰੀ ਡਿਪਟੀ ਸਪੀਕਰ : ਸਿਟਿੰਗ ਦਾ ਟਾਈਮ ਦਸ ਮਿੰਟ ਹੋਰ ਐਕਸਟੈਂਡ ਕੀਤਾ ਜਾਂਦਾ ਹੈ ।
(The time of the sitting is entended by ten minutes more.)

MOTION UNDER RULE 77

[*Resumption of discussion*]

ਰਾਜ ਮੰਤਰੀ (ਖੁਰਾਕ ਅਤੇ ਸਪਲਾਈ): ਡਿਪਟੀ ਸਪੀਕਰ ਸਾਹਿਬ ਮੇਰੇ ਦੋਸਤਾਂ ਨੇ ਕਿਹਾ ਹੈ ਕਿ ਖੰਡ ਦੀਆਂ ਮਿੱਲਾਂ ਦੇ ਬਾਰੇ ਸਰਕਾਰ ਦੀ ਪਾਲਿਸੀ ਸਰਮਾਏਦਾਰਾਨਾ ਹੈ । ਪਰ ਵਾਵੇਲਾ ਵਧਾਉਣਾ ਵਿਚ ਇਨ੍ਹਾਂ ਦੋਸਤਾਂ ਦਾ ਵੀ ਹੱਥ ਹੈ । ਅੱਛਾ ਹੁੰਦਾ ਜੇਕਰ ਇਹ ਦੋਸਤ ਸਰਕਾਰ ਦੀ ਇਸ ਨੀਤੀ ਨੂੰ ਐਪ੍ਰੀਸ਼ੀਏਟ ਕਰਦੇ ਕਿ ਪਿੰਡਾਂ ਤੇ ਸ਼ਹਿਰਾਂ ਦਾ ਖੰਡ ਦਾ ਕੋਟਾ ਬਰਾਬਰ ਕਰ ਦਿਤਾ ਹੈ । ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਕਈ ਲੋਕ ਜਾਣ ਬੁਝਕੇ ਵੀ ਰੌਲਾ ਪਾਉਂਦੇ ਹਨ ਔਰ ਸਰਕਾਰ ਦੇ ਚੰਗੇ ਕੰਮਾਂ ਨੂੰ ਐਪ੍ਰੀਸ਼ੀਏਟ ਨਹੀਂ ਕਰਦੇ । ਅਗਰ ਕਿਸੇ ਜਗਾਹ ਕਮੀ ਰਹਿ ਗਈ ਹੈ ਤਾਂ ਮਿਹਰਬਾਨੀ ਕਰਕੇ ਮੈਨੂੰ ਕਾਰਡ ਲਿਖ ਦਿਓ ।

ਸਰਦਾਰ ਗੁਰਦੇਵ ਸਿੰਘ ਸਿਧੂ : ਸਮਾਣਾ ਵਿਚ ਖੰਡ ਨਹੀਂ ਹੈ ।

ਰਾਜ ਮੰਤਰੀ : ਮੈਂ ਨੋਟ ਕਰ ਲਿਆ ਹੈ ਜੀ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਅਫਸਰਾਂ ਦਾ ਜ਼ਿਕਰ ਕੀਤਾ ਹੈ । ਜਿਹੜੇ ਵੀ ਅਫਸਰ ਹਨ ਸਾਨੂੰ ਵਰਾਸਤ ਵਿਚ ਮਿਲੇ ਹਨ । ਪਿਛਲੇ ਸਾਲ ਜੋ ਇਹ ਕਰਦੇ ਰਹੇ ਹਨ ਤੁਹਾਨੂੰ ਪਤਾ ਹੀ ਹੈ । ਖੈਰ ਮੈਂ ਬਹਿਸ ਵਿਚ ਨਹੀਂ ਜਾਂਦਾ। ਬਹਰ–ਹਾਲ 8 ਤਾਰੀਖ ਨੂੰ ਸਰਕਾਰ ਵਲੋਂ ਕਹਿ ਦਿਤਾ ਗਿਆ ਹੈ ਕਿ ਅਗਰ ਕਿਸੇ ਅਫਸਰ ਨੇ ਸਮੇਂ ਦੀ ਜ਼ਰੂਰਤ ਨੂੰ ਮਹਿਸੂਸ ਨਾ ਕੀਤਾ, ਹੋਲਡਰਾਂ ਦੇ ਖਿਲਾਫ ਕਾਰਵਾਈ ਕਰਨ ਦੀ, ਬਲੈਕ ਮਾਰਕੀਟੀਆਂ ਤੇ ਛਾਪ ਮਾਰਨ ਦੀ ਪਾਲਿਸੀ ਤੇ ਅਮਲ ਨਾ ਕੀਤਾ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ, ਉਹ ਅਫਸਰ ਫਿਰੋਜ਼ਪੁਰ ਦਾ ਹੋਵੇ ਜਾਂ ਕਿਸੇ ਹੋਰ ਜਗਾਹ ਦਾ । ਤੁਸੀਂ ਹੁਣ ਵੇਖੋਗੇ ਕਿ ਖੰਡ ਦੇ ਨਿਰਖ ਹੁਣ ਪਹਿਲੀ ਥਾਂ ਤੇ ਆ ਜਾਣਗੇ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਦਾਲਾਂ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਦਾਲਾਂ ਦੇ ਨਿਰਖ ਬਹੁਤ ਜ਼ਿਆਦਾ ਹਨ । ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਕਦੇ ਆਪਣੇ ਡਿਪੂਆਂ ਵਿਚ ਦਾਲਾਂ ਨਹੀਂ ਸਨ ਵੇਚੀਆਂ । ਹੁਣ ਮਹਿਸੂਸ ਕੀਤਾ ਹੈ ਕਿ ਦਾਲਾਂ ਵੀ ਫੇਅਰ ਪਰਾਈਸ ਸ਼ਾਪਸ, ਕਨਜਿਊਮਰ ਸਟੋਰਜ਼ ਤੇ ਵੇਚੀਆਂ ਜਾਣ । ਇਸ ਵਾਸਤੇ 20 ਲੱਖ ਰੁਪਏ ਦੀ ਰਕਮ ਵੀ ਸੈਂਕਸ਼ਨ ਕਰ ਦਿਤੀ ਗਈ ਹੈ । ਹੁਣ ਦਾਲਾਂ ਫੂਡ ਕਾਰਪੋਰੇਸ਼ਨ ਰਾਹੀਂ ਮੰਗਵਾ ਕੇ ਵੇਚੀਆਂ ਜਾਣਗੀਆਂ ਔਰ ਜਲਦੀ ਹੀ ਇਹ ਕੰਮ ਸ਼ੁਰੂ ਹੋਵੇਗਾ । ਦਾਲਾਂ ਦੇ ਭਾ ਜ਼ਿਆਦਾ ਹਨ, ਮੈਂ ਮੰਨਦਾ ਹਾਂ । ਲੇਕਿਨ ਪਹਿਲਾਂ ਕਦੇ ਵੀ ਸਰਕਾਰ ਨੇ ਇਹ ਦਾਲਾਂ ਵੇਚੀਆਂ ਨਹੀਂ ਸਨ । ਇਸ ਲਈ ਲਾਜ਼ਮੀ ਤੌਰ ਤੇ ਦਾਲਾਂ ਦੇ ਭਾ ਚੜ੍ਹ ਜਾਣੇ ਸਨ । ਹੁਣ ਦਾਲਾਂ ਡਿਪੂਆਂ ਤੇ ਦਿਤੀਆਂ ਜਾਣਗੀਆਂ ਔਰ ਕੋਸ਼ਿਸ਼ ਕੀਤੀ ਜਾਵੇਗੀ ਇਹ ਕੰਮ ਜੰਗੀ ਲੈਵਲ ਤੇ ਕੀਤਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਸੀਮਿੰਟ ਦੇ ਬਾਰੇ ਬਹੁਤ ਰੌਲਾ ਸੀ । ਇਸ ਸਬੰਧ ਵਿਚ ਪੰਜਾਬ ਸਰਕਾਰ ਨੇ ਬਹੁਤ ਕੋਸ਼ਿਸ਼ਾਂ ਕੀਤੀਆਂ ਹਨ । ਕਪਤਾਨ ਸਾਹਿਬ ਵੀ ਦਿੱਲੀ ਦੀ ਸਰਕਾਰ ਪਾਸ ਗਏ ਹਨ, ਸੀ.ਐਮ. ਸਾਹਿਬ ਵੀ ਗਏ ਹਨ ਜਿਨ੍ਹਾਂ ਕੋਸ਼ਿਸ਼ਾਂ ਦਾ ਨਤੀਜਾ ਇਹ ਹੋਇਆ ਹੈ ਕਿ ਹੁਣ ਵੈਗਨਾਂ ਦੀ ਹਾਲਤ ਬਿਹਤਰ ਹੋ ਗਈ ਹੈ । 37 ਹਜ਼ਾਰ ਬੋਰੀ ਸੀਮਿੰਟ ਅੰਮ੍ਰਿਤਸਰ ਵਿਚ ਦੋ ਹਫਤਿਆਂ ਵਿਚ ਵੰਡੀ ਗਈ ਹੈ। 30 ਹਜ਼ਾਰ ਬੋਰੀ ਸੀਮਿੰਟ ਲੁਧਿਆਣੇ ਵੰਡੀ ਜਾ ਰਹੀ ਹੈ। ਇਸ ਤਰ੍ਹਾਂ ਹੀ ਦੂਸਰਿਆਂ ਜ਼ਿਲ੍ਹਿਆਂ ਦੀ ਹਾਲਤ ਹੈ । ਹੁਣ

ਸੀਮਿੰਟ ਦੀ ਪੁਜ਼ੀਸ਼ਨ ਇਮਪਰੂਵ ਹੋ ਗਈ ਹੈ । ਇਸ ਦਾ ਕਾਰਣ ਇਹ ਹੈ ਕਿ ਸਾਨੂੰ ਜ਼ਰੂਰਤ ਦੇ ਮੁਤਾਬਿਕ ਰੇਲਵੇ ਵੈਗਨਾਂ ਮਿਲ ਗਈਆਂ ਹਨ । ਇਸ ਤੋਂ ਇਲਾਵਾ ਸੀਮਿੰਟ ਵੀ ਹੋਰ ਫੈਕਟਰੀਆਂ ਤੋਂ ਮਿਲ ਗਿਆ ਹੈ ।

ਇਸ ਦੀ ਵੰਡ ਬਾਰੇ ਡਿਸਟਰਿਕਟ ਮੈਜਿਸਟਰੇਟਾਂ ਨੂੰ ਵੀ ਇਖਤਿਆਰ ਦੇ ਦਿਤਾ ਗਿਆ ਹੈ ਕਿ ਸੀਮਿੰਟ ਡੀਲਰਾਂ ਨੂੰ ਫੀ ਕਸ ਦੋ ਬੋਰੀ ਸੀਮਿੰਟ ਖੁਲ੍ਹੇ ਤੋਰ ਤੇ ਵੇਚਣ ਦੀ ਇਜਾਜ਼ਤ ਦਿਤੀ ਜਾਵੇ । ਇਸ ਤਰ੍ਹਾਂ ਉਹ ਡੀਲਰ ਟੋਟਲ ਸਟਾਕ ਦਾ ਕੁਝ ਪਰਸੈਂਟ ਮਹਿਕਮੇਂ ਦੀ ਰਾਹੀਂ ਅਤੇ ਬਾਕੀ ਉਹ ਆਪ ਹੀ ਓਪਨ ਮਾਰਕਿਟ ਵਿਚ ਵਚ ਸਕਦਾ ਹੈ ।

ਸਾਫਟ ਜਾਂ ਸਟੀਮ ਕੋਲ ਦੀ ਕੋਈ ਕਮੀ ਨਹੀਂ ਪਰ ਵੈਗਨਾਂ ਨਾ ਹੋਣ ਕਾਰਨ ਇਹ ਕਮੀ ਹੋ ਗਈ ਸੀ ਅਤੇ ਹੈ ਇਸ ਗਲ ਨੂੰ ਮੰਨਣ ਤੋਂ ਮੈਨੂੰ ਕੋਈ ਸੰਕੋਚ ਨਹੀਂ । ਪੰਜਾਬ ਵਿਚ ਸਾਡੀ ਜ਼ਰੂਰਤ ਦੇ ਮੁਤਾਬਿਕ 27 ਰੇਕ ਚਾਹੀਦੇ ਹਨ ਹਰ ਮਹੀਨੇ ਪਰ ਦਿਤੇ ਕਿੰਨੇ ਗਏ ਹਨ ਇਨ੍ਹਾਂ ਦਾ ਮੈਂ ਵੇਰਵਾ ਦਿੰਦਾ ਹਾਂ ਕਿ ਅਪ੍ਰੈਲ ਵਿਚ 21, ਮਈ ਵਿਚ 17, ਜੂਨ ਵਿਚ 10 ਅਤੇ ਜੁਲਾਈ ਦੇ ਮਹੀਨੇ 13 ਰੈਕ ਦਿਤੇ ਗਏ ਹਨ ਇਸ ਕਰਕੇ ਕੁਦਰਤੀ ਤੋਰ ਤੇ ਕਮੀ ਹੋ ਗਈ ਸੀ । ਅਤੇ ਲੋਕਾਂ ਦੀ ਸ਼ਿਕਾਇਤ ਕੁਦਰਤੀ ਹੈ । ਅਸੀਂ ਇਸ ਸਬੰਧ ਵਿਚ ਕੋਸ਼ਿਸ਼ ਕਰ ਰਹੇ ਹਾਂ । ਕੇਂਦਰ ਦੇ ਨਵੇਂ ਰੇਲਵੇ ਮਨਿਸਟਰ ਸਾਹਿਬ ਨੂੰ ਵੀ ਮਿਲੇ ਹਾਂ ਅਤੇ ਜ਼ੋਰ ਦਿਤਾ ਹੈ ਕਿ ਉਹ ਇਸ ਮਸਲੇ ਨੂੰ ਆਪਣੇ ਹੱਥ ਵਿਚ ਲੈਕੇ ਪੰਜਾਬ ਦੀ ਇਸ ਕਮੀ ਨੂੰ ਪੂਰਾ ਕਰਨਗੇ ਉਨ੍ਹਾਂ ਨੇ ਵਿਸ਼ਵਾਸ਼ ਦਿਵਾਇਆ ਹੈ ਕਿ ਉਹ ਆਪ ਉਚੇਚਾ ਧਿਆਨ ਦੇ ਕੇ ਪੰਜਾਬ ਦੀ ਇਸ ਦਿਕਤ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ । ਅਤੇ ਆਸ ਹੈ ਕਿ ਇਹ ਕਮੀ ਅਗਸਤ ਦੇ ਮਹੀਨੇ ਵਿਚ ਬਹੁਤ ਹਦ ਤਕ ਦੂਰ ਹੋ ਜਾਵੇਗੀ।

ਵੈਗਨਾਂ ਦੀ ਕਮੀ ਕਾਰਨ ਅਤੇ ਕੋਲੇ ਦੀ ਕਮੀ ਕਾਰਨ ਇਟਾਂ ਦੀ ਕਮੀ ਹੋ ਗਈ ਹੈ । ਇਟਾਂ ਦੀ ਕਮੀ ਦਾ ਇਕ ਹੋਰ ਵੀ ਵਡਾ ਕਾਰਨ ਇਹ ਹੈ ਕਿ ਸਰਕਾਰ ਨੇ ਇਸ ਗਲ ਦਾ ਫੈਸਲਾ ਕੀਤਾ ਹੈ ਕਿ ਹਰ ਕੀਮਤ ਤੇ ਪੰਜਾਬ ਦੀ ਡਿਵੇਲਪਮੈਂਟ ਦੇ ਕੰਮਾਂ ਨੂੰ ਪੂਰਾ ਕੀਤਾ ਜਾਵੇ । ਦੋ ਸਾਲ ਵਿਚ ਸਾਰੇ ਪੰਜਾਬ ਵਿਚ ਲਿੰਕ ਰੋਡਜ਼ ਮੁਕੰਮਲ ਕਰਨ ਦਾ ਫੈਸਲਾ ਵੀ ਹੈ । ਪੱਕੀਆਂ ਸੜਕਾਂ ਬਣਾਉਣੀਆਂ ਹਨ ਅਤੇ ਇਸ ਦੇ ਨਾਲ ਹੀ ਡਿਵੈਲਪਮੈਂਟ ਬੋਰਡ ਅਤੇ ਸੈਨੀਟਰੀ ਬੋਰਡ ਦੀਆਂ ਸਕੀਮਾਂ ਹਨ ਫਿਰ ਪਿੰਡਾਂ ਵਿਚ ਧਰਮਸ਼ਾਲਾਂ ਬਣਾਉਣੀਆਂ ਹਨ ਯੂਨੀਵਰਸਿਟੀਆਂ ਦੀ ਤਾਮੀਰ ਦਾ ਕੰਮ ਹੈ ਅਤੇ ਇਸ ਦੇ ਨਾਲ ਹੀ ਬਾਰਡਰ ਦੇ ਏਰੀਆ ਵਿਚ ਮਕਾਨ ਬਣਾ ਕੇ ਦੇਣੇ ਹਨ ਉਨ੍ਹਾਂ ਲੋਕਾਂ ਨੂੰ ਜਿਹੜੇ ਕਿ ਵਾਪਸ ਆ ਗਏ ਹਨ ਉਥੇ ਵਸਣ ਲਈ । ਇਨ੍ਹਾਂ ਸਾਰੇ ਕੰਮਾਂ ਕਾਰਨ ਵੀ ਇਟਾਂ ਦੀ ਕਮੀ ਹੋ ਗਈ ਹੈ । ਅਤੇ ਆਸ ਹੈ ਕਿ ਇਸ ਪੱਖ ਵਿਚ ਹਾਲਤ ਅਗਸ਼ਤ ਦੇ ਮਹੀਨੇ ਵਿਚ ਕਾਫੀ ਬੇਹਤਰ ਹੋ ਜਾਵੇਗੀ ।

ਜਿਥੋਂ ਤਕ ਬਲੈਕ ਕਰਨ ਵਾਲਿਆਂ ਦਾ ਸਬੰਧ ਹੈ, ਉਨ੍ਹਾਂ ਦੇ ਖਿਲਾਫ ਬਿਨਾ ਕਿਸੇ ਲਿਹਾਜ਼ ਦੇ ਸਰਕਾਰ ਕਾਰਵਾਈ ਕਰ ਰਹੀ ਹੈ ਅਤੇ ਕਰਨ ਨੂੰ ਤਿਆਰ ਹੈ ।ਹਾਲ ਵਿਚ ਹੀ ਜਲੰਧਰ ਦੇ 8 ਭਠਿਆਂ ਦੇ ਲਾਇਸੰਸ ਕੈਂਸਲ ਕਰ ਦਿਤੇ ਗਏ ਹਨ । ਇਕ ਗਲ ਮੈਂ ਇਹ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਇਸ ਸਰਕਾਰ ਦਾ ਇਹ ਫੈਸਲਾ ਹੈ, ਕਿ ਕਿਸੇ ਆਦਮੀ ਦਾ ਵੀ ਲਿਹਾਜ਼ ਨਹੀਂ ਕੀਤਾ ਜਾਵੇਗਾ । ਭਾਵੇਂ ਉਹ ਕਿੰਨਾ ਹੀ ਵਡਾ ਜਾਂ ਅਸਰ ਰਸੂਖ ਵਾਲਾ ਕਿਉਂ ਨਾ ਹੋਵੇ । ਇੱਟਾਂ ਦਾ ਭਾ 51 ਰੁਪਏ ਸਪਾਂਸਰਡ ਅਤੇ 63 ਰੁਪਏ ਦੂਜਾ ਹੈ ਪਰ ਇਹ ਸ਼ਿਕਾਇਤ ਆਈ ਹੈ ਕਿ ਆਪਣਾ ਟਰਕ ਲੈ ਕੇ ਜਾਵੇ ਤਾਂ ਉਸ ਨੂੰ ਦਿਕਤ ਵਿਚ ਪਾਇਆ ਜਾਂਦਾ ਹੈ ਅਤੇ ਬਲੈਕ ਕੀਤੀ ਜਾਂਦੀਂ ਹੈ ਇਸ ਪੱਖ ਵਲ ਵੀ ਸਰਕਾਰ ਧਿਆਨ ਦੇ ਰਹੀ ਹੈ ਅਤੇ ਆਸ ਹੈ ਕਿ ਜਿਹੜੇ ਕਦਮ ਸਰਕਾਰ ਚੁਕ ਰਹੀ ਹੈ ਇਨ੍ਹਾਂ ਨਾਲ ਇੱਟਾਂ ਦੀ ਪੋਜ਼ੀਸ਼ਨ ਸੁਧਰ ਜਾਵੇਗੀ ।

[ਰਾਜ ਮੰਤਰੀ ਖੁਰਾਕ ਅਤੇ ਸਪਲਾਈ]

ਜਿਥੋਂ ਤਕ ਅਨਾਜ ਅਤੇ ਖੰਡ ਦੀ ਸਪਲਾਈ ਦਾ ਸਬੰਧ ਹੈ ਇਸ ਵਿਚ ਬਚਤ ਕਰਨ ਵਲ ਵੀ ਸਰਕਾਰ ਨੇ ਧਿਆਨ ਦਿਤਾ ਹੈ ਅਤੇ ਪੰਜਾਬ ਵਿਚ ਗੈਸਟ ਕੰਟਰੋਲ ਆਰਡਰ ਲਾਗੂ ਕਰ ਦਿਤਾ ਹੈ। ਇਹ ਪਹਿਲੀ ਸਟੇਟ ਹੈ ਜਿਸ ਨੇ ਇਸ ਪਾਸੇ ਵਲ ਧਿਆਨ ਦਿਤਾ ਹੈ ਅਤੇ ਬਾਕੀ ਦੇ ਰਾਜ ਵੀ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰ ਰਹੇ ਹਨ । ਪੰਜਾਬ ਸਰਕਾਰ ਜੋ ਕਹਿੰਦੀ ਹੈ ਉਸ ਨੂੰ ਕਰਦੀ ਵੀ ਹੈ ਅਤੇ ਕਿਸੇ ਬਿਆਨਬਾਜ਼ੀ ਵਿਚ ਨਹੀਂ ਪੈਂਦੀ । ਪੰਜਾਬ ਸਰਕਾਰ ਕੋਸ਼ਿਸ਼ ਕਰ ਰਹੀ ਹੈ ਅਤੇ ਕਾਰਵਾਈ ਕਰ ਰਹੀ ਹੈ । ਜ਼ਿਲ੍ਹੇ ਦੇ ਉਚਿਤ ਅਫਸਰ ਨੂੰ ਹਦਾਇਤ ਕਰ ਦਿਤੀ ਗਈ ਹੈ ਕਿ ਡਿਪੋ-ਹੋਲਡਰਜ਼ ਪਾਸ ਅਨਾਜ ਪੁਜਾ ਦਿਤਾ ਜਾਵੇ ਅਤੇ ਜਿਥੇ ਜ਼ਰੂਰਤ ਸਮਝੀ ਜਾਵੇ ਨਵੇਂ ਡਿਪੋ ਸਰਕਾਰੀ ਅਨਾਜ ਅਤੇ ਆਟੇ ਲਈ ਖੋਲ੍ਹ ਦਿਤੇ ਜਾਣ ਤਾਂ ਕਿ ਲੋਕਾਂ ਨੂੰ ਸਸਤੇ ਭਾ ਤੇ ਅਨਾਜ ਮਿਲ ਸਕੇ । ਇਹ ਵੀ ਇਸ ਪੱਖ ਵਿਚ ਸ਼ਿਕਾਇਤ ਸੀ ਕਿ ਡਿਪੋਆਂ ਤੇ ਆਟੇ ਵਿਚ ਮਿਲਾਵਟ ਹੁੰਦੀ ਹੈ । ਇਸ ਨੂੰ ਦੂਰ ਕਰਨ ਲਈ ਹਦਾਇਤ ਕਰ ਦਿਤੀ ਗਈ ਹੈ ਕਿ ਡਿਪੋਆਂ ਤੋਂ ਵੀ ਸੈਂਪਲ ਭਰੇ ਜਾ ਸਕਦੇ ਹਨ ਅਤੇ ਉਨਾਂ ਵਿਚ ਹੋਈ ਮਿਲਾਵਟ ਪਾਈ ਜਾਵੇ ਤਾਂ ਸਖਤ ਕਾਰਵਾਈ ਕੀਤੀ ਜਾਵੇ । ਇਸ ਵਿਚ ਕਿਸੇ ਦਾ ਲਿਹਾਜ਼ ਨਾ ਕੀਤਾ ਜਾਵੇ । ਇਹ ਪੰਜਾਬ ਦੀ ਸਰਕਾਰ ਜਨਤਾ ਦੀ ਸਰਕਾਰ ਹੈ ਅਤੇ ਜਨਤਾ ਦਾ ਦਰਬਾਰ ਹੈ ਅਤੇ ਇਸ ਜਨਤਾ ਦੇ ਦਰਬਾਰ ਵਿਚ ਅਸੀਂ ਜਨਤਾ ਦੇ ਵਿਸ਼ਵਾਸ਼ਪਾਤਰ ਹਾਂ ਅਤੇ ਜਿਸ ਵਿਸ਼ਵਾਸ਼ ਨਾਲ ਉਨ੍ਹਾਂ ਨੇ ਸਾਨੂੰ ਸੇਵਾ ਕਰਨ ਦਾ ਮਾਣ ਬਖਸ਼ਿਆ ਹੈ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਉਸ ਵਿਚ ਹੋਰ ਵਾਧਾ ਕੀਤਾ ਜਾਵੇ ਅਤੇ ਜਨਤਾ ਨੂੰ ਇਸ ਪੱਖ ਵਿਚ ਕੋਈ ਤਕਲੀਫ ਨਾ ਪੇਸ਼ ਆਵੇ । ਜਿਥੇ ਪੰਜਾਬ ਸਰਕਾਰ ਹਰ ਕਦਮ ਇਸ ਪੱਖ ਵਿਚ ਉਠਾ ਰਹੀ ਹੈ ਕਿ ਵਧ ਰਹੀਆਂ ਕੀਮਤਾਂ ਵਿਚ ਰੋਕ ਪਾਈ ਜਾਵੇ ਅਤੇ ਕੁਝ ਹਦ ਤਕ ਪਈ ਵੀ ਹੈ ਉਥੇ ਮੈਂ ਡਿਪਟੀ ਸਪੀਕਰ ਸਾਹਿਬ ਆਪ ਪਾਸ ਬੇਨਤੀ ਕਰਾਂਗਾ ਕਿ ਅਪੋਜ਼ੀਸ਼ਨ ਦੇ ਲੀਡਰ ਅਤੇ ਬਾਕੀ ਮੈਂਬਰ ਸਾਹਿਬਾਨ ਪਾਸ ਖਿਨੇ ਕੀਤੀ ਜਾਵੇ ਕਿ ਉਹ ਇਸ ਤਰ੍ਹਾਂ ਦੇ ਬਿਆਨ ਨਾ ਦੇਣ ਜਿਨ੍ਹਾਂ ਨਾਲ ਮਹਿੰਗਾਈ ਨੂੰ ਹਵਾ ਮਿਲੇ । ਸਗੋਂ ਉਨ੍ਹਾਂ ਨੂੰ ਮਹਿੰਗਾਈ ਕਰਨ ਵਾਲਿਆਂ ਦੀ ਹੌਸਲਾ ਸ਼ਿਕਨੀ ਕਰਨੀ ਚਾਹੀਦੀ ਹੈ । ਜਦ ਕੋਈ ਇਸ ਤਰ੍ਹਾਂ ਦਾ ਬਿਆਨ ਆ ਜਾਂਦਾ ਹੈ ਤਾਂ ਹੋਲਡਰ ਸਟਾਕ ਨੂੰ ਕਾਬੂ ਕਰ ਲੈਂਦੇ ਹਨ ਅਤੇ ਚੀਜ਼ਾਂ ਦਾ ਭਾ ਚੜ੍ਹ ਜਾਂਦਾ ਹੈ । ਇਸ ਲਈ ਮੈਂ ਬਰਾੜ ਸਾਹਿਬ ਪਾਸ ਅਤੇ ਬਾਕੀਆਂ ਪਾਸ ਅਪੀਲ ਕਰਾਂਗਾ ਕਿ ਉਹ ਇਸ ਤਰ੍ਹਾਂ ਦੇ ਬਿਆਨ ਦੇਣ ਜਿਸ ਨਾਲ ਮਹਿੰਗਾਈ ਨੂੰ ਹੌਸਲਾ ਨਾ ਮਿਲੇ । ਸਰਕਾਰ ਨੇਕ ਨੀਤੀ ਨਾਲ ਮਹਿੰਗਾਈ ਨੂੰ ਰੋਕਣ ਵਾਸਤੇ ਕੋਸ਼ਿਸ਼ ਕਰ ਰਹੀ ਹੈ ਅਤੇ ਇਸੇ ਵਿਚ ਕਿਸੇ ਗਲੋਂ ਪਿਛੇ ਨਹੀਂ ਰਹੇਗੀ ।

8.04 P.M.

Mr. Deputy Speaker: The House stands adjourned *sine die*.

(*The Sabha then adjourned sine die.*)

APPENDIX

TO

PUNJAB VIDHAN SABHA DEBATES

Dated 14th August, 1972

Vol II-No. 1

SAMANA TO CHHATRANA ROAD

*547. **Sardar Gurdev Singh Sidhu :** Will the Chief Minister be pleased to state—

(a) the date when the road from Samana to Chhatrana via Bareda-Badshahpur was constructed;

(b) whether the repair of the said road was ever done since its construction, if so, when;

(c) whether it is a fact that the said road is lying in a state of disrepair at present and even the culverts on the same have not been completed so far;

(d) whether there is any scheme under consideration of the department for carrying out the general repairs of the said road and completing the culverts thereon; if so, the time limit by which this is likely to be completed?

Giani Zail Singh . (a) The name of the link road is Samana to Shutrana via Retgarh and not via Bareda Badshahpur. The work on this link road was taken in hand in 1968 and completed during the year 1971.

(b) This link road was damaged last year due to the heavy rains and consequent stagnation of water on the road and the repairs were carried out this year.

(c) The culverts have been constructed in a length of 12 miles and work on the remaining culverts shall be completed by the end of August. Regarding construction of culverts on the irrigation channels, there is no provision.

(d) The general repairs to the roads are to be carried out, as the maintenance of link road rests with B & R Department.

[(ਏ) ਸੜਕ ਦਾ ਨਾਂ ਸਮਾਨਾ ਸ਼ੁਤਰਾਨਾ ਵਾਇਆ ਰਤੇਗੜ੍ਹ ਹੈ, ਨਾ ਕਿ ਵਾਇਆ ਬੜੋਦਾ ਬਾਦਸ਼ਾਹ ਪੁਰ। ਇਸ ਸੜਕ ਤੇ ਕੰਮ 1968 ਵਿਚ ਸ਼ੁਰੂ ਹੋਇਆ ਸੀ ਅਤੇ ਸਾਲ 1971 ਵਿਚ ਮੁਕੰਮਲ ਕੀਤਾ ਗਿਆ।

(ਬੀ) ਪਿਛਲੇ ਸਾਲ ਭਾਰੀ ਵਰਖਾ ਹੋਣ ਕਾਰਣ ਅਤੇ ਪਾਣੀ ਦੇ ਖੜ੍ਹੇ ਹੋਣ ਕਾਰਣ ਸੜਕ ਖਰਾਬ ਹੋ ਗਈ ਸੀ ਅਤੇ ਇਸ ਸਾਲ ਇਸ ਦੀ ਮੁਰੰਮਤ ਕਰ ਦਿੱਤੀ ਗਈ ਹੈ।

(ਸੀ) 12 ਮੀਲਾਂ ਦੀ ਲੰਬਾਈ ਵਿਚ ਕਲਵਰਟਸ ਉਸਾਰ ਦਿੱਤੇ ਗਏ ਹਨ ਅਤੇ ਬਾਕੀ ਦੇ ਅਗਸਤ ਦੇ ਅੰਤ ਤਕ ਬਣਾ ਦਿੱਤੇ ਜਾਣਗੇ। ਸਿੰਚਾਈ ਚੈਨਲਜ਼ ਤੇ ਕਲਵਰਟਸ ਬਣਾਉਣ ਦਾ ਕੋਈ ਉਪਬੰਧ ਨਹੀਂ ਹੈ।]

(ਡੀ) ਸੜਕਾਂ ਦੀ ਆਮ ਰਿਪੇਅਰ ਕੀਤੀ ਜਾਣੀ ਹੈ ਕਿਉਂਕਿ ਲਿੰਕ ਸੜਕਾਂ ਲੋਕ ਨਿਰਮਾਣ ਵਿਭਾਗ ਕੋਲ ਹਨ ।

SOLING IN BED OF CHOES FALLING ON HOSHIARPUR-GARHSHANKAR ROAD

*550. **Comrade Darshan Singh Canadian**: Will the Chief Minister be pleased to state—

(a) the total number of bricks that were laid in 1972 to provide soling in the beds of the choes that fall on Hoshiarpur-Garhshankar road;

(b) estimated cost of these bricks;

(c) expenditure incurred on the soling;

(d) the length in which the soling was done;

(e) the length in which the soling was washed away by the floods in choes ?

Giani Zail Singh (a) 2,45,926.

(b) Rs. 17,214.

(c) Rs. 19,295.

(d) 3845 feet.

(e) 600 feet.

[(ਏ) 2,45,926

(ਬੀ) 17,214 ਰੁਪਏ

(ਸੀ) 19,295 ਰੁਪਏ

(ਡੀ) 3845 ਫੁਟ

(ਈ) 600 ਫੁਟ]

REPRESENTATION REGARDING PURCHASE OF SUB-STANDARD AYURVEDIC MEDICINES BY MUNICIPAL COMMITTEE, JULLUNDUR

*556. **Comrade Shamsher Singh Josh**: Will the Minister of State for Local Government and Jails be pleased to state—

(a) whether the D.C. Jullundur received during the first half of 1972 a representation from Agya Ram Vaid, alleging purchase of sub-standard Ayurvedic Medicines by Municipal Committee, Jullundur in an irregular manner;

(b) whether it is a fact that the said medicines were got tested in Chandigarh, if so, with what result;

(c) whether any action was taken against the official found at fault ?

Shri Joginder Pal Pandey: (a) Yes.

(b) No.

(c) Question does not arise.

(ਏ) ਹਾਂ ਜੀ ।

(ਬੀ) ਨਹੀਂ ਜੀ ।

(ਸੀ) ਸਵਾਲ ਪੈਦਾ ਨਹੀਂ ਹੁੰਦਾ ।]

WORKERS AFFECTED BY LAY OFF IN NEW INDIA EMBROIDERY MILLS.

372. **Comrade Satya Pal Dang**: Will the Minister for Finance be pleased to state—

(a) the total number of man days lost as a result of lay-off by the Management of the New India Embroidery Mills, Private Limited, Chheharta during each of the years 1969, 1970 and 1971 as well as during 1972 to date;

(b) the number of workers of the said Mills who were laid off for more than 30 days during each of the years mentioned in part (a) above;

(c) the total number of workmen in the said Mills as on 31st December, 1969, 31st December, 1970 and 31st December, 1971 ?

ਸ੍ਰੀ ਹੰਸ ਰਾਜ ਸ਼ਰਮਾ

ਏ) ਸਾਲ		ਖੋਈਆਂ ਕਿਰਤ ਦਿਹਾੜੀਆਂ
1969	..	10,727
1970	..	2,716
1971	..	4,675
1972 (ਜੂਨ ਤਕ)	..	5,121

ਬੀ) ਸਾਲ		ਕਾਮੇ
1969	..	200
1970	..	200
1971	..	200
1972 (11-8-72 ਤਕ)	..	213

ਸੀ) ਸਮਾਂ		ਕਾਮੇ
31-12-69	...	290
31-12-70	..	254
31-12-71	..	255

PROVISION FOR EMPLOYMENT AND HOUSING FOR HOMELESS TRIBES IN THE STATE.

376. **Sardar Dhanna Singh Gulshan**: Will the Minister for Irrigation and Power be pleased to state—

(a) whether the Government has prepared any list of homeless tribes like Taprivas, Sikligar, Sansi and Beggars in the State, if so, a copy thereof be laid on the Table of the House;

(b) the total number of such homeless people in the State;

(c) whether the Government has prepared any plan to provide employment and housing to these nomadic tribes; if so, the time by which the same is likely to be enforced ?

Shri Gurmail Singh: (a) No.

(b) In view of (a) above question does not arise.

(c) No special plan for these communities has so far been prepared.

(ਏ) ਨਹੀਂ ਜੀ ।

(ਬੀ) ਉਪਰੋਕਤ (ਏ) ਨੂੰ ਮੁਖ ਰੱਖਦਿਆਂ ਸਵਾਲ ਹੀ ਪੈਦਾ ਨਹੀਂ ਹੁੰਦਾ ।

(ਸੀ) (ਏ) ਵਿਚ ਦਰਜ਼ ਜਾਤੀਆਂ ਲਈ ਕੋਈ ਸਪੈਸ਼ਲ ਪ੍ਰੋਗਰਾਮ ਉਲੀਕਿਆ ਨਹੀਂ ਗਿਆ ਜੀ ।]

NAIB REGULATION JAMADARS IN THE IRRIGATION (CANALS) DEPARTMENT.

379. 1. **Comrade Dana Ram**
2. **Comrade Satya Pal Dang**

Will the Minister for Irrigation and Power be pleased to state—

(a) the total number of Naib Regulation Jamadars in the Irrigation (Canals) Department in the State at present.

(b) whether it is a fact that they are promoted from amongst the Guage Readers, if so, whether they are allowed any higher grade than that admissible to Guage Readers, if not, the reasons therefor ?

Sh. Gurmail Singh (Irrigation & Power Minister): (a) 3.

(b) (i) No.

(ii) Question Does not arise.

[(ੳ) 3

(ਅ) (1) ਨਹੀਂ ਜੀ ।

(2) ਸਵਾਲ਼ ਹੀ ਨਹੀਂ ਪੈਦਾ ਹੰਦਾ ।]

TECHNICAL ASSISTANT EMPLOYED IN THE AUDIO VISUAL CELL OF THE EDUCATION DEPARTMENT.

380. 1. Comrade Dana Ram
2. Comrade Satya Pal Dang } Will the Minister for Education and Revenue be pleased to state—

(a) whether the Education Department has any Audit Visual Cell, if so, the number of Technical Assistants employed in this cell;

(b) whether the question of revision of the pay scale etc. of the said Technical Assistants was considered by the Punjab Pay Commission; if so, the pay scale and D.A. etc. admissible to them at present and before the Report of the Pay Commission;

(c) whether it is a fact that the new pay-scale is less advantageous to the said employees if so far as it results in less total remuneration than before ?

Sardar Umrao Singh : (a) Yes. One.

(b) Yes.

Present Pay scale 160-10-400. DA etc. at Govt. prescribed rate. Old pay scale 150-10-300. DA etc. at. Government prescribed rates.

(c) Not on 1st February, 1968 (date of revision of the grade). The official opted for the revised pay scale.

[(ਏ) ਹਾਂ, ਇਕ

(ਬੀ) ਹਾਂ ।

ਹੁਣ ਦਾ ਵੇਤਨ ਸਕੇਲ 160-10-400 ਮਹਿੰਗਾਈ ਭੱਤਾ ਆਦਿ ਸਰਕਾਰ ਵਲੋਂ ਨਿਸ਼ਚਿਤ ਰੇਟ ਤੇ ।

ਪੁਰਾਣਾਂ ਵੇਤਨ ਸਕੇਲ 150-10-300 ਮਹਿੰਗਾਈ ਭੱਤਾ ਆਦਿ ਸਰਕਾਰ ਵਲੋਂ ਨਿਸ਼ਚਿਤ ਰੇਟ ਤੇ ।

(ਸੀ) 1-2-1968 (ਗਰੇਡ ਸੁਧਾਈ ਦੀ ਮਿਤੀ) ਨੂੰ ਨਹੀ ਸੀ । ਸਬੰਧਤ ਕਰਮਚਾਰੀ ਨੇ ਮਿਥੇ ਗਰੇਡ ਲਈ ਆਪਸ਼ਨ ਦਿੱਤੀ ਸੀ ।]

SUSPECTED MURDER OF MOHINDER SINGH OF HAVELI RANJA OUTSIDE CHATTIWIND GATE, AMRITSAR.

388. 1. **Comrade Dana Ram**
2. **Comrade Satya Pal Dang** : Will the Chief Minister be pleased to state—

(a) whether in the month of May, 1972, any legislator made a representation dated 3rd May, 1972 to the Chief Minister regarding the suspected murder of Mohinder Singh of Haveli Ranja, outside Chattiwind Gate, Amritsar, if so, a copy of the same be laid on the Table of the House;

(b) whether any enquiry was ordered into the allegations contained in the said representation; if so, the name of person who held the enquiry and copy of the enquiry report be laid on the Table of the House;

(c) the action taken by the Government against the officials found at fault ?

ਗਿਆਨੀ ਜ਼ੈਲ ਸਿੰਘ : (ਏ) ਹਾਂ ਜੀ । ਕਾਪੀ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਬੀ) ਹਾਂ ਜੀ। ਇਸ ਮਾਮਲੇ ਦੀ ਇਨਕੁਆਇਰੀ ਸ੍ਰੀ ਆਰ. ਪੀ. ਜੋਸ਼ੀ ਆਈ. ਪੀ. ਐਸ. ਅਡੀਸ਼ਨਲ ਸੁਪਰਡੈਂਟ ਪੁਲਿਸ ਅੰਮ੍ਰਿਤਸਰ ਨੇ ਕੀਤੀ ਸੀ। ਉਨ੍ਹਾਂ ਦੀ ਇਨਕੁਆਇਰੀ ਰਿਪੋਰਟ ਦੀ ਨਕਲ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸੀ) ਇਸ ਸਬੰਧ ਵਿਚ ਮੁਕਦਮਾ ਨੰ: 66 ਮਿਤੀ 3-5-72 ਜ਼ੇਰ ਧਾਰਾ 365-348-342 ਭ:ਦ: ਥਾਣਾ 'ਬੀ' ਡਵੀਜ਼ਨ ਵਿਚ ਦਰਜ਼ ਹੋਇਆ ਸੀ । ਦੌਰਾਨੇ ਤਫਤੀਸ਼ ਪਾਇਆ ਗਿਆ ਹੈ ਕਿ ਮਿਤੀ 4-4-72 ਨੂੰ ਸੀ. ਆਈ. ਏ. ਸਟਾਫ ਅੰਮ੍ਰਿਤਸਰ ਪੁਲਿਸ ਦੇ ਕਰਮਚਾਰੀ ਹਵਾਲਦਾਰ ਦਿਲਬਾਗ ਸਿੰਘ ਨੰ: 651 ਕਾਨਸਟੇਬਲ ਸੁਰਿੰਦਰ ਸਿੰਘ ਨੰ: 1794 ਅਤੇ ਕਾਨਸਟੇਬਲ ਦਰਸ਼ਨ ਸਿੰਘ ਨੰ: 908 ਮਹਿੰਦਰ ਸਿੰਘ ਨੂੰ ਉਸ ਦੇ ਘਰ ਤੋਂ ਪਕੜ ਕੇ ਲਿਆਏ ਸਨ ਅਤੇ ਦਰਿਆਫਤ ਦੇ ਦੌਰਾਨ ਇਨ੍ਹਾਂ ਕਰਮਚਾਰੀਆਂ ਪਾਸੋਂ ਮਹਿੰਦਰ ਸਿੰਘ ਨੂੰ ਸੱਟਾਂ ਲੱਗੀਆਂ ਸਨ । ਉਹ ਉਸ ਨੂੰ ਕਿਸੇ ਬਾਹਰ ਦੇ ਯੂਨਿਟ ਵਿਚ ਰਖਣ ਅਤੇ ਇਲਾਜ ਵਾਸਤੇ ਲੈ ਜਾ ਰਹੇ ਸਨ ਜੋ ਰਸਤੇ ਵਿਚ ਹੀ ਮਹਿੰਦਰ ਸਿੰਘ ਦੀ ਮੌਤ ਹੋ ਗਈ । ਜਿਸਦੀ ਲਾਸ਼ ਨੂੰ ਉਪਰੋਕਤ ਕਰਮਚਾਰੀਆਂ ਨੇ ਦਰਿਆ ਵਿਚ ਰੋੜ੍ਹ ਦਿੱਤਾ। ਦੋਸ਼ੀ ਪੁਲਿਸ ਕਰਮਚਾਰੀ ਗ੍ਰਿਫਤਾਰ ਕੀਤੇ ਗਏ ਸਨ ਅਤੇ ਜੁਰਮ 302-201 ਭ:ਦ: ਪਾਇਆ ਗਿਆ ਸੀ। ਇਸ ਕੇਸ ਦਾ ਚਲਾਨ ਤਿਆਰ ਹੋ ਚੁਕਿਆ ਹੈ ਅਤੇ ਜਲਦੀ ਹੀ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ।

Very Urgent

Ekta Bhawan,
Chheharta.
Camp.Chandigarh
Dated 3-5-72.

My Dear Giani Ji,

A few days ago I recieved the following telegram :—

"My husband Mohinder Singh and one Karam Singh taken into custody by Dilbag Singh HC.C.A. Staff, Amritsar. on 4th April,Instt. from Haveli Ranjha outside Chatiwind Gate, Amritsar. Karam Singh was immediately released but no whereabout of my husband—pray for enquiry."

The telegram was from one Pritam Kaur.

I also received a representation dated 17th April,1972. from Smt. Pritam Kaur w/o S. Mohinder Singh ,Haveli Ranjha, out side Chattiwind Gate, Amritsar. A copy of the same is enclosed herewith.

When I went to Amritsar this time I found that another representation had been given in our office there.

I was also told that the general belief in the area was that Sh. Mohinder Singh had been killed by the police. If true, it is an extremely serious matter.

I am writing this to request that a thorough and impartial enquiry should be held into this whole matter and the police officials concerned should be made to come out with the truth. The matter must not be allowed to be hushed up.

With regards,

Yours sincerely,
Sd/-
(Satya Pal Dang.)

Giani Zail Singh,
Chief Minister, Punjab,
Chandigarh.

Ekta Bhawan,
Chheharta.
Camp.Chandigarh.
3-5-72.

Shri Satya Pal Dang,
M.L.A.,
C/O Speaker Punjab Assembly,
Chandigarh.

With due respect I beg to state that S. Kishan Singh was seriously ill and my husband S. Mohinder Singh and his brother Karam Singh came to Haveli Ranjha outside Chattiwind Gate, Amritsar, on 4th April, 1972. Some police tout informed the police that both Mohinder Singh & Karam Singh have come to Haveli Ranja Amritsar. The police C.I.A.Staff brought them in the staff S. Onkar Singh met the C.I.A.Staff. Police and requested to release both the said persons as they were innocent. Now S.Karam Singh is released on bail from the court of S. Gurdev Singh Amritsar. The said Karam Singh was challaned by the police by putting a false case of revolver.

But about Mohinder Singh they told that they have not brought S. Mohinder Singh. The Police told us that the said Mohinder Singh will be released on bail upto 16th April, 1972 but on 17th they refused that they have not taken him.

Yours faithfully,
sd/-
(Pritam Kaur)
W/o S. Mohinder Singh
Haveli Ranja,Out side
Chattiwind Gate,
Amritsar.

Dated 17th April, 1972.

ਸ੍ਰੀ ਮਾਨ ਜੀ,

ਰਿਪੋਰਟ ਦੀ ਨਕਲ

ਮੈਂ ਹੈਡ ਕਾਨਸਟੇਬਲ ਦਿਲਬਾਗ ਸਿੰਘ ਨੰ: 651 ਦਾ ਵੀ ਬਿਆਨ ਲਿਆ ਹੈ। ਤੇ ਸੀ.ਆਈ.ਏ. ਸਟਾਫ ਦੇ ਹੋਰ ਮੁਲਾਜ਼ਮਾਂ ਜਿਨ੍ਹਾਂ ਦੀ ਡਿਊਟੀ ਮਿਤੀ 4 ਅਪਰੈਲ, 1972 ਨੂੰ ਸਟਾਫ ਵਿਚ ਪਹਿਰਾ ਤੇ ਸੀ ਤੋਂ ਪੁਛ ਗਿਛ ਕੀਤੀ ਹੈ ਦੇ ਉਨ੍ਹਾਂ ਤੇ ਬਿਆਨ ਲਿਖੇ ਹਨ ਪਰ ਨਾ ਤਾਂ ਹੈਡ ਕਾਨਸਟੇਬਲ ਦਿਲਬਾਗ ਸਿੰਘ ਹੀ ਇਹ ਗਲ ਮੰਨਦਾ ਹੈ ਕਿ ਉਹ ਮਿਤੀ 4 ਅਪਰੈਲ, 1972 ਨੂੰ ਮਹਿੰਦਰ ਸਿੰਘ ਤੇ ਕਰਮ ਸਿੰਘ ਉਰਫ ਕਰਮਾ ਹਵੇਲੀ ਰਾਂਝਾ ਇਲਾਕਾ ਥਾਣਾ ਬੀ ਡਵੀਜ਼ਨ ਵਿਚ ਪਕੜ ਕੇ ਲਿਆਇਆ ਸੀ ਤੇ ਨਾਂ ਹੀ ਦੂਸਰੇ ਸਿਪਾਹੀ ਕ੍ਰਿਸ਼ਨ ਲਾਲ 1289, ਮੋਹਨ ਸਿੰਘ 1840 ਤੇ ਇੰਦਰਪਾਲ 1481 ਜੋ ਮਿਤੀ 4 ਅਪਰੈਲ, 1972 ਨੂੰ ਪਹਿਰਾ ਡਿਊਟੀ ਤੇ ਸਨ, ਹੈਡ ਕਾਨਸਟੇਬਲ ਦਿਲਬਾਗ ਸਿੰਘ ਵਲੋਂ ਕਿਸੇ ਵੀ ਮੁਸ਼ਤਬੇ ਨੂੰ ਉਸ ਦਿਨ ਸੀ.ਆਈ.ਏ. ਸਟਾਫ ਵਿਚ ਲਿਆਉਣਾ ਜਾਂ ਬਿਠਾ ਰਖਣਾ ਮੰਨਦੇ ਹਨ ।

2. ਮੈਂ ਮਹਿੰਦਰ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਕੋਟ ਧਰਮ ਚੰਦ ਥਾਣਾ ਝਬਾਲ ਤੋਂ ਪ੍ਰੀਤਮ ਕੌਰ ਅਰਜ਼ੀ ਦੇਣ ਵਾਲੇ ਦਾ ਪਤੀ ਲਗਦਾ ਹੈ ਤੇ ਸਾਬਕਾ ਹਾਲਾਤ ਦੀ ਪੜਤਾਲ ਕਰਾਈ ਹੈ ਇਹ 4 ਭਰਾ ਹਨ, ਇੰਦਰ ਸਿੰਘ, ਮਹਿੰਦਰ ਸਿੰਘ, ਜੁਗਿੰਦਰ ਸਿੰਘ ਅਤੇ ਸੁਰਿੰਦਰ ਸਿੰਘ ਚਾਰੇ ਹੀ ਚੋਰ ਹਨ । ਅਸਲ ਵਸਨੀਕ ਕੋਟ ਧਰਮ ਚੰਦ ਥਾਣਾ ਝਬਾਲ ਦੇ ਹਨ । ਪਰ ਇਨ੍ਹਾਂ ਵਿਚੋਂ ਪਿੰਡ ਵਿਚ ਕੋਈ ਨਹੀਂ ਰਹਿ ਰਿਹਾ ਤੇ ਵੱਖ ਵੱਖ ਥਾਵਾਂ ਕਦੀ ਕਿਤੇ ਸਚੇ ਝੂਠੇ ਨਾਮ ਲਿਖਵਾ ਕੇ ਰਹਿੰਦੇ ਹਨ । ਇਨ੍ਹਾਂ ਵਿਚੋਂ ਜੁਗਿੰਦਰ ਸਿੰਘ 3 ਜੂਨ,1959 ਦਾ ਮੁਕਦਮਾ ਨੰ: 126 ਮਿਤੀ 3 ਜੂਨ, 1969 ਜੁਰਮ 307—324 ਭ:ਦ: ਥਾਣਾ ਝਬਾਲ ਵਿਚ ਮੁਜਰਮ ਇਸ਼ਤਿਹਾਰੀ ਹੈ । ਮਹਿੰਦਰ ਸਿੰਘ ਹੁਣ ਤਕ 9 ਮੁਕਦਮਿਆਂ ਚੋਰੀ ਤੇ ਨਕਬਜ਼ਨੀ ਵਿਚ ਗ੍ਰਿਫਤਾਰ ਹੋ ਚੁਕਾ ਹੈ । ਤੇ ਮੁਕਦਮਾਂ ਨੰ: 1388 ਮਿਤੀ 21 ਨਵੰਬਰ, 1970 ਜੁਰਮ 457—300 ਭ:ਦ: ਥਾਣਾ ਸਿਟੀ ਜਲੰਧਰ ਮੁਕਦਮਾ ਨੰ: 943 ਮਿਤੀ 16 ਅਗਸਤ, 1971 ਜੁਰਮ 457—380 ਭ:ਦ: ਥਾਣਾ ਸਿਟੀ ਜਲੰਧਰ ,ਮੁਕਦਮਾ ਨੰ: 1483 ਮਿਤੀ 17 ਦਸੰਬਰ,1970 ਜੁਰਮ 411 ਭ:ਦ: ਮੁਕਦਮਾ ਨੰ: 1441 ਮਿਤੀ 7 ਦਸੰਬਰ 1970 ਜੁਰਮ 411 ਭ:ਦ: ਮੁਕਦਮਾ ਨੰ: 1426 ਮਿਤੀ 3 ਦਸੰਬਰ, 1970,ਜੁਰਮ 25—54—59 ਐਕਟ ਅਸਲਾ ਮੁਕਦਮਾਂ ਨੰ 1486 ਮਿਤੀ 19 ਦਸੰਬਰ, 1970 ਜੁਰਮ 411 ਭ: ਦ: ਥਾਣਾ ਸਿਟੀ ਜਲੰਧਰ ਵਿਚ ਭਗੌੜਾ ਹੈ । ਇਸ ਦਾ ਉਕਤ ਮੁਕਦਮਿਆਂ ਵਿਚ ਚਲਾਨ ਅਦਾਲਤ ਵਿਚ ਪੈਂਡਿੰਗ ਹਨ ਜੋ ਜ਼ਮਾਨਤਾਂ ਤੋਂ ਗੈਰ ਹਾਜ਼ਰ ਹੋਇਆ ਫਿਰਦਾ ਹੈ ।

3, ਉਕਤ ਦਰਖਾਸਤ ਪੇਸ਼ ਹੋਣ ਤੋਂ ਬਾਅਦ ਵੀ ਪ੍ਰੀਤਮ ਕੌਰ ਪਤਨੀ ਮਹਿੰਦਰ ਸਿੰਘ ਕੁਝ ਹੋਰ ਬੰਦੇ ਲੈਕੇ ਮੇਰੇ ਪੇਸ਼ ਹੋਈ ਹੈ ਅਤੇ ਦਸਿਆ ਹੈ ਕਿ ਉਸਦਾ ਘਰ ਵਾਲਾ ਅਜੇ ਤੱਕ ਵੀ ਉਨ੍ਹਾਂ ਨੂੰ ਨਹੀਂ ਮਿਲ ਸਕਿਆ ਹੈ ਉਹ ਬਜ਼ਿਦ ਹੈ ਕਿ ਹੈਡ ਕੰਸਟੇਬਲ ਦਿਲਬਾਗ ਸਿੰਘ ਨੇ ਮਹਿੰਦਰ ਸਿੰਘ ਮਾਰ ਮੁਕਾਇਆ ਹੈ ਭਾਵੇਂ ਹੈਡ ਕਾਂਸਟੇਬਲ ਤੇ ਹੋਰ ਮੁਲਾਜ਼ਮਾਂ ਪੁਲਿਸ ਜਿਨ੍ਹਾਂ ਦਾ ਉਸ ਦਿਨ ਪਹਿਰਾ ਸੀ ਹੈਡ ਕਾਂਸਟੇਬਲ ਦਿਲਬਾਗ ਸਿੰਘ ਵਲੋਂ ਇੰਦਰ ਸਿੰਘ ਤੇ ਕਰਮ ਸਿੰਘ ਨੂੰ ਹਵੇਲੀ ਰਾਂਝਾ ਵਿਚ ਲੈਕੇ ਆਉਣ ਤੇ ਮੁਨਕਰ ਹਨ ਤੇ ਉਸ ਦਾ 4 ਅਪਰੈਲ, 1972 ਨੂੰ ਸਟਾਫ ਵਿਚ ਰਖਣਾ ਨਹੀਂ ਮੰਨਦੇ ਹਨ ਪ੍ਰੰਤੂ ਰਾਮਵਿਸ਼ਨੋਪ੍ਰਸ਼ਾਦ, ਕਿਸ਼ਨ ਸਿੰਘ ਅਤੇ ਕਰਮ ਸਿੰਘ ਦੇ ਬਿਆਨਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਮਹਿੰਦਰ ਸਿੰਘ ਨੂੰ ਹੈਡ ਕੰਸਟੇਬਲ ਦਿਲਬਾਗ ਸਿੰਘ ਨੇ ਹਵੇਲੀ ਰਾਂਝਾ ਤੋਂ ਜ਼ਰੂਰ ਪਕੜ ਕੇ ਆਂਦਾ ਹੈ ਅਤੇ ਹੋ ਸਕਦਾ ਹੈ ਕਿ ਉਸ ਦੀ ਗ੍ਰਿਫਤਾਰੀ ਲਿਖਤ ਪੜ੍ਹਤ ਵਿਚ ਨਾ ਲਿਆਂਦੀ ਹੋਵੇ। ਆਦੀ ਚੋਰ ਹੋਣ ਦੇ ਨਾਤੇ ਉਹ ਇਨ੍ਹਾਂ ਤੋਂ ਭਜ ਗਿਆ ਹੋਵੇ ਤੇ ਇਹ ਆਪਣੇ ਜ਼ੁਮੇ ਇਲਜ਼ਾਮ ਪੈਂਦਾ ਵੇਖ ਕੇ ਉਸ ਨੂੰ ਪਕੜਨ ਤੋਂ ਬਿਲਕੁਲ ਇਨਕਾਰੀ ਹੋ ਗਏ ਹੋਣ । ਹੈਡ ਕਾਂਸਟੇਬਲ ਦਿਲਬਾਗ ਸਿੰਘ ਵਲੋਂ ਮਿਤੀ 5 ਅਪਰੈਲ, 1972 ਨੂੰ ਕਰਮ ਸਿੰਘ ਪੁੱਤਰ ਬਚਨ ਸਿੰਘ ਮਜ਼ਬੀ ਵਾਸੀ

ਜੀਰਾ ਦਾ ਇਲਾਕਾ ਥਾਣਾ ਜੰਡਿਆਲਾ ਵਿਚ ਮੁਕਦਮਾਂ ਨੰ: 125 ਮਿਤੀ 5 ਅਪਰੈਲ, 1972 ਜੁਰਮ 25/54/59 ਐਕਟ ਅਸਲਾ ਥਾਣਾ ਜੰਡਿਆਲਾ ਵਿਚ ਗਰਿਫਤਾਰੀ ਇਸ ਦਲੀਲ ਨੂੰ ਹੋਰ ਵੀ ਪੱਕਿਆ ਕਰਦੀ ਹੈ ਕਿ ਇਸ ਨੇ ਕਰਮ ਸਿੰਘ ਤੇ ਮਹਿੰਦਰ ਸਿੰਘ ਦੋਵੇਂ ਬੰਦੇ ਜ਼ਰੂਰ ਪਕੜੇ ਹਨ ਮਹਿੰਦਰ ਸਿੰਘ ਦੇ ਭਜ ਜਾਣ ਜਾਂ ਤਸ਼ਦਦ ਨਾਲ ਕੋਈ ਦੁਰਘਟਨਾਂ ਹੋਣ ਦੀ ਸੂਰਤ ਵਿਚ ਕਰਮ ਸਿੰਘ ਦੀ ਤਾਂ ਗ੍ਰਿਫਤਾਰੀ ਸ਼ੋ ਕਰ ਦਿਤੀ ਹੈ ਤੇ ਮਹਿੰਦਰ ਸਿੰਘ ਦੀ ਗਿਰਫਤਾਰੀ ਤੋਂ ਉਕਾ ਹੀ ਮੁਨਕਰ ਹੋ ਗਏ । ਮਹਿੰਦਰ ਸਿੰਘ ਖੁਦ ਐਸੇ ਚਲਨ ਦਾ ਆਦਮੀ ਹੈ ਕਿ ਜੇ ਉਹ ਪੁਲਿਸ ਕੋਲੋਂ ਭਜ ਗਿਆ ਹੈ ਤਾਂ ਥੋੜੇ ਕਿਤੇ ਉਹ ਪੇਸ਼ ਨਹੀਂ ਹੋਣ ਲਗਾ ਕਿਉਂਕਿ ਉਹ ਕਈ ਮੁਕਦਮਿਆਂ ਵਿਚ ਮਤਲੂਬ ਹੈ ਤੇ ਅਦਾਲਤਾਂ ਵਿਚ ਜ਼ਮਾਨਤਾਂ ਤੋਂ ਗੈਰ ਹਾਜ਼ਰ ਹੋਇਆ ਫਿਰਦਾ ਹੈ । ਉਸ ਨੂੰ ਇਸ ਚੀਜ਼ ਦਾ ਅਹਿਸਾਸ ਹੋਵੇਗਾ ਕਿ ਜੇ ਇਕ ਵੇਰ ਉਹ ਸਾਹਮਣੇ ਆਵੇਗਾ ਤਾਂ ਪੁਲਿਸ ਉਸ ਨੂੰ ਜਿਨ੍ਹਾਂ ਮੁਕਦਮਿਆਂ ਵਿਚ ਭੱਜਿਆ ਫਿਰਦਾ ਹੈ ਗਿਰਫਤਾਰ ਕਰ ਲਵੇਗੀ ਤੇ ਦੁਬਾਰਾ ਫਿਰ ਜ਼ਮਾਨਤਾਂ ਤੇ ਰਿਹਾ ਹੋਣਾ ਮੁਸ਼ਕਲ ਹੋ ਜਾਵੇਗਾ । ਇਨ੍ਹਾਂ ਹਾਲਤਾਂ ਵਿਚ ਮੇਰੀ ਇਹ ਰਾਏ ਹੈ ਕਿ ਦਰਖਾਸਤ ਬੰਦੀ ਬਕਾਇਦਾ ਤੌਰ ਤੇ ਥਾਣਾ ਬੀ ਡਵੀਜ਼ਨ ਵਿਚ 365/342 ਭ:ਦ: ਦਾ ਮੁਕਦਮਾ ਦਰਜ਼ ਕਰਵਾ ਦਿਤਾ ਜਾਵੇ ਤੇ ਇਸ ਦੀ ਤਫਤੀਸ਼ ਸਿਟੀ ਇਨਸਪੈਕਟਰ ਨੂੰ ਦੇ ਦਿਤੀ ਜਾਵੇ । ਇਸ ਨਾਲ ਇਕ ਮੁਦਈ ਫਰੀਕ ਦੀ ਤਸੱਲੀ ਹੋ ਜਾਵੇਗੀ ਕਿ ਉਨ੍ਹਾਂ ਦੇ ਬੰਦੇ ਦੇ ਗੁੰਮ ਹੋ ਜਾਣ ਤੇ ਮੁਕਦਮਾ ਦਰਜ਼ ਹੋ ਗਿਆ ਹੈ ਤੇ ਦੂਸਰੇ ਤਫਤੀਸ਼ੀ ਅਫਸਰ ਡੂੰਘਾਈ ਵਿਚ ਜਾ ਕੇ ਸਾਰੇ ਮਾਮਲੇ ਦੀ ਚੰਗੇ ਤਰੀਕੇ ਨਾਲ ਛਾਣ-ਬੀਨ ਵੀ ਕਰ ਸਕੇਗਾ ।

ਹਸਤਾਖਰ/

ਰਾਮਪਾਲ ਜੋਸ਼ੀ,
ਅਪਰ ਪੁਲਿਸ ਕਪਤਾਨ,
ਅੰਮ੍ਰਿਤਸਰ ।

REPRESENTATION FROM SARPANCH, GRAM PANCHAYAT BABEHALLI, DISTRICT GURDASPUR.

389. Comrade Dana Ram
Comrade Satya Pal Dang : Will the Chief Minister be pleased to state—

(a) whether the Government received a representation dated 4th July, 1972 from Shri Mohinder Singh, Sarpanch, Gram Panchayat Babehalli, Teshil and District Gurdaspur addressed to the Chief Minister, Punjab alleging forcible entry by Shri Nand Singh and others into the Panchayat land, commission by them of many illegal acts and the failure of the police to act in accordance with the law; if so, a copy of the same be laid on the Table of the House;

(b) the action taken on the said representation;

(c) whether any enquiry was held into the matter; if so, by whom and with what results ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ । ਕਾਪੀ ਸਭਾ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਪ੍ਰਾਰਥੀ ਦੀ ਦਰਖਾਸਤ ਸਬੰਧੀ ਮੁਕਦਮਾ ਨੰ: 107 ਮਿਤੀ 28 ਜੂਨ, 1972 ਅ/ਧ 447/440/148/149 ਆਈ.ਪੀ.ਸੀ. ਦਰਜ਼ ਕੀਤਾ ਗਿਆ ਸੀ ।

(ਸੀ) ਹਾਂ ਜੀ । ਇਸ ਕੇਸ ਦੀ ਤਫਤੀਸ਼ ਹਾਲੇ ਮੁਕੰਮਲ ਨਹੀਂ ਹੋਈ ਹੈ ।

To

The Hon'ble the Chief Minister,
Punjab State, Chandigarh.

Subject:- *Complaint regarding the panchayat land of village Babehalli, tehsil and district Gurdaspur.*

It is respectfully submitted as under:—

1. That one Shri Nand Singh s/o Pallo of village Babehalli, teshil and district Gurdaspur, exchanged some of his area with the Gram Panchayat and as a consequence the Gram Panchayat received 48 Kanals of the area from Shri Nand Singh. This exchange took place on 3rd August, 1963 and up to now the Gram Panchayat is in possession of the same.

2. That some times after when the Gram Panchayat had improved upon the land, Shri Nand Singh wanted to revoke the exchange but the Panchayat did not agree.

3. That on 30th March, 1967 Shri Nand Singh filed a suit for the possession of the exchanged land. The Additional District Judge on appeal has held that the exchange was valid and the possession of the Panchayat. Against the Decree of the learned Addl. District Judge. Shri Nand Singh filed an appeal in the High Court at Chandigarh which is pending. The Hon'ble High Court has ordered that status quo regarding possession be maintained till the decision of the appeal.

4. That Shri Nand Singh alongwith Ajit Singh, Ajaib Singh, Gurmit Singh sons of Nand Singh Gurcharan Singh son of Udham Singh Joginder Singh, Rajinder Singh sons of Gurcharan Singh, Chhibo son of Jawand Singh residents of village Babehalli, Jagjit Singh son of Jagat Singh, resident of village Man Kaur Singh, Surinder Singh S/o Gurdial Singh resident of village Noshehra Majja Singh and about 25/30 other persons forcibly entered the land in dispute and with the help of four tractors uprooted the grass in the land in dispute. The above said persons were armed with Rifles, Revolvers, Barchhas, and Kirpans, and Dangs, etc.

5. That a complaint was moved to the Sr. Supdt. of Police, but nothing has so far been done in the matter.

6. That the above said persons have been moving armed with above said deadly weapons in the village and creating terror.

7. That encouraged by the inaction of the police the culprits on 2nd July, 1972. again entered the remaining area. consisting of Khasra No. 947 minpahar (3—K—14M) and 943. about 5/6 Kanals. The above area Khasra No. 943 are those area which are the original owner of the Gram Panchayat and are not under the subject matter of the land in suit.

8. That the matter was again brought to the notice of the Senior Superintendent of Police but to no effect.

9. That the above said persons are very influential persons.

It is, therefore, most respectfully prayed that suitable action against the culprits may be ordered to be taken by deputing some very senior officer from Chandigarh as the local police is not doing anything.

The culprits have committed offences under sections 447, 440, 148, 149, I.P.C.

It is further prayed that during the pendency of the applications, security proceedings under section 107/151 of the code of Criminal Procedure may also be taken against the culprits otherwise they would again commit the same mischief in the matter.

Thanking you in anticipation.
An early action is solicited.

Yours faithfully,
Sd/-
Mohinder Singh, Sarpanch,
Gram Panchayat Babehalli.
Teh. & Distt. Gurdaspur.

Chandigarh : 4th July, 1972.

GRANT OF ADVANCE INCREMENT TO GOVERNMENT POST-GRADUATE MASTERS IN THE STATE.

397. Comrade Jangir Singh Joga : Will the Minister for Education and Revenue be pleased to state—

(a) whether there is any proposal under the consideration of the Government to grant any advance increments to Government Post Graduate Masters in the State; if so, the time by which a decision is expected to be taken in this regard.

(b) the date from which the said decision is likely to be made applicable ?

Sardar Umrao Singh : (a) No.

(b) Question does not arise.

[(ਏ) ਨਹੀਂ ਜੀ ।

(ਬੀ) ਸਵਾਲ ਪੈਦਾ ਨਹੀਂ ਹੁੰਦਾ ।]

APPOINTMENT FOR J.B.T. TEACHERS

398. Comrade Jangir Singh Joga : Will the Minister of Education and Revenue be pleased to state—

(a) the total number of J.B.T. Teachers selected for appointment in Government schools in the State during the year 1971 ;

(b) the total number of candidates interviewed during the said year ;

(c) the total number of those who have been actually posted out of those mentioned in part (a) above;

(d) whether some of the said teachers were overage; if so number of cases in which the age limit has been been relaxed and of those in whose cases it has not been relaxed ?

Sardar Umrao Snigh:(a) Nil.

(b) Question does not arise.

(c) Question does not arise.

(d) Question does not arise.

APPOINTMENT OF SOCIAL STUDIES/MATH/SCIENCE MASTERS

399. Comrade Jangir Singh Joga : Will the Minister for Education and Revenue be pleased to state—

(a) the total number of Social Studies (Math/ Science Master selected for appointments by the Government in the State during the year 1970 and 1971;

(b) the total number of Social Studies /Math/Science Masters interviewed during each of the said years;

(c) the number out of those selected as mentioned in para (a) above, who have actually been posted;

(d) whether some of the said Masters were over age, if so the number of cases in which the age limit has been relaxed and of those in whose cases it has not been relaxed?

Sardar Umrao Singh : (a)

Math. Masters	579
Social Studies Masters	Nil
Science Masters	Nil

(b)

Social Studies Masters	3,758	During 1970-71 Interviews were carried over from 1970 to 1971.
Science Masters	901	
Math Masters	633	

(c)

Math. Masters	579
Social Studies Masters	Nil.
Science Masters	Nil.

(d) No.

[(ਕ)

ਹਿਸਾਬ ਮਾਸਟਰ	579
ਸੋਸ਼ਲ ਸਟਡੀ ਮਾਸਟਰ	ਨਿਲ
ਸਾਇੰਸ ਮਾਸਟਰ	ਨਿਲ

(ਖ)

ਸੋਸ਼ਲ ਸਟਡੀ ਮਾਸਟਰ	3758	ਇਟਰਵੀਊ 19 70 ਤੋਂ 1971 ਤਕ ਚਲਦੀ ਰਹੀ
ਸਾਇੰਸ ਮਾਸਟਰ	901	
ਹਿਸਾਬ ਮਾਸਟਰ	633	

(ਗ)

ਹਿਸਾਬ ਮਾਸਟਰ	579
ਸੋਸ਼ਲ ਸਟਡੀ ਮਾਸਟਰ	ਨਿਲ
ਸਾਇੰਸ ਮਾਸਟਰ	ਨਿਲ

(ਘ) ਨਹੀਂ]

APPOINTMENT OF ART AND CRAFT AND PUNJABI/HINDI TEACHERS

400. **Comrade Jangir Singh Joga:** Will the Minister for Education and Revenue be pleased to state—

(a) the total number of (i) Art and Craft Teachers (ii) Panjabi Teachers and (iii) Hindi Teachers selected for appointment by the Government during the year 1971;

(b) the total number of teachers of each category who were interviewed during the said year;

(c) the number of Teachers of each category actually posted;

(d) whether any of the selected teachers of each category were overage; if so, the number of cases in which the age-limit has been relaxed and of those in whose case it has not been relaxed, stating the reasons in each case?

Sardar Umrao Singh

	Art & Crafts	Punjabi Teachers	Hindi Teachers
(a)	Nil	Nil	Nil
(b)	Nil	Nil	Nil
(c)	—	Question does not arise.	—
(d)	—	Question does not arise.	—

	[ਆਰਟ ਤੇ ਕਰਾਫਟ ਟੀਚਰ	ਪੰਜਾਬੀ ਟੀਚ	ਹਿੰਦੀ ਟੀਚਰ
(ੲ)	ਨਿਲ	ਨਿਲ	ਨਿਲ
(ਬੀ)	ਨਿਲ	ਨਿਲ	ਨਿਲ
(ਸੀ)	ਸਵਾਲ ਹੀ ਨਹੀਂ ਉਠਦਾ ।		
(ਡੀ)	ਸਵਾਲ ਹੀ ਨਹੀਂ ਉਠਦਾ ।]		

SCHOOLS UPGRADED IN BHATINDA DISTRICT

403. **Comrade Jangir Singh Joga:** Will the Minister for Education and Revenue be pleased to state—

(a) the total number of schools upgraded in district Bhatinda (Block-wise) during the years 1967-68, 1968-69, 1969-70 and 1970-71;

(b) the number of such schools which were upgraded from Primary to Middle and from Middle to High Standard separately;

(c) whether it is a fact that none of the schools was upgraded in the said district during the year 1971-72; if so, the reasons therefor ?

Sardar Umrao Singh : (a) and (b) List enclosed.

(c) Yes. There was no Budget provision for the purpose.

[(ੲ) ਅਤੇ (ਬੀ) ਸੂਚੀ ਨੱਥੀ ਹੈ ।

(ਸੀ) ਹਾਂ ਜੀ । ਉਸ ਕੰਮ ਲਈ ਬੱਜਟ ਪ੍ਰੋਵੀਜ਼ਨ ਨਹੀਂ ਸੀ ।

LIST

NUMBER OF SCHOOLS UPGRADED IN BHATINDA DISTRICT

Sr. No.	Name of the Block	1967-68			1968-69			1969-70			1970-71		
		Primary to Middle	Middle to High	Total	Primary to Middle	Middle to High	Total	Primary to Middle	Middle to High	Total	Primary to Middle	Middle to High	Total
1.	Bhatinda ..	1	1	2	1	1	2	—	1	1	3	2	5
2.	Budhlada-I ..	—	—	—	—	—	—	2	—	2	3	—	3
3.	Budhlada-II ..	—	—	—	—	—	—	—	—	—	—	—	—
4.	Mansa ..	2	1	3	—	—	—	—	1	1	5	2	7
5.	Jhunir-I ..	—	1	1	2	1	3	—	—	—	—	1	1
6.	Jhunir-II ..	—	—	—	2	—	2	1	—	1	2	1	3
7.	Faridkot-I ..	—	—	—	1	1	2	—	1	1	1	2	3
8.	Faridkot-II ..	2	—	2	—	—	—	2	—	2	2	1	3
9.	Kot Kapura ..	—	—	—	—	—	—	2	—	2	3	—	3
10.	Mandi Phul (East) ..	1	1	2	—	1	1	2	2	4	5	6	11
11.	Mandi Phul (West) ..	2	—	2	1	—	1	1	—	1	2	2	4
12.	Sangat ..	—	1	1	—	—	—	—	—	—	2	2	4
13.	Talwandi Saboo ..	1	—	1	—	—	—	1	1	2	1	1	2
	Total ..	9	5	14	7	4	11	11	6	17	29	20	49

["ਸੂਚੀ" ਬਠਿੰਡਾ ਜ਼ਿਲ੍ਹਾ ਵਿਚ ਅਪਗਰੇਡ ਕੀਤੇ ਸਕੂਲਾਂ ਦਾ ਨੰਬਰ—

ਲੜੀ ਨ: ਬਲਾਕ ਦਾ ਨਾਂ	1967–68			1968–69			1969-70			1970-71		
	ਪ੍ਰਾ. ਤੋਂ ਮਿਡਲ	ਮਿਡਲ ਤੋਂ ਹਾਈ	ਜੋੜ	ਪ੍ਰਾ. ਤੋਂ ਮਿਡਲ	ਮਿਡਲ ਤੋਂ ਹਾਈ	ਜੋੜ	ਪ੍ਰਾ. ਤੋਂ ਮਿਡਲ	ਮਿਡਲ ਤੋਂ ਹਾਈ	ਜੋੜ	ਪ੍ਰਾ. ਤੋਂ ਮਿਡਲ	ਮਿਡਲ ਤੋਂ ਹਾਈ	ਜੋੜ
1. ਬਠਿੰਡਾ	1	1	2	1	1	2	—	1	1	3	2	5
2. ਬੁਢਲਾਡਾ - I	—	—	—	—	—	—	2	—	2	3	—	3
3. ਬੁਢਲਾਡਾ- II	—	—	—	—	—	—	—	—	—	—	—	—
4. ਮਾਨਸਾ	2	1	3	—	—	—	-	1	1	5	2	7
5. ਝੁਨੀਰ- I	—	1	1	2	1	3	—	—	—	—	1	1
6. ਝੁਨੀਰ—II	—	—	—	2	—	2	1	—	1	2	1	3
7. ਫਰੀਦਕੋਟ—II	2	—	2	—	—	—	2	1	2	2	2	3
8. ਫਰੀਦਕੋਟ—I	—	—	—	1	1	2	—	—	1	1	2	3
9. ਕੋਟਕਪੂਰਾ	—	—	—	—	—	—	2	—	2	3	—	3

10.	ਮੰਡੀ ਫੂਲ (ਪੂਰਬੀ)	1	1	2	—	1	1	2	2	4	5	6	11
11.	ਮੰਡੀ ਫੂਲ (ਪੱਛਮੀ)	2	—	2	1	—	1	1	—	1	2	2	4
12.	ਸੰਗਤ	—	1	1	—	—	—	—	—	—	2	2	4
13.	ਤਲਵੰਡੀ ਸਾਬੂ	1	—	1	—	—	—	1	1	2	1	1	2
	ਜੋੜ	9	5	14	7	4	11	11	6	17	29	20	49

MASTER CADRE POSTS LYING VACANT IN BHATINDA DISTRICT

406. Comrade Jangir Singh Joga : Will the Minister for Education and Revenue be pleased to state —

(a) the total number of Master Cadre posts (subject-wise) vacant in district Bhatinda as on 1st April, 1972;

(b) the total number of Masters (subject-wise) working in Government Schools in district Bhatinda as on 1st April, 1972 on permanent basis;

(c) the total number of posts (subject-wise) in the said district on which unadjusted B.T. /B.Ed. Masters are working as on 1st April, 1972 ?

Sardar Umrao Singh :

	S.S.	Sc.	Math	Agr.	D.P.E.	Home Sc.	Craft	Music	Commerce
(a)	23	113	40	4	17	7	—	2	1
(b)	379	79	70	8	4	—	5	1	—
(c)	24	7	3	—	4	—	—	—	—

	[ਸੋ. ਸ.	ਸਾਇੰਸ	ਹਿਸਾਬ	ਖੇਤੀ ਬਾੜੀ	ਡੀ.ਪੀ.ਈ.	ਹੋਮ ਸਾਇੰਸ	ਕਰਾਫਟ	ਮਿਉਜ਼ਿਕ	ਕਾਮਰਸ
(ੲ)	23	113	40	4	17	7	—	2	1
(ਬੀ)	379	79	70	8	4	—	5	1	—
(ਸੀ)	24	7	3	—	4	—	—	—	—

MEMORANDUM FROM THE PRESIDENT, PUNJAB FOOD AND CIVIL SUPPLIES INSPECTORS STAFF UNION

410. Comrade Satya Pal Dang : Will the Minister of State for Food and Supplies be pleased to state—

(a) whether a memorandum was received by the Government, from the President, Punjab Food and Civil Supplies Inspectors Staff Association, in the month of April, or May, 1972 regarding certain demands of the field staff of the Food and Supplies Department; if so, a copy of the said memorandum be laid on the Table of the House;

(b) the action taken by the Government on the demands contained in the said Memorandum ?

Sh. Gian Chand Kharbanda: (a) Yes. A copy of the memorandum is attached at Annexure.

(b) The demands of the Inspectorate Association were examined. The Association was given an opportunity to appear before the Secretary, Food and Supplies Department, Punjab, on 25th May, 1972 to discuss the issue/matter with them but the Association failed to appear before Secretary, Food and Supplies, Punjab on the said date and as such the memorandum was ordered to be filed on 25th May, 1972.

[(ਏ) ਜੀ ਹਾਂ । ਮੈਮੋਰੰਡਮ ਦੀ ਇਕ ਨਕਲ ਨਾਲ ਨੱਥੀ ਹੈ ।

(ਬੀ) ਇਨਸਪੈਕਟਰਾਂ ਦੀ ਐਸੋਸੀਏਸ਼ਨ ਦੀਆਂ ਮੰਗਾਂ ਦੀ ਘੋਖ ਕੀਤੀ ਗਈ ਸੀ ਅਤੇ ਐਸੋਸੀਏਸ਼ਨ ਨੂੰ ਸਕੱਤਰ ਖ਼ੁਰਾਕ ਤੇ ਸਪਲਾਈ ਵਿਭਾਗ, ਪੰਜਾਬ ਨੇ ਉਨ੍ਹਾਂ ਦੀਆਂ ਮੰਗਾਂ ਦੇ ਸਬੰਧ ਵਿਚ ਮਿਤੀ 25 ਮਈ, 1972 ਨੂੰ ਗੱਲ ਬਾਤ ਕਰਨ ਲਈ ਮੌਕਾ ਦਿੱਤਾ ਸੀ, ਉਹ (ਐਸੋਸੀਏਸ਼ਨ) ਇਸ ਮਿਤੀ ਨੂੰ ਸਕੱਤਰ ਖ਼ੁਰਾਕ ਤੇ ਸਪਲਾਈ, ਪੰਜਾਬ ਪਾਸ ਨਾ ਪੁੱਜੇ ਜਿਸ ਕਰਕੇ ਸਕੱਤਰ, ਖ਼ੁਰਾਕ ਅਤੇ ਸਪਲਾਈ ਪੰਜਾਬ ਨੇ ਮਿਤੀ 25 ਮਈ, 1972 ਨੂੰ ਮੈਮੋਰੰਡਮ ਨੂੰ ਫਾਈਲ ਕਰਨ ਦਾ ਹੁਕਮ ਦਿੱਤਾ ।

PUNJAB FOOD AND SUPPLIES INSPECTORATE STAFF ASSOCIATION

Memorandum

Subject : Urgent demands of the Field Staff of Food and Supplies Department.

Hon'ble Sir,

We seek to draw your kind attention to the just and minimum demands of the Field Staff of the Department, being pursued by the Association for the last 7-8 years with each Government that came to power in the State during this period. Although at each level our demands have been felt as just and reasonable and some of which had been endorsed and recommended by the Punjab Pay Commission as also duly accepted in principle by the Government these are still lying unimplemented.

The ministerial ranks at our Directorate level have always been ambitious to get promotions to Field/Executive jobs, and since they are the persons dealing with the cases of drafting the departmental service rules and promotions of staff etc. they have always been at work for their own benefit at the cost of Field Staff. To prolong this state of anarchy the department was run without approved service rules for full 25 years.

The more the Field Staff stood up in defence the more strictly the intriguing went on and even strong observations made by the Food Ministers, Secretaries, Heads of Department and above all the Punjab Pay Commission were shelved in cold store.

In the circumstances, the atmosphere at the Directorate level can never be pious and constructive unless a dead-line is drawn between the two cadres, namely, Executive and Ministerial and each cadre is restricted to look for their promotions within their own line as stressed by the Pay Commission repeatedly in its report (quoted in further paras.)

We submit below a summarized account of our major demands lying pending for the last 7-8 years due to the above explained circumstances :

1. Framing of Service Rules Protecting the Field Cadre

The department, set up in 1943, was run without approved service rules for full 25 years. It was the pens of Ministerials and personal whims of the high ups

which decided the destiny of the officials in the absence of service rules, clerical hands having no Field/Executive experience of a single day were appointed the District and the Divisional Heads of a top commercial, managerial and executive department like ours, getting the posts of 'District Food and Supplies Controller', Divisional Organiser of Food and Supplies' not to speak of the other supervisory executive posts to which even the Stenographers and Junior Auditors were promoted.

Upon our raising voice against this, the Ministerials most secretly prepared such drafts of service rules and got them approved by which they could enter into each and every rank of Field Cadre and we could know this only when these rules appeared in the Government Gazette. The Association had to struggle hard to get their voice listened by the Head of Department, Secretary and Punjab Pay Commission. The Pay Commission in its report decided this issue once for all, by making the following recommendations stressingly :—

(Page 226, para 42.8)

> "The Commission recommend that the Ministerial personnel should have no promotion in the Field Cadre. The consensus of opinion of the Head of Department is that the Ministerial personnel should look for promotion only in their own line though qualified persons can compete for the direct quota with age relaxation etc.

(Page 33 para 6.17)

> "The Commission is generally not in favour of promotion of Ministerial staff to the Field Staff. Consensus of opinion of the Heads of the Department was also in favour of this course.'

(Page 127, para 22.7)

> "There was consensus of opinion among the Heads of the Departments concerned that it would be desireable that the nomination to the P.C.S. (Executive Branch) from the Ministerial cadre should cease".

But still, it is a matter of great concern that whereas they are still getting our highest Field Posts of Assistant Food and Supplies Officer District Food and Supplies Controller and Assistant Director in spite of our strong representations, the office Superintendents of Directorate have managed to have a provision in the recently amended service rules to get 25% quota of promotions of the posts of District Food and Supplies Controller and Assistant Director.

PROMOTION OF OFFICE SUPERINTENDENTS TO THE POSTS OF DFSC A.D. HIGHLY ANOMALOUS

It is indeed highly anomalous that the office Superintendents who are absolutely devoid of any practical Field Experience of a top commercial , managerial and executive Department like ours are promoted to the District Head of the Department i.e. District Food & Supplies Controller and a top key post of the department,i.e.,Assistant Director and coming at the Head of the lower Executive Ranks of nearly 800 strength having a Field Experience of 15 to 25 years. causing among them bitterness, demoralisation, frustration and sense of insecurity killing all incentive to Government work. Not to speak of the above quoted categorical observations of the Pay Commission on the subject, there can be no comparable example in the Service Rules of a Government commercial department or even a private Commercial concern where an office Superintendent could be appointed as the District Head of a Department like ours.

It is, therefore, strongly demanded that the provision of providing 25% quota for promotion of office Superintendents to the post of DFSC/A.D. may be withdrawn to meet the ends of justice and propriety.

2. Revision of Pay Scales of Inspectorate/Field Ranks

To start with the revision of pay scales of Inspectors and sub- Inspectors of this department, we submit here a brief gist of the manifold ut es of h [illegible] responsible nature which these ranks have to perform . Though he is called simply an Inspector/a

Sub Inspector, he is in fact doing the duties of so many persons dealing in different techniques as he is—

1. A Market Expert—knowing all market rules, practices.
2. Intelligence Reporter—supplying the Government price trends.
3. A Purchase Officer—purchasing foodgrains worth crores of rupees with so much financial duty.
4. A Store Officer—with responsibility of crores of the stores.
5. A Distribution Officer—arranging equitable distribution of necessities of life like foodgrains, sugar, etc.
6. A Prosecuting Officer—bring to book those who indulge in antisocial activities violating food laws.
7. A Storage Technician—doing scientific storage against insect pests, etc.
8. A Security Officer—controlling the staff posted for the watch and ward of Government godowns.
9. A Accountant—preparing all accounts of Government purchases sales and despatches etc.
10. A Cashier—holding cash for making payments to labour, contractors, godown owners, chowkidars, etc.

But still it would seem a pity that these ranks of the Department always got a step-motherly treatment in the matter of their emoluments and they were continuously ignored in the pay revisions done by the Punjab Government from time to time and that even the Pay Commission did no justice to them.

Below we give a comparative chart in two parts corresponding to our Inspector ranks, showing the picture of some identical posts with almost identical or even lower pay scales in 1943 (when the Department came into being) as also showing the subsequent pay revisions of these posts in 1945, 1957, 1958, and the latest in 1968 through the Punjab Pay Commission :—

S. No.	Name of the Post	1943 (Base year)	1945	1957	1958	1968
1.	Inspector, Food & Supplies (i)	80—190	—	80—150	—	140—300 (50%)
	(ii)	80—185				160—400 (50%)
2.	Naib-Tehsildar	80—185	125—230	125-300	200—300	200—500
3.	Inspector, Coop. Scy.	80—190	100—250	100—300	—	200—450
4.	Overseers (S.O.)	65—200	90—235	100—300	—	200—500
5.	Ziladars (i)	90—150	90—235	100—300	—	200—500
6.	Inspector, Wt. & Measures	80—185	—	80—150	150—300	200—450
7.	B.T. Teachers	80—150	—	90—150	116—250	220—500
1.	Sub Inspector, Food and Supplies	65—105	—	—	60—120	110—200
2.	Sanitary Inspector	40—90	60—150	80—150	140—300	140—300
3.	Inspector, Vaccination	60—100	—	80—150	—	140—300
4.	Food Inspector (Health)	65—105	80—200	80—150	—	140—300
5.	Kanungo	65—105	60—120	60—175	—	140—300
6.	J.B. T. Teachers	50—80	—	60—120	—	125—300

From the gist of the duties and the chart showing the picture of pay revisions of identical post it is quite evident that there is not a single post of any of the Government Departments doing so much responsible and diversified duties and yet our Inspectorate ranks have been meted out a step-motherly treatment. We have already been submitting numerous representations, making a comprehensive case for the revision of pay scales of these two ranks, proving with facts and figures that even the other Food Organisations like Food Corporation of India, the State Co-operative Marketing Federation, the State and Central Warehousing Corporations who are doing only a part of the functions performed by our Department have deployed separate sets of staff to collectively perform the duties which are singly performed by our Inspector or Sub-Inspector. And even these Organisations though getting only a fractional work from their posts are paying much higher pay scales than one recommended by the Pay Commission for Inspectorate ranks.

We, therefore, stress again that after rationalising the existing post of (i) Inspectors Grade I (Rs. 160—400), (ii) Inspector Grade II (Rs. 140—300) and (iii) Sub-Inspectors (Rs. 110—200)., the following pay scales may be granted to the two ranks to be named as below :—

1. Senior Inspector .. 300—20—400—25—600
2. Inspectors .. 200—10—300—15—450

On the same lines, the revised grading and set up of the Executive Ranks upto District Levels, strictly according to the working requirements of the Department, may be as under :—

Sr. No.	Name of Post	Present scale	Required scale
1.	Jr. Analyst	110—200	200—450
2.	Sub-Inspectors (Inspector Grade II)	110—200	200—450 and both the posts should be merged in new cadre to be named 'Inspectors'
3.	Inspector Grade I	160—400	500—600 To be designated as 'Senior Inspector'
	Head Analyst	160—400	300—600
4.	AFSO DFSO	200—450 300—600	350—800 Both the posts to be merged as recommended by Pay Commisssion
5.	DFSO	350—900	PCS (Time Scale).

3. **Abolishing the Post of AFSO and converting into ESO (Gazetted)**

The Pay Commission had recommended for abolishing the post of AFSO and merging it with that of DFSO (Gazetted). The Government had accepted the same in principle and an amendment was introduced to this effect in the amended Service Rules submitted to Government for approval. It however looks anomalous that no steps have been taken for the actual merger and the post of AFSO remain undisturbed. Shri B.B. Mahajan, IAS, the then Head of the Department told the deputation of the Association that the Department was preparing a case for obtaining sanction for about 40 posts of DFSO. from the Finance Department to implement the recommendations of the Pay Commission. Whereas the fate of that move is still unknown, it looks curious that fresh posts of AFSOs are being demanded from Government and filled through promotions etc. direct and indirect.

It is , therefore, demanded that the posts of AFSOs may immediately be merged with that of DFSO who may be put incharge of Sub-Divisions so that effective link of co-ordination, inspection & quidance for the Field Staff is created at Sub-Division level. The work load of the department which has increased many-fold in the offices, of DFSO can very efficiently be decentralized and managed at Sub-Divisions, providing better services to the public as well. The Association has definite plans to suggest about this rationalized decenterlisation, very beautifully designing the plan of staff posting on the principle of proper grading of P.R. Centres as well.

4. **Grant of Overtime Wages/Compensatory Leave .**

The Food and Supplies Department for the most part, is a commercial organisation. Naturally the duties and working conditions of Inspectorate/Field ranks resemble to that of the business community and their employees. For making Government purchases in mandies they have to observe the working hours of business men and have to be present in the mandies at 7.00 A.M. in the morning for attending the bidding of foodgrains. Then doing the operations of weighment, packing, counting, transporting to godowns and storing of the bags, the staff has to work upto 12 P.M. and even later on. Thus during procurement season the staff has to work for 15—18 hours daily amidst dust and filth of mandis under scorching heat of June and July and chilling cold of December and January working at Railway Platforms despatching stocks to other places. The Factory Act, 1948 and Punjab Shops and Commercial Establishments Act, 1958 provide for the payment of overtime at double the rate of normal wages for the work done over and above 8 hours of normal duty.

Similarly the staff of this department has to work on Gazetted holidays and even on Sundays doing routine jobs which cannot be left undone being financial implication.

The Association therefore strongly demand that the Field Staff of this Department may be granted overtime wages and compensatory leave for over work put during rush days and for the work done on Gazetted holidays.

Hoping an immediate and favourable action.

Yours faithfully,
Sd/-
(BACHITTAR SINGH GREWAL)
President 25/4/

Sd/-
(SAKATTAR SINGH)
General Secretary .

No. dated........

A copy of the above is submitted for necessary action to :—

1. The Chief Minister, Punjab, Chandigarh.
2. The Food Minister, Punjab, Chandigarh.
3. All the Cabinet/State Ministers/Deputy Ministers, Punjab.
4. Secretary to Government Food & Supplies Department, Punjab.
5. The Director Food & Supplies & Joint Secretary to Government, Punjab.

Sd/-
(GENERAL SECRETARY)

708—3-9-73—284 Copies, Pb., Govt., Press, Patiala.

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

31
SP

PUNJAB VIDHAN SABHA

DEBATES

13th December, 1972

Vol. III—No. 2

OFFICIAL REPORT

CONTENTS

Wednesday, the 13th December, 1972 ..

Rs. 1·35 P.

Punjab Vidhan Sabha Secretariat Chandigarh.

Price Re. 1

ERRATA

TO

Punjab Vidhan Sabha Debates

Dated 13th December, 1972

Vol. III—No. 2

Read	*For*	*Page*	*Line*
illegal	illegally	(2)2	25
Fund	Fnnd	(2)2	26
dismissal	disimssal	(2)3	19
ਗਰੇਡ	ਰਰੇਡ	(2)10	2nd from below
ਕਾਮਰੇਡ ਸੱਤਪਾਲ ਡਾਂਗ	ਕਾਮਰਡ ਸੱਤਪਾਲ ਡਾਂਗ	(2)12	11th from below
Sardar Prem Singh Prem	Sadar Prem Singh Prem	(2)26	10th from below
Giani Zail Singh	Giani Zall Singh	(2)46	13
इलाके	इलाक	(2)69	1
इसक़े	इसक	(2)71	19
डिमांड	डिसांड	(2)71	20
ਫਾਰਮਰਜ਼ ਨੂੰ ਟਿਊਬਵੈਲ	ਫਾਰਮਰਜ਼ ਟਿਉਬਵੈਲ	(2)77	2nd from below
ਬੈਲੈਂਸ	ਬੈਲੈਂਅਸ	(2)88	Last line
ਜ਼ਬਰਦਸਤ	ਜ਼ਥਰਦਸਤ	(2)95	12
Comrade Satya Pal Dang	Commrade Satya Pal Dang	v Appendix	7th from below

PUNJAB VIDHAN SABHA

Wednesday, the 13th December, 1972

The Vidhan Sabha met in the Hall of the Punjab Vidhan Sabha, Vidhan Bhavan, Sector—1, Chandigarh, at 10-00 A. M. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

REINSTATEMENT OF SOME MANDI SUPERVISORS IN MARKET COMMITTEE TARNTARAN DISTRICT AMRITSAR

***806. 1. Sardar Sadhu Singh**
2. Sardar Gurdev Singh Sidhu | Will the Minister for Development be pleased to state :—

(a) whether he or the Agriculture Department received a representation against the alleged illegal re-instatement of some Mandi Supervisors in the market committee, Tarn Taran in Amritsar district during the period from 1st July, 1972 to date, if so, when and a copy of the representation be placed on the Table of the House

(b) the action, if any, taken so far, or proposed to be taken on the said representation ?

Captain Rattan Singh (a) Yes. A copy of the representations is laid on the Table of the House.

(b) Enquiry is being conducted by the Marketing Board and their report is still awaited.

[(ੳ) ਹਾਂ ਜੀ, ਪ੍ਰਤੀਬੇਨਤੀਆਂ ਦੀ ਇਕ ਨਕਲ ਹਾਊਸ ਦੇ ਟੇਬਲ ਤੇ ਰੱਖੀ ਜਾਂਦੀ ਹੈ ।

(ਅ) ਮਾਰਕੀਟਿੰਗ ਬੋਰਡ ਮਾਮਲੇ ਦੀ ਜਾਂਚ ਕਰ ਰਿਹਾ ਹੈ ਅਤੇ ਉਸ ਦੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ ।]

COPIES OF REPRESENTATION

To

The Development Minister/Deputy Development Minister,
Punjab, Chandigarh.

Subject : Representation against illegal reversion of Shri Hardial Singh, Mandi Supervisor, Market Committee Tarn Taran.

Respected Sir,

In continuation of my previous representation dated 21st July, 1972 which is already under kind consideration before your goodself, I hereby submit more detailed/facts/grounds for your favourable consideration. It may be tagged alongwith the previous cases.

(Minister for Development)

1. That the Administrator, Market Committee, Tarn Taran is not competent to reinstate duly dismissed employee of the Committee when the committee has confirmed his dismissal many times.

2. That Shri Kartar Singh was dismissed by the Market Committee vide Re. No. 6, dated 7th February, 1969. The Committee has confirmed dismissal vide Re. No. 15, dated 10th July, 1969.

3. That on the representation of Shri Kartar Singh the State Agriculture Marketing Board (here in after called Board) while deciding his representation directed the Market Committee vide his Memo No. 5812, dated 16th December, 1969 that Shri Kartar Singh's dismissal order should be effective from 7th February, 1969 instead of 28th December, 1968 when the committee give its approval.

4. Now the Administrator, Market Committee, Tarn Tarn ordered reinstatement of Shri Kartar Singh illegally where as his dismissal has been confirmed many times by the Market Committee. The administrator passed the reinstatement order on the ground that the Board has asked the Market Committee to reconsider the case for want of service of show cause notice but in fact the final show cause notice was duly served upon Kartar Singh on 28th December, 1968, and was available on the file. This very letter was already considered by the Market Committee vide Re. No. 124, dated the 18th November, 1971. The Board never directed the Market Committee to reinstate Shri Kartar Singh, the Board simply asked the committee to see whether the final show cause notice was issued. Thereupon the Committee vide Re. 124 rejected the case for reconsideration as the said notice was available on the file.

5. This very reinstatement of Kartar Singh has also been declared illegally by the Examiner Local Fnnd, Punjab, vide his letter dated 17th December, 1970, addressed to Secretary Marketing Board.

6. In the presence of Re. No. 124 dated 13th November, 1971 passed by the Market Committee Tarn Taran the Administrator is not competent to reconsider the case when the letter of the Board has already been considered. The Administrator can not pass any fresh order unless the dismissal order is not set aside by the Higher Authortiy Board/Govt. in this case there is no order of Govt./Board nulifying the dismissal of Kartar Singh. No order can be passed by any authority except the Govt. who has supervisory jurisdiction as there is no provision of appeal and revision in the PAP Markets Acts, 1961. So the order of reinstatement of Kartar Singh, passed by the Administrator Market Committee, Tarn Taran would be without any provision in the statute and without jurisdiction Under section 33(4) (iii) of the PAP Markets Act, 1961, it is only the Govt. who can pass such order, Board can only forward its statement alongwith explanation received from the Market Committee.

7. The matter can not be agitated after such a long time on this ground alone, no relief can be given to Shri Kartar Singh,

8. According to the Hon. Supreme Court judgement (CA 27 of 68) dated 18th August, 1968 and C. A. No. 990 (N) dated 15th July, 1968) second show cause notice under article 811 if necessary on which ground the relief has been given to the said Kartar Singh.

It is, therefore, prayed that the illegal reinstatement of Kartar Singh may be quashed while suspending Resolution or order of the administrator Market Committee, Tarn Taran which is illegal, arbitrary, malafide, without jurisdiction and undue favour to Shri Kartar Singh and I may be posted in his place. From the facts and grounds stated above if there is any necessity of getting the advice of the L. R. in this case, it may kindly be taken.

Yours faithfully,

Sd/-

(Hardial Singh)

Dated : 22nd August, 1972.

Hon'ble Capt. Rattan Singh,
Minister for Agriculture, Punjab,
Chandigarh.

Subject :— Representation against illegal reversion of Shri Hardial Singh Mandi Supervisor Market Committee Tarn Taran.

I respectfully state as under :—

1. That I was appointed as Fee-Collector-Clerk in the office of the Market Committee Tarn Taran in year 1964.

2. That one Shri Kartar Singh Mandi Supervisor was suspended on 6th July 1968 and in his place I was appointed Mandi Supervisor. After enquiry the said Kartar Singh was ordered to be dismissed vide Resolution date 31 st December, 1968 of the Sub Committee.

3. The decision of the Sub Committee was later on confirmed by the Market Committee Tarn Taran vide resolution No. 6 dated 7th February, 1969 and vide Re. No. 7 dated 7th February, 1969 (copy enclosed) the Committee approved my appointment as Mandi Supervisor on substantive post. In the year 1971 the grade of Mandi Supervisor was fixed Rs. 140-300 which I am drawing at present.

That against the order of disimssal, the aforesaid Kartar Singh filed a representation before the State Agricultural Marketing Board Punjab Chandigarh, which on order dated 16th December, 1969 (copy enclosed) held that the dismissal of Kartar Singh should be effective from 7th February, 1969 instead of from 28th December, 1968. Thus the dismissal of Kartar Singh was confirmed by the Board.

4. That per Re. No. 16 dated 16th May, 1970 (copy enclosed) the Market Committee ordered reinstatement of Kartar Singh w. e. f. 6th July, 1968. The Marketing Board vide his Memo. No. Estt./16899 dated 15th September, 1970 advised the Market Committee not to reconsider the dismissal case of Kartar Singh as the relevant record is under consideration of the audit. The Examiner Local fund accounts Punjab, after examining the record advised the State Agricultural Marketing Board vide his Memo (copy attached) to suspend under provisions of section 33(4) (ii) of the Punjab Agricultural Produce Markets Act, 1961, the execution of Re. No. 16 passed by the Marketing Committee Tarn Taran as the Market Committee Tarn Taran had since employed a substitute, substantively in place of Shri Kartar Singh Mandi Supervisor after his dismissal and presumably with your approval under Section 20(2) of the P. A. P. Market Act 1961, but the Marketing Board has not done so.

5. That Shri Kartar Singh approached the Chairman Marketing Board Punjab and got him pleased to order for the reconsideration of his case although the appeal of Shri Kartar Singh was finally disposed of against him. The change of attitude of Chairman Marketing Board has been effected due to the reasons best known to him. The Chairman Marketing Board vide his letter No. 24419 dated 15th November, 1971 asked the Market Committee Tarn Taran to reconsider the case of dismissal of Shri Kartar Singh for want of service of Final Show Cause Notice. There upon vide Re. No. 124 dated 18th November, 1971 (copy attached) the Market Committee out rightly rejected the case for reconsideration as the Final Show Cause Notice was duly served on Shri Kartar Singh (copy enclosed) was available on the file.

6. That per order dated 2nd June, 1972 as communicated to me by the Secretary Market Committee Tarn Taran vide his letter No. 2702/2703 E dated 9th Jnne, 1972 (copy attached) the Market Committee has ordered for my removal from the post of Mandi Supervisor and has directed me to resume the duties as Fee Collector without issuing any notice or affording opportunity to show cause. Thus this order and the reinstatement of Shri Kartar Singh is illegal, arbitrary Malafide, without jurisdiction and undue favour to Shri Kartar Singh.

[Minister for Development]

7. The above order has been passed malafide in order to illegally favour and benefit to Shri Kartar Singh who is illegally re-instated, whereas his dismissal was confirmed by the Board. All it is done at the instance of the Chairman of the Marketing Board.

8. That grave and manifest injustice would be done to me, if the order dated 9th June, 1972 is executed against me. I request you to kindly stay the above quoted order of the Market Committee Tarn Taran so that I may not be reverted and I further request you to please hold the thorough enquiry regarding this case and quash the order in question so that justice may be done to me.

Further it is prayed kindly to stay the operation of order dated 9th June, 1972 till the final disposal of the case.

Yours faithfully,
Sd/-
(HARDIAL SINGH)
Mandi Supervisor
Market Committee Tarn Taran

Dated 17th July, 1972.
Encl : 12

Present Address :

V. & P. O. Naushehra Pannuan
Tehsil Tarn Taran
District Amritsar (Punjab)

ਸਰਦਾਰ ਸਾਧੂ ਸਿੰਘ : ਜਦੋਂ ਇਸ ਕੇਸ ਦੀ ਇਨਕੁਆਇਰੀ ਹੋ ਗਈ ਅਤੇ ਜੇ ਉਸ ਦਾ ਰਿਜ਼ਲਟ ਆ ਜਾਵੇ ਤਾਂ ਉਸ ਤੇ ਕੀ ਐਕਸ਼ਨ ਲਿਆ ਜਾਵੇਗਾ ?

ਵਿਕਾਸ ਮੰਤਰੀ : ਰਿਜ਼ਲਟ ਆ ਲੈਣ ਦਿਓ, ਪੂਰਾ ਪੂਰਾ ਐਕਸ਼ਨ ਲਿਆ ਜਾਵੇਗਾ ।

EMBEZZLEMENT OF RS. 14,000/- IN THE MARKET COMMITTEE, TARN TARAN, DISTRICT AMRITSAR.

*807. 1. **Sardar Sadhu Singh**
2. **Sardar Gurdev Singh Sidhu** | . Will the Minister for Development be pleased to state :—

(a) whether he or the Agriculture Department received any representation during the period from 1st July, 1972 to date regarding embezzlement of a sum of Rs. 14000/- in the Market Committee, Tarn Taran, district Amritsar; if so, when and a copy of the representation be laid on the Table of the House;

(b) the action, if any, taken so far or proposed to be taken, on the said representation;

(c) whether the responsibility for the said embezzlement has been fixed if so, on whom, if not, the reasons therefor ?

Captain Rattan Singh : (a) Yes. A copy of the representation is placed on the table of the House.

(b) & (c) Enquiry is being conducted by the Marketing Board and the report is still awaited.

[(ੳ) ਹਾਂ ਜੀ, ਪ੍ਰਤੀਬੇਨਤੀ ਦੀ ਇਕ ਨਕਲ ਹਾਊਸ ਦੀ ਟੇਬਲ ਪਰ ਰੱਖੀ ਜਾਂਦੀ ਹੈ।

(ਅ ਤੇ ੲ) ਮਾਰਕੀਟਿੰਗ ਬੋਰਡ ਦਵਾਰਾ ਇਸ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਰਿਪੋਰਟ ਦੀ ਉਡੀਕ ਹੈ।]

REPRESENTATION

To

Hon'ble Capt. Rattan Singh,
Minister for Agriculture, Punjab.
Chandigarh.

Subject : Fraud of Rs. 14,000/- played with the funds of the Market Committee, Tarn Taran.

Dear Sir,

I seek your protection to disclose the facts of fraud played with the funds of the Market Committee, Tarn Taran which are as under:—

1. That one Sh. Kartar Singh Mandi Supervisor Market Committee Tarn. Taran was dismissed by the Market Committee on 7th February, 1969 vide Res No. 6. Sh. Kartar Singh could not be reinstated as his dismissal was approved by the Marketing Board, Punjab, vide letter No. 5812 dated 16th December, 1969 and rule 4 sub Rule VII of the Punjab Civil Services (Punishment and Appeal) Rules, 1952 which also barred his reinstatement.

2. That the chairman, Punjab State Agriculture Marketing Board asked the Market Committee, Tarn Taran vide his letter No. 24419 dated 15th November, 1971 to reconsider the case of dismissal of Kartar Singh for want of service of Final Show Cause Notice upon him. Thereafter vide Re. No. 124 dated 18th November, 1971 the Committee outrightly rejected the case for consideration as final show cause notice duly served on Kartar Singh was available on the file.

3. In the last meeting of the Market Committee when its terms of office was to terminate a resolution was inserted in the proceeding Book by Sh. Ajit Singh, Secretary for the reinstatement of Sh. Kartar Singh in fact this resolution was never passed and the proceedings of that meeting were never confirmed. On the basis of that bogus resolution Sh. Kartar Singh has been reinstated. In support of my contention I may add that two members of the Market Committee (Sh. Amar Nath and S. Amrik Singh) were refused to see the proceeding book for they were supplied its copy for which a written request was made. I also applied for the certified copy of the proceedings but Sh. Ajit Singh, Secretary passed an order on my application that no resolution had been passed concerning the reinstatement of Shri Kartar Singh.

4. All these proceedings are illegal, without jurisdiction with a malafide intention to put the Committee into loss.

I may also add there for your kind information that Sh. Ajit Singh Secretary Market Committee gave the contract of pacca flooring of Tarn Taran Grain Market amounting to Rs. 2,50,000/- to Sh. Sardari Lal of Tarn Taran without inviting tenders and without giving any publicity for tenders as required under the rules. It is a great irregularity and there must be something which has prompted the Secretary and other concerned officials to commit irregularity in this big construction work. I therefore request you to kindly to hold an enquiry into the matter so that the funds of the Committee may not be misused.

5. The Secretary Market Committee incollusion with the Administrator, Market Committee, Tarn Taran had paid Rs. 14,000/- to Sh. Kartar Singh being the amount of the period of his dismissal to reinstatement.

I, therefore, request your kind honour to kindly hold the personal enquiry and give me a chance for personal hearing.

Sd/-

(Hardial Singh)

S/o Sh. Harnam Singh,
V. P. O. Naushehra Pannuan,
Tehsil Tarn Taran, District Amritsar.

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਰਿਪ੍ਰੈਜ਼ੇਂਟੇਸ਼ਨ ਦੇਣ ਵਾਲਾ ਮੁੰਡਾ ਹੈ ਸਰਦਾਰ ਹਰਦਿਆਲ ਸਿੰਘ, ਕੀ ਇਹ ਸ਼ੈਡਿਊਲਡ ਕਾਸਟ ਹੈ ਅਤੇ ਜਿਸ ਦਿਨ ਤੋਂ ਉਸ ਨੇ ਇਹ ਰਿਪ੍ਰੈਜ਼ੇਂਟੇਸ਼ਨ ਦਿਤੀ ਕੀ ਉਸ ਦਿਨ ਤੋਂ ਉਸ ਨੂੰ ਰਿਵਰਟ ਕਰ ਦਿਤਾ ਗਿਆ ?

ਵਿਕਾਸ ਮੰਤਰੀ : ਇਸ ਚੀਜ਼ ਦਾ ਕੋਈ ਪਤਾ ਨਹੀਂ ਕਿ ਉਹ ਕੌਣ ਹੈ । ਇਹ ਕਾਗਜ਼ਾਂ ਵਿਚ ਨਹੀਂ ਲਿਖਿਆ ਹੁੰਦਾ ਕਿ ਕਾਗਜ਼ ਦੇਣ ਵਾਲਾ ਕੌਣ ਹੈ । ਕੇਸ ਆਨ ਮੈਰਿਟ ਡੀਲ ਵਿਦ ਕੀਤਾ ਜਾਂਦਾ ਹੈ । ਉਸ ਦੀ ਰਿਪ੍ਰੈਜ਼ੇਂਟੇਸ਼ਨ ਡਾਇਰੈਕਟ ਮੇਰੇ ਕੋਲ ਆਈ ਸੀ, ਮੈਂ ਸਪੈਸ਼ਲ ਇੰਨਕੁਆਇਰੀ ਲਈ ਆਰਡਰ ਕਰ ਦਿਤੇ ਹਨ । ਮੈਂ ਹਾਊਸ ਨੂੰ ਵਿਸ਼ਵਾਸ ਦਿਲਾਉਂਦਾ ਹਾਂ ਕਿ Justice will be done irrespective of any caste, creed, colour, or anny thing else.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਤਾਂ ਸੁਆਲ ਇਹ ਸੀ ਕਿ ਹਰਦਿਆਲ ਸਿੰਘ ਦੀ ਰਿਪ੍ਰੈਜ਼ੇਂਟੇਸ਼ਨ ਆਈ, ਤੁਸੀਂ ਉਸ ਉਤੇ ਐਕਸ਼ਨ ਵੀ ਲੈ ਰਹੇ ਹੋ, ਪਰ ਮੈਂ ਕਹਿੰਦਾ ਹਾਂ ਕਿ ਉਹ ਮੁੰਡਾ ਪਹਿਲੋਂ ਉਥੇ ਸੁਪਰਵਾਈਜ਼ਰ ਸੀ ਅਤੇ ਬਾਦ ਵਿਚ ਉਸਨੂੰ ਕਲਰਕ ਬਣਾ ਦਿਤਾ, ਕੀ ਇਹ ਠੀਕ ਹੈ ?

ਮੰਤਰੀ : ਇਸ ਤੋਂ ਪਹਿਲਾਂ ਉਸ ਮੰਡੀ ਵਿਚ ਸਰਦਾਰ ਕਰਤਾਰ ਸਿੰਘ ਸੁਪਰਵਾਈਜ਼ਰ ਸੀ ਉਸ ਨੂੰ ਮਾਰਕੀਟ ਕਮੇਟੀ ਨੇ ਡਿਸਮਿਸ ਕਰ ਦਿਤਾ ਸੀ । ਲੇਕਿਨ ਜਿਹੜਾ ਲੀਗਲ ਪ੍ਰਾਸੈਸ ਸੀ, ਉਹ ਪੂਰੀ ਤਰ੍ਹਾਂ ਨਾਲ ਆਬਜ਼ਰਵ ਨਹੀਂ ਸੀ ਕੀਤਾ । ਫਿਰ ਕਿਸੇ ਦੇ ਇਹ ਪੁਆਇੰਟ ਆਉਟ ਕਰਨ ਤੇ ਮਾਰਕੀਟ ਕਮੇਟੀ ਨੇ ਮੁੜ ਕੇ ਉਸ ਨੂੰ ਸਰਵਿਸ ਵਿਚ ਲੈ ਲਿਆ ਹੈ, ਮੰਡੀ ਵਿਚ ਇਕੋ ਹੀ ਸੁਪਰਵਾਈਜ਼ਰ ਹੋ ਸਕਦਾ ਹੈ । ਜਿਸ ਦੀ ਥਾਂ ਤੇ ਸਰਦਾਰ ਹਰਦਿਆਲ ਸਿੰਘ ਲਗਾ ਸੀ ਅਗਰ ਉਹ ਆ ਜਾਏ ਤਾਂ ਉਸਨੇ ਥਲੇ ਵਾਲੀ ਪੋਸਟ ਤੇ ਹੀ ਜਾਣਾ ਸੀ । ਜਿਸ ਵੇਲੇ ਕਰਤਾਰ ਸਿੰਘ ਦਾ ਇਹ ਫੈਸਲਾ ਹੋ ਗਿਆ ਕਿ ਉਹ ਵਾਕਈ ਠੀਕ ਡਿਸਮਿਸ ਕੀਤਾ ਗਿਆ ਸੀ, ਤਾਂ ਜੋ ਵੀ ਵਾਜਬ ਚੀਜ਼ ਹੋਵੇਗੀ, ਹਰਦਿਆਲ ਸਿੰਘ ਵਾਸਤੇ ਕੀਤੀ ਜਾਵੇਗੀ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਕੈਪਟਨ ਸਾਹਿਬ ਨੇ ਕਿਹਾ ਹੈ ਕਿ ਕਰਤਾਰ ਸਿੰਘ ਦੇ ਕੇਸ ਵਿਚ ਡਿਊ ਪ੍ਰਾਸੈਸ ਆਫ਼ ਲਾਅ ਆਬਜ਼ਰਵ ਨਹੀਂ ਸੀ ਹੋਇਆ, ਪਰ ਉਸ ਨੂੰ ਡਿਸਮਿਸ ਕਰ ਦਿਤਾ ਗਿਆ ਸੀ ਔਰ ਹੁਣ ਮੁੜ ਕੇ ਉਸਨੂੰ ਜਿਹੜਾ ਸਰਵਿਸ ਵਿਚ ਲਿਆ ਹੈ ਕੀ ਸਿਫਾਰਸ਼ ਨਾਲ ਲਾਇਆ ਹੈ ਜਾਂ ਲਾਅ ਦੇ ਅੰਡਰ ਉਸਨੂੰ ਲਾਇਆ ਗਿਆ ਹੈ ?

ਮੰਤਰੀ : ਚੇਅਰਮੈਨ ਸਾਹਿਬ ਨੇ ਅਬਜ਼ਾਰਵ ਕੀਤਾ ਸੀ ਕਿ ਚੂੰਕਿ ਉਸ ਨੂੰ ਪ੍ਰਾਪਰ ਸ਼ੋ ਕਾਜ਼ ਨੋਟਿਸ ਨਹੀਂ ਦਿਤਾ ਗਿਆ ਇਸ ਕਰਕੇ ਕਮੇਟੀ ਉਸ ਦੇ ਕੇਸ ਨੂੰ ਮੁੜ ਕੇ ਵੇਖੇ ਅਤੇ ਇਸ ਤਰ੍ਹਾਂ ਕਮੇਟੀ ਨੇ ਉਸ ਨੂੰ ਬਹਾਲ ਕਰ ਦਿਤਾ ਹੈ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਇਹ ਮੁੰਡਾ 1968 ਵਿਚ ਡਿਸਮਿਸ ਕੀਤਾ ਅਤੇ ਮਾਰਕੀਟ ਕਮੇਟੀ ਨੇ ਪ੍ਰੋਸੀਡਿੰਗਜ਼ ਕੰਨਫਰਮ ਕੀਤੀਆਂ ਅਤੇ 1971 ਵਿਚ ਕਹਿ ਦਿਤਾ

ਕਿ 'ਮੇ ਬੀ ਰੀ-ਇੰਸਟੇਟਿਡ' ਅਤੇ ਕਮੇਟੀ ਨੇ ਉਸ ਨੂੰ ਬਹਾਲ ਕਰ ਦਿਤਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਹ ਹਾਲੇ ਤਕ ਨੌਕਰੀ ਵਿਚ ਹੈ ਅਤੇ ਉਸ ਦੇ ਖਿਲਾਫ਼ ਪ੍ਰੋਸੀਡਿੰਗਜ਼ ਚਲ ਰਹੀਆਂ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਕਲੀਅਰ ਹੀ ਹੈ ਕਿ ਸਰਦਾਰ ਕਰਤਾਰ ਸਿੰਘ ਇਜ਼ ਸਟਿਲ ਇੰਨ ਸਰਵਿਸ ਬੀਕਾਜ਼ ਆਫ਼ ਦੀ ਰੈਜ਼ੋਲਿਊਸ਼ਨ ਆਫ਼ ਦੀ ਕਮੇਟੀ । ਇੰਨ-ਕੁਆਇਰੀ ਵੀ ਚਲ ਰਹੀ ਹੈ । ਮਾਰਕੀਟ ਕਮੇਟੀ ਨੇ ਅਪਣੀ ਮੀਟਿੰਗ ਦੀਆਂ ਜੋ ਮਿਨਟਸ ਨੋਟ ਕੀਤੀਆਂ ਉਨ੍ਹਾਂ ਨੂੰ ਵੇਖਿਆ ਜਾ ਰਿਹਾ ਹੈ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, 14 ਹਜ਼ਾਰ ਰੁਪਏ ਦੀ ਐਂਬਜ਼ਲਮੈਂਟ ਦਾ ਕੇਸ ਹੈ । 1968 ਵਿਚ ਉਸ ਆਦਮੀ ਨੂੰ ਡਿਸਮਿਸ ਕੀਤਾ ਅਤੇ 1971 ਤਕ ਉਹ ਡਿਸਮਿਸ ਰਿਹਾ । ਹੁਣ ਉਸ ਨੂੰ ਮੁੜ ਕੇ ਸਰਵਿਸ ਵਿਚ ਲੈ ਲਿਆ ਹੈ । ਕੀ ਕੋਈ ਇਹੋ ਜਿਹੇ ਆਰਡਰ ਸਰਕਾਰ ਕਰੇਗੀ ਕਿ ਜਦ ਤਕ ਉਸ ਦੇ ਕੇਸ ਦਾ ਪ੍ਰਾਪਰ ਫੈਸਲਾ ਨਾ ਕੀਤਾ ਜਾਵੇ ਉਸ ਨੂੰ ਏਰੀਅੱਰਜ਼ ਪੇ ਨਾ ਕੀਤੇ ਜਾਣ ?

ਮੰਤਰੀ : ਸਪੀਕਰ ਸਾਹਿਬ, ਅਬਜ਼ਲਮੈਂਟ ਦਾ ਕੋਈ ਕੇਸ ਨਹੀਂ ਸੀ । ਉਸ ਦਾ 14 ਹਜ਼ਾਰ ਰੁਪਈਆ ਏਰੀਅਰ ਬਣਦਾ ਸੀ ਉਹ ਵਾਜ਼ਬ ਤੌਰ ਤੇ ਉਸ ਨੂੰ ਪੇ ਕੀਤਾ ਹੈ ਕਿਉਂਕਿ ਉਹ ਉਸਦੀ ਪਿਛਲੀ ਤਨਖਾਹ ਸੀ ਕਿਉਂਕਿ ਉਸ ਨੂੰ ਬਹਾਲ ਕਰ ਦਿਤਾ ਹੈ । ਇਹ ਜਿਹੜਾ ਇਨ੍ਹਾ ਨੇ ਐਂਬੇਜ਼ਲਮੈਂਟ ਦਾ ਸ਼ਬਦ ਵਰਤਿਆ ਹੈ ਇਹ ਗਲਤ ਹੈ । ਹਾਲੇ ਇੰਨਕੁਆਇਰੀ ਦੀ ਰਿਪੋਰਟ ਆਉਣੀ ਹੈ ਅਤੇ ਜਦੋਂ ਵੀ ਉਹ ਆ ਗਈ ਉਸ ਦੇ ਮੁਤਾਬਿਕ ਮੈਕਸੀਮੱਮ ਐਕਸ਼ਨ ਲਿਆ ਜਾਵੇਗਾ ।

ਸਰਦਾਰ ਬਲਵਿੰਦਰ ਸਿੰਘ ਭੂੰਡਰ : ਸਪੀਕਰ ਸਾਹਿਬ, ਮੈਂ ਕੈਪਟਨ ਸਾਹਿਬ ਨੂੰ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਸ ਕਿਸਮ ਦੇ ਗਬਨ ਦਾ ਕੇਸ 6 ਸਾਲ ਪਹਿਲੋਂ ਮਾਨਸਾ ਮਾਰਕੀਟ ਕਮੇਟੀ ਵਿਚ ਹੋਇਆ ਅਤੇ ਉਸ ਦੇ ਵਿਚ 2 ਕਰਮਚਾਰੀ ਸਸਪੈਂਡ ਵੀ ਹੋਏ ਹਨ ਪਰ ਅਜੇ ਤਕ ਉਸ ਦਾ ਕੋਈ ਫੈਸਲਾ ਨਹੀਂ ਹੋਇਆ, ਕੀ ਉਸਦਾ ਇਹ ਫੈਸਲਾ ਜਲਦੀ ਕਰ ਦੇਣਗੇ ?

ਮੰਤਰੀ : ਇਹ ਸੁਆਲ ਤਾ ਇਸ ਵਿਚੋਂ ਪੈਦਾ ਹੀ ਨਹੀਂ ਹੁੰਦਾ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਆਇਆ ਮੈਂ ਮੰਤਰੀ ਮਹੋਦਯ ਤੋਂ ਪੁੱਛ ਸਕਦਾ ਹਾਂ ਕਿ ਇਹ ਜਿਹੜੇ ਗਬਨ ਦੇ ਕੇਸ ਹਨ ਇਨ੍ਹਾਂ ਨੂੰ ਹਟਾਉਣ ਲਈ ਇਹ ਮਨਿਸਟਰੀ ਕੋਈ ਅਲਰਜਿਕ ਰੀਐਕਸ਼ਨ ਪੈਦਾ ਕਰੇਗੀ ਤਾਂ ਕਿ ਇੰਨ ਡਿਊ ਕੋਰਸ ਆਫ਼ ਟਾਈਮ ਐਕਸ਼ਨ ਲਿਆ ਜਾਵੇ । ਇਸ ਤਰਾਂ ਨਾ ਹੋਵੇ ਕਿ 10 ਸਾਲ ਤੱਕ ਕੇਸ ਦਾ ਫੈਸਲਾ ਹੀ ਨਾ ਹੋਵੇ । ਮੈਂ ਤਾਂ ਸਮਝਦਾ ਹਾਂ ਕਿ 'ਜਸਟਿਸ ਡਿਲੇਡ ਇਜ਼ ਜਸਟਿਸ ਡਿਨਾਈਡ' ਇਸ ਦਾ ਕੋਈ ਅਸਰ ਨਹੀਂ ਹੁੰਦਾ ।

ਮੰਤਰੀ : ਇਹ ਸਆਲ ਤਾਂ ਇਸ ਵਿਚੋਂ ਅਰਾਈਜ਼ ਹੀ ਨਹੀਂ ਹੁੰਦਾ ।

———

ALLEGED ILLEGAL APPOINTMENTS MADE IN MARKET COMMITTEE, AMRITSAR.

***811 Master Dalip Chand** :— Will the Minister for Development be pleased to state :—

(a) whether he or the Government received any representations during the period from 1st September, 1972 to-date regarding alleged irregular appointments of some employees in the Market Committee, Amritsar; if so, when and from whom and copies thereof be placed on the Table of the House;

(b) the action, if any, taken or proposed to be taken by the Government on the said representations;

(c) whether any responsibility for making such illegal appointments was fixed; if so, on whom, if not, the reasons therefor ?

Captain Rattan Singh : (a) No. However two representations from Sarvshri Surat Singh Rataul and Ajit Singh, employees of Market Committee, Amritsar were received earlier. Copies of the same are laid on the Table of the House.

(b) The Market Committee, Amritsar has been asked by the Punjab State Agriculture Marketing Board to redress the grievances of Shri Surat Singh Rataul. Final action on the representation of Shri Ajit Singh is pending for want of a report from the Market Committee.

(c) Yes. Shri Dayal Singh, the then Secretary, Market Committee, Amritsar, has been charge sheeted.

[(ੳ) ਨਹੀਂ ਜੀ ਫਿਰ ਵੀ ਦੋ ਪ੍ਰਤੀਬੇਨਤੀਆਂ ਸਰਵਸ੍ਰੀ ਸੂਰਤ ਸਿੰਘ ਰਟੌਲ ਅਤੇ ਅਜੀਤ ਸਿੰਘ ਮਾਰਕੀਟ ਕਮੇਟੀ, ਅੰਮ੍ਰਿਤਸਰ ਦੇ ਕਰਮਚਾਰੀਆਂ ਵਲੋਂ ਪਹਿਲਾਂ ਵਸੂਲ ਹੋਈਆਂ ਸਨ । ਇਨ੍ਹਾਂ ਦੇ ਉਤਾਰੇ ਹਾਊਸ ਦੇ ਟੇਬਲ ਪਰ ਰੱਖੇ ਜਾਂਦੇ ਹਨ ।

(ਅ) ਪੰਜਾਬ ਮੰਡੀਕਰਣ ਬੋਰਡ ਨੇ ਮਾਰਕੀਟ ਕਮੇਟੀ, ਅੰਮ੍ਰਿਤਸਰ ਨੂੰ ਸ੍ਰੀ ਸੂਰਤ ਸਿੰਘ ਰਟੌਲ ਦੀ ਸ਼ਕਾਇਤ ਦੂਰ ਕਰਨ ਹਿਤ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ । ਸ੍ਰੀ ਅਜੀਤ ਸਿੰਘ ਦੀ ਪ੍ਰਤੀ ਬੇਨਤੀ ਤੇ ਆਖਰੀ ਕਾਰਵਾਈ ਮਾਰਕੀਟ ਕਮੇਟੀ ਤੋਂ ਰਿਪੋਰਟ ਆਉਣ ਤਕ ਲੰਬਤ ਹੈ ।

(ੲ) ਹਾਂ ਜੀ । ਸ੍ਰੀ ਦਿਆਲ ਸਿੰਘ ਉਸ ਵੇਲੇ ਦੇ ਸਕੱਤਰ ਮਾਰਕੀਟ ਕਮੇਟੀ ਨੂੰ ਚਾਰਜਸ਼ੀਟ ਕਰ ਦਿੱਤਾ ਗਿਆ ਹੈ ।]

ਪ੍ਰਤੀ ਬੇਨਤੀਆਂ ਦੀਆਂ ਨਕਲਾਂ

ਸੇਵਾ ਵਿਖੇ

ਸਕੱਤਰ ਸਾਹਿਬ,
ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ,
ਚੰਡੀਗੜ੍ਹ ।

ਵਿਸ਼ਾ :— ਦਫਤਰ ਮਾਰਕੀਟ ਕਮੇਟੀ ਅੰਮ੍ਰਿਤਸਰ ਵਿਚ ਹੋਈਆਂ ਗੈਰ ਕਾਨੂੰਨੀ ਨਿਯੁਕਤੀਆਂ ਬਾਰੇ ।

ਹਵਾਲਾ :—ਆਪ ਜੀ ਦਾ ਵਿਰਤੂ ਪੱਤਰ ਨੰਬਰ 245 ਮਿਤੀ 5 ਸਤੰਬਰ, 1972 ਅਨੁਸਾਰ ।

ਬੇਨਤੀ ਹੈ ਕਿ ਦਫਤਰ ਮਾਰਕੀਟ ਕਮੇਟੀ, ਅੰਮ੍ਰਿਤਸਰ ਵਿਚ ਜੋ ਗੈਰ ਕਾਨੂੰਨੀ ਨਿਯੁਕਤੀਆਂ ਹੋਈਆਂ ਹਨ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

1. ਸ੍ਰੀ ਸੂਰਤ ਸਿੰਘ ਆਕਸ਼ਨੀਅਰ ਵਲੋਂ ਬੋਰਡ ਵਿਚ ਚਲ ਰਹੀ ਅਪੀਲ ਸ੍ਰੀ ਸੂਰਤ ਸਿੰਘ ਬਨਾਮ ਸ੍ਰੀ ਮਨਜੀਤ ਸਿੰਘ (ਸਕੱਤਰ, ਸ੍ਰੀ ਗਿਆਨ ਸਿੰਘ ਢਿਲੋਂ ਦਾ ਲੜਕਾ) ਅਤੇ ਸ੍ਰੀ ਅਸ਼ੋਕ ਕੁਮਾਰ (ਸ੍ਰੀ ਬਲਦੇਵ ਰਾਜ ਹੈਡ ਕਲਰਕ ਦਾ ਮੁੰਡਾ) ਨੂੰ ਸਿੱਧਾ ਫੀਸ ਕੁਲੈਕਟਰ ਲਾਇਆ ਸੀ ।

2. ਸ੍ਰੀ ਗੁਰਮੀਤ ਸਿੰਘ ਕਲਰਕ ਨੂੰ ਵੀ ਸੀਨੀਅਰ ਮੁਲਾਜ਼ਮਾਂ ਨੂੰ ਛਡਕੇ ਅਤੇ ਕਿਸੇ ਨੂੰ ਸੂਚਿਤ ਕੀਤੇ ਬਗੈਰ ਹੀ ਇਕ ਜੂਨੀਅਰ ਮੁਲਾਜ਼ਮ ਨੂੰ ਫੀਸ ਕੁਲੈਕਟਰ ਬਣਾਇਆ ਗਿਆ ਹੈ ਜਦ ਕਿ ਹੱਕ ਸ੍ਰੀ ਅਜੀਤ ਸਿੰਘ ਕਲਰਕ ਦਾ ਸੀ ਜੋ ਕਿ ਉਸ ਨਾਲੋਂ 2 ਸਾਲ ਸੀਨੀਅਰ ਹੈ । ਸ੍ਰੀ ਗੁਰਮੀਤ ਸਿੰਘ ਵੀ ਸ੍ਰੀ ਦਿਆਲ ਸਿੰਘ ਸਕੱਤਰ ਦਾ ਭਤੀਜਾ ਹੈ ।

3. ਸ੍ਰੀ ਜਸਜੀਤ ਸਿੰਘ ਨੂੰ (ਸਾਬਕ ਚੇਅਰਮੈਨ ਸਰਦਾਰ ਬਲਵੰਤ ਸਿੰਘ) ਨੇ 6 ਮਹੀਨੇ ਲਈ ਮੰਡੀ ਸੁਪਰਵਾਈਜ਼ਰ ਲਾਇਆ ਸੀ । ਇਹ ਵੀ ਨਿਯੁਕਤੀ ਸਿੱਧੀ ਅਤੇ ਬਗੈਰ ਕਿਸੇ ਨੂੰ ਸੂਚਿਤ ਕੀਤੇ ਕੀਤੀ ਗਈ ਹੈ ਅਤੇ 6 ਮਹੀਨੇ ਦੀ ਮਿਆਦ ਪੁੱਗਣ ਤੇ ਵੀ ਉਹ ਬਗੈਰ ਕਿਸੇ ਹੁਕਮ ਤੋਂ ਇਸ ਪੋਸਟ ਤੇ ਚਲਿਆ ਆ ਰਿਹਾ ਹੈ, ਅਤੇ ਤਨਖਾਹ ਵਗੈਰਾ ਵੀ ਰੈਗੂਲਰ ਲੈ ਰਿਹਾ ਹੈ । ਇਹ ਵੀ ਬੋਰਡ ਦੇ ਕਿਸੇ ਵਡੇ ਅਫਸਰ ਦਾ ਰਿਸ਼ਤੇਦਾਰ ਦੱਸਿਆ ਜਾਂਦਾ ਹੈ ।

4. ਸ੍ਰੀ ਗੁਰਦੀਪ ਸਿੰਘ ਅਤੇ ਸ੍ਰੀ ਸੁਧੀਰ ਕੁਮਾਰ ਨੂੰ ਵੀ ਸਿਧੇ ਤੌਰ ਤੇ ਆਕਸ਼ੀਨੀਅਰ ਲਾਇਆ ਗਿਆ ਹੈ, ਜਦ ਕਿ ਇਨ੍ਹਾਂ ਤੋਂ ਕਮੇਟੀ ਵਿਚ 4-5 ਸਾਲ ਤੋਂ ਕੰਮ ਕਰ ਰਹੇ ਮੁਹੱਰਰਾਂ ਦਾ ਹੱਕ ਬਣਦਾ ਸੀ, ਇਨ੍ਹਾਂ ਵਿਚੋਂ ਪਹਿਲਾ ਬੋਰਡ ਦਾ ਅਤੇ ਦੂਸਰਾ ਮਾਰਕੀਟ ਕਮੇਟੀ ਦੇ ਅਫਸਰ ਦਾ ਰਿਸ਼ਤੇਦਾਰ ਹਨ ।

ਇਹ ਉਪਰੋਕਤ ਨਿਯੁਕਤੀਆਂ ਬਿਲਕੁਲ ਨਜਾਇਜ਼ ਹਨ ਅਤੇ ਬਗੈਰ ਕਿਸੇ ਨੂੰ ਸੂਚਿਤ ਕੀਤੇ ਅਤੇ ਰੋਜ਼ਗਾਰ ਦਫਤਰ ਵਿਚੋਂ ਵੀ ਨਹੀਂ ਲਏ ਗਏ ਅਤੇ ਨਾਂ ਹੀ ਰੋਜ਼ਗਾਰ ਦਫਤਰ ਨੂੰ ਸੂਚਿਤ ਕੀਤਾ ਗਿਆ ਹੈ । ਜੋ ਕਿ ਕਾਨੂੰਨ ਦੀ ਘੋਰ ਉਲੰਘਣਾ ਹੈ, ਭਾਰਤ ਜਿਹੇ ਦੇਸ਼ ਵਿਚ ਜਿਥੇ ਕਿ ਲੋਕਾਂ ਦਾ ਰਾਜ ਹੋਵੇ ਅਤੇ ਸਰਕਾਰ ਵੀ ਲੋਕਾਂ ਦੀ ਹੋਵੇ ਉਥੋਂ ਦੇ ਨਾਗਰਿਕਾਂ ਦਾ ਇਸ ਤਰ੍ਹਾਂ ਹੱਕ ਖੋਇਆ ਜਾਣਾ ਲੋਕਤੰਤਰ ਰਾਜ ਦੇ ਉਲਟ ਹੈ । ਆਸ ਹੈ ਕਿ ਤੁਸੀਂ ਇਸ ਉਪਰੋਕਤ ਗੈਰ ਕਾਨੂੰਨੀ ਹੋਈਆਂ ਨਿਯੁਕਤੀਆਂ ਉਪਰ ਵਿਸ਼ੇਸ਼ ਧਿਆਨ ਦੇ ਕੇ ਸਾਡੇ ਨਾਲ ਪੂਰਾ ਪੂਰਾ ਇਨਸਾਫ ਕਰੋਗੇ ।

ਆਪ ਜੀ ਦਾ ਵਿਸ਼ਵਾਸ ਪਾਤਰ,
ਸਹੀ/-
ਸੂਰਤ ਸਿੰਘ ਰਟੌਲ
ਸਕੱਤਰ, ਪੰਜਾਬ ਯੂਨੀਅਨ

[ਵਿਕਾਸ ਮੰਤਰੀ]

ਸੇਵਾ ਵਿਖੇ

ਸਕੱਤਰ ਸਾਹਿਬ,
ਪੰਜਾਬ ਸਟੇਟ ਐਗਰੀਕਲਚਰਲ ਬੋਰਡ,
ਚੰਡੀਗੜ੍ਹ ।

ਵਿਸ਼ਾ :— ਮਾਰਕੀਟ ਕਮੇਟੀ ਅੰਮ੍ਰਿਤਸਰ ਵਿਚ ਹੋਈ ਗੈਰ ਕਾਨੂੰਨੀ ਫੀਸ ਕੁਲੈਕਟਰ ਦੀ ਨਿਯੁਕਤੀ ਬਾਰੇ ।

ਸ੍ਰੀ ਮਾਨ ਜੀ,

ਬੇਨਤੀ ਇਸ ਪ੍ਰਕਾਰ ਹੈ :—

1. ਕਿ ਮਾਰਕੀਟ ਕਮੇਟੀ ਅੰਮ੍ਰਿਤਸਰ ਵਿਖੇ, ਖਾਲੀ ਹੋਈ ਫੀਸ ਕੁਲੈਕਟਰ ਦੀ ਆਸਾਮੀ ਤੇ ਮੇਰੇ ਨਾਲੋਂ ਜੂਨੀਅਰ ਤੇ ਘੱਟ ਵਿਦਿਅਕ ਯੋਗਤਾ ਵਾਲੇ ਨੂੰ (ਸ੍ਰੀ ਗੁਰਮੀਤ ਸਿੰਘ) ਕਲਰਕ ਨੂੰ ਫੀਸ ਕੁਲੈਕਟਰ ਬਣਾ ਕੇ ਮੇਰਾ ਹੱਕ ਮਾਰਿਆ ਹੈ । ਸ੍ਰੀ ਗੁਰਮੀਤ ਸਿੰਘ ਨੂੰ ਫੀਸ ਕੁਲੈਕਟਰ ਦੇ ਤੌਰ ਤੇ ਮੇਰੇ ਨਾਲੋਂ ਬਹੁਤ ਘੱਟ ਤਜਰਬਾ ਹੈ । ਦਫਤਰ ਨੂੰ ਮੇਰੇ ਵਿਰੁਧ 9 ਸਾਲ ਦੀ ਸਰਵਿਸ ਦੇ ਦੌਰਾਨ ਕੋਈ ਸ਼ਕਾਇਤ ਨਹੀਂ ।

2. ਕਿ ਸ੍ਰੀ ਗੁਰਮੀਤ ਸਿੰਘ ਉਸ ਸਮੇਂ ਦੇ ਸਕੱਤਰ, ਮਾਰਕੀਟ ਕਮੇਟੀ ਅੰਮ੍ਰਿਤਸਰ ਸ੍ਰੀ ਦਿਆਲ ਸਿੰਘ ਦਾ ਸਕਾ ਭਤੀਜਾ ਹੈ । ਉਸ ਨੇ ਉਸ ਸਮੇਂ ਦੇ ਹਾਕਮਾਂ ਤਕ ਪਹੁੰਚ ਹੋਣ ਕਾਰਨ ਇਹ ਪਰੋਮੋਸ਼ਨ ਮੇਰਾ ਹੱਕ ਮਾਰਕੇ ਲਈ ਹੈ ।

3. ਕਿ ਮੈਂ ਮਿਤੀ 22 ਫਰਵਰੀ 1971, 8 ਜੂਨ 1971, 10 ਸਤੰਬਰ 1971, 19 ਨਵੰਬਰ, 1971 ਤੋਂ ਅਤੇ ਇਸ ਤੋਂ ਬਾਅਦ ਵੀ ਚੇਅਰਮੈਨ ਸਾਹਿਬ ਅਤੇ ਸਕੱਤਰ, ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ, ਚੰਡੀਗੜ੍ਹ ਪਾਸ ਅਪੀਲ ਕੀਤੀ ਤੇ ਬਾਅਦ ਵਿੱਚ ਯਾਦ ਪੱਤਰ ਭੇਜੇ ਹਨ ।

4. ਕਿ ਮੈਂ ਪੈਰਾ ਨੰ: 3 ਦੇ ਭੇਜੇ ਪੱਤਰਾਂ ਦਾ ਮੈਨੂੰ ਕੋਈ ਜੁਆਬ ਨਹੀਂ ਆਇਆ । ਮੇਰੀ ਅਪੀਲ ਜਾਂ ਬੋਰਡ ਵਿਚ ਦਬਾ ਲਈ ਗਈ ਹੈ ਜਾਂ ਕੋਈ ਚਿਠੀ ਪੱਤਰ ਆਇਆ ਹੈ ਤਾਂ ਸਕੱਤਰ ਮਾਰਕੀਟ ਕਮੇਟੀ ਨੇ ਦਬਾ ਲਈ ਹੈ ਕਿ ਕਿਉਂ ਕਿ ਸ੍ਰੀ ਗੁਰਮੀਤ ਸਿੰਘ ਕਲਰਕ ਉਸ ਦਾ ਸਕਾ ਭਤੀਜਾ ਅਤੇ ਗੁਆਂਢੀ ਹੈ ।

5. ਕਿ ਉਪਰੋਕਤ ਨਿਯੁਕਤੀ ਨਾਲ ਅਗੇ ਤੋਂ ਕੋਈ ਤਰੱਕੀ ਦਾ ਮੌਕਾ ਆਉਂਦਾ ਹੈ ਤੇ ਸ੍ਰੀ ਗੁਰਮੀਤ ਸਿੰਘ ਮੇਰੇ ਨਾਲੋਂ ਸੀਨੀਅਰ ਹੋ ਜਾਂਦਾ ਹੈ । ਇਸ ਤਰ੍ਹਾਂ ਮੇਰਾ ਤਰੱਕੀ ਦਾ ਰਾਹ ਬਿਲਕਲ ਬੰਦ ਹੋ ਗਿਆ ਹੈ ਤੇ ਮਾਲੀ ਤੌਰ ਤੇ ਬਹੁਤ ਨੁਕਸਾਨ ਹੋਇਆ ਹੈ ।

6. ਕਿ ਅਗੇ ਵੀ ਸਕੱਤਰ ਮਾਰਕੀਟ ਕਮੇਟੀ ਅੰਮ੍ਰਿਤਸਰ ਨੇ ਉਸ ਸਮੇਂ ਹੈਡ ਕਲਰਕ ਦਾ ਲੜਕਾ ਸ੍ਰੀ ਅਸ਼ੋਕ ਕੁਮਾਰ ਤੇ ਸਕੱਤਰ ਦਾ ਲੜਕਾ ਸ੍ਰੀ ਮਨਜੀਤ ਸਿੰਘ ਨੂੰ ਫੀਸ ਕੁਲੈਕਟਰ ਲਵਾਏ ਜੋ ਮੇਰੇ ਨਾਲੋਂ ਸਰਵਿਸ ਵਿਚ 3 ਸਾਲ ਜੂਨੀਅਰ ਹਨ । ਇਹ ਸਾਰੇ ਕਰਮਚਾਰੀ ਮੇਰੇ ਨਾਲੋਂ ਵੱਧ ਤਨਖਾਹ ਲੈ ਰਹੇ ਹਨ ਅਤੇ ਗਰੇਡ 140-300/- ਰੁਪਏ ਦਾ ਹੈ ਅਤੇ ਮੇਰਾ ਗਰੇਡ 110-250 ਦਾ ਹੈ ।

7. ਕਿ ਮੈਨੂੰ ਪੂਰੀ ਆਸ ਹੈ ਕਿ ਆਪ ਮੇਰੀ ਦਰਖਾਸਤ ਤੇ ਹਮਦਰਦੀ ਨਾਲ ਵਿਚਾਰ ਕਰੋਗੇ ਤੇ ਇਸ ਦੀ ਛੇਤੀ ਤੋਂ ਛੇਤੀ ਇਨਕੁਆਰੀ ਕਰਾਉਗੇ ਤੇ ਕਮੇਟੀ ਨੂੰ ਇਸ ਦੀ ਬਾਬਤ ਦੁਬਾਰਾ ਫੈਸਲਾ ਕਰਨ ਲਈ ਜਲਦੀ ਹੁਕਮ ਜਾਰੀ ਕਰੋਗੇ ਕਿਉਂਕਿ ਇਨਸਾਫ ਨੂੰ ਅਗੇ ਪਾਉਣ ਨਾਲ ਨਹੀਂ ਮਿਲਦਾ ।

ਧੰਨਵਾਦ ਸਹਿਤ ।

ਆਪ ਦਾ ਦਾਸ
ਸਹੀ/-
(ਅਜੀਤ ਸਿੰਘ ਕਲਰਕ)
ਮਾਰਕੀਟ ਕਮੇਟੀ, ਅੰਮ੍ਰਿਤਸਰ ।

ਮੌਜੂਦਾ ਪਤਾ

ਅਜੀਤ ਸਿੰਘ ਮਾਰਫਤ ਸੂਰਤ ਸਿੰਘ ਰਟੌਲ
ਸਪੁਤਰ ਦਾਰਾ ਸਿੰਘ ਪਹਿਲਵਾਨ
ਪਿੰਡ ਤੇ ਡਾਕਖਾਨਾ ਰਟੌਲ,
ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।

DEMAND OF VETERINARY ASSTT. SURGEONS OF COLLEGE OF VETERINARY MEDICINE, PUNJAB AGRICULTURE UNIVERSITY, LUDHIANA.

*637. 1. **Sardar Prehlad Singh**
2. **Sardar Ajaib Singh Sandhu**
3. **Sardar Basant Singh Khalsa**
4. **Sardar Sukhdev Singh Dhindsa** :Will the Minister for Development be pleased to state :—

(a) whether the Veterinary Assistant Surgeons of College of Veterinary Medicine Punjab Agricultural University, Ludhiana went on an indefinite strike from 30th August, 1972; if so, the reasons therefor;

(b) the reasons for which they went on strike and the number of days for which it lasted;

(c) whether they presented to the Punjab Government any Charter of Demands before or during the strike; if so; the details of their main demands and the action taken by the Government thereon ?

Captain Rattan Singh : (a) Yes. The students (and not the Vety. Asstt. Surgeons) of College of Vety. Medicine Punjab Agricultural University, Ludhiana went on indefinite strike for the revision of the scales of pay of Asstt. Vety. Surgeons.

(b) Reason is given in para (a) above. The strike lasted for 19 days.

(c) Yes. A copy of the demands is laid on the table of the House. These are being processed.

[ਵਿਕਾਸ ਮੰਤਰੀ]

[(ੳ) ਹਾਂ ਜੀ। ਇਹ ਹੜਤਾਲ ਅਣਮਿਥੇ ਸਮੇਂ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵੈਟਰਨਰੀ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੇ ਨਾਂ ਕਿ ਡੰਗਰ ਡਾਕਟਰਾਂ ਨੇ ਕੀਤੀ ਸੀ। ਇਹ ਵੈਟਰਨਰੀ ਅਸਿਸਟੈਂਟ ਸਰਜਨ ਦੇ ਗਰੇਡ ਵਧਾਉਣ ਲਈ ਸੀ।

(ਅ) ਇਸ ਦਾ ਕਾਰਨ ਉਪਰੋਕਤ 'ੳ' ਤੇ ਦੱਸਿਆ ਗਿਆ ਹੈ। ਇਹ ਹੜਤਾਲ 19 ਦਿਨ ਤਕ ਰਹੀ।

(ੲ) ਹਾਂ ਜੀ। ਉਹਨਾਂ ਦੀਆਂ ਮੁੱਖ ਮੰਗਾਂ ਦੀ ਕਾਪੀ ਸਭਾ ਅੱਗੇ ਰੱਖੀ ਜਾਂਦੀ ਹੈ। ਇਨ੍ਹਾਂ ਤੇ ਵਿਚਾਰ ਕੀਤਾ ਜਾ ਰਿਹਾ ਹੈ।]

EXTRACT FROM CHARTER OF DEMANDS

1. The grade of VAS. should be equal to MBBS., BDS. and SDO. i.e. 400-1100.
2. VAS. should be given 33.50 percent NPA as in Health Department, or Visiting fee for attending Private Patients at farmer's door should be fixed.
3. VAS. should be given Rs. 100/- as Rural allowance.
4. VAS. should be provided with Conveyance as in Health Centres.
5. All Veterinary Hospitals in Jullunaur Division be provincialised as in Patiala Division.
6. Age limit for recruitment as VAS. should be raised from 17-25 years to 21 to 30 years as in other technical professions.
7. Milk Examination be transferred from Health to Animal Husbandry Department as we possess meat examination.
8. Better and efficient treatment at District and Tehsil Level Hospitals including Diagnostic Laboratories and Surgical wards should be provided to achieve 'White Revolution'.

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਹੜਤਾਲ 19 ਦਿਨ ਤਕ ਚਲਦੀ ਰਹੀ ਅਤੇ ਮਨਿਸਟਰ ਸਾਹਿਬ ਨੇ ਕਿਹਾ ਕਿ ਮੰਗਾਂ ਹਾਲੇ ਪਰੋਸੈਸ ਹੋ ਰਹੀਆਂ ਹਨ। ਇਹਨਾਂ ਮੰਗਾਂ ਦਾ ਫੈਸਲਾ ਸਰਕਾਰ ਕਦੋਂ ਤਕ ਕਰ ਦੇਵੇਗੀ ?

ਮੰਤਰੀ: ਸਪੀਕਰ ਸਾਹਿਬ, ਪਰੋਸੈਸ ਦਾ ਮਤਲਬ ਇਹ ਹੈ ਕਿ ਕਈ ਫਾਈਨਾਂਸ਼ਲ ਇਮਪਲੀਕੇਸ਼ਨਜ਼ ਹਨ, ਉਹ ਪਰੋਸੈਸ ਹੋ ਰਹੀਆਂ ਹਨ। ਜੋ ਵਾਅਦਾ ਅਸੀਂ ਉਨ੍ਹਾਂ ਨਾਲ ਕੀਤਾ ਸੀ ਉਹ ਤਾਂ 31 ਮਾਰਚ, 1972 ਤੋਂ ਹੀ ਲਾਗੂ ਹੋਵੇਗਾ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਡਿਮਾਂਡਜ਼ ਦਾ ਪਰੋਸੈਸਿੰਗ ਦਾ ਕੰਮ ਕਦੋਂ ਤਕ ਕੰਪਲੀਟ ਹੋ ਜਾਵੇਗਾ ?

ਮੰਤਰੀ: ਇਹ 31 ਮਾਰਚ, 1973 ਤੋਂ ਪਹਿਲਾਂ ਹੋ ਜਾਵੇਗਾ।

NON-PRACTICE ALLOWANCE FOR VETERINARY ASSISTANT SURGEONS

*638. 1. **Sardar Prehlad Singh**
2. **Sardar Ajaib Singh Sandhu**
3. **Sardar Basant Singh Khalsa**
4. **Sardar Sukhdev Singh Dhindsa**: } Will the Minister

for Development be pleased to state whether it is a fact that Veterinary Assistant Surgeons in the State are not paid any Non-Practising Allowance as is being paid to the Doctors etc. in the Health Department; if so, the reasons for this discrimination ?

Captain Rattan Singh : No. The Veterinary Assistant Surgeons in this Department are not paid any non-practicising allowance as private practice is not allowed to the Veterinary Assistant Surgeons under the service rules.

[ਨਹੀਂ ਜੀ, ਇਸ ਵਿਭਾਗ ਦੇ ਸਹਾਇਕ ਵੈਟਰਨਰੀ ਸਰਜਨਾਂ ਨੂੰ ਕੋਈ ਨਾਨ ਪਰਕਟਾਇਜ਼ਿੰਗ ਭੱਤਾ ਨਹੀਂ ਦਿੱਤਾ ਜਾਂਦਾ ਕਿਉਂਕਿ ਸਹਾਇਕ ਵੈਟਰਨਰੀ ਸਰਜਨ ਸਰਵਿਸ ਰੂਲਾਂ ਦੇ ਤਹਿਤ ਇਹ ਪਰੈਕਟਸ ਨਹੀਂ ਕਰ ਸਕਦੇ ।]

ਸਰਦਾਰ ਪ੍ਰਹਲਾਦ ਸਿੰਘ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਦਾ ਹਾਂ ਕਿ ਕੀ ਇਹ ਅਸਿਸਟੈਂਟ ਵੈਟਰਨਰੀ ਸਰਜਨ ਨਾਲ ਡਿਸਕ੍ਰਿਮੀਨੇਸ਼ਨ ਨਹੀਂ ਜਦੋਂ ਕਿ ਹੈਲਥ ਡਿਪਾਰਟਮੈਂਟ ਵਿਚ ਡਾਕਟਰਾਂ ਨੂੰ ਨਾਨ-ਪਰੈਕਟਾਈਜ਼ਿੰਗ ਅਲਾਊਂਸ ਦਿੱਤਾ ਜਾਂਦਾ ਹੈ ।

ਵਿਕਾਸ ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਦੇ ਨਾਲ ਫ਼ੈਸਲਾ ਹੋ ਗਿਆ ਹੈ । ਉਹ ਬੜੇ ਖੁਸ਼ ਹਨ । ਅਸੀਂ ਇਹ ਗਲ ਐਨੀਮਲ ਹਸਬੈਂਡਰੀ ਦੀ ਡਿਵੈਲਪਮੈਂਟ ਦੇ ਇੰਟਰੈਸਟ ਵਿਚ ਕੀਤੀ ਹੈ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਇਹ ਨਹੀਂ ਚਾਹੁੰਦੇ ਕਿ ਇਹ ਡਿਸਕਰਿਮੀਨੇਸ਼ਨ ਖਤਮ ਕੀਤੀ ਜਾਵੇ ਤਾਂ ਕਿ ਜਿਹੜੇ ਬੰਦੇ ਬਿਮਾਰ ਹੋ ਜਾਂਦੇ ਹਨ ਉਹਨਾਂ ਦੀ ਹਾਲਤ ਸੁਧਰ ਜਾਵੇ ? ਕੀ ਇਹ ਲੋਕਾਂ ਦਾ ਇਲਾਜ਼ ਕਰਨ ਵਾਲੇ ਡਾਕਟਰਾਂ ਦੀ ਪ੍ਰਾਈਵੇਟ ਪ੍ਰੈਕਟਿਸ ਟੋਟਲੀ ਬੰਦ ਕਰਨ ਲਈ ਤਿਆਰ ਹਨ ?

ਵਿੱਤ ਮੰਤਰੀ : ਇਹ ਗਲ ਪਸ਼ੂਆਂ ਦੇ ਹਸਪਤਾਲਾਂ ਦੀ ਬਾਬਤ ਹੋ ਰਹੀ ਹੈ ਨਾ ਕਿ ਇਨਸਾਨਾਂ ਦੇ ਹਸਪਤਾਲ ਦੇ ਬਾਰੇ ਵਿਚ ।

PROVINCIALISATION OF VETERINARY HOSPITALS IN JULLUNDUR DIVISION

*639. 1. **Sardar Prehlad Singh**
2. **Sardar Ajaib Singh Sandhu**
3. **Sardar Basant Singh Khalsa**
4. **Sardar Sukhdev Singh Dhindsa** } Will the Minister for

Development be pleased to state: —

(a) whether it is a fact that all the Veterinary-Hospitals in Patiala Division have been provincialised;

[Sardar Prehlad Singh]

(b) whether it is also a fact that Veterinary Hospitals in Jullundur Division have not been provincialised, if so, the reasons therefor ?

Captain Rattan Singh : (a) Yes.

(b) Yes, it is a fact that the Veterinary Hospitals in the Jullundur Division have not been provincialised. The reasons are as under :—

In Pepsu State the Veterinary Hospitals were being run by the State Government whereas in Jullundur Division the Veterinary Dispensaries/Hospitals were being run by the District Boards. These have now been taken over by the Panchayati Raj Institutions and are being run by them.

[(ੳ) ਹਾਂ ਜੀ ।

(ਅ) ਹਾਂ ਜੀ, ਇਹ ਠੀਕ ਹੈ ਕਿ ਜਲੰਧਰ ਮੰਡਲ ਦੇ ਵੈਟਨਰੀ ਹਸਪਤਾਲ ਪ੍ਰਾਂਤੀਕਰਨ ਨਹੀਂ ਕੀਤੇ ਗਏ । ਇਸ ਦੇ ਕਾਰਨ ਹੇਠ ਦਰਜ ਹਨ :—

ਪੈਪਸੂ ਰਾਜ ਵਿਚ ਵੈਟਨਰੀ ਹਸਪਤਾਲ ਸਰਕਾਰ ਦੇ ਅਧੀਨ ਸਨ ਜਦਕਿ ਜਲੰਧਰ ਮੰਡਲ ਦੇ ਵੈਟਨਰੀ ਹਸਪਤਾਲ/ਡਿਸਪੈਂਸਰੀਆਂ ਡਿਸਟਰਿਕਟ ਬੋਰਡ ਦੇ ਅਧੀਨ ਸਨ । ਇਹ ਹਣ ਪੰਚਾਇਤੀ ਰਾਜ ਦੇ ਅਧੀਨ ਆ ਗਏ ਹਨ ।]

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਲੰਧਰ ਡਵੀਜ਼ਨ ਵਿਚ ਜੇਹੜੇ ਡੰਗਰਾਂ ਦੇ ਹਸਪਤਾਲ ਹਨ, ਇਹ ਬੋਰਡ ਦੇ ਮਾਤਾਹਿਤ ਹਨ, ਕੀ ਸਰਕਾਰ ਉਨ੍ਹਾਂ ਨੂੰ ਪ੍ਰੋਵਿੰਸ਼ੇਲਾਈਜ਼ ਕਰਨ ਦਾ ਵਿਚਾਰ ਰਖਦੀ ਹੈ । ਜੇ ਇਹ ਵਿਚਾਰ ਰਖਦੀ ਹੈ ਤਾਂ ਕਦੋਂ ਤਕ ਕੀਤਾ ਜਾਵੇਗਾ ?

ਵਿਕਾਸ ਮੰਤਰੀ : ਸਪੀਕਰ ਸਾਹਿਬ, ਪੰਚਾਇਤੀ ਰਾਜ ਰਾਹੀਂ ਕਾਫੀ ਚੰਗਾ ਕੰਮ ਹੋ ਰਿਹਾ ਹੈ । ਪਰ ਸਪੀਕਰ ਸਾਹਿਬ, ਮੈਂ ਤਾਂ ਇਹ ਚਾਹੁੰਦਾ ਹਾਂ ਕਿ ਬਿਮਾਰ ਡੰਗਰ ਨੂੰ ਹਸਪਤਾਲ ਵਿਚ ਨਾਂ ਲਿਜਾਇਆ ਜਾਵੇ ਸਗੋਂ ਵੈਟਰਨਰੀ ਸਰਜਨ ਡੰਗਰਾਂ ਦੇ ਕੋਲ ਆਪ ਜਾਵੇ । ਇਸ ਕਰਕੇ ਮੈਂ ਇਸ ਨੂੰ ਜ਼ਿਆਦਾ ਇਮਪਾਰਟੈਂਸ ਨਹੀਂ ਦੇ ਰਿਹਾ ਕਿਉਂਕਿ ਜਿਤਨੇ ਹਸਪਤਾਲ ਡੰਗਰਾਂ ਦੇ ਅਸੀਂ ਬਣਾਉਣਾ ਚਾਹੀਏ, ਉਤਨੇ ਨਹੀਂ ਬਣ ਸਕਣਗੇ ।ਬਿਮਾਰ ਡੰਗਰ ਹਸਪਤਾਲ ਲੈ ਜਾਣਾ ਬੜਾ ਮੁਸ਼ਕਲ ਹੈ। ਇਸ ਲਈ ਅਸੀਂ ਜ਼ਿਆਦਾ ਜ਼ੋਰ ਪੰਜ ਸਾਲਾ ਪਲਾਨ ਵਿਚ ਮੋਬਾਇਲ ਡਿਸਪੈਂਸਰੀਆਂ ਤੇ ਦੇ ਰਹੇ ਹਾਂ । ਇਸ ਤਰ੍ਹਾਂ ਇਹ ਆਟੋਮੈਟਿਕਲੀ ਟੇਕ-ਓਵਰ ਕਰ ਲਈਆਂ ਜਾਣਗੀਆਂ । ਤੁਸੀਂ ਮੇਰੇ ਨਾਲ ਇਸ ਗਲ ਤੇ ਸਹਿਮਤ ਹੋਵੇਗੇ ਕਿ ਇਨਸਾਨ ਨੂੰ ਕਾਰ ਵਿਚ ਐਮਬੁਲੈਂਸ ਵਿਚ ਪਾ ਕੇ ਹਸਪਤਾਲ ਲੈ ਜਾਇਆ ਜਾ ਸਕਦਾ ਹੈ ਪਰ ਬੀਮਾਰ ਡੰਗਰ ਨੂੰ 4, 5 ਮੀਲ ਦੂਰ ਹਸਪਤਾਲ ਲੈ ਜਾਣਾ ਬੜਾ ਮੁਸ਼ਕਲ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਬਰਾੜ ਸਾਹਿਬ ਮੇਰੇ ਨਾਲ ਸਹਿਮਤ ਹੋਣਗੇ ਕਿ ਜਿਨ੍ਹਾਂ ਜ਼ਿਆਦਾ ਜ਼ੋਰ ਮੋਬਾਇਲ ਡਿਸਪੈਂਸਰੀਆਂ ਤੇ ਦਿਤਾ ਜਾਵੇ ਉਤਨਾ ਹੀ ਚੰਗਾ ਹੋਵੇਗਾ ।

ਸ੍ਰੀ ਸਪੀਕਰ : ਮੈਂ ਮਹਿਸੂਸ ਕੀਤਾ ਹੈ ਕਿ ਉਹ ਏਜੰਸੀ ਤੁਹਾਡੇ ਪੈਸੇ ਦੀ ਗਲਤ ਵਰਤੋਂ ਕਰ ਰਹੀ ਹੈ । ਇਸ ਲਈ ਇਸਨੂੰ ਆਪਣੇ ਕੰਟਰੋਲ ਹੇਠਾਂ ਰਖੋ । (I feel that this agency is misutilising your money. Therefore you should keep this well under your control.)

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੈਪਟਨ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਇਹ ਵਿਤਕਰਾ ਨਾ ਹੋਵੇ । ਪੰਜ ਸਾਲਾ ਪਲਾਨ ਦੀ ਕਿਉਂ ਇੰਤਜ਼ਾਰ ਕੀਤੀ ਜਾ ਰਹੀ ਹੈ ? ਕੋਈ ਵੀ ਡੰਗਰਾਂ ਦਾ ਹਸਪਤਾਲ ਡਿਸਟ੍ਰਿਕਟ ਬੋਰਡ ਜਾਂ ਪੰਚਾਇਤੀ ਰਾਜ ਦੇ ਮਤਾਹਿਤ ਨਹੀਂ ਹੋਣਾ ਚਾਹੀਦਾ ।

ਵਿਕਾਸ ਮੰਤਰੀ : ਅਸੀਂ ਵਿਤਕਰਾ ਨਹੀਂ ਕਰਦੇ । ਅਸੀਂ ਤਾਂ ਇਸਨੂੰ ਸਗੋਂ ਮਾਡਰੇ-ਨਾਈਜ਼ ਕਰ ਰਹੇ ਹਾਂ । ਸਮਾਜਵਾਦ ਲਿਆਉਣਾ ਹੈ ਤਾਂ ਫਿਰ ਸਾਰੇ ਹੀ ਹਸਪਤਾਲ ਪ੍ਰੋਵਿੰ-ਸ਼ੇਲਾਈਜ਼ ਹੋ ਜਾਣਗੇ । ਇਹ ਹਸਪਤਾਲ ਕੰਮ ਨਹੀਂ ਦੇ ਸਕਦੇ ਇਸ ਲਈ ਪ੍ਰੋਵਿੰਸਲਾਈਜ਼ ਹੋ ਜਾਣੇ ਹਨ ।

STARRED QUESTION No. 609

Mr. Speaker : Extension has been asked for in respect of starred Question No. 609.

ADDITIONAL POWERS FOR PANCHAYATS.

*617. **Sardar Basant Singh Khalsa** : Will the Minister for Development be pleased to State whether there is any proposal at present under the consideration of the Government to give more powers to Panchayats in the State, if so, the details thereof ?

Capt. Rattan Singh : The whole question of strengthening and streamlining Panchayati Raj Institution including Panchayats is under consideration of Government.

[ਪੰਚਾਇਤੀ ਰਾਜ ਸੰਸਥਾਵਾਂ (ਜਿਨ੍ਹਾਂ ਵਿੱਚ ਪੰਚਾਇਤਾਂ ਵੀ ਸ਼ਾਮਲ ਹਨ) ਵਿੱਚ ਸੁਧਾਰ ਲਿਆਉਣ ਅਤੇ ਸ਼ਕਤੀਸ਼ਾਲੀ ਬਨਾਉਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।]

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹ ਜਵਾਬ ਦਿਤਾ ਹੈ ਕਿ ਮਾਮਲਾ ਅੰਡਰ ਕਨਸਿਡਰੇਰਸ਼ਨ ਹੈ । ਮੇਰੀ ਬੇਨਤੀ ਹੈ ਕਿ ਇਤਨਾ ਹੀ ਦਸ ਦੇਣ ਕਿ ਉਹ ਕਿਹੜੀਆਂ ਪਾਵਰਜ਼ ਹਨ ਜਿਹੜੀਆਂ ਕਿ ਇਹ ਪੰਚਾਇਤਾਂ ਨੂੰ ਦੇਣਾ ਚਾਹੁੰਦੇ ਹਨ ?

ਵਿਕਾਸ ਮੰਤਰੀ : ਅਸੀਂ ਉਹ ਇਖਤਿਆਰ ਜਿਹੜੇ ਕਿ ਪਹਿਲਾਂ ਪੰਚਾਇਤੀ ਰਾਜ ਪਾਸੋਂ ਖੋਹ ਲਏ ਗਏ ਸਨ ਉਨ੍ਹਾਂ ਨੂੰ ਦੁਬਾਰਾ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ । ਉਹ ਇਖਤਿਆਰ ਇਨ੍ਹਾਂ ਨੇ ਹੀ ਖੋਹੇ ਸਨ । ਜਿਹੜੇ ਬੀ.ਡੀ.ਓਜ਼ ਹਨ. . . . (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਵਾਲ ਤਾਂ ਪੰਚਾਇਤਾਂ ਦਾ ਹੈ ਤੇ ਤੁਸੀਂ ਬੀ.ਡੀ.ਓਜ਼ ਦੀ ਗਲ ਕਰ ਰਹੇ ਹੋ ।

Starred Question No. 609 and reply thereto appears in the appendix to this Debate.

ਮੰਤਰੀ : ਪਚਾਇਤਾਂ ਕੋਲ ਤਾਂ ਪੈਸੇ ਹੀ ਨਹੀਂ ਹਨ । (ਵਿਘਨ) ਪਹਿਲਾਂ ਸਵਾਲ ਪੁਛਣ ਦਾ ਢੰਗ ਇਨ੍ਹਾਂ ਵੀਰਾਂ ਨੂੰ ਸਿਖ ਲੈਣਾ ਚਾਹੀਦਾ ਹੈ । ਸਪੀਕਰ ਸਾਹਿਬ, ਇਨ੍ਹਾਂ ਪੰਚਾਇਤਾਂ ਪਾਸ ਤਾਂ ਕੋਈ ਰੇਵੇਨਿਊ ਦੀ ਆਮਦਨੀ ਵੀ ਨਹੀਂ ਹੁੰਦੀ ਜਿਸ ਨਾਲ ਕਿ ਇਹ ਵੱਡੇ ਵੱਡੇ ਕੰਮ ਕਰ ਸਕਣ । ਇਸ ਲਈ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਵੇਖਾਂਗੇ । ਇਨ੍ਹਾਂ ਸਾਰੀਆਂ ਗਲਾਂ ਤੇ ਵਿਚਾਰ ਕਰਾਂਗੇ ਤੇ ਫਿਰ ਕੋਈ ਫੈਸਲਾ ਲਵਾਂਗੇ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਕੀ ਇਹ ਸਰਕਾਰ ਪੰਜਾਬ ਦੇ ਵਿਚ ਮਹਾਰਾਸ਼ਟਰਾ ਪੈਟਰਨ ਲਾਗੂ ਕਰਨ ਲਈ ਤਿਆਰ ਹੈ ?

ਸ਼੍ਰੀ ਸਪੀਕਰ : ਡਾਂਗ ਸਾਹਿਬ, ਇਹ ਸਪਲੀਮੈਂਟਰੀ ਤੁਸੀਂ ਉਸ ਸਮੇਂ ਕਰਨਾ ਜਦੋਂ ਇਸਦੇ ਬਾਰੇ ਸਵਾਲ ਆਵੇਗਾ । ਉਹ ਸਵਾਲ ਅਗੇ ਆ ਰਿਹਾ ਹੈ । (Dang Sahib, you may raise this supplementary question when the House takes up the relevant question. It is coming up a little later.)

ਕਾਮਰੇਡ ਸੱਤ ਪਾਲ ਡਾਂਗ : ਠੀਕ ਹੈ ਜੀ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਕੁਝ ਨਾ ਕੁਝ ਵੇਰਵਾ ਤਾਂ ਦਸਣ ਕਿ ਕਿਹੜੀਆਂ ਕਿਹੜੀਆਂ ਵਾਧੂ ਸ਼ਕਤੀਆਂ ਇਹ ਸਰਕਾਰ ਪੰਚਾਇਤਾਂ ਨੂੰ ਦੇਵੇਗੀ ।

ਸ਼੍ਰੀ ਸਪੀਕਰ : ਬਰਾੜ ਸਾਹਿਬ, ਇਹ ਰੈਪੀਟੀਸ਼ਨ ਹੈ, ਇਸ ਲਈ ਤੁਸੀਂ ਤਸ਼ਰੀਫ ਰਖੋ ! (Sardar Jaswinder Singh Brar, this is repetition. Please resume your seat.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਜਿਸ ਤਰ੍ਹਾਂ ਦਫਾ 323 ਦੇ ਥਲੇ ਪੰਚਾਇਤ ਕੇਸ ਐਂਟਰਟੇਨ ਕਰ ਸਕਦੀ ਹੈ ਕੀ ਕੋਈ ਅਜੇਹੀ ਚੀਜ਼ ਵੀ ਜ਼ੇਰੇ-ਗੌਰ ਹੈ ਜਿਸ ਨਾਲ ਕਿ ਪੰਚਾਇਤਾਂ ਨੂੰ 107/151 ਦੇ ਕੇਸਿਜ਼ ਵੀ ਐਂਟਰਟੇਨ ਕਰਨ ਦੀ ਆਗਿਆ ਦਿਤੀ ਜਾ ਸਕੇ ?

ਮੰਤਰੀ : ਨਹੀਂ ਜੀ, ਐਸੀ ਚੀਜ਼ ਕੋਈ ਜ਼ੇਰੇ-ਗੌਰ ਨਹੀਂ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਪੰਚਾਇਤਾਂ ਬੜੇ ਹੀ ਉਤਸ਼ਾਹ ਨਾਲ ਕੰਮ ਕਰਨਾ ਚਾਹੁੰਦੀਆਂ ਹਨ । ਪਰ ਉਹ ਕੰਮ ਨਹੀਂ ਕਰ ਸਕਦੀਆਂ ਜਦ ਤਕ ਕਿ ਸਰਕਾਰੀ ਕਰਮਚਾਰੀ ਉਨ੍ਹਾਂ ਨੂੰ ਪੂਰਾ ਮਿਲਵਰਤਣ ਅਤੇ ਮਾਣ ਨਹੀਂ ਦਿੰਦੇ । ਕੀ ਮੰਤਰੀ ਜੀ ਇਸ ਗਲ ਦਾ ਵਿਸ਼ਵਾਸ਼ ਦਿਵਾਉਣਗੇ ਕਿ ਸਰਕਾਰੀ ਕਰਮਚਾਰੀ ਇਨ੍ਹਾਂ ਦਾ ਮਾਣ ਕਰਿਆ ਕਰਨਗੇ ਔਰ ਇਨ੍ਹਾਂ ਨੂੰ ਪੂਰੀ ਪੂਰੀ ਮਿਲਵਰਤਣ ਦਿਆ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ ਪੂਰੀ ਪੂਰੀ ਮਦਦ ਦੇਣੀ ਹੈ ਇਹ ਸਾਡਾ ਫਰਜ਼ ਹੈ । ਪਰ ਜਿਹੜੀ ਗੁਲਸ਼ਨ ਜੀ ਨੇ ਦੂਜੀ ਗਲ ਕਹੀ ਹੈ ਉਹ ਬਿਲਕੁਲ ਗਲਤ ਹੈ। ਅਸੀਂ ਤਾਂ ਸਗੋਂ ਥਾਣਿਆ ਵਿਚ ਵੀ ਇਹ ਆਰਡਰ ਕਰ ਦਿਤਾ ਹੈ ਕਿ ਇਨ੍ਹਾਂ ਨੂੰ ਕੁਰਸੀਆਂ ਦਿਤੀਆਂ ਜਾਣ ਅਤੇ ਇਸ ਕਿਸਮ ਦੇ ਆਰਡਰ ਮੈਂ ਸਮਝਦਾ ਹਾਂ ਕਿ ਇਹ ਪਹਿਲੀ ਸਰਕਾਰ ਹੈ ਜਿਸਨੇ ਕੀਤੇ ਹਨ ।

ਚੌਧਰੀ ਦਰਸ਼ਨ ਸਿੰਘ :ਕੀ ਵਜ਼ੀਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਸਟਰੀਮਲਾਈਨਜ਼ ਕਰਨ ਦੀਆਂ ਕੀ ਡੀਟੇਲਜ਼ ਹਨ ? ਮੇਰਾ ਖਿਆਲ ਹੈ ਕਿ ਇਹ ਗਲ ਤਾਂ ਵਜ਼ੀਰ ਸਾਹਿਬ ਦਸ ਸਕਣਗੇ। ਮੇਰਾ ਭਾਵ ਇਹ ਹੈ ਕਿ ਕੀ ਸਰਕਾਰ ਕੋਈ ਕਮੇਟੀ ਆਦਿ ਬਣਾਉਣ ਦਾ ਵਿਚਾਰ ਕਰ ਰਹੀ ਹੈ ਜਿਹੜੀ ਕਿ ਸਟੱਡੀ ਕਮੇਟੀ ਆਪਣੀ ਐਡਵਾਈਸ ਸਰਕਾਰ ਨੂੰ ਦੇਵੇਗੀ ?

ਮੰਤਰੀ: ਇਹ ਮਸਲਾ ਸਰਕਾਰ ਦੇ ਜ਼ੇਰੇ ਗੌਰ ਹੈ। ਵੈਸੇ ਤਾਂ ਸਵਾਲ ਵਿਚੋਂ ਅਜੇਹੀ ਕੋਈ ਚੀਜ਼ ਨਹੀਂ ਉਠਦੀ ਪਰ ਚੌਧਰੀ ਸਹਿਬ ਚੂੰਕਿ ਸਾਡੇ ਵਕੀਲ ਵੀ ਹਨ ਤੇ ਐਡਵਾਈਜ਼ਰ ਵੀ ਰਹੇ ਹਨਇਸ ਲਈ ਮੈਂ ਇਨ੍ਹਾਂ ਨੂੰ ਇਹ ਕਹਾਂਗਾ ਕਿ ਇਹ ਚੀਜ਼ ਜ਼ੇਰੇ ਗੌਰ ਹੈ।

ਸ੍ਰੀ ਸਪੀਕਰ: ਕਪਤਾਨ ਸਾਹਿਬ ਤੁਸੀਂ ਇਸ ਚੀਜ਼ ਬਾਰੇ ਕਮਿਟਮੈਂਟ ਕਿਉਂ ਨਹੀਂ ਕਰਦੇ ਕਿਉਂ ਨਹੀਂ ਕਹਿੰਦੇ ਕਿ ਕਮੇਟੀ ਬਣਾਈ ਜਾਵੇਗੀ ? '(Captain Sahib, why don't you make a commitment and say that a Committee will be formed.)

ਮੰਤਰੀ: ਸਪੀਕਰ ਸਾਹਿਬ, ਜਿਹੜੀ ਚੀਜ਼ ਅਜੇ ਜ਼ੇਰੇ-ਗੌਰ ਹੋਵੇ ਉਸ ਬਾਰੇ ਕਿਸੇ ਕਿਸਮ ਦੀ ਮੈਂ ਕਮਿਟਮੈਂਟ ਨਹੀਂ ਕਰਦਾ। ਪਹਿਲਾਂ ਵੀ ਕਮੇਟੀਆਂ ਇਸ ਸਬੰਧ ਵਿਚ ਬਣ ਚੁਕੀਆਂ ਹਨ ਅਤੇ ਉਨ੍ਹਾਂ ਦੀਆਂ ਰਿਪੋਟਾਂ ਸਾਡੇ ਪਾਸ ਹਨ। ਪਹਿਲੀਂ ਕਮੇਟੀ ਰਾਜਿੰਦਰ ਸਿੰਘ ਦੀ ਬਣੀ, ਫਿਰ ਬਾਦਲ ਸਹਿਬ ਦੀ, ਤੇ ਫਿਰ ਹਰਚਰਨ ਸਿੰਘ ਕਮੇਟੀ ਬਣੀ। ਇਸ ਲਈ ਅਸੀਂ ਕੋਈ ਵੀ ਹਾਫ ਵੇ ਮੇਯਰ ਨਹੀਂ ਅਡਾਪਟ ਕਰਨਾ ਚਾਹੁੰਦੇ।

ELECTION TO ZILA PARISHADS AND BLOCK SAMITIS.

*616 **Sardar Basant Singh Khalsa** : Will the Minister for Development be pleased to state—

(a) whether the Government propose to hold elections to Zila Parishads and Block Samitis in the State, if so, when, if not, the reason therefor;

(b) whether the said elections would be held by dividing the areas of Zila Parishads and Block Samitis into constituencies according to the new system;

(c) whether any seats referred to in part (b) above will be reserved for Harijans ?

Captain Rattan Singh: (a) Yes. Date is yet to be fixed.

(b) No new system has been decided by Government as yet but the matter is still under consideration of Government.

(c) The matter is under consideration.

[(ੳ) ਹਾਂ ਜੀ। ਅਜੇ ਕੋਈ ਤਾਰੀਖ਼ ਨਿਯਤ ਨਹੀਂ ਕੀਤੀ।

(ਅ) ਕਿਸੇ ਨਵੇਂ ਸਿਸਟਮ ਦਾ ਫ਼ੈਸਲਾ ਸਰਕਾਰ ਨੇ ਅਜੇ ਤਕ ਨਹੀਂ ਕੀਤਾ ਪਰੰਤੂ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

(ੲ) ਮਾਮਲਾ ਸਰਕਾਰ ਦੇ ਵਿਚਾਰ ਅਧਨਾ ਹੈ।]

ਕਾਮਰੇਡ ਸਤਪਾਲ ਡਾਂਗ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਪੰਚਾਇਤਾਂ ਦੀਆਂ ਚੋਣਾਂ ਤੋਂ ਫੌਰਨ ਬਾਅਦ ਪੰਚਾਇਤ ਸੰਮਤੀ ਦੀਆਂ ਚੋਣਾਂ ਹੋਣੀਆਂ ਸਨ ਉਨ੍ਹਾਂ ਨੂੰ ਹੁਣ ਤਕ ਕਿਉਂ ਨਹੀਂ ਕਰਵਾਇਆ ਗਿਆ ?

ਵਿਕਾਸ ਮੰਤਰੀ : ਇਹ ਚੋਣਾਂ ਇਸ ਕਾਰਨ ਨਹੀਂ ਹੋਈਆਂ ਕਿਉਂਕਿ ਸਰਕਾਰ ਕੁਝ ਚੇਂਜਿਜ਼ ਲਿਆਉਣਾ ਚਾਹੁੰਦੀ ਹੈ । ਜਿਸ ਤਰ੍ਹਾਂ, ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਜਵਾਬ ਦੇ ਚੁਕਾ ਹਾਂ ਕਿ ਅਸੀਂ ਕੋਈ ਵੀ ਹਾਫ-ਵੇ-ਮੈਯਰ ਅਡਾਪਟ ਨਹੀਂ ਕਰਨਾ ਚਾਹੁੰਦੇ । ਇਸ ਲਈ ਅਸੀਂ ਸਾਰਾ ਕੰਮ ਸੋਚ ਸਮਝ ਕੇ ਕਰਾਂਗੇ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਮੇਰੇ ਦੋਹਾਂ ਸਵਾਲਾਂ ਦਾ ਜਵਾਬ ਦਿਤਾ ਹੈ ਕਿ ਇਹ ਮਸਲਾ ਸਰਕਾਰ ਦੇ ਵਿਚਾਰ ਅਧੀਨ ਹੈ । ਇਹ ਇਸ ਸਵਾਲ ਵਿਚ ਕੇਵਲ ਇਤਨਾ ਹੀ ਦਸ ਦੇਣ ਕਿ ਚਾਰ ਮਹੀਨਿਆਂ ਤਕ ਜਾਂ ਪੰਜ ਮਹੀਨਿਆਂ ਤਕ ਇਹ ਚੋਣਾਂ ਕਰਵਾਈਆਂ ਜਾਣਗੀਆਂ ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਤੋਂ ਪੁਛੋ ਕਿ ਇਨ੍ਹਾਂ ਨੇ ਅੱਠ ਸਾਲ ਪੰਚਾਇਤਾਂ ਦੀਆਂ ਅਲੈਕਸ਼ਨਾਂ ਕਿਉਂ ਨਹੀਂ ਸਨ ਕਰਵਾਈਆਂ। ਇਹ ਅਲੈਕਸ਼ਨਾਂ ਜ਼ਰੂਰ ਕਰਵਾਉਣੀਆਂ ਹਨ। ਅਸੀਂ ਦੇਖ ਰਹੇ ਹਾਂ ਕਿ ਕੋਈ ਅਜੇਹਾ ਕੰਮ ਨਾ ਹੋਵੇ ਜਿਹੜਾ ਕਿ ਸਾਡੇ ਸੋਸ਼ਲਿਜ਼ਮ ਦੇ ਰਸਤੇ ਵਿਚ ਆਵੇ । ਇਸ ਲਈ ਅਸੀਂ ਇਸ ਸਾਰੇ ਮਸਲੇ ਤੇ ਵਿਚਾਰ ਕਰਨ ਪਿਛੋਂ ਹੀ ਕਰਵਾਵਾਂਗੇ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਚੋਣਾਂ ਕਰਾਉਣ ਲਈਂ ਇਕ ਐਕਟ ਬਣਿਆ ਹੋਇਆ ਹੈ ਤਾਂ ਫਿਰ ਉਸ ਦੇ ਅਨੁਸਾਰ ਚੋਣਾਂ ਕਿਉਂ ਨਹੀਂ ਕਰਾਉਂਦੇ ਇਸਦਾ ਕੀ ਕਾਰਨ ਹੈ ? ਕੀ ਇਹ ਸਰਕਾਰ ਚਾਹੁੰਦੀ ਹੈ ਕਿ ਪ੍ਰੋਪੋਰਸ਼ਨਲ ਰੀਪਰੀਜ਼ੇਂਟੇਸ਼ਨ ਨੂੰ ਤੋੜ ਕੇ ਕੋਈ ਨਵਾਂ ਸਿਸਟਮ ਇਨਟਰੋਡਿਊਸ ਕੀਤਾ ਜਾਵੇ ਅਤੇ ਮਨਮਾਨੀ ਕੀਤੀ ਜਾ ਸਕੇ ?

ਮੰਤਰੀ : ਇਸ ਗੱਲ ਨਾਲ ਸਾਡਾ ਕੋਈ ਮਤਲਬ ਨਹੀਂ ਕਿ ਬਲਾਕ ਸੰਮਤੀ ਦੇ ਵਿਚ ਕੀ ਹੋਇਆ ਹੈ । ਅਗੇ ਬਲਾਕ ਵਿਚੋਂ ਹੇਰ ਫੇਰ ਨਾਲ ਮੈਂਬਰ ਬਣ ਜਾਂਦਾ ਸੀ ਪਰ ਉਹ ਰਿਸਪਾਂਸੀਬਲ ਕਿਸੇ ਵੀ ਬਲਾਕ ਨੂੰ ਨਹੀਂ ਸੀ ਹੁੰਦਾ । ਅਸੀਂ ਪ੍ਰੋਪੋਰਸ਼ਨੇਟ ਰਿਪਰੈਜ਼ੇਂਟੇਸ਼ਨ ਬਣਾਈ ਹੈ, ਉਹੀ ਲਿਆ ਹੈ ਜਿਹੜਾ ਮੈਂਬਰ ਕਿਸੇ ਬਲਾਕ ਦਾ ਹੈ ਅਤੇ ਉਹ ਉਸ ਦੇ ਲਈ ਜਵਾਬ ਦੇਹ ਹੈ । ਇਹ ਗਲਾਂ ਅਸੀਂ ਪੱਕੀਆਂ ਲੀਹਾਂ ਤੇ ਇਸ ਲਈ ਕਰ ਰਹੇ ਹਾਂ ਤਾਂ ਜੋ ਉਨ੍ਹਾਂ ਦੇ ਮਨ ਦੇ ਵਿਚ ਜਿਹੜਾ ਡਰ ਹੈ ਉਹ ਦੂਰ ਹੋ ਜਾਵੇ ਕਿਉਂਕਿ ਸਾਡੇ ਮਨ ਵਿਚ ਕੰਪਲੀਟ ਡੈਮੋਕਰੇਸੀ ਹੈ ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਇਸ ਸਵਾਲ ਦੇ ਪਾਰਟ 'ਸੀ' ਦਾ ਜਵਾਬ ਤਾਂ ਆਇਆ ਨਹੀਂ ।

ਮੰਤਰੀ : ਆਨਰੇਬਲ ਮੈਂਬਰ ਨੇ ਇਹ ਐਕਟ ਪੜ੍ਹਿਆ ਨਹੀਂ ਇਸ ਵਿੱਚ ਰਿਜ਼ਰਵੇਸ਼ਨ ਲਿਖੀ ਹੋਈ ਹੈ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਸਰਕਾਰ ਪੰਚਾਇਤਾਂ ਵਿਚ ਹਰੀਜਨਾਂ ਦੀ ਰਿਜ਼ਰਵੇਸ਼ਨ ਵਧਾਉਣ ਲਈ ਵਿਚਾਰ ਕਰਨ ਨੂੰ ਤਿਆਰ ਹੈ ਕਿਉਂਕਿ ਹਰੀਜਨਾਂ ਨਾਲ ਪੰਚਾਇਤਾਂ ਦੇ ਵਿਚ ਅਕਸਰ ਵਧੀਕੀ ਹੁੰਦੀ ਹੈ ।

ਮੰਤਰੀ : ਰਿਪਰੈਜ਼ੈਂਟੇਸ਼ਨ ਤਾਂ ਅਬਾਦੀ ਦੇ ਲਿਹਾਜ਼ ਨਾਲ ਅਗੇ ਹੀ ਜ਼ਿਆਦਾ ਹੈ। 25 % ਦੀ ਰਿਪਰੈਜ਼ੈਂਟੇਸ਼ਨ ਹੈ ਇਤਨੀ ਤਾਂ ਆਬਾਦੀ ਵੀ ਨਹੀਂ ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਪੰਚਾਇਤੀ ਰਾਜ ਦਾ ਜਿਹੜਾ ਇਨਸਟੀਚਿਊਸ਼ਨ ਹੈ ਇਸਦੇ ਲਈ ਕੋਈ ਫੁਲ-ਫ਼ਲੈਜਡ ਡਾਇਰੈਕਟੋਰੇਟ ਬਣਾਉਣ ਲਈ ਸਰਕਾਰ ਵਿਚਾਰ ਕਰਨ ਨੂੰ ਤਿਆਰ ਹੈ।

ਮੰਤਰੀ : ਬਹੁਤੀ ਵਕਾਲਤ ਪੜ੍ਹ ਜਾਣ ਕਰਕੇ ਮੇਰਾ ਖਿਆਲ ਹੈ ਚੌਧਰੀ ਸਾਹਿਬ ਪੂਰਾ ਖਿਆਲ ਨਹੀਂ ਰਖਦੇ । ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਚਾਇਤਾਂ ਦਾ ਫੁਲ ਫਲੈਜਡ ਡਾਇਰੈਕਟੋਰੇਟ ਹੈ ।

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪ੍ਰੋਪੋਰਸ਼ਨੇਟ ਰਿਪਰੈਜ਼ੈਂਟੇਸ਼ਨ ਪਹਿਲਾਂ ਨਹੀਂ ਸੀ । ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸੋਸ਼ਲਿਜ਼ਮ ਦਾ ਨਾਹਰਾ ਲਾਉਂਦੇ ਹਨ ਕੀ ਇਨ੍ਹਾਂ ਨੇ ਆਪਣੇ ਕਾਂਗਰਸੀਆਂ ਦੀ ਪਾਰਟੀ ਵਧਾਉਣ ਲਈ ਤਾਂ ਇਹ ਤਰੀਕਾ ਇਖਤਿਆਰ ਨਹੀਂ ਕੀਤਾ ?

ਮੰਤਰੀ : ਮੈਨੂੰ ਪਤਾ ਨਹੀਂ ਕਿ ਡਾਂਗ ਸਾਹਿਬ ਨੂੰ ਕਿਉਂ ਵਹਿਮ ਹੋ ਗਿਆ ਹੈ ਕਿ ਦੁਨੀਆਂ ਵਿਚ ਉਨ੍ਹਾਂ ਦੇ ਨਾਲੋਂ ਕੋਈ ਵੀ ਚੰਗਾ ਨਹੀਂ । ਮੈਂ ਉਨ੍ਹਾਂ ਦੇ ਇਸ ਵਹਿਮ ਦਾ ਕੋਈ ਇਲਾਜ ਨਹੀਂ ਕਰ ਸਕਦਾ । ਪ੍ਰੋਪੋਰਸ਼ਨੇਟ ਰਿਪਰੈਜ਼ੈਂਟੇਸ਼ਨ ਜਰਮਨੀ ਵਿਚ ਹੈ, ਫਰਾਂਸ ਵਿਚ ਹੈ ਅਸੀਂ ਚਾਹੁੰਦੇ ਹਾਂ ਕਿ ਏਥੇ ਵੀ ਹੋਵੇ ।

ਸਰਦਾਰ ਜਸਵਿੰਦਰ ਸਿੰਘ ਬਰਾੜ: ਮੈਂ ਕਪਤਾਨ ਸਾਹਿਬ, ਤੋਂ ਸੋਸ਼ਲਿਜ਼ਮ ਦੇ ਲਫ਼ਜ਼ ਦੀ ਵਿਆਖਿਆ ਚਾਹੁੰਦਾ ਹਾਂ । ਕੀ ਇਸ ਸੋਸ਼ਲਿਜ਼ਮ ਵਿਚ ਸਰਕਾਰ ਦਾ ਹਰੀਜਨਾਂ ਨੂੰ ਹੋਰ ਰਿਆਇਤਾਂ ਦੇਣ ਦਾ ਵਿਚਾਰ ਹੈ ?

ਮੰਤਰੀ : ਬਰਾੜ ਸਾਹਿਬ, ਸਰਕਾਰ ਨੂੰ ਹਰੀਜਨਾਂ ਦਾ ਅਗੇ ਵੀ ਖਿਆਲ ਹੈ । ਜੇ ਉਹ ਕਹਿੰਦੇ ਹਨ ਅਸੀਂ ਹਰੀਜਨਾਂ ਨੂੰ ਹੋਰ ਵੀ ਰਿਆਇਤਾਂ ਦੇਵਾਂਗੇ ।

STARRED QUESTION NO. 801

ਉਮਰਾਓ ਸਿੰਘ,

ਅ.ਸ.ਪ. ਨੰ: 12619-ਈ.ਡੀ. 1 (ਏ.ਐਸ.ਓ-3)
ਸਿਖਿਆ ਮੰਤਰੀ,
ਪੰਜਾਬ, ਚੰਡੀਗੜ੍ਹ ।
ਮਿਤੀ 12 ਦਸੰਬਰ, 1972

[ਸ੍ਰੀ ਸਪੀਕਰ]

ਵਿਸ਼ਾ : ਸਟਾਰਡ ਪ੍ਰਸ਼ਨ ਨੰ : 801

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 801 ਜੋ ਮਿਤੀ 13 ਦਸੰਬਰ, 1972 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਜੰਗੀਰ ਸਿੰਘ ਜੋਗਾ ਅਤੇ ਕਾਮਰੇਡ ਸੱਤ ਪਾਲ ਡਾਂਗ,ਐਮ,ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 30 ਦਸੰਬਰ, 1972 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤੂ,
ਸਹੀ/-
(ਉਮਰਾਓ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ।

ਕਾਮਰੇਡ ਸੱਤ ਪਾਲ ਡਾਂਗ: ਸਾਨੂੰ ਪ੍ਰੋਟੈਕਸ਼ਨ ਦਿਓ, ਸਪੀਕਰ ਸਾਹਿਬ, 6 ਮਹੀਨੇ ਦਾ ਮੈਮੋਰੈਂਡਮ ਗਵਰਨਰ ਸਾਹਿਬ ਨੂੰ ਦਿੱਤਾ ਹੈ ਫੇਰ ਵੀ ਇਸ ਦੀ ਐਕਸਟੈਨਸ਼ਨ ਦਿਤੀ ਜਾ ਰਹੀ ਹੈ।

ਸਿਖਿਆ ਮੰਤਰੀ: ਸਪੀਕਰ ਸਾਹਿਬ, ਇਹ ਮੈਮੋਰੈਂਡਮ ਇਨ੍ਹਾਂ ਨੇ ਗਵਰਨਰ ਸਾਹਿਬ ਨੂੰ ਦਿਤਾ ਹੈ। ਇਹ ਮੈਮੋਰੈਂਡਮ ਦੀ ਕਾਪੀ ਮੈਨੂੰ ਭੇਜ ਦੇਣ ਅਸੀਂ ਇਹ ਐਕਸਪੀਡਾਈਟ ਕਰ ਦੇਵਾਂਗੇ।

1. ਸ੍ਰੀ ਗੁਰਚੰਦ ਸਿੰਘ ਸਿੱਧੂ, ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ।
2. ਸ੍ਰੀ ਹਿੱਤ ਪਾਲ ਸਿੰਘ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ।
3. ਸ੍ਰੀ ਸੁਖਦਿਆਲ ਸਿੰਘ ਨਰੀਖਕ ।
4. ਸ੍ਰੀ ਕੁਲਜੀਤ ਸਿੰਘ, ਨਰੀਖਕ ।

(ਅ) 1. **ਸ੍ਰੀ ਗੁਰਚੰਦ ਸਿੰਘ ਸਿੱਧੂ, ਉਪ ਰਜਿਸਟਰਾਰ ਸਹਿਕਾਰੀ ਸਭਾਵਾਂ**

(ੳ) ਸਰਕਾਰੀ ਡਿਊਟੀ ਵਿਚ ਕੋਤਾਹੀ ।

(ਅ) ਆਪਣੀ ਸਰਕਾਰੀ ਪੋਜ਼ੀਸ਼ਨ ਦੀ ਗਲਤ ਵਰਤੋਂ ।

(ੲ) ਪੰਜਾਬ ਕਰਮਚਾਰੀ (ਕੰਡਕਟ) ਰੂਲਜ਼, 1966 ਅਤੇ ਵਿਭਾਗੀ ਹਿਦਾਇਤਾਂ ਤੇ ਪੰਜਾਬ ਸਹਿਕਾਰੀ ਐਕਟ, 1961 ਦੀ ਉਲੰਘਣਾ ਕਰਨਾ ।

2. **ਸ੍ਰੀ ਹਿੱਤਪਾਲ ਸਿੰਘ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ।**

(ੳ) ਸਰਕਾਰੀ ਡਿਊਟੀ ਵਿਚ ਅਨਗਹਿਲੀ ਅਤੇ ਦੁਰਵਿਹਾਰ ਕਰਨਾ ।

(ਅ) ਪੰਜਾਬ ਕਰਮਚਾਰੀ (ਕੰਡਕਟ) ਰੂਲਜ਼, 1966 ਅਤੇ ਵਿਭਾਗੀ ਹਿਦਾਇਤਾਂ ਤੇ ਪੰਜਾਬ ਸਹਿਕਾਰੀ ਐਕਟ, 1961 ਦੀ ਉਲੰਘਣਾ ਕਰਨਾ ।

3. **ਸ੍ਰੀ ਸੁਖਦਿਆਲ ਸਿੰਘ ਨਰੀਖਕ**

(ੳ) ਸਰਕਾਰੀ ਡਿਊਟੀ ਵਿਚ ਅਣਗਹਿਲੀ ਕਰਨਾ ।

(ਅ) ਜ਼ਾਤੀ ਫਾਇਦੇ ਲਈ ਆਪਣੀ ਸਰਕਾਰੀ ਪੋਜ਼ੀਸ਼ਨ ਦੀ ਗਲਤ ਵਰਤੋਂ ਕਰਨੀ ।

(ੲ) ਪੰਜਾਬ ਸਹਿਕਾਰੀ ਐਕਟ ਤੇ ਵਿਭਾਗੀ ਹਦਾਇਤਾਂ ਅਤੇ ਨੀਤੀ ਅਤੇ ਪੰਜਾਬ ਕਰਮਚਾਰੀ ਕੰਡਕਟ ਰੂਲ, 1966 ਦੀ ਉਲੰਘਣਾ ਕਰਨੀ ।

4. **ਕੁਲਜੀਤ ਸਿੰਘ ਨਰੀਖਕ ।**

(ੳ) ਸਰਕਾਰੀ ਡਿਊਟੀ ਨਿਭਾਉਣ ਵਿਚ ਅਣਗਹਿਲੀ ਕਰਨਾ ।

SPECIAL AUDIT OF KURALI URBAN COOPERATIVE BANK KURALI, DISTRICT ROPAR.

*922 **Sardar Randhir Singh Cheema** : Will the Chief Minister be pleased to state—

(a) whether any special audit of Kurali Urban-Cooperative Bank, Kurali, district Ropar was conducted during the years 1970-71 and 1972; if so, the exact date and month thereof;

(b) the details of irregularities and illegal actions, if any found during the said special audit together with the action, if any, taken thereon;

(c) the academic qualifications of the Manager of the said Bank;

(d) the details of the total share Capital of the said Bank to-gether with the membership thereof ?

Giani Zail Singh : (a) Special audit was not conducted in 1970-71. It was initiated on 7th July, 1972 and finalised on 30th August, 1972.

(b) The details of irregularities as pointed out in the Special audit report are laid on the Table of the House. Registrar, Cooperative Societies, Punjab, has deputed an officer to conduct a thorough inquiry into the working of this bank.

(c) Middle Standard.

(d) Share Capital : Rs. 1,83,300
Membership: 543

[(ੲ) ਸਪੈਸ਼ਲ ਅਡਿਟ 1970-71 ਵਿਚ ਨਹੀਂ ਕੀਤਾ ਗਿਆ ਪਰ 7 ਜੁਲਾਈ, 1972 ਨੂੰ ਸ਼ੁਰੂ ਕੀਤਾ ਗਿਆ ਤੇ 30 ਅਗਸਤ, 1972 ਨੂੰ ਸਮਾਪਤ ਕੀਤਾ ਗਿਆ ।

(ਬੀ) ਜੋ ਬੇਕਾਇਦਗੀਆਂ ਸਪੈਸ਼ਲ ਆਡਿਟ ਰਿਪੋਰਟ ਵਿਚ ਆਈਆਂ ਹਨ, ਉਹ ਸਭਾ ਦੇ ਟੇਬਲ ਤੇ ਰਖੀਆਂ ਜਾਂਦੀਆਂ ਹਨ । ਰਜਿਸਟਰਾਰ, ਸਹਿਕਾਰੀ ਸਭਾਵਾਂ ਨੇ ਇਕ ਅਫਸਰ ਇਸ ਬੈਂਕ ਦੇ ਕੰਮ-ਕਾਰ ਬਾਰੇ ਪੂਰੀ ਜਾਂਚ-ਪੜਤਾਲ ਕਰਨ ਲਈ ਨਿਯੁਕਤ ਕੀਤਾ ਹੈ ।

(ਸੀ) ਮਿਡਲ ਸਟੈਂਡਰਡ ।

(ਡੀ) ਹਿੱਸਾ ਪੂੰਜੀ 1,83,300
ਮੈਂਬਰ-ਸ਼ਿਪ 543]

REPLY TO PART (B) OF THE STARRED ASSEMBLY QUESTION NO. 922

Details of serious irregularities as pointed out in the Special audit report are as under :—

(i) Shri Faqir Chand, Manager has not issued notices to some of the defaulter members for recovery.

(ii) Telephone installed in the bank was found to have been misused.

(iii) Manager has attended meetings other than those of the Bank in his capacity as a Municipal Commissioner without taking any leave.

(iv) Manager is not producing his age certificate for verification.

(v) Manager has not been found in a position to perform his duties as a Manager since he knew only Urdu while books are maintained in double entry system of which he knows nothing.

(vi) The account of the Bank with Ropar C.C.B. Branch office, Kurali has been operated by un-authorised persons from 24th May, 1970 to 7th December, 1971.

(vii) Shri Mulkh Raj, Managings Committee member has not attended three consecutive meetings of the Committee held on 6th October, and 14th March, 1972 and could not remain as Director in view of bye law No. 36(vi)

[ਗੰਭੀਰ ਬੇਕਾਇਦਗੀਆਂ ਦੀ ਤਫਸੀਲ ਜੋ ਸਪੈਸ਼ਲ ਰਿਪੋਰਟ ਵਿਚ ਆਈਆਂ ਹਨ ਉਹ ਇਸ ਪ੍ਰਕਾਰ ਹਨ :—

(1) ਸ੍ਰੀ ਫ਼ਕੀਰ ਚੰਦ, ਮੈਨੇਜਰ ਨੇ ਰਿਕਵਰੀ ਲਈ ਡਿਫਾਲਟਰ ਮੈਂਬਰਾਂ ਨੂੰ ਨੋਟਿਸ ਜਾਰੀ ਨਹੀਂ ਕੀਤਾ ।

(2) ਜੋ ਟੈਲੀਫ਼ੂਨ ਬੈਂਕ ਵਿਚ ਲੱਗਾ ਹੋਇਆ ਹੈ, ਉਸ ਦੀ ਨਜਾਇਜ਼ ਵਰਤੋਂ ਕੀਤੀ ਗਈ ।

(3) ਮੈਨੇਜਰ ਨੇ ਮਿਊਨਸਿਪਲ ਕਮਿਸ਼ਨਰ ਦੀ ਹੈਸੀਅਤ ਵਿਚ ਬਿਨਾਂ ਛੁੱਟੀ ਲਏ ਬੈਂਕ ਤੋਂ ਇਲਾਵਾ ਮੀਟਿੰਗਾਂ ਅਟੈਂਡ ਕੀਤੀਆਂ ਹਨ ।

(4) ਮਨੇਜਰ ਆਪਣੀ ਉਮਰ ਦਾ ਸਰਟੀਫਿਕੇਟ ਨਹੀਂ ਦੇ ਰਿਹਾ ।

(5) ਮੈਨੇਜਰ ਆਪਣੀ ਡਿਊਟੀ ਪੂਰੀ ਤਰ੍ਹਾਂ ਨਹੀਂ ਨਿਭਾ ਰਿਹਾ ਕਿਉਂਕਿ ਉਹ ਸਿਰਫ ਉਰਦੂ ਹੀ ਜਾਣਦਾ ਹੈ ਜਦੋਂ ਕਿ ਬੈਂਕ ਦੀਆਂ ਕਿਤਾਬਾਂ ਡਬਲ ਐਂਟਰੀ ਸਿਸਟਮ ਦੇ ਅਨੁਸਾਰ ਰੱਖਣੀਆਂ ਪੈਂਦੀਆਂ ਹਨ, ਜਿਸ ਦੇ ਬਾਰੇ ਉਹ ਕੁਝ ਨਹੀਂ ਜਾਣਦਾ ।

(6) 24 ਮਈ, 1970 ਤੋਂ 17 ਦਸੰਬਰ, 1971 ਤਕ ਇਸ ਬੈਂਕ ਦਾ ਹਿਸਾਬ ਰੋਪੜ ਕੋਆਪਰੇਟਿਵ ਸਹਿਕਾਰੀ ਬੈਂਕ ਦੀ ਬਰਾਂਚ ਕੁਰਾਲੀ ਨਾਲ ਇਕ ਬਿਨਾਂ ਅਧਿਕਾਰਿਤ ਵਿਅਕਤੀ ਆਪਰੇਟ ਕਰਦਾ ਹੈ ।

[ਮੁੱਖ ਮੰਤਰੀ]

(7) ਸ੍ਰੀ ਮੁਲਖ ਰਾਜ ਮੈਨੇਜਿੰਗ ਕਮੇਟੀ ਦਾ ਜੋ ਮੈਂਬਰ ਹੈ ਉਸਨੇ ਇਸ ਮਿਟਿੰਗ ਦੀਆਂ ਤਿੰਨ ਮੀਟਿੰਗਾਂ 6 ਅਕਤੂਬਰ ਅਤੇ 14 ਮਾਰਚ, 1972 ਨੂੰ ਅਟੈਂਡ ਨਹੀਂ ਕੀਤੀਆਂ ਤੇ ਇਸ ਲਈ ਉਹ ਬਾਈ-ਲਾਅ ਨੰਬਰ 36 (VI) ਦੇ ਅਨੁਸਾਰ ਡਾਇਰੈਕਟਰ ਨਹੀਂ ਰਹਿ ਸਕਦਾ ।]

STARRED QUESTION NO. 800

ਜ਼ੈਲ ਸਿੰਘ

ਅ.ਸ. ਨੰ: 9150-ਇਸ 2(5)-72/-
ਮੁੱਖ ਮੰਤਰੀ,
ਪੰਜਾਬ, ਚੰਡੀਗੜ੍ਹ ।
ਮਿਤੀ 12 ਦਸੰਬਰ, 1972

ਵਿਸ਼ਾ : ਵਿਧਾਨ ਸਭਾ ਸਟਾਰਡ ਸਵਾਲ ਨੰ: 800

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 800 ਜੋ ਮਿਤੀ 13 ਦਸੰਬਰ, 1972 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਜੰਗੀਰ ਸਿੰਘ ਜੋਗਾ ਤੇ ਕਾਮਰੇਡ ਸਤਿਆ ਪਾਲ ਡਾਂਗ, ਐਮ. ਐਲ. ਏ. ਵਲੋਂ ਦਰਜ ਹੈ, ਦਾ ਉਤਰ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਉਤਰ ਦੇਣ ਦੀ ਮਿਆਦ ਵਿਚ ਵਾਧਾ ਕਰਨ ਦੀ ਕਿਰਪਾਲਤਾ ਕੀਤੀ ਜਾਵੇ ।

ਹਿਤੂ,
ਸਹੀ/-
(ਜ਼ੈਲ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

UNSTARRED QUESTIONS AND ANSWERS

UNSTARRED QUESTION. NO 479

ਵਿਸ਼ਾ— ਅਨਸਟਾਰਡ ਸੁਆਲ ਨੰ: 479

ਸਭਾ ਦੇ ਸੁਆਲ ਨੰ: 479 ਜੋ ਮਿਤੀ 13 ਦਸੰਬਰ, 1972 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਤਪਾਲ ਡਾਂਗ, ਐਮ. ਐਲ. ਏ. ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

(ਉਮਰਾਓ ਸਿੰਘ)
ਸਿਖਿਆ ਮੰਤਰੀ, ਪੰਜਾਬ ।

ਸਕੱਤਰ,
ਪੰਜਾਬ ਵਿਧਾਨ ਸਭਾ ।

ਗ:ਸ: ਨੰ: 15102-1 ਸਿ2-72, ਮਿਤੀ ਚੰਡੀਗੜ੍ਹ ਅਗਸਤ, 1972

DEPUTY DISTRICT EDUCATION OFFICERS

480. **Comrade Satyapal Dang** : Will the Minister for Education and Revenue be pleased to state—

(a) the names of Deputy D.E.Os. at present working in the State district-wise;

(b) whether it is a fact that the posts of Deputy D. E. O. (M) Faridkot and Deputy D.E.O. (Female) Bhatinda have been lying vacant for a long time; if so, the time by which these are likely to be filled up ?

ਸਰਦਾਰ ਉਮਰਾਓ ਸਿੰਘ :

(ੲ) ਜ਼ਿਲ੍ਹਾ ਅੰਮ੍ਰਿਤਸਰ
(1) ਸ੍ਰੀ ਐਮ.ਸੀ. ਕਟਿਆਲ ।
(2) ਸ੍ਰੀ ਐਚ. ਐਸ. ਗਿਲ ।
(3) ਸ੍ਰੀ ਐਮ. ਐਲ. ਪੁਰੀ ।
(4) ਮਿਸ ਪੀ. ਕੁਮਰੀਆ ।

ਜ਼ਿਲ੍ਹਾ ਬਠਿੰਡਾ
(1) ਸ੍ਰੀ ਐਸ. ਐਸ. ਸੰਧੂ ।
(2) ਖਾਲੀ ।

ਜ਼ਿਲ੍ਹਾ ਫਰੀਦਕੋਟ
(1) ਸ੍ਰੀਮਤੀ ਡੀ. ਕੇ. ਸੈਣੀ ।
(2) ਸ੍ਰੀਮਤੀ ਗੁਲਸ਼ਨ ਰਾਜ ਕੌਰ, (ਇਹ ਆਪਣੀ ਪ੍ਰਿੰਸੀਪਲ ਗੌਰਮਿੰਟ ਜੂਨੀਅਰ ਬੇਸਿਕ ਟੀਚਰ ਟਰੇਨਿੰਗ ਇੰਸਟੀਚੂਟ (ਮਹਿਲਾ ਲਈ) ਫਰੀਦਕੋਟ ਦੀ ਆਸਾਮੀ ਤੋਂ ਇਲਾਵਾ ਕੰਮ ਕਰ ਰਹੀ ਹੈ ।

[ਸਿਖਿਆ ਤੇ ਮਾਲ ਮੰਤਰੀ]

ਜ਼ਿਲ੍ਹਾ ਫਿਰੋਜ਼ਪੁਰ	(1)	ਸ੍ਰੀ ਗੁਰਨਾਮ ਸਿੰਘ ।
	(2)	ਸ੍ਰੀ ਹਰਦੇਵ ਸਿੰਘ ।
	(3)	ਸ੍ਰੀਮਤੀ ਬਸੰਤ ਕੌਰ ।
ਜ਼ਿਲ੍ਹਾ ਗੁਰਦਾਸਪੁਰ	(1)	ਸ੍ਰੀ ਲਕਸ਼ਮੀ ਨਰਾਇਣ ਦੁੱਗਲ ।
	(2)	ਸ੍ਰੀਮਤੀ ਇੰਦਰਜੀਤ ਕੌਰ ।
ਜ਼ਿਲ੍ਹਾ ਹੁਸ਼ਿਆਰਪੁਰ	(1)	ਸ੍ਰੀ ਅਰਜਨ ਸਿੰਘ ।
	(2)	ਮਿਸ ਸੁਭਾਸ਼ਨੀ ਸ਼ਰਮਾ ।
ਜ਼ਿਲ੍ਹਾ ਜਲੰਧਰ	(1)	ਸ੍ਰੀ ਆਰ. ਪੀ. ਮੋਰੀ ।
	(2)	ਮਿਸ ਐਸ. ਕੇ. ਬੇਦੀ ।
	(3)	ਸ੍ਰੀਮਤੀ ਟੀ. ਜੋਧ ਸਿੰਘ ।
ਜਿਲ੍ਹਾ ਕਪੂਰਥਲਾ	(1)	ਸ੍ਰੀ ਭਗਵੰਤ ਸਿੰਘ ।
ਜ਼ਿਲ੍ਹਾ ਲੁਧਿਆਣਾ	(1)	ਸ੍ਰੀ ਦਲੀਪ ਸਿੰਘ ਗਿੱਲ ।
	(2)	ਸ੍ਰੀਮਤੀ ਐਸ. ਕੇ. ਮਾਨ ।
	(3)	ਸ੍ਰੀ ਕਿਦਾਰ ਨਾਥ ।
ਜਿਲ੍ਹਾ ਪਟਿਆਲਾ	(1)	ਸ੍ਰੀ ਆਈ. ਐਸ. ਜੈਦਕਾ ।
	(2)	ਸ੍ਰੀਮਤੀ ਆਰ. ਪ੍ਰੀਤਮ ਪਾਲ ਸਿੰਘ ।
ਜ਼ਿਲ੍ਹਾ ਰੋਪੜ	(1)	ਸ੍ਰੀ ਮਹਿੰਦਰ ਸਿੰਘ ।
ਜ਼ਿਲ੍ਹਾ ਸੰਗਰੂਰ	(1)	ਸ੍ਰੀਮਤੀ ਸੀ. ਕੇ. ਚੋਪੜਾ ।

(ਬੀ) ਨਹੀਂ ਜੀ। ਜਿਥੇ ਤਕ ਜ਼ਿਲ੍ਹਾ ਫਰੀਦਕੋਟ ਦਾ ਸਬੰਧ ਹੈ, ਉਪ ਜ਼ਿਲ੍ਹਾ ਸਿਖਿਆ ਅਫਸਰ, ਫਰੀਦਕੋਟ (ਪੁਰਸ਼) ਦੀ ਖਾਲੀ ਆਸਾਮੀ ਵਿਰੁੱਧ ਇਸ ਸਮੇਂ ਪ੍ਰਿੰਸੀਪਲ, ਸਰਕਾਰੀ ਜੂਨੀਅਰ ਬੇਸਕ ਟੀਚਰਜ਼ ਟਰੇਨਿੰਗ ਇੰਸਟੀਚੂਟ (ਮਹਿਲਾਂ ਲਈ) ਫਰੀਦਕੋਟ ਆਪਣੀ ਡਿਯੂਟੀ ਸਮੇਤ ਕੰਮ ਕਰ ਰਹੀ ਹੈ । ਪਰੰਤੂ ਉਪਰੋਕਤ ਆਸਾਮੀ ਨੂੰ ਰੈਗੂਲਰ ਆਧਾਰ ਤੇ ਭਰਨ ਬਾਰੇ ਅਤੇ ਉਪ ਜਿਲ੍ਹਾ ਸਿਖਿਆ ਅਫਸਰ, ਬਠਿੰਡਾ ਦੀ ਖਾਲੀ ਆਸਾਮੀ ਤੇ ਨਿਯੁਕਤੀ ਕਰਨ ਬਾਰੇ ਮੁਆਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

UNSTARRED QUESTION NO. 481

ਵਿਸ਼ਾ :— ਅਨਸਟਾਰਡ ਸੁਆਲ ਨੰ: 481

ਸਭਾ ਦੇ ਸੁਆਲ ਨੰ: 481 ਜੋ ਮਿਤੀ 13 ਦਸੰਬਰ, 1972 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਵਲੋਂ ਦਰਜ ਹੈ. ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

(ਉਮਰਾਓ ਸਿੰਘ)
ਸਿਖਿਆ ਮੰਤਰੀ, ਪੰਜਾਬ ।

ਸਕੱਤਰ
ਪੰਜਾਬ ਵਿਧਾਨ ਸਭਾ ।

ਗ:ਸ: ਨੰ: 15105-3 ਸਿ 2-72. ਮਿਤੀ ਚੰਡੀਗੜ੍ਹ 12 ਅਗਸਤ, 1972

APPLICATION OF PUNJAB SHOPS AND COMMERCIAL ESTABLISHMENT ACT, 1958 TO LEHRA TOWN.

482. **Comrade Saggar Singh** : Will the Minister for Finance be pleased to state whether the Government received a letter dated 14th July, 1972 from Comrade Satya Pal Dang, M.L.A. regarding the application of Punjab Shops and Commercial Establishments Act, 1958 to Lehra Town; if so, the action, if any, taken thereon ?

ਸ੍ਰੀ ਹੰਸਰਾਜ ਸ਼ਰਮਾ: ਜੀ ਹਾਂ । ਮਾਮਲਾ ਵਿਚਾਰ ਅਧੀਨ ਹੈ ।

UNSTARRED QUESTION NO. 483

ਸਭਾ ਦੇ ਸੁਆਲ ਨੰ: 483 ਜੋ ਮਿਤੀ 13 ਦਸੰਬਰ, 1972 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਸਰਦਾਰ ਧੰਨਾ ਸਿੰਘ ਗੁਲਸ਼ਨ, ਐਮ. ਐਲ. ਏ. ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

2. ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਭੇਜ ਦਿੱਤਾ ਜਾਵੇਗਾ ।

ਜ਼ੈਲ ਸਿੰਘ,
ਮੁੱਖ ਮੰਤਰੀ ਪੰਜਾਬ ।
12 ਦਸੰਬਰ, 1972

ਸੇਵਾ ਵਿਖੇ,

ਸਕੱਤਰ, ਪੰਜਾਬ ਵਿਧਾਨ ਸਭਾ ।

ਗੁ:ਸ:ਨੰ: ਮਮਪ-72/13539

ਮਿਤੀ 13 ਦਸੰਬਰ, 1972 ।

SETTING UP OF MODEL COLONY FOR HARIJANS AT ROPAR

484. **Sardar Dhanna Singh Gulshan**: Will the Minister for Irrigation and Power be pleased to state—

(a) whether the Government has under its consideration a proposal to set up a Model Colony for Harijans near Ropar; if so, the details of the progress so far made in this regard;

(b) if answer to part (a) above be in the affirmative whether any families have been settled in the said colony so far, if so, the names, addresses and the number thereof;

(c) the special features, if any, of the said Model Colony ?

Shri Gurmail Singh: (a) Yes.

(b) No.

(c) About 100 families are to be settled on this land. Each family will be allotted 5 acres of land. In addition, they will be provided with poultry, piggery, and dairy units. Each allottee of the land is likely to be supplied with a cow of Holstein Friesian breed, which have been donated by the Action for Food Production Organisation.

[(ੳ) ਜੀ ਹਾਂ ।

(ਅ) ਜੀ ਨਹੀਂ ।

(ੲ) ਤਕਰੀਬਨ 100 ਹਰੀਜਨ ਟਬਰਾਂ ਨੂੰ ਵਸਾਇਆ ਜਾਣਾ ਹੈ । ਹਰ ਹਰੀਜਨ ਟਬਰਾਂ ਨੂੰ 5 ਏਕੜ ਭੂਮੀ ਦਿਤੀ ਜਾਵੇਗੀ ਇਸ ਤੋਂ ਇਲਾਵਾ ਪੋਲਟਰੀ, ਪਿਗਰੀ ਤੇ ਡੈਰੀ ਯੂਨਿਟ ਵੀ ਦਿਤੇ ਜਾਣਗੇ । ਹਰ ਅਲਾਟੀ ਨੂੰ ਇਕ ਹਾਲਸਟਿਲ ਫਰੀਸੀਅਨ ਬਰੀਡ ਦੀ ਗਾਂ, ਜੋ ਫੂਡ ਪਰੋਡਕਸ਼ਨ ਆਰਗੇਨਾਈਜੇਸ਼ਨ ਵਲੋਂ ਦਾਨ ਕੀਤੀਆਂ ਹਨ ਵੀ ਦਿਤੀ ਜਾਵੇਗੀ ।]

WORKING CAPITAL OF PUNJAB SCHEDULED CASTES LAND DEVELOPMENT AND FINANCE CORPORATION.

485. **Sardar Dhanna Singh Gulshan**: Will the Minister for Irrigation and Power be pleased to state :—

(a) whether any increase has recently been made in the Working Capital of Rs. 1 crore of the Punjab Scheduled Castes Land Development and Finance Corporation; if so, to what extent;

(b) whether any reduction has been made in the rate of interest on the amount which are advanced by the said Corporation; if so, the present rate of interest ?

Shri Gurmail Singh: (a) Yes. Rs. 50 Lakhs during 1972-73.

(b) The rate of interest is 7% per annum, except for pumping sets and tractors in which case the rate of interest is 9% per annum. Interest free loans are also granted up to an amount of Rs. 1,500-00.

[(ੳ) ਹਾਂ ਜੀ । 50 ਲੱਖ ਰੁਪਏ ਸਾਲ 1972-73 ਲਈ ।

(ਅ) ਵਿਆਜ ਦੀ ਦਰ 7 ਪ੍ਰਤੀਸ਼ਤ ਹੈ । ਸਵਾਏ ਪੰਪਿਗ ਸੈਟ ਅਤੇ ਟ੍ਰੈਕਟਰਜ਼, ਜਿਨ੍ਹਾਂ ਲਈ ਦਿਤੇ ਕਰਜ਼ੇ ਤੇ ਵਿਆਜ ਦੀ ਦਰ 9 ਪ੍ਰਤੀਸ਼ਤ ਵਰਿਸ਼ਿਕ ਹੈ । 1,500-00 ਰੁਪਏ ਦੀ ਰਕਮ ਤਕ ਬਿਨਾਂ ਵਿਆਜ ਵੀ ਕਰਜ਼ੇ ਦਿਤੇ ਜਾਂਦੇ ਹਨ ।]

PROPOSED CONSTRUCTION OF RING ROADS AROUND TOWNS.

487. **Comrade Satya Pal Dang** : Will the Chief Minister be pleased to state—

(a) the number and names of ring roads around towns proposed to be constructed in the State;

(b) the estimated expenditure likely to be incurred thereon;

(c) the details of the programmes formulated for the construction of the said roads.?

Giani Zail Singh : (a) Nil.

(b) Nil.

(c) There is no proposal to construct any ring road in the State. It is, however, proposed to construct by passs at Moga, Dharamkot, Muktsar, Dabwali and Ludhiana.

[(ੳ) ਨਿਲ ।

(ਅ) ਨਿਲ ।

(ੲ) ਸਟੇਟ ਵਿਚ ਰਿੰਗ ਰੋਡ ਬਣਾਉਣ ਦੀ ਕੋਈ ਤਜਵੀਜ਼ ਨਹੀਂ । ਪਰ, ਮੋਗਾ ਧਰਮਕੋਟ, ਮੁਕਤਸਰ, ਡਭਵਾਲੀ ਅਤੇ ਲੁਧਿਆਣਾ ਵਿਚ ਬਾਈ ਪਾਸ ਬਣਾਉਣ ਦੀ ਤਜਵੀਜ ਹੈ ।]

Mr. Speaker: Call Attention Motions.

11-00 A.M. **ਸਰਦਾਰ ਅਜਾਇਬ ਸਿੰਘ ਸੰਧੂ** : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਕੱਲ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ । ਗਿਆਨੀ ਬਖਸ਼ੀਸ਼ ਸਿੰਘ ਜੀ, ਜਨਰਲ ਸਕੱਤਰ ਯੂ. ਕੇ. ਅਕਾਲੀਦਲ ਜੋ ਹਨ, ਉਹ ਹਿੰਦੁਸਤਾਨ ਵਿਚ ਸੰਤ ਫਤਿਹ ਸਿੰਘ ਜੀ ਨੂੰ ਸ਼ਰਧਾਂਜਲੀ ਪੇਸ਼ ਕਰਨ ਵਾਸਤੇ ਆਏ ਸਨ ਪਰ ਸਾਡੀ ਪੰਜਾਬ ਦੀ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ (ਆਪੋਜ਼ੀਸ਼ਨ ਵਲੋਂ ਸ਼ੇਮ, ਸ਼ੇਮ) (ਵਿਘਨ) (ਸ਼ੋਰ)

ਸ੍ਰੀ **ਸਪੀਕਰ** : ਪਲੀਜ਼ ਰਿਜ਼ਿਊਮ ਯੂਅਰ ਸੀਟ । (ਵਿਘਨ) (ਸ਼ੋਰ) ਤੁਹਾਨੂੰ ਚਿੱਠੀ ਜਾ ਚੁਕੀ ਹੈ । ਇਸ ਲਈ ਇਸ ਉਤੇ ਡਿਸਕਸ਼ਨ ਇਥੇ ਨਹੀਂ ਹੋ ਸਕਦੀ । (ਵਿਘਨ) ਤੁਸੀਂ ਚੈਂਬਰ ਵਿਚ ਆ ਜਾਣਾ ਉਥੇ ਤੁਹਾਨੂੰ ਦੱਸ ਦਿਤਾ ਜਾਵੇਗਾ । (ਵਿਘਨ) (ਸ਼ੋਰ) (Please resume your seat. (Interruption)(Noise) Reply had been sent to you. Therefore, no discussion can be held here on this subject. You may please come to my Chamber, I will tell you the whole position.)

(ਇਸ ਸਮੇਂ ਹਾਊਸ ਵਿਚ ਸ਼ੋਰ ਸੀ)

ਸਰਦਾਰ ਅਜਾਇਬ ਸਿੰਘ ਸੰਧੂ : * * * * (ਵਿਘਨ) (ਸ਼ੋਰ)

ਸ੍ਰੀ **ਸਪੀਕਰ** : ਇਹ ਜੋ ਕੁਝ ਵੀ ਚੇਅਰ ਦੀ ਆਗਿਆ ਬਗੈਰ ਕਹਿ ਰਹੇ ਹਨ । that should not form part of the proceedings. (What ever the hon. member is saying without the permission of the Chair that should not form part of the proceedings.)

(ਇਸ ਸਮੇਂ ਡਾਕਟਰ ਅਮੀਰ ਸਿੰਘ ਕਲਰਟ ਪੁਆਇੰਟ ਆਫ ਆਰਡਰ ਤੇ ਖੜੇ ਹੋਏ ।) ਹਾਊਸ ਵਿਚ ਕਾਫੀ ਸ਼ੋਰ ਸੀ ।

(ਇਸ ਸਮੇਂ ਸ੍ਰੀ ਸਪੀਕਰ ਉਠ ਕੇ ਕੁਝ ਬੋਲਣ ਲੱਗੇ ਸਨ ।)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀ ਤਸ਼ਰੀਫ ਰਖੋ । (ਵਿਘਨ) (ਸ਼ੋਰ)

ਸ੍ਰੀ ਸਪੀਕਰ: ਸੰਧੂ ਸਾਹਿਬ ਤੁਸੀ ਤਸ਼ਰੀਫ ਰਖੋ (ਵਿਘਨ) (ਸ਼ੋਰ) । (Sandhu Sahib, please resume your seat.)

ਸਰਦਾਰ ਅਜਾਇਬ ਸਿੰਘ ਸੰਧੂ : * * * *

(ਇਸ ਸਮੇਂ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਦਿਤਾ ।)

---

*Expunged as ordered by the chair.

ਸ੍ਰੀ ਸਪੀਕਰ : ਇਹ ਜੋ ਕੁਝ ਵੀ ਬਗੈਰ ਆਗਿਆ ਦੇ ਕਹਿ ਰਹੇ ਹਨ that should not form part of the proceedings. (Whatever the hon. Member is saying without the permission of the Chair should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ : * * * * * *

ਸ੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ। (This should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਜੇ ਤੁਸੀਂ ਇਸੇ ਤਰ੍ਹਾਂ ਸਰਕਾਰ ਨੂੰ ਪਰੋਟੈਕਟ ਕਰਨਾ ਹੈ ਤਾਂ ਫਿਰ ਠੀਕ ਨਹੀਂ ਹੈ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਂ ਤੁਹਾਨੂੰ ਕਹਿ ਦਿੱਤਾ ਹੈ ਕਿ ਇਹ ਐਡਜਰਨਮੈਂਟ ਮੋਸ਼ਨ ਐਡਮਿਟ ਨਹੀਂ ਹੋ ਸਕਦੀ। (I have already explained to you that this Adjournment Motion cannot be admitted.)

ਸਰਦਾਰ ਅਜਾਇਬ ਸਿੰਘ ਸੰਧੂ : * * * * *

ਸ੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ। (This should not be recorded.)

ਸਰਦਾਰ ਅਜਾਇਬ ਸਿੰਘ ਸੰਧੂ : * * * * * *

(ਇਸ ਸਮੇਂ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਦਿਤਾ।)

ਸ੍ਰੀ ਸਪੀਕਰ : ਇਹ ਜੋ ਕੁਝ ਵੀ ਚੇਅਰ ਦੀ ਆਗਿਆਂ ਤੋਂ ਬਗੈਰ ਬੋਲ ਰਹੇ ਹਨ that should not form part of the proceedings. (What ever the hon. Member is saying without the permission of the Chair that should not form part of the proceedings.)

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਫਿਰ ਬੋਲਣ ਵਾਸਤੇ ਖੜੇ ਹੋਏ।

Mr. Speaker : Please resume your seat.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਇਸ ਸਰਕਾਰ ਨੂੰ ਸਮਝਾਉਣ ਵਿਚ ਸਹਾਇਕ ਹੋਵੇਗਾ.... । (ਵਿਘਨ) (ਸ਼ੋਰ)

---

*Not recorded Expunged as ordered by the Chair.

Mr. Speaker : No statement, no discussion, no explanation. (Interruption) Please resume your seat.

(ਇਸ ਸਮੇਂ ਹਾਊਸ ਵਿਚ ਕਾਫੀ ਸ਼ੋਰ ਸੀ।)

ਸਰਦਾਰ ਅਜਾਇਬ ਸਿੰਘ ਸੰਧੂ : * * (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ that should not form part of the proceedings. (Whatever the hon. Member is saying without the permission of the Chair, that should not form part of the proceedings.)

ਸਰਦਾਰ ਜਸਦੇਵ ਸਿੰਘ ਸੰਧੂ * * *

ਸਰਦਾਰ ਅਜਾਇਬ ਸਿੰਘ ਸੰਧੂ : * * (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਗੈਰ ਬੋਲ ਰਹੇ ਹਨ that should not form part of the proceedings. (Whatever the hon. Member is saying without the permission of the Chair that should not form part of the proceedings.)

(ਇਹ ਸਮੇਂ ਆਪੋਜ਼ੀਸ਼ਨ ਵਲੋਂ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲ ਰਹੇ ਸਨ। ਪਰ ਹਾਊਸ ਵਿਚ ਬਹੁਤ ਸ਼ੋਰ ਸੀ ਜਿਸ ਕਰਕੇ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

ਸਰਦਾਰ ਗੁਰਦੇਵ ਸਿੰਘ ਸਿੱਧੂ (ਸਮਾਣਾ ਐਸ.ਸੀ.) : * * *

(ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਦਿਤਾ)

Mr. Speaker: Please withdraw your words. (Interruption) (Noise)

ਸਰਦਾਰ ਗੁਰਦੇਵ ਸਿੰਘ ਸਿੱਧੂ : * * * (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਗੈਰ ਕਹਿ ਰਹੇ ਹਨ that should not form part of the proceedings. (Whatever the hon. member is saying without the permission of the. Chair that should not from part of the proceedings.)

---

*Not recorded Expunged as ordered by the Chair.

ਸਰਦਾਰ ਗੁਰਦੇਵ ਸਿੰਘ ਸਿੱਧੂ : * * * (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ that should not form part of the proceedings (Whatever the hon. member is saying without the permission of the Chair that should not form part of the proceedings.)

CALL ATTENTION NOTICES UNDER RULE 66

ਸ੍ਰੀ ਸਪੀਕਰ : ਮਸਤਾਨਾ ਜੀ ਤੁਸੀਂ ਧਿਆਨ ਦਿਵਾਉ ਮਤਾ ਨੰ: 7 ਪੜ੍ਹਨਾ ਸ਼ੁਰੂ ਕਰੋ । (Mastanaji, please read out your Call Attention Notice No. 7)

(ਕ੍ਰਮ ਨੰ: 7)

ਕਾਮਰੇਡ ਅਰਜਨ ਸਿੰਘ ਮਸਤਾਨਾ : ਸ੍ਰੀ ਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ, ਕਿ ਜ਼ਿਲਾ ਅੰਮ੍ਰਿਤਸਰ ਦੇ ਖੇਮਕਰਨ ਬਾਰਡਰ ਦੇ ਇਲਾਕੇ ਵਿਚ ਦੋ ਸਾਈਫਨ ਜੋ ਇਸ ਇਲਾਕੇ ਵਿਚ ਪਾਣੀ ਦੇਣ ਲਈ ਡਰੇਨਾਂ ਉਤੇ ਲੱਖਾਂ ਰੁਪਏ ਖਰਚ ਕੇ ਬਣਾਏ ਗਏ ਸੀ, ਹੁਣੇ ਜਿਹੇ ਟੁਟ ਗਏ ਹਨ.... ।

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਕੀ ਇਹ ਹਾਊਸ ਚਲਾਉਣ ਦਾ ਤਰੀਕਾ ਹੈ । (ਵਿਘਨ) (ਸ਼ੋਰ)

(ਇਸ ਸਮੇਂ ਆਪੋਜ਼ੀਸ਼ਨ ਵਲੋਂ ਬਹੁਤ ਸਾਰੇ ਮਾਨਯੋਗ ਮੈਂਬਰਜ਼ ਉਠਕੇ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਸ਼ੋਰ ਸੀ ।)

ਸ੍ਰੀ ਸਪੀਕਰ : ਮਸਤਾਨਾ ਜੀ, ਤੁਸੀਂ ਜ਼ਾਰੀ ਰਖੋ । (ਵਿਘਨ) (ਸ਼ੋਰ) (Mastana ji, please continue.) (*Interruption*) (*Noise*)

ਸਰਦਾਰ ਅਜਾਇਬ ਸਿੰਘ ਸੰਧੂ : (ਵਿਘਨ) (ਸ਼ੋਰ) * * *

ਸ੍ਰੀ ਸਪੀਕਰ : ਇਹ ਜੋ ਕੁਝ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying that should not be recorded.) (ਵਿਘਨ) (ਸ਼ੋਰ)

(ਆਪੋਜ਼ੀਸ਼ਨ ਵਲੋਂ ਮੇਜ਼ ਖੜਕਾਏ ਜਾ ਰਹੇ ਸਨ)

---

*Not recorded as ordered by the Chair.

ਕਾਮਰੇਡ ਅਰਜਨ ਸਿੰਘ ਮਸਤਾਨਾ : ਜਿਸ ਕਾਰਨ ਪਾਣੀ ਟੇਲ ਉਤੇ ਨਹੀਂ ਜਾ ਰਿਹਾ ਅਤੇ ਖੇਮ ਕਰਨ, ਮਾਡੀਕੇ, ਮੈਟੀਪੁਰ ਅਤੇ ਕਲਸ ਪਿੰਡਾਂ ਨੂੰ ਕੋਈ ਪਾਣੀ ਨਹੀਂ ਜਾ ਰਿਹਾ। ਇਨ੍ਹਾਂ ਪਿੰਡਾਂ ਦੀਆਂ ਪੈਲੀਆਂ ਨੂੰ ਸੌਣੀ ਦੀ ਫਸਲ ਦਾ ਭੀ ਪਾਣੀ ਨਹੀਂ ਮਿਲਿਆ ਸੀ ਅਤੇ ਹੁਣ ਹਾੜ੍ਹੀ ਦੀ ਫਸਲ ਦੀ ਬਜਾਈ ਲਈ ਭੀ ਪਾਣੀ ਨਹੀਂ ਮਿਲ ਰਿਹਾ ਜਿਸ ਕਰਕੇ ਇਨ੍ਹਾਂ ਇਲਾਕਿਆਂ ਵਿਚ ਹਾਹਾਕਾਰ ਮੱਚੀ ਹੋਈ ਹੈ।

ਇਸ ਨੋਟਿਸ ਦੁਆਰਾ ਸਰਕਾਰ ਨੂੰ ਇਨ੍ਹਾਂ ਔੜ ਮਾਰੇ ਪਿੰਡਾਂ ਦੀ ਦਸ਼ਾ ਵੱਲ ਤੁਰੰਤ ਧਿਆਨ ਦੇਣ ਲਈ ਕਿਹਾ ਜਾਂਦਾ ਹੈ। ਸਰਕਾਰ ਤੁਰੰਤ ਬਿਆਨ ਦੇਵੇ।

(ਆਪੋਜ਼ੀਸ਼ਨ ਵਲੋਂ ਮੇਜ਼ ਖੜਕਾਏ ਜਾ ਰਹੇ ਸਨ।)

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The hon. Minister concerned may please make a statement in the House.)

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ ਅਤੇ ਆਪੋਜ਼ੀਸ਼ਨ ਵਲੋਂ ਮੇਜ਼ ਖੜਕਾਏ ਜਾ ਰਹੇ ਸਨ!)

PAPERS LAID ON THE TABLE

Education & Revenue Minister (Sardar Umrao Singh) : Sir, I beg to lay on the Table the First Annual Report of the Punjab Breweries Limited for the year 1970-71, as required under section 619-A (3)(b) of the Companies Act, 1956.

Education & Revenue Minister (Sardar Umrao Singh) : Sir, I beg to lay on the Table the Second Annual Report of the Punjab Saltpetre Refinery for the year 1970-71, as required under section 619-A (3)(b) of the Companies Act., 1956.

Education & Revenue Minister (Sardar Umrao Singh): Sir, I beg to lay on the Table the Constitution (Thirtieth Amendment) Bill, 1972 as passed by the Houses of Parliament.

Education & Revenue Minister (Sardar Umrao Singh) : Sir, I beg to lay on the Table the Annual Report of the working of the Punjab Public Service Commission for the year 1970-71 as presented to the Governor, together with the Memorandum explaining the reasons for the non-acceptance of the advice of the Commission, as required under Article 323(2) of the Constitution."

SUPPLEMENTARY ESTIMATES (THIRD INSTALMENT) 1972-73 DISCUSSION ON THE ESTIMATES OF THE EXPENDITURE CHARGED ON THE REVENUES OF THE STATE

Mr. Speaker : If any Member wants to discuss any charged item, he may please do so.

(Interruption, noise).

(No member rose to speak)

VOTING OF THE DEMANDS FOR SUPPLEMENTARY GRANTS

(Noise, Interruptions)

Mr. Speaker : There are seven demands for supplementary grants which are to be discussed and voted upon to-day (Noise-Interruption). If the hon. Members agree, all these demands may be deemed to have been read and moved as per past practice.

I would request that while raising discussion, the demands number on which the discussion is sought to be raised may please be indicated by the Member concerned.

I have also received notice of a cut motion to demand No. 2 It will also be deemed to have been read and moved.

If the House agree, one and a half hour may be set apart for discussion and disposal of these demands and one hour for the disposal of the Appropriation Bill.

Demand No. 2

That a Supplementary sum not exceeding Rs. 34,48,100/- be granted to the Governor to defray the charges that will come in course of payment for the year ending 31st March, 1973 in respect of 10-State Excise Duties.

Demand No. 18

That a Supplementary sum not exceeding Rs. 75,00,000/- be granted to the Governor to defray the charges that will come in course of payment for the year ending 31st March, 1973, in respect of 30-Public Health.

Demand No. 20

That a Supplementary sum not exceeding Rs. 1,87,50,000 be granted to the Governor to defray the charges that will come in course of payment for the year ending 31st March, 1973 in respect of 31-Agriculture.

Demand No. 23

That a Supplementary sum not exceeding Rs. 10/- be granted to the Governor to defray the charges that will come in course of payment for the year ending 31st March, 1973 in respect of 35-Industries.

Demand No. 26

That a Supplementary sum not exceeding Rs. 1.00,000/- be granted to the Governor to defray the charges that will come in course of payment for the year ending 31st March, 1973 in respect of 39-Miscellaneous Social and Development Organisations.

Demand No. 41

That a Supplementary sum not exceeding Rs. 3,00,000/- be granted to the Governor to defray the charges that will come in course of payment for the year ending 31st March, 1973 in respect of 71-Miscellaneous.

Demand No. 53

That a Supplimentary sum not exceeding Rs. 9,05,25,000/- be granted to the Governor to defray the charges that will come in course of payment for the year ending 31st March, 1973 in respect of Q-Loans and Advances by the State Govt.

Cut Motion to Demand No. 2

That the demand be reduced by Rs. 100/-

ADJOURNMENT OF THE HOUSE

ਸਰਦਾਰ ਅਜਾਇਬ ਸਿੰਘ ਸੰਧੂ : * * * (ਸ਼ੋਰ) (ਬਹੁਤ ਸ਼ੋਰ)

(ਇਸ ਵਕਤ ਹਾਊਸ ਵਿਚ ਟੇਬਲ ਖੜਕਾਏ ਜਾ ਰਹੇ ਸਨ ਅਤੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

* * * *

Mr. Speaker : Whatever is being said that should not form part of the proceedings.

ਸ੍ਰੀ ਸਪੀਕਰ : ਕੀ ਕੋਈ ਆਨਰੇਬਲ ਮੈਂਬਰ ਇਸ ਤੇ ਬੋਲਣਾ ਚਾਹੁੰਦਾ ਹੈ। (ਸ਼ੋਰ) (ਬਹੁਤ ਸ਼ੋਰ) (Does any hon. Member want to speak on it ?) *(Noise in the House)*

Comrade Satya Pal Dang : On a point of order, Sir.

(ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਜਿਸ ਕਰਕੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

ਸ੍ਰੀ ਸਪੀਕਰ : ਡਾਂਗ ਸਾਹਿਬ, ਇਸ ਦੀ ਰੈਮਿਡੀ ਕੀ ਹੈ। (ਵਿਘਨ) (ਸ਼ੋਰ) (Dang Sahib, what is the remedy for it ?) *(Interruption and noise in the House)*

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਸ ਦੀ ਰੈਮਿਡੀ ਇਹ ਹੈ ਕੇ ਹਾਊਸ ਨੂੰ 15 ਮਿੰਟ ਵਾਸਤੇ ਐਡਜਰਨ ਕਰ ਦਿਉ ਅਤੇ ਇਨ੍ਹਾਂ ਨੂੰ ਸੱਦ ਕੇ ਕੋਈ ਗਲ ਬਾਤ ਕਰ ਲਓ। (ਸ਼ੋਰ)

---

*Expunged as ordered by the Chair.

*(ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਅਕਾਲੀ ਪਾਰਟੀ ਦੇ ਕਈ ਆਨਰੇਬਲ ਮੈਂਬਰ ਖੜੇ ਹੋ ਕੇ ਬੋਲ ਰਹੇ ਸਨ ।)

ਸ਼੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰਜ਼ ਵਿਦਆਊਟ ਦੀ ਪਰਮਿਸ਼ਨ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying without the permission of the Chair that should not be recorded.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਹ ਜਿਹੜੀਆਂ ਸਪਲੀਮੈਂਟਰੀ ਡੀਮਾਂਡਜ਼ ਹਨ ਇਹ ਬਹੁਤ ਇਮਪਾਰਟੈਂਟ ਹਨ ਅਤੇ ਅਸੀਂ ਇਹਨਾਂ ਤੇ ਬੋਲਣਾ ਚਾਹੁੰਦੇ ਹਾਂ ਪਰ ਇਸ ਐਟਮਾਸਫੀਅਰ ਵਿਚ ਕੋਈ ਬੋਲ ਹੀ ਨਹੀਂ ਸਕਦਾ । (ਸ਼ੋਰ) (ਬਹੁਤ ਸ਼ੋਰ)

ਸ਼੍ਰੀ ਸਪੀਕਰ : ਬਾਦਲ ਸਾਹਿਬ, ਇਨ੍ਹਾਂ ਨੂੰ ਤੁਸੀਂ ਕੁਝ ਸਮਝਾਓ । (ਸ਼ੋਰ) (Badal Sahib, please make them keep silent.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਸਾਡੇ ਸੈਂਟੀਮੈਂਟਸ ਦਾ ਸਵਾਲ ਹੈ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਇਹ ਸਿੱਖਾਂ ਦੇ ਸੈਂਟੀਮੈਂਟਸ ਨੂੰ ਧੱਕਾ ਪਹੁੰਚਾਇਆ ਜਾ ਰਿਹਾ ਹੈ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਐਡਜਰਨਮੈਂਟ ਮੋਸ਼ਨ ਦੇ ਬਾਰੇ ਕੋਈ ਗਲ ਨਾ ਕਰੋ । (ਵਿਘਨ) ਇਸ ਦੇ ਬਾਰੇ ਵਿਚ ਮੇਰੇ ਚੈਂਬਰ ਵਿਚ ਆ ਕੇ ਮੇਰੇ ਨਾਲ ਗਲ ਕਰ ਲੈਣਾ । (ਸ਼ੋਰ) Please do not discuss the Adjournment Motion (Interruption) you may come to my Chamber and discuss it with me there) (Noise)

ਸਰਦਾਰ ਜਸਵਿੰਦਰ ਸਿੰਘ ਬਰਾੜ : * * (ਸ਼ੋਰ) (ਬਹੁਤ ਸ਼ੋਰ)

Mr. Speaker: Whatever is being said without the permission of the Chair that should not form part of the proceedings.

(Interruption and Noise in the House.)

ਸ਼੍ਰੀ ਸਪੀਕਰ : ਬਰਾੜ ਸਾਹਿਬ, ਇਹ ਜੋ ਕੁਝ ਤੁਸੀਂ ਕਹਿ ਰਹੇ ਹੋ ਇਹ ਰਿਕਾਰਡ ਤੇ ਤਾਂ ਆ ਨਹੀਂ ਰਿਹਾ, ਤੁਸੀਂ ਕਿਉਂ ਐਵੇਂ ਬੋਲ ਰਹੇ ਹੋ । (ਸ਼ੋਰ) (ਬਹੁਤ ਸ਼ੋਰ) (Brar Sahib, whatever You are speaking is not being recorded; why are you wasting your energy ?) (Noise)

ਸਿਖਿਆ ਮੰਤਰੀ : ਹਾਈ ਕੋਰਟ ਵਿਚ ਚਲੇ ਜਾਓ । (ਸ਼ੋਰ) (ਵਿਘਨ)

*Not recorded as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : ਹਾਈ ਕੋਰਟ ਵਿਚ ਕਿਉਂ ਚਲੇ ਜਾਈਏ ।
(ਸ਼ੋਰ) (ਵਿਘਨ)

ਸ੍ਰੀ ਸਪੀਕਰ : ਤੁਹਾਡੀ ਕਾਹਜ ਵਿਧੀ ਹੈ, ਰੂਲਜ਼ ਆਫ ਪਰੋਸੀਜਰ ਹਨ । (ਸ਼ੋਰ) (ਬਹੁਤ ਸ਼ੋਰ) ਉਨ੍ਹਾਂ ਮੁਤਾਬਕ ਚਲਣਾ ਚਾਹੀਦਾ ਹੈ । (ਸ਼ੋਰ) (You should act according to the Rules of Procedure and Conduct of Business in the House).

ਸਿਖਿਆ ਮੰਤਰੀ : ਸਪੀਕਰ ਸਾਹਿਬ, ਜੇ ਇਹ ਰੂਲਜ਼ ਪੜ੍ਹੇ ਹੋਣ ਤਾਂ ਤੇ ਕੋਈ ਗਲ ਵੀ ਹੋਵੇ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜੇ ਤਹਾਨੂੰ ਐਡਜਰਨਮੈਂਟ ਮੋਸ਼ਨ ਪਸੰਦ ਨਹੀਂ ਸੀ ਤਾਂ ਇਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਲੈਂਦੇ । (ਸ਼ੋਰ) ਅਸੀਂ ਇਹ ਧੱਕਾ ਬਰਦਾਸ਼ਤ ਨਹੀਂ ਕਰ ਸਕਦੇ । (ਸ਼ੋਰ) (ਬਹੁਤ ਸ਼ੋਰ)

ਸਰਦਾਰ ਜਸਵਿੰਦਰ ਸਿੰਘ ਬਰਾੜ : * * *

ਸ੍ਰੀ ਸਪੀਕਰ : ਇਹ ਜੋ ਕੁਝ ਵੀ ਕਿਹਾ ਜਾ ਰਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਵੇ । (ਸ਼ੋਰ) (ਬਹੁਤ ਸ਼ੋਰ) ਇਥੇ ਗਲਤ ਗਲ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ । (ਸ਼ੋਰ) (Whatever is being said by the hon. Member should not be recorded (Noise). How can wrong procedure be followed here)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਤੁਸੀਂ ਚੀਫ ਮਨਿਸਟਰ ਸਾਹਿਬ ਨੂੰ ਕਹੋ ਦੋ ਮਿੰਟਾਂ ਵਿਚ ਦਸ ਦੇਣ । (ਸ਼ੋਰ) (ਵਿਘਨ) ਉਸ ਦਾ ਕਿਸੇ ਨਾਲ ਕੋਈ ਤੱਲਕ ਨਹੀਂ ਉਸ ਦਾ ਪਾਕਿਸਤਾਨ ਨਾਲ ਕੋਈ ਤੱਲਕ ਨਹੀਂ । ਉਹ ਬਰਤਾਨੀਆਂ ਅਕਾਲੀ ਦਲ ਦਾ ਜਨਰਲ ਸੈਕਟਰੀ ਹੈ । (ਸ਼ੋਰ) (ਬਹੁਤ ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : * * * (ਸ਼ੋਰ) (ਬਹੁਤ ਸ਼ੋਰ)

Mr Speaker : This is an aspersion on the Chair. It should be expunged.

ਸੰਧੂ ਸਾਹਿਬ, ਤੁਸੀਂ ਰਿਕੁਐਸਟ ਲਿਖ ਕੇ ਭੇਜ ਦਿਉ ਜੇ ਕਰ ਤੁਸੀਂ ਇਸ ਨੂੰ ਕਾਲ ਅਟੈਨਸ਼ਨ ਨੋਟਿਸ ਵਿਚ ਬਦਲਣਾ ਚਾਹੁੰਦੇ ਹੋ, ਮੈਂ ਵੇਖ ਲਵਾਂਗਾ । (ਸ਼ੋਰ) (ਵਿਘਨ) (Sandhu Sahib, if you want that it should be converted into a Call Attention Motion, then please send the request in writing. I will look into the matter.) (*Noise*)

---

*Expunged as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਸ ਨੂੰ ਕਾਲ ਅਟੈਨਸ਼ਨ ਵਿਚ ਬਦਲ ਦਿਓ ਅਤੇ ਸਰਕਾਰ ਨੂੰ ਕਹੋ ਕਿ ਕਲ੍ਹ ਨੂੰ ਜਵਾਬ ਦੇ ਦੇਵੇ ।

(ਵਿਘਨ) (ਸ਼ੋਰ)

ਸ੍ਰੀ ਸਪੀਕਰ : ਸੰਧੂ ਸਾਹਿਬ, ਇਹ ਤੁਹਾਡੀ ਐਡਜਰਨਮੈਂਟ ਮੋਸ਼ਨ ਤਾਂ ਡਿਸਅਲਾਉ ਹੋ ਗਈ ਹੈ । ਤੁਸੀਂ ਇਸ ਨੂੰ ਕਾਲ ਅਟੈਨਸ਼ਨ ਵਿਚ ਕਨਵਰਟ ਕਰਕੇ ਸਾਨੂੰ ਦੇ ਦਿਓ, ਮੈਂ ਵੇਖ ਲਵਾਂਗਾਂ । (ਵਿਘਨ) (Sandhu Sahib, your Adjournment Motion has been disallowed. You should convert it into a Call Attention Motion and send it to me. I will consider it.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ. ਤੁਸੀਂ ਅਗੇ ਆਪੇ ਕਾਲ ਅਟੈਨ-ਸ਼ਨ ਵਿਚ ਕਨਵਰਟ ਕਰਦੇ ਰਹੇ ਹੋ ਅਤੇ ਹੁਣ ਵੀ ਆਪੇ ਕਰ ਦਿਓ । (ਵਿਘਨ) (ਸ਼ੋਰ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਇਹ ਤੁਹਾਡੇ ਪਾਵਰ ਵਿਚ ਆਉਂਦੀ ਹੈ ਤੁਸੀਂ ਆਪ ਹੀ ਕਰ ਸਕਦੇ ਹੋ । (ਵਿਘਨ) (ਸ਼ੋਰ)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਇਹ ਚੀਜ਼ ਤੁਹਾਡੇ ਅਖਤਿਆਰ ਵਿਚ ਆਉਂਦੀ ਹੈ । ਜੇ ਤੁਸੀਂ ਇਸ ਨੂੰ ਅਜ ਕਾਲ ਅਟੈਨਸ਼ਨ ਵਿਚ ਕਨਵਰਟ ਕਰ ਦਿਓ ਤਾਂ ਚੀਫ ਮਨਿਸਟਰ ਸਾਹਿਬ ਜਿਸ ਤਰ੍ਹਾਂ ਸਹੂਲਤ ਸਮਝਣ ਅਜ ਜਾਂ ਕਲ ਇਸ ਦਾ ਜਵਾਬ ਦੇ ਦੇਣ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਲਿਖ ਕੇ ਦੇਣ । ਮੈਂ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਦਿਆਂਗਾ ਅਤੇ ਚੀਫ ਮਨਿਸਟਰ ਸਾਹਿਬ ਇਸ ਦਾ ਜਵਾਬ ਦੇ ਦੇਣਗੇ । (ਸ਼ੋਰ) (ਵਿਘਨ) (Let him give it in writing. I shall convert it into a Call Attention Motion and the hon. Chief Minister will make a statement in the House.)

(*Noise*) (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਜਵਾਬ ਦੇਣ ਲਈ ਤਿਆਰ ਹਨ । ਤੁਸੀਂ ਅਲਾਉ ਕਰ ਦਿਓ ।(ਸ਼ੋਰ) (ਵਿਘਨ)

ਸ੍ਰੀ ਸਪੀਕਰ: ਹਾਊਸ ਤਾਂ ਕਾਰਜ਼ ਵਿਧੀ ਅਨੁਸਾਰ ਚਲਣਾ ਹੈ, ਤੁਹਾਡੀ ਮਰਜ਼ੀ ਅਨੁਸਾਰ ਨਹੀਂ ਚਲਣਾ । (ਸ਼ੋਰ) (ਵਿਘਨ) (The House will proceed according to the Rules of Procedure and not according to your wishes.) (*Noise*) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : * * (ਵਿਘਨ) (ਸ਼ੋਰ)

(ਇਸ ਸਮੇਂ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਨਹੀਂ ਸੀ ਸੁਣਾਈ ਦਿੰਦਾ । ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ।)

ਸ੍ਰੀ ਸਪੀਕਰ : ਜੋ ਕੁਝ ਵੀ ਇਹ ਚੇਅਰ ਦੀ ਆਗਿਆ ਤੋਂ ਬਿਨਾਂ ਬੋਲ ਰਹੇ ਹਨ ਰਿਕਾਰਡ ਨਾ ਕੀਤਾਂ ਜਾਵੇ । (ਸ਼ੋਰ) (ਵਿਘਨ) (Whatever is being said without the permission of the Chair should not be recorded.) (*Noise*) (*Interruption*)

ਸਿਖਿਆ ਮੰਤਰੀ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ 24 ਘੰਟੇ ਪਹਿਲੋਂ ਆਉਣੀ ਚਾਹੀਦੀ ਹੈ । (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਹੁਣ ਸਾਨੂੰ ਰੂਲ ਸਿਖਾਉਣਗੇ । (ਵਿਘਨ) (ਸ਼ੋਰ) (ਬਹੁਤ ਸ਼ੋਰ)

ਸ੍ਰੀ ਸਪੀਕਰ : ਹਾਊਸ ਕਾਰਜ ਵਿਧੀ ਨਾਲ ਹੀ ਚਲੇਗਾ. ਧਕੇ ਨਾਲ ਨਹੀਂ ਚਲੇਗਾ । (ਸ਼ੋਰ) (ਬਹੁਤ ਸ਼ੋਰ) (The House will proceed according to the Rules of Procedure and you cannot force me to run the House according to your wishes.) (*Noise*)

ਜਥੇਦਾਰ ਗੁਰਬਚਨ ਸਿੰਘ ਸੁਨਾਮ : ਧੱਕਾ ਤੁਸੀਂ ਕਰਦੇ ਹੋ । (ਸ਼ੋਰ) ਸਾਨੂੰ ਗੌਰਮੈਂਟ ਦਸ ਦੇਵੇ ਕਿ ਉਸਨੂੰ ਕਿਉਂ ਅਰੈਸਟ ਕੀਤਾ ਹੈ । (ਸ਼ੋਰ) (ਬਹੁਤ ਸ਼ੋਰ)

ਸਿਖਿਆ ਮੰਤਰੀ : ਸਪੀਕਰ ਸਾਹਿਬ, ਡਿਮਾਂਡ ਪਾਸ ਕਰੋ, ਕੋਈ ਆਦਮੀ ਬੋਲਣਾ ਨਹੀਂ ਚਾਹੁੰਦਾ । (ਸ਼ੋਰ) (ਬਹੁਤ ਸ਼ੋਰ)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਡਿਮਾਂਡ ਤੇ ਬੋਲਣਾ ਚਾਹੁੰਦਾ ਹਾਂ । (ਸ਼ੋਰ) (ਵਿਘਨ)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਸਰਕਾਰ ਨੂੰ ਕਹਿ ਦਿਓ ਕਿ ਜਵਾਬ ਦੇ ਦੇਵੇ । (ਵਿਘਨ) (ਸ਼ੋਰ)

---

*Not recorded as ordered by the Chair.

ਸ੍ਰੀ ਸਪੀਕਰ : ਮੈਂ ਤਾਂ ਨਾ ਸਰਕਾਰ ਦੀ ਇਛਾ ਅਨੁਸਾਰ ਚਲਣਾ ਹੈ ਅਤੇ ਨਾ ਤੁਹਾਡੀ । ਮੈਂ ਤਾਂ ਉਨ੍ਹਾਂ ਰੂਲਾਂ ਦੇ ਮੁਤਾਬਕ ਚਲਣਾ ਹੈ ਜਿਹੜੇ ਕਿ ਹਾਊਸ ਦੇ ਬਣਾਏ ਹੋਏ ਹਨ । (ਥੰਪਿੰਗ) (ਸ਼ੋਰ) (ਵਿਘਨ) (Neither I am to proceed according to the wishes of the Treasury Benches nor according to the wishes of the Opposition. I have to conduct the business of the House according to the rules framed by this House.)

(ਇਸ ਵਕਤ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਵੀ ਸੁਣਾਈ ਨਹੀਂ ਸੀ ਦਿੰਦਾ।)

ਕਨੇਡੀਅਨ ਸਾਹਿਬ, ਤੁਸੀਂ ਬੋਲਣਾ ਚਾਹੁੰਦੇ ਹੋ (ਸ਼ੋਰ) (ਵਿਘਨ) (Canadian Sahib, would you like to speak). (*Noise*) (*Interruption*)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਇਸ ਤਰ੍ਹਾਂ ਕਿਵੇਂ ਬੋਲ ਸਕਦਾ ਹਾਂ (ਵਿਘਨ) (ਸ਼ੋਰ) ਇਥੇ ਤਾਂ ਸਿਰ ਪੜਵਾਉਣ ਵਾਲੀ ਗਲ ਹੈ । (ਵਿਘਨ) (ਸ਼ੋਰ)

(ਅਕਾਲੀ ਬੈਂਚਾਂ ਵਲੋਂ : ਧੱਕੇਸ਼ਾਹੀ ਬੰਦ ਕਰੋ, ਧੱਕੇਸ਼ਾਹੀ ਬੰਦ ਕਰੋ) (ਸ਼ੋਰ) (ਵਿਘਨ)

ਵਿੱਤ ਮੰਤਰੀ : ਸਰ, ਮੈਂ ਡਿਮਾਂਡ ਪਤ੍ਰ ਦਿੰਦਾ ਹਾ । (ਵਿਘਨ) ਮੈਂ ਸਮਝਦਾ ਸੀ ਕਿ ਸਪਲੀਮੈਂਟਰੀ ਡਿਮਾਂਡਜ਼ ਆਈਆਂ ਹਨ ਅਤੇ ਕੋਈ ਬੋਲਣਾ ਚਾਹੇਗਾ, ਪਰ ਇਥੇ ਤਾਂ.... (ਵਿਘਨ) (ਸ਼ੋਰ)

ਸ੍ਰੀ ਸਪੀਕਰ : ਸਰਦਾਰ ਗੁਰਦੇਵ ਸਿੰਘ ਜੀ, ਤੁਸੀਂ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਆਬਸਟਰਕਟ ਕਰ ਰਹੇ ਹੋ । (ਸ਼ੋਰ)(ਵਿਘਨ) I name Sardar Gurdev Singh Sidhu as he is obstructing the proceedings of the House. (You are obstructing the proceedings of the House. (Noise) I name Sardar Gurdev Singh Sidhu as he is obstructing the proceedings of the House.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਹਾਊਸ ਦੀ ਕਾਰਵਾਈ ਨੂੰ ਚਲਾਉਣ ਲਈ ਤੁਸੀਂ ਰੂਲਜ਼ ਨੂੰ ਵੇਵ ਆਫ ਕਰੋ । (ਸ਼ੋਰ) (ਵਿਘਨ) ਤੁਸੀਂ ਇਸ ਤਰ੍ਹਾਂ ਹਾਊਸ ਚਲਾ ਕੇ ਸਰਕਾਰ ਤੋਂ ਕਰੈਡਿਟ ਲੈਣਾ ਚਾਹੁੰਦੇ ਹੋ । (ਸ਼ੋਰ) (ਵਿਘਨ) ਤੁਸੀਂ ਹਮੇਸ਼ਾ ਆਊਟ ਆਫ ਆਰਡਰ ਚਲਦੇ ਹੋ (ਸ਼ੋਰ) (ਵਿਘਨ) ਤੁਸੀਂ ਰੂਲਜ਼ ਨੂੰ ਵੇਵ ਆਫ ਕਰ ਸਕਦੇ ਹੋ । ਤੁਸੀਂ ਸਾਡਾ ਅਤੇ ਟਰੈਜ਼ਰੀ ਬੈਂਚਿਜ਼ ਦਾ ਇਕੋ ਜਿਹਾ ਧਿਆਨ ਰਖਿਆ ਕਰੋ (ਸ਼ੋਰ) (ਵਿਘਨ)

Mr Speaker : This is an aspersion on the Chair. Please withdraw these words.

ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਹ ਅਗਰ ਇਸ ਤਰ੍ਹਾਂ ਕਰਨ ਤਾਂ ਇਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲਿਆ ਜਾਵੇ । (ਸ਼ੋਰ) (ਵਿਘਨ) ਇਹ ਗੱਲਾਂ ਬਿਲਕੁਲ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ । ਅਕਾਲੀ ਪਾਰਟੀ ਵਾਲੇ ਹਾਊਸ ਦੀ ਕਾਰਵਾਈ ਨੂੰ ਨਹੀਂ ਚਲਣ ਦੇ ਰਹੇ । ਇਹ ਇਸ ਗਲ ਨੂੰ ਸਮਝ ਲੈਣ ਜੇ ਕਰ ਇਨ੍ਹਾਂ ਨੇ ਦੇਸ਼ ਦੇ ਗਦਾਰਾਂ ਦੀ ਸਪੋਰਟ ਕਰਨੀ ਹੈ ਤਾਂ ਇਨ੍ਹਾਂ ਨੂੰ ਉਸ ਦਾ ਖਮਿਆਜ਼ਾ ਵੀ ਭੁਗਤਣਾ ਪਵੇਗਾ । (ਸ਼ੋਰ) (ਵਿਘਨ) ਅਸੀਂ ਇਹ ਚੀਜ਼ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ । ਅਸੀਂ ਇਨ੍ਹਾਂ ਨੂੰ ਕਹਿ ਦੇਣਾ ਚਾਹੁੰਦੇ ਹਾਂ ਕਿ ਹਾਊਸ ਦੀ ਕਾਰਵਾਈ ਠੀਕ ਤਰ੍ਹਾਂ ਨਾਲ ਚਲਣ ਦਿਉ ਨਹੀਂ ਤਾਂ ਤੁਹਾਡੇ ਖਿਲਾਫ ਐਕਸ਼ਨ ਲਿਆ ਜਾਵੇਗਾ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : (ਸ਼ੋਰ) (ਬਹੁਤ ਸ਼ੋਰ) ਕੀ ਪਿਦੀ ਕੀ ਪਿਦੀ ਦਾ ਸ਼ੋਰਵਾ ।

(ਇਸ ਸਮੇਂ ਹਾਉਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਨਹੀਂ ਸੁਣਾਈ ਦੇ ਰਿਹਾ ਸੀ)

ਸਰਦਾਰ ਜਸਦੇਵ ਸਿੰਘ ਸੰਧੂ : ਜਿਹੜੇ ਮਾਂ-ਬੋਲੀ ਨੂੰ ਨਹੀਂ ਮੰਨਦੇ ਉਹ ਗਦਾਰ ਹਨ.... (ਸ਼ੋਰ) ਅਸੀਂ ਗਦਾਰ ਨਹੀਂ । (ਸ਼ੋਰ) (ਵਿਘਨ)

ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ : ਗਦਾਰ ਤੁਸੀਂ ਹੋ । (ਸ਼ੋਰ) ਤੁਸੀਂ ਉਨ੍ਹਾਂ ਗਦਾਰਾਂ ਦੀ ਸਪੋਰਟ ਕਰਦੇ ਹੋ ਜਿਨ੍ਹਾਂ ਕੋਲ ਇੰਡੀਆ ਦਾ ਪਾਸਪੋਰਟ ਨਹੀਂ (ਵਿਘਨ) (ਸ਼ੋਰ) ਜਿਹੜੇ ਇੰਡੀਆ ਦੇ ਸਿਟੀਜ਼ਨ ਨਹੀਂ ।(ਸ਼ੋਰ) (ਵਿਘਨ)

ਸ੍ਰੀ ਸਪੀਕਰ : ਬਾਦਲ ਸਾਹਿਬ, ਤੁਸੀਂ ਇਨ੍ਹਾਂ ਨੂੰ ਸਮਝਾਉ । (ਸ਼ੋਰ) (ਵਿਘਨ) (Badal Sahib, please guide them.) (*Noise*) (*Interruption*)

(Interruptions and Noise in the House)

11.33 A.M **Mr. Speaker** : The House stands adjourned for fifteen minutes because of pandemonium.

(The House re-assembled at 11.48 a.m.

SUPPLEMENTARY ESTIMATES (THIRD INSTALMENT) 1971-73

(*Resumptian of Discussions*)

आचार्य पृथ्वी सिंह आज़ाद (खन्ना, एस. सी.) : अध्यक्ष महोदय, मैं ज्ञानी जैल सिंह की सरकार को और वित्त मंत्री महोदय को, डीमांड नं. 18, 20 और 23 आपके सामने रखने के लिए बधाई देता हूँ । होशियारपुर रोपड़, गुरदासपुर और पटियाला के जिलों में पानी की समस्या को हल करने के लिये सरकार ने जो कदम उठाए हैं वह सराहनीय है । स्पीकर साहिब,

यह जो होशियारपुर रोपड़ तथा गुरदासपुर में कन्डी के इलाक हैं वहां पानी की किल्लत है । मुझे उमीद है कि सरकार जहां जहां भी इस तरह के पानी की किल्लत है उसकी दूर करने की कोशिश करेगी । डीमांड नं: 20 के नीचे सरकार जो टयूबवैल्ज़ लगा रही है उन से जो कम ज़मीन के मालिक हैं उनको सिचाई के सारे साधन मुहैया किए जायेंगे अगर मार्जिनल फारमर्ज़ स्कीम और दूसरी स्कीमें एक दम लागू की जाएं तो काफी हद तक उनका मसला हल हो सकता है ।

इसी प्रकार डीमांड नं. 23 के नीचे इन्डस्ट्रीज़ खोलने का सरकार ने फैसला किया है, यह भी ठीक है । लेकिन यह जो फैसिलटीज हैं यह केवल होशियारपुर में ही नहीं मिलनी चाहिएं और अगर यह सारे ही जिलों में, पिछड़े हुए जिलों में मिल जाएं तो गरीबी को हटाने के लिये सरकार की योजना ठीक ढंग से लागू हो सकती है जब तक छोटी इन्डस्ट्रीज़ और छोटे किसानों को सरकार पूरी पूरी सहायता नहीं देगी तब तक गरीबी हटाउ स्कीम अधूरी रहेगी । आज कल गरीब ज़िमीदारों को और छोटे कारखानेदारों को लाभ कम होता है और दूसरे लोगों को ज़्यादा लाभ होता है । स्पीकर साहिब, सरकार इसके लिये बधाई की पात्र है : हम हर सांस में कहते हैं कि सरकार अपनी प्रवृत्ति को बदल नहीं सकी ।

इस सरकार ने सप्लीमैंटरी डीमांड के पेज एक पर डीमांड नं. 2 के तहित 34,48,100/– रुपये की मांग की है । यह रकम सरकार ने मोलसिज़ के लिये मांगी है । स्पीकर साहिब, मैं यह पूछना चाहता हूं कि यह मोलैसिज़ किस काम के लिये हैं ? यह इस लिये कि पंजाब के नौजवानों की तबाही बरबादी की जाए । ऐजुकेशन डीपार्टमैंट ने कुछ दिन हुए एक सर्वे कराया जिसका तत्व यह निकला है कि 15 फीसदी तो स्टूडैंटस पीते हैं और टीचर्ज तो खुले आम पीते हैं । और अगर रुकावट थी तो कैप्टन रतन सिंह जी के लिए थी जो कि मेरी तरफ बड़ी ललचाई नज़रों से देख रहे हैं कि मैं उनको किस प्रकार का सर्टीफिकेट देता हूँ (हंसी)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਆਜ਼ਾਦ ਸਾਹਿਬ ਨੇ ਅਨਪਾਰਲੀ-ਮੈਂਟਰੀ ਲਫਜ਼ ਕਹੇ ਹਨ । ਇਹਨਾਂ ਨੂੰ ਹਾਊਸ ਦੀ ਕਾਰਵਾਈ ਵਿਚ ਨਹੀਂ ਰਹਿਣ ਦੇਣਾ ਚਾਹੀਦਾ ।

ਵਿਕਾਸ ਮੰਤਰੀ : ਲਲਚਾਉਣਾ ਲਫਜ਼ ਕੱਢ ਦਿਓ ਬਾਕੀ ਠੀਕ ਹੈ ।

अचार्य पृथ्वी सिंह आज़ाद : स्पीकर साहिब, ज्ञानी ज़ैल सिंह जी ने इस हाऊस म एलान किया था कि पंजाब सरकार ने ऐकसाईज़ की पालिसी के ऊपर विचार करने के लिये समिती को नियुक्त किया है पहले तो उस कमेटी की मीटिंग होती ही नहीं है और अगर हो भी जाए तो उसका कनवीनर नहीं आता । अगर वह भी आ जाए तो फैसला वह होगा जो कैप्टन रतन सिंह जी चाहते होंगे ।

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : ਸਪੀਕਰ ਸਾਹਿਬ, ਮੈਂ ਉਸ ਕਮੇਟੀ ਦਾ ਮੈਂਬਰ ਹਾਂ ਅਤੇ ਇਹ ਉਸ ਕਮੇਟੀ ਦੇ ਮੈਂਬਰਾਂ ਦੀ ਇਨਸਲਟ ਕਰ ਰਹੇ ਹਨ । ਇਸ ਕਰਕੇ ਇਹਨਾਂ ਨੂੰ ਕਹੋ ਕਿ ਇਹ ਲਫਜ਼ ਵਾਪਸ ਲੈ ਲੈਣ ।

आचार्य पृथ्वी सिंह आज़ाद : स्पीकर साहिब, मैं तो कोई ऐसे विचार नहीं दे रहा हूँ जिससे कि आनरेबल मैम्बर्ज़ की तौहीन होती हो मैं तो इनके मन की बात ही कह रहा हूँ कि इनके मन में क्या है। इनके मन में वह ही है जो कैप्टन साहिब के मन में है।

स्पीकर साहिब, सरकार का मोलैसिज़ खरीदने का तरीका चिन्ताजनक है। 1967 से पहले मोलैसिज़ खरीदने का तरीका यह था कि यह सरकार यू. पी. सरकार द्वारा प्रचेज़ करती थी। बीच में बिचोले नहीं आते थे। लेकिन 1967 में उस वक्त की सरकार ने यह तरीका बदल दिया और टैण्डर सिस्टम चालू कर दिया। पहले सरकार ने 20 रुपये फी क्विंटल से सौदा शुरु किया। एक वक्त था कि इसी शीरे का दो आने मन भाव चलता था और इसी सरकार को उस के 20 रुपये से 70 रुपए तक देने पड़ रहे हैं। स्पीकर साहिब मैं आपका ध्यान जो ऐस्टीमेट्स कमेटी ने कल अपनी रिपोर्ट रखी है, उसकी तरफ दिलाना चाहता हूँ :

12.00

The Committee has been informed that the last negotiated rate of Rs. 70/- which was far in excess of the estimated rate was due to the revised policy of excise adopted by the Maharashtra and Tamil Nadu Governments.

इस पालिसी की वजह से जब गवर्नमेंट ने दूसरा रास्ता इख्तयार किया तो कमेटी ने सर्टीफिकेट दिया :—

The Committes finds itself unable to agree with this view advanced by the Departmental representative for the simple reason that the facts as statad above speak for themselves. In the first instance, the lowest standered rate was Rs. 49.50 and subsequently some parties even offered to supply molasses at a still lower rate, Consequently the Committee cannot help remarking that as the subsequent events proved the original decision of the Molasses Purchases Committee not to accept the lowest tendered rate of Rs 49.50 was erratic.

स्पीकर साहिब, यह रिपोर्ट कैप्टन रतन सिंह के महकमें पर ज़बरदस्त चोट है। हम को सोचना चाहिए कि गलती कहां है। स्पीकर साहिब, 1968 में जब मोलैसिज़ का ठेका हुआ था तो यू.पी. से भी ठेकेदार टैंडर लेने आते थे। मुझे इसलिये पता है क्योंकि विरोधी पक्ष में होने की वजह से हमने जांच की थी। आज कल मौलैसिज़ के लिये टैंडर्ज़ काल भी होते हैं। मेरे ख्याल में यह बात कप्तान साहिब के नोटिस में नहीं है। इसलिये मैं कहूंगा कि सरकार को मोलैसिज़ की खरीद टैंडर्ज़ काल करके करनी चाहिए, जिससे बीच में दलाली करने वाले निकल जायें और कम कीमत पर सरकार को शराब पड़े। शराब कोई अमृत नहीं है जिसके बगैर लोग जी नहीं सकते और यह कोई अच्छी बात नहीं कि मोलेसिज़ इतनी कीमत पर खरीद कर शराब सप्लाई की जाए। हां यह बात और है कि सरकार ने हर कीमत पर मोलैसिज़ लेके ही देनी है। अगर शराब बनानी ही दरकार है तो उतनी बनायें जितनी मोलैसिज इस स्टेट में होती है। यह बात सरकार के लिए शोभा नहीं देती कि चरित्र खराब करने के लिये, या पैसा हासिल करने के लिये इस तरह के कदम उठाये जायें। वह लोग जो गुरु ग्रंथ साहिब पर, गीता यह कुरान पर यकीन रखते हैं, या गुरु साहिब या दूसरे धर्मों के नेताओं के पैरोकार हैं. वह कभी भी शराब के

नजदीक नहीं जा सकते, क्योंकि शराब इनसान की बुद्धी को भ्रष्ट करती है। यह एक ऐसी चीज है जो समाज के नकशे को बिलकुल खराब करती है। जब हम इस सदन में महात्मा गांधी की छत्र-छाया के नीचे बैठते हैं और उसी के नाम पर हम वोटें लेकर आते हैं तो हम राष्ट्रपिता के आदर्शों को भूल जाते हैं। इस शराब की आमदन से हम नौजवानों का चरित्र ऊंचा करना चाहते हैं, उनका विकास करना चाहते हैं। यह कहां तक ठीक हो सकता है ? मैं सरकार से कहूँगा कि वह ऐसे तरीके अपनाये जिससे शराब पीने की आदत को कन्डैम किया जा सके। अगर आप इस पर एक दम कंट्रोल नहीं कर सकते तो आहिस्ता आहिस्ता करें। इसकी कीमत भी बढ़ाते जाएं और कंट्रोल भी करें। सरकार ने जैसे अफीम खाने वालों की रजिस्ट्रेशन करके मुक्त किया था इसी तरह शराब पीने वालों की भी रजिस्ट्रेशन हो जाये और धीरे धीरे इनको भी इस बुरी आदत से मुक्त किया जाये। (एक माननीय सदस्य : ऐसे इलैक्शनो में वोटें नहीं मिलेंगी) "चश्मे मा शाद दिले मा रोशन"। मेरी वोट तो इस बात के खिलाफ ही जायेगी। तो मैं, स्पीकर साहिब, आपके ज़रिये कहना चाहता हूँ इस सरकार को, अगर आप इस स्टेट के जवानों को आगे बढ़ता देखना चाहते हैं तो आपको मेरे इन विचारों के राह को अपनाना होगा।

कप्तान साहिब मेरी तरफ इस नजर से देख रहे हैं जैसे वह समझते है कि मैं इसलिए कह रहा हूँ, क्योंकि मैं नहीं पीता। यह क्या बात है अगर मैं नहीं पीता तो मेरे बहुत से भाई तो पीते हैं, उनकी भलाई के लिये मैं सरकार से कहूँगा कि वह शराब को पिलाने की पालिसी को छोड़ कर दूध पिलाने की पालिसी इख्त्यार करें।

इसके साथ ही मैं डिमांड नं. 3 पर भी ध्यान दिलाना चाहता हूं। मैंने पहले भी कई बार कहा है कि पंजाब सरकार का जो ला डिपार्टमैंट है वह महा निकम्मा है। इसके वज़ीर सरदार उमराओ सिंह को मैं कहूँगा ला की ए. बी. सी. भी नहीं जानते। इस डिमांड में सरदार गुरबचन सिंह बाजवा के लिये मोटर ऐक्सीडैंट का रुपया क्लेम किया है। यह बात दूसरी है कि उस वक्त कोई और पार्टी की सरकार थी मगर ला-डिपार्टमैंट तो यहीं था वह हमारी सरकार नहीं थी। (विघ्न) वह तो हमने आपमें झगड़ा पैदा करने के लिए उस सरकार की हिमायत की थी (विघ्न)।

ਸਰਦਾਰ ਕਰਨੈਲ ਸਿੰਘ ਸਰਤੂੰ : ਉਹ ਸਰਕਾਰ ਨਾ ਇਹਨਾਂ ਦੀ ਸੀ ਨਾ ਉਹਨਾਂ ਦੀ ਉਹ ਸਾਡੀ ਸਰਕਾਰ ਸੀ (ਹਾਸਾ)

आचार्य पृथ्वी सिंह आजाद : फिर जनाब मैंने सरदार नसीब सिंह गिल, डिप्टी मिनिस्टर को एक बात बताई थी। मुझे 6 महीने तक हाईकोर्ट जाना पड़ा। मैंने देखा कि डिप्टी ऐडवोकेट जनरल तथा असिस्टैंट ऐडवोकेट जनरल कोर्ट में तब आते हैं जब जज अपना फैसला दे देता है। एक दिन मुझे वहां 2 घंटे बैठना पड़ा। डिप्टी ऐडवोकेट जनरल तथा असिस्टैंट ऐडवोकेट जनरल वहां तब आए जब जज अपना फैसला सुना चुका था। सरदार उमराओ सिंह इस महकमे के इन्चार्ज हैं, मैं उनसे कहूँगा कि वह इस महकमे का सुधार करें ताकि लोगों को इन्साफ लेने के लिये सुप्रीम कोर्ट तक न जाना पड़े।

फिर, स्पीकर साहिब, सरकार ने कोआप्रेटिव काम के सिलसिले में कुछ रुपया अैगरो-इन्डस्ट-रीज़ कार्पोरेशन तथा मार्क-फैड को लोन देने का फैसला किया। पेज 11 पर डिमांड नं. 53

[आचार्य पृथ्वी सिंह आजाद]

में लोन देने के लिये पैसा मांगा गया है। इस के बारे में मैं यह अर्ज करना चाहता हूं कि इन कोआप्रेटिव अदारों में इतना ज्यादा गपला और कुरप्शन है कि यदि आप मुझे टाईम दें तो मेरे पास मैटीरीअल है जिस को मैं हाऊस के सामने रख कर कुरप्शन को साबत कर सकता हूँ मैं इस के बारे में सरकार से कहूँगा कि वह एक इन्क्वायरी कमिशन बिठाएं।

ਸ੍ਰੀ ਪਰੇਮ ਗੁਪਤਾ : ਖਾਦੀ ਬੋਰਡ ਵਿਚ ਹੋ ਰਹੀ ਕੁਰੱਪਸ਼ਨ ਬਾਰੇ ਵੀ ਕਮਿਸ਼ਨ ਬਿਠਾਉ।

आचार्य पृथ्वी सिंह आजाद : स्पीकर साहिब, मैं दावत देता हूँ कि खादीबोर्ड की इन्क्वायरी करवा ली जाए। (विघ्न) यह नये सज्जन आए हैं, इन को कुछ मालूम नहीं है।

तो मैं कह रहा था कि एक इंक्वायरी कमिशन बिठाएं तो पता चलेगा कि कितनी कुरप्शन हो रही है। यह मालूम होगा कि किस तरह एक आई. ए. ऐस. आफीसर वहां का मालिक बना हुआ है और किस तरह वह मार्कफैड को लूट रहा है। कुछ देर पहले मैंने चीफ मिनिस्टर को बताया था कि किस तरह मेरे हलके खन्ना, समराला तथा माछीवाड़ा ब्लाक में बड़े बड़े ज़िमीदारों ने, जो कि अकालियों के चहेते हैं, लाखों रुपये की हेरा फेरी की है। गवर्नरी राज में ज्ञानी जी ने प्रयत्न करके वहां एक अफसर इन्क्वायरी के लिये भिजवाया, लेकिन एक एम.पी आ गए और वह इन्क्वायरी खत्म हो गई। फिर मार्च में मेरे कहने पर फिर ज्ञानी जी ने इन्क्वायरी शुरु करवाई लेकिन फिर वही एम.पी. साहिब आ गए और इन्क्वायरी रुक गई।

ਸਰਦਾਰ ਜਸਦੇਵ ਸਿੰਘ ਸੰਧੂ : ਉਹ ਐਮ. ਪੀ. ਕਾਂਗਰਸੀ ਸੀ (ਵਿਘਨ)

आचार्य पृथ्वी सिंह आजाद : सरकार से मैं अर्ज़ करूँगा कि उसकी इन्क्वायरी करके फैक्ट्स जनता के सामने लाएं तब ही गरीब हरीजन का, गरीब किसान का भला हो सकता है।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ (ਗੜ੍ਹ ਸ਼ੰਕਰ) : ਸਪੀਕਰ ਸਾਹਿਬ, ਮੈਂ ਇਨ੍ਹਾਂ ਡਿਮਾਂਡਜ਼ ਵਿਚੋਂ ਕੁਝ ਦੀ ਹਿਮਾਇਤ ਕਰਨੀ ਹੈ ਅਤੇ ਕੁਝ ਦਾ ਵਿਰੋਧ ਕਰਨਾ ਹੈ। ਸਭ ਤੋਂ ਪਹਿਲਾਂ ਮੈਂ ਜੋ ਡਿਮਾਂਡ ਨੰ: 2 ਹੈ ਇਸ ਤੇ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ। ਸ਼ੀਰੇ ਦੀ ਜੋ ਸਮੱਸਿਆ ਹੈ ਇਹ ਪੰਜਾਬ ਦੀ ਬੜੀ ਗੰਭੀਰ ਸਮੱਸਿਆ ਹੈ। ਜਦੋਂ ਸਰਦਾਰ ਬਲਵੰਤ ਸਿੰਘ ਇਥੇ ਐਕਸਾਈਜ਼ ਅਤੇ ਟੈਕਸੇਸ਼ਨ ਮਨਿਸਟਰ ਹੁੰਦੇ ਸੀ ਤਾਂ ਸ਼ੀਰਾ, ਜਿਸ ਦਾ ਰੇਟ ਇਥੇ 67 ਪੈਸੇ ਹੈ ਉਹ ਪੰਜਾਬ ਤੋਂ ਬਾਹਰੋਂ 175 ਰੁਪਏ ਕੁਇੰਟਲ ਦੇ ਰੇਟ ਤੇ ਮੰਗਵਾਇਆ ਗਿਆ ਸੀ। ਇਹ ਇਕ ਬਹੁਤ ਵਡਾ ਸਕੈਂਡਲ ਸੀ ਜਿਸ ਦੀ ਚਰਚਾ ਹੋਈ ਸੀ। ਐਸਟੀ-ਮੇਟਸ ਕਮੇਟੀ ਦੇ ਸਾਹਮਣੇ ਇਹ ਗੱਲ ਆਈ ਕਿ ਇਹ ਸ਼ੀਰਾ ਪਹਿਲਾਂ 49.50 ਰੁਪਏ ਦੇ ਹਿਸਾਬ ਨਾਲ ਮਿਲਦਾ ਰਿਹਾ, ਫਿਰ 62.00 ਦੇ ਹਿਸਾਬ ਨਾਲ ਤੇ ਵਿਚਕਾਰ ਜਿਹੇ ਇਕ ਸਜਣ ਅਜਿਹੇ ਵੀ ਆਏ ਜਿਨ੍ਹਾਂ ਨੇ 29 ਰੁਪਏ ਦੇਣ ਦਾ ਵਾਇਦਾ ਕੀਤਾ। ਪਰ ਇਹ ਸਮਝਿਆ ਜਾਂਦਾ ਹੈ ਕਿ ਜਾਂ ਤਾਂ ਉਹ ਪਾਰਟੀ ਬੈਕ ਆਊਟ ਕਰ ਗਈ ਜਾਂ ਉਹ ਪੂਰੀ ਸਪਲਾਈ ਨਹੀਂ ਕਰ ਸਕੀ। ਪਰ ਐਸਟੀਮੇਟਸ ਕਮੇਟੀ ਇਨ੍ਹਾਂ ਸਾਰੀਆਂ ਐਕਸਪਲੇਨੇਸ਼ਨਾਂ ਤੋਂ

ਸੈਟਸਫਾਈ ਨਹੀਂ ਹੋਈ । ਮੈਂ ਐਸਟੀਮੇਟਸ ਕਮੇਟੀ ਦੀ ਰਿਪੋਰਟ ਵਿਚੋਂ ਇਹ ਕੋਟ ਕਰਨਾ ਚਾਹੁੰਦਾ ਹਾਂ :

The Committee finds itself unable to agree with this view advanced by the Departmental representative for the simple reason that the facts as stated above speak for themselves. In the first instance, the lowest tendered rate was Rs. 49.50 and subsequently some parties even offered to supply molasses at a still lower rate. Consequently, the Committee cannot help remarking that, as the subsequent events proved, the original decision of the Molasses Purchase Committee not to accept the lowest tendered rate of Rs. 49.50 was erratic.

ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਰਦਾਰ ਬਲਵੰਤ ਸਿੰਘ ਦੇ ਸਮੇਂ ਵਿਚ ਇਸ ਵਿਚ ਹੇਰਾ ਫੇਰੀ ਹੋਈ । ਮੈਂ ਪੀ.ਏ.ਸੀ. ਦੀ 1969-70 ਦੀ ਇਸ ਬਾਰੇ ਰਿਪੋਰਟ ਵੀ ਪੜ੍ਹਨਾ ਚਾਹੁੰਦਾ ਹਾਂ । ਉਸ ਵਿਚ ਦਸਿਆ ਹੈ ਕਿ ਪੰਜਾਬ ਨੂੰ 20 ਹਜ਼ਾਰ ਕੁਇੰਟਲ ਸ਼ੀਰਾ 50 ਰੁਪਏ ਪ੍ਰਤੀ ਕਵਿੰਟਲ ਮਿਲਦਾ ਸੀ ਪਰ ਸ਼ਾਇਦ ਸਰਕਾਰ ਦੇ ਅਫਸਰਾਂ ਨੂੰ ਵੇਲੇ ਸਿਰ ਜਾਗ ਨਹੀਂ ਆਉਂਦੀ ਉਨ੍ਹਾਂ ਨੇ ਬਾਅਦ ਵਿਚ 175 ਰੁਪਏ ਪ੍ਰਤੀ ਕੁਵਿੰਟਲ ਸ਼ੀਰਾ ਖਰੀਦਿਆ । ਪੀ.ਏ.ਸੀ. ਨੇ ਇਸ ਬਾਰੇ ਇਹ ਰਿਮਾਰਕਸ ਦਿਤੇ ਹਨ :

The Committee, therefore, is not convinced that the huge loss which the Government was made to bear was unavoidable. The entire matter needs to be thoroughly investigated and responsibility fixed.

The Committee recommend that a High Powered Commission may be appointed immediately to go into all the aspects in the matter mentioned above. The scope of the enquiry should include the examination of the question as to whether there was anything mala fide in the various transactions.

ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਕੇਸ ਦੀ ਉਸ ਕੇਸ ਦੇ ਨਾਲ ਸਿਮੀਲੈਰਿਟੀ ਹੈ । ਇਸ ਵਿਚ ਵੀ ਰਿਸਪਾਂਸੀਬਿਲਟੀ ਫਿਕਸ ਕਰਨੀ ਚਾਹੀਦੀ ਹੈ । ਪਹਿਲਾਂ ਸਰਕਾਰ ਨੂੰ ਇਸ ਬਾਰੇ 22 ਲੱਖ ਰੁਪਏ ਚਾਹੀਦੇ ਸੀ ਪਰ ਹੁਣ ਵੱਧ ਚਾਹੀਦੇ ਹਨ । ਇਸ ਦਾ ਜ਼ਿੰਮੇਵਾਰ ਕਿਹੜਾ ਅਫਸਰ ਹੈ ? ਮੈਂ ਤੇ ਮੇਰੀ ਪਾਰਟੀ ਇਸ ਡਿਮਾਂਡ ਦੀ ਹਿਮਾਇਤ ਨਹੀਂ ਕਰ ਸਕਦੇ ।

ਫਿਰ ਇਥੇ ਸ਼ਰਾਬ ਦੀ ਗੱਲ ਕੀਤੀ ਗਈ । ਮੈਂ ਸਮਝਦਾ ਹਾਂ ਕਿ ਇਹ ਇਕ ਸਮੱਸਿਆ ਹੈ ਜਿਹੜੀ ਕਿ ਰੋਜ਼ ਵਧ ਰਹੀ ਹੈ । ਲੋਕ ਸ਼ਰਾਬ ਕਿਉਂ ਪੀਂਦੇ ਹਨ ਇਹ ਇਕ ਵਖਰਾ ਸਵਾਲ ਹੈ । ਜਿਸ ਦੇ ਕਾਰਣ ਡੂੰਘੇ ਸਮਾਜੀ ਹੋ ਸਕਦੇ ਹਨ । ਪਰ ਇਕ ਗੱਲ ਬੜੀ ਸਾਫ ਹੈ ਕਿ ਤੁਸੀਂ ਲੋਕਾਂ ਨੂੰ ਡੰਡੇ ਦੇ ਨਾਲ ਸ਼ਰਾਬ ਪੀਣ ਤੋਂ ਨਹੀਂ ਰੋਕ ਸਕਦੇ । ਹੋ ਸਕਦਾ ਹੈ ਕਿ ਲੋਕਾਂ ਦੇ ਜੀਵਨ ਦਾ ਇਕਨਾਮਿਕ ਤੇ ਕਲਚਰਲ ਸਟੈਂਡਰਡ ਬੇਹਤਰ ਹੋਣ ਨਾਲ ਫਰਕ ਪੈ ਜਾਵੇ । ਪਰ ਮੈਂ ਇਸ ਬਾਰੇ ਅਰਜ਼ ਕਰਦਾ ਹਾਂ ਕਿ ਸਾਨੂੰ ਸ਼ੀਰਾ ਯੂ.ਪੀ. ਤੋਂ ਖਰੀਦਣਾ ਪੈਂਦਾ ਹੈ ' ਕਿਉਂ ਨਹੀਂ ਸਰਕਾਰ ਯੂ.ਪੀ. ਦੀ ਸਰਕਾਰ ਨਾਲ ਸਟੇਟ ਲੈਵਲ ਤੇ ਗੱਲ ਬਾਤ ਕਰਦੀ । ਕਿਉਂ ਨਹੀਂ ਸੈਂਟਰ ਦੀ ਸਰਕਾਰ ਨੂੰ ਕਹਿੰਦੀ ਕਿ ਉਹ ਇੰਟਰਵੀਨ ਕਰੇ । ਅੱਜ ਸਰਕਾਰ ਪਿੰਡਾਂ ਵਿਚ ਲੋਕਾਂ ਨੂੰ ਸ਼ਰਾਬ ਪੀਣ ਨਹੀਂ ਦਿੰਦੀ ਅਤੇ ਜਿਹੜੀ 7-8 ਰੁਪਏ ਬੋਤਲ ਵਿਕਦੀ ਹੈ ਉਹ ਤਾਂ ਨਹੀਂ ਪੀਣ ਦਿੰਦੀ ਪਰ ਜੋ ਇਸ ਦੀ 11 ਰੁਪਏ ਬੋਤਲ ਵਿਕਦੀ ਹੈ ਉਹ ਪੀਣ ਲਈ ਮਜ਼ਬੂਰ ਕਰਦੀ ਹੈ । ਇਹ ਠੀਕ ਨਹੀਂ ਹੈ । ਕਿਉਂ ਨਹੀਂ ਸਰਕਾਰ ਬਾਹਰਲੇ ਦੇਸ਼ਾਂ ਵਾਂਗ ਕਰਦੀ ਕਿ ਜਿਹੜੇ ਲੋਕ ਪਿੰਡਾਂ ਵਿਚ ਭਠੀਆਂ ਲਾ ਕੇ ਸ਼ਰਾਬ ਕਢਦੇ ਹਨ ਉਨ੍ਹਾਂ ਨੂੰ ਸ਼ਰਾਬ ਬਣਾਉਣ ਦੇ ਲਾਇਸੰਸ ਦੇ ਦੇਵੇ । ਅੱਜ ਤਾਂ ਜੇ ਉਹ ਲੋਕ ਸ਼ਰਾਬ ਕਢਣ ਤਾਂ ਪੁਲਿਸ ਡੰਡੇ ਮਾਰਦੀ ਹੈ ।

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਇਸ ਨੂੰ ਸੋਧ ਲਵੋ, ਵੇਚੀ ਜਾਉ ਤਾਂ ਕਿ ਸ਼ੀਰਾ ਖਰੀਦਣ ਦੀ ਲੋੜ ਹੀ ਨਾ ਪਏ । ਇਸ ਨੂੰ ਚੜ੍ਹਾਵਾ ਨਹੀਂ ਦੇਣਾ ਚਾਹੀਦਾ ਹੈ । (ਵਿਘਨ) (ਘੰਟੀ) ਸਪੀਕਰ ਸਾਹਿਬ, ਅਜੇ ਮੇਰਾ ਬਹੁਤ ਮੈਟੀਰੀਅਲ ਰਹਿੰਦਾ ਹੈ ।

ਅੱਗੇ ਜਾ ਕੇ ਵਾਟਰ ਸਪਲਾਈ ਸਕੀਮ ਲਈ 75 ਲੱਖ ਰੁਪਏ ਦੀ ਮੰਗ ਕੀਤੀ ਗਈ ਹੈ । ਇਸ ਗੱਲ ਉਤੇ ਮੈਂ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ । ਮੇਰੇ ਆਪਣੇ ਇਲਾਕੇ ਵਿਚ ਦਰਜਨਾਂ ਪਿੰਡ ਅਜਿਹੇ ਹਨ ਜਿਥੇ ਕਿ ਲੋਕ ਪਾਣੀ ਛਪੜਾਂ ਦਾ ਪੀਂਦੇ ਹਨ । ਉਥੇ ਹੁਣ ਸਾਡੇ ਇਲਾਕੇ ਵਿਚ ਮਨਿਸਟਰ ਸਾਹਿਬ ਨੇ ਰੁਪਿਆ ਸੈਂਕਸ਼ਨ ਕੀਤਾ ਹੈ । ਪਰ ਨਾਲਾਂ ਨਹੀਂ ਮਿਲਦੀਆਂ, ਇਸ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ । ਆਉਂਦੀਆਂ ਗਰਮੀਆਂ ਤਕ ਇਸ ਦਾ ਪਰਬੰਧ ਹੋ ਜਾਣਾ ਚਾਹੀਦਾ ਹੈ । 25 ਸਾਲ ਦੀ ਆਜ਼ਾਦੀ ਤੋਂ ਬਾਅਦ ਪੀਣ ਨੂੰ ਪਾਣੀ ਤਾਂ ਮਿਲਣਾ ਚਾਹੀਦਾ ਹੈ ।

ਐਗਰੀਕਲਚਰ ਲਈ 1 ਕਰੋੜ 87 ਲੱਖ 50 ਹਜ਼ਾਰ ਰੁਪਏ ਦੀ ਮੰਗ ਕੀਤੀ ਗਈ ਹੈ । ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਾਰਡਰ ਏਰੀਆ ਵਿਚ ਪੰਪਿੰਗ ਸੈਟਸ ਦਿਉ ਤਾਂ ਜੋ ਪਾਣੀ ਕੱਢਕੇ ਉਥੇ ਫਸਲਾਂ ਉਗਾਈਆਂ ਜਾ ਸਕਣ । ਲੇਕਿਨ ਮੇਰੀ ਪਾਰਟੀ ਬਿਲਕੁਲ ਇਸ ਗੱਲ ਨਾਲ ਸਹਿਮਤ ਨਹੀਂ ਕਿ ਉਸਨੂੰ ਇੰਜਣ ਖਰੀਦ ਕੇ ਦਿਉ । ਸਾਡਾ ਸੁਝਾਉ ਹੈ ਕਿ ਇੰਜਣ ਖਰੀਦਣ ਲਈ ਉਸ ਨੂੰ ਪੈਸੇ ਦੇਣੇ ਚਾਹੀਦੇ ਹਨ ਪਰ ਇਹ ਐਨਸ਼ਿਉਰ ਕਰ ਲਿਆ ਜਾਵੇ ਕਿ ਆਇਆ ਉਸ ਨੇ ਇੰਜਣ ਖਰੀਦਿਆ ਹੈ ਕਿ ਨਹੀਂ । (ਵਿਘਨ) ਤੁਹਾਡਾ ਇੰਜਣ 2200 ਨੂੰ ਆਵੇ ਇਹ ਵੀ ਗੱਲ ਗਲਤ ਹੈ (ਵਿਘਨ)

ਇਸ ਤੋਂ ਅਗੇ ਐਗਰੀਕਲਚਰ ਮਦ ਹੇਠ ਕੁਝ ਪੈਸੇ ਮੰਗੇ ਹੋਏ ਹਨ । ਮੇਰੇ ਆਪਣੇ ਇਲਾਕੇ ਵਿਚ ਜੰਗਲਾਤ ਕਾਫੀ ਹਨ । ਉਥੇ ਸੂਰ ਕਾਫੀ ਹਨ ਜੋ ਕਿ ਰੋਜ਼ ਫ਼ਸਲਾਂ ਉਜਾੜਦੇ ਹਨ । ਗਰੀਬ ਕਿਸਾਨ ਦਿਨ ਨੂੰ ਤਾਂ ਫਸਲ ਦਾ ਕੰਮ ਕਰਦਾ ਹੈ ਅਤੇ ਰਾਤ ਨੂੰ ਉਹ ਇਨ੍ਹਾਂ ਜਾਨਵਰਾਂ ਤੋਂ ਬਚਣ ਲਈ ਸਾਰੀ ਸਾਰੀ ਰਾਤ ਜਾਗਦਾ ਰਹਿੰਦਾ ਹੈ ਕਿ ਕਿਤੇ ਉਸ ਦੀ ਫਸਲ ਨਾ ਉਜਾੜ ਦੇਣ । ਇਸ ਵਾਸਤੇ ਮੈਂ ਡਿਪਟੀ ਕਮਿਸ਼ਨਰ ਨੂੰ ਮਿਲਿਆ ਸੀ ਕਿ ਉਥੇ ਜਾਨਵਰਾਂ ਤੋਂ ਬਚਣ ਵਾਸਤੇ ਪੀ.ਏ.ਪੀ. ਜਾਂ ਹੋਰ ਕੋਈ ਅਜਿਹੀ ਫੋਰਸ ਭੇਜ ਦਿਤੀ ਜਾਵੇ ਤਾਂ ਕਿ ਉਹ ਇਨ੍ਹਾਂ ਜਾਨਵਰਾਂ ਨੂੰ ਮਾਰ ਦੇਣ ਜਾਂ ਭਜਾ ਦੇਣ । ਪਰ ਉਹਨੇ ਕਿਹਾ ਕਿ ਇਹ ਸਾਡੇ ਨਿਯਮ ਵਿਚ ਨਹੀਂ ਲਿਖਿਆ ਹੋਇਆ । ਮੈਂ ਅਰਜ਼ ਕਰਦਾ ਹਾਂ ਕਿ ਐਗਰੀ-ਕਲਚਰ ਲਈ ਕਾਫੀ ਰੁਪਿਆ ਮੰਗਿਆ ਹੋਇਆ ਹੈ, ਇਸ ਲਈ ਇਸ ਵਿਚੋਂ ਇਨ੍ਹਾਂ ਜਾਨਵਰਾਂ ਤੋਂ ਛੁਟਕਾਰਾ ਕਰਵਾਉਣ ਲਈ ਵੀ ਕੁਝ ਰਕਮ ਖਰਚ ਕਰਨੀ ਚਾਹੀਦੀ ਹੈ ।

(ਵਿਘਨ)

ਇਸ ਤੋਂ ਬਾਅਦ, ਸਪੀਕਰ ਸਾਹਿਬ, ਜਿਹੜੇ ਲੋਨਜ਼ ਐਕਸਟੈਂਡ ਕਰਨੇ ਹਨ ਕੋਆਪਰੇਟਿਵ ਸਟੋਰਾਂ ਨੂੰ ਦਾਲਾਂ ਖਰੀਦਣ ਲਈ ਔਰ ਬਿਜਲੀ ਬੋਰਡ ਨੂੰ, ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੂੰ ਪੈਸੇ ਦਿਉ ਪਰ ਇਹ ਵੀ ਦੇਖਣਾ ਚਾਹੀਦਾ ਹੈ ਕਿ ਪੁਰਾਣੇ ਪੈਸੇ ਦਿਤੇ ਹੋਏ ਕਿਥੇ ਖਰਚ ਹੋਏ ਹਨ । ਇਸ ਦੀ ਪੜਤਾਲ ਵੀ ਕਰਨੀ ਚਾਹੀਦੀ ਹੈ । ਮੈਂ ਟਿਊਬਵੈਲ ਕਾਰਪੋਰੇਸ਼ਨ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ । ਕੰਮ ਵੀ ਮੇਰੇ ਹਲਕੇ ਵਿਚ ਅੱਛਾ ਹੋਇਆ ਹੈ । (ਵਿਘਨ) ਪਰ ਬਿਜਲੀ ਬੋਰਡ ਅਤੇ ਕੋਆਪਰੇਟਿਵ ਅਦਾਰਿਆਂ

ਬਾਰੇ ਇਨ੍ਹਾਂ ਨੂੰ ਪੈਸੇ ਹੋਰ ਦੇਣ ਦੀ ਥਾਂ ਕੰਮ ਨੂੰ ਸੁਧਾਰਨਾ ਚਾਹੀਦਾ ਹੈ। ਇਸ ਬਾਰੇ ਵਧੇਰੇ ਧਿਆਨ ਦੇਣ ਦੀ ਲੋੜ ਹੈ। ਬਿਜਲੀ ਵਾਲਿਆਂ ਦੀ ਪਾਲਿਸੀ ਬਾਰੇ ਪਤਾ ਨਹੀਂ ਲਗਦਾ ਹੈ। ਤਿੰਨ ਤਿੰਨ ਚਾਰ ਚਾਰ ਸਾਲ ਹੋ ਜਾਂਦੇ ਹਨ ਸਿਕਿਉਰਟੀ ਜਮ੍ਹਾਂ ਕਰਾਏ ਹੋਏ ਨੂੰ ਜਿਸ ਤਰ੍ਹਾਂ ਜਲਾਲਾਬਾਦ ਅਤੇ ਅੱਠ ਪਿੰਡ ਮਸਤਾਨਾ ਸਾਹਿਬ ਨੇ ਦਸੇ ਹਨ, ਇਸੇ ਤਰ੍ਹਾਂ ਮੇਰੇ ਹਲਕੇ ਵਿਚ ਵੀ ਕਾਫੀ ਕੇਸਿਜ਼ ਹਨ ਜਿਥੇ ਕਈ ਕਈ ਸਾਲ ਹੋ ਗਏ ਹਨ ਸਿਕਿਉਰਟੀ ਜਮ੍ਹਾਂ ਕਰਾਏ ਹੋਏ ਨੂੰ ਪਰ ਬਿਜਲੀ ਦੇ ਕੁਨੈਕਸ਼ਨ ਨਹੀਂ ਦਿਤੇ ਜਾਂਦੇ। ਆਖਿਰ ਵਿਚ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੇਰੇ ਪੈਸੇ ਦਿਉ ਪਰ ਇਸ ਦਾ ਹਿਸਾਬ ਕਿਤਾਬ ਜ਼ਰੂਰ ਰਖਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਹੀ ਪੰਜਾਬ ਚੰਗੇ ਪਾਸੇ ਜਾ ਸਕਦਾ ਹੈ। ਐਨੀ ਗਲ ਕਹਿ ਕਿ ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਥੇ ਬੋਲਣ ਲਈ ਸਮਾਂ ਦਿਤਾ ਹੈ।

ਸਰਦਾਰ ਰਣਧੀਰ ਸਿੰਘ ਚੀਮਾ (ਸਰਹੰਦ) : ਸਪੀਕਰ ਸਾਹਿਬ, ਇਹ ਸਰਕਾਰ ਵਲੋਂ ਜਿਹੜੀ ਤੀਸਰੀ ਕਿਸ਼ਤ ਸਪਲੀਮੈਂਟਰੀ ਦੀ ਆਈ ਹੈ, ਇਸ ਸਬੰਧ ਵਿਚ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਡਿਮਾਂਡ ਨੰ: 20 ਲੈਂਦਾ ਹਾਂ ਜਿਹੜੀ ਕਿ ਐਗਰੀਕਲਚਰ ਨਾਲ ਸਬੰਧ ਰਖਦੀ ਹੈ। ਐਗਰੀਕਲਚਰ ਦੇ ਸਬੰਧ ਵਿਚ, ਸਪੀਕਰ ਸਾਹਿਬ, ਇਨ੍ਹਾਂ ਨੇ ਸਾਡੇ ਸੱਤ ਹਜ਼ਾਰ ਟਿਊਬਵੈਲ ਲਗਾਉਣ ਦਾ ਪਰਬੰਧ ਕੀਤਾ ਹੈ ਕਿ ਉਸ ਬਾਰਡਰ ਏਰੀਆ ਵਿਚ ਲਗਣ। ਇਸ ਬਾਰੇ ਮੰਤਰੀ ਜੀ ਨੂੰ ਮੈਂ ਇਹ ਕਹਾਂਗਾ ਕਿ ਇਹ ਟਿਊਬਵੈਲਾਂ ਲਈ ਜਿਹੜਾ ਜ਼ਿਮੀਂਦਾਰਾਂ ਨੂੰ ਲੋਨ ਦੇਣਾ ਹੈ ਇਸ ਤੇ ਜ਼ਿਮੀਂਦਾਰਾਂ ਨੂੰ ਆਗਿਆ ਹੋਣੀ ਚਾਹੀਦੀ ਹੈ ਕਿ ਉਹ ਆਪਣੀ ਮਰਜ਼ੀ ਨਾਲ ਜਿਥੋਂ ਮਾਲ ਲੈਣਾ ਚਾਹੁਣ ਉਹ ਲੈ ਲੈਣ। ਹੁਣ ਰਿਵਾਜ਼ ਇਹ ਹੈ ਕਿ ਜ਼ਿਮੀਂਦਾਰ ਦਾ ਅੰਗੂਠਾ ਲਗਵਾ ਲਿਆ ਜਾਂਦਾ ਹੈ ਅਤੇ ਕੰਪਨੀਆਂ ਤੋਂ ਕਮਿਸ਼ਨ ਲੈ ਕੇ ਉਹ ਰੁਪਏ ਵਿਚ ਹੇਰਾ ਫੇਰੀ ਕਰ ਕੇ ਨਾਕਸ ਮਾਲ ਉਨ੍ਹਾਂ ਨੂੰ ਸਪਲਾਈ ਕੀਤਾ ਜਾਂਦਾ ਹੈ। ਟਿਊਬਵੈਲ ਜਾਂ ਪੰਪਿੰਗ ਸੈਟ ਬਹੁਤ ਜਲਦੀ ਖਰਾਬ ਹੋ ਜਾਂਦੇ ਹਨ। ਇਸ ਸਬੰਧ ਵਿਚ ਜ਼ਿਮੀਂਦਾਰਾਂ ਨੂੰ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਹ ਮਾਲ ਜਿਥੋਂ ਮਰਜ਼ੀ ਖਰੀਦ ਸਕਣ।

ਐਗਰੀਕਲਚਰ ਨੂੰ ਵਧਾਉਣ ਦਾ ਯਤਨ ਜੋ ਸਰਕਾਰ ਕਰ ਰਹੀ ਹੈ, ਇਸ ਬਾਰੇ ਖਾਸ ਤੌਰ ਤੇ ਇਨ੍ਹਾਂ ਨੇ ਜੋ ਟੀਚਾ ਰਖਿਆ ਹੈ ਐਗਰੀਕਲਚਰ ਪਰੋਡੈਕਸ਼ਨ ਵਧਾਉਣ ਦਾ ਮੈਂ ਸਮਝਦਾ ਹਾਂ ਕਿ ਇਹ ਵਧਣ ਦੀ ਬਜਾਏ ਘਟਦੀ ਜਾ ਰਹੀ ਹੈ। ਇਸ ਵੇਲੇ ਤੱਕ ਪੰਜਾਬ ਵਿਚ ਜ਼ਿਮੀਂਦਾਰਾਂ ਨੂੰ ਰੇਹ ਨਹੀਂ ਮਿਲੀ ਹੈ, ਚੰਗੇ ਸੀਡ ਨਹੀਂ ਮਿਲ ਰਹੇ। ਜਿਹੜਾ ਪਿਛੇ ਜਿਹੇ ਉਨ੍ਹਾਂ ਨੂੰ ਸੀਡ ਸਪਲਾਈ ਕੀਤਾ ਸੀ ਖਾਸ ਤੌਰ ਤੇ ਕਲਿਆਣ ਸੀਡ, ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੋਣਾ ਹੈ ਤੁਹਾਡੀ ਫਸਲ ਦਾ ਝਾੜ ਵੀ ਬਹੁਤ ਘਟ ਰਿਹਾ ਹੋਣਾ ਹੈ। ਇਸ ਕਲਿਆਣ ਬੀਜ ਵਲ ਖਾਸ ਤੌਰ ਤੇ ਯੂਨੀਵਰਸਿਟੀ ਨੂੰ ਧਿਆਨ ਦੇਣਾ ਚਾਹੀਦਾ ਹੈ। ਇਹਦੀ ਕੁਆਲਿਟੀ ਨੂੰ ਇਮਪਰੂਵ ਕਰਨਾ ਚਾਹੀਦਾ ਹੈ। ਅਤੇ ਜੋ ਨੁਕਸ ਪੈਦਾ ਹੋ ਗਿਆ ਹੈ ਉਹਨੂੰ ਦੂਰ ਕਰਨਾ ਚਾਹੀਦਾ ਹੈ। ਜੇ ਜ਼ਿਮੀਂਦਾਰਾਂ ਨੂੰ ਖਾਦ ਨਾ ਮਿਲੇ ਤਾਂ ਪਰੋਡਕਸ਼ਨ ਦਾ ਟੀਚਾ ਪੂਰਾ ਨਹੀਂ ਹੋਵੇਗਾ।

ਸਪੀਕਰ ਸਾਹਿਬ, ਇਕ ਹੋਰ ਬੇਨਤੀ ਕਰਾਂਗਾ। ਆਉਣ ਵਾਲੇ ਸਾਲ ਦੀ ਫਸਲ ਦਾ ਭਾਅ ਜੋ ਮੁਕਰਰ ਕੀਤਾ ਹੈ ਉਹ ਬਹੁਤ ਥੋੜ੍ਹਾ ਹੈ। ਜ਼ਿਮੀਂਦਾਰ ਹੁਣ ਆਪਣੇ ਆਪ ਨੂੰ ਸੂਝਵਾਨ ਸਮਝਦਾ ਹੈ। ਜ਼ਿਮੀਂਦਾਰ ਹੁਣ ਇਹ ਸਮਝਦਾ ਹੈ ਕਿ 75 ਰੁਪਏ ਜਾਂ 76 ਰੁਪਏ ਕਣਕ ਦੇ ਭਾਅ ਨਾਲ ਉਹਨੂੰ ਕੋਈ ਫਾਇਦਾ ਨਹੀਂ ਹੈ। ਸਪੀਕਰ ਸਾਹਿਬ, ਤੁਸੀਂ ਵੀ ਆਪ

[ਸਰਦਾਰ ਰਣਧੀਰ ਸਿੰਘ ਚੀਮਾ]

ਅੰਦਾਜ਼ਾ ਲਗਾਇਆ ਹੋਣਾ ਹੈ । ਉਹਦੇ ਕਾਫੀ ਪੈਸੇ ਤਾਂ ਆੜ੍ਹਤੀਆਂ ਲੈ ਜਾਂਦਾ ਹੈ, ਕੁਝ ਤੇਲ ਵਾਲੇ ਲੈ ਜਾਂਦੇ ਹਨ ਅਤੇ ਜ਼ਿਮੀਂਦਾਰਾਂ ਦੇ ਪੱਲੇ ਤਾਂ ਸਰਕਾਰ ਦਾ ਕਰਜ਼ਾ ਹੀ ਰਹਿ ਜਾਂਦਾ ਹੈ । ਇਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਲਗਾਤਾਰ 1967 ਤੋਂ 1973 ਤਕ ਕਣਕ ਦਾ ਇਕੋ ਭਾਅ ਰਖ ਕੇ ਜ਼ਿਮੀਂਦਾਰਾਂ ਨਾਲ ਬੇਇਨਸਾਫੀ ਕੀਤੀ ਹੈ । ਸੈਂਟਰ ਦੀ ਸਰਕਾਰ ਨੇ ਪੰਜਾਂ ਸਾਲਾਂ ਤੋਂ ਇਕੋ ਭਾਅ ਹੀ ਮਿਥੇ ਹੋਏ ਹਨ ਅਤੇ ਇਹ ਜ਼ਿਮੀਂਦਾਰਾਂ ਦੇ ਪਖ ਵਿਚ ਨਹੀਂ ਜਾਂਦਾ । ਇਸ ਲਈ ਮੈਂ ਕੈਪਟਨ ਸਾਹਿਬ ਨੂੰ ਕਹਾਂਗਾ ਕਿ ਉਹ ਦੁਬਾਰਾ ਬੇਨਤੀ ਕਰਨ ਅਤੇ ਸੈਂਟਰ ਨੂੰ ਇਹ ਭਾਅ ਦੁਬਾਰਾ ਮਿਥਣ ਤੇ ਮਜ਼ਬੂਰ ਕਰਨ ਤਾਂ ਜੋ ਜ਼ਿਮੀਂਦਾਰ ਭਰਾਵਾਂ ਦੀ ਹੌਸਲਾ ਅਫਜ਼ਾਈ ਹੋ ਸਕੇ । 1967 ਤੋਂ ਲੈ ਕੇ 1973 ਤੱਕ ਜੇ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਤਕਰੀਬਨ ਹਰ ਚੀਜ਼ ਵਿਚ ਭਾਵਾਂ ਦੇ ਰੇਟ 100 ਫੀਸਦੀ ਵਧ ਗਏ ਹਨ ਪਰ ਦੂਸਰੇ ਪਾਸੇ ਜ਼ਿਮੀਂਦਾਰਾਂ ਦੀ ਕਣਕ ਦੇ ਰੇਟ ਉਹੀ ਰਖਣਾ ਇਹ ਉਨ੍ਹਾਂ ਨਾਲ ਬੇਇਨਸਾਫੀ ਕਰਨਾ ਹੈ । (ਵਿਘਨ) (ਘੰਟੀ)

ਸਪੀਕਰ ਸਾਹਿਬ, ਬੱਸ ਥੋੜ੍ਹਾ ਜਿਹਾ ਸਮਾਂ ਹੋਰ ਦਿਉ । ਮੈਂ ਕਪਤਾਨ ਸਾਹਿਬ ਦੀ ਸੇਵਾ ਵਿਚ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਇਨ੍ਹਾਂ ਦੇ ਡੀਪਾਰਟਮੈਂਟ ਨੇ ਏਰੀਅਲ ਸਪਰੇ ਕਰਾਇਆ । ਉਸ ਵਿਚ 5 ਰੁਪਏ ਰੇਟ ਮੁਕੱਰਰ ਹੋਇਆ । ਉਹ 5 ਰੁਪਏ ਰੇਟ ਦੇ ਹਿਸਾਬ ਨਾਲ ਕੰਪਨੀ ਨੂੰ ਪੈਸੇ ਦੇਣੇ ਸਨ ਅਤੇ ਉਹ ਰੁਪਿਆ ਜ਼ਿਮੀਦਾਰਾਂ ਕੋਲੋਂ ਲੈਣਾ ਸੀ । ਪਰ ਇਸ ਵਿਚ ਜ਼ਿਮੀਂਦਾਰਾਂ ਨਾਲ ਧੋਖਾ ਹੋ ਗਿਆ । ਇਨ੍ਹਾਂ ਨੇ 4 ਲੱਖ ਰੁਪਏ ਦਾ ਸੌਦਾ ਕਰ ਲਿਆ । ਪਰ ਜ਼ਿਮੀਂਦਾਰਾਂ ਕੋਲੋਂ ਇਹ ਪੈਸੇ ਲੈ ਲਏ ਅਤੇ ਰੇਟ ਸਾਢੇ ਪੰਜ ਰੁਪਏ ਮੁਕੱਰਰ ਕੀਤਾ । ਬਾਕੀ ਰੁਪਿਆ ਮਨਿਸਟਰ ਅਤੇ ਹੋਰ ਕਰਮਚਾਰੀ ਰਲ ਕੇ ਖਾ ਗਏ । ਇਸ ਲਈ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਚਾਰ ਲੱਖ ਰੁਪਏ ਦੀ ਹੇਰਾਫੇਰੀ ਕਿੱਥੇ ਹੋਈ ਹੈ ? (ਵਿਘਨ) (ਘੰਟੀ)

ਸਪੀਕਰ ਸਾਹਿਬ, ਇਸ ਤੋਂ ਅੱਗੇ ਮੈਂ ਮੈਡੀਕਲ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਸਬੰਧਤ ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਇਨ੍ਹਾਂ ਨੇ ਸਾਡੇ ਜ਼ਿਲ੍ਹੇ ਵਿਚੋਂ ਜਿੰਨੀਆਂ ਵੀ ਡਿਸਪੈਂਸਰੀਆਂ ਸਨ ਉਹ ਖਿੱਚ ਕੇ ਡੇਰਾ ਬੱਸੀ ਵਿਚ ਲੈ ਗਏ ਹਨ। ਜਿਥੇ ਕਿਤੇ ਉਹ ਹਸਪਤਾਲ ਲੈ ਗਏ ਉਥੇ ਕੋਈ ਜਗ੍ਹਾ ਨਹੀਂ ਹੈ, ਕੋਈ ਬਿਲਡਿੰਗ ਨਹੀਂ ਹੈ । ਡਾਕਟਰ ਪਰੇਸ਼ਾਨ ਹਨ । ਉਨ੍ਹਾਂ ਦੇ ਰਹਿਣ ਦਾ ਕੋਈ ਪ੍ਰਬੰਧ ਨਹੀਂ ਹੈ । ਪਰ ਇਥੋਂ ਹੁਕਮ ਹੋ ਜਾਂਦਾ ਹੈ ਕਿ ਫਟਾ ਫਟ ਫਲਾਣੇ ਥਾਂ ਚਲੇ ਜਾਉ ਉਥੇ ਡਿਸਪੈਂਸਰੀ ਖੁਲ੍ਹਣੀ ਹੈ । ਇਸ ਤਰ੍ਹਾਂ ਇਹ ਸਾਡੇ ਨਾਲ ਵੀ ਧੋਖਾ ਹੈ ਅਤੇ ਸਰਕਾਰ ਨਾਲ ਵੀ ਧੋਖਾ ਹੈ । ਇਸ ਦੇ ਨਾਲ ਹੀ ਮੈਂ ਦੱਸਦਾ ਹਾਂ ਕਿ ਸਾਡੇ ਫਤਿਹ ਗੜ੍ਹ ਦੀ ਡਿਸਪੈਂਸਰੀ ਹੈ, ਉਥੇ ਦਵਾਈਆਂ ਕੋਈ ਨਹੀਂ । ਉਥੇ ਜੋ ਡਾਕਟਰ ਹੈ ਉਸਦਾ ਸੁਭਾਅ ਦੇਖ ਕੇ ਮਰੀਜ਼ ਜ਼ਿਆਦਾ ਆਉਂਦੇ ਹਨ ਪਰ ਦਵਾਈਆਂ ਹੈ ਹੀ ਨਹੀਂ । ਇਸ ਲਈ ਉਥੇ ਦਵਾਈਆਂ ਦੇਣ ਦਾ ਪ੍ਰਬੰਧ ਕਰਨ । (ਘੰਟੀ) ਇਕ ਹੋਰ ਬੇਨਤੀ ਮੈਂ ਇਨ੍ਹਾਂ ਦੀ ਸੇਵਾ ਵਿਚ ਕਰਨਾ ਚਾਹੁੰਦਾ ਹਾਂ । ਇਕ ਡਾਕਟਰ ਲੁਧਿਆਣੇ ਜ਼ਿਲ੍ਹੇ ਵਿਚ ਸੀ । ਉਸ ਦੀ ਟਰਾਂਸਫਰ ਕਰਨ ਦੇ ਮੁਆਮਲੇ ਵਿਚ ਮਨਿਸਟਰ 10 ਹਜ਼ਾਰ ਰੁਪਏ ਛਕ ਗਿਆ । ਉਥੋਂ ਦੀ ਮਿਉਂਸਪੈਲਟੀ ਨੇ ਇਕ ਰੈਜ਼ੋਲਿਉਸ਼ਨ ਪਾਸ ਕਰਕੇ ਕਿਹਾ ਕਿ ਇਸ ਨੂੰ ਇਥੋਂ ਟਰਾਂਸਫਰ ਕਰ ਦਿਤਾ ਜਾਵੇ । ਇਸ ਸਬੰਧੀ ਇਕ ਡੈਪੂਟੇਸ਼ਨ ਵੀ ਇਨ੍ਹਾਂ ਨੂੰ

ਮਿਲਿਆ । ਪਰ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਮੇਰੀ ਪਰੈਸਟਿਜ ਦਾ ਇਸ਼ੂ ਹੈ, ਇਸ ਲਈ ਇਸ ਨੂੰ ਇਥੇ ਹੀ ਰਹਿਣ ਦਿਤਾ ਜਾਵੇ । ਡਾਕਟਰ ਦਾ ਤਬਾਦਲਾ ਨਹੀਂ ਹੋਇਆ । ਇਸ ਬਾਰੇ ਲੋਕਾਂ ਨੇ ਬੜਾ ਰੌਲਾ ਪਾਇਆ । ਪਰ ਉਸ ਨੇ ਅੱਗੇ 10 ਹਜ਼ਾਰ ਰੁਪਿਆ ਦਿੱਤਾ ਹੋਇਆ ਸੀ । ਉਸ ਨੇ ਵੀ ਆਪਣੀਆਂ ਜੇਬਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ । ਇਸ ਵਿਚ ਮਨਿਸਟਰ ਦਾ ਇਕ ਰੈਲੇਟਿਵ ਪੈ ਗਿਆ ਅਤੇ ਡਾਕਟਰ ਨੂੰ 800 ਰੁਪਿਆ ਹੋਰ ਦੇਣਾ ਪੈ ਗਿਆ । (ਵਿਘਨ) ਜਦ ਇਸ ਚੀਜ਼ ਦਾ ਰੌਲਾ ਪਿਆ ਅਤੇ ਮਨਿਸਟਰ ਸਾਹਿਬ ਉਥੇ ਦੌਰੇ ਤੇ ਗਏ ਤਾਂ ਉਸ ਨੂੰ 800 ਰੁਪਿਆ ਵਾਪਿਸ ਕਰਾਇਆ । ਉਹ ਵਿਚਾਰਾ ਫਿਰ ਕਹਿਣ ਲੱਗਾ ਕਿ ਮੇਰੇ ਜਿਹੜੇ 10 ਹਜ਼ਾਰ ਲੈ ਗਏ ਹਨ ਉਸ ਦਾਂ ਜ਼ਿਮੇਵਾਰ ਕੌਣ ਹੋਵੇਗਾ । ਮਨਿਸਟਰ ਨੇ ਕਿਹਾ ਕਿ ਉਸ ਦਾ ਨਾਮ ਕੀ ਹੈ । ਫਿਰ ਉਸ ਨੇ ਮਨਿਸਟਰ ਨੂੰ ਉਸ ਦਾ ਨਾਮ ਦੱਸ ਦਿੱਤਾ । (ਵਿਘਨ) ਜਿਸ ਨੇ ਪੈਸਾ ਲਿਆ ਹੋਵੇਗਾ ਉਸ ਨੂੰ ਪਤਾ ਲੱਗ ਗਿਆ ਹੋਵੇਗਾਂ । ਉਸ ਨੂੰ ਕਿਹਾ ਗਿਆ ਕਿ ਜੋ ਰੁਪਿਆ ਲਿਆ ਹੈ ਉਹ ਵਾਪਿਸ ਕਰ ਦੇ ਪਰ ਉਹ ਕਹਿਣ ਲੱਗਾ ਕਿ ਮੈਂ ਤਾਂ ਪਾਰਟੀ ਫੰਡ ਵਾਸਤੇ ਲਿਆ ਸੀ ਪਰ ਉਸ ਦੀ ਰਸੀਦ ਉਨ੍ਹਾਂ ਨੇ ਨਹੀਂ ਕੱਟੀ । ਇਸ ਲਈ ਉਹ 10 ਹਜ਼ਾਰ ਰੁਪਿਆ ਮਨਿਸਟਰ ਦੀ ਜੇਬ ਵਿਚ ਹੈ । ਹੁਣ ਪਰੈਸ਼ਰ ਪਵਾ ਕੇ ਉਸ ਦੀ ਟਰਾਂਸਫਰ ਕਰ ਦਿੱਤੀ ਹੈ । ਉਹ ਕਹਿੰਦਾ ਹੈ ਕਿ ਪੈਸਾ ਵਾਪਿਸ ਕਰੋ । (ਘੰਟੀ) ਇਸ ਲਈ ਇਹੋ ਜਿਹੇ ਕੰਮਾਂ ਦੀ ਇਨ੍ਹਾਂ ਨੂੰ ਆਗਿਆ ਨਹੀਂ ਦੇਣੀ ਚਾਹੀਦੀ ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ): ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਰਕਮਾਂ ਅਸੀ ਐਗਰੀਕਲਚਰ ਲਈ ਰੱਖੀਆਂ ਹਨ ਇਹ ਅੱਜ ਤੱਕ ਕਦੇ ਵੀ ਪੰਜਾਬ ਨੂੰ ਸੈਂਟਰ ਤੋਂ ਨਹੀਂ ਮਿਲੀਆਂ । ਇਹ ਤਕਰੀਬਨ 16 ਕਰੋੜ ਰੁਪਿਆ ਸੈਂਟਰ ਦੀ ਸਰਕਾਰ ਤੋਂ ਮਿਲਿਆ ਹੈ ਅਤੇ ਅਸੀਂ ਕੋਸ਼ਿਸ਼ ਕਰਕੇ ਇਸ ਨੂੰ ਲਿਆਂਦਾ ਹੈ । ਇਹ ਪਹਿਲੀ ਵੇਰ ਹੈ ਅਤੇ ਅੱਜ ਤਕ ਕਿਸੇ ਹੋਰ ਸਟੇਟ ਨੇ ਐਨੀ ਵੱਡੀ ਸਬਸਿਡੀ ਬਾਰਡਰ ਦੇ ਏਰੀਆਜ਼ ਲਈ ਨਹੀਂ ਦਿੱਤੀ । ਸਾਢੇ 7 ਹਜ਼ਾਰ ਸਾਡੇ ਕੋਲ ਹੈ । ਢਾਈ ਹਜ਼ਾਰ ਸੈਂਟਰ ਦੀ ਸਰਕਾਰ ਮੰਨੀ ਹੈ ਤਾਂ ਕਿ ਬਾਰਡਰ ਏਰੀਆਜ਼ ਤੇ ਛੋਟੇ ਕਿਸਾਨਾਂ ਅਤੇ ਦੂਸਰਿਆਂ ਨੂੰ ਸਬਸਿਡੀ ਦੇ ਸਕੀਏ । ਸਬਸਿਡੀ 50% ਹੈ ਅਤੇ ਟੋਟਲ ਕਾਸਟ ਜੋ 5 ਹਜ਼ਾਰ ਖਰਚ ਆਉਂਦਾ ਹੈ ਪਾਈਪਸ, ਬੋਰਿੰਗ ਅਤੇ ਇੰਜਣ ਆਦਿ ਦਾ ਉਸ ਦੇ ਵਿਚ 50% ਸਬਸਿਡੀ ਹੈ ਉਨ੍ਹਾਂ ਲੋਕਾਂ ਨੂੰ ਦੇਣੀ ਹੈ ਜਿਨ੍ਹਾਂ ਦੀ ਜ਼ਮੀਨ ਸਾਢੇ 7 ਏਕੜ ਤੱਕ ਹੈ ਅਤੇ ਜਿਨ੍ਹਾਂ ਦੀ ਜ਼ਮੀਨ ਸਾਢੇ 7 ਏਕੜ ਤੋਂ ਉਪਰ ਹੈ ਉਨ੍ਹਾਂ ਨੂੰ ਸਬਸਿਡੀ 25 % ਹੈ । ਇਹ ਐਡੀ ਵੱਡੀ ਰਕਮ ਅਸੀਂ ਸੈਂਟਰ ਤੋਂ ਲਿਆਂਦੀ ਹੈ । ਮੈਂ ਉਮੀਦ ਕਰਦਾ ਸੀ ਅਤੇ ਮੈਂ ਤਵਕੋਂ ਰੱਖਦਾ ਸੀ ਕਿ ਇਹ ਇਸ ਦੀ ਪ੍ਰਸ਼ੰਸਾ ਕਰਨਗੇ । ਜਿਹੜੇ 10 ਹਜ਼ਾਰ ਟਿਊਬਵੈਲ ਐਨਰਜਾਈਜ਼ ਹੋਏ ਹਨ (ਵਿਘਨ) ਅਸੀਂ 15 ਹਜ਼ਾਰ ਟਿਊਬਵੈਲ ਐਨਰਜਾਈਜ਼ ਕਰਨ ਲਈ ਲਿਆਂਦਾ ਹੈ । ਜਿਸ ਦਾ ਮਤਲਬ ਹੋਇਆ ਕਿ 25 ਹਜ਼ਾਰ ਨਵੇਂ ਕੁਨੈਕਸ਼ਨ ਮਿਲਣਗੇ । ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਉ ਕਿ ਮਾਰਚ, 1972 ਤੱਕ ਸਾਰੇ ਪੰਜਾਬ ਦੇ ਕੁੱਲ 1 ਲੱਖ 2 ਹਜ਼ਾਰ ਬਿਜਲੀ ਦੇ ਕੁਨੈਕਸ਼ਨ ਸਨ । ਇਕ ਲੱਖ ਚਾਲੀ ਹਜ਼ਾਰ ਟਿਊਬਵੈਲ ਡੀਜ਼ਲ ਨਾਲ ਚਲ ਰਿਹਾ ਸੀ ਅਤੇ 2 ਲੱਖ 40 ਹਜ਼ਾਰ ਟਿਊਬਵੈਲ ਸਨ । ਇਸ ਸਾਲ ਦੇ ਵਿਚ ਜੋ ਕੁਝ ਕੀਤਾ ਹੈ ਇਹ ਐਡੀਸ਼ਨਲ ਕੀਤਾ ਗਿਆ ਹੈ ਇਸ ਦੇ ਇਲਾਵਾ 10 ਹਜ਼ਾਰ ਬਾਰਡਰ ਤੇ 6 ਹਜ਼ਾਰ ਮਾਰਜਨਲ ਫਾਰਮਰਜ਼ ਟਿਊਬਵੈਲ ਦਿਤੇ ਗਏ ਹਨ । ਅਤੇ ਫਿਰ ਜਿਹੜਾ ਆਮ ਪ੍ਰੋਗਰਾਮ ਹੈ ਮੈਂ ਸਮਝਦਾ ਹਾਂ ਕਿ 40 ਹਜ਼ਾਰ ਜਾਂ 50 ਹਜ਼ਾਰ ਟਿਊਬਵੈਲ

[ਵਿਕਾਸ ਮੰਤਰੀ]

ਇਕ ਸਾਲ ਵਿਚ ਲੱਗੇ ਹਨ । ਇਹ ਅੱਜ ਤੱਕ ਇਕ ਰਿਕਾਰਡ ਹੈ । ਪਿਛੇ 3-4 ਸਾਲਾਂ ਵਿਚ ਕੰਮ ਨਹੀਂ ਹੋਇਆ । ਮਗਰ ਅਸੀਂ ਜੋ ਕੀਤਾ ਹੈ ਇਹ ਸਾਰਾ ਪੈਸਾ ਐਡੀਸ਼ਨਲ ਹੈ ਅਤੇ ਇਹ ਸੈਂਟਰ ਦੀ ਸਰਕਾਰ ਤੋਂ ਲਿਆ ਹੈ । ਮੈਂ ਇਸ ਪਾਸੇ ਜ਼ਿਆਦਾ ਨਹੀਂ ਜਾਣਾ ਚਾਹੁੰਦਾ ਕਿਉਂਕਿ ਆਪਣੀ ਤਾਰੀਫ ਆਪ ਨਹੀਂ ਕਰਨੀ ਚਾਹੀਦੀ । ਇਹ ਤਾਂ ਨਜ਼ਰ ਹੀ ਆ ਰਿਹਾ ਹੈ ਕਿ ਅਸੀਂ ਕੀ ਕੁਝ ਕੀਤਾ ਹੈ ਅਤੇ ਲੋਕਾਂ ਨੇ ਇਸ ਨੂੰ ਵੈਲਕਮ ਕੀਤਾ ਹੈ । ਬਾਰਡਰ ਦੇ ਕਿਸਾਨਾਂ ਨੇ ਇਸ ਨੂੰ ਵੈਲਕਮ ਕੀਤਾ ਹੈ ਅਤੇ ਹਰ ਆਦਮੀ ਨੇ ਵੈਲਕਮ ਕੀਤਾ ਹੈ ।

ਮੈਂ ਬੜਾ ਧੰਨਵਾਦੀ ਹਾਂ ਕਿ ਅਚਾਰਿਆ ਜੀ ਅਤੇ ਦੂਸਰੇ ਦੋਸਤਾਂ ਨੇ ਜਿਨ੍ਹਾਂ ਨੇ ਮੁਲੈਸਿਜ਼ ਦੇ ਬਾਰੇ ਜ਼ਿਕਰ ਕੀਤਾ ਹੈ ਅਤੇ ਮੈਨੂੰ ਤੁਹਾਨੂੰ ਦੱਸਣ ਦਾ ਮੌਕਾ ਦਿੱਤਾ ਹੈ । ਮੋਲੈਸਿਜ਼ ਦੀ ਪਰਚੇਜ਼ ਦਾ ਭਾਅ 29 ਰੁਪਏ ਫੀ ਕੁਇੰਟਲ ਫਿਕਸ ਹੋਇਆ ਸੀ । ਪਰ ਜਿਸ ਆਦਮੀ ਕੋਲੋਂ ਇਹ ਲੈਣਾ ਸੀ ਉਸ ਨੇ 2342 ਕਵਿੰਟਲ ਦੇਣ ਤੋਂ ਬਾਅਦ ਇਨਕਾਰ ਕਰ ਦਿੱਤਾ । ਉਸ ਦਾ ਡਿਪਾਜ਼ਿਟ ਐਨਾ ਘੱਟ ਸੀ ਕਿ ਜੇ ਜ਼ਬਤ ਵੀ ਕਰ ਲਈਏ ਤਾਂ ਵੀ ਕੁਝ ਨਹੀਂ ਹੋ ਸਕਦਾ ਸੀ । ਪਰ ਜਦ ਇਹ ਮਸਲਾ ਮੇਰੇ ਪਾਸ ਆਇਆ ਤਾਂ ਮੈਂ ਇਹ ਮਸਲਾ ਕੈਬਨਿਟ ਦੇ ਸਪੁਰਦ ਕਰ ਦਿੱਤਾ । ਜਿਹੜਾ ਮੁਲੈਸਿਜ਼ ਸੀ ਉਸ ਨੇ ਕਈ ਸਰਕਾਰਾਂ ਦੀ ਬਦਨਾਮੀ ਕੀਤੀ ਸੀ ਪਰ ਅਸੀਂ ਕਿਹਾ ਕਿ ਅਸੀਂ ਨਹੀਂ ਬਦਨਾਮੀ ਕਰਵਾਉਣੀ । ਅਸੀਂ ਕੋਸ਼ਿਸ਼ ਕਰਕੇ ਯੂ.ਪੀ. ਅਤੇ ਮਹਾਰਾਸ਼ਟਰ ਆਦਿ ਤੋਂ ਸ਼ੀਰਾ ਲੈ ਲਿਆ ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਫਿਰ ਅਸੀਂ ਗੌਰਮਿੰਟ ਆਫ ਇੰਡੀਆ ਨੂੰ ਅਪਰੋਚ ਕੀਤਾ । ਅਨਫਾਰਚੂਨੇਟਲੀ ਉਨ੍ਹਾਂ ਦੀ ਆਪਣੀ ਪਰੋਹਿਬਸ਼ਨ ਪਾਲਿਸੀ ਬਦਲ ਗਈ । ਤਾਮਿਲ ਨਾਡੂ ਨੇ ਵੀ ਬਦਲ ਲਈ ਅਤੇ ਸਾਨੂੰ ਸ਼ੀਰੇ ਤੋਂ ਜਵਾਬ ਦੇ ਦਿੱਤਾ । ਫਿਰ ਮੈਂ ਕੇਂਦਰੀ ਮੰਤਰੀ ਸ੍ਰੀ ਸ਼ਿੰਦੇ ਨੂੰ ਅਰਜ਼ ਕੀਤੀ ਕਿ ਸਾਡੀ ਮਦਦ ਕਰੇ ਕਿਉਂਕਿ ਸ਼ੀਰਾ ਇਕ ਐਸੀ ਚੀਜ਼ ਹੈ ਜੇ ਲਈਏ ਤਾਂ ਔਖੇ ਅਤੇ ਜੇ ਨਾ ਲਈਏ ਤਾਂ ਵੀ ਔਖੇ । (ਵਿਘਨ) ਸਟੇਟ ਦੀ ਆਮਦਨ ਵਿਚ ਬਹੁਤ ਫਰਕ ਪੈ ਜਾਂਦਾ ਹੈ। ਅਸੀਂ ਇਸ ਚੀਜ਼ ਵਿਚ ਫਸ ਗਏ । ਅਸੀਂ ਸ਼ਿੰਦੇ ਜੀ ਨੂੰ ਅਰਜ਼ ਕੀਤੀ ਲੇਕਿਨ ਸਾਡੀ ਮਦਦ ਨਾ ਹੋ ਸਕੀ । ਫਿਰ ਸਤੰਬਰ, 1972 ਵਿਚ ਜਦ ਸਾਰਿਆਂ ਪਾਸਿਆਂ ਤੋਂ ਸ਼ੀਰਾ ਨਾ ਮਿਲਿਆ ਤਾਂ ਫਿਰ ਐਡਵਰਟਾਈਜ਼ਮੈਂਟ ਕੀਤੀ ਅਤੇ ਟੈਂਡਰ ਕਾਲ ਕੀਤੇ ਅਤੇ ਕਿਹਾ ਗਿਆ ਕਿ ਜੇ ਕੰਡੀਸ਼ਨਜ਼ ਨਾ ਫੁਲਫਿਲ ਕਰੋਗੇ ਤਾਂ ਫਿਰ ਹਰਜਾਨਾ ਹੋਵੇਗਾ । ਇਸ ਤਰ੍ਹਾਂ ਸ਼ੀਰਾ 70 ਰੁਪਏ ਕਵਿੰਟਲ ਮਿਲਿਆ । ਮੈਂ ਕਹਿੰਦਾ ਹਾਂ ਕਿ ਜਿਥੇ 75 ਹਜ਼ਾਰ ਕਵਿੰਟਲ ਲੈਣ ਦੀ ਗੱਲ ਹੈ ਅਸੀਂ ਘਟਾ ਕੇ ਉਹ 50 ਹਜ਼ਾਰ ਕਵਿੰਟਲ ਕਰ ਦਿੱਤਾ । (ਵਿਘਨ) ਇਹ ਮਜਬੂਰੀ ਹੈ । ਅਤੇ ਇਹ ਘਟਾਉਣ ਤੋਂ ਬਾਅਦ ਉਨ੍ਹਾਂ ਨੂੰ ਕਿਹਾ ਕਿ ਐਨੀ ਸ਼ਰਤ ਵੀ ਹੈ ਕਿ ਜਿਹੜਾ ਟੈਂਡਰ ਲੈ ਕੇ ਮੁਕਰੇਗਾ ਤਾਂ ਫਾਲਤੂ ਦਾ ਖਰਚਾ ਉਸ ਤੋਂ ਲਿਆ ਜਾਵੇਗਾ, (ਵਿਘਨ) ਮੈਂ ਕਹਿੰਦਾ ਹਾਂ ਕਿ ਟੋਟਲ ਸਪਲਾਈ ਲੈ ਲਈ ਹੈ । (ਵਿਘਨ) ਇਹ ਨਹੀਂ ਕੀਤਾ ਕਿ 40 ਰੁਪਏ ਦੇ ਹਿਸਾਬ 10 ਕਵਿੰਟਲ ਲੈ ਲਿਆ ਅਤੇ ਫਿਰ ਮੁੱਕਰ ਗਏ । ਫਿਰ ਉਹ 75 ਤੱਕ ਚਲੇ ਗਏ । ਅਸੀਂ ਕਿਹਾ ਕਿ ਜਦ ਤੱਕ ਸਪਲਾਈ ਨਾ ਕਰੇ ਪੇਮੈਂਟ ਨਾ ਕਰੋ । ਇਸ ਲਈ ਇਹ ਤੁਸੀਂ ਬੜਾ ਚੰਗਾ ਕੀਤਾ ਹੈ ਕਿ ਮੈਨੂੰ ਮੁਲੈਸਿਜ਼ ਬਾਰੇ ਐਕਸਪਲੇਨ ਕਰਨ ਦਾ ਮੌਕਾ ਦਿੱਤਾ ਹੈ । (ਵਿਘਨ) ਅਸੀਂ ਇਸ ਤੋਂ ਬਚਣਾ ਚਾਹੁੰਦੇ ਹਾਂ । ਅਸੀਂ ਕੋਸ਼ਿਸ਼ ਕੀਤੀ

ਕਿ ਆਪਣੀਆਂ ਸ਼ੂਗਰ ਮਿੱਲਾਂ ਹਨ, ਕੋਆਪ੍ਰੇਟਿਵ ਸ਼ੂਗਰ ਮਿੱਲਾਂ ਹਨ ਉਹ ਜ਼ਿਆਦਾ ਸ਼ੀਰਾ ਸਾਨੂੰ ਦੇ ਦੇਣ ਅਤੇ ਉਨ੍ਹਾਂ ਨੂੰ ਹੀ ਜ਼ਿਆਦਾ ਭਾਅ ਦੇ ਦੇਈਏ । (ਵਿਘਨ) ਮੈਂ ਦਸਦਾ ਹਾਂ ਕਿ ਗੰਨੇ ਦੀ ਕੀਮਤ ਵੀ ਸਭ ਨਾਲੋਂ ਜ਼ਿਆਦਾ ਦਿਤੀ ਗਈ ਹੈ । (ਵਿਘਨ) ਸਾਨੂੰ ਆਸ ਹੈ ਕਿ ਇਹ ਮਿਲਾਂ ਸਾਨੂੰ ਜ਼ਿਆਦਾ ਸ਼ੀਰਾ ਦੇਣਗੀਆਂ ਅਤੇ ਅਸੀਂ ਉਨ੍ਹਾਂ ਨੂੰ ਸ਼ੀਰੇ ਦਾ ਭਾਅ ਜ਼ਿਆਦਾ ਦਿਆਂਗੇ ਤਾਂ ਕਿ ਸਾਨੂੰ ਮਾਰਕਿਟ ਵਿਚ ਜਾ ਕੇ ਇਸ ਬਦਨਾਮੀ ਤੋਂ ਬਚਣ ਦਾ ਮੌਕਾ ਮਿਲੇ । ਇਹ ਮੈਂ ਐਕਸਪਲੇਨ ਕਰਨਾ ਚਾਹੁੰਦਾ ਸੀ ।

ਡਿਪਟੀ ਸਪੀਕਰ ਸਾਹਿਬ, ਦੂਸਰੀ ਗੱਲ ਜਿਹੜੀ ਚੀਮਾ ਸਾਹਿਬ ਨੇ ਕੀਤੀ ਹੈ ਉਸ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਤਾਂ ਇਸ ਦੇ ਬਾਰੇ ਵਿਚ ਕੁਝ ਪਤਾ ਨਹੀਂ, ਇਨ੍ਹਾਂ ਦੇ ਵੇਲੇ ਦੇ ਹੀ ਭਾਅ ਮੁਕੱਰਰ ਕੀਤੇ ਹੋਏ ਹਨ ਅਤੇ ਸੈਂਟਰ ਦੀ ਸਰਕਾਰ ਨੇ ਭਾਅ ਮੁਕੱਰ ਕੀਤੇ ਹਨ ਅਗਰ ਇਨ੍ਹਾਂ ਨੇ ਉਸ ਦੇ ਵਿਚੋਂ ਕੁਝ ਹਿੱਸਾ ਪੱਤੀ ਲਈ ਹੋਵੇ ਤਾਂ ਉਸ ਦੇ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ । ਸਾਡੇ ਆਉਣ ਤੋਂ ਪਹਿਲਾਂ ਹੀ ਇਹ ਰੇਟ ਰਖੇ ਹੋਏ ਸਨ । ਸਗੋਂ ਏਰੀਅਲ ਸਪਰੇ ਵਾਲਿਆਂ ਨੇ ਇਸ ਦੇ ਬਾਰੇ ਵਿਚ ਮੰਗ ਵੀ ਕੀਤੀ ਸੀ ਕਿ ਸਾਡੇ ਰੇਟ ਵਧਾਏ ਜਾਣ ਪਰ ਅਸੀਂ ਬੜੀ ਮਜ਼ਬੂਤੀ ਦੇ ਨਾਲ ਇਸ ਗੱਲ ਦਾ ਸਟੈਂਡ ਲਿਆ ਕਿ ਅਸੀਂ ਇਸ ਰੇਟ ਨੂੰ ਵਧਾਉਣ ਦੇ ਹੱਕ ਵਿਚ ਨਹੀਂ । ਡਿਪਟੀ ਸਪੀਕਰ ਸਾਹਿਬ, ਮੈਨੂੰ ਦਸਣ ਵਿਚ ਇਹ ਬੜੀ ਖੁਸ਼ੀ ਹੁੰਦੀ ਹੈ ਕਿ ਪੰਜਾਬ ਵਿਚ ਐਂਤਕੀ ਕਾਟਨ ਵਿਚ ਸਭ ਤੋਂ ਵੱਧ ਸਪਰੇ ਹੋਇਆ ਹੈ । ਮੈਂ ਚੀਮਾਂ ਸਾਹਿਬ ਦਾ ਬੜਾ ਧੰਨਵਾਦੀ ਹੋਵਾਂਗਾ ਜੇ ਕਿਸੇ ਨੇ 12 ਆਨੇ ਜਾਂ 8 ਆਨੇ ਲਏ ਹੋਣ ਤਾਂ ਉਸ ਦਾ ਨਾਮ ਮੈਨੂੰ ਦਸਣ ਮੈਂ ਇਸ ਗਲ ਦੀ ਪੂਰੀ ਇਨਕੁਆਇਰੀ ਕਰਵਾਵਾਂਗਾ ਅਤੇ ਐਕਸ਼ਨ ਲਵਾਂਗਾ । ਅਸੀਂ ਇਸ ਚੀਜ਼ ਦੇ ਬਿਲਕੁਲ ਖਿਲਾਫ ਹਾਂ ਕਿ ਕੋਈ ਇਸ ਤਰ੍ਹਾਂ ਦੀ ਗਲ ਕਰੇ । (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਰੇਟ ਸਾਡੇ ਵੇਲੇ ਦੇ ਚਲੇ ਆ ਰਹੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ 5/— ਰੁਪਏ ਰੇਟ ਸੀ, ਇਨ੍ਹਾਂ ਨੇ ਪੌਣੇ 6 ਰੁਪਏ ਕਰ ਦਿਤਾ । ਇਸ ਦੇ ਬਾਰੇ ਫਾਈਲ ਤੇ ਇਨ੍ਹਾਂ ਦੇ ਆਰਡਰ ਹਨ ਅਤੇ ਇਨ੍ਹਾਂ ਦੇ ਦਸਤਖਤ ਹਨ । (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਵਿਘਨ) (This is no point of order) (*Interruption*)

ਵਿਕਾਸ ਮੰਤਰੀ : ਚੀਮਾ ਸਾਹਿਬ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਨਾਂ ਮੈਂ ਕੋਈ ਦਸਤਖਤ ਕੀਤੇ ਹਨ ਅਤੇ ਨਾਂ ਹੀ ਕੋਈ ਮੇਰੇ ਦਸਤਖਤ ਹਨ । (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾਂ : ਜੇ ਤੁਹਾਨੂੰ ਅਸੀਂ ਕੁਝ ਦਸੀਏ ਤਾਂ ਫਿਰ ਕੀ ਕੋਈ ਇਨਕੁਆਇਰੀ ਕਰਵਾਉਗੇ ? (ਵਿਘਨ)

ਵਿਕਾਸ ਮੰਤਰੀ : ਤੁਸੀਂ ਸਾਨੂੰ ਕੋਈ ਠੋਸ ਗੱਲ ਲਿਖ ਕੇ ਦਿਉ ਤਾਂ ਅਸੀਂ ਜ਼ਰੂਰ ਇਨਕੁਆਇਰੀ ਕਰਾਵਾਂਗੇ ਅਤੇ ਜੇ ਕੋਈ ਚੀਜ਼ ਸਾਬਤ ਹੋ ਜਾਵੇ ਤਾਂ ਉਸ ਤੇ ਜ਼ਰੂਰ ਐਕਸ਼ਨ ਲਵਾਂਗੇ । ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੁੰਦੀ ਹੈ ਕਿ ਜੇ ਕੋਈ ਸਾਡੇ ਨੋਟਿਸ ਵਿਚ ਇਹੋ ਜਿਹੀ ਚੀਜ਼ ਲਿਆਵੇ । (ਵਿਘਨ)

ਫਿਰ, ਡਿਪਟੀ ਸਪੀਕਰ ਸਾਹਿਬ, ਆਚਾਰੀਆ ਸਾਹਿਬ ਦੀ ਗਲ ਵਲ ਆਉਂਦਾ ਹਾਂ । ਉਨ੍ਹਾਂ ਨੇ ਮੇਰਾ ਨਾਮ ਲਿਆ ਸੀ । ਮੇਰੇ ਨਾਲ ਉਨ੍ਹਾਂ ਦਾ ਬਹੁਤ ਪਿਆਰ ਹੈ । ਮੈਂ ਵੀ ਕਈ ਵਾਰੀ ਉਨ੍ਹਾਂ ਨੂੰ ਕੁਝ ਕਹਿ ਦਿੰਦਾ ਹਾਂ ਅਤੇ ਉਨ੍ਹਾਂ ਨੇ ਵੀ ਪਿਆਰ ਨਾਲ ਮੇਰਾ ਨਾਮ ਲੈ ਦਿਤਾ ਹੈ ਪਰ ਮੈਂ ਇਹ ਗੱਲ ਕਲੀਅਰ ਕਰਨਾ ਚਾਹੁੰਦਾ ਹਾਂ ਕਿ ਸਾਡੀ ਪਾਲਿਸੀ ਬਿਲਕੁਲ ਇਹ ਨਹੀਂ ਕਿ ਸ਼ਰਾਬ ਪਿਲਾਈ ਜਾਵੇ । ਇਸ ਨੂੰ ਖਤਮ ਕਰਨ ਲਈ ਅਸੀਂ ਵੱਧ ਤੋਂ ਵੱਧ ਕੋਸ਼ਿਸ਼ ਕਰ ਰਹੇ ਹਾਂ । ਅਸੀਂ ਇਹ ਕੋਸ਼ਿਸ਼ ਕਰਨੀ ਹੈ ਕਿ ਜਿਸ ਦਿਨ ਤਨਖਾਹ ਮਿਲਦੀ ਹੈ ਉਸ ਦਿਨ ਡਰਾਈ ਕਰ ਦਿਤਾ ਜਾਵੇ । ਸਾਡੀ ਸ਼ਰਾਬ ਪਿਲਾਉਣ ਦੀ ਕੋਈ ਕੋਸ਼ਿਸ਼ ਨਹੀਂ ਹੈ । (ਵਿਘਨ) ਅਸੀਂ ਮਾੜੀ ਸ਼ਰਾਬ ਬਿਲਕੁਲ ਲੋਕਾਂ ਨੂੰ ਪਿਲਾਉਣਾ ਨਹੀਂ ਚਾਹੁੰਦੇ ਜਿਸ ਨਾਲ ਕਿ ਲੋਕਾਂ ਦੀ ਮੌਤ ਹੋ ਜਾਵੇ ਜਾਂ ਹੋਰ ਕੋਈ ਜਾਨੀ ਨੁਕਸਾਨ ਹੋਵੇ । ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਵੀ ਪਰੋਹਿਬਸ਼ਨ ਦੇ ਬੜੇ ਹਾਮੀ ਹੋ ਅਤੇ ਅਸੀਂ ਵੀ ਇਸ ਚੀਜ਼ ਦੇ ਬਹੁਤ ਹਾਮੀ ਹਾਂ । ਲੇਕਿਨ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿ ਸਕਦਾ ਹਾਂ ਕਿ ਜਿਥੇ ਕਿਧਰੇ ਵੀ ਮੈਂ ਜਾਂਦਾ ਹਾ ਤਾਂ ਲੋਕੀਂ ਇਹ ਤਾਂ ਕਹਿੰਦੇ ਨਹੀਂ ਕਿ ਤੁਸੀਂ ਟਿਊਬਵੈਲ ਕਿਤਨੇ ਲਗਾਏ ਹਨ ਜਾਂ ਹੋਰ ਤਰੱਕੀ ਦੇ ਕਿਤਨੇ ਕੰਮ ਕੀਤੇ ਨਹੀਂ ਪਰ ਇਹ ਸਭ ਤੋਂ ਪਹਿਲਾਂ ਕਹਿੰਦੇ ਹਨ ਕਿ ਕਪਤਾਨ ਸਾਹਿਬ ਤੁਸੀਂ ਸ਼ਰਾਬ ਬੜੀ ਵਧੀਆ ਸਾਨੂੰ ਪਿਲਾ ਦਿਤੀ ਹੈ । (ਹਾਸਾ) ਮੈਨੂੰ ਕੋਈ ਇਹ ਦੱਸ ਕੇ ਖੁਸ਼ੀ ਨਹੀਂ ਹੁੰਦੀ ਪਰ ਲੋਕੀ ਇਹ ਗੱਲਾਂ ਕਹਿੰਦੇ ਹਨ ਜੋ ਮੈਂ ਤੁਹਾਨੂੰ ਦੱਸ ਰਿਹਾ ਹਾਂ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਜਿਹੜੇ ਅੰਮ੍ਰਿਤਸਰ ਜਾਂ ਜਲੰਧਰ ਵਿਚ ਸ਼ਰਾਬ ਪੀ ਕੇ ਮਰੇ ਹਨ ਉਹ ਵੀ ਜ਼ਰਾ ਦੱਸ ਦਿਉ । (ਵਿਘਨ)

ਵਿਕਾਸ ਮੰਤਰੀ : ਤੋਂ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇ ਨਵੀਂ ਪਾਲਿਸੀ ਦੇ ਨਾਲ ਸੂਬੇ ਦਾ ਭਲਾ ਹੋ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ । ਜੋ ਕੋਈ ਸ਼ਰਾਬ ਪੀਣ ਵਾਲਾ ਹੈ ਅਤੇ ਉਨ੍ਹਾਂ ਨੂੰ ਚੰਗੀ ਸ਼ਰਾਬ ਮਿਲ ਜਾਵੇ ਤਾਂ ਇਹ ਅੱਛੀ ਗਲ ਹੈ, ਕੋਈ ਮਾੜੀ ਗਲ ਨਹੀਂ । (ਵਿਘਨ)

ਸ੍ਰੀ ਬਲ ਰਾਮ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਹ ਸ਼ਰਾਬ ਪੀਣ ਦੀ ਬੜੀ ਤਾਰੀਫ ਕਰ ਰਹੇ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਵਰਗੇ ਨਾ ਪੀਣ ਵਾਲਿਆਂ ਦੇ ਲਈ ਉਤਸ਼ਾਹ ਇਸ ਤਰ੍ਹਾਂ ਨਾ ਪੈਦਾ ਕੀਤਾ ਜਾਵੇ । (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਵਿਘਨ) (This is no point of order)

ਵਿਕਾਸ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕੋਈ ਤਾਰੀਫ ਨਹੀਂ ਕੀਤੀ, ਮੈਂ ਤਾਂ ਸੱਚੀ ਸੱਚੀ ਗੱਲ ਕਹਿ ਦਿਤੀ ਹੈ । (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਆਚਾਰੀਆ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਸਾਰੀ ਜ਼ਿੰਦਗੀ ਇਹੀ ਕਹਿੰਦੇ ਆਏ ਹਨ ਕਿ ਸ਼ਰਾਬ ਨਹੀਂ ਪੀਣੀ ਚਾਹੀਦੀ, ਮੈਂ ਉਨ੍ਹਾਂ ਨੂੰ ਅਤੇ ਬਾਕੀ ਸਾਰੇ ਸਾਥੀਆਂ ਨੂੰ ਬੇਨਤੀ ਕਰਾਂਗਾ ਕਿ ਆਉ ਜੇ ਇਹ ਸ਼ਰਾਬ ਬੰਦ ਕਰਨੀ ਹੈ ਤਾਂ ਲੋਕਾਂ ਦੀ ਇਸ ਕੰਮ ਲਈ ਮਦਦ ਲਈਏ, ਆਪਣੀਆਂ ਭੈਣਾਂ ਦੀ ਇਸ ਕੰਮ ਵਿਚ ਮਦਦ ਲਈਏ । ਡਿਪਟੀ ਸਪੀਕਰ ਸਾਹਿਬ, ਸਾਰੀਆਂ ਸਰਕਾਰਾਂ ਇਸ ਸ਼ਰਾਬ ਨੂੰ ਬੰਦ ਕਰਨ ਵਿਚ ਫੇਲ੍ਹ ਹੋ ਚੁਕੀਆਂ ਹਨ । ਮਹਾਂਰਾਸ਼ਟਰ ਸਰਕਾਰ ਨੇ ਇਸ ਦੇ ਲਈ ਬਹੁਤ ਕੋਸ਼ਿਸ਼ ਕੀਤੀ, ਤਾਮਲ ਨਾਡੂ ਸਰਕਾਰ ਨੇ ਬਹੁਤ ਕੋਸ਼ਿਸ਼ ਕੀਤੀ ਕਿ ਇਹ ਬੰਦ ਕਰ ਦਿਤੀ ਜਾਵੇ । ਸਿਰਫ ਹਿੰਦੁਸਤਾਨ ਵਿਚ ਹੀ ਨਹੀਂ ਅਮਰੀਕਾ ਵਿਚ ਵੀ ਪਰੋਹਿਬਸ਼ਨ ਕਰਨ ਦੀ ਉਸ ਸਰਕਾਰ ਨੇ ਕੋਸ਼ਿਸ਼ ਕੀਤੀ ਪਰ ਇਸ ਕੰਮ ਵਿਚ ਸਾਰੀਆਂ ਸਰਕਾਰਾਂ ਫੇਲ੍ਹ ਹੋ ਗਈਆਂ । ਆਉ ਜੇ ਸਹੀ ਮਾਹਨਿਆਂ ਵਿਚ ਇਸ ਨੂੰ ਬੰਦ ਕਰਨਾ ਚਾਹੁੰਦੇ ਹਾਂ ਤਾਂ ਅਸੀਂ ਆਪਣੀਆਂ ਭੈਣਾਂ ਦੀ ਇਸ ਕੰਮ ਵਿਚ ਮਦਦ ਲਈਏ । ਅਤੇ ਮੈਂ ਕਹਿੰਦਾ ਹਾਂ ਕਿ ਜਦੋਂ ਵੀ ਕੋਈ ਆਦਮੀ ਸ਼ਰਾਬ ਪੀ ਕੇ ਘਰ ਆਉਂਦਾ ਹੈ ਤਾਂ ਉਸ ਨੂੰ ਉਹ ਰੋਟੀ ਨਾ ਦੇਣ । (ਹਾਸਾ) ਤਦ ਤਾਂ ਇਹ ਚੀਜ਼ ਬੰਦ ਹੋ ਸਕਦੀ ਹੈ ਨਹੀਂ ਤਾਂ ਹੋਰ ਕੋਈ ਤਰੀਕਾ ਨਹੀਂ । (ਹਾਸਾ) (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਦੇ ਬਾਰੇ ਤਾਂ ਸ਼੍ਰੀ ਹੰਸ ਰਾਜ ਜੀ ਸ਼ਰਮਾ ਨੇ ਜਵਾਬ ਦੇਣਾ ਹੈ ਮੈਂ ਤਾਂ ਇਨਟਰਵੀਨ ਕੀਤਾ ਹੈ । ਤੁਹਾਨੂੰ ਸਾਡੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ, ਚੀਮਾ ਸਾਹਿਬ ਤੁਸੀਂ ਵੀ ਇਸ ਐਗਰੀਕਲਚਰ ਦੇ ਪੋਰਟਫੋਲੀਉ ਨਾਲ ਤੱਲਕ ਰਖਦੇ ਰਹੇ ਹੋ । ਜੋ ਸਕੀਮਾਂ ਅਸੀਂ 9-10 ਮਹੀਨਿਆਂ ਵਿਚ ਬਣਾ ਦਿਤੀਆਂ ਹਨ, ਕਿਸੀ ਵੀ ਸਰਕਾਰ ਨੇ ਅੱਜ ਤੱਕ ਨਹੀਂ ਕੀਤੀਆਂ । ਇਤਨਾ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਆਨ ਏ ਪੁਆਇੰਟ ਆਫ ਕਲੈਰੀਫੀਕੇਸ਼ਨ, ਸਰ, ਡਿਪਟੀ ਸਪੀਕਰ ਸਾਹਿਬ, ਮੈਂ ਕਪਤਾਨ ਸਾਹਿਬ ਤੋਂ ਇਕ ਕਲੈਰੀਫੀਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਇਹ ਆਮ ਸ਼ਿਕਾਇਤ ਹੈ ਕਿ ਜਿਹੜੇ ਤੁਸੀਂ ਇੰਜਨ ਸਪਲਾਈ ਕਰਦੇ ਹੋ ਉਨ੍ਹਾਂ ਦੀ ਕੀਮਤ ਬਜ਼ਾਰ ਨਾਲੋਂ ਦੁਗਣੀ ਹੈ ਜਦੋਂ ਕਿ ਬਜ਼ਾਰ ਵਿਚ ਉਹੀ ਇੰਜਣ ਇਸ ਨਾਲੋਂ ਅੱਧੀ ਕੀਮਤ ਤੇ ਮਿਲ ਜਾਂਦੇ ਹਨ । (ਵਿਘਨ) ਇਸ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਕਲੈਰੀਫੀਕੇਸ਼ਨ ਲੈਣਾ ਚਾਹੁੰਦਾ ਹਾਂ ।

ਵਿਕਾਸ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਸਾਥੀ ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਚੀਜ਼ ਮੈਨੂੰ ਦਸੀ ਹੈ । ਲੇਕਿਨ ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਇੰਜਣਾਂ ਦੇ ਲਈ ਅਸੀਂ ਦੋ ਕਿਸਮ ਦਾ ਲੋਨ ਦਿੰਦੇ ਹਾਂ । ਇਕ ਅਸੀਂ ਉਨ੍ਹਾਂ ਕਿਸਾਨਾਂ ਨੂੰ ਲੋਨ ਦੇ ਰਹੇ ਹਾਂ ਜਿਨ੍ਹਾਂ ਦੇ ਕੋਲ ਬਿਜਲੀ ਦੇ ਕੁਨੈਕਸ਼ਨ ਹਨ ਤੇ ਟਰੈਕਟਰ ਨਹੀਂ ਮਤਲਬ ਇਹ ਕਿ ਉਹ ਛੋਟਾ ਕਿਸਾਨ ਹੈ । ਪਾਵਰ ਦੀ ਸ਼ਾਰਟੇਜ ਕਰਕੇ ਜੇ ਉਸ ਨੂੰ ਲੋੜ ਪੈ ਜਾਵੇ ਤਾਂ ਉਹ ਇਹ ਇੰਜਣ ਲੈ ਲਵੇ ਪਰ ਅਸੀਂ ਉਸ ਨੂੰ ਇੰਜਣ ਖਰੀਦ ਕੇ ਨਹੀਂ ਦਿੰਦੇ । ਅਸੀਂ ਉਸ ਨੂੰ ਰਕਮ ਦਿੰਦੇ ਹਾਂ ਲੇਕਿਨ ਉਹ

[ਵਿਕਾਸ ਮੰਤਰੀ]

ਬਿਲ ਅਤੇ ਰਸੀਦ ਵਗੈਰਾ ਇਸ ਦੇ ਲਈ ਪੇਸ਼ ਕਰੇਗਾ ਕਿ ਉਸ ਨੇ ਇੰਜਣ ਖਰੀਦਿਆ ਹੈ । ਜਿਥੋਂ ਤਕ, ਡਿਪਟੀ ਸਪੀਕਰ ਸਾਹਿਬ, 50% ਸਬਸਿਡੀ ਬਾਰਡਰ ਏਰੀਆ ਵਿਚ ਦੇਣ ਦੀ ਗਲ ਹੈ ਉਸ ਦੇ ਬਾਰੇ ਅਰਜ਼ ਹੈ ਕਿ 2800 ਇੰਜਨ ਮਾਰਕਫੈਡ ਕੋਲ ਪਏ ਸੀ (ਵਿਘਨ)

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਉਹ ਨਿਰੀ ਲੁਟ ਹੈ । (ਵਿਘਨ)

ਵਿਕਾਸ ਮੰਤਰੀ : ਜੋ ਕੁਝ ਵੀ ਹੈ ਉਹ ਤੁਹਾਡੇ ਸਾਹਮਣੇ ਹੈ । (ਵਿਘਨ) 2800 ਇੰਜਣ ਅਸੀਂ ਮਾਰਕਫੈਡ ਤੋਂ ਲੈ ਲਏ । ਬਾਕੀਆਂ ਲਈ ਜੋ ਪਰੋਸੀਜਰ ਗੌਰਮਿੰਟ ਦਾ ਹੈ, ਉਸੇ ਤਰ੍ਹਾਂ ਹੈ । (ਵਿਘਨ)

1.00 p.m.

ਉਹ ਪੁਰਾਣੀ ਗੱਲ ਹੋਣੀ ਹੈ । (ਵਿਘਨ) ਮਾਰਕਫੈਡ ਕੋਲ ਜਿਹੜਾ ਪੁਰਾਣਾ ਸਟਾਕ ਆਪਣਾ ਪਿਆ ਸੀ ਉਹ ਦਿਤਾ ਹੋਣਾ ਹੈ । ਮਾਰਕਫੈਡ ਅਤੇ ਗੌਰਮੈਂਟ ਵਿਚ ਜਿਹੜਾ ਕੁਝ ਹੋ ਰਿਹਾ ਹੈ ਉਸ ਦਾ ਤਾਂ ਤੁਸੀਂ ਵੇਖ ਹੀ ਰਹੇ ਹੋ । ਬਾਕੀ ਜੇ ਕੋਈ ਹੋਰ ਚੀਜ਼ ਤੁਸੀਂ ਚਾਹੁੰਦੇ ਹੋ ਤਾਂ ਲਿਖ ਕੇ ਦੇ ਦੇਵੋ ਅਸੀਂ ਵੇਖ ਲਵਾਂਗੇ ।

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ) : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਕਪਤਾਨ ਸਾਹਿਬ ਨੇ ਸ਼ਰਾਬ ਦੀ ਬੜੀ ਤਾਰੀਫ ਕੀਤੀ ਹੈ ਅਤੇ ਸ਼ਰਾਬ ਦੀ ਤਾਰੀਫ ਵਿਚ ਬਹੁਤ ਕੁਝ ਕਿਹਾ ਹੈ । ਇਹ ਵੀ ਕਿਹਾ ਹੈ ਕਿ ਉਹ ਜਿਥੇ ਵੀ ਜਾਂਦੇ ਹਨ ਉਨ੍ਹਾਂ ਦੇ ਗਲੇ ਵਿਚ ਹਾਰ ਪੈਂਦੇ ਹਨ । ਉਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਹੈ । ਸਾਰੇ ਪੰਜਾਬ ਨੂੰ ਸ਼ਰਾਬ ਦੇ ਨਸ਼ੇ ਵਿਚ ਮਦਹੋਸ਼ ਕਰਕੇ ਇਹ ਖੁਸ਼ ਹੁੰਦੇ ਹਨ । ਇਹ ਕਹਿੰਦੇ ਹਨ ਕਿ ਇਸ ਤੋਂ ਆਮਦਨ ਬਹੁਤ ਹੀ ਜ਼ਿਆਦਾ ਹੋ ਰਹੀ ਹੈ । ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਸ਼ਾਮ ਨੂੰ ਜਾਕੇ ਅਗਰ ਇਹ ਸ਼ਰਾਬ ਦੀਆਂ ਦੁਕਾਨਾਂ ਤੇ ਜਾ ਕੇ ਵੇਖਣ ਤਾਂ ਇਨ੍ਹਾਂ ਨੂੰ ਪਤਾ ਚਲੇਗਾ ਕਿ ਸ਼ਰਾਬ ਖਰੀਦਣ ਵਾਲੇ ਜਾਂ ਤਾਂ ਦਰਮਿਆਨੇ ਤਬਕੇ ਦੇ ਹੋਣਗੇ ਅਤੇ ਜਾਂ ਫਿਰ ਗਰੀਬ ਹੀ ਹੋਣਗੇ । ਅਮੀਰ ਆਦਮੀ ਤਾਂ ਆਪਣੇ ਲਈ ਸ਼ਰਾਬ ਸਿਧੀ ਇੰਗਲੈਂਡ ਤੋਂ ਹੀ ਮੰਗਵਾਉਂਦੇ ਹਨ । ਉਹ ਗਰੀਬ ਜਿਹੜੇ ਸ਼ਰਾਬ ਪੀਂਦੇ ਹਨ ਉਹ ਆਪਣੇ ਬਾਲ ਬਚਿਆਂ ਦੀਆਂ ਜ਼ਿੰਦਗੀਆਂ ਬਰਬਾਦ ਕਰਕੇ ਸਰਾਬ ਪੀਂਦੇ ਹਨ । ਜੇ ਕਰ ਤੁਸੀਂ ਉਨ੍ਹਾਂ ਦੀਆਂ ਇਸਤਰੀਆਂ ਨੂੰ ਜਾ ਕੇ ਪੁਛੋ ਤਾਂ ਤੁਹਾਨੂੰ ਪਤਾ ਚਲੇਗਾ ਕਿ ਉਹ ਕਿੰਨੀਆਂ ਦੁਖੀ ਹਨ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸ਼ਰਾਬ ਦੀ ਗੱਲ ਕੀਤੀ ਹੈ । ਮੈਂ ਅਰਜ਼ ਕਰਾਂ ਕਿ ਅਗਰ ਇਨ੍ਹਾਂ ਨੇ ਉਨ੍ਹਾਂ ਗਰੀਬਾਂ ਨੂੰ ਸਿਰਫ ਸਰਾਬ ਹੀ ਪਿਲਾਉਣੀ ਹੈ ਤਾਂ ਮੈਂ ਅਰਜ਼ ਕਰਾਂਗਾ ਕਿ ਇਹ ਜਿਹੜੀ ਤਸਵੀਰ ਮਹਾਤਮਾ ਗਾਂਧੀ ਜੀ ਦੀ ਇਸ ਹਾਊਸ ਵਿਚ ਲਗੀ ਹੋਈ ਹੈ ਇਸ ਨੂੰ ਇਥੋਂ ਰਿਮੂਵ ਕਰ ਦਿਤਾ ਜਾਏ । ਮੈਂ ਕਹਿੰਦਾ ਹਾਂ ਕਿ ਅਗਰ ਅਸੀਂ ਉਨ੍ਹਾਂ ਦੇ ਅਸੂਲਾਂ ਤੇ ਨਹੀਂ ਚਲਣਾ ਤਾਂ ਸਾਨੂੰ ਕੋਈ ਹੱਕ ਨਹੀਂ ਕਿ ਅਸੀਂ ਉਨ੍ਹਾਂ ਦੀ ਤਸਵੀਰ ਇਸ ਪਵਿਤਰ ਹਾਊਸ ਵਿਚ ਰਖੀਏ ।

ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਅਸੀਂ ਲੋਕਾਂ ਦੀ ਸ਼ਰਾਬ ਦੀ ਆਦਤ ਛੁੜਾ ਦੇਣੀ ਹੈ । ਮੈਂ ਇਨ੍ਹਾਂ ਨੂੰ ਲੁਧਿਆਣਾ ਦੇ ਅਦਾਦੋਸ਼ਮਾਰ ਦਸਦਾ ਹਾਂ । ਉਥੇ 55 ਲੱਖ ਰੁਪਏ ਦੀ ਅੰਗਰੇਜ਼ੀ ਸ਼ਰਾਬ ਵਿਕੀ, 65 ਲੱਖ ਰੁਪਏ ਦੀ ਦੇਸੀ ਅਤੇ 75 ਲੱਖ ਰੁਪਏ ਦੀ ਬੀਅਰ ਔਰ ਪਿਛਲੇ ਸਾਲ ਇਸ ਦੇ ਨਾਲੋਂ ਚੌਥਾ ਹਿਸਾ ਵਿਕੀ । ਇਹ ਕਹਿੰਦੇ ਹਨ ਕਿ ਲੋਕ ਸ਼ਰਾਬ ਪੀਣੋ ਘੱਟ ਰਹੇ ਹਨ, ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਲੁਧਿਆਣਾ ਵਿਚ 28% ਪੀਣ ਵਾਲੇ ਵਧੇ ਹਨ । (ਵਿਕਾਸ ਮੰਤਰੀ : ਉਹ ਲੋਕ ਪਹਿਲੋਂ ਨਾਜਾਇਜ਼ ਪੀਂਦੇ ਸਨ ।) ਮੈਂ ਅਰਜ਼ ਕਰਾਂ ਕਿ ਕਪਤਾਨ ਸਾਹਿਬ ਨੇ ਨਾਜਾਇਜ਼ ਸ਼ਰਾਬ ਦੀ ਗੱਲ ਕੀਤੀ ਹੈ, ਮੈਂ ਦਸ਼ਦਾ ਹਾਂ ਕਿ ਹੁਣ ਵੀ ਪਿੰਡਾਂ ਵਿਚ ਨਾਜਾਇਜ਼ ਸ਼ਰਾਬ ਦੇ ਸਿਲਸਲੇ ਵਿਚ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ । ਮੈਂ ਉਨ੍ਹਾਂ ਦੇ ਅਦਾਦੋਸ਼ਮਾਰ ਵੀ ਦਸ ਦਿੰਦਾ ਹਾਂ । 1971-72 ਵਿਚ ਜਿਹੜੇ ਨਾਜਾਇਜ਼ ਸ਼ਰਾਬ ਦੇ ਸਿਲਸਿਲੇ ਵਿਚ ਬੰਦੇ ਫੜੇ ਗਏ ਉਹ ਹਨ 1750, ਪਰ ਪਿਛਲੇ ਸਾਲ 1700 ਸਨ । ਹੁਣ ਖ਼ਿਆਲ ਕੀਤਾ ਜਾਏ ਕਿ ਆਇਆ ਉਨ੍ਹਾਂ ਦਾ ਨੰਬਰ ਵਧਿਆ ਹੈ ਜਾਂ ਘਟਿਆ ਹੈ । ਉਹ ਵਧੇ ਹਨ । ਮੈਂ ਅਰਜ਼ ਕਰਾਂ ਕਿ 2 ਅਕਤੂਬਰ ਨੂੰ ਮਹਾਤਮਾਂ ਗਾਂਧੀ ਜੀ ਦੇ ਜਨਮ ਦਿਨ ਤੇ ਜੋ ਅਸੀਂ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਕਿ ਅਸੀਂ ਨਸ਼ਾ ਬੰਦੀ ਖਤਮ ਕਰਾਂਗੇ, ਇਹ ਠੀਕ ਹੈ ਕਿ ਇਕ ਦਮ ਨਹੀਂ ਹੋ ਸਕਦੀ, ਅਤੇ ਇਹ ਚੀਜ਼ ਹੌਲੀ ਹੌਲੀ ਹੋਣੀ ਹੈ, ਉਸ ਤੇ ਅਮਲ ਨਹੀਂ ਕੀਤਾ ਜਾ ਰਿਹਾ । ਉਸ ਦੇ ਉਲਟ ਅਸੀਂ ਜ਼ਿਆਦਾ ਪਿਲਾਉਣੀ ਸ਼ੁਰੂ ਕਰ ਦਿਤੀ ਹੈ । ਮੈਂ ਸਮਝਦਾ ਹਾਂ ਕਿ ਇਹ ਜੋ ਕੁਝ ਹੋ ਰਿਹਾ ਹੈ ਪੰਜਾਬ ਦੇ ਨਾਲ ਧਰੋਹ ਹੋ ਰਿਹਾ ਹੈ ਅਤੇ ਇਸ ਤੋਂ ਵੱਡਾ ਪੰਜਾਬ ਦੇ ਨਾਲ ਹੋਰ ਕੋਈ ਧਰੋਹ ਨਹੀਂ ਹੋ ਸਕਦਾ ।

ਇਸ ਤੋਂ ਇਲਾਵਾ ਇਕ ਹੋਰ ਗੱਲ ਇਨ੍ਹਾਂ ਨੇ ਬੜੇ ਦਲੀਲ ਨਾਲ ਕਹੀ ਕਿ ਅਸੀਂ ਲੋਕਾਂ ਨੂੰ ਸ਼ਰਾਬ ਖਾਲਸ ਦੇ ਰਹੇ ਹਾਂ । ਮੈਂ ਅਰਜ਼ ਕਰਾਂ ਕਿ ਇਹ ਸ਼ਰਾਬ ਤਾਂ ਖਾਲਸ ਦੇ ਰਹੇ ਹਨ, ਪਰ ਇਹ ਲੋਕਾਂ ਨੂੰ ਨਾ ਤਾਂ ਖਾਲਸ ਦੁਧ ਦੇ ਸਕਦੇ ਹਨ, ਨਾ ਖਾਲਸ ਦਵਾਈਆਂ ਦੇ ਸਕਦੇ ਹਨ ਅਤੇ ਨਾ ਹੀ ਕੋਈ ਹੋਰ ਚੀਜ਼ ਖਾਲਸ ਦੇ ਸਕਦੇ ਹਨ । ਹਲਦੀ, ਮਿਰਚ ਮਸਾਲੇ ਤੱਕ ਇਹ ਖਾਲਸ ਨਹੀਂ ਦੇ ਸਕਦੇ ਲੋਕਾਂ ਨੂੰ, ਪਰ ਇਹ ਇਸ ਗੱਲ ਤੇ ਫ਼ਖਰ ਕਰਦੇ ਹਨ ਕਿ ਇਨ੍ਹਾਂ ਨੇ ਲੋਕਾਂ ਨੂੰ ਖਾਲਸ ਸ਼ਰਾਬ ਦੇਣੀ ਸ਼ੁਰੂ ਕਰ ਦਿਤੀ ਹੈ । ਡਿਪਟੀ ਸਪੀਕਰ ਸਾਹਿਬ, ਭਾਵੇਂ ਇਹ ਖਾਲਸ ਸ਼ਰਾਬ ਹੈ ਜਾਂ ਨਾ-ਖਾਲਸ, ਪਰ ਹੈ ਤਾਂ ਇਹ ਵੀ ਜ਼ਹਿਰ । ਜਿਹੜੀ ਨਾ ਖਾਲਸ ਹੈ ਉਸ ਦੇ ਨਾਲ ਤਾ ਬੰਦਾ ਉਸੇ ਵਕਤ ਹੀ ਮਰ ਜਾਂਦਾ ਹੈ ਪਰ ਜਿਹੜੀ ਇਹ ਖਾਲਸ ਹੈ, ਮੈਂ ਤਾਂ ਜ਼ਹਿਰ ਹੀ ਕਹਾਂਗਾ ਇਸ ਦੇ ਨਾਲ ਹੌਲੀ ਹੌਲੀ ਮਰੇਗਾ, ਮਰਨਾ ਤਾਂ ਹੈ ਉਸ ਨੇ ਜਿਸ ਨੇ ਸ਼ਰਾਬ ਪੀਣੀ ਹੈ। ਮੈਂ ਦਾਅਵਾ ਕਰਦਾ ਹਾਂ ਕਿ ਤੁਸੀਂ ਇਸ ਹਾਊਸ ਵਿਚ ਵੋਟਾਂ ਕਰਾ ਕੇ ਵੇਖ ਲਵੋ, ਜ਼ਿਆਦਾ ਵੋਟਾਂ ਇਸ ਦੇ ਵਿਰੁਧ ਹੀ ਭੁਗਤਣ-ਗੀਆਂ ।

ਦੂਜੀ ਗੱਲ ਮੈਂ ਇੰਡਸਟਰੀ ਦੇ ਮੁਤਅੱਲਕ ਅਰਜ਼ ਕਰਾਂਗਾ । ਮੈਂ ਆਪਣੇ ਵਿੱਤ ਮੰਤਰੀ ਨੂੰ ਇਸ ਗਲ ਲਈ ਮੁਬਾਰਕਬਾਦ ਦਿਆਂਗਾ ਕਿ ਉਨ੍ਹਾਂ ਨੇ ਇਸ ਪਾਸੇ ਵੀ ਬੜੀ ਤਵੱਜੋਹ ਦਿਤੀ ਹੈ । ਪੰਜਾਬ ਦੇ ਵਿਚ ਕਈ ਇਹੋ ਜਿਹੀਆਂ ਚੀਜ਼ਾਂ ਲਿਆਂਦੀਆਂ ਹਨ ਕਿ ਜਿਸ ਦੇ ਨਾਲ ਪੰਜਾਬ ਬੜੀ ਤਰੱਕੀ ਕਰੇਗਾ । ਪਰ ਮੈਂ ਅਰਜ਼ ਕਰਾਂਗਾ ਕਿ ਇਹ ਜਿਹੜੇ ਛੋਟੇ ਤਬਕੇ ਦੇ ਆਦਮੀ ਹਨ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਪਹੁੰਚਿਆ । ਪਿਛਲੇ ਦਿਨਾਂ ਵਿਚ ਇਨ੍ਹਾਂ ਨੇ ਛੋਟੇ ਤਬਕੇ ਵਾਲਿਆਂ ਕੋਲੋਂ ਫ਼ਾਰਮ ਪੁਰ ਕਰਵਾਏ, ਸਿਕਿਊਰਟੀਆਂ ਵੀ ਭਰਵਾਈਆਂ ।

[ਸ੍ਰੀ ਸਰਦਾਰੀ ਲਾਲ ਕਪੂਰ]

ਉਨ੍ਹਾਂ ਨੇ ਫਾਰਮਾਂ ਦੇ ਪੈਸੇ ਵੀ ਖਰਚੇ, ਇਸ਼ਟਾਮ ਵੀ ਲਿਖਵਾਏ ਅਤੇ ਪੈਸੇ ਖਰਚ ਕੀਤੇ। ਪਰ ਕੁਝ ਦਿਨ ਹੋਏ ਉਥੇ ਚਿਠੀ ਚਲੀ ਗਈ ਕਿ ਫਲਾਣੇ ਫਲਾਣੇ ਨੂੰ ਪੈਸੇ ਨਹੀਂ ਮਿਲ ਸਕਦੇ। ਜੇ ਉਹ ਪੈਸੇ ਨਹੀਂ ਸਨ ਲੈ ਸਕਦੇ ਤਾਂ ਉਨ੍ਹਾਂ ਗਰੀਬਾਂ ਕੋਲੋਂ ਇਸ਼ਟਾਮਾਂ ਆਦਿ ਦੇ ਪੈਸੇ ਕਿਉਂ ਖਰਚ ਕਰਵਾਏ ਗਏ। ਉਨ੍ਹਾਂ ਨੇ ਕਿਹਾ ਕਿ ਜੁਤੀਆਂ ਗਠਣ ਵਾਲੇ ਨੂੰ ਪੈਸੇ ਨਹੀਂ ਮਿਲ ਸਕਦੇ, ਵਾਣ ਵਟਣ ਵਾਲੇ ਨੂੰ ਪੈਸੇ ਨਹੀਂ ਮਿਲ ਸਕਦੇ। ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਤੋਂ ਪਹਿਲੋਂ ਅਪਲਾਈ ਹੀ ਕਿਉਂ ਕਰਵਾਇਆ ਗਿਆ। ਮੈਂ ਮਨਿਸਟਰ ਸਾਹਿਬ ਨੂੰ ਲਿਖ ਕੇ ਦੇਣ ਨੂੰ ਤਿਆਰ ਹਾਂ ਕਿ ਇਸ ਕੰਮ ਲਈ ਅਗੇ ਪੈਸੇ ਦਿਤੇ ਗਏ, ਪਰ ਹੁਣ ਬੰਦ ਕਰ ਦਿਤੇ। ਉਨ੍ਹਾਂ ਗਰੀਬਾਂ ਦਾ ਇਤਨਾ ਪੈਸਾ ਖਰਚ ਕਰਵਾਇਆ ਗਿਆ। ਮੈਂ ਅਰਜ਼ ਕਰਾਂ ਕਿ ਜਿਥੇ ਵੱਡੀਆਂ ਵੱਡੀਆਂ ਥਾਵਾਂ ਤੇ ਪੈਸੇ ਦਿਤੇ ਜਾਂਦੇ ਹਨ, ਉਥੇ ਛੋਟਿਆਂ ਨੂੰ ਵੀ ਦਿਤੇ ਜਾਣੇ ਚਾਹੀਦੇ ਹਨ, ਉਨ੍ਹਾਂ ਦੀ ਮਦਦ ਕਰਨੀ ਵੀ ਸਾਡਾ ਫਰਜ਼ ਬਣਦਾ ਹੈ। ਲੁਧਿਆਣਾ ਵਿਚ ਤਕਰੀਬਨ ਕੋਈ ਦੋ ਕਰੋੜ ਰੁਪਿਆ ਪਿਆ ਸੀ ਅਤੇ ਕਹਿ ਦਿਤਾ ਗਿਆ ਕਿ ਸਾਡੇ ਕੋਲ ਕੋਈ ਪੈਸਾ ਨਹੀਂ ਹੈ ਅਤੇ ਬੈਂਕਾਂ ਕੋਲੋਂ ਜਾ ਕੇ ਲਵੋ।

ਅੰਤ ਵਿਚ ਮੈਂ ਇਤਨੀ ਬੇਨਤੀ ਕਰਾਂਗਾ ਕਿ ਇਨ੍ਹਾਂ ਗਰੀਬਾਂ ਦਾ ਭਲਾ ਕਰੋ ਅਤੇ ਸ਼ਰਾਬ ਦੀ ਗੱਲ ਬੰਦ ਕਰੋ। ਧੰਨਵਾਦ।

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਡਿਸਕਸ ਹੋ ਰਹੀਆਂ ਹਨ, ਉਨ੍ਹਾਂ ਬਾਰੇ ਮੈਂ ਉਮੀਦ ਕਰਦਾ ਸੀ ਕਿ ਮੇਰੇ ਆਪੋਜ਼ੀਸ਼ਨ ਦੇ ਦੋਸਤ ਇਸ ਗੱਲ ਦੀ ਸਰਾਹਨਾ ਕਰਨਗੇ ਕਿ ਬਾਰਸ਼ਾਂ ਨਾ ਹੋਣ ਕਰਕੇ ਮੁਲਕ ਦੇ ਕਈ ਹਿਸਿਆਂ ਵਿਚ ਜੋ ਅਨਾਜ ਦੀ ਕਮੀ ਦਾ ਖਤਰਾ ਹੈ, ਇਸ ਕਮੀ ਨੂੰ ਦੂਰ ਕਰਨ ਵਾਸਤੇ ਅਤੇ ਰਬੀ ਦੀ ਕਰਾਪ ਨੂੰ ਕਾਮਯਾਬ ਕਰਨ ਵਾਸਤੇ ਅਸੀਂ ਜਲਦੀ ਤੋਂ ਜਲਦੀ ਟਿਊਬਵੈਲਜ਼ ਡੀਜ਼ਲ ਪੰਪਸ ਲਾਉਣ ਵਾਸਤੇ ਅਤੇ ਦੂਸਰੇ ਇਸ ਕਿਸਮ ਦੇ ਪ੍ਰਬੰਧ ਕਰਨ ਵਾਸਤੇ ਅਸੀਂ ਸਪਲੀਮੈਂਟਰੀ ਡਿਮਾਂਡਜ਼ ਵਿਚ ਰੱਖ ਕੇ ਇਸ ਹਾਊਸ ਤੋਂ ਪਾਸ ਕਰਾਉਣ ਲਈ ਲੈ ਆਏ ਹਾਂ। ਇਹ ਸਭ ਕੁਝ ਉਸ ਸਪਲੀਮੈਂਟਰੀ ਕਿਤਾਬ ਵਿਚ ਦਿਤਾ ਗਿਆ ਹੈ ਜਿਹੜੀ ਕੱਲ ਇਥੇ ਹਾਊਸ ਵਿਚ ਤਕਸੀਮ ਕੀਤੀ ਗਈ ਸੀ। ਇਸ ਦੇ ਵਿਚ ਅਸੀਂ 16 ਕਰੋੜ ਰੁਪਏ ਦੀ ਮਨਜ਼ੂਰੀ ਇਸ ਕਰ ਕੇ ਲੈ ਰਹੇ ਹਾਂ ਤਾਂ ਕਿ ਖੇਤੀਬਾੜੀ ਨੂੰ ਇਤਨਾ ਮਜ਼ਬੂਤ ਕੀਤਾ ਜਾਏ ਕਿ ਸਾਡੀ ਕਮੀ ਪੂਰੀ ਹੋ ਜਾਏ ਅਤੇ ਜ਼ਿਮੀਂਦਾਰ, ਕਿਸਾਨ ਦੀ ਪੂਰੀ ਪੂਰੀ ਮਦਦ ਕੀਤੀ ਜਾਏ ਖਾਸ ਕਰਕੇ 10 ਮੀਲ ਦੀ ਪਟੀ ਦਾ ਏਰੀਆ ਲਿਆ ਗਿਆ ਹੈ ਜਿਸ ਵਿਚ ਅੰਮ੍ਰਿਤਸਰ ਫਿਰੋਜ਼ਪੁਰ ਅਤੇ ਗੁਰਦਾਸਪੁਰ ਦੇ ਜ਼ਿਲ੍ਹੇ ਆਉਂਦੇ ਹਨ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦੀ ਮਦਦ ਕਰਕੇ ਪੈਦਾਵਾਰ ਨੂੰ ਵਧਾਇਆ ਜਾਵੇ। ਇਸ ਦੇ ਵਿਚ, ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਟਿਊਬਵੈਲਜ਼ ਦਾ ਤੁਅੱਲਕ ਹੈ ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਅਸੀਂ ਕਮ-ਅਜ਼-ਕਮ 75 ਸੌ ਦੇ ਕਰੀਬ ਟਿਊਬਵੈਲਜ਼ ਲਗਾ ਰਹੇ ਹਾਂ ਔਰ ਇਨ੍ਹਾਂ ਦੇ ਵਿਚ ਹੀ ਪੰਪਿੰਗ ਸੈਟਸ ਵੀ ਹਨ। ਇਸ ਢੰਗ ਦੇ ਨਾਲ 50% ਅਸੀਂ ਸਬਸਿਡੀ ਦਿਆਂਗੇ ਅਤੇ 50% ਲੋਨ ਦਿਆਂਗੇ।

ਡਿਪਟੀ ਸਪੀਕਰ ਸਾਹਿਬ, ਅਸੀਂ ਸਬ-ਮਾਊਨਟੇਨੀਅਸ ਏਰੀਆ ਅੰਦਰ ਡੀਪ ਟਿਊਬਵੈਲਜ਼ ਲਗਾ ਰਹੇ ਹਾਂ। ਇਹ ਟਿਊਬਵੈਲ 500, 600 ਫੁੱਟ ਡੂੰਘੇ ਹੁੰਦੇ ਹਨ। ਅੱਜ ਪੰਜਾਬ ਵਿਚ

1/3 ਹਿੱਸਾ ਅਜਿਹਾ ਹੈ ਜਿਥੇ ਲੋਕਾਂ ਕੋਲ ਖੇਤੀ ਬਾੜੀ ਕਰਨ ਲਈ ਪਾਣੀ ਨਹੀਂ । ਅਸੀਂ ਉਸ ਇਲਾਕੇ ਦੀ ਹਾਲਤ ਨੂੰ ਸਟਡੀ ਕਰ ਰਹੇ ਹਾਂ ਤਾਂਕਿ ਜਿਥੇ ਅਨਾਜ ਪੈਦਾ ਨਹੀਂ ਹੁੰਦਾ ਅਤੇ ਖੇਤੀ ਬਾੜੀ ਲਈ ਪਾਣੀ ਨਹੀਂ ਮਿਲਦਾ ਉਥੇ ਅਸੀਂ ਪਾਣੀ ਮੁਹਈਆ ਕਰੀਏ । ਅਸੀਂ 100 ਟਿਊਬਵੈਲ ਅਜਿਹੇ ਇਲਾਕੇ ਵਿਚ ਲਾਉਣ ਦਾ ਇਸ ਸਪਲੀਮੈਂਟਰੀ ਐਸਟੀਮੇਟਸ ਵਿਚ ਪ੍ਰੋਵੀਜ਼ਨ ਰਖਿਆ ਹੈ । ਇਸ ਦੇ ਨਾਲ ਹੀ ਅਸੀਂ ਪੰਜਾਬ ਰਾਜ ਬਿਜਲੀ ਬੋਰਡ ਅਤੇ ਪੰਜਾਬ ਟਿਊਬਵੈਲ ਕਾਰਪੋਰੇਸ਼ਨ ਨੂੰ 14 ਕਰੋੜ ਰੁਪਏ ਦੇ ਕਰੀਬ ਲੋਨ ਦੇ ਰਹੇ ਹਾਂ। ਇਸ ਦੇ ਵਿਚ ਲੋਕਾਂ ਨੂੰ 1 ਕਰੋੜ 80 ਲੱਖ ਰੁਪਏ ਦੇ ਕਰੀਬ ਸਬਸਿਡੀ ਦੇ ਰਹੇ ਹਾਂ । ਜਿਸ ਜਗ੍ਹਾ ਤੇ ਬਿਜਲੀ ਨਹੀਂ ਹੈ, ਉਥੇ ਅਸੀਂ ਡੀਜ਼ਲ ਸੈਟਸ ਦੇਈਏ ਅਤੇ ਜਿਥੇ ਬਿਜਲੀ ਹੈ ਉਥੇ ਪੰਪਿੰਗ ਸੈਟਸ ਵੰਡ ਦੇਈਏ, ਇਸ ਸਾਰੇ ਕੰਮ ਦਾ ਇਕੋ ਲਕਸ਼ ਹੈ ਕਿ ਪੰਜਾਬ ਅੰਦਰ ਅਸੀਂ ਤੇਜ਼ੀ ਨਾਲ ਰਬੀ ਕਰਾਪ ਨੂੰ ਕਾਮਯਾਬ ਬਣਾਈਏ ਅਤੇ ਸਾਰੇ ਦੇਸ਼ ਦੇ ਅਨਾਜ ਦੇ ਭੰਡਾਰ ਵਿਚ ਜੋ ਕਮੀ ਹੈ ਉਸ ਨੂੰ ਪੂਰਾ ਕਰਕੇ ਪੰਜਾਬ ਦੀ ਪੁਰਾਣੀ ਸ਼ਾਨ ਨੂੰ ਵਧਾਈਏ । ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਕਿਹਾ ਹੈ ਕਿ 16 ਕਰੋੜ ਰੁਪਏ ਤੋਂ ਇਲਾਵਾ ਹੋਰ ਵੀ ਜਿਤਨਾ ਰੁਪਿਆ ਨਹਿਰਾਂ ਨੂੰ ਪੱਕਿਆਂ ਕਰਨ ਵਾਸਤੇ, ਸਾਇਲ ਕੰਜ਼ਰਵੇਸ਼ਨ ਵਾਸਤੇ ਦੇਵੋਗੇ, ਉਤਨਾ ਹੀ ਚੰਗਾ ਰਿਜ਼ਲਟ ਅਸੀਂ ਦਿਖਾਵਾਂਗੇ । ਅਸੀਂ ਹਿੰਦ ਸਰਕਾਰ ਨੂੰ ਕਿਹਾ ਕਿ ਪੰਜਾਬ ਹੀ ਇਕ ਐਸਾ ਰਾਜ ਹੈ ਜਿਸ ਨੂੰ ਅਗਰ ਤਮਾਮ ਕਿਸਮ ਦੀਆਂ ਸਹੂਲਤਾਂ ਦਿਤੀਆਂ ਜਾਣ ਤਾਂ ਉਹ ਅਨਾਜ ਦੀ ਪੈਦਾਵਾਰ ਵਿਚ ਬਹੁਤ ਵਾਧਾ ਕਰ ਸਕਦਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਪੀਣ ਵਾਲੇ ਪਾਣੀ ਲਈ ਅਸੀਂ 75 ਲੱਖ ਰੁਪਿਆ ਮੰਗਿਆ ਹੈ । ਬੱਜਟ ਵਿਚ ਇਸ ਲਈ ਅਸੀਂ ਕੋਈ ਢਾਈ ਕਰੋੜ ਦੇ ਕਰੀਬ ਰੁਪਿਆ ਰਖਿਆ ਸੀ ਜਿਹੜਾ ਕਿ ਬਹੁਤ ਥੋੜ੍ਹਾ ਸੀ । ਅੱਜ ਵੀ ਪੰਜਾਬ ਅੰਦਰ ਤਕਰੀਬਨ 2800 ਐਸੇ ਪਿੰਡ ਹਨ ਜਿਥੇ ਪੀਣ ਲਈ ਪਾਣੀ ਨਹੀਂ ਮਿਲਦਾ । ਅਗਰ ਮਿਲਦਾ ਹੈ ਤਾਂ ਉਸ ਪਾਣੀ ਨਾਲ ਲੋਕ ਬਿਮਾਰ ਹੋ ਜਾਂਦੇ ਹਨ । ਕਈ ਜਗ੍ਹਾ, ਡਿਪਟੀ ਸਪੀਕਰ ਸਾਹਿਬ, ਅੱਜ ਵੀ ਲੋਕ 1 ਜਾਂ 2 ਮੀਲ ਦੂਰ ਪੀਣ ਵਾਲਾ ਪਾਣੀ ਲੈਣ ਲਈ ਜਾਂਦੇ ਹਨ । ਲੋਕਾਂ ਨੂੰ ਬਹੁਤ ਤਕਲੀਫ ਹੁੰਦੀ ਹੈ । ਇਸ ਤਕਲੀਫ ਨੂੰ ਤੇਜ਼ੀ ਨਾਲ ਦੂਰ ਕਰਨ ਵਾਸਤੇ ਅਸੀਂ ਇਹ ਪੈਸਾ ਮੰਗਿਆ ਹੈ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਸ਼ਰਾਬ ਦਾ ਤੁਅੱਲਕ ਹੈ, ਉਸ ਬਾਰੇ ਕੈਪਟਨ ਸਾਹਿਬ ਨੇ ਆਪਣੇ ਵਿਚਾਰ ਦਿਤੇ ਹਨ । ਜਿਥੋਂ ਤੱਕ ਡਿਵੈਲਪਮੈਂਟ ਦਾ ਤੁਅੱਲਕ ਹੈ, ਪੰਜਾਬ ਦੀ ਤਰੱਕੀ ਦਾ ਤੁਅੱਲਕ ਹੈ, ਉਸ ਸੋਮੇ ਵਿਚੋਂ ਸਰਕਾਰ ਨੂੰ ਆਮਦਨ ਆਉਂਦੀ ਹੈ । ਲੇਕਿਨ ਸਰਕਾਰ ਇਸ ਆਮਦਨ ਤੋਂ ਖੁਸ਼ ਨਹੀਂ । ਪਿਛੇ ਜਿਹੇ ਜਿਥੇ ਵੀ ਸ਼ਰਾਬ ਪੀਣੀ ਬੰਦ ਕੀਤੀ ਗਈ ਹੈ, ਉਥੇ ਨਾ ਸਿਰਫ ਪੁਲਿਸ ਦਾ ਖਰਚ ਵਧਿਆ ਹੈ ਬਲਿਕ ਸਰਕਾਰ ਦਾ ਰੈਵਿਨਯੂ ਵੀ ਖਤਮ ਹੋ ਗਿਆ ਹੈ । ਸਰਕਾਰ ਦਾ ਇਹ ਵਿਚਾਰ ਹੈ ਕਿ ਅਸੀਂ ਆਹਿਸਤਾ ਆਹਿਸਤਾ ਲੋਕਾਂ ਵਿਚ ਪ੍ਰਚਾਰ ਕਰੀਏ ਅਤੇ ਸਮਾਜਕ ਸੰਸਥਾਵਾਂ ਨੂੰ ਐਕਟਿਵ ਕਰੀਏ ਤਾਂਕਿ ਲੋਕ ਇਸ ਲਾਹਨਤ ਤੋਂ ਬਚਣ । ਜਿਨ੍ਹਾਂ ਨੇ ਪੀਣੀ ਹੈ, ਉਨ੍ਹਾਂ ਨੂੰ ਵੀ ਪ੍ਰੇਰਨਾ ਕਰੀਏ । ਜਿਹੜੇ ਲੋਕ ਬਦਕਿਸਮਤੀ ਨਾਲ ਪੀਂਦੇ ਹਨ, ਉਨ੍ਹਾਂ ਨੂੰ ਭਾਵੇਂ ਮਾੜੀ ਸ਼ਰਾਬ ਮਿਲੇ ਜਾਂ ਚੰਗੀ, ਉਨ੍ਹਾਂ ਨੇ ਤਾਂ ਜ਼ਰੂਰ ਪੀਣੀ ਹੈ । ਇਸ ਲਈ ਜਿੰਨਾ ਚਿਰ ਇਹ ਲਾਹਨਤ ਬਿਲਕੁਲ ਖਤਮ ਨਹੀਂ ਹੋ ਜਾਂਦੀ, ਉਤਨਾ ਚਿਰ ਮੈਂ ਸਮਝਦਾ ਹਾਂ ਕਿ ਇਕ ਤਾਂ ਲੋਕਾਂ ਨੂੰ ਅਸੀਂ ਚੰਗੀ ਸ਼ਰਾਬ ਦੇਈਏ ਅਤੇ ਦੂਜਾ ਸਟੇਟ ਦਾ ਰੈਵਨਯੂ ਵੀ ਨਾ ਗਵਾਈਏ । ਮੈਂ ਸ੍ਰੀ ਸਰਦਾਰੀ ਲਾਲ ਕਪੂਰ ਅਤੇ ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਨੂੰ ਦੱਸਦਾ ਹਾਂ ਕਿ ਸਾਨੂੰ ਇਸ ਗੱਲ ਦੀ ਕੋਈ ਖ਼ੁਸ਼ੀ

[ਵਿੱਤ ਮੰਤਰੀ]

ਜਾਂ ਪ੍ਰਾਊਡ ਨਹੀਂ । ਲੋਕਾਂ ਤੇ ਇਸ ਵੇਲੇ ਕਾਫੀ ਹੱਦ ਤਕ ਟੈਕਸ ਲਗੇ ਹੋਏ ਹਨ ! ਅਸੀਂ ਹੋਰ ਟੈਕਸ ਲੋਕਾਂ ਤੇ ਲਗਾ ਨਹੀਂ ਸਕਦੇ । ਫਿਰ ਜੇ ਅਸੀਂ ਇਸ ਆਮਦਨ ਨੂੰ ਗਵਾ ਦੇਈਏ ਤਾਂ ਇਹ ਠੀਕ ਨਹੀਂ । ਸ਼ਾਇਦ ਕੈਪਟਨ ਸਾਹਿਬ ਨੇ ਦਸਿਆ ਹੋਵੇਗਾ ਕਿ ਬ੍ਰਥ ਲਿਕਰਜ਼ ਵਾਲੇ ਇਹ ਨਹੀਂ ਚਾਹੁੰਦੇ ਕਿ ਚੰਗੀਆਂ ਚੀਜ਼ਾਂ ਸਰਕਾਰ ਮੁਹਈਆ ਕਰੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਇੰਡਸਟਰੀ ਅਤੇ ਫੈਕਟਰੀਆਂ ਬੰਦ ਹੋ ਜਾਂਦੀਆਂ ਹਨ । ਇਸ ਇਨਕਮ ਤੋਂ ਅਸੀਂ ਖੁਸ਼ ਨਹੀਂ ਲੇਕਿਨ ਸਾਡੀ ਕੋਸ਼ਿਸ਼ ਇਹ ਹੋਵੇਗੀ ਕਿ ਲੋਕ ਸ਼ਰਾਬ ਤੋਂ ਦੂਰ ਰਹਿ ਸਕਣ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕੈਨੇਡੀਅਨ ਸਾਹਿਬ ਨੇ ਕੁਝ ਪ੍ਰਾਇਰਿਟਿਸ ਦਾ ਜ਼ਿਕਰ ਕੀਤਾ ਹੈ । ਉਨ੍ਹਾਂ ਨੇ ਮਹਿੰਗਾਈ ਤੇ ਕਾਬੂ ਪਾਉਣ ਵਾਸਤੇ ਅਤੇ ਖਾਸ ਤੌਰ ਤੇ ਵੀਕਰ ਸੈਕਸ਼ਨ ਨੂੰ, ਜਿਹੜਾ ਕਿ ਪੰਜਾਬ ਵਿਚ ਤਕਰੀਬਨ 40% ਬਣਦਾ ਹੈ, ਉਸ ਨੂੰ ਇਸ ਮਹਿੰਗਾਈ ਤੋਂ ਬਚਾਉਣ ਲਈ ਕਿਹਾ ਹੈ । ਅਸੀਂ ਇਸ ਪਾਸੇ ਵਲ ਕਦਮ ਚੁਕੇ ਹਨ । ਮੈਨੂੰ ਇਹ ਦਸ ਕੇ ਖੁਸ਼ੀ ਹੁੰਦੀ ਹੈ ਕਿ ਕੇਵਲ ਦਾਲਾਂ ਵਾਸਤੇ ਅਸੀਂ ਕੰਜ਼ਿਊਮਰ ਕੁਆਪਰੇਟਿਵ ਸਟੋਰਜ਼ ਨੂੰ 20 ਲੱਖ ਰੁਪਏ ਦੇ ਰਹੇ ਹਾਂ । ਇਸ ਹਾਊਸ ਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਲਿਖਿਆ ਹੈ ਕਿ ਜਿਥੋਂ ਤਕ ਅਨਾਜ, ਚਾਵਲ, ਘੀ ਖੰਡ ਆਦਿ ਦਾ ਤੁਅੱਲਕ ਹੈ, ਇਹ ਸਰਕਾਰ ਨੂੰ ਹੋਲ-ਸੇਲ ਟਰੇਡ ਟੇਕ ਓਵਰ ਕਰਨਾ ਚਾਹੀਦਾ ਹੈ ਤਾਂਕਿ ਗਰੀਬ ਆਦਮੀ ਇਸ ਮਹਿੰਗਾਈ ਤੋਂ ਬਚ ਸਕਣ । ਸਰਕਾਰ ਨੇ ਵੀਕਰ ਸੈਕਸ਼ਨ ਨੂੰ ਘੀ, ਚਾਵਲ, ਖੰਡ, ਤੇਲ ਆਦਿ ਜਿੰਨੀਆਂ ਵੀ ਚੀਜ਼ਾਂ ਸਾਡੇ ਕੋਲ ਹਨ, ਦੇਣ ਦੀ ਜ਼ਿਮੇਵਾਰੀ ਲਈ ਹੈ। ਦੂਸਰਾ ਸਾਡੀਆਂ ਫੇਅਰ ਪ੍ਰਾਈਸ ਸ਼ਾਪਸ ਅਤੇ ਡਿਪੂਆਂ ਤੋਂ ਇਲਾਵਾ ਅਸੀਂ ਇਹ ਫੈਸਲਾ ਕੀਤਾ ਹੈ ਕਿ ਪਿੰਡਾਂ ਅੰਦਰ ਜਿਹੜੀਆਂ ਕੁਆਪਰੇਟਿਵ ਸੋਸਾਇਟੀਆਂ ਹੁੰਦੀਆਂ ਹਨ, ਉਹ ਇਨ੍ਹਾਂ ਅਸੈਂਸ਼ਲ ਕਾਮੋਡੀਟੀਜ਼ ਨੂੰ ਲੈ ਕੇ ਜਾਣ ਅਤੇ ਜਦੋਂ ਤਕ ਉਥੋਂ ਦਾ ਸਰਪੰਚ ਜਾਂ ਪੰਚ ਇਹ ਦਸਤਖਤ ਨਾ ਕਰੇ ਅਸੀਂ ਨਹੀਂ ਮੰਨਾਂਗੇ ਕਿ ਲੋਕਾਂ ਵਿਚ ਚੀਜ਼ਾਂ ਡਿਸਟਰੀਬਿਊਟ ਹੋਈਆਂ ਹਨ । ਇਸੇ ਤਰ੍ਹਾਂ ਅਸੀਂ ਲੇਬਰ ਯੂਨੀਅਨਜ਼ ਅਤੇ ਇਮਪਲਾਈਜ਼ ਦੀਆਂ ਜਿਹੜੀਆਂ ਐਸੋਸੀਏਸ਼ਨਾਂ ਹਨ, ਇਨ੍ਹਾਂ ਨੂੰ ਇਹ ਚੀਜ਼ਾਂ ਦੇਵਾਂਗੇ ਤਾਂਕਿ ਉਹ ਆਪਣੇ ਮੈਂਬਰਾਂ ਵਿਚ ਤਕਸੀਮ ਕਰ ਸਕਣ । ਸਰਕਾਰ ਇਹ ਕੋਸ਼ਿਸ਼ ਕਰ ਰਹੀ ਹੈ ਕਿ ਜਿਤਨਾ ਵੀ ਸਾਡੇ ਕੋਲ ਅਸੈਂਸ਼ਲ ਕਾਮੋਡੀਟੀਜ਼ ਦਾ ਸਟਾਕ ਹੈ, ਜਿਨ੍ਹਾਂ ਬਗੈਰ ਗਰੀਬ ਲੋਕਾਂ ਦਾ ਗੁਜ਼ਾਰਾ ਨਹੀਂ ਹੁੰਦਾ, ਉਹ ਅਸੀਂ ਲੋਕਾਂ ਅੰਦਰ ਤਕਸੀਮ ਕਰੀਏ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਵਾਇਦੇ ਪਹਿਲਾਂ ਲੋਕਾਂ ਨਾਲ ਕੀਤੇ ਸਨ ਉਹ ਪੂਰੇ ਨਹੀਂ ਕੀਤੇ । ਇਸ ਦਾ ਕੀ ਕਾਰਨ ਹੈ ? ਤੁਸੀਂ 9 ਮਹੀਨੇ ਵਿਚ ਹੁਣ ਤਕ ਕੀ ਕੀਤਾ ਹੈ ? ਇਤਨੀ ਮਹਿਗਾਈ ਵਧ ਗਈ ਹੈ ।

Mr. Deputy Speaker ; This is no point of order. Please resume your seat.

ਵਿੱਤ ਮੰਤਰੀ : ਮੇਰੇ ਕਈ ਸਾਥੀ ਮਹਿੰਗਾਈ ਤੇ ਡਿਸਕਸ਼ਨ ਕਰਦੇ ਹਨ । ਕਮਿਊਨਿਸਟ ਵੀਰ ਵੀ ਇਸ ਮਸਲੇ ਤੇ ਡਿਸਕਸ਼ਨ ਕਰਦੇ ਹਨ । ਮੇਰੇ ਸਾਥੀਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਨੇ ਬੰਗਲਾ ਦੇਸ਼ ਦੀ ਲੜਾਈ ਲੜੀ ਹੈ ਇਸ ਲਈ ਜ਼ਰੂਰੀ ਸੀ ਕਿ

ਕੀਮਤਾਂ ਉਪਰ ਚਲੀਆਂ ਜਾਂਦੀਆਂ । ਲੇਕਿਨ ਇਹ ਸਰਕਾਰ ਐਸੇ ਸਟੈਪਸ ਲੈ ਰਹੀ ਹੈ ਜਿਸ ਨਾਲ ਕਿ ਇਹ ਲੋਕਾਂ ਨੂੰ ਰੋਜ਼ ਮੱਰਾ ਦੀਆਂ ਚੀਜ਼ਾਂ ਮੁਨਾਸਿਬ ਕੀਮਤ ਤੇ ਮੁਹਈਆ ਕਰ ਸਕੇ । ਜਿਹੜਾ ਤਬਕਾ ਐਜੀਟੇਸ਼ਨ ਕਰ ਸਕਦਾ ਹੈ, ਸ਼ੋਰ ਮਚਾ ਸਕਦਾ ਹੈ ਉਹ ਹੈ ਸਰਕਾਰੀ ਮੁਲਾਜ਼ਮ, ਜਿਨ੍ਹਾਂ ਨੂੰ ਕਿ ਇਸ ਸਰਕਾਰ ਨੇ 9 ਮਹੀਨਿਆਂ ਵਿਚ 9 ਕਰੋੜ ਰੁਪਏ ਦਿਤੇ ਹਨ । 9 ਕਰੋੜ ਰੁਪਏ ਜਿਹੜਾ ਕਿ ਇਨ੍ਹਾਂ ਨੂੰ ਰੀਲੀਫ ਦਿਤਾ ਹੈ, ਇਸ ਤੋਂ ਇਲਾਵਾ ਅਸੀਂ ਫੈਕਟਰੀ ਵਰਕਰਜ਼ ਨੂੰ ਵੀ ਬੜੀ ਸਹਾਇਤਾ ਦਿਤੀ ਹੈ ।

ਡਿਪਟੀ ਸਪੀਕਰ ਸਾਹਿਬ, ਕਲ ਜ਼ਿਕਰ ਹੋਇਆ ਸੀ ਕਿ ਇਸ ਸਰਕਾਰ ਨੇ ਮਜ਼ਦੂਰਾਂ ਲਈ ਕੀ ਕੀਤਾ ਹੈ । ਮਜ਼ਦੂਰਾਂ ਦੇ ਵਾਸਤੇ ਜਿਥੇ ਕਿ ਪਹਿਲਾਂ 100 ਰੁਪਏ ਮਹੀਨਾ ਘੱਟ ਤੋਂ ਘੱਟ ਤਨਖਾਹ ਸੀ ਹੁਣ 125 ਰੁਪਏ ਮੁਕਰਰ ਹੋ ਗਈ ਹੈ । (ਥੰਪਿੰਗ) ਪਰ ਇਸ ਨਾਲ ਵੀ ਸਾਡੀ ਤਸੱਲੀ ਨਹੀਂ ਹੋਈ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਫੈਕਟਰੀਆਂ ਵਿਚ ਟਰੀਪਾਰ-ਟਾਈਟ ਸਿਸਟਮ ਨਾਲ ਅਸੀਂ ਮੈਨੇਜਮੈਂਟਸ ਨੂੰ ਅਤੇ ਲੇਬਰਰਜ਼ ਨੂੰ ਬਿਠਾ ਕੇ ਗਲ ਬਾਤ ਕਰੀਏ ਅਤੇ ਮਜ਼ਦੂਰਾਂ ਦੀ, ਵਰਕਰਾਂ ਦੀ ਹੋਰ ਸਹਾਇਤਾ ਕਰੀਏ । ਅਸੀਂ ਅਠਾਰਾਂ ਇਨਡਸ-ਟਰੀਜ਼ ਵਿਚ ਮਿਨੀਮੱਮ ਵੇਜਜ਼ ਐਕਟ ਕਮੇਟੀਆਂ ਬਣਾ ਚੁਕੇ ਹਾਂ ਅਤੇ ਮਿਨੀਮੱਮ ਵੇਜ ਮੁਕੱਰਰ ਕਰ ਚੁਕੇ ਹਾਂ (ਥੰਪਿੰਗ) ।

ਖੇਤ ਮਜ਼ਦੂਰ ਦਾ ਜ਼ਿਕਰ ਕੀਤਾ ਗਿਆ ਹੈ । ਮੈਂ ਅਰਜ਼ ਕਰਦਾ ਹਾਂ ਪਹਿਲਾਂ ਖੇਤ ਮਜ਼ਦੂਰ ਦੀ ਤਨਖਾਹ ਘੱਟ ਤੋਂ ਘੱਟ 100 ਰੁਪਏ ਹੁੰਦੀ ਸੀ । ਉਨ੍ਹਾਂ ਨੂੰ ਕੇਵਲ 100 ਰੁਪਏ ਮਿਲਦੇ ਸੀ ।

ਸ੍ਰੀ ਡਿਪਟੀ ਸਪੀਕਰ : ਐਫ. ਐਮ. ਸਾਹਿਬ ਪੰਜ ਮਿੰਟਾਂ ਵਿਚ ਹੀ ਵਾਈਂਡ ਅੱਪ ਕਰਨ ਦਾ ਯਤਨ ਕਰੋ ਨਹੀਂ ਤਾ ਹਾਊਸ ਐਕਸਟੈਂਡ ਕਰਨਾ ਪਵੇਗਾ । (Please try to wind up within five minutes otherwise, the time of the sitting will have to be extended.)

ਵਿੱਤ ਮੰਤਰੀ : ਠੀਕ ਹੈ ਜੀ । ਸੋ, ਡਿਪਟੀ ਸਪੀਕਰ ਸਾਹਿਬ, ਅਸੀਂ ਉਸ ਖੇਤ ਮਜ਼ਦੂਰ ਦੀ ਮਿਨੀਮੱਮ ਵੇਜ 680 ਰੁਪਏ ਕਰਨਾ ਚਾਹੁੰਦੇ ਹਾਂ । (ਥੰਪਿੰਗ) ਇਸ ਕਾਨੂੰਨ ਤੇ ਅਮਲ ਕਰਨ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪਟਵਾਰੀ ਜਾਂ ਕਾਨੂੰਨਗੋ ਇਸ ਤੇ ਅਮਲ ਨਹੀਂ ਕਰਵਾਇਆ ਕਰਨਗੇ ਸਗੋਂ ਬੀ. ਡੀ. ਓਜ਼, ਅਤੇ ਐਸ. ਡੀ. ਐਮ. ਤੇ ਪੰਚਾਇਤ ਅਫਸਰ ਇਸ ਤੇ ਅਮਲ ਕਰਵਾਇਆ ਕਰਨਗੇ ।

(ਇਸ ਸਮੇਂ ਸਰਦਾਰ ਗੁਰਦੇਵ ਸਿੰਘ ਬਾਦਲ ਪੁਆਇੰਟ ਆਫ ਆਰਡਰ ਦੀ ਖੜੇ ਹੋ ਕੇ ਮੰਗ ਕਰ ਰਹੇ ਸਨ)

Mr. Deputy Speaker : No point of order. Please resume your seat.

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਇਹ ਠੀਕ ਨਹੀਂ ਹੈ। ਤੁਹਾਨੂੰ ਬੋਲਣ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਹੈ ।

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਖੇਤ ਮਜ਼ਦੂਰਾਂ ਦੀ ਗਲ ਚਲ ਰਹੀ ਹੈ....

Mr. Deputy Speaker : This is no point of order. Please resume your seat. (Interruption)

ਵਿੱਤ ਮੰਤਰੀ : ਸੋ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਥੋਂ ਤਕ ਆਰਗੇਨਾਈਜ਼ਡ ਲੇਬਰ ਦਾ ਸਵਾਲ ਹੈ, ਸਨਅਤੀ ਮਜ਼ਦੂਰ ਦਾ ਸਵਾਲ ਹੈ ਉਸ ਵਿਚ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਜਿਹੜੇ ਈ.ਐਸ.ਆਈ. ਹਸਪਤਾਲ ਹਨ ਸਾਡੇ ਮਜ਼ਦੂਰਾਂ ਵਾਸਤੇ ਹਨ, ਉਨ੍ਹਾਂ ਵਿਚ ਕੇਵਲ ਪਹਿਲਾਂ ਮਜ਼ਦੂਰਾਂ ਦਾ ਹੀ ਇਲਾਜ ਹੁੰਦਾ ਸੀ ਪਰ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਨ੍ਹਾਂ ਵਿਚ ਮਜ਼ਦੂਰਾਂ ਦੇ ਪਰੀਵਾਰਾਂ ਦਾ ਵੀ ਇਲਾਜ ਹੋ ਸਕੇਗਾ । ਇਸ ਕੰਮ ਲਈ ਛੇ ਲੱਖ ਰੁਪਏ ਰਖੇ ਗਏ ਹਨ । (ਥੰਪਿੰਗ) ਡਾਂਗ ਸਾਹਿਬ ਨੇ ਕਿਹਾ ਸੀ ਕਿ ਸਿਕਿਊਰਿਟੀ ਆਫ ਸਰਵਿਸ ਹੋਣੀ ਚਾਹੀਦੀ ਹੈ ਜਾਂ ਸਟੈਂਡਿੰਗ ਆਰਡਰ ਹੋਣੇ ਚਾਹੀਦੇ ਹਨ । ਮੈਂ, ਡਿਪਟੀ ਸਪੀਕਰ ਸਾਹਿਬ, ਦਸਣਾ ਚਾਹੁੰਦਾ ਹਾਂ ਕਿ ਪਹਿਲੇ ਜਿਹੜੇ ਕਾਰਖਾਨਿਆਂ ਵਿਚ 50 ਤੋਂ ਵੱਧ ਕੰਮ ਕਰਦੇ ਹੋਣ ਉਥੇ ਹੀ ਸਟੈਂਡਿੰਗ ਆਰਡਰ ਲਾਗੂ ਹੁੰਦਾ ਸੀ ਪਰ ਇਸ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਜਿਥੇ ਵੀਹ ਜਾਂ ਵੀਹ ਤੋਂ ਵੱਧ ਮਜ਼ਦੂਰ ਕੰਮ ਕਰਦੇ ਹੋਣ ਉਥੇ ਵੀ ਇਹ ਸਟੈਂਡਿੰਗ ਆਰਡਰ ਲਾਗੂ ਹੋਵੇਗਾ ।

ਡਿਪਟੀ ਸਪੀਕਰ ਸਾਹਿਬ, ਫਿਰ ਗਰੈਚੁਟੀ ਦੇ ਬਾਰੇ ਵਿਚ ਮੰਗ ਸੀ ਔਰ ਮੈਂ ਵਿਸ਼ਵਾਸ਼ ਦਿਵਾਇਆ ਸੀ ਕਿ ਜੇ ਪਾਰਲੀਮੈਂਟ ਇਸ ਦੇ ਬਾਰੇ ਬਿੱਲ ਪਾਸ ਨਹੀਂ ਕਰੇਗੀ ਤਾਂ ਅਸੀਂ ਅਗਲੇ ਸੈਸ਼ਨ ਵਿਚ ਇਸ ਤਰ੍ਹਾਂ ਬਿੱਲ ਲੈ ਆਵਾਂਗੇ । ਇਹ ਖੁਸ਼ੀ ਦੀ ਗਲ ਹੈ ਕਿ ਪਾਰਲੀਮੈਂਟ ਵਿਚ ਇਹ ਬਿੱਲ ਪਾਸ ਹੋ ਗਿਆ ਹੈ ਅਤੇ ਇਹ ਸਾਰੇ ਪੰਜਾਬ ਤੇ ਵੀ ਲਾਗੂ ਹੋ ਜਾਵੇਗਾ । ਸੋ ਇਸ ਤਰ੍ਹਾਂ ਜਿਹੜਾ ਵੀ ਆਰਗੇਨਾਈਜ਼ਡ ਸੈਕਟਰ ਹੈ ਉਸ ਦੇ ਸਾਰੇ ਹੀ ਝਗੜੇ ਲੱਗ ਭਗ ਖਤਮ ਹੋ ਗਏ ਹਨ । ਇਨ੍ਹਾਂ ਦੇ ਲੁਧਿਆਣੇ ਵਿਚ ਅਤੇ ਪਟਿਆਲੇ ਆਦਿ ਵਿਚ ਸਾਰੇ ਝਗੜੇ ਖ਼ਤਮ ਹੋ ਗਏ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਗਈਆਂ ਹਨ ।

ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ ਕੇਵਲ ਉਨ੍ਹਾਂ ਵਲ ਹੀ ਧਿਆਨ ਨਹੀਂ ਦਿਤਾ ਜਿਹੜੇ ਕਿ ਆਰਗੇਨਾਈਜ਼ਡ ਹਨ, ਲੜਾਈ ਲੜ ਸਕਦੇ ਹਨ ਸਗੋਂ ਇਸ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਜਿਹੜੀਆਂ ਵਿਡੋਜ਼ ਹਨ ਜਿਨ੍ਹਾਂ ਨੂੰ ਪਹਿਲਾਂ 30—35 ਰੁਪਏ ਮਹੀਨਾ ਮਿਲਦਾ ਸੀ ਉਸ ਨੂੰ ਵਧਾ ਕੇ 50 ਰੁਪਏ ਮਹੀਨਾ ਕਰ ਦਿਤਾ ਹੈ। ਅਤੇ ਇਸ ਕੰਮ ਲਈ 10 ਲੱਖ ਰੁਪਏ ਦਾ ਭਾਰ ਸਰਕਾਰ ਨੇ ਆਪਣੇ ਤੇ ਪਾਇਆ ਹੈ । ਇਨ੍ਹਾਂ ਦੀ ਕੋਈ ਮੰਗ ਨਹੀਂ ਸੀ । (ਥੰਪਿੰਗ)

ਜਿਹੜੇ ਪ੍ਰੋਵਿੰਸ਼ਲਾਈਜ਼ਡ ਸਕੂਲਾਂ ਦੇ ਟੀਚਰਜ਼ ਹਨ ਉਨ੍ਹਾਂ ਲਈ ਸਰਕਾਰ ਨੇ 50 ਲੱਖ ਰੁਪਏ ਦਾ ਖਰਚਾ ਆਪਣੇ ਤੇ ਪਾਇਆ ਹੈ । ਇਸ ਨਾਲ ਉਨ੍ਹਾਂ ਸਕੂਲਾਂ ਦੇ ਟੀਚਰਜ਼ ਨੂੰ ਪੈਨਸ਼ਨ ਦਿਤੀ ਜਾਵੇਗੀ (ਥੰਪਿੰਗ) । ਤਾਕਿ ਉਨ੍ਹਾਂ ਦੀ ਓਲਡਏਜ ਵਿਚ ਮਦੱਦ ਹੋ ਸਕੇ । ਮੈਨੂੰ ਡੀਵੈਲਪਮੈਂਟ ਦੇ ਕੰਮਾਂ ਵਿਚ ਜਾਣ ਦੀ ਲੋੜ ਨਹੀਂ । ਉਨ੍ਹਾਂ ਬਾਰੇ ਤਾਂ ਚੀਫ ਮਨਿਸਟਰ ਸਾਹਿਬ ਬਹੁਤ ਕੁਝ ਦਸ ਚੁਕੇ ਹਨ । ਜਿਥੋਂ ਤਕ ਟੀਚਰਜ਼ ਦਾ ਸਬੰਧ ਹੈ ਉਨ੍ਹਾਂ ਦੇ ਬਾਰੇ ਵੀ ਕਲ ਨੂੰ ਐਜੂਕੇਸ਼ਨ ਮਨਿਸਟਰ ਸਾਹਿਬ ਬਿਆਨ ਦੇਣਗੇ । ਜਿਥੋਂ ਤਕ ਪ੍ਰਾਈਵੇਟ ਕਾਲਜਾਂ ਦਾ ਸਬੰਧ ਹੈ ਉਸ ਵਿਚ ਗਰਾਂਟ-ਇਨ-ਏਡ ਵਧਾਈ ਹੈ ।

ਓਲਡ ਏਜ ਪੈਨਸ਼ਨ ਜਿਹੜੀ ਕਿ ਲੋਕਾਂ ਨੂੰ ਮਿਲਦੀ ਹੈ ਉਸ ਨੂੰ ਵੀ ਵਧਾਕੇ ਅਸੀਂ 35-40 ਰੁਪਏ ਕਰਨਾ ਚਾਹੁੰਦੇ ਹਾਂ । ਲੇਕਿਨ ਇਨ੍ਹਾਂ ਸਾਰੇ ਕੰਮਾਂ ਲਈ ਬੈਲੈਂਸ ਕਰਨਾ

ਪਵੇਗਾ । ਅਸੀਂ ਮਜ਼ਦੂਰਾਂ ਨੂੰ ਰੋਜ਼ ਮੱਰਾ ਦੀਆਂ ਚੀਜ਼ਾਂ ਸਸਤੇ ਭਾ ਤੇ ਦੇਣੀਆਂ ਹਨ । ਇਤਨਾ ਕੁਝ ਕਰਨ ਦੇ ਬਾਅਦ ਵੀ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਖੁਸ਼ੀ ਹੋਵੇਗੀ ਕਿ ਇਸ ਸਰਕਾਰ ਨੇ ਜੰਤਾ ਤੇ ਕੋਈ ਹੋਰ ਟੈਕਸ ਨਹੀਂ ਲਗਾਇਆ । ਕਿਉਂਕਿ ਇਹ ਸਰਕਾਰ ਟੈਕਸ ਲਗਾਉਣ ਵਾਸਤੇ ਨਹੀਂ । (ਵਿਘਨ) ਇਹ 16 ਕਰੋੜ ਰੁਪਏ ਵੀ ਖਰਚ ਕਰ ਰਹੇ ਹਾਂ । ਪਰ ਫਿਰ ਵੀ ਅਸੀਂ ਟੈਕਸ ਨਹੀਂ ਲਗਾਏ । ਇਸ ਸਰਕਾਰ ਦੀ ਨੀਤੀ ਹੈ ਕਿ ਜਦ ਤਕ ਟੈਕਸ ਲਗਾਉਣ ਤੋਂ ਬਗੈਰ ਇਹ ਚਲ ਸਕੇਗੀ, ਚਲਾਵਾਂਗੇ । ਜੇ ਫੇਰ ਵਸ ਨਾ ਚਲੀ, ਟੈਕਸ ਲਾਉਣਾ ਹੀ ਪਿਆ ਤਾਂ ਫੇਰ ਵਡੇ ਵਡੇ ਮਗਰ-ਮੱਛਾਂ ਤੇ ਹੀ ਲਾਵਾਂਗੇ, ਜਿਹੜੇ ਕਿ ਦੇ ਸਕਦੇ ਹੋਣ । ਮੈਂ ਆਸ ਕਰਦਾ ਹਾਂ ਕਿ ਸਰਕਾਰ ਦੀ ਇਸ ਨੀਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਹਾਊਸ ਇਨ੍ਹਾਂ ਸਾਰੀਆਂ ਮੰਗਾਂ ਨੂੰ ਪ੍ਰਵਾਨ ਕਰੇਗਾ ।

DEMAND NO. 2

Mr. Deputy Speaker: First I shall put Cut Motion to Demand No. 2 to the vote of the House.

Mr. Deputy Speaker: Question is—

That the Demand be reduced by Rs. 100/-

The Motion was lost.

Mr. Deputy Speaker : Question is—

That a Supplementary sum not exceeding Rs. 34, 48, 100/- be granted to the Governor to defray the charges that will come in course of payment for the year ending 31st March, 1973 in respect of 10-State Excise Duties.

The Motion was carried.

DEMAND NO. 18

Mr. Deputy Speaker: Question is—

That a Supplementary sum not exceeding Rs. 75,00,000 be granted to the Governor to defray the charges that will come in course of payment for the year ending 31st March, 1973 in respect of 30—Public Health.

The Motion was carried.

DEMAND NO. 20

Mr. Deputy Speaker: Question is—

That a Supplementary sum not exceeding Rs. 1,87,50,000 be granted to the Governor to defray the charges that will come in course of payment for the year ending 31st March, 1973 in respect of 31—Agriculture.

The Motion was carried.

DEMAND NO. 23

Mr. Deputy Speaker: Question is—

That a Supplementary sum not exceeding Rs. 10 be granted to the Governor to defray the charges that will come in course of payment for the year ending 31st March, 1973 in respect of 35—Industries.

The Motion was carried.

DEMAND NO. 26

Mr. Deputy Speaker: Question is—

That a Supplementary sum not exceeding Rs. 1,00,000 be granted to the Governor to defray the charges that will come in course of payment for the year ending 31st March, 1973 in respect of 39—Miscellaneous Social and Developmental Organisations.

The Motion was carried.

DEMAND NO. 41

Mr. Deputy Speaker: Question is—

That a Supplementary snm not exceeding Rs. 3,00,000 be granted to the Governor to defray the charges that will come in course of payment for the year ending 31st March, 1973 in respect of 71—Miscellaneous.

The Motion was carried.

DEMAND NO. 53

Mr. Deputy Speaker: Question is—

That a Supplementary sum not exceeding Rs. 9,05,25,000 be granted to the Governor to defray the charges that will come in course of payment for the year ending 31st March, 1973 in respect of Q—Loans and Advances by the State Government.

The Motion was carried.

THE PUNJAB APPROPRIATION (No. 5) BILL, 1972.

Minister For Finance (Shri Hans Raj Sharma): Sir, I beg to introduce the Punjab Appropriation (No. 5) Bill, 1972.

Minister For Finance (Shri Hans Raj Sharma) : Sir, I beg to move—

That the Punjab Appropriation (No. 5) Bill, 1972 be taken into consideration at once.

Mr. Deputy Speaker : Motion moved—

That the Punjab Appropriation (No. 5) Bill, 1972 be taken into consideration at once.

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ) : ਸਪੀਕਰ ਸਾਹਿਬ, ਮੈਂ ਬਤੌਰ ਅਪੋਜ਼ੀਸ਼ਨ ਦੇ ਮੈਂਬਰ ਦੇ ਸਰਕਾਰੀ ਬੈਂਚਾਂ ਵਲੋਂ ਜੋ ਵੀ ਚੰਗੇ ਕੰਮ ਹੋਏ ਹਨ ਉਨ੍ਹਾਂ ਦੀ ਸ਼ਲਾਘਾ ਕਰਾਂਗਾ ਅਤੇ ਜੇ ਇਨ੍ਹਾਂ ਨੇ ਕੋਈ ਮਾੜੀ ਨੀਤੀ ਅਪਣਾਈ ਹੈ ਤਾਂ ਉਸ ਦੀ ਕਨਸਟਰਕਟਿਵ ਨੁਕਤਾ-ਚੀਨੀ ਵੀ ਕਰਾਂਗਾ।

ਮੈਂ ਆਪ ਦੇ ਰਾਹੀਂ ਇਹੋ ਬੇਨਤੀ ਕਰਦਾ ਹਾਂ ਕਿ ਇਸ ਕਾਂਗਰਸੀ ਸਰਕਾਰ ਦੇ ਬਣਿਆਂ ਨੂੰ ਅਜ 9 ਮਹੀਨੇ ਹੋ ਗਏ ਹਨ । ਜਿਹੜੇ ਵਾਇਦੇ ਇਨ੍ਹਾਂ ਨੇ ਕੀਤੇ ਸਨ ਉਨ੍ਹਾਂ ਵਿਚੋਂ ਅਜ ਤਾਈਂ ਇਨ੍ਹਾਂ ਨੇ ਕੋਈ ਪੂਰਾ ਨਹੀਂ ਕੀਤਾ । ਇਸ ਤੋਂ ਪਹਿਲਾਂ ਜਿਤਨੀਆਂ ਵੀ ਸਰਕਾਰਾਂ ਆਈਆਂ ਹਨ, ਚਾਹੇ ਅਕਾਲੀ ਦਲ ਦੀ, ਚਾਹੇ ਯੂਨਾਈਟਿਡ ਫਰੰਟ ਦੀ, ਉਨ੍ਹਾਂ ਨੇ ਕੁਝ ਨਾ ਕੁਝ ਜੋ ਕਿਹਾ ਉਹ ਕਰਕੇ ਵੀ ਵਿਖਾਇਆ ਹੈ । ਇਸ ਸਪਲੀਮੈਂਟਰੀ ਡੀਮਾਂਡਜ਼ ਦੇ ਵਿਚ ਜਿਹੜਾ ਕੰਸਟਰਕਟਿਵ ਕੰਮ ਕੀਤਾ ਹੈ ਉਹ ਸਿਰਫ਼ ਇਹੋ ਹੈ ਕਿ ਟਿਊਬਵੈੱਲ ਲਾਉਣ ਲਈ ਕੁਝ ਰਕਮ ਦਿਤੀ ਹੈ । ਨਹੀਂ ਤਾਂ ਪੰਜਾਬ ਵਿਚ ਸ਼ਰਾਬ ਦੇ ਦਰਿਆ ਵਹਾਉਣ ਤੋਂ ਸਿਵਾਏ ਇਨ੍ਹਾਂ ਨੇ ਕੋਈ ਕੰਮ ਨਹੀਂ ਕੀਤਾ । ਮਹਾਤਮਾ ਗਾਂਧੀ, ਸੰਤ ਫਤਹ ਸਿੰਘ ਅਤੇ ਵਿਨੋਬਾ ਭਾਵੇ ਦੀਆਂ ਆਤਮਾਵਾਂ ਨੂੰ ਸਿਵਾਏ ਦੁਖੀ ਕਰਨ ਦੇ ਹੋਰ ਕੁਝ ਨਹੀਂ ਇਨ੍ਹਾਂ ਤੋਂ ਹੋਇਆ । ਸ਼ਰਾਬ ਦੀਆਂ ਨਦੀਆਂ ਵਹਾਉਣ ਤੋਂ ਸਿਵਾ ਕਾਂਗਰਸ ਸਰਕਾਰ ਨੇ ਲੋਕਾਂ ਨੂੰ ਅਜੇ ਤੱਕ ਕੁਝ ਨਹੀਂ ਦਿੱਤਾ, ਚਾਹੀਦਾ ਇਹ ਸੀ ਕਿ ਪੰਜਾਬ ਦੇ ਵਿਚ ਦੁਧ ਦੀਆਂ ਨਦੀਆਂ ਵਹਾਈਆਂ ਜਾਂਦੀਆਂ, ਗਰੀਬਾਂ ਨੂੰ ਰੋਟੀ ਮਿਲਦੀ, ਏਥੇ ਇਨ੍ਹਾਂ ਨੇ ਲੋਕਾਂ ਨੂੰ ਸ਼ਰਾਬ ਦੇਣ ਦਾ ਯਤਨ ਕੀਤਾ ਹੈ । ਮਹਾਤਮਾ ਗਾਂਧੀ ਦੇ ਪੈਰੋਕਾਰ ਸਗੋਂ ਇਸ ਗਲ ਤੋਂ ਸੰਕੋਚ ਕਰਦੇ ਸੀ ਸ਼ਰਾਬ ਵੇਖਣ ਨੂੰ ਨਾ ਮਿਲੇ ਪਰ ਇਨ੍ਹਾਂ ਨੇ ਸ਼ਰਾਬ ਦੀਆਂ ਨਦੀਆਂ ਵਹਾਕੇ ਆਪਣੇ ਲੀਡਰ ਦੀ ਬੇਇਜ਼ਤੀ ਕੀਤੀ ਹੈ । ਡੀਮਾਂਡ ਨੰ: 2 ਵਿਚ 75 ਹਜ਼ਾਰ ਰੁਪਏ ਦਾ ਸ਼ੀਰਾ ਬਾਹਰੋਂ ਖਰੀਦ ਹੋਣਾ ਹੈ, ਜੇ ਇਹ ਹੋਰ ਕੁਝ ਨਹੀਂ ਕਰ ਸਕਦੇ ਤਾਂ ਉਤਨਾ ਹੀ ਸ਼ੀਰਾ ਹਾਸਲ ਕਰਕੇ ਸ਼ਰਾਬ ਬਣਾਉਂਦੇ ਜਿਤਨਾ ਇਨ੍ਹਾਂ ਦੀ ਸਟੇਟ ਵਿਚ ਹੁੰਦਾ ਹੈ ਬਾਹਰੋਂ ਕੀ ਲੋੜ ਸੀ ਖਰੀਦਣ ਦੀ ।

ਜਿਹੜਾ ਰੁਪਿਆ ਇਨ੍ਹਾਂ ਨੇ ਟਿਊਬਵੈੱਲਜ਼ ਲਾਉਣ ਦੇ ਵਾਸਤੇ ਐਗਰੀਕਲਚਰ ਦੀ ਮਦੱਦ ਲਈ ਰਖਿਆ ਹੈ ਇਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦੇਂਦਾ ਹਾਂ । ਮੈਂ ਉਨ੍ਹਾਂ ਨੂੰ ਇਹ ਵੀ ਦਸ ਦੇਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਇਕ ਪ੍ਰੋਗਰੈਸਿਵ ਜਮਾਤ ਹੈ ਅਤੇ ਇਹ ਜਾਗੀਰਦਾਰਾਂ ਦਾ ਪੱਖ ਨਹੀਂ ਪਾਲਦੀ । ਜੋ ਅੱਛਾ ਕੰਮ ਤੁਸੀਂ ਕਰੋਗੇ ਅਸੀਂ ਤੁਹਾਡੇ ਨਾਲ ਹਾਂ । ਜਿਹੜਾ 50% ਤੁਸੀਂ ਕਿਸਾਨਾਂ ਨੂੰ ਲੋਨ ਦੇਣ ਦਾ ਕੰਮ ਕੀਤਾ ਹੈ ਅਸੀਂ ਇਸ ਨੂੰ ਵੀ ਇਕ ਬਹੁਤ ਚੰਗੀ ਗਲ ਹੀ ਸਮਝਦੇ ਹਾਂ । ਜਿਵੇਂ ਹੋਰ ਜ਼ਿਲ੍ਹਿਆਂ ਨੂੰ ਟਿਊਬਵੈੱਲ ਲਾਕੇ ਡੀਵੈਲਪ ਕੀਤਾ ਜਾ ਰਿਹਾ ਹੈ ਇਸੇ ਤਰ੍ਹਾਂ ਇਮਦਾਦ ਬਠਿੰਡੇ ਦੇ ਜ਼ਿਲ੍ਹੇ ਅਤੇ ਫ਼ਰੀਦਕੋਟ ਦੇ ਜ਼ਿਲ੍ਹੇ ਨੂੰ ਸਰਕਾਰ ਨੂੰ ਦੇਣੀ ਚਾਹੀਦੀ ਹੈ । ਇਹ ਉਹ ਇਲਾਕੇ ਹਨ ਜਿਹੜੇ ਬੈਕਵਰਡ ਹਨ ਅਤੇ ਕਿਸੇ ਸਰਕਾਰ ਨੇ ਇਨ੍ਹਾਂ ਦੀ ਤਰਕੀ ਲਈ ਕੋਈ ਇਮਦਾਦ ਨਹੀਂ ਕੀਤੀ । ਨਾ ਏਥੇ ਇੰਡਸਟਰੀ ਲਾਉਣ ਦਾ ਕਿਸੇ ਨੂੰ ਖਿਆਲ ਆਇਆ ਨਾ ਪਾਣੀ ਦੇਣ ਦਾ । ਇਹ ਠੀਕ ਹੈ ਕਿ ਹੁਸ਼ਿਆਰਪੁਰ ਨੂੰ ਟਿਊਬਵੈੱਲ ਲਾਕੇ ਤਰਕੀ ਦਿੱਤੀ ਜਾ ਰਹੀ ਹੈ, ਅਸੀਂ ਕਹਿੰਦੇ ਹਾਂ ਹਰ ਬੈਕਵਰਡ ਇਲਾਕੇ ਦੀ ਇਮਦਾਦ ਕਰਨੀ ਚਾਹੀਦੀ ਹੈ, ਪਰ ਫ਼ਿਰੋਜ਼ਪੁਰ, ਬਠਿੰਡਾ ਅਤੇ ਫਰੀਦ-ਕੋਟ ਦੇ ਲੋਕਾਂ ਨੇ ਵੀ ਆਜ਼ਾਦੀ ਦੀ ਲੜਾਈ ਵਿਚ ਉਤਨਾ ਹੀ ਹਿਸਾ ਪਾਇਆ ਹੈ ਜਿਤਨਾ ਦੂਸਰੇ ਜ਼ਿਲ੍ਹਿਆਂ ਨੇ । ਇਹ ਨਹੀਂ ਹੋਣਾ ਚਾਹੀਦਾ ਕਿ ਜਿਤਨੇ ਪਬਲਿਕ ਵਰਕਸ ਜਾਂ ਪਬਲਿਕ ਹੈਲਥ ਦੇ ਕੰਮ ਹੋਣ ਉਹ ਹੁਸ਼ਿਆਰਪੁਰ ਦੇ ਵਿਚ ਹੀ ਹੋਣ, ਇਨ੍ਹਾਂ ਜ਼ਿਲ੍ਹਿਆਂ ਦਾ ਵੀ ਖਿਆਲ ਰਖਣਾ ਚਾਹੀਦਾ ਹੈ ਜਿਹੜੇ ਚਿਰਾਂ ਦੇ ਪਛੜੇ ਹੋਏ ਹਨ । ਹੁਣ ਤੱਕ ਕਈ ਚੀਫ਼ ਮਨਿਸਟਰ ਪੰਜਾਬ ਦੇ ਆਏ ਪਰ ਉਨ੍ਹਾਂ ਦਾ ਤਾਅੱਲੁਕ ਦੂਸਰਿਆਂ ਜ਼ਿਲ੍ਹਿਆਂ ਨਾਲ ਹੀ ਸੀ ਅਤੇ ਉਹ ਉਨ੍ਹਾਂ ਨੂੰ ਹੀ ਡੀਵੈਲਪ ਕਰਦੇ ਰਹੇ । ਮੈਂ ਮੌਜੂਦਾ ਚੀਫ਼ ਮਨਿਸਟਰ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਤਾਂ ਇਨ੍ਹਾਂ ਇਲਾਕਿਆਂ ਦੀਆਂ ਤਕਲੀਫ਼ਾਂ ਦਾ ਪਤਾ ਹੈ, ਉਨ੍ਹਾਂ ਨੇ ਇਹ

[ਸਰਦਾਰ ਜਸਵਿੰਦਰ ਸਿੰਘ ਬਰਾੜ]

ਤਕਲੀਫਾਂ ਸਹੀਆਂ ਹਨ ਅਤੇ ਵੇਖੀਆਂ ਹਨ, ਉਹ ਜ਼ਰੂਰ ਏਧਰ ਦਾ ਖਿਆਲ ਰਖਣਗੇ। ਜਿਹੜਾ ਫਾਈਨੈਂਸ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਉਨ੍ਹਾਂ ਨੇ ਐਗਰੀਕਲਚਰ ਵਾਸਤੇ 16 ਕਰੋੜ ਰੁਪਿਆ ਰਖਿਆ ਹੈ, ਉਹ ਡੀਫਾਈਨ ਕਰਨ ਕਿ ਇਹ ਕਿਹੜੇ ਕਿਹੜੇ ਕੰਮਾਂ ਤੇ ਖਰਚ ਕੀਤਾ ਜਾਵੇਗਾ। ਜਿਸ ਤਰ੍ਹਾਂ ਵੀ ਇਹ ਖਰਚ ਹੋਵੇ ਇਸ ਦੀ ਇੰਟੀਮੇਸ਼ਨ ਵੀ ਹਾਊਸ ਦੇ ਮੈਂਬਰਾਂ ਨੂੰ ਗਾਹੇ ਬਗਾਹੇ ਮਿਲਣੀ ਚਾਹੀਦੀ ਹੈ।

ਇਸ ਵਿਚ ਇਕ ਗੁਰਬਚਨ ਸਿੰਘ ਬਾਜਵਾ ਵਾਸਤੇ ਵੀ ਕੁਝ ਪੈਸਾ ਰਖਿਆ ਹੈ। ਇਸ ਬਾਰੇ ਮੈਂ ਕਹਾਂਗਾ ਕਿ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਲੀਗਲ ਐਸਿਸਟੈਂਟ ਦੀ ਇਸ ਬਾਰੇ ਰਾਏ ਲੈਂਦੀ। ਇਸ ਤਰ੍ਹਾਂ ਬਿਨਾ ਮਤਲਬ ਸਰਕਾਰ ਨੂੰ ਲਿਟੀਗੇਸ਼ਨ ਦੇ ਵਿਚ ਨਹੀਂ ਪੈਣਾ ਚਾਹੀਦਾ (ਵਿਘਨ) ਉਨ੍ਹਾਂ ਦੀਆਂ ਸਰਵਿਸਜ਼ ਟਰਮੀਨੇਟ ਕਰ ਦਿਤੀਆਂ। ਉਹ ਅਦਾਲਤ ਵਿਚ ਚਲੇ ਗਏ ਅਤੇ ਉਨ੍ਹਾਂ ਨੂੰ ਜੋ ਰਕਮ ਦਿਤੀ ਗਈ ਉਸ ਦਾ ਬੋਝ ਪੰਜਾਬ ਦੀ ਜਨਤਾ ਦੇ ਸਿਰ ਪਿਆ। ਮੈਂ ਸਮਝਦਾ ਹਾਂ ਕਿ ਬਿਨਾਂ ਐਲ. ਆਰ. ਨਾਲ ਸਲਾਹ ਕੀਤੇ ਕਿਸੇ ਵੀ ਬੰਦੇ ਨੂੰ ਅਜਿਹੇ ਵਡੇ ਰੁਤਬੇ ਤੇ ਨਾ ਲਾਉਣਾ ਚਾਹੀਦਾ ਹੈ ਅਤੇ ਨਾ ਹਟਾਉਣਾ ਚਾਹੀਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਜੋ ਕਮੀਆਂ ਰਹਿ ਜਾਂਦੀਆਂ ਹਨ ਉਹ ਨਹੀਂ ਰਹਿਣੀਆਂ ਚਾਹੀਦੀਆਂ।

ਫਿਰ, ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੇ ਵਾਸਤੇ ਕੁਝ ਰਕਮ ਰਖੀ ਗਈ ਹੈ। ਮੈਂ ਇਸ ਬਾਰੇ ਅਰਜ਼ ਕਰਦਾ ਹਾਂ ਕਿ ਇੰਡਸਟਰੀ ਲਾਉਣ ਲਗੇ ਸਿਰਫ ਕੁਝ ਇਕ ਖਾਸ ਖਾਸ ਜ਼ਿਲ੍ਹਿਆਂ ਦਾ ਖਿਆਲ ਹੀ ਨਾ ਰਖਿਆ ਜਾਵੇ। ਪਹਿਲਾਂ ਕੁਝ ਖਾਸ ਜ਼ਿਲ੍ਹਿਆਂ ਵਿਚ ਹੀ ਇੰਡਸਟਰੀ ਦੀ ਡਿਵੈਲਪਮੈਂਟ ਕੀਤੀ ਗਈ ਹੈ (ਘੰਟੀ) ਸਮਾਂ ਘਟ ਹੈ, ਡਿਪਟੀ ਸਪੀਕਰ ਸਾਹਿਬ. ਇਸ ਲਈ ਮੈਂ ਬਹੁਤਾ ਕੁਝ ਤਾਂ ਨਹੀਂ ਕਹਿੰਦਾ, ਪਰ ਅਰਜ਼ ਕਰਦਾ ਹਾਂ ਕਿ ਹੁਣ ਇੰਡਸਟਰੀ ਲਾਉਣ ਲਗਿਆਂ ਉਨ੍ਹਾਂ ਜ਼ਿਲ੍ਹਿਆਂ ਦਾ ਧਿਆਨ ਰਖਿਆ ਜਾਵੇ ਜਿਥੇ ਪਹਿਲਾਂ ਇੰਡਸਟਰੀ ਨਹੀਂ ਲਗੀ ਹੋਈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਅਤੇ ਲੁਧਿਆਣੇ ਵਿਚ ਤਾਂ ਪਹਿਲਾਂ ਹੀ ਬਹੁਤ ਇੰਡਸਟਰੀ ਹੈ ਹੁਣ ਫਰੀਦਕੋਟ ਅਤੇ ਬਠਿੰਡੇ ਆਦਿ ਜ਼ਿਲ੍ਹਿਆਂ ਵਿਚ ਇੰਡਸਟਰੀ ਲਗਾਈ ਜਾਵੇ ਜਿਥੇ ਕਿ ਪਹਿਲਾਂ ਇੰਡਸਟਰੀ ਨਹੀਂ ਹੈ। ਇੰਨੇ ਸ਼ਬਦ ਕਹਿ ਕੇ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਅਜ ਹਾਊਸ ਵਿਚ ਸਪਲੀਮੈਂਟਰੀ ਡੀਮਾਂਡਜ਼ ਅਤੇ ਐਪਰੋਪ੍ਰੀਏਸ਼ਨ ਬਿਲ ਪੇਸ਼ ਕੀਤੇ ਹਨ। ਇਨ੍ਹਾਂ ਵਿਚ ਜ਼ਿਹੜੀਆਂ ਚੀਜ਼ਾਂ ਤੇ ਖਰਚ ਦਸੇ ਗਏ ਹਨ ਉਹ ਬੜੀਆਂ ਬੇਲੋੜੀਆਂ ਹਨ। ਪਹਿਲਾਂ ਵੀ ਜੋ ਬਜਟ ਸਰਕਾਰ ਨੇ ਇਥੇ ਲਿਆਂਦਾ ਸੀ ਉਹ ਘਾਟੇ ਦਾ ਬਜਟ ਸੀ ਅਤੇ ਉਹ ਘਾਟਾ ਹੁਣ ਹੋਰ ਵਧ ਗਿਆ ਹੈ। ਸਰਕਾਰ ਨੇ ਘਾਟਾ ਤਾਂ ਵਿਖਾ ਦਿਤਾ ਪਰ ਇਹ ਨਹੀਂ ਦਸਿਆ ਕਿ ਇਹ ਘਾਟਾ ਕਿਥੋਂ ਪੂਰਾ ਹੋਵੇਗਾ। ਇਥੇ ਮਨਿਸਟਰ ਸਾਹਿਬ ਨੇ ਦਸਿਆ ਕਿ ਸ਼ੀਰਾ ਲੈਣਾ ਹੈ ਤਾਂਕਿ ਸ਼ਰਾਬ ਪਿਲਾ ਕੇ ਆਮਦਨ ਦਾ ਸਾਧਨ ਬਣਾਇਆ ਜਾ ਸਕੇ। ਪਰ ਮੈਂ ਇਹ ਅਰਜ਼ ਕਰਦਾ ਹਾਂ ਕਿ ਜੇ ਆਮਦਨ ਦੇ ਸਾਧਨ ਵਧਾਉਣੇ ਹਨ ਤਾਂ ਹੋਰ ਬਹੁਤ ਸਾਧਨ ਹਨ। ਜਿਵੇਂ ਕਿ ਇਹ ਸਿਨਮਾਂ ਅਤੇ ਟਰਾਂਸਪੋਰਟ ਆਦਿ ਨੂੰ

ਨੈਸ਼ਨੇਲਾਈਜ਼ ਕਰ ਲੈਣ ਆਮਦਨ ਬਹੁਤ ਵਧ ਜਾਵੇਗੀ । ਪਰ ਇਹ ਜੋ ਸ਼ਰਾਬ ਦੇ ਨੁਕਤੇ ਤੇ ਜ਼ਿਆਦਾ ਜ਼ੋਰ ਦੇ ਰਹੇ ਹਨ ਇਹ ਠੀਕ ਨਹੀਂ ਹੈ । ਇਹ ਸ਼ਰਾਬ ਪੀਕੇ ਲੋਕਾਂ ਦੇ ਦਿਮਾਗਾਂ ਵਿਚ ਫ਼ਤੂਰ ਪੈਦਾ ਹੋ ਜਾਂਦਾ ਹੈ ਅਤੇ ਇਸ ਨਾਲ ਝਗੜੇ ਵਧ ਜਾਂਦੇ ਹਨ । ਜ਼ਿਲ੍ਹਾ ਸੰਗਰੂਰ ਅਤੇ ਬਠਿੰਡੇ ਵਿਚ ਤਾਂ ਇਨ੍ਹਾਂ ਦੇ ਆਪਣੇ ਸਰਵੇ ਅਨੁਸਾਰ ਬਹੁਤੇ ਝਗੜੇ ਸ਼ਰਾਬ ਪੀਣ ਕਰਕੇ ਹੋਏ ਹਨ । ਇਸ ਲਈ ਮੈਂ ਸਮਝਦਾ ਹਾਂ ਕਿ ਸ਼ਰਾਬ ਤੇ ਬੇਲੋੜਾ ਖਰਚ ਕੀਤਾ ਜਾ ਰਿਹਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਕੋਆਪ੍ਰੇਟਿਵ ਸੁਸਾਈਟੀਆਂ ਨੂੰ ਕਰਜ਼ੇ ਦੇਣ ਲਈ ਰਕਮ ਰਖੀ ਗਈ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਸੁਸਾਇਟੀਆਂ ਵਿਚ ਬਹੁਤ ਗ਼ਬਨ ਹੁੰਦਾ ਹੈ । ਮੇਰੇ ਹਲਕੇ ਵਿਚ ਕਈ ਪਿੰਡ ਹਨ ਉਥੇ ਦੀਆਂ ਕੋਆਪ੍ਰੇਟਿਵ ਸੁਸਾਇਟੀਆਂ ਵਿਚ ਗ਼ਬਨ ਹੋਇਆ । ਪਹਿਲਾਂ ਪੜਤਾਲ ਕੀਤੀ ਗਈ ਤਾਂ ਉਥੇ ਬਹੁਤ ਗ਼ਬਨ ਫੜਿਆ ਗਿਆ ਪਰ ਜਦੋਂ ਦੂਸਰੀ ਵਾਰ ਪੜਤਾਲ ਕੀਤੀ ਗਈ ਤਾਂ ਉਹ ਗ਼ਬਨ ਫਿਰ ਸਾਬਤ ਹੋਇਆ । ਪਰ ਇਹ ਤਾਂ ਸਾਬਤ ਹੋ ਗਿਆ ਕਿ ਉਥੇ ਗ਼ਬਨ ਹੋਇਆ ਸੀ, ਗ਼ਬਨ ਕਰਨ ਵਾਲੇ ਨੂੰ ਕਿਸੇ ਨੇ ਨਹੀਂ ਫੜਿਆ ਉਹ ਉਸੇ ਤਰ੍ਹਾਂ ਤੁਰਿਆ ਫਿਰਦਾ ਹੈ ਅਤੇ ਇਸ ਸਰਕਾਰ ਨੂੰ ਟਸ ਤੋਂ ਮਸ ਨਹੀਂ ਹੋਈ ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਮੈਡੀਕਲ ਦੀ ਗਲ ਕੀਤੀ ਗਈ ਹੈ । ਮੈਂ ਅਰਜ਼ ਕਰਦਾ ਹਾਂ ਕਿ ਸ਼ੇਰਪੁਰ ਦੇ ਹਲਕੇ ਵਿਚ ਇਕ ਪਿੰਡ ਬਿਜ਼ਨਗੜ੍ਹ ਹੈ । ਉਥੇ ਡਿਸਪੈਂਸਰੀ ਲਈ ਬਿਲਡਿੰਗ ਵੀ ਤਿਆਰ ਕੀਤੀ ਗਈ ਅਤੇ ਉਹ ਤਾਂ ਹੁਣ ਖਰਾਬ ਵੀ ਹੋਣ ਵਾਲੀ ਹੈ ਪਰ ਉਥੇ ਕੋਈ ਡਿਸਪੈਂਸਰੀ ਨਹੀਂ ਖੋਲ੍ਹੀ ਗਈ । ਫਿਰ ਇਕ ਪ੍ਰਾਇਮਰੀ ਹੈਲਥ ਸੈਂਟਰ ਲੋਹਟਬਦੀਂ ਵਿਖੇ ਹੈ, ਉਥੇ 3-4 ਸਾਲ ਹੋਏ ਡਾਕਟਰ ਬਦਲਿਆ ਗਿਆ ਸੀ ਪਰ ਅਜੇ ਤਕ ਉਸ ਦੀ ਥਾਂ ਤੇ ਹੋਰ ਕੋਈ ਡਾਕਟਰ ਨਹੀਂ ਆਇਆ । ਜਦੋਂ ਵੀ ਮਹਿਕਮੇ ਤੋਂ ਪੁਛੀਦਾ ਹੈ ਉਹ ਕਹਿ ਦਿੰਦੇ ਹਨ ਕਿ ਜਲਦੀ ਹੀ ਡਾਕਟਰ ਭੇਜ ਰਹੇ ਹਾਂ ਪਰ ਭੇਜਿਆ ਕੋਈ ਨਹੀਂ ਜਾਂਦਾ, ਇਸ ਤਰ੍ਹਾਂ ਦੀਆਂ ਹੇਰਾਫੇਰੀਆਂ ਹੋ ਰਹੀਆਂ ਹਨ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਗਰੀਕਲਚਰ ਬਾਰੇ ਕੁਝ ਗਲਾਂ ਕਹਿਣੀਆਂ ਚਾਹੁੰਦਾ ਹਾਂ । ਇਨ੍ਹਾਂ ਨੇ ਕੁਝ ਪੈਸਾ ਰਖਿਆ ਹੈ ਕਿਸਾਨਾਂ ਨੂੰ ਕਰਜ਼ੇ ਦੇਣ ਲਈ ਪਰ ਇਹ ਕਰਜ਼ੇ ਲੈਂਡ ਮਾਰਟਗੇਜ ਬੈਂਕਾਂ ਰਾਹੀਂ ਟਰੈਕਟਰ, ਇੰਜਣ ਜਾਂ ਟਿਊਬਵੈਲ ਖਰੀਦਣ ਲਈ ਦਿਤੇ ਜਾਂਦੇ ਹਨ । ਪਰ ਸ਼ਰਤ ਇਹ ਹੈ ਕਿ ਕਿਸਾਨ ਮਾਰਟਗੇਜ ਬੈਂਕ ਦੇ ਦਸੇ ਡੀਲਰ ਕੋਲੋਂ ਇੰਜਣ ਵਗੈਰਾ ਖਰੀਦੇ । ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਇੰਜਣ ਕਿਸਾਨ ਨੂੰ ਬਹੁਤ ਮਹਿੰਗਾ ਪੈਂਦਾ ਹੈ । ਮੈਂ ਦਸਦਾ ਹਾਂ ਕਿ ਜਦੋਂ ਡੀਲਰ ਕੋਲੋਂ ਉਹ ਇੰਜਣ ਲੈ ਕੇ ਆਉਂਦਾ ਹੈ ਤਾਂ ਉਹ ਉਸ ਨੂੰ ਤਕਰੀਬਨ ਢਾਈ ਹਜ਼ਾਰ ਰੁਪਏ ਦਾ ਪੈਂਦਾ ਹੈ ਪਰ ਜੇ ਉਹ ਖੁਲ੍ਹੀ ਮਾਰਕੀਟ ਵਿਚੋਂ ਲਵੇ ਤਾਂ ਉਹ ਉਸ ਨੂੰ ਇਕ ਹਜ਼ਾਰ ਰੁਪਏ ਦਾ ਪੈਂਦਾ ਹੈ । ਇਸ ਦਾ ਕੀ ਕਾਰਣ ਹੈ ? ਮੈਂ ਦਸਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਉਨ੍ਹਾਂ ਏਜੰਸੀ ਵਾਲਿਆਂ ਦਾ ਬੈਂਕ ਵਾਲਿਆਂ ਨਾਲ ਕੰਟਰੈਕਟ ਹੁੰਦਾ ਹੈ । ਉਹ ਵਿਚੋਂ ਪੈਸੇ ਖ਼ਾਂਦੇ ਹਨ ਅਤੇ ਕਿਸਾਨਾਂ ਨੂੰ ਕਮਪੈਲ ਕਰਦੇ ਹਨ ਕਿ ਫਲਾਣੀ ਏਜੰਸੀ ਕੋਲੋਂ ਹੀ ਇੰਜਣ ਲਓ । ਕਿਸਾਨ ਵਿਚਾਰੇ ਤੰਗ ਪੈ ਕੇ ਉਥੋਂ ਹੀ ਇੰਜਣ ਖਰੀਦਦੇ ਹਨ । ਇਸ ਤਰ੍ਹਾਂ ਦੀ ਹੇਰਾਫੇਰੀ ਹੋ ਰਹੀ ਹੈ । ਇਸ ਲਈ ਮੈਂ ਇਨ੍ਹਾਂ ਡਿਮਾਂਡਜ਼ ਦੀ ਵਿਰੋਧਤਾ ਕਰਦਾ ਹਾਂ ਕਿਉਂਕਿ ਇਹ ਜਨਤਾ ਦੇ ਸਿਰ ਤੇ ਬੋਝ ਹੈ ।

(ਇਸ ਵੇਲੇ ਬਿਜਲੀ ਚਲੀ ਜਾਣ ਕਰਕੇ ਲਾਊਡ ਸਪੀਕਰ ਬੰਦ ਹੋ ਗਿਆ ਜਿਸ ਕਰਕੇ ਆਵਾਜ਼ ਸਾਫ਼ ਸੁਣਾਈ ਨਹੀਂ ਸੀ ਦੇ ਰਹੀ ।)

[ਮਾਸਟਰ ਚੰਦ ਸਿੰਘ]

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਜਦੋਂ ਕੋਈ ਕਚਹਿਰੀ ਵਿਚ ਰਜਿਸਟਰੀ ਕਰਵਾਉਣ ਜਾਂਦਾ ਹੈ ਤਾਂ ਅਫ਼ਸਰ ਉਸ ਤੋਂ ਕਈ ਪ੍ਰਕਾਰ ਦੇ ਚੰਦੇ ਜ਼ਬਰਦਸਤੀ ਵਸੂਲ ਕਰ ਲੈਂਦੇ ਹਨ । ਇਹ ਇਕ ਕਿਸਮ ਦੇ ਇਨਡਾਇਰੈਕਟ ਟੈਕਸ ਹਨ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪਣਾ ਭਾਸ਼ਨ ਖ਼ਤਮ ਕਰਦਾ ਹਾਂ ।

ਚੌਧਰੀ ਰਾਮ ਸਿੰਘ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਅਜ ਹਾਊਸ ਵਿਚ ਜੋ ਸਰਕਾਰ ਨੇ ਡਿਮਾਂਡਜ਼ ਅਤੇ ਐਪਰੋਪ੍ਰੀਏਸ਼ਨ ਬਿਲ ਪੇਸ਼ ਕੀਤਾ ਹੈ ਉਸ ਲਈ ਇਸ ਸਰਕਾਰ ਦੀ ਸਰਾਹਨਾਂ ਕੀਤੀ ਜਾਣੀ ਚਾਹੀਦੀ ਹੈ । ਕਿਉਂਕਿ ਜਿਹੜਾ ਵੀ ਬਜਟ ਇਸ ਵੇਲੇ ਆਇਆ ਹੈ ਇਹ ਸਾਰਾ ਹੀ ਸੈਂਟਰ ਦੀ ਸਰਕਾਰ ਦੇ ਪੈਸੇ ਦਾ ਹੈ । 16 ਕਰੋੜ ਦਾ ਇਹ ਬਜਟ ਹੈ । (ਵਿਘਨ) 75 ਹਜ਼ਾਰ ਰੁਪਏ ਜੋ ਵਾਟਰ ਸਪਲਾਈ ਲਈ ਮਿਲੇ ਹਨ, ਉਹ ਸਾਰੇ ਦੇ ਸਾਰੇ ਸਬਸਿਡੀ ਹਨ ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਗਲਾਂ ਕਰ ਰਹੇ ਸਨ)

ਸ੍ਰੀ ਡਿਪਟੀ ਸਪੀਕਰ : ਕਿਉਂਕਿ ਇਸ ਵੇਲੇ ਬਿਜਲੀ ਬੰਦ ਹੈ ਮੈਂਬਰ ਸਾਹਿਬ ਦੀ ਆਵਾਜ਼ ਸਾਫ਼ ਨਹੀਂ ਆ ਰਹੀ ਇਸ ਲਈ ਬਾਕੀ ਮੈਂਬਰ ਸਾਹਿਬਾਨ ਚੁਪ ਦਾ ਦਾਨ ਦੇਣ । (I will request the hon. Members to keep quiet as the power being off, the voice of the hon. Member speaking cannot be heard properly).

ਚੌਧਰੀ ਰਾਮ ਸਿੰਘ : ਪਹਿਲਾਂ ਅਕਾਲੀ ਸਰਕਾਰ ਤਾਂ ਜਿਹੜਾ ਵੀ ਪੈਸਾ ਸੈਂਟਰ ਦੀ ਸਰਕਾਰ ਤੋਂ ਆਉਂਦਾ ਸੀ ਉਹ ਵਾਪਸ ਭੇਜੀ ਜਾਂਦੀ ਸੀ । ਉਹ ਪੈਸਾ ਲੈਪਸ ਹੋ ਗਿਆ । 50 ਹਜ਼ਾਰ ਐਜੂਕੇਸ਼ਨ ਵਾਸਤੇ ਆਇਆ ਉਹ ਵਾਪਸ ਹੋ ਗਿਆ, 5 ਕਰੋੜ ਹੋਰ ਆਇਆ ਉਹ ਵੀ ਵਾਪਸ ਕਰ ਦਿਤਾ ਗਿਆ ਇਹ ਸਰਕਾਰ ਸਰਾਹਨਾ ਦੀ ਪਾਤਰ ਹੈ ਕਿ ਇਸ ਨੇ ਪਿਛਲੀ ਵਾਰੀ ਵੀ ਸੈਂਟਰ ਦੀ ਸਰਕਾਰ ਤੋਂ ਰੁਪਿਆ ਲਿਆ ਅਤੇ ਹੁਣ ਵੀ ਲਿਆ ਹੈ। (ਸ਼ੋਰ) ਮੁਲੈਸਿਜ਼ ਦੀ ਬਹੁਤ ਲੋੜ ਸੀ (ਵਿਘਨ) ਇਸੇ ਤਰ੍ਹਾਂ ਅਗਲੇ ਸਾਲ ਲਈ ਵੀ 1 ਅਰਬ 20 ਕਰੋੜ ਦੀ ਮਨਜ਼ੂਰੀ ਲਈ ਹੈ । ਇਹ ਰੁਪਿਆ ਭਾਰਤ ਸਰਕਾਰ ਕੋਲੋਂ ਆਇਆ ਹੈ । ਪਰ ਇਹ (ਅਕਾਲੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਇਥੇ ਲੜਦੇ ਰਹੇ, ਸੈਂਟਰ ਦੀ ਸਰਕਾਰ ਤੋਂ ਪੈਸਾ ਨਹੀਂ ਲੈ ਸਕੇ, ਪੰਜਾਬ ਦੇ ਟੋਟੇ ਕਰਦੇ ਰਹੇ, ਹਰੀਜਨਾਂ ਦਾ ਨਕ ਵਿਚ ਦਮ ਕਰ ਦਿਤਾ ਅਤੇ ਪੰਜਾਬ ਦੇ ਅਮਨ ਨੂੰ ਤਬਾਹ ਕਰਦੇ ਰਹੇ । ਇਨ੍ਹਾਂ ਲੋਕਾਂ ਨੇ ਇਥੇ ਕੁਝ ਨਹੀਂ ਕੀਤਾ । ਪੰਜਾਬ ਸਰਕਾਰ ਨੇ ਖਾਸ ਕਰਕੇ ਬਾਰਡਰ ਦੇ ਏਰੀਆ ਵਾਸਤੇ ਜਿਹੜੇ ਕਿ ਵਿਚਾਰੇ ਲੜਾਈ ਦੇ ਦਿਨਾਂ ਵਿਚ ਹਵਾਈ ਜਹਾਜ਼ਾਂ ਥਲੇ, ਬੰਬਾਂ ਥਲੇ ਆਪਣੀ ਜ਼ਿੰਦਗੀ ਗੁਜ਼ਾਰਦੇ ਰਹੇ ਉਨ੍ਹਾਂ ਵਾਸਤੇ ਹੁਣ ਦੀ ਸਰਕਾਰ ਨੇ ਟਿਊਬਵੈਲਾਂ ਲਈ ਰੁਪਿਆ ਦਿਤਾ ਹੈ, ਇਹ ਬੜੀ ਅਛੀ ਗਲ ਕੀਤੀ ਹੈ । ਉਨ੍ਹਾਂ ਲੋਕਾਂ ਦਾ, ਜਿਨ੍ਹਾਂ ਦੀਆਂ ਜ਼ਮੀਨਾਂ ਉਸ ਵੇਲੇ ਲੜਾਈ ਵਿਚ ਬਰਬਾਦ ਹੋਈਆਂ, ਉਨ੍ਹਾਂ ਲਈ ਸਰਕਾਰ ਨੇ ਇਹ ਬਹੁਤ ਅਛਾ ਕੀਤਾ ਹੈ । (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਡਰ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਬੜੀ ਪੈਦਾਵਾਰ ਵਧਾਈ ਹੈ । ਇਸ ਸਰਕਾਰ ਨੇ 22 22 ਘੰਟੇ ਬਿਜਲੀ ਨਹੀਂ ਦਿਤੀ (ਵਿਘਨ) ਇਹ ਚੰਗੀ ਪੈਦਾਵਾਰ ਵਧਾਈ ਹੈ (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਚੌਧਰੀ ਰਾਮ ਸਿੰਘ : ਹੁਣੇ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਲੇਬਰ ਪਾਲਿਸੀ ਨੂੰ ਬਦਲ ਕੇ ਕਾਫੀ ਫੈਸਲੇ ਕਰਾਏ ਹਨ (ਵਿਘਨ) ਅਤੇ ਲੇਬਰ ਨੂੰ ਕਾਫੀ ਫ਼ੈਸਿਲਿਟੀਜ਼ ਦਿਤੀਆਂ ਹਨ । ਪੰਜਾਬ ਸਰਕਾਰ ਨੇ ਜੋ ਗਰੀਬਾਂ ਨੂੰ ਪਲਾਟ ਦੇਣ ਦਾ ਫੈਸਲਾ ਕੀਤਾ ਹੈ, ਹਾਊਸਿੰਗ ਬੋਰਡ ਬਣਾਕੇ ਜੋ ਫੈਸਿਲਿਟੀਜ਼ ਦਿਤੀਆਂ ਜਾਣਗੀਆਂ, ਇਹ ਸਾਰੇ ਕੰਮ ਸ਼ਲਾਘਾਯੋਗ ਹਨ । ਇਸ ਤਰ੍ਹਾਂ ਨਾਲ ਇਹ ਲੋਕ ਪੱਕੇ ਮਕਾਨਾਂ ਵਿਚ ਰਹਿ ਸਕਣਗੇ । ਝੁਗੀਆਂ ਵਿਚ ਰਹਿ ਕੇ ਜੋ ਇਨ੍ਹਾਂ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਇਹ ਉਹਨਾਂ ਤੋਂ ਬਚ ਸਕਣਗੇ ਅਤੇ ਆਪਣੀ ਅਛੀ ਜ਼ਿੰਦਗੀ ਗੁਜ਼ਾਰ ਸਕਣਗੇ । ਹਰ ਸਾਲ 300 ਡਿਸਪੈਂਸਰੀਆਂ ਖੋਲ੍ਹਣ ਦਾ ਜੋ ਪੰਜਾਬ ਸਰਕਾਰ ਵਿਚਾਰ ਕਰ ਰਹੀ ਹੈ, ਇਸ ਨਾਲ ਇਥੇ ਪੰਜਾਬ ਦੇ ਗਭਰੂ ਹੋਰ ਵੀ ਤਕੜੇ ਹੋਣਗੇ । ਅੱਗੇ ਵੀ ਕੋਈ ਘਟ ਤਕੜੇ ਨਹੀਂ (ਵਿਘਨ) ਮੈਂ ਵੀ ਤਕੜਾ ਬੜਾ ਜ਼ਬਰਦਸਤ ਹਾਂ (ਵਿਘਨ) ਦੁਨੀਆਂ ਦੇ ਲੋਕ ਇਨ੍ਹਾਂ ਕੋਲੋਂ ਡਰਦੇ ਹਨ । (ਵਿਘਨ) ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਇਥੇ ਹਰਿਆਲੀ ਆ ਰਹੀ ਹੈ । ਇਸ ਲਈ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ । ਪੰਜਾਬ ਵਿਚ ਅਛੇ ਪਸ਼ੂ ਲਿਆ ਕੇ ਇਥੇ ਇਸ ਸਟੇਟ ਨੂੰ ਮਿਲਕ ਸਟੇਟ ਬਣਾਉਣ ਦਾ ਜੋ ਫੈਸਲਾ ਕੀਤਾ ਗਿਆ ਹੈ, ਇਸ ਬਾਰੇ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ (ਵਿਘਨ) ਇਨ੍ਹਾਂ ਨੂੰ (ਅਕਾਲੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਪਤਾ ਨਹੀਂ ਆਦਮੀ ਕੌਣ ਹੈ ਅਤੇ ਜਾਨਵਰ ਕੌਣ ਹੈ । (ਵਿਘਨ) ਤਰੱਕੀ ਕਿਸ ਤਰ੍ਹਾਂ ਕਰਨੀ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਪੰਜਾਬ ਇਸ ਵੇਲੇ ਤਰਕੀ ਵਲ ਜਾ ਰਿਹਾ ਹੈ । ਇਸ ਗਲ ਤੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ।

ਇਥੇ ਇਨ੍ਹਾਂ ਦੀ ਸਰਕਾਰ ਵੇਲੇ ਅੱਠ ਨੌ ਮਹੀਨਿਆਂ ਵਿਚ ਕਿੰਨੀਆਂ ਐਜੀਟੇਸ਼ਨਾਂ ਹੋਈਆਂ, ਇਹ ਅਕਾਲੀਆਂ ਨੇ ਕਰਾਈਆਂ, ਇਹ ਗੜਬੜ ਜੋ ਪੈਦਾ ਕੀਤੀ ਇਹ ਅਕਾਲੀਆਂ ਨੇ ਪੈਦਾ ਕੀਤੀ (ਵਿਘਨ) ਤਾਂਕਿ ਪੰਜਾਬ ਦੀ ਤਰੱਕੀ ਨਾ ਹੋ ਸਕੇ (ਵਿਘਨ) ਕਾਂਗਰਸ ਨੇ ਜੋ ਵਾਇਦੇ ਕੀਤੇ ਸਨ ਉਹ ਪੂਰੇ ਕੀਤੇ ਹਨ ਅਤੇ ਕਰ ਰਹੀ ਹੈ । (ਵਿਘਨ) ਐਨਾ ਕਹਿੰਦਾ ਹੋਇਆ ਮੈਂ ਆਪਦਾ ਧੰਨਵਾਦ ਕਰਦਾ ਹਾਂ ਕਿਉਂਜੋ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ : * * * * (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਇਨ੍ਹਾਂ ਨੇ ਬਗੈਰ ਚੇਅਰ ਦੀ ਪਰਮਿਸ਼ਨ ਦੇ ਕਿਹਾ ਹੈ ਇਹ ਪਾਰਟ ਆਫ ਦੀ ਪਰੋਸੀਡਿੰਗਜ਼ ਨਹੀਂ ਬਣੇਗਾ । (Whatever the hon. Member has said without the permission of the Chair shall not form part of the proceedings.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਾਡੀ ਪਾਰਟੀ ਵਲੋਂ ਹਾਲੇ ਬੋਲਣਾ ਹੈ । ਇਸ ਚੀਜ਼ ਨੂੰ ਤੁਸੀਂ ਆਪਣੇ ਦਿਮਾਗ ਵਿਚ ਰਖਣਾ ।

---

*Expunged as ordered by the Chair.

ਸ੍ਰੀ ਡਿਪਟੀ ਸੰਪੀਕਰ : ਦੋ ਵਜੇ ਗਿਲੋਟੀਨ ਅਪਲਾਈ ਹੋ ਜਾਣੀ ਹੈ। ਹਾਲੇ ਐਫ.ਐਮ. ਸਾਹਿਬ ਨੇ ਬੋਲਣਾ ਹੈ। ਜਾਂ ਤਾਂ ਟਾਈਮ ਐਕਸਟੈਂਡ ਕਰ ਲਿਆ ਜਾਵੇ। (ਵਿਘਨ) (Guillotine is to be applied at 2-00 P.M. As the Finance Minister has still to speak, the time of the sitting may be extended. (Interruption)

ਕਾਮਰੇਡ ਸਤ ਪਾਲ ਡਾਂਗ: ਆਨ ਏ ਪੁਆਇੰਟ ਆਫ ਆਰਡਰ, ਸਰ। ਸਵੇਰੇ ਡਿਮਾਂਡਜ਼ ਉਤੇ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੂੰ ਦਸ ਮਿੰਟ ਬੋਲਣ ਲਈ ਮਸਾਂ ਦਿੱਤੇ ਗਏ। ਟਾਈਮ ਛੋਟੀਆਂ ਪਾਰਟੀਆਂ ਨੂੰ ਪਰੋਪੋਰਸ਼ਨੇਟਲੀ ਮਿਲਣਾ ਚਾਹੀਦਾ ਹੈ। ਸਾਰੇ ਦਿਨ ਦੀ ਡਿਸਕਸ਼ਨ ਅਧੇ ਘੰਟੇ ਦੀ ਬਣਦੀ ਹੈ। ਦਸ ਮਿੰਟ ਬਾਅਦ ਕੈਨੇਡੀਅਨ ਸਾਹਿਬ ਨੂੰ ਬਿਠਾ ਦਿਤਾ ਗਿਆ। ਹੁਣ ਰੂਲਿੰਗ ਪਾਰਟੀ ਤੋਂ ਬੁਲਾਈ ਜਾਂਦੇ ਹੋ, ਇਹ ਠੀਕ ਨਹੀਂ ਹੈ। ਕੋਈ ਹਿਸਾਬ ਲਾ ਲਉ।

ਚੋਧਰੀ ਰਾਮ ਸਿੰਘ : * * * * (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਬਗੈਰ ਪਰਮਿਸ਼ਨ ਦੇ ਜੋ ਕੁਝ ਕਿਹਾ ਗਿਆ ਹੈ, ਇਹ ਐਕਸਪੰਜ ਕੀਤਾ ਜਾਵੇ। (ਵਿਘਨ) ਕਿਉਂਕਿ ਹਾਊਸ ਦਾ ਟਾਈਮ 2-30 ਵਜੇ ਤਕ ਹੈ ਅਤੇ ਦੋ ਵਜੇ ਗਿਲੋਟੀਨ ਐਪਲਾਈ ਕਰ ਦੇਣੀ ਹੈ, ਐਫ. ਐਮ. ਸਾਹਿਬ ਨੇ ਵੀ ਬੋਲਣਾ ਹੈ ਇਸ ਲਈ ਠੀਕ ਹੋਵੇਗਾ ਕਿ ਹੁਣ ਐਫ. ਐਮ. ਸਾਹਿਬ ਨੂੰ ਬੋਲਣ ਦਿਤਾ ਜਾਵੇ। (Whatever has been said without the permission of the Chair, should be expunged. (Interruption) Since the House is sitting upto 2-30 P.M. and the Guillotine is to be applied at 2-00 P.M., it would be advisable if the Finance Minister starts speaking now by way of reply to the discussion.)

ਸਿਖਿਆ ਮੰਤ੍ਰੀ : ਸਪੀਕਰ ਸਾਹਿਬ, ਟੀਚਰਜ਼ ਬਾਰੇ ਮੈਂ ਕੁਝ ਅਰਜ਼ ਕਰਨੀ ਸੀ।

Mr. Speaker: All right.

STATEMENT BY THE EDUCATION AND REVENUE MINISTER REGARDING PRIVATE COLLEGE TEACHERS

Education Minister (Sardar Umrao Singh) : The hon. Members are aware that the Lecturers of the Private Colleges in the State have been on strike in support of certain demands. The Government have made it known that no action was possible in the context of their strike. Since the College Lecturers have withdrawn strike and ensured to resume work on the 14th December, 1972, the Government has considered the entire matter and decided to make the following announcement :—

> "Government would be ready to increase the grant-in-aid to the Management of the Private Colleges upto Rs. 18 lac to enable the Management to ameliorate the condition of their teachers.

---

* Expunged as ordered by the Chair.

2. Regarding the security of service, Government proposes to bring suitable legislation soon in consultation with the Universities, Management and the Teachers.

3. The Government expect the Management to meet the demands of their teachers regarding medical facilities, house rent allowance etc.

4. The request regarding the earlier release of the already sanctioned Senior Scale of Rs. 700—1100 stands satisfied with the issue of orders in this regard recently.

5. In furtherance of its new policy of providing sports and Physical Education, the Government agree, in principle, to the integration of the cadre of the Lecturers in Physical Education with the General Education Cadre, subject to the fulfilment of the conditions regarding qualifications etc.

6. The representation regarding the Librarians in Private Colleges will be disposed of in the light of the decision to be taken in case of Government Librarians. The case regarding the emoluments of Demonstrators will be disposed of in accordance with the Universities' decision thereon.

(ਇਸ ਸਮੇਂ ਬਹੁਤ ਸਾਰੇ ਮੰਬਰ ਸਾਹਿਬਾਨ ਬੋਲਣ ਲਈ ਖੜੇ ਹੋਏ)

ਕਾਮਰੇਡ ਸੱਤ ਪਾਲ ਡਾਂਗ: ਡਿਪਟੀ ਸਪੀਕਰ ਸਾਹਿਬ, ਕਲੈਰੀਫੀਕੇਸ਼ਨ ਲੇ ਲੈਣ ਦਿਉ ।

Mr. Deputy Speaker : No clarification please.

(ਇਸ ਵਕਤ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਬੋਲਣ ਲਈ ਖੜੇ ਹੋਏ ।)

Mr. Deputy Speaker : Please resume your seat. The Finance Minister will now speak.

THE PUNJAB APPROPRIATION (No. 5) BILL, 1972
(Resumption of Discussion)

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਮਨਿਸਟਰ ਸਾਹਿਬ ਦਾ ਐਲਾਨ ਆ ਗਿਆ ਹੈ, ਬੜੀ ਖੁਸ਼ੀ ਹੋਈ ਹੈ । ਤੁਸੀਂ ਸੁਣ ਲਿਆ ਹੈ ਕਿ 18 ਲੱਖ ਰੁਪਿਆ ਇਸ ਵਾਸਤੇ ਦਿੱਤਾ ਹੈ । ਇਸ ਤੋਂ ਅੱਗੇ ਅਰਜ਼ ਹੈ ਕਿ ਇਥੇ ਬਰਾੜ ਸਾਹਿਬ ਨੇ ਕਿਹਾ ਕਿ ਪਤਾ ਨਹੀਂ 16 ਕਰੋੜ ਰੁਪਿਆ ਬਾਰਡਰ ਏਰੀਆਜ਼ ਤੇ ਸਬਮਾਊਂਟਨੀਅਸ ਏਰੀਆਜ਼ ਨੂੰ ਹੀ ਦੇ ਰਹੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਨਾਰਮਲ ਪ੍ਰੋਗਰਾਮ ਹੈ 10 ਹਜ਼ਾਰ ਟਿਊਬਵੈਲ ਲਾਉਣ ਦਾ, ਬਿਜਲੀ ਬੋਰਡ ਦਾ ਅਤੇ ਐਗਰੀਕਲਚਰ ਦਾ ਜਿਹੜਾ ਪ੍ਰੋਗਰਾਮ ਹੈ, ਉਹ ਸਾਰੇ ਪੰਜਾਬ ਵਿਚ ਪ੍ਰੋਗਰਾਮ ਲਗਾਤਾਰ ਚੱਲ ਰਹੇ ਹਨ । ਇਹ ਤਾਂ ਵਾਧੂ ਪ੍ਰੋਗਰਾਮ ਸੀ ਜਿਹੜਾ ਕਿ ਅਸੀਂ ਜ਼ਿਆਦਾ ਪੈਸੇ ਖਰਚ ਕਰ ਰਹੇ ਹਾਂ ਅਤੇ ਉਸ ਦੇ ਵਾਸਤੇ ਇਹ ਡਿਮਾਂਡਜ਼ ਸਨ ।

ਇਸ ਤੋਂ ਬਾਅਦ ਇਥੇ ਕੋਆਪ੍ਰੇਟਿਵ ਸੁਸਾਇਟੀਆਂ ਦਾ ਜ਼ਿਕਰ ਆਇਆ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਤੁਹਾਨੂੰ ਪਤਾ ਹੈ ਕਿ ਕਿਸ ਤਰ੍ਹਾਂ ਦੀਆਂ ਸੁਸਾਇਟੀਆਂ ਚੱਲਦੀਆਂ

[ਵਿੱਤ ਮੰਤਰੀ]

ਰਹੀਆਂ ਹਨ । ਲੇਕਿਨ ਇਸ ਸਰਕਾਰ ਦੇ 9 ਮਹੀਨਿਆਂ ਦੇ ਰਾਜ ਵਿਚ 252 ਨਵੇਂ ਕੇਸ ਰਜਿਸਟਰ ਹੋਏ ਹਨ । ਕੋਆਪ੍ਰੇਟਿਵ ਸੁਸਾਇਟੀਆਂ ਦੇ ਗਬਨ ਦੇ ਖਿਲਾਫ ਪੁਰਾਣੇ 50 ਕੇਸ ਚੱਲ ਰਹੇ ਸਨ ਤਾਂਕਿ ਇਨ੍ਹਾਂ ਦੀ ਸਫਾਈ ਕੀਤੀ ਜਾਵੇ ਅਤੇ ਲੋਕਾਂ ਦਾ ਰੁਪਿਆ ਖੁਰਦ ਬੁਰਦ ਨਾ ਹੋਵੇ । ਇਸ ਤੋਂ ਇਲਾਵਾ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਜਿਸ ਦਾ ਜ਼ਿਕਰ ਇਨ੍ਹਾਂ ਨੇ ਕੀਤਾ ਹੈ । ਜਿਥੇ ਗਰਾਂਟ-ਇਨ-ਏਡ ਪ੍ਰਾਈਵੇਟ ਸਕੂਲਾਂ ਨੂੰ 2 ਕਰੋੜ 21 ਲੱਖ ਦਿੰਦੇ ਸੀ ਉਹ ਇਸ ਸਰਕਾਰ ਨੇ ਵਧਾ ਕੇ 3 ਕਰੋੜ 11 ਲੱਖ ਰੁਪਿਆ ਕਰ ਦਿੱਤੀ ਹੈ । (ਤਾੜੀਆਂ) ਤਾਂਕਿ ਜਿੰਨੇ ਪ੍ਰਾਈਵੇਟ ਸਕੂਲ ਹਨ ਉਨ੍ਹਾਂ ਦੇ ਜਿਹੜੇ ਟੀਚਰਜ਼ ਹਨ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਿਆਂ ਕੀਤਾ ਜਾ ਸਕੇ । ਇਹ ਕੰਮ ਇਸ ਸਰਕਾਰ ਨੇ ਕੀਤਾ ਹੈ । (ਵਿਘਨ) ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਇਹ ਸਰਕਾਰ ਕੀ ਕੁਝ ਕਰ ਰਹੀ ਹੈ । ਅਸੀਂ ਇਕੱਲੇ ਪਿੰਡਾਂ ਦੇ ਕਿਸਾਨਾਂ ਦਾ ਹੀ ਭਲਾ ਨਹੀਂ ਕਰਨਾ ਚਾਹੁੰਦੇ, ਨਾ ਹੀ ਅਸੀਂ ਇਕੱਲੀ ਹਰੀਜਨਾਂ ਦੀ ਭਲਾਈ ਕਰਨਾ ਚਾਹੁੰਦੇ ਹਾਂ ਅਤੇ ਨਾ ਹੀ ਇਕੱਲੀ ਮਜ਼ਦੂਰਾਂ ਦੀ ਭਲਾਈ ਕਰਨਾ ਚਾਹੁੰਦੇ ਹਾਂ ਬਲਕਿ ਆਰਗੇਨਾਈਜ਼ੇਸ਼ਨ ਸੈਕਟਰ ਨੂੰ ਵੀ ਉਨ੍ਹਾਂ ਦਾ ਹਿੱਸਾ ਦਿੰਦੇ ਹਾਂ । ਅਤੇ ਸਾਡਾ ਇਹ ਵੀ ਮਨਸ਼ਾ ਹੈ ਕਿ ਕੋਈ ਐਜੀਟੇਸ਼ਨ ਕਰਕੇ ਜਾਂ ਸਟਰਾਈਕ ਕਰਕੇ ਲੈਣਾ ਚਾਹੇ ਤਾਂ ਉਸ ਨੂੰ ਨਹੀਂ ਦਿੰਦੇ ਜਦ ਕਿ ਉਹ ਨੈਗੋਸ਼ੀਏਸ਼ਨ ਜਾਂ ਗੱਲਬਾਤ ਨਾ ਕਰਨ । ਜਿਹੜੇ ਸਟਰਾਈਕ ਕਰਕੇ ਜੱਫਾ ਪਾ ਲੈਂਦੇ ਹਨ ਇਸ ਤਰ੍ਹਾਂ ਪਲਾਂਡ ਡੀਵੈਲਪਮੈਂਟ ਖਤਮ ਹੋ ਜਾਵੇਗੀ ਅਤੇ ਪਲਾਂਡ ਮੁਤਾਬਿਕ ਫਿਰ ਬੱਜਟ ਨਹੀਂ ਚਲੇਗਾ ਅਤੇ ਤਰੱਕੀ ਨਹੀਂ ਹੋਵੇਗੀ । ਫਿਰ ਇਹ ਹੋਵੇਗਾ ਕਿ ਜਿਹੜਾ ਸਟਰਾਈਕ ਕਰੇਗਾ ਉਹ ਲੈ ਜਾਇਆ ਕਰੇਗਾ । ਪਰ ਨਹੀਂ ਇਹ ਵੀ ਮਨਸ਼ਾ ਕਲੀਅਰ ਹੋ ਗਿਆ ਹੈ । ਸੋ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਲਫਜ਼ਾਂ ਨਾਲ ਮੈਨੂੰ ਆਸ ਹੈ ਕਿ ਇਹ ਬਿੱਲ ਪਾਸ ਕੀਤਾ ਜਾਵੇ ।

Mr. Deputy Speaker : Question is—

That the Punjab Appropriation (No. 5) Bill, 1972 be taken into consideration at once.

The Motion was carried.

Mr. Deputy Speaker : Now the House will proceed to consider the Bill Clause by Clause.

CLAUSE 2

Mr. Deputy Speaker : Question is—

That Clause 2 stand part of the Bill.

The Motion was carried.

CLAUSE 3

Mr. Deputy Speaker : Question is—

That Clause 3 stand part of the Bill.

The Motion was carried.

SCHEDULE

Mr. Deputy Speaker : Question is—

That the Schedule stand part of the Bill.

The Motion was carried.

CLAUSE 1

Mr. Deputy Speaker : Question is—

That Clause 1 stand part of the Bill.

The Motion was carried.

TITLE

Mr. Deputy Speaker : Question is—

That Title be the title of the Bill.

The Motion was carried.

Minister For Finance (Shri Hans Raj Sharma) : Sir, I beg to move—

That the Punjab Appropriation (No. 5) Bill 1972 be passed.

Mr. Deputy Speaker : Motion moved—

That the Punjab Appropriation (No. 5) Bill 1972 be passed.

Mr. Deputy Speaker : Question is—

That the Punjab Appropriation (No. 5) Bill, 1972 be passed.

The Motion was carried.

Mr. Deputy Speaker : The House stands adjourned till 10-00 A.M. on Thursday, the 14th December, 1972.

1.57 P.M.

(*The Sabha then adjourned till 10-00 A.M. on Thursday, the 14th December, 1972*)

800—13-11-73—284 ਕਾਪੀ—ਪੰਜਾਬ ਸਰਕਾਰ ਪਰੈਸ, ਪਟਿਆਲਾ।

APPENDIX

TO

Punjab Vidhan Sabha

Debates

Vol. III-No. 1

13th December, 1972

HANDING OVER CHARGE BY SOME EX-SARPANCHES IN CERTAIN DEVELOPMENT BLOCKS GURDASPUR DISTRICT.

*609. **Comrade Raj Kumar** : Will the Minister for Development be pleased to state—

(a) whether Ex-Sarpanches of Gram Panchayat Raipur (Kathlaur) of Narot Jaimal Singh Development Block and Sohal of Dhariwal Development Block in Gurdaspur District have handed over charge of these Panchayats to the newly elected Sarpanches; if not the reasons thereof;

(b) the action, if any taken by the Deputy Commissioner concerned in the matter and with what result ?

Capt. Rattan Singh (Development Minister, Punjab) : (a) Yes.

(b) The question does not arise.

[(ੳ) ਹਾਂ ਜੀ।

(ਅ) ਸਵਾਲ ਨਹੀਂ ਉਠਦਾ ।]

CASES PENDING BEFORE LABOUR COURT, JULLUNDUR

*810. **Comrade Saggar Singh** : Will the Minister for Finance be pleased to state the number of cases pending for a final judgement before the Labour Court, Jullundur, for the last six months or one year and more than one year ?

Shri Hans Raj Sharma (Finance Minister) : Three cases pending for final judgement for the last six months or one year and only four cases pending for more than one year.

DEMOLITION OF PRIVATE OWNED SHOPS AT BHATINDA.

800 **1. Comrade Jangir Singh Joga**
2. Comrade Satyapal Dang.
Will the Chief Minister be pleased to state :—

(a) Whether in the month of September, 1972 the P.W.D. authorities or any District authorities demolished with the help of Buldozers any privately owned shop of Bhagat Singh Market Civil Station Bhatinda; if so, the number of shops so demolished and the reasons thereof;

(b) Whether any prior notice was given to the owners of the said shops; if so, a copy of the same be laid on the table of the House.

(c) Whether the Government received any representation in connection with the said demolition; if so, details thereof ;

(d) the names of those from which the said representations were received and the action taken thereon.

Gaini Zail Singh : Yes; the number of shops was 27. It was done to remove the unauthorised construction along the P.W.D. land.

(b) Yes, verbal notice was given by the police as a result of which all khokhawalas who had constructed purely temporary structures on P.W.D. land, to remove the same.

(c&d) Yes, One representation signed by Shri Faqir Chand, Iqbal Singh, Madan Lal Chhabre, Parkash Chand, Ramji Dass, Ajit Kumar, Satpal Bharti, Nathu Ram, Gurdev Singh, Nahing Singh & others. The matter was enquired into and it was found that action was taken correctly.

[ੳ) ਹਾਂ ਜੀ, ਦੁਕਾਨਾਂ ਦੀ ਗਿਣਤੀ 27 ਸੀ ਅਤੇ ਇਹ ਲੋਕ ਨਿਰਮਾਣ ਵਿਭਾਗ ਲਈ ਜ਼ਮੀਨ ਤੇ ਅਨਅਧਿਕਾਰਤ ਕਬਜੇ ਕਾਰਣ ਢਾਹੀਆਂ ਗਈਆਂ ।

(ਅ) ਹਾਂ ਜੀ, ਪੁਲਿਸ ਨੇ ਜ਼ਬਾਨੀਂ ਨੋਟਿਸ ਦਿੱਤਾ ਸੀ, ਜਿਸ ਦੇ ਨਤੀਜ਼ੇ ਵਜੋਂ ਉਨ੍ਹਾਂ ਸਾਰੇ ਖੋਖੇ-ਵਾਲਿਆਂ ਨੇ ਜਿਨ੍ਹਾਂ ਨੇ ਅਸਥਾਈ ਖ਼ੋਖੇ ਲੋਕ ਨਿਰਮਾਣ ਵਿਭਾਂਗ ਦੀ ਜ਼ਮੀਨ ਤੇ ਬਣਾਂਏ ਸਨ, ਆਪਣੇ ਆਪ ਚੁਕ ਲਵੋ ।

(ੲ ਤੇ ਸ) ਹਾਂ ਜੀ, ਇਕ ਅਰਜ਼ੀ ਸਰਬ ਸ੍ਰੀ ਫਕੀਰ ਚੰਦ, ਇਕਬਾਲ ਸਿੰਘ, ਮਦਨ ਲਾਲ ਛਾਬੜਾ, ਪਰਕਾਸ਼ ਚੰਦ, ਰਾਮ ਜੀ ਦਾਸ, ਅਜੀਤ ਕੁਮਾਰ, ਸਤਪਾਲ ਭਾਰਤੀ, ਨਥੂ ਰਾਮ, ਗੁਰਦੇਵ ਸਿੰਘ. ਨਿਹੰਗ ਸਿੰਘ ਤੇ ਹੋਰਨਾਂ ਵਲੋਂ । ਮਾਮਲੇ ਦੀ ਪੜਤਾਲ ਕੀਤੀ ਗਈ, ਅਤੇ ਇਹ ਪਤਾ ਲਗਾ ਕਿ ਕਾਰਵਾਈ ਠੀਕ ਸੀ ।]

LOSS CAUSED TO STATE AND PRIVATE PROPERTY DUE TO RECENT MOGA INCIDENT.

*825. 1. **Sardar Ajaib Singh Sandhu,**)
2. **Sardar Jaswinder Singh Brar,**)
3. **Sardar Sukhdev Singh Dhindsa,**)
4. **Sardar Gurdev Singh Sidhu,**) Will the
5. **Sardar Prehlad Singh,**)
6. **Sardar Surjit Singh,**)
7. **Shrimati Kulwant Kaur,**)
8. **Sardar Mohinder Singh,**)
9. **Sardar Basant Singh,**

Chief Minister be pleased to state :—

(a) the details of the loss caused to State and Private property as a result of the recent Moga incident and thereafter in the State district-wise.

(b) Whether any compensation has been paid to the private owners against their loss, if so the details thereof ?

ਗਿਆਨੀ ਜ਼ੈਲ ਸਿੰਘ : (ੲ) ਲੋੜੀਂਦੀ ਸੂਚਨਾ ਦੀ ਸੂਚੀ ਸਦਨ ਦੀ ਟੇਬਲ ਤੇ ਰਖੀ ਜਾਂਦੀ ਹੈ ।

(ਬੀ) ਕੋਈ ਮੁਆਵਜ਼ਾ ਨਹੀਂ ਦਿਤਾ ਗਿਆ ।

ਵਰਤਮਾਨ ਮੋਗਾ ਘਟਨਾ ਦੇ ਫਲ-ਸਰੂਪ ਅਤੇ ਉਸ ਤੋਂ ਬਾਦ ਸਟੇਟ ਅਤੇ ਪ੍ਰਾਈਵੇਟ ਪ੍ਰਾਪਰਟੀ ਨੂੰ ਹੋਏ ਨੁਕਾਸਨ ਦੀ ਜ਼ਿਲਾ ਵਾਰ ਸੂਚੀ ।

ਜ਼ਿਲੇ ਦਾ ਨਾਂ	ਸਟੇਟ ਪ੍ਰਾਪਰਟੀ ਨੂੰ ਨੁਕਸਾਨ	ਪ੍ਰਾਈਵੇਟ ਪ੍ਰਾਪਰਟੀ ਨੂੰ ਨੁਕਸਾਨ	ਵਿਸ਼ੇਸ਼ ਕਥਨ
1	2	3	4
1. ਅੰਮ੍ਰਿਤਸਰ	67,615/—	46,800/—	—
2. ਪਟਿਆਲਾ	1,86,000/—	1,500/—	—

1		2	3	4
3.	ਹੁਸ਼ਿਆਰਪੁਰ	11,625/—	ਨਿੱਲ	—
4.	ਜ਼ਲੰਧਰ	2,29,680/—	ਨਿੱਲ	—
5.	ਸੰਗਰੂਰ	64,050/—	1,15,300/—	—
6.	ਬਠਿੰਡਾ	1,00,000/—	ਨਿੱਲ	—
7.	ਰੋਪੜ	180/—	18,068.75	—
8.	ਗੁਰਦਾਸਪੁਰ	500/—	ਨਿੱਲ	—
9.	ਫ਼ਰੀਦਕੋਟ	6,09,279.04	9,190.36 ਇਸ ਤੋਂ ਇਲਾਵਾ ਰੀਗਲ ਸਿਨਮਾ, ਮੋਗਾ ਨੂੰ ਅੱਗ ਲਗਾ ਦਿੱਤੀ ਗਈ ਸੀ ਅਤੇ ਸਿਨਮੇ ਦੇ ਲੋਕਲ ਮਨੈਜਰ ਨੇ ਅਨੁਮਾਨਤ ਨੁਕਸਾਨ ਦਸਣ ਬਾਰੇ ਅਸਮਰਥਤਾਂ ਜ਼ਾਹਿਰ ਕੀਤੀ ਹੈ ।	—
10.	ਲੁਧਿਆਣਾ	1,87.670/—	2,67,200/—	ਪ੍ਰਾਈਵੇਟ ਪ੍ਰਾਪਰਟੀ ਬਾਰੇ ਨੁਕਸਾਨ ਦਾ ਅੰਦਾਜ਼ਾਂ ਲੋਕਾਂ ਵਲੋਂ ਪੁਲਿਸ ਕੋਲ ਦਰਜ ਕਰਵਾਈਆਂ ਰਿਪੋਰਟਾਂ ਤੋਂ ਲਗਾਇਆ ਗਿਆ ਹੈ ।
11.	ਫਿਰੋਜ਼ਪੁਰ	ਪੰਜਾਬ ਰੋਡਵੇਜ਼ ਦੀਆਂ ਦੋ ਬੱਸਾਂ ਜਲਾ ਦਿੱਤੀਆਂ ਅਤੇ ਪੰਜਾਬ ਸਟੇਟ ਬਿਜਲੀ ਬੋਰਡ ਦੀ ਇਕ ਪਿਕਅੱਪ ਨੂੰ ਕੁਝ ਨੁਕਸਾਨ ਪੁਜਾ ।	ਨਿਲ	—
12.	ਕਪੂਰਥਲਾ	ਪੀ.ਐਚ.ਸੀ. ਬੰਗੋਵਾਲ ਦੀਆਂ ਖਿੜਕੀਆਂ ਦੇ	ਜਗਜੀਤ ਸਿਨਮਾ ਕਪੂਰ-ਥਲਾ ਦੇ ਲਕੜ ਦੇ	—

1	2	3	4
	ਸੀਸ਼ੇ, ਇਕ ਪੈਪਸੂ ਰੋਡਵੇਜ਼ ਦੇ ਟਾਇਰ ਅਤੇ ਖਿੜਕੀਆਂ ਦੇ ਸੀਸ਼ੇ, ਡਾਕਖਾਨਾ, ਸਤਨਾਮਪੁਰਾਂ ਦੀਆਂ ਖਿੜਕੀਆਂ ਸ਼ੀਸੇ ਅਤੇ ਰੇਲਵੇ ਸਟੇਸ਼ਨ ਖੋਜੇਵਾਲ ਦਾ ਫਰਨੀਚਰ ਅਤੇ ਖਿੜਕੀਆਂ ਦੇ ਸ਼ੀਸ਼ਿਆਂ ਨੂੰ ਨੁਕਸਾਨ ਪਹੁੰਚਾਇਆ ਗਿਆ ।	ਦਰਵਾਜ਼ਿਆਂ ਅਤੇ ਇਕ ਸਤਲੁਜ ਬੱਸ ਅਤੇ ਇਕ ਪਰਿੰਸ ਬੱਸ ਦੇ ਖਿੜਕੀਆਂ ਦੇ ਸ਼ੀਸ਼ੇ ਤੋੜ ਦਿੱਤੇ ਗਏ ਸਨ ।	

GOVERNMENT HIGH/HIGHER SECONDARY SCHOOLS RUNNING WITHOUT HEADMASTERS/PRINCIPALS.

479. **Comrade Satya Pal Dang.**—Will the Minister for Education and Revenue be pleased to state.—

(a) the names of Government High/Higher Secondary Schools in the State which are still running without Headmasters/Principals and the date (s) since when these have been running as such ;

(b) the time by which the vacancies of Headmasters/Principals in the said schools are likely to be filled up?

Sardar Umrao Singh: (a) Nil.

(b) Question does not arise.

[(ੳ) ਨਿਲ

(ਅ) ਸਵਾਲ ਹੀ ਨਹੀਂ ਉਠਦਾ ।]

ADDITIONAL MINISTERIAL STAFF FOR OFFICES OF DISTRICT EDUCATION OFFICERS.

481. **Commrade Satya Pal Dang** : Will the Minister for Education and Revenue be pleased to state.—

(a) Whether it is a fact that after reogranisation of Punjab Education Department, the number of Schools, and Teachers and students have been increased considerable every, but no additional Ministerial staff has been provided although work load has been increased during the last nice years,

(b) if the answer to part (a) above be in the affirmative, whether the Government proposed to provide additional ministerial staff in all the offices of the District Education Officers in the State, if so, when?

Sardar Umrao Singh: (a) Yes Please.

(b) A Scheme for strengthening of Educational Administration at the Circle, District & Sub-divisional levels is under consideration of Government.

[(ੳ) ਹਾਂ ਜੀ ।

(ਅ) ਇਕ ਮਕੀਮ ਮੰਡਲ, ਜ਼ਿਲਾ ਅਤੇ ਸਬ ਡਵੀਜ਼ਨਲ ਪਧਰ ਤੇ ਘੇਰਨੀ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ ਸਰਕਾਰ ਦੇ ਵਿਚਾਰ ਅਧੀਨ ਹੈ ।]

AMOUNT CONTRIBUTED BY STATE GOVERNMENT TOWARDS THE DEFFENCE FUND OF THE GOVERNMENT OF INDIA.

483. **Sardar Dhanna Singh Gulshan**.—Will the Chief Minister be pleased to state: —

(a) the total amount contributed by the State Government towards the Defence Fund of the Government of India during the period of Indo-Pak War in 1971 ;

(b) the district-wise details of the amount so collected and various sources through which the said Fund was collected ;

(c) whether the whole of the said amount has been deposited in the National Defence Fund of the Government of India or any part thereof has been kept as Reserve Fund with the State Government?

Giani Zail Singh :(a) No amount was contributed by the State Government towards the Defence Fund of the Government of India during Indo-Pakistan War in 1971, but contributions made by the public of the State amounting to Rs. 19, 12, 649.26 p. were sent to the National Defence Fund of the Government of India.

(b) The requisite information is given below :—

(i)	Amount received through the Heads of Departments/ Offices	Rs.	2,89,231.03
(ii)	D. C. Amritsar.	Rs.	12,000.00
(iii)	D. C. Jullundur.	Rs.	19,49040

(iv)	D. C. Ludhiana.	Ps.	15,02,584.13
(v)	The amount received in C.M. Sectt. direct from various State Institutions/Agencies,	Rs.	22,503.70
(vi)	Amount sent to the Government of India by State Institutions direct.	Rs.	66,840.00
	Total :—	Rs.	19,12,649.26

(c) Yes. No amount has been kept as Reserve Fund with the State Government.

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

12th December, 1972

VOL. III—NO. 1

OFFICIAL REPORT

CONTENTS

Tuesday, the 12th December, 1972

PUNJAB VIDHAN SABHA SECRETARIAT, CHANDIGARH

Price: Rs. 36-20

PUNJAB VIDHAN SABHA

Tuesday, the 12th December, 1972

The Vidhan Sabha met in the Hall of the Punjab Vidhan Sabha, Vidhan Bhavan, Sector I, Chandigarh, at 2.00 p.m. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

STARRED QUESTION No. 686

ਸ਼੍ਰੀ ਸਪੀਕਰ: ਸਵਾਲ ਨੰ: 686 ਲਈ ਐਕਸਟੈਨਸ਼ਨ ਮੰਗੀ ਗਈ ਹੈ ਜੀ ।

ਅ. ਸ. ਨੰ: 19839-7 ਏ-72/——

ਮੁੱਖ ਮੰਤਰੀ,
ਪੰਜਾਬ, ਚੰਡੀਗੜ੍ਹ ।
ਮਿਤੀ 11 ਦਸੰਬਰ, 1972

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦਾ ਸਟਾਰਡ ਸਵਾਲ ਨੰ: 686 ਜੋ ਮਿਤੀ 12-12-1972 ਲਈ ਸਵਾਲਾਂ ਦੀ ਸੂਚੀ ਵਿਚ ਸ਼੍ਰੀ ਸਰਦਾਰੀ ਲਾਲ ਕਪੂਰ, ਮੈਂਬਰ, ਪੰਜਾਬ ਵਿਧਾਨ ਸਭਾ ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦਾ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਸਵਾਲ ਨੂੰ ਮਿਤੀ 22-12-1972 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਹਿਤੂ

(ਜ਼ੈਲ ਸਿੰਘ)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਇਹ ਸਾਰੀ ਇਨਫਰਮੇਸ਼ਨ ਸੈਕਰੀਟੇਰੀਏਟ ਦੇ ਵਿਚ ਹੈ, ਇਹ ਸੈਸ਼ਨ ਤੋਂ ਬਾਅਦ ਸਾਰੀ ਇਨਫਰਮੇਸ਼ਨ ਆਉਣੀ ਹੈ । ਇਨ੍ਹਾਂ ਨੂੰ ਕਹੋ ਕਿ ਇਤਲਾਹ ਕਲ ਤਕ ਦੇ ਦੇਣ ।

ਸਰਦਾਰ ਅਜਾਇਬ ਸਿੰਘ ਸੰਧੂ: ਇਸ ਦਾ ਨੋਟਿਸ ਜਦੋਂ 18 ਦਿਨ ਦਾ ਆਇਆ ਹੈ ਫੇਰ ਸਰਕਾਰ ਹੁਣ ਤਕ ਜਵਾਬ ਕਿਉਂ ਤਿਆਰ ਨਹੀਂ ਕਰ ਸਕੀ ?

ਸ੍ਰੀ ਸਪੀਕਰ: ਇਸ ਦਾ ਜਵਾਬ ਜਲਦੀ ਹੀ ਆ ਜਾਵੇਗਾ। (The Government will give the reply soon.)

ਸਰਦਾਰ ਅਜਾਇਬ ਸਿੰਘ ਸੰਧੂ: ਇਹ ਜਲਦੀ ਦੀ ਟਰਮ ਤਾਂ, ਸਪੀਕਰ ਸਾਹਿਬ, ਬੜੀ ਵੇਗ ਜਿਹੀ ਹੈ।

ਸ੍ਰੀ ਸਰਦਾਰੀ ਲਾਲ ਕਪੂਰ: ਮੈਨੂੰ ਇਤਨਾ ਹੀ ਦਸ ਦਿੱਤਾ ਜਾਵੇ ਕਿ ਇਹ ਜਵਾਬ ਇਸ ਸੈਸ਼ਨ ਦੇ ਵਿਚ ਆਵੇਗਾ ਜਾਂ ਨਹੀਂ ?

(ਕੋਈ ਜਵਾਬ ਨਹੀਂ ਆਇਆ)

DISTRICT GRIEVANCES COMMITTEES

*684. **Comrade Shamsher Singh Josh**: Will the Chief Minister be pleased to state whether the Government has formed District Grievances Committees at District level; if so, when and the scope of the said Committees together with the criteria adopted for the selection of members thereof ?

Giani Zail Singh: Yes Sir, on 31st July, 1972. The function of Committees is to ensure that all grievances of the public are looked into properly and expeditiously. The criteria adopted for the selection of its members is as under :—

Chairman: Deputy Commissioner of the District or Minister-in-charge of the District Public Grievances Committee whenever he attends the meeting.

Member:
1. All M.Ps. and M.L.As. of the District,
2. Secretary, Soldiers, Sailors and Airmen's Board.
3. President, District Bar Association.
4. A representative of the labour.
5. President of the Municipal Committee of the District Headquarters.
6. Chairman, Zila Parishad,
7. Some prominent persons and social workers of the district

[ਹਾਂ ਜੀ, ਮਿਤੀ 31 ਜੁਲਾਈ, 1972 ਨੂੰ। ਇਨ੍ਹਾਂ ਕਮੇਟੀਆਂ ਦਾ ਕੰਮ ਲੋਕਾਂ ਦੀਆਂ ਸ਼ਕਾਇਤਾਂ ਦਾ ਸੁਚੱਜੇ ਢੰਗ ਨਾਲ ਅਤੇ ਤੁਰਤ ਨਿਪਟਾਰੇ ਨੂੰ ਯਕੀਨੀ ਬਣਾਉਣਾ ਹੈ ਤੇ ਮੈਂਬਰਾਂ ਦੀ ਚੋਣ ਹੇਠ ਲਿਖੇ ਅਨੁਸਾਰ ਕੀਤੀ ਗਈ ਹੈ:—

ਚੇਅਰਮੈਨ: ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ। ਪਰ ਜਦੋਂ ਜ਼ਿਲ੍ਹਾ ਪਬਲਿਕ ਗਰੀਵੈਂਸਿਜ਼ ਕਮੇਟੀ ਦੇ ਇੰਚਾਰਜ ਮੰਤਰੀ ਮਹੋਦਯ ਮੀਟਿੰਗ ਵਿਚ ਸ਼ਾਮਲ ਹੋਣਗੇ ਤਾਂ ਉਹ ਇਸਦੀ ਪਰਧਾਨਗੀ ਕਰਨਗੇ।

ਮੈਂਬਰ: 1. ਜ਼ਿਲ੍ਹੇ ਦੇ ਸਾਰੇ ਐਮ. ਪੀਜ਼. ਤੇ ਐਮ. ਐਲ. ਏਜ਼.

2. ਸਕੱਤਰ, ਸੈਕਟਰਜ਼, ਸੋਲਜਰਜ਼ ਅਤੇ ਏਅਰਮੈਨ ਬੋਰਡ।

3. ਪ੍ਰਧਾਨ, ਜ਼ਿਲ੍ਹਾ ਬਾਰ ਐਸੋਸੀਏਸ਼ਨ।

4. ਮਜ਼ਦੂਰਾਂ ਦਾ ਇਕ ਨੁਮਾਇੰਦਾ।

5. ਜ਼ਿਲ੍ਹਾ ਹੈਡਕੁਆਟਰ ਦੀ ਨਗਰਪਾਲਕਾ ਦੇ ਪ੍ਰਧਾਨ।

6. ਚੇਅਰਮੈਨ, ਜ਼ਿਲ੍ਹਾ ਪਰੀਸ਼ਦ।

7. ਜ਼ਿਲ੍ਹਿਆਂ ਦੇ ਕੁਝ ਉਘੇ ਆਦਮੀ ਤੇ ਸੋਸ਼ਲ ਵਰਕਰ।]

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਠੀਕ ਹੈ ਕਿ ਜਿਹੜੀਆਂ ਵੀ ਕਮੇਟੀਆਂ ਵਿਚ ਨੁਮਾਇੰਦਗੀ ਦਿਤੀ ਜਾ ਰਹੀ ਹੈ ਉਹ ਸਾਰੀ ਕਾਂਗਰਸ ਬੈਕਡ ਨੂੰ ਹੀ ਦਿੱਤੀ ਜਾ ਰਹੀ ਹੈ? ਇਸ ਦਾ ਕੀ ਕਾਰਨ ਹੈ ਕਿ ਇਨ੍ਹਾਂ ਵਿਚ ਅਪੋਜ਼ੀਸ਼ਨ ਦੇ ਐਮ. ਐਲ. ਏਜ਼. ਜਾਂ ਕੀ ਹੋਰ ਵੀ ਆਪੋਜ਼ੀਸ਼ਨ ਦੇ ਨੁਮਾਇੰਦੇ ਵੀ ਨਹੀਂ ਲਏ ਜਾਂਦੇ?

ਮੁੱਖ ਮੰਤਰੀ: ਇਸ ਗੱਲ ਦਾ ਖਿਆਲ ਨਹੀਂ ਰਖਿਆ ਗਿਆ ਕਿ ਕੌਣ ਕਿਹੜੀ ਪਾਰਟੀ ਦਾ ਬੰਦਾ ਹੈ ਸਿਰਫ ਇਹ ਵੇਖਿਆ ਗਿਆ ਹੈ ਕਿ ਆਨੈਸਟ ਅਤੇ ਪਬਲਿਕ ਦੀ ਸੇਵਾ ਕਰਨ ਵਾਲਾ ਹੋਵੇ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਕੀ ਆਨੈਸਟੀ ਕਾਂਗਰਸ ਪਾਰਟੀ ਤਕ ਹੀ ਮਹਿਦੂਦ ਹੈ?

ਮੁੱਖ ਮੰਤਰੀ: ਸਪੀਕਰ ਸਾਹਿਬ, ਸਮਝਿਆ ਇਹੋ ਜਾਂਦਾ ਹੈ ਜੋ ਕਨੇਡੀਅਨ ਸਾਹਿਬ ਨੇ ਕਿਹਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ: ਜਿਹੜਾ ਏਥੇ ਪ੍ਰੋਮੀਨੈਂਟ ਦਾ ਸ਼ਬਦ ਪਾਇਆ ਹੈ, ਇਸ ਦੀ ਡੈਫੀਨੀਸ਼ਨ ਕੀ ਹੈ? ਕੀ ਉਹ ਪ੍ਰੋਮੀਨੈਂਟ ਹੋ ਸਕਦਾ ਹੈ ਜਿਹੜਾ ਬਤੌਰ ਮੈਂਬਰ ਦੇ ਪੈਸਿਆਂ ਦੀ ਉਗਰਾਹੀ ਕਰਦਾ ਹੈ।

Mr. Speaker: Not allowed.

ਸ੍ਰੀ ਸਰਦਾਰੀ ਲਾਲ ਕਪੂਰ: ਕੀ ਚੀਫ ਮਨਿਸਟਰ ਸਾਹਿਬ ਇਹ ਨਹੀਂ ਕਰ ਸਕਦੇ ਕਿ ਜਦੋਂ ਮੈਂਬਰ ਨਾ ਹੋਵੇ ਤਾਂ ਡੀ. ਸੀ. ਪ੍ਰੀਜ਼ਾਈਡ ਕਰੇ। ਪਰ ਜਦੋਂ ਅਸੈਂਬਲੀ ਦਾ ਸੀਨੀਅਰ ਮੈਂਬਰ ਹੋਵੇ ਤਾਂ ਉਸ ਵੇਲੇ ਡੀ. ਸੀ. ਦਾ ਪ੍ਰੀਜ਼ਾਈਡ ਕਰਨਾ ਠੀਕ ਨਹੀਂ ਹੈ।

ਮੁੱਖ ਮੰਤਰੀ: ਇਹ ਸਪਲੀਮੈਂਟਰੀ ਤਾਂ ਨਹੀਂ ਬਣਦਾ ਇਹ ਤਾਂ ਇਕ ਸੁਜੈਸ਼ਨ ਹੈ; ਵੇਖ ਲਵਾਂਗੇ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਕੀ ਕੋਈ ਬਾਰ ਐਸੋਸੀਏਸ਼ਨ ਦਾ ਚੇਅਰਮੈਨ ਹੋਰ ਜ਼ਿਲ੍ਹੇ ਦੀ ਗਰੀਵੈਂਸਿਜ਼ ਕਮੇਟੀ ਦਾ ਮੈਂਬਰ ਵੀ ਹੋ ਸਕੇਗਾ?

ਮੁੱਖ ਮੰਤਰੀ: ਹਰ ਜ਼ਿਲ੍ਹੇ ਦੀ ਬਾਰ ਅਸੋਸੀਏਸ਼ਨ ਦਾ ਚੇਅਰਮੈਨ ਗਰੀਵੈਂਸਿਜ਼ ਕਮੇਟੀ ਦਾ ਮੈਂਬਰ ਹੋਵੇਗਾ ।

ਕਾਮਰੇਡ ਰਾਜ ਕੁਮਾਰ: ਏਸ ਗੱਲ ਦੇ ਪੇਸ਼ੇ ਨਜ਼ਰ ਕਿ ਕੰਪਲੇਂਟਸ ਆਮ ਤੌਰ ਤੇ ਡੀ.ਸੀ. ਅਤੇ ਐਸ.ਪੀ. ਦੇ ਖਿਲਾਫ ਹੀ ਹੁੰਦੀਆਂ ਹਨ ਪਬਲਿਕ ਗਰੀਵੈਂਸਿਜ਼ ਆਫੀਸਰ ਦੀਆਂ ਪਾਵਰਜ਼ ਬੜੀਆਂ ਹੀ ਲਿਮਿਟਿਡ ਹਨ, ਕੀ ਮੁੱਖ-ਮੰਤਰੀ ਜੀ ਇਹ ਦਸਣ ਦੀ ਖੇਚਲ ਕਰਨਗੇ ਕਿ ਆਇਆ ਸਰਕਾਰ ਕੋਈ ਸਟੇਟ ਪੱਧਰ ਤੇ ਐਸੀ ਗਰੀਵੈਂਸਿਜ਼ ਕਮੇਟੀ ਸਥਾਪਤ ਕਰਨ ਦਾ ਕੋਈ ਇਰਾਦਾ ਰਖਦੀ ਹੈ ਜਿਸ ਵਿਚ ਡੀ. ਸੀ., ਸੁਪਰਡੰਟ ਪੁਲੀਸ ਅਤੇ ਹੋਰ ਐਡਮਨਿਸਟਰੇਟਿਵ ਸੈਕਟਰੀਜ਼ ਦੇ ਖਿਲਾਫ ਸ਼ਕਾਇਤਾਂ ਸੁਣੀਆਂ ਜਾ ਸਕਣ ।

ਮੁੱਖ ਮੰਤਰੀ: ਕੋਈ ਐਸਾ ਵਿਚਾਰ ਅਸੀਂ ਨਹੀਂ ਕਰ ਰਹੇ, ਕਿਉਂਕਿ ਜ਼ਿਆਦਾ ਕਮੇਟੀਆਂ ਦਾ ਕੋਈ ਲਾਭ ਨਹੀਂ ਹੁੰਦਾ । ਮੀਟਿੰਗਾਂ ਤਾਂ ਈਟਿੰਗ-ਚੀਟਿੰਗ ਵਾਸਤੇ ਹੀ ਹੋ ਜਾਂਦੀਆਂ ਹਨ । ਅਸੀਂ ਚਾਹੁੰਦੇ ਹਾਂ ਕਿ ਜ਼ਿਲ੍ਹਾ ਲੈਵਲ ਤੇ ਲੋਕਾਂ ਦੀਆਂ ਸ਼ਕਾਇਤਾਂ ਨਿਪਟਾਈਆਂ ਜਾਣ ਜੇ ਉਥੇ ਨਾ ਨਿਪਟਨ ਤਾਂ ਸੈਕਰੀਟੇਰੀਏਟ ਲੈਵਲ ਤੇ ਨਿਪਟਾਉਣ ਲਈ ਬਹੁਤ ਸਾਰਾ ਅਮਲਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ: ਕੀ ਮੁੱਖ-ਮੰਤਰੀ ਜੀ ਦਸਣਗੇ ਕਿ ਅਕਾਲੀ ਦੱਲ ਪੰਜਾਬ ਵਿਧਾਨ ਸਭਾ ਦੀ ਇਕ ਰਿਕੁਗਨਾਈਜ਼ਡ ਆਪੋਜ਼ੀਸ਼ਨ ਹੈ । ਫੇਰ ਵੀ ਇਸ ਨੂੰ ਨੁਮਾਇੰਦਗੀ ਕਿਉਂ ਨਹੀਂ ਦਿਤੀ ਗਈ ?

ਮੁੱਖ ਮੰਤਰੀ: ਜ਼ਿਲ੍ਹੇ ਦੇ ਹਰ ਪਾਰਟੀ ਦੇ ਮੈਂਬਰ, ਐਮ.ਪੀ. ਨੂੰ ਜਗ੍ਹਾ ਦਿਤੀ ਗਈ ਹੈ ।

ਸਰਦਾਰ ਅਜਾਇਬ ਸਿੰਘ ਸੰਧੂ: ਸਾਰੇ ਐਮ. ਐਲ. ਏਜ਼. ਦਾ ਸਵਾਲ ਨਹੀਂ ਜਿਥੇ ਸਾਡਾ ਬੰਦਾ ਭਾਵੇਂ ਨਾ ਹੋਵੇ ਫੇਰ ਵੀ ਆਪੋਜ਼ੀਸ਼ਨ ਵਿਚੋਂ ਕਿਉਂ ਨਾ ਨੁਮਾਇੰਦਾ ਹੋਵੇ ? (ਵਿਘਨ

(ਕੋਈ ਉੱਤਰ ਨਾ ਦਿਤਾ ਗਿਆ)

DRAINAGE PROBLEM IN PARTAP BAZAR, CHHEHARTA

*777 **Camrade Dana Ram, Comrade Satya Pal Dang**]: Will the Chief Minister be plaesed to state whether the District Grievances Committee, Amritsar received during 1972 any complaint about the serious drainage problem in Partap Bazar, Chheharta under the control of P. W. D; if so, the decision, if any, taken in the matter ?

Giani Zail Singh : Yes, a complaint was received in the month of July, 1972;

In the District. Public Grievances Committee meeting held on 6th September, 1972, the Executive Engineer, Provincial Division P.W.D. (B. and R.) reported that the work had been completed and it was pecided to drop the matter. Accordingly, the matter was dropped.

[ਹਾਂ ਜੀ, ਇਕ ਸ਼ਕਾਇਤ ਜੁਲਾਈ, 1972 ਦੇ ਦੌਰਾਨ ਪ੍ਰਾਪਤ ਹੋਈ ਸੀ । ਜ਼ਿਲ੍ਹਾ ਪਬਲਿਕ ਗਰੀਵੈਂਸਜ਼ ਕਮੇਟੀ ਦੀ ਮਿਤੀ 6 ਸਤੰਬਰ, 1972 ਨੂੰ ਹੋਈ ਮੀਟਿੰਗ ਵਿਚ ਕਾਰਿਜਕਾਰੀ ਇੰਨਜੀਨੀਅਰ, ਪ੍ਰਾਂਤਕ ਮੰਡਲ, ਅੰਮ੍ਰਿਤਸਰ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਨੇ ਰਿਪੋਰਟ ਕੀਤੀ ਸੀ ਕਿ ਇਹ ਕੰਮ ਮੁਕੰਮਲ ਹੋ ਚੁੱਕਾ ਹੈ । ਇਸ ਕਰਕੇ ਇਸ ਮਾਮਲੇ ਨੂੰ ਡਰਾਪ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਇਸ ਤਰ੍ਹਾਂ ਮਾਮਲਾ ਡਰਾਪ ਕਰ ਦਿਤਾ ਗਿਆ ।]

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਫੈਸਲਾ ਓਦੋਂ ਇਹ ਹੋਇਆ ਸੀ ਕਿ ਪੀ. ਡਬਲੀਊ. ਡੀ. ਵਾਲੇ ਐਸਟੀਮੇਟ ਬਣਾਕੇ ਘਲਣਗੇ । ਕੀ ਗਰੀਵੈਂਸਜ਼ ਕਮੇਟੀ ਨੇ ਨਿਪਟਾਰਾ ਕਰਨ ਤੋਂ ਪਹਿਲਾਂ ਇਹ ਗੱਲ ਵੇਖੀ ਸੀ ?

ਮੁੱਖ ਮੰਤਰੀ : ਗਰੀਵੈਂਸਜ਼ ਕਮੇਟੀ ਦਾ ਇਹ ਮਤਲਬ ਬਿਲਕੁਲ ਨਹੀਂ ਹੈ ਕਿ ਕਿਸੇ ਚੀਜ਼ ਦਾ ਗ਼ਲਤ-ਮਲਤ ਨਿਪਟਾਰਾ ਕੀਤਾ ਜਾਵੇ । ਉਨ੍ਹਾਂ ਨੇ ਹਰ ਜਾਇਜ਼ ਤਰੀਕੇ ਨਾਲ ਸ਼ਕਾਇਤ ਦਾ ਨਿਪਟਾਰਾ ਕਰਾਉਣਾ ਹੈ । ਇਕ ਸ਼ਕਾਇਤ ਡਾਂਗ ਸਾਹਿਬ ਵਲੋਂ ਉਨ੍ਹਾਂ ਦੀ ਚਿੱਠੀ ਮਿਤੀ 10 ਜੁਲਾਈ, 1972 ਰਾਹੀਂ ਪ੍ਰਾਪਤ ਹੋਈ ਕਿ ਪ੍ਰਤਾਪ ਬਾਜ਼ਾਰ, ਛੇਹਰਟਾ ਵਿਖੇ ਬਰਸਾਤ ਦਾ ਪਾਣੀ ਖੜ੍ਹਾ ਹੋ ਜਾਂਦਾ ਹੈ । ਜਿਸ ਨਾਲ ਲੋਕਾਂ ਨੂੰ ਦਿੱਕਤ ਹੁੰਦੀ ਹੈ । ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੇ ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ, ਅੰਮ੍ਰਿਤਸਰ ਨੂੰ ਮਿਤੀ 13 ਜੁਲਾਈ, 1972 ਨੂੰ ਬੇਨਤੀ ਕੀਤੀ ਕਿ ਇਸ ਸ਼ਕਾਇਤ ਤੇ ਉਹ ਲੋੜੀਂਦੀ ਕਾਰਵਾਈ ਕਰਨ । ਸ਼੍ਰੀ ਸੱਤਪਾਲ ਡਾਂਗ, ਐਮ. ਐਲ. ਏ. ਦੀ ਇਛਿਆ ਅਨੁਸਾਰ ਇਹ ਕੇਸ ਜ਼ਿਲ੍ਹਾ ਗਰੀਵੈਂਸਿਜ਼ ਕਮੇਟੀ ਦੀ ਬੈਠਕ ਮਿਤੀ 7 ਅਗਸਤ, 1972 ਦੇ ਏਜੰਡੇ ਵਿਚ ਰੱਖਿਆ ਗਿਆ ।

ਜ਼ਿਲ੍ਹਾ ਗਰੀਵੈਂਸਿਜ਼ ਕਮੇਟੀ ਦੀ ਬੈਠਕ ਮਿਤੀ 7 ਅਗਸਤ, 1972 ਵਿਚ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਅੰਮ੍ਰਿਤਸਰ ਨੇ ਰਿਪੋਰਟ ਕੀਤੀ ਕਿ ਇਸ ਕੰਮ ਵਾਸਤੇ ਅਨੁਮਾਨ ਤਿਆਰ ਕੀਤਾ ਜਾ ਰਿਹਾ ਹੈ ਅਤੇ ਮਨਜ਼ੂਰੀ ਲਈ ਭੇਜਿਆ ਜਾ ਰਿਹਾ ਹੈ । ਇਸ ਬੈਠਕ ਵਿਚ ਇਹ ਮਾਮਲਾ ਅਗਲੀ ਬੈਠਕ ਵਿਚ ਵਿਚਾਰਨ ਲਈ ਲੰਬਿਤ ਰਖਿਆ ਗਿਆ । ਜ਼ਿਲ੍ਹਾ ਗਰੀਵੈਂਸਿਜ਼ ਕਮੇਟੀ ਦੀ ਬੈਠਕ ਮਿਤੀ 6 ਸਤੰਬਰ, 1972 ਵਿਚ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਅੰਮ੍ਰਿਤਸਰ ਨੇ ਦੱਸਿਆ ਕਿ ਕੰਮ ਮੁਕੰਮਲ ਹੋ ਗਿਆ ਹੈ ਅਤੇ ਬੈਠਕ ਨੇ ਫੈਸਲਾ ਕੀਤਾ ਕਿ ਇਹ ਮਾਮਲਾ ਡਰਾਪ ਕੀਤਾ ਜਾਵੇ । ਇਸ ਤਰ੍ਹਾਂ ਇਹ ਮਾਮਲਾ ਡਰਾਪ ਕਰ ਦਿੱਤਾ ਗਿਆ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਉਥੇ ਤਾਂ ਐਸਟੀਮੇਟ ਹੀ ਨਹੀਂ ਬਣਿਆ ਤੇ ਕੰਮ ਮੁਕੰਮਲ ਕਿਸ ਤਰ੍ਹਾਂ ਹੋ ਗਿਆ ਹੈ ?

ਮੁੱਖ ਮੰਤਰੀ : ਇਸ ਦੀ ਪੜਤਾਲ ਕਰ ਲਵਾਂਗੇ ਜੀ ।

CASES OF HARASSMENT/BOYCOTT, OF HARIJANS, REGISTERED WITH THE POLICE.

***683. Comrade Shamsher Singh Josh** : Will the Chief Minister be pleased to state the number of cases registered with the Police in

[Comrade Shamsher Singh Josh]
the State during the last six months on account of harassment and boycott of Harijans in the villages, togetherwith the action taken thereon ?

ਸਰਦਾਰ ਨਸੀਬ ਸਿੰਘ ਗਿੱਲ (ਉਪ ਮੰਤਰੀ) : ਕੋਈ ਨਹੀਂ

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੇਰੇ ਆਪਣੇ ਹਲਕੇ ਬਡਆਲੀ ਅਤੇ ਬਲਮਗੜ੍ਹ ਵਿਚ ਹਰੀਜਨਾਂ ਨਾਲ ਮਹੀਨਾ ਮਹੀਨਾ ਬਾਈਕਾਟ ਕੀਤਾ ਗਿਆ। ਇਹ ਕਹਿੰਦੇ ਹਨ ਕਿ ਕੋਈ ਕੇਸ ਨਹੀਂ ਹੋਇਆ ।

ਸਰਦਾਰ ਨਸੀਬ ਸਿੰਘ ਗਿੱਲ (ਉਪ ਮੰਤਰੀ) : ਜਨਾਬ ਇਸ ਦੀ ਕੋਈ ਸੂਚਨਾ ਸਰਕਾਰ ਕੋਲ ਨਹੀਂ ਆਈ ।

ਸਰਦਾਰ ਅਜਾਇਬ ਸਿੰਘ ਸੰਧੂ : ਜਨਾਬ, ਸਪੀਕਰ ਸਾਹਿਬ, ਸਪਲੀਮੈਂਟਰੀ । ਜਨਾਬ ਮੈਂ ਤੁਹਾਡੇ ਰਾਹੀਂ ਇਹ ਦਸਣਾ ਚਾਹੁੰਦਾ ਹਾਂ ਕਿ ਬਲਮਗੜ੍ਹ ਵਿਚ ਪਿੰਡ ਦੇ ਚੌਧਰੀਆਂ ਵਲੋਂ ਹਰੀਜਨਾਂ ਦਾ ਬਾਈਕਾਟ ਕੀਤਾ ਗਿਆ, ਇਹ ਗੱਲ ਡੀ. ਸੀ. ਨੂੰ ਵੀ ਪਤਾ ਹੈ ਅਤੇ ਐਸ. ਪੀ. ਨੂੰ ਵੀ ਪਤਾ ਹੈ । ਪਰ ਇਹ ਸਰਕਾਰ ਕਹਿੰਦੀ ਹੈ ਕਿ ਸਾਡੇ ਨੋਟਿਸ ਵਿਚ ਹੀ ਨਹੀਂ ਹੈ । (ਵਿਘਨ)

ਉਪ-ਮੰਤਰੀ : ਸਰਕਾਰ ਕੋਲ ਇਸ ਸਬੰਧੀ ਕੋਈ ਇਤਲਾਹ ਨਹੀਂ ਆਈ। (ਵਿਘਨ)

आचार्य पृथ्वी सिंह आजाद: क्या यह अमर वाकया नहीं है कि बलमगढ़ के बाइकाट के बारें में मुख्य मन्त्री साहिब के पास शिकायत आई और इन्हों नें एक दम इन्कवायरी करवानें का आर्डर दिया ?

ਉਪ-ਮੰਤਰੀ : ਇਹ ਸੈਪਲੀਮੈਂਟਰੀ ਇਸ ਸਵਾਲ ਨਾਲ ਸਬੰਧ ਨਹੀਂ ਰੱਖਦਾ, ਪਰ ਫਿਰ ਵੀ ਅਸੀਂ ਇਸ ਗੱਲ ਦੀ ਪੜ੍ਹਤਾਲ ਕਰਵਾ ਲਵਾਂਗੇ । (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਸ ਗੱਲ ਦਾ ਨਿਰਣਾ ਕਰਵਾ ਲਓ ਕਿ ਚੀਫ਼ ਮਨਿਸਟਰ ਤੋਂ ਉਤੇ ਕੋਈ ਹੋਰ ਵੀ ਹੈ ਜਿਸ ਕੋਲ ਕਿ ਰਿਪੋਰਟ ਜਾਣੀ ਹੈ । ਚੀਫ਼ ਮਨਿਸਟਰ ਦੇ ਨੋਟਿਸ ਵਿਚ ਇਹ ਗੱਲ ਲਿਆਂਦੀ ਗਈ ਅਤੇ ਉਨ੍ਹਾਂ ਨੇ ਇਹਦੀ ਇਨਕੁਆਇਰੀ ਕਰਵਾਉਣ ਦਾ ਹੁਕਮ ਦਿੱਤਾ ਪਰ ਅਜੇ ਇਹ ਕਹਿੰਦੇ ਹਨ ਕਿ ਸਾਡੇ ਕੋਲ ਕੋਈ ਇਤਲਾਹ ਨਹੀਂ ਆਈ ।

Mr. Speaker : It has been asked in the question.
"the number of cases registered with the Police in the State"......

The question is about the registered cases only.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਅਸਲ ਵਿਚ ਗੱਲ ਇਹ ਹੈ ਕਿ ਉਥੇ ਇਕ ਹਰੀਜਨਾਂ ਦਾ ਮੁੰਡਾ ਸਰਪੰਚ ਚੁਣਿਆ ਗਿਆ ਹੈ ਜਿਸ ਨੂੰ ਕਿ ਪਿੰਡ ਦੇ

ਚੌਧਰੀ ਸਹਾਰ ਨਹੀਂ ਸਕੇ । ਇਸ ਲਈ ਉਹ ਹਰੀਜਨਾਂ ਨੂੰ ਦਬਾਉਣ ਲਈ ਹਰੀਜਨਾਂ ਦਾ ਬਾਈਕਾਟ ਕਰਦੇ ਹਨ । ਇਸ ਗੱਲ ਦਾ ਸਾਰਿਆਂ ਨੂੰ ਪਤਾ ਹੈ ਪਰ ਇਹ ਸਰਕਾਰ ਕਹਿੰਦੀ ਹੈ ਕਿ ਸਾਡੇ ਕੋਲ ਕੋਈ ਇਤਲਾਹ ਨਹੀਂ ਆਈ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਕੋਈ ਅਜਿਹੇ ਕੇਸ ਪੁਲਿਸ ਪਾਸ ਰਜਿਸਟਰ ਵੀ ਹੋਏ ਹਨ ਕਿ ਨਹੀਂ । ਚੀਫ਼ ਮਨਿਸਟਰ ਕੋਲ ਅਰਜ਼ੀਆਂ ਦੀ ਗੱਲ ਪੁਛੀ ਗਈ । ਇਸ ਕਰਕੇ ਜਵਾਬ ਤਾਂ ਠੀਕ ਹੈ, ਇਨ੍ਹਾਂ ਦਾ ਕੁਐਸਚਨ ਹੀ ਠੀਕ ਨਹੀਂ ਸੀ । (ਨਹੀਂ ਨਹੀਂ ਦੀਆਂ ਅਵਾਜ਼ਾਂ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਕੇਸ ਪੁਲੀਸ ਦੇ ਕੋਲ ਰਜਿਸਟਰ ਨਹੀਂ ਹੋਏ । ਸਾਰੀ ਦੁਨੀਆਂ ਨੂੰ ਪਤਾ ਹੈ ਕਿ ਪੰਜਾਬ ਵਿਚ ਹਰੀਜਨਾਂ ਤੇ ਜ਼ੁਲਮ ਹੁੰਦੇ ਹਨ ਪਰ ਪੁਲੀਸ ਕੋਈ ਕੇਸ ਰਜਿਸਟਰ ਹੀ ਨਹੀਂ ਕਰਦੀ ਕਿਉਂਕਿ ਉਸ ਨਾਲ ਵੱਡੇ ਵੱਡੇ ਲੈਂਡ ਲਾਰਡ ਭਾਵੇਂ ਇਸ ਪਾਸੇ ਦੇ ਹੋਣ ਜਾਂ ਉਸ ਪਾਸੇ ਦੇ, ਰਲੇ ਹੋਏ ਹੁੰਦੇ ਹਨ । ਕੀ ਚੀਫ ਮਨਿਸਟਰ ਸਾਹਿਬ ਇਸ ਬਾਰੇ ਵੀ ਕੋਈ ਚਾਰਾ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਇਹ ਸੀ ਕਿ ਪਿਛਲੇ 6 ਮਹੀਨੇ ਦੇ ਵਿਚ ਪੁਲੀਸ ਦੇ ਕੋਲ ਕੋਈ ਕੇਸ ਹਰੀਜਨਾਂ ਤੇ ਹੈਰਾਸਮੈਂਟ ਦੇ ਰਜਿਸਟਰ ਹੋਏ ਕਿ ਨਹੀਂ । ਉਸ ਦਾ ਜਵਾਬ ਠੀਕ ਦੇ ਦਿੱਤਾ ਗਿਆ ਹੈ ਕਿ ਕੋਈ ਕੇਸ ਰਜਿਸਟਰ ਨਹੀਂ ਹੋਏ । ਕਿਉਂਕਿ ਪੁਲੀਸ ਕੋਲ ਕੇਸ ਰਜਿਸਟਰ ਹੋਣਾ ਹੋਰ ਗੱਲ ਹੈ, ਐਸ. ਪੀ. ਨੂੰ ਦਰਖਾਸਤ ਦੇਣੀ ਹੋਰ ਗੱਲ ਹੈ ਅਤੇ ਚੀਫ਼ ਮਨਿਸਟਰ ਜਾਂ ਮਨਿਸਟਰ ਨੂੰ ਦਰਖਾਸਤ ਦੇਣੀ ਹੋਰ ਗੱਲ ਹੈ । ਸ਼ਿਕਾਇਤਾਂ ਆਉਂਦੀਆਂ ਹੀ ਰਹਿੰਦੀਆ ਹਨ ਅਤੇ ਉਨ੍ਹਾਂ ਨੂੰ ਨਿਪਟਾਉਂਦੇ ਵੀ ਰਹੀਦਾ ਹੈ । ਇਸ ਲਈ ਸਵਾਲ ਦਾ ਜੋ ਜਵਾਬ ਦਿੱਤਾ ਗਿਆ ਹੈ ਉਹ ਠੀਕ ਹੀ ਹੈ । ਬਾਕੀ ਡਾਂਗ ਸਾਹਿਬ ਵੀ ਆਪਣੇ ਥਾਂ ਹੱਕ ਬਜਾਨਬ ਹਨ । ਪੁਲੀਸ ਅਫ਼ਸਰਾਂ ਨਾਲ ਵਡੇ ਆਦਮੀ ਰਲੇ ਹੋਏ ਹੁੰਦੇ ਹਨ । ਪਰ ਅਸੀਂ ਇਹ ਨੀਤੀ ਬਣਾਈ ਹੋਈ ਹੈ, ਡਾਂਗ ਸਾਹਿਬ ਨਾਲ ਮਿਲ ਕੇ ਬਣਾਈ ਸੀ, ਕਿ ਹਰੀਜਨਾਂ ਤੇ ਜ਼ੁਲਮ ਨਹੀਂ ਹੋਣ ਦਿਆਂਗੇ । (ਤਾੜੀਆਂ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਡੀ. ਸੀ. ਨੂੰ ਦਰਖਾਸਤ ਦੇਣੀ ਹੋਰ ਗੱਲ ਹੈ (ਇਕ ਆਵਾਜ਼ : ਉਨ੍ਹਾਂ ਨੇ ਡੀ. ਸੀ. ਦਾ ਨਾਂ ਨਹੀਂ ਲਿਆ ।) ਚੀਫ਼ ਮਨਿਸਟਰ ਨੂੰ ਦਰਖਾਸਤ ਦੇਣੀ ਹੋਰ ਗੱਲ ਹੈ (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਵਾਲ ਵਿਚ ਤਾਂ ਇਹ ਗਿਣਤੀ ਪੁਛੀ ਗਈ ਹੈ ਕਿ 6 ਮਹੀਨਿਆਂ ਦੇ ਵਿਚ ਕਿੰਨੇ ਕੇਸ ਦਰਜ ਹੋਏ, ਉਨ੍ਹਾਂ ਨੇ ਇਹ ਗਿਣਤੀ ਤਾਂ ਦਸੀ ਨਹੀਂ । (ਵਿਘਨ) (ਹਾਸਾ)

ਮੁੱਖ ਮੰਤਰੀ : ਕੋਈ ਕੇਸ ਰਜਿਸਟਰ ਨਹੀਂ ਹੋਇਆ ਜੀ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਤੋਂ ਨਹੀਂ ਸਰਦਾਰ ਅਜਾਇਬ ਸਿੰਘ ਸੰਧੂ ਹੋਰਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ

[ਚੌਧਰੀ ਰਾਮ ਸਿੰਘ]
ਸੱਜੇ ਪਾਸੇ ਜੋ ਵੱਡੇ ਲੀਡਰ ਬੈਠੇ ਹਨ ਕੀ ਉਨ੍ਹਾਂ ਕਰਕੇ ਹਰੀਜਨਾਂ ਦੀਆਂ ਰਿਪੋਰਟਾਂ ਦਰਜ ਨਹੀਂ ਹੁੰਦੀਆਂ ਪੁਲੀਸ ਕੋਲ ਜਾਂ ਕੋਈ ਹੋਰ ਕਾਰਨ ਹੈ ?

Mr. Speaker : Not allowed.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਚੌਧਰੀ ਸਾਹਿਬ ਦਾ ਬੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੈਨੂੰ ਚੀਫ਼ ਮਨਿਸਟਰ ਬਣਾ ਦਿੱਤਾ ਹੈ । (ਹਾਸਾ) (ਵਿਘਨ) ਇਹ ਉਨ੍ਹਾਂ ਦੀ ਚੀਫ਼ ਮਨਿਸਟਰ ਨਾਲ ਲਾਇਲਟੀ ਦਾ ਸਬੂਤ ਹੈ । (ਵਿਘਨ) ਪਰ ਮੈਂ ਉਨ੍ਹਾਂ ਦੀ ਇਹ ਆਫ਼ਰ ਮਨਜ਼ੂਰ ਨਹੀਂ ਕਰ ਸਕਦਾ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਦੀ ਨੀਤੀ ਹੈ ਕਿ ਕਿਸੇ ਹਰੀਜਨ ਨਾਲ ਧੱਕਾ ਨਹੀਂ ਹੋਵੇਗਾ । ਪਰ ਕੀ ਉਨ੍ਹਾਂ ਨੂੰ ਪਤਾ ਹੈ ਕਿ ਵੀਕਰ ਸੈਕਸ਼ਨ ਪਿੰਡਾਂ ਵਿਚ ਸਿਰਫ਼ ਹਰੀਜਨ ਹੀ ਨਹੀਂ ਬੜੀ ਭਾਰੀ ਗਿਣਤੀ ਵਿਚ ਈਸਾਈ ਵੀ ਹਨ ......

ਸ੍ਰੀ ਸਪੀਕਰ : ਇਹ ਸਪਲੀਮੈਂਟਰੀ ਸਵਾਲ ਨਾਲ ਸਬੰਧਤ ਨਹੀਂ ਹੈ । (This supplementary does not relevant.)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਹਰੀਜਨਾਂ ਨਾਲ ਬਾਈਕਾਟ ਸਿਰਫ਼ ਅਕਾਲੀ ਪਾਰਟੀ ਵਾਲੇ ਹੀ ਕਰਦੇ ਹਨ ਜਾਂ ਕੋਈ ਹੋਰ ਵੀ ਕਰਦਾ ਹੈ ? (ਹਾਸਾ) (ਵਿਘਨ)

(ਕੋਈ ਜਵਾਬ ਨਾ ਦਿੱਤਾ ਗਿਆ)

ਕਾਮਰੇਡ ਸੱਤਪਾਲ ਡਾਂਗ : ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਇਹ ਨੀਤੀ ਬਣਾਈ ਹੈ ਕਿ ਹਰੀਜਨਾਂ ਨਾਲ ਧੱਕਾ ਨਹੀਂ ਹੋਣ ਦਿਆਂਗੇ ਪਰ ਪੁਲੀਸ ਹਰੀਜਨਾਂ ਦੀ ਬਿਲਕੁਲ ਨਹੀਂ ਸੁਣਦੀ ਜਿੰਨਾਂ ਮਰਜ਼ੀ ਧੱਕਾ ਹੋਈ ਜਾਵੇ ਉਹ ਕੇਸ ਰਜਿਸਟਰ ਨਹੀਂ ਕਰਦੀ । ਕੋਈ ਉਹ ਅਜਿਹਾ ਉਪਰਾਲਾ ਵੀ ਕਰਨਗੇ ਕਿ ਪੁਲੀਸ ਅਜਿਹੇ ਗਰੀਬਾਂ ਦੇ ਕੇਸ ਰਜਿਸਟਰ ਕਰ ਲਵੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਡਾਂਗ ਸਾਹਿਬ ਇਹ ਕਹਿਣ ਵਿਚ ਹੱਕ ਬਜਾਨਬ ਹਨ ਕਿ ਪੁਲੀਸ ਅਫ਼ਸਰਾਂ ਦੀ ਵੱਡੇ ਲੋਕਾਂ ਨਾਲ ਮੇਲ ਮੁਲਾਕਾਤ ਹੁੰਦੀ ਹੈ । ਅਤੇ ਉਹ ਕਈ ਵਾਰ ਅਜਿਹੇ ਕੇਸ ਰਜਿਸਟਰ ਵੀ ਨਹੀਂ ਕਰਦੇ । ਪਰ ਮੈਂ ਇਹ ਫਿਰ ਕਹਿੰਦਾ ਹਾਂ ਕਿ ਭਾਵੇਂ ਕੋਈ ਹਰੀਜਨ ਹੋਵੇ ਜਾਂ ਕ੍ਰਿਸਚੀਅਨ ਹੋਵੇ, ਕੋਈ ਵੀ ਵੀਕਰ ਸੈਕਸ਼ਨ ਦਾ ਵਿਅਕਤੀ ਹੋਵੇ, ਕਾਂਗਰਸ ਦੇ ਰਾਜ ਵਿਚ ਉਸ ਤੇ ਧੱਕਾ ਨਹੀਂ ਹੋ ਸਕਦਾ । (ਵਿਘਨ) (ਤਾੜੀਆਂ)

STARRED QUESTION. No. 759 **

Mr. Speaker : Extension has been applied for in respect of this question.

**Starred Question No. 759 and reply thereto appear in appendix to this Debate.

STARRED QUESTION NO. 758.**

Mr. Speaker: Extension has been asked for in respect of Starred Quetion No. 758.

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ 758 ਸਵਾਲ ਵਿਚ ਸਿਰਫ ਇਹ ਪੁਛਿਆ ਸੀ ਕਿ ਕਿੰਨੀਆਂ ਦਰਖਾਸਤਾਂ ਆਈਆਂ ਅਤੇ ਕਿੰਨੇ ਬੰਦੇ ਇੰਟਰਵਿਊ ਲਈ ਸੱਦੇ ਗਏ । (ਵਿਘਨ) ਇਸ ਵਿਚ ਪੋਸਟਪੋਨ ਕਰਨ ਵਾਲੀ ਕੀ ਗੱਲ ਸੀ ? (ਵਿਘਨ) 10 ਹਜ਼ਾਰ ਐਪਲੀਕੇਸ਼ਨਜ਼ ਆਈਆਂ ......

ਕੈਪਟਨ ਰਤਨ ਸਿੰਘ (ਵਿਕਾਸ ਮੰਤਰੀ) : ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਇਹ ਸਵਾਲ ਜੇ ਠੀਕ ਤਰ੍ਹਾਂ ਦੇਖਿਆ ਜਾਵੇ ਤਾਂ ਐਡਮਿਟ ਹੀ ਨਹੀਂ ਹੋ ਸਕਦਾ ਕਿਉਂਕਿ ਇਹ ਸਵਾਲ ਮਾਰਕਫੈਡ ਨਾਲ ਸਬੰਧ ਰਖਦਾ ਹੈ ਔਰ ਉਹ ਅਟਾਨਮਸ ਬਾਡੀ ਹੈ । ਇਸ ਲਈ ਉਸ ਬਾਰੇ ਸਵਾਲ ਇਥੇ ਨਹੀਂ ਆ ਸਕਦਾ । ਜੇ ਉਸ ਬਾਰੇ ਸਵਾਲ ਇਥੇ ਆ ਗਿਆ ਤਾਂ ਜਿਤਨੀਆਂ ਵੀ ਕੋਆਪਰੇਟਿਵ ਸੋਸਾਇਟੀਆਂ ਹਨ ਉਨ੍ਹਾਂ ਬਾਰੇ ਵੀ ਇਥੇ ਸਵਾਲ ਆ ਸਕਣਗੇ । ਕਿਉਂਕਿ ਇਹ ਵੀ ਇਕ ਕੋਆਪਰੇਟਿਵ ਬਾਡੀ ਹੈ । (ਵਿਘਨ) ਸਟੇਟ ਇਲੈਕਟ੍ਰੀਸਿਟੀ ਬੋਰਡ ਦੀ ਹੋਰ ਗੱਲ ਹੈ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਸਵਾਲ ਐਡਮਿਟ ਕੀਤਾ ਹੈ । ਤੁਹਾਡੇ ਐਡਮਿਟ ਕਰਨ ਤੋਂ ਬਾਅਦ ਮਨਿਸਟਰ ਸਾਹਿਬ ਨੂੰ ਕੋਈ ਹੱਕ ਨਹੀਂ ਕਿ ਤੁਹਾਡੇ ਤੇ ਟੀਕਾ ਟਿਪਣੀ ਕਰਨ । ਇਨ੍ਹਾਂ ਦੇ ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ । (ਸ਼ੋਰ) ਸਪੀਕਰ ਸਾਹਿਬ, ਤੁਹਾਡੇ ਸਵਾਲ ਐਡਮਿਟ ਕਰਨ ਤੋਂ ਬਾਅਦ ਇਹ ਬਿਲਕੁਲ ਇਰੇਲੇਵੇਂਟ ਗੱਲ ਕਿਉਂ ਕੀਤੀ ਗਈ ਹੈ (ਵਿਘਨ) ਮਨਿਸਟਰ ਸਾਹਿਬ ਨੂੰ ਰੂਲਜ਼ ਆਫ ਪ੍ਰੋਸੀਜਰ ਪੜ੍ਹਨ ਦੀ ਲੋੜ ਹੈ । (ਵਿਘਨ)

ਸ੍ਰੀ ਸਪੀਕਰ : ਮੈਂ ਐਗਜ਼ਾਮਿਨ ਕਰ ਲਵਾਂਗਾ । (I will examine it.)

ਸਰਦਾਰ ਅਜਾਇਬ ਸਿੰਘ ਸੰਧੂ : ਇਸ ਸਟੇਜ ਤੇ ਇਨ੍ਹਾਂ ਨੇ ਜੋ ਕੀਤਾ ਹੈ, ਇਸ ਬਾਰੇ ਇਨ੍ਹਾਂ ਨੂੰ ਕੀ ਰੂਲਜ਼ ਦਾ ਵੀ ਪਤਾ ਹੈ, ਇਹ ਵੀ ਐਗਜ਼ਾਮਿਨ ਕਰਾ ਲਵੋ । (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮਾਰਕਫੈਡ ਦੇ ਕੈਪੀਟਲ ਵਿਚ 95% ਰੁਪਿਆ ਸਰਕਾਰ ਦਾ ਲਗਾ ਹੋਇਆ ਹੈ ਅਤੇ ਬਾਕੀ 5% ਰੁਪਿਆ ਬਾਕੀ ਦੇ ਨਾਮਨਿਹਾਦ ਸ਼ੇਅਰ-ਹੋਲਡਰਜ਼ ਕੋਲੋਂ ਆਇਆ ਹੋਇਆ ਹੈ । ਮਨਿਸਟਰ ਸਾਹਿਬ ਦਾ ਪੁਆਇੰਟ ਇਹ ਹੈ ਕਿ ਮਾਰਕਫੈਡ ਵਿਚ ਜਿੰਨੀ ਮਰਜ਼ੀ ਹੇਰਾਫੇਰੀ ਹੋਈ ਜਾਵੇ ਪਰ ਇਸ ਦੇ ਮੁਤਅਲਕ ਅਸੈਂਬਲੀ ਵਿਚ ਪੁਛ-ਗਿੱਛ ਨਹੀਂ ਹੋ ਸਕਦੀ ਹੈ । ਇਹ ਵੀ ਕੋਆਪਰੇਟਿਵ ਅਦਾਰੇ ਹਨ ਅਤੇ ਇਨ੍ਹਾਂ ਵਿਚ ਸਰਕਾਰ ਦਾ ਕਾਫੀ ਰੁਪਿਆ ਲਗਾ ਹੋਇਆ ਹੈ । ਇਹਦੇ ਚੇਅਰਮੈਨ ਮਨਿਸਟਰ ਸਾਹਿਬ ਆਪ ਹਨ ਅਤੇ ਮੈਨੇਜਿੰਗ ਡਾਇਰੈਕਟਰ ਵੀ ਇਨ੍ਹਾਂ ਦਾ ਆਈ. ਏ. ਐਸ. ਅਫਸਰ ਲਗਾ ਹੋਇਆ ਹੈ । ਜਿਥੇ ਚੇਅਰਮੈਨ ਵੀ ਮਨਿਸਟਰ ਆਪ ਹੋਵੇ ਅਤੇ ਮੈਨੇਜਿੰਗ ਡਾਇਰੈਕਟਰ ਵੀ ਸਰਕਾਰ ਦਾ ਆਈ. ਏ. ਐਸ. ਅਫਸਰ ਹੋਵੇ

**Starred Question No. 758 and reply there to appear in appendix to this Debate.

[ਕਾਮਰੇਡ ਸੱਤਪਾਲ ਡਾਂਗ]

ਕੀ ਉਥੇ ਜਿੰਨੀ ਮਰਜ਼ੀ ਹੇਰਾ-ਫੇਰੀ ਹੋਈ ਜਾਵੇ ਅਤੇ ਇਸ ਦੇ ਬਾਰੇ ਵਿਚ ਇਥੇ ਕੋਈ ਸਵਾਲ ਨਹੀਂ ਪੁਛਿਆ ਜਾ ਸਕਦਾ ਹੈ। (ਵਿਘਨ)

ਵਿਕਾਸ ਮੰਤਰੀ : Question hour is not an hour for discussion. (ਸ਼ੋਰ) (ਵਿਘਨ) ਤੁਸੀਂ ਅੱਗੇ ਪਾਉਣ ਲਈ ਕਿਹਾ ਹੈ (ਵਿਘਨ) ਇਸ ਤੇ ਇਨ੍ਹਾਂ ਨੇ ਕਿਹਾ ਹੈ ਕਿ ਇਹਦਾ ਜਵਾਬ ਆਉਣਾ ਚਾਹੀਦਾ ਹੈ। ਮੈਂ ਵੀ ਮੰਨ ਸਕਦਾ ਸੀ। ਉਹ ਹੱਕ ਬਜਾਨਬ ਸੀ। ਇਸ ਲਈ ਕਲੈਰੀਫਿਕੇਸ਼ਨ ਤੁਹਾਡੇ ਕੋਲੋਂ ਮੰਗੀ ਹੈ। ਤੁਸੀਂ ਕਹਿ ਦਿਤਾ ਹੈ ਕਿ ਮੈਂ ਸਟਡੀ ਕਰ ਲਵਾਂਗਾ (ਸ਼ੋਰ) (ਵਿਘਨ)

ਸ੍ਰੀ ਸਪੀਕਰ : ਤੁਸੀਂ ਕਲੈਰੀਫਿਕੇਸ਼ਨ ਮੰਗੀ ਹੈ। (ਵਿਘਨ) (You have asked for the clarification). (*Interruption*)

ਵਿਕਾਸ ਮੰਤਰੀ : ਲੀਗਲੀ ਬੈਠ ਕੇ ਅਸੀਂ ਸਟੱਡੀ ਕਰ ਸਕਦੇ ਹਾਂ। ਇਕ ਕੋਆਪਰੇਟਿਵ ਬਾਡੀ ਹੈ ਉਹਦੇ ਵਿਚ ਖਾਮੀ ਹੈ। (ਵਿਘਨ)

ਸ੍ਰੀ ਸਪੀਕਰ : ਇਹ ਡਿਸਕਸ਼ਨ ਇਨੀਸ਼ਿਏਟ ਕਿਸ ਨੇ ਕੀਤੀ ਹੈ? (Who has initiated this dicussion ?)

ਵਿਕਾਸ ਮੰਤਰੀ : ਮੈਂ ਸ਼ੁਰੂ ਨਹੀਂ ਕੀਤੀ ਹੈ। ਤੁਸੀਂ ਅਗੇ ਪਾਉਣ ਲਈ ਕਿਹਾ ਹੈ। (ਵਿਘਨ)

ਸ੍ਰੀ ਸਪੀਕਰ : ਮੈਂ ਸਵਾਲ ਐਡਮਿਟ ਕਰ ਲਿਆ ਹੈ so that the reply is given (ਵਿਘਨ) (I have admitted the question so that the reply is given.) (*Interruption*)

ਵਿਕਾਸ ਮੰਤਰੀ : ਡਾਂਗ ਸਾਹਿਬ ਨੇ ਲੈਕਚਰ ਝਾੜਿਆ ਹੈ। ਦਸ ਹਜ਼ਾਰ ਐਪਲੀਕੇਸ਼ਨਜ਼ ਆਈਆਂ ਹਨ। I did not open the discussion. The discussion was opened by Dang Sahib.

ਸ੍ਰੀ ਸਪੀਕਰ : ਮੈਂ ਐਗਜ਼ਾਮਿਨ ਕਰ ਲਵਾਂਗਾ। (I shall examine it).

Acharya Prithvi Singh Azad : Sir, even the Food Corporation, which is a statutory body, can be discussed here, why can't the Co-operative bodies. So I will request you to allow discussion on this question. So far as statutory bodies are concerned, they must be discussed in this House.

Mr. Speaker : Co-operative bodies are not at par with Government undertakings.

ਕਾਮਰੇਡ ਸੱਤ ਪਾਲ ਡਾਂਗ : ਜੇ ਦੋ ਕਰੋੜ ਰੁਪਿਆ ਸਰਕਾਰ ਦਾ ਹੋਵੇ ਅਤੇ 10 ਲੱਖ ਰੁਪਏ ਕੋਆਪਰੇਟਿਵ ਅਦਾਰੇ ਦੇ ਹੋਣ . .(ਵਿਘਨ)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਇੱਕ ਮਿੰਟ ਅਰਜ਼ ਕਰਨਾ ਚਾਹੁੰਦਾ ਹਾਂ ਜੀ ।

Mr. Speaker : Please resume your seat.

Sardar Prem Singh Prem : Sir, you have allowed Mr. Dang, you have allowed the hon. Minister. I would also like to say something about it.

Mr. Speaker : Please resume your seat.

SHORTAGE FOUND IN THE FUNDS OF GARHSHANKAR CO-OPERATIVE MARKETING SOCIETY, GARHSHANKAR

*760. **Comrade Darshan Singh Canadian** : Will the Chief Minister be pleased to state —

(a) whether shortages of about Rs. 1,53,000 in the funds of the Garhshankar Co-operative Marketing Society, Garhshankar were found during the year 1971; if so, the details thereof;

(b) whether any F. I. R. was lodged with the Police in connection with the said shortage by the authorities concerned; if so, the names of persons against whom the F. I. R., was lodged;

(c) whether any prosecution proceedings have been launched against any persons involved in the above F. I. R; if not, the reasons therefor;

(d) the details of other steps taken to recover the amount referred to in part (a) ?

Sardar Nasib Singh Gill (Deputy Minister for Home and Industries) : (a) Shortage of Rs. 2,02,070.03 in the funds of the Garhshankar Co-operative Marketing Society Ltd; Garhshankar were noticed in the year 1971. The details of shortages are as under :—

Fertilizers	95,504.05
Markfed Wheat	5,000.00
Cement	12,178.80
Fertilizer supplied to Karimpur Chahwala Society.	6,678.11
Bardana of Markfed	17,468.85

[Deputy Minister for Home and Industries]

Cash sale of Tea	4,118.40
Furniture	10.393.09
Grinder	16.00
Barley and wheat	1,065.42
Soap	21,756.75
Deposit of Chak Kataru A/S.	2,918.19
Excess payment of deposits	2,4972.37
	2,02,070.03

(b) F. I. R. of the shortage of funds of Rs. 1,30,984.86 have been lodged with the Police. The names of the persons against whom the F. I. R. have been lodged are as under :—

1. Shri Daulat Singh, Ex-Manager.

2. Shri Joginder Singh, Ex-Salesman, and

3. Shri Nand Singh, Ex-Salesman.

(c) The Police authorities are investigating the F. I. R. registered. No prosecution proceedings have been lodged against any person so far.

(d) Arbitration proceedings have been started in respect of Rs. 1,60,734.26 against Shri Daulat Singh, Ex-Manager, and Shri Joginder Singh for the recovery of the amount for which documentary proof is available with the Society.

[(ੳ) 1971 ਵਿਚ ਗੜ੍ਹਸ਼ੰਕਰ ਸਹਿਕਾਰੀ ਮਾਰਕੀਟਿੰਗ ਸੋਸਾਇਟੀ, ਗੜ੍ਹਸ਼ੰਕਰ ਵਿਚ 2,02,070.03 ਰੁਪਏ ਦੀ ਕਮੀ ਪਾਈ ਗਈ । ਇਸ ਦਾ ਵੇਰਵਾ ਇਸ ਪ੍ਰਕਾਰ ਹੈ :—

ਖਾਦ	95,504.05
ਮਾਰਕਫੈਡ ਕਣਕ	5,000.00
ਸੀਮਿੰਟ	12,178.80
ਖਾਦ ਜੋ ਕਰੀਮ ਪੁਰ ਚਾਟਵਾਲਾ ਸੋਸਾਇਟੀ ਨੂੰ ਵੇਚੀ ਗਈ ।	6,678.11
ਮਾਰਕਫੈਡ ਦਾ ਬਾਰਦਾਨਾਂ	17,468.85

ਚਾਹ ਦੀ ਨਕਦ ਵਿਕਰੀ	4,118.40
ਫਰਨੀਚਰ	10,393.09
ਚੱਕੀ	16.00
ਜੌਂ ਅਤੇ ਕਣਕ	1,065.42
ਸਾਬਣ	21,756.75
ਚੱਕ ਕਰਤਾਰ ਸਹਿਕਾਰੀ	2,918.19
ਸਭਾ ਦੀ ਮਹਿਮ	
ਡਿਪਾਜ਼ਿਟਸ ਦੀ ਵਾਧੂ ਪੇਮੈਂਟ	24,972.37
ਜੋੜ	2,02,070.03

(ਅ) 1,30,984.86 ਰੁਪਏ ਦੀ ਕਮੀ ਬਾਰੇ ਐਫ. ਆਈ. ਆਰ. ਪੁਲੀਸ ਵਿਚ ਦਰਜ ਕਰਾ ਦਿੱਤੀ ਗਈ ਹੈ। ਜਿਨ੍ਹਾਂ ਵਿਅਕਤੀਆਂ ਦੇ ਵਿਰੁੱਧ ਇਹ ਦਰਜ਼ ਕਰਵਾਈ ਹੈ ਉਹ ਇਹ ਹਨ :—

1. ਸ੍ਰੀ ਦੌਲਤ ਸਿੰਘ, ਸਾਬਕਾ ਮੈਨੇਜਰ
2. ਸ੍ਰੀ ਜੋਗਿੰਦਰ ਸਿੰਘ, ਸਾਬਕਾ ਸੇਲਜ਼ਮੈਨ
3. ਸ੍ਰੀ ਨੰਦ ਸਿੰਘ, ਸਾਬਕਾ ਸੇਲਜ਼ਮੈਨ

(ੲ) ਪੁਲੀਸ ਉਹਨਾਂ ਪਾਸ ਰਜਿਸਟਰਡ ਐਫ. ਆਈ. ਆਰ. ਦੀ ਜਾਂਚ ਪੜਤਾਲ ਕਰ ਰਹੀ ਹੈ। ਕਿਸੇ ਵਿਅਕਤੀ ਦੇ ਵਿਰੁੱਧ ਅਜੇ ਤਕ ਕੋਈ ਪਰੌਸੀਕਿਊਸ਼ਨ ਕਾਰਵਾਈ ਨਹੀਂ ਕੀਤੀ ਗਈ।

(ਸ) 1,60,734.26 ਰੁਪਏ ਦੀ ਰਕਮ ਬਾਰੇ ਸਾਲਸੀ ਕਾਰਵਾਈ ਸ੍ਰੀ ਦੌਲਤ ਸਿੰਘ, ਐਕਸ-ਮੈਨੇਜਰ ਅਤੇ ਸ੍ਰੀ ਜੋਗਿੰਦਰ ਸਿੰਘ ਦੇ ਵਿਰੁੱਧ ਸ਼ੁਰੂ ਕਰ ਦਿੱਤੀ ਗਈ ਹੈ ਤਾਂ ਜੋ ਵਸੂਲੀ ਹੋ ਸਕੇ, ਕਿਉਂਕਿ ਸਭਾ ਦੇ ਕੋਲ ਇਸ ਬਾਰੇ ਲਿਖਤੀ ਸਬੂਤ ਕਾਇਮ ਹੈ।]

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ 16 ਮਹੀਨੇ ਹੋ ਗਏ ਹਨ ਜਦ ਕਿ ਗ਼ਬਨ ਹੋਇਆ ਸੀ। ਪੁਲਿਸ ਵਿਚ ਰਿਪੋਰਟ ਦਰਜ਼ ਹੈ। ਇਹ ਤਿੰਨ ਆਦਮੀਆਂ ਨੇ ਇੱਕ ਲੱਖ 60 ਹਜ਼ਾਰ ਰੁਪਏ ਦਾ ਗਬਨ ਕੀਤਾ ਹੈ ਇਸ ਦਾ ਡਾਕੂਮੈਂਟਰੀ ਪਰੂਫ ਮੌਜੂਦ ਹੈ ਫੇਰ ਇਨ੍ਹਾਂ ਤੇ ਕੇਸ ਕਿਉਂ ਨਹੀਂ ਚਲਾਇਆ ?

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]
ਪੰਜਾਬ ਦੇ ਅੰਦਰ ਇਨ੍ਹਾਂ ਅਦਾਰਿਆਂ ਦੇ ਅੰਦਰ ਗਬਨ ਕਿਉਂ ਨਾ ਹੋਣ । ਗਰੀਬ ਆਦਮੀ ਤੇ ਤਾਂ ਜੁੱਤੀ ਖੜਕਣ ਲਗ ਪੈਂਦੀ ਹੈ । ਇਨ੍ਹਾਂ ਉਪਰ ਦੱਸੇ ਆਦਮੀਆਂ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ ਗਈ ਹੈ ?

ਉਪ ਮੰਤਰੀ : ਇਹ 1971 ਵਿਚ ਗਬਨ ਹੋਇਆ ਸੀ । ਮੌਜੂਦਾ ਸਰਕਾਰ ਨੇ ਆਉਂਦਿਆਂ ਹੀ 7 ਸਤੰਬਰ, 1972 ਨੂੰ ਆਰਬੀਟ੍ਰੇਸ਼ਨ ਸ਼ੁਰੂ ਕੀਤੀ ਅਤੇ ਅੱਜ ਆਰਬੀਟ੍ਰੇਸ਼ਨ ਕੀਤਿਆਂ ਤਕਰੀਬਨ ਤਿੰਨ ਮਹੀਨੇ ਹੋ ਗਏ ਹਨ । ਇਸ ਕਰਕੇ ਥੋੜ੍ਹੇ ਸਮੇਂ ਤਕ ਇਹ ਕਾਰਵਾਈ ਖਤਮ ਹੋ ਜਾਵੇਗੀ ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਮੈਂ, ਸਪੀਕਰ ਸਾਹਿਬ, ਇਹ ਪੁਛਣਾ ਚਾਹੁੰਦਾ ਹਾਂ ਕਿ ਪਿਛਲੇ ਸਵਾਲ ਵਿਚ ਸਰਕਾਰ ਦੀ ਪੁਜ਼ੀਸ਼ਨ ਇਹ ਸੀ ਕਿ ਕੋਆਪਰੇਟਿਵ ਅਦਾਰਿਆਂ ਸਬੰਧੀ ਸਵਾਲ ਪੁਛਿਆ ਨਹੀਂ ਜਾ ਸਕਦਾ ਪਰ ਹੁਣ ਇਹ ਸਵਾਲ ਵੀ ਕੋਆਪਰੇਟਿਵ ਅਦਾਰੇ ਬਾਰੇ ਹੈ, ਫਿਰ ਇਹ ਇਥੇ ਕਿਸ ਤਰ੍ਹਾਂ ਆ ਗਿਆ ਹੈ ? (ਵਿਘਨ)

ਵਿਕਾਸ ਮੰਤਰੀ : ਸਪੀਕਰ ਸਾਹਿਬ, ਜਿਸ ਵੇਲੇ ਪੁਲਿਸ ਵਿਚ ਕੇਸ ਦਰਜ ਹੋ ਜਾਵੇ ਤਾਂ ਉਹ ਕੇਸ ਭਾਵੇਂ ਕਿਸੇ ਦਾ ਹੋਵੇ ਉਹਦੇ ਲਈ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਬਹੁਤ ਸਾਰੇ ਸਵਾਲ ਐਸੇ ਹਨ ਜਿਹੜੇ ਕਿ ਕੋਆਪਰੇਟਿਵ ਅਦਾਰਿਆਂ ਬਾਰੇ ਐਡਮਿਟ ਹੁੰਦੇ ਰਹੇ ਹਨ ਅਤੇ ਗੌਰਮਿੰਟ ਨੇ ਕਦੇ ਇਤਰਾਜ਼ ਨਹੀਂ ਕੀਤਾ ਹੈ । ਮਾਰਕਫੈਡ ਵੀ ਕਾਫੀ ਵੱਡਾ ਅਦਾਰਾ ਹੈ, ਇਸ ਬਾਰੇ ਵੀ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਹੈ । (ਵਿਘਨ)
(So many times questions with regard to Cooperative Societies have been admitted and the Government never objected to them. MARKFED is also a big under taking the Government should have no objection to question being asked about it.)

ਚੌਧਰੀ ਦਰਸ਼ਨ ਸਿੰਘ : ਹੁਣੇ ਜਿਹੜਾ ਆਡਿਟ ਹੋਇਆ ਹੈ ਅਤੇ ਕਾਫੀ ਐਂਬੇਜ਼ਲਮੈਂਟ ਹੋਈ ਹੈ ਕੀ ਸਰਕਾਰ ਇਹੋ ਜਿਹੀ ਮਸ਼ੀਨਰੀ ਬਣਾਉਣੀ ਚਾਹੁੰਦੀ ਹੈ ਜਿਸ ਨਾਲ ਕਿ ਇਹੋ ਜਿਹੇ ਕੇਸਿਜ਼ ਵਿਚ ਸਟੱਰਨ ਐਕਸ਼ਨ ਲਿਆ ਜਾਵੇ । ਕੀ ਸਰਕਾਰ ਕੋਈ ਇਹੋ ਜਿਹਾ ਸਟੈਪ ਲੈ ਰਹੀ ਹੈ ?

ਉਪ ਮੰਤਰੀ : ਉਂਝ ਤਾਂ ਇਸ ਸਪਲੀਮੈਂਟਰੀ ਦਾ ਸਬੰਧ ਇਸ ਸਵਾਲ ਨਾਲ ਨਹੀਂ ਹੈ ਪਰ ਫੇਰ ਵੀ, ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦਸਣਾ ਚਾਹੁੰਦਾ ਹਾਂ ਕਿ ਸਿਰਫ ਇਸ ਸਰਕਾਰ ਨੇ ਹੀ ਅਕਾਊਂਟ ਚੈਕ ਕਰਾਏ ਹਨ ਅਤੇ ਅੱਜ ਤੱਕ ਕਦੇ ਵੀ ਕਿਸੇ ਸਰਕਾਰ ਨੇ ਸੋਸਾਇਟੀ ਦੇ ਅਕਾਊਂਟਸ ਦੀ ਚੈਕਿੰਗ ਨਹੀਂ ਕਰਾਈ ਹੈ ਜਦ ਕਿ ਜਨਤਾ ਨੂੰ ਇਹ ਖਿਆਲ ਸੀ ਕਿ ਅੰਨ੍ਹਾ ਗਬਨ ਹੋਇਆ ਹੈ । ਅਸੀਂ ਆਉਂਦੇ ਹੀ ਸਾਰੀਆਂ ਸੋਸਾਇਟੀਆਂ ਦੀ ਚੈਕਿੰਗ ਕਰਵਾਈ ਹੈ । 252 ਕੇਸਿਜ਼ ਰਜਿਸਟਰ ਹੋ ਚੁਕੇ ਹਨ ਅਤੇ ਉਨ੍ਹਾਂ ਦੇ ਖਿਲਾਫ ਕਾਰਵਾਈ ਮੁਕੰਮਲ ਕਰ ਲਈ ਹੈ । (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਕੇਸ ਦਰਜ ਹੋਣ ਤੋਂ ਬਾਅਦ ਕੋਈ ਕਾਰਵਾਈ ਅੱਗੇ ਹੋਈ ਜਾਂ ਕਿ ਨਹੀਂ ਹੋਈ ?

ਉਪ ਮੰਤਰੀ : ਕੇਸ ਦਰਜ ਹੋਣ ਤੋਂ ਬਾਅਦ ਤਫਤੀਸ਼ ਹੁੰਦੀ ਹੈ ਤਫਤੀਸ਼ ਹੋਣ ਤੋਂ ਬਾਅਦ ਚਲਾਨ ਹੁੰਦਾ ਹੈ। ਚਲਾਨ ਹੋਣ ਤੋਂ ਬਾਅਦ ਅਦਾਲਤ ਵਿਚ ਕੇਸ ਜਾਂਦਾ ਹੈ ਅਤੇ ਫਿਰ ਉਸ ਉਤੇ ਫੈਸਲਾ ਹੁੰਦਾ ਹੈ। (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਡਿਪਟੀ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਇਤਨੇ ਗਬਨ ਹੁੰਦੇ ਹਨ ਇਨ੍ਹਾਂ ਨੂੰ ਰੋਕਣ ਵਾਸਤੇ ਕੀ ਇਹ ਕੋਈ ਸਪੈਸ਼ਲ ਕੋਰਟ ਕਨਸਟੀਚਿਊਟ ਕਰਨਗੇ ਜਿਸ ਦੇ ਨਾਲ ਕਿ ਛੇਤੀ ਹੀ ਫੈਸਲਾ ਹੋ ਜਾਵੇ ? (ਵਿਘਨ) ਸਾਡੇ ਟਾਂਡੇ ਦੀ ਸੋਸਾਇਟੀ ਦਾ ਗਬਨ ਹੋਇਆ। 10 ਸਾਲ ਹੋ ਗਏ ਹਨ......(ਵਿਘਨ) (ਸ਼ੋਰ)

ਉਪ ਮੰਤਰੀ : ਜਿਸ ਪਾਸੇ ਮਾਨਯੋਗ ਮੈਂਬਰ ਨੇ ਧਿਆਨ ਦਿਵਾਇਆ ਹੈ ਇਹ ਜ਼ੇਰੇ ਗੌਰ ਤਾਂ ਨਹੀਂ ਪਰ ਇਨ੍ਹਾਂ ਦੇ ਸੁਝਾਓ ਤੇ ਵਿਚਾਰ ਕਰਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਬਹੁਤ ਸਰਕਾਰਾਂ ਆਈਆਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 22 ਸਾਲ ਇਨ੍ਹਾਂ ਦੀ ਜਿਹੜੀ ਪੁਰਾਣੀ ਕਾਂਗਰਸ ਸੀ, ਉਨ੍ਹਾਂ ਦੀ ਸਰਕਾਰ ਰਹੀ। ਉਸ ਵਿਚ ਗਿਆਨੀ ਜ਼ੈਲ ਸਿੰਘ ਵੀ ਮਨਿਸਟਰ ਆਫ਼ ਸਟੇਟ ਰਹੇ ਹਨ। ਪਰ ਇਨ੍ਹਾਂ ਨੇ 20-22 ਸਾਲਾਂ ਵਿਚ ਤਾਂ ਕੀਤਾ ਕੁਝ ਨਹੀਂ, ਇਸ ਲਈ ਹੁਣ ਇਹ ਭੁਲੇਖੇ ਵਿਚ ਕਿਸ ਤਰ੍ਹਾਂ ਪੈ ਗਏ ?

Mr. Speaker : This is no supplementary.

ਚੌਧਰੀ ਦਰਸ਼ਨ ਸਿੰਘ : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 252 ਕੇਸ ਰਜਿਸਟਰ ਕੀਤੇ ਹਨ। ਹਰ ਸਰਕਾਰ ਦੇ ਸਰਕਾਰੀ ਆਡੀਟਰ ਦੀ ਡਿਊਟੀ ਹੈ ਕਿ ਉਹ ਸੋਸਾਇਟੀ ਨੂੰ ਆਡਿਟ ਕਰੇ। ਇਸ ਲਈ ਕੀ ਇਹ ਦੱਸਣਗੇ ਕਿ ਕਿੰਨੇ ਸਰਕਾਰੀ ਕਰਮਚਾਰੀਆਂ ਦੇ ਖਿਲਾਫ਼ ਕੇਸ ਰਜਿਸਟਰ ਕੀਤੇ ਜਾਂ ਉਨ੍ਹਾਂ ਨੂੰ ਸਸਪੈਂਡ ਕੀਤਾ ? (ਵਿਘਨ)

ਉਪ ਮੰਤਰੀ : ਇਸ ਦਾ ਇਸ ਨਾਲ ਸਬੰਧ ਨਹੀਂ ਹੈ। ਪਰ ਮੈਂ ਪਤਾ ਕਰਕੇ ਤੁਹਾਨੂੰ ਦੱਸ ਦਿਆਂਗਾ।

SUSPENSION OF EMPLOYEES OF P.W.D. (B&R), PATIALA DISTRICT

*797 **Sardar Harchand Singh** :—Will the Chief Minister be pleased to state :—

(a) whether some gazetted and non-gazetted employees of the P.W.D. (B&R Branch), Patiala district, were suspended recently, as a result of the surprise visit by the Parliamentary Secretary; if so, the names of such Officers;

(b) whether any cases of corruption were registered with the police or departmental inquiries were started against the said Officers referred to in para (a) above;

(c) the stage of inquiries at present ?

Shri Joginder Pal Pandey (Minister of State for Local Government and Jails.)

(a) Yes Sir. The names of the officers/officials so suspended are given here under :—

(1) Shri K.B. Rai, Executive Engineer.

(2) Shri R.P. Sehgal, Executive Engineer.

(3) Shri Gurpartap Singh Sodhi, S.D.E.

(4) Shri B.B. Aggarwal, S.O.

(b) The cases have not been registered with the Police but epartmental proceedings have been started.

(c) In the case of Sarvshri K.B. Rai, R.P. Sehgal, and B.B. Aggarwal, charge sheets in respect of irregularities committed by them in the Construction of Storage Bins at Nabha have been sarved upon them. The charge sheets in respect of other works are under preparation with the Department.

Shri Gurpartap Singh Sodhi, S.D E. is involved with Shri K.B. Rai Executive Engineer for alleged irregularities committed by them in the construction of extension Block of I.T.I. Patiala. The charge sheet against them is under preparation.

[(ੲ) ਜੀ ਹਾਂ, ਇਹਨਾਂ ਅਧਿਕਾਰੀਆਂ/ਕਰਮਚਾਰੀਆਂ ਦੇ ਨਾਉਂ ਹੇਠਾਂ ਦਿੱਤੇ ਜਾਂਦੇ ਹਨ :—

1. ਸ੍ਰੀ ਕੇ.ਬੀ. ਰਾਏ, ਕਾਰਜਕਾਰੀ ਇੰਜੀਨੀਅਰ,

2. ਸ੍ਰੀ ਆਰ.ਪੀ. ਸਹਿਗਲ, ਕਾਰਜਕਾਰੀ ਇੰਜੀਨੀਅਰ,

3. ਸ੍ਰੀ ਗੁਰਪਰਤਾਪ ਸਿੰਘ ਸੋਢੀ, ਉਪ ਮੰਡਲ ਇੰਜੀਨੀਅਰ,

4 ਸ੍ਰੀ ਬੀ.ਬੀ. ਅਗਰਵਾਲ, ਭਾਗ ਅਫਸਰ ।

(ਬੀ) ਨਹੀਂ ਜੀ, ਪੁਲਿਸ ਵਿਚ ਕੇਸ ਰਜਿਸਟਰ ਨਹੀਂ ਕਰਵਾਏ ਗਏ ਬਲਕਿ ਇਨ੍ਹਾਂ ਕਰਮਚਾਰੀਆਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ ।

(ਸੀ) ਸਰਵਸ਼੍ਰੀ ਕੇ.ਬੀ. ਰਾਏ, ਆਰ.ਪੀ. ਸਹਿਗਲ, ਅਤੇ ਬੀ.ਬੀ. ਅਗਰਵਾਲ ਨੂੰ ਉਨ੍ਹਾਂ ਵਲੋਂ ਨਾਭਾ ਵਿਖੇ ਬਣੇ ਦਾਣੇ ਦੇ ਬਿਨਜ਼ (Bins) ਵਿਚ ਕੀਤੀਆਂ ਬੇਕਾਇਦਗੀਆਂ ਕਾਰਨ ਚਾਰਜਸ਼ੀਟ ਕਰ ਦਿੱਤਾ ਗਿਆ ਹੈ, ਇਨ੍ਹਾਂ ਵਲੋਂ ਦੂਜੀਆਂ ਇਮਾਰਤਾਂ ਵਿਚ ਕੀਤੀਆਂ ਬੇਕਾਇਦਗੀਆਂ ਬਾਰੇ ਚਾਰਜਸ਼ੀਟ ਤਿਆਰ ਕੀਤੇ ਜਾ ਰਹੇ ਹਨ ।

ਸ੍ਰੀ ਗੁਰਪਰਤਾਪ ਸਿੰਘ ਸੋਢੀ, ਉਪ ਮੰਡਲ ਇੰਜੀਨੀਅਰ, ਸ੍ਰੀ ਕੇ.ਬੀ ਰਾਏ, ਕਾਰਜਕਾਰੀ ਇੰਜੀਨੀਅਰ ਨਾਲ ਆਈ.ਟੀ.ਆਈ. ਪਟਿਆਲਾ ਦੇ ਐਕਸਟੈਨਸ਼ਨ (Extension) ਬਲਾਕ ਦੀ ਨਾਕਸ਼ ਉਸਾਰੀ ਵਿਚ ਦੋਸ਼ੀ ਮਿਥੇ ਗਏ ਹਨ ਅਤੇ ਉਨ੍ਹਾਂ ਵਿਰੁਧ ਵੀ ਚਾਰਜਸ਼ੀਟ ਤਿਆਰ ਕੀਤੀ ਜਾ ਰਹੀ ਹੈ ।]

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਪਹਿਲਾਂ ਪਾਰਲੀਮੈਂਟਰੀ ਸਕੱਤਰ ਸਰਦਾਰ ਗੁਰਮੇਜ ਸਿੰਘ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਹੈ। (ਵਿਘਨ) ਇਕ ਸ਼ੈਡਿਊਲਡ ਮੰਤਰੀ ਹੋਣ ਦੇ ਨਾਤੇ ਉਸ ਨੇ ਚੰਗਾ ਕੰਮ ਕੀਤਾ ਹੈ । (ਵਿਘਨ)

ਸ੍ਰੀ ਸਪੀਕਰ : ਤੁਸੀਂ ਸਪਲੀਮੈਂਟਰੀ ਪੁਛੋ । (You may put the supplementary question.)

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਅਫਸਰਾਂ ਦੇ ਖਿਲਾਫ ਐਕਸ਼ਨ ਹੋਵੇਗਾ ਜਾਂ ਨਹੀਂ ?

ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ : ਸਪੀਕਰ ਸਾਹਿਬ, ਸਵਾਲ ਦਾ ਜਵਾਬ ਮੈਂ ਪੜ੍ਹਕੇ ਸੁਣਾ ਦਿਤਾ ਹੈ । ਐਕਸ਼ਨ ਲੈਣ ਵਾਸਤੇ ਇਹ ਹੈ ਕਿ ਸੀ.ਐਮ. ਸਾਹਿਬ ਅੱਗੇ ਵੀ ਐਲਾਨ ਕਰ ਚੁੱਕੇ ਹਨ ਅਤੇ ਹੁਣ ਵੀ ਕਹਿ ਰਹੇ ਹਨ, ਇਹ ਸਰਕਾਰ ਹੀ ਐਕਸ਼ਨਾਂ ਦੀ ਸਰਕਾਰ ਹੈ । ਇਸ ਦੇ ਵਿਚ ਐਕਸ਼ਨ ਜ਼ਰੂਰ ਹੋਣਗੇ ।

PROPOSAL TO MAKE PUNJAB AS 'MILK STATE'

*566. **Chaudhri Ram Singh** : Will the Minister for Development be pleased to state whether the Government have any Scheme under its consideration to make the Punjab State as 'Milk State'; if so, a copy thereof be placed on the Table of the House ?

Capt. Rattan Singh : Yes, there are a number of schemes to make Punjab as Milk State of India. These schemes are as under :—

1. *Cross Breeding Programme* : Under this programme indigenous cows will be crossed with the Holstein Freisen, Jersy and Swiss Brown animals with a view to increase the milk yield of our animals.

2. *Import of high quality milch cattle from abroad* : Under this scheme, Punjab Government intends to import 1250 heifers as a donation from the Punjabis settled abroad, during 1972-73, 1973-74 and 1974-75.

3. *Supply of good fodder and cattle feed to the Dairy Farmers*: Cattle feed is being supplied to the Dairy Farmers from Amritsar at present. Another factory to prepare cattle feed is being constructed at Bhattian in District Ludhiana to provide 100 metric tonnes of cattle feed per day on no-profit-no-loss-basis. In addition the scheme for popularising good varieties of fodder and other agricultural practices to make milk production an economic proposition are being taken up by the Department of animal Husbandry and Agriculture.

4. *A.R.C. Schemes for Patti, Morinda, Bassi Pathanan and Bija.* Under this scheme of Agricultural Finance Corporation loans will be distributed to the farmers for the purchase of milch animals in these areas and intensive extension service will be provided to the Dairy Farmers under this scheme to increase milk production.

5. *Operation Food Flood.* Under this scheme a sum of Rs. 3.82 crores will be spent for the construction of milk

[Development Minister]

plants and grant of liberal loan and subsidy to the poorer and needy persons for the development of dairy industry.

6. Resources of various commercial banks are also being tapped up provide necessary finances to the milk produces.

7. *M.F.A.L./S.F.D.A.* These schemes are intended for marginal farmers and small farmers. With a view to augment the incomes of this class of farmers, liberal loans are being provided for the purchase of milch animals in addition to the other facilities for agricultural production.

ਸਰਦਾਰ ਅਜਾਇਬ ਸਿੰਘ ਸੰਧੂ : ਦੁੱਧ ਦੀ ਸਕੀਮ ਬੜੀ ਚੰਗੀ ਹੈ । ਮੈਂ ਪੁਛੱਣਾ ਚਾਹੁੰਦਾ ਹਾਂ ਕਿ ਕੀ ਇਹ ਬੱਸਾਂ ਦੇ ਅੱਡਿਆਂ ਤੇ ਵੀ ਦੁੱਧ ਦੀ ਸਪਲਾਈ ਦਾ ਕੰਮ ਸ਼ੁਰੂ ਕਰਨਗੇ ?

ਵਿਕਾਸ ਮੰਤਰੀ : ਇਨ੍ਹਾਂ ਦੇ ਜਿੱਥੇ ਜਿੱਥੇ ਅੱਡੇ ਹਨ, ਉਥੇ ਉਥੇ ਜ਼ਰੂਰ ਦੁੱਧ ਦੇਵਾਂਗੇ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : x x x (ਵਿਘਨ)

ਸ਼੍ਰੀ ਸਪੀਕਰ : ਇਹ ਜੋ ਕੁਝ ਵੀ ਬਗ਼ੈਰ ਪਰਮਿਸ਼ਨ ਦੇ ਕਹਿ ਰਹੇ ਹਨ that should not form part of the proceedings. (Whatever the hon. Member is sayig without the permission of the Chair, that should not form part of the Proceedings.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਵਜ਼ੀਰ ਸਾਹਿਬ ਦੇ ਉੱਤਰ ਅਨੁਸਾਰ ਅਸੀਂ ਪੰਜਾਬ ਨੂੰ ਇੰਡੀਆ ਦੀ ਮਿਲਕ ਸਟੇਟ ਬਣਾ ਰਹੇ ਹਾਂ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਸਬੰਧ ਵਿਚ ਉਹ ਕੀ ਕੁਝ ਸਟੈਪਸ ਲੈ ਰਹੇ ਹਨ ?

ਮੰਤਰੀ : ਮੈਂ ਦੱਸਦਾ ਹਾਂ । ਸਭ ਤੋਂ ਪਹਿਲਾਂ ਅਸੀਂ ਨਸਲ ਸੁਧਾਰਨ ਦਾ ਕੰਮ ਕਰਾਂਗੇ । (ਹਾਸਾ) ਕਿਉਂਕਿ ਸਾਡੇ ਜਿਹੜੇ ਦੁੱਧ ਦੇਣ ਵਾਲੇ ਪਸ਼ੂ ਹਨ ਅਸੀਂ ਸਦੀਆਂ ਤੋਂ ਲਾਪਰਵਾਹੀ ਨਾਲ ਉਨ੍ਹਾਂ ਦੀ ਨਸਲ ਵਿਗਾੜ ਦਿਤੀ ਹੈ । ਇਸ ਲਈ ਜਿਹੜੀ ਨਸਲ ਇਨ੍ਹਾਂ ਨੇ ਵਿਗਾੜੀ ਹੈ ਉਨ੍ਹਾਂ ਨੂੰ ਦਰੁੱਸਤ ਕਰਨਾ ਹੈ ਅਤੇ ਉਸ ਦੇ ਲਈ ਅਸੀਂ ਸਟੈਪਸ ਲੈ ਲਏ ਹਨ । (ਵਿਘਨ) (ਸ਼ੋਰ) ਅਸੀਂ ਹਿੰਦੁਸਤਾਨ ਤੋਂ ਬਾਹਿਰੋਂ ਵੀ ਅੱਛੀਆਂ ਕਾਊਜ਼ ਅਤੇ ਬੁਲਜ਼ ਮੰਗਵਾਉਣੇ ਹਨ ਅਤੇ ਉਨ੍ਹਾਂ ਨੂੰ ਖ਼ੁਰਾਕ ਚੰਗੀ ਦੇਣੀ ਹੈ । ਏ.ਆਰ.ਸੀ. ਸਕੀਮ ਦੇ ਰਾਹੀਂ ਛੋਟੇ ਛੋਟੇ ਆਦਮੀਆਂ ਨੂੰ ਜਿਨਾਂ ਦੇ ਪਾਸ ਜ਼ਮੀਨ ਨਹੀਂ, ਜਿਹੜੇ ਕਿ ਬੇਰੁਜ਼ਗਾਰ ਹਨ ਉਨ੍ਹਾਂ ਨੂੰ ਲੋਨਜ਼ ਦੇਕੇ ਉਨ੍ਹਾਂ ਦੀ ਜ਼ਿੰਦਗੀ ਸੁਧਾਰਨੀ ਹੈ । ਅਸੀਂ ਏ.ਆਰ.ਸੀ. ਦੇ ਰਾਹੀਂ ਜਿਹੜਾ ਪ੍ਰੋਗਰਾਮ ਐਮ.ਐਫ.ਏ.ਐਲ. ਸਮਾਲ ਫਾਰਮਿੰਗ ਏਜੰਸੀਆਂ ਹਨ ਉਨ੍ਹਾਂ ਨੂੰ ਅਸੀਂ 33% ਸਬਸਿਡੀ ਦੇਣੀ ਹੈ ਅਤੇ ਉਨ੍ਹਾਂ ਤੋਂ ਕਿਸ਼ਤਾਂ ਵਿਚ ਪੈਸੇ ਲੈਣੇ ਹਨ । ਇਸ ਤੋਂ ਅੱਗੇ ਇਹ ਹੈ ਕਿ ਦੁੱਧ ਦੇ ਭਾਅ ਵੀ ਮੁਨਾਸਬ ਫਿਕਸ ਕਰਨੇ ਹਨ ਤਾਂਕਿ ਜਿਹੜੇ ਲੋਕ ਦੁੱਧ ਪੈਦਾ ਕਰਨ ਵਾਲੇ ਹਨ

*Expunged as ordered by the Chair.

ਉਨ੍ਹਾਂ ਨੂੰ ਇਸ ਪਾਸੇ ਉਤਸ਼ਾਹ ਹੋਵੇ । ਸੋ ਇਹ ਕਦਮ ਚੁੱਕਣ ਨਾਲ ਪੰਜਾਬ ਨੂੰ ਸਾਰੇ ਹਿੰਦੁਸਤਾਨ ਦਾ ਚੋਟੀ ਦਾ ਦੁੱਧ ਦਾ ਸੂਬਾ ਬਣਾ ਦੇਣਾ ਹੈ ।

ਚੋਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੇ ਕੈਟਲ ਆਉਣਗੇ ਉਹ ਕਿਹੜੇ ਕਿਹੜੇ ਏਰੀਆਜ਼ ਵਿਚ ਦੇਣਗੇ ਅਤੇ ਕੀ ਨੀਮ ਪਹਾੜੀ ਏਰੀਆਜ਼ ਦਾ ਵੀ ਖਿਆਲ ਰੱਖਿਆ ਜਾਵੇਗਾ ?

ਮੰਤਰੀ : ਇਹ ਜਿਹੜੀ ਸਕੀਮ ਹੈ ਇਹ ਇਕੱਲੇ ਇਕ ਏਰੀਆ ਵਾਸਤੇ ਨਹੀਂ ਹੈ ਬਲਕਿ ਸਮੁੱਚੇ ਪੰਜਾਬ ਲਈ ਹੈ । ਉਸ ਦੀਆਂ ਸ਼ਰਤਾਂ ਬਣਾ ਕੇ ਭੇਜ ਦਿੱਤੀਆਂ ਹਨ ਅਤੇ ਗੌਰਮਿੰਟ ਆਫ ਇੰਡੀਆ ਦੀ ਕਲੀਅਰੈਂਸ ਆਉਣ ਤੇ ਫਿਰ ਅਸੀਂ ਸਾਰਿਆਂ ਨੂੰ ਦੱਸ ਸਕਾਂਗੇ । ਲੇਕਿਨ ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਜਿਹੜੇ ਇਲਾਕੇ ਅੱਗੇ ਪਛੜੇ ਹੋਏ ਹਨ ਉਨ੍ਹਾਂ ਦੇ ਵਿਚ ਜ਼ਿਆਦਾ ਤੇਜ਼ੀ ਨਾਲ ਇਹ ਕੰਮ ਕੀਤਾ ਜਾਵੇ

चौधरी बल राम : क्या मंत्रीमहोदय यह बताने की कृपा करेंगे कि उन्हों ने कहा है कि चौधरी राम सिंह का दूध के लिए ध्यान रखेंगे क्या हमारा भी इस मामले में ध्यान रखा जाएगा? (विघ्न)

ਮੰਤਰੀ : ਸਪੀਕਰ ਸਾਹਿਬ, ਜੇ ਦੋਹਾਂ ਦਾ ਧਿਆਨ ਕਰੀਏ ਤਾਂ ਮੇਰਾ ਖਿਆਲ ਹੈ ਕਿ ਚੌਧਰੀ ਰਾਮ ਸਿੰਘ ਨੂੰ ਜ਼ਿਆਦਾ ਦੁੱਧ ਪਿਲਾਉਣਾ ਚਾਹੀਦਾ ਹੈ । (ਵਿਘਨ) (ਹਾਸਾ)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਇਨ੍ਹਾਂ ਦੀ ਸਕੀਮ ਬੜੀ ਸ਼ਲਾਘਾ ਯੋਗ ਹੈ ਲੇਕਿਨ ਇਸ ਬਾਰੇ ਮੇਰੀ ਅਰਜ਼ ਹੈ ਕਿ ਪਿੰਡਾਂ ਵਿਚ ਜੋ ਦੁੱਧ ਵਿਕ ਰਿਹਾ ਹੈ ਉਹ ਇਕ ਰੁਪਏ ਵਿਕ ਰਿਹਾ ਹੈ ਅਤੇ ਸ਼ਹਿਰਾਂ ਵਿਚ ਗਰਮ ਦੁੱਧ ਡੇਢ ਰੁਪਏ ਕਿਲੋ ਵਿਕ ਰਿਹਾ ਹੈ ਲੇਕਿਨ ਕੈਪਟਨ ਸਾਹਿਬ ਦੀ ਜੋ ਸਕੀਮ ਹੈ ਉਸ ਮੁਤਾਬਕ 200 ਗਰਾਮ ਦੁੱਧ 50 ਪੈਸੇ ਦਾ ਵਿਕ ਰਿਹਾ ਹੈ ਯਾਨੀ ਢਾਈ ਰੁਪਏ ਕਿਲੋ ਦੁੱਧ ਵਿਕ ਰਿਹਾ ਹੈ । ਇਹ ਕੀਮਤ ਬਹੁਤ ਜ਼ਿਆਦਾ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਮਿਲਕ ਰੈਵੋਲਿਊਸ਼ਨ ਲਿਆਉਣਾ ਚਾਹੁੰਦੇ ਹਨ ਜਾਂ ਇਸ ਨਾਲ ਮੁਨਾਫਾ ਰੈਵੋਲਿਊਸ਼ਨ ਆਵੇਗਾ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜੇ ਲੋਕ ਕੋਕਾ ਕੋਲਾ, ਫੈਂਟਾ ਅਤੇ ਗੋਲਡ ਸਪਾਟ ਆਦਿ ਪੀਂਦੇ ਹਨ ਅਤੇ ਇਤਨੇ ਪੈਸੇ ਖਰਚ ਕਰਦੇ ਹਨ ਉਸ ਦੇ ਨਾਲੋਂ ਤਾਂ ਇਹ ਦੁੱਧ ਦੀਆਂ ਬੋਤਲਾਂ ਅੱਛੀਆਂ ਹਨ ਅਤੇ ਇਹ ਦੁੱਧ ਪੀ ਕੇ ਫਾਇਦਾ ਹੋਵੇਗਾ । ਅਸੀਂ ਮਿਲਕ ਦੀ ਜਿਹੜੀ ਇਹ ਸਕੀਮ ਹੈ ਇਸ ਨੂੰ ਪਾਪੂਲਰ ਕਰਨਾ ਹੈ ਪਰ ਜਿਸ ਤਰ੍ਹਾਂ ਕੈਨੇਡੀਅਨ ਸਾਹਿਬ ਨੇ ਕਿਹਾ ਹੈ ਇਸ ਨਾਲ ਤਾਂ ਪਿੰਡ ਦੇ ਵਿਚ ਕੋਈ ਤਰੱਕੀ ਨਹੀਂ ਹੋਵੇਗੀ। ਇਸ ਸਕੀਮ ਦੇ ਨਾਲ ਪਿੰਡਾਂ ਵਾਲਿਆਂ ਨੂੰ ਅਤੇ ਹੋਰ ਲੋਕਾਂ ਨੂੰ ਵੀ ਫਾਇਦਾ ਹੈ । ਜੇ ਇਹ ਮੈਨੂੰ ਮਿਲ ਲੈਣ ਤਾਂ ਮੈਂ ਇਨ੍ਹਾਂ ਨੂੰ ਸਾਰੀ ਡੀਟੇਲ ਦੱਸ ਸਕਦਾ ਹਾਂ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਇਸ ਸਕੀਮ ਦੇ ਖਿਲਾਫ ਤਾਂ ਕੁਝ ਨਹੀਂ ਕਿਹਾ, ਮੈਂ ਤਾਂ ਸਗੋਂ ਕਿਹਾ ਹੈ ਕਿ ਇਹ ਸਕੀਮ ਬਹੁਤ ਅੱਛੀ ਹੈ ਪਰ ਮੈਂ ਤਾਂ ਮਹਿੰਗੀ ਵਿਕਰੀ ਦੀ ਗਲ ਕੀਤੀ ਹੈ । (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਪਰੋਡਿਊਸਰ ਨੂੰ ਕੀਮਤ ਦੇ ਰਹੇ ਹਨ ਉਹ ਬਹੁਤ ਥੋੜ੍ਹੀ ਹੈ, ਕੀ ਇਹ ਕੀਮਤ ਹੋਰ ਵਧਾਉਣ ਦਾ ਯਤਨ ਕਰਨਗੇ ?

ਦੂਸਰਾ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਫੀਡ ਇਹ ਸਪਲਾਈ ਕਰਦੇ ਹਨ ਉਹ ਵੀ ਬਹੁਤ ਥੋੜ੍ਹੀ ਹੈ ਕੀ ਇਹ ਹੋਰ ਜ਼ਿਆਦਾ ਫੀਡ ਜਲਦੀ ਤੋਂ ਜਲਦੀ ਸਪਲਾਈ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਸ ਗੱਲ ਦਾ ਜਵਾਬ ਤਾਂ ਮੈਂ ਪਹਿਲਾਂ ਹੀ ਦੇ ਚੁੱਕਾ ਹਾਂ ਕਿ ਇਹ ਅੰਡਰ ਕਨਸਿਡਰੇਸ਼ਨ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਜਿਸ ਤਰਕੀਬ ਨਾਲ ਮਨਿਸਟਰ ਸਾਹਿਬ ਦੁੱਧ ਦਾ ਪਰਚਾਰ ਕਰ ਰਹੇ ਹਨ ਅਤੇ ਦੁੱਧ ਦੀਆਂ ਨਹਿਰਾਂ ਵਹਾ ਰਹੇ ਹਨ ਤਾਂ ਕੀ ਇਹ ਜਿਥੇ ਸ਼ਰਾਬ ਦੀਆਂ ਨਹਿਰਾਂ ਅਗੇ ਵਗ ਰਹੀਆਂ ਹਨ ਉਨ੍ਹਾਂ ਨੂੰ ਘਟਾ ਕੇ ਦੁੱਧ ਦੀਆਂ ਨਹਿਰਾਂ ਨੂੰ ਹੋਰ ਵਧਾਉਣਗੇ ਤਾਂ ਕਿ ਇਸ ਦਾ ਚੰਗਾ ਅਸਰ ਹੋਵੇ ? (ਵਿਘਨ)

ਸ਼੍ਰੀ ਸਪੀਕਰ : ਇਹ ਤਾਂ ਇਸ ਸਵਾਲ ਵਿਚੋਂ ਨਹੀਂ ਉਠਦਾ । (This supplementary does not arise out of this question.)

ਮੰਤਰੀ : ਸਪੀਕਰ ਸਾਹਿਬ, ਦੋਨੋਂ ਹੀ ਗੱਲਾਂ ਸ਼ਲਾਘਾਯੋਗ ਹਨ । (ਹਾਸਾ)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘਵਾਲਾ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਸਰਕਾਰੀ ਦੁੱਧ ਦਾ ਜੋ ਰੇਟ ਦਸਿਆ ਹੈ ਉਹ ਬਹੁਤ ਜ਼ਿਆਦਾ ਹੈ, ਕੀ ਇਨ੍ਹਾਂ ਨੂੰ ਪਤਾ ਹੈ ਕਿ ਜਿਹੜੇ ਲੋਕ ਕਾਰਾਂ ਵਿਚ ਟਰੇਵਲ ਕਰਦੇ ਹਨ ਅਤੇ ਬਹੁਤ ਅਮੀਰ ਹਨ ਉਹੀ ਇਹ ਦੁੱਧ ਪੀਂਦੇ ਹਨ, ਗਰੀਬ ਆਦਮੀ ਇਹ ਦੁੱਧ ਨਹੀਂ ਪੀ ਸਕਦੇ ?

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਮੈਟਰ ਆਫ਼ ਓਪੀਨੀਅਨ ਹੈ । ਇਹ ਦੁੱਧ ਆਮ ਆਦਮੀ ਪੀਂਦੇ ਹਨ ਸਾਈਕਲਾਂ ਵਾਲੇ ਵੀ ਪੀਂਦੇ ਹਨ ਅਤੇ ਕਾਰਾਂ ਵਾਲੇ ਵੀ ਪੀਂਦੇ ਹਨ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਚੌਧਰੀ ਰਾਮ ਸਿੰਘ ਦੇ ਸਵਾਲ ਦੇ ਜਵਾਬ ਵਿਚ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਚੰਗੀ ਨਸਲ ਦੀਆਂ ਗਾਵਾਂ ਮੰਗਾ ਰਹੇ ਹਾਂ ਅਤੇ ਸਾਰੀ ਸਟੇਟ ਵਿਚ ਭੇਜ ਰਹੇ ਹਾਂ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਪਹਾੜੀ ਇਲਾਕੇ ਵਿਚ ਜਿੱਥੇ ਗਾਵਾਂ ਥੋੜ੍ਹਾ ਥੋੜ੍ਹਾ ਦੁੱਧ ਦਿੰਦੀਆਂ ਹਨ ਅਤੇ ਛੋਟੇ ਕੱਦ ਦੀਆਂ ਹੁੰਦੀਆਂ ਹਨ ਕੀ ਇਹ ਜਿਹੜੀਆਂ ਗਾਵਾਂ ਭੇਜਣਗੇ ਉਨ੍ਹਾਂ ਦੀ ਔਲਾਦ ਛੋਟੀ ਕੱਦ ਦੀ ਨਹੀਂ ਹੋ ਜਾਵੇਗੀ ਅਤੇ ਦੁਧ ਦੀ ਹਾਲਤ ਵੀ ਖਰਾਬ ਨਹੀਂ ਹੋ ਜਾਵੇਗੀ?

ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਪਹਾੜੀ ਇਲਾਕੇ ਵਿਚ ਗਾਵਾਂ ਦੇਣੀਆਂ ਹਨ ਉਹ ਉਸੇ ਮੁਤਾਬਕ ਹੀ ਦੇਵਾਂਗੇ ਅਤੇ ਉਹ ਜਰਸੀ ਟਾਈਪ ਹੋਣਗੀਆਂ । ਜਿਹੜੀਆਂ ਪਟਿਆਲਾ, ਸੰਗਰੂਰ ਆਦਿ ਵਿਚ ਗਾਵਾਂ ਦੇਣੀਆਂ ਹਨ ਉਹ ਬਰਾਊਨ ਦੇਣੀਆਂ ਹਨ ਅਤੇ ਸੈਂਟਰਲ ਡਿਸਟ੍ਰਿਕਟ ਵਿਚ ਫਰੀਜ਼ੀਅਨ ਦੇਣੀਆਂ ਹਨ ।

REPRESENTATION RECEIVED BY DIRECTOR OF PANCHAYATS, PUNJAB

*767 **1. Comrade Dana Ram**
2. Comrade Satya Pal Dang : Will the Minister for Development be pleased to state :—

(a) whether the Director of Panchayats, punjab, received a representation dated 1st September, 1972 from Shri Gurbux Singh and other residents of village Kasail, Block Gandi Wind, District Amritsar regarding serious irregularities committed by the former Sarpanch of Gram Panchayat, Kasail; if so, a copy of the same be laid on the Table of the House;

(b) the action, if any, taken on the said representation and with what result ?

Captain Rattan Singh : (a) No Sir,

(b) Question does not arise.

[(ੳ) ਨਹੀਂ ਜੀ ।

(ਅ) ਸਵਾਲ ਹੀ ਨਹੀਂ ਉਠਦਾ ।]

ELECTIONS TO SHIROMANI GURDWARA PARBANDHAK COMMITTEE

*685. **Comrade Shamsher Singh Josh** : Will the Minister for Development be pleased to state whether the Government has decided to hold S.G.P.C. Elections in the State; if so, the probable date/month when these elections are likely to be held?

Captain Rattan Singh : Punjab Government is desirous to hold Shiromani Gurdwara Parbandhak Committee Elections expeditiously but the programme for elections can be chalked out on receipt of directions from the Government of India which are still awaited and for the issuance of which strenuous efforts are being made.

[ਪੰਜਾਬ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਛੇਤੀ ਤੋਂ ਛੇਤੀ ਕਰਵਾਉਣਾ ਚਾਹੁੰਦੀ ਹੈ ਪਰ ਚੋਣਾਂ ਦਾ ਪਰੋਗਰਾਮ ਭਾਰਤ ਸਰਕਾਰ ਵਲੋਂ ਆਦੇਸ਼ ਆਉਣ ਉਪਰੰਤ ਹੀ ਬਣਾਇਆ ਜਾ ਸਕਦਾ ਹੈ । ਇਨ੍ਹਾਂ ਹਦਾਇਤਾਂ ਦੀ ਅਜੇ ਉਡੀਕ ਕੀਤੀ ਜਾ ਰਹੀ ਹੈ ਅਤੇ ਜਾਰੀ ਕਰਾਣ ਸਬੰਧੀ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ।]

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਨੂੰ ਸੁਝਾਉ ਦਿਤਾ ਹੈ ਕਿ ਇਤਨੇ ਅਰਸੇ ਵਿਚ ਜਾਂ ਇਤਨੇ ਸਮੇਂ ਵਿਚ ਚੋਣਾਂ ਦਾ ਪ੍ਰੋਗਰਾਮ ਬਣ ਜਾਵੇ ? (ਵਿਘਨ)

ਵਿਕਾਸ ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਪਹਿਲਾਂ ਹੀ ਆਪਣੀਆਂ ਸਿਸਟਰ ਸਟੇਟਸ ਤੇ ਬਹੁਤ ਜ਼ੋਰ ਪਾਇਆ ਹੈ ਪਰ ਜਦੋਂ ਸਾਡੀ ਗੱਲ ਉਹ ਮੰਨੇ ਨਹੀਂ ਤਾਂ ਅਸੀਂ ਸੈਂਟਰ ਗੌਰਮਿੰਟ ਨੂੰ ਇਕ ਚਿੱਠੀ ਭੇਜ ਰਹੇ ਹਾਂ ਕਿ ਸਾਡੀ ਬਾਈਫ਼ਰਕੇਸ਼ਨ ਕਰ ਦੇਣ

(ਵਿਕਾਸ ਮੰਤਰੀ)

ਤਾਂ ਕਿ ਅਸੀਂ ਆਪਣਾ ਕੰਮ ਕਰ ਲਈਏ । ਇਨ ਦਾ ਮੀਨ ਟਾਈਮ ਜਦੋਂ ਤਕ ਸਾਨੂੰ ਕਲੀਅਰੈਂਸ ਨਹੀਂ ਮਿਲਦੀ ਅਸੀਂ ਸੋਚਿਆ ਹੈ ਕਿ ਬਾਕੀ ਦਾ ਸਾਰਾ ਕੰਮ ਜਿਸ ਤਰ੍ਹਾਂ ਇਲੈਕਸ਼ਨ ਰੋਲ ਵਗੈਰਾ, ਤਿਆਰ ਕਰਵਾ ਲਈਏ । ਜਿਸ ਵੇਲੇ ਸਾਨੂੰ ਕਲੀਅਰੈਂਸ ਮਿਲ ਜਾਵੇਗੀ ਅਸੀਂ ਅਲੈਕਸ਼ਨ ਕਰਵਾ ਦਿਆਂਗੇ । ਸਾਡੀ ਬਹੁਤ ਖਾਹਿਸ਼ ਹੈ ਕਿ ਇਤਨੇ ਚਿਰ ਤੋਂ ਇਹ ਇਲੈਕਸ਼ਨ ਪੈਂਡਿੰਗ ਹਨ, ਇਹ ਜਲਦੀ ਕਰਵਾਈਆਂ ਜਾਣ । ਸੈਂਟਰ ਗੌਰਮਿੰਟ ਵਲੋਂ ਜਿਸ ਵੇਲੇ ਸਾਨੂੰ ਕਲੀਅਰੈਂਸ ਮਿਲ ਜਾਵੇਗੀ ਅਸੀਂ ਤਿੰਨ ਮਹੀਨੇ ਦੇ ਅੰਦਰ ਅੰਦਰ ਇਲੈਕਸ਼ਨਾਂ ਕਰਵਾਉਣ ਦੇ ਕਾਬਲ ਹੋਵਾਂਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਹਰਿਆਣੇ ਵਿਚ ਅਤੇ ਹਿਮਾਚਲ ਵਿਚ, ਜੋ ਕਿ ਸਾਡੀਆਂ ਸਿਸਟਰ ਸਟੇਟਸ ਹਨ, ਉਥੇ ਕਾਂਗਰਸ ਵਾਲੇ ਹੀ ਰਾਜ ਕਰ ਰਹੇ ਹਨ ਅਤੇ ਸੈਂਟਰ ਵਿਚ ਵੀ ਕਾਂਗਰਸ ਦਾ ਰਾਜ ਹੈ, ਮੈਂ ਪੁਛਣਾ ਚਾਹੁੰਦਾ ਹਾਂ ਕਿ ਸਾਰੀਆਂ ਸਟੇਟਾਂ ਵਿਚ ਇਹ ਕਿਉਂ ਨਹੀਂ ਕੀਤਾ ਜਾ ਰਿਹਾ ਹੈ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਇੰਟਰ ਸਟੇਟ ਪ੍ਰਾਬਲਮਜ਼ ਕਈ ਹੁੰਦੀਆਂ ਹਨ । ਭਾਵੇਂ ਕੋਈ ਵੀ ਸਰਕਾਰ ਹੋਵੇ ਉਹ ਆਪਣੀ ਆਪਣੀ ਸਟੇਟ ਦੀ ਗੱਲ ਕਰਦੇ ਹਨ । ਆਪਣੀ ਆਪਣੀ ਸਟੇਟ ਦਾ ਆਪਣਾ ਆਪਣਾ ਇਨਟਰੈਸਟ ਹੈ । ਸਾਡਾ ਇਨਟਰੈਸਟ ਇਹ ਹੈ ਕਿ ਛੇਤੀ ਤੋਂ ਛੇਤੀ ਇਹ ਇਲੈਕਸ਼ਨਾਂ ਕਰਵਾ ਦੇਈਏ । ਸਫਾਈ ਕਰਵਾ ਦੇਈਏ ਜਿਥੇ ਹੋਣੀ ਚਾਹੀਦੀ ਹੈ । (ਵਿਘਨ)

ਸਰਦਾਰ ਬੇਅੰਤ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਇਲੈਕਸ਼ਨ ਕਰਾਉਣ ਤੋਂ ਪਹਿਲਾਂ ਕਨਸਟੀਚੂਐਂਸੀਜ਼ ਦੀ ਡੀਲਿਮੀਟੇਸ਼ਨ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜੇ ਇਸ ਡੀਲਿਮੀਟੇਸ਼ਨ ਵਾਲੇ ਪਾਸੇ ਪੈ ਗਏ ਤਾਂ ਫਿਰ ਬਹੁਤ ਦੇਰ ਹੋ ਜਾਵੇਗੀ ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛ ਸਕਦਾ ਹਾਂ ਕਿ ਇਹ ਸੈਕੂਲਰ ਸਟੇਟ ਹੈ ਜਾਂ ਥੀਓਕਰੈਟਿਕ ਹੈ ?

ਮੰਤਰੀ : ਸਪੀਕਰ ਸਾਹਿਬ, ਸਿਰਫ ਪੰਜਾਬ ਹੀ ਸੈਕੂਲਰ ਸਟੇਟ ਨਹੀਂ ਸਗੋਂ ਹਿੰਦੁਸਤਾਨ ਸਾਰਾ ਹੀ ਸੈਕੂਲਰ ਸਟੇਟ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਵਕਫ਼ ਬੋਰਡ ਜਿਹੜਾ ਹੈ ਉਹ ਵੀ ਕਾਮਨ ਲਿੰਕ ਹੈ ਕੀ ਉਸ ਨੂੰ ਡੀ-ਲਿੰਕ ਕਰਨ ਵਾਸਤੇ ਪੰਜਾਬ ਸਰਕਾਰ ਨੇ ਕੋਈ ਕਾਰਵਾਈ ਕੀਤੀ ਹੈ ? ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਡੀ-ਲਿੰਕ ਕਰ ਰਹੇ ਹਨ, ਇਹ ਸਿੱਖਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ, ਸਾਰੇ ਹਿੰਦੁਸਤਾਨ ਦੇ ਸਿੱਖਾਂ ਨਾਲ ਵਧੀਕੀ ਕੀਤੀ ਜਾ ਰਹੀ ਹੈ ? (ਵਿਘਨ) (ਸ਼ੋਰ)

ਮੰਤਰੀ : ਸਪੀਕਰ ਸਾਹਿਬ, ਇਹ ਗੱਲ ਨਹੀਂ . ਵਕਫ਼ ਬੋਰਡ ਲਈ ਵੀ ਵੱਖਰੀ ਚਿੱਠੀ ਸੈਂਟਰ ਗੌਰਮਿੰਟ ਨੂੰ ਲਿਖੀ ਹੈ । ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਹਰਿਆਣਾ

ਅਤੇ ਹਿਮਾਚਲ ਪਰਦੇਸ਼ ਦੇ ਚੀਫ ਮਨਿਸਟਰਜ਼ ਨਾਲ ਗੱਲ ਬਾਤ ਕੀਤੀ ਹੈ ਪਰ ਉਹ ਇਹ ਗੱਲ ਮੰਨ ਨਹੀਂ ਰਹੇ। ਅਸੀਂ ਸੈਂਟਰ ਗੌਰਮਿੰਟ ਨੂੰ ਇਹ ਵੀ ਲਿਖਿਆ ਹੈ ਕਿ ਜੇ ਤੁਸੀਂ ਐਸ. ਜੀ. ਪੀ. ਸੀ. ਨੂੰ ਡੀ ਲਿੰਕ ਕਰਨਾ ਹੈ ਤਾਂ ਇਸੇ ਤਰ੍ਹਾਂ ਵਕਫ਼ ਬੋਰਡ ਨੂੰ ਵੀ ਇਸੇ ਵਿਧੂ ਨਾਲ ਅੱਡ ਕਰ ਦਿਤਾ ਜਾਵੇ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : * * *

(ਵਿਘਨ) (ਸ਼ੋਰ)

ਸ੍ਰੀ ਸਪੀਕਰ : ਜੋ ਕੁਝ ਵੀ ਸੰਧੂ ਸਾਹਿਬ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ ਉਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ। (ਵਿਘਨ) (ਸ਼ੋਰ) (Whatever hon. Member Sardar Ajaib Singh Sandhu is saying without the permission of the Chair, should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ : * * *

ਸ੍ਰੀ ਸਪੀਕਰ : ਜੋ ਕੁਝ ਵੀ ਸੰਧੂ ਸਾਹਿਬ ਚੇਅਰ ਦੀ ਆਗਿਆ ਤੋਂ ਬਗੈਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (whatever the hon. Member is saying without permission of the Chair, should not be recorded.)

ਕਾਮਰੇਡ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਰਾਜਨੀਤਿਕ ਜੀਵਨ ਨੂੰ ਚੰਗਾ ਬਣਾਉਣ ਵਾਸਤੇ, ਕੀ ਸਰਕਾਰ ਇਸ ਗੱਲ ਤੇ ਸੋਚ ਵਿਚਾਰ ਕਰੇਗੀ ਕਿ ਕਿਸੇ ਤਰੀਕੇ ਨਾਲ ਗੁਰਦਵਾਰੇ, ਮੰਦਿਰ ਅਤੇ ਮਸਜਿਦ ਰਾਜਨੀਤੀ ਨਾਲੋਂ ਅੱਡ ਕੀਤੇ ਜਾਣ ਅਤੇ ਉਥੋਂ ਦੇ ਪ੍ਰਬੰਧਕਾਂ ਨੂੰ ਰਾਜਨੀਤੀ ਦੇ ਪ੍ਰਚਾਰ ਦੀ ਆਗਿਆ ਨਹੀਂ ਹੋਣੀ ਚਾਹੀਦੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਡਾਂਗ ਸਾਹਿਬ ਦਾ ਸਪਲੀਮੈਂਟਰੀ ਬੜਾ ਮਹੱਤਵਪੂਰਣ ਹੈ। ਭਾਵੇਂ ਸੁਆਲ ਨਾਲ ਇਸ ਦਾ ਤੁਅੱਲਕ ਨਹੀਂ ਲੇਕਿਨ ਇਸ ਕਿਸਮ ਦਾ ਮਹੱਤਵਪੂਰਣ ਸੁਆਲ ਹਾਊਸ ਵਿਚ ਆਇਆ ਹੈ, ਮੈਂ ਉਸ ਦਾ ਜਵਾਬ ਦੇਣਾ ਉਚਿੱਤ ਸਮਝਦਾ ਹਾਂ। ਸਰਕਾਰ ਇਸ ਗੱਲ ਲਈ ਡੈਮੋਕਰੈਟਿਕ ਢੰਗ ਨਾਲ ਹਰ ਮੁਮਕਿਨ ਉਪਾ ਕਰਨ ਲਈ ਤਿਆਰ ਹੈ। ਮੈਂ ਚਾਹੁੰਦਾ ਹਾਂ ਕਿ ਧਾਰਮਕ ਸਥਾਨਾਂ ਵਿਚ ਰਾਜਨੀਤੀ ਨੂੰ ਥਾਂ ਨਾ ਮਿਲੇ। ਧਾਰਮਕ ਸਥਾਨਾਂ ਦੇ ਜਿਹੜੇ ਪ੍ਰਬੰਧਕ ਹਨ ਉਹ ਰਾਜਨੀਤੀ ਵਿਚ ਦਖ਼ਲ ਨਾ ਦੇਣ। ਅਸੀਂ ਜ਼ਬਰਦਸਤੀ ਨਹੀਂ ਕਰਨਾ ਚਾਹੁੰਦੇ। ਇਸ ਲਈ ਮੈਂ ਆਪੋਜ਼ੀਸ਼ਨ ਦੇ ਲੀਡਰ ਨੂੰ ਬੁਲਾ ਕੇ ਸਲਾਹ ਕਰਾਂਗਾ ਅਤੇ ਡਾਂਗ ਸਾਹਿਬ ਨੂੰ ਵੀ ਕਹਾਂਗਾ ਕਿ ਉਹ ਵੀ ਤਿਆਰੀ ਕਰਕੇ ਆਉਣ।

ਹਾਊਸ ਦੀ ਜਾਣਕਾਰੀ ਲਈ ਮੈਂ ਇਹ ਵੀ ਦਸ ਦੇਣਾ ਚਾਹੁੰਦਾ ਹਾਂ ਕਿ ਪੰਜਾਬੀ ਸੂਬਾ ਬਣਨ ਤੋਂ ਬਾਅਦ ਇੰਦਰਾ ਜੀ ਦੀ ਸਰਕਾਰ ਨੇ ਕਈ ਕਾਮਨ ਲਿੰਕਸ ਰਖੇ ਹੋਏ ਸਨ। ਲੇਕਿਨ ਪੁਲੀਟੀਕਲ ਪਾਰਟੀਆਂ ਵਿਚੋਂ ਸਭ ਤੋਂ ਜ਼ਿਆਦਾ ਅਕਾਲੀ ਪਾਰਟੀ ਚਾਹੁੰਦੀ ਸੀ ਕਿ ਕਾਮਨ ਲਿੰਕਸ ਨਹੀਂ ਰਹਿਣੇ ਚਾਹੀਦੇ। ਉਹ ਕਾਮਨ ਲਿੰਕਸ ਟੁਟਣ ਤੋਂ ਬਾਅਦ ਮੈਂ ਸਬੰਧਤ ਮੁੱਖ ਮੰਤਰੀਆਂ ਨਾਲ ਗੱਲ ਬਾਤ ਕੀਤੀ ਕਿ ਐਸ.ਜੀ.ਪੀ.ਸੀ. ਦਾ ਲਿੰਕ ਰੱਖ ਲਿਆ ਜਾਵੇ।

*Not recorded as ordered by the Chair.

[ਮੁੱਖ ਮੰਤਰੀ]

ਇਕ ਨਾਲ ਦੋ ਮੀਟਿੰਗਜ਼ ਕੀਤੀਆਂ ਅਤੇ ਦੂਜੇ ਨਾਲ ਤਿੰਨ, ਪਰ ਉਨ੍ਹਾਂ ਨੇ ਸਾਫ਼ ਇਨਕਾਰ ਕਰ ਦਿਤਾ ਕਿ ਅਸੀਂ ਪੰਜਾਬ ਦੇ ਨਾਲ ਕੋਈ ਲਿੰਕ ਨਹੀਂ ਰਖਣਾ ਚਾਹੁੰਦੇ। ਅਸੀਂ ਹੁਣ ਉਨ੍ਹਾਂ ਨੂੰ ਜ਼ਿਆਦਾ ਮਜਬੂਰ ਨਹੀਂ ਕਰ ਸਕਦੇ। ਜਦੋਂ ਦੀ ਸਾਡੀ ਸਰਕਾਰ ਆਈ ਹੈ ਅਸੀਂ ਗੁਰਦਵਾਰਾ ਚੋਣਾਂ ਲਈ ਤਿਆਰੀ ਕਰ ਰਹੇ ਹਾਂ ਅਤੇ ਸੈਂਟਰ ਤੋਂ ਆਗਿਆ ਲੈ ਰਹੇ ਹਾਂ। ਮੈਂ ਵਕਫ਼ ਬੋਰਡ ਬਾਰੇ ਵੀ ਚਿੱਠੀ ਲਿਖ ਦਿਤੀ ਹੈ ਕਿ ਜੇ ਸਾਡਾ ਗੁਰਦਵਾਰਾ ਬੋਰਡ ਇਕੱਠਾ ਨਹੀਂ ਰਹਿ ਸਕਦਾ ਤਾਂ ਸਾਡਾ ਵਕਫ਼ ਬੋਰਡ ਵੀ ਅੱਡ ਕਰ ਦਿਤਾ ਜਾਵੇ। ਉਸ ਦੇ ਲਈ ਨਵਾਬ ਮਾਲੇਰਕੋਟਲਾ ਨੇ ਵੀ ਸ਼੍ਰੀ ਫ਼ਖਰੁਦੀਨ ਅਲੀ ਅਹਿਮਦ ਨੂੰ ਚਿੱਠੀ ਲਿਖੀ ਹੈ। ਮਨਿਸਟਰ ਆਫ਼ ਸਟੇਟ, ਸ੍ਰੀ ਪੰਤ ਜੀ ਨਾਲ ਮੇਰੀ ਗੱਲ ਬਾਤ ਹੋਈ ਸੀ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਉਹ ਸਾਡੀ ਇਸ ਗੱਲ ਨੂੰ ਮੰਨ ਲੈਣਗੇ।

ਸਰਦਾਰ ਰਣਧੀਰ ਸਿੰਘ ਚੀਮਾ : ਮੈਂ ਮੰਤਰੀ ਮਹੋਦਯ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਵੋਟਾਂ ਹੁਣ ਸ਼ਰੋਮਣੀ ਕਮੇਟੀ ਦੇ ਇਲੈਕਸ਼ਨਜ਼ ਲਈ ਬਣਵਾ ਰਹੇ ਹਨ, ਕੀ ਉਸ ਦੇ ਲਈ ਕੋਈ ਖ਼ਾਸ ਹਦਾਇਤਾਂ ਕੀਤੀਆਂ ਹਨ ਕਿ ਜਿਹੜੇ ਆਦਮੀ ਐਕਟ ਦੇ ਮੁਤਾਬਕ ਹੱਕਦਾਰ ਹਨ, ਉਨ੍ਹਾਂ ਤੋਂ ਇਲਾਵਾ ਵੋਟਾਂ ਨਾ ਬਣਾਈਆਂ ਜਾਣ। (ਵਿਘਨ)

ਵਿਕਾਸ ਮੰਤਰੀ : ਅਸੀਂ ਕਾਨੂੰਨ ਨੂੰ ਮੱਦੇ ਨਜ਼ਰ ਰਖ ਕੇ ਇਹ ਹਦਾਇਤਾਂ ਕੀਤੀਆਂ ਹਨ ਕਿ ਲਾ-ਕਾਨੂੰਨੀ ਨਹੀਂ ਵਰਤੀ ਜਾਣੀ ਚਾਹੀਦੀ। (ਵਿਘਨ)

LIQUOR SHOPS

*632. 1. **Chaudhri Sunder Singh**
2. **Sardar Darshan Singh K.P.**] : Will the Minister for Development be pleased to state—

(a) the number of Liquor Shops in the State, which are at present located either in front of or adjacent to temples, gurdwaras, churches, mosques, colleges and schools of the State;

(b) whether the Government would consider the desirability of removing such liquor shops to distant places in the interest of upkeep of moral standards of the public ?

Captain Rattan Singh : According to Orders 4 and 5 of the Punjab Intoxicants License and Sale Orders, 1956, licences for the sale of liquor or intoxicating drugs are given either on the basis of the ascertained demand for such liquor or drugs in a village and in any locality of a town, or to counteract the illicit supply of liquor or drugs in that village/locality. For the location of such shops, instructions of the Department to the Local Officers are that these (liquor shops) should be located at a reasonable distance from place of worship, educational institutions, public entertainments and railway stations. By and large, the vends are at a reasonable distance from such places. Even later, if any complaint is received, an effort is made to shift the location to a reasonable distance.

[ਪੰਜਾਬ ਇਨਟਾਕਸੀਕੈਂਟਸ ਲਾਈਸੈਂਸ ਅਤੇ ਸੇਲ ਆਰਡਰਜ਼, 1956, ਦੇ ਹੁਕਮਾਂ 4 ਅਤੇ 5 ਦੇ ਅਧੀਨ ਸ਼ਰਾਬ ਜਾਂ ਨਸ਼ੀਲੀ ਔਸ਼ਧਾਂ ਦੀ ਵਿਕਰੀ ਲਈ ਲਾਈਸੈਂਸ, ਜਾਂ ਤਾਂ ਇਕ ਪਿੰਡ ਅਤੇ ਇਕ ਸ਼ਹਿਰ ਦੇ ਕਿਸੇ ਇਲਾਕੇ ਦੀ ਸ਼ਰਾਬ ਜਾਂ ਔਸ਼ਧਾਂ ਦੀ ਮਿਥੀ ਹੋਈ ਮੰਗ ਦੇ ਆਧਾਰ ਤੇ ਦਿੱਤੇ ਜਾਂਦੇ ਹਨ ਜਾਂ ਉਸ ਪਿੰਡ/ਇਲਾਕੇ ਦੀ ਨਜਾਇਜ਼ ਸ਼ਰਾਬ ਜਾਂ

ਔਸ਼ਧਾਂ ਦੀ ਸਪਲਾਈ ਨੂੰ ਰੋਕਣ ਲਈ ਦਿੱਤੇ ਜਾਂਦੇ ਹਨ। ਅਜਿਹੀਆਂ ਦੁਕਾਨਾਂ ਦੇ ਅਸਥਾਨਾਂ ਲਈ, ਵਿਭਾਗ ਦੀਆਂ ਹਦਾਇਤਾਂ ਸਥਾਨਕ ਅਧਿਕਾਰੀਆਂ ਨੂੰ ਇਹ ਹਨ ਕਿ ਸ਼ਰਾਬ ਦੀਆਂ ਦੁਕਾਨਾਂ ਪੂਜਾ ਕਰਨ ਦੇ ਧਰਮ ਅਸਥਾਨਾਂ, ਸਿਖਿਆ ਸੰਸਥਾਵਾਂ, ਮਨੋਰੰਜਨ ਘਰਾਂ ਅਤੇ ਰੇਲਵੇ ਸਟੇਸ਼ਨਾਂ ਤੋਂ ਉਚਿਤ ਦੂਰੀ ਤੇ ਹੋਣੀਆਂ ਚਾਹੀਦੀਆਂ ਹਨ। ਆਮ ਤੌਰ ਤੇ ਸ਼ਰਾਬ ਦੀ ਵਿਕਰੀ ਦੀਆਂ ਦੁਕਾਨਾਂ ਅਜਹੀਆਂ ਥਾਂਵਾਂ ਤੋਂ ਉਚਿਤ ਫਾਸਲੇ ਤੇ ਹੁੰਦੀਆਂ ਹਨ। ਇਸ ਤੋਂ ਬਾਅਦ ਵੀ ਜੇਕਰ ਕੋਈ ਸ਼ਕਾਇਤ ਹੁੰਦੀ ਹੈ, ਤਾਂ ਉਸ ਦੁਕਾਨ ਨੂੰ ਉਚਿਤ ਦੂਰੀ ਤੇ ਬਦਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।]

आचार्य पृथ्वी सिंह आज़ाद : वजीर साहिब ने हदायतों में जिक्र किया है कि रेलवे सटेशन के पास लिकुअर शाप नहीं हो सकती। क्या वजा है कि यह हदायत नहीं की गई कि बस सटेंड के पास भी लिकुअर शाप नहीं हो सकती ?

ਵਿਕਾਸ ਮੰਤਰੀ : ਜੇ ਕੋਈ ਪਾਰਟੀਕੁਲਰ ਕੇਸ ਸਾਡੇ ਨੋਟਿਸ ਵਿਚ ਆ ਜਾਂਦਾ ਹੈ ਤਾਂ ਅਸੀਂ ਉਸ ਦੇ ਮੁਤਾਬਕ ਇੰਸਟਰਕਸ਼ਨਜ਼ ਜਾਰੀ ਕਰ ਦਿੰਦੇ ਹਾਂ ਅਤੇ ਉਸ ਦੇ ਮੁਤਾਬਕ ਹੀ ਐਕਸ਼ਨ ਲਿਆ ਜਾਂਦਾ ਹੈ।

आचार्य पृथ्वी सिंह आज़ाद : लुधियाना, रोपड़, खरड़ आदि सभी बस-स्टेंडों के पास शराब के ठेके खोल रखें हैं। यह चीज़ मिनिस्ट्र साहिब के नोटिस में है। पंजाब के सभी बस-सटेंडों पर शराब के ठेके खोल रखें हैं। यह कहना कि अगर नोटिस में आ जाये तो कार्यवाई की जाती है, यह ठीक जवाब नहीं है।

(ਕੋਈ ਉੱਤਰ ਨਹੀਂ ਦਿਤਾ ਗਿਆ)

(d) the total amount of compensation paid so far together with the out standing amount thereof still to be paid and the reasons for the latter;

(e) the steps being taken by the Government for making the payment of the said compensation;

(f) the area of land acquired for the second time, together with the date of acquisition thereof ?

Shri Gurmail Singh : (a) The land for Kairon Drain in village Margindpura was acquired twice, once during 1962 and second time during 1965;

(b) 115.42 acres land was acquired for full length of Kairon drain first time during March, 1962 out of which 11.48 acres fall in village Margindpura.

(c) The total land compensation for the whole of drain was Rs. 69649 as per departmental estimates.

(d) This information is being collected by the Superintending Engineer, Amritsar Drainage Circle, from the field officers.

(e) The Superintending Engineer, Amritsar Drainage Circle has been asked to expedite the payment of remaining amount of compensation.

(f) The total land acquired from the Kairon drain for the second time is 11.54 acres out of which 1.62 acres fall in village Margindpura. The acquisition for this land was made by the Government vide D.I.p.R. No. 5812/482 H, dated 17th April, 1965.

[(ਏ) ਪਿੰਡ ਮਰਗਿੰਦਪੁਰਾ ਵਿੱਚ ਕੈਰੋਂ ਡਰੇਨ ਹੇਠ ਆਉਣ ਵਾਲੀ ਜ਼ਮੀਨ ਦੋ ਵਾਰ ਅਕਵਾਇਰ ਕੀਤੀ ਗਈ, ਇਕ ਵਾਰ 1962 ਵਿਚ ਤੇ ਦੂਜੀ ਵਾਰ 1965 ਵਿੱਚ।

(ਬੀ) ਸਾਰੀ ਕੈਰੋਂ ਡਰੇਨ ਹੇਠ ਆਈ 115.42 ਏਕੜ ਭੂਮੀ ਪਹਿਲੀ ਦੇ ਵਾਰ 1962 ਵਿਚ ਅਕਵਾਇਰ ਕੀਤੀ ਗਈ ਸੀ ਤੇ ਇਸ ਰਕਬੇ ਵਿਚੋਂ 11.48 ਏਕੜ ਰਕਬਾ ਪਿੰਡ ਮਰਗਿੰਦਰਪੁਰੇ ਦਾ ਸੀ।

(ਸੀ) ਇਸ ਡਰੇਨ ਦੀ ਪੂਰੀ ਲੰਬਾਈ ਹੇਠ ਆਈ ਜ਼ਮੀਨ ਦਾ ਮੁਆਵਜ਼ਾ 69,649 ਰੁ: ਇਸ ਦਫ਼ਤਰ ਦੇ ਅਨੁਮਾਨਾਂ ਅਨੁਸਾਰ ਬਣਦਾ ਹੈ।

(ਡੀ) ਇਹ ਸੂਚਨਾ ਨਿਗਰਾਨ ਇੰਜੀਨੀਅਰ, ਅੰਮ੍ਰਿਤਸਰ ਜਲ ਨਿਕਾਸ ਸਰਕਲ, ਰਾਹੀਂ ਫੀਲਡ ਅਫ਼ਸਰਾਂ ਪਾਸੋਂ ਇਕੱਤਰ ਕੀਤੀ ਜਾ ਰਹੀ ਹੈ।

(ਈ) ਨਿਗਰਾਨ ਇੰਜੀਨੀਅਰ, ਅੰਮ੍ਰਿਤਸਰ ਜਲ ਨਿਕਾਸ ਸਰਕਲ ਨੂੰ ਹਦਾਇਤ ਕਰ ਦਿੱਤੀ ਹੈ ਕਿ ਉਹ ਜਲਦੀ ਤੋਂ ਜਲਦੀ ਬਾਕੀ ਰਹਿੰਦੇ ਮੁਆਵਜ਼ੇ ਦੀ ਅਦਾਇਗੀ ਕਰ ਦੇਣ।

(ਐਫ) ਦੂਜੀ ਵਾਰ ਕੇਰੋਂ ਡਰੇਨ ਹੇਠ ਆਉਣ ਵਾਲਾ ਕੁਲ ਰਕਬਾ 11.54 ਏਕੜ ਸੀ ਜਿਸ ਵਿਚੋਂ ਕਿ 1·62 ਏਕੜ ਪਿੰਡ ਮਰਗਿੰਦਪੁਰੇ ਵਿੱਚ ਪੈਂਦਾ ਹੈ। ਇਹ ਜ਼ਮੀਨ ਪੰਜਾਬ ਸਰਕਾਰ ਨੇ ਡੀ. ਆਈ. ਪੀ. ਆਰ. ਨੰ: 5812/482 ਐਚ, ਮਿਤੀ 17 ਅਪਰੈਲ, 1965 ਨਾਲ ਅਕਵਾਇਰ ਕੀਤੀ ਸੀ।]

EVACUEE LAND AND HOUSES ALLOCATED IN VILLAGE BHAINI GURMUKH SINGH, DISTRICT AMRITSAR.

478. **Giani Arjan Singh Litt** : Will the Minister for Education and Revenue be pleased to —

(a) state the total area of evacuee land in village Bhaini Gurmukh Singh, Tehsil Patti, District Amritsar which was allotted to the uprooted landowners;

(b) state the details of the land allotted to each of the allottees;

(c) lay on the table of the House a list showing the number of avacuee houses and plots of the said village;

(d) state the house numbers out of those mentioned in part (c) above which have been allotted to the uprooted allottees referred to in part (b) above, if not, the reasons for the same;

(e) state the names of the persons who are in possession of the said houses at present together with the manner in which the same are now proposed to be disposed of;

(f) state whether the Tehsildar (Sales); Amritsar received any application by registered post from any of the allottees mentioned in part (b) above for giving permanent registration certificates of the said houses in the month of November, 1972; if so, the action, if any, taken in this regard;

(g) state whether any of the said houses and plots are also in the possession of local residents; if so, a list showing the names of such persons and the reasons for not auctioning the said houses so far be laid on the Table of the House ?

Sardar Umrao Singh : (a) 20 Standard Acres 10 Units.

(b) The details of the land allotted to each allottee are as follows:—

Sr. No.	Name of the allottee	Area allotted S.A. Units
1.	Shri Ganda Singh s/o Shri Hukam Singh	5—3½
2.	Shri Nand Singh s/o Shri Hukam Singh	4—11
3.	Shri Hazara Singh s/o Shri Jawand Singh	0—12
4.	Shri Tehal Singh s/o Shri Tara Singh	7—1
5.	Shri Gurdip Singh s/o Shri Jhanda Singh	2—14½
	Total	20—10

(c) No register Sikni of village Bhaini Gurmukh Singh was prepared after the partition of the country. However, as per survey conducted in consultation with the Gram Panchayat, there were, no evacuee houses in the village. There were however, only 5 evacuee sites, one of which had been allotted to Shri Tehal Singh, a land allottee, as appendage to his land allotment.

(d & e) In view of the reply to (c) above, question does not arise.

(f) Yes, but the request of Shri Ganda Singh was for grant of permanent rights in respect of evacuee plot No. A/3, measuring 14 marlas 5 sirsahis. The said plot had not been allotted to him as appendage to his land allotment, because he failed to apply before the stipulated date of December 31, 1969. He is now eligible to purchase it on payment of reserve price etc. and has agreed to deposit the same by December 18, 1972.

(g) Yes, out of the remaining three evacuee plots, plot No. A/1, measuring 6 marlas 6 sirsahis, is in possession of Labh Singh, a local resident of the village. As he did not apply for its transfer, on the basis of his possession earlier, it could be transferred to him only on payment of the reserve price, plus 50% of the reserve price as penalty, on account of belated application, and rent to be fixed in consultation with the Gram Panchayat. The position of the remaining two plots, which is similar, is as follows—

Sr. No.	Plot No.	Name of the occupant	Area A K S
1.	A/2	Dalip Singh s/o Ganda Singh	0—0—1
2.	A/4	Primary School	1—0—3

[(ਏ) 20 ਸਟੈਂਡਰਡ ਏਕੜ 10 ਯੂਨਿਟ।

(ਬੀ) ਹਰ ਇਕ ਅਲਾਟੀ ਨੂੰ ਜੋ ਭੋਂ ਅਲਾਟ ਹੋਈ ਹੈ ਉਸ ਦਾ ਵੇਰਵਾ ਨਿਮਨ ਲਿਖਤ ਹੈ :

ਲੜੀ ਨੰ:	ਅਲਾਟੀ ਦਾ ਨਾਮ	ਅਲਾਟ ਹੋਇਆ ਰਕਬਾ
		ਸ.ਏ.ਯੂ.
1.	ਗੰਡਾ ਸਿੰਘ ਪੁਤਰ ਸ੍ਰੀ ਹੁਕਮ ਸਿੰਘ	53—¼
2.	ਨੰਦ ਸਿੰਘ ਪੁਤਰ ਸ੍ਰੀ ਹੁਕਮ ਸਿੰਘ	4—11
3.	ਹਜ਼ਾਰਾ ਸਿੰਘ ਪੁਤਰ ਸ੍ਰੀ ਜਵੰਦ ਸਿੰਘ	0—12
4.	ਟਹਿਲ ਸਿੰਘ ਪੁਤਰ ਸ੍ਰੀ ਤਾਰਾ ਸਿੰਘ	7—1
5.	ਗੁਰਦੀਪ ਸਿੰਘ ਪੁਤਰ ਸ੍ਰੀ ਝੰਡਾ ਸਿੰਘ	2—14¾
	ਜੋੜ	20-10

(ਸੀ) ਦੇਸ਼ ਦੀ ਵੰਡ ਤੋਂ ਬਾਦ ਪਿੰਡ ਭੈਣੀ ਗੁਰਮੁਖ ਸਿੰਘ ਦਾ ਰਜਿਸਟਰ ਮਿਕਨੀ ਤਿਆਰ ਨਹੀਂ ਸੀ ਕੀਤਾ ਗਿਆ। ਗਰਾਮ ਪੰਚਾਇਤ ਨਾਲ ਮਿਲ ਕੇ ਕੀਤੇ ਗਏ ਪਿੰਡ ਦੇ ਨਰੀਖਣ ਅਨੁਸਾਰ ਕੋਈ ਨਿਕਾਸੀ ਮਕਾਨ ਨਹੀਂ ਸੀ। ਕੇਵਲ ਪੰਜ ਨਿਕਾਸੀ ਪਲਾਟ ਸਨ ਜਿਨ੍ਹਾਂ ਵਿਚੋਂ ਇਕ ਸ੍ਰੀ ਟਹਿਲ ਸਿੰਘ ਨੂੰ ਨਿਕਾਸੀ ਭੋਂ ਦੇ ਨਾਲ ਅਲਾਟ ਹੋਇਆ ਸੀ।

(ਡੀ.) ਅਤੇ (ਈ.) ਉਪਰੋਕਤ (ਸੀ) ਵਿਚ ਦਿਤੇ ਗਏ ਜਵਾਬ ਨੂੰ ਮੁੱਖ ਰਖਦੇ ਹੋਏ ਕਿਸੇ ਹੋਰ ਜਵਾਬ ਦੀ ਲੋੜ ਨਹੀਂ।

(ਐਫ) ਹਾਂ ਜੀ। ਪਰ ਸ੍ਰੀ ਝੰਡਾ ਸਿੰਘ ਦਾ ਬਿਨੈ-ਪੱਤਰ ਪਲਾਟ ਨੰ: ਏ/3 ਜਿਸਦਾ ਰਕਬਾ 4 ਮਰਲੇ 5 ਸਰਸਾਹੀ ਸੀ ਦੇ ਪਕੇ ਹਕੂਕ ਹਾਸਲ ਕਰਨ ਲਈ ਸੀ। ਇਹ ਪਲਾਟ ਉਸਨੂੰ ਬਤੌਰ ਅਲਾਟੀ ਨਿਕਾਸੀ ਭੋਂ ਦੇ ਨਾਲ ਅਲਾਟ ਨਹੀਂ ਸੀ ਹੋਇਆ ਕਿਉਂਕਿ ਉਸਨੇ ਮਿਥੀ ਹੋਈ ਮਿਤੀ 31 ਦਸੰਬਰ, 1960 ਤੋਂ ਪਹਿਲਾਂ ਇਸ ਮੰਤਵ ਲਈ ਕੋਈ ਬਿਨੈ-ਪੱਤਰ ਨਹੀਂ ਸੀ ਦਿੱਤਾ। ਹੁਣ ਉਹ ਇਹ ਪਲਾਟ ਸਰਕਾਰੀ ਕੀਮਤ ਤੇ ਖਰੀਦਣ ਦਾ ਪਾਤਰ ਹੈ ਅਤੇ ਇਹ ਰਕਮ ਉਸਨੇ 18 ਦਸੰਬਰ, 1972 ਤਕ ਜਮ੍ਹਾਂ ਕਰਵਾਉਣੀ ਮੰਨ ਲਈ ਹੈ।

(ਜੀ) ਹਾਂ ਜੀ। ਬਾਕੀ ਦੇ ਤਿੰਨ ਨਿਕਾਸੀ ਪਲਾਟਾਂ ਵਿਚੋਂ ਪਲਾਟ ਨੰ: ਏ/1 ਜਿਸਦਾ ਰਕਬਾ 6 ਮਰਲੇ 6 ਸਰਸਾਹੀ ਹੈ, ਸ੍ਰੀ ਲਾਭ ਸਿੰਘ ਜੋ ਗੈਰ-ਸ਼ਰਨਾਰਥੀ ਹੈ, ਦੇ ਕਬਜ਼ੇ ਵਿਚ ਹੈ। ਉਸਨੇ ਇਹ ਪਲਾਟ ਕਬਜ਼ੇ ਦੇ ਅਧਾਰ ਤੇ ਖਰੀਦਣ ਲਈ ਕੋਈ ਬਿਨੈ-ਪੱਤਰ ਨਹੀਂ ਸੀ ਦਿੱਤਾ ਇਸ ਲਈ ਇਹ ਪਲਾਟ ਉਸਨੂੰ ਹੁਣ ਸਰਕਾਰੀ ਕੀਮਤ ਅਤੇ ਸਮੇਂ ਸਿਰ ਬਿਨੈ-ਪੱਤਰ ਨਾ ਦੇਣ ਦੇ ਫਲਸਰੂਪ ਅੱਧੀ ਸਰਕਾਰੀ ਕੀਮਤ ਬਤੌਰ ਪੈਨਲਟੀ ਅਤੇ ਗ੍ਰਾਮ ਪੰਚਾਇਤ ਦੀ

[Education and Revenue Minister]

ਸਹਿਮਤੀ ਨਾਲ ਜੋ ਕਰਾਇਆ ਨਿਸ਼ਚਿਤ ਹੋਵੇਗਾ, ਦੇਣ ਤੇ ਹੀ ਦਿੱਤਾ ਜਾ ਸਕਦਾ ਹੈ। ਬਾਕੀ ਦੇ 2 ਪਲਾਟਾਂ ਦੀ ਸਥਿਤੀ ਜਿਹੜੀ ਸਮਰੂਪ ਹੈ, ਇਸ ਪ੍ਰਕਾਰ ਹੈ :—

ਲੜੀ ਨੰ:	ਪਲਾਟ ਨ:	ਕਾਬਜ਼ ਦਾ ਨਾਮ	ਰਕਬਾ
			ਕ.ਮ.ਸ.
1.	ਏ/2	ਸ੍ਰੀ ਦਲੀਪ ਸਿੰਘ ਪੁਤਰ ਸ੍ਰੀ ਗੰਡਾ ਸਿੰਘ	0-9-1
2.	ਏ/4	ਪ੍ਰਾਇਮਰੀ ਸਕੂਲ	1-0-3]

PRIVILEGE MOTIONS

Mr. Speaker: I have received notice of a Privilege Motion from Comrades Raj Kumar, Satyapal Dang and Darshan Singh Canadian, wherein they have stated that on the 5th November, 1972 Comrade Dana Ram, in his village Bhitiwala, P.S. Lambi was subjected to a brutal attack by certain persons resulting in fracture of his left arm besides many serious injuries on his body.

I have also received another notice of Privilege Motion from the same Hon. Members wherein they have stated that Com. Saghar Singh M. L. A., while leading a batch of 250 satyagrahis to the Court of S.D.M., Moga, was beaten by lathi blows by Punjab Police.

I am having both the matters examined and I will give my ruling later on.

ADJOURNMENT MOTIONS

Mr. Speaker: I have received notice of an Adjournment Motion from Comrades Shamsher Singh Josh, Darshan Singh Canadian and Arjan Singh Mastana. It relates to strike by 3,500 college teachers in the State and subsequent loss of education to the thousands of students.

As the House is aware, the strike has since been withdrawn.

I do not give my consent to the moving of the Motion. However, I would request the Hon. Minister to take the House into confidence in this matter and apprise the House of the steps the Government proposes to take on the demands of the college teachers.

I have received another Adjournment Motion from all the Members of C.P.I. in the Assembly. It seeks to discuss the continuance of strike of working and non-working journalists of Jullundur and non-acceptance of their demands by the proprietors of daily newspapers being published from Jullundur.

A notice on the same subject has also been received from Sardar Ajaib Singh Sandhu, Comrade Chand Singh Chopra and Sardar Surjit Singh. It is not accompanied by the Explanatory Memorandum as required under Sub-Rule (2) of Rule 60.

As a notice of an Adjournment Motion, both are not admissible. I, therefore, do not give my consent to the moving of the Motions. However, in view of the importance of the matter, I will be prepared to admit it as a Calling Attention Notice. Alternatively, the notice of the Motion under Rule 77 received from Comrade Satyapal Dang, Comrade Raj Kumar, Comrade Darshan Singh Canadian and Comrade Dana Ram on this subject can be admitted. In that case, the matter will be placed before the Business Advisory Committee for allotment of time for discussion on that Motion.

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਤੁਸੀਂ ਐਡਜਰਨਮੈਂਟ ਮੋਸ਼ਨਾਂ ਇਸ ਗਰਾਊਂਡ ਤੇ ਓਵਰ-ਰੂਲ ਕੀਤੀਆਂ ਹਨ ਕਿ ਉਨ੍ਹਾਂ ਦੇ ਨਾਲ ਰੂਲਜ਼ ਅਨੁਸਾਰ ਜਿਹੜਾ ਐਕਸਪਲੇਨੇਟਰੀ ਮੈਮੋਰੰਡਮ ਲਗਾਣਾ ਚਾਹੀਦਾ ਹੈ, ਉਹ ਨਹੀਂ ਲਗਿਆ ਹੋਇਆ। ਇਹ ਰੂਲ ਠੀਕ ਹੈ। ਪਰ ਮੇਰੀ ਬੇਨਤੀ ਇਹ ਹੈ ਕਿ ਜਿਹੜੀ ਐਡਜਰਨਮੈਂਟ ਮੋਸ਼ਨ ਸੀ.ਪੀ.ਆਈ. ਦੇ 10 ਮੈਂਬਰਾਂ ਨੇ ਦਿੱਤੀ ਹੈ, ਉਸ ਦੇ ਨਾਲ ਐਕਸਪਲੇਨੇਟਰੀ ਮੈਮੋਰੰਡਮ ਲਗਾ ਹੋਇਆ ਹੈ, ਇਸ ਕਰਕੇ ਉਹ ਐਡਮਿਟ ਕਰ ਦਿਓ।

ਸ਼੍ਰੀ ਸਪੀਕਰ: ਡਾਂਗ ਸਾਹਿਬ, ਮੈਂ ਤਾਂ ਇਹ ਪਹਿਲੀ ਐਡਜਰਨਮੈਂਟ ਮੋਸ਼ਨ ਬਾਰੇ ਕਿਹਾ ਹੈ ਜਿਸ ਨਾਲ ਕਿ ਐਕਸਪਲੇਨੇਟਰੀ ਮੈਮੋਰੰਡਮ ਨਹੀਂ ਲਗਾ ਹੋਇਆ। (Dang Sahib, I have given this ruling about the Adjournment Motion No. 1 which is not accompanied by the explanatory memorandum)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਜੋ ਤੁਸੀਂ ਪੜ੍ਹਿਆ ਹੈ, ਉਸ ਦੇ ਮੁਤਾਬਿਕ ਮੈਂ ਤਾਂ ਇਹ ਸਮਝਿਆ ਹੈ ਕਿ ਦੋਹਾਂ ਨਾਲ ਐਕਸਪਲੇਨੇਟਰੀ ਮੈਮੋਰੰਡਮ ਨਹੀਂ ਲਗਾ ਹੋਇਆ।

Mr. Speaker: Strictly speaking, the matter sought to be discussed in your motion is not within the cognizable of any Minister. Kaul and Shakdher in their book, "Practice and Procedure of Parliament" observed—

> "An adjournment motion is not admissible unless there was failure on the part of the Government to perform the duties enjoined by the Constitution and the law."

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਉਨ੍ਹਾਂ ਜਰਨਲਿਸਟਾਂ ਦੀਆਂ ਲਗੀਆਂ ਹੋਈਆਂ ਦਿਹਾੜੀਆਂ ਦੇ ਪੈਸੇ ਨਹੀਂ ਦਿੱਤੇ ਗਏ। ਮੈਂ ਤਾਂ ਇਹ ਬੇਨਤੀ ਕਰਦਾ ਹਾਂ ਕਿ ਇਸ ਬਾਰੇ ਫੈਸਲਾ ਕਰਨਾ ਸਰਕਾਰ ਦਾ ਕੰਮ ਹੈ। ਉਨ੍ਹਾਂ ਦੀਆਂ ਤਨਖਾਹਾਂ ਰੋਕੀਆਂ ਹੋਈਆਂ ਹਨ।

ਸ੍ਰੀ ਸਪੀਕਰ : ਮੈਂ ਤਾਂ ਜਿਤਨਾ ਵਾਇਆ ਮੀਡੀਆ ਨਿਕਾਲ ਸਕਦਾ ਸੀ, ਉਤਨਾ ਤੁਹਾਨੂੰ ਅਕਾਮੋਡੇਟ ਕੀਤਾ ਹੈ । ਵਜ਼ੀਰ ਸਾਹਿਬ ਪਹਿਲਾਂ ਵੀ ਦੋ ਵਾਰ ਉਥੇ ਗਏ ਅਤੇ ਯਤਨ ਕੀਤਾ ਹੈ ਕਿ ਕੋਈ ਕੰਪਰੋਮਾਇਜ਼ ਹੋ ਸਕੇ । (I have accommodated you to the maximum possible extent and have tried to find a viamedia. The hon. Minister has already gone there twice and tried to make them reach a compromise),

ਵਿਦਿਆ ਮੰਤਰੀ (ਸਰਦਾਰ ਉਮਰਾਓ ਸਿੰਘ): ਅਸੀਂ ਬਿਜ਼ਨੇਸ ਐਡਵਾਇਜ਼ਰੀ ਕਮੇਟੀ ਵਿਚ ਇਹ ਮੰਨਿਆ ਹੈ ਕਿ ਇਸ ਤੇ ਇੱਕ ਘੰਟਾ ਡਿਸਕਸ਼ਨ ਕਰ ਲਉ । ਡਾਂਗ ਸਾਹਿਬ ਨੇ ਵੀਂ ਇਹ ਗਲ ਮੰਨ ਲਈ ਸੀ ਇਸ ਲਈ ਦੁਬਾਰਾ ਇਸ ਗਲ ਨੂੰ ਰੇਫਰ ਨਹੀਂ ਕਰਨਾ ਚਾਹੀਦਾ ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਆਪਣੀ ਐਡਜਰਨਮੈਂਟ ਮੋਸ਼ਨ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਜਿਹੜੇ ਪੰਜਾਬ ਵਿਚ ਮੋਗਾ ਐਜੀਟੇਸ਼ਨ ਤੋਂ ਬਾਅਦ ਵਿਦਿਆਰਥੀ ਫੜੇ ਸਨ ਉਹ ਹਾਲੇ ਤਕ ਨਹੀਂ ਛੱਡੇ ।

ਸ੍ਰੀ ਸਪੀਕਰ : ਤੁਸੀਂ ਇਕ ਲੀਡਿੰਗ ਐਡਵੋਕੇਟ ਹੋ । ਤੁਹਾਡੀ ਐਡਜਰਨਮੈਂਟ ਮੋਸ਼ਨ ਰੂਲਜ਼ ਦੀ ਕੰਪਲਾਇੰਸ ਨਹੀਂ ਕਰਦੀ । ਇਸ ਕਰਕੇ ਇਹ ਐਡਮਿਟ ਨਹੀਂ ਕੀਤੀ ਗਈ । (You are leading advocate. Your Adjournment Motion is not in compliance with the rules. Therefore, it has not been admitted.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜੇ ਸਾਡੀ ਕੋਈ ਊਣਤਾਈ ਹੋਵੇ ਤਾਂ ਤੁਸੀਂ ਉਹ ਦੱਸ ਦਿੰਦੇ ਹੋ । ਪਰ ਸਾਨੂੰ ਰੂਲਾਂ ਦੀ ਆੜ ਵਿਚ ਲੈ ਕੇ ਇਨ੍ਹਾਂ ਦੇ ਸ਼ਕੰਜੇ ਵਿਚ ਨਾ ਫਸਾਉ ।

ਸ੍ਰੀ ਸਪੀਕਰ : ਮੈਂ ਤੁਹਾਨੂੰ ਇਨ੍ਹਾਂ ਦੇ ਸ਼ਕੰਜੇ ਵਿਚ ਨਹੀਂ ਫਸਾਉਂਦਾ । ਤੁਸੀਂ ਤਾਂ ਆਪਣੇ ਆਪ ਹੀ ਫਸ ਜਾਂਦੇ ਹੋ । (I don't make you fall a prey to them but you yourself get involved in it.)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): ਸਪੀਕਰ ਸਾਹਿਬ, ਮੇਰੇ ਦੋਸਤ ਸੰਧੂ ਸਾਹਿਬ, ਦੀ ਇਨਫਰਮੇਸ਼ਨ ਬੜੀ ਘੱਟ ਹੈ । ਇਨ੍ਹਾਂ ਨੂੰ ਪੱਤਾ ਨਹੀਂ ਕਿ ਟੀਚਰਾਂ ਦੇ ਰਿਹਾ ਕਰਨ ਦੇ ਆਰਡਰ ਪਰਸੋਂ ਹੋ ਗਏ ਸਨ ਅਤੇ ਸਟੂਡੈਂਟਸ ਨੂੰ ਰਿਹਾ ਕਰ ਦੇਣ ਦੇ ਆਰਡਰ ਅੱਜ ਸਵੇਰੇ ਕੀਤੇ ਹਨ ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਇਸ ਆਗਸਟ ਹਾਊਸ ਵਿਚ ਬੈਠੇ ਹਨ । ਇਨ੍ਹਾਂ ਨੂੰ ਇਹ ਇਨਫਰਮੇਸ਼ਨ ਇਥੇ ਪਹਿਲਾਂ ਦੇਣੀ ਚਾਹੀਦੀ ਸੀ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਹ ਦਸਿਆ ਗਿਆ ਸੀ ਕਿ ਟੀਚਰਾਂ ਦੀ ਹੜਤਾਲ ਖੁੱਲ੍ਹਣ ਨਾਲ ਲੱਖਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਰਾਹਤ

ਹੀ ਖੁਸ਼ੀ ਹੋਈ ਹੈ ਅਤੇ ਪੰਜਾਬ ਸਰਕਾਰ ਵਲੋਂ ਇਹ ਆਸ਼ਵਾਸਨ ਦਵਾਇਆ ਗਿਆ ਹੈ ਕਿ ਉਨ੍ਹਾਂ ਦੀਆਂ ਮੰਗਾਂ ਤੇ ਵਿਚਾਰ ਕੀਤਾ ਜਾਵੇਗਾ। ਇਸ ਲਈ ਮੇਰੀ ਬੇਨਤੀ ਹੈ ਕਿ ਮਨਿਸਟਰ ਸਾਹਿਬ ਟੀਚਰਜ਼ ਦੀਆ ਮੰਗਾਂ ਬਾਰੇ ਬਿਆਨ ਦੇਣ ਕਿ ਕਿਸ ਤਰ੍ਹਾਂ ਦੀ ਵਿਚਾਰ ਇਹ ਸਰਕਾਰ ਕਰ ਰਹੀ ਹੈ। ਇਹ ਸਰਕਾਰ ਦਸੇ ਕਿ ਇਨ੍ਹਾਂ ਦੀ ਸੱਦ-ਭਾਵਨਾ ਕੀ ਹੈ ?

ਸ਼੍ਰੀ ਸਪੀਕ : ਕੁਝ ਅਨਾਊਂਸਮੈਂਟਸ ਹਨ। ਉਸ ਤੋਂ ਬਾਅਦ ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਮਸਲੇ ਤੇ ਸਟੇਟਮੈਂਟ ਦੇਣ। (There are some announcements to be made. After that I will request the hon. Minister to make a statement in this regard.)

ANNOUNCEMENT BY THE SPEAKER RE : PANEL OF CHAIRMEN

Mr. SPEAKER: Under Rule 13(1) of the Rules of Procedure and Conduct of Business in the Punjab Legislative Assembly, I nominate the following Members to serve on the Panel of Chairmen :

1. Mrs. Gurbrinder Kaur Brar.
2. Sardar Surjit Singh (Barnala)
3. Comrade Darshan Singh Canadian.
4. Chaudhri Sunder Singh

ANNOUNCEMENTS BY THE SECRETARY

ਸ੍ਰੀ ਸਕੱਤਰ : ਸ੍ਰੀਮਾਨ ਜੀ, ਮੈਂ ਉਨ੍ਹਾਂ ਬਿੱਲਾਂ ਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜੋ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਦੂਜੇ ਸਮਾਗਮ, 1972 ਦੇ ਦੌਰਾਨ ਪਾਸ ਕੀਤੇ ਗਏ ਸਨ ਅਤੇ ਜਿਨ੍ਹਾਂ ਨੂੰ ਰਾਜਪਾਲ ਨੇ ਸਹਿਮਤੀ ਦੇ ਦਿਤੀ ਹੈ।

1. ਪੰਜਾਬ ਮਿਉਂਸਪਲ (ਅਮੈਂਡਮੈਂਟ) ਬਿਲ, 1972,
2. ਪੰਜਾਬ ਐਪ੍ਰੋਪਰੀਏਸ਼ਨ (ਨੰ: 4) ਬਿਲ, 1972

ਸ਼੍ਰੀ ਸਕੱਤਰ : ਸ੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ ਦੁਆਰਾ ਬਜਟ ਸਮਾਗਮ, 1971 ਤੋਂ ਮਾਨਸੂਨ ਸਮਾਗਮ, 1972 ਤਕ ਪਾਸ ਕੀਤੇ ਗਏ ਸਰਕਾਰੀ ਅਤੇ ਗੈਰ-ਸਰਕਾਰੀ ਮਤਿਆਂ ਅਤੇ ਉਨ੍ਹਾਂ ਤੇ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰਖਦਾ ਹਾਂ।

[Secretary]

Statement showing implementation of the resolutions passed by the Punjab Vidhan Sabha from Budget Session, 1971 to Monsoon Session, 1972

Sr. No.	Name of the M.L.A. who moved the resolution	Subject of the resolution.	Date on which resolution was passed	Action taken
1.	2	3	4	5
1.	Ch. Balbir Singh	That this House recommends unanimously to the State Government to approach the Government of India to remove the disparity in the matter of allotment of Coal Wagons to the State of Punjab and other States for brick kilns keeping in view the number of brick kilns working at present in each State.	19-1-1971	Persistent efforts at the highest level have been made and are being made with the Railway Minister & the Railway Board Officers, and as a result the movement of slack coal has considerably increased.
2.	Giani Zail Singh, Chief Minister	This House :— (i) places on record its deep sense of joy at the unparalleled and historic victory of the nation in the recent Indo-Pakistan War,. (ii) Congratulates the Prime Minister, Shrimati Indira Gandhi and the Government of India for their wise, bold and fearless leadership during this crisis and the compassionate and patient manner in which the problem of 10 million refugees was tackled and solved,. (iii) congratulates the Indian Armed Forces, their Commanders, Officers and Jawans for their brilliant feat of arms, their courage and spirit of sacrifice in battle;	30-3-1972	It has since been communicated to the Government of India, Ministry of Home Affairs, New Delhi on 21st April, 1972

	(iv) expresses its heart-felt sympathy with the families of the martyrs, and concern for their welfare and well being,. (v) Welcomes the emergence of the People's Republic of Bangla Desh as a free, democratic and secular nation and sends its warm greetings to Banga Bandhu Sheikh Mujibur Rehman, and the people of Bangla Desh; (vi) places on record its appreciation of the assistance rendered by the Government and the people of USSR and other countries to India in the hour of crisis; (vii) Congratulates the people of Punjab, who in keeping with the past traditions, displayed remarkable courage and bravery during the recent Indo-Pak War; and as in the past, pledges the support of the people of Punjab to the Prime Minister and the Nation in defending the freedom, integrity and ideals of our beloved motherland.		
3. S. Umrao Singh, Education Minister for Chief Minister.	Whereas it appears to this Assembly to be desirable that the Parliament should make a law with respect to prescribing ceiling on urban immovable property in order to remove economic disparity and bring about socialism in the State. Now, therefore this Assembly hereby resolves that the Parliament may enact law prescribing and regulating ceiling on urban immovable property in the State.	30-3-1972	It has since been communicated to the Government of India, Ministry of Home Affairs, New Delhi, by the Local Self Govt. and Urban Development., Punjab, on 10th April. 1972.

Sr. No.	Name of the M.L.A. who moved the resolution	Subject of the resolution	Date on which resolution was passed	Action taken
1	2	3	4	5
4.	Capt. Rattan Singh, Minister for Development.	Whereas this Assembly considers that it is desirable to have a uniform law throughout India for the protection of wild animals and birds and for all matters connected therewith or ancillary and incidental thereto; AND WHEREAS the subject matter of such a law is relatable mainly to entry 20 (Protection of wild Animals and Birds) of List II of the Seventh Schedule to the Constitution of India; AND WHEREAS Parliament has no power to make laws for the States with respect to the matters aforesaid except as provided in Articles 249 & 250 of the Constitution of India; AND WHEREAS it appears to this Assembly to be desirable that the aforesaid matter should be regulated in the State of Punjab by Parliament by law; NOW, THEREFORE, in exercise of the powers conferred by clause (1) of Article 252 of the Constitution of India, this Assembly	8-4-1972	It has been communicated to the Government of India by the Development Minister, Punjab, on 18-4-1972.

	hereby resolves that the protection of wild animals and birds and all matters connected therewith or ancillary and incidental thereto should be regulated in the State of Punjab by Parliament by Law.		
5. S. Umrao Singh, Education Minister.	This House ratifies the amendments to the Constitution of India falling within the purview of the proviso to clause (2) of Article 368 thereof proposed to be made by the Constitution (Twenty-fifth amendment) Bill, 1971, as passed by the two Houses of Parliament.	8-4-1972	It has since been communicated to the Government of India, Ministry of Home Affairs, New Delhi, by the Chief Secretary to Government, Punjab on 10-4-1972.
6. Giani Zail Singh, Chief Minister ;	This House— (i) places on record its deep anguish at the escalation of war in Vietnam by the American occupation forces under the direction of Nixon Administration; (ii) condemns the unprecedented barbaric terror and bombing of North Vietnam by the U.S. Air force and the reported threat of using nuclear weapons; (iii) hails the heroic people of Vietnam who led by the People's Liberation Front and their Provisional Revolutionary Government through their stout resistence have defeated time and again the aggressive armies of United States and congratulates them on the liberation of vast areas of their motherland; (iv) fervently hopes that the Libreation Forces will soon win final victory; (v) deeply appreciates the stand of the Prime Minister and the Foreign Minister	27-4-1972	It has since been communicated to the Government of India, Ministry of Home Affairs, New Delhi, by the Chief Secretary to Government, Punjab on 31st May, 1972.

[Secretary]

Sr. No.	Name of the M.L.A. who moved the resolution	Subject of the resolution	Date on which resolution was passed	Action taken
1	2	3	4	5
		of India and the Government of India for their solidarity with the people of Vietnam. endorses their demand for the forthwith ending of bombing of North Vietnam. withdrawal of U.S. occupation forces and immediate resumption of peace negotiations; (vi) expresses the hope that the Government of India will find it possible to accord recognition to the Provisional Revolutionary Government of South Vietnam at the earliest.		
7.	S. Umrao Singh, Education Minister.	This House ratifies the amendments to the Constitution of India falling within the purview of the proviso to clause (2) of Article 368 there of proposed to be made by the Constitution (Twenty-eighth Amendment) Bill, 1972, as passed by the two Houses of Parliament.	14-8-1972	It has since been communicated to the Government of India, Ministry of Home Affairs, New Delhi, by the Chief Secretary to Government, Punjab, on 17-8-1972.

CALL ATTENTION NOTICES UNDER RULE 66

(Serial No. 1)

Comrade Shamsher Singh Josh : Sir, I beg to draw the attention of the Government towards a matter of urgent public importance, namely, the indifferent and inefficient manner in which the field staff has been preparing the lists of the beneficiaries under the Central Scheme for grant of free House sites to the wage workers in the rural areas. The B. D. O.'s have not cared to go to the villages to prepare and check up the list of beneficiaries under the scheme.

Different officers are putting their own interpretation on who is entitled to the free house-site.

Cases have come to our notice where the B. D. O.'s have demanded contribution to Red Cross Fund in lieu of inclusion of the beneficiaries in the list.

The Government should make a comprehensive statement in the House on the subject as to what steps it is taking to streamline implementation of a very well-conceived and Centrally financed scheme which will benefit lakhs of rural wage workers if it is effectively implemented.

Mr. Speaker : Admitted. The Minister concerned to please make a statement.

(Serial No. 3)

Sardar Surjit Singh (Barnala) : Sir. I beg to draw the attention of the Government towards a matter of urgent public importance, namely, entry of the Police in the Government Brijindera College, Faridkot and beating of the students mercilessly, on 1st December, 1972.

The Govt. may please make a statement in the House.

Mr. Speaker : Admitted. The Minister concerned to please make a statement.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਦੋਂ ਇਸ ਸਰਕਾਰ ਨੇ ਹਾਉਸਿੰਗ ਬਿੱਲ ਪੇਸ਼ ਕੀਤਾ ਸੀ ਤਾਂ ਇਹ ਉਸ ਬਿਲ ਤੇ ਬਹਿਸ ਕਰਨ ਨੂੰ ਤਿਆਰ ਨਹੀਂ ਸਨ ਕਿਉਂਕਿ ਪੈਸਾ ਦਿੱਲੀ ਦੀ ਸਰਕਾਰ ਨੇ ਦੇਣਾ ਸੀ । ਉਸ ਪੈਸੇ ਦੀ ਮਨਜ਼ੂਰੀ ਨਹੀਂ ਆ ਰਹੀ । ਕੀ ਇਹ ਸਰਕਾਰ ਦਸੇਗੀ ਕਿ ਕੀ ਵਜ੍ਹਾ ਹੈ ਅਤੇ ਉਹ ਮਨਜ਼ੂਰੀ ਕਦ ਆਵੇਗੀ ?

(ਕੋਈ ਜਵਾਬ ਨਹੀਂ ਦਿਤਾ ਗਿਆ ।)

ਵਿਦਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਟੀਚਰਜ਼ ਬਾਰੇ ਜਿਹੜੀ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਹੋਈ ਹੈ ਉਸ ਦੇ ਸਬੰਧ ਵਿਚ ਮੈਂ ਪਰਸੋਂ ਤਕ

[ਵਿਦਿਆ ਮੰਤਰੀ]

ਹਾਊਸ ਵਿਚ ਸਟੇਟ ਮੈਂਟ ਦੇ ਵਾਂਗਾ। ਕੁਝ ਮੰਗਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਫਾਈਨੈਂਸ ਡਿਪਾ ਨਾਲ ਗਲ ਬਾਤ ਕਰਨੀ ਹੈ ਅਤੇ ਟੀਚਰਾਂ ਦੇ ਨੁਮਾਇੰਦਿਆਂ ਨਾਲ ਵੀ ਗਲ ਬਾਤ ਹੈ। ਇਸ ਲਈ ਇਹ ਸਾਰੀ ਗਲ ਬਾਤ ਕਰਕੇ ਮੈਂ ਪਰਸੋਂ ਤਕ ਸਟੇਟਮੈਂਟ ਦੇ ਦੇਵਾਂਗਾ

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੇਰਾ ਇਕ ਰੂਲ 77 ਥਲੇ ਨੋਟਿਸ ਸੀ।

ਸ੍ਰੀ ਸਪੀਕਰ : ਕਿਹੜਾ ਸੀ ਜੀ ਤੁਹਾਡਾ ਨੋਟਿਸ ? (What was your notice ?)

ਸਰਦਾਰ ਧੰਨਾ ਸਿੰਘ ਗੁਲਸ਼ਨ : ਜਨਾਬ-ਆਲੀ ਮੈਂ ਇਕ ਨੋਟਿਸ ਪੰਜਾਬ ਵਿਧਾਨ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮਾ ਅਧੀਨ ਦਿਤਾ ਹੈ ਕਿ 1961-62 ਵਿਚ ਕੇਂਦਰੀ ਸਰਕਾਰ ਦੁਆਰਾ ਪੰਜਾਬ ਰਾਜ ਦੇ ਨਾਂ-ਤਬਦੀਲ ਕੀਤੀ ਗਈ ਸ਼ਹਿਰੀ ਜਾਂ ਪੇਂਡੂ ਇਲਾਕੇ ਵਿਚਲੀ ਸਿੰਜੀ ਜਾਂਦੀ, ਬੰਜਰ ਜਾਂ ਗ਼ੈਰ ਮੁਮਕਿਨ ਜ਼ਮੀਨ.......

ਸ੍ਰੀ ਸਪੀਕਰ : ਗੁਲਸ਼ਨ ਜੀ, ਤੁਸੀਂ ਤਸ਼ਰੀਫ ਰਖੋ। (Gulshan ji, please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਹੁਣ ਤਾਂ ਪੜ੍ਹੀ ਵੀ ਗਈ ਹੈ ਕੇਵਲ ਥੋੜ੍ਹੇ ਹੀ ਸ਼ਬਦ ਰਹਿ ਗਏ ਹਨ ਅਤੇ ਉਨ੍ਹਾਂ ਨੂੰ ਵੀ ਪੜ੍ਹਨ ਦੀ ਆਗਿਆ ਹੋਣੀ ਚਾਹੀਦੀ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਇਹ ਨਿਕਾਸੀ ਜ਼ਮੀਨ ਉਨ੍ਹਾਂ ਦਰਾਂ ਤੇ ਹੀ, ਜਿਨ੍ਹਾਂ ਤੇ ਕਿ ਪੰਜਾਬ ਸਰਕਾਰ ਦੁਆਰਾ ਖਰੀਦੀ ਗਈ ਸੀ, ਪਛੜੀਆਂ ਸ਼੍ਰੇਣੀਆਂ ਦੇ ਭੂਮੀ-ਹੀਨ ਅਤੇ ਬੇ-ਘਰ ਅਤੇ ਮਜ਼ਦੂਰਾਂ ਅਤੇ ਕਾਮਿਆਂ ਨੂੰ ਦੇਣ ਸਬੰਧੀ ਮਾਮਲੇ ਬਾਰੇ ਵਿਚਾਰ ਕੀਤਾ ਜਾਵੇ।

NO—CONFIDENCE MOTIONS

Mr. Speaker : I have to inform the House that I have received four notices of motions of No-Confidence in the Ministry under rule 53. The first is from Comrade Satya Pal Dang and Comrade Jangir Singh Joga. The second from Comrade Shamsher Singh Josh and Comrade Darshan Singh Canadian. The third from Sardar Surjit Singh (Barnala) and Sardar Ajaib Singh Sandhu and the fourth from Master Chand Singh. One of the members, Comrade Satya Pal Dang or Comrade Jangir Singh Joga, who have given notices of No—Confidence Motion, which is at S. No. I, may please seek leave of the House to move the same.

Comrade Satya Pal Dang : Sir, I beg leave of the House to move—

That this House expresses its lack of confidence in the present Congress Ministry.

The reasons for the No-Confidence Motion have already been mentioned in the notice, which has already been given to the Vidhan Sabha.

Mr. Speaker : The motion is in order. It reads—

"That this House expresses its lack of confidence in the present Congress Ministry."

Those hon. Members who are in favour of leave being granted may please rise in their seats.

(At this stage 10 Members rose in their seats)

Mr. Speaker : Ten Hon. Members have risen in their seats. Since the number of Members who have risen in favour of leave being granted is less than the number required under Sub-rule 2 of Rule 58, the leave is not granted.

WALK—OUT

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਦੋਂ ਅਸੀਂ ਨੋ-ਕਾਨਫੀਡੈਂਸ ਮੋਸ਼ਨਜ਼ ਮੂਵ ਕੀਤੀਆਂ ਸਨ ਤਾਂ ਅਕਾਲੀ ਪਾਰਟੀ ਵਾਲੇ ਖੜੇ ਨਹੀਂ ਹੋਏ। (ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ, ਤੁਸੀਂ ਤਸ਼ਰੀਫ ਰਖੋ। (Mr. Dang, please resume your seat)

ਕਾਮਰੇਡ ਸੱਤ ਪਾਲ ਡਾਂਗ : * * * (ਵਿਘਨ)

ਸ੍ਰੀ ਸਪੀਕਰ : ਆਰਡਰ ਪਲੀਜ਼। ਜੋ ਕੁਝ ਡਾਂਗ ਸਾਹਿਬ ਨੇ ਚੇਅਰ ਦੀ ਮਨਜ਼ੂਰੀ ਤੋਂ ਬਿਨਾਂ ਕਿਹਾ ਹੈ ਉਹ ਕਾਰਵਾਈ ਦਾ ਭਾਗ ਨਾ ਬਣੇ। (Whatever Com. Dang has said without the permission of the Chair, should not form part of the proceedings.)

ਕਾਮਰੇਡ ਸੱਤ ਪਾਲ ਡਾਂਗ : ਇਸ ਲਈ ਅਸੀਂ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸਾਰੇ ਹੀ ਸੀ. ਪੀ. ਆਈ. ਦੇ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ।)

ਸਰਦਾਰ ਅਜਾਇਬ ਸਿੰਘ ਸੰਧੂ : ਸਾਨੂੰ ਪਤਾ ਹੈ ਕਿ ਕਿਹੜੇ ਕਿਹੜੇ ਲੈਂਡ ਲਾਰਡਜ਼ ਦੀ ਸੇਵਾ ਕਰਦੇ ਹਨ।

NO-CONFIDENCE MOTIONS (*Resumption*)

Mr. Speaker : The second No—Confidence Motion is from Comarde Shamsher Singh Josh and Comrade Darshan Singh Canadian.

---

*Expunged as ordered by the Chair.

[Mr. Speaker]

One of them may please seek leave of the House to move the No-Confidence Motion.

Comrade Shamsher Singh Josh ; Sir, I beg leave of the House to move-

> that this House experses its want of confidence in the present Congress Ministry.

The reasons for the No-Confidence Motion have already been stated in the notice.

Mr. Speaker : The motion is in order. It reads—

> "that this House expresses its want of confidence in the present Congress Ministry."

Those hon. Members who are in favour of leave being granted to this motion may please rise in their seats.

(At this stage 10 Members rose in their seats.)

Mr. Speaker : Ten hon. Members have risen in their seats. Since the number of Members who have risen in favour of leave being granted is less then the number required under Sub-rule 2 of Rule 58, the leave is not granted.

Mr Speaker : The third No-Confidence Motion is from Sardar Surjit Singh (Barnala) and Sardar Ajaib Singh Sandhu. One of them may please seek leave of the House to move the No-Confidence Motion.

Sardar Ajaib Singh Sandhu : Sir, I beg leave of the House to move—

> that this House expresses its want of confidence in the Giani Zail Singh Ministry.

Mr. Speaker : The motion is in order. It reads—

> "that this House expresses its want of confidence in the Giani Zail Singh Ministry."

Those hon. Members who are in favour of leave being granted to this motion may please rise in their seats.

(At this stage 22 Members rose in their seats.)

Mr. Speaker : 22 Members have risen in their places. Since the number is more than the number required, the leave is granted.

(Cheers from the Opposition Benches).

ਮੁੱਖ ਮੰਤਰੀ : ਸਪੀਕਰ ਸਾਹਿਬ ਡੈਮੋਕਰੇਟਿਕ ਰਵਾਇਤਾਂ ਕਾਇਮ ਰਖਣ ਲਈ ਇਹ ਜ਼ਰੂਰੀ ਹੈ ਕਿ ਜਦੋਂ ਵੀ ਨੋ-ਕਾਨਫੀਡੈਂਸ ਮੋਸ਼ਨ ਐਡਮਿਟ ਹੋ ਜਾਏ ਜਦੋਂ ਤੱਕ ਉਸ ਦਾ ਕੋਈ ਫੈਸਲਾ ਨਾ ਹੋ ਜਾਏ, ਉਸ ਮਨਿਸਟਰੀ ਨੂੰ ਹਾਊਸ ਵਿਚ ਕੋਈ ਵੀ ਕਾਰਵਾਈ ਨਹੀਂ ਕਰਨੀ ਚਾਹੀਦੀ । ਇਸ ਲਈ ਮੈਂ ਆਪ ਜੀ ਨੂੰ ਇਹ ਅਰਜ਼ ਕਰਾਂਗਾ ਕਿ ਹੁਣ ਹਾਊਸ ਨੂੰ ਨੋ-ਕਾਨਫੀਡੈਂਸ ਮੋਸ਼ਨ ਤੇ ਵਿਚਾਰ ਕਰਨਾ ਚਾਹੀਦਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਇਸ ਬਾਰੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਨੀ ਹੈ ਕਿ ਇਸ ਅਸੈਂਬਲੀ ਦੇ ਕੁਝ ਰੂਲਜ਼ ਫਰੇਮ ਕੀਤੇ ਹਨ । ਇਸ ਦੇ ਵਿਚ ਇਕ ਰੂਲ 58 ਹੈ ਜਿਸ ਦੀ ਹਦ ਵਿਚ ਮੁਆਮਲਾ ਕਵਰ ਹੁੰਦਾ ਹੈ, ਇਹ ਇਸ ਤਰ੍ਹਾਂ ਹੈ ;—

"(2) If the Speaker is of the opinion that the motion is in order he shall read the motion to the Assembly and shall request those members who are favour of leave being granted to rise in their places, and if not less than one-fifth of the then existing strength of the members of the House rise accordingly, the Speaker shall intimate that the leave is granted and that the motion will be taken on such day, not being more than ten days from the day on which the leave is asked, as he may appoint. If less than the requisite number of members rise, the Speaker shall inform the member that he has not the leave of the Assembly.

(3) If leave is granted under sub-rule (2), the Speaker may, after considering the state of business in the Assembly, allot a day or days or part of a day for the discussion of the motion."

ਸਪੀਕਰ ਸਾਹਿਬ, ਇਹ ਫੈਸਲਾ ਕਰਨ ਤੋਂ ਪਹਿਲਾਂ ਤੁਸੀਂ ਪਹਿਲਾਂ ਪਾਰਟੀ ਦੇ ਲੀਡਰਜ਼ ਨੂੰ ਕਨਸਲਟ ਕਰਨਾ ਹੈ । ਇਸ ਲਈ ਅੱਜ ਇਸ ਤੇ ਡਿਸਕਸ਼ਨ ਨਹੀਂ ਹੋਣੀ ਚਾਹੀਦੀ । ਇਹ ਵੀ ਇਸ ਵਿਚ ਦਿੱਤਾ ਹੋਇਆ ਹੈ ਕਿ ਜਦੋਂ ਨੋ-ਕਾਨਫੀਡੈਂਸ ਮੋਸ਼ਨ ਐਡਮਿਟ ਹੋ ਜਾਵੇ ਤਾਂ ਇਹ ਤੁਹਾਡੀ ਮਰਜ਼ੀ ਤੇ ਹੈ ਕਿ ਬਹਿਸ ਤਿੰਨ ਦਿਨ ਨੂੰ ਹੋਵੇ, ਚੌਥੇ ਦਿਨ ਹੋਵ ਜਾਂ ਕਿਸ ਦਿਨ ਹੋਵੇ । ਫੈਸਲੇ ਤੋਂ ਵਧ ਤੋਂ ਵਧ 10 ਦਿਨ ਦੇ ਅੰਦਰ ਅੰਦਰ ਤੁਹਾਨੂੰ ਇਹ ਮੁਆਮਲਾ ਬਹਿਸ ਦੇ ਵਿਚ ਲਿਆਉਣਾ ਚਾਹੀਦਾ ਹੈ । ਜੇ ਇਸ ਤੇ ਅਸੀਂ ਅਜ ਹੀ ਡਿਸਕਸ਼ਨ ਕਰਦੇ ਹਾਂ ਤਾਂ ਰੂਲਜ਼ ਦੀ ਜੋ ਸਪਿਰਟ ਹੈ ਜਿਸ ਤਰ੍ਹਾਂ ਕਿ ਮੈਂ ਅਰਜ਼ ਕੀਤਾ ਹੈ, ਇਸ ਸਪਿਰਟ ਦੀ ਵਾਇਓਲੇਸ਼ਨ ਹੋਵੇਗੀ । ਅਸੀਂ ਪਹਿਲਾਂ ਇਸ ਨੂੰ ਸਾਰੀਆਂ ਪਾਰਟੀਆਂ ਦੇ ਲੀਡਰ ਸਾਹਿਬਾਨ ਨਾਲ ਕਨਸਿਡਰ ਕਰਕੇ ਫੇਰ ਇਸ ਤੇ ਵਿਚਾਰ ਕਰੀਏ ।

ਵਿਕਾਸ ਮੰਤਰੀ: ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਜਿਸ ਤਰ੍ਹਾਂ ਦਾ ਐਟੀਚੀਊਡ ਡਾਂਗ ਸਾਹਿਬ ਨੇ ਲਿਆ ਹੈ । ਪਹਿਲਾਂ ਤਾਂ ਕਈ ਦਿਨ ਪਹਿਲਾਂ ਨੋ-ਕਾਨਫੀਡੈਂਸ ਮੋਸ਼ਨ ਦਾ ਨੋਟਿਸ ਦੇ ਦਿੱਤਾ ਫੇਰ ਜੇ ਫੇਸ ਕਰਨਾ ਪਿਆ ਤਾਂ ਅਜੇ ਹੋਰ ਵਕਤ ਮੰਗਦੇ ਹਨ । ਇਹ ਇਕ ਬਹੁਤ ਵਡੀ ਸਪਿਰਟ ਹੈ ਜੋ ਅਸੀਂ ਕਿਹਾ ਕਿ ਅਸੀਂ ਕੋਈ ਹੋਰ ਬਿਜ਼ਨੈਸ ਨਹੀਂ ਲਵਾਂਗੇ, ਸਾਡਾ ਕੋਈ ਹੱਕ ਨਹੀਂ ਹੋਰ ਕੰਮ ਕਰਨ ਦਾ ਜਦੋਂ ਤੱਕ ਇਸ ਨੋ-ਕਾਨਫੀਡੈਂਸ ਦੀ ਮੋਸ਼ਨ ਦੇ ਮੁਤਾਲਿਕ ਕੋਈ ਫੈਸਲਾ ਨਾ ਹੋ ਜਾਵੇ । ਇਨ੍ਹਾਂ ਨੇ ਰੂਲਜ਼ ਦੀ ਸਪਿਰਟ ਨੂੰ ਇੰਟਰਪਰੈਟ ਕਰਨ ਦੀ ਕੋਸ਼ਿਸ਼ ਕੀਤੀ ਹੈ । ਅੰਗਰੇਜ਼ੀ ਜ਼ਬਾਨ ਵਿਚ ਡਾਂਗ ਸਾਹਿਬ ਦੇ ਖਿਆਲ ਮੁਤਾਬਕ ਰੂਲ ਸ਼ਾਇਦ ਇਸ ਤਰ੍ਹਾਂ ਹੋਵੇ ਜਿਸ ਤਰ੍ਹਾਂ ਉਹ ਸਮਝਦੇ ਹਨ । ਪਰ ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਜਦੋਂ ਨੋ-ਕਾਨਫੀਡੈਂਸ ਮੋਸ਼ਨ ਦੀ ਇਸ ਹਾਊਸ ਨੇ ਪ੍ਰਵਾਨਗੀ ਦੇ ਹੀ ਦਿੱਤੀ, ਉਸ ਤੋਂ ਬਾਦ ਸਪੀਕਰ ਸਾਹਿਬ, ਤੁਸੀਂ ਕੀ ਕਰਨਾ ਹੈ, ਇਹ ਰੂਲ ਨੰ: 58 ਦੇ ਵਿਚ ਦਰਜ਼ ਹੈ :—

"If leave is granted under sub-rule (2), the Speaker may........"

ਜਦੋਂ ਵਰਡ 'ਮੇ' ਲਿਖਿਆ ਜਾਂਦਾ ਹੈ ਤਾਂ ਇਸ ਦਾ ਭਾਵ ਇਹ ਨਹੀਂ ਹੁੰਦਾ ਕਿ All of a sudden ਤੁਸੀਂ ਮੋਸ਼ਨ ਮੂਵ ਕਰ ਕਿ ਇਹ ਕਨਸਿਡਰ ਕਰੋ । ਤੁਸੀਂ ਇਹ ਕਹਿ ਸਕਦੇ ਹੋ ਕਿ 4 ਦਿਨ ਜਾ ਵੱਧ ਤੋਂ ਵੱਧ 10 ਦਿਨ ਤੱਕ ਇਸ ਤੇ ਬਹਿਸ ਹੋਵੇਗੀ । ਪਹਿਲਾਂ

[ਵਿਕਾਸ ਮੰਤਰੀ]

ਤਾਂ ਪਰਚਾਰ ਕਰਨ ਵਾਸਤੇ 15 ਦਿਨ ਪਹਿਲਾਂ ਮੋਸ਼ਨ ਦੇ ਦਿੱਤੀ ਪਰ ਫੇਰ ਕਰਨ ਦਾ ਸਮਾਂ ਆਇਆ ਤਾਂ ਕਹਿੰਦੇ ਹਨ ਅਜੇ ਠਹਿਰ ਜਾਓ। ਇਹ ਹੁਣ ਐਡਮਿਟ ਹੋ ਚੁਕੀ ਹੈ, ਹਾਊਸ ਨੇ ਇਸ ਦੀ ਪਰਵਾਨਗੀ ਦੇ ਦਿੱਤੀ ਹੈ। ਮੂਵ ਕਰਨ ਦਾ ਠੀਕ ਹੈ ਤੁਹਾਡਾ ਰਾਈਟ ਸੀ, ਤੁਸੀਂ ਉਹ ਹੱਕ ਖੋ ਚੁਕੇ ਹੋ। ਜਦੋਂ ਐਡਮਿਟ ਹੋ ਗਈ ...... ।

"If leave is granted under sub-rule ( ), the Speaker may, after considering the state of business in the Assembly, allot a day or days or part of a day for the discussion of the motion"

ਤੁਸੀਂ ਅਲਾਟਿਡ ਡੇ ਤੇ ਬਹਿਸ ਹੋਣ ਦੀ ਆਗਿਆ ਦੇਣੀ ਹੈ। ਇਹ ਤੁਸੀਂ ਕਲ੍ਹ ਨੂੰ ਜਾਂ ਪਰਸੋਂ ਨੂੰ ਜਾਂ 10 ਦਿਨ ਤੋਂ ਪਹਿਲਾਂ ਕਿਸੇ ਵੀ ਦਿਨ ਬਹਿਸ ਲਈ ਟਾਈਮ, ਸਪੀਕਰ ਸਾਹਿਬ, ਤੁਸੀਂ ਦੇਣਾ ਹੈ। ਇਹ ਤੁਹਾਡੀ ਡਿਸਕਰੀਸ਼ਨ ਤੇ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਕਿਸੇ ਰੂਲ ਦੇ ਵਿਚ ਵੀਕਨੈਸ ਹੋਵੇ, ਤਾਂ ਉਸ ਰੂਲ ਨੂੰ ਸੈਟ ਅਸਾਈਡ ਕਰਨ ਦੀ ਸੁਪਰੀਮ ਅਥਾਰਟੀ ਸਪੀਕਰ ਦੀ ਹੀ ਹੁੰਦੀ ਹੈ। ਇਕ ਮੋਸ਼ਨ ਆਈ ਉਸ ਦਾ ਫੈਸਲਾ ਹੋ ਚੁਕਾ ਹੈ, ਹੁਣ ਤੁਸੀ ਫੈਸਲਾ ਦੇਣਾ ਹੈ ਜਾਂ ਇਹ ਗਲ ਹਾਊਸ ਤੇ ਛੱਡ ਦਿੱਤੀ ਜਾਵੇ, ਜਿਸ ਤਰ੍ਹਾਂ ਹਾਊਸ ਕਹੇ ਉਸ ਤਰ੍ਹਾਂ ਕੀਤਾ ਜਾਵੇ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਕੈਪਟਨ ਸਾਹਿਬ ਨੇ ਜੋ ਗਲ ਕਹੀ ਹੈ ਉਸ ਤੇ ਮੈਂ ਬੜਾ ਹੈਰਾਨ ਹੋਇਆ ਹਾਂ। ਇਨ੍ਹਾਂ ਨੇ ਆਪਣੀ ਗਲ ਨਹੀਂ ਕੀਤੀ ਸਗੋਂ ਇਨ੍ਹਾਂ ਨੇ ਤਾਂ ਡਾਂਗ ਸਾਹਿਬ ਦੀ ਹੀ ਵਕਾਲਤ ਕੀਤੀ ਹੈ। ਮੈਂ ਹੈਰਾਨ ਹਾਂ ਕਿ ਮਨਿਸਟਰ ਸਾਹਿਬ ਉਹੀ ਗਲ ਆਖਦੇ ਹਨ ਜੋ ਡਾਂਗ ਸਾਹਿਬ ਨੇ ਇੰਟਰਪਰੈਟ ਕੀਤਾ ਹੈ। ਇਹਦੇ ਵਿਚ ਰੂਲ ਸਾਫ਼ ਹੈ :—

"If leave is granted under sub-rule 2, the Speaker may ...."

ਸਪੀਕਰ ਸਾਹਿਬ, ਇਨ੍ਹਾਂ ਨੇ 'ਮੇ' ਸ਼ਬਦ ਨੂੰ ਸ਼ੈਲ ਵਿਚ ਇੰਟਰਪਰੈੱਟ ਕਰਨ ਦੀ ਕੋਸ਼ਿਸ਼ ਕੀਤੀ ਹੈ, ਮੇਰੀ ਬੇਨਤੀ ਤਾਂ ਇਹ ਹੈ ਕਿ ਰੂਲਜ਼ ਦੇ ਵਿਚ ਸਪੀਕਰ ਨੂੰ ਡਿਸਕਰੀਸ਼ਨ ਹੈ ਕਿ ਉਹ ਜਿਵੇਂ ਚਾਹੇ ਬਹਿਸ ਲਈ ਕਹੇ। ਪਰ ਵਜ਼ੀਰ ਸਾਹਿਬ ਨੂੰ ਜੇ ਵਿਕਾਸ ਮੰਤਰੀ ਦੀ ਥਾਂ ਲਾ-ਮਨਿਸਟਰ ਲਾ ਦਿੱਤਾ ਜਾਂਦਾ ਤਾਂ ਠੀਕ ਸੀ ਜਿਸ ਤਰ੍ਹਾਂ ਉਹ ਰੂਲਜ਼ ਦੀ ਇੰਟਰਪਰੈਟੇਸ਼ਨ ਲੈਂਦੇ ਹਨ। (ਚੌਧਰੀ ਜਗਤ ਰਾਮ ਵਲੋਂ ਵਿਘਨ) ਗਿਆਨੀ ਜੀ ਇਨ੍ਹਾਂ ਮੈਂਬਰਾਂ ਨੂੰ ਸਮਝਾਉਣ ਲਈ ਪਹਿਲਾਂ ਸਕੂਲ ਖੋਲ੍ਹ ਦੇਵੋ (ਵਿਘਨ) ਮੈਂ ਅਰਜ਼ ਕਰ ਰਿਹਾ ਸੀ ਕਿ ਡਿਸਕਰੀਸ਼ਨ ਤੁਹਾਡੀ ਹੈ ਕਿ ਇਹ ਕਿਸ ਦਿਨ ਡਿਸਕਸ਼ਨ ਲਈ ਹਾਊਸ ਵਿਚ ਆਵੇ। ਇਸ ਵਿਚ ਕੋਈ ਭੁਲੇਖੇ ਵਾਲੀ ਗਲ ਨਹੀਂ ਤੁਸੀ ਜਿਹੜਾ ਵਕਤ ਦੇਣਾ ਚਾਹੁੰਦੇ ਹੋ ਦੇਵੋ, ਉਸ ਦਿਨ ਜਿਹੜੇ ਵੀ ਇਸ ਨੂੰ ਫਿਗ ਆਊਟ ਕਰਨਾ ਚਾਹੁੰਦੇ ਹਨ ਕਰ ਲੈਣ। ਮੈਂ ਇਹ ਤੁਹਾਡੇ ਕੋਲ ਅਰਜ਼ ਕਰਦਾ ਹਾਂ ਕਿ ਡਾਂਗ ਸਾਹਿਬ ਦੀ ਇਹ ਪ੍ਰੋਪੋਜ਼ਲ ਠੀਕ ਹੈ ਕਿ ਲੀਡਰ ਆਫ ਦੀ ਹਾਊਸ, ਲੀਡਰ, ਆਫ ਦੀ ਆਪੋਜ਼ੀਸ਼ਨ ਅਤੇ ਡਾਂਗ ਸਾਹਿਬ ਤੇ ਹੋਰ ਗਰੁਪਾਂ ਦੇ ਲੀਡਰਾਂ ਨੂੰ ਬੁਲਾ ਕੇ ਇਕ ਮੀਟਿੰਗ ਕਰ ਲਓ ਉਨ੍ਹਾਂ ਦੀ ਸਲਾਹ ਨਾਲ ਵਾਜਬ ਟਾਈਮ ਅਲਾਟ ਕਰੋ। (ਵਿਘਨ) ਇਹ ਨਹੀਂ ਹੋਣਾ ਚਾਹੀਦਾ ਕਿ ਸਿਰਫ ਲੀਡਰ ਆਫ ਦੀ ਹਾਊਸ ਦੀ ਸਲਾਹ ਦੇ ਨਾਲ ਹੀ ਬਿਜ਼ਨਸ ਚਲੇ ਤੇ ਇਥੋਂ ਹੀ ਹੁਣੇ ਹੁਕਮ ਨਾਮਾ ਆ ਜਾਵੇ ਕਿ ਇਤਨਾ ਟਾਈਮ ਅਲਾਟ ਕੀਤਾ ਹੈ। (ਵਿਘਨ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ) ।

ਚੌਧਰੀ ਜਗਤ ਰਾਮ: ਆਨ ਏ ਪੁਆਇੰਟ ਆਫ ਆਰਡਰ ਸਰ । (ਵਿਘਨ) ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ, ਮੈਂ ਬੜਾ ਦੁਖੀ ਹਾਂ । (ਵਿਘਨ) (ਹਾਸਾ) ਇਨ੍ਹਾਂ ਦੇ ਲੀਡਰ ਬਰਾੜ ਸਾਹਿਬ ਸੀ ਜੋ ਉਥੇ ਜਾ ਬੈਠੇ ਹਨ ਅਤੇ ਉਨ੍ਹਾਂ ਦੀ ਥਾਂ ਤੇ ਕੋਈ ਅਜਨਬੀ ਬੈਠੇ ਹਨ (ਵਿਘਨ) ਜੋ ਫੂਕ ਮਾਰਿਆ . . . . . . (ਵਿਘਨ) ਹੁਣੇ ਡਾਂਗ ਸਾਹਿਬ ਇਨ੍ਹਾਂ ਨੂੰ ਵਾਧੀਆਂ ਘਾਟੀਆਂ ਸੁਣਾ ਕੇ ਗਏ ਹਨ ਹੁਣ ਇਹ ਡਾਂਗ ਸਾਹਿਬ ਦੇ ਵਕੀਲ ਬਣ ਗਏ ਹਨ ।

(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਵਕੀਲ ਤਾਂ ਤੁਸੀਂ ਵੀ ਸਾਡੇ ਬਣੋਂਗੇ । (ਵਿਘਨ)

Chaudhri Darshan Singh : Under Rule 58 of the Rules of Procedure and Conduct of Business in the Punjab Legislative Assembly, it is purely in the discretion of the Hon. Speaker to allot a day or days or part of a day for the discussion of motion. There is no doubt about it. The Opposition has given a no-confidence motion against the Government. The Government is prepared to face it. They have ten days at their disposal. Democracy demands that no Government should move a day or an inch when there is a motion against it. I would request the Hon'ble Chair that the Leader of the House has asked that the motion should be taken first, so it should be taken first. No business should be transacted except this motion. It is the Government to put the business before the House. I would request this Honourable Chair, this Honourable House that we should discuss this motion first.

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰੇ ਫਾਜ਼ਲ ਦੋਸਤ ਚੌਧਰੀ ਸਾਹਿਬ ਨੇ ਜੋ ਰੂਲਜ਼ ਦੀ ਇੰਟਰਪ੍ਰੇਟੇਸ਼ਨ ਕੀਤੀ ਹੈ ਉਹ ਤਾਂ ਠੀਕ ਹੈ ਕਿ ਜੋ ਕੁਝ ਲੀਡਰ ਆਫ ਦੀ ਹਾਊਸ ਕਹੇ ਉਹ ਗਲ ਮੰਨ ਲਈ ਜਾਵੇ । ਪਰ ਮੈਂ ਸਮਝਦਾ ਹਾਂ ਕਿ ਇਹ ਹਾਊਸ ਇਕ ਆਗਸਟ ਹਾਊਸ ਹੈ ਜਿਸ ਵਿਚ ਕਾਰਵਾਈ ਬਾਕੀ ਪਾਰਟੀਆਂ ਦੇ ਲੀਡਰ ਸਾਹਿਬਾਨ ਨੂੰ ਕਨਫੀਡੈਂਸ ਵਿਚ ਲੈ ਕੇ ਚਲਾਉਣੀ ਚਾਹੀਦੀ ਹੈ । ਤੁਸੀਂ ਬਾਕੀ ਪਾਰਟੀਆਂ ਦੇ ਲੀਡਰਜ਼ ਨੂੰ ਬੁਲਾ ਕੇ ਇਹ ਇਹ ਫੈਸਲਾ ਕਰ ਲਓ ਕਿ ਇਕ ਦਿਨ ਦੇਣਾ ਹੈ ਜਾਂ ਦੋ ਦਿਨ ਦੇਣੇ ਹਨ ਜਾਂ 4 ਦਿਨ ਦੇਣੇ ਹਨ ਜਾਂ ਅੱਧਾ ਦਿਨ ਦੇਣਾ ਹੈ । ਇਸ ਤਰ੍ਹਾਂ ਦੇ ਪੁਰਾਣੇ ਪ੍ਰੀਸੀਡੈਂਟਸ ਵੀ ਹਨ ਅਤੇ ਪ੍ਰੈਕਟਿਸ ਵੀ ਹੈ (ਵਿਘਨ) ਇਸ ਵਿਚ ਭੱਜਣ ਵਾਲੀ ਕੋਈ ਗਲ ਨਹੀਂ ਹੈ । ਤੁਸੀਂ ਤਹੱਮਲ ਨਾਲ ਗਲ ਕਰੋ ਤੁਹਾਡਾ ਇਕੱਲਾ ਇਕੱਲਾ ਚਿੱਠਾ ਖੋਲ੍ਹ ਕੇ ਦਸਾਂਗੇ । (ਵਿਘਨ) ਇਸ ਲਈ ਸਪੀਕਰ ਸਾਹਿਬ ਤੁਸੀਂ ਮੀਟਿੰਗ ਬੁਲਾ ਕੇ....

ਸ਼੍ਰੀ ਸਪੀਕਰ : ਤੁਸੀਂ ਆਪਣੀ ਆਰਗੂਮੈਂਟ ਰਪੀਟ ਕਰ ਰਹੇ । (Hon. Member is repeating his arguments.)

ਕਾਮਰੇਡ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ ਮੈਂ ਰਪੀਟ ਨਹੀਂ ਕਰਾਂਗਾ ਕੈਪਟਨ ਸਾਹਿਬ ਨੇ ਕਿਹਾ ਹੈ ਕਿ ਇਥੇ 'ਮੇ' ਲਫ਼ਜ਼ ਹੈ 'ਸ਼ੈਲ' ਨਹੀਂ । ਕੈਪਟਨ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਕਈ ਵਾਰ ਇੰਗਲਿਸ਼ ਵਿਚ 'ਮੇ' ਦਾ ਮਤਲਬ 'ਸ਼ੈਲ' ਵੀ ਹੁੰਦਾ ਹੈ । ਰੂਲ ਦੀ ਅਸਲ ਵਿਚ ਸਪਿਰਟ ਇਹ ਹੈ ਕਿ ਜੇ ਇਕ ਦਿਨ ਦੇਣਾ ਹੈ ਜਾਂ ਦੋ ਦਿਨ ਦੇਣੇ ਹਨ ਜਾਂ ਅੱਧਾਂ ਦਿਨ ਵੀ ਦੇਣਾ ਹੈ ਤਾਂ

[ਕਾਮਰੇਡ ਸੱਤ ਪਾਲ ਡਾਂਗ]

ਸਾਰੀਆਂ ਪਾਰਟੀਆਂ ਦੇ ਲੀਡਰਜ਼ ਦੀ ਮੀਟਿੰਗ ਬੁਲਾਕੇ ਉਨ੍ਹਾਂ ਨੂੰ ਕਨਫੀਡੈਂਸ ਵਿਚ ਲੈ ਲਿਆ ਜਾਵੇ । ਜੇ ਤੁਸੀਂ ਜ਼ਰੂਰ ਅੱਜ ਹੀ ਇਹ ਮੋਸ਼ਨ ਇਥੇ ਲਿਆਉਣੀ ਚਾਹੁੰਦੇ ਹੋ ਤਾਂ ਮੈਂ ਸਮਝਦਾ ਹਾਂ ਕਿ ਤੁਸੀਂ ਹੁਣੇ ਇਹ ਹਾਊਸ 15 ਮਿੰਟ ਲਈ ਅਡਜਰਨ ਕਰ ਲਓ ਅਤੇ ਆਪਣੇ ਚੈਂਬਰ ਵਿਚ ਮੀਟਿੰਗ ਬੁਲਾ ਕੇ ਫੈਸਲਾ ਕਰ ਦਿਓ । (ਵਿਘਨ)

ਸਰਦਾਰ ਉਮਰਾਓ ਸਿੰਘ (ਵਿਦਿਆ ਮੰਤਰੀ): ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜੇ ਸਾਡੇ ਸਾਥੀ ਭਜਣਾ ਚਾਹੁੰਦੇ ਹਨ ਤਾਂ ਉਹ ਭੱਜ ਜਾਣ । (ਨਹੀਂ ਨਹੀਂ ਦੀਆਂ ਅਵਾਜ਼ਾਂ) ਪਰ ਇਹ ਨਹੀ ਹੋਣਾ ਚਾਹੀਦਾ ਕਿ ਇਧਰੋਂ ਤਾਂ ਮੋਸ਼ਨ ਲਿਆਉਣ ਅਤੇ ਉਧਰੋਂ ਭੇਜਣ ਦੀ ਕੋਸ਼ਿਸ਼ ਕਰਨ । ਇਨ੍ਹਾਂ ਨੇ ਇਸ ਮੋਸ਼ਨ ਦਾ ਨੋਟਿਸ ਕਾਫੀ ਦਿਨ ਪਹਿਲਾਂ ਦੇ ਦਿਤਾ ਸੀ, ਅਖਬਾਰਾਂ ਵਿਚ ਵੀ ਛਪਵਾਇਆ ਸੀ ਅਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿਚ ਵੀ ਇਹ ਫੈਸਲਾ ਕੀਤਾ ਗਿਆ ਸੀ ਕਿ ਮਨਿਸਟਰੀ ਦੇ ਖਿਲਾਫ ਨੋ-ਕਨਫੀਡੈਂਸ ਦਾ ਮੋਸ਼ਨ ਲਿਆਉਣਾ ਹੈ । ਅਸੀਂ ਮਹਿਸੂਸ ਕਰਦੇ ਸੀ ਕਿ ਇਹ ਇਤਨੇ ਦਿਨ ਪਹਿਲੇ ਪ੍ਰੋਪੇਗੰਡਾ ਇਸ ਕਰਕੇ ਹੀ ਕੀਤਾ ਜਾ ਰਿਹਾ ਹੈ ਕਿ ਇਹ ਪਹਿਲੇ ਦਿਨ ਹੀ ਮੋਸ਼ਨ ਡਿਸਕਸ ਕਰਨਾ ਚਾਹੁੰਦੇ ਹਨ ਨਹੀਂ ਤਾਂ ਇਹ ਮੋਸ਼ਨ ਵਿਚਕਾਰਲੇ ਦਿਨਾਂ ਵਿਚ ਵੀ ਦਿਤਾ ਜਾ ਸਕਦਾ ਸੀ ਅਤੇ ਅਖੀਰਲੇ ਦਿਨ ਵੀ ਦਿਤਾ ਜਾ ਸਕਦਾ ਸੀ । ਜਿਤਨੇ ਦਿਨ ਇਹ ਮੋਸ਼ਨ ਡਿਸਕਸ ਨਹੀਂ ਹੋਵੇਗੀ ਲੋਕਾਂ ਦੇ ਮਨਾਂ ਵਿਚ ਸ਼ੰਕਾ ਰਹੇਗੀ ਅਤੇ ਸਾਡੀ ਸਰਕਾਰ ਇਸ ਬਾਰੇ ਕੋਈ ਸ਼ੰਕਾ ਨਹੀਂ ਰਹਿਣ ਦੇਣਾ ਚਾਹੁੰਦੀ । (ਥਪਿੰਗ) ਇਸ ਮੋਸ਼ਨ ਨੂੰ ਇਸ ਕਰਕੇ ਵੀ ਪਰਿਆਰਿਟੀ ਮਿਲਣੀ ਚਾਹੀਦੀ ਹੈ ਕਿਉਂਕਿ ਇਸ ਵੇਲੇ ਹਾਊਸ ਦੇ ਸਾਹਮਣੇ ਆਬਚੂਅਰੀ ਰੈਫਰੈਂਸਿਜ਼ ਤੋਂ ਬਿਨਾਂ ਕੋਈ ਬਿਜ਼ਨਸ ਨਹੀਂ ਹੈ । ਜਦੋਂ ਤਕ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਇਸ ਹਾਊਸ ਵਿਚ ਪੇਸ਼ ਹੋਕੇ ਅਪਰੂਵ ਨਹੀਂ ਹੁੰਦੀ ਉਨੀ ਦੇਰ ਤਕ ਹਾਊਸ ਦੇ ਸਾਹਮਣੇ ਕੋਈ ਬਿਜ਼ਨਸ ਨਹੀਂ ਹੈ ਅਤੇ ਲੀਡਰ ਆਫ ਦੀ ਹਾਊਸ ਨੇ ਮੋਸ਼ਨ ਵੀ ਪੇਸ਼ ਕਰ ਦਿਤੀ ਹੈ, ਇਸ ਲਈ ਇਸ ਮੋਸ਼ਨ ਨੂੰ ਪਰਿਆਰਟੀ ਦੇਣੀ ਚਾਹੀਦੀ ਹੈ । ਫਿਰ ਇਕ ਹੋਰ ਗਲ ਵੀ ਹੈ ਕਿ ਇਹ ਸੈਸ਼ਨ ਸਿਰਫ ਦੋ ਦਿਨਾਂ ਲਈ ਬੁਲਾਇਆ ਗਿਆ ਸੀ । ਕਲ ਨੂੰ ਸਪਲੀਮੈਂਟਰੀ ਗ੍ਰਾਂਟਸ ਪੇਸ਼ ਹੋਣੀਆਂ ਹਨ ਉਨ੍ਹਾਂ ਦੀ ਡੇਟ ਅਸੀਂ ਬਦਲਾ ਨਹੀਂ ਸਕਦੇ ਕਿਉਂਕਿ ਉਹ ਗਵਰਨਰ ਸਾਹਿਬ ਨੇ ਫਿਕਸ ਕੀਤੀ ਹੋਈ ਹੁੰਦੀ ਹੈ । ਇਸ ਲਈ ਇਹ ਮੋਸ਼ਨ ਅੱਜ ਹੀ ਡਿਸਕੱਸ ਹੋ ਸਕਦੀ ਹੈ । ਫਿਰ ਇਸ ਬਾਰੇ ਇਸ ਹਾਊਸ ਵਿਚ ਪ੍ਰੀਸੀਡੈਂਟਸ ਵੀ ਹਨ । ਜਦੋਂ ਬਾਦਲ ਸਾਹਿਬ ਦੀ ਮਨਿਸਟਰੀ ਸੀ ਅਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਵੀ ਮਨਿਸਟਰੀ ਵਿਚ ਸਨ ਤਾਂ 3 ਘੰਟੇ ਤੋਂ ਵਧ ਬਹਿਸ ਲਈ ਇਨ੍ਹਾਂ ਨੇ ਵਕਤ ਨਹੀਂ ਸੀ ਦਿਤਾ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਮੋਸ਼ਨ ਪੇਸ਼ ਕੀਤੀ ਹੈ ਅੱਜ ਹੀ, 2 ਘੰਟੇ ਜਾਂ ਢਾਈ ਘੰਟੇ ਜਿਤਨਾ ਸਮਾਂ ਤੁਸੀਂ ਮੁਨਾਸਬ ਸਮਝੋ ਇਸ ਡਿਸਕਸ਼ਨ ਲਈ ਅਲਾਟ ਕਰ ਦਿਓ । (ਵਿਘਨ)

ਸ੍ਰੀ ਸਪੀਕਰ : ਜਿਥੋਂ ਤਕ ਰੂਲ 58 ਦਾ ਤਾਲੁਕ ਹੈ ਇਸ ਵਿਚ ਸਿਰਫ ਇਕ ਬਾਈਂਡਿੰਗ ਹੈ ਕਿ ਅਜਿਹੀ ਮੋਸ਼ਨ 10 ਦਿਨਾਂ ਦੇ ਅੰਦਰ ਅੰਦਰ ਡਿਸਕੱਸ ਹੋ ਜਾਵੇ । ਇਸ ਤੋਂ ਇਲਾਵਾ ਇਕ ਪਾਬੰਧੀ ਹੋਰ ਹੈ ।

"He (Speaker) has to consider the State of business in the Assembly."

ਇਸ ਵਿਚ ਇਕ ਗਲ ਹੋਰ ਹੈ ਜਿਹੜੀ ਕਿ ਹਾਊਸ ਦੀ ਤਾਕਤ ਤੋਂ ਬਾਹਰ ਹੈ ਕਿ ਡਾਈਰੈਕਟ ਬਿਜ਼ਨਸ ਬਾਰੇ ਰੂਲ 164 ਹੈ ਜੋ ਕਿ ਰੂਲ 176 ਨਾਲ ਪੜ੍ਹਿਆ ਜਾਵੇ ਤਾਂ

ਜਿਹੜੀ ਡੇਟ ਉਸ ਵਾਸਤੇ ਫਿਕਸ ਕੀਤੀ ਜਾਵੇ ਉਹ ਬਦਲ ਨਹੀਂ ਸਕਦੀ। ਜੇ ਇਹ ਮੋਸ਼ਨ ਕਲ ਆਉਂਦੀ ਤਾਂ ਇਸ ਦਾ ਡਿਸਕੱਸ ਹੋਣਾ ਮੁਸ਼ਕਲ ਸੀ ਕਿਉਂਕਿ ਕਲ ਸਪਲੀਮੈਂਟਰੀ ਡਿਮਾਂਡਜ਼ ਪੇਸ਼ ਹੋਣੀਆਂ ਹਨ। ਅਜ ਆਫ਼ੀਸ਼ਲ ਡੇ ਹੈ ਅਤੇ ਸਰਕਾਰ ਕੋਈ ਹੋਰ ਬਿਜ਼ਨਸ ਇਸ ਹਾਊਸ ਦੇ ਸਾਹਮਣੇ ਨਹੀਂ ਲਿਆਉਣਾ ਚਾਹੁੰਦੀ ਜਦੋਂ ਤਕ ਕਿ ਇਸ ਬੇਪ੍ਰਤੀਤੀ ਦੇ ਮਤੇ ਦਾ ਫੈਸਲਾ ਨਾ ਹੋ ਜਾਵੇ। ਮੈਂ ਤਾਂ ਸਮਝਦਾ ਹਾਂ ਕਿ ਸਰਕਾਰ ਨੇ ਇਹ ਇਕ ਬਹੁਤ ਵਧੀਆ ਡੈਮੋਕ੍ਰੈਟਿਕ ਟ੍ਰੈਡੀਸ਼ਨ ਸੈਟ-ਅਪ ਕਰਨ ਦੀ ਗਲ ਕੀਤੀ ਹੈ ਕਿ ਜਦੋਂ ਤਕ ਬੇਪ੍ਰਤੀਤੀ ਦੇ ਮਤੇ ਦਾ ਫੈਸਲਾ ਨਾ ਹੋ ਜਾਵੇ ਉਹ ਕੋਈ ਬਿਜ਼ਨਸ ਟ੍ਰਾਂਜ਼ੈਕਟ ਕਰਨ ਨੂੰ ਤਿਆਰ ਨਹੀਂ ਅੱਜ ਤੋਂ 3 ਸਾਲ ਪਹਿਲਾਂ ਮਾਰਚ 1969 ਵਿਚ ਸਰਦਾਰ ਗੁਰਨਾਮ ਸਿੰਘ ਦੀ ਅਗਵਾਈ ਵਿਚ ਅਤੇ ਕਾਮਰੇਡ ਡਾਂਗ ਦੀ ਸਪੋਰਟ ਨਾਲ ਅਜਿਹੀ ਮੋਸ਼ਨ ਉਸੇ ਦਿਨ ਹੀ ਡਿਸਕੱਸ ਹੋਈ ਸੀ (ਅਵਾਜ਼ਾਂ : ਉਸੇ ਮਿਟਿੰਗ ਵਿਚ ਨਹੀਂ।) ਮੈਂ ਹੈਰਾਨ ਹਾਂ ਕਿ ਡਾਂਗ ਸਾਹਿਬ ਵਰਗਾ ਮਹਾਨ ਡੈਮੋਕ੍ਰੈਟਿਕ ਵੀ ਇਸ ਗਲ ਦੀ ਮੰਗ ਕਰਦਾ ਹੈ ਕਿ ਜਿਸ ਸਰਕਾਰ ਦੇ ਵਿਰੁਧ ਬੇਪ੍ਰਤੀਤੀ ਦਾ ਮਤਾ ਪੇਸ਼ ਹੈ, ਉਹ ਕੰਮ ਕਰੀ ਜਾਏ। ਜਦੋਂ ਤਕ ਕਿ ਇਹ ਮਤਾ ਪਾਸ ਜਾਂ ਰਦ ਨਹੀਂ ਹੋ ਜਾਂਦਾ, ਮੈਂ ਸਮਝਦਾ ਹਾਂ ਕਿ ਜਿਹੜੀ ਵੀ ਗਲ ਹੋਵੇ ਉਹ ਹਾਊਸ ਦੀ ਮਰਜ਼ੀ ਨਾਲ ਹੋਵੇ। I am a servent of the House ਇਸ ਨਾਲ ਡਾਂਗ ਸਾਹਿਬ ਜ਼ਰੂਰ ਸਹਿਮਤ ਹੋਣਗੇ। ਹਾਊਸ ਦੀ ਮਰਜ਼ੀ ਨਾਲ ਇਸ ਮਤੇ ਉਤੇ ਚਲਣਾ ਚਾਹੀਦਾ ਹੈ। (So for as Rule 58 is concerned, there is only one binding viz such a motion must be discussed within ten days. Besides this, He (Speaker) has to consider the state of business in the Assembly."]

[There is one more condition which the House has to abide by. According to rule 164 read with Rule 176 the date already fixed for Financial Business cannot be changed. If this no-confidence motion had come up to-morrow then it would have been difficult to take it up on that day as the supplementary demands are to be presented to-morrow. To-day official business is to be dealt with but the Government is not willing to transact any other business until this no confidence motion is disposed of. I think this to be a healthy democratic convention that the Government is establishing. Three years ago, in March, 1969 under the leadership of Sardar Gurnam Singh and with the support of Comrade Dang such a Motion was discussed the same day (Voices: Not in the same sitting) I am surprised that a great democrat like Comrade Dang should insist that a Govt. against whome motion of no-confidence is pending should be allowed to work without knowing the outcome of the motion. Anyway, I am of the view that we should proceed according to the wishes of the House. I am a servant of the House

[Mr. Speaker]

and I think Dang Sahib too will agree that we should proceed according to the wishes of the House.]

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ .... (ਵਿਘਨ)

Mr. Speaker : As far as I can say, it is the sense of the House that this motion should be taken up to-day. ਹੁਣ ਇਕ ਗੱਲ ਦਾ ਫੈਸਲਾ ਕਰਨ ਵਾਲਾ ਰਹਿ ਗਿਆ ਹੈ ਕਿ ਇਸ ਉਤੇ ਸਮਾਂ ਕਿੰਨਾਂ ਲਿਆ ਜਾਵੇ (ਵਿਘਨ) (As far as I can say, it is the sense of the House that thsi motion should be taken up to-day. Now there is only one thing to be decided upon viz how much time should be allowedfor this matter.)

ਸਿੱਖਿਆ ਮੰਤਰੀ : ਮੈਂ ਸਮਝਦਾ ਹਾਂ ਕਿ ਆਬੀਚੁਅਰੀ ਰੈਫਰੈਂਸਿਜ਼ ਦੇ ਬਾਅਦ (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਮੈਂ ਪਰੋਪੋਜ਼ ਕਰਦਾ ਹਾਂ ਕਿ ਦੋ ਦਿਨ ਇਸ ਕੰਮ ਲਈ ਹੋਣੇ ਚਾਹੀਦੇ ਹਨ ।

ਸਿੱਖਿਆ ਮੰਤਰੀ : ਆਬੀਚੁਅਰੀ ਰੈਫਰੈਂਸਿਜ਼ ਦੇ ਬਾਅਦ ਢਾਈ ਘੰਟੇ ਲੈ ਲਏ ਜਾਣ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ ਸਰ । ਤੁਸੀਂ ਐਸੀ ਮਹਾਨ ਕੁਰਸੀ ਤੇ ਬੈਠੇ ਹੋ । ਤੁਹਾਡੀ ਸੇਵਾ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਕਿਉਂ ਜੋ ਇਹ ਨੋ-ਕਾਨਫੀਡੈਂਸ ਮੋਸ਼ਨ ਹੈ ਇਸ ਨੂੰ ਰੱਸ਼ ਥਰੂ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ । ਮੈਂ ਚਾਹੁੰਦਾ ਹਾਂ ਕਿ ਸਾਨੂੰ ਘਟੋ ਘਟ ਦੋ ਦਿਨ ਦਿਓ ਤਾਂ ਕਿ ਅਸੀਂ ਦਸੀਏ ਕਿ ਇਹ ਮਿਉਨਿਕ ਵਿਚ ਕੀ ਕਰਦੇ ਰਹੇ ਹਨ, ਸਿਨਮਿਆਂ ਵਿਚ ਕੀ ਕਰਦੇ ਹਨ, ਖਾਦੀ ਬੋਰਡ ਵਿਚ ਕੀ ਕਰਦੇ ਹਨ (ਵਿਘਨ)

ਸ੍ਰੀ ਸਪੀਕਰ : ਇਹ ਮੋਸ਼ਨ ਆ ਜਾਣੀ ਹੈ ਫੇਰ ਜਿੰਨੀ ਮਰਜ਼ੀ ਤੁਸੀਂ ਡਿਸਕਸ਼ਨ ਕਰ ਲਈਓ । (The motion is coming before the House. You will then get full opportunity to refer to all this.)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਹਾਲੇ ਤਕ ਇਹ ਕੁਰਸੀ ਛੱਡੀ ਨਹੀਂ । ਇਸ ਬੜੀ ਕੁਰਸੀ ਤੇ ਬੈਠੇ ਹੋ ਤਹਾਡਾ ਫਰਜ਼ ਬਣਦਾ ਹੈ ਕਿ ਜਿੰਨਾਂ ਵੀ ਵਧ ਤੋਂ ਵਧ ਸਮਾਂ ਆਪੋਜ਼ੀਸ਼ਨ ਨੂੰ ਦਿਤਾ ਜਾਵੇ ਉਨਾਂ ਹੀ ਥੋੜ੍ਹਾ ਹੈ । ਡਾਂਗ ਸਾਹਿਬ ਨੇ ਜਿਹੜੀ ਬੇਨਤੀ ਕੀਤੀ ਹੈ ਕਿ ਦੋ ਦਿਨ ਮਿਲਣੇ ਚਾਹੀਦੇ ਹਨ ਮੈਂ ਸਮਝਦਾ ਹਾਂ ਕਿ ਦੋ ਦਿਨ ਕਾਫੀ ਹਨ । ਸਰਦਾਰ ਉਮਰਾਓ ਸਿੰਘ ਦੀਆਂ ਫੋਟੋਆਂ ਦਿਖਾਉਂਦੇ ਦਿਖਾਉਂਦੇ ਹੀ ਦੋ ਦਿਨ ਲਗ ਸਕਦੇ ਹਨ । (ਆਪੋਜ਼ੀਸ਼ਨ ਵਲੋਂ ਥੰਪਿੰਗ) (ਵਿਘਨ) ਮਿਉਨਿਕ ਵਿਚ ਹਿੰਦੁਸਤਾਨ ਦਾ ਸਿਰ ਉੱਚਾ ਕਰਕੇ ਸਰਦਾਰ ਉਮਰਾਓ ਸਿੰਘ ਆਏ ਹਨ, ਮੈਂ ਸਮਝਦਾ ਹਾਂ ਕਿ ਇਕ ਦਿਨ ਪੂਰਾ ਉਨ੍ਹਾਂ ਵਾਸਤੇ ਹੀ ਚਾਹੀਦਾ ਹੈ । (ਵਿਘਨ) ਇਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਨਾ ਕਰੋ । ਸਾਨੂੰ ਦੋ

ਦਿਨ ਦਿਓ । ਮੈਟੀਰੀਅਲ ਸਾਡੇ ਕੋਲ ਬਹੁਤ ਹੈ (ਵਿਘਨ) ਜਿਸ ਤਰ੍ਹਾਂ ਇਨ੍ਹਾਂ ਦੇ ਪਰਵਰਦੇ ਸਰਕਾਰੀ ਖਜ਼ਾਨੇ ਨੂੰ ਲੁੱਟ ਰਹੇ ਹਨ । ਇਹ ਸਾਰੀਆਂ ਚੀਜ਼ਾਂ ਦਸੱਣ ਵਾਲੀਆਂ ਹਨ । ਮੈਂ, ਸਪੀਕਰ ਸਾਹਿਬ, ਬੜੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਦੋ ਦਿਨ ਦਿਓ । ਅਸੀਂ ਤਾਂ ਇਨ੍ਹਾਂ ਨੂੰ ਇਕੱਲੇ ਇਕਲੇ ਨੂੰ ਜਾਣਦੇ ਹਾਂ ਕਿ ਇਹ ਕਦੋਂ ਉਠਦੇ ਹਨ । (ਵਿਘਨ)

ਸ਼੍ਰੀ ਸਪੀਕਰ : ਮੈਂ ਹਾਊਸ ਤੇ ਫੈਸਲਾ ਛਡਿਆ ਹੈ ਭਾਵੇਂ ਦੋ ਦਿਨ ਦਿਓ, ਭਾਵੇਂ ਚਾਰ ਦਿਨ ਦਿਓ,(ਵਿਘਨ) (I have left it to the House, to allot as many days to this matter as it pleases.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਅਰਜ਼ ਕਰਾਂਗਾ ਕਿ ਤੁਸੀਂ ਇਨ੍ਹਾਂ ਅਗੇ ਹਥਿਆਰ ਸੁੱਟ ਦਿਉਗੇ ਤਾਂ ਇਹ ਠੀਕ ਨਹੀਂ ਹੈ । ਤੁਹਾਡੇ ਵਰਗੇ ਚੌੜੇ, ਲੰਮੇ (ਵਿਘਨ) ਆਦਮੀ ਨੂੰ ਇਨ੍ਹਾਂ ਅਗੇ ਹਥਿਆਰ ਨਹੀ ਸੁੱਟਣੇ ਚਾਹੀਦੇ (ਵਿਘਨ)

ਸ਼੍ਰੀ ਸਪੀਕਰ: ਤੁਹਾਡੀ ਮੋਸ਼ਨ, ਆਪੋਜ਼ੀਸ਼ਨ ਵਲੋਂ ਮੋਸ਼ਨ ਹੈ, ਇਸ ਦੀ ਤਿਆਰੀ ਲਈ ਸਮਾਂ ਮੰਗਿਆ ਜਾਵੇ ਟਰੇਜ਼ਰੀ ਬੈਂਚਿਜ਼ ਵਲੋਂ, ਤਾਂ ਤੇ ਦਲੀਲ ਮੰਨੀ ਜਾ ਸਕਦੀ ਹੈ (ਵਿਘਨ) (This motion has been tabled by the Opposition and a request from the Treasury Benches for some time can have some weight) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਹ ਬੇਨਤੀ ਕਰਦਾ ਹਾਂ (ਵਿਘਨ)

ਸਿੱਖਿਆ ਮੰਤਰੀ : ਅਗੇ ਇਨਾਂ ਦਾ ਪਰੈਸੀਡੈਂਟ ਹੈ । ਇਕ ਦਿਨ ਤੋਂ ਵਧ ਇਨ੍ਹਾਂ ਨੇ ਕਦੇ ਨਹੀਂ ਦਿਤਾ । ਇਕ ਵਾਰੀ ਨਹੀਂ, ਕਈ ਵਾਰ ਮੋਸ਼ਨ ਹੋਈ ਹੈ ਅਤੇ ਕਦੇ ਇਨ੍ਹਾਂ ਨੇ ਇਕ ਦਿਨ ਤੋਂ ਵਧ ਨਹੀਂ ਰਖਿਆ । ......

ਸਰਦਾਰ ਅਜਾਇਬ ਸਿੰਘ ਸੰਧੂ : ਬਦਕਿਸਮਤੀ ਇਸ ਗੱਲ ਦੀ ਹੈ ਕਿ ਜਦੋਂ (ਵਿਘਨ) ਸਰਦਾਰ ਪਰਤਾਪ ਸਿੰਘ ਵੇਲੇ ਚਾਰ ਚਾਰ ਦਿਨ ਦਿੰਦੇ ਸੀ (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਇਸ ਲਈਂ ਦੋ ਦਿਨ ਦਿਤੇ ਜਾਣ ।

ਸ਼੍ਰੀ ਸਪੀਕਰ : ਕਲ ਤਾਂ ਸੰਧੂ ਸਾਹਿਬ ਜ਼ਰੂਰ ਫਾਈਨੈਨਸ਼ਲ ਬਿਜ਼ਨੈਸ ਟੇਕ-ਅੱਪ ਹੋਣਾ ਹੈ । (ਵਿਘਨ) ਜੇ ਇਨ੍ਹਾਂ ਨੇ ਦੋ ਘੰਟੇ ਸੁਜੈਸਟ ਕੀਤੇ ਹਨ ਤਾਂ ਮੈਂ ਕਹਿੰਦਾ ਹਾਂ ਕਿ ਚਾਰ ਘੰਟੇ ਸਮਾਂ ਕਾਫੀ ਰਹੇਗਾ । (ਵਿਘਨ) (Tommorrow the financial bussiness must be taken up (*Interruption*). The Treasuy Benches have suggested two hours for this discussionbut I am of the view that four hours will suffice). (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਇਸ ਸਰਕਾਰ ਦੇ ਰੈਸਕਿਊ ਤੇ ਨਾ ਆਓ ।

Mr. Speaker : No reflection please.

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਇਨ੍ਹਾਂ ਨੂੰ ਸ਼ੀਲਡ ਕਰਦੇ ਹੋ ਇਹ ਤੁਹਾਡੀ ਡਿਸਕ੍ਰੀਸ਼ਨ ਹੈ ਚਾਹੇ ਦੋ ਦਿਨ ਕਰੋ ਜਾਂ ਤਿੰਨ ਦਿਨ ਕਰੋ । ਵਟ ਡੋਂਟ ਲੀਵ ਇੱਟ ਟੂ ਦੇਮ (ਵਿਘਨ)

ਸ੍ਰੀ ਸਪੀਕਰ : ਮੈਂ ਇਨ੍ਹਾਂ ਨੂੰ ਬਿਲਕੁਲ ਪਰੋਟੈਕਸ਼ਨ ਨਹੀਂ ਦਿੰਦਾ। (ਵਿਘਨ)। ਬਾਕੀ ਰਹਿ ਗਈ ਸਮੇਂ ਦੀ ਗਲ। ਜੇ ਇਨ੍ਹਾਂ ਨੇ ਦੋ ਘੰਟੇ ਕਹੇ ਹਨ ਤਾਂ ਮੈਂ ਚਾਰ ਘੰਟੇ ਕਹਿੰਦਾ ਹਾਂ। (ਵਿਘਨ)

(I don't give any protection to the Government. (*Interruption*) As a matter of fact against the suggestion of the Treasury Benches to allot two hours to this discussion, I have suggested four hours.)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਆਨ ਏ ਪੁਆਇੰਟ ਆਫ ਆਰਡਰ ਸਰ। (ਵਿਘਨ) ਆਨ ਏ ਪੁਆਇੰਟ ਆਫ ਇਨਫਰਮੇਸ਼ਨ......(ਸ਼ੋਰ)

(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਤੁਹਾਨੂੰ ਕਾਹਦੀ ਜਿੱਦ ਆ ਰਹੀ ਹੈ।

ਵਿਕਾਸ ਮੰਤਰੀ : ਸਪੀਕਰ ਸਾਹਿਬ। (ਵਿਘਨ)

ਸ੍ਰੀ ਸਪੀਕਰ : ਕੈਪਟਨ ਰਤਨ ਸਿੰਘ। (ਵਿਘਨ)

ਵਿਕਾਸ ਮੰਤਰੀ : ਹੀ ਹੈਜ਼ ਕਾਲਡ ਮੀ। ਸਪੀਕਰ ਸਾਹਿਬ, ਬੇਸ਼ਕ ਇਹ ਹੁਣ (ਵਿਘਨ) ਡਿਸੀਜ਼ਨ ਲੈਣਾ ਹੈ, ਡਿਸੀਜ਼ਨ ਤੋਂ ਬਾਅਦ ਹਾਊਸ ਦੀ ਰਾਏ ਲੈਣੀ ਹੈ। ਆਨਰੇਬਲ ਸਰਦਾਰ ਉਮਰਾਓ ਸਿੰਘ ਨੇ ਦੋ ਹੀ ਘੰਟੇ ਸੁਜੈਸਟ ਕੀਤੇ ਹਨ ਤੁਸੀਂ ਚਾਰ ਘੰਟੇ ਕਰ ਦਿਤੇ। ਜੇ ਚਾਰ ਘੰਟੇ ਵਿਚ ਇਹ ਕੁਝ ਨਹੀਂ ਕਹਿ ਸਕਦੇ ਤਾਂ ਇਹ ਕੁਝ ਵੀ ਨਹੀਂ ਕਹਿਣ ਜੋਗੇ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਹੁਣ ਇਸ ਦਾ ਫੈਸਲਾ ਕਰੋ ਤਾਂ ਕਿ ਅਗਲੀ ਕਾਰਵਾਈ ਸ਼ੁਰੂ ਕੀਤੀ ਜਾ ਸਕੇ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਪਤਾ ਹੈ ਕਿ ਸਾਡਾ ਇਕ ਤਵਾ ਹੀ ਚਾਰ ਦਿਨ ਨਹੀਂ ਮੁਕਦਾ। ਫੇਰ ਕੰਮ-ਅਜ਼-ਕੰਮ ਦੋ ਦਿਨ ਤਾਂ ਦੇਣੇ ਚਾਹੀਦੇ ਹਨ। (ਵਿਘਨ)

ਸ੍ਰੀ ਸਪੀਕਰ : ਇਸ ਤੋਂ ਮਗਰੋਂ ਚਾਰ ਘੰਟੇ ਲਈ .... (ਵਿਘਨ) (Four hours after it.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਦਸ ਘੰਟੇ ਚਾਹੀਦੇ ਹਨ। (ਸ਼ੋਰ) (ਵਿਘਨ)

ਇਕ ਮੈਂਬਰ : ਇਸ ਤੇ ਸਾਰੀਆਂ ਪਾਰਟੀਆਂ ਨੇ ਬੋਲਣਾ ਹੈ। ਇਹ ਬਹੁਤ ਘਟ ਸਮਾਂ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਦਸ ਘੰਟੇ ਮੰਨਣ ਨੂੰ ਤਿਆਰ ਹਾਂ ।

ਸ੍ਰੀ ਸਪੀਕਰ : ਆਰਡਰ ਪਲੀਜ਼ । ਜੇ ਪੰਜ ਘੰਟੇ ਸਮਾਂ ਕਰ ਲਿਆ ਜਾਵੇ ਇਹ ਦੋ ਸਿਟਿੰਗਜ਼ ਦੇ ਬਰਾਬਰ ਹੋ ਜਾਂਦਾ ਹੈ । (ਵਿਘਨ)

(Order please. In case five hours are fixed for this discussion then that will be equal to the time that is available in two sittings.)

ਸਰਦਾਰ ਅਜਾਇਬ ਸਿੰਘ ਸੰਧੂ : ਕਿਤੇ ਆਫਤ ਤਾਂ ਨਹੀਂ ਆਉਣ ਲਗੀ । (ਵਿਘਨ)

ਸ੍ਰੀ ਸਪੀਕਰ : ਪੰਜ ਘੰਟੇ ਲਈ ਹਾਊਸ ਇਸ ਮੋਸ਼ਨ ਤੇ ਡਿਸਕਸ਼ਨ ਕਰੇਗਾ । (ਸ਼ੋਰ) (ਵਿਘਨ) (The House will discuss this motion for five hours.)

(*Noise*) (*Interruption*)

ਸਿਖਿਆ ਮੰਤਰੀ : ਸਪੀਕਰ ਸਾਹਿਬ, ਹੁਣ 4 ਵਜੇ ਹਨ । (ਵਿਘਨ) ਇਨ੍ਹਾਂ ਨੇ ਇਸੇ ਤਰ੍ਹਾਂ ਟਾਈਮ ਵੇਸਟ ਕਰੀ ਜਾਣਾ ਹੈ । (ਵਿਘਨ) ਇਸ ਲਈ ਚਾਰ ਤੋਂ 8.00 ਵਜੇ ਤੱਕ ਕਰ ਲਵੋ । (ਵਿਘਨ) (ਸ਼ੋਰ) ਕੋਈ ਟਾਈਮ ਲਿਮਿਟ ਮੁਕੱਰਰ ਕਰ ਲਵੋ । ਇਸ ਲਈ ਹਾਊਸ 8.00 ਵਜੇ ਤੱਕ ਕਰ ਲਵੋ । (ਵਿਘਨ)

ਸ੍ਰੀ ਸਪੀਕਰ : ਮੈਂ ਇਹ ਠੀਕ ਸਮਝਦਾ ਹਾਂ ਕਿ ਹਾਊਸ ਦਾ ਸਮਾਂ 9.00 ਵਜੇ ਤੱਕ ਐਕਸਟੈਂਡ ਕਰ ਦਿਤਾ ਜਾਵੇ । (ਵਿਘਨ) (I think it is proper that the sitting of the House be extended up to 9.00 p.m.)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਹੁਣ ਆਬੀਚੂਅਰੀ ਰੈਫਰੇਂਸਿਜ਼ ਸ਼ੁਰੂ ਕੀਤੇ ਜਾਣ । (ਵਿਘਨ) ਇਸ ਤੋਂ ਇਲਾਵਾ ਕੁਝ ਹੋਰ ਪ੍ਰਸਤਾਵ ਵੀ ਹਾਊਸ ਦੇ ਸਾਹਮਣੇ ਹਨ । ਹੁਣ ਸੀ.ਐਮ. ਸਾਹਿਬ ਆਬੀਚੂਅਰੀ ਰੈਫਰੈਂਸਿਜ਼ ਸ਼ੁਰੂ ਕਰਨ । (ਵਿਘਨ) (Now House will take up obituary references.) (Interruption). (Besides this motion, some other motions are also to be taken up by the House. Now the Chief Minister may start with the obituary references).

ਸਿਖਿਆ ਮੰਤਰੀ : ਸਪੀਕਰ ਸਾਹਿਬ, ਐਸਟੀਮੇਟਸ ਲੇ ਕਰਨੇ ਸਨ । (ਵਿਘਨ)

ਸ੍ਰੀ ਸਪੀਕਰ : ਉਹ ਬਾਅਦ ਵਿਚ ਕਰ ਲੈਣਾ । ਸੀ. ਐਮ. ਸਾਹਿਬ ਸ਼ੁਰੂ ਕਰੋ । (That may be done later on. The Chief Minister may start with obituary references).

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਆਬੀਚੂਅਰੀ ਰੈਫਰੈਂਸਿਜ਼ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ .... (ਵਿਘਨ) ਸਪੀਕਰ ਸਾਹਿਬ, ਮੈਂ ਇਕ ਪਹਿਲੇ ਮੋਸ਼ਨ ਦੇ ਸਬੰਧ ਵਿਚ ਜ਼ਰੂਰੀ ਬੇਨਤੀ ਕਰਨੀ ਚਾਹੁੰਦਾ ਹਾਂ...... (ਵਿਘਨ)

ਸ੍ਰੀ ਸਪੀਕਰ : ਉਹ ਗੱਲ ਖਤਮ ਹੋ ਚੁਕੀ ਹੈ ਅਤੇ ਅਗਲੀ ਸ਼ੁਰੂ ਕਰ ਲਈ ਹੈ । (That matter is over and the House has taken up the next item.)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਇਕ ਜ਼ਰੂਰੀ ਬੇਨਤੀ ਹੈ, ਤੁਸੀਂ ਸੁਣ ਤਾਂ ਲਉ । ਬੇਨਤੀ ਇਹ ਹੈ ਕਿ ਜਦ ਸਪੀਕਰ ਸਾਹਿਬ ਖੜ੍ਹੇ ਹੋਣ ਤਾਂ ਦੂਜਿਰਿਆਂ ਨੂੰ ਨਹੀਂ ਖੜਾ ਹੋਣਾ ਚਾਹੀਦਾ । ਪਰ ਇਹ ਹਰ ਵਾਰ ਇਸੇ ਤਰ੍ਹਾਂ ਹੁੰਦਾ ਹੈ ਜੋ ਕਿ ਠੀਕ ਨਹੀਂ ਹੈ ।

(ਵਿਘਨ) (ਸ਼ੋਰ)

OBITUARY REFERENCES

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਬੜੇ ਅਫ਼ਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਮੇਜਰ ਹਰਿੰਦਰ ਸਿੰਘ ਸਾਡੇ ਤੋਂ ਹਮੇਸ਼ਾਂ ਲਈ ਵਿੱਛੜ ਗਏ ਹਨ । ਉਹ ਬੜੇ ਉਤਸ਼ਾਹੀ, ਸੱਚੇ ਦੇਸ਼ ਭਗਤ ਅਤੇ ਇਕ ਬੜੇ ਸਾਊ ਵਿਅਕਤੀ ਸਨ । ਉਹ ਪੰਜਾਬ ਦੇ ਇਕ ਮਹਾਨ ਨੇਤਾ ਅਤੇ ਸੱਚੇ ਕਾਂਗਰਸੀ ਸਨ । ਉਹ ਇਕ ਉਚੇ ਅਸੂਲਾਂ ਵਾਲੇ ਅਤੇ ਬੜੇ ਈਮਾਨਦਾਰ ਸਨ । ਉਹ ਅਗਾਂਹ-ਵਧੂ ਵਿਚਾਰਾਂ ਵਾਲੇ ਸਨ । ਭਾਵੇਂ ਉਹ ਇਕ ਬਹੁਤ ਵਡੇ ਜ਼ਿਮੀਂਦਾਰ ਸਨ, ਪਰ ਉਹ ਲੋਕ ਹਿਤੈਸ਼ੀ ਸਨ ਅਤੇ ਉਹ ਇਹ ਸਮਝਦੇ ਸਨ ਕਿ ਸਮਾਂ ਬਦਲ ਗਿਆ ਹੈ ਅਤੇ ਭੋਂ-ਸੁਧਾਰ ਤੇ ਹੋਰ ਅਗਾਂਹ-ਵਧੂ ਉਪਾਵਾਂ ਦੀ ਪੂਰੀ ਹਮਾਇਤ ਕਰਦੇ ਸਨ ! ਉਨ੍ਹਾਂ ਨੇ ਆਪਣਾ ਜੀਵਨ ਲੋਕਾਂ ਦੀ ਭਲਾਈ ਲਈ ਅਰਪਣ ਕਰ ਦਿੱਤਾ ਅਤੇ ਰਾਸ਼ਟਰਵਾਦੀ ਤਾਕਤਾਂ ਨੂੰ ਮਜ਼ਬੂਤ ਕਰਨ ਲਈ ਸੱਚੇ ਦਿਲੋਂ ਕੰਮ ਕੀਤਾ ।

ਉਹ ਕਾਂਗਰਸ ਜੱਥੇਬੰਦੀ ਅਤੇ ਸਰਕਾਰ ਦੋਨਾਂ ਜਗ੍ਹਾਂ ਤੇ ਬੜੇ ਉੱਚੇ ਅਹੁਦਿਆਂ ਤੇ ਰਹੇ ਉਨ੍ਹਾਂ ਨੇ ਪੰਜਾਬ ਕਾਂਗਰਸ ਵਿਧਾਨ ਮੰਡਲ ਪਾਰਟੀ ਦੀ, ਆਜ਼ਾਦੀ ਤੋਂ ਬਾਅਦ ਦੇ ਸਭ ਤੋਂ ਔਖੇ ਸਮੇਂ ਵਿਚ ਅਗਵਾਈ ਕੀਤੀ । ਉਹ ਅੰਮ੍ਰਿਤਸਰ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪਰਧਾਨ ਵੀ ਸਨ ਤੇ ਸਰਬ ਭਾਰਤੀ ਕਾਂਗਰਸ ਕਮੇਟੀ ਦੇ ਮੈਂਬਰ ਸਨ । 1964-67 ਦੇ ਦੌਰਾਨ ਉਹ ਮਾਲ ਅਤੇ ਚੱਕਬੰਦੀ ਮੰਤਰੀ ਰਹੇ ਅਤੇ ਉਦਯੋਗ ਵਿਭਾਗ ਦੇ ਇੰਚਾਰਜ ਵੀ ਰਹੇ । ਉਨ੍ਹਾਂ ਨੇ ਆਪਣੇ ਆਪ ਨੂੰ ਇਕ ਯੋਗ ਪ੍ਰਸ਼ਾਸਕ ਸਾਬਤ ਕੀਤਾ ਅਤੇ ਨਿਡੱਰ ਹੋ ਕੇ ਲੋਕਾਂ ਦੀ ਭਲਾਈ ਅਤੇ ਸਾਂਝੇ ਹਿਤਾਂ ਲਈ ਕੰਮ ਕਰਦੇ ਰਹੇ । ਉਹ ਕਾਫੀ ਸਮਾਂ ਰਾਜ ਦੀਆਂ ਫਿਰਕੂ ਅਤੇ ਪਿਛਾਂਹ ਖਿਚੂ ਤਾਕਤਾਂ ਦਾ ਮੁਕਾਬਲੇ ਕਰਦੇ ਰਹੇ ਅਤੇ ਉਨ੍ਹਾਂ ਨੇ ਸਮਾਜ ਨੂੰ ਵਧੇਰੇ ਵਿਚਾਰਵਾਨ ਤੇ ਆਧੁਨਿਕ ਬਣਾਉਣ ਲਈ ਜਤਨ ਕੀਤਾ ।

ਉਹ ਕੇਂਦਰੀ ਵਿਧਾਨ ਸਭਾ ਦੇ, ਜਦੋਂ ਤਕ ਕਿ ਅਜ਼ਾਦੀ ਤੋਂ ਬਾਦ ਉਸ ਦੀ ਥਾਂ ਸੰਵਿਧਾਨ ਸਭਾ ਨੇ ਨਾ ਲੈ ਲਈ, ਮੈਂਬਰ ਰਹੇ । ਉਹ ਪੰਜਾਬ ਵਿਧਾਨ ਪਰੀਸ਼ਦ ਲਈ 1954 ਅਤੇ ਫੇਰ 1960 ਵਿਚ ਚੁਣੇ ਗਏ ਸਨ । 1962 ਵਿਚ ਉਹ ਹਲਕਾ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਤੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ।

ਉਨ੍ਹਾਂ ਦੀ ਮੌਤ ਨਾਲ ਪੰਜਾਬ ਇਕ ਲੋਕ ਹਿਤਕਾਰੀ ਤੋਂ ਵਾਂਝਾ ਹੋ ਗਿਆ ਹੈ, ਜੋ ਲੋਕਾਂ ਵਿਚ ਅਟੱਲ ਵਿਸ਼ਵਾਸ ਰਖਦੇ ਸਨ ਅਤੇ ਜੋ ਗਰੀਬਾਂ ਅਤੇ ਮਜ਼ਲੂਮਾਂ ਦੀ ਭਲਾਈ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ । ਉਨ੍ਹਾਂ ਦੀ ਮੌਤ ਨਾਲ ਪੰਜਾਬ ਦੇ ਰਾਜਸੀ ਮੰਡਲ ਵਿਚ ਖਲਾਅ ਪੈਦਾ ਹੋ ਗਿਆ ਹੈ ।

ਸਪੀਕਰ ਸਾਹਿਬ, ਬੜੀ ਦੁਖਦਾਈ ਗੱਲ ਇਹ ਹੈ ਕਿ ਸੰਤ ਫ਼ਤਿਹ ਸਿੰਘ ਜੀ ਜੋ ਇਕ ਉਘੇ ਧਾਰਮਕ ਵਿਅਕਤੀ ਸਨ, ਉਹ ਸਾਡੇ ਪਾਸੋਂ ਪਿਛਲੇਰੇ ਮਹੀਨੇ ਹਮੇਸ਼ਾਂ ਲਈ ਵਿੱਛੜ ਗਏ ਹਨ । ਉਹ ਕੇਵਲ ਸਿੱਖਾਂ ਵਿਚ ਹੀ ਨਹੀਂ ਸਗੋਂ ਦੂਜੇ ਲੋਕਾਂ ਵਿਚ ਵੀ ਸਤਿਕਾਰ ਦੀ ਦ੍ਰਿਸ਼ਟੀ ਨਾਲ ਵੇਖੇ ਜਾਂਦੇ ਸਨ । ਉਨ੍ਹਾਂ ਨੇ ਆਪਣੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਅਤੇ ਮਨੁੱਖਤਾਵਾਦ ਦੀ ਡੂੰਘੀ ਸੂਝ ਕਾਰਨ ਰਾਸ਼ਟਰੀ ਘਟਨਾਵਾਂ ਤੇ ਕਈ ਤਰ੍ਹਾਂ ਨਾਲ ਅਸਰ ਪਾਇਆ । ਉਹ ਨਿਸਚੇ ਭਰੀ ਹਿੰਮਤ ਵਾਲੇ ਅਤੇ ਲੋਕਾਂ ਦੀ ਸੇਵਾ ਲਈ ਭਰਪੂਰ ਉਤਸ਼ਾਹ ਰਖਦੇ ਸਨ । ਉਹ ਰਾਸ਼ਟਰ-ਵਾਦੀ ਸਨ । ਏਕਤਾ ਨੂੰ ਸਹਿਜੇ ਸਹਿਜੇ ਬਣਾਉਣ ਵਾਲੇ ਸਨ । ਆਪਣੇ ਪੈਰੋਕਾਰਾਂ ਨੂੰ ਉਹ ਫ਼ਿਰਕਾ-ਪ੍ਰਸਤੀ ਦੇ ਰਾਹ ਤੋਂ ਸਦਾ ਵਰਜਦੇ ਰਹੇ ।

ਉਹਨਾਂ ਨੇ ਆਪਣਾ ਜੀਵਨ ਧਾਰਮਕ, ਸਮਾਜਕ ਅਤੇ ਵਿਦਿਅਕ ਸਰਗਰਮੀਆਂ ਵਿਚ ਬਿਤਾਇਆ । ਉਨ੍ਹਾਂ ਨੇ ਆਪਣਾ ਜੀਵਨ ਮਨੁੱਖਤਾ ਦੀ ਸੇਵਾ ਵਿਚ ਲਾ ਦਿੱਤਾ । ਪੰਜਾਬ ਨੂੰ ਖੁਸ਼ਹਾਲ ਬਣਾਉਣ ਵਿਚ ਉਨ੍ਹਾਂ ਦਾ ਯੋਗਦਾਨ ਅਤੇ ਮਜ਼ਲੂਮ ਤੇ ਗਰੀਬ ਲੋਕਾਂ ਦੀ ਬਿਹਤਰੀ ਲਈ ਕੀਤੇ ਕੰਮ ਉਨ੍ਹਾਂ ਦੇ ਅਸੂਲਾਂ ਅਤੇ ਧਾਰਨਾਵਾਂ ਦੀ ਸਭ ਤੋਂ ਚੰਗੀ ਯਾਦਗਾਰ ਹਨ ।

ਸੰਤ ਫ਼ਤਿਹ ਸਿੰਘ ਜੀ ਨੇ ਰਾਜਨੀਤਕ ਪ੍ਰਸਿੱਧੀ ਉਦੋਂ ਪ੍ਰਾਪਤ ਕੀਤੀ ਜਦੋਂ 1960 ਵਿਚ ਉਨ੍ਹਾਂ ਨੇ ਪੰਜਾਬੀ ਸੂਬੇ ਲਈ ਐਜੀਟੇਸ਼ਨ ਸ਼ੁਰੂ ਕੀਤੀ । ਉਨ੍ਹਾਂ ਨੇ ਅਕਾਲੀ ਸਰਕਾਰ ਵਿਚ ਕਦੇ ਵੀ ਕੋਈ ਵਜ਼ਾਰਤੀ ਅਹੁਦਾ ਲੈਣਾ ਪਰਵਾਨ ਨਹੀਂ ਕੀਤਾ । ਉਨ੍ਹਾਂ ਨੇ ਪੰਜਾਬ ਲਈ ਜੋ ਘਾਲਣਾਂ ਘਾਲੀਆਂ, ਉਹ ਕਾਬਲੇ-ਜ਼ਿਕਰ ਹਨ । ਉਨ੍ਹਾਂ ਨੇ ਪੰਜਾਬ ਦੀ ਰਾਜਨੀਤੀ ਵਿਚ ਨਵੀਆਂ ਲੀਹਾਂ ਤੋਰਨ ਦੀ ਕੋਸ਼ਿਸ਼ ਕੀਤੀ । ਉਨ੍ਹਾਂ ਨੇ ਨਵੇਂ ਪੰਜਾਬ ਅਤੇ ਪੁਰਾਣੇ ਪੰਜਾਬ ਦੇ ਵਿਚ ਜੋ ਉਥਲ ਪੁਥਲ ਹੋਈ ਉਸ ਦੇ ਵਿਚ ਬਹੁਤ ਹਿੱਸਾ ਪਾਇਆ ।

ਸੰਤ ਫ਼ਤਿਹ ਸਿੰਘ ਜੀ ਦੇ ਸਾਡੇ ਪਾਸੋਂ ਚਲੇ ਜਾਣ ਨਾਲ ਇਕ ਬਹੁਤ ਵੱਡਾ ਘਾਟਾ ਸਾਡੇ ਸਾਹਮਣੇ ਆਇਆ ਹੈ ਜੋ ਕਿ ਜਲਦੀ ਜਲਦੀ ਪੂਰਾ ਨਹੀਂ ਹੋ ਸਕਦਾ । ਪੰਜਾਬ ਦੀ ਰਾਜਨੀਤਿਕ ਦੁਨੀਆਂ ਵਿਚ ਉਨ੍ਹਾਂ ਦੇ ਜਾਣ ਤੋਂ ਬਾਅਦ ਕਾਫੀ ਸੁੰਨ ਨਜ਼ਰ ਆਉਂਦੀ ਹੈ ।

ਸਪੀਕਰ ਸਾਹਿਬ, ਥੋੜ੍ਹੇ ਹੀ ਸਮੇਂ ਤੋਂ ਬਾਅਦ, ਪੂਰਾ ਇਕ ਹੀ ਮਹੀਨਾ ਬੀਤਿਆ ਸੀ ਜਦੋਂ ਕਿ ਸੰਤ ਫ਼ਤਿਹ ਸਿੰਘ ਜੀ ਦੇ ਬਹੁਤ ਪਿਆਰੇ, ਸੰਤ ਚੰਨਣ ਸਿੰਘ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਸਾਡੇ ਪਾਸੋਂ ਹਮੇਸ਼ਾਂ ਲਈ ਵਿੱਛੜ ਗਏ । ਉਹ ਆਦਰਯੋਗ ਧਾਰਮਿਕ ਨੇਤਾ ਸਨ । ਉਨ੍ਹਾਂ ਨੇ ਸਿਖ ਧਰਮ ਦੀ ਮਹਾਨ ਸੇਵਾ ਕੀਤੀ । ਸਪੱਸ਼ਟਵਾਦੀ ਹੋਣ ਦਾ ਇਕ ਵਿਸ਼ੇਸ ਗੁਣ ਉਨ੍ਹਾਂ ਵਿਚ ਸੀ । ਉਨ੍ਹਾਂ ਨੇ ਜਾਤਾਂ ਅਤੇ ਫ਼ਿਰਕਿਆਂ ਦਾ ਕਿਸੇ ਕਿਸਮ ਦਾ ਲਿਹਾਜ਼ ਆਪਣੇ ਦਿਮਾਗ ਵਿਚ ਨਹੀਂ ਰੱਖਿਆ । ਮਜ਼ਲੂਮਾਂ ਅਤੇ ਗਰੀਬ ਲੋਕਾਂ ਨੂੰ ਉੱਚਾ ਚੁੱਕਣ ਲਈ ਆਪਣਾ ਸਮੁੱਚਾ ਜੀਵਨ ਅਰਪਣ ਕਰਨ ਵਿਚ ਉਹ ਤਤਪਰ ਰਹੇ ਹਨ । ਉਨ੍ਹਾਂ ਨੇ ਸਰਬ-ਵਿਆਪੀ ਭਾਈਚਾਰੇ ਅਤੇ ਲੋਕਾਂ ਦੇ ਵਿਚ ਏਕਤਾ ਦਾ ਪਰਚਾਰ ਕੀਤਾ । ਉਨ੍ਹਾਂ ਨੇ ਆਪਣਾ ਜੀਵਨ ਗੁਰਦਵਾਰਿਆਂ ਦੀ ਸੇਵਾ ਵਿਚ ਅਤੇ ਜ਼ਿਲ੍ਹਾ ਗੰਗਾਨਗਰ ਨਾਲ ਸਬੰਧਤ ਵਿਕਾਸ ਕਾਰਜ ਲਈ ਅਰਪਣ ਕਰ ਦਿਤਾ, ਜਿਥੇ ਕਿ ਬੁਢਾ ਜੋਹੜ ਵਿਚ ਗੁਰਦਵਾਰਾ ਬਣਾਇਆ ਅਤੇ ਉਨ੍ਹਾਂ ਨੇ ਹੋਰ ਵੀ ਕਈ ਥਾਵਾਂ ਤੇ ਵਿਦਿਅਕ ਅਦਾਰੇ ਕਾਇਮ ਕਰਨ ਵਿਚ ਸਹਾਇਤਾ ਕੀਤੀ । 1962 ਵਿਚ ਉਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਅਤੇ ਅੰਤ ਤਕ ਉਹ ਇਸੇ ਅਹੁਦੇ ਤੇ ਰਹੇ ।

ਸਿੱਖਿਆ ਅਤੇ ਧਰਮ ਦੇ ਖੇਤਰ ਵਿਚ ਲੋਕਾਂ ਦੀ ਸੇਵਾ ਵਿਚ ਉਨ੍ਹਾਂ ਨੇ ਬੜੀ ਹਿੰਮਤ ਨਾਲ ਹੱਥ ਵਟਾਇਆ ।

[ਮੁੱਖ ਮੰਤਰੀ]

ਪੰਜਾਬ ਦੀ ਰਾਜਨੀਤੀ ਵਿਚ ਉਹ ਭਾਵੇਂ ਸਿੱਧਾ ਦਖਲ ਨਹੀਂ ਸਨ ਦਿੰਦੇ ਪਰ ਫਿਰ ਵੀ ਉਨ੍ਹਾਂ ਦਾ ਇਕ ਖਾਸ ਸਥਾਨ ਸੀ। ਕਿਉਂਕਿ ਉਹ ਇਕ ਧਾਰਮਕ ਵਿਅਕਤੀ ਸਨ ਇਸ ਲਈ ਉਨ੍ਹਾਂ ਦੇ ਚਲਾਣੇ ਨਾਲ ਸਾਡੀ ਧਾਰਮਿਕ-ਦੁਨੀਆਂ ਵਿਚ ਬਹੁਤ ਵੱਡਾ ਖੱਪਾ ਪੈ ਗਿਆ ਹੈ।

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦੇ ਸਬੰਧੀਆਂ ਨਾਲ ਇਸ ਸਦਨ ਵਲੋਂ ਹਮਦਰਦੀ ਪਰਗਟ ਕੀਤੀ ਜਾਵੇ ਅਤੇ ਉਨ੍ਹਾਂ ਦੀ ਯਾਦ ਵਿਚ ਦੋ ਮਿੰਟ ਖੜੇ ਹੋ ਕੇ ਸ਼ਰਧਾਂਜਲੀ ਦਿੱਤੀ ਜਾਵੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜ ਬਾਹਾ) : ਸਪੀਕਰ ਸਾਹਿਬ, ਬੜੇ ਦੁਖ ਤੇ ਅਫਸੋਸ ਦੀ ਗੱਲ ਹੈ ਕਿ ਪਿਛਲੇ ਕੁਝ ਮਹੀਨਿਆਂ ਵਿਚ ਸਾਡੇ ਹਿੰਦੁਸਤਾਨ ਦੇ ਤਿੰਨ ਮਹਾਨ ਨੇਤਾ ਸਾਡੇ ਵਿਚਕਾਰੋਂ ਚਲੇ ਗਏ ਹਨ। ਸੰਤ ਬਾਬਾ ਫ਼ਤਿਹ ਸਿੰਘ ਜੀ, ਸੰਤ ਚੰਨਣ ਸਿੰਘ ਜੀ ਅਤੇ ਮੇਜਰ ਹਰਿੰਦਰ ਸਿੰਘ ਜੀ ਦੀ ਮੌਤ ਨਾਲ ਜੋ ਸਾਡੇ ਸੂਬੇ ਨੂੰ ਅਤੇ ਸਾਡੇ ਮੁਲਕ ਨੂੰ ਘਾਟਾ ਪਿਆ ਹੈ ਉਹ ਮੈਂ ਸਮਝਦਾ ਹਾਂ ਕਿ ਕਦੇ ਪੂਰਾ ਹੋਣ ਵਾਲਾ ਨਹੀਂ। ਮੌਤ ਇਕ ਭਿਆਨਕ ਚੀਜ਼ ਹੈ ਲੇਕਿਨ ਮੈਂ ਸਮਝਦਾ ਹਾਂ ਕਿ ਕਈ ਦਫ਼ਾ ਮੌਤ ਤੋਂ ਬਾਦ ਪਤਾ ਲਗਦਾ ਹੈ ਕਿ ਕਿਸੀ ਆਦਮੀ ਦੀ ਕਿਤਨੀ ਸ਼ਖਸੀਅਤ ਸੀ ਅਤੇ ਕਿਸ ਨੇ ਕਿਤਨੇ ਕੰਮ ਕਾਰ ਕੀਤੇ ਹਨ। ਸੰਤ ਬਾਬਾ ਫ਼ਤਿਹ ਸਿੰਘ ਜੀ ਦੀ ਮੌਤ ਤੋਂ ਥੋੜ੍ਹੇ ਮਿੰਟ ਬਾਅਦ ਹੀ ਸਾਰੀ ਦੁਨੀਆਂ ਦੇ ਰੇਡੀਉ ਸਟੇਸ਼ਨਾਂ ਤੋਂ ਉਨ੍ਹਾਂ ਦੀ ਮੌਤ ਦੀ ਖ਼ਬਰ ਪਰਸਾਰਤ ਹੋਈ। ਹਿੰਦੁਸਤਾਨ ਤੋਂ ਬਾਹਰ ਅਤੇ ਹਿੰਦੁਸਤਾਨ ਦੇ ਜਿਤਨੇ ਵੀ ਉੱਘੇ ਲੀਡਰ ਹਨ ਉਨ੍ਹਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਾਡੇ ਪਰਾਈਮ ਮਨਿਸਟਰ ਸਾਹਿਬ ਨੇ, ਪਰੈਜ਼ੀਡੈਂਟ ਸਾਹਿਬ ਅਤੇ ਸੈਂਟਰ ਦੇ ਹੋਰ ਲੀਡਰਾਂ ਨੇ, ਜਨਸੰਘ ਦੇ ਪਰਧਾਨ ਨੇ, ਸਾਰੀਆਂ ਪਾਰਟੀਆਂ ਦੇ ਉੱਘੇ ਲੀਡਰਾਂ ਨੇ, ਕਿਹਾ ਕਿ ਸੰਤ ਬਾਬਾ ਫ਼ਤਿਹ ਸਿੰਘ ਜੀ ਇਕ ਮਹਾਨ ਨੇਤਾ ਸਨ ਅਤੇ ਦੇਸ਼ ਤੋਂ ਮਰ ਮਿਟਣ ਵਾਲੇ ਪਰਵਾਨੇ ਸਨ। ਜੇ ਮੈਂ ਇਹ ਕਹਾਂ ਕਿ ਸੰਤ ਬਾਬਾ ਫ਼ਤਿਹ ਸਿੰਘ ਜੀ ਇਸ ਨਵੇਂ ਪੰਜਾਬ ਦੇ ਜਨਮ ਦਾਤਾ ਸਨ ਤਾਂ ਇਹ ਗੱਲ ਬਿਲਕੁਲ ਸੋਲ੍ਹਾਂ ਆਨੇ ਸਹੀ ਹੋਵੇਗੀ ਅਤੇ ਇਹ ਗੱਲ ਕਿਸੀ ਕੋਲੋਂ ਭੁੱਲੀ ਹੋਈ ਨਹੀਂ। ਪੰਜਾਬੀ ਸੂਬੇ ਦਾ ਜੋ ਮਸਲਾ ਸੀ ਉਸ ਦੇ ਬਾਰੇ ਕਿਸੇ ਵੇਲੇ ਇਹ ਕਿਹਾ ਜਾਂਦਾ ਸੀ ਕਿ ਇਹ ਸਾਡੀਆਂ ਲਾਸ਼ਾਂ ਤੇ ਬਣੇਗਾ ਅਤੇ ਇਹ ਵੀ ਕਿਹਾ ਜਾਂਦਾ ਸੀ ਇਹ ਇਕ ਭੁਲੇਖੇ ਵਾਲੀ ਚੀਜ਼ ਹੈ। ਮੈਂ ਸਮਝਦਾ ਹਾਂ ਕਿ ਸੰਤ ਬਾਬਾ ਫ਼ਤਿਹ ਸਿੰਘ ਜੀ ਨੇ ਇਸ ਤਰ੍ਹਾਂ ਦੀ ਰੂਪ ਰੇਖਾ ਦਿਤੀ, ਐਸੀ ਮੁਹਿੰਮ ਚਲਾਈ ਅਤੇ ਕੁਰਬਾਨੀ ਦਿੱਤੀ ਜਿਸ ਨਾਲ ਇਹ ਪੰਜਾਬੀ ਸੂਬਾ ਹੋਂਦ ਵਿਚ ਆਇਆ। ਸੰਤ ਬਾਬਾ ਫਤਹਿ ਸਿੰਘ ਜੀ ਕਿਹਾ ਕਰਦੇ ਸਨ ਕਿ ਮੈਂ ਪੰਜਾਬੀ ਸੂਬਾ ਸਿਰਫ਼ ਇਕ ਫ਼ਿਰਕੇ ਲਈ ਨਹੀਂ ਮੰਗਦਾ, ਸਿਰਫ ਇਕ ਫ਼ਿਰਕੇ ਨੂੰ ਤਾਕਤ ਦੇਣ ਲਈ ਨਹੀਂ ਮੰਗਦਾ, ਮੈਂ ਪੰਜਾਬੀ ਸੂਬਾ ਸਿੱਖਾਂ ਦੀ ਥੋੜ੍ਹੀ ਜਿਹੀ ਗਿਣਤੀ ਵਾਸਤੇ ਨਹੀਂ ਮੰਗਦਾ, ਮੈਨੂੰ ਕੋਈ ਫ਼ਿਕਰ ਨਹੀਂ ਕਿ ਇਥੇ ਸਿੱਖ ਕਿਤਨੇ ਵਸਦੇ ਹਨ ਅਤੇ ਹਿੰਦੂ ਕਿਤਨੇ ਵਸਦੇ ਹਨ। ਮੈਂ ਇਹ ਚਾਹੁੰਦਾ ਹਾਂ ਕਿ ਇਕ ਐਸਾ ਸੂਬਾ ਹੋਵੇ ਜਿਸ ਵਿਚ ਪੰਜਾਬੀ ਦੀ ਪਰਫੁਲਤਾ ਹੋਵੇ। ਸੰਤ ਬਾਬਾ ਫ਼ਤਿਹ ਸਿੰਘ ਨੇ ਸੈਕੂਲਰ ਤਰੀਕੇ ਨਾਲ, ਭਾਸ਼ਾਈ ਤਰੀਕੇ ਨਾਲ ਪੰਜਾਬੀ ਸੂਬੇ ਦਾ ਮਸਲਾ ਹੱਲ ਕਰਨ ਦਾ ਯਤਨ ਕੀਤਾ ਅਤੇ ਉਸ ਦੇ ਵਾਸਤੇ ਸੰਤ ਬਾਬਾ ਫ਼ਤਿਹ ਸਿੰਘ ਜੀ ਨੂੰ ਜੋ ਕੁਰਬਾਨੀਆਂ ਦੇਣੀਆਂ ਪਈਆਂ, ਦਿਤੀਆਂ ਅਤੇ ਇਹ ਕੁਰਬਾਨੀਆਂ ਕਿਸੇ ਤੋਂ ਭੁਲੀਆਂ ਹੋਈਆਂ ਨਹੀਂ। ਉਨ੍ਹਾਂ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਪੰਜਾਬੀਆਂ ਵਾਸਤੇ ਪੰਜਾਬੀ ਸੂਬਾ ਬਣਾਇਆ ਹੈ।

ਇਸ ਕਰਕੇ ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਵਡੀ ਦੇਣ ਇਸ ਮਹਾਨ ਨੇਤਾ ਦੀ ਪੰਜਾਬੀਆਂ ਵਾਸਤੇ ਹੈ । ਜਿਥੇ ਉਹ ਪੰਜਾਬ ਨਾਲ ਇਤਨਾ ਪਿਆਰ ਕਰਦੇ ਸਨ ਉਥੇ ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਵਧੇਰੇ ਪਿਆਰ ਦੇਸ਼ ਨਾਲ ਵੀ ਸੀ । ਉਹ ਹਮੇਸ਼ਾ ਸਾਰੇ ਦੇਸ਼ ਨੂੰ ਇਕੱਠਾ ਕਰਨ ਵਾਸਤੇ, ਏਕਤਾ ਕਾਇਮ ਕਰਨ ਵਾਸਤੇ ਕੰਮ ਕਰਦੇ ਰਹਿੰਦੇ ਸਨ । ਕਈ ਵਾਰੀ ਜਿਹੜਾ ਪਰੋਗਰਾਮ ਉਨ੍ਹਾਂ ਨੇ ਉਲੀਕਿਆ ਹੁੰਦਾ ਸੀ ਜੇ ਉਨ੍ਹਾਂ ਵਿਚ ਜੇ ਕੋਈ ਦੇਸ਼ ਦਾ ਮਸਲਾ ਖੜਾ ਹੋ ਜਾਂਦਾ ਸੀ ਤਾਂ ਉਹ ਹਮੇਸ਼ਾ ਦੇਸ਼ ਨੂੰ ਪਹਿਲ ਦਿੰਦੇ ਸਨ ਅਤੇ ਆਪਣੇ ਦਿਤੇ ਪਰੋਗਰਾਮ ਪੋਸਟਪੋਨ ਕਰ ਦਿੰਦੇ ਸਨ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਦੇਸ਼ ਭਗਤ ਬਹੁਤ ਹੀ ਘੱਟ ਪੈਦਾ ਹੁੰਦੇ ਹਨ ਜਿਸ ਤਰ੍ਹਾਂ ਦੇ ਕਿ ਸੰਤ ਬਾਬਾ ਫ਼ਤਿਹ ਸਿੰਘ ਜੀ ਸਨ ।

ਸਪੀਕਰ ਸਾਹਿਬ, ਜਿਥੇ ਉਨ੍ਹਾਂ ਦਾ ਦੇਸ਼ ਨਾਲ ਇਤਨਾ ਪਿਆਰ ਸੀ ਉਥੇ ਉਹ ਸਾਡੇ ਸੂਬੇ ਦੇ ਵਿਚ ਵਸਦੀਆਂ ਕੌਮਾਂ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਨ੍ਹਾਂ ਦਾ ਸਤਿਕਾਰ ਕਰਦੇ ਸਨ । ਉਹ ਕਹਿੰਦੇ ਹੁੰਦੇ ਸਨ ਕਿ ਹਿੰਦੂ ਅਤੇ ਸਿੱਖ ਦੋ ਸੱਕੇ ਭਰਾ ਹਨ ਅਤੇ ਉਨ੍ਹਾਂ ਦੀ ਰੋਟੀ ਅਤੇ ਬੇਟੀ ਦੀ ਸਾਂਝ ਹੈ, ਉਨ੍ਹਾਂ ਦਾ ਆਪਸ ਵਿਚ ਨਹੁੰ ਅਤੇ ਮਾਸ ਦਾ ਰਿਸ਼ਤਾ ਹੈ । ਜਿਹੜੇ ਲੋਕ ਇਨ੍ਹਾਂ ਵਿਚ ਫਰਕ ਪਾਉਣ ਦੀ ਕੋਸ਼ਿਸ਼ ਕਰਦੇ ਹਨ ਉਹ ਲੋਕ ਸਮਾਜ ਦੇ, ਸੂਬੇ ਦੇ ਦੁਸ਼ਮਨ ਹਨ । ਉਨ੍ਹਾਂ ਨੇ ਆਪਣੇ ਸਮੇਂ ਦੇ ਦੌਰਾਨ, ਅਕਾਲੀ ਦਲ ਦੀ ਪਰਧਾਨਗੀ ਦੇ ਪੱਦ ਤੇ ਹੁੰਦੇ ਹੋਏ ਉਨ੍ਹਾਂ ਨੇ ਪੰਜਾਬ ਲਈ ਬਹੁਤ ਕੰਮ ਕੀਤੇ ਅਤੇ ਹਿੰਦੂਆਂ ਅਤੇ ਸਿੱਖਾਂ ਵਿਚ ਆਪਸ ਵਿਚ ਗਲਵਕੜੀਆਂ ਪੁਆਈਆਂ । ਜਿਥੇ ਸੰਤ ਬਾਬਾ ਫ਼ਤਿਹ ਸਿੰਘ ਜੀ ਹਿੰਦੂਆਂ ਅਤੇ ਸਿੱਖਾਂ ਲਈ ਇਤਨਾ ਕੰਮ ਕਰਦੇ ਸਨ ਉਥੇ ਉਨ੍ਹਾਂ ਦੀ ਇਹ ਵੀ ਆਸ਼ਾ ਸੀ, ਖਾਹਿਸ਼ ਸੀ ਅਤੇ ਉਹ ਚਾਹੁੰਦੇ ਸਨ ਕਿ ਸਾਡੇ ਗਰੀਬ ਵਰਗ ਨੂੰ, ਹਰੀਜਨਾਂ ਨੂੰ ਉੱਚਾ ਚੁਕਿਆ ਜਾਵੇ । ਉਹ ਹਮੇਸ਼ਾ ਜਦੋਂ ਅਕਾਲੀ ਸਰਕਾਰ ਸੀ ਕਹਿੰਦੇ ਹੁੰਦੇ ਸਨ ਕਿ ਵੱਧ ਤੋਂ ਵੱਧ ਜਿਹੜਾ ਬਜਟ ਹੈ ਉਹ ਹਰੀਜਨ ਭਲਾਈ ਵਾਸਤੇ ਖਰਚ ਕਰਨਾ ਚਾਹੀਦਾ ਹੈ ।' ਇਹ ਉਨ੍ਹਾਂ ਦੀ ਹੀ ਦੇਣ ਹੈ ਕਿ ਅਕਾਲੀ ਪਾਰਟੀ ਦੀ ਸਰਕਾਰ ਨੇ ਪਿੰਡ ਪਿੰਡ ਵਿਚ ਹਰੀਜਨਾਂ ਲਈ ਧਰਮਸ਼ਾਲਾਵਾਂ ਬਣਵਾਈਆਂ, ਹਰੀਜਨਾਂ ਦੀ ਭਲਾਈ ਵਾਸਤੇ ਕਾਰਪੋਰੇਸ਼ਨ ਬਣਾਈ ਅਤੇ ਹੋਰ ਤਰੱਕੀ ਦੇ ਕੰਮ ਕੀਤੇ । ਮੈਂ ਸਮਝਦਾ ਹਾਂ ਕਿ ਸੰਤ ਬਾਬਾ ਫ਼ਤਿਹ ਸਿੰਘ ਜੀ ਦੇ ਇਸ ਦੁਨੀਆਂ ਤੋਂ ਚਲੇ ਜਾਣ ਨਾਲ ਸਾਡੇ ਦੇਸ਼ ਨੂੰ ਬਹੁਤ ਘਾਟਾ ਪਿਆ ਹੈ ।

ਸਪੀਕਰ ਸਾਹਿਬ, ਇਕ ਇਹ ਚੀਜ਼ ਜੋ ਮੈਂ ਦਸਣੀ ਚਾਹੁੰਦਾ ਹਾਂ ਉਹ ਬਹੁਤ ਹੀ ਘੱਟ ਲੀਡਰਾਂ ਵਿਚ ਆਉਂਦੀ ਹੈ ਉਹ ਇਹ ਹੈ ਕਿ ਸੰਤ ਬਾਬਾ ਫ਼ਤਿਹ ਸਿੰਘ ਜੀ ਇਕ ਬਹੁਤ ਭਾਰੀ ਕਬੀਲੇ ਵਾਲੇ ਸਨ । ਭਾਵੇਂ ਉਨ੍ਹਾਂ ਦਾ ਕੋਈ ਪੁੱਤਰ ਜਾਂ ਧੀ ਨਹੀਂ ਸੀ ਪਰ ਉਨ੍ਹਾਂ ਦੇ ਭਰਾ ਭੈਣਾਂ ਹਨ, ਭਤੀਜੇ ਹਨ, ਭਾਣਜੇ ਹਨ ਅਤੇ ਹੋਰ ਬਹੁਤ ਸਾਰੇ ਨਜ਼ਦੀਕੀ ਰਿਸ਼ਤੇਦਾਰ ਹਨ ਪਰ ਉਨ੍ਹਾਂ ਨੇ ਕਿਸੀ ਆਦਮੀ ਨੂੰ ਵੀ ਇਕ ਪੈਸੇ ਦਾ ਫ਼ਾਇਦਾ ਨਹੀਂ ਦਿਤਾ । ਅੱਜ ਤੱਕ ਕਿਸੀ ਨੂੰ ਇਹ ਵੀ ਨਹੀਂ ਸੀ ਪਤਾ ਕਿ ਇਨ੍ਹਾਂ ਦੇ ਕੋਈ ਰਿਸ਼ਤੇਦਾਰ ਵੀ ਹਨ ਜਾਂ ਨਹੀਂ । ਉਨ੍ਹਾਂ ਦੇ ਮਰਨ ਤੋਂ ਬਾਦ ਪਤਾ ਲਗਿਆ ਕਿ ਉਨ੍ਹਾਂ ਦਾ ਇਤਨਾ ਭਾਰੀ ਕਬੀਲਾ ਸੀ । ਪਰ ਅੱਜ ਆਮ ਹਾਲਤ ਇਹ ਹੈ ਕਿ ਜਿਹੜਾ ਵੀ ਕੋਈ ਵਜ਼ੀਰ ਬਣਦਾ ਹੈ ਜਾਂ ਕੋਈ ਹੋਰ ਉੱਚੀ ਪਦਵੀ ਸੰਭਾਲਦਾ ਹੈ ਤਾਂ ਪਤਾ ਲਗਦਾ ਹੈ ਕਿ ਇਸ ਦਾ ਜਵਾਈ ਕੌਣ ਹੈ, ਇਸ ਦਾ ਭਰਾ ਕੌਣ ਹੈ, ਇਸ ਦਾ ਚਾਚਾ ਕੌਣ ਹੈ ਅਤੇ ਉਨ੍ਹਾਂ ਨੂੰ ਉਹ ਵੱਧ ਤੋਂ ਵੱਧ ਫ਼ਾਇਦਾ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਲੇਕਿਨ ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਇਹ ਸੰਤ ਬਾਬਾ ਫ਼ਤਿਹ ਸਿੰਘ ਜੀ ਹੀ ਸਨ ਜਿਨ੍ਹਾਂ ਨੇ ਇਕ ਤਾਂਬੇ ਦੇ ਪੈਸੇ

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਦਾ ਵੀ ਕਿਸੇ ਆਪਣੇ ਰਿਸ਼ਤੇਦਾਰ ਨੂੰ ਫਾਇਦਾ ਨਹੀਂ ਪਹੁੰਚਾਇਆ। ਮੈਂ ਸਮਝਦਾ ਹਾਂ ਕਿ ਉਹ ਇਸ ਦੁਨੀਆਂ ਵਿਚੋਂ ਬਿਲਕੁਲ ਬੇਦਾਗ ਗਏ ਹਨ।

ਸਪੀਕਰ ਸਾਹਿਬ, ਅੱਜ ਅਸੀਂ ਸੰਤ ਬਾਬਾ ਫਤਹਿ ਸਿੰਘ ਜੀ ਨੂੰ ਅਤੇ ਸੰਤ ਚੰਨਣ ਸਿੰਘ ਜੀ ਨੂੰ ਅਤੇ ਇਕ ਹੋਰ ਲੀਡਰ ਮੇਜਰ ਹਰਿੰਦਰ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕਰ ਰਹੇ ਹਾਂ। ਮੈਂ ਸਮਝਦਾ ਹਾਂ ਕਿ ਸੰਤ ਬਾਬਾ ਫਤਹਿ ਸਿੰਘ ਜੀ ਨੂੰ ਅਸੀਂ ਸਹੀ ਸਰਧਾਂਜਲੀ ਤਾਂਹੀ ਭੇਟ ਕਰ ਸਕਦੇ ਹਾਂ ਜੇ ਅਸੀਂ ਉਨ੍ਹਾਂ ਦੇ ਚਲਾਏ ਹੋਏ ਪੂਰਨਿਆਂ ਤੇ ਅਮਲ ਕਰੀਏ, ਉਨ੍ਹਾਂ ਦੇ ਚਲਾਏ ਹੋਏ ਰਸਤਿਆਂ ਤੇ ਚਲ ਕੇ ਹਿੰਦੂ ਸਿੱਖ ਏਕਤਾ ਨੂੰ ਹੋਰ ਵਧਾਈਏ ਅਤੇ ਉਨ੍ਹਾਂ ਨੇ ਜੋ ਦੇਸ਼ ਨਾਲ ਪਿਆਰ ਕਰਕੇ ਰਸਤੇ ਦਸੇ ਹਨ ਉਨ੍ਹਾਂ ਤੇ ਚਲ ਕੇ ਮੁਲਕ ਨੂੰ ਉੱਨਤ ਕਰੀਏ ਸੂਬੇ ਨੂੰ ਉੱਨਤ ਕਰੀਏ।

ਸਪੀਕਰ ਸਾਹਿਬ, ਸੰਤ ਫਤਿਹ ਸਿੰਘ ਜੀ ਦੀ ਮੌਤ ਨੂੰ ਹਾਲੀ ਕੋਈ ਬਹੁਤ ਸਮਾਂ ਨਹੀਂ ਸੀ ਹੋਇਆ ਕਿ ਸਾਡੇ ਵਿਚੋਂ ਸੰਤ ਚੰਨਣ ਸਿੰਘ ਜੀ ਵੀ ਵਿਛੜ ਗਏ। ਸੰਤ ਫਤਿਹ ਸਿੰਘ ਜੀ ਦੀ ਮੌਤ ਦਾ ਸਦਮਾ ਹਾਲੀਂ ਸਹਿਣ ਨਹੀਂ ਸੀ ਹੋਇਆ ਕਿ ਸਾਨੂੰ ਇਕ ਹੋਰ ਸਦਮਾ ਸੰਤ ਚੰਨਣ ਸਿੰਘ ਜੀ ਦੀ ਮੌਤ ਨਾਲ ਪਹੁੰਚਿਆ। ਅਸੀਂ ਸੋਚਿਆ ਸੀ ਕਿ ਸੰਤ ਬਾਬਾ ਫਤਿਹ ਸਿੰਘ ਜੀ ਦੀ ਮੌਤ ਤੋਂ ਬਾਦ ਇਕ ਹੋਰ ਮਹਾਨ ਹਸਤੀ ਜੋ ਕਿ ਸੰਤ ਚੰਨਣ ਸਿੰਘ ਜੀ ਸਨ ਉਹ ਪੰਜਾਬੀਆਂ ਦੀ ਵਾਗ ਡੋਰ ਨੂੰ ਸੰਭਾਲ ਲੈਣਗੇ ਲੇਕਿਨ ਕੁਦਰਤ ਨੂੰ ਇਹ ਵੀ ਮਨਜ਼ੂਰ ਨਹੀਂ ਸੀ ਅਤੇ ਪੂਰੇ ਇਕ ਮਹੀਨੇ ਦੇ ਬਾਦ ਸੰਤ ਚੰਨਣ ਸਿੰਘ ਜੀ ਵੀ ਸਾਡੇ ਕੋਲੋਂ ਵਿਛੜ ਗਏ। ਸੰਤ ਚੰਨਣ ਸਿੰਘ ਜੀ ਇਕ ਸੰਤ ਸਿਪਾਹੀ ਸਨ। ਉਹ ਸ਼ੁਰੂ ਵਿਚ ਖੇਤੀ ਬਾੜੀ ਕਰਦੇ ਸਨ ਅਤੇ ਉਸ ਤੋਂ ਬਾਦ ਉਹ ਫੌਜ ਵਿਚ ਮੁਲਕ ਦੀ ਸੇਵਾ ਕਰਨ ਲਈ ਚਲੇ ਗਏ। ਉਨ੍ਹਾਂ ਨੇ ਥੋੜਾ ਚਿਰ ਫੌਜ ਵਿਚ ਰਹਿ ਕੇ ਦੇਸ਼ ਦੀ ਸੇਵਾ ਕੀਤੀ ਪਰ ਉਨ੍ਹਾਂ ਦੀ ਰੁਚੀ ਧਾਰਮਿਕ ਰੁਚੀ ਸੀ ਅਤੇ ਧਰਮ ਵਲ ਹੀ ਉਨ੍ਹਾਂ ਦਾ ਜ਼ਿਆਦਾ ਧਿਆਨ ਸੀ। ਇਸ ਲਈ ਫੌਜ ਵਿਚ ਜ਼ਿਆਦਾ ਦੇਰ ਨੌਕਰੀ ਨਹੀਂ ਕੀਤੀ ਅਤੇ ਉਥੋਂ ਛੱਡ ਕੇ ਆਪਣੇ ਪਿੰਡ ਵਿੱਚ ਆ ਗਏ। ਪਿੰਡ ਆਉਣ ਤੇ ਉਨ੍ਹਾਂ ਨੂੰ ਪਤਾ ਲਗਾ ਕਿ ਨੇੜੇ ਦੇ ਇਕ ਪਿੰਡ ਢੋਲਨ ਵਿਚ ਸੰਤ ਬਾਬਾ ਫਤਿਹ ਸਿੰਘ ਜੀ ਤਪੱਸਿਆ ਕਰ ਰਹੇ ਹਨ। ਉਨ੍ਹਾਂ ਨੂੰ ਮਿਲਣ ਵਾਸਤੇ ਉਹ ਉਥੇ ਚਲੇ ਗਏ। ਉਥੇ ਉਨ੍ਹਾਂ ਦੀ ਪਹਿਲੀ ਮੀਟਿੰਗ ਉਨ੍ਹਾਂ ਨਾਲ ਹੋਈ ਅਤੇ ਉਸ ਤੋਂ ਬਾਅਦ ਉਹ ਉਨ੍ਹਾਂ ਦੇ ਨਾਲ ਅਖੀਰ ਵਕਤ ਤਕ ਇਕਠੇ ਰਹੇ ਅਤੇ ਅਖੀਰ ਵਕਤ ਤਕ ਉਨ੍ਹਾਂ ਨਾਲ ਇਨ੍ਹਾਂ ਨੇ ਸਾਂਝ ਨਿਭਾਈ। ਇਸ ਲਈ ਮੈਂ ਸਮਝਦਾ ਹਾਂ ਕਿ ਸੰਤ ਚੰਨਣ ਸਿੰਘ ਜੀ ਇਕ ਸੰਤ ਸਿਪਾਹੀ ਸਨ ਅਤੇ ਇਕ ਸੱਚੇ ਦੋਸਤ ਵੀ ਸਨ। ਸੰਤ ਚੰਨਣ ਸਿੰਘ ਜੀ ਨੇ ਪੰਜਾਬੀਆਂ ਦੇ ਵਾਸਤੇ ਜੋ ਕੰਮ ਕੀਤਾ ਹੈ ਉਹ ਕਿਸੇ ਤੋਂ ਭੁਲੀ ਹੋਈ ਗਲ ਨਹੀਂ।

ਇਹ ਜੋ ਪੰਜਾਬੀ ਸੂਬਾ ਬਣਿਆ ਅਤੇ ਗੁਰਦਵਾਰਿਆਂ ਦੀ ਆਜ਼ਾਦੀ ਵਾਸਤੇ ਜੋ ਲੜਾਈ ਲੜੀ ਗਈ ਤਾਂ ਸੰਤ ਬਾਬਾ ਫਤਿਹ ਸਿੰਘ ਜੀ ਨੇ ਉਸ ਲਈ ਜੋ ਵੀ ਤਜਵੀਜ਼ ਰਖੀ ਉਸ ਨੂੰ ਪਾਏ ਤਕਮੀਲ ਤਕ ਪਹੁੰਚਾਣ ਵਾਸਤੇ ਉਹ ਪੂਰੀ ਪੂਰੀ ਕੋਸ਼ਿਸ਼ ਕਰਦੇ ਸਨ। ਮੈਂ ਉਨ੍ਹਾਂ ਦੇ ਪਾਸ ਰਿਹਾ ਹਾਂ ਅਤੇ ਮੈਂ ਕਹਿ ਸਕਦਾ ਹਾਂ ਕਿ ਇਹੋ ਜਿਹੇ ਐਡਮਨਿਸਟਰੇਟਰ ਬਹੁਤ ਘੱਟ ਮਿਲਦੇ ਹਨ। ਸੰਤ ਚੰਨਣ ਸਿੰਘ ਜੀ 10 ਸਾਲ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ। ਉਹ ਪਹਿਲੀ ਦਫਾ ਸਿਰਫ 3 ਵੋਟਾਂ ਨਾਲ ਹੀ ਪ੍ਰਧਾਨ ਚੁਣੇ ਗਏ, ਲੇਕਿਨ ਥੋੜੇ ਜਿਹੇ ਸਮੇਂ ਵਿਚ ਜੋ ਉਨਾਂ ਨੇ ਸੇਵਾ ਕੀਤੀ, ਕੰਮ ਕਾਰ ਕੀਤਾ, ਉਸ ਦੇ ਬਾਅਦ ਉਹਨਾਂ ਦੇ ਜਿਹੜੇ ਵੀ ਵਿਰੋਧੀ ਸਨ, ਉਨ੍ਹਾਂ ਤੇ ਉਨ੍ਹਾਂ ਦੇ ਕੰਮ ਕਾਜ ਦਾ ਇਤਨਾ ਅਸਰ ਹੋਇਆ ਕਿ ਉਹ ਬਾਦ

ਵਿਚ ਹਮੇਸ਼ਾ ਸਰਬਸੰਮਤੀ ਨਾਲ ਹੀ ਚੁਣੇ ਜਾਂਦੇ ਰਹੇ ਸਨ । ਸਾਨੂੰ ਇਸ ਗੱਲ ਦਾ ਫ਼ਖਰ ਹੈ । ਉਨ੍ਹਾਂ ਨੇ ਗੁਰਦਵਾਰਾ ਨਿਜ਼ਾਮ ਵਿਚ ਬੜਾ ਸੁਧਾਰ ਲਿਆਂਦਾ । ਜਦੋਂ ਉਹ ਪਹਿਲੀ ਵਾਰ ਪ੍ਰਧਾਨ ਬਣੇ ਤਾਂ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਸਿਰਫ 65 ਲੱਖ ਦਾ ਬਜਟ ਸੀ ਲੇਕਿਨ ਅੱਜ ਪੌਣੇ ਦੋ ਕਰੋੜ ਰੁਪਏ ਦਾ ਬਜਟ ਹੈ । ਅੱਜ ਹਾਊਸ ਨੇ ਜੋ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ ਅਤੇ ਮੇਰੇ ਤੋਂ ਪਹਿਲਾਂ ਜੋ ਚੀਫ਼ ਮਨਿਸਟਰ ਨੇ ਕਿਹਾ ਹੈ ਮੈਂ ਉਨ੍ਹਾਂ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ।

ਮੇਜਰ ਹਰਿੰਦਰ ਸਿੰਘ ਜੀ ਦੀ ਮੌਤ ਦਾ ਸਾਡੇ ਪੰਜਾਬੀਆਂ ਨੂੰ ਬੜਾ ਭਾਰੀ ਦੁਖ ਹੋਇਆ ਹੈ । ਉਹ ਇਸ ਹਾਊਸ ਵਿਚ ਬੜੀ ਦੇਰ ਤਕ ਮੈਂਬਰ ਰਹੇ । 20—25 ਸਾਲ ਤਕ ਪੰਜਾਬ ਦੀ ਐਕਟਿਵ ਸਿਆਸਤ ਵਿਚ ਹਿੱਸਾ ਲੈਂਦੇ ਰਹੇ । ਉਹ ਐਮ. ਐਲ. ਸੀ. ਰਹੇ, ਐਮ. ਐਲ. ਏ. ਰਹੇ ਅਤੇ ਮਨਿਸਟਰ ਵੀ ਰਹੇ ਅਤੇ ਵੱਖ ਵੱਖ ਅਹੁਦਿਆਂ ਤੇ ਰਹੇ । ਪਰ ਉਨ੍ਹਾਂ ਦੇ ਦਿਲ ਵਿਚ ਕਦੇ ਕਿਸੇ ਗੱਲ ਦਾ ਫਰਕ ਨਹੀਂ ਆਇਆ । ਉਹ ਆਪੋਜ਼ੀਸ਼ਨ ਵਿਚ ਵੀ ਰਹੇ ਅਤੇ ਗੌਰਮੈਂਟ ਵਿਚ ਵੀ । ਗੌਰਮੈਂਟ ਵਿਚ ਆ ਕੇ ਕਦੇ ਵੀ ਉਨ੍ਹਾਂ ਵਿੱਚ ਤਕੱਬਰ ਨਹੀਂ ਆਇਆ ਅਤੇ ਆਪੋਜ਼ੀਸ਼ਨ ਵਿਚ ਰਹਿ ਕੇ ਉਨ੍ਹਾਂ ਨੇ ਉਹ ਗੱਲਾਂ ਕਦੇ ਨਹੀਂ ਸਨ ਕੀਤੀਆਂ ਜਿਹੜੀਆਂ ਆਪੋਜ਼ੀਸ਼ਨ ਵਾਲੇ ਕਰਦੇ ਹਨ । ਉਨ੍ਹਾਂ ਦੀ ਪਬਲਿਕ ਲਾਈਫ ਬੜੀ ਹੀ ਕਲੀਨ ਰਹੀ ਹੈ । ਇਹੋ ਜਿਹੇ ਘੱਟ ਸੱਜਣ ਮਿਲਣਗੇ ਜਿਨ੍ਹਾਂ ਦੀ ਪਬਲਿਕ ਲਾਈਫ਼ ਇਤਨੀ ਕਲੀਨ ਰਹੀ ਹੋਵੇ ਅਤੇ ਮੈਂ ਸਮਝਦਾ ਹਾਂ ਕਿ ਉਹ ਬਿਲਕੁਲ ਬੇਦਾਗ਼ ਗਏ ਹਨ । ਮੇਜਰ ਹਰਿੰਦਰ ਸਿੰਘ ਜੀ ਬੜੇ ਨੇਕ ਅਤੇ ਇਮਾਨਦਾਰ ਆਦਮੀ ਸਨ । ਉਨ੍ਹਾਂ ਦੀ ਬੜੀ ਉੱਚੀ ਸ਼ਖਸੀਅਤ ਸੀ । ਉਨ੍ਹਾਂ ਨੇ ਮੇਜਰ ਦਾ ਖ਼ਿਤਾਬ ਲਿਆ । ਭਾਵੇਂ ਉਸ ਤੋਂ ਬਾਦ ਉਨ੍ਹਾਂ ਨੂੰ ਵੱਡੇ ਰੁਤਬੇ ਮਿਲੇ, ਪਰ ਉਹ ਬੜੇ ਫਖ਼ਰ ਨਾਲ ਕਹਿੰਦੇ ਸਨ ਕਿ ਉਹ ਇਕ ਫ਼ੌਜ ਦੇ ਸਿਪਾਹੀ ਹਨ ।

ਅੰਤ ਵਿਚ ਮੈਂ ਇਹ ਕਹਾਂਗਾ ਕਿ ਇਨ੍ਹਾਂ ਤਿੰਨ ਸ਼ਖ਼ਸੀਅਤਾਂ ਦੇ ਜਾਣ ਨਾਲ ਸਾਡੇ ਸੂਬੇ ਨੂੰ ਤਾਂ ਨੁਕਸਾਨ ਹੋਣਾ ਸੀ, ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਜਾਣ ਨਾਲ ਸਾਰੇ ਦੇਸ਼ ਨੂੰ ਬੜਾ ਭਾਰੀ ਨੁਕਸਾਨ ਹੋਇਆ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਇਨ੍ਹਾਂ ਹਸਤੀਆਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੋਇਆ ਬੈਠ ਜਾਂਦਾ ਹਾਂ ।

ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ ਪੱਛਮ): ਸਪੀਕਰ ਸਾਹਿਬ, ਮੇਜਰ ਸਾਹਿਬ, ਸੰਤ ਫ਼ਤਿਹ ਸਿੰਘ ਜੀ ਅਤੇ ਸੰਤ ਚੰਨਣ ਸਿੰਘ ਜੀ ਦੀ ਮੌਤ ਨਾਲ ਪੰਜਾਬ ਦੀ ਰਾਜਨੀਤੀ ਨੂੰ ਅਤੇ ਪੰਜਾਬ ਦੇ ਜੀਵਨ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ । ਲੀਡਰ ਆਫ਼ ਦੀ ਹਾਊਸ ਅਤੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਬਹੁਤ ਸਾਰੀਆਂ ਗੱਲਾਂ ਕਹੀਆਂ ਹਨ, ਮੈਂ ਸਾਰੀਆਂ ਦੁਹਰਾਣਾ ਨਹੀਂ ਚਾਹੁੰਦਾ ਹਾਂ । ਪਰ ਮੈਂ ਕੁਝ ਬੇਨਤੀਆਂ ਜ਼ਰੂਰ ਕਰਨੀਆਂ ਚਾਹੁੰਦਾ ਹਾਂ ।

ਮੇਜਰ ਸਾਹਿਬ ਇਕ ਬੜੇ ਤਕੜੇ ਲੈਂਡਲਾਰਡ ਸਨ । ਮੇਰਾ ਉਨ੍ਹਾਂ ਦੇ ਨਾਲ ਵਾਹ ਅੰਮ੍ਰਿਤਸਰ ਦੀ ਜ਼ਿਲ੍ਹਾ ਗਰੀਵੈਂਸਿਜ਼ ਕਮੇਟੀ ਦੇ ਵਿਚ ਕਈ ਦਫ਼ਾ ਪਿਆ । ਗਰੀਵੈਂਸਿਜ਼ ਕਮੇਟੀ ਦੇ ਵਿਚ ਉਹ ਕਿਸ ਤਰ੍ਹਾਂ ਗਰੀਬ ਤੋਂ ਗਰੀਬ ਆਦਮੀ ਦੀ ਵੀ ਛੋਟੀ ਮੋਟੀ ਸ਼ਕਾਇਤ, ਉਨ੍ਹਾਂ ਦੇ ਹਲਕੇ ਦੇ ਜਾਂ ਇਰਦ ਗਿਰਦ ਦੇ ਲੋਕ ਜਿਹੜੇ ਉਨ੍ਹਾਂ ਕੋਲ ਲੈਕੇ ਜਾਂਦੇ ਸਨ, ਉਹ ਉਨ੍ਹਾਂ ਦੀ ਸ਼ਕਾਇਤ ਨੂੰ ਦੂਰ ਕਰਾਉਣ ਲਈ ਆਪ ਹੀ, ਜਿੰਨਾਂ ਚਿਰ ਉਨ੍ਹਾਂ ਦੀ ਸਿਹਤ ਠੀਕ ਰਹੀ, ਗਰੀਵੈਂਸਿਜ਼ ਕਮੇਟੀ ਵਿਚ ਸ਼ਾਮਲ ਹੁੰਦੇ ਸਨ । ਕਈ ਵਾਰੀ ਦੋ ਦੋ

[ਕਾਮਰੇਡ ਸੱਤਪਾਲ ਡਾਂਗ]

ਦਰਜਨ ਨੁਕਤੇ ਉਹ ਕਮੇਟੀ ਵਿਚ ਰਖਦੇ ਸਨ। ਉਨ੍ਹਾਂ ਦੀ ਇਸ ਗੱਲ ਨੇ ਮੈਨੂੰ ਜ਼ਾਤੀ ਤੌਰ ਤੇ ਬੜਾ ਪ੍ਰਭਾਵਤ ਕੀਤਾ। ਉਹ ਲੋਕਾਂ ਦੀਆਂ ਤਕਲੀਫਾਂ ਨੂੰ ਆਪਣਾ ਫਰਜ਼ ਸਮਝ ਕੇ ਉਥੇ ਠੀਕ ਢੰਗ ਨਾਲ ਰਖਦੇ ਸਨ ਅਤੇ ਉਨ੍ਹਾਂ ਨੂੰ ਦੂਰ ਕਰਾਉਂਦੇ ਸਨ। ਇਹ ਉਨ੍ਹਾਂ ਦੀ ਇਕ ਚੰਗੀ ਮਿਸਾਲ ਸੀ।

ਅਸੈਂਬਲੀ ਦੇ ਵਿਚ ਵੀ ਉਨ੍ਹਾਂ ਦੇ ਨਾਲ ਮਿਲਵਰਤਨ ਦਾ ਮੌਕਾ ਮਿਲਿਆ। ਕਾਫ਼ੀ ਸਮੇਂ ਤਕ ਉਹ ਵੀ ਆਪੋਜ਼ੀਸ਼ਨ ਵਿਚ ਸਨ ਅਤੇ ਅਸੀਂ ਵੀ ਆਪੋਜ਼ੀਸ਼ਨ ਵਿਚ ਸੀ। ਉਹ ਬੜੇ ਠੀਕ ਢੰਗ ਨਾਲ ਹਰ ਗੱਲ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦੇ ਸਨ। ਉਨ੍ਹਾਂ ਦੇ ਬਾਰੇ ਵਿਚ ਜਿਤਨਾ ਕੁਝ ਕਿਹਾ ਜਾਏ ਉਤਨਾ ਹੀ ਥੋੜ੍ਹਾ ਹੈ। ਉਨ੍ਹਾਂ ਦੀ ਮੌਤ ਨਾਲ ਸਿਰਫ਼ ਕਾਂਗਰਸ ਪਾਰਟੀ ਨੂੰ ਹੀ ਨਹੀਂ, ਬਲਕਿ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਸਾਰੀ ਰਾਜਨੀਤੀ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ। ਇਹ ਬਿਲਕੁਲ ਮੁਨਾਸਬ ਗੱਲ ਹੈ, ਰਸਮੀ ਗੱਲ ਨਹੀਂ। ਅਸੀਂ ਉਨ੍ਹਾਂ ਦੀ ਮੌਤ ਉਤੇ ਸ਼ੋਕ ਪ੍ਰਗਟ ਕਰੀਏ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਹਮਦਰਦੀ ਕਰੀਏ।

ਸੰਤ ਫ਼ਤਿਹ ਸਿੰਘ ਜੀ ਅਤੇ ਸੰਤ ਚੰਨਣ ਸਿੰਘ ਜੀ ਦਾ ਆਪਸ ਵਿਚ ਅਟੁੱਟ ਰਿਸ਼ਤਾ ਸੀ ਔਰ ਮੈਂ ਵੀ ਸ਼ਰਧਾਂਜਲੀ ਦੇ ਲਫ਼ਜ਼ ਜਿਹੜੇ ਉਨ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ ਦੋਨਾਂ ਬਾਰੇ ਇਕੱਠੇ ਹੀ ਕਹਿਣਾ ਚਾਹਵਾਂਗਾ। ਸਪੀਕਰ ਸਾਹਿਬ, ਸੰਤ ਫ਼ਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਜੀ ਨੇ ਪੰਜਾਬ ਦੀ ਰਾਜਨੀਤੀ ਵਿਚ ਇਕ ਤਕੜੀ ਜਗ੍ਹਾ ਬਣਾਈ। ਉਨ੍ਹਾਂ ਦੀ ਉਸ ਚੀਜ਼ ਨੂੰ ਜਿਸ ਕਰਕੇ ਉਹ ਏਡੇ ਮਹਾਨ ਬਣੇ ਉਸ ਨੂੰ ਲੋਕ ਵਕਤ ਨਾਲ ਭੁੱਲ ਜਾਂਦੇ ਹਨ। ਜਿਸ ਵੇਲੇ ਸੰਤ ਫ਼ਤਿਹ ਸਿੰਘ ਜੀ ਪਹਿਲੀ ਵਾਰ ਸਿਆਸਤ ਵਿਚ ਆਏ, ਅਕਾਲੀ ਪਾਰਟੀਆਂ ਦੋ ਹੋਈਆਂ, ਉਸ ਵੇਲੇ ਸੰਤ ਫ਼ਤਿਹ ਸਿੰਘ ਨੇ ਅਗਾਂਹ-ਵਧੂ ਵਿਚਾਰਾਂ ਦੀ ਬੜੇ ਤਕੜੇ ਤਰੀਕੇ ਨਾਲ ਹਮਾਇਤ ਕੀਤੀ। ਜਿਹੜਾ ਨਾਹਰਾ ਸਾਡੀ ਪਾਰਟੀ ਬੁਲੰਦ ਕਰਦੀ ਸੀ, ਉਸ ਨਾਲ ਉਹ ਸਹਿਮਤ ਸਨ, ਅਤੇ ਅੱਜ ਉਸ ਨਾਅਰੇ ਨੂੰ ਅੱਜ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦਰੁੱਸਤ ਮੰਨਦੀਆਂ ਹਨ। ਅਨਾਜ ਦੀ ਥੋਕ ਤਿਜਾਰਤ ਸਰਕਾਰ ਆਪਣੇ ਹੱਥ ਵਿਚ ਲਵੇ, ਇਸ ਗੱਲ ਦੀ ਸੰਤ ਫ਼ਤਿਹ ਸਿੰਘ ਜੀ ਨੇ ਸਿਆਸਤ ਵਿਚ ਆਉਣ ਤੇ ਡੱਟ ਕੇ ਹਮਾਇਤ ਕੀਤੀ ਅਤੇ ਇਸ ਦੀ ਪ੍ਰੋੜ੍ਹਤਾ ਕੀਤੀ। ਇਸ ਗੱਲ ਤੇ ਪੰਜਾਬ ਦੇ ਵਿਚ ਅੱਜ ਦੋ ਰਾਵਾਂ ਨਹੀਂ ਕਿ ਅਗਰ ਅਨਾਜ ਦੀ ਥੋਕ ਤਿਜਾਰਤ ਦਾ ਕੰਮ ਸਰਕਾਰ ਆਪਣੇ ਹੱਥ ਵਿਚ ਨਾ ਲੈਂਦੀ ਤਾਂ ਕਿਸਾਨਾਂ ਨੂੰ ਆਪਣੀ ਫ਼ਸਲ ਦੀ ਪੂਰੀ ਕੀਮਤ ਨਹੀਂ ਮਿਲ ਸਕਣੀ ਸੀ। ਅੱਜ ਕਾਂਗਰਸ ਪਾਰਟੀ ਨੇ ਆਪਣੇ ਅਹਿਮਦਾਬਾਦ ਦੇ ਇਜਲਾਸ ਵਿਚ ਇਹ ਮਤਾ ਪਾਸ ਕੀਤਾ ਕਿ ਸਾਰੇ ਦੇਸ਼ ਵਿਚ ਅਨਾਜ ਦੀ ਥੋਕ ਤਿਜਾਰਤ ਸਰਕਾਰ ਦੇ ਆਪਣੇ ਹੱਥ ਵਿਚ ਹੋਣੀ ਚਾਹੀਦੀ ਹੈ। ਔਰ ਹੋਲਸੇਲ ਪ੍ਰਾਈਵੇਟ ਤਿਜਾਰਤ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਸ ਤਰੀਕੇ ਨਾਲ ਸੰਤ ਜੀ ਨੇ ਬੈਂਕਾਂ ਨੂੰ ਸਰਕਾਰੀ ਕੀਤੇ ਜਾਣ ਦੀ ਬੜੀ ਹਮਾਇਤ ਕੀਤੀ ਅਤੇ ਉਸ ਦੇ ਸਿੱਟੇ ਵਜੋਂ ਅੱਜ 14 ਬੈਂਕ ਸਰਕਾਰੀ ਹੋਏ। ਭਾਵੇਂ ਉਨ੍ਹਾਂ ਬੈਂਕਾਂ ਦੀ ਨੀਤੀ ਜਿਸ ਢੰਗ ਨਾਲ ਹੋਣੀ ਚਾਹੀਦੀ ਸੀ ਨਹੀਂ ਹੋਈ, ਕਿਉਂਕਿ ਅੱਜ ਵੀ ਬੈਂਕਾਂ ਵਿਚੋਂ ਟਾਟੇ, ਬਿਰਲੇ ਜ਼ਿਆਦਾ ਪੈਸਾ ਲੈ ਜਾਂਦੇ ਹਨ, ਪਰ ਉਨ੍ਹਾਂ ਨੂੰ ਸਰਕਾਰੀ ਕਰਨਾ ਦਰੁੱਸਤ ਗੱਲ ਸੀ। ਇਸ ਦੇ ਵਿਚ ਦੇਸ਼ ਦੇ ਗਰੀਬ ਲੋਕਾਂ ਨੂੰ ਬੜਾ ਫ਼ਾਇਦਾ ਹੋਇਆ ਹੈ। ਜਦੋਂ ਅਸੀਂ ਸੰਤ ਜੀ ਨੂੰ ਇਹ ਸ਼ਰਧਾਂਜਲੀ ਭੇਟ ਕਰਦੇ ਹਾਂ ਤਾਂ ਸਾਨੂੰ ਇਹ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਬੈਂਕਾਂ ਦੇ ਕੌਮੀਕਰਣ ਲਈ ਉਨ੍ਹਾਂ ਨੇ ਆਪਣੀ ਆਵਾਜ਼ ਉਠਾਈ ਸੀ ਅਤੇ

ਇਸ ਦੀ ਹਮਾਇਤ ਕੀਤੀ ਸੀ । ਉਨ੍ਹਾਂ ਨੇ ਇਸ ਗਲ ਦੀ ਵੀ ਆਵਾਜ਼ ਉਠਾਈ ਸੀ ਕਿ ਸਾਡੇ ਦੇਸ਼ ਵਿਚ ਜਿਹੜੇ ਫ਼ਾਰਨ ਪਲਾਂਟੇਸ਼ਨ ਹਨ, ਚਾਏ ਦੇ ਜਾਂ ਕਾਫ਼ੀ ਆਦਿ ਦੇ ਇਹ ਵੀ ਕੌਮੀ ਹੋਣੇ ਚਾਹੀਦੇ ਹਨ । ਜਦੋਂ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ ਤਾਂ ਅਸੀਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰੀਏ ਕਿ ਉਹ ਸੈਂਟਰ ਦੀ ਸਰਕਾਰ ਨੂੰ ਬੇਨਤੀ ਕਰਨ ਕਿ ਜਿਹੜਾ ਬਿੱਲ ਕੇਰਲਾ ਸਰਕਾਰ ਨੇ ਪਾਸ ਕਰਕੇ ਸੈਂਟਰ ਦੀ ਸਰਕਾਰ ਨੂੰ ਭੇਜਿਆ ਹੈ ਉਹ ਉਸ ਦੀ ਮਨਜ਼ੂਰੀ ਦੇਵੇ । ਸੰਤ ਜੀ ਚਾਹੁੰਦੇ ਸਨ ਕਿ ਇਹ ਫ਼ਾਰਨ ਪਲਾਂਟੇਸ਼ਨ ਕੌਮੀ ਹੋਣੀ ਚਾਹੀਦੀ ਹੈ। ਇਹ ਇਕ ਅਗੇ ਵਧੂ ਨਾਅਰਾ ਸੀ ਜਿਹੜਾ ਸੰਤ ਬਾਬਾ ਫ਼ਤਿਹ ਸਿੰਘ ਨੇ ਬੁਲੰਦ ਕੀਤਾ ਸੀ ।

ਮੈਂ, ਸਪੀਕਰ ਸਾਹਿਬ, ਇਕ ਗਲ ਹੋਰ ਕਰਨੀ ਚਾਹੁੰਦਾ ਹਾਂ ਕਿ ਜਦੋਂ ਵੀ ਕੋਈ ਪੰਜਾਬੀ ਸੂਬੇ ਦੀ ਜਾਂ ਇਸ ਸਬੰਧੀ ਕੋਈ ਹੋਰ ਗਲ ਆਉਂਦੀ ਸੀ ਤਾਂ ਪੰਜਾਬ ਦੇ ਲੀਡਰ ਇਹ ਕਹਿ ਦਿੰਦੇ ਸਨ ਕਿ ਅੰਗਰੇਜ਼ਾਂ ਨੂੰ ਜਾਂ ਕਿਸੇ ਹੋਰ ਬਾਹਰਲੀ ਏਜੰਸੀ ਨੂੰ ਸਾਲਸੀ ਮੁਕੱਰਰ ਕਰ ਦਿਤਾ ਜਾਵੇ । ਇਸ ਗਲ ਦੀ ਸੰਤ ਜੀ ਨੇ ਬੜੀ ਵਿਰੋਧਤਾ ਕੀਤੀ ਅਤੇ ਡੱਟ ਕੇ ਸਟੈਂਡ ਲਿਆ । 1962 ਵਿਚ ਸਾਡੇ ਇਕ ਮਿੱਤਰ ਦੇਸ਼ ਚੀਨ ਨੇ ਸਾਡੇ ਤੇ ਲੜਾਈ ਠੋਸ ਦਿਤੀ ਸੀ ਅਤੇ ਸਾਡੇ ਦੇਸ਼ ਨੂੰ ਇਕ ਤਕੜੀ ਲੜਾਈ ਲੜਨੀ ਪਈ । ਉਸ ਵਕਤ ਸਾਰੇ ਦੇਸ਼ ਵਿਚ ਇਕ ਨਾਅਰਾ ਉਠਿਆ ਕਿ ਗੈਰਜਾਨਬਦਾਰੀ ਦੀ ਨੀਤੀ ਗਲਤ ਹੈ । ਕੋਈ ਕਹਿੰਦਾ ਸੀ ਕਿ ਅਮਰੀਕਾ ਨਾਲ ਗਠਜੋੜ ਕਰ ਲਿਆ ਜਾਏ ਅਤੇ ਕੋਈ ਹੋਰ ਇਸ ਤਰ੍ਹਾਂ ਦੀਆਂ ਗਲਾਂ ਕਰਦਾ ਸੀ । ਕਈ ਕ੍ਰਿਸ਼ਨਾ ਮੈਨਨ ਨੂੰ ਚੀਨ ਦਾ ਏਜੰਟ ਕਹਿੰਦੇ ਸਨ ਅਤੇ ਗੈਰਜਾਨਬਦਾਰੀ ਦੀ ਨੀਤੀ ਨੂੰ ਗਲਤ ਕਹਿੰਦੇ ਸਨ । ਉਸ ਵੇਲੇ ਪੰਜਾਬ ਦੀ ਕਮਿਊਨਿਸਟ ਪਾਰਟੀ ਨੇ ਠੀਕ ਆਵਾਜ਼ ਉਠਾਈ ਅਤੇ ਕਈ ਸੱਜਣਾਂ ਨੇ ਉਸ ਆਵਾਜ਼ ਦੀ ਵਿਰੋਧਤਾ ਕੀਤੀ । ਉਸ ਵਕਤ ਕਮਿਊਨਿਸਟ ਪਾਰਟੀ ਦੀ ਆਵਾਜ਼ ਦੇ ਮੁਤਾਬਕ ਇਕ ਹੋਰ ਬੜੀ ਤਕੜੀ ਆਵਾਜ਼ ਉਠੀ ਪੰਜਾਬ ਦੇ ਵਿਚ ਉਹ ਸੀ ਸੰਤ ਫ਼ਤਿਹ ਸਿੰਘ ਜੀ ਦੀ ।

ਸਪੀਕਰ ਸਾਹਿਬ, ਅੱਜ ਵੀ ਸਾਡੇ ਦੇਸ਼ ਦੇ ਵਿਰੁਧ ਅਤੇ ਸਾਡੇ ਦੇਸ਼ ਦੀ ਆਜ਼ਾਦੀ ਦੇ ਵਿਰੁਧ ਸਾਮਰਾਜੀ ਸਾਜ਼ਸ਼ਾਂ ਚਲ ਰਹੀਆਂ ਹਨ । ਬੰਗਲਾ ਦੇਸ਼ ਦੀ ਲੜਾਈ ਵੇਲੇ ਇਥੋਂ ਅਮਰੀਕੀ ਸਾਮਰਾਜ ਦਾ ਸੱਤਵਾਂ ਜੰਗੀ ਬੇੜਾ ਆਇਆ । ਇਥੇ ਕਈ ਅਜਿਹੀਆਂ ਪਾਰਟੀਆਂ ਹਨ ਜਿਹੜੀਆਂ ਕਿ ਸਾਮਰਾਜੀ ਬੋਲੀਆਂ ਬੋਲਦੀਆਂ ਹਨ । ਉਹ ਕਹਿੰਦੇ ਹਨ ਕਿ ਸ਼ਿਮਲਾ ਸਮਝੌਤਾ ਗਲਤ ਹੋਇਆ ਹੈ । ਇਹ ਨਹੀਂ ਸੀ ਹੋਣਾ ਚਾਹੀਦਾ । ਉਹ ਚਾਹੁੰਦੇ ਹਨ ਕਿ ਹਿੰਦੁਸਤਾਨ ਅਤੇ ਪਾਕਿਸਤਾਨ ਵਿਚਕਾਰ ਹਰ ਵੇਲੇ ਲੜਾਈ ਦਾ ਵਾਤਾਵਰਣ ਰਹੇ ਅਤੇ ਇਸ ਤਰ੍ਹਾਂ ਨਾਲ ਉਹ ਆਪਣਾ ਉੱਲੂ ਸਿੱਧਾ ਕਰ ਸਕਣ । ਅੱਜ ਜਦੋਂ ਅਸੀਂ ਸੰਤ ਫ਼ਤਿਹ ਸਿੰਘ ਜੀ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ ਤਾਂ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਇਸ ਗਲ ਨੂੰ ਯਾਦ ਰਖੀਏ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸਾਮਰਾਜੀ ਕੈਂਪ ਵਿਚ ਜਾਣ ਦੀ ਮੰਗ ਦਾ ਡੱਟ ਕੇ ਵਿਰੋਧ ਕੀਤਾ ਸੀ ।

ਸਪੀਕਰ ਸਾਹਿਬ, ਮੈਂ ਅਖੀਰ ਵਿਚ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ । ਪੰਜਾਬੀ ਸੂਬੇ ਦੀ ਪੰਜਾਬੀ ਬੋਲੀ ਦੇ ਆਧਾਰ ਤੇ ਮੰਗ ਅਤੇ ਪ੍ਰਾਪਤੀ ਸੰਤ ਜੀ ਦੀ ਇਕ ਵਡੀ ਦੇਣ ਹੈ । ਕਈ ਫਿਰਕਾਪ੍ਰਸਤ ਲੋਕ ਪੰਜਾਬੀ ਸੂਬੇ ਦੀ ਮੰਗ ਵੇਲੇ ਪੰਜਾਬੀ ਬੋਲੀ ਨੂੰ ਧਰਮ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਰਹੇ। ਪਰ ਸੰਤ ਫ਼ਤਿਹ ਸਿੰਘ ਜੀ ਨੇ ਜਿਸ ਵੇਲੇ ਸਿਆਸਤ ਵਿਚ ਹਿੱਸਾ

[ਕਾਮਰੇਡ ਸੱਤ ਪਾਲ ਡਾਂਗ]

ਲਿਆ ਤਾਂ ਉਨ੍ਹਾਂ ਨੇ ਕਿਹਾ ਕਿ ਪੰਜਾਬੀ ਸੂਬਾ ਬੋਲੀ ਦੇ ਆਧਾਰ ਉਤੇ ਬਣਨਾ ਚਾਹੀਦਾ ਹੈ। ਪੰਜਾਬ ਦੀ ਹੱਦ ਬੰਦੀ ਦਾ ਉਹੀ ਸਵਾਲ ਸੀ ਜਿਹੜਾ ਕਿ ਆਂਧਰਾ ਵਿਚ ਸੀ ਅਤੇ ਮਹਾਰਾਸ਼ਟਰਾ ਵਿਚ ਸੀ। ਇਸ ਸੁਆਲ ਦਾ ਧਰਮ ਨਾਲ ਕੋਈ ਸਬੰਧ ਨਹੀਂ। ਸਪੀਕਰ ਸਾਹਿਬ ਇਸ ਗਲ ਨੂੰ ਯਾਦ ਰਖਣ ਦੀ ਲੋੜ ਹੈ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਜਿਸ ਸਿਆਸੀ ਪਾਰਟੀ ਦਾ ਧਰਮ ਅਧਾਰ ਹੋਵੇ ਉਸ ਨਾਲ ਕਮਿਉਨਿਸਟ ਪਾਰਟੀ ਦਾ ਮਤ ਭੇਦ ਹੈ। ਇਸ ਗਲ ਬਾਰੇ ਸੰਤ ਜੀ ਨਾਲ ਅਸੀਂ ਸਹਿਮਤ ਨਹੀਂ ਸੀ। ਪਰ ਸੰਤ ਫ਼ਤਿਹ ਸਿੰਘ ਜੀ ਇਸ ਗਲ ਦੀ ਵਿਰੋਧਤਾ ਕਰਦੇ ਸਨ ਕਿ ਧਰਮ ਨੂੰ ਮੰਨ ਕੇ ਹਿੰਦੂ ਸਿੱਖਾਂ ਨੂੰ ਲੜਾਇਆ ਜਾਵੇ। ਮੈਨੂੰ ਪੂਰਾ ਯਕੀਨ ਹੈ ਕਿ ਜੇ ਉਨ੍ਹਾਂ ਦੀ ਵਿਚਾਰਧਾਰਾ ਵਾਲੇ 10/15 ਸੱਜਣ ਹੋਰ ਮਿਲ ਜਾਂਦੇ ਤਾਂ ਉਹ ਹੋਰ ਜ਼ਿਆਦਾ ਅਗਾਂਹ ਵਧੂ ਕਦਮ ਪੁੱਟਦੇ ਅਤੇ ਪੰਜਾਬ ਦੀ ਸੇਵਾ ਕਰਦੇ। ਅੱਜ ਪੰਜਾਬ ਵਿਚ ਇਹੋ ਜਿਹੀਆਂ ਆਵਾਜ਼ਾਂ ਉਠ ਰਹੀਆਂ ਹਨ ਕਿ ਸਿੱਖ ਹੋਮ ਲੈਂਡ ਦੀ ਮੰਗ ਕਰਨੀ ਚਾਹੀਦੀ ਹੈ। ਅੱਜ ਜਦੋਂ ਅਸੀਂ ਸੰਤ ਫ਼ਤਿਹ ਸਿੰਘ ਜੀ ਅਤੇ ਸੰਤ ਚੰਨਣ ਸਿੰਘ ਜੀ ਨੂੰ ਇਥੇ ਸ਼ਰਧਾਂਜਲੀ ਭੇਟ ਕਰ ਰਹੇ ਹਾਂ ਤਾਂ ਅਸੀਂ ਇਸ ਗਲ ਨੂੰ ਯਾਦ ਰਖੀਏ ਕਿ ਉਨ੍ਹਾਂ ਨੇ ਪੰਜਾਬੀ ਸੂਬੇ ਦੇ ਸੁਆਲ ਨੂੰ ਪੰਜਾਬੀ ਬੋਲੀ ਨੂੰ ਧਰਮ ਨਾਲ ਜੋੜਨ ਦੇ ਸਵਾਲ ਨੂੰ ਹਮੇਸ਼ਾ ਗਲਤ ਸਮਝ ਕੇ ਇਸ ਦੀ ਵਿਰੋਧਤਾ ਕੀਤੀ। ਅੱਜ ਵੀ ਇਸ ਗਲ ਦੀ ਲੋੜ ਹੈ ਕਿ ਇਸ ਦੀ ਡੱਟ ਕੇ ਵਿਰੋਧਤਾ ਕੀਤੀ ਜਾਵੇ। ਸੰਤ ਫ਼ਤਿਹ ਸਿੰਘ ਜੀ ਅਤੇ ਸੰਤ ਚੰਨਣ ਸਿੰਘ ਦਾ ਜ਼ਿੰਦਗੀ ਵਿਚ ਅਟੁੱਟ ਰਿਸ਼ਤਾ ਸੀ। ਇਸ ਵਿਚ ਕੋਈ ਸ਼ਕ ਨਹੀਂ ਕਿ ਸੰਤ ਫ਼ਤਿਹ ਸਿੰਘ ਜੀ ਦੀ ਮੌਤ ਦਾ ਸੰਤ ਚੰਨਣ ਸਿੰਘ ਜੀ ਨੂੰ ਬਹੁਤ ਵੱਡਾ ਸ਼ਾਕ ਲੱਗਾ।

ਇਨ੍ਹਾਂ ਸ਼ਬਦਾਂ ਨਾਲ ਮੈਂ ਸੰਤ ਫ਼ਤਿਹ ਸਿੰਘ, ਸੰਤ ਚੰਨਣ ਸਿੰਘ ਅਤੇ ਮੇਜਰ ਹਰਿੰਦਰ ਸਿੰਘ ਜੀ ਨੂੰ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਭੇਟ ਕਰਦਾ ਹਾਂ ਅਤੇ ਲੀਡਰ ਆਫ਼ ਦੀ ਹਾਊਸ ਅਤੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਜਿਨ੍ਹਾਂ ਜਜ਼ਬਾਤ ਦਾ ਇਜ਼ਹਾਰ ਕੀਤਾ ਹੈ ਉਨ੍ਹਾਂ ਦੇ ਨਾਲ ਕਮਿਊਨਿਸਟ ਪਾਰਟੀ ਨੂੰ ਐਸੋਸ਼ੀਏਟ ਕਰਦਾ ਹਾਂ।

ਮਾਸਟਰ ਚੰਦ ਸਿੰਘ ਚੋਪੜਾ (ਸ਼ੇਰਪੁਰ, ਰਿਜ਼ਰਵ): ਸਪੀਕਰ ਸਾਹਿਬ, ਸਾਡੇ ਤੋਂ ਪੰਜਾਬ ਦੇ ਮਹਾਨ ਵਿਅਕਤੀ ਵਿਛੜ ਗਏ ਹਨ। ਉਹ ਕਿਉਂ ਮਹਾਨ ਸਨ ? ਉਨ੍ਹਾਂ ਦੇ ਕੰਮਾਂ ਨੇ ਉਨ੍ਹਾਂ ਨੂੰ ਮਹਾਨ ਬਣਾਇਆ। ਇਸ ਕਰਕੇ ਪੰਜਾਬ ਵਿਚ ਹੀ ਨਹੀਂ ਬਲਕਿ ਹਿੰਦੁਸਤਾਨ ਭਰ ਵਿਚ ਇਨ੍ਹਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਮੇਜਰ ਹਰਿੰਦਰ ਸਿੰਘ ਜੀ ਪੁਰਾਣੇ ਰਾਜਨੀਤੀਵਾਨ ਸਨ। ਭਾਵੇਂ ਜ਼ਾਤੀ ਤੌਰ ਤੇ ਮੈਨੂੰ ਉਨ੍ਹਾਂ ਨੂੰ ਮਿਲਣ ਦਾ ਮੌਕਾ ਨਹੀਂ ਮਿਲਿਆ ਪਰ ਅਖਬਾਰਾਂ ਤੋਂ ਅਤੇ ਹੋਰ ਕਈ ਸਬੰਧਤ ਵਿਅਕਤੀਆਂ ਤੋਂ ਮੈਨੂੰ ਪਤਾ ਲਗਾ ਹੈ ਕਿ ਉਹ ਬੜੇ ਮਿਲਣਸਾਰ ਅਤੇ ਹੋਣਹਾਰ ਵਿਅਕਤੀ ਸਨ। ਭਾਵੇਂ ਉਹ ਬਹੁਤ ਵੱਡੇ ਲੈਂਡਲਾਰਡ ਸਨ ਪਰ ਜਦੋਂ ਵੀ ਕਿਸੇ ਛੋਟੇ ਵਿਅਕਤੀ ਜਾਂ ਗਰੀਬ ਵਿਅਕਤੀ ਨੂੰ ਉਨ੍ਹਾਂ ਤਕ ਕੋਈ ਕੰਮ ਹੁੰਦਾ ਸੀ ਤਾਂ ਉਹ ਹੱਸ ਕੇ ਉਨ੍ਹਾਂ ਨੂੰ ਮਿਲਦੇ ਸੀ ਅਤੇ ਉਨ੍ਹਾਂ ਦਾ ਕੰਮ ਕਰਵਾਉਂਦੇ ਸੀ। ਮੇਜਰ ਹਰਿੰਦਰ ਸਿੰਘ ਜੀ ਆਪੋਜ਼ੀਸ਼ਨ ਦੇ ਲੀਡਰ ਵੀ ਰਹੇ ਅਤੇ ਕੁਝ ਸਮਾਂ ਲਈ ਚੱਕ-ਬੰਦੀ ਮਹਿਕਮੇ ਦੇ ਵਜ਼ੀਰ ਵੀ ਰਹੇ। ਉਨ੍ਹਾਂ ਨੇ ਇਸ ਸਮੇਂ ਦੌਰਾਨ ਬੜੇ ਅਹਿਮ ਕੰਮ ਕੀਤੇ ਜਿਹੜੇ ਕਿ ਸਰਾਹਨਾਯੋਗ ਹਨ। ਮੈਂ ਆਪਣ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ।

ਸਪੀਕਰ ਸਾਹਿਬ, ਸੰਤ ਬਾਬਾ ਫ਼ਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਜੀ ਉਨ੍ਹਾਂ ਮਹਾਨ ਵਿਅਕਤੀਆਂ ਵਿਚੋਂ ਸਨ ਜਿਨ੍ਹਾਂ ਨੇ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਨੂੰ ਕਾਇਮ ਰੱਖਿਆ।

ਅਕਾਲੀ ਪਾਰਟੀ ਦੇ ਵਿਚ ਇੱਕ ਅਜਿਹਾ ਗਰੁਪ ਵੀ ਸੀ ਜਿਹੜਾ ਕਿ ਸਿੱਖ ਸਟੇਟ ਦੀ ਮੰਗ ਕਰਦਾ ਸੀ । ਸੰਤ ਫ਼ਤਿਹ ਸਿੰਘ ਸੰਤ ਚੰਨਣ ਸਿੰਘ ਨੇ ਸਿੱਖ ਸਟੇਟ ਦੀ ਮੰਗ ਨੂੰ ਗਲਤ ਕਰਾਰ ਦਿੱਤਾ ਅਤੇ ਹਿੰਦੂ-ਸਿੱਖ ਏਕਤਾ ਨੂੰ, ਜਿਸ ਵਿਚ ਕਿ ਸਮੁੱਚੇ ਵਰਗਾਂ ਦੇ ਲੋਕ ਖੁਸ਼ਹਾਲ ਰਹਿਣ, ਠੀਕ ਸਮਝਿਆ ਅਤੇ ਇਸ ਪੱਖ ਨੂੰ ਪੂਰਿਆ । ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਕਿ ਸੰਤ ਫ਼ਤਿਹ ਸਿੰਘ ਦੀ ਜ਼ਮਹੂਰੀ ਅਤੇ ਅਗਾਂਹ ਵੱਧੂ ਨਾਹਰਿਆਂ ਵਿਚ ਵਿਸ਼ਵਾਸ ਹੀ ਨਹੀਂ ਰਖਦੇ ਸਨ ਸਗੋਂ ਅਮਲੀ ਤੌਰ ਤੇ ਵੀ ਉਨ੍ਹਾਂ ਤੇ ਚਲਦੇ ਸਨ । ਉਨ੍ਹਾਂ ਨੇ ਪੰਜਾਬੀ ਸੂਬੇ ਦੀ ਮੰਗ ਨੂੰ, ਜਿਹੜਾ ਕਿ ਬੋਲੀ ਦੇ ਆਧਾਰ ਤੇ ਬਣਿਆ ਹੈ, ਪੂਰਾ ਕਰਵਾਇਆ । ਉਨ੍ਹਾਂ ਨੇ ਇਸ ਮੰਗ ਨੂੰ ਮੁੱਖ ਰਖਦੇ ਹੋਏ ਪੰਜਾਬੀ ਸੂਬੇ ਲਈ ਅਣਥਕ ਯਤਨ ਕਰਕੇ ਇਸ ਨੂੰ ਪ੍ਰਾਪਤ ਕੀਤਾ । ਸੰਤ ਜੀ ਨੇ ਫਾਜ਼ਿਲਕਾ ਦੇ ਇਲਾਕੇ ਨੂੰ ਜਿਥੇ ਕਿ ਪੰਜਾਬੀ ਬੋਲੀ ਬੋਲੀ ਜਾਂਦੀ ਹੈ ਪੰਜਾਬ ਵਿਚ ਰਖਣ ਦੀ ਮੰਗ ਕੀਤੀ ਭਾਵੇਂ ਹਰਿਆਣਾ ਸਰਕਾਰ ਨੇ ਆਪਣਾ ਸਟੈਂਡ ਠੀਕ ਸਮਝਿਆ ਹੈ ਅਤੇ ਕਿਹਾ ਹੈ ਕਿ ਉਥੇ ਹਿੰਦੀ ਲੋਕ ਬੋਲਦੇ ਹਨ । ਇਸੇ ਤਰ੍ਹਾਂ ਹੋਰ ਵੀ ਅਗਾਂਹ ਵਧੂ ਕੰਮ ਕੀਤੇ ਜਿਵੇਂ ਕਿ ਰਾਜਾਂ ਨੂੰ ਵਧੇਰੇ ਅਧਿਕਾਰ ਦੇਣਾ, ਆਦਿ ਦਾ ਸਮਰੱਥਨ ਕੀਤਾ ।

ਸਪੀਕਰ ਸਾਹਿਬ, ਸੰਤ ਚੰਨਣ ਸਿੰਘ ਜੀ ਕਾਫੀ ਅਰਸੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ । ਮੇਰਾ ਖਿਆਲ ਹੈ ਕਿ ਇੰਨ੍ਹਾਂ ਸਮਾਂ, 1962 ਤੋਂ ਲੈ ਕੇ ਉਨ੍ਹਾਂ ਦੀ ਮੌਤ ਤਕ, ਕੋਈ ਵੀ ਵਿਅਕਤੀ ਪ੍ਰਧਾਨ ਨਹੀਂ ਰਿਹਾ। ਇਨ੍ਹਾਂ ਮਹਾਨ ਵਿਅਕਤੀਆਂ ਦੇ ਅਕਾਲ ਚਲਾਣਾ ਕਰਨ ਨਾਲ ਲੋਕਾਂ ਨੂੰ ਬਹੁਤ ਧੱਕਾ ਵਜਿਆ ਹੈ ।

ਅੰਤ ਵਿਚ, ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਨ੍ਹਾਂ ਮਹਾਨ ਵਿਅਕਤੀਆਂ ਨੂੰ ਸਿਰ ਝੁਕਾਂਦਾ ਹੋਇਆ ਸ਼ਰਧਾਂਜਲੀ ਭੇਟ ਕਰਦਾ ਹਾਂ ।

ਸਰਦਾਰ ਹਰਚਰਨ ਸਿੰਘ (ਅਜਨਾਲਾ): ਸਪੀਕਰ ਸਾਹਿਬ, ਬੜੇ ਹੀ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਬੜੇ ਹੀ ਥੋੜੇ ਸਮੇਂ ਵਿਚ ਪੰਜਾਬ ਵਿਚ ਤਿੰਨ ਮਹਾਨ ਸ਼ਖਸੀਅਤਾਂ ਜਿਨ੍ਹਾਂ ਵਿਚ ਸੰਤ ਫ਼ਤਿਹ ਸਿੰਘ, ਸੰਤ ਚੰਨਣ ਸਿੰਘ ਅਤੇ ਮੇਜਰ ਹਰਿੰਦਰ ਸਿੰਘ ਜੀ ਸ਼ਾਮਲ ਹਨ, ਸਾਡੇ ਤੋਂ ਸਦਾ ਲਈ ਵਿੱਛੜ ਗਏ ਹਨ । ਪੰਜਾਬ ਨੂੰ ਹੀ ਨਹੀਂ ਸਗੋਂ ਸਮੁੱਚੇ ਹਿੰਦੋਸਤਾਨ ਨੂੰ ਰਾਜਸੀ ਤੌਰ ਤੇ, ਸਮਾਜਕ ਤੌਰ ਤੇ ਅਤੇ ਇਖਲਾਕੀ ਤੌਰ ਤੇ ਬੜਾ ਘਾਟਾ ਮਹਿਸੂਸ ਹੋਇਆ ਹੈ ।

ਮੇਜਰ ਸਾਹਿਬ ਨਾਲ ਮੈਨੂੰ ਕਾਫੀ ਉਮਰ ਕੱਟਣ ਦਾ ਸਮਾਂ ਮਿਲਿਆ ਹੈ ਔਰ ਮੈਂ ਸਮਝਦਾ ਹਾਂ ਕਿ ਉਹ ਬੜੇ ਚੰਗੇ ਇਨਸਾਨ ਸਨ । ਉਨ੍ਹਾਂ ਦਾ ਸੱਚਾ ਤੇ ਸੁੱਚਾ ਧਾਰਮਿਕ ਜੀਵਨ ਸੀ । ਇਕ ਗਲ ਜਿਹੜੀ ਸਭ ਤੋਂ ਵੱਡੀ ਸੀ ਉਹ ਇਹ ਕਿ ਜੋ ਕੁਝ ਉਨ੍ਹਾਂ ਦੀ ਸ਼ਾਹ-ਰਗ ਵਿਚ ਹੁੰਦਾ ਸੀ ਉਹ ਹੀ ਉਨ੍ਹਾਂ ਦੇ ਹਿਰਦੇ ਵਿਚ ਹੁੰਦਾ ਸੀ । ਉਹ ਆਪਣੇ ਵਚਨ ਦੇ ਪੱਕੇ ਸਨ । ਇਹ ਉਨ੍ਹਾਂ ਦੀਆਂ ਬਦਰਜਾ ਉੱਤਮ ਕੁਆਲਿਟੀਜ਼ ਸਨ । ਉਨ੍ਹਾਂ ਨੇ 1941 ਤੋਂ ਰਾਜਸੀ ਜੀਵਨ ਸ਼ੁਰੂ ਕੀਤਾ । ਉਹ ਸਮਾਂ ਉਨ੍ਹਾਂ ਦਾ ਇਮਤਿਹਾਨ ਦਾ ਸਮਾਂ ਸੀ ਕਿਉਂਕਿ ਉਸ ਸਮੇਂ ਦੇਸ਼ ਤੇ ਸੰਕਟ ਆਇਆ ਹੋਇਆ ਸੀ । ਉਸ ਸਮੇਂ ਸੈਂਟਰ ਅਸੈਂਬਲੀ ਦੀ ਚੋਣ ਹੋਈ । ਬਾਵਜੂਦ ਇਸ ਗੱਲ ਦੇ ਕਿ ਅੰਗਰੇਜ਼ ਸਰਕਾਰ ਨੇ ਇਨ੍ਹਾਂ ਨੂੰ ਮੈਂਬਰ ਬਣਾਇਆ ਸੀ, ਇਨ੍ਹਾਂ ਨੇ ਕਾਂਗਰਸ ਦੇ ਨਾਮਿਨੀ ਸ੍ਰੀ ਮਾਵਲੰਕਰ ਨੂੰ ਆਪਣਾ ਵੋਟ ਦਿਤਾ ਅਤੇ ਆਪਣੇ ਆਪ ਨੂੰ ਇਸ ਪ੍ਰੀਖਿਆ ਵਿਚੋਂ ਪਾਸ ਹੋ ਕੇ ਵਿਖਾਇਆ ।

[ਸਰਦਾਰ ਹਰਚਰਨ ਸਿੰਘ]

ਉਸ ਤੋਂ ਬਾਅਦ ਉਹ ਐਮ. ਐਲ. ਏ. ਅਤੇ ਐਮ. ਐਲ. ਸੀ. ਵੀ ਰਹੇ । ਕਾਂਗਰਸ ਕਮੇਟੀ ਦੇ ਪਰਧਾਨ ਵੀ ਰਹੇ । 1962 ਵਿਚ ਉਹ ਸਾਢੇ 21 ਹਜ਼ਾਰ ਵੋਟਾਂ ਜ਼ਿਆਦਾ ਲੈ ਕੇ ਮੈਂਬਰ ਚੁਣੇ ਗਏ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਜੰਤਾ ਨੇ ਸਨਮਾਨਿਆ ਇਤਨੀਆਂ ਜ਼ਿਆਦਾ ਵੋਟਾਂ ਉਹ ਲੈ ਕੇ ਆਏ ਕਿ ਰਿਕਾਰਡ ਕਾਇਮ ਕਰ ਦਿਤਾ । ਉਹ 1964 ਤੋਂ 1966 ਤਕ ਮਾਲ ਮੰਤਰੀ ਦੇ ਪਦ ਤੇ ਰਹੇ ।

ਸਪੀਕਰ ਸਾਹਿਬ ਜਦੋਂ ਉਹ ਮੰਤਰੀ ਸਨ ਤਾਂ ਇਮਾਨਦਾਰੀ ਦੀ ਮਿਸਾਲ ਕਾਇਮ ਕਰ ਦਿਤੀ । ਉਨ੍ਹਾਂ ਨੇ ਟੀ. ਏ. ਦਾ ਇਕ ਪੈਸਾ ਵੀ ਨਹੀਂ ਲਿਆ । ਇਥੋਂ ਤਕ ਕਿ ਉਨ੍ਹਾਂ ਨੇ ਆਪਣੇ ਟੈਲੀਫੂਨਾਂ ਦੇ ਦੋ ਰਜਿਸਟਰ ਰੱਖੇ ਹੋਏ ਸਨ ਇਕ ਪ੍ਰਾਈਵੇਟ ਕਾਲਾਂ ਦਾ ਅਤੇ ਦੂਸਰਾ ਸਰਕਾਰੀ ਕਾਲਾਂ ਦਾ । ਜਦੋਂ ਉਹ ਇਥੋਂ ਗਏ ਤਾਂ ਉਨ੍ਹਾਂ ਨੇ ਆਪਣੀਆਂ ਪ੍ਰਾਈਵੇਟ ਟਰੰਕ-ਕਾਲਾਂ ਦਾ ਇਕ ਇਕ ਪੈਸਾ ਦਿਤਾ, ਅਤੇ ਇਸ ਪਦ ਤੋਂ ਸੁਰਖਰੂ ਹੋ ਕੇ ਆਪਣੇ ਇਲਾਕੇ ਵਿਚ ਗਏ ।

ਬਤੌਰ ਆਪੋਜ਼ੀਸ਼ਨ ਲੀਡਰ ਦੇ ਉਨ੍ਹਾਂ ਨੇ ਬੜਾ ਹੀ ਕਨਸਟਰਕਟਿਵ ਕੰਮ ਕੀਤਾ ਅਤੇ ਕਮਿਊਨਲ ਫੋਰਸਿਜ਼ ਨਾਲ ਲੜਦੇ ਰਹੇ । ਮੈਂ ਸਮਝਦਾ ਹਾਂ ਕਿ ਇਤਨੇ ਉੱਚੇ ਸਟੈਂਡਰਡ ਦੇ ਵਿਅਕਤੀ ਘਟ ਹੀ ਹੋਇਆ ਕਰਦੇ ਹਨ । ਕਿਉਂਕਿ ਮੈਂ ਉਨ੍ਹਾਂ ਦਾ ਅਜ਼ੀਜ਼ ਰਿਹਾ ਹਾਂ ਇਸ ਲਈ ਬਹੁਤ ਸਾਰੀਆਂ ਚੀਜ਼ਾਂ ਉਨ੍ਹਾਂ ਦੀਆਂ ਯਾਦ ਆਉਂਦੀਆਂ ਹਨ ਔਰ ਉਹ ਸਦਾ ਲਈ ਯਾਦ ਰਹਿਣਗੀਆਂ । ਮੈਂ ਇਕ ਸ਼ੇਅਰ ਕਹਿ ਕੇ ਆਪਣੀ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ —

"ਹਮਾਰੇ ਬਾਅਦ ਅੰਧੇਰਾ ਰਹੇਗਾ ਮਹਿਫਲ ਮੇਂ ।
ਬਹੁਤ ਚਰਾਗ਼ ਜਲਾਓਗੇ ਰੋਸ਼ਨੀ ਕੇ ਲੀਏ ।"

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ): ਸਪੀਕਰ ਸਾਹਿਬ, ਹਰ ਪੱਖ ਤੋਂ ਇਨ੍ਹਾਂ ਮਹਾਨ ਲੀਡਰਾਂ ਦੀ ਪ੍ਰਸ਼ੰਸਾ ਕੀਤੀ ਗਈ ਹੈ ਪਰ ਦੋ ਚਾਰ ਚੀਜ਼ਾਂ ਰਹਿ ਗਈਆਂ ਹਨ ਅਤੇ ਉਨ੍ਹਾਂ ਤੇ ਮੈਂ ਰੌਸ਼ਨੀ ਪਾਵਾਂਗਾ । ਮੈਂ ਉਹ ਦ੍ਰਿਸ਼ ਪੇਸ਼ ਕਰਦਾ ਹਾਂ ਜਦੋਂ ਕਿ ਮੇਜਰ ਸਾਹਿਬ ਵਰਗੇ ਮਹਾਨ ਲੀਡਰ ਇਸ ਹਾਊਸ ਵਿਚ ਖੜੇ ਹੋ ਕੇ ਕਿਹਾ ਕਰਦੇ ਸਨ ਕਿ 'ਮੈਂ ਗੁਰੂ ਘਰ ਦਾ ਕੂਕਰ ਹਾਂ' । ਅੱਜ ਅਸੀਂ ਉਸ ਮਹਾਨ ਗੁਰ-ਸਿੱਖ ਨੂੰ ਅਤੇ ਸਿਆਸੀ ਲੀਡਰ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਾਂ । ਵੈਸੇ ਤਾਂ ਸਾਡੇ ਚੀਫ ਮਨਿਸਟਰ ਸਾਹਿਬ ਵੀ ਪੂਰਨ ਗੁਰ-ਸਿੱਖ ਹਨ । ਜਦੋਂ ਇਨ੍ਹਾਂ ਨੇ ਚੀਫ-ਮਨਿਸਟਰੀ ਸੰਭਾਲੀ ਤਾਂ ਕੇਸ-ਗੜ੍ਹ ਗੁਰਦਵਾਰਾ ਸਾਹਿਬ ਜਾਕੇ ਅਰਦਾਸ ਕੀਤੀ । ਦਾਸ ਵੀ ਇਹੋ ਜਿਹਾ ਹੀ ਗੁਰੂ ਘਰ ਦਾ ਕੂਕਰ ਹੈ । ਸੰਤ ਫਤਿਹ ਸਿੰਘ ਜੀ ਤੇ ਸੰਤ ਚੰਨਣ ਸਿੰਘ ਜੀ ਵੀ ਇਸ ਤਰ੍ਹਾਂ ਹੀ ਗੁਰੂ ਘਰ ਦੇ ਕੂਕਰ ਸਨ ਔਰ ਮੈਂ ਸਮਝਦਾ ਹਾਂ ਕਿ ਅਕਾਲੀ ਵੀਰ ਇਸ ਤਰ੍ਹਾਂ ਦੇ ਮਹਾਨ ਲੀਡਰ ਹੁਣ ਪੈਦਾ ਨਹੀਂ ਕਰ ਸਕਦੇ । ਸੰਤ ਜੀ ਬੜੇ ਹੀ ਉੱਚੇ ਤੇ ਸੁੱਚੇ ਅਸੂਲਾਂ ਵਾਲੇ ਸਨ ਅਤੇ ਉਚੇ ਆਚਰਨ ਵਾਲੇ ਸਨ । ਜਿਤਨੀ ਵੀ ਉਨ੍ਹਾਂ ਦੀ ਪ੍ਰਸੰਸ਼ਾ ਕਰ ਲਈ ਜਾਵੇ ਥੋੜੀ ਹੈ। ਉਨ੍ਹਾਂ ਦੇ ਅਕਾਲ ਚਲਾਣੇ ਨੂੰ ਥੋੜੇ ਦਿਨ ਹੀ ਹੋਏ ਹਨ ਕਿ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਸਿੱਖ ਸਟੇਟ ਦਾ ਰੈਜ਼ੋਲਿਊਸ਼ਨ ਪਾਸ ਕਰ ਦਿਤਾ ਹੈ । (ਘੰਟੀ) ਬੱਸ ਸਪੀਕਰ ਸਾਹਿਬ, ਮੈਂ ਇਤਨਾ ਕਹਿ ਕੇ ਇਨ੍ਹਾਂ ਮਹਾਨ ਵਿਅਕਤੀਆਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ।

ਸ਼੍ਰੀ ਸਪੀਕਰ: ਇਨ੍ਹਾਂ ਮਹਾਨ ਵਿਅਕਤੀਆਂ ਦੇ ਸਾਥੋਂ ਸਦਾ ਲਈ ਵਿਛੋੜੇ ਨਾਲ ਜਿਹੜਾ ਵੱਡਾ ਘਾਣਾ ਸਾਡੇ ਦੇਸ਼ ਨੂੰ ਪਿਆ ਹੈ ਉਹ ਬਹੁਤ ਚਿਰ ਤਕ ਪੂਰਾ ਨਹੀਂ ਕੀਤਾ ਜਾ ਸਕਦਾ। ਜਿਥੇ ਸੰਤ ਫਤਿਹ ਸਿੰਘ ਜੀ, ਸੰਤ ਚੰਨਣ ਸਿੰਘ ਜੀ ਸ਼ਾਂਤੀ ਸਰੂਪ ਸ਼ਨ ਉਥੇ ਮੇਜਰ ਹਰਿੰਦਰ ਸਿੰਘ ਜੀ ਵੀ ਆਪਣੇ ਗ੍ਰਿਹਸਤੀ ਜੀਵਨ ਵਿਚ ਕਿਸੇ ਤਰ੍ਹਾਂ ਵੀ ਘਟ ਨਹੀਂ ਸਨ। ਇਨ੍ਹਾਂ ਮਹਾਨ ਵਿਅਕਤੀਆਂ ਨੇ ਆਪਣਾ ਜੀਵਨ ਅਤੇ ਆਚਰਣ ਸਾਫ ਸੁਥਰਾ ਰਖ ਕੇ ਸਾਡੇ ਪੰਜਾਬ ਵਾਸੀਆਂ ਲਈ ਬਹੁਤ ਹੀ ਉੱਚੇ ਆਦਰਸ਼ਕ ਟੀਚੇ, ਆਦਰਸ਼ਕ ਰਾਹ ਵਿਖਾਏ ਹਨ। ਜੇਕਰ ਅਸੀਂ ਉਨ੍ਹਾਂ ਆਦਰਸ਼ਕ ਰਾਹਾਂ ਤੇ ਚਲੀਏ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰ ਸਕਾਂਗੇ।

ਸੰਤ ਫਤਿਹ ਸਿੰਘ ਜੀ ਨੇ ਸਾਡੇ ਪੰਜਾਬ ਦੀ ਸਿਆਸਤ ਵਿਚ ਆ ਕੇ ਜੋ ਬਹੁਤ ਹੀ ਵੱਡਾ ਮੋੜ ਦਿਤਾ ਹੈ ਉਸ ਨੂੰ ਕਦੇ ਵੀ ਅਸੀਂ ਭੁਲ ਨਹੀਂ ਸਕਦੇ। ਉਹ ਜਦੋਂ ਅਕਾਲੀ ਪਾਲੇਟਿਕਸ ਵਿਚ ਆਏ ਤਾਂ ਉਸ ਵੇਲੇ ਬੜਾ ਵੱਡਾ ਫਿਰਕੂ ਪਰਭਾਵ ਸੀ। ਅਕਾਲੀ ਪਾਰਟੀ ਵਿਚ ਕੁਝ ਭੁਲੜ ਅਜਿਹੇ ਨਾਹਰੇ ਲਗਾਉਂਦੇ ਸਨ ਕਿ "ਧੋਤੀ ਟੋਪੀ ਜਮਨਾ ਪਾਰ"। ਉਸ ਸਮੇਂ ਹਿੰਦੂ ਸਿੱਖਾਂ ਵਿਚ ਵੱਡਾ ਫਰਕ ਜਾਪਦਾ ਸੀ। ਪਰ ਇਸ ਮਹਾਨ ਸ਼ਖਸੀਅਤ ਨੇ ਆਉਂਦਿਆਂ ਹੀ ਆਪਣੀ ਸਿਆਸੀ ਸੂਝ ਨਾਲ, ਉੱਚੀ ਸ਼ਖਸੀਅਤ ਨਾਲ ਅਜਿਹੀ ਰਲਵਕੜੀ ਪਾਈ ਕਿ ਕਮਿਊਨਿਸਟ, ਅਕਾਲੀ ਅਤੇ ਜਨਸੰਘ ਪਾਰਟੀਆਂ ਨੇ ਰਲ ਕੇ ਆਪਣੀ ਸਾਂਝੀ ਸਰਕਾਰ ਬਣਾਈ ਅਤੇ ਪੰਜਾਬੀ ਸੂਬੇ ਦੀ ਮੰਗ ਜਿਹੜੀ ਕਿ ਪਹਿਲਾਂ ਇਕ ਫਿਰਕੂ ਮੰਗ ਸੀ ਉਸ ਨੂੰ ਨਿਰੋਲ ਸੈਕੂਲਰ ਅਤੇ ਜ਼ਬਾਨ ਦੇ ਆਧਾਰ ਤੇ ਲੈ ਕੇ ਸਿਗਰ ਤੇ ਨਹੋਆ ਕੀਤਾ।

ਇਸ ਤਰ੍ਹਾਂ ਹੀ ਮੇਜਰ ਹਰਿੰਦਰ ਸਿੰਘ ਜੀ ਨੇ ਸਿਆਸੀ ਜ਼ਿੰਦਗੀ ਵਿਚ ਜੋ ਕੰਮ ਕੀਤਾ ਉਸ ਦੀ ਮਿਸਾਲ ਉਸ ਸਮੇਂ ਹਾਊਸ ਵਿਚ ਮਿਲਦੀ ਹੈ ਜਦੋਂ ਕਿ ਕਾਂਗਰਸ ਪਾਰਟੀ ਵਾਲੇ ਸਮਝਦੇ ਸਨ ਕਿ ਇਨ੍ਹਾਂ ਦਾ ਸਟੈਪ ਗਲਤ ਹੈ ਪਰ ਇਹ ਸਮਝਦੇ ਸਨ ਕਿ ਠੀਕ ਹੈ ਤਾਂ ਉਹ ਇਕੱਲੇ ਹੀ ਇਥੇ ਬੈਠੇ ਰਹਿੰਦੇ ਸਨ। ਉਨ੍ਹਾਂ ਵਿਚ ਇਤਨੀ ਇਖਲਾਕੀ ਜ਼ੁਰੱਤ ਸੀ। ਉਨ੍ਹਾਂ ਦੇ ਚਲੇ ਜਾਣ ਨਾਲ ਸਾਡੇ ਪੰਜਾਬ ਵਾਸੀਆਂ ਨੂੰ ਬੜਾ ਘਾਟਾ ਪਿਆ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਆਦਰਸ਼ਾਂ ਤੇ ਚਲਕੇ ਹੀ ਅਸੀਂ ਉਨ੍ਹਾਂ ਨੂੰ ਸਹੀ ਸ਼ਰਧਾਂਜਲੀ ਭੇਟ ਕਰ ਸਕਦੇ ਹਾਂ।

ਜਿਹੜੇ ਮੈਂਬਰ ਸਾਹਿਬਾਨ ਨੇ ਇਨ੍ਹਾਂ ਮਹਾਨ ਵਿਅਕਤੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਹਨ ਮੈਂ ਆਪਣੇ ਆਪ ਨੂੰ ਉਨ੍ਹਾਂ ਨਾਲ ਸ਼ਾਮਲ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਜਿਹੜੇ ਵਿਚਾਰ ਇਨ੍ਹਾਂ ਸ਼ਖਸੀਅਤਾਂ ਬਾਰੇ ਪ੍ਰਗਟ ਕੀਤੇ ਹਨ ਸਾਰੇ ਹਾਊਸ ਦੀ ਉਨ੍ਹਾਂ ਨਾਲ ਸਹਿਮਤੀ ਹੈ। ਮੈਂ ਇਹ ਵਿਚਾਰ ਇਨ੍ਹਾਂ ਮਹਾਨ ਵਿਅਕਤੀਆਂ ਦੇ ਰਿਸ਼ਤੇਦਾਰਾਂ ਜਾ ਦੋਸਤਾਂ ਨੂੰ ਭੇਜਾਂਗਾ।

ਹੁਣ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਇਨ੍ਹਾਂ ਸ਼ਖਸ਼ੀਅਤਾਂ ਦੀ ਯਾਦ ਵਿਚ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕਰਨ।

(ਇਸ ਸਮੇਂ ਸਾਰੇ ਮੈਂਬਰ ਸਾਹਿਬਾਨ ਦੋ ਮਿੰਟ ਲਈ ਖੜੇ ਹੋ ਗਏ)

[ਸ੍ਰੀ ਸਪੀਕਰ]

(The huge loss which our country has suffered due to the separation of these great personalities cannot be made up for a long time. Sant Fateh Singh Ji, and Sant Chanan Singh Ji, were the very personified form of peace. Major Harinder Singh Ji too, though a householder, was equally good. By their flamless conduct these great personalities have set high goals and noble examples for the Punjabis to follow. I think that we will be paying a real tribute to them, if we follow in their foot-steps.

We cannot forget the great turning that Punjab politics took with the entry of Sant Fateh Singh Ji. When he entered the Akali Politics, it was greatly swayed by communalism. Some misguided persons were raising slogans like, "Dhoti Topi Jamuna Par" and Hindus and Sikhs appeared to be poles apart. But with his magnetic. personality and statesmanship, Sant Ji was able to bring the Communist, Akali and Jan Sangh parties so close to each other that they were able to form a United Government and the demand for Punjabi Suba which had till then been based on communalism, came into lime light as a demand based purely on secular and linguistic grounds.

Similarly, Major Harinder Singh too did a yeoman's service in the political field. This became apparent when differing with other. Congress Party legislators, he would stick to his seat, while all of his party colleagues left the House. Such was his moral courage. His separation is a great loss to the Punjabis. I think we can pay him real tribute by following in his foot-steps.

I join those members who have paid tributes to these great personalities. I think that the whole House will agree with the views expressed by the members in respect of these personalities. I will send these views to the relatives of these great personalities. Now I will request all the members that in the memory of these personalities, they may rise in their seats and maintain silence for two minutes).

(At this stage all the hon. members stood in silence for two minutes)

PRESENTATION OF SUPPLEMENTARY ESTIMATES (THIRD INSTALMENT)

Finance Minister (Shri Hans Raj Sharma): Sir, I beg to present the Supplementary Estimates (3rd Instalment) for the year 1972-73. The demands have been made on the recommendations of the Governor.

PRESENTATION OF THE REPORT OF THE COMMITTEE ON ESTIMATES

Chairman, Estimates Committee (Sardar Gurdarshan Singh): Sir, I beg to present, the Report of the Committee on Estimates on the Supplementary Estimates (3rd Instalment) for the Year 1972-73.

PRESENTATION OF THE TENTH REPORT OF THE COMMITTEE ON SUBORDINATE LEGISLATION

Chairman, Committee on Subordinate Legislation (Sardar Ajaib Singh Sandhu): Sir, I beg to present the Tenth Report of the Committee on Subordinate Legislation, 1972-73.

PAPER LAID ON THE TABLE

Development Minister (Captain Rattan Singh): Sir, beg I to lay on the Table the Punjab General Sales Tax (Amendment and Validation) Ordinance, 1972 (Punjab Ordinance No. 2 of 1972).

DISCUSSION ON NO-CONFIDENCE MOTION

Mr. Speaker: Now the House will take up the motion of No-Confidence. Sardar Ajaib Singh Sandhu

ਕਾਮਰੇਡ ਸਤਪਾਲ ਡਾਂਗ: ਇਹ ਵੋਟ ਆਫ ਨੋ-ਕਾਨਫੀਡੈਂਸ ਹੈ ਜਾਂ ਵੋਟ ਆਫ ਕਾਨਫੀਡੈਂਸ ਹੈ ।

ਸਰਦਾਰ ਅਜਾਇਬ ਸਿੰਘ ਸੰਧੂ: ਵੋਟ ਆਫ ਨੋ-ਕਾਨਫੀਡੈਂਸ ਹੈ ਜੀ । ਇਸ ਦੇ ਲਈ ਟਾਈਮ ਕਿਤਨਾ ਰਖਿਆ ਹੈ ?

ਸ਼੍ਰੀ ਸਪੀਕਰ: ਇਹ 9 ਵਜੇ ਤਕ ਚਲੇਗੀ । (It will be discussed up to 9 P.M.)

(ਇਕ ਮਾਨਯੋਗ ਮੈਂਬਰ: ਤੁਸੀਂ ਤਾਂ 8 ਵਜੇ ਤਕ ਕਿਹਾ ਸੀ)

ਸ਼੍ਰੀ ਸਪੀਕਰ: ਇਹ ਗਲ ਚਾਰ ਵਜੇ ਦੀ ਹੈ । 5 ਘੰਟੇ ਟਾਈਮ ਇਸ ਲਈ ਰਖਿਆ ਸੀ, ਇਸ ਲਈ ਹੁਣ ਇਹ 9 ਵਜੇ ਤਕ ਚਲਣੀ ਹੈ (ਵਿਘਨ) । ਸੰਧੂ ਸਾਹਿਬ ਜੋ ਟਾਈਮ ਲਗ ਰਿਹਾ ਹੈ ਉਹ ਹੁਣ ਤੁਹਾਡਾ ਹੀ ਲਗ ਰਿਹਾ ਹੈ । ਵਕਤ ਜ਼ਾਇਆ ਨਾ ਕਰੋ । (At 4 P.M. fine hours were allotted for it. Hence it will be discussed up to 9 P.M. Hon'ble Member, Sardar Ajaib Singh Sandhu, should not waste his own time now.)

Sardar Ajaib Singh Sandhu (Morinda, S. C.): Sir, I beg to move that:

> This House expresses its want of confidence in the Giani Zail Singh Ministry.

ਸਪੀਕਰ ਸਾਹਿਬ, ਇਸ ਮੋਸ਼ਨ ਦੇ ਮੁਤਾਲਿਕ ਜਿਹੜੀਆਂ ਗੱਲਾਂ ਮੈਂ ਅਰਜ਼ ਕਰਾਂਗਾ ਉਨ੍ਹਾਂ ਤੋਂ ਇਹ ਜ਼ਾਹਰ ਹੋਵੇਗਾ ਕਿ ਇਹ ਸਰਕਾਰ ਲੋਕਾਂ ਦਾ ਭਰੋਸਾ ਖੋ ਬੈਠੀ ਹੈ, ਇਸ ਲਈ ਇਸ ਸਰਕਾਰ ਨੂੰ ਉਨ੍ਹਾਂ ਕੁਰਸੀਆਂ ਤੇ ਬੈਠਣ ਦਾ ਕੋਈ ਹਕ ਨਹੀਂ । ਇਸ ਬਾਰੇ ਮੈਂ ਜਿਹੜੇ 12 ਪੁਆਇੰਟ ਦਿੱਤੇ ਹਨ ਉਨ੍ਹਾਂ ਤੋਂ ਜ਼ਾਹਰ ਹੁੰਦਾ ਹੈ ਕਿ ਇਹ ਸਰਕਾਰ ਕਿਸੇ ਤਰ੍ਹਾਂ ਵੀ ਰਹਿਣ ਦੇ ਯੋਗ ਨਹੀਂ । ਇਹ ਮੈਂ ਪੜ੍ਹ ਕੇ ਸੁਣਾਉਂਦਾ ਹਾਂ:—

1. Its failure to maintain law and order in the State and protect Civil liberties of people.
2. Its policy of repression and terrorism.
3. Its failure to solve the problem of College Teachers as a result of which educational institutions are lying closed since long resulting in a great loss to students.
4. Its failure to hold the price line even of essential commodities.
5. Its failure to overcome the acute shortage of power in the State,
6. Its failure to eradicate rampant corruption and nepotism by the Minister and going to the lower rungs of administration.

[Sardar Ajaib Singh Sandhu]

7. Its failure to provide remunerative prices of agricultural produce to the Farmers and failure to supply the inputs at reasonable prices.

8. Its step-motherly treatment to the rural people in respect of development, services and other amenities.

9. Its failure to check illegal lock-outs in factories resulting in un-employment and hardship to thousands of workers.

10. Its failure to provide raw material to Small Industries.

11. Its failure to provide employment to the un-employed particularly the educated un-employed.

12. Its failure to fulfil the promises made to the Scheduled Castes.

ਇਨ੍ਹਾਂ ਸਾਰਿਆਂ ਪੁਆਇੰਟਾਂ ਤੇ ਮੈਂ ਕੁਝ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕਰਾਂਗਾ । ਇਹ ਵੀ ਦਸਾਂਗਾ ਕਿ ਕਿਨ੍ਹਾਂ ਕਿਨ੍ਹਾਂ ਗਲਾਂ ਦੇ ਵਿਚ ਇਸ ਸਰਕਾਰ ਨੇ ਹੇਰਾ ਫੇਰੀ ਕਰਨ ਦੀ ਕੋਸ਼ਿਸ਼ ਕੀਤੀ ਹੈ । ਮੈਂ ਅਰਜ਼ ਕਰਾਂ ਕਿ ਇਸ ਸਰਕਾਰ ਨੇ ਕੁਰਸੀ ਸੰਭਾਲਦੇ ਹੀ ਇਕ 10 ਨੁਕਾਤੀ ਪ੍ਰੋਗਰਾਮ ਪੰਜਾਬ ਨੂੰ ਦਿਤਾ ਸੀ ਅਤੇ ਇਹ ਵੀ ਕਿਹਾ ਸੀ ਕਿ ਅਸੀਂ ਲਾ ਐਂਡ ਆਡਰ ਵਿਚ ਸੁਧਾਰ ਲਿਆਵਾਂਗੇ ਅਤੇ ਹੋਰ ਵੀ ਕਈ ਭਲਾਈ ਦੇ ਪ੍ਰੋਗਰਾਮ ਰਖੇ ਸੀ । ਇਨਾਂ ਨੇ ਇਸ ਵਿਚ ਇਕ ਨੁਕਤਾ ਇਹ ਵੀ ਦਸਿਆ ਸੀ ਕਿ ਅਸੀਂ ਨੈਸ਼ਨਲਾਈਜ਼ੇਸ਼ਨ ਆਫ ਟਰਾਂਸਪੋਰਟ ਦੀ ਨੀਤੀ ਨੂੰ ਅਪਨਾਵਾਂਗੇ । ਇਥੇ ਮੰਤਰੀ ਮਹੋਦੇ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਸੀ ਕਿ ਇਹ ਲੋਕਾਂ ਦੀ ਸਰਕਾਰ ਹੈ, ਇਹ ਸਮਾਜਵਾਦ ਦੀ ਸਰਕਾਰ ਹੈ ਅਤੇ ਇਹ ਭਾਈ ਲਾਲੋ ਦੀ ਸਰਕਾਰ ਹੈ, ਇਹ ਗਲ ਡਾਕਟਰ ਅਮੀਰ ਸਿੰਘ ਨੇ ਕਹੀ ਸੀ । ਪਰ ਅਸੀਂ ਉਸ ਵੇਲੇ ਇਹੋ ਕਿਹਾ ਸੀ ਕਿ ਤੁਸੀਂ ਇਸ ਸਰਕਾਰ ਨੂੰ ਭਾਈ ਲਾਲੋ ਦੀ ਸਰਕਾਰ ਨਾ ਕਹੋ, ਕਿਉਂਕਿ ਇਸ ਨੇ ਨੀਵੇਂ ਕੰਮ ਕਰਨੇ ਹਨ । (ਵਿਘਨ)

(ਇਸ ਵੇਲੇ ਡਾ: ਅਮੀਰ ਸਿੰਘ ਬੋਲਣ ਲਈ ਉਠੇ)

ਸ੍ਰੀ ਸਪੀਕਰ: ਤੁਸੀਂ ਜੋ ਕੁਝ ਕਹਿਣਾ ਹੈ ਆਨਰੇਬਲ ਮੈਂਬਰ ਦੀ ਸਪੀਚ ਤੋਂ ਬਾਅਦ ਕਹਿਣਾ । (You may speak after S. Ajaib Singh Sandhu has finished his speech.)

ਡਾਕਟਰ ਅਮੀਰ ਸਿੰਘ ਕਾਲਕਟ: x x x (ਵਿਘਨ)

ਸ੍ਰੀ ਸਪੀਕਰ: ਜੋ ਕੁਝ ਵੀ ਆਨਰੇਬਲ ਮੈਂਬਰ ਕਹਿ ਰਹੇ ਹਨ, ਚੇਅਰ ਦੀ ਅਜਾਜ਼ਤ ਤੋਂ ਬਗੈਰ, ਉਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ । (Whatever is being said by the hon'ble Member without the permission of the Chair that should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ: ਅਸੀਂ ਤਾਂ ਖੁਦ ਡਾ: ਅਮੀਰ ਸਿੰਘ ਵਰਗੇ ਕਾਂਗਰਸੀ ਹੀ ਚਾਹੁੰਦੇ ਹਾਂ । ਅਸੀਂ ਤਾਂ ਖੁਦ ਕਹਿੰਦੇ ਹਾਂ ਕਿ ਸਰਕਾਰ ਹੇਰਾ ਫੇਰੀ ਦੀਆਂ ਆਦਤਾਂ ਨੂੰ ਛਡ ਦੇਵੇ । ਅਸੀਂ ਸਮਝਦੇ ਸੀ ਕਿ ਮੌਜੂਦਾ ਮੁਖ ਮੰਤਰੀ ਇਕ ਛੋਟੇ ਅਤੇ ਗਰੀਬ ਤਬਕੇ ਦੇ ਵਿਚੋਂ ਆਇਆ ਹੈ । ਹੋ ਸਕਦਾ ਹੈ ਇਸ ਦੇ ਰਾਹੀਂ ਹੀ ਸਮਾਜਵਾਦ ਆਵੇ ਅਤੇ ਲੋਕਾਂ ਦਾ

*Expunged as ordered by the Chair.

ਭਲਾ ਹੋਵੇ । ਪਰ ਹੋਇਆ ਕੀ? ਇਨ੍ਹਾਂ ਦੀ ਹਕੂਮਤ ਦੇ ਜਦੋਂ 100 ਦਿਨ ਪੂਰੇ ਹੋਏ ਤਾਂ ਇਨ੍ਹਾਂ ਨੇ ਜੋ ਕੁਝ ਵੀ ਅਕਾਲੀ ਸਰਕਾਰ ਨੇ ਆਪਣੇ ਅਹਿਦ ਵਿਚ ਕੀਤਾ ਸੀ ਉਸ ਦੇ ਇਸ਼ਤਿਹਾਰ ਛਪਵਾ ਕੇ ਸਾਰੇ ਅਖਬਾਰਾਂ ਨੂੰ ਵੰਡ ਦਿੱਤੇ ਅਤੇ ਇਨ੍ਹਾਂ ਦੀ ਛਪਾਈ ਤੇ ਪਬਲਿਕ ਰੀਲੇਸ਼ਨਜ਼ ਦੇ ਮਹਿਕਮੇ ਦਾ 75 ਹਜ਼ਾਰ ਰੁਪਿਆ ਖਰਚ ਹੋਇਆ । ਇਨ੍ਹਾ ਵਿਚ ਜੋ ਵੀ ਬਾਦਲ ਸਰਕਾਰ ਨੇ ਕੀਤਾ ਸੀ ਉਹ ਸਾਰੀਆਂ ਗਲ ਸੀ ਉਨ੍ਹਾਂ ਸਾਰੀਆਂ ਸੜਕਾਂ, ਲਿਕ ਰੋਡਜ਼ ਅਤੇ ਮਾਡਲ ਗਰਾਮਜ਼ ਦਾ ਜ਼ਿਕਰ ਸੀ ਜਿਨ੍ਹਾਂ ਬਾਰੇ ਬਾਦਲ ਸਰਕਾਰ ਦਾ ਨਸ਼ਾਨਾ ਸੀ ।

ਇਹ ਸਾਰੀਆਂ ਗਲਾਂ ਦੀ ਕਾਰਗੁਜ਼ਾਰੀ ਇਨ੍ਹਾਂ ਨੇ ਆਪਣੇ ਇਸ ਇਸ਼ਤਿਹਾਰ ਵਿਚ ਪਾ ਦਿਤੀ । ਸਿਰਫ ਇਹ ਦਸਣ ਵਾਸਤੇ ਕਿ ਇਹ ਕੰਮ ਅਸੀਂ ਕੀਤਾ ਹੈ ਇਨ੍ਹਾਂ ਨੇ 75 ਹਜ਼ਾਰ ਰੁਪਿਆ ਅਖਬਾਰਾਂ ਵਾਲਿਆਂ ਨੂੰ ਦਿੱਤਾ । ਇਹ ਕਾਰਗੁਜ਼ਾਰੀ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੀ ਅਤੇ ਬੋਝ ਪਿਆ ਪੰਜਾਬ ਦੇ ਖਜ਼ਾਨੇ ਦੇ ਉਤੇ । ਮੈਂ ਇਹ ਇਸ ਲਈ ਕਹਿੰਦਾ ਹਾਂ ਕਿਉਂਕਿ ਇਹ ਪਬਲਿਕ ਰੀਲੇਸ਼ਨਜ਼ ਦੇ ਮਹਿਕਮੇ ਨੇ ਖਰਚ ਵਿਖਾਇਆ ਹੈ । ਤੁਸੀਂ ਸਾਰਿਆਂ ਨੇ ਪਿਛਲੇ ਦੋ ਢਾਈ ਮਹੀਨਿਆਂ ਦੇ ਵਿਚ ਵੇਖ ਹੀ ਲਿਆ ਹੋਵੇਗਾ ਕਿ ਕਿਸ ਤਰ੍ਹਾਂ ਦਾ ਲੋਕ ਰਾਜ ਹੈ ਜਿਹੜਾ ਇਹ ਚਲਾ ਰਹੇ ਹਨ । ਇਨ੍ਹਾਂ ਨੇ ਸਾਰੇ ਪੰਜਾਬ ਦੇ ਵਿਚ ਦਫਾ 144 ਲਗਾਈ ਰਖੀ, ਸਾਰੇ ਪੰਜਾਬ ਦੇ ਵਿਚ ਮਿਲਟਰੀ ਦਾ ਰਾਜ਼ ਕਾਇਮ ਰਖਿਆ । ਹੁਣ ਪੰਜਾਬ ਵਿਚ ਬੀ.ਐਸ.ਐਫ. ਦਾ ਪਹਿਰਾ ਰਖਿਆ । ਜੇ ਮੈਂ ਕਹਾਂ ਕਿ ਪਿਛਲੇ ਢਾਈ ਮਹੀਨਿਆਂ ਦੇ ਵਿਚ ਇਨ੍ਹਾਂ ਨੇ ਸਾਰੀ ਸਟੇਟ ਨੂੰ ਪੁਲਿਸ ਸਟੇਟ ਜਾਂ ਮਿਲਟਰੀ ਸਟੇਟ ਬਣਾਈ ਰਖਿਆ ਤਾਂ ਇਸ ਦੇ ਵਿਚ ਕੋਈ ਮਾੜੀ ਗਲ ਨਹੀਂ ।

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਆਪ ਕੁਝ ਵਿਚਾਰ ਨਹੀਂ ਕਰਦੇ । ਜਿਸ ਤਰ੍ਹਾਂ ਇਨ੍ਹਾਂ ਨੂੰ ਅਫਸਰ, ਖਾਸ ਤੌਰ ਤੇ 2, 4 ਅਫਸਰ, ਕਹਿ ਦੇਣ ਉਸੇ ਤਰ੍ਹਾਂ ਹੀ ਇਹ ਕਹਿ ਦਿੰਦੇ ਹਨ । ਉਹ ਦੋ, ਚਾਰ ਅਫਸਰ ਹੀ ਇਨ੍ਹਾਂ ਨੂੰ ਮਿਸ-ਗਾਈਡ ਔਰ ਮਿਸ ਲੀਡ ਕਰਦੇ ਹਨ ।

(ਇਸ ਵੇਲੇ ਸ਼੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਪਿਛਲੇ ਦਿਨੀਂ ਜਦੋਂ ਸਟੂਡੈਂਟ ਐਜੀਟੇਸ਼ਨ ਚਲ ਰਹੀ ਸੀ ਤਾਂ ਗਿਆਨੀ ਜ਼ੈਲ ਸਿੰਘ ਜੀ ਨੇ ਇਕ ਬਿਆਨ ਦਿਤਾ ਸੀ । ਉਹ ਕਾਨਫਰੰਸ ਚੀਫ ਸੈਕਟਰੀ ਨੇ ਸੱਦੀ ਸੀ ਅਤੇ ਹੋਮ ਮਨਿਸਟਰ ਵੀ ਉਥੇ ਹਾਜ਼ਰ ਸੀ । ਉਨ੍ਹਾਂ ਅਫ਼ਸਰਾਂ ਨੇ ਗਿਆਨੀ ਜੀ ਦੇ ਕੰਨ ਵਿਚ ਫੂਕ ਮਾਰ ਦਿਤੀ ਕਿ ਸਟੂਡੈਂਟ ਐਜੀਟੇਸ਼ਨ ਵਿਚ ਸੀ. ਪੀ. ਆਈ. ਵਾਲਿਆਂ ਦਾ ਹਥ ਹੈ ਫਿਰ ਫੂਕ ਮਾਰ ਦਿਤੀ ਕਿ ਅਕਾਲੀ ਦਲ ਵਾਲਿਆਂ ਅਤੇ ਸੀ.ਆਈ.ਏ. ਦੀ ਕਾਰਵਾਈ ਹੈ । ਇਨ੍ਹਾ ਨੂੰ ਇਹ ਵੀ ਪਤਾ ਨਹੀਂ ਕਿ ਸੀ. ਆਈ. ਏ. ਹੁੰਦੀ ਕੀ ਹੈ । ਜਦੋਂ ਅਸੀਂ ਇਸ ਗਲ ਨੂੰ ਚੈਲੰਜ ਕੀਤਾ ਕਿ ਜੇ ਕਿਸੇ ਵੀ ਅਕਾਲੀ ਦਾ ਸਬੰਧ ਸੀ. ਆਈ. ਏ. ਨਾਲ ਸਾਬਤ ਕਰ ਦਿਓ ਤਾਂ ਹਰ ਸਜ਼ਾ ਭੁਗਤਣ ਨੂੰ ਤਿਆਰ ਹਾਂ ਤਾਂ ਗਿਆਨੀ ਜੀ ਨੇ ਆਪਣੀ ਸਟੇਟਮੈਂਟ ਬਦਲ ਲਈ ਕਿ ਨਹੀਂ ਇਹ ਐਕਸਟ੍ਰੀਮਿਸਟ ਅਤੇ ਅਕਾਲੀ ਦਲ ਵਾਲਿਆਂ ਦੀ ਕਾਰਵਾਈ ਹੈ । ਇਨ੍ਹਾਂ ਨੇ ਹਰ ਇਕ ਸਟੈਪ ਤੇ ਆਪਣਾ ਸਟੈਂਡ ਬਦਲਿਆ ਹੈ ਅਤੇ ਬਦਲਿਆ ਵੀ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਗਿਰਗਿਟ ਆਪਣਾ ਰੰਗ ਬਦਲਦੀ ਹੈ । (ਹਾਸਾ) (ਵਿਘਨ) ।

[ਸਰਦਾਰ ਅਜਾਇਬ ਸਿੰਘ ਸੰਧੂ]

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਕੈਲੀਬਰ ਦੀ ਗਲ ਦੱਸਾਂ । ਇਨ੍ਹਾਂ ਵਿਚੋਂ ਇਕ ਮਨਿਸਟਰ ਸਾਹਿਬ ਹਨ ਜਿਨ੍ਹਾਂ ਦਾ ਮੈਂ ਨਾਂ ਨਹੀਂ ਲੈਣਾ ਚਾਹੁੰਦਾ । ਉਨ੍ਹਾਂ ਨੇ ਪਟਿਆਲੇ ਜਾਣਾ ਸੀ ਉਨ੍ਹਾਂ ਨੇ ਆਪਣੇ ਪੀ. ਏ. ਨੂੰ ਡੇਟ ਲਿਖਾ ਦਿਤੀ । ਪਰ ਜਿਸ ਦਿਨ ਜਾਣਾ ਸੀ ਉਸ ਦਿਨ ਉਨ੍ਹਾਂ ਦਾ ਪੁਰਾਣਾ ਪੀ. ਏ. ਜਾਂ ਬਿਮਾਰ ਹੋ ਗਿਆ ਜਾਂ ਉਸ ਨੂੰ ਕੋਈ ਕੰਮ ਪੈ ਗਿਆ ਤੇ ਉਸ ਦੀ ਥਾਂ ਤੇ ਨਵਾਂ ਪੀ. ਏ. ਆਇਆ । ਉਸ ਨੂੰ ਇਸ ਪ੍ਰੋਗਰਾਮ ਦਾ ਪਤਾ ਨਹੀਂ ਸੀ । ਤਰੀਕ ਮੈਂ ਨਹੀਂ ਦਸਦਾ, ਕਿਉਂਕਿ ਉਹ ਵਜ਼ੀਰ ਸਾਹਿਬ ਨੂੰ ਆਪ ਹੀ ਪਤਾ ਹੈ । ਜਦੋਂ ਸਵੇਰ ਵੇਲੇ ਦੌਰੇ ਤੇ ਜਾਣ ਲਗੇ ਤਾਂ ਦਿਲੀ ਵਲ ਨੂੰ ਕਾਰ ਚਲ ਪਈ । ਪੀ. ਏ. ਨੇ ਵੀ ਸੋਚਿਆ ਕਿ ਆਮ ਤੌਰ ਤੇ ਇਹ ਦਿਲੀ ਜਾਂਦੇ ਹਨ ਅਜ ਵੀ ਦਿਲੀ ਹੀ ਜਾ ਰਹੇ ਹੋਣਗੇ । ਜਦੋਂ ਕਾਰ ਕਰਨਾਲ ਪੁਜੀ ਜਾਂ ਵਜ਼ੀਰ ਸਾਹਿਬ ਨੇ ਪੀ. ਏ. ਨੂੰ ਪੁਛਿਆ ਕਿ ਇਹ ਕਿਹੜੀ ਥਾਂ ਹੈ ਤਾਂ ਉਸ ਨੇ ਜਵਾਬ ਦਿਤਾ ਕਿ ਜਨਾਬ ਇਹ ਕਰਨਾਲ ਹੈ । ਤਾਂ ਮਨਿਸਟਰ ਸਾਹਿਬ ਕਹਿਣ ਲਗੇ "ਸ਼ਟ ਅਪ ਮੈਂ ਤਾਂ ਪਟਿਆਲੇ ਜਾਣਾ ਸੀ ।" (ਹਾਸਾ) ਫਿਰ ਉਨ੍ਹਾਂ ਨੇ ਕਾਰ ਪਟਿਆਲੇ ਨੂੰ ਮੋੜੀ । (ਹਾਸਾ) ਇਹ ਗਲ, ਡਿਪਟੀ ਸਪੀਕਰ ਸਾਹਿਬ, ਬਿਲਕੁਲ ਸਚ ਹੈ ।

ਇਕ ਮਾਨਯੋਗ ਮੈਂਬਰ: ਸਹੁੰ ਖਾਕੇ ਇਹ ਦਸੋ ਕਿ ਇਹ ਸਚ ਹੈ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ: ਤੁਸੀਂ ਸਾਰੇ ਸਹੁੰ ਖਾਓ ਕਿ ਇਹ ਸਚ ਨਹੀਂ ਹੈ । (ਹਾਸਾ) ਸੋ, ਡਿਪਟੀ ਸਪੀਕਰ ਸਾਹਿਬ, ਇਹ ਇਨ੍ਹਾਂ ਦਾ ਕੈਲੀਬਰ ਹੈ । ਪਰ ਕਿਉਂਕਿ ਅਸੀਂ ਡੈਮੋਕ੍ਰੇਸੀ ਵਿਚ ਰਹਿ ਰਹੇ ਹਾਂ ਇਸ ਲਈ ਲਾਇਕ ਹੋਵੇ ਜਾਂ ਨਾਲਾਇਕ ਜਾਂ ਮਿਡਿਆਕਰ ਸਭ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ । ਇਹ ਮੇਰਾ ਕੰਮ ਨਹੀਂ ਗਿਆਨੀ ਜ਼ੈਲ ਸਿੰਘ ਜੀ ਦੀ ਮਰਜ਼ੀ ਹੈ ਕਿ ਉਹ ਆਪਣੀ ਕੈਬਨਿਟ ਵਿਚ ਲਾਇਕ ਆਦਮੀ ਲੈਂਦਾ ਹੈ ਜਾਂ ਨਾਲਾਇਕ । ਇਹ ਤਾਂ ਮੈਂ ਇਕ ਵੰਨਗੀ ਦਿਤੀ ਹੈ । ਕਿ ਪਟਿਆਲੇ ਜਾਣਾ ਸੀ ਤੇ ਕਰਨਾਲ ਪਹੁੰਚ ਗਏ ।

ਸਰਦਾਰ ਗੁਰਦਰਸ਼ਨ ਸਿੰਘ: ਉਹ ਆਪਣੇ ਕੰਮ ਵਿਚ ਲਗੇ ਰਹੇ ਹੋਣੇ ਹਨ ਉਨ੍ਹਾਂ ਨੂੰ ਧਿਆਨ ਨਹੀਂ ਰਿਹਾ ਹੋਣਾ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ: ਮੇਰਾ ਖਿਆਲ ਹੈ ਕਿ ਸਰਦਾਰ ਗੁਰਦਰਸ਼ਨ ਸਿੰਘ ਜੀ ਠੀਕ ਕਹਿੰਦੇ ਹਨ ਕਿ ਵਜ਼ੀਰਾਂ ਦੇ ਕੰਮ ਅਜਿਹੇ ਹੁੰਦੇ ਹਨ ਕਿ ਜੇ ਕਰਨਾ ਪਟਿਆਲੇ ਹੋਵੇ ਤਾਂ ਕਰਨਾਲ ਪਹੁੰਚ ਕੇ ਯਾਦ ਆਉਂਦੀ ਹੈ । (ਹਾਸਾ)

ਸੋ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਿਛਲੇ 2 ਮਹੀਨੇ ਪੰਜਾਬ ਵਿਚ ਪੁਲੀਸ ਰਾਜ ਰਿਹਾ ਹੈ, ਮਿਲਟਰੀ ਦਾ ਰਾਜ ਰਿਹਾ ਹੈ । ਦਫ਼ਾ 144 ਲਾਈ ਗਈ । 1500 ਦੇ ਕਰੀਬ ਵਿਦਿਆਰਥੀਆਂ ਨੂੰ ਜੇਲ੍ਹਾਂ ਵਿਚ ਪਾਇਆ ਗਿਆ । ਉਨ੍ਹਾਂ ਦਾ ਕਸੂਰ ਕੀ ਸੀ ? ਉਹ ਮੋਗੇ ਵਿਚ ਜਿਹੜੇ ਉਨ੍ਹਾਂ ਦੇ ਸਾਥੀ ਮਾਰੇ ਗਏ ਸੀ, ਉਸ ਘਟਨਾ ਦੇ ਖਿਲਾਫ਼ ਜਲੂਸ ਕਢ ਕੇ ਆਪਣਾ ਰੋਸ਼ ਪ੍ਰਗਟਾਉਣਾ ਚਾਹੁੰਦੇ ਸੀ । ਪਰ ਉਨ੍ਹਾਂ ਨੂੰ ਇਸ ਤਰ੍ਹਾਂ ਨਾ ਕਰਨ ਦਿਤਾ ਗਿਆ । ਗਿਆਨੀ ਜ਼ੈਲ ਸਿੰਘ ਨੇ ਇਕ ਬਿਆਨ ਦਿਤਾ ਕਿ ਜੋ ਵਿਦਿਆਰਥੀ ਮਰਿਆ ਹੈ ਉਹ ਮੇਰਾ ਪੁਤਰ ਮਰਿਆ ਹੈ, ਜੋ ਰਿਕਸ਼ਾ ਵਾਲਾ ਮਰਿਆ ਹੈ ਉਹ ਮੇਰਾ ਭਰਾ ਮਰਿਆ ਹੈ । ਪਰ ਜੇ ਕਿਸੇ ਦਾ ਕੋਈ ਭਰਾ ਜਾਂ ਪੁਤਰ ਮਰ ਜਾਵੇ ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਹ ਉਸ ਦੀ ਲਾਸ਼ ਦੇਖਣ ਲਈ 10 ਦਿਨ ਨਾ ਜਾਵੇ । ਇਹ ਹਿਰਦਾ

ਇਨ੍ਹਾਂ ਕਾਂਗਰਸੀਆਂ ਅਤੇ ਗਿਆਨੀ ਜ਼ੈਲ ਸਿੰਘ ਦਾ ਹੈ ਕਿ ਮੋਗੇ ਇਹ 10 ਦਿਨ ਤਕ ਨਹੀਂ ਗਏ। ਮੋਗੇ ਕੀ ਹੋਇਆ ਮੈਂ ਇਸ ਚੀਜ਼ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਇਹ ਮਾਮਲਾ ਸਬਜੁਡਿਸ ਹੈ ਇਕ ਜਜ ਸਾਹਿਬ ਇਸ ਦੀ ਪੜਤਾਲ ਕਰ ਰਹੇ ਹਨ। ਪਰ ਇਕ ਗੱਲ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਜੇ ਇਕ ਭਰਾ ਦਾ ਵੀਰ ਮਾਰਿਆ ਜਾਵੇ ਜਾਂ ਇਕ ਪਿਉ ਦਾ ਪੁਤਰ ਮਾਰਿਆ ਜਾਵੇ ਤਾਂ ਉਸ ਨੂੰ ਗੁੱਸਾ ਆਉਣਾ ਲਾਜ਼ਮੀ ਹੁੰਦਾ ਹੈ। ਮੁੰਡਿਆਂ ਨੂੰ ਵੀ ਅਪਣੇ ਵੀਰ, ਸਾਥੀ ਮਾਰੇ ਜਾਣ ਦਾ ਗੁੱਸਾ ਸੀ। ਜੇ ਇਹ ਜਲੂਸ ਉਨ੍ਹਾਂ ਨੂੰ ਕਢ ਲੈਣ ਦਿੰਦੇ ਤਾਂ ਉਨ੍ਹਾਂ ਦੇ ਮਨ ਦਾ ਗੁਬਾਰ ਨਿਕਲ ਜਾਣਾ ਸੀ। ਪਰ ਹੋਇਆ ਕੀ? ਵਿਦਿਆਰਥੀਆਂ ਨੂੰ ਡਾਂਗਾਂ ਮਾਰੀਆਂ ਗਈਆਂ, ਗੋਲੀਆਂ ਮਾਰੀਆਂ ਗਈਆਂ, ਕੈਦ ਕੀਤਾ ਗਿਆ ਰਿਕਸ਼ਿਆਂ ਵਾਲਿਆਂ ਨੂੰ ਮਾਰਿਆ ਗਿਆ। ਇਥੋਂ ਆਰਡਰ ਕੀਤੇ ਗਏ ਕਿ ਮੁੰਡਿਆਂ ਨੂੰ ਜਲੂਸ ਨਾ ਕਢਣ ਦਿਤਾ ਜਾਵੇ ਅਤੇ ਜੋ ਮੁੰਡਾ ਵੀ ਮਿਲ ਜਾਵੇ ਉਸ ਦੀ ਘੀਸੀ ਕਰਵਾ ਦਿਉ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੋ ਮਹੀਨਿਆਂ ਵਿਚ ਪੰਜਾਬ ਦੀ ਪੁਲੀਸ ਨੇ ਜੋ ਜੋ ਅਤਿਆਚਾਰ ਕੀਤੇ ਹਨ ਉਹ ਮੈਂ ਬਿਆਨ ਨਹੀਂ ਕਰ ਸਕਦਾ। ਵੈਸੇ ਤਾਂ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਅਜ਼ਾਦੀ ਦੇ 25 ਸਾਲ ਬਾਅਦ ਵੀ ਪੁਲੀਸ ਦੇ ਰਵਈਏ ਵਿਚ ਕੋਈ ਫਰਕ ਇਹ ਸਮਾਜਵਾਦੀ ਸਰਕਾਰ ਨਹੀਂ ਲਿਆ ਸਕੀ। 25 ਸਾਲ ਪਹਿਲੇ ਜਿਸ ਤਰ੍ਹਾਂ ਕੋਈ ਪੁਲੀਸ ਦਾ ਅਫਸਰ ਜਦੋਂ ਕਿਸੇ ਬੰਦੇ ਨੂੰ ਮਿਲਦਾ ਸੀ ਤਾਂ ਗਾਲ੍ਹ ਕਢ ਕੇ ਮਿਲਦਾ ਸੀ ਉਸੇ ਤਰ੍ਹਾਂ ਅਜ ਸਿਪਾਹੀ ਤੋਂ ਲੈ ਕੇ ਐਸ.ਪੀ. ਤਕ ਜਦੋਂ ਕਿਸੇ ਨੂੰ ਮਿਲਦੇ ਹਨ ਤਾਂ ਗਾਲੀ ਕਢ ਕੇ ਮਿਲਦੇ ਹਨ। ਸਪੀਕਰ ਸਾਹਿਬ, ਮੈਨੂੰ ਉਹ ਘਟਨਾ ਯਾਦ ਹੈ ਜਦੋਂ ਤਕਰੀਬਨ ਇਕ ਸਾਲ ਪਹਿਲੇ ਪੁਲੀਸ ਦਾ ਇਕ ਡੀ.ਐਸ.ਪੀ. ਇਕ ਪਿੰਡ ਵਿਚ ਜਾ ਵੜਿਆ ਅਤੇ ਸਾਰੇ ਪਿੰਡ ਨੂੰ ਅਗੇ ਲਾ ਲਿਆ ਕਿ ਇਥੇ ਨਕਸਲੀਆ ਮੁੰਡਾ ਰਹਿੰਦਾ ਹੈ। ਉਸ ਮੁੰਡੇ ਦੀ ਮਾਂ ਨੂੰ ਉਸ ਨੇ ਫੜ ਲਿਆ ਤੇ ਉਸ ਨੂੰ ਨੰਗਾ ਕਰਕੇ ਉਸ ਦੀ ਪਿਸ਼ਾਬ ਵਾਲੀ ਥਾਂ ਤੇ ਬਟ ਮਾਰੇ। (ਸ਼ੇਮ, ਸ਼ੇਮ) (ਗਲਤ ਹੈ, ਗਲਤ ਹੈ) ਤੁਹਾਨੂੰ ਕਿਸੇ ਗਲ ਦਾ ਵੀ ਪਤਾ ਹੈ ? (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੇ ਅਜ਼ਾਦੀ ਦੇ 25 ਸਾਲ ਬਾਅਦ ਵੀ ਪੁਲੀਸ ਦਾ ਵਤੀਰਾ ਠੀਕ ਨਹੀਂ ਹੋ ਸਕਿਆ ਤਾਂ ਇਹ ਰੀਅਲ ਅਜ਼ਾਦੀ ਨਹੀਂ ਹੈ। ਰੀਅਲ ਅਜ਼ਾਦੀ ਮੈਂ ਉਸ ਦਿਨ ਸਮਝਾਂਗਾ ਜਦੋਂ ਕਿ ਪੁਲੀਸ ਦਾ ਥਾਣਦਾਰ ਆਪਣੇ ਆਪ ਨੂੰ ਹਾਕਮ ਨਹੀਂ ਸਗੋਂ ਲੋਕਾਂ ਦਾ ਸੇਵਾਦਾਰ ਸਮਝੇਗਾ। ਪਰ ਜਿਸ ਤਰ੍ਹਾਂ 1500 ਵਿਦਿਆਰਥੀਆ ਨੂੰ ਫੜਿਆ ਗਿਆ ਹੈ, ਉਨ੍ਹਾਂ ਨੂੰ ਡਾਂਗਾਂ ਮਾਰੀਆਂ ਗਈਆਂ, ਉਨ੍ਹਾਂ ਨੂੰ ਗੋਲੀਆਂ ਮਾਰੀਆਂ ਗਈਆਂ ਉਨ੍ਹਾਂ ਨੂੰ ਘਸੀਟਿਆ ਗਿਆ, ਉਸ ਤੋਂ ਪਤਾ ਲਗਦਾ ਹੈ ਕਿ ਸਾਡੀ ਸਮਾਜਵਾਦੀ ਸਰਕਾਰ ਵੀ ਪੁਲੀਸ ਦੇ ਰਵਈਏ ਵਿਚ ਕੋਈ ਤਬਦੀਲੀ ਨਹੀਂ ਲਿਆ ਸਕੀ। ਇਸ ਪੁਲੀਸ ਨੇ ਤਾਂ ਪ੍ਰਿੰਸੀਪਲਾਂ ਤਕ ਨੂੰ ਵੀ ਨਹੀਂ ਛਡਿਆ, ਉਨ੍ਹਾਂ ਨੂੰ ਵੀ ਘਸੀਟਿਆ ਗਿਆ। ਪਟਿਆਲੇ ਦੇ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਰਾਮ ਜੀ ਦਾਸ ਨੂੰ ਪੁਲੀਸ ਨੇ ਘਸੀਟ ਕੇ ਟਰਕ ਵਿਚ ਸੁਟਿਆ। ਡਿਪਟੀ ਸਪੀਕਰ ਸਾਹਿਬ ਜੇ ਉਸ ਨੂੰ ਕੋਈ ਮਿਲੇ ਤਾਂ ਉਹ ਮਹਿਸੂਸ ਕਰਦਾ ਹੈ ਕਿ ਕਿਤਨਾ ਸੁਘੜ ਅਤੇ ਕਿਤਨਾ ਸ਼ਰੀਫ ਆਦਮੀ ਉਹ ਹੈ। ਟ੍ਰੀਬੀਊਨ ਵਿਚ ਖਬਰ ਆਈ ਕਿ ਚੰਡੀਗੜ੍ਹ ਤੋਂ ਇਕ ਕਮਿਸ਼ਨਰ ਆਪ ਪਟਿਆਲੇ ਗਿਆ ਅਤੇ ਪ੍ਰਿੰਸੀਪਲ ਤੋਂ ਮਾਫੀ ਮੰਗੀ ਕਿ ਜੋ ਕੁਝ ਹੋਇਆ ਹੈ ਉਸ ਤੇ ਸਰਕਾਰ ਪਸ਼ਚਾਤਾਪ ਕਰਦੀ ਹੈ। ਪਰ ਦੂਸਰੇ ਦਿਨ ਹੀ ਇਹ ਬਿਆਨ ਦੇ ਦਿਤਾ ਗਿਆ ਕਿ ਕੋਈ ਅਫਸਰ ਪਟਿਆਲੇ ਨਹੀਂ ਗਿਆ ਤੇ ਮਾਫੀ ਨਹੀਂ ਮੰਗੀ ਗਈ। ਜੇ ਪ੍ਰਿੰਸੀਪਲਾਂ ਨਾਲ ਇਸ ਤਰ੍ਹਾਂ ਕੀਤਾ ਜਾਂਦਾ ਹੈ ਤਾਂ ਮੁੰਡਿਆਂ ਨਾਲ ਕੀ ਬੀਤੀ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਬੀ.ਏ.

[ਸਰਦਾਰ ਅਜਾਇਬ ਸਿੰਘ ਸੰਧੂ]

ਪਾਸ ਤੇ ਐਮ.ਏ. ਪਾਸ ਮੁੰਡੇ ਇਨ੍ਹਾਂ ਨੇ ਫੜੇ ਪਰ ਜੇਲ੍ਹਾਂ ਵਿਚ ਸਲੂਕ ਉਨ੍ਹਾਂ ਨਾਲ 'ਸੀ' ਕਲਾਸ ਦੇ ਕੈਦੀਆਂ ਵਰਗਾ ਕੀਤਾ ਗਿਆ । ਬਾਦਲ ਸਾਹਿਬ ਆਪ ਜਾ ਕੇ ਜੇਲ੍ਹਾਂ ਵਿਚ ਦੇਖ ਆਏ ਹਨ ਕਿ ਉਥੇ ਉਨ੍ਹਾਂ ਮੁੰਡਿਆਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ਜਾ ਰਿਹਾ ਹੈ ।

ਹਾਇਰ ਅਥਾਰਿਟੀਜ਼ ਨੂੰ ਬਾਦਲ ਸਾਹਿਬ ਮਿਲਕੇ ਆਏ ਹਨ । ਸੰਗਰੂਰ ਜ਼ਿਲੇ ਵਿਚ ਇਕ ਬੰਦਾ ਉਹ ਫੜਿਆ ਹੋਇਆ ਹੈ ਜਿਹੜੇ ਵਿਚਾਰੇ ਦੇ ਦੋ ਲਤਾਂ ਨਹੀਂ ਹਨ ਅਤੇ ਉਹ ਫੌੜੀ ਨਾਲ ਤੁਰਦਾ ਹੈ । ਦੋਸ਼ ਉਸ ਤੇ ਇਹ ਲਾਇਆ ਹੈ ਕਿ ਉਹ ਬਸਾਂ ਫੂਕਦਾ ਹੈ । ਦੋ ਅੰਨੇ ਉਥੇ ਹਨ । ਮੇਰਾ ਖਿਆਲ ਹੈ ਕਿ ਜਿਹੜੀ ਸਰਕਾਰ ਨੂੰ ਅੰਨਿਆਂ ਦਾ ਪਤਾ ਨਾ ਹੋਵੇ, ਜਿਹੜੀ ਸਰਕਾਰ ਨੂੰ ਇਹ ਪਤਾ ਨਾ ਹੋਵੇ ਕਿ ਇਹਦੇ ਹਥ ਨਹੀਂ ਹਨ, ਜਾਂ ਲਤਾਂ ਨਹੀਂ ਹਨ, ਉਹ ਕੁਝ ਨਹੀਂ ਕਰ ਸਕਦੀ । ਮੈਂ ਸਮਝਦਾ, ਹਾਂ ਕਿ ਡਿਪਟੀ ਸਪੀਕਰ ਸਾਹਿਬ, ਕਿ ਜਿਹੜੀ ਸਰਕਾਰ ਅੰਨ੍ਹਿਆਂ ਕੋਲੋਂ ਡਰਦੀ ਹੋਵੇ, ਬਗੈਰ ਹੱਥਾਂ ਵਾਲਿਆਂ ਤੋਂ ਡਰਦੀ ਹੋਵੇ, ਬਗੈਰ ਲੱਤਾਂ ਵਾਲਿਆਂ ਤੋਂ ਡਰਦੀ ਹੋਵੇ ਉਸ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਆਪਣੇ ਆਪ ਨੂੰ ਸਰਕਾਰ ਕਹਾਵੇ ਉਹਨੂੰ ਕਹਿਣਾ ਚਾਹੀਦਾ ਹੈ ਕਿ ਉਹ ਨਾਕਸ ਸਰਕਾਰ ਹੈ ਅਤੇ ਉਹਨਾਂ ਕੋਲੋਂ ਰਾਜ ਨਹੀਂ ਚਲ ਸਕਦਾ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਕੱਲੇ ਡਾਕਟਰ ਰਾਮਜੀ ਦਾਸ ਜੀ ਦੀ ਬੇਇਜ਼ਤੀ ਨਹੀਂ ਕੀਤੀ ਸਗੋਂ ਮਾਸਟਰ ਜਿਥੇ ਜਿਥੇ ਮਿਲੇ ਉਹ ਵੀ ਫੜ ਲਏ ਗਏ ਹੋਏ ਹਨ । ਇਸ ਵੇਲੇ 600 ਦੇ ਕਰੀਬ ਗਰੀਬ ਮਾਸਟਰ ਜੇਲ੍ਹਾਂ ਵਿਚ ਰਖੇ ਹੋਏ ਹਨ । ਮੇਰੀਆਂ ਭੈਣਾਂ ਮਾਸਟਰਾਨੀਆਂ ਚਾਹੇ ਉਨ੍ਹਾਂ ਨੂੰ ਇਹ ਆਪਣੀਆਂ ਭੈਣਾਂ ਕਹਿਣ ਜਾਂ ਪੁਤਰੀਆਂ ਕਹਿਣ ਉਹ ਅੰਮ੍ਰਿਤਸਰ, ਜਾਲੰਧਰ ਅਤੇ ਲੁਧਿਆਣੇ ਦੀਆਂ ਜੇਲ੍ਹਾਂ ਵਿਚ ਹਨ । ਇਨ੍ਹਾਂ ਨੇ ਤਾਂ ਇਨ੍ਹਾਂ ਗਰੀਬ ਮਾਸਟਰਾਨੀਆਂ ਨੂੰ ਵੀ ਨਹੀਂ ਬਖਸ਼ਿਆ ਹੈ । ਉਨ੍ਹਾਂ ਤੇ ਅਥਰੂ ਗੈਸ ਸੁਟੀ ਗਈ ਅਤੇ ਉਨ੍ਹਾਂ ਨੂੰ ਕੁਟਿਆ ਗਿਆ । 47 ਦਿਨ ਇਹ ਜਿਹੜੇ, ਡਿਪਟੀ ਸਪੀਕਰ ਸਾਹਿਬ, ਸਾਡੇ ਕਾਲਜ ਬੰਦ ਰਹੇ ਇਹਦੀ ਸਾਰੀ ਜ਼ਿੰਮੇਵਾਰੀ ਇਸ ਸਰਕਾਰ ਤੇ ਹੈ ਔਰ ਇਸ ਸਰਕਾਰ ਦੇ ਵਿਦਿਆ ਮੰਤਰੀ, ਇਨ੍ਹਾਂ ਦੇ ਵਿੱਤ ਮੰਤਰੀ ਔਰ ਖਾਸ ਕਰਕੇ ਗਿਆਨੀ ਜ਼ੈਲ ਸਿੰਘ ਤੇ ਹੈ । (ਵਿਘਨ)

ਵਿਦਿਆ ਮੰਤਰੀ : ਇਨ੍ਹਾਂ ਦੀਆਂ ਦੋ ਸਾਲ ਪੁਰਾਣੀਆਂ ਮੰਗਾਂ ਹਨ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਹੁਣ ਉਹ ਜ਼ਰੂਰ ਪੂਰੀਆਂ ਕਰੋ । ਅਸੀਂ ਤੁਹਾਡੇ ਨਾਲ ਹਾਂ । ਜਿਹੜੇ ਚੰਗੇ ਕੰਮ ਕਰੋਗੇ, ਪਹਿਲੇ ਦਿਨ ਹੀ ਅਸੀਂ ਕਿਹਾ ਸੀ, ਅਸੀਂ ਤੁਹਾਡੇ ਨਾਲ ਹੋਵਾਂਗੇ । (ਵਿਘਨ) ਤੁਸੀਂ ਚੋਰੀ ਕਰਕੇ ਮੈਂਬਰ ਲੈ ਜਾਉ । ਤੁਸੀਂ ਲੋਕਾਂ ਦੇ ਇਮਾਨ ਖਰੀਦ ਲਵੋ । ਦੋ ਇੰਡੀਪੈਂਡੈਂਟ ਮੈਂਬਰ ਤੁਸੀਂ ਖਰੀਦ ਲਏ ਹਨ । ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ (ਵਿਘਨ) ਸਾਡੇ ਤਾਂ ਕੀ ਤੁਸੀਂ ਆਪਣੇ ਮੈਂਬਰ ਸਾਂਭ ਕੇ ਰਖੋ, ਦਰਜਨਾਂ ਹੀ ਤੁਹਾਡੇ ਮੈਂਬਰ ਇਧਰ ਆਉਣ ਨੂੰ ਤਿਆਰ ਬੈਠੇ ਹਨ (ਵਿਘਨ) (ਘੰਟੀ) ਪਰ ਅਸੀਂ ਇਨ੍ਹਾਂ ਨੂੰ ਲੈਣ ਨੂੰ ਤਿਆਰ ਨਹੀਂ ਹਾਂ । ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਦਾ ਇਮਾਨ ਖਰੀਦਣ ਦੇ ਹੱਕ ਵਿਚ ਨਹੀਂ ਹਾਂ । ਖਾਸ ਕਰਕੇ ਮੈਂ ਇਸ ਦੇ ਬਿਲਕੁਲ ਖਿਲਾਫ਼ ਹਾਂ । ਉਨ੍ਹਾਂ ਦੋ ਮੈਂਬਰਾਂ ਨੂੰ ਚਾਹੀਦਾ ਹੈ (ਵਿਘਨ)

ਚੌਧਰੀ ਜਗਤ ਰਾਮ : ਆਨ-ਏ-ਪੁਆਇੰਟ ਆਫ ਆਰਡਰ, ਸਰ । ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਮੈਂਬਰ ਖਰੀਦ ਲਏ । ਇਕ ਮੈਂਬਰ ਦੂਸਰੇ ਮੈਂਬਰ ਨੂੰ ਨਹੀਂ ਕਹਿ ਸਕਦਾ ਕਿ

ਉਹ ਖਰੀਦੇ ਗਏ । ਇਹ ਵਕੀਲ ਵੀ ਹਨ ਅਤੇ ਆਪਣੀ ਪਾਰਟੀ ਦੇ ਡਿਪਟੀ ਲੀਡਰ ਵੀ ਹਨ । ਇਹ ਲਫਜ਼ ਇਨ੍ਹਾਂ ਨੂੰ ਵਾਪਸ ਲੈਣੇ ਚਾਹੀਦੇ ਹਨ ।

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਆਪਣੀ ਸੀਟ ਲਵੋ । (Chaudhri Sahib, please resume your seat).

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਹ ਨਹੀਂ ਕਿਹਾ ਕਿ ਮੈਂ ਇਨ੍ਹਾਂ ਨੂੰ ਕਹਿੰਦਾਂ ਹਾਂ । ਇਹ ਦੋ ਮੈਂਬਰ ਚੋਣਾਂ ਵਿਚ ਆਪਣੇ ਲੋਕਾਂ ਨੂੰ ਇਹ ਕਹਿ ਕੇ ਆਏ ਸੀ ਕਿ ਇਹ ਕਾਂਗਰਸੀਏ ਚੋਰ ਹਨ, ਠਗ ਹਨ ਅਤੇ ਇਨ੍ਹਾਂ ਨੂੰ ਵੋਟਾਂ ਨਾ ਪਾਉ ਬਲਕਿ ਵੋਟਾਂ ਸਾਨੂੰ ਪਾਓ । ਇਹ ਰਾਤੋ ਰਾਤ ਇਨ੍ਹਾਂ ਕੋਲ ਚਲੇ ਗਏ । ਇਹ ਦੋ ਮਾਨਯੋਗ ਦੋਸਤਾਂ ਨੂੰ ਚਾਹੀਦਾ ਹੈ ਕਿ ਲੋਕਾਂ ਨਾਲ ਵਿਸ਼ਵਾਸ਼ਘਾਤ ਨਾ ਕਰਨ । (ਵਿਘਨ) ਮੇਰਾ ਖਿਆਲ ਹੈ ਛੱਜ ਤਾਂ ਬੋਲੇ ਪਰ ਛਾਨਣੀ ਕੀ ਬੋਲੇ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ ਸਰ । ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਾਉਣ ਦੇ ਅੰਨੇ ਨੂੰ ਹਰਾ ਹੀ ਹਰਾ ਦਿਖਦਾ ਹੈ ਤਾਂ ਹੀ ਇਨ੍ਹਾਂ ਨੂੰ ਇਸ ਤਰ੍ਹਾਂ ....(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਜੋ ਉਹ ਦੋ ਮੈਂਬਰ ਕਹਿੰਦੇ ਰਹੇ ਹਨ, ਉਹ ਦਸਿਆ ਹੈ । ਇਹ ਡਾਕਟਰ ਗਲਤ ਦਵਾਈ ਦਿੰਦੇ ਰਹੇ ਹਨ (ਵਿਘਨ) ਇਨ੍ਹਾਂ ਨੂੰ ਗਲ ਪਰੇਮ ਨਾਲ ਸੁਣਨੀ ਚਾਹੀਦੀ ਹੈ । (ਵਿਘਨ) (ਚੌਧਰੀ ਜਗਤ ਰਾਮ ਵਲ ਇਸ਼ਾਰਾ ਕਰਦੇ ਹੋਏ) ਸਾਰਾ ਪਿੰਡ ਵੀ ਮਰ ਜਾਵੇ ਪਰ ਤੈਨੂੰ ਪਾਰਲੀਮੈਂਟਰੀ ਸੈਕਟਰੀ ਵੀ ਕਿਸੇ ਨੇ ਨਹੀਂ ਬਨਾਉਣਾ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਦਿਆਰਥੀਆਂ ਨਾਲ, ਪੰਜਾਬ ਦੇ ਟੀਚਰਜ਼ ਨਾਲ ਇਨ੍ਹਾਂ ਨੇ ਕੀ ਸਲੂਕ ਕੀਤਾ ਹੈ ਔਰ ਅਗਰ ਟੀਚਰਜ਼ ਦਾ ਮਸਲਾ 47 ਦਿਨ ਹੱਲ ਨਹੀਂ ਹੋਇਆ ਤਾਂ ਉਹਦੀ ਜ਼ਿਮੇਂਵਾਰੀ ਇਸ ਸਰਕਾਰ ਤੇ ਹੈ ਕਿਉਂਕਿ ਗਿਆਨੀ ਜੀ ਨੇ ਕਹਿ ਦਿਤਾ ਸੀ ਕਿ ਜਦ ਤਕ ਇਹ ਹੜਤਾਲ ਵਾਪਸ ਨਹੀਂ ਲੈਂਦੇ ਮੈਂ ਕੁਝ ਨਹੀਂ ਸੁਣਨਾ । ਫਾਈਨੈਂਸ ਮਨਿਸਟਰ ਨੇ ਕਿਹਾ ਕਿ ਮੇਰੇ ਪਾਸ ਪੈਸੇ ਨਹੀਂ ਹਨ । 47 ਦਿਨ ਇਨ੍ਹਾਂ ਨਾਲ ਸੁਲਾਹ ਨਹੀਂ ਹੋਈ । ਹੁਣ ਇਨ੍ਹਾਂ ਨੂੰ ਪਤਾ ਸੀ ਕਿ ਸੈਸ਼ਨ ਆ ਰਿਹਾ ਹੈ ਅਜਾਇਬ ਸਿੰਘ ਨੇ ਟਕਰਨਾ ਹੈ ਅਤੇ ਹੋਰ ਸਾਥੀਆਂ ਨੇ ਟਕਰਨਾ ਹੈ, ਇਥੇ ਟੀਚਰਜ਼ ਆਉਣਗੇ, ਜਰਨਲਿਸਟਸ ਤੇ ਵਰਕਰਜ਼ ਆਉਣਗੇ, ਇਸ ਕਰਕੇ ਹੁਣ ਇਨ੍ਹਾਂ ਨੇ ਟੀਚਰਜ਼ ਦੇ ਮਸਲੇ ਵਲ ਧਿਆਨ ਦਿਤਾ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ 3500 ਟੀਚਰਜ਼ ਦਾ ਮਸਲਾ ਅੱਜ ਤੋਂ ਦੋ ਮਹੀਨੇ ਪਹਿਲਾਂ ਸੁਲਝਾਇਆ ਜਾ ਸਕਦਾ ਸੀ । ਅੱਜ ਵੀ ਮੈਨੂੰ ਇਨ੍ਹਾਂ ਦੀ ਨੀਯਤ ਤੇ ਸ਼ਕ ਹੈ । ਅਜ ਤਕ ਇਨ੍ਹਾਂ ਨੇ ਇਨ੍ਹਾਂ ਬਾਰੇ ਕੋਈ ਇਲਾਨ ਨਹੀਂ ਕੀਤਾ ਹੈ ਕਿ ਕਿਹੜੀ ਮੰਗ ਉਨ੍ਹਾਂ ਦੀ ਇਨ੍ਹਾਂ ਨੇ ਮੰਨ ਲਈ ਹੈ ਜਾਂ ਕਿਹੜੀ ਨਹੀਂ ਮੰਨੀ ਹੈ । ਵਿਦਿਆਰਥੀਆ ਦੇ ਛਡਣ ਦਾ ਇਲਾਨ ਕੀਤਾ ਹੈ, ਬੜੀ ਖੁਸ਼ੀ ਦੀ ਗਲ ਹੈ । ਲੇਕਿਨ ਹੋਰ ਵੀ ਬੜੀ ਖੁਸ਼ੀ ਦੀ ਗਲ ਹੁੰਦੀ ਜੇਕਰ ਇਹ ਜਿਹੜੇ ਵਿਦਿਆਰਥੀਆਂ ਨਾਲ ਫੜੇ ਗਏ ਸੀ ਉਨ੍ਹਾਂ ਨੂੰ ਵੀ ਛਡਿਆ ਜਾਂਦਾ ਕਿਉਂਕਿ ਪੰਜਾਬ ਵਿਚ ਅਮਨ ਦਾ ਵਾਤਾਵਰਨ ਚਾਹੀਦਾ ਹੈ । ਇਹ ਮਾਸਟਰ ਛਡ ਦਿਤੇ ਇਹ ਵੀ ਚੰਗੀ ਗਲ ਕੀਤੀ ਹੈ । ਭਾਵੇਂ ਇਹ ਕੰਮ ਇਨ੍ਹਾਂ ਨੇ ਸੈਸ਼ਨ ਤੋਂ ਡਰ ਕੇ ਹੀ ਕੀਤਾ ਹੈ । ਪੰਜਾਬ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਜੋ ਨੁਕਸਾਨ ਹੋਇਆ ਹੈ, ਜਾਂ ਕਾਲਜ ਬੰਦ ਰਹੇ, ਉਹਦੀ ਜ਼ਿਮੇਂਵਾਰੀ ਇਸ

[ਸਰਦਾਰ ਅਜਾਇਬ ਸਿੰਘ ਸੰਧੂ]

ਸਾਡੇ ਲਾਇਕ ਵਿਦਿਆ ਮੰਤਰੀ ਤੇ ਹੈ, ਸਾਡੇ ਸਮਾਜਵਾਦੀ ਲੋਕਾਂ ਦੇ ਮਜ਼ਬੂਤ ਚੀਫ ਮਨਿਸਟਰ ਤੇ ਹੈ। ਮੈਂ ਸਮਝਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਹੁਣ ਤਕ ਢਾਈ ਮਹੀਨੇ ਪੰਜਾਬ ਵਿਚ ਪੁਲਿਸ ਰਾਜ ਰਿਹਾ ਹੈ। ਇਹਦੇ ਵਿਚ ਮੇਰਾ ਖਿਆਲ ਹੈ ਕਿ ਲੋਕਾਂ ਦਾ ਹੋਰ ਪਾਸੇ ਧਿਆਨ ਆਇਆ ਨਹੀਂ ਹੈ। ਤੁਸੀਂ ਹੈਰਾਨ ਹੋਵੇਗੇ, ਡਿਪਟੀ ਸਪੀਕਰ ਸਾਹਿਬ, ਕਿ ਇਹ ਸਰਕਾਰ ਆਈ, ਇਸ ਸਰਕਾਰ ਦੇ ਆਉਣ ਨਾਲ ਕੀ ਹੋਇਆ, ਖੰਡ ਮਹਿੰਗੀ ਹੋਈ, ਬਿਜਲੀ ਤਾਂ ਗਾਇਬ ਹੋ ਗਈ ਔਰ ਇਤੇ ਕਈ ਚੀਜ਼ਾਂ ਜਿਵੇ ਕਿ ਇੱਟਾਂ, ਮਿੱਟੀ ਵੀ ਬਲੈਕ ਵਿਚ ਵਿਕਣ ਲਗ ਗਈ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਦੀ ਸੀਮਿੰਟ, ਇੱਟਾਂ, ਖੰਡ ਅਤੇ ਬਿਜਲੀ ਦੀ ਇਸ ਸਰਕਾਰ ਨੇ ਜੈ-ਹਿੰਦ ਬੁਲਾ ਦਿਤੀ ਹੈ। ਇਨ੍ਹਾਂ ਦੇ ਆਪਣੇ ਚੇਲੇ ਚਾਟਕਿਆਂ ਨੂੰ ਤਾਂ ਇਹ ਚੀਜ਼ਾਂ ਠੀਕ ਕੀਮਤ ਤੇ ਮਿਲਦੀਆਂ ਹਨ ਪਰ ਆਮ ਪਬਲਿਕ ਨੂੰ ਇਹ ਚੀਜ਼ਾਂ ਬਲੈਕ ਵਿਚ ਬਹੁਤ ਔਖਿਆਈ ਨਾਲ ਮਿਲ ਰਹੀਆਂ ਹਨ। ਮੈਨੂੰ ਪਤਾ ਹੈ ਕਿ ਇਨ੍ਹਾਂ ਦੇ ਰੋਪੜ ਜ਼ਿਲੇ ਵਿਚ ਕਈ ਬੰਦੇ ਅਜਿਹੇ ਹੇਨ, ਇਨ੍ਹਾਂ ਦਾ ਨਾਂ ਮੈਂ ਨਹੀਂ ਲੈਣਾ ਚਾਹੁੰਦਾ, ਗਿਆਨੀ ਜੀ ਨੂੰ ਪਤਾ ਹੈ, ਇਕ ਨੂੰ ਤਾਂ ਉਥੇ ਦੀ ਵਿਜੀਲੈਂਸ ਕਮੇਟੀ ਦਾ ਮੈਂਬਰ ਬਣਾ ਦਿਤਾ ਹੈ। ਸੋ ਤੁਸੀਂ ਹੈਰਾਨ ਹੋਵੋਗੇ ਕਿ ਵਿਜੀਲੈਂਸ ਕਮੇਟੀ ਦੀਆਂ ਮੈਂਬਰੀਆਂ ਵੀ ਵਿਕਦੀਆਂ ਪਈਆਂ ਹਨ। (ਵਿਘਨ) ਆਜ਼ਾਦ ਸਾਹਿਬ ਤੁਸੀਂ ਚੰਗੀ ਤਰ੍ਹਾਂ ਨਾਲ ਜਾਣਦੇ ਹੋ। ਮੈਂ ਇਨ੍ਹਾਂ ਦਾ ਨਾਉਂ ਨਹੀਂ ਲੈਣਾ ਚਾਹੁੰਦਾ। ਉਥੇ ਲੋਕਾਂ ਤੋਂ ਦਰਖਾਸਤਾਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ ਕਿ ਉਨ੍ਹਾਂ ਦਾ ਕੰਮ ਡਿਪਟੀ ਕਮਿਸ਼ਨਰ ਤੋਂ ਜਾਂ ਐਸ, ਪੀ, ਤੋਂ ਕਰਾਇਆ ਜਾਵੇਗਾ। ਜੀਪਾਂ ਦੇ ਬਹਾਨੇ ਅਤੇ ਕਾਰਾਂ ਦੇ ਬਹਾਨੇ, ਲੋਕਾਂ ਤੋਂ ਪੈਸੇ ਇਕਠੇ ਕੀਤੇ ਜਾਂਦੇ ਹਨ। ਤੁਸੀਂ ਹੈਰਾਨ ਹੋਵੋਗੇ ਕਿ ਗਿਆਨੀ ਜ਼ੈਲ ਸਿੰਘ ਨੂੰ ਜਿਹੜਾ ਵੀ ਜਫੀ ਪਾਕੇ ਮਿਲਦਾ ਹੈ ਉਹੀ ਅਫਸਰਾਂ ਤੇ ਰੋਹਬ ਪਾਉਂਦਾ ਹੈ ਕਿ ਉਹ ਗਿਆਨੀ ਜੀ ਦੇ ਬਹੁਤ ਨੇੜੇ ਹੈ ਅਤੇ ਉਨ੍ਹਾਂ ਅਫਸਰਾਂ ਨੂੰ ਕੋਈ ਫਿਕਰ ਨਹੀਂ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਕਰਕੇ ਉਹ ਲੋਕ ਇਨ੍ਹਾਂ ਅਫਸਰਾਂ ਤੋਂ ਨਾਜਾਇਜ਼ ਕੰਮ ਲੈਂਦੇ ਹਨ। (ਵਿਘਨ) ਇਸ ਤਰ੍ਹਾਂ ਨਾਲ ਰੋਪੜ ਜ਼ਿਲ੍ਹੇ ਦਾ ਤਾਂ ਮੈਨੂੰ ਪਤਾ ਹੈ ਜਿਹੜਾ ਜਿਹੜਾ ਕਾਂਗਰਸੀ ਵੀ ਗਿਆਨੀ ਜੀ ਨੂੰ ਜਫੀ ਪਾਕੇ ਮਿਲਦਾ ਹੈ ਸਮਝ ਲਓ ਉਹਨੇ ਥਾਨੇਦਾਰ ਨੂੰ ਲੁੱਟ ਲਿਆ। ਗਿਆਨੀ ਜੀ, ਮੈਂ ਤੁਹਾਡੇ ਭਲੇ ਦੀਆਂ ਗੱਲਾਂ ਦੱਸਦਾ ਹਾਂ। ਤੁਸੀਂ ਜਲਸਿਆਂ ਵਿਚਕਾਰ ਵਰਕਰਾਂ ਨੂੰ ਜੱਫੀਆਂ ਪਾਓ ਪਰ ਆਪਣੀ ਸੀ. ਆਈ. ਡੀ. ਭੇਜਕੇ ਪਹਿਲਾਂ ਉਥੇ ਦੇ ਲੋਕਲ ਵਰਕਰਾਂ ਨੂੰ ਪੁੱਛ ਕਿ ਉਹ ਕਾਂਗਰਸ ਦੇ ਨਾਮ ਤੇ ਕੋਈ ਲੁੱਟ ਤਾਂ ਨਹੀਂ ਰਹੇ। (ਵਿਘਨ) ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਅੱਜ ਖੰਡ ਵੀ ਬੰਦ ਹੈ, ਅੱਜ ਬਿਜਲੀ ਵੀ ਬੰਦ ਹੈ। ਖਾਣ ਪੀਣ ਦੀਆਂ ਚੀਜ਼ਾਂ ਵੀ ਬੰਦ ਹਨ। ਅੱਜ ਸਕੂਲ ਵੀ ਬੰਦ ਹਨ, ਪੜ੍ਹਨ ਵਾਲੇ ਵੀ ਬੰਦ ਹਨ ਅਤੇ ਪੜ੍ਹਾਉਣ ਵਾਲੇ ਵੀ ਬੰਦ ਹਨ। ਮੇਰਾ ਖਿਆਲ ਹੈ ਕਿ ਅੱਜ ਸਿਰਫ ਦੋ ਹੀ ਚੀਜ਼ਾਂ ਖੁਲੀਆਂ ਹਨ। (ਵਿਘਨ) (ਸ਼ੋਰ) ਉਪਰੋਂ ਸੈਂਟਰ ਤੋਂ ਡੰਡਾ ਆਇਆ ਹੈ ਲੈਂਡ ਸੀਲਿੰਗ ਦਾ ਬਿਲ ਪਾਸ ਕਰਨ ਵਾਸਤੇ ਤਾਂ ਹੀ ਤਾਂ ਇਨ੍ਹਾਂ ਨੇ ਅਸੈਂਬਲੀ ਬੁਲਾਈ ਹੈ ਨਹੀਂ ਤਾਂ ਸ਼ਾਇਦ ਅਸੈਂਬਲੀ ਵੀ ਬੰਦ ਰਹਿੰਦੀ ਸੀ। (ਵਿਘਨ) ਸੋ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਖੁਲ੍ਹਾ ਕੀ ਹੈ? ਇਨ੍ਹਾਂ ਨੇ ਦੋ ਚੀਜ਼ਾਂ ਚਲਾਈਆਂ ਹਨ। ਇਕ ਤਾਂ ਕਰੱਪਸ਼ਨ ਅਤੇ ਦੂਜੇ ਇਨ੍ਹਾਂ ਸ਼ਰਾਬ ਚਲਾਈ ਹੋਈ ਹੈ। (ਵਿਘਨ) ਸ਼ਰਾਬ ਬਾਰੇ ਅਚਾਰਿਆ ਜੀ ਨੇ ਵੀ ਦੱਸਿਆ ਹੈ। ਖਰੜ, ਕੁਰਾਲੀ, ਰੋਪੜ ਅਤੇ ਆਨੰਦਪੁਰ ਸਾਹਿਬ ਆਦਿ ਵਿਚ। (ਵਿਘਨ) ਮੈਨੂੰ ਰੋਪੜ ਦੇ ਜ਼ਿਲੇ ਦਾ ਪਤਾ ਹੈ। (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਅੱਜ ਦੋ ਚੀਜ਼ਾਂ ਖੁਲੀਆਂ ਹਨ, ਕੁਰੱਪਸ਼ਨ ਅਤੇ ਸ਼ਰਾਬ। (ਵਿਘਨ) ਕੁਰੱਪਸ਼ਨ ਬਿਲਕੁਲ ਉਪਰਲੀ ਪੀੜੀ ਤੋਂ ਲੈ ਕੇ ਥੱਲੇ ਤੱਕ ਹੈ।

ਐਨੀ ਕੁਰੱਪਸ਼ਨ ਹੈ, ਡਿਪਟੀ ਸਪੀਕਰ ਸਾਹਿਬ, ਅਸੀਂ ਇਸ ਸਬੰਧੀ ਅੰਕੜੇ ਇਕਠੇ ਕਰ ਰਹੇ ਹਾਂ। ਅਸੀਂ ਅਗਲੇ ਸੈਸ਼ਨ ਲਈ....(ਵਿਘਨ) ਮੈਂ ਹੁਣ ਵੀ ਅੰਕੜੇ ਦੱਸਾਂਗਾ। (ਸਰਦਾਰ ਉਮਰਾਓ ਸਿੰਘ ਵੱਲੋਂ ਵਿਘਨ) ਡਿਪਟੀ ਸਪੀਕਰ ਸਾਹਿਬ, ਸਰਦਾਰ ਉਮਰਾਉ ਸਿੰਘ ਨੂੰ ਪਤਾ ਨਹੀਂ ਇਨ੍ਹਾਂ ਨੇ ਜੋ ਹੇਰਾ ਫੇਰੀ ਕੀਤੀ ਹੈ (ਵਿਘਨ) ਜੋ ਇਨ੍ਹਾਂ ਨੇ ਮਿਊਨਿਖ ਵਿਚ ਕੀਤਾ, ਉਥੇ ਅੰਗਰੇਜ਼ ਲੜਕੀਆਂ ਨਾਲ ਸ਼ਰਾਬਾਂ ਪੀਂਦੇ ਰਹੇ। ਮੇਰੇ ਪਾਸ ਫੋਟੋਆਂ ਹਨ। ਅੱਜ ਮੈਂ ਉਹ ਨਾਲ ਨਹੀਂ ਲਿਆ ਸਕਿਆ ਨਹੀਂ ਤਾਂ ਮੈਂ ਉਹ ਹਾਊਸ ਦੀ ਟੇਬਲ ਤੇ ਰੱਖਦਾ। (ਵਿਘਨ) ਇਨ੍ਹਾਂ ਨੇ ਗਿਆਨੀ ਜੀ ਤੋਂ ਬੇਨਤੀ ਕਰਾਕੇ ਤੁਹਾਨੂੰ ਕਹਿਕੇ ਇਹ ਮੋਸ਼ਨ ਅੱਜ ਹੀ ਖਤਮ ਕਰਨ ਦਾ ਯਤਨ ਕੀਤਾ ਹੈ। (ਵਿਘਨ) ਖੈਰ ਮੌਕੇ ਬਹੁਤ ਮਿਲਣੇ ਹਨ ਅਤੇ ਮੈਂ ਦੱਸਾਂਗਾ। ਡਿਪਟੀ ਸਪੀਕਰ ਸਾਹਿਬ, ਮੈਂ ਕੁਰੱਪਸ਼ਨ ਦੇ ਬਾਰੇ ਦੱਸ ਰਿਹਾ ਸੀ....(ਵਿਘਨ)

ਸਿਖਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਹੇਰਾ ਫੇਰੀ ਦਾ ਲਫਜ਼ ਅਨਪਾਰਲੀਮੈਂਟਰੀ ਹੈ।

ਸ੍ਰੀ ਡਿਪਟੀ ਸਪੀਕਰ : ਹੇਰਾ ਫੇਰਾ ਦਾ ਲਫਜ਼ ਅਨਪਾਰਲੀਮੈਂਟਰੀ ਹੈ, ਇਸ ਲਈ ਇਹ ਨਾ ਵਰਤਿਆ ਜਾਵੇ। (The word 'Heraferi' is unparliamentary. and may not be used),

ਸਰਦਾਰ ਅਜਾਇਬ ਸਿੰਘ ਸੰਧੂ : ਚਲੋ ਫੇਰਾ ਹੇਰੀ ਕਰ ਲਵੋ। (ਹਾਸਾ) (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਹ ਕੁਰੱਪਸ਼ਨ ਕਿਸ ਤਰ੍ਹਾਂ ਕਰਦੇ ਹਨ। ਪੰਜਾਬ ਵਿਚ ਬੜਾ ਰੌਲਾ ਪਿਆ ਅਤੇ ਮੇਰੇ ਕਮਿਊਨਿਸਟ ਭਰਾਵਾਂ ਨੇ ਵੀ ਰੌਲਾ ਪਾਇਆ ਅਤੇ ਲਿਖਕੇ ਵੀ ਦਿਤਾ ਅਸੈਂਬਲੀ ਵਿਚ ਵੀ ਅਤੇ ਪਾਰਲੀਮੈਂਟ ਵਿਚ ਵੀ ਇਹ ਰੌਲਾ ਪਿਆ। ਅਸੀਂ ਅਕਾਲੀ ਦਲ ਨੇ ਵੀ ਕਿਹਾ ਕਿ ਪੰਜਾਬ ਰਾਜ ਬਿਜਲੀ ਬੋਰਡ ਦਾ ਚੇਅਰਮੈਨ ਸਰਦਾਰ ਹਰਬੰਸ ਸਿੰਘ ਨੂੰ ਨਾ ਲਾਓ। ਉਸ ਦੇ ਖਿਲਾਫ ਵਿਜੀਲੈਂਸ ਕਮਿਸ਼ਨ ਕੋਲ ਇਨਕੁਆਇਰੀ ਚਲ ਰਹੀ ਹੈ ਪਰ ਉਸ ਨੂੰ ਨਜ਼ਰ ਅੰਦਾਜ਼ ਕਰਕੇ ਉਸ ਨੂੰ ਬਿਜਲੀ ਬੋਰਡ ਦਾ ਚੇਅਰਮਨ ਲਗਾਇਆ ਗਿਆ। (ਵਿਘਨ) ਮੈਂ ਇਸ ਸਰਕਾਰ ਨੂੰ ਚੈਲੰਜ ਕਰਦਾ ਹਾਂ ਕਿ ਇਸ ਸਰਕਾਰ ਨੇ ਉਸ ਦੇ ਨਾਲ ਪੈਸੇ ਕੀਤੇ ਹਨ। ਅੱਧੀ ਕਿਸ਼ਤ ਇਸ ਵਾਰ ਲਈ ਅਤੇ ਅੱਧੀ ਕਿਸ਼ਤ ਅਗਲੀ ਵਾਰ ਲੈਣੀ ਹੈ। (ਵਿਘਨ) ਨਾਲ ਉਸ ਦੇ ਸਿਰ ਤੇ ਤਲਵਾਰ ਰੱਖ ਦਿਤੀ ਹੈ ਕਿ ਇਕ ਕਿਸ਼ਤ ਸਾਨੂੰ ਹੁਣ ਦੇ ਅਤੇ ਇਕ ਕਿਸ਼ਤ ਅਗਲੇ ਸਾਲ ਲੈਣੀ ਹੈ। (ਵਿਘਨ) ਇਹ ਪਹਿਲੀ ਵਾਰ ਹੈ ਕਿ ਹੁਣ ਦੀ ਇਸ ਸਰਕਾਰ ਨੇ ਕਿਸੇ ਕੋਲੋਂ ਕਿਸ਼ਤਾਂ ਰਾਹੀਂ ਪੇਮੈਂਟ ਲੈਣੀ ਹੈ। (ਵਿਘਨ) ਇਸ ਸਬੰਧ ਵਿਚ ਸੀ. ਪੀ. ਆਈ: ਨੂੰ ਵੀ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਸਾਨੂੰ ਆਪੋਜ਼ੀਸ਼ਨ ਵਾਲਿਆਂ ਨੂੰ ਨਜ਼ਰ ਅੰਦਾਜ਼ ਕੀਤਾ ਹੈ ਅਤੇ, ਡਿਪਟੀ ਸਪੀਕਰ ਸਾਹਿਬ, ਜਿਹੜੇ ਨੇਕ ਕਾਂਗਰਸੀ ਰੌਲਾ ਪਾਉਂਦੇ ਸੀ ਉਨ੍ਹਾਂ ਨੂੰ ਵੀ ਨਜ਼ਰ ਅੰਦਾਜ਼ ਕੀਤਾ ਗਿਆ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਹੋਰ ਕੀ ਕੀਤਾ ਉਸ ਨੂੰ ਬਿਜਲੀ ਬੋਰਡ ਦਾ ਚੇਅਰਮੈਨ ਲਾ ਦਿਤਾ। ਫਿਰ ਟੈਕਨੀਕਲ ਮੈਂਬਰ ਵੱਖਰਾ ਹੁੰਦਾ ਹੈ ਪਰ ਉਸ ਨੂੰ ਟੈਕਨੀਕਲ ਮੈਂਬਰ ਵੀ ਨਾਲ ਹੀ ਲਾ ਦਿਤਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਇਕ ਡੱਬ ਖੜੱਬਾ ਬੰਦਾ ਰਹਿੰਦਾ ਹੈ।....(ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਲਫਜ਼ ਠੀਕ ਨਹੀਂ ਹੈ। (This word is not in good taste.)

ਸਰਦਾਰ ਅਜਾਇਬ ਸਿੰਘ ਸੰਧੂ : ਜਨਾਬ, ਉਹ ਫੁਲਹਿਰੀ ਵਾਲਾ ਹੈ । (ਵਿਘਨ) ਉਸ ਦਾ ਨਾਮ ਓਂਕਾਰ ਨਾਥ ਹੈ । ਉਹ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਸਕੱਤਰ ਵੀ ਹੈ । (ਵਿਘਨ) ।

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ, ਇਸ ਤਰ੍ਹਾਂ ਕਿਸੇ ਦਾ ਨਾਮ ਲੈਣਾ ਠੀਕ ਨਹੀਂ ਹੈ । (Sandhu Sahib, it is not proper to refer to some one by name).

ਸਰਦਾਰ ਅਜਾਇਬ ਸਿੰਘ ਸੰਧੂ : ਉਹ ਗਿਆਨੀ ਜੀ ਦੇ ਨਾਲ ਪਟਵਾਰੀ ਹੁੰਦਾ ਸੀ । (ਵਿਘਨ) (ਸ਼ੋਰ)

ਚੌਧਰੀ ਰਾਮ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਹੜਾ ਆਦਮੀ ਹਾਊਸ ਵਿਚ ਮੌਜੂਦ ਨਹੀਂ, ਅਤੇ ਜਿਹੜਾ ਇਥੇ ਆਪਣੀ ਐਕਸਪਲੇਨੇਸ਼ਨ ਨਹੀਂ ਦੇ ਸਕਦਾ ਉਸ ਦਾ ਇਸ ਹਾਊਸ ਵਿਚ ਜ਼ਿਕਰ ਕਰਨਾ ਠੀਕ ਨਹੀਂ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਉਸ ਦਾ ਨਾਮ ਮੈਂ ਤਾਂ ਲਿਆ ਹੈ, ਕਿਉਂਕਿ ਉਸ ਨੂੰ ਨੌਂ ਕਮੇਟੀਆਂ ਦਾ ਮੈਂਬਰ ਐਪੁਆਇੰਟ ਕੀਤਾ ਗਿਆ ਹੈ । ਉਹ ਬੜਾ ਇਨਡਿਸਪੈਂਸੇਬਲ ਆਦਮੀ ਹੈ । (ਵਿਘਨ) (ਸ਼ੋਰ) ਮੇਰਾ ਖਿਆਲ ਹੈ ਕਿ ਤੁਸੀਂ ਜ਼ਰੂਰ ਉਸ ਨੂੰ ਦੇਖਿਆ ਹੋਵੇਗਾ ਕਿਉਂਕਿ ਉਹ ਕਾਂਗਰਸ ਦਾ ਸਕੱਤਰ ਹੈ । ਉਸ ਦੇ ਰਾਹੀਂ ਟਿਕਟਾਂ ਮਿਲੀਆਂ ਹਨ.... (ਵਿਘਨ)

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਪਹਿਲਾਂ ਚੌਧਰੀ ਸਾਹਿਬ ਨੇ ਵੀ ਪੁਆਇੰਟ ਰੇਜ਼ ਕੀਤਾ ਕਿ ਜਿਹੜਾ ਆਦਮੀ ਆਪਣੇ ਆਪ ਨੂੰ ਇਸ ਹਾਊਸ ਵਿਚ ਡੀਫੈਂਡ ਨਹੀਂ ਕਰ ਸਕਦਾ ਉਸ ਦੇ ਬਾਰੇ ਇਸ ਹਾਊਸ ਵਿਚ ਜ਼ਿਕਰ ਨਹੀਂ ਕਰਨਾ ਚਾਹੀਦਾ....(ਵਿਘਨ)

ਸ੍ਰੀ ਡਿਪਟੀ ਸਪੀਕਰ : ਮੈਂ ਕਹਾਂਗਾ ਕਿ ਕੋਈ ਵੀ ਜਿਹੜਾ ਸਾਡੀ ਗੌਰਮਿੰਟ ਦਾ ਹਾਈ । ਆਫੀਸ਼ੀਅਲ ਜਾਂ ਅਥਾਰਿਟੀ ਹੈ ਉਸ ਦਾ ਨਾਮ ਲੈ ਕੇ ਤੁਸੀਂ ਇਥੇ ਡਿਸਕਸ਼ਨ ਨਾ ਕਰੋ । (I would request the hon. Member not to bring in the name of any Govt. official or authority in the discussion.)

ਸਰਦਾਰ ਅਜਾਇਬ ਸਿੰਘ ਸੰਧੂ : ਅੱਛਾ ਜੀ ਮੈਂ ਫਿਰ ਨਾਮ ਨਹੀਂ ਲੈਂਦਾ । ਉਹ ਕਾਂਗਰਸ ਦਾ ਸੈਕਟਰੀ ਹੈ । ਉਸ ਦਾ ਨਾਮ ਸਾਰੇ ਜਾਣਦੇ ਹਨ । ਉਸ ਦਾ ਨਾਮ ਗਲੀਆਂ ਵਿਚ ਮਸ਼ਹੂਰ ਹੈ । ਉਸ ਦਾ ਨਾਮ ਚਾਂਖਿਆਂ ਵਿਚ ਮਸ਼ਹੂਰ ਹੈ....(ਵਿਘਨ) (ਸ਼ੋਰ)

ਰਾਜ ਮੰਤਰੀ ਸਥਾਨਕ ਸਰਕਾਰ ਅਤੇ ਜੇਲ੍ਹਾਂ (ਸ੍ਰੀ ਜੋਗਿੰਦਰਪਾਲ ਪਾਂਡੇ) : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਹੱਕ ਹੈ ਕਿ ਇਹ ਮੋਸ਼ਨ ਦੇ ਉੱਤੇ ਜਿਸ ਤਰ੍ਹਾਂ ਹੋਵੇ ਬੋਲਣ । ਲੇਕਿਨ ਇਸ ਤਰ੍ਹਾਂ ਦੀਆਂ ਗੱਲਾਂ ਜੋ ਇਹ ਕਰ ਰਹੇ ਹਨ ਇਹ ਠੀਕ ਨਹੀਂ ਹੈ । ਇਕ ਸਿਆਣੇ ਆਦਮੀ ਵਾਸਤੇ ਅਤੇ ਡਿਪਟੀ ਲੀਡਰ ਆਫ ਦਿ ਆਪੋਜ਼ੀਸ਼ਨ ਵਾਸਤੇ ਇਹ ਚੰਗਾ ਨਹੀਂ ਲੱਗਦਾ । (ਵਿਘਨ) ਸਾਡੇ ਵਿਚੋਂ ਜੇ ਕੋਈ ਇਸ ਕਿਸਮ ਦੀ ਗੱਲ ਕਰੇਗਾ ਤਾਂ ਫਿਰ ਇਨ੍ਹਾਂ ਨੂੰ ਵੀ ਕੋਈ ਇਤਰਾਜ਼ ਨਹੀਂ

~~[illegible] (ਵਿਘਨ)~~

ਕਰਨਾ ਚਾਹੀਦਾ । (ਵਿਘਨ) ਮੈਂ ਸਮਝਦਾ ਹਾਂ ਕਿ ਇਸ ਕਿਸਮ ਦੀ ਗੱਲ ਨਹੀਂ ਕਰਨੀ ਚਾਹਦੀ । (ਵਿਘਨ) ਬੜੇ ਬੜੇ ਪਾਠੀ ਇਨ੍ਹਾਂ ਵਿਚ ਵੀ ਹਨ । ਜੇ ਇਸ ਤਰ੍ਹਾਂ ਅਸੀਂ ਵੀ ਕਰਾਂਗੇ ਤਾਂ ਇਸ ਦੇ ਨਾਲ ਬੈਡ ਰਵਾਇਤ ਕਾਇਮ ਹੋਵੇਗੀ ।

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ, ਤੁਸੀਂ ਠੀਕ ਲੈਂਗੂਏਜ ਇਸਤੇਮਾਲ ਕਰੋ । (Sandhu Sahib, please use proper language).

ਸਰਦਾਰ ਅਜਾਇਬ ਸਿੰਘ ਸੰਧੂ : ਜੇ ਅਸੀਂ ਕਿਤੇ ਕੁਰੱਪਸ਼ਨ ਕੀਤੀ ਹੋਵੇ ਤਾਂ ਜ਼ਰੂਰ ਡਿਸਕੱਸ ਕਰੋ । (ਵਿਘਨ)

ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਜੇ ਇਨ੍ਹਾਂ ਨੇ ਇਸੇ ਤਰ੍ਹਾਂ ਹੀ ਡਿਸਕਸ਼ਨ ਕਰਨੀ ਹੈ ਤਾਂ ਪਹਿਲਾਂ ਕੜਾਹ ਪ੍ਰਮਾਦ ਦੇ ਸਕੈਂਡਲ ਜੋ ਹਨ, ਉਸ ਦੇ ਬਾਰੇ ਫੈਸਲਾ ਕਰ ਲਵੋ । (ਵਿਘਨ) (ਸ਼ੋਰ) ਇਨ੍ਹਾਂ ਦੇ ਜਿਹੜੇ ਵੱਡੇ ਵੱਡੇ, ਮਹਾਨ ਨੇਤਾ ਹੁਣ ਇਸ ਦੁਨੀਆਂ ਵਿਚ ਨਹੀਂ ਉਨ੍ਹਾਂ ਉਪਰ ਕਿਨੇ ਐਲੀਗੇਸ਼ਨਜ਼ ਹਨ ਇਸ ਬਾਰੇ ਪਹਿਲਾਂ ਦੇਖ ਲਵੋ । (ਵਿਘਨ) (ਸ਼ੋਰ) ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹਾਊਸ ਦਾ ਡੈਕੋਰਮ ਕਾਇਮ ਰੱਖੋ ਅਤੇ ਇਸ ਬਹਿਸ ਨੂੰ ਖਤਮ ਕਰੋ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਪਾਂਡੇ ਦਾ ਨਾਮ ਨਹੀਂ ਲਿਆ । ਲੇਕਿਨ ਜਿਹੜਾ ਚੰਦਾ ਇਤਨਾ ਇਨਡਿਸਪੈਂਸੇਬਲ ਹੈ ਉਸ ਦੇ ਬਾਰੇ .. (ਵਿਘਨ)

ਚੌਧਰੀ ਰਾਮ ਸਿੰਘ : ਜੇ ਅਸੀਂ ਕਾਲੀਆਂ ਪੱਗਾਂ, ਕਾਲੇ ਕਪੜੇ ਅਤੇ ਕਾਲੇ ਮੂੰਹ ਕਹੀਏ ਤਾਂ ਫਿਰ ਕੀ ਹੋਵੇਗਾ .... (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਤਾਂ ਡਿਪਟੀ ਸਪੀਕਰ ਸਾਹਿਬ, ਇਸ ਕਰਕੇ ਕਿਹਾ ਹੈ ਉਹ ਇਨਡਿਸਪੈਂਸੇਬਲ ਆਦਮੀ ਹੈ ।(ਵਿਘਨ) ਖਾਦੀ ਬੋਰਡ ਦਾ ਵਾਈਸ-ਚੇਅਰਮੈਨ ਭੀ ਹੋਵੇ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦਾ ਮੈਂਬਰ ਵੀ ਉਹ ਹੋਵੇ ਸਟੇਟ ਟਰਾਂਸਪੋਰਟ ਅਥਾਰਿਟੀ ਦਾ ਮੈਂਬਰ ਵੀ ਹੋਵੇ । ਕਾਂਗਰਸ ਦਾ ਸਕੱਤਰ ਵੀ ਹੋਵੇ ਅਤੇ ਮੈਂਬਰ ਵੀ ਹੋਵੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਐਨਾ ਇਨਡਿਸਪੈਂਸੇਬਲ ਆਦਮੀ ਹੈ ਅਤੇ ਜੇ ਕਿਸੇ ਨੇ ਕੋਈ ਟਰਾਂਸਫਰ ਜਾਂ ਕੋਈ ਕੰਮ ਸੀ. ਐਮ. ਸਾਹਿਬ ਤੋਂ ਕਰਵਾਉਣਾ ਹੁੰਦਾ ਹੈ ਤਾਂ ਉਹ ਉਸ ਨੂੰ ਲੱਭਦਾ ਫਿਰਦਾ ਹੈ । ਉਹ ਉਸ ਆਦਮੀਂ ਦਾ ਪਤਾ ਕਰਦਾ ਫਿਰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਉਸ ਦੇ ਬਗੈਰ ਕੰਮ ਨਹੀਂ ਹੋਣਾ ।ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕੀ ਇਹ ਇਨ੍ਹਾਂ ਦੀ ਸਮਾਜਵਾਦੀ ਸਰਕਾਰ ਹੈ ? ਉਸ ਬੰਦੇ ਨੂੰ ਖਾਦੀ ਬੋਰਡ ਦਾ ਵਾਈਸ ਚੇਅਰਮੈਨ ਬਣਾਇਆ ਗਿਆ । ਇਕ ਬੀਬੀ ਰਾਜਿੰਦਰ ਕੌਰ ਹੈ ਜਿਹੜੀ ਅਲੈਕਸ਼ਨਾਂ ਵਿਚ ਹਾਰ ਗਈ ਸੀ ਔਰ ਬਹੁਤ ਬੁਰੀ ਤਰ੍ਹਾਂ ਹਾਰ ਗਈ ਸੀ ਇਨ੍ਹਾਂ ਨੇ ਉਸ ਨੂੰ ਸੈਕਟਰੀ ਲਾਇਆ ਹੈ । (ਵਿਘਨ)

ਸ੍ਰੀ ਡਿਪਟੀ ਸਪੀਕਰ: ਜਿਹੜਾ ਬੰਦਾ ਇਥੇ ਆਪਣੇ ਆਪ ਨੂੰ ਡੀਫੈਂਡ ਨਹੀਂ ਕਰ ਸਕਦਾ ਉਸ ਦਾ ਨਾਮ ਨਹੀਂ ਇਥੇ ਲੈਣਾ ਚਾਹੀਦਾ । (ਵਿਘਨ) (The name of a person who cannot defend himself in this House should not be referred to here)

ਸਰਦਾਰ ਅਜਾਇਬ ਸਿੰਘ ਸੰਧੂ : ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਇਲੈਕਟਰੀਸਿਟੀ ਬੋਰਡ ਹੈ ਉਥੇ 2 ਐਡਮਿਨਿਸਟਰੇਟਿਵ ਮੈਂਬਰ ਕੰਮ ਨਹੀਂ ਕਰ ਸਕਦੇ ਪਰ ਇਨ੍ਹਾਂ ਨੇ ਤਾਂ ਸੌਂਹ ਖਾਧੀ ਹੋਈ ਹੈ ਕਿ ਅਕਾਰਡਿੰਗ ਟੂ ਰੂਲਜ਼ ਕੋਈ ਕੰਮ ਨਹੀਂ ਕਰਨਾ । ਮੈਨੂੰ ਇਸ ਗਲ ਦਾ ਤਾਂ ਪਤਾ ਨਹੀਂ ਪਰ ਇਨ੍ਹਾਂ ਦੇ ਹੀ ਇਕ ਆਦਮੀ ਨੇ ਦਸਿਆ ਕਿ ਇਹ ਕਹਿੰਦੇ ਹਨ ਕਿ 9 ਮਹੀਨੇ ਰਾਜ ਕਰਨਾ ਹੈ, ਚਲਾ ਲਓ ਚੰਮ ਦੀਆਂ ਜਿਹੜੀਆਂ ਚਲਦੀਆਂ ਹਨ । (ਵਿਘਨ) ਮੈਂ ਸਮਝਦਾ ਹਾਂ ਕਿ ਅਗਰ ਇਸ ਤਰ੍ਹਾਂ ਦੀਆਂ ਇਹ ਗਲਾਂ ਸੋਚੀਂ ਬੈਠੇ ਹਨ ਕਿ ਚੰਮ ਦੀ ਚਲਾਉਣੀ ਹੈ ਤਾਂ ਇਹ ਇਨ੍ਹਾਂ ਵਾਸਤੇ ਠੀਕ ਨਹੀਂ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਇਨ੍ਹਾਂ ਨੇ ਆਉਂਦੇ ਹੀ ਇਹ ਐਲਾਨ ਕੀਤਾ ਸੀ ਅਸੀਂ ਇਥੇ ਸਮਾਜਵਾਦ ਲਿਆਉਣਾ ਹੈ, ਅਸੀਂ ਟਰਾਂਸਪੋਰਟ ਨੈਸ਼ਨੇਲਾਈਜ਼ ਕਰਾਂਗੇ, ਸਿਨਮੇ ਨੈਸ਼ਨੇਲਾਈਜ਼ ਕਰਾਂਗੇ ਕੋਲਡ ਸਟੋਰੇਜ਼ ਨੈਸ਼ਨੇਲਾਈਜ਼ ਕਰਾਂਗੇ, ਅਸੀਂ ਅਮੀਰਾਂ ਤੋਂ ਪੈਸੇ ਲੈ ਕੇ ਗਰੀਬਾਂ ਨੂੰ ਵੰਡਾਂਗੇ । ਡਿਪਟੀ ਸਪੀਕਰ ਸਾਹਿਬ, ਕਿਥੇ ਗਏ ਇਨ੍ਹਾਂ ਦੇ ਉਹ ਨਾਹਰੇ ? ਇਹ ਜਿਹੜੀ ਲੈਂਡ ਰੀਫਾਰਮ ਕਰਨੀ ਹੈ ਉਸ ਦੇ ਬਾਰੇ ਵੀ ਜਦੋਂ ਇਹ ਬਿੱਲ ਆਵੇਗਾ ਤਾਂ ਦਸਾਂਗੇ ਕਿ ਇਹ ਕਿਸ ਤਰ੍ਹਾਂ ਦੀ ਲੈਂਡ ਰੀਫਾਰਮ ਕਰ ਰਹੇ ਹਨ । ਇਨ੍ਹਾਂ ਨੇ ਇਹ ਨਾਹਰਾ ਦੇਕੇ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਕਰਨੀ ਹੈ 4–5 ਲੱਖ ਰੁਪਿਆ ਟਰਾਂਸਪੋਰਟਜ਼ ਤੋਂ ਨਜਾਇਜ਼ ਉਗਰਾਹਿਆ ਹੈ । ਸਿਨਮਾਂ ਨੈਸ਼ਨੇਲਾਈਜ਼ ਕਰਨ ਵਾਸਤੇ ਇਸ ਮੋਗੇ ਕਾਂਡ ਤੋਂ ਬਾਅਦ ਸਾਡੇ ਫਾਈਨੈਂਸ਼ ਮਨਿਸਟਰ ਸਾਹਿਬ ਦਾ ਬਿਆਨ ਆਇਆ ਸੀ ਅਤੇ ਹੋਰ ਕਈ ਵਜ਼ੀਰ ਸਾਹਿਬਾਨ ਦਾ ਵੀ ਬਿਆਨ ਆਇਆ ਸੀ ਕਿ ਸਿਨਮੇ ਨੈਸ਼ਨੇਲਾਈਜ਼ ਕਰਨੇ ਹਨ । ਉਨ੍ਹਾਂ ਲੋਕਾਂ ਨੂੰ ਵੀ ਇਸ ਨੈਸ਼ਨੇਲਾਈਜੇਸ਼ਨ ਦੀ ਧਮਕੀ ਦੇ ਕੇ 4/5 ਲੱਖ ਰੁਪਏ ਸਿਨਮਾਂ ਦੇ ਮਾਲਕਾਂ ਤੋਂ ਉਗਰਾਏ ਹਨ । ਡਿਪਟੀ ਸਪੀਕਰ ਸਾਹਿਬ, ਤੁਸੀਂ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਮੈਨੂੰ ਇਸ ਗੱਲ ਦਾ ਪਤਾ ਲਗਿਆ ਹੈ ਕਿ ਪੰਜਾਬ ਦੇ ਸਾਰੇ ਸਿਨਮੇ ਵਾਲੇ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੂੰ ਆਪਣੀ ਇਕ ਹਫਤੇ ਦੀ ਆਮਦਨੀ ਦਿੰਦੇ ਹਨ । ਸਿਰਫ ਇਕ ਬੰਦਾ ਬਚਿਆ ਹੈ ਜਿਹੜਾ ਕਿ ਇਹ ਪੈਸੇ ਨਹੀਂ ਦਿੰਦਾ ਉਹ ਹੈ ਸਰਦਾਰ ਸੁਰਿੰਦਰ ਸਿੰਘ ਕੈਰੋਂ । ਉਸ ਦੇ ਸਿਨਮੇ ਤੋਂ ਪੈਸੇ ਨਹੀਂ ਲਏ ਜਾਂਦੇ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਜੇ ਉਸ ਤੋਂ ਵੀ ਲਏ ਤਾਂ ਸਾਡਾ ਭਾਂਡਾ ਫੁਟ ਜਾਵੇਗਾ । ਇਸ ਲਈ ਉਸ ਇਕਲੇ ਆਦਮੀ ਦੇ ਸਿਨਮੇ ਤੋਂ ਇਲਾਵਾ ਬਾਕੀ ਸਾਰੇ ਸਿਨਮੇ ਵਾਲਿਆਂ ਤੋਂ ਪੈਸੇ ਉਗਰਾਹੇ ਜਾਂਦੇ ਹਨ । ਜੇ ਇਹ ਸਰਕਾਰ ਆਪਣੇ ਆਪ ਨੂੰ ਸਮਾਜਵਾਦੀ ਸਰਕਾਰ ਕਹਿੰਦੀ ਹੈ ਤਾਂ ਜਿਥੇ ਇਹ ਲੈਂਡ ਰੀਫਾਰਮਜ਼ ਬਿਲ ਲਿਆ ਰਹੀ ਹੈ ਉਥੇ ਨਾਲ ਹੀ ਟਰਾਂਸਪੋਰਟ ਨੈਸ਼ਨੇਲਾਈਜੇਸ਼ਨ ਦਾ ਬਿਲ ਲਿਆਉਣ, ਸਿਨਮੇ ਨੈਸ਼ਨੇਲਾਈਜ਼ ਕਰਨ, ਕੋਲਡ ਸਟੋਰੇਜ ਨੈਸ਼ਨੇਲਾਈਜ਼ ਕਰਨ । ਲੇਕਿਨ ਇਨ੍ਹਾਂ ਨੇ ਤਾਂ ਕੁਰੱਪਸ਼ਨ ਆਪ ਖੋਲ੍ਹੀ ਪਈ ਹੈ—

'ਲੂਟਨਾ ਹੈ ਤੋ ਲੂਟ ਲੇ, ਦਿਨ ਰਾਤ ਪਿਆ ਲੂਟ । ਜਬ ਤਕ ਲੂਟ ਸਕਤਾ ਹੈ ਲੂਟ'

ਡਿਪਟੀ ਸਪੀਕਰ ਸਾਹਿਬ, ਫਿਰ ਤੁਸੀਂ ਦੇਖੋ ਕਿ ਸ਼ਰਾਬ ਬੰਦੀ ਕਰਨੀ ਚਾਹੀਦੀ ਹੈ ਪਰ ਇਨ੍ਹਾਂ ਨੇ ਸ਼ਰਾਬ ਦੇ ਠੇਕੇ ਜਗ੍ਹਾ ਜਗ੍ਹਾ ਖੋਲੇ ਹੋਏ ਹਨ । ਮਹਾਤਮਾਂ ਗਾਂਧੀ ਜੀ ਦੀ ਮੈਂ ਬਹੁਤ ਕਦਰ ਕਰਦਾ ਹਾਂ, ਉਨ੍ਹਾਂ ਦਾ ਬਹੁਤ ਸਤਿਕਾਰ ਕਰਦਾ ਹਾਂ ਉਹ ਹਿੰਦੁਸਤਾਨ ਦੇ ਇਕ ਬਹੁਤ ਵਡੇ ਨੇਤਾ ਸਨ ਉਨ੍ਹਾਂ ਨੇ ਕਿਹਾ ਸੀ ਕਿ ਡਰਾਈ ਕਰੋ ਪਰ ਇਹ ਕਹਿੰਦੇ ਹਨ ਕਿ ਨਹੀਂ ਡਰਾਈ ਨਹੀਂ ਵੇਟ ਕਰਨਾ ਹੈ । ਤੁਸੀਂ ਦੇਖਿਆ ਹੋਣਾ ਹੈ, ਡਿਪਟੀ ਸਪੀਕਰ ਸਾਹਿਬ, ਕਿ ਰਾਮ ਨੌਮੀ ਦਾ ਤਿਉਹਾਰ ਹੋਵੇ ਜਾਂ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੋਵੇ ਜਾਂ ਹੋਰ ਕੋਈ ਧਾਰਮਿਕ ਦਿਨ ਮਨਾਇਆ ਜਾ ਰਿਹਾ ਹੋਵੇ ਤਾਂ ਇਨ੍ਹਾਂ ਦੇ ਠੇਕੇ ਖੁਲੇ ਹੁੰਦੇ ਹਨ । ਜਿਹੜਾ ਵੀ ਬੋਤਲ ਪੀ ਕੇ ਉਥੋਂ ਨਿਕਲਦਾ ਹੈ ਉਹ ਫਿਰ ਗੀਤ ਗਾਉਂਦਾ ਹੈ ਅਤੇ, ਡਿਪਟੀ ਸਪੀਕਰ ਸਾਹਿਬ, ਉਹ ਐਸੇ ਐਸੇ ਗੀਤ ਗਾਉਂਦਾ ਹੈ ਜਿਹੜੇ ਕਿ ਸੁਣੇ ਨਹੀਂ ਜਾਂਦੇ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸ ਸਮਾਜਵਾਦ ਦੀਆਂ ਗਲਾਂ ਕਹਿੰਦੇ ਹਨ ? ਜੇ ਇਹ ਸਹੀ ਮਾਹਨਿਆਂ ਵਿਚ ਸੂਬੇ ਵਿਚ ਸਮਾਜਵਾਦ ਲਿਆਉਣਾ ਚਾਹੁੰਦੇ ਹਨ ਤਾਂ ਸਮਾਜਵਾਦ ਦਾ ਜਿਹੜਾ ਸਹੀ ਆਈਡੀਆ ਹੈ ਉਹ ਅਡਾਪਟ ਕਰਨਾ ਚਾਹੀਦਾ ਹੈ । ਇਨ੍ਹਾਂ ਨੂੰ ਗੁਰਦੁਆਰਿਆਂ ਦੇ ਸਾਹਮਣਿਉਂ ਮੰਦਰਾਂ ਦੇ ਸਾਹਮਣਿਉਂ ਅਤੇ ਸਕੂਲਾਂ ਦੇ ਸਾਹਮਣੇ ਜਿਹੜੇ ਠੇਕੇ ਬਣੇ ਹੋਏ ਹਨ ਉਹ ਉਥੋਂ ਚੁਕ ਲੈਣੇ ਚਾਹੀਦੇ ਹਨ ਅਤੇ ਸ਼ਰਾਬ ਬੰਦੀ ਕਰਨੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਕੁਰੱਪਸ਼ਨ ਤਾਂ ਇਤਨੀ ਵੱਧ ਚੁਕੀ ਹੈ ਕਿ ਇਸ ਦੇ ਵਿਚ ਮੈਂ ਸਮਝਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੂੰ ਥੋੜਾ ਜਿਹਾ ਸੋਚ ਕੇ, ਸੰਭਲ ਕੇ ਚਲਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਨੇ ਤਾਂ ਮੁੱਖ ਮੰਤਰੀ ਦੇ ਨਾਮ ਨੂੰ ਇਤਨਾ ਸਸਤਾ ਕਰ ਦਿਤਾ ਹੈ ਕਿ ਕੁਝ ਕਿਹਾ ਨਹੀਂ ਜਾ ਸਕਦਾ । ਕੋਈ ਆਦਮੀ ਆਪਣੇ ਮੁੰਡੇ ਦੀ ਜਾਂ ਲੜਕੀ ਦੀ ਸ਼ਾਦੀ ਕਰਦਾ ਹੈ ਤਾਂ ਉਹ ਵੀ ਆਪਣੇ ਕਾਰਡ ਤੇ ਇਸ ਤਰ੍ਹਾਂ ਲਿਖ ਦਿਦਾ ਹੈ 'Giani Zail Singh invites on the auspicious occasion of' ਇਸ ਤਰ੍ਹਾਂ ਫਿਰ ਉਹ ਲੋਕਾਂ ਤੋਂ ਪੈਸੇ ਬਟੋਰਦੇ ਹਨ । ਜਿਸ ਦਾ ਪਹਿਲਾਂ ਮੈਂ ਨਾਮ ਲਿਆ ਸੀ ਉਸ ਦੀ ਲੜਕੀ ਦੀ ਸ਼ਾਦੀ ਹੋਈ ਤਾਂ ਉਸ ਦਾ ਕਾਰਡ ਵੀ ਗਿਆਨੀ ਜ਼ੈਲ ਸਿਘ ਜੀ ਵਲੋਂ ਛਪਿਆ । ਉਸ ਨੇ ਲੜਕੀ ਦੀ ਸ਼ਾਦੀ ਤੇ 2—3 ਲੱਖ ਰੁਪਿਆ ਖਰਚ ਕੀਤਾ ਅਤੇ ਫਿਰ ਉਹ ਲੋਕਾਂ ਤੋਂ ਇਕਠਾ ਕੀਤਾ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਦਾ ਜਿਹੜਾ ਔਹਦਾ ਹੈ ਇਹ ਬਹੁਤ ਵਡਾ ਔਹਦਾ ਹੈ ਅਤੇ ਇਨ੍ਹਾਂ ਨੂੰ ਇਸ ਔਹਦੇ ਦਾ ਖਿਆਲ ਰੱਖਣਾ ਚਾਹੀਦਾ ਹੈ । ਇਨ੍ਹਾਂ ਦੇ ਭਾਣਜੇ ਦੀ ਅਤੇ ਭਤੀਜੇ ਦੀ ਸ਼ਾਦੀ ਹੋਈ । ਇਨ੍ਹਾਂ ਨੇ ਇਸ ਗਲ ਦੀ ਖੁਸ਼ੀ ਮਨਾਈ । (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹੋ ਜਿਹੀਆਂ ਪਰਸਨਲ ਗਲਾਂ ਵਿਚ ਨਾ ਪਓ, ਤੁਸੀਂ ਇਕ ਪਾਰਟੀ ਦੇ ਡਿਪਟੀ ਲੀਡਰ ਹੋ, ਕੋਈ ਕਨਕਰੀਟ ਗਲਾਂ ਦਸੋ । (ਵਿਘਨ) (Please do not discuss personal matters. You should quote some concrete facts as you are the Deputy Leader of the Opposition)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਣ ਲਈ ਗਲਾਂ ਕਹਿ ਰਿਹਾ ਹਾਂ ਅਤੇ ਇਹ ਬਿਲਕੁਲ ਕਨਕਰੀਟ

[ਸਰਦਾਰ ਅਜਾਇਬ ਸਿੰਘ ਸੰਧੂ]

ਗਲਾਂ ਬਣਦੀਆਂ ਹਨ । ਇਹ ਇਕ ਚੀਫ਼ ਮਨਿਸਟਰ ਹਨ ਅਤੇ ਇਨ੍ਹਾਂ ਗਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ । ਤੁਹਾਨੂੰ ਪਤਾ ਹੈ ਕਿ ਇਥੇ ਚੰਡੀਗੜ੍ਹ ਵਿਚ ਗੈਸਟ ਕੰਟਰੋਲ ਲਾਗੂ ਹੈ । ਡਿਪਟੀ ਸਪੀਕਰ ਸਾਹਿਬ, ਇਹ ਇਕ ਸਟੇਟ ਦੇ ਹੈਡ ਹਨ, ਚੀਫ਼ ਮਨਿਸਟਰ ਹਨ, ਇਨ੍ਹਾਂ ਦੇ ਭਤੀਜੇ ਦੀ ਸ਼ਾਦੀ ਹੋਏ ਨੂੰ ਦੋ ਮਹੀਨੇ ਹੋ ਗਏ ਹਨ । ਇਸ ਤੋਂ ਬਾਅਦ ਅਗਰ ਇਹ ਐਂਟਰਟੇਨ ਕਰਨਾ ਚਾਹੁੰਦੇ ਹਨ ਤਾਂ ਜ਼ਰੂਰ ਕਰਨ । ਲੇਕਿਨ ਇਸ ਚੀਜ਼ ਦਾ ਇਨ੍ਹਾਂ ਨੂੰ ਕੋਈ ਹੱਕ ਨਹੀਂ ਕਿ ਕਾਨੂੰਨ ਦੀ ਉਲੰਘਣਾ ਕਰਨ । ਗੈਸਟ ਕੰਟਰੋਲ ਐਕਟ ਦੇ ਅਧੀਨ 50 ਆਦਮੀਆਂ ਦੀ ਲਿਮਿਟ ਹੈ ਅਤੇ ਇਨ੍ਹਾਂ ਨੂੰ ਵੀ ਇਕ ਆਮ ਆਦਮੀ ਦੀ ਤਰ੍ਹਾਂ ਆਪਣੇ ਕੀਤੇ ਇਕੱਠ ਤੇ 50 ਆਦਮੀਆਂ ਨੂੰ ਬੁਲਾਉਣਾ ਚਾਹੀਦਾ ਸੀ ਪਰ ਇਨ੍ਹਾਂ ਨੇ ਉਸ ਮੌਕੇ ਤੇ 500-600 ਆਦਮੀਆਂ ਨੂੰ ਬੁਲਾਇਆ ਜਦੋਂ ਕਿ ਇਥੇ ਗੈਸਟ ਕੰਟਰੋਲ ਹੈ । ਇਸ ਮੌਕੇ ਤੇ ਚੀਫ਼ ਕਮਿਸ਼ਨਰ ਸਾਹਿਬ, ਡੀ. ਸੀ. ਸਾਹਿਬ ਅਤੇ ਐਸ. ਪੀ. ਸਾਹਿਬ ਵੀ ਹਾਜ਼ਰ ਸਨ ਅਤੇ ਉਨ੍ਹਾਂ ਦੇ ਸਾਹਮਣੇ ਗੈਸਟ ਕੰਟਰੋਲ ਆਰਡਰ ਦੀਆਂ ਧੱਜੀਆਂ ਉਡਾਈਆਂ ਗਈਆਂ । (ਵਿਘਨ)

ਸ੍ਰੀ ਜੁਗਿੰਦਰਪਾਲ ਪਾਂਡੇ (ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ) : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਸੰਧੂ ਸਾਹਿਬ ਨੇ ਇਸ ਗਲ ਦਾ ਫੈਸਲਾ ਕਰ ਲਿਆ ਹੈ ਕਿ ਉਨ੍ਹਾਂ ਨੇ ਹਾਊਸ ਨੂੰ ਕੋਈ ਠੀਕ ਗਲ ਨਹੀਂ ਕਹਿਣੀ ਤਾਂ ਗਲ ਵਖਰੀ ਹੈ ਪਰ ਜੇ ਇਹ ਸਹੀ ਕਹਿਣਾ ਚਾਹੁੰਦੇ ਹਨ ਤਾਂ ਇਹ ਦੱਸਣ ਕਿ ਜੇ ਇਹ ਉਸ ਪਾਰਟੀ ਵਿਚ ਹਾਜ਼ਰ ਸਨ ਤਾਂ ਜੋ ਜੋ ਉਨ੍ਹਾਂ ਨੇ ਉਥੇ ਚੀਜ਼ਾਂ ਖਾਧੀਆਂ ਹਨ ਉਨ੍ਹਾਂ ਦਾ ਨਾਮ ਇਸ ਹਾਊਸ ਵਿਚ ਦੱਸ ਦੇਣ । ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਸਫੇਦ ਝੂਠ ਬੋਲ ਕੇ ਹਾਉਸ ਨੂੰ ਗੁਮਰਾਹ ਨਹੀਂ ਕਰਨਾ ਚਾਹੀਦਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਨਾ ਮੈਂ ਸਫੇਦ ਝੂਠ ਬੋਲਦਾ ਹਾਂ ਅਤੇ ਨਾ ਮੈਂ ਸਿਆਹ ਝੂਠ ਬੋਲਦਾ ਹਾਂ, ਝੂਠ ਬੋਲਣਾ ਇਨ੍ਹਾਂ ਦਾ ਕੰਮ ਹੈ (ਵਿਘਨ) ਮੈਂ ਉਥੋਂ ਦੀ ਲੰਘ ਕੇ ਗਿਆ ਹਾਂ, ਮੈਂ ਐਸ. ਪੀ. ਸਾਹਿਬ ਨੂੰ ਪੁੱਛਿਆ । (ਵਿਘਨ) ਮੈਂ ਤਾਂ ਖਰੀਆਂ ਖਰੀਆਂ ਗਲਾਂ ਕਹਿਣੀਆਂ ਹਨ ਅਤੇ ਇਹ ਇਨ੍ਹਾਂ ਨੂੰ ਚੁਭਦੀਆਂ ਹਨ । (ਵਿਘਨ) ਮੈਨੂੰ ਕੋਈ ਇਤਰਾਜ਼ ਨਹੀਂ, ਮੈਂ ਤਾਂ ਲੋਕਾਂ ਦਾ ਸੇਵਕ ਹਾਂ ਅਤੇ ਇਕ ਚੰਗੇ ਸੇਵਕ ਦੇ ਨਾਤੇ ਜੋ ਚੰਗੀ ਗੱਲ ਹੁੰਦੀ ਹੈ, ਉਹ ਮੈਂ ਚੀਫ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿਉਂਕਿ ਇਹ ਸਾਡੇ ਵਰਗੇ ਗਰੀਬ ਲੋਕਾਂ ਵਿਚੋਂ ਹਨ । ਸਰਦਾਰ ਉਮਰਾਉ ਸਿੰਘ ਵਰਗੇ ਤਾਂ ਲੈਂਡ ਲਾਰਡ ਦੇ ਮੁੰਡੇ ਹੋ ਸਕਦੇ ਹਨ ਜਾਂ ਕੈਪਟਨ ਸਾਹਿਬ ਵਰਗੇ ਲੈਂਡ ਲਾਰਡ ਦੇ ਮੁੰਡੇ ਹੋ ਸਕਦੇ ਹਨ ਪਰ ਇਹ ਤਾਂ ਮੇਰੇ ਵਰਗੇ ਗਰੀਬ ਘਰਾਣੇ ਵਿਚ ਪੈਦਾ ਹੋਏ ਹਨ ਅਤੇ ਚੀਫ਼ ਮਨਿਸਟਰ ਬਣੇ ਹਨ । ਇਹ ਗਰੀਬਾਂ ਵਿਚੋਂ ਆਏ ਹਨ ਅਤੇ ਇਸ ਕਰਕੇ ਮੈਨੂੰ ਇਸ ਗਰੀਬ ਚੀਫ਼ ਮਨਿਸਟਰ ਤੇ ਤਰਸ ਆਉਂਦਾ ਹੈ ਕਿ ਇਹ ਆਪਣੇ ਦਾਮਨ ਨੂੰ ਬਚਾ ਕੇ ਰਖੇ । (ਵਿਘਨ)

ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਟਰਾਂਸਪੋਰਟ ਦੀ ਮੱਦ ਹੈ ਇਸ ਬਾਰੇ ਤਾਂ ਮੈਂ ਦੱਸ ਦਿਤਾ ਹੈ । ਹੁਣ ਜਿਹੜਾ ਇਨ੍ਹਾਂ ਦਾ 12 ਨੁਕਾਤੀ ਪ੍ਰੋਗਰਾਮ ਸੀ ਕਿ ਅਸੀਂ

ਹਰੀਜਨਾਂ ਦੀ ਅਤੇ ਸ਼ੈਡਿਊਲਡ ਕਾਸਟਸ ਦੀ ਸੇਵਾ ਕਰਾਂਗੇ, ਉਸ ਬਾਰੇ ਮੈਂ ਦਸਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਉਸ ਬਾਰੇ ਜੋ ਕੁਝ ਇਸ ਸਰਕਾਰ ਨੇ ਕੀਤਾ ਹੈ ਉਸ ਵਲ ਜ਼ਰਾ ਨਜ਼ਰ ਮਾਰੋ। ਡਿਪਟੀ ਸਪੀਕਰ ਸਾਹਿਬ, ਇਸ ਦੇ ਲਈ ਇਨ੍ਹਾਂ ਨੇ ਇਕ ਹਾਈ ਪਾਵਰਡ ਕਮੇਟੀ ਬਣਾ ਦਿਤੀ। ਔਰ ਹਰ ਸਰਕਾਰ ਬਣਾਉਂਦੀ ਆਈ ਹੈ। ਜਿਹੜੀ ਹਾਈ ਪਾਵਰਡ ਕਮੇਟੀ ਇਸ ਸਿਲਸਿਲੇ ਵਿਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਬਣਾਈ ਹੈ ਅਸੀਂ ਵੇਖਣਾ ਇਹ ਹੈ ਕਿ ਉਸ ਨੇ ਸ਼ੈਡਿਊਲਡ ਕਾਸਟਸ ਅਤੇ ਹਰੀਜਨਾਂ ਲਈ ਕਿਹੜੀਆਂ ਸਕੀਮਾਂ ਬਣਾਈਆਂ ਅਤੇ ਕਿਹੜੀ ਸਕੀਮ ਲਾਗੂ ਕੀਤੀ। ਇਸ ਕਮੇਟੀ ਦੇ ਪ੍ਰਧਾਨ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਆਪ ਹਨ। ਲੇਕਿਨ ਉਸ ਦੇ ਨਾਲ ਜਿਹੜੇ ਹੋਰ ਮਾਨਯੋਗ ਮੈਂਬਰ ਸਾਹਿਬ ਬਣਾਏ, ਹੁਣ ਮੈਂ ਉਨ੍ਹਾਂ ਦੇ ਨਾਮ ਦਸ ਦਿੰਦਾ ਹਾਂ ਅਤੇ ਤੁਸੀਂ ਆਪ ਅੰਦਾਜ਼ਾ ਲਗਾ ਲੈਣਾ ਕਿ ਕਿੰਨਾਂ ਇਸ ਸਰਕਾਰ ਨੇ ਸ਼ੈਡਿਊਲਡ ਕਾਸਟਸ ਅਤੇ ਹਰੀਜਨਾਂ ਦਾ ਭਲਾ ਕਰਨਾ ਹੈ। ਉਸ ਕਮੇਟੀ ਵਿਚ ਹੋਰ ਮੈਂਬਰ ਹਨ :

1. ਸ੍ਰੀ ਜਗਤ ਰਾਮ ਜੀ 2. ਸ੍ਰੀ ਜੈ ਮੁਨੀ ਜੀ 3. ਸ੍ਰੀ ਉਜਾਗਰ ਸਿੰਘ ਜੀ
4. ਸਰਦਾਰ ਦਰਸ਼ਨ ਸਿੰਘ ਕੇ. ਪੀ.

ਇਹ ਤਾਂ ਐਮ ਐਲ. ਏ. ਸਾਹਿਬਾਨ ਦੇ ਨਾਂ ਹਨ (ਵਿਘਨ) ਸ਼ੋਰ)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਇਨ੍ਹਾਂ ਭਦਰ ਪੁਰਸ਼ਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਮੈਂ 1957 ਤੋਂ ਇਲੈਕਸ਼ਨਾਂ ਲੜ ਕੇ ਇਸ ਹਾਊਸ ਵਿਚ ਆਉਂਦਾਂ ਰਿਹਾ ਹਾਂ। (ਸ਼ੋਰ) (ਵਿਘਨ) ਜੇ ਇਹ ਇਸ ਜਮਹੂਰੀਅੱਤ ਦੇ ਢਾਂਚੇ ਦੇ ਫਿਟ ਆਉਣ (ਵਿਘਨ) ਜੇ ਕਰ ਇਨ੍ਹਾਂ ਵਿਚ ਕੋਈ ਕਾਬਲੀਅਤ ਹੋਵੇ ਤਾਂ (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਇਨ੍ਹਾਂ ਨਾਲ ਕੋਈ ਗਲ ਕਰਨ ਜਾਂਦਾ ਹੈ, ਇਹ ਵਕੀਲ ਹਨ, ਮੈਂ ਤਾਂ ਵਕਾਲਤ ਨਹੀਂ ਕੀਤੀ ਜੇ ਕੀਤੀ ਹੁੰਦੀ ਤਾਂ ਮੈਂ ਇਨ੍ਹਾਂ ਨੂੰ ਦਸ ਦਿੰਦਾ, ਤਾਂ ਇਹ ਕਹਿ ਦਿੰਦੇ ਹਨ ਕਿ ਮੇਰੇ ਮੁਨਸ਼ੀ ਨਾਲ ਗਲ ਕਰੋ (ਵਿਘਨ)।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਖ਼ਿਆਲ ਹੈ ਕਿ ਚੌਧਰੀ ਸਾਹਿਬ ਮੇਰੇ ਮੁਨਸ਼ੀ ਨੂੰ ਕਦੇ ਨਹੀਂ ਮਿਲੇ। (ਵਿਘਨ) ਜੇ ਇਹ ਮਿਲੇ ਹਨ ਤਾਂ ਇਹ ਉਸ ਦਾ ਨਾਂ ਦਸ ਦੇਣ। (ਵਿਘਨ) ਚੌਧਰੀ ਜਗਤ ਰਾਮ, ਮੈਂ ਤਾਂ ਤੁਹਾਡੀ ਤਾਰੀਫ਼ ਕਰਨ ਲਗਾ ਹਾਂ। (ਵਿਘਨ)

चौधरी बल राम : डिप्टी स्पीकर साहिब, यह जो अनरेबल मैंबर साहिबान पर एसपर्शन है यह ठीक नहीं।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਤੇ ਕੋਈ ਐਸਪਰਸ਼ਨ ਨਹੀਂ ਕੀਤੀ। ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਮੈਂਬਰ ਸਾਹਿਬਾਨ ਹਨ ਉਸ ਕਮੇਟੀ ਵਿਚ। ਮੈਂ ਤਾਂ ਇਹ ਕਹਿਣ ਲਗਾਂ ਸਾਂ ਕਿ ਇਹ ਜਿਹੜੇ ਬੰਦੇ ਲਏ ਗਏ ਹਨ, ਇਹ ਬੜੇ ਸਊ ਨੇ (ਵਿਘਨ) ਜਿਹੜੇ ਕਿਸੇ ਨੂੰ ਨਾਰਾਜ਼ ਨਹੀਂ ਕਰ ਸਕਦੇ। (ਚੌਧਰੀ ਜਗਤ ਰਾਮ ਵਲੋਂ ਵਿਘਨ) ਮੈਂ, ਤਾਂ ਡਿਪਟੀ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਨੌਂ ਮਹੀਨਿਆਂ ਵਿਚ ਕੀ ਕੰਮ ਕੀਤਾ ? (ਵਿਘਨ)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਇਹ ਸਮਝਦਾ ਹਾਂ ਕਿ ਹਰ ਮੈਂਬਰ ਕੋਈ ਇਕ ਇਕ ਲੱਖ ਵੋਟਰਾਂ ਤੋਂ ਚੁਣ ਕੇ ਆਇਆ ਹੈ ਅਤੇ ਉਸ ਮੈਂਬਰ ਬਾਰੇ ਕੋਈ ਕਿਸੇ ਕਿਸਮ ਦੀ ਗੈਰ ਵਾਜਬ ਗੱਲ ਕਰਨੀ ਠੀਕ ਨਹੀਂ ਹੈ । ਇਹ ਸ਼ਬਦ ਵਾਪਸ ਲੈਣੇ ਚਾਹੀਦੇ ਹਨ ਡਿਪਟੀ ਲੀਡਰ ਆਫ਼ ਦਿ ਆਪੋਜ਼ੀਸ਼ਨ ਨੂੰ । (ਵਿਘਨ) ਡਿਪਟੀ ਸਪੀਕਰ ਸਾਹਿਬ, ਡਿਪਟੀ ਲੀਡਰ ਆਫ਼ ਦਿ ਆਪੋਜ਼ੀਸ਼ਨ ਜਿਸ ਤਰ੍ਹਾਂ ਚਲ ਰਹੇ ਹਨ ਉਨ੍ਹਾਂ ਦਾ ਹੱਕ ਹੈ (ਵਿਘਨ) ਲੇਕਿਨ ਇਹ ਇਸ ਤਰ੍ਹਾਂ ਸਵੀਪਿੰਗ ਰੀਮਾਰਕਸ ਕਰ ਰਹੇ ਹਨ ਜਿਵੇਂ ਇਹ ਸਿਨੇਮੇ ਵਾਲਿਆਂ ਅਤੇ ਟਰਾਂਸਪੋਰਟ ਵਾਲਿਆਂ ਦੇ ਮੁਨੀਮ ਹੁੰਦੇ ਹੋਣ । ਜੋ ਐਲੀਗੇਸ਼ਨ ਇਹ ਹਾਊਸ ਦੇ ਵਿਚ ਲਗਾ ਰਹੇ ਹਨ ਅਗਰ ਬਾਹਰ ਲਗਾਉਣ ਤਾਂ ਘਟੋ ਘਟ 7 ਸਾਲਾਂ ਦੀ ਕੈਦ ਦੇ ਭਾਗੀ ਬਣਨ । (ਵਿਘਨ)

ਸ੍ਰੀ ਡਿਪਟੀ ਸਪੀਕਰ : ਮੈਂ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਹਾਊਸ ਦਾ ਡੈਕੋਰਮ ਠੀਕ ਰਖਣ ਅਤੇ ਖਾਸ ਤੌਰ ਤੇ ਖਿਆਲ ਰਖਣ ਕਿ ਉਹ ਜ਼ਾਤੀ ਗਲਾਂ ਵਿਚ ਨਾ ਪੈਣ । (I would request the hon. Members that they should maintain the decorum of the House. They should not indulge in personal matters.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਕਿਸੇ ਤੇ ਐਸਪਰਸ਼ਨ ਕਰਨ ਦਾ ਕੋਈ ਮਨਸ਼ਾ ਨਹੀਂ । (ਵਿਘਣ) ਮੈਂ ਤਾਂ ਕਹਿੰਦਾ ਹਾਂ ਕਿ ਇਹ ਤਾਂ ਬੜੇ ਚੰਗੇ ਮੈਂਬਰ ਹਨ । (ਵਿਘਨ) ਲੇਕਿਨ ਇਕ ਆਦਮੀ ਦੋ ਸੌ ਮੀਲ ਦੌੜ ਸਕਦਾ ਹੈ, ਦੂਜਾ ਪੰਜ ਸੌ ਮੀਲ ਦੌੜ ਸਕਦਾ ਹੈ, ਇਕ ਇਕ, ਇੰਚ ਵੀ ਨਹੀਂ ਦੌੜ ਸਕਦਾ ਹੈ । ਮੈਨੂੰ ਕੋਈ ਹਕ ਨਹੀ......। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਗੱਲ ਕਹਿੰਦਾ ਹਾਂ* x x x x x (ਵਿਘਨ)

ਸ੍ਰੀ ਡਿਪਟੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰ ਸ੍ਰੀ ਸੰਧੂ ਸਾਹਿਬ ਨੇ ਆਨਰੇਬਲ ਮੈਂਬਰ ਸਾਹਿਬਾਨ ਦਾ ਨਾਮ ਲੈਕੇ ਕਿਹਾ ਹੈ ਉਹ ਪ੍ਰੋਸੀਡਿੰਗਜ਼ ਦਾ ਪਾਰਟ ਨਾ ਬਣੇ । (Whatever Sandhu Sahib has said about other hon. Members by quoting their names should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਬਾਰੇ ਇਸ ਸਰਕਾਰ ਦਾ ਕਿੰਨਾਂ ਇਰਾਦਾ ਬੁਲੰਦ ਹੈ ਅਤੇ ਇਸ ਕਮੇਟੀ ਵਿਚ ਕਿੰਨੇ ਆਲਮ ਫ਼ਾਜ਼ਲ ਮੈਂਬਰ ਭਰਤੀ ਕਰ ਰਹੇ ਹਨ । ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ, ਮਾਸਟਰ ਗੁਰਬੰਤਾ ਸਿੰਘ; ਚੌਧਰੀ ਸੁੰਦਰ ਸਿੰਘ ਵਰਗੇ ਬੰਦੇ ਇਨ੍ਹਾਂ ਨੇ ਗੁਠੇ ਲਾਏ ਹੋਏ ਹਨ (ਵਿਘਨ)

*Expunged as ordered by the Chair.

ਚੌਧਰੀ ਜਗਤ ਰਾਮ: ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਕਿਸੇ ਦਾ ਨਾਮ ਤਾਂ ਨਹੀਂ ਲੈਂਦਾਂ, ਸਾਥੋਂ ਜਿਹੜੇ ਵਿਛੜ ਗਏ ਹਨ ਉਹ ਮਹਾਂਪੁਰਸ਼ ਕਿੰਨੇ ਪੜ੍ਹੇ ਲਿਖੇ ਸਨ, ਜਿਹੜੇ ਇਨ੍ਹਾਂ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਦੇ ਲੀਡਰ ਸਨ ? (ਵਿਘਨ)

ਸ੍ਰੀ ਡਿਪਟੀ ਸਪੀਕਰ : ਮੈਂ ਅਰਜ਼ ਕਰਾਂਗਾ ਕਿ ਦੋਹਾਂ ਪਾਸਿਆਂ ਵਲੋਂ ਮੈਂਬਰ ਸਾਹਿਬਾਨ ਦੇ ਨਾਮ ਲਏ ਜਾ ਰਹੇ ਹਨ, ਇਹ ਕੋਈ ਚੰਗੀ ਗੱਲ ਨਹੀਂ ਹੈ। ਚੁਣੇ ਹੋਏ ਮੈਂਬਰਜ਼ ਪੜ੍ਹੇ ਲਿਖੇ ਲੋਕਾਂ ਨਾਲੋਂ ਜ਼ਿਆਦਾ ਕਾਬਲੀਅੱਤ ਰਖਦੇ ਹਨ। ਮੈਂ ਕਹਾਂਗਾ ਕਿ ਕਿਸੇ ਦਾ ਨਾਮ ਨਾ ਲਿਆ ਜਾਵੇ। (I would point out that it is not fair to mention the names of the hon. Members in the speeches as is being done by both sides of the House. The elected Members are more Capable than the educated public. I would again request that none may be referred to by name.)

आचार्य पृथ्वी सिंह आजाद : डिप्टी स्पीकर साहिब, मेरा प्वाईंट आफ़ आर्डर यह है कि जो हाई पावर्ड कमेटी बनी है उसमें 'ए' हो 'बी' हो या 'सी' हो, हमारा इससे कोई वास्ता नहीं। जब उसमें हाऊस के लीडर हैं तो समझ लो कि उसमें सारा हाऊस है।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਨੂੰ ਕਿਸੇ ਚੰਗੀ ਥਾਂ ਤੇ ਬਿਠਾਉਣਾ ਚਾਹੁੰਦਾ ਸੀ, ਪਰ ਇਹ ਆਪ ਗਲੇ ਲਗਣਾ ਚਾਹੁੰਦੇ ਹਨ, ਮੈਂ ਕੀ ਕਰ ਸਕਦਾਂ ਹਾਂ ਚਲੋ ਜੀ ਮੈਂ ਹੁਣ ਤਵਾ ਬਦਲ ਦਿੰਦਾ ਹਾਂ.... ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਉਨ੍ਹਾਂ ਗੱਲਾਂ ਵਿਚ ਨਹੀਂ ਜਾਣਾ ਚਾਹੁੰਦਾ।

ਚੌਧਰੀ ਜਗਤ ਰਾਮ : ਜਨਾਬ ਮੇਰੀ ਅਰਜ਼ ਇਹ ਹੈ ਕਿ ਜਿਹੜੀ ਕਮੇਟੀ ਬਣਾਈ ਗਈ ਹੈ, ਇਹ ਹਰੀਜਨਾਂ ਲਈ ਬਣਾਈ ਹੈ। ਹਰੀਜਨਾਂ ਨਾਲ ਇਨਸਾਫ ਹੁੰਦਾ ਹੈ ਜਾਂ ਬੇਇਨਸਾਫੀ। ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇੱਕ ਗਲ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਜਿਹੜੇ ਐਮ. ਐਲ. ਏ. ਹਨ ਇਨ੍ਹਾਂ ਦਾ ਹਰੀਜਨਾਂ ਲਈ ਕੀ ਜਜ਼ਬਾ ਹੈ। ਇਨ੍ਹਾਂ ਦੀ ਸਰਕਾਰ ਵੇਲੇ ਇਨ੍ਹਾਂ ਨੇ ਕਿਹਾ ਕਿ ਅਸੀਂ ਜ਼ਮੀਨਾਂ ਨੂੰ ਨੀਲਾਮ ਨਹੀਂ ਹੋਣ ਦੇਣਾ। (ਸ਼ੋਰ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਕਈ ਸਰਕਾਰਾਂ ਦੇਖੀਆਂ ਹਨ। ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ, ਮੁਸਾਫਰ ਸਾਹਿਬ ਦੀ ਸਰਕਾਰ, ਕਾਮਰੇਡ ਰਾਮ ਕਿਸ਼ਨ ਦੀ ਸਰਕਾਰ, ਬਾਦਲ ਸਾਹਿਬ ਦੀ ਸਰਕਾਰ, ਗਿਲ ਸਾਹਿਬ ਦੀ ਸਰਕਾਰ ਅਤੇ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਵੀ ਵੇਖੀ। ਇਸ ਤਰ੍ਹਾਂ ਬੜੀਆਂ ਸਰਕਾਰਾਂ ਵੇਖੀਆਂ। ਇਨ੍ਹਾਂ ਦੀਆਂ ਕੁਝ ਸਰਕਾਰਾਂ ਮੈਂ ਸਮਝਦਾ ਹਾਂ ਕਿ ਹਰੀਜਨਾਂ ਨੂੰ ਘੂਰ ਕੇ ਮਨਾਉਂਦੀਆਂ ਸਨ,

[ਸਰਦਾਰ ਅਜਾਇਬ ਸਿੰਘ ਸੰਧੂ]

ਕੁਝ ਸਰਕਾਰਾਂ ਇਨ੍ਹਾਂ ਨੂੰ ਪ੍ਰੇਮ ਨਾਲ ਮੰਨਾਉਂਦੀਆਂ ਸਨ । ਪਰ ਮੈਂ ਸਮਝਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਹਰੀਜਨਾਂ ਨੂੰ ਲਾਰੇ ਲੱਪੇ ਤੇ ਰੱਖਣਾ ਚਾਹੁੰਦੀ ਹੈ । ਜਿਸ ਦਿਨ ਤੋਂ ਇਨ੍ਹਾਂ ਦੀ ਸਰਕਾਰ ਬਣੀ ਹੈ, ਇਨ੍ਹਾਂ ਦੇ ਵਜ਼ੀਰ ਗਰੀਬ ਹਰੀਜਨਾਂ ਨੂੰ ਸਿਵਾਏ ਭਾਸ਼ਣਾਂ ਦੇ ਹੋਰ ਕੁਝ ਨਹੀਂ ਦੇ ਸਕੇ । ਲੈਂਡ ਸੀਲਿੰਗ ਤੋਂ ਜਿਹੜੀ ਜ਼ਮੀਨ ਨਿਕਲਣੀ ਹੈ, ਉਸ ਦਾ ਤੁਹਾਨੂੰ ਪਤਾ ਹੈ । ਕਿੰਨੀ ਜ਼ਮੀਨ ਗ਼ਰੀਬ ਹਰੀਜਨਾਂ ਨੂੰ ਇਸ ਨਾਲ ਮਿਲੇਗੀ ।

ਡਿਪਟੀ ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਅਸੀਂ ਬੇਨਤੀ ਕੀਤੀ ਸੀ ਕਿ ਪੰਜਾਬ ਦੇ ਹਰੀਜਨਾਂ ਨਾਲ ਬੜਾ ਧੱਕਾ ਹੋ ਰਿਹਾ ਹੈ । ਇਨ੍ਹਾਂ ਨੂੰ ਸਰਵਿਸਿਜ਼ ਵਿਚ ਥਾਂ ਨਹੀਂ ਮਿਲ ਰਹੀ । ਅਸੀਂ ਬੇਨਤੀ ਕੀਤੀ ਕਿ ਤੁਸੀਂ ਐਸ. ਐਸ. ਐਸ. ਬੋਰਡ ਬਣਾਉ । ਸਰਦਾਰ ਉਮਰਾਓ ਸਿੰਘ ਨੇ ਕਿਹਾ ਸੀ ਕਿ ਅਸੀਂ ਬਣਾ ਦਿਆਂਗੇ ਪਰ ਪੰਜਾਬ ਦੇ ਹਰੀਜਨਾਂ ਨੂੰ ਅੱਜ ਨੌਕਰੀ ਨਹੀਂ ਮਿਲ ਰਹੀ । ਉਸ ਦੀ ਨੌਕਰੀ ਦੀ ਹਿਫਾਜ਼ਤ ਨਹੀਂ । ਮੈਂ ਅਰਜ਼ ਕਰਦਾ ਹਾਂ ਕਿ ਅੱਜ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੇ ਰਾਜ ਵਿਚ ਇੱਕ ਹਰੀਜਨ ਆਈ. ਪੀ. ਐਸ. ਅਫਸਰ ਸਸਪੈਂਡ ਹੋਇਆ ਹੈ । ਫਿਰੋਜ਼ਪੁਰ ਵਿਚ ਇੱਕ ਹਰੀਜਨ ਮੁੰਡਾ ਆਈ. ਪੀ. ਐਸ. ਅਫਸਰ ਲਗਾ ਹੋਇਆ ਹੈ । ਪੰਜਾਬ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਸ ਨੂੰ ਸਸਪੈਂਡ ਕਰੇ । ਪਰ ਇਹ ਮਾਣ ਗਿਆਨੀ ਜ਼ੈਲ ਸਿੰਘ ਦੀ ਸਮਾਜਵਾਦੀ ਸਰਕਾਰ ਨੂੰ ਪ੍ਰਾਪਤ ਹੈ । ਉਸ ਮੁੰਡੇ ਨੇ ਇਨ੍ਹਾਂ ਦੇ ਇੱਕ ਦੋਸਤ ਨੂੰ ਫੜਿਆ ਸੀ; ਜਿਹੜਾ ਕਿ ਇੱਕ ਸਮਗਲਰ ਸੀ । ਮੈਂ ਕਹਿੰਦਾ ਹਾਂ ਕਿ ਇਸ ਹਾਊਸ ਦੇ ਦੋ ਚਾਰ ਮੈਂਬਰਾਂ ਦੀ ਇੱਕ ਕਮੇਟੀ ਬਣਾ ਲਉ ਮੈਂ ਸਾਬਤ ਕਰਾਂਗਾ ਕਿ ਉਸ ਹਰੀਜਨ ਮੁੰਡੇ ਨੇ ਇੱਕ ਸਮਗਲਰ ਨੂੰ ਫੜਿਆ ਸੀ ਅਤੇ ਉਸ ਸਮਗਲਰ ਨੂੰ ਬਚਾਉਣ ਲਈ ਗਿਆਨੀ ਜ਼ੈਲ ਸਿੰਘ ਜੀ ਨੇ ਆਪ ਹੁਕਮ ਦਿੱਤਾ ਕਿ ਉਸ ਨੂੰ ਸਸਪੈਂਡ ਕੀਤਾ ਜਾਵੇ । ਮੈਂ ਕਹਿੰਦਾ ਹਾਂ ਕਿ ਜੇ ਚੌਧਰੀ ਜਗਤ ਰਾਮ, ਅਚਾਰਿਆ ਪ੍ਰਿਥਵੀ ਸਿੰਘ ਅਜ਼ਾਦ ਅਤੇ ਮਾਸਟਰ ਗੁਰਬੰਤਾ ਸਿੰਘ ਇਨਸਾਫ ਦਿਵਾ ਸਕਦੇ ਹਨ ਤਾਂ....

(ਸ਼ੋਰ, ਵਿਘਨ)

चौधरी बलराम : डिप्टी स्पीकर साहिब, हम इनका चैलेंज ऐक्सैप्ट करते हैं यह बात गलत ढंग से की जा रही है ।

ਸਰਦਾਰ ਅਜਾਇਬ ਸਿੰਘ ਸੰਧੂ ; ਡਿਪਟੀ ਸਪੀਕਰ ਸਾਹਿਬ, ਮੈਂ ਪੁਲਿਸ ਦੀਆਂ ਫਾਈਲਾਂ ਤੋਂ ਸਾਬਤ ਕਰ ਦਿਆਂਗਾ ਕਿ ਉਹ ਮੁੰਡਾ ਬੇਗੁਨਾਹ ਹੈ । ਉਸ ਨੂੰ ਇਸ ਕਰਕੇ ਸਸਪੈਂਡ ਕੀਤਾ ਗਿਆ ਹੈ ਕਿਉਂਕਿ ਉਸ ਨੇ ਇੱਕ ਸਮਗਲਰ ਨੂੰ ਫੜਿਆ ਸੀ । ਮੈਂ ਇਨ੍ਹਾਂ ਦੇ ਚੈਲੈਂਜ ਨੂੰ ਐਕਸੈਪਟ ਕਰਦਾ ਹਾਂ । ਬਲਰਾਮ ਜੀ ਇਕ ਸਿਆਣੇ ਮੈਂਬਰ ਹਨ । ਮੈਂ ਉਨ੍ਹਾਂ ਨਾਲ ਫੈਕਟਸ ਵਿਚ ਨਹੀਂ ਜਾਣਾ ਚਾਹੁੰਦਾ । ਮੈਂ ਇਨ੍ਹਾਂ ਦਾ ਅਤੇ ਇਨ੍ਹਾਂ ਦੀ ਸਰਕਾਰ ਦਾ ਚੈਲੈਂਜ ਪ੍ਰਵਾਨ ਕਰਦਾ ਹਾਂ । ਮੈਂ ਇਹ ਗੱਲ ਸਾਬਤ ਕਰ ਕੇ ਦਿਖਾ ਦੇਵਾਂਗਾ ਕਿ ਉਹ ਮੁੰਡਾ ਬਿਲਕੁਲ ਬੇਗੁਨਾਹ ਹੈ । ਅਗਰ ਇਹ ਗੱਲ ਗਲਤ ਹੋਵੇ ਤਾਂ ਮੈਨੂੰ ਕੋਈ ਵੀ ਸਜ਼ਾ ਦਿਉ ।

ਮਾਸਟਰ ਗੁਰਬੰਤਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇੱਕ ਐਲੀਗੇਸ਼ਨ ਲਾਇਆ ਹੈ ਕਿ ਮੁੱਖ ਮੰਤਰੀ ਨੇ ਇੱਕ ਹਰੀਜਨ ਆਈ. ਪੀ. ਐਸ. ਮੁੰਡੇ ਨੂੰ ਸਸਪੈਂਡ ਕੀਤਾ ਹੈ । ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਸ ਮੁੰਡੇ ਨੂੰ ਸਸਪੈਂਡ ਕਰਾਉਣ ਵਿਚ ਅਕਾਲੀ ਪਾਰਟੀ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਹੱਥ ਹੈ ਅਤੇ ਇਨ੍ਹਾਂ ਦੇ ਕਹਿਣ ਤੇ ਹੀ ਉਸ ਨੂੰ ਸਸਪੈਂਡ ਕੀਤਾ ਗਿਆ ਹੈ । (ਵਿਘਨ) (ਸ਼ੋਰ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਇਹ ਇਲਜ਼ਾਮ ਬਿਲਕੁਲ ਗਲਤ ਹੈ । ਮੁੱਖ ਮੰਤਰੀ ਸਾਹਿਬ ਇਥੇ ਬੈਠੇ ਹਨ । ਇਹ ਕਹਿਣ ਜੇ ਮੈਂ ਇਨ੍ਹਾਂ ਨੂੰ ਕਦੇ ਉਸ ਹਰੀਜਨ ਅਫਸਰ ਦੇ ਬਾਰੇ ਕਿਹਾ ਹੋਵੇ ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਖਿਆਲ ਸੀ ਕਿ ਹਰੀਜਨ ਮੁੰਡਿਆਂ ਲਈ ਮਾਸਟਰ ਗੁਰਬੰਤਾ ਸਿੰਘ ਦੇ ਦਿਲ ਵਿਚ ਦਰਦ ਹੋਵੇਗਾ । ਪਰ ਜੋ ਦਰਦ ਇਨ੍ਹਾਂ ਨੇ ਪ੍ਰਗਟ ਕੀਤਾ ਹੈ, ਉਸ ਤੋਂ ਪਤਾ ਲਗਦਾ ਹੈ ਕਿ ਕੁਰਸੀ ਦੀ ਭਾਲ ਵਿਚ ਉਹ ਹਰੀਜਨ ਮੁੰਡੇ ਨੂੰ ਨਹੀਂ ਬਚਾਉਣਾ ਚਾਹੁੰਦੇ । ਜੇਕਰ ਬਾਦਲ ਸਾਹਿਬ ਨੇ ਉਸ ਹਰੀਜਨ ਮੁੰਡੇ ਨੂੰ ਫਸਾਉਣ ਲਈ ਗੱਲ ਕੀਤੀ ਅਤੇ ਇਨ੍ਹਾਂ ਨੇ ਮੰਨ ਲਈ ਤਾਂ ਇਸ ਦਾ ਮਤਲਬ ਇਹ ਹੈ ਕਿ ਇਹ ਹਾਲੇ ਤਕ ਵੀ ਬਾਦਲ ਸਹਿਬ ਦੇ ਕਹਿਣ ਤੇ ਕੰਮ ਕਰਦੇ ਹਨ । ਸ਼ਾਬਾਸ਼ ਹੈ ਤੁਹਾਡੀ ਸਰਕਾਰ ਨੂੰ । ਤੁਹਾਨੂੰ ਤਾਂ ਅਸੀਂ ਸੁਪਨਿਆਂ ਵਿਚ ਵੀ ਨਜ਼ਰ ਆਉਂਦੇ ਹਾਂ । ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਤੋਂ ਸਾਨੂੰ ਬੜੀਆਂ ਉਮੀਦਾਂ ਸਨ ਉਹ ਬਿਲਕੁਲ ਖੋਖਲੇ ਸਾਬਤ ਹੋਏ ਹਨ ।

ਉਪ ਮੰਤਰੀ **(ਸਰਦਾਰ ਸੰਤੋਖ ਸਿੰਘ ਰੰਧਾਵਾ)** : ਤੁਹਾਨੂੰ ਤਾਂ ਸੰਧੂ ਸਾਹਿਬ ਸੁਪਨੇ ਹੀ ਆਉਂਦੇ ਰਹਿੰਦੇ ਹਨ ।

ਸਰਦਾਰ ਅਜਾਇਬ ਸਿੰਘ ਸੰਧੂ* : × × ×

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਸੰਧੂ ਸਾਹਿਬ ਨੇ ਕਿਹਾ ਹੈ, ਇਹ ਪ੍ਰੋਸੀਡਿੰਗਜ਼ ਦਾ ਪਾਰਟ ਨਾਂ ਬਣੇ । (Whatever Sardar Ajaib Singh Sandhu has said should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਤੁਸੀਂ ਵੀ ਇਸ ਗੱਲ ਦੇ ਮੁਦੱਈ ਹੋ ਕੇ ਇਥੇ ਭਾਵੇਂ ਕਾਂਗਰਸ ਦਾ ਰਾਜ ਹੋਵੇ ਜਾਂ ਅਕਾਲੀਆਂ ਦਾ, ਆਖਰ ਇਹ ਤਾਂ ਹੋਣਾ ਹੀ ਹੈ । ਜਿਉਂਦੇ ਰਹਿਣ ਕਾਮਰੇਡ ਜਿਨ੍ਹਾਂ ਨੇ ਤੁਹਾਨੂੰ ਚੋਣਾਂ ਵਿਚ ਮਦਦ ਕੀਤੀ ਅਤੇ ਤੁਹਾਡੀ ਸਰਕਾਰ ਬਣਵਾਈ । ਮੈਂ ਅਰਜ਼ ਕਰਦਾ ਹਾਂ ਕਿ 22 ਸਾਲ ਇਥੇ ਕਾਂਗਰਸ ਸਰਕਾਰਾਂ ਰਹੀਆਂ ਅਤੇ ਜਿਨੇ ਵੀ ਅਫਸਰ ਇਥੇ ਸਨ ਅਤੇ ਸਾਨੂੰ ਇਨ੍ਹਾਂ ਤੋਂ ਵਿਰਾਸਤ ਵਿਚ ਮਿਲੇ, ਅਸੀਂ ਉਨ੍ਹਾਂ ਵਿਚੋਂ ਇੱਕ ਵੀ ਅਫਸਰ ਨਹੀਂ ਬਦਲਿਆ । ਭਾਵੇਂ ਕੋਈ ਵੀ ਸਰਕਾਰ ਆਵੇ ਅਫ਼ਸਰਾਂ ਨੂੰ ਚਾਹੀਦਾ ਹੈ ਕਿ ਉਹ ਪਾਰਟੀਜ਼ਨ ਬਿਲਕੁਲ ਨਾ ਹੋਣ । ਕਿਉਂਕਿ ਪਤਾ ਨਹੀਂ ਕਿਸ ਵੇਲੇ ਕਾਮਰੇਡ ਰਾਮ ਕਿਸ਼ਨ, ਗਿਆਨੀ ਜ਼ੈਲ ਸਿੰਘ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਾਂ ਅਜਾਇਬ ਸਿੰਘ ਸੰਧੂ ਦੀ ਲਾਟਰੀ ਨਿਕਲ ਆਉਣੀ ਹੈ । ਇਹ ਤਾਂ ਨਿਕਲਦੀਆਂ ਰਹਿਣੀਆਂ ਹਨ । ਜੇ ਕਿਸੇ ਹੋਰ ਦੀ ਲਾਟਰੀ ਨਿਕਲ ਆਈ ਤਾਂ ਫਿਰ ਇਨ੍ਹਾਂ ਅਫਸਰਾਂ ਨੂੰ ਉਹ ਕਾਫੀ ਮਹਿੰਗੀ ਪਵੇਗੀ । ਸਾਨੂੰ ਡੈਮੋਕਰੇਸੀ ਚਲਾਉਣੀ ਹੈ । ਲੇਕਿਨ ਇਥੇ ਇੱਕ ਮਾੜੀ ਪਰੰਪਰਾ ਚਲਦੀ ਰਹੀ । ਇਨ੍ਹਾਂ ਨੂੰ ਇਕ ਮੌਕਾ ਮਿਲਿਆ । ਇਨ੍ਹਾਂ ਨੇ ਉਸ ਚੀਫ ਸੈਕਟਰੀ ਨੂੰ ਬਦਲ ਦਿੱਤਾ ਕਿਉਂਕਿ ਉਹ

*Expunged as ordered by the Chair.

[ਸਰਦਾਰ ਅਜਾਇਬ ਸਿੰਘ ਸੰਧੂ]

ਅਕਾਲੀ ਸਰਕਾਰ ਨੇ ਲਾਇਆ ਸੀ । ਮੁੜ ਕੇ ਫਿਰ ਸਾਡਾ ਰਾਜ ਆ ਗਿਆ । ਅਸੀਂ ਫਿਰ ਉਨ੍ਹਾਂ ਅਫਸਰਾਂ ਨਾਲ ਗੁਜ਼ਾਰਾ ਕੀਤਾ ਅਸੀਂ ਕਿਸੇ ਅਫਸਰ ਨੂੰ ਇਸ ਕਰਕੇ ਨਹੀਂ ਬਦਲਿਆ ਕਿ ਉਹ ਕਾਂਗਰਸੀ ਹੈ । (ਸ਼ੋਰ) (ਵਿਘਨ)

ਮੇਰਾ ਖਿਆਲ ਹੈ ਕਿ ਇਨ੍ਹਾਂ ਗਲਾਂ ਵਿਚ ਨਹੀਂ ਜਾਣਾ ਚਾਹੀਦਾ । ਜੇਕਰ ਕਹਿਣ ਤਾਂ ਮੈਂ ਇਕ ਇਕ ਕਰਕੇ ਦਸ ਦਿੰਦਾ ਹਾਂ ਕਿ ਕਿਹੜੇ ਕਿਹੜੇ ਅਫਸਰ ਤੋਂ ਇਨ੍ਹਾਂ ਨੇ ਕਿਤਨੇ ਕਿਤਨੇ ਪੈਸੇ ਲਏ ਹਨ । But I do not want to go into this matter. ਮੈਂ ਤਾਂ ਇਹ ਕਹਿੰਦਾ ਹਾਂ ਕਿ ਪਾਲੀਟੀਸ਼ਨਜ਼ ਨੂੰ ਸਟੇਟਸਮੈਨ ਵਾਲੀ ਗਲ ਕਰਨੀ ਚਾਹੀਦੀ ਹੈ ਅਤੇ ਅਫਸਰਾਂ ਨੂੰ ਅਫਸਰਾਂ ਵਾਲੀ ਗੱਲ ਕਰਨੀ ਚਾਹੀਦੀ ਹੈ । (ਵਿਘਨ) ਅੱਜ 18 ਆਈ. ਏ. ਐਸ. ਅਫਸਰ ਪੰਜਾਬ ਤੋਂ ਇਸ ਕਰਕੇ ਬਾਹਰ ਭੇਜੇ ਜਾ ਰਹੇ ਹਨ ਕਿਉਂਕਿ ਇਕ ਅਫਸਰ ਸਕੱਤਰ ਬਣਨਾ ਚਾਹੁੰਦਾ ਹੈ । ਜਿਹੜਾ ਸਭ ਤੋਂ ਪਹਿਲਾ ਬੰਦਾ ਇਨ੍ਹਾਂ ਨੇ ਪੰਜਾਬ ਤੋਂ ਬਾਹਰ ਭੇਜਿਆ ਹੈ ਉਹ ਪੰਜਾਬ ਦੇ ਗਵਰਨਰ ਸਾਹਿਬ ਦਾ ਸਕੱਤਰ ਹੈ ਜਿਸ ਨੂੰ ਕਿ ਸ਼ਾਮ ਦੇ ਛੇ ਵਜੇ ਬਦਲੀ ਦਾ ਆਰਡਰ ਭੇਜਿਆ ਗਿਆ ।

ਸਰਦਾਰ ਅਜਾਇਬ ਸਿੰਘ ਸੰਧੂ ; × × ×

Mr. Deputy Speaker : Whatever has been said by hon. Member Sardar Ajaib Singh Sandhu about the Governor should not form part of the proceedings.

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਨੂੰ ਹਾਊਸ ਦੇ ਡੈਕੋਰਮ ਦੀ ਪੂਰੀ ਤਰ੍ਹਾਂ ਵਾਕਫੀਅਤ ਹੈ । ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਇਸ ਕੁਰਸੀ ਤੇ ਬੈਠਦੇ ਹੋ ਤਾਂ ਪਾਰਟੀ ਬਾਜ਼ੀ ਨੂੰ ਇਕ ਬੰਨੇ ਰਖ ਦੇਣਾ ਚਾਹੀਦਾ ਹੈ ।

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਹੜੇ ਸ਼ਬਦ ਸੰਧੂ ਸਾਹਿਬ ਨੇ ਰਾਜਪਾਲ ਬਾਰੇ ਕਹੇ ਹਨ ਉਹ ਹਾਊਸ ਦੀ ਕਾਰਵਾਈ ਵਿਚ ਨਹੀਂ ਆਉਣੇ ਚਾਹੀਦੇ ।

ਸ੍ਰੀ ਡਿਪਟੀ ਸਪੀਕਰ : ਉਹ ਐਕਸਪੰਜ ਹੋ ਗਏ ਹਨ । (Those words have been expunged.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਅਫਸਰ ਨੂੰ ਇਸ ਕਾਰਨ ਬਦਲਿਆ ਗਿਆ ਕਿਉਂਕਿ ਇਸ ਦਾ ਪਿਓ ਅਕਾਲੀ ਹੈ । ਕਿਸੇ ਦਾ ਪਿਓ ਅਕਾਲੀ ਹੋਵੇ ਭਾਵੇਂ ਕਮਿਊਨਿਸਟ ਹੋਵੇ ਇਸ ਚੀਜ਼ ਨੂੰ ਨਹੀਂ ਲੈਣਾ ਚਾਹੀਦਾ । ਜਿਹੜੇ ਅਫਸਰ ਇਸ ਕਿਸਮ ਦੀਆਂ ਮਨ ਮਾਨੀਆਂ ਕਰਦੇ ਹਨ ਉਨ੍ਹਾਂ ਨੂੰ ਜਾਣ [illegible] ਨਹੀਂ [illegible] ।

* Expunged as ordered by the Chair.

ਲੈਣਾ ਚਾਹੀਦਾ ਹੈ ਕਿ ਇਹ ਵਕਤ ਸਤਾ ਨਹੀਂ ਰਹਿਣਾ । ਉਸ ਅਫਸਰ ਨੂੰ ਸਵੇਰੇ ਛੇ ਵਜੇ ਆਰਡਰ ਭੇਜੇ ਗਏ ਜਦੋਂ ਕਿ ਉਹ ਬੈਡ-ਟੀ ਪੀ ਰਿਹਾ ਸੀ । ਆਰਡਰ ਵਿਚ ਇਹ ਲਿਖਿਆ ਹੋਇਆ ਸੀ you are transferred to Delhi and you should join at 7 A.M. ਮੈਂ ਸਮਝਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਨੂੰ ਇਨ੍ਹਾਂ ਅਫਸਰਾਂ ਦੇ ਕਹਿਣ ਤੇ ਚੰਗੇ ਕੰਮ ਕਰਨੇ ਚਾਹੀਦੇ ਹਨ ਮਾੜੇ ਨਹੀਂ ।

Mr. Deputy Speaker : Motion moved-

This House expresses its want of confidence in the Giani Zail Singh Ministry.

ਕਾਮਰੇਡ ਸਤ ਪਾਲ ਡਾਂਗ (ਅੰਮ੍ਰਿਤਸਰ, ਪੱਛਮ) : ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਸ ਗਲ ਦਾ ਇਲਮ ਹੈ ਕਿ ਜਦੋਂ ਪਿਛੇ ਚੋਣਾਂ ਹੋਈਆਂ ਤਾਂ ਇਨ੍ਹਾਂ ਚੋਣਾਂ ਦੇ ਵਿਚ ਸਾਡੇ ਦੇਸ਼ ਦੇ ਪਿੱਛੇ-ਖਿੱਚੂ ਸ਼ਕਤੀਆਂ ਦਾ ਜਿਹੜਾ ਗੱਠ-ਜੋੜ ਹੋਇਆ ਸੀ ਉਸ ਨੂੰ ਤਕੜੀ ਹਾਰ ਦੇਣ ਦੇ ਲਈ ਪੰਜਾਬ ਦੇ ਵਿਚੋਂ ਫਿਰਕਾ-ਪ੍ਰਸਤੀ ਨੂੰ ਕਰਾਰੀ ਸੱਟ ਮਾਰਨ ਲਈ ਇੰਦਰਾ ਕਾਂਗਰਸ ਔਰ ਸਾਡੀ ਪਾਰਟੀ ਨੇ ਸੀਟਾਂ ਦਾ ਸਮਝੌਤਾ ਕਰਕੇ ਚੋਣਾਂ ਲੜੀਆਂ । ਇਹ ਇਕ ਹਕੀਕਤ ਹੈ । ਅਗਰ ਇਸ ਦੇ ਬਾਵਜੂਦ ਅਸੀਂ ਮਜਬੂਰ ਹੋਕੇ ਅਵਿਸ਼ਵਾਸ ਦਾ ਮਤਾ ਪੇਸ਼ ਕੀਤਾ ਹੈ ਉਹ ਇਸ ਲਈ ਕਿ ਇਨ੍ਹਾਂ ਨੇ ਜੋ ਜਨਤਾ ਨਾਲ ਵਾਇਦੇ ਕੀਤੇ ਸਨ ਉਹ ਪੂਰੇ ਨਹੀਂ ਕੀਤੇ । ਡਿਪਟੀ ਸਪੀਕਰ ਸਾਹਿਬ, ਇਹ ਲੋਕ ਸਮਝਣ ਲਗ ਪਏ ਹਨ ਕਿ ਇਹ ਅਗੇ-ਵਧੂ ਹਨ ਪਰ ਇਨ੍ਹਾਂ ਨੂੰ ਇਹ ਗਲ ਬੜੇ ਹੀ ਠੰਢੇ ਦਿਲ ਨਾਲ ਵਿਚਾਰਨੀ ਚਾਹੀਦੀ ਹੈ । ਬਹੁਤ ਸਾਰੀਆਂ ਗਲਾਂ ਜਿਹੜੀਆਂ ਅਸੀਂ ਕਹੀਆਂ ਹਨ ਉਨ੍ਹਾਂ ਬਾਰੇ ਪਾਰਲੀਮੈਂਟ ਵਿਚ ਕੋਈ ਕਾਂਗਰਸੀ ਸੱਜਣ ਸ੍ਰੀ ਕ੍ਰਿਸ਼ਨ ਕਾਂਤ ਵਰਗਾ ਹੀ ਹਿੰਮਤ ਨਾਲ ਕਹਿ ਸਕਦਾ ਹੈ । ਮੈਂ ਬੇਨਤੀ ਕਰਾਂਗਾ ਕਿ ਪਿਛਲੇ 9 ਮਹੀਨਿਆਂ ਵਿਚ ਇਸ ਮਨਿਸਟਰੀ ਨੇ ਕੀ ਕੰਮ ਕੀਤਾ ਹੈ । ਜਿਹੜੇ ਵਾਇਦੇ ਇਨ੍ਹਾਂ ਨੇ ਗਰੀਬਾਂ ਨਾਲ ਕੀਤੇ ਸਨ ਉਨ੍ਹਾਂ ਨੂੰ ਪੂਰਾ ਕਰਨ ਲਈ ਇਹ ਮਨਿਸਟਰੀ ਕਿਸ ਤਰ੍ਹਾਂ ਫੇਲ੍ਹ ਹੋਈ ਹੈ ਇਸ ਉਤੇ ਠੰਡੇ ਦਿਲ ਨਾਲ ਵਿਚਾਰ ਕਰਨ ਦੀ ਲੋੜ ਹੈ । ਜਦੋਂ ਅਸੀਂ ਅੱਜ ਅਵਿਸ਼ਵਾਸ ਮਤਾ ਪੇਸ਼ ਕੀਤਾ ਤਾਂ ਇਹ ਅਕਾਲੀ ਸੱਜਣ ਖੜ੍ਹੇ ਨਹੀਂ ਹੋਏ । ਇਹ ਕਿਉਂ ਨਹੀਂ ਖੜ੍ਹੇ ਹੋਏ ਮੈਂ ਇਸ ਬਾਰੇ ਦਸਣਾ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਦੋ ਤਰ੍ਹਾਂ ਦੀਆਂ ਆਪੋਜ਼ੀਸ਼ਨ ਪਾਰਟੀਆਂ ਹਨ । ਇਕ ਤਾਂ ਉਹ ਜਿਹੜੀ ਕਿ ਅੱਗੇ ਵੱਧੂ ਪਾਰਟੀ ਹੈ ਔਰ ਜੋ ਹਰ ਸਮੇਂ ਲੋਕਾਂ ਦੇ ਹਿੱਤ ਨੂੰ ਸਾਹਮਣੇ ਰਖ ਕੇ ਚਲਦੀ ਹੈ । ਇਕ ਹੋਰ ਵੀ ਆਪੋਜ਼ੀਸ਼ਨ ਹੈ ਜਿਹੜੀ ਕਹਿੰਦੀ ਹੈ ਕਿ ਜਾਗੀਰਦਾਰਾਂ ਦੀ ਸੇਵਾ ਕੀਤੀ ਜਾਵੇ ਔਰ ਜਦੋਂ ਉਤਨੀ ਸੇਵਾ ਨਹੀਂ ਹੁੰਦੀ ਜਿਤਨੀ ਇਹ ਚਾਹੁੰਦੇ ਹਨ ਤਾਂ ਇਹ ਆਪੋਜ਼ੀਸ਼ਨ ਕਰਦੇ ਹਨ ।

ਮੈਂ ਕਹਿੰਦਾ ਹਾਂ ਕਿ ਲੋਕਾਂ ਨਾਲ ਵਿਸ਼ਵਾਸ-ਘਾਤ ਹੋਇਆ ਹੈ । ਇਨ੍ਹਾਂ ਲੋਕਾਂ ਨੇ ਜੋ ਜਨਤਾ ਨਾਲ ਵਾਇਦੇ ਕੀਤੇ ਸਨ ਉਹ ਆਪਣੇ 9 ਮਹੀਨੇ ਦੇ ਰਾਜ ਵਿਚ ਪੂਰੇ ਨਹੀਂ ਕਰ ਸਕੇ । ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚੋਂ ਗਰੀਬਾਂ ਦੀ ਗਰੀਬੀ ਨਹੀਂ ਨਿਕਲ ਸਕਦੀ ਜਦ ਤਕ ਕਿ ਜ਼ਮੀਨ ਦਾ ਮਸਲਾ ਹੱਲ ਨਹੀਂ ਹੁੰਦਾ । ਪਿਛਲੇ ਸੈਸ਼ਨ ਵਿਚ ਜਦੋਂ ਸੀਲਿੰਗ ਦਾ ਬਿੱਲ ਆਇਆ ਪਰ ਉਸ ਉਤੇ ਬਹਿਸ ਮੁਲਤਵੀ ਕਰ ਦਿਤੀ ਗਈ ਤਾਂ ਅਸੀਂ ਉਸ ਦੇ ਬਾਰੇ

[ਕਾਮਰੇਡ ਸੱਤ ਪਾਲ ਡਾਂਗ]

ਕੁਝ ਗੱਲਾਂ ਕਹੀਆਂ ਸਨ । ਖਾਸ ਤੌਰ ਤੇ ਮੇਰੇ ਸਾਥੀ ਜੋਸ਼ ਜੀ ਨੇ ਕਿਹਾ ਸੀ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਕ ਆਰਡੀਨੈਂਸ ਲੈ ਆਵੇ ਜਿਸ ਰਾਹੀਂ ਰਜਿਸਟਰੀਆਂ ਅਤੇ ਟ੍ਰਾਂਸਫਰਾਂ ਬੈਨ ਕਰ ਦੇਵੇ ਤਾਂ ਜੋ ਬਿੱਲ ਦੇ ਪਾਸ ਹੋਣ ਤਕ ਇਹ ਜ਼ਮੀਨਾਂ ਖੁਰਦ-ਬੁਰਦ ਨਾ ਹੋ ਸਕਣ । ਪਹਿਲਾਂ ਇਨ੍ਹਾਂ ਨੇ ਕਿਹਾ ਕਿ ਆਰਡੀਨੈਂਸ ਕਰਾਂਗੇ ਪਰ ਬਾਅਦ ਵਿਚ ਕਹਿ ਦਿਤਾ ਕਿ ਆਰਡੀਨੈਂਸ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਅਸੀਂ ਬਿੱਲ ਵਿਚ ਇਹ ਪ੍ਰੋਵੀਜ਼ਨ ਕਰ ਦਿਤਾ ਹੈ ਜਿਸ ਨਾਲ ਇਸ ਤਰ੍ਹਾਂ ਦੀਆਂ ਸਾਰੀਆਂ ਟਰਾਂਸਫਰਜ਼ ਗੈਰ-ਕਾਨੂੰਨੀ ਕਰਾਰ ਦਿਤੀਆਂ ਜਾਣਗੀਆਂ । ਅੱਜ ਨਵਾਂ ਬਿੱਲ ਆ ਗਿਆ ਹੈ ਕਿ ਕਿਹੜੀ ਟਰਾਂਸਫਰ ਬੋਨਾਫਾਈਡੀ ਹੈ ਅਤੇ ਕਿਹੜੀ ਬੋਨਾਫਾਈਡੀ ਨਹੀਂ ਹੈ ਇਸ ਬਾਰੇ ਸਰਕਾਰ ਫੈਸਲਾ ਕਰੇਗੀ ।

ਇਹ ਤਾਂ ਲੈਂਡ ਲਾਰਡ ਇਹ ਕਹਿਕੇ ਆਪਣੀ ਜ਼ਮੀਨ ਵੇਚ ਦੇਣਗੇ ਕਿ ਮੈਨੂੰ ਪੈਸੇ ਚਾਹੀਦੇ ਸਨ, ਇਸ ਲਈ ਵੇਚ ਦਿੱਤੀ । ਫੇਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਪਾਰਟੀ ਦੇ ਇਕ ਮੁੱਖੀ ਇਕ ਮਨਿਸਟਰ ਸਾਹਿਬ ਦੀ ਮੌਜੂਦਗੀ ਦੇ ਵਿਚ ਇਹ ਕਹਿੰਦੇ ਸੁਣੇ ਗਏ ਕਿ ਸਰਦਾਰੋ ਅਸੀਂ ਤੁਹਾਨੂੰ ਵਕਤ ਦੇ ਦਿੱਤਾ ਹੈ ਕਿ ਆਪਣੀ ਜ਼ਮੀਨ ਦਾ ਅਜੇ ਵੀ ਕੁਝ ਕਰ ਲਵੋ । ਇਹ ਠੀਕ ਹੈ ਕਿ ਜ਼ਮੀਨ ਦੀ ਵੰਡ ਹੋਣੀ ਹੈ, ਪਰ ਜੇ ਤੁਹਾਨੂੰ ਆਪਣੇ ਰਿਸ਼ਤੇਦਾਰਾਂ ਦੇ ਵਿਚੁ ਹੀ ਵੰਡ ਕਰਨ ਦਾ ਮੌਕਾ ਮਿਲ ਜਾਵੇ ਤਾਂ ਤੁਸੀਂ ਹੋਰ ਕੀ ਚਾਹੁੰਦੇ ਹੋ । ਮੈਂ ਬੇਨਤੀ ਕਰਦਾ ਹਾਂ ਕਿ ਜਿਥੇ 52 ਏਕੜ ਦੀ ਛੋਟ ਬੰਜਰ ਜ਼ਮੀਨ ਨੂੰ ਦਿੱਤੀ ਹੈ, ਉਥੇ ਬਾਗਾਂ ਨੂੰ ਵੀ ਛੋਟ ਦਿੱਤੀ ਗਈ ਹੈ, ਉਹ ਵੀ 52 ਏਕੜ ਹੀ ਹੈ । ਕਿਸੇ ਗਰੀਬ ਕਿਸਾਨ ਦਾ ਨਾ ਕੋਈ ਬਾਗ ਹੈ ਅਤੇ ਨਾ ਹੀ ਹੋਣਾ ਹੈ । ਇਹ ਤਾਂ ਵਡੇ ਵਡੇ ਹੀ ਹਨ ਜਿਹੜੇ ਬਾਗ ਰੱਖ ਸਕਦੇ ਹਨ । ਫੇਰ ਇਕ ਜਗੀਰਦਾਰ ਦੇ ਪੁਤਰ ਜੋ ਹਜ਼ਾਰ ਹਜ਼ਾਰ ਰੁਪਿਆ ਕਮਾਉਂਦੇ ਹੋਣ, ਹਾਈ ਆਫੀਸਰਜ਼ ਹੋਣ, ਉਹ ਆਪਣਾ ਵਖਰਾ ਖੇਤੀ ਬਾੜੀ ਦਾ ਯੂਨਿਟ ਕਾਇਮ ਕਰ ਸਕਦੇ ਹਨ । ਹਰ ਕੋਈ 18 ਏਕੜ ਦਾ ਵਖਰਾ ਹਕੱਦਾਰ ਹੋ ਸਕਦਾ ਹੈ । ਮੈਂ ਪੰਜਾਬ ਸਰਕਾਰ ਦਾ ਧਿਆਨ ਚੀਫ ਮਨਿਸਟਰ ਕੇਰਾਲਾ ਵਲ ਦਿਵਾਉਣਾ ਚਾਹੁੰਦਾ ਹਾਂ ਇਨ੍ਹਾਂ ਦੀ ਪਾਰਟੀ ਉਥੇ ਵੀ ਬਰਸਰੇ ਇਕਤਦਾਰ ਹੈ । ਇਹ ਜੇ ਹੋਰ ਨਹੀਂ ਤਾਂ ਉਨ੍ਹਾਂ ਤੋਂ ਹੀ ਸਬਕ ਲੈਣ । ਉਨ੍ਹਾਂ ਦੇ ਮੁਤਾਬਿਕ ਇਸ ਬਿਲ ਦੇ ਵਿਚ ਜਿਹੜਾ ਉਹ ਪੇਸ਼ ਕਰਨਾ ਚਾਹੁੰਦੇ ਹਨ ਤਰਮੀਮਾਂ ਕਰਨ ਤਾਂ ਜੋ ਇਹ ਜ਼ਮੀਨ ਗਰੀਬ ਜਟਾਂ ਨੂੰ, ਲੈਂਡਲੈਸ ਲੇਬਰ ਨੂੰ ਮਿਲੇ । ਪਰ ਜਦੋਂ ਇਹ ਕਾਨੂੰਨ ਪਾਸ ਹੋ ਗਿਆ ਇਸ ਦੇ ਵਿਚ ਇਤਨੀਆਂ ਰਿਆਇਤਾਂ ਹਨ ਕਿ ਇਕ ਇੰਚ ਵੀ ਕਿਸੇ ਨੂੰ ਜ਼ਮੀਨ ਨਹੀਂ ਮਿਲਣੀ । ਫੇਰ ਡਿਪਟੀ ਸਪੀਕਰ ਸਾਹਿਬ, ਕਾਰਖਾਨਿਆਂ ਦਾ ਹਾਲ ਵੇਖੋ । ਕਾਰਖਾਨਿਆਂ ਦੇ ਵਿਚ ਸੋਸ਼ਲਿਜ਼ਮ ਨੂੰ ਮੋੜਨ ਵਾਲੀ ਸਾਰਿਆਂ ਤੋਂ ਵਡੀ ਤਾਕਤ ਮਜ਼ਦੂਰ ਹੀ ਹੋਇਆ ਕਰਦੇ ਹਨ ਪਰ ਇਕ ਕਾਰਖਾਨੇ ਦੇ ਵਿਚ ਮਜ਼ਦੂਰ ਨੂੰ 100 ਜਾਂ 90 ਮਿਲਦੇ ਹਨ । ਇਕ ਸਰਕਾਰ ਦਾ ਚਪੜਾਸੀ ਜਿਹੜਾ ਕਿ ਇਕ ਗ਼ੈਰ ਹੁਨਰਮੰਦ ਲੇਬਰ ਵਿਚੋਂ ਹੈ 100-150/- ਰੁਪਏ ਲੈਂਦਾ ਹੈ ਪਰ ਇਕ ਹੁਨਰਮੰਦ ਲੇਬਰ ਨੂੰ ਵਧ ਤੋਂ ਵਧ 125/- ਰੁਪਏ ਮਿਲਦੇ ਹਨ, ਉਹ ਕਿਸ ਤਰ੍ਹਾਂ ਇਸ ਕਹਿਤਸਾਲੀ ਵਿਚ ਗੁਜ਼ਾਰਾ ਕਰ ਸਕਦਾ ਹੈ । ਮੈਂ ਛੇਹਰਟੇ ਦੀ ਮਿਉਂਸਪਲ ਕਮੇਟੀ ਦੀ ਮਿਸਾਲ ਦੇਂਦਾ ਹਾਂ ਜਿਸ ਦੀ ਕਿ 2 ਲੱਖ ਦੀ ਆਮਦਨ ਹੈ, ਉਹ ਵਰਕ-ਚਾਰਜ ਦੀ ਲੇਬਰ ਨੂੰ 4/- ਦਿਹਾੜੀ ਦੇਂਦੇ ਹਨ । ਪਰ ਇਹ ਸਰਕਾਰ ਵਰਕ-ਚਾਰਜ ਨੂੰ 2/- ਦੇਂਦੀ ਹੈ । ਇਸ ਸਰਕਾਰ ਦੀ ਮਜ਼ਦੂਰਾਂ ਦੇ ਨਾਲ ਅਜੀਬ ਪਿਆਰ ਹੈ । ਜਿਹੜੇ ਲੋਕਾਂ ਨੇ ਹੜਤਾਲਾਂ ਕੀਤੀਆਂ ਜਾਂ ਲੜਾਈ ਝਗੜੇ ਸਰਕਾਰ ਨਾਲ ਕੀਤੇ ਉਨ੍ਹਾਂ ਦੀਆਂ ਤਨਖਾਹਾਂ ਵਧਾਈਆਂ, ਰਿਲੀਫ ਦਿੱਤਾ ਇਨ੍ਹਾਂ ਸਾਰਿਆਂ ਦਾ ਅਸੀਂ ਸਾਥ ਦਿੱਤਾ । ਇਥੋਂ ਤੱਕ ਕਿ ਜਦੋਂ ਕਦੇ ਬਿਜਲੀ ਫੇਲ੍ਹ ਹੁੰਦੀ ਸੀ,

ਅਸੀਂ ਭੁਖ ਹੜਤਾਲੀ ਮਜ਼ਦੂਰਾਂ ਨੂੰ ਰਿਲੀਫ ਦਿਵਾਇਆ ਉਨ੍ਹਾਂ ਨੂੰ ਕਰਜ਼ੇ ਦਵਾਏ । ਪਰ ਐਤਕੀ ਇਤਨੀ ਦਫਾ ਬਿਜਲੀ ਫੇਲ ਹੋਈ ਹੈ ਪਰ ਕਿਸੇ ਨੂੰ ਕੋਈ ਕਰਜ਼ਾ ਨਹੀਂ ਮਿਲਿਆ। ਫੇਰ ਜਿਹੜੇ ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਹਨ ਇਨ੍ਹਾਂ ਬਾਰੇ ਮੌਜੂਦਾ ਚੀਫ ਮਨਿਸਟਰ ਸਾਹਿਬ, ਇਹ ਕਹਿੰਦੇ ਰਹੇ ਹਨ ਕਿ ਈਵੈਕੁਈ ਲੈਂਡ ਗਰੀਬ ਹਰੀਜਨਾਂ ਨੂੰ ਬੋਲੀ ਰਾਹੀਂ ਨਹੀਂ ਮਿਲਨੀ ਚਾਹੀਦੀ ਕਿਉਂਕਿ ਉਹ ਲੈ ਨਹੀਂ ਸਕਦੇ । ਪਰ ਹੁਣ ਪਤਾ ਨਹੀਂ ਇਹ ਨੀਤੀ ਕਿਉਂ ਬਦਲ ਗਈ । ਬਜਟ ਸੈਸ਼ਨ ਦੇ ਵਿਚ ਇਹ ਵਿਸ਼ਵਾਸ ਦਿਲਾਇਆ ਸੀ ਕਿ ਨੀਲਾਮੀ ਨਹੀਂ ਹੋਵੇਗੀ ਪਰ ਹੁਣ ਇਹ ਨੀਲਾਮੀ ਜ਼ਰੂਰ ਹੋਵੇਗੀ । ਹਰੀਜਨਾਂ ਵਿਚ ਉਹ ਲੋਕ ਜਿਹੜਾ ਚਮੜਾ ਵੇਚਣ ਦਾ ਵਿਉਪਾਰ ਕਰਦੇ ਹਨ, ਅਮੀਰ ਵਿਉਪਾਰੀ ਹਨ, ਉਹ 100—200 ਏਕੜ ਦੇ ਫਾਰਮ ਤਿਆਰ ਕਰਨਗੇ, ਗਰੀਬ ਹਰੀਜ਼ਨ ਨੂੰ ਫੇਰ ਜ਼ਮੀਨ ਨਹੀਂ ਮਿਲਣੀ । ਕਿਉਂਕਿ ਇਨ੍ਹਾਂ ਨੇ ਨੀਲਾਮੀ ਕਰਨੀ ਹੈ ਅਤੇ ਉਹ ਇਸ ਯੋਗ ਨਹੀਂ ਹੋਣਾ ਕਿ ਉਹ ਨੀਲਾਮੀ ਦੇ ਵਿਚ ਲੈ ਸਕੇ । ਇਸ ਦੇ ਨਾਲ ਹੀ ਮੈਂ ਇਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਉਹ ਇਹ ਹੈ ਕਿ ਮਹਿੰਗਾਈ ਦਿਨੋ ਦਿਨ ਵੱਧ ਰਹੀ ਹੈ । ਮਹਿੰਗਾਈ ਨੂੰ ਟੌਨ ਅਪ ਸਾਡੀ ਸਰਕਾਰ ਨਹੀਂ ਕਰ ਸਕਦੀ । ਪਰ ਜ਼ਿਹੜੀ ਚੀਜ਼ ਪੰਜਾਬ ਵਿਚ ਹੁੰਦੀ ਹੈ ਉਸ ਤੇ ਕੰਟਰੋਲ ਤਾਂ ਕਰ ਸਕਦੀ ਹੈ, ਉਸ ਦੀ ਮਹਿੰਗਾਈ ਤਾਂ ਰੋਕਣੀ ਹੀ ਚਾਹੀਦੀ ਹੈ । ਕਣਕ ਦੀ ਪੰਜਾਬ ਦੇ ਵਿਚ ਕਿਹੜੀ ਕਮੀ ਹੈ । ਪਰ ਜਦੋਂ ਕਣਕ ਜ਼ਿਮੀਂਦਾਰ ਦੇ ਹਥੋਂ ਨਿਕਲ ਜਾਵੇ ਤਾਂ ਫੇਰ ਕਣਕ ਵੀ ਮਹਿੰਗੀ ਹੋ ਜਾਂਦੀ ਹੈ ਅਤੇ ਕਣਕ ਦਾ ਭਾਉ ਵੀ ਚੜ੍ਹ ਜਾਂਦਾ ਹੈ । ਇਸ ਦਾ ਇਲਾਜ ਤਾਂ ਇਹ ਸਰਕਾਰ ਕਰ ਸਕਦੀ ਹੈ । ਜਦੋਂ ਅਖਬਾਰਾਂ ਦੇ ਵਿਚ ਪੰਜਾਬ ਦੇ ਅਨਾਜ, ਮਹਿੰਗਾਈ ਦੀ ਚਰਚਾ ਹੋਈ ਤਾਂ ਜਾਕੇ ਖਰਬੰਦਾ ਜੀ ਨੇ ਮੱਕੀ ਦੇ ਮੁਤਾਲਿਕ ਸਿੰਗਲ ਜ਼ੋਨ ਦਾ ਐਲਾਨ ਕੀਤਾ । ਇਸੇ ਤਰ੍ਹਾਂ ਆਲ ਇੰਡੀਆ ਕਾਂਗਰਸ ਕਮੇਟੀ ਨੇ ਪਾਸ ਕੀਤਾ ਕਿ ਝੋਨਾ ਅਸੀਂ ਲਵਾਂਗੇ । ਪਰ ਇਸ ਦਾ ਨਤੀਜਾ ਇਹ ਹੋਇਆ ਜਦੋਂ ਕਿਸਾਨ ਝੋਨਾ ਵੇਚਣ ਜਾਂਦਾ ਹੈ ਨਾ ਉਸ ਨੂੰ ਸਰਕਾਰ ਖਰੀਦਦੀ ਹੈ ਅਤੇ ਨਾ ਹੀ ਉਸ ਨੂੰ ਫੂਡ ਕਾਰਪੋਰੇਸ਼ਨ ਖਰੀਦਦੀ ਹੈ ਜਿਹੜੇ ਵਪਾਰੀ ਲੈਂਦੇ ਹਨ ਉਹ ਉਸ ਨੂੰ ਪੂਰਾ ਮੁਲ ਵੀ ਨਹੀਂ ਦਿੰਦੇ । ਇਹ ਠੀਕ ਹੈ ਖੰਡ ਤਾਂ ਇਕ ਸੈਂਟਰ ਦੇ ਹਥ ਵਿਚੋਂ ਨਿਕਲਣ ਵਾਲੀ ਚੀਜ਼ ਹੈ ਸਰਕਾਰ ਉਸ ਦੇ ਭਾਉ ਦੇ ਵਿਚ ਕਮੀ ਨਹੀਂ ਕਰ ਸਕਦੀ, ਪਰ ਝੋਨੇ ਦਾ ਭਾਉ ਤਾਂ ਕਿਸਾਨ ਨੂੰ ਮੁਨਾਸਬ ਦਿਲਾ ਸਕਦੀ ਹੈ। ਪਰ ਵਪਾਰੀਆਂ ਨੂੰ ਖੁਸ਼ ਕਰਨ ਵਾਸਤੇ ਸਰਕਾਰ ਕੀ ਕਰਦੀ ਹੈ ਕਿ ਤੁਸੀਂ ਨਾਰਾਜ਼ ਕਿਉਂ ਹੁੰਦੇ ਹੋ ਜਿਸ ਭਾਉ ਤੇ ਤੁਹਾਡੇ ਕੋਲੋਂ ਚਾਵਲ ਲੈਣੇ ਸੀ ਅਸੀਂ ਉਸ ਦੀ ਕੀਮਤ ਵਧਾ ਦਿੱਤੀ ਹੈ । ਕਿਸਾਨ ਨੂੰ ਝੋਨੇ ਤੇ ਨਫਾ ਨਹੀਂ ਹੋਣ ਦਿਤਾ ਸ਼ੈਲਰ ਵਾਲਿਆਂ ਨੇ ਲੈਵੀ ਲਗਾ ਦਿੱਤੀ ਅਤੇ ਚਾਉਲਾਂ ਵਾਲਿਆਂ ਲਈ ਚਾਉਲਾਂ ਦੀ ਕੀਮਤ ਵਧਾ ਕੇ ਉਨ੍ਹਾਂ ਨੂੰ ਨਫਾ ਦੇ ਦਿੱਤਾ। ਨੁਕਸਾਨ ਹੋਇਆ ਤਾਂ ਗਰੀਬ ਕਿਸਾਨ ਦਾ । ਇਸੇ ਤਰ੍ਹਾਂ ਇਨ੍ਹਾਂ ਨੇ ਐਲਾਨ ਕੀਤਾ ਕਿ ਦਿਹਾਤੀਆਂ ਨੂੰ ਵੀ ਸ਼ਹਿਰੀਆਂ ਦੇ ਬਰਾਬਰ ਦੀ ਹੀ ਖੰਡ ਦਿੱਤੀ ਜਾਇਆ ਕਰੇਗੀ । ਪਰ ਸ਼ਹਿਰ ਦੇ ਵਿਚ 500 ਗਰਾਮ ਫੀ ਕਸ ਖੰਡ ਦਿੱਤੀ ਜਾਂਦੀ ਹੈ । ਪਰ ਕੋਈ ਕਾਂਗਰਸੀ ਇਹ ਕਹਿ ਸਕਦਾ ਹੈ ਕਿ ਉਸ ਦੇ ਦਿਹਾਤੀ ਹਲਕੇ ਵਿਚ ਕਿਸੇ ਨੂੰ 250 ਗਰਾਮ ਚੀਨੀ ਵੀ ਮਿਲੀ ਹੈ ? ਅਜ ਖੰਡ ਓਪਨ ਮਾਰਕਿਟ ਦੇ ਵਿਚ 4/- ਪਰ ਕਿਲੋ ਖੰਡ ਵਿਕਦੀ ਹੈ......

ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਇਹ ਕਹਿੰਦੇ ਹਨ ਕਿ ਕੱਪੜਾ ਸਸਤੇ ਭਾਅ ਤੇ ਦਿਆਂਗੇ ਪਰ ਅਜੇ ਇਹ ਸਕੀਮ ਕਾਗਜ਼ਾਂ ਵਿਚ ਹੈ ।

ਡਿਪਟੀ ਸਪੀਕਰ ਸਾਹਿਬ, ਗਲ ਇਹ ਹੈ ਕਿ ਜਦੋਂ ਤਕ ਮਪਲਾਈ ਸਾਰੀ ਸਰਕਾਰ ਦੇ ਹੱਥ ਵਿਚ ਨਹੀਂ ਆਉਂਦੀ, ਜਦੋਂ ਤਕ ਖੰਡ ਦੀਆਂ ਔਰ ਕਪੜੇ ਦੀਆਂ ਮਿਲਾਂ ਨੈਸ਼ਨਲਾਈਜ਼

[ਕਾਮਰੇਡ ਸੱਤ ਪਾਲ ਡਾਂਗ

ਨਹੀਂ ਕੀਤੀਆਂ ਜਾਂਦੀਆਂ, ਟਾਟੇ ਬਿਰਲਿਆਂ ਦੀਆਂ ਕਨਸਰਨਜ਼ ਨੈਸ਼ਨੇਲਾਈਜ਼ ਨਹੀਂ ਕੀਤੀਆਂ ਜਾਂਦੀਆਂ, ਤਦ ਤਕ ਮਹਿੰਗਾਈ ਨਹੀਂ ਰੁਕ ਸਕਦੀ ਅਤੇ ਇਹ ਗੱਲ ਇਹ ਸਰਕਾਰ ਜੋ ਸੈਂਟਰ ਵਿਚ ਹੈ, ਕਰਨਾ ਨਹੀਂ ਚਹੁੰਦੀ । ਜਦੋਂ ਤਕ ਇਹ ਨਹੀਂ ਹੋਵੇਗਾ, ਗਰੀਬੀ ਦੂਰ ਨਹੀਂ ਹੋ ਸਕਦੀ। ਗਰੀਬੀ ਇਸ ਨਾਲ ਵਧੇਗੀ । ਗਰੀਬੀ ਨਹੀਂ ਇਸ ਤਰ੍ਹਾਂ ਹਟੇਗੀ, ਗਰੀਬ ਹਟ ਜਾਵੇਗਾ । ਫਿਰ ਡਿਪਟੀ ਸਪੀਕਰ ਸਾਹਿਬ, ਇਥੇ ਸਟੂਡੈਂਟ ਐਜੀਟੇਸ਼ਨ ਚਲੀ । ਇਨ੍ਹਾਂ ਜਦੋ ਜਹਿਦਾਂ ਤੋਂ ਹੀ ਇਸ ਗੱਲ ਦਾ ਪਤਾ ਲਗਦਾ ਹੈ ਕਿ ਜਿਹੜੀ ਸਰਕਾਰ ਆਪਣੇ ਆਪ ਨੂੰ ਡੈਮੋਕ੍ਰੇਟਿਕ ਅਖਵਾਉਂਦੀ ਹੈ ਉਸ ਦਾ ਲੋਕਾਂ ਪ੍ਰਤੀ ਕੀ ਰਵੱਈਆ ਹੈ । ਇਸ ਗੱਲ ਦੀ ਕਸਵਟੀ ਹੈ । ਪਹਿਲੇ ਇਥੇ ਪ੍ਰਾਈਵੇਟ ਟੀਚਰਾਂ ਨੇ ਮੁਜ਼ਾਹਰਾ ਕੀਤਾ ਤਾਂ ਪੁਲੀਸ ਨੇ ਉਨ੍ਹਾਂ ਨੂੰ ਕੁਟਿਆ । ਫਿਰ ਸਾਡੀ ਪਾਰਟੀ ਨੇ ਮਹਿੰਗਾਈ ਦੇ ਖਿਲਾਫ ਅੰਦੋਲਨ ਕੀਤਾ ਤਾਂ ਉਨ੍ਹਾਂ ਨੂੰ ਕੁਟਿਆ ਗਿਆ । ਫਿਰੋਜ਼ਪੁਰ ਵਿਚ ਐਸ. ਪੀ. ਸ਼ਰਮਾ ਦੇ ਆਰਡਰ ਨਾਲ ਰੋਜ਼ ਜਥੇ ਨੂੰ ਸੀ. ਆਈ. ਸੀ. ਵਿਚ ਲਿਜਾ ਕੇ ਲੋਕਾਂ ਦੀਆਂ ਹਡੀਆਂ ਕੁਟੀਆਂ ਗਈਆਂ । ਫਿਰ ਸਟੂਡੈਂਟ ਐਜੀਟੇਸ਼ਨ ਚਲੀ । ਚੀਫ ਮਨਿਸਟਰ ਸਾਹਿਬ ਨੇ ਇਸ ਗਲ ਤੇ ਮਾਣ ਕੀਤਾ ਹੈ ਕਿ ਮੈਂ ਇਕ ਘੰਟੇ ਦੇ ਅੰਦਰ ਅੰਦਰ ਇਨਕੁਆਇਰੀ ਕਮਿਸ਼ਨ ਬਿਠਾ ਦਿਤਾ ਹੈ । ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਵਿਦਿਆਰਥੀਆਂ ਦੇ ਅੰਦਰ ਉਹ ਗੁਸੇ ਦਾ ਹੜ੍ਹ ਉਠਿਆ ਹੋਇਆ ਸੀ ਕਿ ਜੇ ਇਹ ਕਮਿਸ਼ਨ ਨਾ ਬਿਠਾਇਆ ਜਾਂਦਾ ਤਾਂ ਪਤਾ ਨਹੀਂ ਕਿ ਪੰਜਾਬ ਰਹਿੰਦਾ ਕਿ ਨਾ ਰਹਿੰਦਾ। ਪਰ ਡਿਪਟੀ ਸਪੀਕਰ ਸਾਹਿਬ, ਦੇਖਣ ਵਾਲੀ ਗੱਲ ਇਹ ਹੈ ਕਿ ਅਸਲ ਵਿਚ ਗਲ ਕੀ ਸੀ । ਚੰਡੀਗੜ੍ਹ ਦੀ ਗਲ ਲਓ ਜਿਥੇ ਜ਼ਮੀਨ ਬੜੀ ਮਹਿੰਗੀ ਹੈ ਪਰ ਫਿਰ ਵੀ ਸਿਨਮਾ ਵਿਚ 1.60 ਪੈਸੇ ਦੀ ਟਿਕਟ ਮਿਲਦੀ ਹੈ । ਪਰ ਮੋਗੇ ਵਿਚ ਜਿਥੇ ਕਿ ਜ਼ਮੀਨ ਬੜੀ ਸਸਤੀ ਹੈ ਉਥੇ 2.10 ਪੈਸੇ ਤੋਂ ਘੱਟ ਕੋਈ ਟਿਕਟ ਹੀ ਨਹੀਂ ਸੀ ਮਿਲਦੀ। ਇਹ ਝਗੜਾ ਉਥੇ ਪਹਿਲਾਂ ਵੀ ਚਲ ਰਿਹਾ ਸੀ। ਛੁਟੀਆਂ ਤੋਂ ਬਾਅਦ ਵੀ ਚਲਦਾ ਰਿਹਾ ਸੀ । ਪਰ ਜੇ ਉਸ ਵੇਲੇ ਕੋਈ ਵਜ਼ੀਰ ਉਥੇ ਦਖਲ ਦਿੰਦਾ ਤਾਂ ਇਹ ਝਗੜਾ ਖਤਮ ਹੋ ਸਕਦਾ ਸੀ । ਪਰ ਕੋਈ ਵਜ਼ੀਰ ਉਥੇ ਨਾ ਗਿਆ । ਜਦੋਂ ਵਿਦਿਆਰਥੀ ਗਲ ਬਾਤ ਕਰਨ ਲਈ ਸਿਨਮੇ ਵਾਲਿਆਂ ਕੋਲ ਗਏ ਤਾਂ ਗੁੰਡਿਆਂ ਨੇ ਵਿਦਿਆਰਥੀਆਂ ਤੇ ਹਮਲਾ ਕਰ ਦਿਤਾ । ਪਰ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਜਦੋਂ ਮੁੰਡਿਆਂ ਨੇ ਇਸ ਗਲ ਦੇ ਖਿਲਾਫ ਜਲੂਸ ਕਢਣਾ ਚਾਹਿਆ ਤਾਂ ਉਨ੍ਹਾਂ ਤੇ ਗੋਲੀ ਚਲਾ ਦਿਤੀ ਗਈ ।

ਸ੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ ਇਹ ਮਾਮਲਾ ਸਬ-ਜੂਡਿਸ ਹੈ । Dang Sahib, this matter is sub-judice.

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੈਂ ਉਸ ਪਾਸੇ ਨਹੀਂ ਜਾ ਰਿਹਾ। ਉਸ ਗੋਲੀ ਕਾਂਡ ਤੋਂ ਬਾਅਦ ਵਿਚ ਮੋਗੇ ਦੇ ਵਿਦਿਆਰਥੀਆਂ ਨੇ ਸਰਕਾਰ ਨਾਲ ਮਿਲ ਕੇ ਫੈਸਲਾ ਕਰ ਲਿਆ । ਜਿਹੜਾ ਕਿ ਬੜਾ ਸਹੀ ਫੈਸਲਾ ਸੀ ਉਥੇ ਦੇ ਐਸ. ਪੀ. ਅਤੇ ਡੀ. ਸੀ. ਨੂੰ ਉਥੋਂ ਟਰਾਂਸਫਰ ਕਰ ਦਿਤਾ ਗਿਆ ਜਿਨ੍ਹਾਂ ਲਈ ਪਹਿਲਾਂ ਸਰਕਾਰ ਮੰਨਦੀ ਨਹੀਂ ਸੀ । ਪਰ ਉਸ ਫੈਸਲੇ ਦੇ ਨਾਲ ਹੀ ਸਰਕਾਰ ਨੇ ਪੁਲੀਸ ਨੂੰ ਹਿਦਾਇਤਾਂ ਦਿਤੀਆਂ ਕਿ ਸਖ਼ਤ ਕਾਰਵਾਈ ਕਰੋ। ਪਟਿਆਲੇ ਵਿਚ ਕੀ ਹੋਇਆ ? ਉਥੇ ਵਿਦਿਆਰਥੀ ਇਕ ਜਲੂਸ ਕਢਣਾ ਚਾਹੁੰਦੇ ਸੀ, ਪਰ ਪੁਲੀਸ ਕਢਣ ਨਹੀਂ ਸੀ ਦਿੰਦੀ । ਉਥੇ ਟੀਅਰਗੈਸ ਚਲ ਗਈ । ਫਿਰ ਪੱਥਰ ਵਗੈਰਾ ਚਲੇ । ਉਸ ਤੋਂ ਬਾਅਦ ਪੁਲੀਸ ਨੇ ਜੋ ਕੁਝ ਉਥੇ ਕੀਤਾ ਉਸ ਨੂੰ ਦੇਖ

ਕੇ ਮੈਂ ਹੈਰਾਨ ਹਾਂ ਕਿ ਕਦੇ ਪੁਲੀਸ ਵੀ ਇਹ ਕਰ ਸਕਦੀ ਹੈ ? ਦੂਸਰੇ ਦਿਨ ਉਸ ਨੇ ਹੋਸਟਲ ਵਿਚ ਜਾਕੇ ਮੁੰਡਿਆਂ ਨੂੰ ਕੁਟਿਆ, ਉਨ੍ਹਾਂ ਦੇ ਟਰਾਂਜ਼ਿਸਟਰ ਤੋੜ ਦਿਤੇ, ਕੈਸ਼ ਤੇ ਘੜੀਆਂ ਖੋਹ ਲਈਆਂ, ਬਾਥਰੂਮਾਂ ਵਿਚੋਂ ਘਸੀਟ ਘਸੀਟ ਕੇ ਮੁੰਡਿਆਂ ਨੂੰ ਕਢ ਕੇ ਕੁਟਿਆ ਗਿਆ । ਫਾਈਨਲ ਦੇ ਸਟੂਡੈਂਟਸ ਨੂੰ, ਜਿਨ੍ਹਾਂ ਨੇ ਕਿ ਇਮਤਿਹਾਨ ਦੀ ਤਿਆਰੀ ਕਰਨੀ ਸੀ, ਘਸੀਟ ਘਸੀਟ ਕੇ ਕੁਟਿਆ । ਫਿਰ ਇਕ ਪੁਲਿਸ ਦੇ ਅਫ਼ਸਰ ਨੇ ਪ੍ਰਿੰਸੀਪਲ ਨੂੰ ਸਦਿਆ ਕਿ ਆਓ ਗੱਲ ਬਾਤ ਕਰਕੇ ਝਗੜਾ ਮੁਕਾ ਲਈਏ । ਪਰ ਜਦੋਂ ਪ੍ਰਿੰਸੀਪਲ ਉਸ ਕੋਲ ਗਿਆ ਤਾਂ ਉਸ ਨੇ ਉਸ ਨੂੰ ਫੜ ਲਿਆ ਤੇ ਘਸੀਟ ਕੇ ਟਰੱਕ ਵਿਚ ਸੁਟ ਲਿਆ, ਇਥੋਂ ਤਕ ਕਿ ਐਸ. ਪੀ. ਅਤੇ ਡੀ. ਸੀ. ਦੇ ਪਹੁੰਚਣ ਦੇ 15 ਮਿੰਟ ਬਾਅਦ ਤਕ ਉਹ ਪ੍ਰਿੰਸੀਪਲ ਟਰੱਕ ਵਿਚ ਹੀ ਬੈਠਾ ਰਿਹਾ । ਉਹ ਡੀ. ਐਸ. ਪੀ. ਕੌਣ ਸੀ ਜਿਸ ਨੇ ਇਹ ਕੀਤਾ ? ਉਹ ਮੈਂ ਦਸਦਾ ਹਾਂ, ਉਹ ਮੋਗੇ ਵਿਚ ਡੀ. ਐਸ. ਪੀ. ਸਸਪੈਂਡ ਹੋਇਆ ਸੀ ਉਸ ਦਾ ਰਿਸ਼ਤੇਦਾਰ ਸੀ । ਫਿਰ ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਕੀ ਹੋਇਆ । ਖਾਲਸਾ ਕਾਲਜ ਦੇ ਵਿਦਿਆਰਥੀ ਪ੍ਰਿੰਸੀਪਲ ਦੀ ਰਹਨੁਮਾਈ ਵਿਚ ਇਕ ਜਲੂਸ ਕਢਣਾ ਚਾਹੁੰਦੇ ਸੀ, ਪਰ ਪੁਲੀਸ ਨੇ ਕਢਣ ਨਾ ਦਿਤਾ, ਉਥੇ ਟੀਅਰ ਗੈਸ ਚਲੀ, ਲਾਠੀ ਚਾਰਜ ਹੋਇਆ । ਉਸ ਦੇ ਦੌਰਾਨ ਇਕ ਗਲਤ ਆਦਮੀ ਦਾ ਦਾਅ ਲਗ ਗਿਆ ਅਤੇ ਉਸ ਨੇ ਇਕ ਪੋਸਟ ਆਫਸ ਨੂੰ ਅਗ ਲਾ ਦਿਤੀ । ਫਿਰ ਲੁਧਿਆਣੇ ਵਿਚ ਇਹ ਕਿਹਾ ਗਿਆ ਕਿ ਵਿਦਿਆਰਥੀ ਪੋਸਟ ਆਫਸ ਨੂੰ ਅਗ ਲਾ ਰਹੇ ਸੀ ਮੈਂ ਚੈਲੰਜ ਕਰਦਾ ਹਾਂ ਕਿ ਇਹ ਝੂਠ ਹੈ । ਫਿਰ ਡੀ. ਸੀ. ਨੇ ਉਥੇ ਇਕ ਬਿਆਨ ਦਿਤਾ ਕਿ ਯੂਨੀਵਰਸਿਟੀ ਦੇ ਹੋਸਟਲ ਵਿਚੋਂ ਚੀਨੀ ਬੰਬ ਮਿਲੇ ਹਨ । ਪਰ ਰੰਧਾਵਾ ਸਾਹਿਬ ਨੇ ਇਹ ਕਿਹਾ ਕਿ ਇਹ ਗਲਤ ਗਲ ਹੈ, ਕੋਈ ਬੰਬ ਨਹੀਂ ਮਿਲੇ । ਰੰਧਾਵਾ ਸਾਹਿਬ ਕੋਈ ਵਿਦਿਆਰਥੀਆਂ ਦੇ ਯਾਰ ਨਹੀਂ ਹਨ । ਇਹ ਉਹੀ ਰੰਧਾਵਾ ਸਾਹਿਬ ਹਨ ਜਿਨ੍ਹਾਂ ਨੇ ਪੁਲੀਸ ਨੂੰ ਯੂਨੀਵਰਸਿਟੀ ਵਿਚ ਸੱਦ ਕੇ ਮੁੰਡਿਆਂ ਨੂੰ ਕੁਟਵਾਇਆ ਸੀ । ਪਰ ਇਸ ਵਾਰੀ ਉਨ੍ਹਾਂ ਨੇ ਵੀ ਕਿਹਾ ਕਿ ਡੀ. ਸੀ. ਦਾ ਬਿਆਨ ਗਲਤ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਅੰਮ੍ਰਿਤਸਰ ਦੀ ਹੀ ਇਕ ਹੋਰ ਘਟਨਾ ਦਸਦਾ ਹਾਂ । ਮੈਡੀਕਲ ਕਾਲਜ ਵਿਚ ਪੁਲੀਸ ਨੇ ਦੋ ਮੁੰਡਿਆਂ ਨੂੰ ਪੁਛਿਆ ਕਿ ਤੁਸੀਂ ਕੌਣ ਹੋ ਉਨ੍ਹਾਂ ਨੇ ਕਿਹਾ ਕਿ ਅਸੀਂ ਡਿਮਾਂਸਟ੍ਰੇਟਰ ਹਾਂ । ਬਸ ਇਸ ਸੁਣਦਿਆਂ ਹੀ ਪੁਲੀਸ ਨੇ ਉਨ੍ਹਾਂ ਨੂੰ ਫੜ ਕੇ ਕੁਟਣਾ ਸ਼ੁਰੂ ਕਰ ਦਿਤਾ । 10 ਮਿੰਟਾਂ ਵਿਚ ਡਾਕਟਰਾਂ ਨੇ ਪੁਲੀਸ ਨੂੰ ਸਮਝਾਇਆ ਕਿ ਇਹ ਡਿਮਾਂਸਟ੍ਰੇਟਰ ਟੀਚਰ ਹਨ ਕਾਲਜ ਦੇ । ਤਾਂ ਉਨ੍ਹਾਂ ਦੀ ਜਾਨ ਬਚੀ । (ਹਾਸ) ਸੋ ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਇਨ੍ਹਾਂ ਨੇ ਪੁਲੀਸ ਨੂੰ ਖੁਲ੍ਹ ਦਿਤੀ ਹੋਈ ਹੈ । ਮੈਂ ਸੰਧੂ ਸਾਹਿਬ ਨਾਲ ਇਸ ਗਲ ਤੇ ਸਹਿਮਤ ਹਾਂ ਪਰ ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਤੁਹਾਡੀਆਂ ਪਾਈਆਂ ਹੋਈਆਂ ਲੀਹਾਂ ਤੇ ਚਲ ਰਹੇ ਹਨ । ਬਾਦਲ ਸਰਕਾਰ ਵੇਲੇ ਪੁਲੀਸ ਨੂੰ ਇਹ ਖੁਲ੍ਹ ਦਿਤੀ ਗਈ ਸੀ ਕਿ ਜਿਸ ਨੂੰ ਜੀਅ ਕਰਦਾ ਹੈ ਮਾਰ ਦਿਤੇ ਬਾਅਦ ਵਿਚ ਨੈਕਸਲਾਈਟ ਕਹਿ ਦਿਤੇ । ਗਵਰਨਰੀ ਰਾਜ ਵਿਚ ਬਟਾਲੇ ਵਿਚ ਦਿਨ ਦਿਹਾੜੇ ਦੋ ਮੁੰਡੇ ਘਰਾਂ ਵਿਚੋਂ ਬੁਲਾ ਕੇ ਪੁਲੀਸ ਨੇ ਕਤਲ ਕਰ ਦਿੱਤੇ, ਇਸ ਬਾਰੇ ਮੈਂ ਕੁਝ ਨਹੀਂ ਕਹਿੰਦਾ ਸਰਦਾਰ ਸੰਤੋਖ ਸਿੰਘ ਨੂੰ ਪੁਛ ਲਓ ਕਿ ਉਥੇ ਕੀ ਹੋਇਆ, ਪਰ ਇਸ ਸਰਕਾਰ ਨੇ ਉਤੇ ਲਈ ਇਨਕੁਆਇਰੀ ਨਹੀਂ ਬਿਠਾਈ ਇਸੇ ਦਾ ਨਤੀਜਾ ਮੋਗੇ ਕਾਂਡ ਦੇ ਰੂਪ ਵਿਚ ਨਿਕਲਿਆ ਹੈ ।

ਫਿਰ ਡਿਪਟੀ ਸਪੀਕਰ, ਸਾਹਿਬ ਮੈਂ ਕੁਰਪਸ਼ਨ ਦੀ ਗੱਲ ਕਰ ਦਾ ਹਾਂ । ਪੰਜਾਬ ਦੇ ਲੋਕਾਂ ਨੂੰ ਸ਼ਿਕਾਇਤ ਹੈ ਕਿ ਬਿਜਲੀ ਘੱਟ ਮਿਲਦੀ ਹੈ । ਇਸ ਦਾ ਕਾਰਨ ਕੀ ਹੈ ?

[ਕਾਮਰੇਡ ਸੱਤ ਪਾਲ ਡਾਂਗ]

ਇਸ ਬੋਰਡ ਦਾ ਚੇਅਰਮੈਨ ਕਿਸ ਨੂੰ ਬਣਾਇਆ ਹੈ ? ਜਿਸ ਦਾ ਰਿਕਾਰਡ ਬਹੁਤ ਗੰਦਾ ਹੈ ਅਤੇ ਜੋ ਕੁਰਪਸ਼ਨ ਦਾ ਥੰਭਾ ਹੈ । ਇਨ੍ਹਾਂ ਨੇ ਉਸ ਦੇ ਵਿਰੁਧ ਇਕ ਇਨਕੁਆਇਰੀ ਬਿਠਾ ਕੇ ਰਿਪੋਰਟ ਦਿਵਾ ਦਿਤੀ ਕਿ ਉਹ ਕੁਰੱਪਸ਼ਨ ਦੇ ਇਲਜ਼ਾਮਾਂ ਤੋਂ ਬਰੀ ਹੈ । ਪਰ ਲੋਕ ਤਾਂ ਉਸ ਨੂੰ ਜਾਣਦੇ ਹਨ । ਅੱਜ ਫਿਰ ਸੁਣਨ ਵਿਚ ਆਇਆ ਹੈ ਕਿ 50% ਬਿਜਲੀ ਦੀ ਕਟ ਫਿਰ ਲਗ ਰਹੀ ਹੈ । ਇਹ ਅਸੀਂ ਮੰਨਦੇ ਹਾਂ ਕਿ ਬਾਰਸ਼ਾਂ ਘਟ ਹੋਈਆਂ ਹਨ ਪਰ ਇੰਤਜ਼ਾਮ ਵੀ ਕੋਈ ਚੀਜ਼ ਹੁੰਦਾ ਹੈ । ਇਹ ਬੋਰਡ ਕਿਸ ਤਰ੍ਹਾਂ ਚਲ ਰਿਹਾ ਹੈ ਇਸ ਗਲ ਦਾ ਕਿਸਾਨ ਨੂੰ ਬੜੀ ਚੰਗੀ ਤਰ੍ਹਾਂ ਪਤਾ ਹੈ ਕਪਾਹ ਦੇ ਵੇਲੇ ਉਸ ਨਾਲ ਜੋ ਕੁਝ ਹੋਇਆ ਹੈ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ । ਉਸ ਨੂੰ ਚੰਗੇ ਭਾਅ ਮਿਲੇ ਜਾਂ ਨਹੀਂ ਮਿਲੇ ਇਸ ਦਾ ਵੀ ਤੁਹਾਨੂੰ ਪਤਾ ਹੈ ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਕ ਹੋਰ ਗੱਲ ਵੀ ਕਹਿਣੀ ਚਾਹੁੰਦਾ ਹਾਂ । ਬਾਰਡਰ ਦੇ ਇਲਾਕੇ ਵਿਚ ਜੋ ਪਿੰਡ 'ਏ' ਕਲਾਸ ਹਨ ਉਨ੍ਹਾਂ ਨੂੰ ਸਾਰਿਆਂ ਨੂੰ ਪਹਿਲਾਂ ਕੰਪੈਨਸੇਸ਼ਨ ਮਿਲਦਾ ਸੀ । ਪਰ ਹੁਣ ਇਨ੍ਹਾਂ ਨੇ ਇਹ ਨੀਤੀ ਬਦਲ ਲਈ ਹੈ ਅਤੇ ਇਹ ਕਰ ਦਿਤਾ ਹੈ ਕਿ ਜਿਨ੍ਹਾਂ ਦੀ ਜ਼ਮੀਨ ਪਾਕਿਸਤਾਨ ਵਿਚ ਚਲੀ ਗਈ ਹੈ ਉਨ੍ਹਾਂ ਨੂੰ ਇਹ ਕੰਪੈਨਸੇਸ਼ਨ ਮਿਲੇਗਾ ਪਰ ਜਿਹੜਾ ਮਜ਼ਦੂਰ ਹਰੀਜਨ ਉਨ੍ਹਾਂ ਜ਼ਮੀਨਾਂ ਤੇ ਖੇਤੀ ਮਜ਼ਦੂਰੀ ਕਰਦਾ ਸੀ ਉਹ ਕਿਥੇ ਜਾਵੇਗਾ, ਉਸ ਬਾਰੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਮੈਂ ਹੈਰਾਨ ਹਾਂ ਕਿ ਉਸ ਨੂੰ ਕਿਉਂ ਕੰਪੈਨਸੇਸ਼ਨ ਨਹੀਂ ਦਿਤਾ ਗਿਆ ।

ਸੋ, ਡਿਪਟੀ ਸਪੀਕਰ ਸਾਹਿਬ, ਇਹ ਗਲਾਂ ਸੀ, ਇਹ ਵਾਹਦੇ ਸੀ ਜਿਹੜੇ ਅਮਲ ਵਿਚ ਨਹੀਂ ਲਿਆਂਦੇ ਗਏ । ਪਰ ਸੰਧੂ ਸਾਹਿਬ ਤਾਂ ਇਨ੍ਹਾਂ ਗਲਾਂ ਕਰਕੇ ਸਰਕਾਰ ਦੇ ਖਿਲਾਫ਼ ਨਹੀਂ ਹੋਏ । ਇਹ ਇਸ ਕਰਕੇ ਖਿਲਾਫ਼ ਨਹੀਂ ਹੋਏ ਕਿ ਜਗੀਰਦਾਰਾਂ ਨੂੰ ਖੁਲ੍ਹੀ ਛੁਟੀ ਇਸ ਸਰਕਾਰ ਨੇ ਕਿਉਂ ਦਿਤੀ ਹੈ, ਇਨ੍ਹਾਂ ਨੂੰ ਇਹ ਗਿਲਾ ਨਹੀਂ ਕਿ ਬਾਗਾਂ ਨੂੰ ਬਰਾਨੀ ਜ਼ਮੀਨ ਦੇ ਬਰਾਬਰ ਛੋਟ ਕਿਉਂ ਦਿਤੀ ਗਈ ਹੈ । ਇਨ੍ਹਾਂ ਨੂੰ ਇਹ ਗਿਲਾ ਹੈ ਕਿ 30 ਏਕੜ ਤੋਂ ਘਟ ਸੀਲਿੰਗ ਕਿਉਂ ਕੀਤੀ ਜਾ ਰਹੀ ਹੈ । ਇਨ੍ਹਾਂ ਨੂੰ ਇਹ ਗਿਲਾ ਹੈ ਕਿ ਫੈਮਲੀ ਦੇ ਹਰ ਮੈਂਬਰ ਨੂੰ ਯੂਨਿਟ ਕਿਉਂ ਨਹੀਂ ਮੰਨਿਆ ਜਾ ਰਿਹਾ । ਇਨ੍ਹਾਂ ਦੀ ਡਿਪਟੀ ਸਪੀਕਰ ਸਾਹਿਬ, ਪਹੁੰਚ ਹੀ ਹੋਰ ਹੈ । ਤੁਸੀਂ ਇਨ੍ਹਾਂ ਦੀ ਡੇਢ ਘੰਟੇ ਦੀ ਸਪੀਚ ਸੁਣੀ । ਕਿਤੇ ਇਨ੍ਹਾਂ ਨੇ ਕਾਰਖਾਨਿਆਂ ਵਿਚ ਕੰਮ ਕਰਦੇ ਮਜ਼ਦੂਰਾਂ ਬਾਰੇ ਇਕ ਲਫ਼ਜ਼ ਵੀ ਕਿਹਾ ਹੈ ? ਕੀ ਉਹ ਇਥੇ ਪੰਜਾਬ ਵਿਚ ਨਹੀਂ ਵਸਦੇ, ਉਨ੍ਹਾਂ ਦੀਆਂ ਤਨਖਾਹਾਂ ਬਾਰੇ ਇਨ੍ਹਾਂ ਨੂੰ ਯਾਦ ਨਹੀਂ ਆਇਆ ?

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਕੁਰਪਸ਼ਨ ਦੀ ਗਲ ਕਰਦਾ ਹਾਂ । ਪਹਿਲਾਂ ਅਕਾਲੀ ਮਨਿਸਟਰੀ ਵੇਲੇ ਲੋਕ ਕਹਿੰਦੇ ਸੀ ਕਿ ਕੁਰਪਸ਼ਨ ਸਿਖਰ ਤੇ ਪਹੁੰਚ ਚੁਕੀ ਹੈ ਪਰ ਹੁਣ ਉਹ ਮਹਿਸੂਸ ਕਰਦੇ ਹਨ ਕਿ ਉਸ ਵੇਲੇ ਦੀ ਕੁਰੱਪਸ਼ਨ ਵਿਚ ਤੇ ਹੁਣ ਦੀ ਕੁਰੱਪਸ਼ਨ ਵਿਚ ਕੋਈ ਫਰਕ ਨਹੀਂ ਹੈ । ਬੇਸ਼ਕ ਚੀਫ ਮਨਿਸਟਰ ਸਾਹਿਬ ਸੰਧੂ ਸਾਹਿਬ ਨੂੰ ਕਹਿ ਸਕਦੇ ਹਨ ਕਿ ਤੁਸੀ ਕਿਹੜੇ ਮੂੰਹ ਨਾਲ ਕੁਰੱਪਸ਼ਨ ਦੀ ਗਲ ਕਰਦੇ ਹੋ ਪਹਿਲਾਂ ਦਵੇ ਕਮਿਸ਼ਨ ਤੋਂ ਆਪਣੇ ਵਜ਼ੀਰਾਂ ਬਾਰੇ ਸਰਟੀਫਿਕੇਟ ਤਾਂ ਲੈ ਕੇ ਆਓ ਪਰ, ਡਿਪਟੀ ਸਪੀਕਰ ਸਾਹਿਬ, ਲੋਕਾਂ ਦੀ ਇਸ ਗਲ ਦੇ ਨਾਲ ਤਸੱਲੀ ਨਹੀਂ ਹੋ ਸਕਦੀ ।

ਮੈਂ ਮਾਰਕਫੈਡ ਬਾਰੇ ਸਵਾਲ ਰਖਿਆ ਅਤੇ ਉਹ ਮੁਲਤਵੀ ਹੋਇਆ। 50 ਨੌਕਰੀਆਂ ਪਿਛੇ ਦਸ ਹਜ਼ਾਰ ਐਪਲੀਕੇਸ਼ਨਜ਼ ਆਈਆਂ ਮਾਰਕਫੈਡ ਵਿਚ। ਜਿਨ੍ਹਾਂ ਨੂੰ ਇਨ੍ਹਾਂ ਨੇ ਨੌਕਰ ਰਖਣਾ ਸੀ, ਉਹ ਰਖ ਲਏ ਗਏ ਪਰ ਮੈਂ ਇਹ ਪੁਛਦਾ ਹਾਂ ਕਿ ਇਹ ਸਿਲੈਕਸ਼ਨ ਕਿਸ ਬੇਸਿਜ਼ ਤੇ ਹੋਈ ਹੈ। ਇਸ ਵਿਚ ਸਭ ਤੋਂ ਵਡੀ ਗਲ ਇਹ ਹੈ ਕਿ ਇਨ੍ਹਾਂ ਨੇ ਉਨ੍ਹਾਂ ਨੂੰ ਸਦਿਆ ਜਿਨ੍ਹਾਂ ਨੂੰ ਰਖਣਾ ਸੀ। ਛੋਟੀਆਂ ਨੌਕਰੀਆਂ ਦੀ ਗੱਲ ਤਾਂ ਇਕ ਪਾਸੇ ਰਹੀ ਵਡੀਆਂ ਨੌਕਰੀਆਂ ਦੀ ਗਲ ਇਹ ਹੈ ਕਿ ਚੇਅਰਮੈਨ ਬਿਜਲੀ ਬੋਰਡ ਲਗ ਚੁਕਾ ਹੈ ਅਤੇ ਹੁਣ ਸਕੱਤਰ, ਬਿਜਲੀ ਬੋਰਡ ਲਗਣ ਲਗਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਪਟਿਆਲੇ ਵਿਚ ਇਕ ਸੱਜਣ ਤੁਰੀ ਫਿਰਦਾ ਹੈ ਅਤੇ ਉਹ ਕਹਿੰਦਾ ਹੈ ਕਿ ਉਹ ਬਿਜਲੀ ਬੋਰਡ ਦਾ ਸੈਕਟਰੀ ਲਗ ਗਿਆ ਹੈ। ਉਹਨੂੰ ਲਗਾਉਣ ਲਈ ਕੁਆਲੀਫਿਕੇਸ਼ਨਜ਼ ਤਹਿ ਹੋ ਰਹੀਆਂ ਹਨ। ਇਕ ਐਸ. ਈ. ਸਾਹਿਬ ਨੂੰ ਚੀਫ ਇੰਜਨੀਅਰ ਲਗਾ ਦਿਤਾ ਹੈ। ਇਨ੍ਹਾਂ ਨੂੰ ਹਰ ਕੋਈ ਜਾਣਦਾ ਹੈ ਕਿ ਇਹ ਕਿਸ ਕਿਸਮ ਦੇ ਆਦਮੀ ਹਨ। ਇਨ੍ਹਾਂ ਨੇ 14 ਐਸ. ਈਜ਼ ਨੂੰ ਸੁਪਰਸੀਡ ਕੀਤਾ ਹੈ। ਇਸ ਨੂੰ ਵੀ ਛਡੋ ਅੱਜ ਸਾਡੇ ਸਾਹਮਣੇ ਬੜਾ ਮਸਲਾ ਵਿਦਿਆਰਥੀਆਂ ਦਾ ਹੈ। ਇੱਕ ਮੋਗਾ ਨਹੀਂ, ਇਸ ਦੀ ਅਸਲੀ ਬੁਨਿਆਦ ਕੀ ਹੈ। ਇਸ ਵਲ ਧਿਆਨ ਕਰਨ ਦੀ ਲੋੜ ਹੈ। ਵਿਦਿਆਰਥੀਆਂ ਵਿਚ ਬੇਕਾਰੀ ਦਿਨੋ ਦਿਨ ਵਧ ਰਹੀ ਹੈ। ਹਜ਼ਾਰਾਂ ਹੀ ਬੀ. ਐਡ ਟੀਚਰਜ਼ ਵਿਹਲੇ ਤੁਰੀ ਫਿਰਦੇ ਹਨ। ਇਨ੍ਹਾਂ ਨੇ 80/90 ਲਗਾਏ ਹਨ ਪਰ ਬਾਕੀ ਦੇ ਵਿਹਲੇ ਹੀ ਫਿਰ ਰਹੇ ਹਨ ਭਾਵੇਂ ਹਾਲੇ ਇਨ੍ਹਾਂ ਯੋਗ ਪੋਸਟਾਂ ਖਾਲੀ ਹੀ ਪਈਆਂ ਹਨ। ਇਸ ਬੇਕਾਰੀ ਦੇ ਮਸਲੇ ਨਾਲ ਵਿਦਿਆਰਥੀਆਂ ਵਿਚ ਬੜੀ ਬੇਚੈਨੀ ਹੈ। ਵਾਈਸ ਚਾਂਸਲਰ ਦੇ ਲੜਕੇ ਨੂੰ ਨਕਲ ਮਰਵਾਕੇ ਉਹਨੂੰ ਫਸਟ ਡਿਵੀਜ਼ਨ ਦਿਵਾਈ ਗਈ ਹੈ ਇਸ ਤਰ੍ਹਾਂ ਨਾਲ ਤੁਸੀਂ ਇਨਕਲਾਬੀ ਮੁੰਡਿਆਂ ਨੂੰ ਕਿਸ ਤਰ੍ਹਾਂ ਨਾਲ ਸਮਝਾ ਸਕਦੇ ਹੋ। ਕੀ ਸਰਕਾਰ ਇਹਦੇ ਲਈ ਕੋਈ ਕਦਮ ਉਠਾ ਰਹੀ ਹੈ? ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿਚ ਨੁਮਾਇੰਦਗੀ ਮਿਲੇਗੀ, ਇਹ ਹਾਲੇ ਤਕ ਕਿਉਂ ਨਹੀਂ ਮਿਲੀ ਹੈ। ਪਟਿਆਲੇ ਦੀ ਯੂਨੀਵਰਸਿਟੀ ਇਨ੍ਹਾਂ ਤੋਂ ਬਾਹਰ ਨਹੀਂ ਜਿਹੜੇ ਵਾਈਸ ਚਾਂਸਲਰ ਨੇ ਮਿਨਤਾਂ ਕਰਕੇ ਐਕਸਟੈਨਸ਼ਨ ਲਿੱਤੀ ਹੋਵੇ ਕੀ ਉਹ ਇਨ੍ਹਾਂ ਦੀ ਇਕ ਘੁਰਕੀ ਅਗੇ ਠਹਿਰ ਸਕਦਾ ਹੈ। ਇਸ ਬਾਰੇ ਅਸੈਂਬਲੀ ਵਿਚ ਬਿਲ ਕਿਉਂ ਨਹੀਂ ਲਿਆਂਦਾ ਗਿਆ ਕਿ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿਚ ਨੁਮਾਇੰਦਗੀ ਮਿਲੇ। ਠੀਕ ਹੈ ਮੋਗੇ ਵਿਚ ਸਾਂਝੀ ਐਕਸ਼ਨ ਕਮੇਟੀ ਦਾ ਫੈਸਲਾ ਹੋ ਗਿਆ। ਪਰ ਉਥੇ ਵਿਦਿਆਰਥੀਆਂ ਨੂੰ ਜਲੂਸ ਕਢਣ ਦੀ ਮਨਜ਼ੂਰੀ ਕਿਉਂ ਨਹੀਂ ਦਿਤੀ ਗਈ। ਉਥੋਂ ਦਫਾ 144 ਕਿਉਂ ਨਹੀਂ ਹਟਾਈ ਗਈ। ਉਨ੍ਹਾਂ ਨੂੰ ਜਲੂਸ ਕਢਣ ਦੀ ਆਗਿਆ ਕਿਉਂ ਨਹੀਂ ਦਿਤੀ ਗਈ। ਅੰਮ੍ਰਿਤਸਰ ਜੇਲ੍ਹ ਦੀ ਗੱਲ ਲੈ ਲਵੋ (ਵਿਘਨ) ਉਥੇ ਇਕ ਸਾਬਕਾ ਅਕਾਲੀ ਮਨਿਸਟਰ ਜੇਲ੍ਹ ਵਿਚ ਆ ਗਿਆ ਅਤੇ ਵਿਦਿਆਰਥੀਆਂ ਵਿਚ ਆਕੇ ਤਕਰੀਰ ਕੀਤੀ ਕਿ ਤੁਸੀਂ ਬਸਾਂ ਫੂਕੋ, ਅਸੀਂ ਤੁਹਾਨੂੰ ਪੈਸੇ ਵੀ ਦਿਆਂਗੇ ਪਰ ਇਨ੍ਹਾਂ ਦਾ ਇਹ ਜਵਾਬ ਦੇਣਾ ਕਾਫੀ ਨਹੀਂ। ਹਾਲਾਤ ਵਿਗੜੇ ਕਿਉਂ ਉਨ੍ਹਾਂ ਦੀ ਗਲ ਕਾਮਯਾਬ ਹੋਈ ਕਿਉਂਕਿ ਨੌਕਰਸ਼ਾਹੀ ਨੂੰ ਖੁਲ੍ਹ ਹੈ। ਮੈਂ ਕੁਰਪੱਸ਼ਨ ਦੀ ਗੱਲ ਕਰ ਰਿਹਾ ਸੀ। ਮੈਂ ਨਾ ਨਹੀਂ ਲੈਂਦਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਨੇ ਇਸ ਨੂੰ ਰੋਕਣ ਲਈ ਪਰਮਾਨੈਂਟ ਟਰੀਬਿਊਨਲ ਮੁਕਰੱਰ ਕਿਉਂ ਨਹੀਂ ਕੀਤਾ ਹੈ। 200 ਰੁਪਏ ਦੀ ਸਿਕਿਉਰਿਟੀ ਜਮ੍ਹਾਂ ਹੋ ਕੇ ਜੋ ਕੋਈ ਵੀ ਹੋਵੇ ਭਾਵੇਂ ਮਨਿਸਟਰ ਦੇ ਖਿਲਾਫ ਹੋਵੇ ਅਤੇ ਭਾਵੇਂ ਕੋਈ ਆਈ. ਏ. ਐਸ. ਅਫਸਰ ਦੇ ਖਿਲਾਫ ਸ਼ਿਕਾਇਤ ਹੋਵੇ ਉਹਦੀ ਇਨਕੁਆਇਰੀ ਹੋਣੀ ਚਾਹੀਦੀ ਹੈ ਪਰ ਇਹ ਟਰੀਬਿਊਨਲ ਹਾਲੇ ਤਕ ਸਰਕਾਰ ਨੇ ਨਹੀਂ ਬਣਾਇਆ ਹੈ।

[ਕਾਮਰੇਡ ਸੱਤਪਾਲ ਡਾਂਗ]

ਆਈ. ਜੀ. ਅਸ਼ਵਨੀ ਕੁਮਾਰ ਦੇ ਬਾਰੇ ਮੈਂ ਨਹੀਂ ਕਹਿੰਦਾ ਕਿ ਇਸ ਨੇ ਕਿਸ ਤਰ੍ਹਾਂ ਨਾਲ ਇਥੇ ਨੌਜਵਾਨਾਂ ਨੂੰ ਮਾਰਿਆ ਹੈ । ਇਸ ਨੇ ਪੰਜਾਬ ਵਿਚ ਕਿੰਨਾ ਭਰਿਸ਼ਟਾਚਾਰ ਪੈਦਾ ਕੀਤਾ ਅਤੇ ਗਰੁਪਬਾਜ਼ੀ ਅਤੇ ਕੁਰੱਪਸ਼ਨ ਵਿਚ ਵਾਧਾ ਕੀਤਾ । ਕਮਿਊਨਿਸਟ ਪਾਰਟੀ ਨੇ ਬੜੀ ਜ਼ਿਮੇਵਾਰੀ ਨਾਲ ਉਹਦੇ ਖਿਲਾਫ ਲਿਖਕੇ ਚੀਫ ਮਨਿਸਟਰ ਸਾਹਿਬ ਨੂੰ ਦਿਤਾ ਪਰ ਕੋਈ ਇਨਕੁਆਇਰੀ ਨਹੀਂ ਹੋਈ ਹੈ । ਪਤਾ ਨਹੀਂ ਉਹ ਦਿੱਲੀ ਵਿਚ ਕਿਸ-ਦਾ ਲਾਡਲਾ ਹੈ ।

ਨਾਭਾ ਵਿਚ ਸਕੂਲ ਹੈ ਉਥੇ ਦੇ ਪ੍ਰਿੰਸੀਪਲ ਨੇ, ਮੈਂ ਨਹੀਂ ਕਹਿੰਦਾ ਉਥੇ ਦੇ ਕਾਂਗਰਸੀ ਐਮ. ਐਲ. ਏ, ਇਥੇ ਬੈਠੇ ਹਨ, ਉਨਾਂ ਕੋਲੋਂ ਪੁਛ ਲਵੋ, ਸੀ. ਆਈ. ਡੀ. ਨੇ ਇਨਕੁਆਇਰੀ ਕੀਤੀ ਨੌਜਵਾਨ ਲੜਕੀਆਂ ਨੂੰ ਰੇਪ ਕੀਤਾ । ਸਾਰੇ ਨਾਭਾ ਵਿਚ ਹੜਤਾਲ ਹੋਈ ਕਿ ਓਪਨ ਇਨਕੁਆਇਰੀ ਕਰਾਉ । ਸਾਰੇ ਨਾਭੇ ਦੇ ਲੋਕ ਅਤੇ ਵਿਦਿਆਰਥੀ ਇਸ ਗਲ ਦੀ ਮੰਗ ਕਰਦੇ ਸੀ ਕਿ ਉਹਦੀ ਓਪਨ ਇਨਕੁਆਇਰੀ ਹੋਣੀ ਚਾਹੀਦੀ ਹੈ । ਪਰ ਸਿਵਾਏ ਉਹਦੀ ਟਰਾਂਸਫਰ ਦੇ ਹੋਰ ਕੋਈ ਐਕਸ਼ਨ ਨਹੀਂ ਹੋਇਆ ਹੈ ਉਹ ਹੁਣ ਦੂਜੀ ਥਾਂ ਤੇ ਜਾਕੇ ਉਸੇ ਤਰ੍ਹਾਂ ਕਰੇਗਾ ।

ਸਿਨੇਮਾ ਅਤੇ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਦੀ ਗੱਲ ਹੈ । ਇਹ ਕਹਿੰਦੇ ਹਨ ਕਿ ਅਸੀ ਇਹ ਕੰਮ ਕਰਨਾ ਹੈ । ਮੋਗੇ ਤੋਂ ਬਾਅਦ ਮਨਿਸਟਰੀ ਨੇ ਕਿਹਾ ਕਿ ਸਾਰੇ ਪੰਜਾਬ ਵਿਚ ਸਿਨੇਮਿਆਂ ਵਿਚ ਸੀਟਾਂ ਤੇ ਨੰਬਰ ਲਗਾਏ ਜਾਣਗੇ ਅਤੇ ਟਿਕਟਾ ਦੇ ਰੇਟ ਮੁਕੱਰਰ ਕੀਤੇ ਜਾਣਗੇ । ਜਿਸ ਤਰ੍ਹਾਂ ਚੰਡੀਗੜ੍ਹ ਵਿਚ 1 ਰੁ: 60 ਪੈਸੇ ਟਿਕਟ ਦਾ ਰੇਟ ਹੈ ਉਸੇ ਤਰ੍ਹਾਂ ਇਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਸਾਰੇ ਸਿਨੇਮਿਆਂ ਵਿਚ ਕਰ ਦਿਤਾ ਜਾਵੇਗਾ । ਪਰ ਇਹ ਹਾਲੇ ਤਕ ਕੁਝ ਨਹੀਂ ਹੋਇਆ ਹੈ । ਪੰਜਾਬ ਵਿਚ ਕਿਉਂ ਲੁਟ ਮਚਾਈ ਹੋਈ ਹੈ । ਜਿਹੜੇ ਦੋ ਬਿਲ ਆਏ ਹਨ, ਇਹ ਤਾਂ ਸਿਨੇਮਿਆਂ ਦੇ ਮਾਲਕਾਂ ਦੇ ਫਾਇਦੇ ਲਈ ਹੀ ਹਨ । ਇਸ ਦਾ ਜਦੋਂ ਸਮਾਂ ਆਵੇਗਾ ਉਦੋਂ ਇਸ ਤੇ ਦਸਿਆ ਜਾਵੇਗਾ । ਸਿਨੇਮਿਆਂ ਵਿਚ ਟਿਕਟਾਂ ਦੇ ਰੇਟ ਮੁਕਰਰ ਹੋਣੇ ਚਾਹੀਦੇ ਹਨ । ਸੀਟਾਂ ਤੇ ਨੰਬਰ ਲਗਣੇ ਚਾਹੀਦੇ ਹਨ । ਜਿਥੋਂ ਤਕ ਟਰਾਂਸਪੋਰਟ ਦੇ ਨੈਸ਼ਨੇਲਾਈਜ਼ੇਸ਼ਨ ਦਾ ਸਵਾਲ ਹੈ ਇਹ ਕੰਮ ਇਨ੍ਹਾਂ ਨੇ 1980 ਤਕ ਲਮਕਾ ਦਿਤਾ ਹੈ । ਇਸ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੈਪਸੂ ਵਿਚ ਹਾਲੇ ਤਕ ਵੀ ਰੂਟ ਨੈਸ਼ਨੇਲਾਈਜ਼ ਦੀ ਪਰਸੇਂਟੇਜ 60 ਨਹੀਂ ਹੈ । ਜਿਹੜੀ ਅਕਾਲੀਆਂ ਨੇ ਬੋਗਸ ਸਕੀਮ ਇਸ ਬਾਰੇ ਬਣਾਈ ਸੀ ਕਿ 1980 ਤਕ ਨੈਸ਼ਨਾਲਾਈਜ਼ੇਸ਼ਨ ਹੋ ਜਾਵੇਗੀ ਉਹਦੇ ਮੁਤਾਬਿਕ ਵੀ ਇਹ 60% ਨੈਸ਼ਨੇਲਾਈਜ਼ ਹੋਣੀ ਚਾਹੀਦੀ ਹੈ । ਪੰਜਾਬ ਵਿਚ ਅਤੇ ਪੈਪਸੂ ਵਿਚ ਹਾਲੇ ਤਕ ਵੀ ਪਰਾਈਵੇਟ ਟਰਾਂਸਪੋਰਟਰਜ਼ ਕੋਲ 40% ਨਾਲੋਂ ਵਧ ਰੂਟਸ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਕੁਝ ਗਲਾਂ ਰਖੀਆਂ ਹਨ ਜਿਨ੍ਹਾਂ ਬਾਰੇ ਇਨ੍ਹਾਂ ਨੇ ਵਾਇਦੇ ਕੀਤੇ ਸੀ ਉਹ ਵਾਇਦੇ ਵੀ ਪੂਰ ਨਹੀਂ ਹੋ ਰਹੇ ਹਨ । ਇਨ੍ਹਾਂ ਦੀ ਬੁਨਿਆਦੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਹੋਈ ਹੈ । ਜਿਹੜੀ ਇਨ੍ਹਾਂ ਦੀ ਨੀਤੀ ਠੀਕ ਹੋਏਗੀ ਉਹਦੀ ਅਸੀਂ ਸ਼ਲਾਘਾ ਕਰਾਂਗੇ । ਬੈਕਵਰਡ ਏਰੀਆ ਵਿਚ ਇਨ੍ਹਾਂ ਨੇ ਥੋੜ੍ਹਾ ਜਿਹਾ ਧਿਆਨ ਦਿਤਾ ਹੈ, ਇਹ ਠੀਕ ਕੰਮ ਕੀਤਾ ਹੈ । ਇੰਟੇਰਿਮ ਰਲੀਫ ਬਾਰੇ ਮੈਂ ਅਰਜ਼ ਕਰਾਂ ਕਿ ਇਲੈਕਸ਼ਨ ਵੇਲੇ ਇਨ੍ਹਾਂ ਨੇ ਇਸ ਸਬੰਧੀ ਵਾਇਦਾ ਕੀਤਾ ਸੀ ਅਤੇ ਉਹ ਪੂਰਾ ਕੀਤਾ । ਲੇਕਿਨ ਬਾਅਦ ਵਿਚ ਇਹ ਫਿਰ ਇਸ ਤੇ ਫਿਰਨ ਲਗੇ ਸੀ ਪਰ ਜਦੋਂ ਧਮਕੀ ਦਿਤੀ ਗਈ ਤਾਂ ਮੰਨ ਗਏ । ਚਲੋ ਇਨ੍ਹਾਂ ਨੇ ਠੀਕ ਗਲ ਕੀਤੀ ਹੈ । ਹੁਣ ਚੀਫ ਮਨਿਸਟਰ ਸਾਹਿਬ ਕਹਿੰਦੇ ਹਨ ਕਿ 10% ਵਾਲਾ ਫਾਰਮੂਲਾ ਹਟਾ

ਦੇਣਾ ਹੈ (ਵਿਘਨ) ਗੌਰਮੈਂਟ ਆਫ ਇੰਡੀਆ ਨੇ ਪਲਾਟ ਦੇਣ ਦੀ ਸਕੀਮ ਬਣਾਈ ਹੈ। ਇਹ ਚੰਗੀ ਗਲ ਹੈ।

ਡਿਪਟੀ ਸਪੀਕਰ ਸਾਹਿਬ, ਪਿਛਲੇ ਅਠ ਨੌਂ ਮਹੀਨਿਆਂ ਵਿਚ ਸੁਖੀ ਕੌਣ ਹੈ, ਛੋਟੇ ਇੰਡਸਟ੍ਰੀਜ਼ ਵਾਲਿਆਂ ਦੀ ਪੁਜ਼ੀਸ਼ਨ ਇਹ ਹੈ ਕਿ ਜੇ ਕੋਲਾ ਮਿਲਣਾ ਹੈ ਤਾਂ ਉਹ ਉਨ੍ਹਾਂ ਨੂੰ ਮਿਲਦਾ ਹੈ ਜਿਨ੍ਹਾਂ ਦੇ ਕਾਰਖਾਨੇ ਹੈ ਹੀ ਨਹੀਂ ਹਨ ਅਤੇ ਇਨ੍ਹਾਂ ਛੋਟੇ ਇੰਡਸਟ੍ਰੀਜ਼ ਵਾਲਿਆਂ ਨੂੰ ਕੋਈ ਪੁਛਦਾ ਹੀ ਨਹੀਂ ਹੈ। ਸਟੀਲ ਦੀ ਪੁਜ਼ੀਸ਼ਨ ਵੀ ਇਹੀ ਹੀ ਹੈ ਜਿਨ੍ਹਾਂ ਦੇ ਕਾਰਖਾਨੇ ਨਹੀਂ ਹਨ ਉਨ੍ਹਾਂ ਨੂੰ ਸਟੀਲ ਮਿਲ ਜਾਂਦਾ ਹੈ ਅਤੇ ਅਸਲੀ ਜਿਨ੍ਹਾਂ ਨੂੰ ਇਸ ਦੀ ਲੋੜ ਹੈ ਉਨ੍ਹਾਂ ਨੂੰ ਕੋਈ ਪੁਛਦਾ ਹੀ ਨਹੀਂ ਹੈ। ਉਹ ਲੋਕ ਸਟੀਲ ਕੋਟੇ ਵਿਚ ਲੈ ਕੇ ਬਲੈਕ ਵਿਚ ਵੇਚਦੇ ਹਨ। ਸਵਾਲ ਇਸ ਗਲ ਦਾ ਹੈ ਕਿ ਜਿਹੜਾ ਕਪੜਾ ਬੁਣਦਾ ਹੈ ਉਸ ਨੂੰ ਧਾਗਾ ਮਿਲਣਾ ਚਾਹੀਦਾ ਹੈ ਅਤੇ ਜਿਹੜਾ ਕਾਰਖਾਨਾ ਚਲਾਉਂਦਾ ਹੈ ਉਸ ਨੂੰ ਲੋਹਾ ਮਿਲਣਾ ਚਾਹੀਦਾ ਹੈ। ਇਸ ਮੈਟੀਰੀਅਲ ਦੀ ਵੰਡ ਲਈ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਵਿਚ ਮਜ਼ਦੂਰਾਂ ਦੇ ਨੁਮਾਇੰਦੇ ਹੋਣੇ ਚਾਹੀਦੇ ਹਨ। ਜੇ ਕਿਸੇ ਬੋਗਸ ਫਰਮ ਨੂੰ ਮੈਟੀਰੀਅਲ ਮਿਲੇਗਾ ਤਾਂ ਇਹ ਮਜ਼ਦੂਰਾਂ ਦੇ ਨੁਮਾਇੰਦੇ ਕਹਿ ਦੇਣਗੇ ਕਿ ਇਹ ਬੋਗਸ ਫਰਮ ਹੈ ਅਤੇ ਇਸ ਨੂੰ ਮੈਟੀਰੀਅਲ ਨਹੀਂ ਮਿਲਣਾ ਚਾਹੀਦਾ ਹੈ। ਸਾਨੂੰ ਪਤਾ ਹੈ ਕਿ ਇਸ ਬਾਰੇ ਛਾਪੇ ਮਾਰੇ ਗਏ ਅਤੇ ਹੁਕਮਰਾਨ ਪਾਰਟੀ ਦੇ ਬੰਦੇ ਪਕੜੇ ਗਏ ਹਨ।

ਮੈਂ, ਡਿਪਟੀ ਸਪੀਕਰ ਸਾਹਿਬ, ਆਖੀਰ ਵਿਚ ਬੇਨਤੀ ਕਰਾਂਗਾ ਕਿ ਪੰਜਾਬ ਦੇ ਲੋਕ ਇਸ ਸਿੱਟੇ ਉਤੇ ਪਹੁੰਚ ਰਹੇ ਹਨ ਕਿ ਚੋਣਾਂ ਵੇਲੇ ਜਿਹੜੇ ਵਾਇਦੇ ਉਨ੍ਹਾਂ ਨਾਲ ਕੀਤੇ ਗਏ ਸਨ, ਜਿਹੜੀਆਂ ਉਨ੍ਹਾਂ ਦੀਆਂ ਆਸ਼ਾਵਾਂ ਬੰਨ੍ਹੀਆ ਸਨ, ਉਹ ਸਭ ਚੀਜ਼ਾਂ ਖਤਮ ਹੋ ਰਹੀਆਂ ਹਨ। ਸਰਕਾਰ ਗਲਤ ਨੀਤੀ ਉਤੇ ਚਲ ਰਹੀ ਹੈ। ਗਰੀਬੀ ਦਿਨੋ ਦਿਨ ਵੱਧ ਰਹੀ ਹੈ। ਜਿਹੜਾ ਲੋਟੂ ਤਬਕਾ ਹੈ ਉਹ ਆਪਣੀ ਲੁਟ ਵਧਾ ਰਿਹਾ ਹੈ। ਕਾਲਜ ਦੇ ਟੀਚਰਜ਼ ਵਲ ਇਨ੍ਹਾਂ ਦਾ ਕੀ ਰਵਈਆ ਹੈ। ਇਨ੍ਹਾਂ ਨੇ ਕਹਿ ਦਿਤਾ ਕਿ ਜਿੰਨਾ ਚਿਰ ਉਹ ਆਪਣੀ ਹੜਤਾਲ ਵਾਪਸ ਨਹੀਂ ਲੈਂਦੇ ਉਨਾ ਚਿਰ ਇਹ ਉਨ੍ਹਾਂ ਨਾਲ ਗੱਲ ਨਹੀਂ ਕਰਨਗੇ। ਕੀ ਇਹ ਸੋਸ਼ਲਿਜ਼ਮ ਵਾਲੀ ਗਲ ਹੈ? ਲੱਖਾਂ ਸਟੂਡੈਂਟਸ ਦਾ ਕੈਰੀਅਰ ਤਬਾਹ ਹੋ ਗਿਆ ਹੈ। ਕਾਲਜ ਦੇ ਟੀਚਰਜ਼ ਕਹਿਣ ਲਗੇ ਕਿ ਉਹ ਕਰਨ ਕੀ। ਪਟਿਆਲੇ ਅਤੇ ਅੰਮ੍ਰਿਤਸਰ ਦੇ ਹਸਪਤਾਲਾਂ ਦੀ ਹੋਈ ਹੜਤਾਲ ਸਬੰਧੀ ਕੀਤੇ ਵਾਇਦੇ ਹਾਲੇ ਤਕ ਸਰਕਾਰ ਨੇ ਪੂਰੇ ਨਹੀਂ ਕੀਤੇ ਹਨ। ਸਕੂਲਾਂ ਦੇ ਟੀਚਰਾਂ ਨਾਲ ਕੀਤੇ ਵਾਇਦੇ ਸਰਕਾਰ ਨੇ ਹਾਲੇ ਤਕ ਪੂਰੇ ਨਹੀਂ ਕੀਤੇ ਹਨ। ਜਰਨਲਿਸਟ ਬਾਰੇ ਜੋ ਹੜਤਾਲ ਚਲ ਰਹੀ ਹੈ ਇਹ ਕਹਿੰਦੇ ਹਨ ਕਿ ਇਹਦੇ ਵਿਚ ਇਨ੍ਹਾਂ ਨੇ ਕੀ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਐਕਟ ਵਿਚ ਕੀ ਲਿਖਿਆ ਹੋਇਆ ਹੈ, ਮੈਂ ਅਰਜ਼ ਕਰਦਾ ਹਾਂ ਕਿ ਪੇਮੈਂਟ ਸੱਤ ਤਾਰੀਖ ਨੂੰ ਮਿਲਣੀ ਚਾਹੀਦੀ ਹੈ। ਪਰ ਸਵਾਏ 'ਨਵਾਂ ਜ਼ਮਾਨੇ' ਦੇ ਹੋਰ ਕਿਸੇ ਨੂੰ ਪੇਮੈਂਟ ਨਹੀਂ ਦਿਤੀ ਜਾਂਦੀ। ਇਸ ਬਾਰੇ ਕਿਉਂ ਨਹੀਂ ਫੈਸਲਾ ਕਰਾਇਆ ਜਾਂਦਾ।

ਮੈਂ ਅਖੀਰ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਸਰਕਾਰ ਦਾ ਜੇ ਰਿਕਾਰਡ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਹ ਓਵਰਆਲ ਨੈਗੇਟਿਵ ਹੈ। ਜਿਹੜੀ ਲੋਕਾਂ ਦੀ ਆਸ ਹੈ ਇਹ ਉਹਦੇ ਉਲਟ ਹੈ। ਅਗੇ ਕੀਤੇ ਵਾਇਦੇ ਪੂਰੇ ਨਾ ਹੋਣ ਕਰਕੇ ਅਗੋਂ ਨੂੰ ਸਰਕਾਰ ਤੋਂ ਲੋਕਾਂ ਦਾ ਵਿਸ਼ਵਾਸ ਉਠ ਰਿਹਾ ਹੈ।

[ਕਾਮਰੇਡ ਸੱਤ ਪਾਲ ਡਾਂਗ]

ਜਿਹੜੇ ਕੋਈ ਵਧੀਆ ਕਾਂਗਰਸੀ ਨੇ ਉਹ ਖੁੱਲ੍ਹੇ ਦਿਲ ਨਾਲ ਅੱਗੇ ਵਧਣ ਲਈ ਲੜਨ ਅਤੇ ਮੂੰਹ ਵਿਚ ਉਂਗਲਾਂ ਪਾ ਕੇ ਨਾ ਬੈਠਣ । (ਵਿਘਨ) ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਇਨ੍ਹਾਂ ਸੱਜਣਾ ਦੀ ਨੋ-ਕਨਫੀਡੈਂਸ ਤੇ ਇਸ ਲਈ ਨਹੀਂ ਖੜ੍ਹੇ ਹੋਏ (ਵਿਘਨ) ਇਨ੍ਹਾਂ ਨੇ ਆਪ ਹੀ ਸਾਬਤ ਕਰ ਦਿਤਾ ਹੈ। ਇਨ੍ਹਾਂ ਦੀ ਆਪੋਜੀਸ਼ਨ ਹੋਰ ਪਾਸਿਓਂ ਹੈ ਅਤੇ ਸਾਡੀ ਆਪੋਜ਼ੀਸ਼ਨ ਹੋਰ ਪਾਸਿਓਂ ਹੈ । ਕਮਿਊਨਿਸਟ ਇਸ ਲਈ ਡਟਕੇ ਲੜਨਗੇ । ਜਿਸ ਪਾਸੇ ਇਹ ਜਾ ਰਹੇ ਹਨ ਉਸ ਦੀ ਕਮਿਊਨਿਸਟ ਪਾਰਟੀ ਵਿਰੋਧਤਾ ਕਰੇਗੀ । (ਘੰਟੀ) ਕਮਿਊਨਿਸਟ ਪਾਰਟੀ ਗਰੀਬਾਂ ਨੂੰ ਉਚਾ ਚੁਕਣ ਅਤੇ ਉਨ੍ਹਾਂ ਨੂੰ ਅਗੇ ਲਿਆਉਣ ਲਈ ਕੋਸ਼ਿਸ਼ ਕਰਦੀ ਰਹੀ ਹੈ ਅਤੇ ਕਰਦੀ ਰਹੇਗੀ ।

ਸ਼੍ਰੀ ਬਾਲ ਮੁਕੰਦ ਸ਼ਰਮਾ: ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਡਾਂਗ ਸਾਹਿਬ ਨੇ ਕੁਝ ਲਫ਼ਜ਼ ਕਹੇ ਹਨ ਅਤੇ ਉਹ ਇਸ ਤਰ੍ਹਾਂ ਕਹੇ ਹਨ ਜਿਸ ਤਰ੍ਹਾਂ ਇਨ੍ਹਾਂ ਨੇ ਆਪ ਜਾ ਕੇ ਮੌਕੇ ਤੇ ਇਨਕੁਆਇਰੀ ਕਰਕੇ ਵੇਖਿਆ ਹੈ । ਜਿਹੜੀਆਂ ਗੱਲਾਂ ਇਨ੍ਹਾਂ ਨੇ ਬਾਕੀ ਪੰਜਾਬ ਦੇ ਬਾਰੇ ਕੀਤੀਆਂ ਹਨ ਉਨ੍ਹਾਂ ਦੇ ਬਾਰੇ ਵਿਚ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ, ਮੈਂ ਖਾਸ ਕਰਕੇ ਫਿਰੋਜ਼ਪੁਰ ਦੇ ਐਸ. ਐਸ. ਪੀ. ਬਾਰੇ ਜੋ ਇਨ੍ਹਾਂ ਨੇ ਕਿਹਾ ਹੈ ਉਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ...... (ਵਿਘਨ)

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀ ਹੈ । (This is no point of order.)

ਸ਼੍ਰੀ ਬਾਲ ਮੁਕੰਦ ਸ਼ਰਮਾ: ਇਨ੍ਹ ਨੇ ਕਿਹਾ ਹੈ ਕਿ ਐਜੀਟੇਸ਼ਨ ਕਰਨ ਵਾਲਿਆਂ ਨੂੰ ਫੜਿਆ ਗਿਆ ਅਤੇ ਉਨ੍ਹਾਂ ਦੀਆਂ ਲੱਤਾਂ ਤੋੜੀਆਂ ਗਈਆਂ । (ਵਿਘਨ) ਡਿਪਟੀ ਸਪੀਕਰ ਸਾਹਿਬ, ਜੇ ਇਹ ਚੀਜ਼ ਸਾਬਤ ਕਰ ਦੇਣ ਕਿ ਫਿਰੋਜ਼ਪੁਰ ਦੇ ਐਸ. ਐਸ. ਪੀ. ਨੇ ਐਜੀਟੇਸ਼ਨ ਕਰਨ ਵਾਲਿਆਂ ਨੂੰ ਫੜਕੇ ਦੋ ਨੂੰ, ਚੌਕੀ ਵਿਚ ਲੱਤਾਂ ਤੋੜੀਆਂ ਹਨ ਤਾਂ ਮੈਂ ਇਥੋਂ ਅਸਤੀਫਾ ਦੇਣ ਨੂੰ ਤਿਆਰ ਹਾਂ । (ਵਿਘਨ) ਫਿਰੋਜ਼ਪੁਰ ਦਾ ਐਸ. ਐਸ. ਪੀ. ਇਕ ਇਨਸਾਫ ਪਸੰਦ ਤੇ ਇਮਾਨ-ਦਾਰ ਅਫ਼ਸਰ ਹੈ ।

Mr. Deputy Speaker : Please resume your seat.

ਕਾਮਰੇਡ ਸੱਤਪਾਲ ਡਾਂਗ : ਉਹ ਆਈ. ਜੀ. ਅਸ਼ਵਨੀ ਕੁਮਾਰ ਦਾ ਰਿਸ਼ਤੇਦਾਰ ਹੈ। (ਵਿਘਨ) ਐਜੀਟੇਸ਼ਨ ਕਰਨ ਵਾਲਿਆਂ ਦੀਆਂ ਲੱਤਾਂ ਫਰੈਕਚਰ ਹੋਈਆਂ (ਵਿਘਨ) ਮੈਂ ਇਨ੍ਹਾਂ ਦਾ ਚੈਲੰਜ ਕਬੂਲ ਕਰਦਾ ਹਾਂ ਅਤੇ ਮੈਂ ਇਸ ਬਾਰੇ ਸਾਬਤ ਕਰਾਂਗਾ । (ਵਿਘਨ)

ਸ਼੍ਰੀ ਬਾਲ ਮੁਕੰਦ ਸ਼ਰਮਾ: ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਰਾਤ ਨੂੰ ਸੁਪਨਾ ਆਇਆ ਹੈ ਅਤੇ ਉਸ ਸੁਪਨੇ ਦੀਆਂ ਹੀ ਗੱਲਾਂ ਇਥੇ ਕਹਿ ਰਹੇ ਹਨ । (ਵਿਘਨ) ਇਹ ਇਕ ਕੇਸ ਵੀ ਸਾਬਤ ਕਰਨ ਤੇ ਫਿਰ ਗਲ ਕਰਨ ਮੈਂ ਆਪਣੀ ਗਲ ਦਾ ਪੱਕਾ ਹਾਂ ।

ਸ਼੍ਰੀ ਯਸ਼ ਪਾਲ (ਜਲੰਧਰ ਦੱਖਣ): ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਹਾਊਸ ਨੇ ਇਹ ਪਰਵਾਨ ਕਰ ਲਿਆ ਸੀ ਕਿ ਨੋ-ਕਨਫੀਡੈਂਸ ਮੋਸ਼ਨ ਐਡਮਿਟ ਕਰ ਲਈ ਜਾਵੇ ਅਤੇ ਇਸ ਤੇ ਬਹਿਸ ਕਰ ਲਈ ਜਾਵੇ ਤਾਂ ਉਸ ਵੇਲੇ ਅਕਾਲੀ ਮੈਂਬਰਾਂ ਵਲੋਂ ਵੀ ਅਤੇ ਕਮਿਊਨਿਸਟ ਮੈਂਬਰਾਂ ਵਲੋਂ ਵੀ ਕੋਸ਼ਿਸ਼ ਹੋਈ ਸੀ ਕਿ ਅੱਜ ਇਸ ਤੇ ਬਹਿਸ ਨਾ ਹੋਵੇ।

ਮੈਨੂੰ ਉਦੋਂ ਤਾਂ ਪਤਾ ਨਾ ਲੱਗਿਆ ਕਿ ਇਹ ਇਸ ਤਰ੍ਹਾਂ ਕਿਉਂ ਕਰਦੇ ਹਨ ਪਰ ਹੁਣ ਪਤਾ ਲੱਗ ਗਿਆ ਹੈ । ਉਹ ਕੋਸ਼ਿਸ਼ ਕਰਦੇ ਰਹੇ ਅਤੇ ਹੋਰ ਵਕਤ ਦੀ ਮੰਗ ਕਰਦੇ ਰਹੇ । 10 ਦਿਨ ਪਹਿਲੇ ਨੋਟਿਸ ਦੇ ਕੇ ਅਤੇ ਜਦੋਂ ਹਾਊਸ ਦੇ ਲੀਡਰ ਨੇ ਬੜੀ ਦਲੇਰੀ ਨਾਲ ਕਿਹਾ ਕਿ ਪਹਿਲਾਂ ਬਹਿਸ ਕਰ ਲਵੋ, ਅਤੇ ਫਿਰ ਹੋਰ ਕੰਮ ਕਰਨੇ ਹਨ ਤਾਂ ਇਨ੍ਹਾਂ ਨੂੰ ਇਸ ਗਲ ਦਾ ਸਵਾਗਤ ਕਰਨਾ ਚਾਹੀਦਾ ਸੀ ਪਰ ਇਨ੍ਹਾਂ ਨੇ ਸਵਾਗਤ ਕਰਨ ਦੀ ਬਜਾਏ ਇਹ ਕੋਸ਼ਿਸ਼ ਕੀਤੀ ਕਿ ਬਹਿਸ ਮੁਲਤਵੀ ਹੋ ਜਾਵੇ । (ਵਿਘਨ) ਪਰ ਜਿਸ ਵੇਲੇ ਦੋਹਾਂ ਲੀਡਰਾਂ ਦੇ ਭਾਸ਼ਣ ਸੁਣੇ- ਅਕਾਲੀ ਪਾਰਟੀ ਦੇ ਅਤੇ ਕਮਿਊਨਿਸਟ ਪਾਰਟੀ ਦੇ ਲੀਡਰਾਂ ਦੇ ਭਾਸ਼ਣ ਸੁਣੇ, ਦੋਨਾਂ ਨੇ ਵੱਖ ਵੱਖ ਪੱਖ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ , ਦੋਹਾਂ ਦਾ ਮਕਸਦ ਭਾਵੇਂ ਇਕ ਹੈ । ਪਰ ਹੁਣ ਮੈਂ ਇਹ ਨਤੀਜੇ ਤੇ ਪਹੁੰਚਿਆ ਹਾਂ ਕਿ ਉਹ ਸੱਚੇ ਹਨ । ਇਹ ਭੁਲੇਖੇ ਨਾਲ ਨੋ-ਕਨਫੀਡੈਂਸ ਮੋਸ਼ਨ ਦੇ ਚੁਕੇ ਹਨ, ਇਨ੍ਹਾ ਦੀ ਨੀਅਤ ਹੈ ਨਹੀਂ ਸੀ । (ਵਿਘਨ) ਸਰਦਾਰ ਅਜਾਇਬ ਸਿੰਘ ਸੰਧੂ ਘੰਟਾ ਭਰ ਬੋਲੇ ਹਨ ਪਰ ਕੋਈ ਐਸੀ ਗੱਲ ਉਨ੍ਹਾਂ ਨੇ ਨਹੀਂ ਕਹੀ ਜਿਸ ਦੇ ਬਾਰੇ ਮੈਂ ਸਮਝਦਾ ਹਾਂ ਕਿ ਮੈਨੂੰ ਕੋਈ ਜਵਾਬ ਦੇਣ ਦੀ ਲੋੜ ਹੈ, ਪਰ ਬੋਲਦੇ ਜ਼ਰੂਰ ਰਹੇ ਹਨ । (ਵਿਘਨ) ਮੈਂ ਉਨ੍ਹਾਂ ਨੂੰ ਬੜੇ ਗੌਰ ਨਾਲ ਸੁਣਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ ਪਰ ਕੋਈ ਐਸਾ ਪੁਆਇੰਟ ਉਨ੍ਹਾਂ ਨੇ ਨਹੀਂ ਕਿਹਾ ਜਿਸ ਦਾ ਜਵਾਬ ਦਿਆਂ (ਵਿਘਨ) (ਵਿਘਨ) ਮੇਰਾ ਦਿਮਾਗ ਗੁਰਦਵਾਰਿਆਂ ਦਾ ਹਲਵਾ ਖਾ ਕੇ ਨਹੀਂ ਬਣਿਆ...... (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰਹੜੀ ਕੁਝ ਬੋਲ ਰਹੇ ਸਨ ਪਰ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਦਿੱਤਾ * * *)

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਮਰਹੜੀ ਸਾਹਿਬ ਕਹਿ ਰਹੇ ਹਨ, ਉਹ ਪਰੋਸੀਡਿੰਗਜ਼ ਦਾ ਭਾਗ ਨਾ ਬਣੇ । (What ever Sardar Karnail Singh Marhri is saying without the permission of the Chair) should not form part of the proceedings.)

ਸ਼੍ਰੀ ਯਸ਼ ਪਾਲ: ਇਹ ਮਰਹੜੀ ਸਾਹਿਬ ਮੜ੍ਹੀ ਵਾਲੀਆਂ ਗੱਲਾਂ ਕਰਦੇ ਹਨ । (ਵਿਘਨ) ਸਰਦਾਰ ਅਜਾਇਬ ਸਿੰਘ ਨੇ ਐਸਾ ਕੋਈ ਪੁਆਇੰਟ ਜਾਂ ਕੋਈ ਐਸੀ ਗੱਲ ਨਹੀਂ ਕਹੀ । (ਵਿਘਨ) ਪਰ ਡਾਂਗ ਸਾਹਿਬ ਨੇ ਕੁਝ ਗੱਲਾਂ ਜ਼ਰੂਰ ਕਹੀਆਂ ਹਨ ਜਿਨ੍ਹਾਂ ਨੂੰ ਮੈਂ ਸਮਝਿਆ ਹਾਂ। ਮੈਂ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਕਾਂਗਰਸ ਪਾਰਟੀ ਸਮੁੱਚੇ ਤੌਰ ਤੇ ਆਪਣੇ ਉਨ੍ਹਾਂ ਵਾਇਦਿਆਂ ਤੇ ਕਾਇਮ ਹੈ ਜਿਹੜੇ ਵਾਅਦੇ ਉਸ ਨੇ ਇਲੈਕਸ਼ਨ ਤੋਂ ਪਹਿਲਾਂ ਕੀਤੇ ਸਨ । ਇਸ ਗੱਲ ਦਾ ਸਬੂਤ ਇਨ੍ਹਾਂ ਨੌ ਮਹੀਨਿਆਂ ਵਿਚ ਜੋ ਇਸ ਨੇ ਕੰਮ ਕੀਤੇ ਹਨ ਉਸ ਤੋਂ ਪਤਾ ਲੱਗ ਜਾਂਦਾ ਹੈ । ਵਾਅਦੇ ਪੂਰੇ ਹੋਏ ਹਨ । (ਵਿਘਨ) ਜਿੰਨੇ ਘੱਟ ਸਮੇਂ ਵਿਚ ਇਸ ਵਜ਼ਾਰਤ ਨੇ ਵਾਅਦੇ ਪੂਰੇ ਕੀਤੇ ਹਨ ਇਸ ਦੀ ਆਪਣੀ ਹੀ ਮਿਸਾਲ ਹੈ (ਵਿਘਨ) ਕੋਈ ਨਾ ਮੰਨੇ ਜਾਂ ਆਪਣੀਆਂ ਅੱਖਾਂ ਤੇ ਪੱਟੀ ਬੰਨ ਲਏ ਤਾਂ ਫਿਰ ਵੱਖਰੀ ਗੱਲ ਹੈ। (ਵਿਘਨ) (ਸ਼ੋਰ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਯੱਸ਼ ਜੀ ਨੇ ਜਿਹੜੀ ਵਾਅਦੇ ਪੂਰੇ ਕਰਨ ਦੀ ਗੱਲ ਕੀਤੀ ਹੈ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਵੱਡਾ ਨਾਹਰਾ ਸੀ ਗਰੀਬੀ ਹਟਾਉਣ ਦਾ, ਪਰ ਇਹ ਤਾਂ ਗਰੀਬਾਂ ਨੂੰ ਮਾਰੀ ਜਾ ਰਹੇ ਹਨ । (ਵਿਘਨ)

---

* Expunged as ordered by the chair.

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਸ੍ਰੀ ਯੱਸ਼ ਪਾਲ: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਵਾਸਤੇ ਕਲਾਸਾਂ ਖੋਲ੍ਹੋ ਅਤੇ ਇਨ੍ਹਾਂ ਨੂੰ ਦੱਸੋ ਕਿ ਪੁਆਇੰਟ ਆਫ਼ ਆਰਡਰ ਕੀ ਹੁੰਦਾ ਹੈ (ਵਿਘਨ) ਇਨ੍ਹਾਂ ਨੌ ਮਹੀਨਿਆਂ ਵਿਚ ਜੋ ਹੋਇਆ ਅਤੇ ਇਨ੍ਹਾਂ ਨੂੰ ਪਤਾ ਨਹੀਂ ਲਗਾ (ਵਿਘਨ) ਅੱਜ ਤੱਕ ਇਨ੍ਹਾਂ ਨੂੰ ਸਮਝ ਨਹੀਂ ਆਈ । (ਵਿਘਨ) ਅਸੀਂ ਜ਼ਰਾ ਥੋੜ੍ਹਾ ਜਿਹਾ ਅਨੈਲੇਸਿਜ਼ ਪਿਛਲੀ ਹਿਸਟਰੀ ਦਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਨੌ ਮਹੀਨਿਆਂ ਵਿਚ ਕਿੰਨੇ ਕੰਮ ਹੋਏ ਹਨ । ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ । ਜਿਸ ਵੇਲੇ ਇਸ ਸਰਕਾਰ ਨੇ ਕੰਮ ਸੰਭਾਲਿਆ ਸੀ ਤਾਂ ਇਹ ਉਹ ਵਕਤ ਸੀ ਜਦ ਪਿਛਲੇ 6-7 ਸਾਲਾਂ ਵਿਚ ਘੜਮੱਸ ਮਚਿਆ ਪਿਆ ਸੀ ਅਤੇ ਉਸ ਦੇ ਵਿਚ ਜ਼ਿਆਦਾ ਹਿੱਸਾ ਅਕਾਲੀਆਂ ਦਾ ਸੀ । (ਵਿਘਨ) ਲਗਾਤਾਰ ਪੰਜ ਸਾਲਾਂ ਤੱਕ ਪੰਜਾਬ ਵਿਚ ਅਸੀਂ ਅਫਰਾ ਤਫਰੀ ਵਾਲੀ ਐਡਮਨਿਸਟਰੇਸ਼ਨ ਵੱਲ ਕੋਈ ਇਨੀਸ਼ੀਏਟਿਵ ਨਹੀਂ ਲਿਆ । (ਵਿਘਨ) ਇੰਡਸਟਰੀ ਦੀ ਡਿਵੇਲਪਮੈਂਟ ਨਹੀਂ ਹੋ ਸਕੀ । (ਵਿਘਨ) ਇਨ੍ਹਾਂ ਨੇ ਕੋਈ ਕੰਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ । ਇਨ੍ਹਾਂ ਨੇ ਜ਼ਰੂਰ ਕੋਸ਼ਿਸ਼ ਕੀਤੀ ਕਿ ਇਨ੍ਹਾਂ ਦੀ ਵਜ਼ਾਰਤ ਬਚੀ ਰਹੇ (ਵਿਘਨ) ਆਪਣੀ ਵਜ਼ਾਰਤ ਨੂੰ ਬਚਾਉਣ ਵਾਸਤੇ ਇਨ੍ਹਾਂ ਨੇ ਪੰਜਾਬ ਦਾ ਜੋ ਨੁਕਸਾਨ ਕੀਤਾ, ਇਹ ਦੱਸਣ ਵਾਸਤੇ ਕਿ ਅਕਾਲੀ ਸਰਕਾਰ ਨਾਲ ਭਾਰਤ ਦੀ ਸਰਕਾਰ ਵਿਤਕਰਾ ਕਰ ਰਹੀ ਹੈ । ਜਿਹੜੀ ਭਾਰਤ ਸਰਕਾਰ ਪੈਸੇ ਦਿੰਦੀ ਰਹੀ ਹੈ ਉਹ ਵੀ ਇਨ੍ਹਾਂ ਨੇ ਨਹੀਂ ਲਏ । (ਵਿਘਨ) ਇਨ੍ਹਾਂ ਨੇ ਆਪਣੀ ਵਜ਼ਾਰਤ ਬਚਾਉਣ ਵਾਸਤੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ ਹੈ । (ਵਿਘਨ) ਇਨ੍ਹਾਂ ਨੂੰ ਭਾਰਤ ਸਰਕਾਰ ਨੇ ਕਈ ਪਰਾਜੈਕਟਸ ਵਾਸਤੇ ਅਤੇ ਹੋਰ ਕਈ ਸਕੀਮਾਂ ਬਣਾ ਕੇ ਦਿੱਤੀਆਂ ਪਰ ਕੋਈ ਵੀ ਸਿਰੇ ਨਹੀਂ ਚਾੜ੍ਹੀਆਂ (ਵਿਘਨ) ਮੇਰੀ ਬੇਨਤੀ ਹੈ ਕਿ ਇਹ ਕੁਝ ਐਸੇ ਮਸਲੇ ਹਨ ਇਨ੍ਹਾਂ ਦਾ ਸਾਰਿਆਂ ਨੂੰ ਪਤਾ ਹੈ । ਅੱਜ ਡਾਂਗ ਸਾਹਿਬ ਨੇ ਗੱਲ ਕੀਤੀ ਕਿ ਬਿਜਲੀ ਬੰਦ ਰਹਿਣ ਕਰਕੇ ਕਾਰਖਾਨੇ ਬੰਦ ਰਹੇ ਹਨ । ਇਹ ਠੀਕ ਹੈ ਕਿ ਕਟੌਤੀ ਕਰਨੀ ਪਈ ਅਤੇ ਇਸ ਕਟੌਤੀ ਦੀ ਵਜਾਹ ਨਾਲ ਇੰਡਸਟਰੀ ਦਾ ਨੁਕਸਾਨ ਹੋਇਆ ਅਤੇ ਖੇਤੀਬਾੜੀ ਦਾ ਵੀ ਨੁਕਸਾਨ ਹੋਇਆ । ਪਰ ਡਾਂਗ ਸਾਹਿਬ ਨੇ ਇਹ ਨਹੀਂ ਸੋਚਿਆ ਕਿ ਇਹ ਕਿੱਲਤ ਕਿਸ ਤਰ੍ਹਾਂ ਪੈਦਾ ਹੋਈ । ਇਹ ਕਿੱਲਤ ਪਿਛਲੇ 6 ਸਾਲਾਂ ਤੋਂ ਪੈਦਾ ਹੋ ਰਹੀ ਸੀ । ਇਥੇ ਐਸੀਆਂ ਸਰਕਾਰਾਂ ਬਣੀਆਂ (ਵਿਘਨ) ਉਸ ਦੇ ਵਿਚ ਡਾਂਗ ਸਾਹਿਬ ਵੀ ਰਹੇ ਹਨ, ਪਰ ਕਿਸੇ ਨੇ ਵੀ ਇਸ ਬਾਰੇ ਕੋਈ ਕੋਸ਼ਿਸ਼ ਨਹੀਂ ਕੀਤੀ ਇਨ੍ਹਾਂ ਨੇ ਕੋਈ ਪਲਾਨ ਨਹੀਂ ਬਣਾਈ ਕਿ ਪੰਜਾਬ ਵਿਚ ਅੱਗੇ ਪੰਜ ਛੇ ਸਾਲਾਂ ਵਿਚ ਕੀ ਕਰਨਾ ਹੈ । (ਵਿਘਨ) ਥੀਨ ਡੈਮ ਬਾਰੇ ਅਕਾਲੀ ਕਹਿੰਦੇ ਹਨ ਪਰ ਇਸ ਸਾਰੀ ਕੰਪਲੀਕੇਸ਼ਨ ਦੀ ਜ਼ਿਮੇਵਾਰੀ ਅਕਾਲੀਆਂ ਤੇ ਹੈ । (ਵਿਘਨ) ਜਦ ਪੰਜਾਬ ਦਾ ਪੁਨਰਗਠਨ ਕਰਾਇਆ ਤਾਂ ਇਨ੍ਹਾਂ ਨੇ ਕਰਾਇਆ । ਇਹ ਕਹਿੰਦੇ ਸਨ ਕਿ ਸਾਨੂੰ ਵੱਖ ਕਰ ਦਿਉ । ਇਹ ਭਾਰਤ ਦੀ ਸਰਕਾਰ ਨੂੰ ਐਵੇਂ ਹੀ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਹਨ । (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ: ਆਨ ਏ ਪੁਆਇੰਟ ਆਫ਼ ਆਰਡਰ, ਸਰ ।

ਸ੍ਰੀ ਯਸ਼ਪਾਲ: ਸਪੀਕਰ ਸਾਹਿਬ ਇਨ੍ਹਾਂ ਨੇ ਪੁਆਇੰਟ ਆਫ਼ ਆਰਡਰ ਕੀ ਕਰਨਾ ਹੈ, ਇਨ੍ਹਾਂ ਨੇ ਤਾਂ ਐਵੇਂ *X X X X ਮਾਰਨੀਆਂ ਹਨ । (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ: ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਬਾਰੇ ਸੈਂਟਰ ਗੌਰਮਿੰਟ ਦੀ ਜ਼ਿਮੇਵਾਰੀ ਆਉਂਦੀ ਹੈ । (ਵਿਘਨ) ਦੂਸਰਾ ਮੁਲਕ ਇਸ ਦਾ ਫਾਇਦਾ ਉਠਾ ਰਿਹਾ ਹੈ । (ਵਿਘਨ)

---

*Expunged as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਹਾਨੂੰ ਮੇਰਾ ਖਿਆਲ ਹੈ ਕਿ ਸੁਣਾਈ ਨਹੀਂ ਦਿੱਤਾ ਮੇਰੇ ਮਾਨਯੋਗ ਮੈਂਬਰ ਸ੍ਰੀ ਯਸ਼ਪਾਲ ਜੀ ਨੇ ਕਿਹਾ ਹੈ ਕਿ ਇਨ੍ਹਾਂ ਪੁਆਇੰਟ ਆਫ਼ ਅਰਾਡਰ ਕੀ ਕਰਨਾ ਹੈ ਇਨ੍ਹਾਂ ਨੇ ਤਾਂ ਐਵੇਂ * * * * * ਮਾਰਨੀਆਂ ਹਨ। ਮੇਰਾ ਖਿਆਲ ਹੈ ਕਿ ਇਹ ਅਨਪਾਰਲੀਮੈਂਟਰੀ ਵਰਡਜ਼ ਹਨ। (ਵਿਘਨ)

ਸ੍ਰੀ ਡਿਪਟੀ ਸਪੀਕਰ: ਇਹ ਲਫ਼ਜ ਪ੍ਰੋਸੀਡਿੰਗਜ਼ ਵਿਚੋਂ ਕੱਢ ਦਿੱਤਾ ਜਾਵੇ। (This word may be expunged.)

ਸ੍ਰੀ ਯੱਸ਼ਪਾਲ: ਡਿਪਟੀ ਸਪੀਕਰ ਸਾਹਿਬ, ਇਹ ਬੜਾ ਐਪ੍ਰੋਪ੍ਰੀਏਟ ਵਰਡ ਹੈ।

ਸਰਦਾਰ ਰਣਧੀਰ ਸਿੰਘ ਚੀਮਾ: * * * *

ਸ੍ਰੀ ਡਿਪਟੀ ਸਪੀਕਰ: ਜੋ ਚੀਮਾ ਸਾਹਿਬ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (What ever the hon. Member Sardar Randhir Singh Cheema is saying, should not be recorded.)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਇਸ ਗਲ ਵਲ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਬੋਲਦੇ ਹਾਂ ਤਾਂ ਤੁਸੀਂ ਬੜੇ ਕਾਹਲੇ ਪੈ ਜਾਂਦੇ ਹੋ। (ਵਿਘਨ)

(ਇਸ ਵਕਤ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਤੁਸੀਂ ਸੁਣ ਲਓ ਉਨ੍ਹਾਂ ਦਾ ਧਿਆਨ ਤਾਂ ਹੁਣ ਹੇਠਾਂ ਨੂੰ ਹੋ ਗਿਆ ਹੈ। (ਵਿਘਨ)

ਸ੍ਰੀ ਸਪੀਕਰ: ਇਹ ਚੇਅਰ ਤੇ ਐਸਪਰਸ਼ਨ ਹੈ, ਪਲੀਜ਼ ਵਿਦਡਰਾਅ ਇੱਟ। (ਵਿਘਨ) (This is an aspersion on the Chair, please withdraw it) (*Interruption*)

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਵਿਦਡਰਾਅ ਕਰ ਲੈਂਦਾ ਹਾਂ ਜੀ। (ਵਿਘਨ) ਸਪੀਕਰ ਸਾਹਿਬ, ਯਸ਼ ਜੀ ਨੇ ਕਿਹਾ ਹੈ ਕਿ ਥੀਨ ਡੈਮ ਨਹੀਂ ਬਣਿਆ ਜਿਸ ਦੀ ਸਾਰੀ ਜ਼ਿਮੇਵਾਰੀ ਅਕਾਲੀਆਂ ਤੇ ਹੈ। (ਵਿਘਨ)

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪਲੀਜ਼ ਰਿਜ਼ਿਊਮ ਯੂਅਰ ਸੀਟ। (ਵਿਘਨ) (This is no point of order. Please resume your seat.) (*Interruption*)

ਸ੍ਰੀ ਯੱਸ਼ ਪਾਲ: ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਇਨ੍ਹਾਂ ਨੂੰ ਕੁਝ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। (ਵਿਘਨ) ਸਪੀਕਰ ਸਾਹਿਬ ਮੈਂ ਤੁਹਾਨੂੰ ਇਕ ਗਲ ਦਸਣਾ ਚਾਹੁੰਦਾ ਹਾਂ। ਇਕ ਆਦਮੀ ਸੀ ਉਸ ਨੇ ਕਿਹਾ ਮੈਂ ਸਾਰੀ ਦੁਨੀਆ ਦੀ ਸੈਰ ਕੀਤੀ ਹੈ। ਕਿਸੀ ਨੇ ਕਿਹਾ ਕਿ ਤੂੰ ਰੋਮ ਦੇਖਿਆ ਤਾਂ ਉਸ ਨੇ ਕਿਹਾ ਕਿ ਮੈਂ ਉਥੇ 3 ਮਹੀਨੇ ਰਿਹਾਂ ਹਾਂ। ਫਿਰ

*Expunged not recorded regarded as ordered by the Chair.

[ਸ੍ਰੀ ਯੱਸ਼ ਪਾਲ]

ਉਸ ਨੂੰ ਪੁਛਿਆ ਕਿ ਤੂੰ ਮਾਸਕੋ ਵੇਖਿਆ ਹੈ ਤਾਂ ਉਸ ਨੇ ਕਿਹਾ ਕਿ ਮੈਂ ਉਥੇ 6 ਮਹੀਨੇ ਰਿਹਾ ਹਾਂ । ਫਿਰ ਉਸ ਨੇ ਪੁਛਿਆ ਕਿ ਤੂੰ ਜਰਮਨ ਵੇਖਿਆ ਹੈ ਤਾਂ ਉਸ ਨੇ ਕਿਹਾ ਕਿ ਮੈਂ ਉਥੇ ਵੀ ਇਤਨੇ ਮਹੀਨੇ ਰਿਹਾ ਹਾਂ । ਫਿਰ ਉਸ ਨੇ ਪੁਛਿਆ ਕਿ ਜੁਗਰਾਵੀਆ ਵੇਖਿਆ ਤਾਂ ਉਸ ਨੇ ਕਿਹਾ ਕਿ ਮੈਂ ਉਥੇ ਵੀ 6 ਮਹੀਨੇ ਰਿਹਾ ਹਾਂ । (ਹਾਸਾ) ਇਨ੍ਹਾਂ ਨੂੰ ਇਹ ਤਾਂ ਪਤਾ ਨਹੀਂ ਕਿ ਡੈਮ ਦਾ ਝਗੜਾ ਕੀ ਹੈ । ਥੀਨ ਡੈਮ ਦਾ ਝਗੜਾ ਪਾਕਿਸਤਾਨ ਨਾਲ ਨਹੀਂ ਹੈ, ਹਿਮਾਚਲ ਨਾਲ ਹੈ । ਪਤਾ ਤਾਂ ਹੈ ਨਹੀਂ ਕਿ ਝਗੜਾ ਕਿਸ ਨਾਲ ਹੈ ਪਰ ਕਹਿਣ ਨੂੰ ਕੁਝ ਤੇ ਕੁਝ ਕਹੀ ਜਾਂਦੇ ਹਨ । (ਵਿਘਨ) ਸਪੀਕਰ ਸਾਹਿਬ, ਮੈਂ ਦਸੱਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਿੰਨੀਆਂ ਵੀ ਸਮੱਸਿਆਵਾਂ ਪੈਦਾ ਹੋਈਆਂ ਉਹ 90 ਫੀ ਸਦੀ ਅਕਾਲੀਆਂ ਨੇ ਪੈਦਾ ਕੀਤੀਆਂ ਹਨ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸ਼ਾਬਾਸ਼ੇ । (ਵਿਘਨ)

ਸ੍ਰੀ ਯੱਸ਼ ਪਾਲ: ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੁਣੇ ਹੀ ਡਾਂਗ ਸਾਹਿਬ ਨੇ ਕਿਹਾ ਕਿ ਸਾਡਾ ਸਟੈਂਡ ਵੱਖ ਹੈ ਅਤੇ ਅਕਾਲੀਆਂ ਦਾ ਸਟੈਂਡ ਵੱਖ ਹੈ । (ਵਿਘਨ) 25 ਸਾਲਾਂ ਦੀ ਹਿਸਟਰੀ ਵਿਚ ਸਿਰਫ ਇਕ ਮੌਕਾ ਐਸਾ ਆਇਆ ਜਦੋਂ ਕਮਿਉਨਿਸਟਾਂ ਨੇ ਕਾਂਗਰਸ ਨਾਲ ਰਲ ਕੇ ਇਲੈਕਸ਼ਨ ਲੜੇ ਨਹੀਂ ਤਾਂ ਹਮੇਸ਼ਾਂ ਅਕਾਲੀ ਤੇ ਕਮਿਊਨਿਸਟ ਰਲ ਕੇ ਇਲੈਕਸ਼ਨਾਂ ਲੜਦੇ ਰਹੇ ਹਨ । ਜਦੋਂ ਵੀ ਫਿਰਕਾਪਰਸਤੀ ਨੂੰ ਖ਼ਤਮ ਕਰਨ ਲਈ ਅਸੀਂ ਕੋਸ਼ਿਸ਼ ਕੀਤੀ ਹੈ ਤਾਂ ਹਮੇਸ਼ਾਂ ਕਮਿਉਨਿਸਟ ਸਾਡੇ ਨਾਲ ਨਹੀਂ ਆਏ । ਇਹ ਪਹਿਲੀ ਵਾਰ ਹੈ ਜਦੋਂ ਉਹ ਸਾਡੇ ਨਾਲ ਆਏ ਹਨ ਨਹੀਂ ਤਾਂ ਉਹ ਹਮੇਸ਼ਾਂ ਅਕਾਲੀਆਂ ਦੇ ਨਾਲ ਹੀ ਰਹੇ ਹਨ । (ਵਿਘਨ) (ਸ਼ੋਰ) (ਬਹੁਤ ਸ਼ੋਰ)

(ਇਸ ਵਕਤ ਹਾਊਸ ਵਿਚ ਬਹੁਤ ਸਾਰੇ ਅਕਾਲੀ ਪਾਰਟੀ ਦੇ ਮੈਂਬਰ ਬੋਲਣ ਲਈ ਖੜੇ ਹੋ ਗਏ)

Mr. Speaker: Please resume your seats. (*Interruption and* Noise)

ਸ੍ਰੀ ਯੱਸ਼ ਪਾਲ : ਸਪੀਕਰ ਸਾਹਿਬ, ਅਸਲ ਪੋਜ਼ੀਸ਼ਨ ਤਾਂ ਇਨ੍ਹਾਂ ਨੇ ਸਮਝੀ ਨਹੀਂ ਤੇ ਅੱਜ ਇਹ ਕਹਿੰਦੇ ਹਨ ਕਿ ਗਿਆਨੀ ਜੀ ਦੀ ਸਰਕਾਰ ਤੇ ਸਾਨੂੰ ਵਿਸ਼ਵਾਸ਼ ਨਹੀਂ ਰਿਹਾ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਵਿਸ਼ਵਾਸ਼ ਕਦੋਂ ਸੀ । ਅੱਜ ਇਨ੍ਹਾਂ ਨੇ ਇਕ ਨੋ-ਕਾਨਫੀਡੈਂਸ ਦਾ ਮਤਾ ਪੇਸ਼ ਕੀਤਾ ਹੈ । ਮੈਂ ਤਾਂ ਸੋਚਦਾ ਸੀ ਕਿ ਕੋਈ ਚੱਜ ਦੀ ਗਲ ਕਰਨਗੇ ਅਤੇ ਕੋਈ ਨਵੀਂ ਗਲ ਦਸੱਣਗੇ ਤੇ ਫਿਰ ਅਸੀਂ ਇਸ ਦੇ ਬਾਰੇ ਸੋਚਾਂਗੇ ਪਰ ਇਨ੍ਹਾਂ ਨੇ ਤਾਂ ਕੋਈ ਸੁਜੈਸ਼ਨ ਐਨੇਲਾਈਜ਼ ਕਰਕੇ ਕਿਸੇ ਨਤੀਜੇ ਤੇ ਪਹੁੰਚਣ ਦੀ ਕੋਸ਼ਿਸ਼ ਹੀ ਨਹੀਂ ਕੀਤੀ । (ਵਿਘਨ) ਜੇ ਇਹੋ ਜਿਹੀਆਂ ਗਲਾਂ ਮੈਂ ਕਰਨ ਲਗ ਜਾਵਾਂ ਤਾਂ ਟਾਈਮ ਬਹੁਤ ਲਗ ਜਾਵੇਗਾ ਜਿਸ ਤਰ੍ਹਾਂ ਕਿ ਇਨ੍ਹਾਂ ਨੇ ਕਿਹਾ ਕਿ ਇਕ ਵਜ਼ੀਰ ਸੀ ਉਸ ਨੇ ਪਟਿਆਲੇ ਜਾਣਾ ਸੀ ਤੇ ਉਹ ਕਰਨਾਲ ਚਲਾ ਗਿਆ । ਮੈਂ ਨਹੀਂ ਇਹੋ ਜਿਹੀਆਂ ਗਲਾਂ ਵਿਚ ਪੈਣਾ ਚਾਹੁੰਦਾ । ਪਰ ਇਕ ਗਲ ਮੈਂ ਇਨ੍ਹਾਂ ਦੀ (ਅਕਾਲੀ ਪਾਰਟੀ ਵਲ ਇਸ਼ਾਰਾ) ਵਜ਼ਾਰਤ ਦੇ ਵੇਲੇ ਦੀ ਕਰ ਹੀ ਦਿੰਦਾ ਹਾਂ । ਇਕ ਵਜ਼ੀਰ ਦੀ ਗਲ ਹੈ ਕਿ ਉਹ ਇਕ ਜ਼ਿਲੇ ਵਿਚ ਚਲਾ ਗਿਆ । ਜ਼ਿਲ੍ਹੇ ਦਾ ਨਾਮ ਮੈਂ ਨਹੀਂ ਲੈਣਾ ਚਾਹੁੰਦਾ । ਉਥੇ ਜ਼ਿਲ੍ਹੇ ਵਿਚ ਜਦੋਂ ਉਹ ਪਹੁੰਚਿਆ ਤਾਂ ਉਥੇ ਜਾ ਕੇ ਆਪਣੇ ਸਾਰੇ ਅਫ਼ਸਰਾਂ ਨੂੰ ਬੁਲਾਇਆ ਤੇ ਕਿਹਾ ਕਿ ਮੈਨੂੰ 5,000/— ਰੁਪਿਆ ਚਾਹੀਦਾ

ਹੈ । ਉਨ੍ਹਾਂ ਨੇ ਕਿਹਾ ਕਿ ਜਨਾਬ ਜੇ 5,000/— ਰੁਪਏ ਚਾਹੀਦੇ ਹਨ ਤਾਂ ਦੋ ਦਿਨ ਪਹਿਲਾਂ ਸਾਨੂੰ ਦਸਣਾ ਸੀ ਤਾਂ ਕਿ ਕੋਈ ਅਸਾਮੀ ਅਸੀਂ ਲੱਭ ਲੈਂਦੇ ਤਾਂ ਵਜ਼ੀਰ ਸਾਹਿਬ ਨੇ ਕਿਹਾ ਕਿ ਕੋਈ ਨਹੀਂ ਦੋ ਦਿਨ ਮੈਂ ਇਥੇ ਹੀ ਠਹਿਰ ਜਾਂਦਾ ਹਾਂ । ਜੇ ਇਸ ਤਰ੍ਹਾਂ ਦੀਆਂ ਅਸੀਂ ਗਲਾਂ ਕਰਨ ਲਗੀਏ ਤਾਂ ਕੋਈ ਗਲ ਨਹੀਂ ਬਣਨੀ । (ਵਿਘਨ) ਸਪੀਕਰ ਸਾਹਿਬ, ਅੱਜ ਇਹ ਕਹਿੰਦੇ ਹਨ ਕਿ ਸਾਨੂੰ ਗਿਆਨੀ ਜੀ ਦੀ ਸਰਕਾਰ ਤੇ ਵਿਸ਼ਵਾਸ਼ ਨਹੀਂ ਰਿਹਾ । ਸਾਰੇ ਲੋਕਾਂ ਨੂੰ ਪਤਾ ਹੈ ਕਿ ਅਕਾਲੀਆਂ ਨੇ 5 ਸਾਲ ਪੰਜਾਬ ਦੇ ਵਿਚ ਐਸੇ ਹਾਲਾਤ ਪੈਦਾ ਕਰ ਦਿਤੇ ਸਨ ਕਿ ਲੋਕਾਂ ਦਾ ਪਰਜਾਤੰਤਰ ਵਿਚ ਯਕੀਨ ਹੀ ਹਿੱਲ ਗਿਆ ਸੀ । 5 ਸਾਲ ਦੇ ਬਾਦ ਕਾਂਗਰਸ ਨੇ ਫਿਰ ਲੋਕਾਂ ਵਿਚ ਪਰਜਾਤੰਤਰ ਦਾ ਯਕੀਨ ਬਹਾਲ ਕੀਤਾ ਹੈ । ਅਕਾਲੀਆਂ ਦੇ ਰਾਜ ਵਿਚ ਜੋ ਕੁਝ ਹੋਇਆ ਉਹ, ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਹੈ । 5 ਸਾਲਾਂ ਵਿਚ ਅਕਾਲੀ ਸਰਕਾਰਾਂ ਟੁੱਟਦੀਆਂ ਭਜਦੀਆਂ ਰਹੀਆਂ ਜਿਸ ਨਾਲ ਕਿ ਪੰਜਾਬ ਦੀ ਤਰੱਕੀ ਰੁਕ ਗਈ ।ਪੰਜਾਬ ਦੀ ਇਹ ਸਰਕਾਰ ਇਸ ਗਲ ਵਾਸਤੇ ਸ਼ਲਾਘਾ ਯੋਗ ਹੈ ਜਿਸ ਨੇ ਪੰਜਾਬ ਵਿਚ ਫਿਰ ਪਾਏਦਾਰੀ ਪੈਦਾ ਕੀਤੀ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਲੋਕਾਂ ਵਿਚ ਫਿਰ ਇਹ ਵਿਸ਼ਵਾਸ਼ ਬਹਾਲ ਕੀਤਾ ਕਿ ਪਰਜਾਤੰਤਰ ਰਾਹੀਂ ਹੀ ਲੋਕਾਂ ਦੇ ਮਸਲੇ ਹੱਲ ਹੋ ਸਕਦੇ ਹਨ । ਪਰਜਾਤੰਤਰ ਹਿੰਦੁਸਤਾਨ ਦੀ ਬੁਨਿਆਦੀ ਜ਼ਰੂਰਤ ਹੈ, ਅਗਰ ਇਸ ਬੁਨਿਆਦੀ ਜ਼ਰੂਰਤ ਦੇ ਮੁਤਲਕ ਲੋਕਾਂ ਦਾ ਯਕੀਨ ਹਿਲ ਜਾਵੇ ਤਾਂ ਖ਼ਤਰਾ ਪੈਦਾ ਹੋ ਜਾਂਦਾ ਹੈ, । ਸਾਡਾ ਦੇਸ਼ ਬਹੁਤ ਵਡਾ ਦੇਸ਼ ਹੈ ਅਤੇ ਇਥੇ ਭਾਂਤ ਭਾਂਤ ਦੇ ਲੋਕ ਰਹਿੰਦੇ ਹਨ ਅਤੇ ਭਾਂਤ ਭਾਂਤ ਦੀ ਬੋਲੀ ਬੋਲਦੇ ਹਨ । ਅਗਰ ਅਸੀਂ ਆਪਣੇ ਦੇਸ਼ ਨੂੰ ਇਕੱਠਾ ਰਖ ਸਕੇ ਹਾਂ ਤਾਂ ਇਸ ਦੀ ਵਜ੍ਹਾ ਇਹ ਹੈ ਕਿ ਸਾਡੇ ਦੇਸ਼ ਵਿਚ ਪਰਜਾਤੰਤਰ ਹੈ । ਨਹੀਂ ਤਾਂ, ਸਪੀਕਰ ਸਾਹਿਬ, ਗਵਾਂਢੀ ਮੁਲਕ ਪਾਕਿਸਤਾਨ ਵਿਚ ਹਾਲਤ ਦੇਖ ਲਉ ਕਿ ਕੀ ਹੈ ਹਾਲਾਂ ਕਿ ਉਥੇ ਮਜ਼ਹਬ ਇਕੋ ਹੀ ਹੈ ਪਰ ਆਪਸ ਵਿਚ ਇਕਠੇ ਨਹੀਂ ਰਹਿ ਸਕਦੇ । (ਵਿਘਨ)

ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਕਾਂਗਰਸ ਨੇ ਆਪਣੇ ਕੀਤੇ ਵਾਇਦੇ ਪੂਰੇ ਨਹੀਂ ਕੀਤੇ । ਇਹ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਗਲ ਹੈ । (ਵਿਘਨ) (ਸ਼ੋਰ)

Mr. Speaker: No interruptions please.

ਸ਼੍ਰੀ ਯੱਸ਼ ਪਾਲ: ਜਿਤਨੇ ਵੀ ਕਾਂਗਰਸ ਨੇ ਵਾਇਦੇ ਕੀਤੇ ਹਨ ਉਹ ਪੂਰੇ ਕੀਤੇ ਹਨ । (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ)

ਸ਼੍ਰੀ ਸਪੀਕਰ : ਕਿਸ ਰੂਲ ਅਧੀਨ ਤੁਸੀ ਪੁਆਇੰਟ ਆਫ ਆਰਡਰ ਰੇਜ਼ ਕਰਨਾ ਚਾਹੁੰਦੇ ਹੋ ? (Under which rule the hon. Member wants to raise a point of order ?

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਪੁਆਇੰਟ ਆਫ ਆਰਡਰ ਦੀ ਇਜਾਜ਼ਤ ਮੰਗ ਰਿਹਾ ਹਾਂ ਕੋਈ ਆਪਣੇ ਆਪ ਤਾਂ ਨਹੀਂ ਬੋਲਣਾ ਸ਼ੁਰੂ ਕਰ ਦਿੱਤਾ .. .. .. । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਜੇ ਪੁਆਇੰਟ ਆਫ ਆਰਡਰ ਨਾ ਹੋਵੇ ਤਾਂ ਜਵਾਬ ਦੇ ਦਿਓ .. .. .. । (ਵਿਘਨ)

ਸ੍ਰੀ ਸਪੀਕਰ : ਗੁਲਸ਼ਨ ਜੀ, ਤੁਸੀਂ ਕਿਸ ਰੂਲ ਦੇ ਥਲੇ ਬੋਲਦੇ ਹੋ ? . . (ਵਿਘਨ) (Under which rule the Hon. Member Sardar Dhanna Singh Gulshan is speaking ?)

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਜਿਸ ਰੂਲ ਦੇ ਥਲੇ ਪੁਆਂਇਟ ਆਫ਼ ਆਰਡਰ ਉਠਾਇਆ ਜਾਂਦਾ ਹੈ ।(ਵਿਘਨ)

ਸ੍ਰੀ ਯੱਸ਼ ਪਾਲ: ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ . . . . . .(ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਯੱਸ਼ ਸਾਹਿਬ, ਉਸ ਭਾਸ਼ਾ ਵਿਚ ਬੋਲਣਾ ਚਾਹੁੰਦੇ ਹਨ, ਜਿਸ ਦੇ ਅਧਾਰ ਤੇ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਟੁਕੜੇ ਕਰਾਏ, ਪੰਜਾਬ ਦੇ ਟੁਕੜੇ ਕਰਾਏ (ਵਿਘਨ) ਇਹ ਦੂਸਰਿਆਂ ਨੂੰ ਫਿਰਕਾਪ੍ਰਸਤ ਕਹਿਣ ਵਾਲੇ ਸਭ ਤੋਂ ਵੱਡੇ ਆਪ ਫਿਰਕਾਪ੍ਰਸਤ ਹਨ । (ਵਿਘਨ)

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ, ਇਹ ਇੰਟਰਪਸ਼ਨ ਹੈ। ਗੁਲਸ਼ਨ ਜੀ, ਇਹ ਤੁਹਾਨੂੰ ਨਹੀਂ ਕਰਨੀ ਚਾਹੀਦੀ । ਤੁਸੀਂ ਤਾ ਬੜੇ ਪੁਰਾਣੇ ਪਾਰਲੀਆ-ਮੈਂਟੇਰੀਐਨ ਹੋ । ਹੁਣ ਤਸ਼ਰੀਫ਼ ਰਖੋ । (ਵਿਘਨ) (This is no point of order. It is an interruption only. Gulshan ji, you should not do so. You are a seasoned parliamentarian. Please resume your seat.)

ਸ੍ਰੀ ਯੱਸ਼ ਪਾਲ : ਸਪੀਕਰ ਸ਼ਾਹਿਬ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਇਹ ਝੂਠ ਆਫ ਆਰਡਰ ਹੈ ਫੂਲ ਆਫ ਆਰਡਰ ਹੈ (ਵਿਘਨ) ਮੈਂ ਇਨ੍ਹਾਂ ਦੀ ਆਦਤ ਪਕੜਨਾ ਨਹੀਂ ਚਾਹੁੰਦਾ ਅਤੇ ਆਪਣੀ ਆਦਤ ਬਦਲਣਾ ਨਹੀਂ ਚਾਹੁੰਦਾ। (ਵਿਘਨ) ਵਰਨਾ ਕੌਣ ਨਹੀਂ ਜਾਣਦਾ ਕਿ ਜਿਹੜੇ ਆਦਮੀ ਗੁਰਦੁਆਰਿਆਂ ਵਿਚ ਬੈਠ ਕੇ ਸਿਆਸਤ ਚਲਾਉਣ ਉਨ੍ਹਾਂ ਤੋਂ ਵੱਧ ਕੇ ਹੋਰ ਕੌਣ ਫਿਰਕਾਪ੍ਰਸਤ ਹੋ ਸਕਦਾ ਹੈ । (ਵਿਘਨ) ਜਿਹੜੇ ਆਦਮੀ ਮਜ਼ਹਬ ਦੇ ਨਾਮ ਤੇ ਨਫ਼ਰਤ ਫੈਲਾਉਣ, ਜਿਹੜੇ ਆਦਮੀ ਗੁਰਦੁਆਰਿਆਂ ਦੇ ਹਲਵੇ ਵਿਚ ਹੇਰਾਫੇਰੀ ਕਰਨ, ਗੋਲਕਾਂ ਚੋਰੀ ਕਰਨ, ਉਨ੍ਹਾਂ ਤੋਂ ਵੱਧ ਕੇ ਕੌਣ ਫਿਰਕਾਪ੍ਰਸਤ ਹੋ ਸਕਦਾ ਹੈ ? (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ: (ਵਿਘਨ) (ਸ਼ੋਰ) ਇਹ ਸਭ ਤੋਂ ਵਡਾ ਫਿਰਕਾਪ੍ਰਸਤ ਹੈ । (ਵਿਘਨ)(ਸ਼ੋਰ) ਇਹ ਪੰਜਾਬ ਦਾ ਕਾਤਲ ਹੈ (ਵਿਘਨ) ਪੰਜਾਬੀ ਦਾ ਕਾਤਲ ਹੈ (ਵਿਘਨ) (ਇਸ ਵਕਤ ਸਰਦਾਰ ਰਣਧੀਰ ਸਿੰਘ ਚੀਮਾ, ਸਰਦਾਰ ਜਸਦੇਵ ਸਿੰਘ ਸੰਧੂ, ਸਰਦਾਰ ਧੰਨਾ ਸਿੰਘ ਗੁਲਸ਼ਨ, ਸਰਦਾਰ ਅਜਾਇਬ ਸਿੰਘ ਸੰਧੂ ਅਤੇ ਹੋਰ ਕਈ ਮੈਂਬਰ ਸਾਹਿਬਾਨ ਇਕਠੇ ਬੋਲ ਰਹੇ ਸਨ ਅਤੇ ਸ਼ੋਰ ਇਤਨਾ ਜ਼ਿਆਦਾ ਸੀ ਕਿ ਕੁਝ ਸੁਣਾਈ ਨਹੀਂ ਸੀ ਦਿੰਦਾ ।)

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਇਹ ਲਫ਼ਜ਼ ਵਾਪਸ ਕਰਾਏ ਜਾਣ । (ਵਿਘਨ) ਇਹ ਝੂਠ ਬੋਲ ਰਹੇ ਹਨ । ਇਹ ਆਪ ਸਭ ਤੋਂ ਵੱਡੇ ਫ਼ਿਰਕਾਪ੍ਰਸਤ ਹਨ । ਇਹ ਪੰਜਾਬ ਅਤੇ ਪੰਜਾਬੀ ਦੇ ਕਾਤਲ ਹਨ । (ਵਿਘਨ)(ਸ਼ੋਰ)

ਸਰਦਾਰ ਜਸਦੇਵ ਸਿੰਘ ਸੰਧੂ : ਇਹ ਪੰਜਾਬ ਦੇ ਲੋਕਾਂ ਦੇ ਦੁਸ਼ਮਨ ਹਨ, ਪੰਜਾਬੀ ਦੇ ਕਾਤਲ ਹਨ ਜਿਹੜੇ ਪੰਜਾਬੀ ਬੋਲੀ ਤੋਂ ਇਨਕਾਰ ਕਰਦੇ ਹਨ । (ਵਿਘਨ) ਇਹ ਪੰਜਾਬੀ ਨੂੰ ਪੰਜਾਬ ਦੀ ਜ਼ਬਾਨ ਨਹੀਂ ਮੰਨਦੇ ।

(ਇਸ ਵਕਤ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ ਸ਼ੋਰ ਇਤਨਾ ਜ਼ਿਆਦਾ ਸੀ ਕਿ ਕੁਝ ਸੁਣਾਈ ਨਹੀਂ ਸੀ ਦਿੰਦਾ)

Mr. Speaker : Please resume your seats. (*Interruption*)

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਜੋ ਕੁਝ ਉਨ੍ਹਾਂ ਨੇ ਕਿਹਾ ਹੈ ਉਹ ਲਫ਼ਜ਼ ਐਕਸਪੰਜ ਹੋਣੇ ਚਾਹੀਦੇ ਹਨ । ਇਹ ਸਾਡੇ ਮਜ਼ਹਬ ਤੇ ਹਮਲਾ ਕਰਤੇ ਹਨ, ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ ਤੁਸੀਂ ਕਮਜ਼ੋਰਾਂ ਦੀ ਮਦਦ ਕਰੋ .. .. .. ਜਿਨ੍ਹਾਂ ਨੇ ਹਿੰਦੁਸਤਾਨ ਦੇ ਟੁਕੜੇ ਕਰਾਏ ਹਨ; ਇਹ ਜਿਹੀ ਹੀ ਫ਼ਿਰਕਾ-ਪ੍ਰਸਤ ਹਨ ।

(ਇਸ ਵਕਤ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਬੋਲ ਰਹੇ ਸਨ, ਪਰ ਸ਼ੋਰ ਇਤਨਾ ਸੀ ਕਿ ਕੁਝ ਸੁਣਾਈ ਨਹੀਂ ਸੀ ਦਿੰਦਾ)

ਸ੍ਰੀ ਸਪੀਕਰ : ਜੋ ਕੁਝ ਇਹ ਮੈਂਬਰ ਸਾਹਿਬਾਨ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Members are speaking, should not be recorded.)

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜਾ ਕੁਝ ਇਹ ਮੈਂਬਰ ਸਾਹਿਬ, ਗੁਰਦੁਆਰਿਆਂ ਦੇ ਸਬੰਧ ਵਿਚ ਬੋਲੇ ਹਨ ਕਿ ਪਾਲਿਟਿਕਸ ਗੁਰਦੁਆਰਿਆਂ ਵਿਚ ਚਲਦੀ ਹੈ ਇਹ ਲਫ਼ਜ਼ ਐਕਸਪੰਜ ਹੋਣੇ ਚਾਹੀਦੇ ਹਨ ਅਤੇ ਇਹ ਵੀ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਗੁਰਦੁਆਰਿਆਂ ਵਿਚ ਬੈਠ ਕੇ ਸਿਆਸਤ ਚਲਾਉਣ ਵਾਲੇ ਫ਼ਿਰਕਾਪ੍ਰਸਤ ਹਨ, ਇਹ ਵੀ ਐਕਸਪੰਜ ਹੋਣਾ ਚਾਹੀਦਾ ਹੈ । (ਵਿਘਨ)

ਸ੍ਰੀ ਸਪੀਕਰ: ਮੈਂ ਵੇਖ ਲਵਾਂਗਾ ਜੋ ਕੁਝ ਕਾਬਲੇ ਇਤਰਾਜ਼ ਹੋਇਆ ਮੈਂ ਜ਼ਰੂਰ ਐਕਸਪੰਜ ਕਰਵਾ ਦਿਆਂਗਾ । (I shall go through the record and if there is anything objectionable, I shall get that expunged)

ਸ੍ਰੀ ਯਸ਼ ਪਾਲ : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰ ਰਿਹਾ ਸੀ ਕਿ ਕਾਂਗਰਸ ਨੇ ਜਿਹੜੇ ਵਾਇਦੇ ਕੀਤੇ ਸੀ ਉਹ ਇਕ-ਇਕ ਕਰ ਕੇ ਪੂਰੇ ਕਰ ਰਹੀ ਹੈ । ਸਪੀਕਰ ਸਾਹਿਬ, ਕਾਂਗਰਸ ਨੇ ਵਾਇਦਾ ਕੀਤਾ ਸੀ ਕਿ (ਵਿਘਨ) ਜਿਸ ਵੇਲੇ ਸਾਡੀ ਵਜ਼ਾਰਤ ਬਣੀ ਅਸੀਂ ਕਰਮਚਾਰੀਆਂ ਨੂੰ ਇੰਟੇਰਿਮ ਰਲੀਫ ਦਿਆਂਗੇ । ਜਿਸ ਵੇਲੇ ਕਾਂਗਰਸ ਦੀ ਵਜ਼ਾਰਤ ਬਣੀ ਉਸ ਵੇਲੇ ਕਰਮਚਾਰੀਆਂ ਨੂੰ ਇੰਟੇਰਮ ਰਿਲੀਫ ਦੇਣ ਦਾ ਇਲਾਨ ਕਰ ਦਿਤਾ ਜਦੋਂ ਕਿ ਅਕਾਲੀਆਂ ਦੀ ਸਰਕਾਰ ਨੇ ਕਿਹਾ ਸੀ ਕਿ ਚਾਹੇ ਕੁਝ ਵੀ ਹੋਵੇ ਅਸੀਂ ਕਰਮਚਾਰੀਆਂ ਨੂੰ

[ਸ੍ਰੀ ਯਸ਼ ਪਾਲ]

ਕੋਈ ਰਿਲੀਫ ਨਹੀਂ ਦੇਣਾ ਔਰ ਇਨ੍ਹਾਂ ਨੇ ਆਪਣੀ ਮਨਿਸਟਰੀ ਦੇ ਦੌਰਾਨ ਕੋਈ ਰਿਲੀਫ ਉਨ੍ਹਾਂ ਨੂੰ ਨਾ ਦਿਤਾ । (ਵਿਘਨ) ਡਾਂਗ ਸਾਹਿਬ ਨੇ ਵੀ ਕਿਹਾ ਕਿ ਇਹ ਮੁਕਰਨ ਲਗੇ ਸੀ (ਵਿਘਨ) ਮੈਂ ਅਰਜ਼ ਕਰਾਂ ਕਿ ਜਿਥੋਂ ਤਕ ਕਾਂਗਰਸ ਦਾ ਤੁਅਲਕ ਹੈ ਇਸ ਬਾਰੇ ਪਹਿਲੇ ਫੈਸਲਾ ਕਰ ਲਿਆ ਗਿਆ ਸੀ ਅਤੇ ਜਿਸ ਦਿਨ ਗਿਆਨੀ ਜੀ ਨੇ ਸੌਂਹ ਚੁਕੀ ਇੰਟੇਰਮ ਰਿਲੀਫ ਦੇਣ ਦਾ ਇਲਾਨ ਕਰ ਦਿਤਾ ।

ਫਿਰ ਕਾਂਗਰਸ ਨੇ ਵਾਇਦਾ ਕੀਤਾ ਸੀ ਜ਼ਮੀਨ ਦੀ ਹੱਦਬੰਦੀ ਕਰਨ ਦਾ । ਬੜਾ ਪ੍ਰੈਸ਼ਰ ਪਾਇਆ ਗਿਆ ਇਸ ਬਾਰੇ । ਅਕਾਲੀਆਂ ਵਲੋਂ ਵੀ ਬੜਾ ਪ੍ਰੈਸ਼ਰ ਪਾਇਆ ਗਿਆ । ਕਈ ਨਾਮ ਨਿਹਾਦ ਕਮਿਊਨਿਸਟਾਂ ਵਲੋਂ ਵੀ ਪ੍ਰੈਸ਼ਰ ਪਾਇਆ ਗਿਆ । ਇਹ ਵੀ ਕਿਹਾ ਗਿਆ ਕਿ ਇਸ ਨਾਲ ਪੰਜਾਬ ਦੀ ਪੈਦਾਵਾਰ ਘਟ ਜਾਵੇਗੀ । ਇਨ੍ਹਾਂ ਨੇ ਨਵੇਂ ਥੀਸਿਸ ਬਣਾਏ ਅਤੇ ਨਵੀਆਂ ਨਵੀਆਂ ਗਲਾਂ ਕੀਤੀਆਂ, ਪਰ ਇਹ ਕਰੈਡਿਟ ਕਾਂਗਰਸ ਪਾਰਟੀ ਦੇ ਸਿਰ ਤੇ ਹੈ ਕਿ ਸਾਰੇ ਪ੍ਰੈਸ਼ਰਜ਼ ਨੂੰ ਪਰ੍ਹਾਂ ਸੁੱਟਦੇ ਹੋਏ ਇਹ ਬਿਲ ਲਿਆ ਰਹੀ ਹੈ । (ਵਿਘਨ)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਯੱਸ਼ ਜੀ ਨੇ ਕਿਹਾ ਹੈ ਕਿ ਕਈ ਨਾਮਨਿਹਾਦ ਕਮਿਊਨਿਸਟਾਂ ਨੇ ਪ੍ਰੈਸ਼ਰ ਪਾਇਆ ਕਿ ਜ਼ਮੀਨਾਂ ਦੀ ਹੱਦ ਬੰਦੀ ਨਾ ਕੀਤੀ ਜਾਵੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੇ ਕਮਿਊਨਿਸਟਸ ਹਨ, ਪਤਾ ਤਾਂ ਲਗੇ.. । (ਵਿਘਨ)

ਸ੍ਰੀ ਸਪੀਕਰ : ਕਾਮਰੇਡ ਸਾਹਿਬ, ਇੰਟਰਪਟ ਨਾ ਕਰੋ, ਤੁਸੀਂ ਆਪਣੀ ਸਪੀਚ ਵੇਲੇ ਜਵਾਬ ਦੇ ਦੇਣਾ । (ਵਿਘਨ) (Comrade Darshan Singh Canadian, please do not cause interruption. You may refer to it during your speech.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਇਸ ਗਲ ਦਾ ਡਿਸਟਾਰਸ਼ਨ ਕੀਤਾ ਹੈ....(ਵਿਘਨ)

Mr. Speaker : Please resume your seat.

ਸ੍ਰੀ ਯਸ਼ ਪਾਲ : ਸਪੀਕਰ ਸਾਹਿਬ, ਇੱਕ ਅਖਾਣ ਹੈ, 'ਚੋਰ ਦੀ ਦਾੜ੍ਹੀ ਵਿਚ ਤਿਣਕਾ।' ਇਹ ਬਿਲਕੁਲ ਕਨੇਡੀਅਨ ਸਾਹਿਬ ਤੇ ਲਾਗੂ ਹੁੰਦਾ ਹੈ । ਮੈਂ ਤਾਂ ਨਾਮ ਨਿਹਾਦ ਕਮਿਊਨਿਸਟਾਂ ਦਾ ਨਾਂ ਲਿਆ ਹੈ । ਇਹ ਤਾਂ ਬੜੇ ਸੱਚੇ ਕਮਿਊਨਿਸਟ ਹਨ । ਇਨ੍ਹਾਂ ਨੂੰ ਆਪਣੇ ਬਾਰੇ ਕਿਉਂ ਸ਼ੱਕ ਹੋਣ ਲਗ ਪਿਆ ਹੈ। ਮੈਂ ਇਹ ਬੇਨਤੀ ਕਰ ਰਿਹਾ ਸੀ ਕਿ ਅਕਾਲੀਆਂ ਨੇ ਬੜੀ ਕੋਸ਼ਿਸ਼ ਕੀਤੀ ਅਤੇ ਆਮ ਕਿਸਾਨਾਂ ਨੂੰ ਗੁਮਰਾਹ ਕਰਕੇ ਕਿਹਾ ਕਿ ਕਾਂਗਰਸ ਤੁਹਾਡੀਆਂ ਜ਼ਮੀਨਾਂ ਖੋਹਣੀਆਂ ਚਾਹੁੰਦੀ ਹੈ । ਇਨ੍ਹਾਂ ਨੇ ਬੜੇ ਵੱਡੇ ਮੁਜ਼ਾਹਰੇ ਕੀਤੇ । ਇਨ੍ਹਾਂ ਦਾ ਮਤਲਬ ਇਹ ਸੀ ਕਿ ਕਿਸੇ ਤਰੀਕੇ ਨਾਲ ਜਿਹੜਾ ਕਾਂਗਰਸ ਨੇ ਆਮ ਲੋਕਾਂ ਨਾਲ ਵਾਅਦਾ ਕੀਤਾ ਸੀ ਉਹ ਪੂਰਾ ਨਾ ਹੋਵੇ ਅਤੇ ਦੂਸਰਾ ਇਹ ਆਪਣੀਆਂ ਜ਼ਮੀਨਾਂ ਬਚਾਉਣਾ ਚਾਹੁੰਦੇ ਹਨ ਅਤੇ ਹਕੂਮਤ ਵੀ ਕਰਨਾ ਚਾਹੁੰਦੇ ਹਨ । ਮੇਰੀ ਬੇਨਤੀ ਇਹ ਹੈ ਕਿ ਇਹ ਕੋਈ ਲੁਕੀ ਛੁਪੀ ਗਲ ਨਹੀਂ ਕਿ ਕਾਂਗਰਸ ਨੇ ਜੋ ਫੈਸਲਾ ਕੀਤਾ ਸੀ ਉਸ ਤੇ ਅਮਲ ਵੀ ਕਰ ਰਹੀ ਹੈ । ਜੇ ਇਹ ਅੱਜ ਇਥੇ ਨੋ-ਕਨਫੀਡੈਂਸ ਮੋਸ਼ਨ ਨਾ ਲਿਆਉਂਦੇ ਤਾਂ ਉਹ ਬਿੱਲ ਅੱਜ ਹਾਊਸ ਵਿਚ ਆਉਂਦਾ ।

ਇਨ੍ਹਾਂ ਨੇ ਆਪਣੇ ਮਤੇ ਦੇ ਹੱਕ ਵਿਚ ਕੋਈ ਠੋਸ ਦਲੀਲ ਨਹੀਂ ਦਿੱਤੀ । ਅਸਲ ਮਸਲੇ ਵਲ ਇਨ੍ਹਾਂ ਦਾ ਧਿਆਨ ਹੀ ਨਹੀਂ ਗਿਆ । ਮਜ਼ਦੂਰਾਂ ਦੀ ਕੀ ਹਾਲਤ ਹੈ ? ਅਕਾਲੀ ਪਾਰਟੀ ਦਾ ਆਮ ਲੋਕਾਂ ਨਾਲ ਕੋਈ ਵਾਹ ਨਹੀਂ । ਅਕਾਲੀ ਪਾਰਟੀ ਦਾ ਤੁਅੱਲਕ ਸਿਰਫ਼ ਦੋ ਚੀਜ਼ਾਂ ਨਾਲ ਹੈ । ਇੱਕ ਇਹ ਕਿ ਕਿਸੇ ਤਰ੍ਹਾਂ ਨਾਲ ਇਨ੍ਹਾਂ ਦੀਆਂ ਜ਼ਮੀਨਾਂ ਬਚੀਆਂ ਰਹਿਣ ਅਤੇ ਦੂਸਰਾ ਕਿ ਪੰਜਾਬ ਵਿਚ ਫ਼ਿਰਕਾਪ੍ਰਸਤੀ ਦੀ ਹਵਾ ਬਣੀ ਰਹੇ । ਇਨ੍ਹਾਂ ਨੂੰ ਮਜ਼ਦੂਰਾਂ ਦੀ ਹਾਲਤ ਦਾ ਕੋਈ ਖਿਆਲ ਨਹੀਂ ।

ਸ੍ਰੀ ਸਪੀਕਰ : ਯਸ਼ ਜੀ, ਤੁਸੀਂ ਹੋਰ ਕਿੰਨਾ ਸਮਾਂ ਲਉਗੇ । ਤੁਹਾਡੀ ਪਾਰਟੀ ਵਲੋਂ ਪੰਜ ਛੇ ਮੈਂਬਰ ਹੋਰ ਵੀ ਬੋਲਣਾ ਚਾਹੁੰਦੇ ਹਨ । (Yash Ji, how much more time will you take ? Five or six other Members of your party also want to speak.)

ਸ੍ਰੀ ਯਸ਼ ਪਾਲ : ਜਨਾਬ ਮੈਂ 15 ਮਿੰਟਾਂ ਵਿਚ ਆਪਣੀ ਸਪੀਚ ਖਤਮ ਕਰ ਦੇਵਾਂਗਾ । ਡਾਂਗ ਸਾਹਿਬ ਨੇ ਕਿਹਾ ਕਿ ਮਜ਼ਦੂਰਾਂ ਦੀਆਂ ਤਨਖਾਹਾਂ ਇਕ ਦਮ ਵਧਾ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਇਸ ਬਾਰੇ ਮੈਂ ਤੁਹਾਡੇ ਰਾਹੀਂ ਇਕ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ । (ਸ਼ੋਰ) ਇਹ ਮਸਲਾ ਅਸਲ ਵਿਚ ਮਹਿੰਗਾਈ ਦਾ ਮਸਲਾ ਹੈ । ਮਹਿੰਗਾਈ ਦੇ ਮਸਲੇ ਨੂੰ ਕਿਸ ਤਰ੍ਹਾਂ ਨਜਿੱਠਿਆ ਜਾ ਸਕਦਾ ਹੈ । ਜੇ ਡਾਂਗ ਸਾਹਿਬ ਦੇ ਕਹਿਣ ਅਨੁਸਾਰ ਤਨਖਾਹਾਂ ਮਜ਼ਦੂਰਾਂ ਦੀਆਂ ਇੱਕ ਦਮ ਦੋ ਸੌ ਰੁਪਏ ਵਧਾ ਦਿੱਤੀਆਂ ਜਾਣ ਤਾਂ ਉਸ ਦਾ ਕੀ ਅਸਰ ਹੋਵੇਗਾ । ਅਸਲ ਮਸਲਾ ਤਾਂ ਇਹ ਹੈ ਕਿ ਕਿਸ ਤਰ੍ਹਾਂ ਲੋਕਾਂ ਦੀ ਆਮਦਨ ਅਤੇ ਖਰਚ ਨੂੰ ਬੈਲੈਂਸ ਕੀਤਾ ਜਾਵੇ । ਅਗਰ ਅਸੀਂ ਇਸਨੂੰ ਬੈਲੈਂਸ ਨਾ ਕੀਤਾ ਤਾਂ ਅਸੀਂ ਉਸ ਵੀਸ਼ੀਅਸ ਸਰਕਲ ਦੇ ਸ਼ਿਕਾਰ ਹੋ ਜਾਵਾਂਗੇ ਜਿਸ ਨੂੰ ਅਸੀਂ ਦੂਰ ਨਹੀਂ ਕਰ ਸਕੇ । ਜਦ ਤਕ ਇਸ ਵੀਸ਼ੀਅਸ ਸਰਕਲ ਨੂੰ ਖਤਮ ਨਹੀਂ ਕੀਤਾ ਜਾਂਦਾ ਤਦ ਤਕ ਕੋਈ ਕੰਮ ਨਹੀਂ ਹੋ ਸਕਦਾ । ਪੰਜਾਬ ਸਰਕਾਰ ਨੇ ਇਕ ਪਾਸੇ ਇਹ ਕੋਸ਼ਿਸ਼ ਕੀਤੀ ਹੈ ਕਿ ਥੋੜੀ ਤਨਖਾਹ ਮਜ਼ਦੂਰਾਂ ਦੀ ਵਧਾ ਦਿੱਤੀ ਜਾਵੇ । ਦੂਜੇ ਪਾਸੇ ਇਹ ਕੋਸ਼ਿਸ਼ ਕੀਤੀ ਕਿ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਦਿੱਤੀਆਂ ਜਾਣ ਚੀਜ਼ਾਂ ਹਾਸਲ ਕਰਨ ਵਿਚ । ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ, ਇਸ ਸੂਬੇ ਵਿਚ ਮਹਿੰਗਾਈ ਵਧੀ ਹੈ । ਲੇਕਿਨ ਇਹ ਇਕੱਲੇ ਪੰਜਾਬ ਦਾ ਹੀ ਮਸਲਾ ਨਹੀਂ ਹੈ ਅਤੇ ਨਾਂ ਹੀ ਸਿਰਫ ਹਿੰਦੁਸਤਾਨ ਦਾ ਸਗੋਂ ਇਹ ਸਾਰੀ ਦੁਨੀਆ ਦਾ ਮਸਲਾ ਹੈ । ਜਦ ਤਕ ਇਸ ਨੂੰ ਕਿਸੇ ਤਰੀਕੇ ਨਾਲ ਨਜਿੱਠਣ ਦੀ ਕੋਸ਼ਿਸ਼ ਨਹੀਂ ਕਰਾਂਗੇ ਤਦ ਤਕ ਇਹ ਠੀਕ ਨਹੀਂ ਹੋ ਸਕੇਗਾ । ਜਿਥੋਂ ਤਕ ਸਪੀਕਰ ਸਾਹਿਬ, ਪੰਜਾਬ ਸਰਕਾਰ ਦਾ ਤੁਅੱਲਕ ਹੈ, ਜੋ ਕੁਝ ਹੋ ਸਕਦਾ ਸੀ, ਇਨ੍ਹਾਂ ਨੇ ਕੀਤਾ ਹੈ । ਪੰਜਾਬ ਸਰਕਾਰ ਨੇ ਇਸ ਗਲ ਨੂੰ ਵੀ ਧਿਆਨ ਰੱਖਿਆ ਅਤੇ ਕੋਸ਼ਿਸ਼ ਕੀਤੀ ਕਿ ਵੱਧ ਤੋਂ ਵੱਧ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾਣ ਅਤੇ ਮੁਨਾਸਿਬ ਦਰਜੇ ਤਕ ਤਨਖਾਹਾਂ ਮਜ਼ਦੂਰਾਂ ਦੀਆਂ ਵੱਧਾਈਆਂ ਜਾਣ । ਜਿਹੜੇ ਲੋਗ ਬੇਰੁਜ਼ਗਾਰ ਹਨ ਉਨ੍ਹਾਂ ਨੂੰ ਕਿਸੇ ਤਰੀਕੇ ਨਾਲ ਕੰਮ ਦਿੱਤਾ ਜਾਵੇ । ਸਿਰਫ ਨਾਹਰੇ ਮਾਰਨ ਨਾਲ ਇਹ ਮਸਲਾ ਹੱਲ ਨਹੀਂ ਹੋ ਸਕਦਾ । ਜਿਸ ਵੇਲੇ ਅੱਜ ਤੋਂ ਪੰਜ ਛੇ ਸਾਲ ਪਹਿਲਾਂ ਕਾਂਗਰਸ ਸਰਕਾਰ ਸੀ ਉਸ ਵੇਲੇ ਬੇਕਾਰਾਂ ਦੀ ਤਾਦਾਦ 95,856 ਸੀ । ਜਦੋਂ ਅਕਾਲੀਆਂ ਨੇ ਸਰਕਾਰ ਛੱਡੀ ਅਤੇ ਪੰਜਾਬ ਦਾ ਖਹਿੜਾ ਇਨ੍ਹਾਂ ਤੋਂ ਛੁਟਿਆ ਤਾਂ ਇਹ ਗਿਣਤੀ 1,20,711 ਹੋ ਗਈ ਸੀ । ਅਕਾਲੀਆਂ ਦੀ ਸਰਕਾਰਾਂ ਵੇਲੇ ਬੇਰੁਜ਼ਗਾਰੀ ਦੀ ਗਿਣਤੀ ਵਿਚ 26% ਦਾ ਇਜ਼ਾਫ਼ਾ ਹੋਇਆ । ਪਿਛਲੇ 6

[ਸ੍ਰੀ ਯਸ਼ ਪਾਲ]

ਮਹੀਨਿਆਂ ਵਿਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਇਹ ਕੋਸ਼ਿਸ਼ ਕੀਤੀ ਕਿ ਨਵੀਆਂ ਨੌਕਰੀਆਂ ਕਰੀਏਟ ਕੀਤੀਆਂ ਜਾਣ ਤਾਂ ਕਿ ਲੋਕਾਂ ਨੂੰ ਇੰਪਲਾਇਮੈਂਟ ਮਿਲੇ। ਮੈਨੂੰ ਇਹ ਗਲ ਦਸ ਕੇ ਖੁਸ਼ੀ ਹੁੰਦੀ ਹੈ ਕਿ ਪੰਜਾਬ ਸਰਕਾਰ ਨੇ 16,000 ਨਵੀਆਂ ਪੋਸਟਾਂ ਕਰੀਏਟ ਕੀਤੀਆਂ ਹਨ। ਇਹ ਕੰਮ ਕਰਨ ਦਾ ਠੋਸ ਤਰੀਕਾ ਹੈ। ਇਸ ਤੋਂ ਇਲਾਵਾ 6,000 ਟੀਚਰਾਂ ਦੀਆਂ ਨਵੀਆਂ ਅਸਾਮੀਆਂ ਕਰੀਏਟ ਕੀਤੀਆਂ ਹਨ। ਅਕਾਲੀਆਂ ਦੀ ਸਰਕਾਰ ਨੇ ਟੀਚਰਾਂ ਦੀਆਂ ਨਵੀਆਂ ਅਸਾਮੀਆਂ ਕਰੀਏਟ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਪੰਜਾਬ ਸਰਕਾਰ ਨੇ ਬੇਕਾਰੀ ਦੂਰ ਕਰਨ ਵਾਸਤੇ ਇਕ ਬਹੁਤ ਵੱਡਾ ਕੰਮ ਕੀਤਾ ਹੈ ਜਿਹੜਾ ਕਿ ਹਿੰਦੁਸਤਾਨ ਦੇ ਕਿਸੇ ਸੂਬੇ ਨੇ ਨਹੀਂ ਕੀਤਾ। ਸਾਰਿਆਂ ਨੂੰ ਪਤਾ ਹੈ ਕਿ ਐਜੂਕੇਟਿਡ ਅਨਇੰਪਲਾਇਮੈਂਟ ਵੱਧ ਰਹੀ ਹੈ। ਇੰਜੀਨੀਅਰਜ਼ ਜਿਹੜੇ ਬਹੁਤ ਸਾਰਾ ਰੁਪਿਆ ਖਰਚ ਕਰਕੇ ਡਿਗਰੀ ਹਾਸਲ ਕਰਦੇ ਹਨ, ਉਹ ਬੇਕਾਰ ਫਿਰਦੇ ਸਨ। ਪੰਜਾਬ ਸਰਕਾਰ ਨੇ ਐਲਾਨ ਕੀਤਾ ਕਿ ਪੰਜਾਬ ਵਿਚ ਅਗਰ ਕਿਸੇ ਵੀ ਕਾਰਖਾਨੇ ਵਿਚ ਇੰਜੀਨੀਅਰ ਨੂੰ ਨੌਕਰੀ ਦਿੱਤੀ ਜਾਵੇਗੀ ਤਾਂ ਉਸ ਦੀ ਅੱਧੀ ਤਨਖਾਹ ਪੰਜਾਬ ਸਰਕਾਰ ਦੇਵੇਗੀ। ਪਰ ਅਕਾਲੀ ਸਰਕਾਰ ਇਹ ਨਹੀਂ ਕਰ ਸਕੀ। ਫਿਰ, ਸਪੀਕਰ ਸਾਹਿਬ, ਸਾਡੇ ਇਥੇ ਬਿਜਲੀ ਦੀ ਕਮੀ ਹੈ।

ਸਰਦਾਰ ਜਸਦੇਵ ਸਿੰਘ ਸੰਧੂ : ਤੁਸੀਂ ਆਪਣੇ ਅਖ਼ਬਾਰ ਦੇ ਵਰਕਰਾਂ ਦੀ ਤਨਖਾਹ ਤਾਂ ਵਧਾ ਦਿਓ।

ਸ੍ਰੀ ਯਸ਼ ਪਾਲ : ਸਪੀਕਰ ਸਾਹਿਬ, ਜੇ ਕੋਈ ਅੱਜ ਅਕਾਲੀ ਬਣ ਜਾਵੇ ਅਤੇ ਪਰਸੋਂ ਕਾਂਗਰਸੀ ਬਣ ਜਾਵੇ ਅਤੇ ਕਦੇ ਗਿਆਨੀ ਕਰਤਾਰ ਸਿੰਘ ਦੇ ਪੈਰ ਚੁੰਮ ਲਏ ਅਤੇ ਕਦੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਪੈਰ ਫੜ ਲਏ ਤਾਂ ਇਨ੍ਹਾਂ ਗੱਲਾਂ ਨਾਲ ਕੋਈ ਮਸਲਾ ਹੱਲ ਨਹੀਂ ਹੁੰਦਾ। ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਬਿਜਲੀ ਦਾ ਮਸਲਾ ਹੈ। ਇਸ ਬਾਰੇ ਜਦੋਂ ਤਕ ਅਸੀਂ ਸਾਰੇ ਫੈਕਟਸ ਅਤੇ ਫਿਗਰਜ਼ ਨੂੰ ਨਹੀਂ ਵੇਖਦੇ ਉਦੋਂ ਤਕ ਅਸੀਂ ਕਿਸੇ ਵੀ ਨਤੀਜੇ ਤੇ ਨਹੀਂ ਪਹੁੰਚ ਸਕਦੇ। ਪੰਜਾਬ ਨੂੰ ਇਸ ਵੇਲੇ ਬਿਜਲੀ ਦੀ ਲੋੜ ਹੈ। ਜਿਹੜੀ ਬਿਜਲੀ ਸਾਨੂੰ ਅੱਜ ਘੱਟ ਮਿਲ ਰਹੀ ਹੈ ਇਹ ਇਨ੍ਹਾਂ ਅਕਾਲੀ ਭਰਾਵਾਂ ਦੀ ਮਿਹਰਬਾਨੀ ਹੈ। ਭਾਖੜੇ ਤੇ ਸਿਰਫ ਸਾਡਾ ਕਬਜ਼ਾ ਸੀ। ਇਨ੍ਹਾਂ ਨੇ ਇਹ ਵੰਡ ਪਵਾਈ ਹੈ। ਹੁਣ ਇਹ ਕਹਿੰਦੇ ਹਨ ਕਿ ਤੁਸੀਂ ਬਿਜਲੀ ਕਿਉਂ ਨਹੀਂ ਲਿਆਂਦੇ। ਬੇੜਾ ਤਾਂ ਤੁਸੀਂ ਰੋੜ ਗਏ। ਇਨ੍ਹਾਂ ਨੇ ਪੰਜ ਸਾਲਾਂ ਵਿਚ ਬਿਲਕੁਲ ਕੋਸ਼ਿਸ਼ ਨਹੀਂ ਕੀਤੀ ਕਿ ਕਿਸੇ ਤਰੀਕੇ ਨਾਲ ਦੂਜੇ ਸੂਬਿਆਂ ਕੋਲੋਂ ਬਿਜਲੀ ਲਈ ਜਾਵੇ। ਸੋ, ਸਪੀਕਰ ਸਾਹਿਬ, ਜਿਸ ਵੇਲੇ ਬਾਦਲ ਸਰਕਾਰ ਨੂੰ ਖਤਰਾ ਪਿਆ ਕਿ ਮੈਂ ਚਲੀ ਹਾਂ ਤਾਂ ਉਸ ਦੇ ਲੀਡਰ ਕਾਂਗਰਸ ਹਾਈ ਕਮਾਂਡ ਦੇ ਪੈਰੀਂ ਪਏ ਕਿ ਸਾਨੂੰ ਬਚਾਉ। (ਵਿਘਨ)

ਅਵਾਜ਼ਾਂ : ਥੀਨ ਡੈਮ ਦੀ ਵੀ ਗਲ ਦਸੋ ਕੀ ਕੀਤਾ ਸੈਂਟਰ ਦੀ ਸਰਕਾਰ ਨੇ।

ਸ੍ਰੀ ਯਸ਼ ਪਾਲ ; ਸੋ, ਸਪੀਕਰ ਸਾਹਿਬ, ਆਪਣੀ ਵਜ਼ਾਰਤ ਵਾਸਤੇ ਕਾਂਗਰਸ ਦੇ ਤਰਲੇ ਕੀਤੇ ਜਾ ਸਕਦੇ ਹਨ, ਆਪਣੀ ਵਜ਼ਾਰਤ ਨੂੰ ਬਚਾਉਣ ਲਈ ਦੁਨੀਆਂ ਭਰ ਦੀ ਬੇਈਮਾਨੀ ਵੀ ਕੀਤੀ ਜਾ ਸਕਦੀ ਹੈ। (ਵਿਘਨ) ਸਪੀਕਰ ਸਾਹਿਬ, ਇਹ ਕਾਲੀਆਂ ਪੱਗਾਂ ਵਾਲੇ ਪੰਜਾਬ

ਦੇ ਹਮਦਰਦੀ ਨਹੀਂ ਹਨ, ਲੋਕਾਂ ਦੇ ਹਮਦਰਦੀ ਨਹੀਂ ਹਨ । ਇਨ੍ਹਾਂ ਨੂੰ ਕਿਸੇ ਦੀ ਹਮਦਰਦੀ ਨਹੀਂ ਹੈ । ਇਨ੍ਹਾਂ ਨੂੰ ਤਾਂ ਆਪਣੀ ਗੱਦੀ ਦੀ ਹੀ ਹਮਦਰਦੀ ਹੈ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : * X X X

ਸ੍ਰੀ ਸਪੀਕਰ : ਜੋ ਕੁਝ ਸੰਧੂ ਸਾਹਿਬ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member S. Ajaib Singh Sandhu is saying now, it should not be recorded.)

ਸ੍ਰੀ ਯਸ਼ ਪਾਲ : ਸਪੀਕਰ ਸਾਹਿਬ, ਸੰਧੂ ਸਾਹਿਬ ਲਈ ਨਵਾਂ ਹੀ ਪਾਰਲੀਮੈਂਟਰੀ ਪ੍ਰੋਸੀਜਰ ਲਿਖਵਾਉਣਾ ਪਵੇਗਾ । (ਹਾਸਾ) (ਵਿਘਨ) । ਇਨ੍ਹਾਂ ਦੇ ਸਮੇਂ ਵਿਚ ਉਹ ਉਹ ਕੰਮ ਹੋਏ ਜੋ ਕਿ ਅੰਗਰੇਜ਼ਾਂ ਦੇ ਵੇਲੇ ਵੀ ਨਹੀਂ ਸਨ ਹੋਏ । ਇਨ੍ਹਾਂ ਦੀ ਵਜ਼ਾਰਤ ਵੇਲੇ ਥਾਣੇ ਵਿਕਦੇ ਰਹੇ, ਹਸਪਤਾਲ ਵਿਕਦੇ ਰਹੇ ਅਤੇ ਇਸ ਤਰ੍ਹਾਂ ਅਗੇ ਕਦੀ ਨਹੀਂ ਸੀ ਹੋਇਆ । (ਵਿਘਨ)

ਸਰਦਾਰ ਹਰਦੀਪ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਇਹ ਸਾਬਤ ਕਰ ਸਕਦਾ ਹਾਂ ਕਿ ਇਨ੍ਹਾਂ ਨੇ ਪੰਜ ਪੰਜ ਹਜ਼ਾਰ ਰੁਪਏ ਲੈ ਕੇ ਬਦਲੀਆਂ ਰੋਕੀਆਂ । ਇਕ ਡਾਕਟਰ ਤੋਂ ਉਸ ਦੀ ਬਦਲੀ ਰੋਕਣ ਦਾ ਪੰਜ ਹਜ਼ਾਰ ਰੁਪਿਆ ਇਨ੍ਹਾਂ ਨੇ ਲਿਆ । (ਵਿਘਨ)

ਸ੍ਰੀ ਯਸ਼ਪਾਲ : ਸਪੀਕਰ ਸਾਹਿਬ, ਹੁਣ ਮੈਂ ਥਰਮਲ ਪਲਾਂਟ ਦੀ ਵੀ ਗੱਲ ਕਰਦਾ ਹਾਂ। ਇਨ੍ਹਾਂ ਨੇ ਬੜੀ ਹਿੰਮਤ ਕਰਕੇ ਥਰਮਲ ਪਲਾਂਟ ਦੀ ਬੁਨਿਆਦ ਰਖੀ । ਉਸ ਪਲਾਂਟ ਦਾ ਨਾਉਂ ਵੀ ਮਹਾਨ ਗੁਰੂ ਨਾਨਕ ਦੇਵ ਜੀ ਦੇ ਨਾਉਂ ਤੇ ਰਖਿਆ । ਉਸ ਦੀ ਬੁਨਿਆਦ ਤਾਂ ਰਖ ਦਿਤੀ ਗਈ ਪਰ ਇਨ੍ਹਾਂ ਨੇ ਇਹ ਨਹੀਂ ਵੇਖਿਆ ਕਿ ਇਸ ਨੂੰ ਸਿਰੇ ਵੀ ਚੜ੍ਹਾਉਣਾ ਹੈ । ਸਪੀਕਰ ਸਾਹਿਬ, ਅਕਾਲੀ ਸਰਕਾਰ ਦੀ ਵਜ੍ਹਾ ਨਾਲ ਪੰਜ ਕਰੋੜ ਰੁਪਏ ਜਿਹੜੇ ਖਰਚ ਹੋਣੇ ਸਨ ਉਹ ਵੀ ਲੈਪਸ ਹੋ ਗਏ । ਚਲੋ ਪੈਸੇ ਤਾਂ ਗਏ ਸੋ ਗਏ ਇਨ੍ਹਾਂ ਦੇ ਰਾਜ ਵਿਚ ਜਿਹੜੀ ਬਿਜਲੀ ਮਿਲਣੀ ਸੀ ਉਹ ਵੀ ਨਾ ਮਿਲੀ । ਹੁਣ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਹਿੰਮਤ ਕੀਤੀ ਹੈ ਅਤੇ ਤਹੱਈਆ ਕੀਤਾ ਹੈ ਕਿ ਇਹ ਪਲਾਂਟ ਛੇਤੀ ਹੀ ਬਣ ਜਾਵੇ । ਸੰਧੂ ਸਾਹਿਬ ਕਹਿੰਦੇ ਹਨ ਕਿ ਫਲਾਣਾ ਕੰਮ ਨਹੀਂ ਹੋਇਆ, ਫਲਾਣਾ ਨਹੀਂ ਹੋਇਆ ਅਤੇ ਜਿਹੜਾ ਹੋਇਆ ਹੈ ਉਹ ਇਨ੍ਹਾਂ ਦੀ ਸਰਕਾਰ ਵੇਲੇ ਹੋਇਆ ਹੈ । ਸਪੀਕਰ ਸਾਹਿਬ, ਇਨ੍ਹਾਂ ਦੀ ਵਜ਼ਾਰਤ ਤਾਂ ਥੋੜਾ ਚਿਰ ਰਹੀ ਹੈ ਤਾਂ ਪੰਜਾਬ ਨੂੰ 250 ਮੈਗਾਵਾਟ ਬਿਜਲੀ ਦੀ ਘਾਟ ਹੋਈ ਹੈ ਜੇਕਰ ਪੂਰਾ ਸਮਾਂ ਰਹਿ ਜਾਂਦੀ ਤਾਂ 1000 ਮੈਗਾਵਾਟ ਦੀ ਘਾਟ ਹੋ ਜਾਣੀ ਸੀ । ਇਤਨੇ ਹਾਮੀ ਹਨ ਇਹ ਲੋਕਾਂ ਦੇ । (ਵਿਘਨ)

Mr. Speaker : Order please.

ਸ੍ਰੀ ਯਸ਼ਪਾਲ : ਸਪੀਕਰ ਸਾਹਿਬ, ਬਿਜਲੀ ਦੇ ਜੈਨਰੇਟਰ ਪਏ ਹੋਏ ਸਨ ਜੇਕਰ ਇਨ੍ਹਾਂ ਨੂੰ ਚਾਲੂ ਕੀਤਾ ਜਾਂਦਾ ਤਾਂ ਕੁਝ ਨਾ ਕੁਝ ਬਿਜਲੀ ਦਾ ਤੋੜਾ ਦੂਰ ਹੋ ਸਕਦਾ ਸੀ, ਪਰ ਪਤਾ ਨਹੀਂ ਕਿ ਇਹ ਡੀਜ਼ਲ ਕਿਥੇ ਵਰਤਦੇ ਰਹੇ ਹਨ । ਹੁਣ ਗਿਆਨੀ ਜੀ ਦੀ ਸਰਕਾਰ ਨੇ 31 ਜੈਨਰੇਟਰ ਚਲਾਏ ਹਨ । (ਥੰਪਿੰਗ) ਬਿਜਲੀ ਦੀ ਇਤਨੀ ਕਿੱਲਤ ਦੇ ਬਾਵਜੂਦ ਵੀ ਸਰਕਾਰ

---

*Not recorded as ordered by the Chair.

[ਸ੍ਰੀ ਯਸ਼ਪਾਲ]

ਨੇ ਇਸ ਗਲ ਦਾ ਖਿਆਲ ਰਖਿਆ ਹੈ ਕਿ ਇਨ੍ਹਾਂ ਦਾ ਅਨਾਜ ਦੀ ਪੈਦਾਵਾਰ ਤੇ ਕਿਸੇ ਕਿਸਮ ਦਾ ਬੁਰਾ ਅਸਰ ਨਾ ਪਵੇ । ਸਪੀਕਰ ਸਾਹਿਬ, ਇਸ ਭਾਰਤ ਦੀ ਕਾਂਗਰਸ ਸਰਕਾਰ ਨੇ ਇਹ ਵੱਡੀਆਂ ਗੱਲਾਂ ਕੀਤੀਆਂ ਹਨ । ਇਕ ਤਾਂ ਇਹ ਕਿ. ਪਾਕਿਸਤਾਨ ਦਾ ਇਕ ਲੱਖ ਬੰਦਾ ਕੈਦੀ ਕੀਤਾਂ ਹੈ । ਦੂਜੀ ਵੱਡੀ ਗਲ ਜੋ ਹਿੰਦੁਸਤਾਨ ਨੇ ਕੀਤੀ ਹੈ ਉਹ ਇਹ ਹੈ ਕਿ ਉਹ ਅਨਾਜ ਦੇ ਮਾਮਲੇ ਵਿਚ ਖੁਦ-ਕੁਫੈਲ ਹੋਇਆ ਹੈ । ਇਹ ਕੋਈ ਝੁਰਲੂ ਫੇਰ ਕੇ ਨਹੀਂ ਹੋਇਆ । ਪਿਛਲੇ 25 ਸਾਲਾਂ ਤੋਂ ਪੰਜਾਬ ਦੀ ਸਰਕਾਰ ਇਸ ਗਰੀਨ ਰੈਵੋਲਿਊਸ਼ਨ ਦੀ ਬੁਨਿਆਦ ਰਖਦੀ ਆ ਰਹੀ ਹੈ । ਇਸ ਦੀ ਬੁਨਿਆਦ ਕਾਂਗਰਸ ਸਰਕਾਰਾਂ ਰਖਦੀਆਂ ਆ ਰਹੀਆਂ ਹਨ। ਖਾਸ ਤਰੀਕੇ ਨਾਲ ਨਵੇਂ ਬੀਜ਼ ਬਣਾਏ ਗਏ । ਨਵੀਆਂ ਖਾਦਾਂ ਤਿਆਰ ਕੀਤੀਆਂ ਗਈਆਂ ਅਤੇ ਹੌਲੀ ਹੌਲੀ ਇਸ ਗਰੀਨ ਰੈਵੋਲਿਊਸ਼ਨ ਦਾ ਬੀਜ ਬੋਇਆ ਗਿਆ ਸੀ । ਇਹ ਠੀਕ ਹੈ ਕਿ ਇਸ ਨੂੰ ਫਲ ਅਕਾਲੀ ਸਰਕਾਰ ਵੇਲੇ ਲਗਿਆ । ਪਰ ਇਨ੍ਹਾਂ ਨੇ ਐਸੀ ਕੋਸ਼ਿਸ਼ ਕੀਤੀ ਕਿ ਕਿਧਰੇ ਚੰਗਾ ਬੀਜ ਅਗੇ ਤੋਂ ਨਾ ਬਣ ਜਾਵੇ ਔਰ ਜੇਕਰ ਇਹ ਸਰਕਾਰ ਰਹਿੰਦੀ ਤਾਂ ਜਿਸ ਤਰੱਕੀ ਦੀ ਮੈਨੂੰ ਹੁਣ ਆਸ ਹੈ ਇਹ ਆਸ ਖਤਮ ਹੋਈ ਹੁੰਦੀ ।

ਸਪੀਕਰ ਸਾਹਿਬ, ਫਿਰ ਸੇਲਜ਼ ਟੈਕਸ ਦੀ ਗਲ ਲੈ ਲਓ । ਅਕਾਲੀ ਵਜ਼ੀਰਾਂ ਨੇ ਵਪਾਰੀਆਂ ਨਾਲ ਬੜੇ ਵਾਹਿਦੇ ਕੀਤੇ ਪਰ ਕੋਈ ਵੀ ਪੂਰਾ ਨਾ ਕੀਤਾ । ਹੁਣ ਛੇ ਸਾਲ ਬਾਅਦ ਅੱਜ ਦੀ ਸਰਕਾਰ ਨੇ ਸੇਲਜ਼ ਟੈਕਸ ਦੇ ਢਾਂਚੇ ਨੂੰ ਬਦਲ ਦਿਤਾ ਹੈ । ਜਿਥੇ ਪਹਿਲਾਂ 40 ਹਜ਼ਾਰ ਰੁਪਏ ਦੀ ਲਿਮਿਟ ਹੁੰਦੀ ਸੀ ਹੁਣ ਇਨ੍ਹਾਂ ਨੇ ਇਕ ਲੱਖ ਕਰ ਦਿਤੀ ਹੈ ਤਾਕਿ ਛੋਟੇ ਦੁਕਾਨਦਾਰ ਇਸ ਤੋਂ ਬਚ ਸਕਣ । ਦੂਸਰੀ ਗਲ ਇਸ ਵਿਚ ਇਹ ਕੀਤੀ ਕਿ ਜਿਹੜੀਆਂ ਚੀਜ਼ਾਂ ਤੇ ਉੱਤਰ ਪਰਦੇਸ਼ ਵਿਚ ਟੈਕਸ ਘੱਟ ਸੀ ਅਤੇ ਇਥੇ ਵੱਧ ਸੀ ਅਤੇ ਇਸ ਤਰ੍ਹਾਂ ਅਨਹੈਲਦੀ ਕਮਪੀਟੀਸ਼ਨ ਹੋ ਜਾਂਦਾ ਸੀ । ਉਸ ਨੂੰ ਬਰਾਬਰ ਕਰ ਦਿਤਾ । ਇਸ ਤਰੀਕੇ ਨਾਲ ਪੰਜਾਬ ਸਰਕਾਰ ਨੇ ਹਰ ਪਹਿਲੂ ਤੋਂ ਕੋਸ਼ਿਸ਼ ਕੀਤੀ ਹੈ ਤਰੱਕੀ ਕੀਤੀ ਹੈ ।

ਹੁਣ ਤੁਸੀਂ ਕਹਿੰਦੇ ਹੋ ਕਿ ਹਰੀਜਨਾਂ ਲਈ ਕੁਝ ਨਹੀਂ ਕੀਤਾ ਗਿਆ । ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵੀ ਟਾਈਮ ਸਰਕਾਰ ਨੇ ਜੋ ਕੁਝ ਕੀਤਾ ਹੈ ਉਹ ਵੀ ਆਪ ਦੇ ਸਾਹਮਣੇ ਹੈ । ਕਾਂਗਰਸ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਜਿਹੜੀ ਵੀ ਨਿਕਾਸੀ ਜ਼ਮੀਨ ਹੈ ਉਸ ਦੀ ਬੋਲੀ ਕੇਵਲ ਹਰੀਜਨ ਹੀ ਦੇ ਸਕਦੇ ਹਨ ਪਰ ਸਰਦਾਰ ਆਤਮਾ ਸਿੰਘ ਜੀ ਇਥੇ ਨਹੀਂ ਹਨ, ਉਨ੍ਹਾਂ ਨੂੰ ਰੱਬ ਕਿਧਰੇ ਲੈ ਗਿਆ ਹੈ, ਉਨ੍ਹਾਂ ਨੂੰ ਇਹ ਆਰਡਰ ਕਰ ਦਿਤੇ ਸਨ ਕਿ ਸਾਰੇ ਹੀ ਬੋਲੀ ਦੇ ਸਕਦੇ ਹਨ । (ਵਿਘਨ) ਹੋਰ ਤਾਂ ਹੋਰ, ਇਨ੍ਹਾਂ ਨੇ ਤਾਂ ਸੂਦ ਦੀ ਦਰ ਵੀ ਵਧਾ ਦਿਤੀ ਅਤੇ 9% ਕਰ ਦਿਤੀ ਜਿਸ ਬਾਰੇ ਕਿ ਇਸ ਸਰਕਾਰ ਨੇ ਫੈਸਲਾ ਕੀਤਾ ਕਿ ਇਸ ਨੂੰ ਘਟਾ ਕੇ 6% ਕਰ ਦਿਤਾ ਜਾਵੇ । (ਘੰਟੀ)

ਇਨ੍ਹਾਂ ਦੇ ਵੇਲੇ ਦੇ ਸਾਰੇ ਮਆਮਲੇ ਸਾਫ ਨਜ਼ਰ ਆਉਂਦੇ ਹਨ ਪਰ ਇਹ ਗਲ ਉਸ ਲਈ ਹੈ ਜਿਸ ਨੇ ਵੇਖਣਾ ਹੋਵੇ, ਜੇ ਕਿਸੇ ਨੂੰ ਨਜ਼ਰ ਆਉਂਦੇ ਹੋਏ ਵੀ ਕੋਈ ਵੇਖਣਾ ਨਾ ਚਾਹੇ ਤਾਂ ਫੇਰ ਉਹਦਾ ਕੀ ਇਲਾਜ । ਇਹ ਜਿਹੜੇ ਅਕਾਲੀ ਹਨ ਅਸਲ ਵਿਚ ਇਹ ਔਖੇ ਬੜੇ ਹਨ । ਉਨ੍ਹਾਂ ਦੇ ਇਹ ਗਲ ਚਿਤ ਚੇਤੇ ਨਹੀਂ ਸੀ ਕਿ ਕਾਂਗਰਸੀ ਰਾਜ ਵੀ ਆਉਣਾ ਹੈ । ਇਹ ਹੁਣ ਤਾਈਂ ਇਹੋ ਸੋਚਦੇ ਰਹੇ ਹਨ ਕਿ ਭਾਵੇਂ ਰਾਜ ਗੁਰਨਾਮ ਸਿਘ ਦਾ ਹੋਵੇ ਜਾਂ ਬਾਦਲ ਦਾ ਹੋਵੇ ਜਾਂ ਕਿਸੇ ਹੋਰ ਦਾ ਹੋਵੇ ਰਾਜ ਅਕਾਲੀਆਂ ਦਾ ਹੀ ਆਉਣਾ ਹੈ, ਕਾਂਗਰਸ ਦਾ ਰਾਜ ਤਾਂ ਆਉਣਾ ਨਹੀਂ । ਇਥੇ ਅਕਾਲੀ ਪਾਰਟੀ ਦੇ ਚੀਫ ਮਨਿਸਟਰ ਨੇ ਕਿਹਾ ਸੀ

ਕਿ ਅਸੀਂ ਕਾਂਗਰਸ ਰਾਜ ਦਾ ਵਰਕਾ ਫਾੜ ਦਿੱਤਾ ਹੈ, ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਅਸਲ ਫਿਰਕਾ ਪਰਸਤੀ ਦਾ ਵਰਕਾ ਤਾਂ ਹੁਣ ਫਟਿਆ ਹੈ ਜਦੋਂ ਤੋਂ ਕਾਂਗਰਸ ਦਾ ਰਾਜ ਆਇਆ ਹੈ। ਇਨ੍ਹਾਂ ਨੂੰ ਇਹ ਉਮੀਦ ਨਹੀਂ ਸੀ ਕਿ ਇਥੇ ਹੁਣੇ ਦਵੇ ਕਮਿਸ਼ਨ ਨੇ ਵੀ ਆਉਣਾ ਹੈ (ਇਸ ਵੇਲੇ ਸਰਦਾਰ ਰਣਧੀਰ ਸਿੰਘ ਚੀਮਾ ਪੁਆਇੰਟ ਆਫ ਆਰਡਰ ਤੇ ਬੋਲਣ ਲਈ ਖੜ੍ਹੇ ਹੋਏ) (ਵਿਘਨ) (ਸ਼ੋਰ) ਇਨ੍ਹਾਂ ਲੋਕਾਂ ਨੇ ਪੰਜਾਬੀ ਸਟੇਟ ਦੇ ਨਾਉਂ ਤੇ ਲਕਾਂ ਨੂੰ ਫਾੜਨ ਦੀ ਕੋਸ਼ਸ਼ ਕੀਤੀ ਤਾਂ ਜੋ ਕਿਸੇ ਤਰੀਕੇ ਦੇ ਨਾਲ ਕਾਂਗਰਸ ਬਦਨਾਮ ਹੋ ਜਾਵੇ ਅਤੇ ਮੁੜਕੇ ਉਹ ਕਾਂਗਰਸ ਨੂੰ ਵੋਟ ਨਾ ਪਾਉਣ (ਸ਼ੋਰ) ਇਹ ਕੋਈ ਅਪੋਜ਼ੀਸ਼ਨ ਦਾ ਤਰੀਕਾ ਹੈ ਜਿਸ ਤਰ੍ਹਾਂ ਦਾ ਇਹ ਕੰਮ ਕਰਦੇ ਹਨ ? ਮੈਂ ਇਨ੍ਹਾਂ ਦੀ ਨਿਸਬਤ ਕਮਿਊਨਿਸਟ ਪਾਰਟੀ ਦੇ ਬੰਦਿਆਂ ਨੂੰ ਚੰਗਾ ਸਮਝਦਾ ਹਾਂ ਜਿਹੜੇ ਕਿ ਬੜੇ ਪ੍ਰੋਗਰੈਸਿਵ ਖਿਆਲਾਤ ਰਖਦੇ ਹਨ। ਪਰ ਉਨ੍ਹਾਂ ਵਿਚ ਇਹ ਫਿਕਰ ਲਗਿਆਂ ਰਹਿੰਦਾ ਹੈ ਕਿ ਕਿਵੇਂ ਨਾ ਕਿਵੇਂ ਲੋਕਾਂ ਨੂੰ ਆਪਣੇ ਮਗਰ ਲਾਇਆ ਜਾਵੇ। ਐਤਕੀ ਤਾਂ ਉਨ੍ਹਾਂ ਨੇ ਮਿਲ ਮਿਲਾਕੇ ਕਿਵੇਂ ਆਪਣੀਆਂ 11 ਸੀਟਾਂ ਲੈ ਲਈਆਂ ਹਨ ਪਰ ਜੇ ਅਗੇ ਨੂੰ ਇਹ ਹਾਲ ਰਿਹਾ ਤਾਂ ਇਨ੍ਹਾਂ ਨੂੰ ਦੋ ਸੀਟਾਂ ਵੀ ਨਹੀਂ ਆਉਣੀਆਂ। ਇਹ ਚਾਹੁੰਦੇ ਹਨ ਕਿ ਕਿਵੇਂ ਲੋਕਾਂ ਦੇ ਵਿਚ ਖਿਚਾ ਪੈਂਦਾ ਰਹੇ। ਦਿਲੋਂ ਇਹ ਕਾਂਗਰਸ ਦੇ ਖਿਲਾਫ਼ ਨਹੀਂ ਇਹ ਉਨ੍ਹਾਂ ਦੇ ਨਾਲ ਹੀ ਹਨ, ਉਂਜ ਇਹ ਆਖਦੇ ਹਨ ਕਿ ਕਾਂਗਰਸ ਸਰਕਾਰ ਬਿਲਕੁਲ ਠੀਕ ਕੰਮ ਕਰ ਰਹੀ ਹੈ। (ਹਾਸਾ) ਇਹ ਉਪਰੋਂ ਨਹੀਂ ਮੰਨਦੇ ਦਿਲੋਂ ਜ਼ਰੂਰ ਮੰਨਦੇ ਹਨ। ਇਹ ਕਹਿੰਦੇ ਹਨ ਕਿ ਲੈਂਡ ਦੀ ਸੀਲਿੰਗ ਦਾ ਬਿਲ ਲਿਆ ਕੇ ਸਰਕਾਰ ਨੇ ਬਿਲਕੁਲ ਠੀਕ ਕੰਮ ਕੀਤਾ ਹੈ। ਜਦੋਂ ਇਨ੍ਹਾਂ ਦੇ ਸਾਹਮਣੇ ਕਈ ਪੁਲੀਟੀਕਲ ਮੂਵ ਆਈ ਫਰ ਇਹ ਆਪਣਾ ਨਜ਼ਰੀਆ ਬਦਲ ਲੈਂਦੇ ਹਨ।....(ਸ਼ੋਰ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਤੁਸੀਂ ਸਾਰੀਆਂ ਗੱਲਾਂ ਛੱਡੋ ਜੇ ਲੜਨਾ ਹੈ ਤਾਂ ਮੇਰੇ ਮੁਕਾਬਲੇ ਵਿਚ ਲੜੋ, ਮੈ ਅਸਤੀਫਾ ਦੇਂਦਾ ਹਾਂ, ਤੁਸੀਂ ਵੀ ਦੇਓ, ਮੈਂ ਕਾਂਗਰਸ ਨੂੰ ਦਸ ਵਾਰ ਹਾਰ ਦਿੱਤੀ ਹੈ।

ਉਪ ਮੰਤਰੀ (ਸਰਦਾਰ ਸੰਤੋਖ ਸਿੰਘ ਰੰਧਾਵਾ) : ਤੁਸੀਂ ਅਸਤੀਫਾ ਦਿਉ ਮੈਂ ਵੀ ਦੇਂਦਾ ਹਾਂ ਮੈਂ ਤੁਹਾਡੀ ਸੀਟ ਤੋਂ ਲੜਾਂਗਾ ਆਉ .... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ। ਮਾਨ ਯੋਗ ਸਪੀਕਰ ਸਾਹਿਬ ਰੰਧਾਵਾ ਸਾਹਿਬ ਮਰੜ੍ਹੀ ਜੀ ਦੀ ਸੀਟ ਤੋਂ ਲੜਨ ਲਈ ਕਹਿੰਦੇ ਹਨ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਹ ਇਸ ਸ਼ੈਡੂਲਡਕਾਸਟਸ ਦੀ ਸੀਟ ਤੋਂ ਲੜ ਨਹੀਂ ਸਕਦੇ। ਇਹ ਡਿਪਟੀ ਮਨਿਸਟਰ ਹੁੰਦੇ ਹੋਏ ਵੀ ਨਹੀਂ ਜਾਣਦੇ (ਹਾਸਾ)

ਸ੍ਰੀ ਯਸ਼ ਪਾਲ : ਮੈਂ ਤਾਂ ਖਤਮ ਕਰਨਾ ਚਾਹੁੰਦਾ ਹਾਂ, ਮੇਰੀ ਬੇਨਤੀ ਇਹ ਹੈ ਕਿ ਹੁਣ ਤੱਕ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਜਿਤਨੇ ਵੀ ਵਾਇਦੇ ਕੀਤੇ ਸੀ, ਉਹ ਇਕ ਇਕ ਕਰਕੇ ਪੂਰੇ ਕੀਤੇ ਹਨ। ਇਸ ਸਰਕਾਰ ਨੇ ਜਿਥੇ ਲੋਕਾਂ ਦਾ ਕਾਂਗਰਸ ਮਨਿਸਟਰੀ ਦੇ ਵਿਚ ਯਕੀਨ ਬਹਾਲ ਕੀਤਾ ਹੈ ਉਥੇ ਜਮਹੂਰੀਅਤ ਦਾ ਝੰਡਾ ਵੀ ਬੁਲੰਦ ਕੀਤਾ, ਪਰਜਾਤੰਤਰ ਨੂੰ ਬਹਾਲ ਕੀਤਾ। ਅਕਾਲੀਆਂ ਨੇ ਜਿਹੜਾ ਜੰਗਲ ਰਾਜ ਬਣਾਇਆ ਹੋਇਆ ਸੀ, ਜਿਸ ਕਰਕੇ ਪੰਜਾਬ ਵਿਚ ਹਫੜਾ ਦਫੜੀ ਮਚੀ ਹੋਈ ਸੀ, ਐਡਮਨਿਸਟਰੇਸ਼ਨ ਦੇ ਵਿਚ ਅਬਤਰੀ ਪਾਈ ਹੋਈ ਸੀ ਮੌਜੂਦਾ ਸਰਕਾਰ ਨੇ ਉਸ ਨੂੰ ਬਿਲਕੁਲ ਬਹਾਲ ਕਰ ਦਿੱਤਾ। ਅਸੀਂ ਪੰਜਾਬੀ ਅੱਜ

[ਸ੍ਰੀ ਯਸ਼ ਪਾਲ]

ਤਰੱਕੀ ਦੇ ਵਲ ਤੁਰ ਪਏ ਹਾਂ ਜਿਹੜੇ ਅਕਾਲੀਆਂ ਨੇ ਬਰੇਕ ਲਾ ਦਿੱਤੇ ਸੀ, ਜਾਂ ਪ੍ਰਵਾਹੀ ਦੇ ਨਾਲ ਸਰਕਾਰੀ ਢਾਂਚੇ ਨੂੰ ਜਿਹੜਾ ਤੋੜਿਆ ਫੋੜਿਆ ਸੀ, ਉਨ੍ਹਾਂ ਸਾਰਿਆਂ ਗੱਲਾਂ ਨੂੰ ਠੀਕ ਕਰਕੇ ਗੱਡੀ ਸਿਧੇ ਰਸਤੇ ਚਲਾ ਦਿੱਤੀ (ਇਕ ਮਾਨ ਯੋਗ ਮੈਂਬਰ : ਤੁਸਾਂ ਅਖਬਾਰਾਂ ਵਾਲੀ ਗਡੀ ਤਾਂ ਬੰਦ ਕਰਕੇ ਰਖ ਦਿਤੀ ।) ਮੈਂ ਅਖਬਾਰਾਂ ਵਾਲੀ ਵੀ ਗੱਲ ਜ਼ਰੂਰ ਕਹਿਣੀ ਹੈ । ਪਰ ਏਥੇ ਮੈਂ ਅਖਬਾਰਾਂ ਦਾ ਨੁਮਾਇੰਦਾ ਨਹੀਂ ਏਥੇ ਤਾਂ ਮੈਂ ਜਾਲੰਧਰ ਦੇ ਲੋਕਾਂ ਦਾ ਬਣਾਇਆ ਹੋਇਆ ਨੁਮਾਇੰਦਾ ਹਾਂ । ਇਹ ਗੱਲ ਮੈਨੂੰ ਅਕਾਲੀ ਬੋਲਦੇ ਹਨ, ਇਨ੍ਹਾਂ ਦੇ ਅਖਬਾਰਾਂ ਦੇ ਵਿਚ ਵੀ ਤਾਂ ਹੜਤਾਲ ਹੈ । ਡਾਂਗ ਸਾਹਿਬ ਕਹਿੰਦੇ ਹਨ ਕਿ ਹੜਤਾਲ ਤਾਂ ਹੋਈ ਹੈ ਕਿ ਅਸੀਂ ਆਪਣੇ ਅਖਬਾਰਾਂ ਦੇ ਵਰਕਰਾਂ ਨੂੰ ਤਨਖਾਹ ਨਹੀਂ ਦਿਤੀ । ਪਰ ਸਾਨੂੰ ਪਤਾ ਹੈ ਕਿ ਅਸਲ ਗਲ ਕੀ ਹੈ ਇਨ੍ਹਾਂ ਦੇ ਵਰਕਰ ਸਾਨੂੰ ਆਕੇ ਕਹਿੰਦੇ ਹਨ ਕਿ ਅਜੇ ਸਾਨੂੰ ਤਨਖਾਹ ਨਾ ਦੇਣ ਇਹ ਕਮਿਊਨਿਸਟ ਖੋਹ ਲੈਣਗੇ, ਇਹ ਇਨ੍ਹਾਂ ਦੀ ਹੜਤਾਲ ਦੀ ਗਲ ਹੈ । ਇਥੇ ਇਹ ਗਲਾਂ ਕਰਨੀਆਂ ਮੁਨਾਸਿਬ ਨਹੀਂ ਅਖਬਾਰਾਂ ਵਾਲਿਆਂ ਨੂੰ ਅਸੀਂ ਆਪ ਵੇਖ ਲਵਾਂਗੇ । (ਇਕ ਮਾਨ ਯੋਗ ਮੈਂਬਰ : ਕੀ ਵੇਖ ਲਉਗੇ ਇਸ ਤਰਾਂ ਦੀਆਂ ਗਲਾਂ ਤੁਸੀਂ ਕਰਦੇ ਹੋ) ਇਹ ਗੱਲਾਂ ਛਡੋ ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਸਾਨੂੰ ਤਰੱਕੀ ਵਾਲੇ ਪਾਸੇ ਤੋਰਿਆ, ਪਰ ਜੇ ਤੁਸੀਂ ਤਰੱਕੀ ਲੈਣ ਲਈ ਕੋਸ਼ਸ਼ ਨਾ ਕਰੋ ਸਗੋਂ ਰੁਕਾਵਟ ਬਣੋ ਫੇਰ ਕੀ ਕੀਤਾ ਜਾ ਸਕਦਾ ਹੈ । ਇਨ੍ਹਾਂ ਸ਼ਬਦਾਂ ਨਾਲ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ।

(ਇਸ ਵੇਲੇ ਸ੍ਰੀ ਪ੍ਰੇਮ ਗੁਪਤਾ ਨੂੰ ਬੋਲਣ ਲਈ ਕਿਹਾ ਗਿਆ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, 5 ਘੰਟੇ ਸਾਨੂੰ ਬੋਲਣ ਲਈ ਮਿਲੇ ਸਨ, ਇਹ ਤੁਸੀਂ ਕੁਝ ਵੀ ਸਮਾਂ ਨਹੀਂ ਦੇ ਰਹੇ ।

ਸ੍ਰੀ ਸਪੀਕਰ : 5 ਘੰਟੇ ਸਾਰੇ ਹਾਊਸ ਨੂੰ ਬੋਲਣ ਦੇ ਲਈ ਦਿਤੇ ਸੀ, ਤੁਹਾਡੀ ਪਾਰਟੀ ਨੂੰ ਨਹੀਂ । ਪ੍ਰੋਪੋਰਸ਼ਨੇਟਲੀ ਜੋ ਸਮਾਂ ਤੁਹਾਨੂੰ ਬਣਦਾ ਸੀ ਉਹ ਦੇ ਦਿੱਤਾ ਹੈ । (Proportionate time has been given to you. Five hours were allotted to the House, not to your party.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤੁਸੀਂ ਸਵਾ ਘੰਟਾ ਇਨ੍ਹਾਂ 25 ਮੈਂਬਰਾਂ ਨੂੰ ਦਿਤਾ ਹੈ, 68 ਮੈਂਬਰਾਂ ਨੂੰ ਤੁਸੀਂ ਹੁਣ ਜਵਾਬ ਦੇਣ ਲਈ ਸਮਾਂ ਦੇਵੋ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਅਜੇ ਅਸੀਂ ਸਰਕਾਰ ਦੀਆਂ ਬਹੁਤ ਸਾਰੀਆਂ ਗੱਲਾਂ ਕਰਨੀਆਂ ਹਨ, ਤੁਸੀਂ ਸਾਨੂੰ ਬੋਲਣ ਲਈ ਹੋਰ ਟਾਈਮ ਦੇਵੋ ।

ਸ੍ਰੀ ਸਪੀਕਰ : ਤੁਸੀਂ ਇਨ੍ਹਾਂ ਗੱਲਾਂ ਲਈ ਹੀ ਸਵਾ ਘੰਟਾ ਲੈ ਲਿਆ, ਹੋਰਨਾਂ ਦੇ ਬੋਲਣ ਲਈ ਤੁਹਾਨੂੰ ਟਾਈਮ ਦੇਣਾ ਚਾਹੀਦਾ ਸੀ । (You took $1\frac{1}{4}$ hours for your speech. You should have spared some time for other Akali Members.)

ਸ੍ਰੀ ਪ੍ਰੇਮ ਗੁਪਤਾ (ਪਟਿਆਲਾ) : ਸਪੀਕਰ ਸਾਹਿਬ, ਅੱਜ ਹਾਊਸ ਦੇ ਸਾਹਮਣੇ ਜੋ ਮੌਜੂਦਾ ਵਜ਼ਾਰਤ ਦੇ ਖਿਲਾਫ ਅਪੋਜ਼ੀਸ਼ਨ ਅਕਾਲੀ ਪਾਰਟੀ ਵਲੋਂ ਮਤਾ ਸਾਹਮਣੇ ਆਇਆ ਹੈ, ਉਸ ਦਾ ਬੜਾ ਰੌਲਾ ਅਸੀਂ ਬਾਹਰ ਸੁਣਦੇ ਰਹੇ ਹਾਂ ਅਖਬਾਰਾਂ ਵਿਚ ਵੀ ਪੜ੍ਹਿਆ ਹੈ ਕਿ ਉਹ ਨੋ-ਕਾਨਫੀਡੈਂਸ ਮੋਸ਼ਨ ਇਸ ਵਜ਼ਾਰਤ ਦੇ ਖਿਲਾਫ ਲਿਆ ਰਹੇ ਹਨ । ਲੇਕਿਨ

ਆਪੋਜ਼ੀਸ਼ਨ ਵੀ ਕੰਸਟ੍ਰਕਟਿਵ ਹੋਣੀ ਚਾਹੀਦੀ ਹੈ। ਜੇ ਆਪੋਜ਼ੀਸ਼ਨ ਕੋਈ ਕੰਸਟ੍ਰਕਟਿਵ ਸੁਝਾਵ ਦੇਵੇ ਤਾਂ ਸਰਕਾਰ ਉਸ ਨੂੰ ਮੰਨ ਵੀ ਲੈਂਦੀ ਹੈ। ਪਰ ਇਥੇ ਜੋ 2, 3 ਘੰਟੇ ਤੋਂ ਇਹ ਬੋਲ ਰਹੇ ਹਨ, ਇਸ ਵਿਚ ਕੋਈ ਸਬਸਟਾਂਸ ਨਹੀਂ ਹੈ। ਇਸ ਦੇ ਵੋਟ ਦਾ ਵੀ ਇਨ੍ਹਾਂ ਨੂੰ ਪਤਾ ਹੈ ਕਿ ਕੀ ਹੋਣਾ ਹੈ। ਪਰ ਕਿਉਂਕਿ ਇਹ ਬਾਹਰ ਰੌਲਾ ਪਾਉਂਦੇ ਰਹੇ ਹਨ ਕਿ ਅਸੀਂ ਨੋ-ਕਾਂਫੀਡੈਂਸ ਇਸ ਵਜ਼ਾਰਤ ਦੇ ਖਿਲਾਫ਼ ਲਿਆਉਣਾ ਹੈ, ਇਸ ਲਈ ਇਥੇ ਰੌਲਾ ਪਾ ਰਹੇ ਹਨ। ਜਦੋਂ ਮੋਸ਼ਨ ਐਡਮਿਟ ਹੋ ਗਈ ਤਾਂ ਇਨ੍ਹਾਂ ਨੇ ਡਿਸਕਸ਼ਨ ਕਰਨ ਤੇ ਝਗੜਾ ਪਾ ਦਿੱਤਾ। ਅਨਪ੍ਰੀਪੇਅਰਡ ਤਾਂ ਅਸੀਂ ਸੀ, ਸਾਨੂੰ ਸਮਾਂ ਮੰਗਣਾ ਚਾਹੀਦਾ ਸੀ ਪ੍ਰੀਪੇਅਰ ਹੋਣ ਲਈ। ਇਨ੍ਹਾਂ ਨੇ ਤਾਂ 10 ਦਿਨਾਂ ਦੀ ਖ਼ੂਬ ਤਿਆਰੀ ਕੀਤੀ ਹੋਈ ਸੀ।

ਸਪੀਕਰ ਸਾਹਿਬ, ਮਾਰਚ ਦੇ ਮਹੀਨੇ ਜਦੋਂ ਇਥੇ ਵੋਟਾਂ ਪਈਆਂ ਤਾਂ ਇਥੇ ਕਿਸੇ ਪਾਰਟੀ ਦਾ ਰਾਜ ਨਹੀਂ ਸੀ, ਇਥੇ ਗਵਰਨਰ ਸਾਹਿਬ ਦਾ ਰਾਜ ਸੀ। ਪੰਜਾਬ ਦੇ ਲੋਕਾਂ ਨੇ ਪੰਜਾਬ ਵਿਚ ਸਟੇਬਲ ਸਰਕਾਰ ਬਣਾਉਣ ਲਈ ਕਾਂਗਰਸ ਨੂੰ ਵੋਟਾਂ ਪਾਈਆਂ। ਲੋਕਾਂ ਦੀ ਭਲਾਈ ਲਈ ਕਾਂਗਰਸ ਨੂੰ ਵੋਟਾਂ ਪਈਆਂ। ਜਿਹੜੀ ਅਫ਼ਰਾ ਤਫ਼ਰੀ ਪਿਛਲੇ ਪੰਜ ਸਾਲਾਂ ਵਿਚ ਪੰਜਾਬ ਵਿਚ ਪਈ ਹੋਈ ਸੀ ਉਸ ਨੂੰ ਖਤਮ ਕਰਨ ਲਈ ਲੋਕਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ। ਪਰ ਇਨ੍ਹਾਂ ਲੋਕਾਂ ਨੇ, ਜਿਨ੍ਹਾਂ ਨੇ ਕਿ ਪੰਜਾਬ ਵਿਚ ਅਫ਼ਰਾ ਤਫ਼ਰੀ ਪਾਈ ਹੋਈ ਸੀ, ਲੋਕਾਂ ਦੇ ਇਸ ਵਰਡਿਕਟ ਨੂੰ ਬਰਦਾਸ਼ਤ ਨਹੀਂ ਕੀਤਾ। ਡੇਮੋਕ੍ਰੇਸੀ ਦਾ ਫੈਸਲਾ ਨਹੀਂ ਮੰਨਿਆ। ਇਥੇ ਇਹ ਗੱਲ ਕਹੀ ਗਈ ਕਿ ਅਸੀਂ ਇਹ ਕਰਾਂਗੇ ਅਤੇ ਅਸੀਂ ਉਹ ਕਰਾਂਗੇ ਪਰ ਸਪੀਕਰ ਸਾਹਿਬ, ਮੈਂ ਇਕ ਗੱਲ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ ਨੇ 70 ਕਰੋੜ ਰੁਪਏ ਦੀ ਹੈਵੀ ਇੰਡਸਟਰੀ ਦੇ ਲਾਇਸੈਂਸ ਜੋ ਪੰਜਾਬ ਨੂੰ ਦਿੱਤੇ ਸੀ ਉਹ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਲੈਪਸ ਕਰਵਾਏ ਸੀ ਜਾਂ ਤੁਹਾਡੇ ਵਿਚੋਂ ਕੁਝ ਭੱਦਰ ਪੁਰਸ਼ਾਂ ਨੇ ਲੈਪਸ ਕਰਵਾਏ ਸੀ ? ਇਹ ਤਾਂ ਹੁਣ ਉਹ ਲਾਇਸੈਂਸ ਰੀਨਿਊ ਕਰਵਾ ਰਹੇ ਹਨ। 16 ਕਰੋੜ ਦੀ ਇੰਡਸਟਰੀ ਤਾਂ ਪੰਜਾਬ ਵਿਚ ਇਹ ਲਗਵਾ ਵੀ ਚੁਕੇ ਹਨ। ਉਹ 70 ਕਰੋੜ ਦੀ ਗੱਲ ਨਹੀਂ ਹੈ। ਜੇ ਉਹ ਇੰਡਸਟਰੀ ਅੱਜ ਤੋਂ 2 ਸਾਲ ਪਹਿਲਾਂ ਪੰਜਾਬ ਵਿੱਚ ਲਗ ਜਾਂਦੀ ਤਾਂ ਅਜ ਉਸ ਦੀ ਕੀਮਤ 200 ਕਰੋੜ ਰੁਪਏ ਹੁੰਦੀ। ਪੰਜਾਬ ਦੀਆਂ ਬਹੁਤ ਸਾਰੀਆਂ ਸਮਸਿਆਵਾਂ ਉਸ ਇੰਡਸਟਰੀ ਦੇ ਨਾਲ ਜੁੜੀਆਂ ਹੋਈਆਂ ਸੀ। ਇਸ ਤਰ੍ਹਾਂ ਇਨ੍ਹਾਂ ਭੱਦਰ ਪੁਰਸ਼ਾਂ ਨੇ 230 ਕਰੋੜ ਰੁਪਏ ਦਾ ਨੁਕਸਾਨ ਕੀਤਾ ਹੈ। ਇਨ੍ਹਾਂ ਦੇ ਨਾਲ ਹੀ ਜਨਸੰਘ ਸੀ ਪਰ ਉਹ ਤਾਂ ਐਤਕੀ ਹਾਊਸ ਵਿਚ ਆ ਹੀ ਨਹੀਂ ਸਕੇ। ਲੋਕਾਂ ਨੇ ਉਨ੍ਹਾਂ ਨੂੰ ਚੰਗਾ ਲੈਸਨ ਪੜ੍ਹਾਇਆ ਹੈ। ਜਿਹੜੀ ਪਾਰਟੀ ਲੋਕਾਂ ਦੀ ਡਿਵੈਲਪਮੈਂਟ ਕਰਨ ਦੀ ਜ਼ਿੰਮੇਵਾਰ ਸੀ ਉਸ ਦਾ ਕੰਡਕਟ ਦਵੇ ਕਮਿਸ਼ਨ ਤੋਂ ਪੁਛਿਆ ਜਾਵੇ। ਅਜਿਹੀ ਪਾਰਟੀ ਨੂੰ ਤਾਂ ਲੋਕਸ-ਸਟੈਂਡੀ ਦੂਜੀ ਪਾਰਟੀ ਤੇ ਕ੍ਰਿਟੀਸਿਜ਼ਮ ਕਰਨ ਦਾ ਕੋਈ ਹਕ ਨਹੀਂ। ਮੈਂ ਇਨ੍ਹਾਂ ਨੂੰ ਇਹ ਸਲਾਹ ਦਿਆਂਗਾ ਕਿ ਇਨ੍ਹਾਂ ਨੂੰ ਪਹਿਲਾਂ ਦਵੇ ਕਮਿਸ਼ਨ ਕੋਲੋਂ ਕੋਸ਼ਿਸ਼ ਕਰਕੇ ਛੇਤੀ ਫੈਸਲਾ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਨੇ ਪੰਜਾਬ ਵਿਚ ਕੀ ਕੀ ਕੀਤਾ ਹੈ। ਸੀਸਵਾਂ ਜੰਗਲ ਕਿਸ ਨੇ ਵੇਚਿਆ ਹੈ, ਕਿਸ ਨੂੰ ਵੇਚਿਆ ਹੈ, ਕਿਵੇਂ ਵੇਚਿਆ ਹੈ (ਵਿਘਨ) ਮੈਨੂੰ ਇੰਟਰਪਟ ਨਾ ਕਰੋ। ਇੰਟਰਪਸ਼ਨ ਵਿਚੋਂ ਕੁਝ ਨਹੀਂ ਲਭਣਾ।

ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੋਈ ਹੈ ਕਿ ਇਨ੍ਹਾਂ ਨੇ ਸਰਕਾਰੀ ਮੁਲਾਜ਼ਮਾਂ ਅਤੇ ਸਕੂਲ ਟੀਚਰਾਂ ਦੀ ਗੱਲ ਕੀਤੀ ਹੈ। ਇਥੇ ਸਟੂਡੈਂਟਸ ਦਾ ਰੈਫਰੈਂਸ ਵੀ ਆਇਆ ਹੈ।

[ਸ੍ਰੀ ਪ੍ਰੇਮ ਗੁਪਤਾ]

ਪਰ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ 1967 ਵਿਚ ਇਥੇ ਮਿਲੀ ਜੁਲੀ ਸਰਕਾਰ ਸੀ। ਜਨਸੰਘ ਵੀ ਉਸ ਵਿਚ ਸੀ ਪਰ ਡੋਮੀਨੇਟਿੰਗ ਪਾਰਟੀ ਅਕਾਲੀ ਪਾਰਟੀ ਹੀ ਸੀ। ਇਸ ਵੇਲੇ ਜੋ ਇਹ ਵੀਰ ਸਕੂਲ ਟੀਚਰਾਂ ਨਾਲ ਹਮਦਰਦੀ ਦਿਖਾਉਂਦੇ ਹਨ, ਉਸ ਵੇਲੇ ਅੰਬਾਲੇ ਦੀ ਜੇਲ੍ਹ ਵਿਚ ਇਨ੍ਹਾਂ ਨੇ ਕਿਤਨੇ ਟੀਚਰ ਭਰ ਦਿੱਤੇ ਸਨ। ਜੂਨ ਦੇ ਮਹੀਨੇ ਵਿਚ ਉਨ੍ਹਾਂ ਨੇ ਇਹ ਗ੍ਰਿਫਤਾਰੀਆਂ ਕੀਤੀਆਂ। ਮੈਂ ਵੀ ਨਾਲ ਸੀ। ਇਹ ਸਭ ਕੁਝ ਰਿਕਾਰਡ ਤੋਂ ਦੇਖ ਲੈਣ। ਵਜ਼ਾਰਤਾਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ ਪਰ ਰਿਕਾਰਡ ਤਾਂ ਕਿਧਰੇ ਆਉਂਦਾ ਜਾਂਦਾ ਨਹੀਂ ਹੈ। ਇਹ ਰਿਕਾਰਡ ਦੇਖ ਲੈਣ। ਫਿਰ ਨਵੰਬਰ, 1967 ਵਿਚ ਸਰਦਾਰ ਗੁਰਨਾਮ ਸਿੰਘ ਜੀ ਦੀ ਸਰਕਾਰ ਨੇ ਪੰਜਾਬ ਦੀਆਂ ਜੇਲ੍ਹਾਂ ਵਿਚ ਅਤੇ ਅੰਬਾਲੇ ਦੀ ਜੇਲ੍ਹ ਵਿਚ ਟੀਚਰਾਂ ਨੂੰ ਗ੍ਰਿਫਤਾਰ ਕਰ ਕੇ ਭੇਜ ਦਿੱਤਾ ਪਰ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਗਈਆਂ। ਉਸ ਤੋਂ ਬਾਅਦ ਉਹ ਸਰਕਾਰ ਬਦਲੀ। ਕਿਸ ਦੀ ਬਣੀ, ਕਿਵੇਂ ਬਣੀ ਮੈਂ ਇਸ ਗੱਲ ਵਿਚ ਨਹੀਂ ਜਾਂਦਾ। ਪਰ ਜੋ ਨਵੀਂ ਸਰਕਾਰ ਬਣੀ, ਉਸ ਨੇ ਟੀਚਰਾਂ ਦੀਆਂ ਉਹ ਮੰਗਾਂ ਮੰਨ ਲਈਆਂ। ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਦੀਆਂ ਜੋ ਸਮਸਿਆਵਾਂ ਹਨ ਭਾਵੇਂ ਉਹ ਬਿਜਲੀ ਭਾਵੇਂ ਟੀਚਰਾਂ ਦੀ, ਭਾਵੇਂ ਸਟੂਡੈਂਟਸ ਦੀ ਜਾਂ ਕੋਈ ਹਰ ਇਹ ਸਾਰੀਆਂ ਸਮਸਿਆਵਾਂ ਪਿਛਲੇ ਪੰਜ ਸਾਲਾਂ ਦੀ ਇਨਸਟੇਬਿਲਟੀ ਦਾ ਆਊਟ-ਕਮ ਹਨ। ਇਥੇ ਪਿਛਲੇ ਫਾਈਨੈਂਸ ਮਨਿਸਟਰ ਸਰਦਾਰ ਬਲਵੰਤ ਸਿੰਘ ਬੈਠੇ ਨਹੀਂ ਹਨ, ਇਸ ਲਈ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੀਦਾ, ਪਰ ਬਾਦਲ ਸਾਹਿਬ ਬੈਠੇ ਹਨ, ਇਨ੍ਹਾਂ ਨੂੰ ਪਤਾ ਹੈ ਕਿ ਸੈਂਟਰ ਦੀ ਸਰਕਾਰ ਨੇ ਜਦੋਂ ਆਪਣੇ ਕਰਮਚਾਰੀਆਂ ਨੂੰ ਰਲੀਫ਼ ਦਿੱਤਾ ਤਾਂ ਪੰਜਾਬ ਦੇ ਮੁਲਾਜ਼ਮਾਂ ਨੇ ਵੀ ਮੰਗਿਆ, ਹੜਤਾਲਾਂ ਵੀ ਹੋਈਆਂ ਪਰ ਇਨ੍ਹਾਂ ਦੀ ਸਰਕਾਰ ਨੇ ਕਿਹਾ ਕਿ ਅਸੀਂ ਰਲੀਫ਼ ਨਹੀਂ ਦੇਣਾ। ਬਿਜਲੀ ਬੋਰਡ ਵਿਚ ਵੀ ਹੜਤਾਲ ਹੋਈ। ਮਿਥੀਆ ਸਾਹਿਬ ਇਥੇ ਬੈਠੇ ਹਨ ਇਨ੍ਹਾਂ ਨੂੰ ਪਤਾ ਹੈ ਕਿ ਸੰਗਰੂਰ ਵਿਚ 40-40 ਹਜ਼ਾਰ ਰੁਪਏ ਦੀਆਂ ਜ਼ਮਾਨਤਾਂ ਮੰਗੀਆਂ ਗਈਆਂ ਅਤੇ ਨਾਲ ਹੀ ਮਜਿਸਟ੍ਰੇਟਾਂ ਨੂੰ ਇਹ ਹਿਦਾਇਤਾਂ ਜਾਰੀ ਕਰ ਦਿਤੀਆਂ ਕਿ ਜ਼ਮਾਨਤਾਂ ਨਹੀਂ ਹੋਣ ਦੇਣੀਆਂ।

ਇਕ ਮਾਨਯੋਗ ਮੈਂਬਰ : ਜੇ ਇਹ ਹਿਦਾਇਤਾਂ ਸੀ ਤਾਂ ਜ਼ਮਾਨਤਾਂ ਹੋ ਕਿਸ ਤਰ੍ਹਾਂ ਗਈਆਂ ?

ਸ੍ਰੀ ਪ੍ਰੇਮ ਗੁਪਤਾ : ਅਸੀਂ ਹਾਈ ਕੋਰਟ ਵਿਚ ਗਏ ਸੀ। (ਵਿਘਨ) ਮਾਨਯੋਗ ਮੈਂਬਰ ਨੂੰ ਸ਼ਾਇਦ ਇਹ ਵੀ ਪਤਾ ਨਹੀਂ ਕਿ ਪੰਜਾਬ ਵਿਚ ਕੋਈ ਹਾਈ ਕੋਰਟ ਵੀ ਹੈ। (ਵਿਘਨ) ਪਰ ਸਾਡੀ ਇਸ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਹੀ ਇਹ ਵਾਇਦਾ ਕੀਤਾ ਸੀ ਕਿ ਜਿਤਨਾ ਸੈਂਟਰ ਦੀ ਸਰਕਾਰ ਨੇ ਰਲੀਫ਼ ਦਿੱਤਾ ਹੈ ਸਿਰਫ਼ ਉਹ ਹੀ ਨਹੀਂ ਦਿੱਤਾ ਜਾਵੇਗਾ, ਸਗੋਂ ਜਦੋਂ ਵੀ ਅਗਾਂ ਸੈਂਟਰ ਦੀ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਰਲੀਫ਼ ਦੇਵੇਗੀ ਅਸੀਂ ਵੀ ਦਿਆਂਗੇ। ਸੋ ਜਦੋਂ ਇਹ ਸਰਕਾਰ ਪਾਵਰ ਵਿਚ ਆਈ ਤਾਂ ਮਾਰਚ ਵਿਚ ਇਸ ਨੇ ਆਪਣੇ ਮੁਲਾਜ਼ਮਾਂ ਨੂੰ ਰਲੀਫ਼ ਦਿੱਤੀ ਅਤੇ ਫਿਰ ਅਗਸਤ ਵਿਚ ਸੈਂਟਰ ਦੀ ਸਰਕਾਰ ਵਾਂਗ 2 ਕਰੋੜ ਰੁਪਏ ਦੀ ਹੋਰ ਰਲੀਫ਼ ਦਿਤੀ। (ਥੰਪਿੰਗ) ਮੈਂ ਸਮਝਦਾ ਹਾਂ ਕਿ ਅਕਾਲੀ ਸਰਕਾਰ ਜੋ ਇਹ ਕਹਿੰਦੀ ਸੀ ਕਿ ਅਸੀਂ ਸੈਲਰਿਡ ਕਲਾਸ ਨੂੰ ਭੁੱਖਾ ਮਾਰ ਦੇਣਾ ਹੈ, ਇਸ ਸਰਕਾਰ ਨੇ ਉਸ ਸੈਲਰਿਡ ਕਲਾਸ ਦੀ ਵੈਲਫੇਅਰ ਲਈ ਇਹ ਇਕ ਵਡਾ ਕਦਮ ਪੁਟਿਆ ਹੈ ਔਰ ਇਸ ਸਰਕਾਰ ਦੀ ਜੋ ਨੀਤੀ ਹੈ ਇਹ ਇਕ ਕੰਟੀਨਿਊ ਪ੍ਰੋਸੈਸ

ਹੈ । ਔਰ ਇਸ ਪ੍ਰੋਸੈਸ ਨੂੰ ਹੁਣ ਕੋਈ ਰੋਕ ਨਹੀਂ ਸਕਦਾ । ਕਿਸੇ ਨੂੰ ਵੀ ਇਸ ਨੀਤੀ ਨੂੰ ਮਿਸਇੰਟਰਪ੍ਰੇਟ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ । ਬਾਹਰ ਜਾ ਕੇ ਰੌਲਾ ਪਾਉਣਾ ਤਾਂ ਸੌਖਾ ਹੈ । ਆਪੋਜ਼ੀਸ਼ਨ ਦੇ ਡਿਪਟੀ ਲੀਡਰ ਤਾਂ ਉਸ ਵੇਲੇ ਇਥੇ ਹੈ ਨਹੀਂ ਸੀ ਪਰ ਉਸ ਵਕਤ ਦੇ ਸਿੱਖਿਆ ਮੰਤਰੀ ਇਥੇ ਹਨ ਕੀ 20 ਹਜ਼ਾਰ ਮਾਸਟਰਾਂ ਦੀਆਂ ਬਦਲੀਆਂ ਪੰਜਾਬ ਵਿਚ ਮੈਂ ਕੀਤੀਆਂ ਸੀ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਕੀਤੀਆਂ ਸੀ ਜਾਂ ਇਨ੍ਹਾਂ ਦੀ ਸਰਕਾਰ ਨੇ ਕੀਤੀਆਂ ਸੀ ? ਫਿਰ ਸ਼ਰਤਾਂ ਕੀ ਸਨ ਕਿਸੇ ਮਾਸਟਰ ਨੂੰ ਘਰ ਦੇ ਨੇੜੇ ਨਹੀਂ ਰਹਿਣ ਦੇਣਾ, ਕਿਸੇ ਨੂੰ ਆਪਣੇ ਜ਼ਿਲੇ ਵਿਚ ਨਹੀਂ ਰਹਿਣ ਦੇਣਾ ।

ਇਕ ਮਾਨਯੋਗ ਮੈਂਬਰ : ਇਨ੍ਹਾਂ ਨੇ ਹਰਿਆਣੇ ਦੀ ਨਕਲ ਹੀ ਕੀਤੀ ਸੀ ।

ਸ੍ਰੀ ਪ੍ਰੇਮ ਗੁਪਤਾ : ਮੈਂ ਹਰਿਆਣੇ ਦੀ ਨਹੀਂ ਪੰਜਾਬ ਦੀ ਗੱਲ ਕਰ ਰਿਹਾ ਹਾਂ । ਇਨ੍ਹਾਂ ਦੇ ਇਕ ਮਨਿਸਟਰ ਨੇ ਸਟੇਜ ਤੇ ਚੜ੍ਹ ਕੇ ਕਿਹਾ ਕਿ ਇਹ ਡੇਢ ਡੇਢ ਫੁਟ ਦੀਆਂ ਮਾਸਟਰਾਣੀਆਂ ਮੁਫਤ ਦੀ ਤਨਖਾਹ ਲਈ ਜਾਂਦੀਆਂ ਹਨ ਅਤੇ ਜਿਸ ਇਸਤਰੀ ਜਾਤੀ ਦੀ ਅਸੀਂ ਸਾਰੇ ਇੱਜ਼ਤ ਕਰਦੇ ਹਾਂ, ਉਨ੍ਹਾਂ ਬਾਰੇ ਉਸ ਨੇ ਕਿਹਾ ਕਿ ਇਹ ਮਾਸਟਰਾਣੀਆਂ ਕੁਪਿਆਂ ਵਿਚ ਵਾੜ ਕੇ ਫੂਕਣੀਆਂ ਚਾਹੀਦੀਆਂ ਹਨ । (ਵਿਘਨ) (ਸ਼ੋਰ) ।

ਸਰਦਾਰ ਅਜਾਇਬ ਸਿੰਘ ਸੰਧੂ : ਮਾਸਟਰਾਣੀਆਂ ਨੇ ਜਦੋਂ ਮਾਰਚ ਵਿਚ ਇਥੇ ਮੁਜ਼ਾਹਰਾ ਕੀਤਾ ਸੀ ਤਾਂ ਤੁਹਾਡੇ ਸਾਹਮਣੇ ਹੀ ਉਨ੍ਹਾਂ ਦੀਆਂ ਲਤਾਂ ਡਾਂਗਾ ਮਾਰ ਕੇ ਤੁੜਵਾਈਆਂ ਗਈਆਂ ਸੀ । (ਵਿਘਨ)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ ਸਾਡੀ ਸਰਕਾਰ ਨੇ ਸਟੂਡੈਂਟਸ ਬਾਰੇ ਬੜੀ ਲਿਬਰਲ ਪਾਲੀਸੀ ਅਪਣਾਈ ਅਤੇ ਇਹ ਆਰਡਰ ਜਾਰੀ ਕੀਤੇ ਹਨ ਕਿ ਭਾਵੇਂ ਸਟੂਡੈਂਟ ਵਾਇਲੈਂਸ ਕਰਕੇ ਫੜੇ ਗਏ ਹਨ ਜਾਂ ਕਿਸੇ ਹੋਰ ਕਾਰਣ ਕਰਕੇ, ਉਹ ਰਲੀਜ਼ ਕਰ ਦਿੱਤੇ ਜਾਣ ।

ਇਹ ਬੜੀ ਚੰਗੀ ਗੱਲ ਹੈ । ਪੰਜਾਬ ਦੇ ਲੋਕਾਂ ਨੇ ਇਸ ਗੱਲ ਦੀ ਪਹਿਲਾਂ ਵੀ ਪਰਸੰਸਾ ਕੀਤੀ ਸੀ ਅਤੇ ਹੁਣ ਵੀ ਪਰਸ਼ੰਸਾ ਕਰਨਗੇ ।

Mr. Speaker : Please wind up.

ਸ੍ਰੀ ਪ੍ਰੇਮ ਗੁਪਤਾ : ਮੈਂ ਪੰਜ ਮਿੰਟ ਲਵਾਂਗਾ । ਮੈਂ 1970 ਦੀ ਗੱਲ ਦਸੱਦਾ ਹਾਂ ਉਦੋਂ ਇਨ੍ਹਾਂ ਨੇ ਕਈ ਕੋਲਿਜ ਬਣਾਏ ਸਨ ਅਤੇ ਛੇ ਛੇ ਮਹੀਨੇ ਪਰੋਸੈਸ ਨਹੀਂ ਹੋਣ ਦਿੱਤੇ । ਉਹ ਕਾਲਿਜ ਵੀ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਪੰਜਾਬ ਵਿਚ ਆਉਣ ਤੋਂ ਬਾਅਦ ਵਾਪਸ ਲਏ ਜਾਂ ਫੈਸਲੇ ਹੋਏ । ਇਸ ਲਈ ਮੈਂ ਸਮਝਦਾ ਹਾਂ ਕਿ ਛੱਜ ਤਾਂ ਬੋਲੇ ਪਰ ਛਾਨਣੀ ਕੀ ਬੋਲੇ । (ਵਿਘਨ) ਇਹ ਦਰੁਸਤ ਹੈ ਕਿ ਇਸ ਅਕਾਲੀ ਪਾਰਟੀ ਦਾ ਕੋਈ ਇਕਨਾਮਿਕ ਪਰੋਗਰਾਮ ਨਹੀਂ, ਕੋਈ ਇਨ੍ਹਾਂ ਕੋਲ ਲੋਕਾਂ ਦੀ ਭਲਾਈ ਦਾ ਪ੍ਰੋਗਰਾਮ ਨਹੀਂ ਸਿਰਫ ਧਰਮ ਦਾ ਅਸੂਲ ਲੈਕੇ (ਵਿਘਨ) ਹਕੂਮਤ ਚਲਾਉਣ ਵਾਲੀ ਗੱਲ ਇਨ੍ਹਾਂ ਨੇ ਕੀਤੀ ਹੈ । ਨਾ ਲੋਕਾਂ ਦੀ ਨੁਮਾਇੰਦਗੀ ਇਨ੍ਹਾਂ ਨੇ ਚੰਗੀ ਤਰ੍ਹਾਂ ਕੀਤੀ ਹੈ ਅਤੇ ਨਾ ਕਰਨ ਦਾ ਇਨ੍ਹਾਂ ਦਾ ਵਿਚਾਰ ਹੈ । ਇਸ ਪਾਰਟੀ ਵਲੋਂ ਪੰਜਾਬ ਦੀ ਤਰੱਕੀ ਜੋ ਰੋਕੀ ਗਈ ਸੀ ਉਸ ਦੀ ਸਜ਼ਾ ਹੁਣ ਪੰਜਾਬ ਦੇ ਲੋਕਾਂ ਨੂੰ ਮਿਲੀ ਹੈ । (ਵਿਘਨ) ਜੋ ਹੁਣ ਇਨ੍ਹਾਂ ਨੇ 24 ਸੀਟਾਂ ਜਿੱਤ ਲਈਆਂ ਹਨ ਪਰ ਆਉਣ ਵਾਲੇ ਸਮੇਂ ਵਿਚ ਮੈਂ ਸਮਝਦਾ ਹਾਂ ਕਿ ਇਨ੍ਹਾਂ

[ਸ੍ਰੀ ਪ੍ਰੇਮ ਗੁਪਤਾ]

ਤੋਂ 12 ਸੀਟਾਂ ਵੀ ਨਹੀਂ ਜਿੱਤੀਆਂ ਜਾਣੀਆਂ। (ਵਿਘਨ) ਕੋਹਲੀ ਨੂੰ ਲੈ ਆਓ, ਕੋਈ ਆ ਜਾਵੇ, ਮੈਂ ਤਿਆਰ ਹਾਂ। (ਵਿਘਨ) ਸਟੂਡੈਂਟਸ ਸਮਸਿਆ ਨੂੰ ਮੌਜੂਦਾ ਸਰਕਾਰ ਨੇ ਹਲ ਕਰਨ ਵਾਸਤੇ ਜੋ ਕੁਝ ਕੀਤਾ ਹੈ ਜਾਂ ਮੌਜੂਦਾ ਸਰਕਾਰ ਦੀ ਜੋ ਇਸ ਸਬੰਧੀ ਅਪਰੋਚ ਸੀ, ਉਸ ਦੀ ਪੰਜਾਬ ਦੇ ਲੋਕਾਂ ਨੇ ਪਰਸ਼ੰਸਾ ਕੀਤੀ ਹੈ। ਕੋਈ ਨੋ-ਕਾਨਫੀਡੈਂਸ ਮੋਸ਼ਨ ਲੈ ਆਓ ਇਹ ਤਮਾਸ਼ਾ ਬਹੁਤ ਦੇਰ ਨਹੀਂ ਚਲਣਾ। ਇਹ ਤੁਹਾਨੂੰ ਵੀ ਪਤਾ ਹੈ ਕਿ ਇਸ ਦੀ ਵੋਟ ਕੀ ਹੋਣੀ ਹੈ। ਅਸੀਂ ਕੰਮ ਕਰਦੇ ਰਹਿਣਾ ਹੈ। ਸਾਡੀ ਪਾਰਟੀ ਨੇ ਪੂਰੇ ਪੰਜ ਸਾਲ ਇਥੇ ਰਾਜ ਕਰਨਾ ਹੈ ਅਤੇ ਆਪਣੇ ਕੰਮਾਂ ਦਾ ਫੈਸਲਾ ਪੰਜਾਬ ਦੇ ਲੋਕਾਂ ਤੋਂ ਕਰਾਉਣਾ ਹੈ। ਤੁਹਾਡੇ ਭਾਸ਼ਣਾਂ ਨਾਲ ਪੰਜਾਬ ਦੇ ਲੋਕ ਗੁਮਰਾਹ ਨਹੀਂ ਹੋ ਸਕਦੇ। ਜੇ ਹੋ ਸਕਦੇ ਹੁੰਦੇ ਸਟੂਡੈਂਸ ਐਜੀਟੇਸ਼ਨ ਵਿਚ ਜਿਹੜੇ ਕਹਿੰਦੇ ਹਨ ਪੁਲੀਟੀਕਲ ਐਕਸਪਲਾਇਟੇਸ਼ਨ ਨਹੀਂ ਕਰਨੀ ਚਾਹੀਦੀ, ਮੋਗੇ ਦੇ ਬਾਰੇ ਮੈਂ ਸਵਾਲ ਕਰਦਾ ਹਾਂ ਕਿ 16 ਅਕਤੂਬਰ ਨੂੰ ਪੰਜਾਬ ਸਰਕਾਰ ਨਾਲ ਮੋਗੇ ਦੀ ਐਕਸ਼ਨ ਕਮੇਟੀ ਦਾ ਫੈਸਲਾ ਹੋ ਗਿਆ ਸੀ ਤਾਂ 23 ਤਰੀਖ ਤੋਂ ਬਾਅਦ ਪੰਜਾਬ ਵਿਚ ਗੜਬੜ ਕਰਾਉਣ ਦੀ ਜ਼ਿਮੇਵਾਰੀ ਇਥੇ ਦੇ ਕਿਸ ਐਂਟੀ-ਸੋਸ਼ਲ ਐਲੀਮੈਂਟ ਤੇ ਹੈ ? 24 ਤਾਰੀਖ ਨੂੰ ਪਟਿਆਲੇ ਵਿਚ ਮਾੜੀ ਘਟਨਾ ਹੋਈ। ਇਸ ਨੂੰ ਸਾਰਿਆਂ ਨੇ ਕੰਡੈਮ ਕੀਤਾ ਪਰ ਅਕਾਲੀ ਪਾਰਟੀ ਦੇ ਲੀਡਰ ਕਿਵੇਂ ਇਕ ਦਮ ਉਥੇ ਪਹੁੰਚ ਗਏ। ਉਨ੍ਹਾਂ ਨੂੰ ਪਤਾ ਸੀ ਕਿ ਇਹ ਘਟਨਾ ਹੋਣੀ ਹੈ। ਗੁਰਦਵਾਰਿਆਂ ਤੋਂ ਗੁਲੇਲਾਂ ਚਲਾਕੇ ਇਥੇ ਹਫਰਾ-ਤਫਰੀ ਪੈਦਾ ਨਹੀਂ ਕੀਤੀ ਜਾ ਸਕਦੀ। (ਵਿਘਨ) ਇਹ ਜ਼ਿੰਦਾ ਸਬੂਤ ਹੈ। ਡੈਮੋਕ੍ਰੇਟਿਕ ਢੰਗ ਨਾਲ ਲੜਨਾ ਚਾਹੀਦਾ ਹੈ। ਗੁਲੇਲਾਂ ਚਲਾਕੇ ਰਾਜ ਨਹੀਂ ਆਉਂਦਾ ਜਾਂ ਜਾਂਦਾ। (ਵਿਘਨ) 24/25 ਤਾਰੀਖ ਤੋਂ ਬਾਅਦ ਸਟੂਡੈਂਟਸ ਅਨਰੈਸਟ ਹੋਈ ਉਹ ਨਕਾਬਪੋਸ਼ ਫੇਰ ਆਏ, ਇਹਦੀ ਜ਼ਿੰਮੇਵਾਰੀ ਕਿਸਦੀ ਹੈ ? ਉਨ੍ਹਾਂ ਲੋਕਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਜਿਹੜੇ ਸਟੂਡੈਂਟਸ ਨੂੰ ਐਕਸਪਲਾਇਟ ਕਰਦੇ ਹਨ। ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਸਾਥੀਆਂ ਨੂੰ ਪੁਲੀਟੀਕਲ ਸੂਝ-ਬੂਝ ਜ਼ਿਆਦਾ ਆਉਣ ਨਾਲ ਇਹ ਪੰਜਾਬ ਦੀਆਂ ਭਲਾਈ ਦੀਆਂ ਗੱਲਾਂ ਕਰਨਗੇ।

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ, ਐਸ. ਸੀ.): ਮਾਨਯੋਗ ਸਪੀਕਰ ਸਾਹਿਬ ਅੱਜ ਮੇਰਾ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੇ ਖਿਲਾਫ ਬੇ-ਪਰਤੀਤੀ ਦਾ ਮਤਾ ਪੇਸ਼ ਹੋਇਆ ਹੈ। ਇਹ ਕਿਉਂ ਹੋਇਆ ? ਕਿਉਂਕਿ ਇਸ ਸਰਕਾਰ ਦੇ ਕੀਤੇ ਵਿਰੋਧੀ ਕੰਮਾਂ ਕਰਕੇ ਇਸ ਸਰਕਾਰ ਨੇ ਉਹ ਕੰਮ ਕੀਤੇ ਜਿਹੜੇ ਕਿ ਜਨਤਕ ਵਿਰਧੀ ਸਨ, ਜਨਤਾ ਦੀਆਂ ਪਾਰਟੀਆਂ ਅਤੇ ਜਨਤਕ ਲਹਿਰਾਂ ਨੂੰ ਖਤਮ ਕਰਨ ਲਈ ਕਾਂਗਰਸ ਵਲੋਂ ਚੁਕੇ ਗਏ ਕਦਮਾਂ ਕਰਕੇ, ਇਹ ਮਤਾ ਪੇਸ਼ ਕੀਤਾ ਗਿਆ ਹੈ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਇਹ ਕਾਂਗਰਸ ਸਰਕਾਰ ਲੈਂਡ ਸੀਲਿੰਗ ਕਰਨ ਦਾ ਨਾਅਰਾ ਮਾਰਦੀ ਆਈ ਹੈ ਪਰ ਲੈਂਡ ਸੀਲਿੰਗ ਨਹੀਂ ਕਰ ਸਕੀ। 1953 ਵਿਚ ਵੀ ਲੈਂਡ ਟੈਨੈਨਸੀ ਐਕਟ ਪਾਸ ਕੀਤਾ ਗਿਆ ਸੀ। ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਕੈਰੋਂ ਸਾਹਿਬ ਨੇ ਬਿਆਨ ਦਿੱਤਾ ਸੀ ਕਿ ਪੰਜਾਬ ਵਿਚ 88 ਹਜ਼ਾਰ ਲੈਂਡ ਲਾਰਡਜ਼ ਹਨ ਜਿਨ੍ਹਾਂ ਕਲੋਂ ਜ਼ਮੀਨਾਂ ਨਿਕਲਣਗੀਆਂ ਜਦੋਂ ਉਹ ਬਿਲ ਪਾਸ ਹੋ ਗਿਆ ਤਾਂ ਸਿਰਫ 28 ਹਜ਼ਾਰ ਰਹਿ ਗਏ। ਪਰ ਸਪੀਕਰ ਸਾਹਿਬ ਜਿਹੜੇ 28 ਹਜ਼ਾਰ ਲੈਂਡ ਲਾਰਡ ਰਹਿ ਗਏ ਸੀ, ਮੈਨੂੰ ਪਤਾ ਹੈ ਉਨ੍ਹਾਂ ਤੋਂ ਅੱਜ ਤਕ ਵੀ ਕਈ ਜ਼ਮੀਨ ਇਕ ਬਿਸਵਾ ਵੀ ਨਹੀਂ ਮਿਲੀ। ਇਸ ਤਰ੍ਹਾਂ ਦਾ ਫਰਾਡ ਹੁਣ ਇਹ ਹੋਏਗਾ ਟਿਹਰੇ ਵਿਚੋਂ ਨਿਕਲਣ ਨੂੰ ਕੁਝ ਨਹੀਂ। ਅਤੇ ਜਿਸ ਦੇ ਵਿਚ

ਬਾਗ ਰਖੇ ਗਏ ਹਨ । ਬਾਗਾਂ ਨੂੰ ਛੋਟ ਦਿਤੀ ਹੈ । ਜਿਹੜੇ ਬਾਗ 'ਏ' ਕਲਾਸ ਜ਼ਮੀਨ ਵਿਚ ਹੁੰਦੇ ਹਨ । ਇਨ੍ਹਾਂ ਨੂੰ ਪੰਜ ਗੁਣਾ ਪਾਣੀ ਲਗਦਾ ਹੈ । ਇਸ ਨੂੰ 54 ਏਕੜ ਦੀ ਛੋਟ ਦਿਤੀ ਹੋਈ ਹੈ । (ਵਿਘਨ) ਸੋ ਇਹਦੇ ਵਿਚੋਂ ਨਿਕਲਣਾ ਕੁਝ ਵੀ ਨਹੀਂ ਹੈ ।

ਸਪੀਕਰ ਸਾਹਿਬ, ਇਹ ਸਰਕਾਰ ਹਰੀਜਨਾਂ ਨੂੰ ਵਾਧੂ ਨਿਕਾਸੀ ਜ਼ਮੀਨ ਦੇਣ ਦੀ ਵਚਨਬਧ ਹੈ । ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਜਦੋਂ ਇਨ੍ਹਾਂ ਦੀ ਪਹਿਲਾਂ ਸਰਕਾਰ ਹੁੰਦੀ ਸੀ ਉਦੋਂ ਵੀ ਇਨ੍ਹਾਂ ਨੇ ਵਾਧੂ ਜ਼ਮੀਨ ਇਨ੍ਹਾਂ ਲੋਕਾਂ ਨੂੰ ਦਿੱਤੀ ਹੈ । ਪਰ ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਦੇ ਰਾਜ ਵਿਚ ਜਿਹੜੇ ਮੁਜ਼ਾਰੇ ਸਨ ਉਹ ਬੇ-ਦਖਲ ਹੋਏ ਹਨ ਅਤੇ ਜਿਹੜੀ ਜ਼ਮੀਨ ਗਰੀਬ ਹਰੀਜਨਾਂ ਨੂੰ ਦੇਣੀ ਸੀ ਉਹ ਬੋਲੀਆਂ ਨਾਲ ਦੇਕੇ ਜਿਹੜੇ ਚੰਗੇ ਹਰੀਜਨ ਸਨ ਉਹ ਲੈ ਗਏ ਭਾਵੇਂ ਉਹ ਆਪ ਖੇਤੀ ਨਹੀਂ ਕਰਦੇ ਸਨ । ਇਸ ਸਬੰਧ ਵਿਚ ਮੇਰੇ ਕੋਲ ਮਿਸਾਲਾਂ ਹਨ । ਮਾਲੇਰਕੋਟਲੇ ਵਿਚ ਬੋਲੀ ਹੋਈ ਨਿਕਾਸੀ ਜ਼ਮੀਨ ਦੀ ਜਿਸ ਦੇ ਵਿਚ ਇਕ ਕਾਂਗਰਸ ਵਰਕਰ ਜਿਸ ਦਾ ਮੈਂ ਨਾਉਂ ਨਹੀਂ ਲੈਣਾ ਚਾਹੁੰਦਾ ਉਸ ਨੇ ਉਹ ਨਿਕਾਸੀ ਜ਼ਮੀਨ ਆਪਣੇ ਨਾਉਂ ਤੇ ਲੈਕੇ ਵਡੇ ਲੈਂਡਲਾਰਡ ਨੂੰ ਦੇ ਦਿੱਤੀ । (ਵਿਘਨ) ਇਸ ਤਰ੍ਹਾਂ ਦਾ ਹਾਲ ਇਸ ਸਰਕਾਰ ਦੇ ਵਲੋ ਹੋਇਆ ਹੈ ।

ਸਪੀਕਰ ਸਾਹਿਬ ਅਗਲਾ ਪੁਆਇੰਟ ਮੇਰਾ ਇਹ ਹੈ ਕਿ ਇਸ ਸਰਕਾਰ ਦੀ ਨੀਤੀ ਮਜ਼ਦੂਰ ਵਿਰੋਧੀ ਰਹੀ ਹੈ । ਲੁਧਿਆਣਾ ਵਿਚ ਹੌਜ਼ਰੀ ਦੇ ਵਰਕਰਾਂ ਦੀ ਹੜਤਾਲ ਰਹੀ । ਉਥੇ 50,000 ਦੇ ਕਰੀਬ ਮਜ਼ਦੂਰ ਬੇਕਾਰ ਕੀਤੇ ਗਏ । ਉਹ ਕਿਉਂ ਕੀਤੇ ਗਏ ਕਿਉਂ-ਕਿ ਉਹ ਮਾਲਕਾਂ ਦੇ ਆਖੇ ਨਹੀਂ ਲਗੇ । ਉਹਨਾਂ ਨੇ ਕੀ ਆਖੇ ਲਗਣਾ ਸੀ, ਸਪੀਕਰ ਸਾਹਿਬ, ਹੌਜ਼ਰੀ ਮਾਲਕ ਫਾਰਨ ਕੰਟਰੀਜ਼ ਵਿਚੋਂ ਮਾਲ ਸਮਗਲ ਕਰਕੇ ਲਿਆਉਂਦੇ ਸੀ । ਕਿਉਂਕਿ ਇਹ ਮਾਲ ਸਮਗਲ ਹੋਇਆ ਫੜਿਆ ਗਿਆ ਇਸ ਲਈ ਮਾਲਕਾਂ ਨੇ ਇਨ੍ਹਾਂ ਮਜ਼ਦੂਰਾਂ ਨੂੰ ਕਿਹਾ ਕਿ ਇਹ ਲੋਕ ਇਨ੍ਹਾਂ ਮਾਲਕਾਂ ਦੇ ਹੱਕ ਵਿਚ ਮੁਜ਼ਾਹਰੇ ਕਰਨ ।

ਪਰ ਉਹ ਉਨ੍ਹਾਂ ਦੇ ਹੱਕ ਵਿਚ ਨਾ ਗਏ । ਇਸ ਲਈ ਉਨ੍ਹਾਂ ਨੂੰ ਕੰਮ ਤੋਂ ਵਿਹਲਾ ਕਰ ਦਿੱਤਾ । ਉਥੇ ਸਰਕਾਰ ਦਾ ਕੀ ਰੋਲ ਸੀ ? ਕਾਂਗਰਸ ਸਰਕਾਰ ਦਾ ਕੀ ਰੋਲ ਸੀ ? ਉਸ ਵੇਲੇ ਚਾਹੀਦਾ ਤਾਂ ਇਹ ਸੀ ਕਿ ਮਾਲਿਕਾਂ ਦੇ ਵਿਰੁਧ ਡਟਕੇ ਇਹ ਖੜੇ ਹੁੰਦੇ । ਪਰ ਹੋਇਆ, ਕੀ ਕਿ ਸਾਡੇ ਸੀ. ਐਮ. ਸਾਹਿਬ ਦਿੱਲੀ ਵਿਚ ਜਾਕੇ ਬਿਆਨ ਦਿੰਦੇ ਹਨ ਕਿ ਇਹ ਜਿਹੜੀ ਸਮਗਲਿੰਗ ਕੀਤਾ ਹੋਇਆ ਮਾਲ ਫੜਿਆ ਹੈ, ਇਸ ਨੂੰ ਜਿਹੜੇ ਕਸਟਮ ਅਧਿਕਾਰੀਆਂ ਨੇ ਫੜਿਆ ਹੈ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ । ਇਹ ਸਾਡੀ ਸਰਕਾਰ ਦਾ ਰੋਲ । ਇਹ ਰੋਲ ਮਾਲਿਕਾਂ ਦੇ ਹੱਕ ਵਿਚ ਗਿਆ ਅਤੇ ਮਜ਼ਦੂਰਾਂ ਦੇ ਖਿਲਾਫ ਸੀ ।

ਇਸ ਤੋਂ ਅੱਗੇ ਮੈਂ ਅਰਜ਼ ਕਰਦਾ ਹਾਂ ਕਿ ਅੱਜ ਹਾਈਡਲ ਪ੍ਰਾਜੈਕਟ ਦੇ ਕਾਮਿਆਂ ਦੀਆਂ ਡੀਮਾਂਡਜ਼ ਬਾਰੇ ਵੀ ਗੱਲ ਬਾਤ ਚੱਲ ਰਹੀ ਹੈ । (ਵਿਘਨ) । ਮੈਂ ਚੌਧਰੀ ਸਾਹਿਬ (ਮਨਿਸਟਰ) ਨਾਲ ਟਾਈਮ ਬਾਰੇ ਗੱਲ ਕੀਤੀ ਪਰ ਉਨ੍ਹਾਂ ਨੇ ਟਾਈਮ ਤਾਂ ਕੀ ਦੇਣਾ ਸੀ । ਮਤਲਬ ਕਿ ਉਨ੍ਹਾਂ ਨੇ 10 ਦਸੰਬਰ ਤੱਕ ਟਾਈਮ ਹੀ ਨਹੀਂ ਦਿੱਤਾ । ਮੈ ਬੜਾ ਹੈਰਾਨ ਹਾਂ (ਵਿਘਨ) ਕਿ ਮਜ਼ਦੂਰਾਂ ਦੀ ਗੱਲ ਹੈ । ਇਹ ਜਿਹੜੇ ਮਜ਼ਦੂਰਾਂ ਦੇ ਵੱਡੇ ਦਾਅਵੇਦਾਰ ਬਣਦੇ ਹਨ ਅਤੇ ਮਜ਼ਦੂਰਾਂ ਦੇ ਹਾਮੀ ਬਣਦੇ ਹਨ ਪਰ ਜਦੋਂ ਉਨ੍ਹਾਂ ਦੀ ਗੱਲ ਕਰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਟਾਈਮ ਹੀ ਨਹੀਂ । ਸੋ ਇਹ

[ਕਾਮਰੇਡ ਚੰਦ ਸਿੰਘ ਚੋਪੜਾ, ਮਾਸਟਰ]

ਮਜਦੂਰਾਂ ਪ੍ਰਤੀ ਇਨ੍ਹਾਂ ਦੀ ਪਾਲਿਸੀ ਹੈ। (ਵਿਘਨ), ਸਪੀਕਰ ਸਾਹਿਬ, ਨਹਿਰੀ ਵਿਭਾਗ ਵਿਚ ਇਕ ਵਰਕ ਚਾਰਜ ਕਾਮੇ ਹਨ ਜੋ ਕਿ ਦਿਹਾੜੀਦਾਰਾਂ ਦੀ ਤਰ੍ਹਾਂ ਕੰਮ ਕਰਦੇ ਹਨ। ਉਨ੍ਹਾਂ ਨੂੰ 120 ਰੁਪਏ ਮਹੀਨਾ ਮਿਲਦੇ ਹਨ। ਇਨ੍ਹਾਂ 120 ਰੁਪਏ ਵਿਚੋਂ ਹੀ ਉਹ ਕਹੀ, ਤਸਲਾ ਅਤੇ ਹੋਰ ਸਾਮਾਨ ਆਪ ਲੈਂਦੇ ਹਨ ਅਤੇ ਖੂਨ ਪਸੀਨੇ ਦੀ ਉਹ ਕਮਾਈ ਕਰਦਾ ਹੈ ਪਰ ਉਸ ਦੀ ਸ਼ਰੀਰਕ ਸ਼ਕਤੀ ਦੀ ਲੁਟ ਵੱਡੇ ਵੱਡੇ ਅਫਸਰ ਖਾਈ ਜਾਂਦੇ ਹਨ ਅਤੇ 24 ਘੰਟੇ ਉਨ੍ਹਾਂ ਤੋਂ ਕੰਮ ਲੈਂਦੇ ਹਨ। ਇਸ ਤਰ੍ਹਾਂ ਦੀ ਇਨ੍ਹਾਂ ਗਰੀਬਾਂ ਦੀ ਹਾਲਤ ਹੈ।

ਇਸ ਤੋਂ ਅਗਲੀ ਗੱਲ ਹੈ ਪ੍ਰਾਈਵੇਟ ਕਾਲਜ ਟੀਚਰਾਂ ਦੀ ਹੜਤਾਲ ਦੇ ਸਬੰਧ ਵਿਚ ਬਹੁਤ ਚਿਰ ਤੋਂ ਇਹ ਸਟਰਗਲ ਚਲ ਰਹੀ ਸੀ ਪਰ ਹੁਣ ਕਾਫੀ ਦਿਨਾਂ ਦੇ ਬਾਅਦ ਇਹ ਸਟਰਗਲ ਖਤਮ ਹੋ ਗਈ ਹੈ। ਕਿਉਂਕਿ ਸਾਡੇ ਸੀ. ਐਮ. ਸਾਹਿਬ ਨੇ ਉਨ੍ਹਾਂ ਨੂੰ ਵਾਅਦਾ ਦੇ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਜਾਇਜ਼ ਸਨ। ਨੈਸ਼ਨੇਲਾਈਜ਼ੇਸ਼ਨ ਆਫ ਐਜੂਕੇਸ਼ਨ ਬਾਰੇ ਵੀ ਅਤੇ ਸਿਕਿਉਰਿਟੀ ਆਫ ਸਰਵਿਸ ਬਾਰੇ ਉਨ੍ਹਾਂ ਦੀਆਂ ਮੰਗਾਂ ਜਾਇਜ਼ ਸਨ। (ਘੰਟੀ)

Mr. Speaker : Please wind up.

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ: ਸਪੀਕਰ ਸਾਹਿਬ, ਜਿਹੜਾ ਉਨ੍ਹਾਂ ਭਰੋਸਾ ਦਿੱਤਾ ਹੈ ਉਹ ਸਿਰਫ ਭਰੋਸਾ ਹੀ ਰਹਿ ਜਾਵੇਗਾ ਹੋਰ ਕੁਝ ਨਹੀਂ ਹੋਣਾ। (ਵਿਘਨ)

ਇਸ ਤੋਂ ਅੱਗੇ ਮੈਂ ਸਟੂਡੈਂਟਸ ਬਾਰੇ ਕਹਿਣਾ ਚਾਹੁੰਦਾ ਹਾਂ। ਮੋਗਾ ਦਾ ਕਾਂਡ ਹੋਇਆ ਪਰ ਇਸ ਦੇ ਬਾਰੇ ਮੈਂ ਕਹਿਣਾ ਨਹੀਂ ਚਾਹੁੰਦਾ ਕਿਉਂਕਿ ਇਹ ਮੁਆਮਲਾ ਅਦਾਲਤ ਵਿਚ ਹੈ। ਕਿਸ ਤਰ੍ਹਾਂ ਉਥੇ ਸਾਰੇ ਲੋਕਾਂ ਨੂੰ ਖਤਰੇ ਵਿਚ ਪਾ ਦਿੱਤਾ। ਪੰਜਾਬ ਵਿਚ ਦਫਾ 144 ਲਗਾ ਦਿੱਤੀ। ਠਾਕਰਾਂ ਪਹਿਰਾ ਲਗਾ ਦਿੱਤਾ। ਲੋਕਾਂ ਤੇ ਵਿਦਿਆਰਥੀਆਂ ਤੇ ਝੂਠੇ ਕੇਸ ਬਣਾਏ ਗਏ। (ਵਿਘਨ) ਇਸੇ ਤਰ੍ਹਾਂ ਮੈਂ ਆਪਣੇ ਜ਼ਿਲ੍ਹੇ ਸੰਗਰੂਰ ਦੀ ਗੱਲ ਦੱਸਦਾ ਹਾਂ। ਸਾਡੇ ਭੱਠਲ ਸਾਹਿਬ ਜਿਹੜੇ ਪੁਰਾਣੇ ਮੈਂਬਰ ਸਨ ਅਤੇ ਦੇਸ਼ ਭਗਤ ਹਨ ਅਤੇ ਕਾਮਰੇਡ ਸੰਪੂਰਨ ਸਿੰਘ ਧੌਲਾ ਤੇ ਐਵੇਂ ਦੋਸ਼ ਲਗਾ ਕੇ ਜੇਲ੍ਹ ਵਿਚ ਪਾ ਦਿੱਤਾ। ਇਸੇ ਤਰ੍ਹਾਂ ਲਾਹੌਰ ਸਿੰਘ ਤੱਗੜ ਹੈ ਉਸ ਉਤੇ ਬੱਸ ਫੂਕਣ ਦਾ ਦੋਸ਼ ਲਾਇਆ ਗਿਆ। ਇਸੇ ਤਰ੍ਹਾਂ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਅਤੇ ਭਜਨ ਸਿੰਘ ਹਨ, ਉਨ੍ਹਾਂ ਉਤੇ ਮੰਜੂ ਸਿਨਮਾ ਸਾੜਨ ਦਾ ਝੂਠਾ ਕੇਸ ਬਣਾ ਕੇ ਉਹ ਜੇਲ੍ਹ ਵਿਚ ਪਾ ਦਿਤੇ ਹਨ। (ਘੰਟੀ)।

ਬੱਸ ਜੀ ਮੈਂ ਇਕ ਮਿੰਟ ਹੀ ਹੋਰ ਲਵਾਂਗਾ। ਇਸ ਤੋਂ ਅੱਗੇ ਕੁਰੱਪਸ਼ਨ ਦਾ ਸਵਾਲ ਹੈ। ਰੈਵਨਿਊ ਅਤੇ ਪੁਲਿਸ ਡੀਪਾਰਟਮੈਂਟਸ ਵਿਚ ਕੁਰਪਸ਼ਨ ਬਹੁਤ ਵੱਧ ਗਈ ਹੈ। ਇਕ ਪਟਵਾਰੀ ਕੋਲੋਂ ਜੇ ਕਿਸੇ ਸਾਡੇ ਕਿਸਾਨ ਨੇ ਜ਼ਮੀਨ ਦੇ ਨੰਬਰ ਲੈਣੇ ਹੋਣ ਤਾਂ ਉਹ 10-12 ਰੁਪਏ ਤੋਂ ਘੱਟ ਗੱਲ ਹੀ ਨਹੀਂ ਕਰਦਾ। ਇਸੇ ਤਰ੍ਹਾਂ ਪੁਲਿਸ ਡੀਪਾਰਟਮੈਂਟ ਵਿਚ ਹੈ। ਜੇ ਕਿਸੇ ਥਾਣੇ ਵਿਚ ਰਿਪੋਰਟ ਦਰਜ ਕਰਾਉਣ ਜਾਓ ਤਾਂ ਐਸ. ਐਚ. ਓ. ਕਹਿੰਦਾ ਹੈ ਕਿ ਦੱਸ ਕਿਸ ਤਰ੍ਹਾਂ ਆਇਆ ਹੈਂ। ਕੀ ਕੁਝ ਪੱਲੇ ਵੀ ਹੈ। ਮੈਂ ਤੁਹਾਨੂੰ ਸ਼ੇਰਪੁਰ ਥਾਣੇ ਦੀ ਗੱਲ ਦੱਸਦਾ ਹਾਂ ਉਹ ਕਹਿੰਦੇ ਹਨ ਕਿ ਦੱਸੋ ਕਿੰਨਾ ਪੈਸਾ ਲਿਆਏ ਹੋ। ਉਥੇ ਹੁਣੇ ਹੀ ਥਾਣੇ ਵਿਚ ਇਕ ਮੁੰਡੇ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ ਕਿਉਂਕਿ ਥਾਣੇਦਾਰ ਨੇ ਦੂਜੇ ਪਾਸਿਓਂ 300 ਰੁਪਿਆ ਲਿਆ ਹੋਇਆ ਸੀ। ਪੁਲਿਸ ਵਿਚ ਕਿਸੇ

Kuldeep

ਨੂੰ ਤਰੱਕੀ ਦੇਣੀ ਹੋਵੇ ਤਾਂ ਉਨ੍ਹਾਂ ਨੂੰ ਤਰੱਕੀ ਦਿੱਤੀ ਜਾਂਦੀ ਹੈ ਜਿਹੜੇ ਬੜੇ ਕੁਰੱਪਟ ਹੋਣ ਅਤੇ ਬੇਈਮਾਨ ਹੋਣ। ਕਾਂਗਰਸ ਸਰਕਾਰ ਕਹਿੰਦੀ ਹੈ ਕਿ ਅਸੀਂ ਹਰੀਜਨਾਂ ਦੇ ਬੜੇ ਹਾਮੀ ਹਾਂ। ਮੈਂ ਰੀਜ਼ਰਵੇਸ਼ਨ ਦੀ ਗੱਲ ਕਰਦਾ ਹਾਂ। ਪਿਛੇ ਜਿਹੇ ਡੀ. ਐਸ. ਪੀ. ਪਰਮੋਟ ਕੀਤੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜ ਡੀ. ਐਸ. ਪੀ. ਤੋਂ ਐਸ. ਪੀ. ਪਰਮੋਟ ਕੀਤੇ ਹਨ ਕੀ ਉਨ੍ਹਾਂ ਵਿਚ ਕੋਈ ਸ਼ੈਡਿਊਲਡ ਕਾਸਟ ਵੀ ਹੈ? ਸੋ ਇਹੀ ਜਿਹੀ ਕਾਂਗਰਸ ਸਰਕਾਰ ਦੀ ਹਰੀਜਨਾਂ ਪ੍ਰਤੀ ਪਾਲਿਸੀ ਹੈ।

ਇਸ ਤੋਂ ਅੱਗੇ ਮੈਂ ਐਜੂਕੇਸ਼ਨ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਸਾਡੇ ਵਿਦਿਆ ਮੰਤਰੀ ਜੀ ਨੇ ਜਿਹੜੇ ਕਾਂਗਰਸੀ ਹਲਕੇ ਸਨ ਉਥੇ ਸਕੂਲ ਦੇ ਦਿੰਦੇ ਹਨ। ਮੈਂ ਉਨ੍ਹਾਂ ਨੂੰ ਪਹਿਲਾਂ ਵੀ ਮਿਲਿਆ ਸੀ। ਮੈਂ ਕਿਹਾ ਕਿ ਸਾਡੇ ਮੂਲੋਵਾਲ ਜਿਹੜਾ ਸਕੂਲ ਹੈ ਉਹ ਪੰਜ ਪਿੰਡਾਂ ਦੇ ਵਿਚਕਾਰ ਹੈ ਇਸ ਲਈ ਉਸ ਨੂੰ ਮਿਡਲ ਸਕੂਲ ਤੋਂ ਹਾਈ ਸਕੂਲ ਕਰ ਦਿਓ, ਉਹ ਸਾਰੇ ਪਿੰਡਾਂ ਦਾ ਸਾਂਝਾ ਸਕੂਲ ਹੈ, ਪਰ ਇਨ੍ਹਾਂ ਨੇ ਉਸ ਨੂੰ ਅਪਗਰੇਡ ਨਹੀਂ ਕੀਤਾ। ਪਰ ਮਲੇਰਕੋਟਲੇ ਦੇ ਹਲਕੇ ਵਿਚ ਦੋ ਦੋ ਮੀਲ ਤੇ ਹਾਈ ਸਕੂਲ ਬਣਾਏ ਗਏ ਹਨ ਉਥੇ ਇਕ ਸਕੂਲ ਅਜਿਹਾ ਹੈ ਜਿਥੇ ਕਿ ਬਚਿਆਂ ਦੀ ਸਟਰੈਂਥ ਵੀ ਪੂਰੀ ਨਹੀਂ ਹੈ। ਇਨ੍ਹਾਂ ਨੇ ਆਪੋਜ਼ੀਸ਼ਨ ਹਲਕੇ ਵਿਚ ਕੋਈ ਵੀ ਮਿਡਲ ਜਾਂ ਹਾਈ ਸਕੂਲ ਅੱਪਗ੍ਰੇਡ ਨਹੀਂ ਕੀਤਾ। (ਵਿਘਨ)

Mr. Speaker : Please resume your seat.

ਕਾਮਰੇਡ ਚੰਦ ਸਿੰਘ ਚੋਪੜਾ ਮਾਜਟਾਹ : ਇਸ ਤੋਂ ਅੱਗੇ ਸਪੀਕਰ ਸਾਹਿਬ, ਮੈਂ ਮਹਿੰਗਾਈ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਡੰਗ ਸਾਹਿਬ ਨੇ ਕਿਹਾ ਕਿ ਮਹਿੰਗਾਈ ਦੀ ਜ਼ਿਮੇਵਾਰ ਹਿੰਦੁਸਤਾਨ ਦੀ ਸਰਕਾਰ ਹੈ ਅਤੇ ਪੰਜਾਬ ਦੀ ਸਰਕਾਰ ਨਹੀਂ। ਪਰ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਚੀਨੀ ਜਿਸ ਦਾ ਕੰਟਰੋਲ ਰੇਟ 2 ਰੁਪਏ 10 ਪੈਸੇ ਪਰ ਬਲੈਕ ਵਿਚ ਉਹ ਸਾਢੇ ਚਾਰ ਰੁਪਏ ਵਿਚ ਮਿਲਦੀ ਹੈ। ਇਸੇ ਤਰ੍ਹਾਂ ਇੱਟਾਂ ਹਨ ਜਿਨ੍ਹਾਂ ਦਾ ਭਾਅ 58 ਰੁਪਏ ਹੈ ਪਰ ਅੱਜ ਉਹ ਬਲੈਕ ਵਿਚ 80 ਜਾਂ 90 ਰੁਪਏ ਵਿਚ ਮਿਲਦੀਆਂ ਹਨ। ਦਾਲਾਂ ਬੜੀਆਂ ਮਹਿੰਗੀਆਂ ਹੋਈਆਂ ਹੋਈਆਂ ਹਨ। ਇਹ ਸਭ ਕਿਸ ਦਾ ਕਸੂਰ ਹੈ? ਇਹ ਪੰਜਾਬ ਸਰਕਾਰ ਦਾ ਕਸੂਰ ਹੈ। (ਘੰਟੀ) ਇਸ ਕਰਕੇ ਮੈਂ ਵੀ ਇਸ ਮਤੇ ਵਿਚ ਸ਼ਾਮਿਲ ਹੋਇਆ ਹਾਂ। ਕਿਉਂਕਿ ਅਸੀਂ ਇਕੱਠੇ ਬੈਠਕੇ ਪ੍ਰੋਗਰਾਮ ਬਣਾਇਆ ਸੀ ਇਸ ਕਰਕੇ ਮੈਂ ਇਸ ਦੇ ਹੱਕ ਵਿਚ ਹਾਂ। (ਤਾੜੀਆਂ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋਏ)

ਸ੍ਰੀ ਸਪੀਕਰ : ਸਮਾਂ ਇਕ ਘੰਟਾ ਰਹਿ ਗਿਆ ਹੈ ਅਤੇ ਸੀ. ਐਮ. ਸਾਹਿਬ ਵਲੋਂ ਰਿਪਲਾਈ ਵੀ ਆਉਣਾ ਹੈ। ਇਸ ਲਈ ਸਮਾਂ ਬਹੁਤ ਘੱਟ ਰਹਿ ਗਿਆ ਹੈ। (Only one hour is left and C.M. is to give the reply. The time is too short.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਸਾਨੂੰ ਵੀ ਟਾਈਮ ਦਿਓ।

(ਇਸ ਵਕਤ ਮੁੱਖ ਮੰਤਰੀ ਸਾਹਿਬ ਬੋਲਣ ਲਈ ਖੜੇ ਹੋਏ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਤੁਸੀਂ 5 ਘੰਟੇ ਡਿਸਕਸ਼ਨ ਵਾਸਤੇ ਰਖੇ ਸੀ। ਪੌਣੇ ਪੰਜ ਵਜੇ,

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਡਿਸਕਸ਼ਨ ਸ਼ੁਰੂ ਹੋਈ ਸੀ ਅਤੇ ਇਹ ਪੌਣੇ ਦੱਸ ਵਜੇ ਤਕ ਚਲਣੀ ਚਾਹੀਦੀ ਹੈ। (ਵਿਘਨ)

ਸਰਦਾਰ ਉਮਰਾਓ ਸਿੰਘ (ਸਿਖਿਆ ਮੰਤਰੀ) : ਸਪੀਕਰ ਸਾਹਿਬ, ਪੂਰਾ 9.00 ਵਜੇ ਤਕ ਟਾਈਮ ਫਿਕਸ ਕੀਤਾ ਸੀ। (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਤੁਸੀਂ 5 ਘੰਟੇ ਟਾਈਮ ਫਿਕਸ ਕੀਤਾ ਸੀ, ਇਹ ਰਿਕਾਰਡ ਹੋਇਆ ਹੈ। ਤੁਸੀਂ ਰਿਕਾਰਡ ਦੇਖ ਸਕਦੇ ਹੋ।

ਸ਼੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ ਅੱਧਾ ਘੰਟਾ ਹਾਊਸ ਦਾ ਟਾਈਮ ਹੋਰ ਵੱਧਾ ਲੈਂਦੇ ਹਾਂ। (ਵਿਘਨ) ਇਨ੍ਹਾਂ ਨੂੰ ਬੋਲ ਲੈਣ ਦਿਉ। (Sardar Umrao Singh jee, let us extend the sitting of the House by half an hour. Let the hon. Member speak.) (*Interruption*)

ਸਰਦਾਰ ਉਮਰਾਓ ਸਿੰਘ (ਸਿਖਿਆ ਮੰਤਰੀ) : ਸਪੀਕਰ ਸਾਹਿਬ, ਇਹ ਡੇਢ ਘੰਟਾ ਬੋਲ ਚੁਕੇ ਹਨ ਅਤੇ 15-20 ਮਿੰਟ ਇਨ੍ਹਾਂ ਰਿਪਲਾਈ ਲਈ ਲੈਣਾ ਹੈ। ਜੇ ਇਹ ਰਿਪਲਾਈ ਦਾ ਟਾਈਮ ਨਹੀਂ ਲੈਣਾ ਚਾਹੁੰਦੇ ਤਾਂ ਹੁਣ ਬੋਲ ਲੈਣ ਸਾਨੂੰ ਕੋਈ ਇਤਰਾਜ਼ ਨਹੀਂ। (ਵਿਘਨ) ਸਪੀਕਰ ਸਾਹਿਬ, ਪੰਜ ਘੰਟੇ ਦੇ ਮੁਤਾਬਕ ਇਨ੍ਹਾਂ ਨੇ ਆਪਣਾ ਜੋ ਟਾਈਮ ਬਣਦਾ ਸੀ ਉਹ ਲੈ ਲਿਆ ਹੈ ਅਤੇ ਪੂਰਾ ਡੇਢ ਘੰਟਾ ਬੋਲ ਚੁਕੇ ਹਨ।

ਸ਼੍ਰੀ ਸਪੀਕਰ : ਸਰਦਾਰ ਗੁਰਚਰਨ ਸਿੰਘ ਜੀ 5 ਮਿੰਟ ਵਾਸਤੇ ਤੁਸੀਂ ਬੋਲ ਲਓ। (ਵਿਘਨ) 5 ਮਿੰਟ ਇਹ ਬੋਲ ਲੈਣ। (Sardar Gurcharan Singh Jee you may speak for five minutes only. (*Interruption*) Five minutes will be given to a Member of the Akali Party.)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਪੰਜ ਮਿੰਟ ਇਹ ਬੋਲ ਲੈਣਗੇ ਤੇ ਪੰਜ ਮਿੰਟ ਇਹ ਬੋਲ ਲੈਣਗੇ ਤਾਂ ਅਸੀਂ ਕੀ ਗੁਨਾਹ ਕੀਤਾ ਹੈ। (ਵਿਘਨ)

ਸ਼੍ਰੀ ਸਪੀਕਰ : ਤੁਸੀਂ 40 ਮਿੰਟ ਲੈ ਚੁਕੇ ਹੋ। (You have taken forty minutes.)

ਕਾਮਰੇਡ ਸੱਤ ਪਾਲ ਡਾਂਗ : ਅਸੀਂ 30 ਮਿੰਟ ਲਏ ਹਨ, ਤੁਹਾਡੀ ਘੜੀ ਗਲਤ ਹੈ। (ਵਿਘਨ) ਇਹ ਕੀ ਕਰਾਈਟੇਰੀਆ ਹੈ। ਸੀ. ਪੀ. ਐਮ. ਦਾ ਇਕ ਮੈਂਬਰ ਹੈ ਉਸ ਮੁਤਾਬਕ ਉਸ ਨੂੰ ਢਾਈ ਮਿੰਟ ਮਿਲਦੇ ਹਨ ਪਰ ਉਹ ਜ਼ਿਆਦਾ ਲੈ ਗਏ ਹਨ। ਇਹ ਛੋਟੀਆਂ ਛੋਟੀਆਂ ਪਾਰਟੀਆਂ ਟਾਈਮ ਇਸ ਤਰ੍ਹਾਂ ਜ਼ਿਆਦਾ ਲੈ ਲੈਂਦੀਆਂ ਹਨ। ਪੰਜ ਪੰਜ ਮਿੰਟ ਇਹ ਬੋਲ ਲੈਣ ਪੰਜ ਮਿੰਟ ਸਾਨੂੰ ਬੋਲਣ ਦੀ ਇਜਾਜ਼ਤ ਦੇ ਦਿਓ, ਉਸ ਤੋਂ ਬਾਦ ਚੀਫ ਮਨਿਸਟਰ ਸਾਹਿਬ ਬੋਲ ਲੈਣ। (ਵਿਘਨ) ਨਹੀਂ ਤਾਂ ਪਰਸੋਂ ਦੀ ਦਿਹਾੜੀ ਰਖ ਲਓ, ਪਰਸੋਂ ਸਾਰੀ ਦਿਹਾੜੀ ਬੋਲ ਲੈਂਦੇ ਹਾਂ। (ਵਿਘਨ)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਬਾਘਾ ਪੁਰਾਣਾ) : ਸਪੀਕਰ ਸਾਹਿਬ, ਮੈਂ ਤੁਹਾਡਾ ਅਤੀ ਧੰਨਵਾਦੀ ਹਾਂ ਕਿ ਤੁਸਾਂ ਮੈਨੂੰ ਇਸ ਨੋ-ਕਾਨਫੀਡੈਂਸ ਮੋਸ਼ਨ

ਤੇ ਬੋਲਣ ਲਈ ਸਮਾਂ ਦਿੱਤਾ ਹੈ । ਸਪੀਕਰ ਸਾਹਿਬ, ਤੁਹਾਡੀ ਕਿਰਪਾ ਦੇ ਨਾਲ ਮੈਨੂੰ ਕਈ ਦਫਾ ਇਸ ਹਾਊਸ ਦੇ ਵਿਚ ਨੋ-ਕਾਨਫੀਡੈਂਸ ਮੋਸ਼ਨ ਸੁਣਨ ਦਾ ਮੌਕਾ ਮਿਲਿਆ ਹੈ ਔਰ ਹਿੱਸਾ ਲੈਣ ਦਾ ਵੀ ਮੌਕਾ ਮਿਲਿਆ ਹੈ । ਮੈਂ ਜ਼ਿਆਦਾ ਬਾਰੀਕੀ ਵਿਚ ਨਹੀਂ ਜਾਣਾ ਚਾਹੁੰਦਾ ਕੁਝ ਮੋਟੀਆਂ ਮੋਟੀਆਂ ਗੱਲਾਂ ਤੁਹਾਡੀ ਸੇਵਾ ਵਿਚ ਦਸਣਾ ਚਾਹੁੰਦਾ ਹਾਂ । ਇਹ ਵੋਟ ਆਫ ਨੋ-ਕਾਨਫੀਡੈਂਸ ਮੋਸ਼ਨ ਅਕਾਲੀ ਪਾਰਟੀ ਦੇ ਡਿਪਟੀ ਲੀਡਰ ਸਾਹਿਬ ਨੇ ਮੂਵ ਕੀਤੀ । ਦੂਸਰੇ ਦੋਸਤਾਂ ਦੀ ਟਰਨ ਡਾਊਨ ਹੋ ਗਈ ਪਰ ਅਕਾਲੀ ਪਾਰਟੀ ਦੀ ਨੋ-ਕਾਨਫੀ-ਡੈਂਸ ਮੋਸ਼ਨ ਆਈ ਤੇ ਉਨ੍ਹਾਂ ਦੀ ਐਡਮਿਟ ਹੋ ਗਈ । ਡਿਪਟੀ ਲੀਡਰ ਆਫ ਦੀ ਅਕਾਲੀ ਪਾਰਟੀ ਬੋਲੇ ਪਰ ਮੈਨੂੰ ਉਨ੍ਹਾਂ ਦੀ ਸਪੀਚ ਸੁਣ ਕੇ ਬੜਾ ਦੁੱਖ ਹੋਇਆ ਹੈ । ਤੁਸੀਂ ਆਪ ਵੀ ਇਸ ਗੱਲ ਦਾ ਅੰਦਾਜ਼ਾ ਲਗਾਓ ਕਿ ਇਸ ਹਾਊਸ ਵਿਚ ਅਗੇ ਵੀ ਨੋ-ਕਾਨਫੀਡੈਂਸ ਮੋਸ਼ਨ ਆਉਂਦੇ ਰਹੇ ਹਨ । ਜਿਸ ਦਿਨ ਨੋ-ਕਾਨਫੀਡੈਂਸ ਮੋਸ਼ਨ ਆਉਂਦਾ ਸੀ ਸਾਰੇ ਪੰਜਾਬ ਤੋਂ ਲੋਕੀਂ ਇਥੇ ਸੁਣਨ ਵਾਸਤੇ ਆਇਆ ਕਰਦੇ ਸਨ ਅਤੇ ਸਪੀਕਰ ਸਾਹਿਬ ਦੀ ਮਿਹਰਬਾਨੀ ਨਾਲ ਸਾਰੀਆਂ ਗੈਲਰੀਆਂ ਖੋਲ੍ਹੀਆਂ ਜਾਂਦੀਆਂ ਸਨ ਅਤੇ ਲੋਕਾਂ ਨੂੰ ਥਲੇ ਬੈਠਣ ਦੀ ਇਜਾਜ਼ਤ ਵੀ ਦਿੱਤੀ ਜਾਂਦੀ ਸੀ ਮਗਰ ਤੁਸੀਂ ਇਸ ਗੱਲ ਦਾ ਇਥੋਂ ਇਹ ਅੰਦਾਜ਼ਾ ਲਗਾਓ ਕਿ ਜਦੋਂ ਇਹ ਨੋ-ਕਾਨਫੀਡੈਂਸ ਮੋਸ਼ਨ ਆਈ ਤਾਂ ਜਿਹੜੇ ਲੋਕ ਇਥੇ ਬੈਠੇ ਸੀ ਉਹ ਵੀ ਇਥੋਂ ਉਠ ਕੇ ਚਲੇ ਗਏ । (ਹਾਸਾ) ਇਸ ਤੋਂ ਹੀ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਨ੍ਹਾਂ ਨੇ ਕੀ ਕੇਸ ਪੇਸ਼ ਕੀਤਾ ਹੈ । ਨੋ-ਕਾਨਫੀਡੈਂਸ ਤੇ ਉਲਟੇ ਬੋਲਦੇ ਇਥੋਂ ਤੱਕ ਆ ਗਏ ਕਿ ਪੁਲਿਸ ਕਪਤਾਨ ਨੇ ਇਹ ਕੀਤਾ, ਥਾਣੇਦਾਰ ਨੇ ਇਹ ਕੀਤਾ ਅਤੇ ਡੀ. ਸੀ. ਨੇ ਇਹ ਕੀਤਾ ਹੈ । ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਨੋ-ਕਾਨਫੀਡੈਂਸ ਦਾ ਮਤਲਬ ਕੀ ਹੈ ? ਇਸ ਦਾ ਮਤਲਬ ਹੈ ਕਿ ਇਸ ਸਰਕਾਰ ਦੇ ਚੀਫ ਮਨਿਸਟਰ ਤੇ, ਕੈਬਨਿਟ ਵਿਚ ਸਾਨੂੰ ਭਰੋਸਾ ਨਹੀਂ । ਦੁਨੀਆਂ ਵਿਚ ਕਦੇ ਇਹ ਨਹੀਂ ਦੇਖਿਆ ਕਿ ਨੋ-ਕਾਨਫੀਡੈਂਸ ਮੋਸ਼ਨ ਵਿਚ ਅਫਸਰਾਂ ਨੂੰ ਭੰਡਿਆ ਜਾਵੇ । ਕਈ ਵੀ ਸਰਕਾਰ ਆਵੇ ਇਨ੍ਹਾਂ ਨੇ ਤਾਂ ਇਥੇ ਹੀ ਰਹਿਣਾ ਹੈ । ਉਨ੍ਹਾਂ ਨੂੰ ਇਥੇ ਡਿਸਕਸ ਕਰਨਾ, ਉਨ੍ਹਾਂ ਦੇ ਬਾਰੇ ਕੋਈ ਲਫਜ਼ ਕਹਿਣਾ ਇਹ ਤਾਂ ਇਨ੍ਹਾਂ ਦਾ ਹੱਕ ਹੀ ਨਹੀਂ ਬਣਦਾ । ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਸਾਰੀਆਂ ਪਾਰਟੀਆਂ ਰਾਜ ਕਰ ਚੁਕੀਆਂ ਹਨ । ਅਗੇ ਭੁਲੇਖਾ ਸੀ ਕਿ ਇਹ ਪਾਰਟੀ ਰਾਜ ਕਰੇ ਤਾਂ ਪਤਾ ਨਹੀਂ ਕੀ ਕਰ ਦੇਵੇ ਅਤੇ ਕਮਿਊਨਿਸਟ ਰਾਜ ਕਰਨ ਤਾਂ ਪਤਾ ਨਹੀਂ ਘਰ ਘਰ ਕਾਰਾਂ ਦੇ ਦੇਣ ਅਤੇ ਜੇ ਅਕਾਲੀ ਰਾਜ ਕਰਨ ਤਾਂ ਪਤਾ ਨਹੀਂ ਸੋਨੇ ਦੇ ਮਹਿਲ ਬਣਾ ਦੇਣਗੇ । ਇਹ ਭੁਲੇਖਾ ਹੁਣ ਲੋਕਾਂ ਵਿਚੋਂ ਦੂਰ ਹੋ ਚੁਕਾ ਹੈ ਅਤੇ ਸਾਰੀਆਂ ਰਾਜਸੀ ਪਾਰਟੀਆਂ ਇਥੇ ਰਾਜ ਕਰ ਚੁਕੀਆਂ ਹਨ ।

ਕੁਰੱਪਸ਼ਨ ਬਾਰੇ ਇਥੇ ਬੜਾ ਕਿਹਾ ਗਿਆ ਹੈ । ਮੈਂ ਵੀ ਕੁਰੱਪਟ ਹੋ ਸਕਦਾ ਹਾਂ, ਕੋਈ ਹੋਰ ਵੀ ਕੁਰੱਪਟ ਹੋ ਸਕਦਾ ਹੈ । ਉਸ ਦੇ ਲਈ ਪਾਰਟੀ ਸਜ਼ਾ ਦੇ ਸਕਦੀ ਹੈ, ਕਮਿਸ਼ਨ ਸਜ਼ਾ ਦੇ ਸਕਦਾ ਹੈ ਜਾਂ ਕੁਰੱਪਸ਼ਨ ਲਈ ਜੇਲ੍ਹ ਦੀ ਸਜ਼ਾ ਦਿੱਤੀ ਜਾ ਸਕਦੀ ਹੈ । ਇਕ ਬੰਦਾ ਕੁਰੱਪਟ ਹੋ ਸਕਦਾ ਹੈ ਪਰ ਸਾਰੀ ਪਾਰਟੀ ਕੁਰੱਪਟ ਨਹੀਂ ਹੋ ਸਕਦੀ । ਪਾਰਟੀਆਂ ਕਦੀ ਵੀ ਕੁਰੱਪਟ ਨਹੀਂ ਬਣਦੀਆਂ । ਸਪੀਕਰ ਸਾਹਿਬ, ਮੈਂ ਅਕਾਲੀ ਪਾਰਟੀ ਦੀ ਗੱਲ ਕਰਦਾ ਹਾਂ ਕਿ ਜਿਸ ਪਾਰਟੀ ਦੀ ਲੀਡਰਸ਼ਿਪ ਨੇ ਆਪਣਾ ਈਮਾਨ ਵੇਚਿਆ ਹੈ

[ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ]

ਅਤੇ ਲੋਕਾਂ ਦਾ ਈਮਾਨ ਖਰੀਦਿਆ ਹੈ । ਮੈਂ ਵੀ ਇਸ ਪਾਰਟੀ ਵਿਚ ਸੀ । (ਵਿਘਨ) (ਘੰਟੀ) ਇਹ ਪਹਿਲੀ ਪਾਰਟੀ ਹੈ ਜਿਸ ਨੇ ਈਮਾਨ ਵੇਚਿਆ ਹੈ । ਇਸ ਪਾਰਟੀ ਦੇ ਲੀਡਰ ਨੇ ਕਿਹਾ ਓ ਭਾਈ ਤੇਜਾ ਸਿੰਹਾਂ ਆ ਤੈਨੂੰ ਰਾਜ ਦੇਈਏ, ਆ ਬਈ ਨਰਿੰਦਰ ਸਿੰਹਾਂ ਸਾਡੇ ਕਲ ਆ ਅਸੀਂ ਤੈਨੂੰ ਰਾਜ ਦੇਈਏ । ਇਸ ਤਰ੍ਹਾਂ ਇਸ ਪਾਰਟੀ ਨੇ ਰਾਜ ਵੇਚਿਆ ਹੈ । ਜਿਸ ਪਾਰਟੀ ਨੇ ਰਾਜ ਵੇਚਿਆ ਹੈ ਅੱਜ ਉਸ ਪਾਰਟੀ ਨੂੰ ਰਾਜ ਕਰਨ ਦਾ ਕੋਈ ਹੱਕ ਨਹੀਂ । ਅੱਜ ਇਹ ਲੋਕੀ ਇਸ ਕਿਸਮ ਦਾ ਸਾਡੇ ਤੇ ਚਿਕੜ ਸੁਟਦੇ ਹਨ । (ਵਿਘਨ)

ਮੈਂ ਅਕਾਲੀ ਸੀਟ ਤੋਂ ਜਿਤ ਕੇ ਆਇਆ ਸਾਂ ਅੱਜ ਜੇ ਮੈਂ ਕਾਂਗਰਸੀ ਹਾਂ ਤਾਂ ਕਾਂਗਰਸ ਸੀਟ ਤੋਂ ਜਿਤ ਕੇ ਆਇਆ ਹਾਂ ਅਤੇ ਅਕਾਲੀ ਪਾਰਟੀ ਦੇ ਕੈਂਡੀਡੇਟ ਨੂੰ ਬੁਰੀ ਤਰ੍ਹਾਂ ਹਰਾ ਕੇ ਆਇਆ ਹਾਂ । ਮੈਂ ਕੋਈ ਹਲਕਾ ਨਹੀਂ ਬਦਲਿਆ । ਮੇਰੇ ਤੇ ਮੇਰੇ ਹਲਕੇ ਦੇ ਲੋਕਾਂ ਨੂੰ ਵਿਸ਼ਵਾਸ ਹੈ, ਇਤਬਾਰ ਹੈ । (ਵਿਘਨ)

ਸਪੀਕਰ ਸਾਹਿਬ, ਇਨ੍ਹਾਂ ਨੇ ਇਥੇ ਬੜੀ ਚਰਚਾ ਕੀਤੀ ਕਿ ਬਿਜਲੀ ਬੋਰਡ ਦਾ ਚੇਅਰਮੈਨ ਕੁਰੱਪਟ ਲਾ ਦਿੱਤਾ । ਮੈਂ ਤੁਹਾਨੂੰ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਜਦੋਂ ਅਕਾਲੀ ਪਾਰਟੀ ਦੀ ਸਰਕਾਰ ਬਣੀ ਤਾਂ ਇਥੇ ਇਕ ਆਦਮੀ ਨੇ ਕਿਹਾ ਕਿ ਮੈਨੂੰ ਵਜ਼ੀਰ ਸਾਹਿਬ ਦਾ ਪੋਲੀਟੀਕਲ ਸੈਕਟਰੀ ਲਾ ਦਿਓ । ਢਾਈ ਸੌ-ਤਿੰਨ ਸੌ ਰੁਪਏ ਮੈਨੂੰ ਵੀ ਮਿਲ ਜਾਣਗੇ । ਉਸ ਮਨਿਸਟਰ ਸਾਹਿਬ ਨੇ ਫਰਮਾਇਆ ਕਿ ਇਹੋ ਜਿਹਾ ਮਾੜਾ ਆਦਮੀ ਮੈਂ ਆਪਣਾ ਪੁਲੀਟੀਕਲ ਸੈਕਟਰੀ ਨਹੀਂ ਰਖਦਾ । ਮੈਂ ਇਕ ਜਟ ਦੀ ਮਿਸਾਲ ਦਿੰਦਾ ਹਾਂ ਕਿ ਉਸ ਦਾ ਇਕ ਕੇਸ ਸੀ ਤਹਿਸੀਲਦਾਰ ਕੋਲ ਅਤੇ ਤਹਿਸੀਲਦਾਰ ਨੇ ਉਸ ਦੇ ਹਕ ਵਿਚ ਫੈਸਲਾ ਕਰ ਦਿਤਾ ਅਤੇ ਉਹ ਜਟ ਉਸ ਨੂੰ ਅਸੀਸ ਦਿੰਦੇ ਹੋਏ ਕਹਿੰਦਾ ਹੈ ਕਿ ਰਬ ਤੈਨੂੰ ਪਟਵਾਰੀ ਬਣਾ ਦੇਵੇ । (ਹਾਸਾ) ਉਸ ਨੂੰ ਕੀ ਪਤਾ ਸੀ ਕਿ ਪਟਵਾਰੀ ਵਡਾ ਹੁੰਦਾ ਹੈ ਜਾਂ ਤਹਿਸੀਲਦਾਰ । ਇਸੇ ਤਰ੍ਹਾਂ ਜਦੋਂ ਮਨਿਸਟਰ ਸਾਹਿਬ ਨੇ ਕਿਹਾ ਕਿ ਇਹੋ ਜਿਹਾ ਮਾੜਾ ਬੰਦਾ ਮੈਂ ਆਪਣਾ ਪੁਲੀਟਿਕਲ ਸੈਕਟਰੀ ਨਹੀਂ ਰਖਦਾ ਤਾਂ ਇਨ੍ਹਾਂ ਨੇ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਉਸ ਆਦਮੀ ਨੂੰ ਬਿਜਲੀ ਬੋਰਡ ਦਾ ਐਡਮਨਿਸਟਰੇਟਿਵ ਮੈਂਬਰ ਲਾ ਦਿਤਾ । ਮੈਂ ਕਹਿੰਦਾ ਹਾਂ ਕਿ ਜਿਹੜੀਆਂ ਇਨ੍ਹਾਂ ਨੇ ਗਲਤ ਰਵਾਇਤਾਂ ਕਾਇਮ ਕੀਤੀਆਂ ਹਨ ਉਨ੍ਹਾਂ ਦਾ ਖ਼ਮਿਆਜ਼ਾ ਇਹ ਆਪ ਭੁਗਤ ਰਹੇ ਹਨ । ਅੱਜ ਇਨ੍ਹਾਂ ਵਲੋਂ ਨੋ-ਕਾਨਫੀਡੈਂਸ ਦੀ ਮੋਸ਼ਨ ਆਈ ਹੋਵੇ ਅਤੇ ਹਾਲਤ ਇਹ ਹੋਵੇ ਕਿ ਇਨ੍ਹਾਂ ਪਾਸ ਬੋਲਣ ਨੂੰ ਕੋਈ ਗਲ ਨਾ ਹਵੇ । ਇਹ ਕਹਿ ਦੇਣਾ ਕਿ ਮੈਨੂੰ ਫਲਾਣੇ ਥਾਣੇਦਾਰ ਨੇ ਕੁਟਿਆ ਹੈ ..(ਵਿਘਨ)

ਮੋਗੇ ਦੇ ਕੇਸ ਬਾਰੇ ਮੈਂ ਕੁਝ ਕਹਿਣਾ ਨਹੀਂ ਚਾਹੁੰਦਾ ਕਿਉਂਕਿ ਉਸ ਕੇਸ ਵਿਚ ਹਾਈ ਕੋਰਟ ਦਾ ਇਕ ਮਹਾਨ ਜੱਜ ਇਨਕੁਆਇਰੀ ਕਰ ਰਿਹਾ ਹੈ । ਮੈਂ ਇਤਨੀ ਅਰਜ਼ ਕਰਾਂਗਾ ਕਿ ਉਹ ਤਾਂ ਵਿਚਾਰੇ ਮੁੰਡੇ ਹਨ ਜਿਨ੍ਹਾਂ ਨੂੰ ਇਨ੍ਹਾਂ ਨੇ ਗੁਮਰਾਹ ਕਰਾ ਦਿਤਾ ਹੈ । ਉਨ੍ਹਾਂ ਲਈ ਗੁਮਰਾਹ ਹੋਣਾ ਕੋਈ ਵਡੀ ਗੱਲ ਨਹੀਂ ਹੈ ; ਇਹ ਪੁਲੀਟਿਕਲ ਪਾਰਟੀਆਂ ਤਾਂ ਵਡੇ ਵਡਿਆਂ ਨੂੰ ਗੁਮਰਾਹ ਕਰ ਦਿੰਦੀਆਂ ਹਨ । ਮੈਂ ਕਹਿੰਦਾ ਹਾਂ ਕਿ ਕੋਈ ਚੰਗੇ ਕੰਮ ਕਰੋ ਤਾਂਕਿ ਲੋਕ ਵੀ ਤੁਹਾਡਾ ਸਾਥ ਦੇਣ ਇਸ ਤਰ੍ਹਾਂ ਲੋਕਾਂ ਦਾ ਨੁਕਸਾਨ ਨਾ ਕਰੋ । ਇਤਨਾ ਕਹਿੰਦਾ ਹੋਇਆ ਮੈਂ, ਸਪੀਕਰ ਸਾਹਿਬ, ਤੁਹਾਡਾ ਸ਼ੁਕਰੀਆ ਅਦਾ ਕਰ ਕੇ ਬੈਠ ਜਾਂਦਾ ਹਾਂ ।

ਸਰਦਾਰ ਹਰਬੰਸ ਸਿੰਘ ਜਲਾਲ (ਫੂਲ) : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਇਸ ਹਾਊਸ ਨੂੰ ਇਸ ਸਰਕਾਰ ਉਤੇ ਵਿਸ਼ਵਾਸ ਨਹੀਂ ਰਿਹਾ ਹੈ। ਮੈਂ ਤਾਂ ਕਹਾਂਗਾ ਕਿ ਇਸ ਹਾਊਸ ਦਾ ਹੀ ਨਹੀਂ ਬਲਕਿ ਜੇ ਸਹੀ ਕਿਹਾ ਜਾਵੇ ਕਿ ਲੋਕਾਂ ਦਾ ਉਸ ਕਾਂਸਟੀਚਿਊਸ਼ਨ ਉਤੇ ਵਿਸ਼ਵਾਸ ਘਟ ਗਿਆ ਹੈ ਜੋ ਲੋਕਾਂ ਉਤੇ ਲਾਗੂ ਕੀਤਾ ਜਾ ਰਿਹਾ ਹੈ ਅਤੇ ਰਹਿੰਦੀ ਖੂੰਹਦੀ ਕਸਰ ਤੁਸੀਂ ਪੂਰੀ ਕਰ ਦਿਤੀ ਹੈ, ਸਪੀਕਰ ਸਾਹਿਬ, ਜਿਹੜਾ ਟਾਇਮ ਤਕ ਨਹੀਂ ਦਿਤਾ ਬੋਲਣ ਦਾ। (ਵਿਘਨ) ਸਪੀਕਰ ਸਾਹਿਬ, ਅਗਰ ਕੋਈ ਅਜਿਹੇ ਲਫ਼ਜ਼ ਚੇਅਰ ਦੇ ਬਾਰੇ ਕਹੇ ਗਏ ਹਨ ਤਾਂ ਮੈਂ ਵਿਦਡਰਾ ਕਰ ਲੈਂਦਾ ਹਾਂ।

ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਇਹ ਸਰਕਾਰ ਜਟ ਦੀ, ਕਿਸਾਨ ਦੀ, ਮਜ਼ਦੂਰ ਦੀ, ਹਰੀਜਨ ਅਤੇ ਛੋਟੇ ਦੁਕਾਨਦਾਰ ਦੀ ਦੁਸ਼ਮਣ ਹੈ ਅਤੇ ਉਨ੍ਹਾਂ ਦਾ ਕਚੂਮਰ ਕਢਣ ਵਾਲੀ ਹੈ। ਇਸ ਸਰਕਾਰ ਨੂੰ ਪਤਾ ਹੈ ਕਿ ਇਹ ਜਿਹੜਾ ਸੀਜ਼ਨ ਹੈ ਸਾਉਣੀ ਦਾ ਸੀਜ਼ਨ ਹੈ ਤੇ ਇਸ ਸੀਜ਼ਨ ਵਿਚ ਸਰਕਾਰ ਨੇ ਗਲਤ ਕਾਨੂੰਨ ਲਾਗੂ ਕਰਕੇ ਜਟ ਨੂੰ ਹੋਰ ਕਮਜ਼ੋਰ ਕਰ ਦਿਤਾ ਹੈ। ਜਟ ਦਾ ਕਚੂਮਰ ਕਢਣ ਦੀ ਖਾਤਰ ਇਸ ਨੇ ਮੱਕੀ ਤੇ ਪਾਬੰਦੀ ਲਗਾ ਦਿਤੀ ਹੈ। ਬਾਜਰਾ ਜਿਹੜਾ ਹੈ ਉਹ 100 ਰੁਪਏ ਵਿਕ ਰਿਹਾ ਹੈ ਜਦੋਂ ਕਿ ਮਕੀ 68 ਰੁਪਏ ਕਰ ਦਿਤੀ ਹੈ। ਇਸ ਦਾ ਵੀ ਇਕ ਭੇਦ ਹੈ ਉਸ ਦਾ ਇਕ ਭੇਦ ਇਹ ਹੈ ਕਿ ਮੇਰੇ ਕੋਲ ਇਕ ਇਸ਼ਤਿਹਾਰ ਹੈ ਜਿਸ ਵਿਚ ਫੂਡ ਕਾਰਪੋਰੇਸ਼ਨ ਤੇ ਕੋਈ ਇਕ ਦਰਜਨ ਇਲਜ਼ਾਮ ਲਗਾਏ ਹਨ। ਇਸ ਤੋਂ ਸਾਫ਼ ਦਿਸਦਾ ਹੈ ਕਿ ਕਿਸ ਤਰ੍ਹਾਂ ਪੰਜਾਬ ਸਰਕਾਰ ਨੇ ਫੂਡ ਕਾਰਪੋਰੇਸ਼ਨ ਨਾਲ ਮਿਲ ਕੇ 2 ਕਰੋੜ ਰੁਪਏ ਦਾ ਗਬਨ ਕੀਤਾ ਹੈ। ਸਰਕਾਰ ਨੇ ਦੂਜੀ ਵਾਰ ਐਤਕੀ ਫਿਰ ਮਕੀ ਤੇ ਪਾਬੰਦੀ ਲਗਾ ਦਿਤੀ ਅਤੇ ਜਟ ਦਾ ਫਿਰ ਨੁਕਸਾਨ ਕਰਨ ਲਗੀ ਹੈ।

ਦੂਜੀ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਸਾਂਝੀ ਸਰਕਾਰ ਵੇਲੇ ਡਾਂਗ ਸਾਹਿਬ ਜਦੋਂ ਮਨਿਸਟਰ ਹੁੰਦੇ ਸਨ ਤਾਂ ਉਨ੍ਹਾਂ ਨੇ ਇਟਾਂ ਦਾ ਭਾਅ 10 ਰੁਪਏ ਵਧਾਇਆ ਸੀ ਪਰ ਇਨ੍ਹਾਂ ਨੇ ਨਿਜੀ ਕੋਠੀ ਬਣਾਉਣ ਵਾਸਤੇ ਇਹ ਕੀਤਾ ਕਿ ਇੱਟਾਂ ਦਾ ਭਾਅ 86 ਰੁਪਏ ਕਰ ਦਿਤਾ ਅਤੇ ਇਕੱਠੇ ਹੀ 20 ਰੁਪਏ ਵਧਾ ਦਿਤੇ। ਮੈਂ ਕਹਿੰਦਾ ਹਾਂ ਕਿ ਇਹ ਪਤਾ ਨਹੀਂ ਕਿਸੇ ਮਨਿਸਟਰ ਸਾਹਿਬ ਨੇ ਆਪਣੀ ਨਿਜੀ ਕੋਠੀ ਲਈ ਕੀਤਾ ਹੈ ਜਾਂ ਪਾਰਟੀ ਦੇ ਦਫ਼ਤਰ ਬਣਾਉਣ ਲਈ 28 ਲੱਖ ਰੁਪਿਆ ਲਿਆ ਹੈ। ਮੇਰੇ ਕੋਲ ਛੋਟਾ ਜਿਹਾ ਇਕ ਹੋਰ ਇਸ਼ਤਿਹਾਰ ਹੈ, ਸਪੀਕਰ ਸਾਹਿਬ ਜੇ ਟਾਇਮ ਦਿੰਦੇ ਤਾਂ ਮੈਂ ਪੂਰਾ ਥੱਬਾ ਇਹੋ ਜਿਹੇ ਇਸ਼ਤਿਹਾਰਾਂ ਦਾ ਤੁਹਾਡੇ ਸਾਮ੍ਹਣੇ ਰਖਦਾ ਜਿਸ ਵਿਚ ਇਨ੍ਹਾਂ ਦੇ ਕਾਲੇ ਕਾਰਨਾਮੇ ਦਸੇ ਗਏ ਹਨ। ਇਹ ਤਾਂ ਸਿਰਫ਼ ਉਹ ਹਨ ਜਿਹੜੇ ਮੈਨੂੰ ਇਥੇ ਅਸੰਬਲੀ ਵਿਚ ਆਉਣ ਲਗੇ ਮਿਲੇ ਹਨ। ਉਹ ਮੈਂ ਪੜ੍ਹ ਦਿੰਦਾ ਹਾਂ। X X X X

Mr. Speaker : The remarks made by the hon. Member against the M.L.A.s as well as M.Ps. should be expunged.

ਸਰਦਾਰ ਹਰਬੰਸ ਸਿੰਘ ਜਲਾਲ : ਮੈਂ ਐਮ.ਐਲ.ਏਜ਼. ਦਾ ਨਾਮ ਨਹੀਂ ਲੈਂਦਾ, ਪਰ ਇਤਨਾ ਕਹਿ ਦਿੰਦਾ ਹਾਂ ਕਿ ਉਨ੍ਹਾਂ ਨੇ ਲਖਾਂ ਰੁਪਏ ਬਲੈਕ ਮਨੀ ਦੇ ਕਮਾਏ। ਉਨ੍ਹਾਂ ਦੇ

* Expunged as ordered by the Chair.

[ਸਰਦਾਰ ਹਰਬੰਸ ਸਿੰਘ ਜਲਾਲ]

ਬਾਰੇ ਵਿਚ ਸੀ.ਬੀ.ਆਈ. ਤੋਂ ਮੰਗ ਕੀਤੀ ਗਈ ਕਿ ਉਨ੍ਹਾਂ ਦੀ ਇਨਕੁਆਇਰੀ ਕਰਾਈ ਜਾਏ। ਇਸ ਵਿਚ 4—5 ਐਮ.ਐਲ.ਏਜ਼. ਵੀ ਹਨ ਅਤੇ ਕੁਝ ਹੋਰ ਮੈਂਬਰ ਸਾਹਿਬਾਨ ਵੀ ਹਨ। ਸਪੀਕਰ ਸਾਹਿਬ, ਜੇ ਮੈਨੂੰ ਕਲ ਤਕ ਦਾ ਟਾਇਮ ਦਿੰਦੇ ਤਾਂ ਮੈਂ ਸਾਰੀ ਡਿਟੇਲ ਤੁਹਾਡੇ ਸਾਹਮਣੇ ਰਖ ਦਿੰਦਾ। ਇਸੇ ਕਾਂਗਰਸ ਦੀ ਪਾਰਟੀ ਦੇ ਮੈਂਬਰ ਦੇ ਜ਼ਿਮੇ ਕੋਈ 9 ਲੱਖ ਰੁਪਿਆ ਇੰਕਮ ਟੈਕਸ ਦਾ ਬਕਾਇਆ ਨਿਕਲਿਆ ਹੈ। ਮੈਂ ਉਸ ਦਾ ਨਾਮ ਨਹੀਂ ਲੈਂਦਾ। ਉਸ ਦੇ ਬਾਰੇ ਕਲੱਕਤਾ ਹਾਈ ਕੋਰਟ ਨੇ ਫ਼ੈਸਲਾ ਦਿਤਾ ਹੈ। ਹੁਣ ਉਸਦੀ ਫਰੀਦਾਬਾਦ ਵਿਚ ਜ਼ਮੀਨ ਵੇਚ ਕੇ ਉਗਰਾਹੀ ਕੀਤੀ ਜਾ ਰਹੀ ਹੈ। ਇਹ ਤਾਂ ਫਰੀਦਾਬਾਦ ਦੀ ਇਕ ਜ਼ਮੀਨ ਦੀ ਟੁਕੜੀ ਹੈ ਜਿਸ ਦੇ ਵਿਚੋਂ ਉਸ 9 ਲੱਖ ਰੁਪਏ ਦੀ ਉਗਰਾਹੀ ਕੀਤੀ ਜਾਵੇਗੀ ਪਤਾ ਨਹੀਂ ਉਸਦੀ ਕਿੰਨੀ ਜਾਇਦਾਦ ਹੋਰ ਹੋਵੇਗੀ। ਇਸ ਵਕਤ ਮੇਰੇ ਕੋਲ ਪੂਰੀ ਡਿਟੇਲ ਨਹੀਂ ਹੈ ਜੇਕਰ ਕਲ ਤਕ ਇਹ ਮੁਲਤਵੀ ਹੋ ਜਾਂਦਾ ਤਾਂ ਮੈਂ ਸਾਰੇ ਫ਼ੈਕਟਸ ਤੁਹਾਡੇ ਸਾਹਮਣੇ ਲਿਆ ਕੇ ਰਖ ਦਿੰਦਾ ਕਿ ਕਿਸ ਤਰ੍ਹਾਂ ਕਾਂਗਰਸ ਵਾਲੇ ਸਾਡੇ ਗ਼ਰੀਬਾਂ ਦਾ ਕਚੂਮਰ ਕਢ ਕੇ ਆਪਣੀਆਂ ਤਿਜੌਰੀਆਂ ਭਰੀ ਜਾ ਰਹੇ ਹਨ।

ਫਿਰ ਮਾਰਕਫੈਡ ਦੇ ਬਾਰਦਾਨੇ ਦਾ ਸਕੈਂਡਲ ਹੈ ਜਿਸ ਦੀ ਇਨਕੁਆਰੀ ਅਜੇ ਤਕ ਸਿਰੇ ਨਹੀਂ ਚੜ੍ਹਾਈ ਗਈ। ਫਿਰ ਬਟਾਲੇ ਦਾ ਕੇਸ ਹੈ। ਜੇ ਤੁਸੀਂ, ਸਪੀਕਰ ਸਾਹਿਬ, ਮੈਨੂੰ ਟਾਇਮ ਦਿਉ ਤਾਂ ਮੇਰੇ ਕੋਲ ਹੋਰ ਛੋਟੇ ਮੋਟੇ ਇਸ਼ਤਿਹਾਰ ਹਨ ਜਿਨ੍ਹਾਂ ਵਿਚ ਇਸ ਸਰਕਾਰ ਦੇ ਕਾਲੇ ਕਾਰਨਾਮੇ ਭਰੇ ਹਏ ਹਨ। ਇਕ ਐਜਿਹਾ ਕੇਸ ਹੈ ਜਿਸ ਦੇ ਵਿਚ ਮੁੱਖ ਮੰਤਰੀ ਸਾਹਿਬ ਦੇ ਕਿਸੇ ਰਿਸ਼ਤੇਦਾਰ ਨੂੰ ਫਾਇਦਾ ਪਹੁੰਚਾਉਣ ਲਈ ਇਕ ਇਕ ਚੀਜ਼ ਦੀ ਸੱਤ ਸੱਤ ਵਾਰ ਨੀਲਾਮੀ ਕੀਤੀ ਗਈ ਹੈ। ਜੇਕਰ ਸਪੀਕਰ, ਸਾਹਿਬ ਮੈਨੂੰ ਟਾਇਮ ਦਿਉ ਤਾਂ ਮੈਂ ਸਾਰੀਆਂ ਡਿਟੇਲਜ਼ ਤੁਹਾਡੇ ਸਾਹਮਣੇ ਰਖ ਸਕਦਾ ਹਾਂ।

Mr. Speaker : Please resume your seat.

ਸਰਦਾਰ ਹਰਬੰਸ ਸਿੰਘ ਜਲਾਲ : ਫਿਰ, ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਕਿਸ ਤਰ੍ਹਾਂ ਬਰਨਾਲਾ ਦੇ ਵਿਚ ਧਾਂਧਲੀਆਂ ਮਚਾਈਆਂ ਗਈਆਂ ਹਨ। ਕਿਸ ਤਰ੍ਹਾਂ ਇਕ ਡੀ.ਐਸ. ਪੀ. 250 ਮੁਰਗੇ ਵੇਚਦਾ ਹੈ। ਇਕ ਏ.ਐਸ.ਆਈ. ਟੈਂਟ ਹਾਊਸ ਦਾ ਕੰਮ ਕਰਦਾ ਹੈ। ਕਿਸ ਤਰ੍ਹਾਂ ਇਕ ਮਨਿਸਟਰ ਦੇ ਰਿਸੈਪਸ਼ਨ ਲਈ ਮਿਉਂਸਪਲ ਕਮੇਟੀ ਦੇ ਭੰਗੀ ਸਾਰੇ ਰਸਤੇ ਤੇ ਪਾਣੀ ਪਾਉਂਦੇ ਹਨ। ਦਿਆਲਪੁਰ ਦਾ ਇਕ ਥਾਣੇਦਾਰ ਕਿਸ ਤਰ੍ਹਾਂ ਇਕ ਰਿਵਾਲਵਰ ਭੇਂਟ ਕਰਦਾ ਹੈ ਅਤੇ ਕਿਸ ਤਰ੍ਹਾਂ ਉਸ ਪਿੰਡ ਵਿਚ ਇਨ੍ਹਾਂ ਦਾ ਟਾਊਨ ਪਲੈਨਰ ਜਾ ਕੇ ਜ਼ਮੀਨ ਦਾ ਸਰਵੇ ਕਰਦਾ ਹੈ ਮੰਡੀ ਲਈ, ਸਿਰਫ ਮੁੱਖ ਮੰਤਰੀ ਸਾਹਿਬ ਦੇ ਕਿਸੇ ਰਿਸ਼ਤੇਦਾਰ ਨੂੰ ਫਾਇਦਾ ਪਹੁੰਚਾਉਣ ਲਈ ਜਦੋਂ ਕਿ ਉਸ ਪਿੰਡ ਦੀ ਪੰਚਾਇਤ ਦੀ ਆਪਣੀ ਜ਼ਮੀਨ ਪਈ ਹੈ ਅਤੇ ਪੰਚਾਇਤ ਨੇ ਆਫਰ ਕੀਤੀ ਹੈ। ਪਰ ਉਸ ਚੀਜ਼ ਦੀ ਪਰਵਾਹ ਨਾ ਕਰਦੇ ਹੋਏ ਪਿੰਡ ਤੋਂ ਦੋ ਮੀਲ ਦੀ ਦੂਰੀ ਤੇ ਕਿਸ ਤਰ੍ਹਾਂ ਜਾ ਕੇ ਹੋਰ ਜ਼ਮੀਨ ਦਾ ਸਰਵੇ ਕੀਤਾ ਜਾਂਦਾ ਹੈ ਆਪਣੇ ਰਿਸ਼ਤੇਦਾਰਾਂ ਨੂੰ ਫਾਇਦਾ ਪਹੁੰਚਾਉਣ ਲਈ। ਕਿਸ ਤਰ੍ਹਾਂ ਸੀਡ ਫਾਰਮ ਤੇ ਮੁੱਖ ਮੰਤਰੀ ਸਾਹਿਬ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਨੇ ਕਬਜ਼ਾ ਕੀਤਾ ਹੋਇਆ ਹੈ। ਉਸ ਨੂੰ ਫਾਇਦਾ ਪਹੁੰਚਾਉਣ ਲਈ ਕਿੰਨੇ ਵਾਰ ਆਰਡਰ ਕੀਤੇ ਹਨ। ਕਦੇ ਘਾਟਾ ਵਿਖਾਇਆ ਜਾਂਦਾ ਹੈ ਕਦੇ ਕੋਈ ਬਹਾਨਾ ਬਣਾਇਆ ਜਾਂਦਾ ਹੈ ਅਤੇ ਕਦੇ ਕੋਈ। ਕਿਸ ਤਰ੍ਹਾਂ ਉਸ ਸੀਡ ਫਾਰਮ ਲਈ ਅਫਸਰਾਂ ਤੋਂ ਗਲਤ ਰਿਪੋਰਟਾਂ ਕਰਾਈਆਂ ਜਾਂਦੀਆਂ ਹਨ। ਕਿਸ ਤਰ੍ਹਾਂ ਇਨ੍ਹਾਂ ਦੇ ਰਿਸ਼ਤੇਦਾਰ ਗੈਸਟ

ਕੰਟਰੋਲ ਆਰਡਰ ਦੀਆਂ ਧੱਜੀਆਂ ਉੜਾ ਰਹੇ ਹਨ । 7—7 ਹਜ਼ਾਰ ਆਦਮੀਆਂ ਨੂੰ ਖਾਣੇ ਦੀ ਦਾਵਤ ਤੇ ਖਾਣਾ ਖੁਆਇਆ ਜਾਂਦਾ ਹੈ ਅਤੇ ਉਹ ਦਾਵਤ ਮੁਰਗਿਆਂ ਨਾਲ ਦਿਤੀ ਜਾਂਦੀ ਹੈ। ਇਨ੍ਹਾਂ ਸਮਾਜਵਾਦ ਦਾ ਨਾਹਰਾ ਲਾਉਣ ਵਾਲਿਆਂ ਦੀ ਸਲਾਮੀ ਉਤੇ 50-50 ਹਜ਼ਾਰ ਰੁਪਿਆ ਇਕੱਠਾ ਹੋ ਜਾਂਦਾ ਹੈ । ਇਕ ਕੈਬਨਿਟ ਦੇ ਮਨਿਸਟਰ ਸਾਹਿਬ, ਜੋ ਇਸ ਵੇਲੇ ਵੀ ਇਸ ਹਾਊਸ ਵਿਚ ਬਿਰਾਜਮਾਨ ਹਨ, ਉਹ ਇਕ ਸ਼ਾਦੀ ਵਿਚ ਮੌਜੂਦ ਸਨ, ਉਹ ਕਿਹਾ ਕਰਦੇ ਹਨ ਕਿ ਉਹ ਇਸ ਅਸੂਲ ਦੇ ਹਨ ਕਿ ਜਿਥੇ ਦਾਜ ਦਿਤਾ ਜਾਵੇ, ਜਾਂ ਲਿਤਾ ਜਾਵੇ ਉਹ ਉਥੇ ਨਹੀਂ ਜਾਣਗੇ । ਪਰ ਇਕ ਅਜਿਹੀ ਸ਼ਾਦੀ ਵਿਚ ਉਹ ਆਪ ਮੌਜੂਦ ਸਨ ਜਿਥੇ ਲੱਖਾਂ ਰੁਪਏ ਦਾ ਦਾਜ ਦਿਤਾ ਗਿਆ ।

ਸਪੀਕਰ ਸਾਹਿਬ, ਮੈਂ ਮੁਖ ਮੰਤਰੀ ਸਾਹਿਬ ਦੇ ਦੋ ਤਿੰਨ ਨਜ਼ਦੀਕੀ ਰਿਸ਼ਤੇਦਾਰਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ । ਕੀ ਇਹ ਸਮਾਜਵਾਦ ਹੈ ? ਇਥੇ ਕਹਿਣ ਦੀਆਂ ਗੱਲਾਂ ਹੋਰ ਹਨ ਅਤੇ ਕਰਨ ਦੀਆਂ ਗੱਲਾਂ ਹੋਰ ਹਨ । ਇੱਕ ਪੰਜਾਬ ਸਰਕਾਰ ਦੇ ਅਫਸਰ ਨੂੰ ਮਿਉਨਿਸਪਲ ਕਮਿਸ਼ਨਰ ਨੇ ਕੁਟਿਆ ਅਤੇ ਮਾਰਿਆ । ਉਸਦੀ ਰਿਪੋਰਟ ਦਰਜ ਹੋ ਚੁਕੀ ਹੈ । ਕਿਸ ਤਰ੍ਹਾਂ ਰਾਮਪੁਰਾ ਫੂਲ ਵਿਚ ਇੱਕ ਅਫਸਰ ਨੇ ਇੱਕ ਪਾਰਟੀ ਦਾ ਜਿਸ ਦਾ ਕਿ ਉਥੋਂ ਦੇ ਮਨਿਸਟਰ ਨਾਲ ਸਿੱਧੇ ਤੌਰ ਤੇ ਸਬੰਧ ਹੈ, 35 ਸੌ ਰੁਪਏ ਦਾ ਚਲਾਨ ਕੀਤਾ । ਇਨ੍ਹਾਂ ਨੇ ਉਸ ਪੁਲਿਸ ਅਫਸਰ ਨੂੰ ਸਸਪੈਂਡ ਕਰ ਦਿੱਤਾ । ਫਿਰ ਸਪੀਕਰ, ਸਾਹਿਬ, ਤੁਹਾਨੂੰ ਇਹ ਸੁਣਕੇ ਬੜਾ ਦੁਖ ਹੋਵੇਗਾ ਕਿ ਮਾਰਕਫੈਡ ਦੇ ਮੈਨੇਜਰ ਨੂੰ ਡੀ.ਐਮ. ਬਣਾ ਦਿੱਤਾ ਗਿਆ । ਕਿਸ ਤਰ੍ਹਾਂ ਨਾਲ ਉਸ ਨੂੰ ਫਿਊਲ ਚਾਰਜ਼ ਦਿੱਤਾ ਗਿਆ । (ਸ਼ੋਰ) ਹਾਊਸ ਵਿਚ ਸ਼ੋਰ ਹੋਣ ਕਰਕੇ (ਕੁਝ ਵੀ ਸੁਣਾਈ ਨਹੀਂ ਦਿੱਤਾ)

ਸ੍ਰੀ ਸਪੀਕਰ: ਤੁਸੀਂ ਪੰਜ ਮਿੰਟਾਂ ਦੀ ਬਜਾਏ 10, 15 ਮਿੰਟ ਲੈ ਚੁਕੇ ਹੋ । ਪਲੀਜ਼ ਰਿਜ਼ਊਮ ਯੋਰ ਸੀਟ । ਮੇਰਾ ਵਿਚਾਰ ਹੈ ਹਾਊਸ ਦਾ ਸਮਾਂ ਅੱਧਾ ਘੰਟਾ ਹੋਰ ਵਧਾ ਦਿਤਾ ਜਾਵੇ । Instead of five minutes you have taken about 10 to 15 minutes. Now please resume your seat. I think the time of the House may be extended by half an hour.)

ਸਿਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) ਜਨਾਬ, ਇਨ੍ਹਾਂ ਨੂੰ 2.3 ਮਿੰਟਾਂ ਤੋਂ ਵੱਧ ਨਾਂ ਦਿਉ । ਇਨ੍ਹਾਂ ਨੇ 5 ਮਿੰਟਾਂ ਦੀ ਬਜਾਏ ਅੱਧਾ ਘੰਟਾ ਲੈ ਲਿਆ ਹੈ ।

EXTENSION OF TIME OF THE SITTING

ਸ੍ਰੀ ਸਪੀਕਰ : ਹਾਊਸ 15 ਮਿੰਟ ਹੋਰ ਐਕਸਟੈਂਡ ਕੀਤਾ ਜਾਂਦਾ ਹੈ । (The sitting of the House is extended by fifteen minutes.)

DICUSSION ON NO CONFIDENCE MOTION

(Resumption)

ਮੁਖ ਮੰਤਰੀ (ਗਿਆਨੀ ਜ਼ੈਲ ਸਿੰਘ): ਸਨਮਾਨਯੋਗ ਸਪੀਕਰ ਸਾਹਿਬ ਅੱਜ ਹਾਊਸ ਵਿਚ ਜੋ ਬੇਪਰਤੀਤੀ ਦਾ ਮਤਾ ਸਰਦਾਰ ਅਜਾਇਬ ਸਿੰਘ ਸੰਧੂ ਨੇ ਪੇਸ਼ ਕੀਤਾ ਹੈ ਅਤੇ ਆਪਣੀ ਤਕਰੀਰ ਵਿਚ ਕੁਝ ਇਲਜ਼ਾਮ ਲਗਾਉਣ ਦੀ ਕੋਸ਼ਿਸ਼ ਕੀਤੀ ਹੈ, ਮੈਂ ਉਸਦਾ ਜਵਾਬ ਦੇਣ ਲਈ ਖੜਾ ਹੋਇਆ ਹਾਂ ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਮੇਰੇ ਦੋਸਤਾਂ ਨੇ ਬਹੁਤ ਜਲਦੀ ਬੇਪਰਤੀਤੀ ਦਾ ਮਤਾ ਲਿਆ ਕੇ ਆਪੋਜ਼ੀਸ਼ਨ ਦਾ ਰੋਲ ਅਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਅਫਸੋਸ ਇਸ ਗੱਲ ਦਾ ਹੈ ਕਿ ਉਹ ਆਪਣੀਆਂ ਗੱਲਾਂ ਨੂੰ ਜਸਟੀਫਾਈ ਨਹੀਂ ਕਰ ਸਕੇ। ਮੈਨੂੰ ਇਸ ਗੱਲ ਦਾ ਕੋਈ ਅਫਸੋਸ ਨਹੀਂ ਕਿਉਂਕਿ ਮੈਂ ਸਮਝਦਾ ਹਾਂ ਕਿ ਡੈਮੋਕਰੇਸੀ ਵਿਚ ਆਪੋਜ਼ੀਸ਼ਨ ਨੂੰ ਜੀ ਆਇਆਂ ਕਹਿਣਾ ਅਤੇ ਆਪਣੀਆਂ ਖਾਮੀਆਂ ਨੂੰ ਸੁਣਨਾ ਪਹਿਲਾ ਸਬਕ ਹੈ ਔਰ ਸਾਨੂੰ ਖੁਸ਼ੀ ਨਾਲ

[ਮੁੱਖ ਮੰਤਰੀ]

ਸੁਣਨੀਆਂ ਚਾਹੀਆਂ ਹਨ । ਮੈਨੂੰ ਇਸ ਗਲ ਦੀ ਤਾਂ ਖੁਸ਼ੀ ਹੈ ਪਰ ਥੋੜਾ ਜਿਹਾ ਇਸ ਗੱਲ ਦਾ ਅਫਸੋਸ ਵੀ ਹੈ ਕਿ ਮੇਰੇ ਮਿਤਰ ਡਾਂਗ ਸਾਹਿਬ ਦਾ ਰੈਜ਼ੋਲਿਊਸ਼ਨ ਨਹੀਂ ਆ ਸਕਿਆ। ਖੈਰ ਉਨ੍ਹਾਂ ਆਪਣੀ ਤਕਰੀਰ ਵਿਚ ਜੋ ਕੁਝ ਕਹਿਣਾ ਸੀ ਉਹ ਕਹਿ ਲਿਆ ਹੈ। ਇਸ ਦੇ ਨਾਲ ਸਾਨੂੰ ਅਤੇ ਲੋਕਾਂ ਨੂੰ ਪਤਾ ਲਗ ਜਾਵੇਗਾ ਕਿ ਦਰ ਹਕੀਕਤ ਗਲ ਕੀ ਹੈ। ਮੈਨੂੰ ਹੈਰਾਨੀ ਹੈ ਕਿ ਵਿਰੋਧੀ ਪਾਰਟੀ ਦੇ ਡਿਪਟੀ ਲੀਡਰ ਨੇ ਜੋ ਮਤੇ ਦਾ ਨੋਟਿਸ ਦਿਤਾ ਉਸ ਮਤੇ ਵਿਚ 12 ਪੁਆਇੰਟ ਉਨ੍ਹਾਂ ਨੇ ਰੱਖੇ ਸਨ ਪਰ ਉਨ੍ਹਾਂ ਪੁਆਇੰਟਾਂ ਨੂੰ ਇਕ ਵਾਰ ਪੜ੍ਹ ਕੇ ਸੁਣਾਉਣ ਤੋਂ ਬਾਅਦ ਉਨ੍ਹਾਂ ਦਾ ਕੋਈ ਧਿਆਨ ਨਹੀਂ ਕੀਤਾ। ਇਸ ਲਈ ਉਨ੍ਹਾਂ ਬਾਰੇ ਮੈਂ ਬਾਅਦ ਵਿਚ ਬੇਨਤੀ ਕਰਾਂਗਾ। ਪਹਿਲਾਂ ਜਿਹੜੀਆਂ ਗੱਲਾਂ ਉਨ੍ਹਾਂ ਨੇ ਗਲਤਫਹਿਮੀ ਵਿਚ ਕਹਿ ਦਿੱਤੀਆਂ ਹਨ, ਉਨ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੀ ਸਰਕਾਰ ਨੇ 100 ਦਿਨਾਂ ਬਾਅਦ ਇੱਕ ਐਡਵਰਟਾਇਜ਼ਮੈਂਟ ਦਿੱਤੀ ਅਤੇ ਉਸ ਦੇ ਵਿਚ ਬਾਦਲ ਸਰਕਾਰ ਦੇ ਕੀਤੇ ਹੋਏ ਕੰਮਾਂ ਦਾ ਪ੍ਰਾਪੇਗੰਡਾ ਕੀਤਾ। ਇਹ ਗਲ ਬਿਲਕੁਲ ਬੇ-ਬੁਨਿਆਦ ਹੈ ਅਤੇ ਇਸ ਦਾ ਕੋਈ ਸਿਰ ਪੈਰ ਨਹੀਂ। ਮੈਂ ਇਸਨੂੰ ਬਿਲ ਖੌਫੇ ਤਰਦੀਦ ਕਹਿਣਾ ਚਾਹੁੰਦਾ ਹਾਂ ਕਿ ਇਹ ਦੋਸ਼ ਬਿਲਕੁਲ ਗਲਤ ਹੈ। ਪੰਜਾਬ ਸਰਕਾਰ ਨੇ ਜੋ 100 ਦਿਨਾਂ ਤੋਂ ਬਾਅਦ ਐਡਵਰਟਾਈਜ਼ਮੈਂਟ ਦਿੱਤੀ ਸੀ, ਉਹ ਆਪਣੀ ਸਰਕਾਰ ਦੀ ਪਰਫਾਰਮੈਂਸ ਦੇ ਬਾਰੇ ਸੀ। ਉਸ ਦੇ ਵਿਚ ਬਾਦਲ ਸਰਕਾਰ ਦਾ ਕੋਈ ਜ਼ਿਕਰ ਨਹੀਂ ਸੀ। ਨਾ ਹੀ ਉਨ੍ਹਾਂ ਦੇ ਖਿਲਾਫ ਸੀ ਅਤੇ ਨਾ ਹੀ ਉਨ੍ਹਾਂ ਦੇ ਹੱਕ ਵਿਚ।

ਫਿਰ, ਸਪੀਕਰ ਸਾਹਿਬ, ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਹੈ ਕਿ ਮੋਗੇ ਦੀ ਜੋ ਘਟਨਾ ਹੈ ਉਹ ਬੜੀ ਦੁਖਦਾਈ ਸੀ ਅਤੇ ਉਸ ਘਟਨਾ ਲਈ ਸਰਕਾਰ ਨੂੰ ਜ਼ਿਮੇਂਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਗਲ ਦਾ ਮੈਨੂੰ ਵੀ ਬੜਾ ਦੁਖ ਹੈ। ਮੋਗੇ ਵਿੱਚ ਇੱਕ ਦੁਰਘਟਨਾ ਹੋਈ। ਮਗਰ ਕਿਸੇ ਇਤਿਹਾਸ ਵਿਚ ਜਾਂ ਕਿਸੇ ਸਮਾਜ ਵਿਚ, ਜਿਥੇ ਕਾਨੂੰਨ ਦਾ ਰਾਜ ਹੈ, ਜੇਕਰ ਕੋਈ ਕਤਲ ਹੋ ਜਾਵੇ ਤਾਂ ਉਸਦਾ ਰਿਸ਼ਤੇਦਾਰ ਜਾਂ ਵਾਰਸ ਅਦਾਲਤ ਕੋਲ ਜਾਏਗਾ ਜਾਂ ਪੁਲਿਸ ਕੋਲ ਜਾਏਗਾ। ਇਸ ਤੋਂ ਬਾਅਦ ਉਹ ਅਦਾਲਤ ਦਾ ਦਰਵਾਜ਼ਾ ਖਟਕਾਏਗਾ। ਪਰ ਜੇ ਪਰ ਉਹ ਆਪ ਕਤਲ ਕਰਨ ਜਾਂਦਾ ਹੈ ਤਾਂ ਉਥੇ ਕਾਨੂੰਨ ਦਾ ਰਾਜ ਨਹੀਂ। ਪੰਜਾਬ ਦੀ ਸਰਕਾਰ ਇਸ ਗੱਲ ਦਾ ਮਾਣ ਕਰ ਸਕਦੀ ਹੈ ਕਿ ਪੰਜਾਬ ਦੀ ਹਿਸਟਰੀ ਵਿਚ, ਡੈਮੋਕਰੇਟਿਕ ਸੈਟ-ਅੱਪ ਵਿਚ ਪਹਿਲੇ ਕਿਸੇ ਨੇ ਇਸ ਤਰ੍ਹਾਂ ਜਲਦੀ ਨਾਲ ਤੁਰੰਤ ਐਕਸ਼ਨ ਨਹੀਂ ਲਿਆ। ਉਥੇ ਗੋਲੀ ਚਲੀ, ਗੋਲੀ ਚਲਣ ਤੋਂ ਬਾਅਦ ਜਿਸ ਸਿਨਮੇ ਦੇ ਕਾਰਨ ਗੋਲੀ, ਚੱਲੀ ਉਸ ਸਿਨਮੇ ਦੇ ਮਾਲਕ ਦਾ ਲਾਈਸੈਂਸ ਸਸਪੈਂਡ ਕੀਤਾ। ਜਿਨ੍ਹਾਂ ਕਰਕੇ ਉਥੇ ਹਵਾ ਖਰਾਬ ਹੋਈ, ਉਹ ਦੋ ਅਫਸਰ ਸਸਪੈਂਡ ਕੀਤੇ ਅਤੇ ਤੁਰੰਤ ਜੁਡੀਸ਼ਲ ਇਨਕੁਆਇਰੀ ਦਾ ਆਰਡਰ ਕੀਤਾ। ਜੁਡੀਸ਼ਲ ਇਨਕੁਆਇਰੀ ਵੀ ਉਹ ਨਹੀਂ ਕਿ ਉਥੇ ਸੈਸ਼ਨ ਜੱਜ ਲਾਇਆ ਗਿਆ ਜਾਂ ਕੋਈ ਰਿਟਾਇਰਡ ਜੱਜ ਹਾਈ ਕੋਰਟ ਦਾ ਲਾਇਆ ਗਿਆ ਸਗੋਂ ਹਾਈਕੋਰਟ ਦੇ ਚੀਫ ਜਸਟਿਸ ਨੂੰ ਕਿਹਾ ਕਿ ਜਿਸ ਨੂੰ ਮਰਜ਼ੀ ਭੇਜ ਕੇ ਇਨਕੁਆਇਰੀ ਕਰਾਉ। ਉਸ ਇਨ-ਕੁਆਇਰੀ ਵਿਚ ਇਹ ਵੀ ਕੀਤਾ ਕਿ ਸਟੂਡੈਂਟਸ ਨੂੰ ਲੀਗਲ ਏਡ ਵੀ ਦਿੱਤੀ ਜਾਵੇਗੀ। ਕਿਸੇ ਨੇ ਹੁਣ ਤਕ ਇਹ ਕੰਮ ਨਹੀਂ ਕੀਤਾ। ਮੈਨੂੰ ਇਸ ਗਲ ਦਾ ਬੜਾ ਅਫਸੋਸ ਹੈ ਕਿ ਮੇਰੇ ਸਾਹਮਣੇ ਬੈਠੇ ਹੋਏ ਅਕਾਲੀ ਪਾਰਟੀ ਦੇ ਮੈਂਬਰਾਂ ਨੇ ਇਸ ਗਲ ਦੀ ਪ੍ਰਸ਼ੰਸਾ ਨਹੀਂ ਕੀਤੀ ਜਦੋਂ ਕਿ ਅਕਾਲੀ ਪਾਰਟੀ ਦੇ ਪ੍ਰੈਜ਼ੀਡੈਂਟ ਜੱਥੇਦਾਰ ਮੋਹਣ ਸਿੰਘ ਤੁੜ ਨੇ ਪ੍ਰਸ਼ੰਸਾ ਕੀਤੀ ਸੀ। ਉਨ੍ਹਾਂ ਨੂੰ ਇਸ ਗੱਲ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਸੀ। ਲੇਕਿਨ ਇਨ੍ਹਾਂ ਇਸ ਦੀ ਬਜਾਏ ਇਹ

ਇਤਜ਼ਾਮ ਲਾਇਆ ਕਿ ਉਥੇ ਸਾਰਾ ਕੁਝ ਸਰਕਾਰ ਦੀ ਵਜ੍ਹਾ ਨਾਲ ਹੋਇਆਂ ਹੈ। ਮੈਂ ਕਹਿ ਸਕਦਾ ਹਾਂ ਕਿ ਅਕਾਲੀ ਪਾਰਟੀ ਦੇ ਜ਼ਮਾਨੇ ਵਿਚ ਫਿਰੋਜ਼ਪੁਰ ਸੈਂਟਰਲ ਜ਼ੇਲ੍ਹ ਅੰਦਰ ਗੋਲੀ ਚਲੀ ਅਤੇ ਉਸ ਗੋਲੀ ਚਲਣ ਨਾਲ 6 ਤੋਂ ਵੱਧ ਆਦਮੀ ਮਰੇ। ਪਰ ਬਾਵਜੂਦ ਲੋਕਾਂ ਦੀ ਮੰਗ ਦੇ ਉਥੇ ਕੋਈ ਪੜਤਾਲ ਨਾ ਹੋਈ।

ਸਪੀਕਰ ਸਾਹਿਬ, ਕੋਈ ਬੰਦਾ ਇਹ ਨਹੀਂ ਕਹਿ ਸਕਦਾ ਕਿ ਕੈਦੀ ਬਗ਼ਾਵਤ ਕਰ ਸਕਦੇ ਹਨ। ਉਥੇ ਜੁਡੀਸ਼ਅਲ ਇਨਕੁਆਇਰੀ ਚਾਹੀਦੀ ਸੀ ਲੇਕਿਨ ਉਸ ਵਕਤ ਇਨ੍ਹਾਂ ਵਲੋਂ ਜ਼ਬਾਨ ਨਹੀਂ ਖੁਲ੍ਹੀ (ਸ਼ੇਮ, ਸ਼ੇਮ) ਸਾਰੀਆਂ ਪਾਰਟੀਆਂ ਨੇ ਮੰਗ ਕੀਤੀ ਕਿ ਜੁਡੀਸ਼ੀਅਲ ਇਨਕੁਆਇਰੀ ਕਰਵਾਈ ਜਾਵੇ ਲੇਕਿਨ ਨਹੀਂ ਕਰਾਈ ਗਈ। ਖੈਰ ਮੈਂ ਇਸ ਗੱਲ ਤੋਂ ਅਗੇ ਚਲਦਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਹੁਣ ਪੁਲਿਸ ਰਾਜ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਸ਼ਰੋਮਣੀ ਅਕਾਲੀ ਦਲ ਦੇ ਪ੍ਰੈਜ਼ੀਡੈਂਟ, ਸ਼੍ਰੋਮਣੀ ਅਕਾਲੀ ਦਲ ਦੀ ਇਨਕੁਆਇਰੀ ਕਮੇਟੀ ਮੋਗੇ ਜਾਂਦੀ ਹੈ ਅਤੇ ਮੋਗੇ ਜਾਕੇ ਸਟੇਟਮੈਂਟ ਦਿੰਦੀ ਹੈ ਕਿ ਦੋ ਦਰਜਨ ਬੰਦੇ ਮਰੇ ਹਨ। ਤੁਸੀਂ ਮੈਨੂੰ ਦਸੋ ਕਿਹੜਾ ਇਨਸਾਨ ਹੈ ਜਿਸ ਦਾ ਹਿਰਦਾ ਇਹ ਚੀਜ਼ ਸੁਣ ਕੇ ਕੰਬ ਨਹੀਂ ਉਠੇਗਾ ਕਿ ਸਰਕਾਰ ਨੇ ਜੋ ਗਿਣਤੀ ਦਸੀ ਹੈ ਉਸ ਤੋਂ ਇਤਨੀ ਵੱਧ ਗਿਣਤੀ ਵਿਚ ਬੰਦੇ ਮਰੇ ਹਨ। ਸਪੀਕਰ ਸਾਹਿਬ ਇਹ ਬੇ-ਬੁਨਿਯਾਦ ਗਲ ਜਾਣ ਬੁਝ ਕੇ ਕਹੀ ਗਈ (ਵਿਘਨ) ਔਰ ਹੈਰਾਨੀ ਦੀ ਗਲ ਹੈ ਕਿ ਇਨ੍ਹਾਂ ਵੀਰਾਂ ਦੀ ਦਸੀ ਹੋਈ ਗਿਣਤੀ ਦੀ ਤਾਈਦ ਕੌਣ ਕਰਦਾ ਹੈ, ਪਾਕਿਸਤਾਨ ਦਾ ਪ੍ਰੈਸ, ਪਾਕਿਸਤਾਨ ਦਾ ਰੇਡਿਓ। ਇਸ ਨਾਲ ਬੇ—ਅਮਨੀ ਪੈਦਾ ਹੋਣ ਦੀ ਸੰਭਾਵਨਾ ਸੀ। ਇਸ ਨਾਲ ਮੁੰਡਿਆਂ ਨੂੰ ਜੋਸ਼ ਦਿਲਾਇਆ ਗਿਆ। (ਵਿਘਨ) ਇਨ੍ਹਾਂ ਨੇ ਮੁੰਡਿਆਂ ਨੂੰ ਉਕਸਾਇਆ।

ਆਵਾਜ਼ਾਂ : ਗਲਤ, ਗਲਤ, ਝੂਠ, ਝੂਠ।

ਮੁੱਖ ਮੰਤਰੀ : ਤੁਸੀਂ (ਵਿਰੋਧੀ ਪਾਰਟੀ ਨੂੰ ਸੰਬੋਧਨ ਕਰਕੇ) ਅਸਲੀਅਤ ਨੂੰ ਲਕੋਂਦੇ ਕਿਉਂ ਹੋ। ਸਪੀਕਰ ਸਾਹਿਬ, ਇਨ੍ਹਾਂ ਨੇ ਮੁੰਡਿਆਂ ਨੂੰ ਕਿਹਾ ਕਿ ਅਸੀਂ ਤੁਹਾਨੂੰ ਬੰਦੂਕਾਂ ਦਿੰਦੇ ਹਾਂ। (ਵਿਘਨ) ਹੁਣ ਜ਼ਰਾ ਸ਼ਾਂਤੀ ਨਾਲ ਸੁਣ ਲਓ।

ਸਰਦਾਰ ਰਣਧੀਰ ਸਿੰਘ ਚੀਮਾ : ਤੁਸੀਂ ਤਾਂ ਸਰਕਾਰ ਸੰਭਾਲਣ ਦੇ ਕਾਬਿਲ ਹੀ ਨਹੀਂ ਹੋ। ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਕਿਸ ਨੇ ਬੰਦੂਕਾਂ ਫੜਾਈਆਂ ਹਨ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜੋ ਗਲਾਂ ਇਥੇ ਕਰਾਂਗਾ ਉਹ ਹੀ ਮੈਦਾਨ ਵਿਚ ਵੀ ਕਰਾਂਗਾ। ਪਰ ਮਜ਼ਾ ਤਾਂ ਹੈ ਕਿ ਇਹ ਮੇਰੇ ਵੀਰ ਜੋ ਗ਼ਲਤ ਗਲਾਂ ਇਥੇ ਕਰ ਰਹੇ ਹਨ ਉਹ ਬਾਹਰ ਵੀ ਕਰਨ। ਮੈਂ ਫਿਰ ਵੇਖਾਂਗਾ ਕਿ ਇਨ੍ਹਾਂ ਤੇ ਕਿਵੇਂ ਮੁਕੱਦਮਾ ਨਹੀਂ ਚਲਦਾ। ਸੰਧੂ ਸਾਹਿਬ ਨੇ ਚਾਰ ਲੱਖ ਰੁਪਏ ਦੀ ਗੱਲ ਕਹੀ ਹੈ। ਇਥੇ ਇਹ ਕਹਿ ਸਕਦੇ ਹਨ ਪਰ ਬਾਹਰ ਕਹਿਣ ਤਾਂ ਮੈਂ ਇਨ੍ਹਾਂ ਤੇ ਮੁਕਦਮਾ ਚਲਾਵਾਂਗਾ।

ਆਵਾਜ਼ਾਂ : ਚਲਾ ਲੈਣਾ ਮੁਕੱਦਮਾ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਗਲ ਸਪੱਸ਼ਟ ਲਫਜ਼ਾਂ ਵਿਚ ਕਹਿਣਾ ਚਾਹੁੰਦਾ ਹਾਂ ਕਿ ਇਸ ਗਲ ਦੀ ਕੋਸ਼ਿਸ਼ ਕੀਤੀ ਗਈ ਔਰ ਜਾਹਲੀ ਸਟੂਡੈਂਟਸ ਬਣਾ ਕੇ, ਨੌਜਵਾਨ ਮੁੰਡਿਆਂ ਨੂੰ, ਪਾਰਟੀ ਦੇ ਗੁੰਡਿਆਂ ਨੂੰ ਭੇਜਿਆ ਗਿਆ ਤਾਕਿ ਉਹ ਬੱਸਾਂ ਨੂੰ ਅੱਗ ਲਾਉਣ, ਰੇਲਵੇ ਸਟੇਸ਼ਨਾਂ ਨੂੰ ਸਾੜਨ ਅਤੇ ਪਬਲਿਕ ਪ੍ਰਾਪਰਟੀ ਨੂੰ ਬਰਬਾਦ ਕਰਨ। ਫਿਰ ਵੀ ਕੁਝ ਦਿਨਾਂ ਬਾਅਦ ਪੰਜਾਬ ਦੀ ਸਰਕਾਰ ਨੇ ਇਨ੍ਹਾਂ ਨੂੰ ਰਿਹਾਅ ਕਰ ਦਿਤਾ ਔਰ ਸਕੂਲ ਤੇ

(ਮੁਖ ਮੰਤਰੀ)

ਕਾਲਿਜ ਖੋਲ੍ਹ ਦਿਤੇ ਗਏ ਲੇਕਿਨ ਇਨ੍ਹਾਂ ਨੂੰ ਇਹ ਗੱਲ ਹਜ਼ਮ ਨਾ ਹੋਈ, ਦੁਬਾਰਾ ਫਿਰ ਅੱਗਾਂ ਲਾਉਣੀਆਂ ਸ਼ੁਰੂ ਕਰ ਦਿਤੀਆਂ । ਮੈਨੂੰ ਦੱਸੋ ਕਿ ਕਿਹੜੀ ਸਰਕਾਰ ਹੈ ਜਿਹੜੀ ਕਿ ਇਸ ਤਰ੍ਹਾਂ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਲਈ ਕਿਸੇ ਵਿਅਕਤੀ ਨੂੰ ਇਜਾਜ਼ਤ ਦੇ ਦਿੰਦੀ ਹੋਵੇ । ਸੋ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇਥੇ ਪੁਲਿਸ ਰਾਜ ਹੈ । ਮੈਂ ਪੁਛਦਾ ਹਾਂ ਕਿ ਪੁਲਿਸ ਰਾਜ ਨਾ ਹੋਵੇ ਤਾਂ ਕੀ ਗੁੰਡਿਆਂ ਦਾ ਰਾਜ ਹੋਵੇ ? ਪੰਜਾਬ ਸਰਕਾਰ ਦਾ ਫਰਜ਼ ਹੈ ਕਿ ਗੁੰਡਿਆਂ ਤੋਂ ਲੋਕਾਂ ਦੀ ਇਜ਼ਤ ਬਚਾਵੇ ਉਨ੍ਹਾਂ ਤੋਂ ਲੋਕਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ । ਜਨਤਾ ਦੇ ਜਾਨ-ਓ-ਮਾਲ ਦੀ ਰਾਖੀ ਕੀਤੀ ਜਾਵੇ । ਸਪੀਕਰ ਸਾਹਿਬ ਮੈਂ ਸਵਰਗਵਾਸੀ ਸੰਤ ਫਤਿਹ ਸਿੰਘ ਜੀ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ । ਉਨ੍ਹਾਂ ਨੂੰ ਮੈਂ ਅੱਜ ਰੱਜਕੇ ਟਰੀਬਿਊਟਸ ਪੇ ਕਰਕੇ ਹਟਿਆ ਹਾਂ ਮਗਰ ਇਨ੍ਹਾਂ ਵਲੋਂ ਸਪੀਕਰ ਸਾਹਿਬ ਇਸ ਗੱਲ ਦੀ ਬਹੁਤ ਕੋਸ਼ਿਸ਼ ਕੀਤੀ ਗਈ ਕਿ ਕਿਸੇ ਤਰ੍ਹਾਂ ਨਾਲ ਪੰਜਾਬ ਦੇ ਸਟੂਡੈਂਟ ਨੂੰ ਵਰਗਲਾਇਆ ਜਾਵੇ । ਬੇਅਮਨੀ ਪੈਦਾ ਕੀਤੀ ਜਾਵੇ, ਅੱਗਾਂ ਲਾਈਆਂ ਜਾਣ ਪਰ ਪੰਜਾਬ ਦੀ ਪੁਲਿਸ ਨੇ ਐਡਮਨਿਸਟਰੇਸ਼ਨ ਨੇ ਪੂਰੇ ਤਹੱਮਲ ਨਾਲ, ਪੂਰੀ ਸਮਝਦਾਰੀ ਨਾਲ ਔਰ ਪਿਆਰ ਨਾਲ ਇਕ ਨਾਜ਼ੁਕ ਸਥਿਤੀ ਨੂੰ ਸੰਭਾਲਿਆ ਅਤੇ ਅਮਨ ਕਾਇਮ ਕਰਨ ਵਿਚ ਇਕ ਕਤਰਾ ਵੀ ਖੂਨ ਦਾ ਨਹੀਂ ਬਹਿਣ ਦਿਤਾ । (ਵਿਘਨ) ਮੈਂ ਪੰਜਾਬ ਦੀ ਐਡਮਨਿਟਰੇਸ਼ਨ ਨੂੰ ਮੁਬਾਰਿਕਬਾਦ ਦਿਦਾ ਹਾਂ ਅਤੇ ਪੰਜਾਬ ਦੇ ਲੋਕਾਂ ਨੂੰ ਵੀ ਮੁਬਾਰਕਬਾਦ ਦਿੰਦਾ ਹਾਂ ਕਿ ਉਹ ਇਨ੍ਹਾਂ ਲੋਕਾਂ ਦੇ ਆਖੇ ਨਹੀਂ ਲਗੇ । (ਵਿਘਨ) (ਸ਼ੋਰ) ਸਪੀਕਰ ਸਾਹਿਬ ਇਹ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦੀ ਜਨਤਾ ਜਿਹੜੀ ਹੈ ਉਹ ਇਸ ਸਰਕਾਰ ਦੇ ਨਾਲ ਹੈ । ਸ਼ਾਇਦ ਇਹ ਅਕਾਲੀ ਵੀਰ ਸਮਝਦੇ ਹੋਣ ਕਿ ਇਹ ਸਰਕਾਰ ਇਨ੍ਹਾਂ ਦੇ ਸਿਰ ਤੇ ਚਲਦੀ ਹੈ, ਇਹ ਗਲ ਦਾ ਭੁਲੇਖਾ ਨਹੀਂ ਹੋਣਾ ਚਾਹੀਦਾ । ਸਰਕਾਰ ਚਲਾਉਣ ਵਾਲੇ (ਆਪਣੀ ਪਾਰਟੀ ਵਲ ਹਥ ਕਰਕੇ) ਇਧਰ ਬੈਠੇ ਹਨ । (ਵਿਘਨ)

ਸਪੀਕਰ ਸਾਹਿਬ ਮੈਂ ਇਨ੍ਹਾਂ ਆਨਰੇਬਲ ਮੈਂਬਰਾਂ ਨੂੰ ਕਹਾਂਗਾ ਕਿ ਇਨ੍ਹਾਂ ਨੇ ਡੇਢ ਘੰਟਾ ਲਿਆ ਹੈ ਅਤੇ ਡਾਂਗ ਸਾਹਿਬ ਨੇ ਵੀ ਸਾਰਾ ਕੁਝ ਕਿਹਾ ਹੈ, ਇਹ ਹੁਣ ਮੇਰੀਆਂ ਗੱਲਾਂ ਵੀ ਸੁਣ ਲੈਣ । ਮੈਂ ਕਿਸੇ ਤੇ ਹਮਲਾ ਨਹੀ ਕਰਦਾ ਸਗੋਂ ਮੈਂ ਤਾਂ ਆਪਣੇ ਤੇ ਹੋਏ ਹਮਲਿਆਂ ਦਾ ਜਵਾਬ ਦੇ ਰਿਹਾ ਹਾਂ । ਸਪੀਕਰ ਸਾਹਿਬ ਮੈਂ ਸਰਦਾਰ ਅਜਾਇਬ ਸਿੰਘ ਜੀ ਦਾ ਮਸ਼ਕੂਰ ਹਾਂ ਕਿਉਂਕਿ ਉਹ ਬੜੇ ਠੰਡ ਦਿਲ ਨਾਲ ਸੁਣ ਰਹੇ ਹਨ । ਇਨ੍ਹਾਂ ਨੇ ਕਿਹਾ ਹੈ ਕਿ ਪੁਲਿਸ ਦੇ ਰਵਈਏ ਵਿਚ ਫਰਕ ਨਹੀਂ ਆਇਆ । ਮੈਂ ਸਧੂ ਸਾਹਿਬ ਦਾ ਮਸ਼ਕੂਰ ਹੋਵਾਂਗਾ ਜੇਕਰ ਉਹ ਇਹ ਦਸਣ ਕਿ ਫਲਾਣੀ ਜਗ੍ਹਾ ਤੇ ਪੁਲਿਸ ਦੇ ਰੱਵਈਏ ਵਿਚ ਫਰਕ ਨਹੀਂ ਪਿਆ । ਔਰ ਮੈਂ ਉਥੇ ਦੀ ਪੁਲਿਸ ਦੇ ਰਵੱਈਏ ਨੂੰ ਠੀਕ ਕਰਾਂਗਾ । ਪਰ ਮੈਂ ਇਹ ਕਹਿ ਸਕਦਾ ਹਾਂ ਕਿ ਇਹ ਪਹਿਲਾ ਸਮਾਂ ਹੈ ਜਦੋਂ ਕਿ ਇਸ ਗੱਲ ਦਾ ਆਰਡਰ ਕੀਤਾ ਹੋਵੇ ਕਿ ਪੰਜਾਬ ਦੇ ਵਿਚ ਜਿਤਨੇ ਪੰਚ ਤੇ ਸਰਪੰਚ ਹਨ ਜਦੋਂ ਉਹ ਕਿਸੇ ਦਫਤਰ ਵਿਚ ਜਾਣ ਤਾਂ ਉਨ੍ਹਾਂ ਨੂੰ ਕੁਰਸੀਆਂ ਦਿਤੀਆਂ ਜਾਣ ਤੇ ਉਨ੍ਹਾਂ ਦਾ ਆਦਰ ਮਾਣ ਕੀਤਾ ਜਾਵੇ । (ਥੰਪਿੰਗ) ਇਥੇ ਹੀ ਬਸ ਨਹੀਂ ਇਸ ਸਰਕਾਰ ਨੇ ਐਮ.ਐਲ.ਏਜ਼. ਦੇ ਬਾਰੇ ਹੁਕਮ ਕੀਤਾ ਹੈ ਕਿ order of precedence ਵਿਚ ਐਮ. ਐਲ.ਏਜ਼ ਪੰਜਾਬ ਦੇ ਚੀਫ਼-ਸੈਕਟਰੀ ਤੋਂ ਬਾਅਦ ਹਨ। ਇਸ ਲਈ ਉਨ੍ਹਾਂ ਨੂੰ ਪੂਰਾ ਸਨਮਾਨ ਦਿਤਾ ਜਾਵੇ । (ਵਿਘਨ) (ਥੰਪਿੰਗ) ਸੋ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੁਲਿਸ ਦੇ ਰਵੱਈਏ ਵਿਚ ਫਰਕ ਪਿਆ ਹੈ।

Kavanjit

ਫਰਕ ਪਿਆ ਹੈ । ਲਾ ਐਂਡ ਆਰਡਰ ਨੂੰ ਕਾਇਮ ਰਖਣ ਵਾਸਤੇ ਪੰਜਾਬ ਦੀ ਪੁਲਿਸ ਦੇ ਨੌਜਵਾਨ ਜ਼ਖਮੀ ਵੀ ਹੋਏ ਹਨ, ਸੱਟਾਂ ਵੀ ਖਾਧੀਆਂ ਹਨ ਲੇਕਿਨ ਜੋ ਉਨ੍ਹਾਂ ਨੇ ਤਹੱਮਲ ਵਿਖਾਇਆ ਹੈ, ਜਿਸ ਤਰ੍ਹਾਂ ਲੋਕਾਂ ਦੀ ਸੇਵਾ ਕੀਤੀ ਹੈ ਉਹ ਸਲਾਹੁਣ-ਯੋਗ ਹੈ ।

ਸਰਦਾਰ ਜਸਦੇਵ ਸਿੰਘ ਸੰਧੂ : ਪਟਿਆਲੇ ਮੈਡੀਕਲ ਕਾਲਿਜ ਦੀ ਵੀ ਗੱਲ ਦੱਸ ਦਿਉ ।

ਮੁਖ ਮੰਤਰੀ:—ਸਪੀਕਰ ਸਾਹਿਬ ਮੈਂ ਸੰਧੂ ਸਾਹਿਬ ਦੀ ਇਸ ਗਲ ਦਾ ਵੀ ਜਵਾਬ ਦੇਵਾਂਗਾ । ਇਹ ਸਾਂਤੀ ਨਾਲ ਸੁਣ ਲੈਣ । ਇਕ ਗੱਲ ਇਨ੍ਹਾਂ ਨੇ ਹੋਰ ਕਹੀ ਹੈ ਕਿ ਪ੍ਰੈਸ ਵਰਕਰਾਂ ਦੀ ਹੜਤਾਲ ਸਰਕਾਰ ਨੇ ਕਿਉਂ ਨਹੀਂ ਤੁੜਵਾਈ ? ਟੀਚਰਜ਼ ਵੀ ਰਿਹਾ ਹੋ ਗਏ ਤੇ ਸਟੂਡੈਂਟਸ ਵੀ ਰਿਹਾ ਹੋਗਏ । ਪ੍ਰੈਸ ਵਰਕਰਜ਼ ਦੀ ਹੜਤਾਲ ਦਾ ਮੈਨੂੰ ਵੀ ਅਫਸੋਸ ਹੈ ਅਤੇ ਅਸੀਂ ਆਪਣੇ ਲੇਬਰ ਮਨਿਸਟਰ ਸਾਹਿਬ ਨੂੰ ਇਸ ਕੰਮ ਤੇ ਲਾਇਆ ਹੈ ਕਿ ਉਹ ਪ੍ਰੈਸ ਦੇ ਮਾਲਿਕਾਂ ਅਤੇ ਪ੍ਰੈਸ ਦੇ ਵਰਕਰਾਂ ਦੇ ਦਰਮਿਆਨ ਸਮਝੌਤਾ ਕਰਵਾਉਣ। ਸਪੀਕਰ ਸਾਹਿਬ ਮਾਮਲਾ ਬੜਾ ਹੀ ਨਾਜ਼ਕ ਹੈ । ਜਦੋਂ ਕੋਈ ਹੜਤਾਲ ਕਰਦਾ ਹੈ ਤਾਂ ਆਪੋਜ਼ੀਸ਼ਨ ਵਾਲੇ ਕਹਿ ਦਿੰਦੇ ਹਨ ਕਿ ਹੜਤਾਲੀ ਸੱਚੇ ਹਨ ਤੇ ਉਨ੍ਹਾਂ ਦੀਆਂ ਮੰਗਾਂ ਜ਼ਾਇਜ਼ ਹਨ । ਕਮਿਊਨਿਸਟ ਵੀਰ ਵੀ ਇਸ ਬਾਰੇ ਸਟੇਟਮੈਂਟ ਦੇ ਦਿੰਦੇ ਹਨ ਕਿ ਹੜਤਾਲੀ ਵੀਰ ਸੱਚੇ ਹਨ ਤਾਂ ਫਿਰ ਝਗੜਾ ਕਿਹੜੀ ਗੱਲ ਦਾ ਰਹਿ ਜਾਂਦਾ ਹੈ, ਉਹ ਇਨ੍ਹਾਂ ਦੀਆਂ ਮੰਗਾਂ ਪੂਰੀਆਂ ਕਿਉਂ ਨਹੀਂ ਕਰਦੇ ।

ਮੈਂ ਇਹ ਹੁਣ ਵੀ ਕਹਿੰਦਾ ਹਾਂ ਕਿ ਜੇਕਰ ਇਹ ਹਾਊਸ ਫੈਸਲਾ ਕਰ ਲਵੇ ਕਿ ਉਨ੍ਹਾਂ ਦੀਆਂ ਮੰਗਾਂ ਸਰਕਾਰ ਨੂੰ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਤਾਂ ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਮੈਂ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਾਂਗਾ । ਪਰ ਇਹ ਨਹੀਂ ਹੋ ਸਕਦਾ ਕਿ ਅਕਾਲੀ ਕਹਿਣ ਕਿ ਸਾਡੇ ਅਖਬਾਰ ਵਿਚ ਨਾ ਕਰੋ, ਜਨ-ਸੰਘ ਕਹੇ ਕਿ ਸਾਡੇ ਅਖਬਾਰ ਵਿਚ ਨਾ ਕਰੋ ਅਤੇ ਕਮਿਊਨਿਸਟ ਕਹਿਣ ਕਿ ਸਾਡੇ ਅਖਬਾਰ ਵਿਚ ਨਾ ਕਰੋ ।

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਤਾਂ ਤੁਹਾਡੇ ਨਾਲ ਹਾਂ ਤੁਸੀਂ ਜਨ-ਸੰਘ ਨੂੰ ਕਹੋ ਕਿ ਉਹ ਖੋਲ੍ਹਣ ਦਾ ਐਲਾਨ ਕਰਨ ਅਸੀਂ ਕਲ੍ਹ ਨੂੰ ਦੋ ਅਖਬਾਰਾਂ ਦੀ ਹੜਤਾਲ ਖੋਲ੍ਹ ਦੇਵਾਂਗੇ ! ਤੁਸੀਂ ਯਸ਼ ਨੂੰ ਕਹੋ ਕਿ ਉਹ ਪਹਿਲਾਂ ਖੋਲ੍ਹੇ..........

ਮੁੱਖ ਮੰਤਰੀ: ਮੈਂ ਮੰਨਦਾ ਹਾਂ ਯਸ਼ ਸਾਡੀ ਪਾਰਟੀ ਵਿਚ ਇਕ ਲੀਡਰ ਹੈ, ਇਨ੍ਹਾਂ ਦਾ ਕਾਂਗਰਸ ਵਿਚ ਇਕ ਉਚਾ ਅਸਥਾਨ ਹੈ, ਮੈਂ ਉਨ੍ਹਾਂ ਦੇ ਜ਼ਾਤੀ ਮੁਆਮਲੇ ਵਿਚ ਦਖਲ ਨਹੀਂ ਦੇ ਸਕਦਾ ਕਿਉਂਕਿ ਅਖਬਾਰ ਵਿਚ ਉਨ੍ਹਾਂ ਦੀ ਜ਼ਾਤੀ ਗਰਜ਼ ਦਾ ਸਵਾਲ ਹੈ । ਜਿਹੜੇ ਅਖਬਾਰ ਪੰਜਾਬ ਸਰਕਾਰ ਛਪਾਉਂਦੀ ਹੈ, ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਅਸੀਂ ਹੜਤਾਲ ਨਹੀਂ ਹੋਣ ਦੇਵਾਂਗੇ ਮੈਨੂੰ ਇਹ ਵੀ ਖਬਰ ਮਿਲੀ ਹੈ ਅਤੇ ਮੈਨੂੰ ਇਹ ਖੁਸ਼ੀ ਹੈ ਕਿ ਕਲ੍ਹ ਨੂੰ ਦੋ ਪਾਰਟੀਆਂ 25% ਅਖਬਾਰਾਂ ਵਾਲਿਆਂ ਨੂੰ ਦੇਣ ਦਾ ਐਲਾਨ ਕਰ ਰਹੀਆਂ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਮੁੱਖ ਮੰਤਰੀ ਸਾਹਿਬ ਤੁਸੀਂ ਕਲ੍ਹ ਨੂੰ ਯਸ਼ ਤੋਂ ਐਲਾਨ ਕਰਵਾਉ ਬਾਕੀ ਦੇ ਅਸੀਂ ਇਕੱਠੇ ਕਰਾਂਗੇ ।

ਮੁੱਖ ਮੰਤਰੀ: ਇਹ ਯਸ਼ ਜੀ ਦਾ ਆਪਣਾ ਜ਼ਾਤੀ ਮੁਆਮਲਾ ਹੈ, ਇਸ ਵਿਚ ਮੈਂ ਕੋਈ ਦਖਲ ਨਹੀਂ ਦੇ ਸਕਦਾ ।

[ਮੁੱਖ ਮੰਤਰੀ]

ਸਪੀਕਰ ਸਾਹਿਬ ਜਿਥੋਂ ਤਕ ਸਟੇਟ ਦੇ ਵਿਚ ਲਾ ਐਂਡ ਆਰਡਰ ਦਾ ਸਵਾਲ ਹੈ 1970, 1971 ਅਤੇ 1972 ਦੇ 9 ਮਹੀਨਿਆਂ ਦੇ ਲਾ ਐਂਡ ਆਰਡਰ ਦਾ ਚਾਰਟ ਮੇਰੇ ਹੱਥਾਂ ਵਿਚ ਹੈ, ਇਸ ਸਾਲ 3215 ਕਰਾਈਮਜ਼ ਘਟ ਹੋਏ ਹਨ। ਇਹ ਕਰਾਈਮਜ਼ ਸਭ ਤੋਂ ਪਹਿਲੀ ਵਾਰ ਘਟ ਹੋਏ ਹਨ (ਆਵਾਜ਼ਾਂ: ਉਹ ਰਿਪੋਰਟਾਂ ਹੀ ਨਹੀਂ ਲਿਖਦੇ) ਫੇਰ ਇਹ ਕਹਿੰਦੇ ਹਨ ਕਿ ਏਥੇ ਕਰਪਸ਼ਨ ਹੁੰਦੀ ਹੈ, ਕਰਾਈਮਜ਼ ਹੁੰਦੇ ਹਨ। ਮੇਰੇ ਭਤੀਜੇ ਔਰ ਭਾਣਜੇ ਦੇ ਵਿਆਹ ਦੀ ਇਕ ਗਲ ਏਥੇ ਚਲੀ। ਮੈਨੂੰ ਅਫ਼ਸੋਸ ਹੈ ਕਿ ਇਸ ਤਰ੍ਹਾਂ ਦੀ ਪਰਸਨਲ ਗੱਲ ਹਾਊਸ ਦੇ ਵਿਚ ਲਿਆਂਦੀ ਗਈ। ਪਰ ਜਿਸ ਤਰ੍ਹਾਂ ਦਾ ਇਨ੍ਹਾਂ ਦਾ ਖਿਆਲ ਹੈ ਉਸ ਤਰ੍ਹਾਂ ਦੀ ਕਾਨੂੰਨ ਦੀ ਕੋਈ ਉਲੰਘਣਾ ਨਹੀਂ ਹੋਈ। ਇਹ ਸਾਬਤ ਕਰਨ ਉਥੇ ਕੋਈ ਵਾਧੂ ਬਿਜਲੀ ਜਗਾਈ ਹੋਵੇ, ਕੋਈ ਲੈਣ-ਦੇਣ ਹੋਇਆ ਹੋਵੇ। ਬਿਲਕੁਲ ਸਾਧਾਰਨ ਵਿਆਹ ਹੋਏ-ਹਨ। ਪਾਰਟੀ ਵਿਚ ਕੋਈ ਮਿਠਾਈ ਨਹੀਂ ਦਿਤੀ ਗਈ ਕੇਵਲ ਨਾਨਸੀਰੀਅਲ ਚੀਜ਼ਾਂ ਸਰਵ ਹੋਈਆਂ ਸਨ। ਮਾਮੂਲੀ ਚਾਹ ਹੋਈ, ਕਿਉਂਕਿ ਮੇਰੀ ਸਲਾਹ ਸੀ ਕਿ ਘਟ ਤੋਂ ਘਟ ਖਰਚ ਹੋਵੇ। ਸਪੀਕਰ ਸਾਹਿਬ ਇਹ ਪਹਿਲਾ ਮੌਕਾ ਸੀ ਜੋ ਇਸ ਤਰ੍ਹਾਂ ਦਾ ਖਰਚ ਹੋਇਆ ਜੇ ਇਸ ਤੋਂ ਵੀ ਇਨ੍ਹਾਂ ਨੇ ਇਤਰਾਜ਼ ਕੀਤਾ ਹੈ ਤਾਂ ਅਗੇ ਨੂੰ ਕਿਸੇ ਮੁੰਡੇ ਕੁੜੀ ਦਾ ਵਿਆਹ ਕਰਨਾ ਪਿਆ ਇਸ ਤੋਂ ਵੀ ਘਟ ਖਰਚ ਕਰਾਂਗੇ। ਫੇਰ ਉਨ੍ਹਾਂ ਨੇ ਗਲ ਕੀਤੀ ਕਿ ਫਲਾਣੇ ਫਲਾਣੇ ਨਾਲ ਜਫੀਆਂ ਪਾਉਂਦੇ ਹਨ। ਪਰ ਇਨ੍ਹਾਂ ਦੀ ਇਸ ਗੱਲ ਦੇ ਵਿਚ ਵੀ ਕੋਈ ਵਜ਼ਨ ਨਹੀਂ। ਹੋ ਸਕਦਾ ਹੈ ਉਨ੍ਹਾਂ ਨੂੰ ਮੇਰੀ ਇਹ ਗੱਲ ਚੰਗੀ ਨਾ ਲੱਗੀ ਹੋਵੇ। ਮੈਂ ਉਨਾਂ ਨੂੰ ਦਸ ਦੇਵਾਂ ਕਿ 17 ਸਾਲ ਦੀ ਉਮਰ ਤੋਂ ਬਾਅਦ ਮੈਂ ਆਪਣੇ ਘਰ ਦਾ ਕੋਈ ਕੰਮ ਨਹੀਂ ਕੀਤਾ। ਮੈਂ ਤਿੰਨ ਵਾਰ ਵਜ਼ੀਰ ਬਣਿਆਂ ਹਾਂ ਅਤੇ ਪੈਪਸੂ ਵਿਚ ਢਾਈ ਸਾਲ ਤੇ ਪੰਜਾਬ ਵਿਚ 6 ਸਾਲ ਮੈਂ ਪੰਜਾਬ ਦੇ ਚੱਪੇ ਚਪੇ ਵਿਚ ਫਿਰਦਾ ਰਿਹਾ ਹਾਂ ਅਤੇ ਸੇਵਾ ਕਰਦਾ ਰਿਹਾ ਹਾਂ। ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਵੀ ਰਿਹਾ ਹਾਂ। ਮੇਰੀ ਵਾਕਫ਼ੀਅਤ ਪੰਜਾਬ ਭਰ ਦੇ ਬਹੁਤ ਸਾਰੇ ਲੋਕਾਂ ਨਾਲ ਹੈ। ਇਸ ਲਈ ਮੇਰੀਆਂ ਜਫੀਆਂ ਹਰੇਕ ਨਾਲ ਹੀ ਪੈਂਦੀਆਂ ਹਨ। ਸੰਧੂ ਜੀ ਸ਼ਾਇਦ ਇਹ ਗਲ ਭੁਲ ਗਏ ਹੋਣਗੇ ਕਿ ਜਦੋਂ ਮੈਂ ਉਨ੍ਹਾਂ ਦੇ ਹਲਕੇ ਵਿਚ ਗਿਆ ਤਾਂ ਮੈਂ ਉਨ੍ਹਾਂ ਦੀ ਰੱਜ ਕੇ ਤਾਰੀਫ਼ ਕੀਤੀ। ਜੇ ਮੇਰੀਆਂ ਜੱਫੀਆਂ ਦਾ ਸਰਦਾਰ ਅਜਾਇਬ ਸਿੰਘ ਸੰਧੂ ਫਾਇਦਾ ਉਠਾਉਂਦੇ ਹਨ ਤਾਂ ਹੋਰ ਲੋਕ ਵੀ ਉਠਾਉਂਦੇ ਹੋਣਗੇ (ਹਾਸਾ) ਇਕ ਗੱਲ ਹੋਰ ਇਨ੍ਹਾਂ ਨੇ ਖਾਦੀ ਬੋਰਡ ਦੇ ਚੇਅਰਮੈਨ ਦੇ ਮੁਤਾਲਿਕ ਕਹੀ। ਮੈਂ ਕਹਿੰਦਾ ਹਾਂ ਕਿ ਮੇਰੀ ਮਨਿਸਟਰੀ ਵੇਲੇ ਦੀ ਐਸੀ ਕੋਈ ਗਲ ਨਹੀਂ ਹੋਈ। ਜੇ ਹੋਵੇ ਤਾਂ ਮੈਂ ਕਸੂਰਵਾਰ ਹਾਂ ਅਤੇ ਉਸ ਦੀ ਸਜ਼ਾ ਜੋ ਮਿਲਣੀ ਹੈ ਮੈਂ ਲਵਾਂਗਾ। ਪਰ ਜੇ ਕੋਈ ਗਲ ਨਹੀਂ ਤਾਂ ਸੰਧੂ ਸਾਹਿਬ ਨੂੰ ਇਹ ਨਹੀਂ ਸੀ ਕਹਿਣਾ ਚਾਹੀਦਾ, ਉਨ੍ਹਾਂ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ, ਯਾ ਪਬਲਿਕ ਵਿਚ ਜਾ ਕੇ ਅਜਿਹੀ ਤਕਰੀਰ ਕਰਨੀ ਚਾਹੀਦੀ ਹੈ।

ਇਕ ਏਥੇ ਬਿਜਲੀ ਬੋਰਡ ਦਾ ਜ਼ਿਕਰ ਕਰਦੇ ਹੋਏ ਸ੍ਰੀ ਓਅੰਕਾਰ ਚੰਦ ਦਾ ਵੀ ਨਾਉਂ ਲਿਆ ਗਿਆ। ਉਹ ਸ਼ਖਸ ਆਜ਼ਾਦੀ ਲਈ ਲੜਾਈ ਲੜਨ ਵਾਲਿਆਂ ਵਿਚੋਂ ਹੈ ਅਤੇ ਹੁਣ ਤੱਕ ਉਸ ਨੇ ਅਪਣੀ ਪਾਰਟੀ ਦੀ ਅਣਥਕ ਸੇਵਾ ਕੀਤੀ ਹੈ, ਇਸ ਲਈ ਉਨ੍ਹਾਂ ਨੂੰ ਇਸ ਦੇ ਮੁਤਾਲਿਕ ਜੇਕਰ ਕੋਈ ਭੁਲੇਖਾ ਹੈ ਤਾਂ ਦੂਰ ਹੋ ਜਾਣਾ ਚਾਹੀਦਾ ਹੈ। ਇਹ ਠੀਕ ਹੈ ਕਿ ਬਿਜਲੀ ਬੋਰਡ ਦੇ ਵਿਚ ਸਰਦਾਰ ਜ਼ੋਰਾ ਸਿੰਘ ਨੂੰ, ਸਰਦਾਰ ਬਖਤਾਵਰ ਸਿੰਘ ਦੀ ਥਾਂ ਦਿਤੀ ਗਈ ਹੈ। ਸ: ਸੁਰਿੰਦਰ ਪਾਲ ਸਿੰਘ ਨੂੰ ਇਨ੍ਹਾਂ ਦੀ ਪਾਰਟੀ ਨੇ ਐਡਮਨਿਸ-ਟ੍ਰੇਟਿਵ ਮੈਂਬਰ ਬਣਾਇਆ ਸੀ, ਉਹ ਕੇਵਲ ਬੀ.ਏ. ਹੈ। ਪਰ ਸਰਦਾਰ ਜ਼ੋਰਾ ਸਿੰਘ ਬਰਾੜ

ਬੀ.ਏ. ਪਾਸ ਹੈ ਅਤੇ ਐਲ.ਐਲ.ਬੀ. ਕਰ ਰਹੇ ਹਨ । ਉਹ ਇਕ ਐਸੇ ਦੇਸ਼ ਭਗਤ ਦਾ ਪੁਤਰ ਹੈ ਜੋ ਰਜਵਾੜਾ-ਸ਼ਾਹੀ ਰਾਜ ਵੇਲੇ ਉਨ੍ਹਾਂ ਰਾਜਿਆਂ ਦੇ ਖਿਲਾਫ਼ ਬੋਲਿਆ ਸੀ, ਜਿਸ ਵੇਲੇ ਕਿ ਉਨ੍ਹਾਂ ਵਲ ਉਂਗਲੀ ਕਰਨੀ ਵੀ ਜੁਰਮ ਹੁੰਦੀ ਸੀ । ਉਨ੍ਹਾਂ ਨੂੰ ਇਸ ਤੋਂ ਵੀ ਜ਼ਿਆਦਾ ਔਹੁਦਾ ਮਿਲਣਾ ਚਾਹੀਦਾ ਸੀ । ਕੇਵਲ ਇਸ ਕਰਕੇ ਨਹੀਂ ਕਿ ਉਹ ਸਾਡੀ ਪਾਰਟੀ ਦਾ ਬੰਦਾ ਹੈ । ਜੇ ਮੈਂ ਦੇ ਸਕਦਾ ਤਾਂ ਮੈਂ ਇਸ ਨੂੰ ਹੋਰ ਵੀ ਕੋਈ ਉਚਾ ਔਹੁਦਾ ਦੇਂਦਾ । ਮੈਂ ਅਜ ਵੀ ਲੀਡਰ ਆਫ਼ ਦੀ ਅਪੋਜ਼ੀਸ਼ਨ ਨੂੰ ਕਹਿੰਦਾ ਹਾਂ ਕਿ ਉਹ ਜਾ ਕੇ ਬੋਰਡ ਦੀ ਵਰਕਿੰਗ ਵੇਖਣ ਜੇ ਕੋਈ ਖਾਮੀ ਹੈ ਤਾਂ ਮੈਂ ਪਹਿਲਾ ਆਦਮੀ ਹੋਵਾਂਗਾ ਜਿਹੜਾ ਉਸ ਖਾਮੀ ਦੀ ਉਨ੍ਹਾਂ ਨੂੰ ਸਜ਼ਾ ਦੇਵਾਂਗਾ । ਏਥੇ ਇਕ ਐਮ.ਐਲ.ਏ. ਨੇ ਮੇਰੀਆਂ ਰਿਸ਼ਤੇਦਾਰੀ ਦੀਆਂ ਗੱਲਾਂ ਕੀਤੀਆਂ । ਕਈ ਇਕ ਗਲਾਂ ਮੈਂ ਚੰਗੀ ਤਰ੍ਹਾਂ ਸੁਣ ਨਹੀਂ ਸਕਿਆ । ਇਹ ਠੀਕ ਹੈ ਕਿ ਮੇਰੀਆਂ ਸਰਦਾਰ ਹਰਬੰਸ ਸਿੰਘ ਦੇ ਹਲਕੇ ਵਿਚ ਰਿਸ਼ਤੇ-ਦਾਰੀਆਂ ਹਨ । ਉਥੇ ਉਨ੍ਹਾਂ ਦੇ ਆਪਣੀ ਝਗੜੇ ਵੀ ਹੋ ਸਕਦੇ ਹਨ । ਰਿਸ਼ਤੇਦਾਰੀ ਦੀ ਵਿਆਹ ਸ਼ਾਦੀ ਤੇ ਵੀ ਜਾਣਾ ਸਭ ਨੂੰ ਪੈਂਦਾ ਹੈ । ਪਰ ਮੈਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਮੈਂ ਉਥੇ ਅਧੇ ਘੰਟੇ ਤੋਂ ਵਧ ਨਹੀਂ ਅਟਕਿਆ । ਮੇਰੀ ਗੱਲ ਕਹਨ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਇਲਾਕੇ ਦੀਆਂ ਰਵਾਇਤਾਂ ਵੀ ਦੇਖਣੀਆਂ ਚਾਹੀਦੀਆਂ ਹਨ । ਇਹ ਤਾਂ ਨਹੀਂ ਕਿ ਜੇ ਮੈਂ ਚੀਫ਼ ਮਨਿਸਟਰ ਬਣ ਗਿਆ ਹਾਂ ਤਾਂ ਹਰ ਵਿਆਹ ਸ਼ਾਦੀ ਤੇ ਕੰਟਰੋਲ ਕਰ ਦੇਵਾਂ । ਇਹੋ ਜੇਹਾ ਨਾ ਕੋਈ ਮੁੱਖ ਮੰਤਰੀ ਜੰਮਿਆ ਹੈ ਤੇ ਨਾ ਹੀ ਜੰਮਣਾ ਹੈ । ਪਰ ਜੇ ਕਰ ਇਹ ਮੇਰੀ ਪੁਲੀਟੀਕਲ ਲਾਈਫ਼ ਵਿਚ ਕੋਈ ਭੈੜਾ ਕੰਮ ਸਾਬਤ ਕਰ ਸਕਦੇ ਹੋਣ ਤਾਂ ਮੈਂ ਦੇਣਦਾਰ ਹਾਂ ।

ਮੈਂ ਤਿੰਨ ਬਾਰ ਮਨਿਸਟਰ ਰਿਹਾ ਹਾਂ । ਜੇ ਮੇਰੀ ਜ਼ਿੰਦਗੀ ਵਿਚ ਕੋਈ ਕਮੀ ਹੈ ਤਾਂ ਇਨ੍ਹਾਂ ਨੂੰ ਨੋ ਕਾਂਫ਼ੀਡੈਂਸ ਮੋਸ਼ਨ ਲਿਆਉਣ ਦੀ ਵੀ ਲੋੜ ਨਹੀਂ । ਕੋਈ ਇਕ ਜਣਾ ਇਹ ਸਾਬਤ ਕਰ ਦੇਵੇ ਤਾਂ ਮੈਂ ਆਪਣੇ ਆਪ ਨੂੰ ਤੁਹਾਡੇ ਹਵਾਲੇ ਕਰ ਦਿਆਂਗਾਂ । (ਥੰਪਿੰਗ) ਫਿਰ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਇਥੇ ਇਹ ਕਿਹਾ ਗਿਆ ਹੈ ਕਿ ਬੀਬੀ ਰਾਜਿੰਦਰ ਕੌਰ ਨੂੰ ਖਾਦੀ ਬੋਰਡ ਦੀ ਸੈਕਟਰੀ ਕਿਉਂ ਬਣਾ ਦਿਤਾ ਹੈ । ਮੈਂ ਸੰਧੂ ਸਾਹਿਬ ਨੂੰ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੁਹਾਡੇ ਵੇਲੇ ਬੋਰਡ ਵਿਚ ਇਕ ਵੀ ਅਜਿਹਾ ਮੈਂਬਰ ਨਹੀਂ ਸੀ ਜਿਹੜਾ ਦੇਸ਼ ਭਗਤ ਹੋਵੇ ਜਾਂ ਖੱਦਰ ਪਾਉਂਦਾ ਹੋਵੇ । ਪਰ ਅੱਜ ਉਸਦਾ ਚੇਅਰਮੈਨ ਇਕ ਉਹ ਦੇਸ਼ ਭਗਤ ਹੈ ਜਿਸ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਕੁਰਬਾਨੀ ਦਿਤੀ ਸੀ । ਜਿਹੜਾ ਲਾਹੌਰ ਦੀਆਂ ਜੇਲ੍ਹਾਂ ਵਿਚ 5 ਸਾਲ ਪੁਠਾ ਲਟਕਿਆ ਰਿਹਾ, ਜਿਸ ਨੇ ਅੰਗਰੇਜ਼ਾਂ ਦੀਆਂ ਡਾਂਗਾਂ ਖਾਧੀਆਂ ਹਨ । ਇਸ ਤਰ੍ਹਾਂ ਬੀਬੀ ਰਾਜਿੰਦਰ ਕੌਰ ਇਕ ਅਜਿਹੇ ਦੇਸ਼ ਭਗਤ ਦੀ ਬੇਟੀ ਹੈ ਜਿਸ ਦੇ ਸਾਰੇ ਪ੍ਰਵਾਰ ਨੇ ਅਜ਼ਾਦੀ ਲਈ ਕੈਦਾਂ ਕਟੀਆਂ । ਜਿਸ ਨੇ ਆਪ ਪੰਡਤ ਨਹਿਰੂ ਜੀ ਨਾਲ ਕੈਦ ਕੱਟੀ । ਜਿਸ ਦੇ ਪ੍ਰਵਾਰ ਦੀਆਂ ਇਸਤਰੀਆਂ ਵੀ ਕੈਦ ਹੁੰਦੀਆਂ ਰਹੀਆਂ ਅਤੇ ਜਿਸ ਦੇ ਬੱਚੇ ਵੀ ਜੇਲ੍ਹਾਂ ਵਿਚ ਪੈਦਾ ਹੁੰਦੇ ਰਹੇ । ਇਹ ਜੋ ਅਜ਼ਾਦੀ ਦਾ ਸੁਖ ਅੱਜ ਅਸੀਂ ਮਾਣ ਰਹੇ ਹਾਂ ਇਹ ਬਾਬਾ ਹੀਰਾ ਸਿੰਘ ਭਠਲ ਵਰਗਿਆਂ ਦੀ ਹੀ ਕੁਰਬਾਨੀ ਦਾ ਨਤੀਜਾ ਹੈ ਨਹੀਂ ਤਾਂ ਸੰਧੂ ਸਾਹਿਬ ਨਾ ਤੁਹਾਨੂੰ ਕਿਸੇ ਨੇ ਇਥੇ ਆਉਣ ਦੇਣਾ ਸੀ ਅਤੇ ਨਾ ਮੈਨੂੰ ਕਿਸੇ ਨੇ ਆਉਣ ਦੇਣਾ ਸੀ । ਸਪੀਕਰ ਸਾਹਿਬ ਅਜਿਹੀਆਂ ਗੱਲਾਂ ਨੂੰ ਮੈਂ ਖੁਸ਼ ਆਮਦੀਦ ਕਹਿੰਦਾ ਹਾਂ । ਸੰਧੂ ਸਾਹਿਬ ਨੇ ਕਈ ਗੱਲਾਂ ਮੇਰੇ ਖ਼ਿਲਾਫ਼ ਕਰਕੇ ਮੇਰੀ ਸਹਾਇਤਾ ਕੀਤੀ ਹੈ । ਕਿਉਂਕਿ ਮੈਂ ਸਮਝਦਾ ਹਾਂ ਕਿ "ਬਾਦੇ ਮੁਖਾਲਫ਼ ਸੇ ਨਾ ਘਬਰਾ ਐ ਉਕਾਬ, ਯਿਹ ਤੋ ਚਲਤੀ ਹੈ ਤੁਝੇ ਊਂਚਾ ਉੜਾਨੇ ਕੇ ਲੀਏ ।"

[ਮੁੱਖ ਮੰਤਰੀ]

ਫਿਰ ਇਨ੍ਹਾਂ ਨੇ ਕਿਹਾ ਕਿ ਗਿਲ ਸਾਹਿਬ ਅਤੇ ਕੁਝ ਹੋਰ ਅਫ਼ਸਰਾਂ ਨੂੰ ਦਿਲੀ ਭੇਜ ਦਿਤਾ ਹੈ। ਇਹ ਠੀਕ ਹੈ ਕਿ 12 ਅਫ਼ਸਰ ਦਿਲੀ ਗਏ ਹਨ। ਸੈਂਟਰ ਦੀ ਸਰਕਾਰ ਵਿਚ ਪੰਜਾਬ ਦਾ ਆਈ. ਏ. ਐਸ. ਡੈਪੁਟੇਸ਼ਨ ਕੋਟਾ 26 ਦਾ ਹੈ। ਅਸੀਂ ਹਾਲੇ ਹੋਰ ਅਫ਼ਸਰ ਭੇਜਣੇ ਹਨ। ਅਜ ਤੋਂ ਕੁਝ ਸਾਲ ਪਹਿਲਾਂ ਉਥੇ 5 ਸੈਕਟਰੀ ਪੰਜਾਬੀ ਸਨ ਜਦੋਂ ਕਿ ਅਜ ਕੇਵਲ ਇਕ ਹੈ। ਅਸੀਂ ਆਪਣਾ ਕੋਟਾ ਉਥੇ ਪੂਰਾ ਕਰਨਾ ਚਾਹੁੰਦੇ ਹਾਂ ਤਾ ਕਿ ਪੰਜਾਬੀ ਅਫਸਰ ਉਥੇ ਹੋਣ ਅਤੇ ਸਾਡਾ ਵੀ ਖਿਆਲ ਰਖਣ। ਪਹਿਲਾਂ ਉਥੇ ਤੇਜਿੰਦਰ ਖੰਨੇ ਨੂੰ ਭੇਜਿਆ ਫਿਰ ਬੀ. ਬੀ. ਮਹਾਜਨ ਨੂੰ ਭੇਜਿਆ ਹੈ, ਉਹ ਨਾ ਅਕਾਲੀਆਂ ਦੇ ਬੇਟੇ ਹਨ ਨਾਂ ਹੀ ਜਨ-ਸੰਗੀਆਂ ਦੇ ਬੇਟੇ ਹਨ। ਗਿੱਲ ਵੀ ਕੋਈ ਕਿਸੇ ਅਕਾਲੀ ਦਾ ਬੇਟਾ ਨਹੀਂ ਉਹ ਇਕ ਫੌਜੀ ਦਾ ਪੁਤਰ ਹੈ ਅਤੇ ਬੜਾ ਲਾਇਕ ਅਫਸਰ ਹੈ। ਫਿਰ ਮੈਂ ਇਹ ਵੀ ਦਸ ਦਿਆਂ ਕਿ ਉਥੇ ਐਵੇਂ ਹੀ ਕਿਸੇ ਨੂੰ ਨਹੀਂ ਭੇਜਿਆ ਜਾ ਸਕਦਾ। ਪੰਜਾਬ ਸਰਕਾਰ ਦੇ ਅਫ਼ਸਰ ਅਤੇ ਸੈਂਟਰ ਦੀ ਹੋਮ ਮਨਿਸਟਰੀ ਦੇ ਅਫ਼ਸਰ ਇਕ ਥਾਂ ਮੀਟਿੰਗ ਕਰਕੇ ਜਿਹੜਾ ਅਫ਼ਸਰ ਚੰਗਾ ਕੰਮ ਕਰਨ ਵਾਲਾ ਹੋਵੇ ਉਸ ਨੂੰ ਦਿਲੀ ਲੈ ਜਾਂਦੇ ਹਨ। ਗਿਲ ਅੱਜ ਕਲ ਐਨ. ਸੀ. ਡੀ. ਸੀ. ਦਾ ਸੈਕਟਰੀ ਲਗਾ ਹੈ ਇਹ ਉਹ ਥਾਂ ਹੈ ਜਿਸ ਨੂੰ ਬਹੁਤ ਸਾਰੇ ਭਾਲਦੇ ਹਨ ਪਰ ਮਿਲਦੀ ਨਹੀਂ ਹੈ। ਇਸ ਵਿਚ ਕਿਸੇ ਅਫ਼ਸਰ ਤੇ ਕਿਸੇ ਕਿਸਮ ਦੀ ਬੇਪ੍ਰਤੀਤੀ ਦਾ ਸਵਾਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਦੇ ਇਸ ਕੰਮ ਦੀ ਇਨ੍ਹਾਂ ਨੂੰ ਪਰਸੰਸਾ ਕਰਨੀ ਚਾਹੀਦੀ ਹੈ ਪਰ ਇਨ੍ਹਾਂ ਨੇ ਇਸ ਦੀ ਨੁਕਤਾਚੀਨੀ ਸ਼ੁਰੂ ਕਰ ਦਿਤੀ ਹੈ। ਮੈਂ ਸਮਝਦਾ ਹਾਂ ਕਿ ਅਫ਼ਸਰ ਸਰਕਾਰ ਨਾਲ ਵਫ਼ਾਦਾਰ ਹੁੰਦੇ ਹਨ ਭਾਵੇਂ ਉਹ ਅਕਾਲੀਆਂ ਦੀ ਸਰਕਾਰ ਹੋਵੇ ਜਾਂ ਜਨ-ਸੰਗੀਆਂ ਦੀ, ਕਾਂਗਰਸ ਦੀ ਸਰਕਾਰ ਹੋਵੇ ਜਾਂ ਯੂਨਾਇਟਿਡ ਫਰੰਟ ਦੀ। ਉਹ ਵੇਲੇ ਦੀ ਸਰਕਾਰ ਦੇ ਵਫ਼ਾਦਾਰ ਹੁੰਦੇ ਹਨ, ਉਹ ਈਮਾਨਦਾਰੀ ਨਾਲ ਕੰਮ ਕਰਦੇ ਹਨ। ਇਸ ਲਈ ਉਨ੍ਹਾਂ ਤੇ ਸ਼ੱਕ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦਿਲੀ ਵਿਚ ਜਾਕੇ ਇਹ ਅਫਸਰ ਵਡੀਆਂ ਪੋਸਟਾਂ ਤੇ ਲਗਣਗੇ ਤਾਂ ਪੰਜਾਬ ਦੇ ਮੁਫ਼ਾਦ ਦਾ ਵੀ ਧਿਆਨ ਰਖਣਗੇ।

ਫਿਰ ਸਪੀਕਰ ਸਾਹਿਬ ਮੈਂ ਹਾਈ ਪਾਵਰਡ ਕਮੇਟੀ ਦਾ ਵੀ ਜ਼ਿਕਰ ਕਰਨਾ ਹੈ, ਚੌਧਰੀ ਜਗਤ ਰਾਮ ਨੇ ਉਸ ਬਾਰੇ ਦਸ ਹੀ ਦਿਤਾ ਹੈ। (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਚੌਧਰੀ ਜਗਤ ਰਾਮ ਨੂੰ ਹੀ ਇਸ ਦਾ ਚੇਅਰਮੈਨ ਬਣਾ ਦਿਉ ਆਪ ਕਾਹਨੂੰ ਬਣੇ ਹੋਏ ਹੋ ? (ਹਾਸਾ)

ਮੁੱਖ ਮੰਤਰੀ : ਜੇ ਚੌਧਰੀ ਜਗਤ ਰਾਮ ਨੂੰ ਵੀ ਬਣਾ ਦਈਏ ਤਾਂ ਵੀ ਇਸ ਗੱਲ ਦੀ ਕੀ ਗਰੰਟੀ ਹੈ ਕਿ ਤੂੰ ਹਕ ਵਿਚ ਹੀ ਬੋਲੇਂਗਾ। (ਹਾਸਾ) (ਵਿਘਨ) ਫਿਰ ਇਥੇ ਗੱਲ ਚਲੀ ਹਰੀਜਨ ਅਫ਼ਸਰਾਂ ਬਾਰੇ। ਇਹ ਠੀਕ ਹੈ ਕਿ ਇਕ ਹਰੀਜਨ ਏ. ਐਸ. ਪੀ. ਸਸਪੈਂਡ ਕੀਤਾ ਗਿਆ ਹੈ ਸੱਚੀ ਗੱਲ ਇਹ ਹੈ ਕਿ ਮੈਨੂੰ ਇਹ ਬਾਅਦ ਵਿਚ ਪਤਾ ਲੱਗਾ ਕਿ ਉਹ ਹਰੀਜਨ ਹੈ। ਪਰ ਜਿੰਨੇ ਵੀ ਐਮ. ਐਲ. ਏ. ਆਏ ਉਹ ਸਾਰੇ ਹੀ ਉਸ ਬੰਦੇ ਵਲੋਂ ਆਏ ਜਿਸ ਨੂੰ ਕੁਟਿਆ ਗਿਆ ਸੀ। ਮੈਂ ਇਨਕੁਆਇਰੀ ਦੇ ਆਰਡਰ ਦੇ ਦਿਤੇ। ਅਤੇ ਉਸ ਵੇਲੇ ਦੇ ਆਈ. ਜੀ. ਸ੍ਰੀ. ਅਸ਼ਵਨੀ ਕੁਮਾਰ ਨੇ ਉਸ ਏ. ਐਸ. ਪੀ. ਦਾ ਕਸੂਰ ਦੇਖ ਕੇ ਉਸ ਨੂੰ ਸਸਪੈਂਡ ਕਰ ਦਿਤਾ। ਇਸ ਵੇਲੇ ਮੁੱਕਦਮਾ ਅਦਾਲਤ ਵਿਚ ਉਸ ਵਲੋਂ ਵੀ ਚਲ ਰਿਹਾ

ਹੈ ਅਤੇ ਉਸ ਦੇ ਖਿਲਾਫ਼ ਵੀ । ਇਸ ਲਈ ਮੈਂ ਇਸ ਮਾਮਲੇ ਤੇ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ । ਸਿਰਫ ਇਕ ਗੱਲ ਸੰਧੂ ਸਾਹਿਬ ਨੂੰ ਕਹਿਣੀ ਹੈ ਕਿ ਰੱਬ ਇਨ੍ਹਾਂ ਨੂੰ ਵੀ ਹਰੀਜਨਾਂ ਦੀ ਹਮਦਰਦੀ ਦੇਵੇ ਸਾਨੂੰ ਤਾਂ ਕੁਦਰਤ ਨੇ ਜਨਮ ਤੋਂ ਹੀ ਹਰੀਜਨਾਂ ਦੀ ਹਮਦਰਦੀ ਬਖਸ਼ੀ ਹੋਈ ਹੈ । (ਥੰਪਿੰਗ) ਜੋ ਵੀ ਹਰੀਜਨਾਂ ਦੀ ਭਲਾਈ ਕਰਦਾ ਹੈ ਉਹ ਕੋਈ ਉਨ੍ਹਾਂ ਤੇ ਅਹਿਸਾਨ ਨਹੀਂ ਕਰਦਾ ਸਗੋਂ ਆਪਣੇ ਬੁਜ਼ਰਗਾਂ ਵਲੋਂ ਕੀਤੇ ਗਏ ਜ਼ੁਲਮਾਂ ਨੂੰ ਧੋ ਰਿਹਾ ਹੈ । ਮੈਂ ਵੀ ਇਹ ਸਮਝ ਕੇ ਹੀ ਹਰੀਜਨਾਂ ਦੀ ਭਲਾਈ ਕਰਨ ਦੀ ਕੋਸ਼ਿਸ਼ ਕਰਦਾ ਹਾਂ । ਪਰ ਇਕ ਗੱਲ ਸਾਫ਼ ਕਰ ਦੇਵਾਂ ਕਿ ਮੈਂ ਕਿਸੇ ਨਾਲ ਕੋਈ ਵੈਰ ਭਾਵ ਨਹੀਂ ਕਰਦਾ । ਭਾਵੇਂ ਕਸੂਰ ਕਰਨ ਵਾਲਾ ਹਰੀਜਨ ਹੋਵੇ, ਜੱਟ ਹੋਵੇ, ਛੀਂਬਾ ਹੋਵੇ, ਨਾਈ ਹੋਵੇ ਜਾਂ ਝਿਊਰ ਹੋਵੇ ਜਿਸ ਦਾ ਵੀ ਕਸੂਰ ਹੋਵੇਗਾ ਉਸ ਨੂੰ ਸਜ਼ਾ ਦਿਤੀ ਜਾਵੇਗੀ ਅਤੇ ਜਿਸ ਦਾ ਕਸੂਰ ਨਹੀਂ ਹੋਵੇਗਾ ਉਸ ਨੂੰ ਸਜ਼ਾ ਨਹੀਂ ਦਿਤੀ ਜਾਵੇਗੀ । ਕਿਸੇ ਪੰਜਾਬ ਵਾਸੀ ਨੂੰ ਇਸ ਕਰਕੇ ਧੱਕੇ ਦਾ ਸ਼ਿਕਾਰ ਨਹੀਂ ਹੋਣ ਦਿਤਾ ਜਾਵੇਗਾ ਕਿ ਧੱਕਾ ਕਰਨ ਵਾਲਾ ਹਰੀਜਨ ਹੈ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਤੁਸੀਂ ਸਪੀਕਰ ਸਾਹਿਬ ਨੂੰ ਸਾਲਸ ਮਿਥ ਲਓ । ਤੁਸੀਂ ਆਪਣਾ ਕੇਸ ਪੇਸ਼ ਕਰੋ ਮੈਂ ਆਪਣਾ ਕੇਸ ਪੇਸ਼ ਕਰਾਂਗਾ । ਮੈਂ ਸਾਬਤ ਕਰਾਂਗਾ ਕਿ ਤੁਹਾਡੀ ਪਲੀਹ ਗਲਤ ਹੈ । ਸੈਂਟਰ ਦੀ ਸਰਕਾਰ ਦਾ ਇਕ ਮਨਿਸਟਰ ਵੀ ਇਸ ਵਿਚ ਇੰਟਰੈਸਟਿਡ ਸੀ । (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ ਮੈਂ ਹੁਣ ਤੁਹਾਡੇ ਰਾਹੀਂ ਇਹ ਦਸਣਾ ਚਾਹੁੰਦਾ ਹਾਂ ਕਿ ਮੇਰੀ ਸਰਕਾਰ ਨੇ ਹਰੀਜਨਾਂ ਵਾਸਤੇ ਕੀ ਕੀਤਾ ਹੈ । ਜਿਥੋਂ ਤਕ ਸਕਾਲਰਸ਼ਿਪਜ਼ ਦੀ ਗੱਲ ਹੈ ਇਸ ਦੀ ਰਕਮ ਪਹਿਲਾਂ 78 ਲਖ ਸੀ ਹੁਣ ਇਹ 102.46 ਲਖ ਕਰ ਦਿਤੀ ਗਈ ਹੈ । ਯਾਨੀ ਕਿ 24 ਲਖ ਰੁਪਏ ਜ਼ਿਆਦਾ ਰਖੇ ਗਏ ਹਨ ।

ਇੰਡਸਟ੍ਰੀਅਲ ਟਰੇਨਿੰਗ ਵਿਚ ਭੇਜਣ ਵਾਸਤੇ ਬੱਚਿਆਂ ਵਾਸਤੇ ਪਹਿਲਾਂ ਚਾਰ ਲਖ ਸੀ ਅਤੇ ਹੁਣ ਸਾਡੇ ਪੰਜ ਲਖ ਕੀਤਾ ਹੈ । ਔਰ ਇਕ ਲਖ 48 ਹਜ਼ਾਰ ਪਹਿਲਾਂ ਨਾਲੋਂ ਵਧੇਰੇ ਕੀਤਾ ਹੈ । ਸਟਾਈਪੰਡ ਵਾਸਤੇ ਪਹਿਲਾ ਜ਼ੀਰੋ ਸੀ ਅਤੇ ਹੁਣ 5 ਲਖ ਰਖਿਆ ਹੈ । ਇੰਡਸਟ੍ਰੀਅਲ ਟਰੇਨਿੰਗ ਸੈਂਟਰਾਂ ਵਿਚ ਟਰੇਨਿੰਗ ਲਈ ਇਕ ਲਖ 52 ਹਜ਼ਾਰ ਹੁੰਦਾ ਸੀ ਅਤੇ ਹੁਣ 4 ਲਖ 12 ਹਜ਼ਾਰ ਹੈ । ਇਸ ਤਰ੍ਹਾਂ ਹੀ ਡਰਿੰਕਿੰਗ ਵਾਟਰ, ਖੂਹ ਲਾਉਣ ਵਾਸਤੇ 15 ਹਜ਼ਾਰ ਤੋਂ ਵਧਾਕੇ 4 ਲਖ 10 ਹਜ਼ਾਰ ਕੀਤਾ ਹੈ । ਕਮਿਊਨਿਟੀ ਸੈਂਟਰਾਂ ਲਈ ਪਹਿਲਾਂ 16,000 ਹੁੰਦਾ ਸੀ ਹੁਣ ਢਾਈ ਲਖ ਕੀਤਾ ਹੈ ਔਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ 18 ਲਖ ਤੋਂ ਵਧਾ ਕੇ 36 ਲਖ ਕੀਤਾ ਹੈ । ਔਰ ਇਸੇ ਤਰ੍ਹਾਂ ਹੀ ਬਾਕੀ ਥਾਵਾਂ ਵਿਚ ਹਰ ਥਾਂ ਤੇ ਹਰੀਜਨਾਂ ਲਈ ਏਡ ਵਧੀ ਹੈ । ਹਰੀਜਨ ਗੁਨਾਹਗਾਰ ਅਫ਼ਸਰ ਨੂੰ ਬਦਲਣ ਨਾਲ ਉਨ੍ਹਾਂ ਦਾ ਕੁਝ ਨਹੀਂ ਵਿਗੜਦਾ ਬਲਕਿ ਹਰੀਜਨਾਂ ਦੀ ਆਰਥਕ ਹਾਲਤ ਸੁਧਾਰਣ ਨਾਲ ਹੀ ਉਨ੍ਹਾਂ ਦਾ ਕਲਿਆਣ ਹੋ ਸਕਦਾ ਹੈ । ਅਤੇ ਇਨ੍ਹਾਂ ਹਰੀਜਨਾਂ ਦੀ ਆਰਥਕ ਦਸ਼ਾ ਨੂੰ ਠੀਕ ਕਰਨ ਲਈ ਪੰਜਾਬ ਸਰਕਾਰ ਨੇ ਵਧੇਰੇ ਤੋਂ ਵਧੇਰੇ ਯਤਨ ਕੀਤਾ ਹੈ । ਧਰਮਸ਼ਾਲਾਵਾਂ ਬਣਾਉਣ ਲਈ 25 ਲਖ ਸੀ ਅਤੇ ਹੁਣ ਇਹ ਰਕਮ 50 ਲਖ ਕੀਤੀ ਹੈ । ਇਸ ਤਰ੍ਹਾਂ ਹੀ ਇਨ੍ਹਾਂ ਦੀਆਂ

(ਮੁਖ ਮੰਤਰੀ)

ਗੰਦੀਆਂ ਗਲੀਆਂ ਨੂੰ ਸਾਫ ਕਰਨ ਲਈ 50 ਲਖ ਰੁਪਏ ਰਖੇ ਹਨ। ਪੰਜਾਬ ਸ਼ੈਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਕਾਰਪਰੇਸ਼ਨ ਲਈ 50 ਲਖ ਰੁਪਏ ਰਖੇ ਹਨ। 4 0 ਪਿੰਡਾਂ ਵਿਚ ਹਰੀਜਨ ਬਸਤੀਆਂ ਨੂੰ ਇਲੈਕਟ੍ਰੀਫਾਈ ਕਰਨ ਲਈ ਸਕੀਮ ਇਸੇ ਸਾਲ ਹੀ ਬਣਾਈ ਗਈ ਹੈ। ਇਕ ਲੱਖ 75 ਹਜ਼ਾਰ ਪਰਵਾਰ ਜਿਨ੍ਹਾਂ ਦੀ ਆਬਾਦੀ 10 ਲਖ ਦੇ ਕਰੀਬ ਹੋਏਗੀ। ਉਨ੍ਹਾਂ ਲਈ ਇਹ ਪਹਿਲੀ ਸਰਕਾਰ ਹੈ ਜਿਸ ਨੇ ਇਹ ਫੈਸਲਾ ਕੀਤਾ ਹੈ ਕਿ ਪੰਜਾਬ ਦੇ ਪਿੰਡਾਂ ਵਿਚ ਵਸਣ ਵਾਲੇ ਜਿਨ ਵਿਚ ਜ਼ਿਆਦਾ ਹਰੀਜਨ ਹੋਣਗੇ ਐਗਰੀਕਲਚਰ ਲੇਬਰਜ਼ ਨੂੰ ਚਾਰ ਮਰਲੇ ਤੋਂ ਲੈ ਕੇ ਛੇ ਮਰਲੇ ਦਾ ਇਕ ਪਲਾਟ ਮੁਫਤ ਦਿਤਾ ਜਾਵੇਗਾ। ਔਰ ਇਸ ਪਲਾਟ ਦੀ ਡਿਵੈਲਪਮੈਂਟ ਵਾਸਤੇ, ਬਿਜਲੀ ਵਾਸਤੇ, ਨਾਲੀਆਂ ਵਾਸਤੇ 150 ਰੁਪਿਆ ਪ੍ਰਤੀ ਪਲਾਟ ਖਰਚ ਕੀਤਾ ਜਾਵਗਾ। ਇਹੀ ਕੰਮ ਸ਼ੁਰੂ ਹੋ ਗਿਆ ਹੈ ਅਤੇ ਆਉਣ ਵਾਲੇ 15 ਅਗਸਤ ਤੋਂ ਪਹਿਲਾਂ ਪੰਜਾਬ ਦਾ ਕੋਈ ਪਰਿਵਾਰ ਅਜਿਹਾ ਨਹੀਂ ਰਹੇਗਾ ਜਿਹੜਾ ਆਪਣੇ ਪਲਾਟ ਦਾ ਮਾਲਕ ਨਹੀਂ ਹੋਵੇਗਾ। (ਘੰਟੀ)

ਡਾਂਗ ਸਾਹਿਬ ਦਾ ਮੈਂ ਬੜਾ ਮਸ਼ਕੂਰ ਹਾਂ ਉਨ੍ਹਾਂ ਨੇ ਕੋਈ ਹੋਰ ਸਕੀਮ ਤਾਂ ਨਹੀਂ ਦਿਤੀ ਪਰ ਜੋ ਉਨ੍ਹਾਂ ਨੇ ਇਸ ਵਿਚ ਉਸਾਰੂ ਹਿੱਸਾ ਪਾਉਣ ਦਾ ਯਤਨ ਕੀਤਾ ਹੈ ਮੈਂ ਉਨ੍ਹਾਂ ਦਾ ਬਹੁਤ ਧੰਨਵਾਦੀ ਹਾਂ। ਪਰ ਕਦੇ ਕਦੇ ਉਹ ਗੁਸੇ ਵਿਚ ਆ ਕੇ ਅਜਿਹੀ ਗੱਲ ਕਹਿ ਜਾਂਦੇ ਹਨ ਜਿਹੜੀ ਕਿ ਵਾਜਬ ਨਹੀਂ ਹੁੰਦੀ। ਅੱਜ ਵੀ ਉਨ੍ਹਾਂ ਨੇ ਵਾਜਬ ਗੱਲ ਨਹੀਂ ਕੀਤੀ ਜਦੋਂ ਉਨ੍ਹਾਂ ਨੇ ਇਹ ਕਿਹਾ ਕਿ ਜਦੋਂ ਧਮਕੀ ਦਿਤੀ ਗਈ ਫੇਰ ਸਰਕਾਰ ਨੇ ਇੰਟੈਰਿਮ ਰਲੀਫ਼ ਦਿਤਾ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਠੀਕ ਨਹੀਂ ਕਿ ਮੈਂ ਤੇ ਡਾਂਗ ਸਾਹਿਬ ਰਲ ਮਿਲਕੇ ਉਨ੍ਹਾਂ ਦੀਆਂ ਰੈਲੀਆਂ ਅਡਰੈਸ ਕਰਦੇ ਰਹੇ ਹਾਂ। ਕਹਿੰਦੇ ਰਹੇ ਹਾਂ ਕਿ ਵਿਚ ਇਹ ਗਲ ਕਿਉਂ ਨਾ ਮੰਨਦੇ? ਅਸੀਂ ਕਸਮ ਖਾਕੇ ਆਏ ਹਾਂ। ਡਾਂਗ ਸਾਹਿਬ ਤੁਸੀਂ ਮੈਨੂੰ ਮਿਲੇ ਹੋ। ਫੈਸਲਾ ਕੀਤਾ ਸੀ ਕਿ ਮਿਲਜੁਲ ਕੇ ਕੰਮ ਕਰਨਾ ਹੈ (ਵਿਘਨ) ਉਹ ਕਹਿੰਦੇ ਸਨ ਕਿ ਗੌਰਮਿਂਟ ਐਂਪਲਾਈ ਦੇ ਲੀਡਰ ਪਰਸੋਂ ਤਕ ਭੁਖ ਹੜਤਾਲ ਕਰਨਗੇ। ਮੈਂ ਜੂਸ ਦਾ ਗਲਾਸ ਪਿਲਾਇਆ। ਫੈਸਲੇ ਅਨੁਸਾਰ ਹੜਤਾਲ ਪਹਿਲਾਂ ਖਤਮ ਹੋਈ ਸੀ ਅਤੇ ਇਲਾਨ ਅਗਲੇ ਦਿਨ ਕਰ ਦਿਤਾ ਸੀ। ਚੰਗੀ ਗੱਲ ਹੁੰਦੀ ਡਾਂਗ ਸਾਹਿਬ ਜੇ ਕਰ ਤੁਸੀਂ ਹਕੀਕਤ ਦਸ ਦਿੰਦੇ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ: ਇਟ ਇਜ਼ ਐਬਸੋਲਿਊਟਲੀ ਇਨਕੁਰੈਕਟ। ਇਨ੍ਹਾਂ ਨੇ ਕਿਹਾ ਭੁਖ ਹੜਤਾਲ ਖੋਲਣ ਤਾਂ ਗੱਲ ਕਰਾਂਗਾ। ਇਨ੍ਹਾਂ ਨੇ ਕਿਹਾ ਫੈਸਲਾ ਕਰੋ ਤਾਂ ਭੁਖ ਹੜਤਾਲ ਖੋਲਾਂਗੇ। ਇਨ੍ਹਾਂ ਨੇ ਜਿਹੜੀ ਇਹ ਗਲ ਕਹੀ ਹੈ ਕਿ ਮੈਂ ਬੈਠ ਕੇ ਫੈਸਲਾ ਕੀਤਾ ਇਹ ਬਿਲਕੁਲ ਗਲਤ ਹੈ, ਮੈਂ ਨਹੀਂ ਬੈਠਾ।

ਮੁਖ ਮੰਤਰੀ: ਡਾਂਗ ਸਾਹਿਬ ਤੁਸੀਂ ਇਨਕਰੈਕਟ ਕਹਿ ਦਿਤਾ ਮੈਂ ਫੇਰ ਦੁਹਰਾਂਦਾ ਹਾਂ ਕਿ ਮੇਰੀ ਗੱਲ ਕੁਰੈਕਟ ਹੈ। ਇਸ ਕਰਕੇ ਜੋ ਮਰਜ਼ੀ ਕਹੋ ਪਰ ਮੈਨੂੰ ਇਹ ਦਸੋ ਕਿ ਇਕ ਸਰਕਾਰ ਵਿਚ ਡਾਂਗ ਸਾਹਿਬ ਵੀ ਸ਼ਾਮਿਲ ਸੀ। ਉਹ ਸਰਕਾਰ ਸੀ ਸਰਦਾਰ ਗੁਰਨਾਮ ਸਿੰਘ ਦੀ ਲੀਡਰਸ਼ਿਪ ਥਲੇ। ਉਸ ਨੂੰ ਆਸ਼ੀਰਵਾਦ ਅਕਾਲੀ ਪਾਰਟੀ ਦਾ ਸੀ। ਉਸ ਅਕਾਲੀ ਪਾਰਟੀ ਦੀ ਰਹਿਨੁਮਾਈ ਵਿਚ ਸਰਕਾਰ ਬਣੀ ਉਸ ਵਿਚ ਡਾਂਗ ਸਾਹਿਬ ਸ਼ਾਮਿਲ

ਹੋਏ ਲੇਕਿਨ ਡਾਂਗ ਸਾਹਿਬ ਦਸ ਦੇਣ ਕੀ ਗੌਰਮਿੰਟ ਐਂਪਲਾਈ ਨੂੰ 9 ਕਰੋੜ ਰੁਪਿਆ ਸਾਲਾਨਾ ਦਿਤਾ ਸੀ। ਕੀ ਇਨ੍ਹਾਂ ਨੇ ਵੀ ਇੰਨਾਂ ਹੀ ਰੁਪਿਆ ਉਦੋਂ ਦਿਤਾ ਸੀ। ਮਈ ਡੇ ਜਿਹੜਾ ਪੁਲੀਟੀਕਲ ਪਾਰਟੀਆਂ ਮਨਾਇਆਂ ਕਰਦੀਆਂ ਸਨ। ਇਹ ਮਜ਼ਦੂਰਾਂ ਦਾ ਦਿਨ ਹੈ। ਪੰਜਾਬ ਸਰਕਾਰ ਨੇ ਪਹਿਲੀ ਵਾਰ ਮਈ ਡੇ ਦੀ ਛੁੱਟੀ ਕੀਤੀ ਲੇਕਿਨ ਡਾਂਗ ਸਾਹਿਬ ਜਿਹੜੀ ਸਰਕਾਰ ਵਿਚ ਸ਼ਾਮਿਲ ਸਨ ਉਦੋਂ ਇਸ ਦਿਨ ਤੇ ਛੁਟੀ ਨਹੀਂ ਹੋਈ। ਇਸ ਤਰ੍ਹਾਂ ਮੈਂ ਇਹ ਵੀ ਦਸਣਾ ਚਾਹੁੰਦਾ ਹਾਂ (ਵਿਘਨ) ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਜ਼ਮਾਨੇ ਵਿਚ 25 ਵਾਰ ਹੜਤਾਲਾਂ ਹੋਈਆਂ ਔਰ ਇਸ ਤੋਂ ਪਹਿਲਾਂ 15 ਵਾਰ ਹੜਤਾਲਾਂ ਹੋਈਆਂ ਸੀ। ਲੇਕਿਨ ਫ਼ਰਕ ਉਹ ਹੈ ਕਿ ਇਨ੍ਹਾਂ 15 ਵਾਰ ਹੜਤਾਲਾਂ ਵਿਚ 1,58,867 ਦਿਨ ਮਜ਼ਦੂਰੀ ਦੇ ਬਰਬਾਦ ਹੋਏ ਸਨ ਪਰ ਹੁਣ 25 ਵਾਰ ਹੜਤਾਲਾਂ ਹੋਣ ਤੇ ਸਾਡੇ ਲੇਬਰ ਮਨਿਸਟਰ ਨੇ ਫ਼ੈਸਲੇ ਕਰਾਏ ਅਤੇ 1,26, 000 ਦਿਨ ਵੇਸਟ ਹੋਏ ਹਨ। (ਘੰਟੀ)

EXTENSION OF TIME OF THE SITTING

ਸ੍ਰੀ ਸਪੀਕਰ : ਸਮਾਂ ਹੋਰ ਕਿੰਨਾ ਲਵੋਗੇ ? (How much more time will you like to have ?)

ਮੁੱਖ ਮੰਤਰੀ : ਦੋ ਤਿੰਨ ਮਿੰਟ ਵਿਚ ਮੁਕਾ ਦਿੰਦਾ ਹਾਂ।

ਸ੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟ ਲਈ ਹੋਰ ਵਧਾਇਆ ਜਾਂਦਾ ਹੈ। (The sitting of the House is further extended by fifteen minutes.)

DISCUSSION ON NO-CONFIDENCE MOTION (*Resumption*)

ਮੁੱਖ ਮੰਤਰੀ : ਡਾਂਗ ਸਾਹਿਬ ਵੀ ਮਜ਼ਦੂਰਾਂ ਦੇ ਬੜੇ ਹਮਾਇਤੀ ਹਨ। ਤੁਸੀਂ ਵੀ ਵਿਚੋਲੇ ਦੇ ਤੌਰ ਤੇ ਕੰਮ ਕਰਦੇ ਰਹੇ ਹੋ। ਸਪੀਕਰ ਸਾਹਿਬ ਅਸੀਂ ਇਕੱਠੇ ਰਹਿਣਾ ਹੈ। ਕਈ ਗਲਾਂ ਵਿਚ ਸਾਡੀ ਸਾਂਝ ਹੈ ਜਿਵੇਂ ਕਿ ਇਹ ਸੈਕੂਲਰਿਜ਼ਮ ਵਿਚ ਵਿਸ਼ਵਾਸ਼ ਰਖਦੇ ਹਨ ਅਤੇ ਅਸੀਂ ਵੀ ਸੈਕੂਲਰਿਜ਼ਮ ਨੂੰ ਮੰਨਦੇ ਹਾਂ ਅਤੇ ਇਸੇ ਤਰ੍ਹਾਂ ਹੀ ਇਹ ਸਮਾਜਵਾਦੀ ਹਨ ਅਤੇ ਅਸੀਂ ਵੀ ਸਮਾਜਵਾਦੀ ਹਾਂ। ਉਹ ਕਹਿੰਦੇ ਹਨ ਕਿ ਉਹ ਬੜੇ ਜ਼ਿਆਦਾ ਸਮਾਜਵਾਦੀ ਹਨ (ਵਿਘਨ) ਖੈਰ ਇਹ ਪਤਾ ਲਗ ਜਾਵੇਗਾ ਕਿ ਸਾਡੀ ਪਰਫ਼ਾਰਮੈਂਸ ਕਿਹੋ ਜਿਹੀ ਹੈ ਅਤੇ ਉਨ੍ਹਾਂ ਦੀ ਪਰਫ਼ਾਰਮੈਂਸ ਕਿਹੋ ਜਿਹੀ ਹੈ। ਡਾਂਗ ਸਾਹਿਬ ਨੇ ਜੋ ਗਲਾਂ ਕੀਤੀਆਂ ਹਨ ਅਤੇ ਜੋ ਮੈਂ ਨੋਟ ਕੀਤੀਆਂ ਹਨ ਉਨ੍ਹਾਂ ਵਿਚੋਂ ਗਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਡਾਂਗ ਸਾਹਿਬ ਦਾ ਖਿਆਲ ਹੈ ਕਿ ਇਸ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਇਦੇ ਪੂਰੇ ਨਹੀਂ ਕੀਤੇ ਹਨ ਇਹ ਉਨ੍ਹਾਂ ਨੂੰ ਭੁਲੇਖਾ ਹੈ। ਲੋਕਾਂ ਨਾਲ ਕੀਤੇ ਵਾਇਦੇ ਪੂਰੇ ਕੀਤੇ ਹਨ ਪਰ ਜਿਹੜੇ ਵਾਇਦੇ ਕਰਕੇ ਇਹ ਆਏ ਹਨ ਉਨ੍ਹਾਂ ਨੂੰ ਪੂਰਾ ਕਰਨ ਦਾ ਮੈਂ ਠੇਕਾ ਨਹੀਂ ਲਿੱਤਾ ਹੋਇਆ ਜਿਹੜੀ ਮੇਰੀ ਪਾਰਟੀ ਨੇ ਵਾਇਦੇ ਕੀਤੇ ਹਨ ਉਹ ਪੂਰੇ ਕੀਤੇ ਹਨ। ਅਸੀਂ ਫੇਰ ਵੀ ਇਨ੍ਹਾਂ ਦੀ ਸਲਾਹ ਲਵਾਂਗੇ, ਬਾਦਲ ਸਾਹਿਬ ਦੀ ਸਲਾਹ ਲਵਾਂਗੇ ਅਤੇ ਸਾਰਿਆਂ ਨਾਲ ਮਸ਼ਵਰਾ ਕਰਕੇ ਚਲਾਂਗੇ। ਜਦੋਂ ਚੋਣਾਂ ਆਈਆਂ ਤਾਂ ਉਸ ਵੇਲੇ ਅਸੀਂ ਫਿਰ ਮੈਦਾਨ ਵਿਚ ਚਲੇ ਜਾਵਾਂਗੇ। ਡਾਂਗ ਸਾਹਿਬ ਨੂੰ ਮੈਂ ਚੇਤੇ ਕਰਾਉਣਾ ਚਾਹੁੰਦਾ ਹਾਂ ਉਹ ਵੀ ਮਨਿਸਟਰ ਰਹੇ ਹਨ ਜਿਹੜੇ ਕਾਰਖਾਨੇਦਾਰਾਂ ਨੇ ਮਜ਼ਦੂਰਾਂ ਲਈ ਮਕਾਨ ਬਣਾਏ ਸਨ ਉਨ੍ਹਾਂ ਨੇ ਉਨ੍ਹਾਂ ਨੂੰ ਮਲਕੀਅਤ ਨਹੀਂ ਦਵਾਈ ਸੀ। ਅਸੀਂ ਵੀ ਬਣਾਏ ਹਨ ਅਤੇ ਅਸੀਂ ਫੈਸਲਾ ਕੀਤਾ ਹੈ ਕਿ ਕਿਸ਼ਤ ਰਾਹੀਂ ਰਕਮ ਵਸੂਲ ਕਰਕੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਮਾਲਕ ਬਣਾ ਦਿਤਾ ਜਾਵੇਗਾ।

ਕਾਮਰੇਡ ਸੱਤ ਪਾਲ ਡਾਂਗ : ਹਾਲੇ ਤਕ ਤਾਂ ਇਹ ਕਾਗਜ਼ਾਂ ਵਿਚ ਹੀ ਹੈ । (ਵਿਘਨ)

ਮੁੱਖ ਮੰਤਰੀ : ਇਹ ਸਰਕਾਰ ਦੇ ਵਾਇਦੇ ਕਾਗਜ਼ਾਂ ਵਿਚ ਹੀ ਨਹੀਂ ਰਹਿਣਗੇ । ਇਹ ਜ਼ਮੀਨ ਵਿਚ ਹੋਣਗੇ, ਖੇਤਾਂ ਵਿਚ ਹੋਣਗੇ, ਕਾਰਖਾਨਿਆਂ ਵਿਚ ਹੋਣਗੇ ਔਰ ਮਜ਼ਦੂਰਾਂ ਦੀਆਂ ਝੋਂਪੜੀਆਂ ਵਿਚ ਹੋਣਗੇ ਮੈਂ ਇਕ ਗੱਲ ਨਹੀਂ ਕਰਨੀ ਜਿਹੜਾ ਇਨ੍ਹਾਂ ਦਾ ਖਿਆਲ ਹੈ ਕਿ ਸਾਰੇ ਜੱਟਾਂ ਨੂੰ ਮਲੰਗ ਕਰ ਦਿਓ । (ਵਿਘਨ) ਲੈਂਡ ਰਿਫਾਰਮ ਜ਼ਰੂਰ ਕਰਾਂਗੇ । ਤੁਹਾਡੇ (ਸ੍ਰੀ ਡਾਂਗ ਨੂੰ ਸੰਬੋਧਨ ਕਰਕੇ) ਅਤੇ ਸਾਡੇ ਵਿਚ ਫਰਕ ਇਤਨਾ ਹੈ ਕਿ ਤੁਸੀਂ ਇਕ ਕਦਮ ਅੱਗੇ ਰੱਖਣਾ ਹੈ ਹਰ ਹਾਲਤ ਵਿਚ । ਸਪੀਕਰ ਸਾਹਿਬ, ਜਿਸ ਦਾ ਬੈਂਕ ਬੈਲੈਂਸ ਹੋਵੇ ਉਹ ਸੋਚ ਕੇ ਦਸਖਤ ਕਰਦਾ ਹੈ ਅਤੇ ਜਿਸ ਦਾ ਬੈਂਕ ਬੈਲੈਂਸ ਨਾ ਹੋਵੇ ਉਹ ਜਲਦੀ ਨਾਲ ਦਸਖਤ ਕਰ ਦਿੰਦਾ ਹੈ । (ਹਾਸਾ) ਲੈਂਡ ਰਿਫਾਰਮ ਦਾ ਮਸਲਾ ਹੈ । ਸੀ.ਪੀ.ਆਈ. ਨੇ ਰੈਜ਼ੋਲਿਊਸ਼ਨ ਕਰ ਦਿਤਾ ਕਿ 20 ਏਕੜ ਰੱਖਣੀ ਚਾਹੀਦੀ ਹੈ ਪਰ ਸਾਨੂੰ ਸੈਂਟਰ ਤੋਂ ਇਸ਼ਾਰਾ ਸੀ ਕਿ ਤੁਸੀਂ 18 ਏਕੜ ਤੋਂ ਉੱਪਰ ਨਹੀਂ ਕਰਨੀ । ਹੁਣ ਅਸੀਂ ਸਾਢੇ 17 ਏਕੜ ਕਰ ਦਿੱਤੀ ਹੈ ਪਰ ਮੈਂ ਨਹੀਂ ਕਹਿੰਦਾ ਕਿ ਇਹ ਹੁਣ ਕੀ ਕਹਿਣਗੇ ।

ਇਸ ਤੋਂ ਅੱਗੇ ਮੈਂ ਕੀਮਤਾਂ ਦੇ ਮੁਤੱਲਕ ਦੱਸਦਾ ਹਾਂ । ਪੰਜਾਬ ਦੇ ਕਿਸਾਨ ਦਾ ਗੇਹੂੰ ਦੀ ਕੀਮਤ ਵਿਚ ਵਾਧਾ ਕਰਕੇ 18 ਕਰੋੜ ਰੁਪਏ ਦਾ ਫਾਇਦਾ ਕੀਤਾ ਹੈ । ਪੰਜਾਬ ਦਾ ਚੀਫ ਮਨਿਸਟਰ ਉਥੇ ਜਾ ਕੇ ਲੜਿਆ ਜਦ ਕਿ ਸੈਂਟਰ ਦੇ ਐਗਰੀਕਲਚਰਲ ਪਰਾਈਸਿਜ਼ ਕਮਿਸ਼ਨ ਨੇ ਕੋਸ਼ਿਸ਼ ਕੀਤੀ ਕਿ ਹੋਰ ਕੀਮਤ ਘਟਾ ਦਿਤੀ ਜਾਵੇ । ਕਪਾਹ ਪਿਛਲੇ ਸਾਲ ਰੁਲਦੀ ਰਹੀ ਪਰ ਹੁਣ ਇਹ 200 ਰੁਪਏ ਵਿਕੇਗੀ । (ਤਾੜੀਆਂ) ਅਤੇ ਕਾਟਨ ਕਾਰਪੋਰੇਸ਼ਨ ਇਸ ਨੂੰ ਖਰੀਦੇਗੀ । ਸਾਡੀ ਸਰਕਾਰ ਗਰੀਬਾਂ ਦਾ ਭਲਾ ਜ਼ਰੂਰ ਕਰਨਾ ਚਾਹੁੰਦੀ ਹੈ । ਪੰਜਾਬ ਦੀ ਕਾਂਗਰਸ ਦਾ ਸਮਾਜਵਾਦ ਹੈ ਉਹ ਹੈ ਕਿ ਹਰ ਇਕ ਨੂੰ ਰੋਟੀ ਮਿਲੇ । ਅਸੀਂ ਕਿਸੇ ਨੂੰ ਕੰਗਾਲ ਨਹੀਂ ਕਰਨਾ ਪਰ ਅਸੀਂ ਇਹ ਜ਼ਰੂਰ ਚਾਹਾਂਗੇ ਕਿ ਭੁੱਖਿਆਂ ਨੂੰ ਰਜਵੀਂ ਰੋਟੀ ਮਿਲੇ । ਇਸ ਤੋਂ ਜ਼ਿਆਦਾ ਹੋਰ ਕੋਈ ਚੀਜ਼ ਹੋਵੇ ਤਾਂ ਮੈਂ ਡਾਂਗ ਸਾਹਿਬ ਤੋਂ ਸਬਕ ਸਿੱਖ ਲਵਾਂਗਾ ਕਿਉਂਕਿ ਉਹ ਮੇਰੇ ਤੋਂ ਪਹਿਲਾਂ ਦੇ ਸਮਾਜਵਾਦੀ ਹਨ । ਸਪੀਕਰ ਸਾਹਿਬ, ਸਾਡੇ ਤੇ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਡੀਵੈਲਪਮੈਂਟ ਨਹੀਂ ਕੀਤੀ । ਤੁਸੀਂ ਅੰਦਾਜ਼ਾ ਲਗਾਓ ਕਿ ਪੰਜਾਬ ਦੇ ਵਿਚ ਸੜਕਾਂ ਹਰ ਸਾਲ ਕਦੇ ਕਿਸੇ ਸਾਲ ਵਿਚ 250 ਮੀਲ ਤੋਂ ਵੱਧ ਨਹੀਂ ਬਣੀਆਂ । ਲੇਕਿਨ ਪਿਛਲੇ 9 ਮਹੀਨਿਆਂ ਵਿਚ ਪੰਜਾਬ ਦੀ ਸਰਕਾਰ ਨੇ 1160 ਮੀਲ ਲੰਬੀਆਂ ਸੜਕਾਂ ਬਣਾ ਦਿਤੀਆਂ ਹਨ (ਵਿਘਨ) ਪੱਕੀਆਂ ਕਰ ਦਿੱਤੀਆਂ ਹਨ ਅਤੇ ਬਾਕੀ ਤੇ ਰੋੜੀ ਪੈ ਰਹੀ ਹੈ ਅਤੇ ਸਾਲ ਦੇ ਅਖੀਰ ਵਿਚ 3000 ਮੀਲ ਸੜਕ ਬਣ ਜਾਵੇਗੀ । (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਦੇ ਸਮੇਂ 2400 ਮੀਲ ਸੜਕਾਂ ਦੋ ਸਾਲਾਂ ਵਿਚ ਬਣਾਈਆਂ ਸਨ ਪਰ ਇਨ੍ਹਾਂ ਨੇ ਤਾਂ....(ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਪੰਜਾਬ ਦੇ ਵਿਚ 16 ਵੱਡੇ ਕਾਰਖਾਨਿਆਂ ਦੇ ਲੈਟਰ ਆਫ਼ ਇੰਟੈਂਟ ਪੰਜਾਬ ਦੀ ਸਰਕਾਰ ਨੂੰ ਮਿਲੇ 1969 ਤੋਂ ਲੈ ਕੇ । ਲੇਕਿਨ ਭਲਾ ਹੋਵੇ

ਅਕਾਲੀ ਸਰਕਾਰ ਦਾ ਅਤੇ ਗਵਰਨਰ ਦੀ ਸਰਕਾਰ ਦਾ । ਉਸਦੇ ਵਿਚ ਇਕ ਕਾਰਖਾਨੇ ਨੂੰ ਇਨ੍ਹਾਂ ਨੇ ਸ਼ੁਰੂ ਕਰ ਦਿੱਤਾ । ਜਿਹੜਾ ਫੀਡ ਬਣਾਉਂਦਾ ਹੈ । ਉਹ ਵੀ 1969 ਤੋਂ ਲੈ ਕੇ 1972 ਤੱਕ ਇਤਨੇ ਸਾਲਾਂ ਵਿਚ ਬਣਿਆ ਪਰ ਸਾਨੂੰ 9 ਮਹੀਨੇ ਹੋਏ ਹਨ ਅਤੇ ਇਨ੍ਹਾਂ 9 ਮਹੀਨਿਆਂ ਵਿਚ 4 ਵੱਡੇ ਕਾਰਖਾਨਿਆਂ ਦੇ ਜਿਨ੍ਹਾਂ ਦੇ ਲਾਈਸੈਂਸ ਜਾ ਰਹੇ ਸਨ, ਉਨ੍ਹਾਂ ਨੂੰ ਰਿਨਿਊ ਕਰਾ ਕੇ ਚਾਲੂ ਕਰ ਦਿੱਤਾ । (ਤਾੜੀਆਂ) ਅਤੇ ਉਹ ਜਾਇੰਟ ਸੈਕਟਰ ਵਿਚ 16 ਕਰੋੜ ਦੀ ਮਾਲੀਅਤ ਦੇ ਕਾਰਖਾਨੇ ਲੱਗੇ । ਮੀਡੀਅਮ ਸਾਈਜ਼ ਦੀ 22 ਕਰੋੜ ਦੀ ਇੰਡਸਟਰੀ ਇਨ੍ਹਾਂ 9 ਮਹੀਨਿਆਂ ਵਿਚ ਨਵੀਂ ਲਗਾਈ । 731 ਛੋਟੇ ਕਾਰਖਾਨੇ ਰਜਿਸਟਰ ਹੋਏ ਹਨ ਜਿਸ ਨਾਲ ਪੰਜਾਬ ਦੇ ਕਾਰਖਾਨਿਆਂ ਵਿਚ ਵਾਧਾ ਹੋਇਆ ਹੈ । ਇਸ ਦੇ ਨਾਲ ਮੇਚਾ ਕੀਤਾ ਜਾ ਸਕਦਾ ਹੈ ਬਾਦਲ ਸਰਕਾਰ ਦਾ, ਸ: ਗੁਰਨਾਮ ਸਿੰਘ ਦੀ ਸਰਕਾਰ ਦਾ ਅਤੇ ਫਰੰਟ ਦੀ ਸਰਕਾਰ ਦਾ ਜਿਸ ਦੇ ਵਿਚ ਕਿ ਡਾਂਗ ਸਾਹਿਬ ਵੀ ਸਨ । ਇਸ ਲਈ ਇਨ੍ਹਾਂ ਸਰਕਾਰਾਂ ਦਾ ਕਾਰਖਾਨਿਆਂ, ਸੜਕਾਂ, ਹਸਪਤਾਲਾਂ ਅਤੇ ਸਕੂਲਾਂ ਦੇ ਸਬੰਧ ਵਿਚ ਇਸ ਸਰਕਾਰ ਦੇ ਕੀਤੇ ਕੰਮਾਂ ਦਾ ਇਨ੍ਹਾਂ ਨਾਲ ਮੇਚਾ ਕੀਤਾ ਜਾ ਸਕਦਾ ਹੈ ।

ਹੁਣ ਮੈਂ ਤੁਹਾਡੀ ਸੇਵਾ ਵਿਚ ਐਜੂਕੇਸ਼ਨ ਦੇ ਸਬੰਧ ਵਿਚ ਬੇਨਤੀ ਕਰਦਾ ਹਾਂ । ਪੰਜਾਬ ਵਿਚ ਐਜੂਕੇਸ਼ਨ ਦੀ ਕੀ ਹਾਲਤ ਹੈ । ਇਸ ਸਰਕਾਰ ਬਣਨ ਤੋਂ ਬਾਅਦ 1 ਹਜ਼ਾਰ ਨਵੇਂ ਪ੍ਰਾਇਮਰੀ ਸਕੂਲ ਖੋਲੇ । 200 ਪ੍ਰਾਇਮਰੀ ਸਕੂਲ ਤੋਂ ਮਿਡਲ ਕੀਤੇ ਹਨ ਅਤੇ 70 ਮਿਡਲ ਸਕੂਲਾਂ ਤੋਂ ਹਾਈ ਸਕੂਲ ਕੀਤੇ ਹਨ । (ਤਾੜੀਆਂ) ਅੱਜ ਤੱਕ 9 ਮਹੀਨਿਆਂ ਵਿਚ ਸਰਕਾਰ ਨੇ 22 ਹਜ਼ਾਰ ਅਨਇੰਪਲਾਇਡ ਨੂੰ ਇੰਪਲਾਏਮੈਂਟ ਦਿੱਤੀ ਹੈ । ਉਨ੍ਹਾਂ ਦੇ ਵਿਚ ਬਹੁਤ ਸਾਰੇ ਐਜੂਕੇਟਿਡ ਹਨ । (ਘੰਟੀ) ਮੈਂ ਤੁਹਾਨੂੰ ਉਨ੍ਹਾਂ ਦਾ ਨੰਬਰ ਦੱਸ ਦਿੰਦਾ ਹਾਂ । 22,100 ਪਰਸਨ ਕੁੱਲ ਸਨ । ਉਨ੍ਹਾਂ ਦੇ ਵਿਚੋਂ 13,707 ਐਸੇ ਆਦਮੀ ਹਨ ਜਿਹੜੇ ਵੈਲ ਐਜੂਕੇਟਿਡ ਹਨ ਅਤੇ 8350 ਉਹ ਹਨ ਜਿਹੜੇ ਕਿ ਅਨਐਜੂਕੇਟਿਡ ਹਨ । (ਘੰਟੀ) ਸਪੀਕਰ ਸਾਹਿਬ, ਮੇਰੇ ਪਾਸ ਮੈਟੀਰੀਅਲ ਤਾਂ ਬਹੁਤ ਸੀ ਅਤੇ ਮੈਂ ਇਕ ਘੰਟਾ ਹੋਰ ਤੁਹਾਨੂੰ ਦੱਸ ਸਕਦਾ ਸੀ । ਲੇਕਿਨ ਮੈਂ ਇਥੇ ਸਮਾਪਤ ਕਰਦਾ ਹਾਂ । ਤੁਹਾਡਾ ਹੁਕਮ ਮੰਨਦਾ ਹੋਇਆ ਮੈਂ ਇਥੇ ਸਮਾਪਤ ਕਰਦਾ ਹਾਂ ।

ਸਪੀਕਰ ਸਾਹਿਬ, ਮੈਂ ਬਾਰਡਰ ਦੇ ਮੁਤੱਲਕ ਛੋਟੀ ਜਿਹੀ ਗੱਲ ਦੱਸਦਾ ਹਾਂ । ਹੁਣ ਤੱਕ ਦੋ ਜੰਗਾਂ ਹੋਈਆਂ ਹਨ ਇਕ ਪਾਕਿਸਤਾਨ ਨਾਲ ਹੋਈ ਸੀ ਅਤੇ ਦੂਸਰੀ ਚੀਨ ਨਾਲ ਹੋਈ ਸੀ । ਕਿਸੇ ਵੀ ਸਰਕਾਰ ਨੇ ਇਨ੍ਹਾਂ ਬਾਰਡਰ ਦੇ ਏਰੀਆਜ਼ ਨੂੰ ਕੁਝ ਨਹੀਂ ਦਿੱਤਾ । ਪਰ ਪੰਜਾਬ ਦੀ ਹੁਣ ਦੀ ਸਰਕਾਰ ਨੇ 13 ਕਿਲੋਮੀਟਰ ਦੀ ਦੂਰੀ ਤੱਕ ਦਾ ਮਾਲੀਆ ਮੁਆਫ਼ ਕਰ ਦਿਤਾ ਹੈ । (ਤਾੜੀਆਂ) ਢਾਈ ਕਰੋੜ ਰੁਪਏ ਦੀ ਸਬਸਿਡੀ ਦਿੱਤੀ ਹੈ ਅਤੇ ਪੰਜ ਕਰੋੜ ਰੁਪਏ ਦੇ ਆਇਲ ਇੰਜਨ ਲਿਆਕੇ ਦਿੱਤੇ ਹਨ । (ਵਿਘਨ)

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਉਥੇ ਉਨ੍ਹਾਂ ਨੂੰ ਕੁਝ ਨਹੀਂ ਦਿੱਤਾ ਗਿਆ । (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੇ ਮਾਨਯੋਗ ਮੈਂਬਰ ਹੁਣ ਉਠਕੇ ਬੋਲੇ ਹਨ ਇਨ੍ਹਾਂ ਨੇ ਮੇਰੀ ਬੜੀ ਮੱਦਦ ਕੀਤੀ ਹੈ । ਜਿਸ ਤਰ੍ਹਾਂ ਇਹ ਇਥੇ ਉਠੇ ਹਨ ਇਹ ਮੇਰੇ

[ਮੁੱਖ ਮੰਤਰੀ]

ਦਫ਼ਤਰ ਵਿਚ ਇਸ ਤਰ੍ਹਾਂ ਉਠਣ, ਅਸੀਂ ਮਿਲਕੇ ਸਭ ਭੁਲੇਖੇ ਦੂਰ ਕਰ ਲਵਾਂਗੇ । ਸਪੀਕਰ ਸਾਹਿਬ, 12 ਕਰੋੜ ਰੁਪਿਆ ਅਪਰੂਟਿਡ ਪਰਸਨਜ਼ ਨੂੰ ਰਿਲੀਫ਼ ਦਾ ਦਿੱਤਾ ਹੈ । (ਤਾੜੀਆਂ) ਅਫਸਰ ਸਾਡੇ ਹੁਣ ਇਸ ਗੱਲ ਦਾ ਖਿਆਲ ਕਰ ਰਹੇ ਹਨ ਕਿ ਪੰਜਾਬ ਦੇ ਵਿਚ ਜਿੰਨੇ ਸ਼ਹੀਦ ਹੋਏ ਹਨ, ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਕੋਈ ਜੰਗੇ ਆਜ਼ਾਦੀ ਵਿਚ ਸ਼ਹੀਦ ਹੋਇਆ ਹੋਵੇ, ਭਾਵੇਂ ਉਹ ਗੋਆ ਵਿਚ ਹੋਇਆ ਹੋਵੇ, ਜਾਂ ਕਸ਼ਮੀਰ ਦੀ ਲੜਾਈ ਵਿਚ ਸ਼ਹੀਦ ਹੋਇਆ ਹੋਵੇ ਉਸ ਦੇ ਪਿੰਡ ਵਿਚ ਜੋ ਸਕੂਲ ਬਣੇਗਾ ਉਹ ਉਸ ਦੇ ਨਾਮ ਤੇ ਬਣੇਗਾ ਅਤੇ ਜੋ ਸੜਕ ਹੋਵੇਗੀ ਉਹ ਵੀ ਉਸ ਦੇ ਨਾਮ ਤੇ ਹੋਵੇਗੀ (ਤਾੜੀਆਂ) ਸਪੀਕਰ ਸਾਹਿਬ, ਇਸ ਸਰਕਾਰ ਨੇ ਹੁਣ ਤੱਕ ਟੈਕਸ ਨਹੀਂ ਲਾਏ । ਜੇ ਟੈਕਸ ਲਾਉਣ ਦੀ ਲੋੜ ਪਈ ਤਾਂ ਵਿਚਾਰ ਲਿਆ ਜਾਵੇਗਾ । ਸਪੀਕਰ ਸਾਹਿਬ, ਚੰਗੀ ਗੱਲ ਹੋਵੇ ਤੁਸੀਂ ਵੀ ਇਨ੍ਹਾਂ ਨੂੰ ਸੁਮੱਤ ਬਖਸ਼ੋ ਅਤੇ ਪ੍ਰਮਾਤਮਾ ਵੀ ਬਖਸ਼ੇ ਅਤੇ ਜੇ ਅਸੀਂ ਗਲਤੀ ਕਰਦੇ ਹਾਂ ਤਾਂ ਸਾਨੂੰ ਵੀ ਬਖਸ਼ੇ । ਨੋ-ਕਨਫੀਡੈਂਸ ਮੋਸ਼ਨ ਲਈ ਚਾਹੇ ਐਵੇਂ ਤਕਰੀਰਾਂ ਕਰ ਲੈਣ, ਚਾਹੇ ਕਿਸੇ ਗੱਲ ਤੇ ਕਰ ਲੈਣ, ਮੈਂ ਜਵਾਬ ਦੇਣ ਨੂੰ ਬਿਲਕੁਲ ਤਿਆਰ ਹਾਂ । ਜੇ ਹਾਊਸ ਦਾ ਇਜਲਾਸ ਨਾ ਵੀ ਹੋਵੇ ਤਾਂ ਵੀ ਮੈਂ ਆਪੋਜ਼ੀਸ਼ਨ ਦੇ ਲੀਡਰਾਂ ਨਾਲ ਬੈਠਕੇ ਗੱਲ ਕਰਨ ਨੂੰ ਤਿਆਰ ਹਾਂ । ਮੇਰੀ ਬੇਨਤੀ ਹੈ ਕਿ ਅਸੀਂ ਪੰਜਾਬ ਨੂੰ ਉਸਾਰਨਾ ਹੈ । ਸਾਰੇ ਹਿੰਦੁਸਤਾਨ ਦਾ ਸੈਂਟੀਮੈਂਟ ਪੰਜਾਬ ਦੇ ਹੱਥ ਵਿਚ ਹੈ । ਅਸੀਂ ਸੈਂਟਰ ਤੋਂ ਮੱਦਦ ਲੈ ਕੇ ਪੰਜਾਬ ਨੂੰ ਉਸਾਰਨਾ ਹੈ । (ਤਾੜੀਆਂ) ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਰੱਦ ਕਰ ਦਿੱਤਾ ਜਾਵੇ ।

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਬੋਲਣ ਲਈ ਖੜ੍ਹੇ ਹੋਏ ।)

Mr. Speaker : Only the mover of the motion has a right of a reply.

ਸਿਖਿਆ ਮੰਤਰੀ : ਸਪੀਕਰ ਸਾਹਿਬ, ਤੁਸੀਂ ਰੈਜ਼ੋਲਿਊਸ਼ਨ ਪੁੱਟ ਕਰੋ ।

Mr. Speaker : Rule 101 of the Rules of Procedure and Conduct of Business in the Punjab Legislative Assembly says—

"(2) A member who has moved a motion may speak again by way of reply.........."

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਮਸਾਲਾ ਮੁੱਕ ਗਿਆ ਹੈ । ਇਸ ਲਈ ਤੁਸੀਂ ਰੈਜ਼ੋਲਿਊਸ਼ਨ ਪੁੱਟ ਕਰੋ ।

ਸਰਦਾਰ ਸੁਰਜੀਤ ਸਿੰਘ : (ਬਰਨਾਲਾ) ਸਪੀਕਰ ਸਾਹਿਬ, ਮੈਂ ਬੋਲਣ ਲਈ ਖੜ੍ਹਾ ਹੋਇਆ ਹਾਂ ।

Mr. Speaker : Please resume your seat.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਫਿਕਰ ਕਾਹਨੂੰ ਕਰਦੇ ਹੋ । (ਵਿਘਨ)

ਸ੍ਰੀ ਸਪੀਕਰ : ਬਰੀਫ਼ ਜਿਹੀ ਰਿਪਲਾਈ ਦਿਉ । ਪੰਜ ਮਿੰਟ ਵਿਚ ਖ਼ਤਮ ਕਰ ਦਿਓ । (Please be brief and wind up your reply within five minutes.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੂੰ ਚੁਪ ਦਾ ਦਾਨ ਬਖਸ਼ਣ ਲਈ ਕਹੋ ਤਾਂ ਮੈਂ ਦੋ ਮਿੰਟ ਵਿਚ ਹੀ ਖ਼ਤਮ ਕਰ ਦਿੰਦਾ ਹਾਂ ।

ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕਈ ਗਲਾਂ ਤਾਂ ਸਾਡੀਆਂ ਬੜੀ ਫਰਾਖਦਿਲੀ ਨਾਲ ਮੰਨੀਆਂ ਹਨ । ਇਸ ਗੱਲ ਨੂੰ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਮੈਂ ਇਨ੍ਹਾਂ ਨੂੰ ਫਸਾਣਾ ਨਹੀਂ ਚਾਹੁੰਦਾ ਮੈਂ ਇਨ੍ਹਾਂ ਨੂੰ ਕਢਣਾ ਚਾਹੁੰਦਾ ਹਾਂ । ਜੇ ਇਨ੍ਹਾਂ ਨੂੰ ਕਿਹਾ ਸੀ ਮੈਂ ਕਿ ਅਸੀਂ ਤੁਹਾਨੂੰ ਜਫ਼ੀ ਪਾਉਂਦੇ ਹਾਂ ਤਾਂ ਇਹ ਗੱਲ ਇਨ੍ਹਾਂ ਨੇ ਮੰਨੀ ਹੈ ਪਰ ਮੈਂ ਤਾਂ ਉਨ੍ਹਾਂ ਲੋਕਾਂ ਦੀ ਗਲ ਕੀਤੀ ਸੀ ਜਿਹੜੇ ਇਨ੍ਹਾਂ ਨੂੰ ਜਫੀ ਪਾਉਂਦੇ ਹਨ ਅਤੇ ਬਾਹਰ ਜਾ ਕੇ ਫਿਰ ਕੁਰਪਸ਼ਨ ਕਰਦੇ ਹਨ । (ਵਿਘਨ) ਮੇਰਾ ਖਿਆਲ ਹੈ ਕਿ ਤੁਹਾਨੂੰ ਸ਼ਾਇਦ ਯਾਦ ਹੋਵੇਗਾ ਕਿ ਪਿਛਲੇ ਸੈਸ਼ਨ ਵਿਚ ਤੁਹਾਨੂੰ ਆਉਂਦਿਆਂ ਨੂੰ ਹੀ ਅਸੀਂ ਕਿਹਾ ਸੀ ਕਿ ਗਿਆਨੀ ਜੀ ਤੁਹਾਡੇ ਹਰ ਚੰਗੇ ਕਦਮ ਦੀ ਅਸੀਂ ਸ਼ਲਾਘਾ ਕਰਾਂਗੇ ਅਤੇ ਜੇ ਤੁਹਾਡੀ ਸਰਕਾਰ ਨੇ ਕੋਈ ਮੰਦਾ ਕਦਮ, ਕੋਈ ਮਾੜਾ ਕਦਮ ਚੁਕਿਆ ਤਾਂ ਉਨ੍ਹਾਂ ਨੂੰ ਲੋਕਾਂ ਵਿਚ ਨੰਗਾਂ ਕਰਾਂਗੇ । ਦੂਸਰਾ ਮੇਰਾ ਖਿਆਲ ਹੈ ਕਿ ਗਿਆਨੀ ਜੀ ਨੂੰ ਯਾਦ ਹੋਵੇਗਾ ਕਿ ਜਦੋਂ ਉਨ੍ਹਾਂ ਦੀ ਸਰਕਾਰ ਬਣੀ ਸੀ ਤਾਂ ਉਨ੍ਹਾਂ ਨੇ ਇਥੇ ਇਹ ਕਿਹਾ ਸੀ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਵਾਲਿਆਂ ਨੂੰ ਹਮੇਸ਼ਾ ਕਾਨਫੀਡੈਂਸ ਵਿਚ ਲਿਆ ਜਾਵੇਗਾ ਪਰ ਇਨ੍ਹਾਂ ਨੇ ਸਾਨੂੰ ਕਿਸੀ ਮਾਮਲੇ ਤੇ ਕਾਨਫੀਡੈਂਸ ਵਿਚ ਨਹੀਂ ਲਿਆ ਅਤੇ ਸਾਡੀ ਸਲਾਹ ਨੂੰ ਕਿਸੀ ਮਾਮਲੇ ਵਿਚ ਨਹੀਂ ਮੰਨਿਆ ਗਿਆ । ਅਸੀਂ ਇਨ੍ਹਾਂ ਨੂੰ ਸਟੂਡੈਂਟ ਦੇ ਮਾਮਲੇ, ਟੀਚਰਾ ਦੇ ਮਾਮਲੇ ਵਿਚ ਕਿਹਾ ਸੀ ਪਰ ਇਨ੍ਹਾਂ ਨੇ ਸਾਡੀ ਕਿਸੇ ਗੱਲ ਵਲ ਧਿਆਨ ਨਹੀਂ ਦਿਤਾ । ਹਿੰਦੁਸਤਾਨ ਦੀ ਪਰਧਾਨ ਮੰਤਰੀ ਆਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਨਾਲ ਸਲਾਹ ਮਸ਼ਵਰਾ ਕਰਦੀ ਹੈ ਲੇਕਿਨ ਗਿਆਨੀ ਜ਼ੈਲ ਸਿੰਘ ਜੀ ਨੂੰ ਕੁਝ ਇਹੋ ਜਿਹੇ ਦੋਸਤਾਂ ਨੇ ਘੇਰਿਆ ਹੋਇਆ ਹੈ, ਕੁਝ ਐਸੇ ਅਫਸਰਾਂ ਨੇ ਘੇਰਿਆ ਹੋਇਆ ਹੈ ਕਿ ਉਹ ਸਾਡੀ ਸਲਾਹ, ਕੋਈ ਨਹੀਂ ਮੰਨਦੇ । ਇਥੋਂ ਤਕ ਕਿ ਸਾਡੇ ਨਾਲ ਪਾਰਟੀ ਮੀਟਿੰਗ ਦੀ ਗਲ ਵੀ ਨਹੀਂ ਮੰਨੀ । ਜੇ ਗਿਆਨੀ ਜੀ ਤੁਸੀਂ ਡੈਮੋਕਰੈਟਿਕ ਹੋ ਤਾਂ ਅਪੋਜ਼ੀਸ਼ਨ ਨੂੰ ਹਰ ਮਾਮਲੇ ਤੇ ਕਾਨਫੀਡੈਂਸ ਵਿਚ ਲੈਣਾ ਚਾਹੀਦਾ ਹੈ ।

ਜਿਥੋਂ ਤਕ ਸਪੀਕਰ ਸਾਹਿਬ, ਡਿਵੈਲਪਮੈਂਟ ਦੇ ਮਾਮਲੇ ਦਾ ਤੱਅਲੁਕ ਹੈ ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਆਉਂਦੇ ਹੀ ਆਪਣੇ ਅਫ਼ਸਰਾਂ ਨੂੰ ਹੁਕਮ ਦੇ ਰਖਿਆ ਹੈ ਕਿ ਇਹ ਜਿਹੜੇ 25 ਐਮ.ਐਲ.ਏ. ਅਕਾਲੀ ਪਾਰਟੀ ਦੇ ਹਨ ਇਨ੍ਹਾਂ ਦਾ ਕੋਈ ਕੰਮ ਨਹੀਂ ਕਰਨਾ । (ਘੰਟੀ) ਸਾਡੇ ਹਲਕਿਆਂ ਵਿਚ ਡਿਵੈਲਪਮੈਂਟ ਦੇ ਕੰਮ ਨਹੀਂ ਕੀਤੇ ਜਾ ਰਹੇ । (ਵਿਘਨ) ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਕੋਲੋਂ ਦੁਖੀ ਹੋ ਕੇ, ਇਨ੍ਹਾਂ ਦੀਆਂ * * * ਦੇਖ ਕੇ ਮੇਰੇ ਕਾਮਰੇਡ ਭਰਾ ਦੁਖੀ ਹੋ ਕੇ ਇਨ੍ਹਾਂ ਦਾ ਸਾਥ ਛੱਡ ਕੇ ਚਲੇ ਗਏ ਹਨ । (ਵਿਘਨ)

ਸ੍ਰੀ ਸਪੀਕਰ : 'ਇਹ ਲਫ਼ਜ਼ * * *' ਐਕਸਪੰਜ ਕਰ ਦਿਤਾ ਜਾਵੇ । (This word '* * *' may be expunged.)

ਸਰਦਾਰ ਅਜਾਇਬ ਸਿੰਘ ਸੰਧੂ : ਅੰਤ ਵਿਚ ਸਪੀਕਰ ਸਾਹਿਬ, ਮੈਂ ਇਹੋ ਅਰਜ਼ ਕਰਾਂਗਾ ਇਨ੍ਹਾਂ ਨੂੰ ਪੰਜਾਬ ਦਾ ਰਾਜ ਛੱਡ ਕੇ ਘਰਾਂ ਨੂੰ ਚਲਾ ਜਾਣਾ ਚਾਹੀਦਾ ਹੈ ਤਾਂ ਕਿ ਲੋਕ ਜਿਸ ਨੂੰ ਇਥੇ ਲਿਆਉਣਾ ਚਾਹੁਣ ਉਹ ਲਿਆ ਸਕਣ ।

---

*Expunged as ordered by the Chair.

Mr. Speaker ; Question is :

That this House expresses its want of confidence in the Giani Zail Singh Ministry.

The motion was lost

Mr. Speaker : The House stands adjourned till 10 A.M. tomorrow the 13th December, 1972.

9.25 P. M. (*The Sabha then adjourned till* 10.00 *A. M. on Wednesday, the 13th December, 1972.*)

1195/21—9-74—Copies—Govt. Press, Patiala.

APPENDIX

To

Punjab Vidhan Sabha Debate

Vol. III—No. 1

Dated 12*th December*, 1972.

STARRED QUESTION AND ANSWER

MEMORANDUM RECEIVED BY DEPUTY COMMISSIONER, AMRITSAR

*759. **Comrade Satya Pal Dang** : Will the Chief Minister be pleased to state :—

(a) whether in the month of August, 1972, the Deputy Commissioner, Amritsar received a Memorandum dated 23rd August, 1972 signed by the President Vigilance Committee of Art Silk Weavers, Amritsar regarding arbitrary policies of distribution of Art Silk Yarn to the actual consumers by the Punjab Regional Committee; if so, a copy of the same be laid on the Table of the House;

(b) whether the Deputy Commissioner forwarded the said Memorandum to the Government; if so, the action taken thereon?

Giani Zail Singh : (a) Yes. A copy of the Memorandum is placed on the Table of the House.

(b) Yes. In order to improve the system of distribution of Art Silk Yarn and to ensure its allocation to the actual consumers, the matter has been taken up with the Textile Commissioner, Bombay.

(ੲ) ਹਾਂ ਜੀ । ਮੈਮੋਰੰਡਮ ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਹਾਂ ਜੀ । ਆਰਟ ਸਿਲਕ ਧਾਗੇ ਦੀ ਵੰਡ ਦੇ ਸਿਸਟਮ ਨੂੰ ਸੁਧਾਰਨ ਅਤੇ ਇਹ ਨਿਸਚਤ ਕਰਨ ਲਈ ਕਿ ਇਸ ਦੀ ਅੈਲੋਕੇਸ਼ਨ ਸਹੀ ਖਪਤਕਾਰਾਂ ਨੂੰ ਹੋਵੇ ਟੈਕਸਟਾਈਲ ਕਮਿਸ਼ਨਰ, ਬੰਬਈ ਨਾਲ ਲਿਖਾ ਪੜ੍ਹੀ ਕੀਤੀ ਜਾ ਰਹੀ ਹੈ ।]

COPY of letter No, Nil dated 23rd August. 1972 from Vigilance Committee of Art Silk Weavers. Amritsar to the Deputy Commissioner, Amritsar.

Subject : Arbitrary and scandalous policies of distribution of art silk yarn to the actual consumers by the Punjab Regional Committee.

With due respect we beg to submit as under :—

1. The president regional committee for the distribution of rayon under the voluntary pact is dominated by either dealers or hirelings of the mighty

spinners and they frame all the policies arbitrarily throwing all the directions and guiding principles of the Central committee of weavers and spinners to the winds i.e.the Central Committee has directed all regional committees in India to allocate goods, under the pact to the actual consumers and on the basis of their consumption. Unlike other regional committees in India, the Punjab Regional Committee for its selfish and anti-social motives is allocating large quantities of goods to non-consumers who possess large number of installation permits but in fact have no existence at all. Thus this self styled and motivated policies of the regional committee have resulted in :—

1. Shaking the very foundations of small scale textile industry in Amritsar the border town which has been receiving blow after blow since, 1955 but the blow of the Punjab Regional Committee is acute, chronic nature,

2, Causing acute un-employment in this industry which employs 30,000 workers.

3. Weakening the national defence by creating un-employment & frustration amongst inhabitants of this b order city who form the back bone of our national defence,

4, On account of bulk share of the goods being allocated to bogus, non-consuming units, the actual consumer gets only about 20% the raw material consumed by him & the rest 80% has to be purchased from open market at very exhorbitant rates which are very un-economical for the factories, As a result of this the number of genuine units is diminishing & the number of ghost units is increasing.

For the redress of our above mentioned resentment we urge upon you to take the following steps immediately to save this industry from complete extinction :—

1. The Punjab Government should step into the Regional Committee. The Director of Industries should be its chairman.

2. The present regional committee should be completely over-hauled, eliminating the present agents and dealers of the spinners and instead should include the representatives of the small scale consuming units.

3. Goods should be allocated strictly according to the Central Committee drill i.e. to the actual consumers & on the basis of their consumption.

4. The Government should appoint a commission or refer the past untenable mis-appropriations of the present regional Committee to the central Bureau of Investigation to bring to the light their illegal & anti-weaver misdeeds towards crippling the industry in this border town.

We regret to warn the Punjab Government that if no immediate action is taken by it, the small scale art silk weaving units will be compelled to hold Dharnas & start Hunger Strike before the government Offices,

Copy:

1. Regional Office of the Textile Commissioner, Bombay.
   The Mall, Amritsar

2. The District Industries Officer, Amritsar.

3. Tho Director of Industries, Punjab, Chandigarh

4. The State Textile Officer, Punjab, Chandigarh.

5, The Regional Committee of the Central Committee of Weavers & Spinners for the distribution of art silk yarn
   32—Krishana Market, Amritsar.

6. The Chief Minister of Punjab.
7. S. Nasib Singh, the Deputy Minister of Industries, Punjab.
8. Shri Satya Pal Dang, M.L.A.
9. The Prime Minister, Smt. Indra Gandhi.
10. Shri L.N. Mishra, Foreign Trade Minister, Delhi
11. The Press

UNSTARRED QUESTIONS AND ANSWERS

REPRESENTATION AGAINST STENO TO STATE TRANSPORT COMMISSIONER PUNJAB CHANDIGARH.

430. Comrade Arjan Singh Mastana : Will the Chief Minister be pleased to state :—

(a) wheather the Government received any representation dated 20th July, 1972 from the staff of the State Transport Commissioner Punjab Chandigarh, in which they levelled serious allegations of corruption etc., against the Steno to State Transport Commissioner, Punjab, if so a copy of the said representation be laid on the Table of the House;

(b) the action taken or proposed to be taken by the Government on the above represrentation ?

Giani Zail Singh :—

(a) No representation dated 20th July, 1972 was received however, anonymous complaint with a copy to Vigilance Department was recived on 13th July, 1973 A copy thereof is placed on the Table of the House.

(b) The matter is under enquiry with the Vigilance Department.

[(ੳ) ਮਿਤੀ 20 ਜੁਲਾਈ, 1972 ਦੀ ਪ੍ਰਤਿਨਿਧਤਾ ਨਹੀਂ ਆਈ ਪਰ ਗੁਮਨਾਮ ਸ਼ਕਾਇਤ ਜਿਸ ਦੀ ਕਾਪੀ ਚੌਕਸੀ ਵਿਭਾਗ ਨੂੰ ਵੀ ਪਿਠਅੰਕਣ ਸੀ 13 ਜੁਲਾਈ, 1972 ਨੂੰ ਆਈ ਸੀ। ਇਸ ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਅ) ਮਾਮਲਾ ਚੌਕਸੀ ਵਿਭਾਗ ਦੀ ਪੜਤਾਲ ਅਧੀਨ ਹੈ।]

Copy of Complaint

To

Shri Zail Singh,
Chief Minister of Punjab,
Chandigarh.

Sub : Prayer to check the loot, plunder and broad day light bold corruption, of Daulat Ram Stenographer of Shri Balinder Singh I.A.S, State Transport Commissioner, Punjab, Chandigarh.

Respected Giani Ji,

It is with profound shock and pain to bring to your kind notice that in spite of the Congress Rule, your high integrity and honesty and strict measures to put a stop to corruption and unsocial actions in the administration, some people are still continuing with such nefarious activities without any fear and plundering and looting the concerned persons in the broad day light. One such bad element

is Shri Daulat Ram, Stenographer attached to Shri Balinder Singh State Transport Commissioner, Punjab, Chandigarh. This official is most cunning and crafty fellow, has amassed a big fortune through unscrupulous ways and is living the life of a prince of the older times. Many enquiries have been held by the Vigilance Department against him and the charges proved against him yet those findings have suddenly disappeared in the office of the State Transport Commissioner with the result that he is going on with his gain unaffected and unabated. He had defrauded the Government by preparing a false arrear bill to the tune of more than Rs 800/-. This amount was ordered to be recovered from him but although a period of six years has passed by, this person has not seen his way to return this amount to the Government. Similarly, there were other charges of corruption against him on which no action has been taken because the relevant files are lying with this person. It is a strange thing that the accused person is sitting on the judgement passed against him and not allowing the justice to take its own course. He has through corrupt means has purchased a double storeyed house in Sector 22 in front of the Coal Depot worth Rs. 50,000/-, has married his two daughters spending an equal amount of Rs. 50,000/- on it. In face of this clear proof if the Government does not move then it is not understood how the corruption is to be checked.

This official has a very bad reputation in the department, sells. Out secrets and is regularly paid on monthly basis by Motor Vehicle Inspectors. Similarly, he extorts money from the Transport Operators and members of the staff who are posted in the Regional Transport Authorities. By virtue of his long service in the Department, he is very thick with the Transport Operators and knows the ins and outs of their working and thus deploys devious methods to collect money by fair or foul means. Throughout the day he enjoys the hospitality of the visiting Transport Operators and teas and Coca-Colas move about as if it was a wedding party. He is a person of very low character and tries to keep contacts with the employees of the opposite sex and in order to achieve his ambition uses indecent means. Each of the staff and even the officers of the Department know about the lapses and depths of degradation to which this man has fallen yet it is strange that no action has been taken against him. Since his daily income is not less than Rs. 300/- he can afford to grease the palms of officials in the Transport Secretariat and in the Vigilance Department to keep him well posted with any complaint coming against him and see to it that these complaints are filed or destroyed in transit. This is one of the reasons as to why inspite of the enquiries by the Vigilance Department and the charges having been substantiated against him he is still having his way and continuing with his anti-social activities. Ask any staff member, any Transport Operator, any Motor Vehicles Inspector and others having something to do with the Transport Department, they will relate a gist throwing full light on the unscrupulous activities indulged in by this corrupt and cunning official. In order to save himself he tries to be very near against the Heads of Departments and would not allow any other official to go near him. It is time that such bad element is weeded out so as to bring about the atmosphere where other officials and the Transport Operators could breathe easily.

It is, therefore, requested that in order to save the poor gentry and the staff members immediate measures are taken to put a stop to the corruption indulged in by Daulat Ram. Enquiries already held and proved against him should be taken out from his possession and action taken accordingly. The amount of Rs, 800/- which was ordered to be deposited long time back should be recovered from him and he may be asked to explain as to how he amassed the large fortune and how he is living beyond his means. If a secret enquiry is made he can be caught red handed while accepting money on any day the Vigilance Department so desires.

Your's respectfully,
Members of the staff of the
State Transport Commissioner, Pb.

Copy for information and necessary action to :

1. The Prime Minister of India, New Delhi.
2. Shri S.P. Bagla, I.A.S., Principal Secy. to Chief Ministsr, Pb,
3. Shri R.P. Ojha, I.A.S., Secretary, Transport Civil Sectt., Chandigarh.
4. The Director, Social Inquiry Agency, Punjab, Sector 4, Chandigarh.
5. The State Transport Commissioner, Punjab, Chandigarh.

Member of the Staff of the
State Transport Commissioner

dated 1-1-73

STARTING BUS SERVICE ON CERTAIN ROADS IN DISTRICT SANGRUR

434. **Giani Kundan Singh Patang** : Will the Chief Minister be pleased to state whether there is any proposal under the consideration of the Government to start bus service on the Tapa-Bhadaur (District Sangrur) road and Tapa-Kureke-Kalan (Via Mehta) road for the connevience of the public ?

Giani Zail Singh : Yes. [ਹਾਂ ਜੀ]

UPGRANDING CERTAIN SCHOOLS IN DISTRICT SANGRUR

435. **Giani Kundan Singh Patang** : Will the Minister for Education and Revenue be pleased to state :—

(a) the time by which the Primary Schools of villages Naine wala, Bhotne, Rayya, Tajoke and Talwandi of Bhadaur Assembly Constituency, District Sangrur, functioning as such since long are proposed to be upgraded to Middle Standard;

(b) whether the Middle Schools of villages Tallewal, Pakhe Kalan and Sandhu Kalan are also proposed to be upgraded to High Standard Shortly;

(c) the time by which the Middle School of village Aleeke (Bhadaur Assembly Constituency) which fulfills all requirements of a High School is expected to be upgraded to High Standard;

(d) whether the Government propose to rename the Middle School of village Aleeke after upgrading the same in the name of Soldier Nazar Singh s/o Sardar Nika Singh who laid down his life in the war ?

Sardar Umrao Singh : (a) No commitment possible.

(b) No.

(c) No commitment possible

(d) In view of (c) above question does not arise.

[(ਏ) ਕੋਈ ਭਰੋਸਾ ਨਹੀ ਦਿਵਾਇਆ ਜਾ ਸਕਦਾ ।

(ਬੀ) ਨਹੀਂ ਜੀ ।

(ਸੀ) ਕੋਈ ਭਰੋਸਾ ਨਹੀਂ ਦਿਵਾਇਆ ਜਾ ਸਕਦਾ ।

(ਡੀ) ਉਪਰੋਕਤ (ਸੀ) ਕਾਰਣ ਪ੍ਰਸ਼ਨ ਨਹੀਂ ਉਠਦਾ ।]

RISE IN PRICES OF COMMODITIES OF DAILY USE

454. 1. **Sardar Dhanna Singh Gulshan**
2. **Sardar Sukhdev Singh Dhillon**
3. **Sardar Harbans Singh Jalal**
4. **Sardar Balwinder Singh Bhunder**

Will the Minister of State for Food and Supplies be pleased to state :—

(a) whether it is a fact that the condition of poor people in the State has been further deteriorated by the extreme

rise in prices of commodities of daily use during the months of July and August, 1972;

(b) whether it is also a fact that the low paid employees of the State held demonstration against the said rise in prices, in all the towns and cities of the State; if so, the steps, if any, taken by the Government to check rise in prices and the results thereof ?

Shri Gian Chand Kharbanda : (a) To some extent. Price rise is a National phenomenan and it cannot be said that the condition of poor people has deteriorated due to the rise in prices in Punjab alone.

(b) Yes. A statement showing the steps taken by the State Government to check rise in prices is laid on the Table of the House. As a result of these steps there has been some check on the rising trend of prices.

[(ੳ) ਕਿਸੇ ਹੱਦ ਤਕ ਕੀਮਤਾਂ ਦਾ ਵੱਧਣਾ ਕੌਮੀਂ ਪੱਧਰ ਤੇ ਮਸਲਾ ਹੈ ਅਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਵੱਧਦੀ ਹੋਈ ਮਹਿੰਗਾਈ ਕਾਰਣ, ਗਰੀਬ ਲੋਕਾਂ ਦੀ ਹਾਲਤ ਸਿਰਫ਼ ਪੰਜਾਬ ਵਿਚ ਹੀ ਭੈੜੀ ਹੈ ।

(ਅ) ਜੀ ਹਾਂ ਸਰਕਾਰ ਵਲੋਂ ਮਹਿੰਗਾਈ ਨੂੰ ਰੋਕਣ ਲਈ ਚੁੱਕੇ ਗਏ ਕਦਮ ਸਟੇਟਮੈਂਟ ਰਾਹੀਂ ਹਾਊਸ ਵਿਚ ਪੇਸ਼ ਹਨ ਜਿਨ੍ਹਾਂ ਦੇ ਫਲਸਰੂਪ ਚੁੱਕੇ ਹੋਏ ਕਦਮਾਂ ਰਾਹੀਂ ਵੱਧਦੀ ਕੀਮਤਾਂ ਤੇ ਕੁਝ ਕੰਟਰੋਲ ਰਿਹਾ ।]

STATEMENT

The State Government have taken the following steps to check the rise in prices of commodities of daily use:—

Distribution of wheat and wheat atta was started right from 2nd week of July, 1972 and over 30,000 tonnes of wheat/wheat atta has been issued to the Fair Price Shops upto 30th November, 1972.

2. Distribution arrangements were stream lined and it was decided to issue wheat/wheat atta upto 5 Kg. without ration cards. Scale of ration was fixed at 10 Kg. per head per month subject to Maximum of 100 Kg. for wheat/wheat atta per family.

3. Requirements of wheat/wheat atta of Tandoors, Dhabas, Hostels, Hospitals and other eating establishments is being met in full from the Fair Price Shops to lessen pressure on the open market.

4. District Officers have been authorised to open new wheat/atta depots specially in rural areas, labour colonies and border villages. Since July, 1972, 131 new wheat/atta depots have been opened.

Flying squads have been set up at the Headquarters to pay surprise visits, for checking of Fair Price Shops, Cooperative Consumers Stores and Coal Depots.

6. To curb anti-hoarding measures, raids were organised to check the stocks as well as accounts of the dealers of various essential commodities. Prosecution of over 158 dealers of essential commodities have been launched. Departmental action has been initiated against 527 dealers including Depot holders and brick kiln owners. 28,192 ration cards have been cancelled so far resulting in the saving of 1,10,000 units of Sugar and efforts are still going on.

7. District Magistrates have been asked to obtain weekly returns from Sugar dealers and foodgrains dealers who store these commodities in quantities more than 10 quintals.

8. Movement of slack coal and soft coke has been accelerated with efforts made at the highest level resulting in increase in supply from $10\frac{1}{2}$ rakes per month on an average to 16,1/0 rakes per month in case of slack coal.

9. Dealers on controlled commodities and pulse have been asked to display price lists, under Price Display Order, 1971.

10. Constent watch is being kept on the supply position of essential commodities and periodical meetings are being held to make assessment of the position from time to time.

11. Distribution of maida and suji has been regulated. There is no shortage of these commodities.

12. In order to accelerate movement of cement meetings are being held with the officers of Chief Cement Controller, Government of India, Railway Board and the representatives of manufacturers periodically so that shortage on account of Hartal of Factory Workers during August, 1972 is off set. For making available additional quantity of cement, movement by road has been permitted.

13. Rice has also been issued to public against cards and Government enough stocks for distribution. It has also been decided to purchase 9,000 tonnes of basmati rice for next year for state requirements.

14. Distribution of controlled cotton cloth has started from 1st December, 1972 and so far 206 bales have been received and another 547 bales are likely to be received shortly. For the present distribution of controlled cloth is being done through Co-operative Consumer Stores and Village Cooperative Societies.

15. Earnest efforts have been made to maintain the supply line of sugar at controlled rates through Fair Price Shops inspite of the difficult situation which has arisen as a result orders granted by the Supreme Court of India and some other High Courts.

16. To ensure proper distribution of sugar and other essential commodities in the rural areas, representatives of landless labour and weaker section of society are being associated.

17. The Punjab Wholesale Consumer Co-operative Federation (Consfed) has been provided 20 lacs as loan Rs. 80 lacs as bank gurantee for making purchases of pulses from surplus states so that in the lean months prices of pulses are maintained at reasonable level.

18. For ensuring misinterupted shelling of paddy, Punjab State Electricity Board, has agreed not to impose any cut in the supply of power to shellers in border districts and in case of shellers else where, cut has been reduced to 20% and connections have been granted to new shellers.

19. Expert of maize out of the state has been banned and quatitive restriction on hoarding of maize by the dealers have been imposed which hassu checked spunt in maize prices.

[1. ਜੁਲਾਈ ਦੇ ਦੂਜੇ ਹਫਤੇ ਤੇ ਹੀ ਕਣਕ ਅਤੇ ਕਣਕ ਆਟਾ ਦੀ ਵੰਡ ਸ਼ੁਰੂ ਕੀਤੀ ਗਈ, 30 ਨਵੰਬਰ, 1972 ਤਕ ਫੇਅਰ ਪਰਾਈਸ ਸ਼ਾਪ ਰਾਹੀਂ 30,000 ਟਨ ਤੋਂ ਵਧ ਕਣਕ/ਕਣਕ ਆਟਾ ਵੰਡਿਆ ਗਿਆ।

2. ਵੰਡ ਸਿਸਟਮ ਵਿਚ ਸੁਧਾਰ ਕੀਤਾ ਅਤੇ ਇਹ ਫੈਸਲਾ ਹੋਇਆ ਕਿ ਕਣਕ/ਕਣਕ ਆਟਾ 5 ਕਿਲੋ ਤਕ ਬਗੈਰ ਰਾਸ਼ਨ ਕਾਰਡ ਤੋਂ ਦਿਤਾ ਜਾਵੇ। ਰਾਸ਼ਨ-ਕਾਰਡ ਦਾ ਕੋਟਾ 10 ਕਿਲੋ ਫੀ ਮੈਂਬਰ ਪ੍ਰਤੀ ਮਹੀਨਾ ਨਿਯਤ ਕੀਤਾਂ ਗਿਆ, ਪਰ ਇਸ ਸ਼ਰਤ ਤੇ ਇਕ ਫੈਮਲੀ ਨੂੰ ਵੱਧ ਤੋਂ ਵੱਧ ਕਣਕ/ਕਣਕ ਆਟਾ 100 ਕਿਲੋ ਪ੍ਰਤੀ ਮਹੀਨਾ ਦਿਤਾ ਜਾਵੇ।

3. ਤੰਦੂਰ, ਢਾਬਾ, ਹੋਸਟਲ, ਹੋਸਪੀਟਲ ਅਤੇ ਹੋਰ ਦੂਸਰੀਆਂ ਸੰਸਥਾਵਾਂ ਦੀ ਕਣਕ/ਕਣਕ ਆਟੇ ਦੀ ਮੰਗ ਨੂੰ ਫੇਅਰ ਪਰਾਈਸ ਸ਼ਾਪ ਦੁਆਰਾ ਪੂਰਾ ਕਰਨ ਦਾ ਇੰਤਜ਼ਾਮ ਕੀਤਾ, ਤਾਂ ਜੋ ਖੁਲ੍ਹੀ ਮਾਰਕਿਟ ਤੇ ਜ਼ੋਰ ਨਾ ਪਵੇ।

4. ਪਿੰਡਾਂ/ਮਜ਼ਦੂਰ ਕਲੋਨੀਆਂ ਵਿਚ ਖਾਸ ਤੌਰ ਤੇ ਅਤੇ ਬਾਰਡਰ ਦੇ ਪਿੰਡਾਂ ਵਿਚ ਨਵੇਂ ਕਣਕ/ਕਣਕ ਆਟੇ ਦੇ ਡੀਪੂ ਖੋਲ੍ਹਣ ਨਾਲ ਜ਼ਿਲ੍ਹਾ ਅਧਿਕਾਰੀਆਂ ਨੂੰ ਅਧਿਕਾਰ ਦਿਤੇ ਗਏ ਹਨ। ਜੁਲਾਈ, 1972 ਤੋਂ ਹੁਣ ਤਕ 181 ਨਵੇਂ ਕਣਕ/ਆਟੇ ਦੇ ਡੀਪੂ ਖੋਲ੍ਹੇ ਗਏ।

5. ਮੁੱਖ ਦਫਤਰ ਦੇ ਪੱਧਰ ਤੇ, ਫੇਅਰ ਪਰਾਈਸ ਸ਼ਾਪਸ, ਕੰਜ਼ਿਊਮਰ ਸਟੋਰਜ਼ ਅਤੇ ਕੋਲੇ ਦੇ ਡੀਪੂਆਂ ਦੀ ਅਚਨਚੇਤ ਚੈਕਿੰਗ ਅਤੇ ਇਨਸਪੈਕਸ਼ਨ ਲਈ ਫਲਾਇੰਗ ਸਕੇਡ ਬਣਾਇਆ ਗਿਆ।

6. ਜ਼ਖੀਰੇਬਾਜ਼ੀ, ਤੇ ਮੁਨਾਫਾਖੋਰਾਂ ਦੇ ਭੰਡਾਰ ਅਤੇ ਹਿਸਾਬ ਕਿਤਾਬ ਚੈਕ ਕਰਨ ਲਈ ਛਾਪੇ ਮਾਰੇ ਗਏ। ਜਿਸ ਦੇ ਫਲਸਰੂਪ 158 ਕੇਸ ਪੁਲਿਸ ਕੋਲ ਦਰਜ ਕਰਵਾਏ ਗਏ, 527 ਡੀਲਰਜ਼ ਜਿਸ ਦੇ ਵਿਚ ਡੀਪੂ ਹੋਲਡਰਜ਼ ਅਤੇ ਭੱਠੇ ਵਾਲੇ ਵੀ ਸ਼ਾਮਲ ਹਨ, ਦੇ ਵਿਰੁਧ ਵਿਭਾਗੀ ਕਾਰਵਾਈ ਕੀਤੀ 28,192 ਰਾਸ਼ਨ ਕਾਰਡ ਹੁਣ ਤਕ ਚੈਕ ਕਰਨ ਉਪਰੰਤ ਕੈਂਸਲ ਕੀਤੇ ਗਏ, ਨਤੀਜੇ ਵਲੋਂ 10,000 ਯੂਨਿਟ ਚੀਨੀ ਦੀ ਰਾਜ ਨੂੰ ਬਚਤ ਹੋਈ ਤੇ ਕੋਸ਼ਿਸ਼ਾਂ ਹਾਲੇ ਤਕ ਵੀ ਜਾਰੀ ਹਨ।

7. ਜ਼ਿਲ੍ਹਾ ਮਜਿਸਟਰੇਟਾਂ ਨੂੰ ਆਖਿਆ ਗਿਆ ਕਿ ਉਹ ਚੀਨੀ ਦੇ ਡੀਲਰ ਅਤੇ ਫੂਡ ਗਰੇਨ ਡੀਲਰਜ਼ ਜਿਨ੍ਹਾਂ ਨੇ 10 ਕੁਇੰਟਲ ਤੋਂ ਵੱਧ ਇਹ ਜਿਨਸ ਸਟੋਰ ਕੀਤੀ ਹੈ, ਬਾਰੇ ਹਫਤਾਵਾਰੀ ਰਿਪੋਰਟ ਪ੍ਰਾਪਤ ਕਰਨ।

8. ਸਲੇਕ ਕੋਲ ਅਤੇ ਸਾਫਟ ਕੋਕ ਦੀ ਉਚ ਪੱਧਰ ਤੇ ਕੋਸ਼ਿਸ਼ ਕਰਨ ਨਾਲ ਮੂਵਮੈਂਟ ਵਿਚ ਤੇਜ਼ੀ ਕੀਤੀ ਗਈ ਜਿਸ ਦੇ ਫਲਸਰਪ ਸਲੇਕ ਕੋਲੇ ਦੀ ਸਪਲਾਈ (ਸਾਢੇ ਦਸ) ਰੇਕਸ ਪ੍ਰਤੀ ਮਹੀਨੇ ਤੋਂ ਔਸਤ 16½ ਰੇਕਸ ਫੀ ਮਹੀਨਾ ਵਾਧਾ ਹੋਇਆ।

9. ਕੰਟਰੋਲ ਸਬੰਧਤ ਅਤੇ ਦਾਲਾਂ ਦੇ ਡੀਲਰਾਂ ਨੂੰ ਪਰਾਈਸ ਡਿਸਪਲੇ ਆਰਡਰ 1971 ਦੇ ਅਧੀਨ ਰੇਟਾਂ ਦੀਆਂ ਸੂਚੀਆਂ ਦੇਖਣ ਲਈ ਆਖਿਆ ਗਿਆ।

10. ਜ਼ਰੂਰੀ ਵਸਤੂਆਂ ਦੀ ਸਪਲਾਈ ਪੋਜ਼ੀਸ਼ਨ ਸਬੰਧੀ ਪੂਰਾ ਖਿਆਲ ਕੀਤਾ ਜਾ ਰਿਹਾ ਹੈ । ਅਤੇ ਸਮੇਂ ਸਮੇਂ ਤੇ ਇਸ ਦੀ ਸਥਿਤੀ ਨੂੰ ਵਾਚਣ ਲਈ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ।

11. ਮੈਦਾ ਤੇ ਸੂਜੀ ਦੀ ਵੰਡ ਨੂੰ ਰੈਗੂਲੇਟ ਕੀਤਾ ਗਿਆ ਅਤੇ ਇਨ੍ਹਾਂ ਜਿਨਸਾਂ ਦੀ ਹੁਣ ਕੋਈ ਘਾਟ ਨਹੀਂ ਹੈ ।

12. ਸੀਮਿੰਟ ਦੀ ਮੂਵਮੈਂਟ ਵਿਚ ਤੇਜ਼ੀ ਕਰਨ ਲਈ, ਚੀਫ ਸੀਮਿੰਟ ਕੰਟਰੋਲਰ ਭਾਰਤ ਸਰਕਾਰ ਰੇਲਵੇ ਬੋਰਡ ਅਤੇ ਮੈਨੋਫੈਕਚਰਰਜ਼ ਦੇ ਨੁਮਾਇੰਦਿਆਂ ਨਾਲ ਸਮੇਂ ਸਮੇਂ ਤੇ ਮੀਟਿੰਗਾਂ ਹੁੰਦੀਆਂ ਹਨ ਤਾਂ ਜੋ ਅਗਸਤ, 1972 ਤੋਂ ਫੈਕਟਰੀ ਵਿਚ ਕੰਮ ਕਰਨ ਵਾਲਿਆਂ ਮਜ਼ਦੂਰਾਂ ਵਲੋਂ ਹੋਈ ਹੜਤਾਲ ਦੀ ਘਾਟ ਦੀ ਕਮੀ ਪੂਰੀ ਕੀਤੀ ਜਾ ਸਕੇ । ਸੀਮਿੰਟ ਦੀ ਵਾਧੂ ਸਪਲਾਈ ਲਈ ਇਸ ਦੀ ਮੂਵਮੈਂਟ ਨੂੰ ਸੜਕਾਂ ਰਾਹੀਂ ਆਉਣ ਦੀ ਮਨਜ਼ੂਰੀ ਦਿਤੀ ਗਈ ।

13. ਜਨਤਾ ਨੂੰ ਚੌਲ ਵੀ ਰਾਸ਼ਨ ਕਾਰਡਾਂ ਉਤੇ ਦਿਤੇ ਜਾਂਦੇ ਹਨ ਅਤੇ ਸਰਕਾਰ ਕੋਲ ਚੌਲ ਵੰਡਣ ਲਈ ਬਹੁਤ ਸਟਾਕ ਪਿਆ ਹੈ। ਪੰਜਾਬ ਸਰਕਾਰ ਨੇ ਆਪਣੇ ਅਗਲੇ ਸਾਲ ਦੀ ਲੋੜ ਲਈ 9000 ਟਨ ਬਾਸਮਤੀ ਚਾਵਲ ਖਰੀਦਣ ਦਾ ਫੈਸਲਾ ਕੀਤਾ ਹੈ ।

14. ਕੰਟਰੋਲ ਸੂਤੀ ਕਪੜੇ ਦੀ ਵੰਡ, ਸਰਕਾਰੀ ਦੁਕਾਨਾਂ ਰਾਹੀਂ 1 ਦਸੰਬਰ, 1972 ਤੋਂ ਸ਼ੁਰੂ ਕਰ ਦਿਤੀ ਹੈ ਅਤੇ ਹੁਣ ਤਕ 296 ਗੱਠਾਂ ਪੁੱਜ ਚੁਕੀਆਂ ਹਨ ਅਤੇ 517 ਗੱਠਾਂ ਜਲਦੀ ਹੀ ਆਉਣ ਦੀ ਸੰਭਾਵਨਾ ਹੈ। ਇਸ ਲਈ ਕਪੜੇ ਦੀ ਵੰਡ ਕੋਆਪਰੇਟਿਵ, ਕੰਜ਼ਿਊਮਰ ਸਟੋਰ ਅਤੇ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਰਾਹੀਂ ਕੀਤੀ ਜਾਂਦੀ ਹੈ ।

15. ਸੁਪਰੀਮ ਕੋਰਟ ਅਤੇ ਕੁਝ ਦੂਜੀਆਂ ਹਾਈ ਕੋਰਟਾਂ ਦੇ ਫੈਸਲਿਆਂ ਤੋਂ ਆਈਆ ਕਠਿਨਾਈਆਂ ਦੇ ਬਾਵਜੂਦ ਵੀ ਚੀਨੀ ਦੀ ਸਪਲਾਈ ਨੂੰ ਕੰਟਰੋਲ ਰੇਟ ਤੇ ਫੇਅਰ ਪਰਾਈਸ ਸ਼ਾਪ ਰਾਹੀਂ ਠੀਕ ਰਖਣ ਦੀਆਂ ਪੂਰੀਆਂ ਕੋਸ਼ਿਸ਼ਾਂ ਕੀਤੀਆਂ ।

16. ਚੀਨੀ ਅਤੇ ਦੂਜੀਆਂ ਜ਼ਰੂਰੀ ਵਸਤੂਆਂ ਦੀ ਵੰਡ ਪਿੰਡਾਂ ਵਿਚ ਠੀਕ ਢੰਗ ਨਾਲ ਵੰਡ ਕਰਨ ਲਈ ਬਗੈਰ ਜ਼ਮੀਨ ਤੋਂ ਮਜ਼ਦੂਰ ਅਤੇ ਗਰੀਬ ਤਬਕਿਆਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਗਿਆ ।

17. ਪੰਜਾਬ ਹੋਲਸੇਲ ਕੰਜ਼ਿਊਮਰ ਕੋਆਪਰੇਟਿਵ ਫੈਡਰੇਸ਼ਨ (ਕੰਸਟੋਫੈਡ) ਨੂੰ ਦੂਸਰੇ ਰਾਜ ਤੋਂ ਦਾਲਾਂ ਖਰੀਦਣ ਲਈ 20 ਲਖ ਰੁ: ਕਰਜ਼ੇ ਦੇ ਤੌਰ ਤੇ ਦਿਤੇ ਗਏ ਅਤੇ 80 ਲੱਖ ਰੁ. ਦੀ ਦੂਸਰੇ ਰਾਜਾਂ ਤੋਂ ਖਰੀਦਣ ਲਈ ਬੈਂਕ ਗਰੰਟੀ ਦਿੱਤੀ ਗਈ ਤਾਂ ਜੋ ਕਮੀ ਦੇ ਮਹੀਨੇ ਵਿਚ ਦਾਲਾਂ ਦੀਆਂ ਕੀਮਤਾਂ ਠੀਕ ਬਰਕਰਾਰ ਰਹਿਣ ।

18. ਝੋਨੇ ਦੀ ਛਟਾਈ ਵਿਚ ਵਿਘਨ ਨਾ ਪੈਣ ਲਈ ਪੰਜਾਬ ਸਟੇਟ, ਇਲੈਕਟਰੀਕ-ਸਿਟੀ ਬੋਰਡ ਨੇ ਸਰਹੱਦੀ ਜ਼ਿਲ੍ਹਿਆਂ ਵਿਚ ਸ਼ੈਲਰਜ਼ ਉਤੇ ਬਿਜਲੀ ਦੀ ਕਟੌਤੀ

ਨਾ ਕਰਨ ਲਈ ਮੰਨ ਲਿਆ ਹੈ ਅਤੇ ਹੋਰ ਥਾਵਾਂ ਤੇ ਕਟੌਤੀ 20 ਪ੍ਰਤਿ
ਕੀਤੀ ਗਈ ਅਤੇ ਨਵੇਂ ਸ੍ਰੈਲਰਜ਼ ਵਾਲਿਆਂ ਨੂੰ ਕਨੈਕਸ਼ਨ ਦਿਤੇ ਗਏ ਹਨ।

19. ਮੱਕੀ ਦੀ ਕੀਮਤਾਂ ਵਿਚ ਵਾਧੇ ਨੂੰ ਰੋਕਣ ਲਈ ਰਾਜ ਤੋਂ ਬਾਹਰ ਮੱਕੀ ਭੇਜਣ ਅਤੇ ਵਪਾਰੀਆਂ ਤੇ ਵੀ ਮੱਕੀ ਦੇ ਭੰਡਾਰ ਕਰਨ ਦੀ ਮਾਤਰਾ ਤੇ ਰੋਕ ਲਗਾਈ ਗਈ ਹੈ।]

REPAIR OF ROOF OF MIDDLE SCHOOL, CHHINIWAL KHURD, DISTRICT SANGRNR.

475. **Giani Kundan Singh Patang :** Will the Minister for Education and Revenue be pleased to state:—

(a) whether the Government is aware of the fact that the roof of the Middle School of Village Chhiniwal Khurd, District Sangrur which is completely in a dilapidated condition has become dangerous for the lives of both the teachers and the students;

(b) if the reply to para (a) above be in the affirmative, whether there is any proposal under the consideration of Government to get the roof of the said School repaired, if so, the time by which it is likely to be repaired ?

Sardar Umrao Singh : (a) Yes.

(b) The school building belongs to the Panchayat and as such the repairs cannot be carried out from out of Government Funds. The Panchayat has got repaired the roofs of one office and one big room and also carried out minor repairs. In addition to it a sum of Rs. 2,000/- has been collected and it is being spent on the repairs of the roofs of the building.

[(ੲ) ਹਾਂ ਜੀ।

(ਬੀ) ਇਸ ਸਕੂਲ ਦੀ ਬਿਲਡਿੰਗ ਪੰਚਾਇਤ ਦੀ ਹੈ। ਇਸ ਲਈ ਸਰਕਾਰੀ ਫੰਡਾਂ ਵਿਚੋਂ ਇਸ ਦੀ ਮੁਰੰਮਤ ਨਹੀਂ ਕੀਤੀ ਜਾ ਸਕਦੀ। ਪੰਚਾਇਤ ਨੇ ਇਸ ਬਿਲਡਿੰਗ ਦੇ ਇਕ ਦਫਤਰ ਤੇ ਇਕ ਬੜੇ ਕਮਰੇ ਦੀਆਂ ਛੱਤਾਂ ਦੀ ਮੁਰੰਮਤ ਹੋਰ ਛੋਟੀ ਮੋਟੀ ਮੁਰੰਮਤ ਕਰਵਾ ਦਿਤੀ ਹੈ। ਇਸ ਤੋਂ ਇਲਾਵਾ 2000/- ਰੁਪਏ ਹੋਰ ਇਕੱਠੇ ਕੀਤੇ ਗਏ ਹਨ ਜੋ ਕਿ ਛੱਤਾਂ ਦੀ ਮੁਰੰਮਤ ਤੇ ਖਰਚ ਕੀਤੇ ਜਾ ਰਹੇ ਹਨ।]

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

14th December, 1972

(Morning Sitting)

Vol. III—No. 3

OFFICIAL REPORT

CONTENTS

Thursday, the 14th December, 1972

(Morning sitting)

Price : Rs. 45/25 P.

Punjab Vidhan Sabha Secretariat, Chandigarh.

ERRATA

TO

Punjab Vidhan Sabha

Debates

Dated 14th December, 1972

(Morning Sitting)

Vol. III—No. 3

Read	*For*	*Page*	*Line*
be	b	(3)3	6th from below
ਕਾਮਰੇਡ ਜੰਗੀਰ ਸਿੰਘ ਜੋਗਾ	ਕਾਮਰੇਡ ਜਗੀਰ ਸਿੰਘ ਜੋਗਾ	(3)11	16th from below
ਵੋਟਰ	ਵਟਰ	(3)25	8
ਰੂਲ	ੂਲ	(3)55	12
Comrade Saghar Singh	Comrade Saggar Singh	(3)60	9
ਮਜ਼ਦੂਰ	ਮਜ਼ਦਰ	(3)70	14th from below
ਡਿਪ੍ਰੈਸ਼ਨ	ਇਪ੍ਰੈਸ਼ਨ	(3)72	3
ਲੈਂਡ	ਲਂਡ	(3)103	9th from below
ਦੇਣੀ	ਦੀਣ	(3)109	14
owned	owne	(3)113	2nd from below
ਸਰਦਾਰ ਜਸਦੇਵ ਸਿੰਘ ਸੰਧੂ	ਸਰਦਾਰ ਸਦੇਵ ਸਿੰਘ ਸੰਧੂ	(3)120	4th from below
hundred	hunderd	(3)129	10th from below
ਮਾਲੀਆ	ਮਲੀਆ	(3)133	2nd from below
amended	amende	(3)138	10th from below

PUNJAB VIDHAN SABHA

Thursday, the 14th December, 1972

(Morning Sitting)

The Vidhan Sabha met in the Hall of the Punjab Vidhan Sabha, Vidhan Bhavan, Sector 1, Chandigarh, at 10.00 a. m. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

STARRED QUESTION NO. 818

Mr. Speaker : Extension has been asked for in respect S. Q. No. 18.

ਅ.ਸ.ਪ. ਨੰ: 10672—ਸਿ 3 (5)–72/–

ਉਮਰਾਓ ਸਿੰਘ,

ਮੰਤਰੀ,

ਸਿਖਿਆ ਵਿਭਾਗ, ਪੰਜਾਬ,

ਚੰਡੀਗੜ੍ਹ ।

ਮਿਤੀ 13 ਦਸੰਬਰ, 1972

ਵਿਸ਼ਾ :— ਸਟਾਰਡ ਸਵਾਲ ਨੰ: 818 ਵਲੋਂ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ,ਐਮ.ਐਲ.ਏ. ਪੰਜਾਬ ਸਕੂਲ ਸਿਖਿਆ ਬੋਰਡ ਬਾਰੇ ।

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਪ੍ਰਸ਼ਨ ਨੰ : 818 ਜੋ ਮਿਤੀ 14–12–72 ਲਈ ਸੁਆਲਾਂ ਦੀ ਸੂਚੀ ਵਿਚ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇੱਕਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ 15 ਦਿਨਾਂ ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਹਿਤੂ,

ਸਹੀ/—ਉਮਰਾਓ ਸਿੰਘ

Acharya Prithvi Singh Azad : Sir, I would like to know the reason why Question No. 818 has been postponed when the information is available here at Chandigarh?

ਸਿਖਿਆ ਮੰਤਰੀ : ਸਪੀਕਰ ਸਾਹਿਬ, 2–4 ਸਾਲ ਦੀ ਇਨਫਰਮੇਸ਼ਨ ਹੈ, ਇਸ ਲਈ ਇਸ ਦੇ ਲਈ ਟਾਈਮ ਤਾਂ ਲਗ ਹੀ ਜਾਂਦਾ ਹੈ । ਵੈਸੇ ਮੈਂ ਹਦਾਇਤ ਕਰ ਦਿਤੀ ਹੈ ਕਿ ਜਲਦੀ ਤੋਂ ਜਲਦੀ ਇਹ ਇਨਫਰਮੇਸ਼ਨ ਸਪਲਾਈ ਕੀਤੀ ਜਾਵੇ । (ਵਿਘਨ) ਇਸ ਲਈ ਇਹ ਇਨਫਰਮੇਸ਼ਨ ਜਲਦੀ ਹੀ ਸਪਲਾਈ ਕਰ ਦਿੱਤੀ ਜਾਵੇਗੀ ।

STARRED QUESTION NO. 847.

Mr. Speaker : Extension has been asked for in respect of Starred Question No. 847.

ਅ.ਸ.ਪ. ਨੰ: 15164—1 ਸਿ 2—72/

ਉਮਰਾਓ ਸਿੰਘ

ਮੰਤਰੀ,
ਸਿਖਿਆ ਵਿਭਾਗ, ਪੰਜਾਬ,
ਚੰਡੀਗੜ੍ਹ ।
ਮਿਤੀ ਦਸਬੰਰ, 1972

ਵਿਸ਼ਾ : ਸਟਾਰਡ ਪ੍ਰਸ਼ਨ ਨੰ: 847

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਪ੍ਰਸ਼ਨ ਨੰ: 847 ਜੋ ਮਿਤੀ 14-12-1972 ਲਈ ਸੁਆਲਾਂ ਦੀ ਸੂਚੀ ਵਿਚ ਮਾਸਟਰ ਗੁਰਬੰਤਾ ਸਿੰਘ ਐਮ. ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਮਿਤੀ 29—12-1972 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਹਿਤੂ,
ਸਹੀ/—ਉਮਰਾਓ ਸਿੰਘ

ਮਾਸਟਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਸਵਾਲ ਨੰਬਰ 847 ਵਿਚ ਜੋ ਇਨਫਰਮੇਸ਼ਨ ਮੰਗੀ ਗਈ ਹੈ ਉਹ ਤਾਂ ਇਕ ਮਾਮੂਲੀ ਜਿਹੀ ਗੱਲ ਹੈ, ਇਸ ਦੇ ਵਿਚ ਤਾਂ ਕੋਈ ਅਗਾਂਹ ਪਾਉਣ ਵਾਲੀ ਗੱਲ ਨਜ਼ਰ ਨਹੀਂ ਆਉਂਦੀ ।

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਇਹ ਤਾਂ ਇਕੋ ਅਫਸਰ ਬਾਰੇ ਸਵਾਲ ਹੈ ਅਤੇ ਇਸ ਦਾ ਟੂਰ ਪ੍ਰੋਗਰਾਮ ਮੈਨੂੰ ਸਮਝ ਨਹੀਂ ਆਉਂਦੀ ਕਿ ਇਤਨਾ ਲੰਮਾ ਚੋੜਾ ਹੋਵੇਗਾ ਜਿਸ ਦੇ ਜਵਾਬ ਲਈ ਸਮਾਂ ਮੰਗਿਆ ਗਿਆ ਹੈ । (ਵਿਘਨ)

(S. Umrao Singh, this question concerns only one officer. I do not think his tour programme can be so lengthy as to need extension of time for giving a reply to the question.)

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਵਿਚ ਮੈਂ ਐਕਸਪਲੇਨੇਸ਼ਨ ਲੈ ਲਵਾਂਗਾ (ਵਿਘਨ)

STATE AWARDS FOR TEACHERS

***881 Shri Prem Gupta :** Will the Minister for Education and Revenue be pleased to state—

(a) the names of the teachers who have been selected for State Awards for the current year;

(b) the date on which their selection was announced?

Sardar Umrao Singh : (a) The matter is under consideration.
(b) Question does not arise.

[(ਏ) ਮਾਮਲਾ ਵਿਚਾਰ ਅਧੀਨ ਹੈ ।
(ਬੀ) ਸੁਆਲ ਹੀ ਪੈਦਾ ਨਹੀਂ ਹੁੰਦਾ ।]

ਸ੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਇਹ ਜਿਹੜੇ ਅਵਾਰਡ ਹਨ ਇਹ 5 ਸਤੰਬਰ ਨੂੰ ਹਰ ਸਾਲ ਦਿਤੇ ਜਾਂਦੇ ਹਨ । ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਐਤਕੀ ਲੇਟ ਹੋ ਗਏ ਹਨ ਕੀ ਇਨ੍ਹਾਂ ਦਾ ਇਹ ਵਿਚਾਰ ਤਾਂ ਨਹੀਂ ਬਣ ਗਿਆ ਕਿ ਦੋ ਸਾਲ ਦੇ ਇਕਠੇ ਹੀ ਦੇ ਦੇਵਾਂਗੇ ।

ਸਿਖਿਆ ਮੰਤਰੀ: ਸਪੀਕਰ ਸਾਹਿਬ, ਇਸ ਦੇ ਬਾਰੇ ਵਿਚ ਇਕ ਕਮੇਟੀ ਬਣਾ ਦਿਤੀ ਗਈ ਹੈ । ਮੇਰਾ ਖਿਆਲ ਹੈ ਕਿ ਇਨ੍ਹਾਂ ਦਿਨਾਂ ਵਿਚ ਹੀ ਕਮੇਟੀ ਨੇ ਫੈਸਲਾ ਕਰ ਦਿਤਾ ਹੋਵੇਗਾ ਜਾਂ ਜਲਦੀ ਹੀ ਕਰ ਦੇਵੇਗੀ ਤੇ ਜਲਦੀ ਹੀ ਇਹ ਅਵਾਰਡ ਦੇ ਦਿਤੇ ਜਾਣਗੇ ।

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਅੱਜ ਤੋਂ ਤਕਰੀਬਨ ਡੇਢ ਦੋ ਸਾਲ ਪਹਿਲਾਂ ਇਕ ਬੰਦੇ ਨੂੰ ਨੈਸ਼ਨਲ ਅਵਾਰਡ ਦੇਣ ਵਾਸਤੇ ਉਸ ਦੀ ਕੋਈ ਰਿਕੁਮੈਂਡੇਸ਼ਨ ਨਹੀਂ ਕੀਤੀ ਪਰ ਪੰਜਾਬ ਗੌਰਮਿੰਟ ਨੇ ਉਸ ਨੂੰ ਸਟੇਟ ਅਵਾਰਡ ਦੇ ਦਿਤਾ, ਕੀ ਇਸ ਦੇ ਬਾਰੇ ਵਜ਼ੀਰ ਸਾਹਿਬ ਦਸਣਗੇ ਕਿ ਕੀ ਵਜ੍ਹਾ ਹੈ?

ਮੰਤਰੀ : ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਉਸ ਬੰਦੇ ਦਾ ਕੋਈ ਨਾਮ ਨਹੀਂ ਦਸਿਆ, ਕੋਈ ਹੋਰ ਬਹੁ ਪਤਾ ਨਹੀਂ ਦਸਿਆ ਜਿਸ ਦੇ ਬਾਰੇ ਕਿ ਕੁਝ ਦਸਿਆ ਜਾ ਸਕੇ । ਮੈਂ ਕੋਈ ਜਾਣੀ ਜਾਣ ਤਾਂ ਹੈ ਨਹੀਂ ਕਿ ਚੌਧਰੀ ਸਾਹਿਬ ਦੇ ਦਿਲ ਦੀ ਗੱਲ ਬੁਝ ਲਵਾਂ । (ਵਿਘਨ)

STARRED QUESTION NO. 848

Mr. Speaker : Extension has been asked for in respect of S. Q. No. 848.

UMRAO SINGH
(Seal)

D.O. No. St. III-72/17338
Education and Revenue
Department Punjab.
the 13th Dec, 1972.

Dear S. Darbara Singh,

The answer to Starred Punjab Vidhan Sabha question No. 848 appearing in the list of Questions for 14-12-1972, is not ready. The requisite information is being collected from the quarters concerned. I am, there fore, to request that time for answering this question may kindly b extended and this question included in the list of questions for any date after 21.12.72

Yours sincerely,
Sd/-
(Umrao Singh)

ਮਾਸਟਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਸਵਾਲ ਨੰਬਰ 848 ਤਾਂ ਬੜਾ ਜ਼ਰੂਰੀ ਸਵਾਲ ਹੈ । ਇਸ ਦੇ ਵਿਚ ਪੁਛਿਆ ਗਿਆ ਹੈ ਕਿ ਕਿਹੜੇ ਕਿਹੜੇ ਮੈਂਬਰ ਹਨ, ਕਿਹੜੇ ਕਿਹੜੇ ਵਜ਼ੀਰ ਹਨ ਅਤੇ ਹੋਰ ਕਿਹੜੇ ਕਿਹੜੇ ਸਜਣ ਹਨ ਜਿਨ੍ਹਾਂ ਨੇ ਜ਼ਮੀਨਾਂ ਟਰਾਂਸਫਰ ਕੀਤੀਆਂ ਹਨ । ਅੱਜ ਲੈਂਡ ਸੀਲਿੰਗ ਬਿਲ ਵੀ ਆ ਰਿਹਾ ਹੈ ਅਤੇ ਇਹ ਸਵਾਲ ਬਹੁਤ ਜ਼ਰੂਰੀ ਹੈ ਪਰ ਇਨ੍ਹਾਂ ਨੇ ਇਸ ਦਾ ਕੋਈ ਜਵਾਬ ਨਹੀਂ ਦਿੱਤਾ । ਇਹ ਬੜੀ ਗਲਤ ਗੱਲ ਹੈ । ਇਸ ਸਵਾਲ ਤੋਂ ਹੀ ਪਤਾ ਲਗ ਜਾਵੇਗਾ ਕਿ ਕਿਨ੍ਹਾਂ ਕਿਨ੍ਹਾਂ ਨੇ ਆਪਣੇ ਕੁਤਿਆਂ ਦੇ ਨਾਮ ਤੇ ਅਤੇ ਹੋਰ ਜਾਨਵਰਾਂ ਦੇ ਨਾਮ ਤੇ ਜ਼ਮੀਨਾਂ ਟਰਾਂਸਫਰ ਕੀਤੀਆਂ ਹਨ ਅਤੇ ਕੁਰੱਪਸ਼ਨ ਕੀਤੀ ਹੈ । (ਹਾਸਾ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਜੇ ਇਤਨੇ ਸੀਨੀਅਰ ਮੋਸਟ ਆਨਰੇਬਲ ਮੈਂਬਰ ਸਰਦਾਰ ਗੁਰਬੰਤਾ ਸਿੰਘ ਦੇ ਸਵਾਲ ਦਾ ਜਵਾਬ ਇਹ ਨਹੀਂ ਦਿੰਦੇ ਤਾਂ ਮੇਰੇ ਵਰਗੇ ਜੂਨੀਅਰ ਮੋਸਟ ਬੰਦੇ ਦਾ ਕੀ ਜਵਾਬ ਦੇਣਗੇ ? ਮੈਂ ਅਰਜ਼ ਕਰਾਂਗਾ ਕਿ ਇਹ ਇਸ ਸਵਾਲ ਦਾ ਕੱਲ ਹੀ ਜਵਾਬ ਦੇ ਦੇਣ ਕਿਉਂਕਿ ਇਹ ਸਵਾਲ ਬਹੁਤ ਜ਼ਰੂਰੀ ਹੈ । (ਵਿਘਨ)

ਸਿਖਿਆ ਮੰਤਰੀ : ਸਪੀਕਰ ਸਾਹਿਬ, ਮਾਸਟਰ ਜੀ ਇੱਕਲੀ ਜਲੰਧਰ ਤਹਿਸੀਲ ਜਾਂ ਕਿਸੀ ਹੋਰ ਤਹਿਸੀਲ ਦਾ ਸਵਾਲ ਪੁਛ ਲੈਂਦੇ ਤਾਂ ਇਨ੍ਹਾਂ ਨੂੰ ਜਲਦੀ ਹੀ ਜਵਾਬ ਦੇ ਦਿੰਦੇ ਪਰ ਇਨ੍ਹਾਂ ਨੇ ਤਾਂ ਸਾਰੇ ਪੰਜਾਬ ਦੀ ਇਨਫਰਮੇਸ਼ਨ ਮੰਗੀ ਹੈ ਇਸ ਦੇ ਵਾਸਤੇ ਤਾਂ ਟਾਈਮ ਲਗ ਹੀ ਜਾਵੇਗਾ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਚਲੋਂ ਇਤਨਾ ਹੀ ਦੱਸ ਦਿਉ ਕਿ ਕਿਹੜੇ ਕਿਹੜੇ ਵਜ਼ੀਰ ਨੇ ਇਹ ਜ਼ਮੀਨਾਂ ਟਰਾਂਸਫਰ ਕੀਤੀਆਂ ਹਨ ? (ਵਿਘਨ)

ਮੰਤਰੀ : ਤੁਸੀਂ ਕਿਸ ਮਰਜ਼ ਦੀ ਦਵਾ ਹੋ । (ਵਿਘਨ)

STARRED QUESTION NO. 627.

Mr. Speaker: Extension has been asked for in respect of starred question No. 627.

ਉਮਰਾਓ ਸਿੰਘ,
ਸਿਖਿਆ ਤੇ ਮਾਲ ਮੰਤਰੀ,
ਪੰਜਾਬ ।

ਅ.ਸ.ਪ. ਨੰ: 7802–2ਮਬ–72/18962
ਚੰਡੀਗੜ੍ਹ,
ਮਿਤੀ ਦਸੰਬਰ 13, 1972.

ਵਿਸ਼ਾ: ਸਟਾਰਡ ਵਿਧਾਨ ਸਭਾ ਸੁਆਲ ਨੰ: 627 ਵਲੋਂ ਗਿਆਨੀ ਅਰਜਨ ਸਿੰਘ, ਐਮ. ਐਲ. ਏ. ਬੋਪਾ ਰਾਏ ਕਲਾਂ ਜ਼ਿਲ੍ਹਾ ਲੁਧਿਆਣਾ ਵਿਚ ਮੁਰੱਬਾਬੰਦੀ ਬਾਰੇ ।

ਪਿਆਰੇ ਸ. ਦਰਬਾਰਾ ਸਿੰਘ ਜੀ,

ਪੰਜਾਬ ਵਿਧਾਨ ਸਭਾ ਸਟਾਰਡ ਸੁਆਲ ਨੰ: 627 ਜੋ ਮਿਤੀ 14–12–72 ਲਈ ਸੁਆਲਾਂ ਦੀ ਸੂਚੀ ਵਿਚ ਗਿਆਨੀ ਅਰਜਨ ਸਿੰਘ ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾਂ ਸਬੰਧਤ ਥਾਂ ਤੋਂ ਇੱਕਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ

ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਕੁਝ ਦਿਨਾਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਸ਼ੁਭਚਿੰਤਕ,
ਸਹੀ/—ਉਮਰਾਓ ਸਿੰਘ

———

STARRED QUESTION No. 845

Mr. Speaker: Extension has been applied for in respect of Starred Question No. 845.

———

PRIMARY HEALTH CENTRES AND DISPENSARIES

*829. **Sardar Balwinder Singh Bhunder:** Will the Minister for Finance be pleased to state the block-wise number of Primary Health Centres as well as Dispensaries functioning at present in the State?

Shri Hans Raj Sharma: A statement showing Blockwise number of Primary Health Centres as well as Dispensaries functioning at present in the State is placed on the Table of the House.

Statement showing the block-wise break up of allopathic/Ayurvedic/Unani Institutions

S. No.	Name of Block	*Allopathic Institutions*			Total	Ayurvedic/ Unani Institutions
		Primary Health Centres	Dispensaries	Hospitals		
1	2	3	4	5	6	7
Amritsar District						
1.	Chogawan	1	5	—	6	1
2.	Patti	1	2	—	3	1
3.	Chola Sahib	2	—	—	2	1 Dispensary/ 1 Hospital
4.	Bhikhiwind	1	3	1	5	1
5.	Valtoha	1	2	—	3	2
6.	Tarn Taran	1	—	2	3	4
7.	Naushera Panuwan	2	—	—	2	1
8.	Khadoor Sahib	1	2	—	3	3

For starred Question No. 845 and reply thereto please see Appendix to this Debate.

[Finance Minister]

1	2	3	4	5	6	7
9.	Rayya	1	4	—	5	3
10.	Tarsika	1	1	—	2	3
11.	Majitha	1	1	—	2	1
12.	Verka	1	—	—	1	1
13.	Gandiwind (Kasel)	1	2	—	3	1
14.	Jandiala	1	1	—	2	1
15.	Ajnala	—	5	1	6	2
	Total	16	28	4	48	27
District Jullundur						
1	Bhogpur	1	2	—	3	1
2.	Nawanshahr	1	3	—	4	2
3.	Nakodar	1	2	—	3	1
4.	Goraya	1	6	—	7	1
5.	Nurmahal	1	2	—	3	2
6.	Mukandpur	1	2	—	3	3
7.	Jullundur East	1	—	—	1	4
8.	Jullundur(W)	—	—	—	—	1
9.	Banga	1	2	—	3	2
10.	Phillaur	1	2	—	3	3
11.	Shahkot	1	1	—	2	4
12.	Adampur	—	2	—	2	2
	Total	10	24	—	34	26
District Ludhiana						
1.	Doraha	1	3	—	4	4
2.	Mangat	1	4	—	5	1
3.	Dehlon	1	2	—	3	3
4.	Ludhiana	1	1	1	3	2
5.	Jagraon	1	1	—	2	4
6.	Sidhwan Bet	2	—	—	2	3
7.	Pakhowal	1	3	1	5	1
8.	Machhiwara	1	3	—	4	5
9.	Samrala	—	—	—	—	2
10.	Sudhar	1	2	—	3	1
	Total	10	19	2	31	26

1	2	3	4	5	6	7
District Kapurthala						
1.	Nadala	3	4	—	7	3
2.	Phagwara	1	3	—	4	7
3.	Sultanpur	1	3	—	4	2
4.	Kapurthala	1	2	—	3	4
	Total	6	12	—	18	16
District Ferozepur						
1.	Guruharsahai	—	1	—	1	2
2.	Ferozepur	1	3	—	4	1
3.	Ghall Khurd	1	4	—	5	2
4.	Jalalabad	1	2	—	3	2
5.	Fazilka	2	2	—	4	1
6.	Zira	1	5	—	6	3
7.	Khuya Sarwar	—	2	—	2	2
8.	Dharam Kot	1	2	—	3	1
9.	Abohar	1	1	—	2	4
	Total	8	22	—	30	18
District Bhatinda						
1.	Sangat	1	1	—	2	4
2.	Budhlada	1	4	—	5	1
3.	Bhatinda	1	3	—	4	4
4.	Rampura	1	1	—	2	3
5.	Jhunir (Sardulgarh)	1	3	—	4	3
6.	Talwandi Sabo	1	1	—	2	3
7.	Phul East	1	3	—	4	4
8.	Nathana	1	1	—	2	1
9.	Mansa	1	2	—	3	1
	Total	9	19	—	28	24

(Finance Minister]

1	2	3	4	5	6	7
District Faridkot						
1.	Bagha Purana	3	4	—	7	1
2.	Moga—I	1	1	—	2	1
3	Moga—II	1	5	—	6	1
4.	Kot-Bhai	1	—	—	1	3
5	Lambi	1	3	1	5	3
6	Malout	1	3	—	4	—
7.	Muktsar	1	2	—	3	1
8.	NihalSinghWala	—	2	—	2	2
9.	Faridkot	1	2	—	3	2
10.	Kot Kapura	2	1	—	3	2
	Total	12	23	1	36	16
District Patiala						
1.	Ghanaur	1	2	—	3	5
2.	Nabha (Bhadson)	3	—	—	3	7
3.	Bassi Pathana	1	5	—	6	—
4.	Sirhind	1	2	—	3	4
5.	Patiala	1	3	—	4	2
6.	Samana	1	3	—	4	3
7.	Bhuner Heri	1	1	—	2	1
8.	Rajpura	1	3	—	4	2
9.	Dera Bassi	—	3	—	3	2
	Total	10	22	—	32	26
District Ropar						
1.	Nurpur Bedi	1	1	—	2	2
2.	Ropar	1	2	—	3	1
3.	Chamkaur Sahib	1	1	—	2	2
4.	Anand Pur Sahib	—	6	—	6	5
5.	Kharar	1	2	—	3	2
6.	Majri	—	1	—	1	3
	Total	4	13	—	17	15

1	2	3	4	5	6	7
District Sangrur						
1.	Sunam	1	1	—	2	2
2.	Lehra Gagga	1	2	—	3	3
3.	Mahal Kalan	1	1	—	2	3
4.	Dhuri	1	4	—	5	1
5.	Malerkotla	1	2	—	3	3
6.	Sehna	—	3	—	3	1
7.	Ahmedgarh	1	2	—	3	2
8.	Sangrur	—	2	1	3	1
9.	Barnala	—	3	—	3	2
10.	Cheema	—	2	—	2	2
	Total	6	22	1	29	20
District Gurdaspur						
1.	Fatehgarh Churian	1	3	—	4	1
2.	Narot Jaimal Singh	1	—	—	1	1
3.	Shri Hargobind Pur	2	—	—	2	—
4.	Batala	1	—	—	1	5
5.	Kahnuwan	1	—	—	1	2
6.	Gurdaspur	1	—	1	2	1
7.	Dhariwal	1	2	—	3	2
8.	Dhar Kalan	1	5	—	[illegible]	6
9.	Pathankot	1	—	—	1	3
10.	Dorangla	1	2	—	3	3
11.	Dera Baba Nanak	1	3	—	4	4
	Total	12	15	1	28	28
District Hoshiarpur						
1.	Mahilpur	2	3	—	5	4
2.	Mukerian	1	1	—	2	2

1	2	3	4	5	6	7
3.	Saroya	1	1	—	2	1
4.	Garhshanker	1	2	—	3	3
5.	Balachaur	1	2	—	3	3
6.	Hoshiarpur	2	3	1	6	2
7.	Bhunga	1	2	—	3	2
8.	Dasuya	—	1	—	1	3
9.	Tanda	—	1	—	1	1
10.	Talwara	1	3	1	5	4+1 (Hospital)
11.	Bajwara	—	—	—	—	1
	Total	10	19	2	31	27
	GRAND TOTAL	113	238	11	362	269

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਝੁਨੀਰ ਬਲਾਕ ਬਾਰਡਰ ਦਾ ਏਰੀਆ ਹੈ ਅਤੇ ਬੜਾ ਪਛੜਿਆ ਹੋਇਆ ਇਲਾਕਾ ਹੈ ਪਰ ਉਥੇ ਕੋਈ ਹੈਲਥ ਸੈਂਟਰ ਨਹੀਂ । ਉਥੇ ਦੀ ਵਸੋਂ ਬਾਕੀ ਦੇ ਹੋਰ ਬਲਾਕਾਂ ਨਾਲੋਂ ਦੁਗਣੀ ਹੈ। ਅੰਮ੍ਰਿਤਸਰ ਦੇ ਚੁਗਾਵਾਂ ਬਲਾਕ ਅਤੇ ਹੁਸ਼ਿਆਰਪੁਰ ਦੇ ਕਈ ਬਲਾਕਾਂ ਵਿਚ ਇਕ ਇਕ ਬਲਾਕ ਵਿਚ ਤਿੰਨ ਤਿੰਨ ਹੈਲਥ ਸੈਂਟਰ ਅਤੇ ਚਾਰ ਚਾਰ ਪੰਜ ਪੰਜ ਡਿਸਪੈਂਸਰੀਆਂ ਹਨ ਪਰ ਸਰਦੂਲਗੜ੍ਹ ਵਿਚ ਸਿਰਫ ਇਕ ਹੀ ਹੈਲਥ ਸੈਂਟਰ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਡਿਸਕਰੀਮੀਨੇਸ਼ਨ ਕਿਉਂ ਹੈ ?

ਸਿਹਤ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ ਕੋਈ ਡਿਸਕਰੀਮੀਨੇਸ਼ਨ ਕਿਸੇ ਨਾਲ ਨਹੀਂ ਕੀਤਾ । ਇਹ ਡਿਸਕਰੀਮੀਨੇਸ਼ਨ ਪਿਛਲੀਆਂ ਸਰਕਾਰਾਂ ਦੇ ਵੇਲੇ ਦਾ ਚਲਿਆ ਆ ਰਿਹਾ ਹੈ। ਅਤੇ ਮੈਂ ਇਨ੍ਹਾਂ ਦੇ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਅਸੀਂ ਕੋਈ ਨਵਾਂ ਹੈਲਥ ਸੈਂਟਰ ਨਹੀਂ ਖੋਲ੍ਹਿਆ । ਇਸ ਸਰਕਾਰ ਨੇ ਹੁਣ ਇਹ ਪਾਲਿਸੀ ਬਣਾਈ ਹੈ ਕਿ ਜਿਹੜੇ ਇਲਾਕੇ ਪਛੜੇ ਹੋਏ ਹਨ ਅਤੇ ਜਿਥੇ ਡਿਸਪੈਂਸਰੀਆਂ ਜਾਂ ਹੈਲਥ ਸੈਂਟਰ ਵਗੈਰਾ ਨਹੀਂ ਉਥੇ ਇਹ ਖੋਲੇ ਜਾਣਗੇ ਅਤੇ ਜਿਥੇ ਪਹਿਲਾਂ ਹੀ ਦੋ ਦੋ ਤਿੰਨ ਤਿੰਨ ਹਨ ਉਥੇ ਉਨ੍ਹਾਂ ਨੂੰ ਰਹਿਣ ਦਿਤਾ ਜਾਵੇਗਾ ਪਰ ਨਵਾਂ ਕੋਈ ਹੈਲਥ ਸੈਂਟਰ ਉਥੇ ਨਹੀਂ ਖੋਲ੍ਹਿਆ ਜਾਵੇਗਾ ।

ਮਾਸਟਰ ਗੁਰਬੰਤਾ ਸਿੰਘ: ਸਪੀਕਰ ਸਾਹਿਬ, ਮੈਂ ਹੈਲਥ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਅਤੇ ਇਨ੍ਹਾਂ ਤੋਂ ਇਸ ਗਲ ਦਾ ਯਕੀਨ ਲੈਣਾ ਚਾਹੁੰਦਾ ਹਾਂ ਕਿ ਕਰਤਾਰਪੁਰ ਦਾ ਜਿਹੜਾ ਹੈਲਥ ਸੈਂਟਰ ਹੈ ਉਸ ਦੇ ਲਈ ਅਸੀਂ ਜ਼ਮੀਨ ਮੁੱਲ ਲੈ ਕੇ ਦਿੱਤੀ ਹੈ ਅਤੇ ਸਟਾਫ ਵੀ ਦੋ ਤਿੰਨ ਸਾਲਾਂ ਦਾ ਉਥੇ ਮੁੱਕਰਰ ਹੈ, ਅਕਾਲੀਆਂ ਦੇ ਰਾਜ ਵਿਚ ਉਥੇ ਬਿਲਡਿੰਗ ਨਹੀਂ ਬਣਾਈ ਗਈ, ਕੀ ਹੁਣ ਇਹ ਜਲਦੀ ਹੀ ਬਿਲਡਿੰਗ ਬਣਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਅਸੀਂ ਪੀ. ਡਬਲਯੂ. ਡੀ. ਤੇ ਜ਼ੋਰ ਪਾ ਰਹੇ ਹਾਂ ਕਿ ਜਿੰਨਾ ਜਿੰਨਾ ਪੈਸਾ ਮਨਜ਼ੂਰ ਹੋਇਆ ਹੈ ਅਤੇ ਜਿਹੜੀਆਂ ਬਿਲਡਿੰਗਾਂ ਬਣਨ ਤੋਂ ਹਾਲੀਂ ਰਹਿੰਦੀਆਂ ਹਨ ਉਹ ਜਲਦੀ ਤੋਂ ਜਲਦੀ ਮੁਕੰਮਲ ਕਰ ਦੇਣ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਹੁਣ ਅਗੇ ਨੂੰ ਹੈਲਥ ਸੈਂਟਰ ਖੋਲ੍ਹਣੇ ਹਨ ਕੀ ਇਹ ਸਾਰੇ ਕਾਂਗਰਸੀ ਹਲਕਿਆਂ ਵਿਚ ਹੀ ਖੋਲ੍ਹਣੇ ਹਨ ਜਾਂ ਕਿ ਅਕਾਲੀਆਂ ਦੇ ਹਲਕਿਆਂ ਵਿਚ ਵੀ ਖੋਲ੍ਹਣੇ ਹਨ?

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਜਿਹੜੇ ਜਿਹੜੇ ਪਛੜੇ ਹੋਏ ਇਲਾਕੇ ਰਹਿ ਗਏ ਹਨ, ਜਿਥੇ ਕਿ ਹੈਲਥ ਸੈਂਟਰ ਨਹੀਂ ਖੋਲ੍ਹੇ ਗਏ, ਉਥੇ ਉਥੇ ਖੋਲ੍ਹੇ ਜਾਣਗੇ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਜਿਥੇ ਲੋਕਾਂ ਨੇ ਆਪਣੀਆਂ ਜ਼ਮੀਨਾਂ ਦੇਕੇ ਇਨ੍ਹਾਂ ਹੈਲਥ ਸੈਂਟਰਾਂ ਵਾਸਤੇ ਬਿਲਡਿੰਗਾਂ ਬਣਾ ਦਿਤੀਆਂ ਹਨ ਪਰ ਉਥੇ ਡਾਕਟਰ ਨਹੀਂ ਭੇਜੇ ਗਏ, ਕੀ ਇਹੋ ਜਿਹੀਆਂ ਥਾਵਾਂ ਤੇ ਇਹ ਡਾਕਟਰ ਭੇਜਣ ਦਾ ਪ੍ਰਬੰਧ ਕਰਨਗੇ?

ਮੰਤਰੀ: ਸਪੀਕਰ ਸਾਹਿਬ, ਜਿਥੇ ਜਿਥੇ ਡਾਕਟਰਾਂ ਦੀ ਕਮੀ ਹੈ ਉਥੇ ਉਥੇ ਅਸੀਂ ਡਾਕਟਰ ਭੇਜ ਰਹੇ ਹਾਂ । ਇਨ੍ਹਾਂ ਮਹੀਨਿਆਂ ਵਿਚ ਅਸੀਂ 150 ਡਾਕਟਰ ਰਖੇ ਹਨ ਅਤੇ ਉਨ੍ਹਾਂ ਨੂੰ ਟ੍ਰੇਨਿੰਗ ਦੇ ਰਹੇ ਹਾਂ। ਉਨ੍ਹਾਂ ਦੀ ਟ੍ਰੇਨਿੰਗ ਤੋਂ ਬਾਦ ਜਿਥੇ ਜਿਥੇ ਲੋੜ ਹੈ ਉਨ੍ਹਾਂ ਨੂੰ ਭੇਜ ਦੇਵਾਂਗੇ । ਇਸ ਤੋਂ ਇਲਾਵਾ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਡਾਕਟਰਾਂ ਦੀ ਕਮੀ ਨੂੰ ਪੂਰਾ ਕਰਨ ਲਈ ਇਸ ਸਰਕਾਰ ਨੇ ਇਕ ਪ੍ਰੋਗਰਾਮ ਬਣਾਇਆ ਹੈ ਜਿਸ ਦੇ ਮੁਤਾਬਕ ਹਰ ਸਾਲ 300 ਡਾਕਟਰ ਜਿਹੜੇ ਵੇਹਲੇ ਹਨ ਉਨ੍ਹਾਂ ਨੂੰ ਅਕਾਮੋਡੇਟ ਕੀਤਾ ਜਾਵੇਗਾ । (ਵਿਘਨ)

ਕਾਮਰੇਡ ਜਗੀਰ ਸਿੰਘ ਜੋਗਾ: ਕੀ ਮਨਿਸਟਰ ਸਾਹਿਬ ਦਸਣਗੇ ਕਿ ਇਸ ਤਰ੍ਹਾਂ ਦਾ ਉਹ ਨਹੀਂ ਕਰਨਗੇ ਜਿਸ ਤਰ੍ਹਾਂ ਕਿ ਸਰਦਾਰ ਉਮਰਾਓ ਸਿੰਘ ਜੀ ਕਹਿੰਦੇ ਰਹੇ ਕਿ ਪਛੜੇ ਹੋਏ ਇਲਾਕਿਆਂ ਵਿਚ ਸਕੂਲ ਖੋਲ੍ਹੇ ਜਾਣਗੇ ਪਰ ਉਨ੍ਹਾਂ ਨੇ ਜਲੰਧਰ ਵਿਚ ਤਾਂ 24 ਸਕੂਲ ਖੋਲ੍ਹ ਦਿਤੇ ਅਤੇ ਬਠਿੰਡਾ ਵਿਚ ਚਾਰ ਸਕੂਲ ਖੋਲ੍ਹ ਦਿਤੇ। ਦੇਖ ਲਓ ਹੁਣ ਕਿਹੜਾ ਪਛੜਿਆ ਹੋਇਆ ਹੈ ? ਕੀ ਇਸ ਤਰ੍ਹਾਂ ਤਾਂ ਸਾਰੇ ਇਲਾਕਿਆਂ ਨਾਲ ਨਹੀਂ ਕੀਤਾ ਜਾਵੇਗਾ ? (ਵਿਘਨ)

(ਕੋਈ ਜਵਾਬ ਨਹੀਂ ਦਿਤਾ ਗਿਆ ।)

ਕਾਮਰੇਡ ਅਰਜਨ ਸਿੰਘ ਮਸਤਾਨਾ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜਾ ਬਾਰਡਰ ਦੇ ਉਤੇ ਰਾਜੋਕੇ ਬਲਾਕ ਹੈ ਅਤੇ ਜਿਸ ਨੂੰ ਅਪਾਲੀ ਭੁਲ ਭੁਲ ਗਏ ਸੀ, ਉਥੇ ਸੈਂਟਰ ਕਿੰਨੇ ਚਿਰ ਤਕ ਖੁਲ੍ਹ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਮੇਰੇ ਕਮਰੇ ਵਿਚ ਆ ਜਾਣ ਅਤੇ ਗੱਲ ਬਾਤ ਕਰ ਲੈਣ ਜਾਂ ਇਸ ਬਾਰੇ ਨੋਟਿਸ ਦੇ ਦੇਣ ਮੈਂ ਇਨ੍ਹਾਂ ਨੂੰ ਡਿਟੇਲ ਵਿਚ ਦਸ ਦਿਆਂਗਾ । (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਬੜੀ ਅਛੀ ਗੱਲ ਹੈ ਜਿਹੜਾ ਵਿੱਤ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਉਹ ਇਹ ਡਿਸਕ੍ਰਿਮੀਨੇਸ਼ਨ ਦੂਰ ਕਰ ਦੇਣਗੇ ਪਰ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਗੁਲਾਬ ਭੁਨੀਰ ਬਲਾਕ ਹੈ ਇਹ ਬਹੁਤ ਜਿਆਦਾ ਵੱਡਾ ਹੈ, ਇਸ ਵਿਚ ਜਿਹੜੇ ਹੈਲਥ ਸੈਂਟਰ ਖੋਲ੍ਹਣਗੇ ਉਹ ਇਸ ਦੀ ਆਬਾਦੀ ਨੂੰ ਮੁੱਖ ਰਖ ਕੇ ਖੁਲ੍ਹਣਗੇ ਜਾਂ ਦੂਸਰੇ ਬਲਾਕਾਂ ਵਾਂਗ ਹੀ ਜਿਸੇ ਦੇ ਹੈਲਥ ਸੈਂਟਰ ਖੋਲ੍ਹੇ ਜਾਣਗੇ?

ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਇਸ ਵਿਚ ਮੇਰਾ ਕੋਈ ਦੋਸ਼ ਨਹੀਂ ਕਿ ਇਨ੍ਹਾਂ ਬਲਾਕਾਂ ਵਿਚ 2–3 ਹੈਲਥ ਸੈਂਟਰ ਖੋਲ੍ਹੇ ਗਏ, ਇਹ ਤਾਂ ਇਨ੍ਹਾਂ ਦੀ ਆਪਣੀ ਸਰਕਾਰ ਵੇਲੇ ਹੋਇਆ ਸੀ। ਇਸ ਗੌਰਮੈਂਟ ਦੀ ਤਾਂ ਇਹ ਪਾਲਿਸੀ ਹੈ ਕਿ ਜਿਹੜੇ ਇਲਾਕੇ ਪਛੜੇ ਗਏ ਹਨ, ਕਿਉਂ ਜੋ ਇਲਾਕਿਆਂ ਦੇ ਲੋਕਾਂ ਕੋਲ ਸਿਆਸੀ ਤਾਕਤ ਨਹੀਂ ਆਈ ਸੀ, ਇਸ ਕਰਕੇ ਜਿਹੜੇ ਇਲਾਕੇ ਬੈਕਵਰਡ ਰਹਿ ਗਏ ਹਨ, ਉਨ੍ਹਾਂ ਨੂੰ ਤਰਜੀਹ ਦੇਵੇਗੀ ਜੇਕਰ ਉਹ ਇਲਾਕਾ ਬੈਕਵਰਡ ਹੈ ਤਾਂ ਉਸ ਨੂੰ ਵੀ ਤਰਜੀਹ ਦਿੱਤੀ ਜਾਵੇਗੀ ।

STARRED QUESTION NO 645

Mr. Speaker: Extentions has been asked for in respect of S.Q. No. 645.

ਅ.ਸ.ਪ. ਨੰ: 13416–4 ਕਰ-72/

ਹੰਸ ਰਾਜ ਸ਼ਰਮਾ,
ਵਿੱਤ ਮੰਤਰੀ, ਪੰਜਾਬ ।

ਪੰਜਾਬ ਸਿਵਲ ਸਕੱਤਰੇਤ,
ਚੰਡੀਗੜ੍ਹ ।
ਮਿਤੀ 13 ਦਸੰਬਰ, 1972

ਵਿਸ਼ਾ :—ਸਟਾਰਡ ਸੁਆਲ ਨੰ: 645 ਦੀ ਮਿਆਦ ਵਧਾਉਣ ਬਾਰੇ

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 645 ਜੋ ਮਿਤੀ 14–12–72 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਅਰਜਨ ਸਿੰਘ ਮਸਤਾਨਾ ਅਤੇ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏਜ਼. ਦੇ ਨਾਵਾਂ ਹੇਠ ਦਰਜ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 28–12–72 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਹਿਤੂ,
ਸਹੀ/—ਹੰਸ ਰਾਜ ਸ਼ਰਮਾ

———

SUPERINTENDING ENGINEERS PROMOTED AS CHIEF ENGINEERS

***819. Acharya Prithvi Singh Azad:** Will the Minister for Irrigation and Power be pleased to state—

(a) the names of those S.E.s. who have been promoted as Chief Engineers after 1st. April, 1972 stating the dates of their promotion:

(b) whether any of the said Chief Engineers has retired, if so, the date of his retirement;

(c) whether the newly promoted Chief Engineer who has retired got all the benefits for those years when he was not considered fit for promotion;

(d) the reasons for rejecting the same S.E.'s case for promotion to the Chief Engineer's post who had retired in the past and what were the grounds for his sudden promotion?

Shri Gurmail Singh: (a)

Name	*Date of Promotion*
Sarvshri—	
1. S.M. Ramgarhia	21-10-1970
2. Nihal Singh	30-6-1972 (Proforma promotion)
3. Harbans Singh	30-6-1972
4. Paul Singh Dhillon	22-9-1972
5. Kailash Chand	22-9-1972

(b) Yes, with effect from 9-8-1972 (A.N.)

(c) Yes.

(d) He was not then considered to be suitable for promotion as Chief Engineer on the basis of record as well as on enquiry against him. In the enquiry no charge was proved against him. His case was therefore reconsidered and he was promoted.

[(ੲ)

ਨਾਂ	ਤਰੱਕੀ ਦੀ ਮਿਤੀ
1. ਸ੍ਰੀ ਐਸ. ਐਮ. ਰਾਮਗੜ੍ਹੀਆ	21—10—70
2. ਸ੍ਰੀ ਨਿਹਾਲ ਸਿੰਘ	30—6—72 (ਪਰਫਾਰਮਾ ਪਰਮੋਸ਼ਨ)
3. ਸ੍ਰੀ ਹਰਬੰਸ ਸਿੰਘ	30—6—72
4. ਸ੍ਰੀ ਪਾਲ ਸਿੰਘ ਢਿਲੋਂ	22—9—72
5. ਸ੍ਰੀ ਕੈਲਾਸ਼ ਚੰਦ	22—9—72

(ਬੀ) ਹਾਂ ਜੀ ਮਿਤੀ 9—8—72 (ਬਾਦ ਦੁਪਹਿਰ ਤੋਂ)

(ਸੀ) ਹਾਂ ਜੀ ।

(ਡੀ) ਉਸ ਵੇਲੇ ਉਸਨੂੰ ਉਸ ਦੇ ਸਰਵਿਸ ਰਿਕਾਰਡ ਦੇ ਆਧਾਰ ਤੇ ਅਤੇ ਉਸ ਦੇ ਵਿਰੁਧ ਇਕ ਇਨਕੁਆਰੀ ਹੋਣ ਕਰਕੇ ਮੁੱਖ ਇੰਜੀਨੀਅਰ ਦੀ ਤਰੱਕੀ ਦੇ ਯੋਗ ਨਹੀਂ ਸੀ ਸਮਝਿਆ ਗਿਆ। ਇਨ-ਕੁਆਰੀ ਵਿਚ ਉਹਨਾਂ ਦੇ ਵਿਰੁੱਧ ਕੋਈ ਦੋਸ਼ ਸਾਬਤ ਨਹੀਂ ਹੋਇਆ । ਇਸ ਕਰਕੇ ਉਹਨਾਂ ਦੇ ਕੇਸ ਤੇ ਮੁੜ ਵਿਚਾਰ ਕਰਨ ਉਪਰੰਤ ਉਹਨਾਂ ਨੂੰ ਤਰੱਕੀ ਦੇ ਦਿਤੀ ਗਈ ।

आचार्य पृथ्वी सिंह आज़ाद: क्या वज़ीर साहिब यह बताने की कृपा करेंगे कि श्री रामगड़िया के विरूद्ध जो इलज़ामात थे उनको उन सेकिस दिन से ऐग्जोनरेट करार दिया गया ? दूसरा यह कि श्री कैलाश चन्द्र बार्डर एरिया पर कितने साल काम करता रहा और उसकी ट्रांसफर कब की गई ?

ਮੰਤਰੀ : ਮੈਂ ਇਹ ਦਸ ਸਕਦਾ ਹਾਂ ਕਿ ਇਹ ਇਨਕੁਆਇਰੀ ਪਟਿਆਲਾ ਡਵੀਜ਼ਨ ਦੇ ਉਸ ਸਮੇਂ ਦੇ ਕਮਿਸ਼ਨਰ ਸ੍ਰੀ ਜੀ. ਆਰ. ਵਿਜ ਨੇ ਕੰਡਕਟ ਕੀਤੀ ਸੀ ਅਤੇ ਜੋ ਸ੍ਰੀ ਰਾਮ-ਗੜ੍ਹੀਆ ਤੇ ਦੋਸ਼ ਸੀ ਉਹ ਸਾਬਤ ਨਹੀਂ ਹੋ ਸਕਿਆ। ਇਸ ਕਰਕੇ ਇਨਸਾਫਾਨਾ ਰਵੀਇਆ ਅਖਤਿਆਰ ਕਰਦੇ ਹੋਏ ਉਸ ਨੂੰ ਬੈਕਡੇਟ ਤੋਂ ਉਸ ਦਾ ਹਕ ਦਿਤਾ ਗਿਆ ਹੈ।

Acharya Prithvi Singh Azad: I asked only the date, when the S.E. had been exonerated.

Minister : I will supply the date later on.

Acharya Prithvi Singh Azad: Is it a fact that the report was received after June, 1972 ?

Minister: No.

Mr. Speaker: The Minister says that it is not a fact that the report was received after June, 1972.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਮਿਸਟਰ ਕੈਲਾਸ਼ ਚੰਦਰ ਹਨ, ਇਨ੍ਹਾਂ ਦੇ ਖਿਲਾਫ ਸੀ. ਆਈ. ਬੀ. ਵਲੋਂ ਇਕ ਇਨਕੁਆਇਰੀ ਚਲ ਰਹੀ ਸੀ, ਕੀ ਉਹ ਇਨਕੁਆਇਰੀ ਚਲ ਰਹੀ ਹੈ ਜਾਂ ਪੂਰੀ ਹੋ ਚੁਕੀ ਹੈ? ਜੇ ਪੂਰੀ ਹੋ ਚੁਕੀ ਹੈ ਤਾਂ ਉਸ ਦਾ ਕੀ ਸਿੱਟਾ ਹੈ?

ਮੰਤਰੀ : ਇਹ ਸੁਆਲ ਤਾਂ ਸ੍ਰੀ ਰਾਮਗੜ੍ਹੀਏ ਬਾਰੇ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਅੱਛਾ ਇਹ ਦਸ ਦਿਓ ਕਿ ਇਹ ਮਿਸਟਰ ਕੈਲਾਸ਼ ਚੰਦਰ ਅੰਮ੍ਰਿਤਸਰ ਔਰ ਫਿਰੋਜ਼ਪੁਰ ਕਿੰਨੇ ਸਾਲ ਰਿਹਾ ਅਤੇ ਕੀ ਉਸ ਦੀ ਟਰਾਂਸਫਰ ਅੰਡਰ ਪ੍ਰੈਸ਼ਰ ਕੀਤੀ?

ਮੰਤਰੀ : ਕੋਈ ਪ੍ਰੈਸ਼ਰ ਨਹੀਂ ਸੀ ਪਾਇਆ ਗਿਆ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਉਸ ਦੇ ਚੀਫ ਇੰਜੀਨੀਅਰ ਵਲੋਂ ਆਰਡਰ ਕੀਤੇ ਗਏ ਹਨ, ਕੀ ਗਿਆਨੀ ਜ਼ੈਲ ਸਿੰਘ ਜੀ ਨੇ ਦਿੱਲੀ ਬੈਠ ਕੇ ਟੈਲੀਫੂਨ ਤੇ ਕਿਹਾ ਸੀ ਕਿ ਉਸ ਦੇ ਆਰਡਰ ਕਰ ਦਿਤੇ ਜਾਣ ?

ਮੁੱਖ ਮੰਤਰੀ: ਇਹ ਤੁਸੀਂ ਮੇਰੇ ਕੋਲੋਂ ਪੁਛੋ, ਮੈਂ ਦਸਦਾ ਹਾਂ। ਸਪੀਕਰ ਸਾਹਿਬ, ਚੀਫ ਇੰਜੀ-ਨੀਅਰ ਦੀ ਤਰੱਕੀ ਦੇ ਜਿਹੜੇ ਜਿਹੜੇ ਆਰਡਰ ਕੀਤੇ ਗਏ ਸਨ ਉਸ ਦੇ ਸਾਰੇ ਰਿਕਾਰਡ ਨੂੰ ਧਿਆਨ ਵਿਚ ਰਖਕੇ ਕੀਤੇ ਗਏ ਸਨ। ਕੈਲਾਸ਼ ਚੰਦਰ ਦੇ ਹਕ ਵਿਚ ਫੌਜੀ ਜਰਨੈਲਾਂ ਨੇ ਬੜੇ ਤਕੜੇ ਲੈਟਰ ਲਿਖੇ ਸਨ ਅਤੇ ਸਰਟੀਫਿਕੇਟ ਦਿਤੇ ਸਨ ਔਰ ਹੁਕਮ ਕਰਨ ਵੇਲੇ ਵੀ ਉਸ ਵਕਤ ਤਕ ਕੈਲਾਸ਼ ਚੰਦਰ ਦੇ ਖਿਲਾਫ ਸਾਡੇ ਪਾਸ ਕੋਈ ਸ਼ਿਕਾਇਤ ਨਹੀਂ ਸੀ ਆਈ। ਉਸ ਦੇ ਬਾਦ ਉਨ੍ਹਾਂ ਦੀ ਇਕ ਸ਼ਿਕਾਇਤ ਆਈ ਹੈ ਅਤੇ ਉਸ ਦੀ ਇਨਕੁਆਇਰੀ ਕਰਵਾ ਰਹੇ ਹਾਂ। ਇਹ ਬਿਲਕੁਲ ਗਲਤ ਅਤੇ ਬੇਬੁਨਿਆਦ ਹੈ ਕਿ ਉਸ ਦੀ ਤਰੱਕੀ ਦੇ ਆਰਡਰ ਕਿਸੇ ਪ੍ਰੈਸ਼ਰ ਥੱਲੇ ਕੀਤੇ ਗਏ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਕੀ ਇਹ ਹਕੀਕਤ ਹੈ ਕਿ 14 ਆਦਮੀਆਂ ਨੂੰ ਸੁਪਰਸੀਡ ਕਰਕੇ ਉਸ ਆਦਮੀ ਨੂੰ ਤਰੱਕੀ ਦਿੱਤੀ ਗਈ ਹੈ, ਇਸ ਦੇ ਬੇਸਿਜ਼ ਕੀ ਸਨ ?

ਮੁੱਖ ਮੰਤਰੀ : ਸਪੀਕਰ ਸਾਹਿਬ ,ਇਨ੍ਹਾਂ ਨੇ ਜੋ 14 ਆਦਮੀ ਕਹੇ ਹਨ ਇਹ ਗਲਤ ਹੈ। ਕੁਝ ਆਦਮੀ ਜਿਨ੍ਹਾਂ ਨੂੰ ਸੁਪਰਸੀਡ ਕੀਤਾਂ ਗਿਆ ਹੈ ਔਰ ਸੁਪਰਸੀਡ ਵੀ ਇਸ ਵਾਸਤੇ ਕੀਤਾ ਗਿਆ ਕਿਉਂਕਿ ਉਨ੍ਹਾਂ ਦਾ ਰੀਕਾਰਡ ਠੀਕ ਨਹੀਂ ਸੀ। ਉਨ੍ਹਾਂ ਵਿਚੋਂ ਇਕ ਮਿਸਟਰ ਬੇਰੀ ਹੈ ਜਿਸਨੇ ਹਾਈ-ਕੋਰਟ ਵਿਚ ਰਿਟ ਕੀਤੀ ਸੀ ਅਤੇ ਹਾਈਕੋਰਟ ਨੇ ਫ਼ੈਸਲਾ ਸਾਡੇ ਹੱਕ ਵਿਚ ਦਿਤਾ ਹੈ ਅਤੇ ਉਸ ਦੀ ਰਿਟ ਰਿਜੈਕਟ ਕਰ ਦਿੱਤੀ ਹੈ।

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਥੋਂ ਤਕ ਹਾਈ ਕੋਰਟ ਦੀ ਗੱਲ ਹੈ ਉਥੇ ਟੈਕਨੀਕਲ ਗਰਾਊਂਡਜ਼ ਤੇ ਕਈ ਕੇਸ ਰਿਜੈਕਟ ਹੋ ਜਾਂਦੇ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਮੈਰਿਟ ਡਿਸਾਇਡ ਕਰਦੇ ਹਨ ਕੀ ਉਸ ਦੇ ਵਿਚ ਇਹ ਵੇਖਦੇ ਹਨ ਕਿ ਕਿਸ ਨੇ ਬਹੁਤ ਕੁਰਪਸ਼ਨ ਕੀਤੀ ਅਤੇ ਉਸ ਨੂੰ ਤਰੱਕੀ ਦਿਤੀ ਜਾਏ ਜਾਂ ਕੁਝ ਹੋਰ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਤਾਂ ਨਹੀਂ ਹੈ, ਪਰ ਆਪਣੇ ਮਿੱਤਰ ਦਾ ਆਦਰ ਕਰਦਾ ਹੋਇਆ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਗੌਰਮੈਂਟ ਮੈਰਿਟ ਦਾ ਹਰ ਤਰ੍ਹਾਂ ਨਾਲ ਵਿਚਾਰ ਕੇ ਫ਼ੈਸ਼ਲਾ ਕਰਦੀ ਹੈ। ਕਈ ਅਫ਼ਸਰ ਬੜੇ ਚੁਸਤ ਅਤੇ ਚਾਲਾਕ ਹੁੰਦੇ ਹਨ। ਉਹ ਕੁਰੱਪਸ਼ਨ ਵੀ ਬੜੀ ਕਰਦੇ ਰਹਿੰਦੇ ਹਨ ਅਤੇ ਆਪਣਾ ਰਿਕਾਰਡ ਵੀ ਚੰਗਾ ਕਰਵਾ ਲੈਂਦੇ ਹਨ। ਅਸੀਂ ਸਾਰੀਆਂ ਚੀਜ਼ਾਂ ਨੂੰ ਮਦੇਨਜਰ ਰਖਦੇ ਹੋਏ ਕਿਸੇ ਕੁਰਪੱਟ ਆਦਮੀ ਨੂੰ ਜਾਣ ਬੁਝ ਕੇ ਕੋਈ ਤਰੱਕੀ ਨਹੀਂ ਦਿੰਦੇ। ਜਿਥੋਂ ਤਕ ਹਾਈ ਕੋਰਟ ਦਾ ਸੁਆਲ ਹੈ, ਉਸ ਬਾਰੇ ਮੈਂ ਆਪਣੇ ਮਿਤਰ ਨੂੰ ਤਾਂ ਕੇਸ ਨਹੀਂ ਭੇਜ ਸਕਦਾ, ਕੇਸ ਤਾਂ ਹਾਈ ਕੋਰਟ ਵਿਚ ਹੀ ਜਾਏਗਾ ਔਰ ਨਾ ਹੀ ਮੈਂ ਉਨ੍ਹਾਂ ਨੂੰ ਇਸ ਕਿਸਮ ਦੇ ਕੋਈ ਅਖਤਿਆਰ ਦੇ ਸਕਦਾ ਹਾਂ। ਅਗਰ ਕੋਈ ਐਸੀ ਚੀਜ਼ ਉਨ੍ਹਾਂ ਕੋਲ ਹੈ ਤਾਂ ਉਹ ਸਾਡੇ ਨੋਟਿਸ ਵਿਚ ਲੈ ਆਉਣ ਅਸੀਂ ਵੇਖ ਲਵਾਂਗੇ।

ਸਰਦਾਰ ਰਣਧੀਰ ਸਿੰਘ ਚੀਮਾ : ਮੈਂ ਮੰਤਰੀ ਮਹੋਦਯ ਤੋਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਕਿ ਇਨ੍ਹਾਂ ਨੂੰ 2 ਲੱਖ ਰੁਪਏ ਦੀ ਆਫਰ ਦਿੱਤੀ ਗਈ ਲੇਕਿਨ ਇਹ ਸੌਦਾ ਵਿਚ ਵਿਚਾਲੇ ਹੀ ਰਹਿ ਗਿਆ ਅਤੇ ਮੁੱਖ ਮੰਤਰੀ ਨੂੰ 5 ਲੱਖ ਰੁਪਏ ਦੇ ਕੇ ਉਸ ਨੇ ਦਿੱਲੀ ਵਿਚ ਹੀ ਆਰਡਰ ਕਰਾ ਲਏ ?

ਮੁੱਖ ਮੰਤਰੀ : ਸਪੀਕਰ ਸਾਹਿਬ, ਚੀਮਾ ਸਾਹਿਬ ਉਸ ਵੇਲੇ ਦੀਆਂ ਗੱਲਾਂ ਕਰਦੇ ਹਨ ਜਦੋਂ ਪ੍ਰਮੋਸ਼ਨਾਂ ਤੇ ਟਰਾਂਸਫਰਾਂ ਪੈਸੇ ਲੈ ਕੇ ਹੁੰਦੀਆਂ ਸਨ। ਇਹ ਅਕਾਲੀ ਸਰਕਾਰ ਦੇ ਵੇਲੇ ਦੀਆਂ ਗੱਲਾਂ ਕਰਦੇ ਹਨ। ਚੀਮਾ ਸਾਹਿਬ ਨੂੰ ਮੈਂ ਚੈਲੰਜ ਕਰਦਾ ਹਾਂ ਕਿ ਹਾਊਸ ਤੋਂ ਬਾਹਰ ਇਹੋ ਜਿਹਾ ਇਲਜ਼ਾਮ ਲਗਾਉਣ ਤਾਂ ਦੇਖਾਂਗੇ ਕਿ ਇਸ ਦੇ ਕੰਸਿਕੁਐਂਸਿਜ਼ ਕੀ ਹੋਣਗੇ।

ਸਰਦਾਰ ਰਣਧੀਰ ਸਿੰਘ ਚੀਮਾ :ਇਸ ਗਲ ਦੀ ਇਨਕੁਆਇਰੀ ਕਰਾਉਣ ਲਈ ਹਾਊਸ ਦੀ ਕਮੇਟੀ ਦਾ ਐਲਾਨ ਕਰੋ। (ਸ਼ੋਰ) (ਵਿਘਨ)

STARRED QUESTION NO. 820

Mr. Speaker: Extension has been asked for in respect of S. Q. No. 820.

ਗੁਰਮੇਲ ਸਿੰਘ , ਸਿੰਜਾਈ ਅਤੇ ਬਿਜਲੀ ਮੰਤਰੀ, ਪੰਜਾਬ
ਚੰਡੀਗੜ੍ਹ ।
ਅ. ਸ. ਨੰ: 15011 ਸਿਅ(2)72
ਮਿਤੀ 13 ਦਸੰਬਰ, 1972

ਪਿਆਰੇ ਸਰਦਾਰ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 820 ਜੋ ਮਿਤੀ 14-12-72 ਲਈ ਸੁਆਲਾਂ ਦੀ ਸੂਚੀ ਵਿਚ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸੰਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 14-1-1973 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
ਸਹੀ/—ਗੁਰਮੇਲ ਸਿੰਘ ।

AMOUNT GRANTED FOR DHARMSHALAS

*828. **Sardar Balwinder Singh Bhunder :** Will the Minister for Irrigation and Power be pleased to state the total amount granted by the Government for Dharamshalas in the State during the year 1972 to date together with the blockwise break-up thereof?

Shri Gurmail Singh : Rs. 9.41 lakhs has been sanctioned to date. The blockwise information is not maintained by the department and can be supplied only if adequate time is given.

[ਹੁਣ ਤਕ 9.41 ਲੱਖ ਰੁ: ਮਨਜ਼ੂਰ ਕੀਤਾ ਜਾ ਚੁਕਾ ਹੈ । ਬਲਾਕ-ਵਾਈਜ਼ ਸੂਚਨਾ ਵਿਭਾਗ ਵਿਚ ਨਹੀਂ ਰਖੀ ਜਾਂਦੀ ਅਤੇ ਜੇ ਮੁਨਾਸਬ ਸਮਾਂ ਦਿਤਾ ਜਾਵੇ ਤਾਂ ਮੁਹੱਈਆ ਕੀਤੀ ਜਾ ਸਕਦੀ ਹੈ।]

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ 9 ਲੱਖ 41 ਹਜ਼ਾਰ ਰੁਪਿਆ ਮਨਜ਼ੂਰ ਹੋ ਗਿਆ ਹੈ, ਇਸ ਨੂੰ ਬਲਾਕ-ਵਾਈਜ਼ ਕਿਸ ਤਰ੍ਹਾਂ ਖਰਚ ਕਰਨਗੇ ? ਕਿਤੇ ਇਹ ਤਾਂ ਨਹੀਂ ਹੋਵੇਗਾ ਕਿ ਸਾਰਾ ਰੁਪਿਆ ਹੁਸ਼ਿਆਰਪੁਰ ਵਿਚ ਹੀ ਲਾ ਦੇਣ।

ਮੰਤਰੀ: ਸਪੀਕਰ ਸਾਹਿਬ, ਇਹ ਇਨਫਰਮੇਸ਼ਨ ਕਾਫੀ ਲੰਬੀ ਹੈ । ਇਸ ਲਈ ਮੈਂ ਡਿਸਟ੍ਰਿਕਟਵਾਈਜ਼ ਹੀ ਦਸ ਸਕਦਾ ਹਾਂ ਕਿ ਕਿਤਨਾ ਕਿਤਨਾ ਰੁਪਿਆ ਖਰਚ ਹੋਣਾ ਹੈ ।

ਜੋ ਹੁਸ਼ਿਆਰਪੁਰ ਦਾ ਹਿੱਸਾ ਹੈ ,ਉਤਨਾ ਹੀ ਇਸ ਨੂੰ ਮਿਲੇਗਾ । ਇਹ ਇਨਫਰਮੇਸ਼ਨ ਇਸ ਪ੍ਰਕਾਰ ਹੈ ।

ਅੰਮ੍ਰਿਤਸਰ	3,52,000
ਗੁਰਦਾਸਪੁਰ	49,500
ਹੁਸ਼ਿਆਰਪੁਰ	1,71,500
ਰੋਪੜ	55,000
ਲੁਧਿਆਣਾ	33,000
ਜਲੰਧਰ	1,55,00
ਕਪੂਰਥਾਲਾ	33,000
ਪਟਿਆਲਾ	49,500
ਸੰਗਰੂਰ	10,500
ਬਠਿੰਡਾ	11,000
ਫਰੀਦਕੋਟ	5,500
ਫਿਰੋਜ਼ਪੁਰ	5,500

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਦਾ ਹਾਂ ਕਿ ਇਹ ਡਿਸਕ੍ਰਿਮੀਨੇਸ਼ਨ ਨਹੀਂ ਕਿ ਅੰਮ੍ਰਿਤਸਰ, ਜਿਹੜਾ ਕਿ ਪਹਿਲਾਂ ਹੀ ਕਾਫੀ ਡਿਵੈਲਪਡ ਹੈ, ਉਸ ਲਈ ਤਾਂ 3,52,000 ਰੁਪਏ ਰੱਖੇ ਹਨ ਜਦੋਂ ਕਿ ਬਠਿੰਡਾ ਜਿਹੜਾ ਕਿ ਪਿਛਲੇ 25 ਸਾਲਾਂ ਤੋਂ ਪਛੜਿਆ ਹੋਇਆ ਹੈ, ਵਿਚ ਸਿਰਫ 11,000 ਰੁਪਏ ਖਰਚ ਕਰਨੇ ਹਨ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਜਿਥੋਂ ਰਿਕੁਐਸਟ ਆਈ ਹੈ ਅਤੇ ਜਿਥੇ ਲੋੜ ਮਹਿਸੂਸ ਕੀਤੀ ਗਈ ਹੈ, ਉਸਦੇ ਮੁਤਾਬਿਕ ਪੈਸੇ ਮੰਜ਼ੂਰ ਕੀਤੇ ਹਨ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਉਹ ਅੰਕੜੇ ਦਸ ਸਕਦੇ ਹਨ ਕਿ ਅਕਾਲੀਆਂ ਦੀ ਸਰਕਾਰ ਵੇਲੇ ਬਠਿੰਡੇ ਵਿਚ ਧਰਮਸ਼ਾਲਾਵਾਂ ਬਣਾਉਣ ਤੇ ਕਿੰਨੇ ਪੈਸੇ ਖਰਚ ਹੋਏ ?

ਮੰਤਰੀ : ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਅਕਾਲੀਆਂ ਦੀ ਤਰ੍ਹਾਂ ਨਹੀਂ ਕਰਾਂਗੇ ਅਤੇ ਹਰ ਇਲਾਕੇ ਵਿਚ ਲੋੜ ਅਨੁਸਾਰ ਖਰਚ ਕਰਾਂਗੇ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਇਲਮ ਹੈ ਕਿ ਧਰਮਸ਼ਾਲਾਵਾਂ ਦਾ ਪੈਸਾ ਤਾਂ ਮਨਜ਼ੂਰ ਹੋ ਜਾਂਦਾ ਹੈ ਪਰ ਜਦੋਂ ਪੈਸਾ ਮਨਜ਼ੂਰ ਹੋ ਕੇ ਹੇਠਾਂ ਚਲਾ ਜਾਂਦਾ ਹੈ ਤਾਂ ਧਰਮਸ਼ਾਲਾਵਾਂ ਨਾ ਬਣਨ ਦੀ ਸੱਭ ਤੋਂ ਵੱਡੀ ਅੜਚਣ ਇੱਟਾਂ ਦਾ ਨਾਂ ਮਿਲਣਾ ਹੈ। ਕੀ ਮਨਿਸਟਰ ਸਾਹਿਬ ਇਸ ਗਲ ਵਲ ਧਿਆਨ ਦੇਣਗੇ ਅਤੇ ਡਿਪਟੀ ਕਮਿਸ਼ਨਰਾਂ ਨੂੰ ਕਹਿਣਗੇ ਕਿ ਧਰਮਸ਼ਾਲਾਵਾਂ ਲਈ ਪ੍ਰਾਇਰਿਟੀ ਬੇਸਿਜ਼ ਤੇ ਪਰਮਿਟ ਲੈ ਕੇ ਇੱਟਾਂ ਦੇਣ ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਮੈਂ, ਸਪੀਕਰ ਸਾਹਿਬ, ਇਨ੍ਹਾਂ ਦੀ ਇਨਫਰਮੇਸ਼ਨ ਲਈ ਦਸ ਰਿਹਾ ਹਾਂ ਕਿ ਸਰਕਾਰੀ ਤੌਰ ਤੇ ਇਨਸਟਰੱਕਸ਼ਨਜ਼ ਜਾਰੀ ਕੀਤੀਆਂ ਗਈਆਂ ਹਨ ਕਿ ਜਿਥੇ ਦੂਸਰੇ ਸਰਕਾਰੀ ਮਹਿਕਮਿਆਂ ਨੂੰ ਇੱਟਾਂ ਮਿਲਣ ਵਿਚ ਪ੍ਰੈਫਰੈਂਸ ਦਿੱਤੀ ਜਾਂਦੀ ਹੈ, ਉਥੇ ਧਰਮਸ਼ਾਲਾਵਾਂ ਬਣਾਉਣ ਲਈ ਇੱਟਾਂ ਦੇਣ ਵਿਚ ਤਰਜੀਹ ਦਿੱਤੀ ਜਾਵੇ ।

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਸਾਡਾ ਪਿਛਲਾ ਤਜਰਬਾ ਹੈ ਕਿ ਪੈਸਾ ਤਾਂ ਮਨਜ਼ੂਰ ਹੋ ਕੇ ਆ ਗਿਆ ਪਰ 9 ਮਹੀਨੇ ਉਥੇ ਇੱਟਾਂ ਮਿਲੀਆਂ ਨਹੀਂ ਸਨ ।

ਸ੍ਰੀ ਸਪੀਕਰ : ਡਾਂਗ ਸਾਹਿਬ, ਅੰਮ੍ਰਿਤਸਰ ਜ਼ਿਲ੍ਹੇ ਨਾਲ ਮਨਿਸਟਰ ਸਾਹਿਬ ਨੂੰ ਕੋਈ ਸਪੈਸ਼ਲ ਪਿਆਰ ਜਾਪਦਾ ਹੈ ਜਿਸ ਕਾਰਨ ਉਥੇ ਬਹੁਤ ਜ਼ਿਆਦਾ ਪੈਸਾ ਦਿੱਤਾ ਹੈ । ਤੁਸੀਂ ਹਾਲੇ ਵੀ ਗਿਲਾ ਕਰਦੇ ਹੋ । (Dang Sahib, the hon. Minister appears to have some special attraction for Amritsar District. That is why he has allotted such a big sum for that District. But you are still not satisfied.)

ਸਿੰਚਾਈ ਅਤੇ ਬਿਜਲੀ ਮੰਤਰੀ : ਸਪੀਕਰ ਸਾਹਿਬ, ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਸਾਰਾ ਰੁਪਿਆ 31 ਮਾਰਚ ਤੋਂ ਪਹਿਲਾਂ ਪਹਿਲਾਂ ਖਰਚ ਕਰ ਦਿੱਤਾ ਜਾਵੇਗਾ ।

ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਦਾ ਧਿਆਨ ਇਸ ਗਲ ਵੱਲ ਦਿਵਾਉਂਦੀ ਹਾਂ ਕਿ ਫਿਰੋਜ਼ਪੁਰ ਅਤੇ ਫਰੀਦਕੋਟ ਦਾ ਇਲਾਕਾ ਬਹੁਤ ਪਛੜਿਆ ਹੋਇਆ ਹੈ । ਇਹ ਮੇਰੀ ਨਾਲਜ ਵਿਚ ਹੈ ਕਿ ਧਰਮਸ਼ਾਲਾਵਾਂ ਵਾਸਤੇ ਬਹੁਤ ਸਾਰੀਆਂ ਅਰਜ਼ੀਆਂ ਇਸ ਇਲਾਕੇ ਵਿਚੋਂ ਗਈਆਂ ਹਨ। ਲੇਕਿਨ ਅਫਸੋਸ ਦੀ ਗਲ ਹੈ ਕਿ ਇਨ੍ਹਾਂ ਦੋਹਾਂ ਜ਼ਿਲ੍ਹਿਆਂ ਵਿਚ ਸਿਰਫ 55,00, 55,00 ਰੁਪਿਆ ਹੀ ਖਰਚ ਕੀਤਾ ਜਾਣਾ ਹੈ । ਇਸ ਲਈ ਮੇਰੀ ਗੁਜ਼ਾਰਿਸ਼ ਇਹ ਹੈ ਕਿ ਜਿਹੜੀਆਂ ਅਰਜ਼ੀਆਂ ਇਨ੍ਹਾਂ ਕੋਲ ਆ ਜਾਂਦੀਆਂ ਹਨ ਕੀ ਉਸ ਮੁਤਾਬਿਕ ਇਹ ਰੁਪਿਆ ਇਨ੍ਹਾਂ ਜ਼ਿਲ੍ਹਿਆਂ ਵਿਚ ਖਰਚ ਕਰਨਗੇ?

ਮੰਤਰੀ : ਇਹ ਜਿਹੜੀ ਸੁਜੈਸ਼ਨ ਆਈ ਹੈ । ਇਸ ਤੇ ਅਸੀਂ ਹਰ ਤਰ੍ਹਾਂ ਨਾਲ ਗੌਰ ਕਰਾਂਗੇ ਅਤੇ ਹਰ ਜ਼ਿਲ੍ਹੇ ਵਿਚ ਅਬਾਦੀ ਦੇ ਹਿਸਾਬ ਨਾਲ ਅਤੇ ਲੋੜ ਅਨੁਸਾਰ ਪੈਸਾ ਦਿਆਂਗੇ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੈਸਾ, ਜਿੰਨੀਆਂ ਅਰਜ਼ੀਆਂ ਆਈਆਂ ਹਨ ਉਸ ਮੁਤਾਬਿਕ ਖਰਚ ਕਰਨਾ ਹੈ ਜਾਂ ਲੋੜ ਮੁਤਾਬਿਕ।

ਮੰਤਰੀ : ਪੈਸਾ ਲੋੜ ਅਨੁਸਾਰ ਹੀ ਹਰ ਜ਼ਿਲ੍ਹੇ ਵਿਚ ਖਰਚ ਕੀਤਾ ਜਾਵੇਗਾ । ਕਈਆਂ ਦੀਆਂ ਅਰਜ਼ੀਆਂ ਸਾਡੇ ਕੋਲ ਆਈਆਂ ਹਨ ਪਰ ਉਹ ਅਰਜ਼ੀਆਂ ਪੂਰੀ ਤਰ੍ਹਾਂ ਕੰਪਲੀਟ ਕਰਕੇ ਨਹੀਂ ਭੇਜਦੇ ਜਿਸ ਕਰਕੇ ਉਹ ਅਰਜ਼ੀਆਂ ਅਸੀਂ ਵਾਪਸ ਭੇਜ ਦਿੱਤੀਆਂ ਹਨ ।

ਸਰਦਾਰ ਸੁਖਦੇਵ ਸਿੰਘ ਢਿਲੋਂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਦਾ ਹਾਂ ਕਿ ਇਹ ਡਿਸਕ੍ਰਿਮੀਨੇਸ਼ਨ ਨਹੀਂ ਕਿ ਅੰਮ੍ਰਿਤਸਰ ਜ਼ਿਲ੍ਹੇ ਲਈ 3,52,000 ਰੁਪਿਆ ਰਖਿਆ ਗਿਆ ਹੈ ਜਦੋਂ ਕਿ ਬਠਿੰਡੇ ਲਈ ਸਿਰਫ 11,000 ਰੁਪਿਆ ਰਖਿਆ ਹੈ । ਕੀ ਉਹ ਇਸ ਡਿਸਕ੍ਰਿਮੀਨੇਸ਼ਨ ਨੂੰ ਦੂਰ ਕਰਨਗੇ ?

ਮੰਤਰੀ : ਜ਼ਰੂਰ ਦੂਰ ਕਰਾਂਗੇ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਮੰਤਰੀ ਮਹੋਦਯ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹੁਣ ਕਿਹਾ ਹੈ ਕਿ ਬਹੁਤ ਸਾਰੇ ਹਲਕਿਆਂ ਵਿਚੋਂ ਅਰਜ਼ੀਆਂ ਧਰਮ. ਸ਼ਾਲਾਵਾਂ ਲਈ ਆਈਆਂ ਹੀ ਨਹੀਂ । ਮੈਂ ਵਜ਼ੀਰ ਸਾਹਿਬ ਨੂੰ ਕੱਲ੍ਹ ਹੀ ਦਸ ਦੇਵਾਂਗਾ ਕਿ ਕਿਹੜੇ-ਕਿਹੜੇ ਦਿਨ ਅਤੇ ਕਿਸ ਨੰਬਰ ਨਾਲ ਡਿਸਪੈਚ ਹੋ ਕੇ ਅਰਜ਼ੀਆਂ ਇਨ੍ਹਾਂ ਕੋਲ ਆਈਆਂ ਹਨ । ਵਜ਼ੀਰ ਸਾਹਿਬ ਝੂਠ ਬੋਲਦੇ ਹਨ ਕਿ ਅਰਜ਼ੀਆਂ ਨਹੀਂ ਆਈਆਂ ।

ਸ੍ਰੀ ਸਭਾਪਤੀ : ਇਹ ਝੂਠ ਸ਼ਬਦ ਅਨਪਾਰਲੀਮੈਂਟਰੀ ਹੈ । ਇਸ ਨੂੰ ਵਿਦਡਰਾ ਕਰੋ ।
(The word 'Jhuth' is unparliamentary. Please withdraw it.)

ਸਰਦਾਰ ਧੰਨਾ ਸਿੰਘ ਗੁਲਸ਼ਨ : ਅਛਾ ਜੀ 'ਝੂਠ' ਦੀ ਥਾਂ ਗਲਤ ਕਹਿ ਲਉ ।

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਇਹ ਕਿਹਾ ਹੈ ਕਿ ਅਰਜ਼ੀਆਂ ਕੰਪਲੀਟ ਹੋ ਕੇ ਨਹੀਂ ਆਉਂਦੀਆਂ । ਕਈ ਫਾਰਮੈਲਿਟੀਜ਼ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ । ਇਸ ਕਰਕੇ ਉਨ੍ਹਾਂ ਦੀਆਂ ਅਰਜ਼ੀਆਂ ਵਾਪਸ ਭੇਜ ਦਿਤੀਆਂ ਗਈਆਂ ਹਨ ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗਲ ਠੀਕ ਨਹੀਂ ਹੈ ਕਿ ਮੇਰੇ ਹਲਕੇ ਵਿਚੋਂ ਇਨ੍ਹਾਂ ਪਾਸ ਇਕ ਲੱਖ ਰੁਪਏ ਦੀ ਡੀਮਾਂਡ ਆਈ । ਕੀ ਇਹ ਇਸ ਕੀਤੇ ਗਏ ਅਨਿਆਂ ਨੂੰ ਦੂਰ ਕਰਨ ਦਾ ਯਤਨ ਕਰਨਗੇ ਅਤੇ ਉਥੇ **ਲਈ** ਹੋਰ ਪੈਸੇ ਸੈਂਕਸ਼ਨ ਕਰਨਗੇ?

ਮੰਤਰੀ: ਮੈਂ ਇਹ ਅਰਜ਼ ਕਰਦਾ ਹਾਂ ਕਿ ਅਸੀਂ ਉਸ ਸਮੇਂ ਤਕ ਕੋਈ ਰਕਮ ਸੈਂਕਸ਼ਨ ਨਹੀਂ ਕਰਦੇ ਜਦ ਤਕ ਕਿ ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਨਹੀਂ ਹੋ ਜਾਂਦੀਆਂ । ਇਸ ਲਈ ਬਹੁਤ ਸਾਰੀਆਂ ਅਰਜ਼ੀਆਂ ਅੰਡਰ ਪ੍ਰਾਸੈਸ ਹਨ ।

ਸ੍ਰੀ ਕੇਸ਼ੋ ਰਾਮ ਗੋਇਲ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਅਰਜ਼ੀਆਂ ਇਨਕੰਪਲੀਟ ਹਨ ਕੀ ਉਨ੍ਹਾਂ ਨੂੰ ਕੰਪਲੀਟ ਨਹੀਂ ਕਰਵਾਇਆ ਜਾ ਸਕਦਾ? ਇਹ ਕਹਿੰਦੇ ਹਨ ਕਿ ਅਰਜ਼ੀਆਂ ਹੀ ਨਹੀਂ ਆਈਆਂ ਕਿ ਇਸ ਤਰ੍ਹਾਂ ਡਿਸਕ੍ਰਿਮੀਨੇਸ਼ਨ ਨਹੀਂ ਹੋ ਰਿਹਾ?

ਮੰਤਰੀ : ਡਿਸਕ੍ਰਿਮੀਨੇਸ਼ਨ ਤਾਂ ਕਿਸੇ ਨਾਲ ਨਹੀਂ ਕੀਤੀ । ਪਰ ਜੇ, ਸਪੀਕਰ ਸਾਹਿਬ, ਇਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਅਰਜ਼ੀਆਂ ਆਈਆਂ ਹਨ ਤਾਂ ਅਸੀਂ ਉਨ੍ਹਾਂ ਤੇ ਵੀ ਵਿਚਾਰ ਕਰ ਲਵਾਂਗੇ । ਸਾਡਾ ਇਹ ਖਿਆਲ ਨਹੀਂ ਹੈ ਕਿ ਅਕਾਲੀਆਂ ਦੇ ਹਲਕੇ ਵਿਚ ਘੱਟ ਅਤੇ ਕਾਂਗਰਸ ਦੇ ਹਲਕੇ ਵਿਚ ਜ਼ਿਆਦਾ ਪੈਸੇ ਦੇਣੇ ਹਨ ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਤਿੰਨ ਲੱਖ ਪੰਜੀ ਹਜ਼ਾਰ ਰੁਪਏ ਅੰਮ੍ਰਿਤਸਰ ਨੂੰ ਦੇ ਦਿਤੇ ਹਨ ਪਰ ਇਸ ਹਿਸਾਬ ਨਾਲ ਬਾਕੀਆਂ ਨੂੰ ਨਹੀਂ ਦਿਤੇ ਗਏ । ਕੀ ਇਹ ਇਸ ਡਿਸਕ੍ਰਿਮੀਨੇਸ਼ਨ ਨੂੰ ਦੂਰ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਅਸੀਂ ਇਹ ਰੁਪਏ ਆਬਾਦੀ ਦੇ ਲਿਹਾਜ਼ ਨਾਲ ਸੈਂਕਸ਼ਨ ਕੀਤੇ ਹਨ, ਅਸੀਂ ਆਬਾਦੀ ਨੂੰ ਆਧਾਰ ਮੰਨਿਆਂ ਹੈ ਪਰ ਕਈਆਂ ਜ਼ਿਲ੍ਹਿਆਂ ਵਿਚੋਂ ਐਪਲੀਕੇਸ਼ਨਾਂ ਹੀ ਘੱਟ ਆਈਆਂ ਹਨ । ਅਜਿਹੇ ਪਿੰਡਾਂ ਦੇ ਸਰਪੰਚ, ਪਿੰਡਾਂ ਵਿਚ ਰਹਿਣ ਵਾਲੇ ਜਾਂ ਉਸ ਇਲਾਕੇ ਦਾ ਐਮ. ਐਲ.ਏ. ਵੀ ਅਪਲਾਈ ਕਰ ਸਕਦਾ ਹੈ । ਸਾਡੇ ਪਾਸ 50 ਲੱਖ ਰੁਪਏ ਪਏ ਹਨ । ਅਜੇ 9 ਲੱਖ 41 ਹਜ਼ਾਰ ਹੀ ਖਰਚ ਹੋਏ ਹਨ ਔਰ ਇਹ ਰੁਪਿਆ ਅਸੀਂ ਮਾਰਚ, 1973 ਤੋਂ ਪਹਿਲਾਂ ਪਹਿਲਾਂ ਖਰਚ ਕਰਨਾ ਹੈ ।

ਸਰਦਾਰ ਗੁਰਦਰਸ਼ਨ ਸਿੰਘ: ਸਪੀਕਰ ਸਾਹਿਬ, ਕੀ ਮੰਤਰੀ ਮਹੋਦਯ ਇਹ ਦਸੱਣਗੇ ਕਿ ਕੀ ਸਰਕਾਰ ਦਾ ਇਹ ਮੰਤਵ ਹੈ ਕਿ ਹਰ ਪਿੰਡ ਵਿਚ ਧਰਮਸ਼ਾਲਾ ਇਨ੍ਹਾਂ ਨੇ ਬਣਾ ਕੇ ਦੇਣੀ ਹੈ? ਅਗਰ ਹੈ ਤਾਂ ਕਦ ਤਕ ਇਹ ਕੰਮ ਕੀਤਾ ਜਾਵੇਗਾ?

ਮੰਤਰੀ: ਹਾਂ ਜੀ, ਅਸੀਂ ਇਹ ਕਿਹਾ ਹੈ ਕਿ ਹਰ ਪਿੰਡ ਵਿਚ ਸਰਕਾਰ ਨੇ ਧਰਮਸ਼ਾਲਾ ਬਣਾ ਕੇ ਦੇਣੀ ਹੈ। ਜਿਨ੍ਹਾਂ ਧਰਮਸ਼ਾਲਾਵਾਂ ਦੀ ਹਾਲਤ ਖਸਤਾ ਹੈ ਉਨ੍ਹਾਂ ਨੂੰ ਵੀ ਰੁਪਏ ਦੇਣੇ ਹਨ।

ਚੌਧਰੀ ਜਗਤ ਰਾਮ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਧਰਮਸ਼ਾਲਾਵਾਂ ਲਈ ਰੁਪਏ ਹਲਕਾ-ਵਾਈਜ਼ ਨਹੀਂ ਸਗੋਂ ਆਬਾਦੀ ਦੇ ਲਿਹਾਜ਼ ਨਾਲ ਦਿਤੇ ਜਾਂਦੇ ਹਨ। ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਇਨ੍ਹਾਂ ਪਾਸ ਆਬਾਦੀ ਨੂੰ ਨਾਪਣ ਦਾ ਕਿਹੜਾ ਆਲ੍ਹਾ ਹੈ। ਕੀ ਐਮ.ਐਲ.ਏ. ਦੀ ਰੀਕੁਮੈਂਡੇਸ਼ਨ ਮੰਨੀ ਜਾਂਦੀ ਹੈ ਜਾਂ ਕੋਈ ਹੋਰ ਢੰਗ ਹੈ?

ਮੰਤਰੀ: ਜਦੋਂ ਐਪਲੀਕੇਸ਼ਨ ਦਿਤੀ ਜਾਂਦੀ ਹੈ ਤਾਂ ਉਸ ਵਿਚ ਹੀ ਲਿਖਿਆ ਜਾਂਦਾ ਹੈ ਕਿ ਇਤਨੀ ਆਬਾਦੀ ਹੈ। ਪਰ ਜੇਕਰ ਐਮ. ਐਲ. ਏ. ਸਾਹਿਬ ਰੀਕੁਮੈਂਡ ਕਰਨ ਤਾਂ ਹੋਰ ਵੀ ਚੰਗਾ ਹੈ।

ਚੌਧਰੀ ਜਗਤ ਰਾਮ: ਕੀ ਵਜ਼ੀਰ ਸਾਹਿਬ ਇਹ ਦਸ ਸਕਦੇ ਹਨ ਕਿ ਕਿਸ ਕਿਸ ਨੂੰ ਅਤੇ ਕਿੱਥੇ ਕਿੱਥੇ ਧਰਮਸ਼ਾਲਾਵਾਂ ਦਿਤੀਆਂ ਗਈਆਂ ਹਨ?

ਮੰਤਰੀ: ਇਹ ਡੀਟੇਲ ਤਾਂ ਮੈਂ ਇਸ ਸਮੇਂ ਨਹੀਂ ਦੇ ਸਕਦਾ। ਅਸੀਂ ਉਸ ਹਲਕੇ ਦੇ ਐਮ.ਐਲ.ਏ, ਏ, ਸਾਹਿਬ ਨੂੰ ਕਨਸਲਟ ਕਰ ਲੈਂਦੇ ਹਾਂ।

ਸ਼੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਿਥੇ ਜਿਥੇ ਵੀ ਧਰਮਸ਼ਾਲਾ ਦਿਤੀ ਹੈ ਆਬਾਦੀ ਦੇ ਲਿਹਾਜ਼ ਨਾਲ ਦਿਤੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਕਿ ਲੁਧਿਆਣੇ ਨੂੰ ਕੇਵਲ 35 ਹਜ਼ਾਰ ਰੁਪਏ ਦਿਤੇ ਗਏ ਹਨ ਪਰ ਅੰਮ੍ਰਿਤਸਰ ਨੂੰ ਇਤਨੀ ਜ਼ਿਆਦਾ ਰਕਮ ਦਿਤੀ ਗਈ ਹੈ ਉਨ੍ਹਾਂ ਸ਼ਹਿਰਾਂ ਦੀ ਆਬਾਦੀ ਵਿਚ ਕੋਈ ਫਰਕ ਨਹੀਂ ਹੈ। ਇਸ ਦੇ ਕੀ ਕਾਰਨ ਹਨ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਸਵਾਲ ਤੇ ਮੈਂਬਰਾਂ ਨੇ ਬੜੀ ਚੰਗੀ ਤਰ੍ਹਾਂ ਹਿੱਸਾ ਲਿਆ ਹੈ। ਮੈਂ ਇਨ੍ਹਾਂ ਦੀ ਕਨਟਰੀਬਿਊਸ਼ਨ ਦੀ ਤਾਰੀਫ ਕਰਦਾ ਹਾਂ ਜਿਥੇ ਅਜੇ ਤਕ ਪੈਸੇ ਨਹੀਂ ਦਿਤੇ ਗਏ ਉਥੇ ਪੈਸੇ ਦੇ ਦਿਤੇ ਜਾਣਗੇ। ਪਿੰਡਾਂ ਵਿਚੋਂ ਹਰੀਜਨ ਆ ਕੇ ਰੁਪਏ ਮੰਗਿਆ ਕਰਨਗੇ ਤਾਂ ਅਸੀਂ ਅਫਸਰ ਮੁਕੱਰਰ ਕਰਾਂਗੇ ਪਰ ਜਿਥੇ ਰੀਜ਼ਰਵ ਸੀਟਾਂ ਹਨ ਉਥੇ ਦੇ ਐਮ.ਐਲ.ਏ. ਸਾਹਿਬਾਨ ਦੀ ਪੱਕੀ ਤਰ੍ਹਾਂ ਸਲਾਹ ਲਿਆ ਕਰਾਂਗੇ। ਜੋ ਬਠਿੰਡੇ ਨਾਲ ਧੱਕਾ ਹੋਇਆ ਹੈ ਉਸ ਵਿਚ ਮੈਂ ਵੀ ਸ਼ਾਮਲ ਹਾਂ। ਇਸ ਕਿਸਮ ਦੀ ਡਿਸਕਰੀਮੀਨੇਸ਼ਨ ਨੂੰ ਅਸੀਂ ਰੋਕ ਦਿਆਂਗੇ। (ਹਾਸਾ)

ਸ਼੍ਰੀ ਸਪੀਕਰ: ਮੇਰਾ ਖਿਆਲ ਹੈ ਕਿ ਗਿਆਨੀ ਜੀ ਵਜ਼ੀਰ ਸਾਹਿਬ ਨਾਲ ਇਨਸਾਫ ਨਹੀਂ ਕਰਦੇ ਇਨ੍ਹਾਂ ਪਾਸ ਅਜੇ 50 ਲੱਖ ਰੁਪਏ ਪਏ ਹਨ ਅਤੇ ਉਨ੍ਹਾਂ ਨੂੰ ਇਹ ਖਰਚ ਕਰ ਦੇਣਗੇ। ਹੋਰ ਚਾਹੀਦੇ ਹੋਣ ਤਾਂ ਐਫ. ਐਮ. ਸਾਹਿਬ 50 ਲੱਖ ਤੋਂ ਵਧਾਕੇ ਇਕ ਕਰੋੜ ਕਰ ਦੇਣਗੇ। (I think the hon'ble Chief Minister is not doing justice to the Minister. He has still a sum of Rs. 50 Lakhs which he will spend for this purpose and in case he needs more the Finance Minister will be too glad to enhance the grant to one crore.)

ਵਿੱਤ ਮੰਤਰੀ: ਸਪੀਕਰ ਸਾਹਿਬ, ਇਹ ਇਤਨੇ ਰੁਪਏ ਹੀ ਖਰਚ ਕਰ ਲੈਣ ਤਾਂ ਵੀ ਗਨੀਮਤ ਸਮਝੋ।

ਭਗਤ ਗੁਰਾਂਦਾਸ ਹੰਸ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਵਜ਼ੀਰ ਸਾਹਿਬ ਨੇ ਧੱਕਾ ਕੀਤਾ ਹੈ ਪਰ ਪਿਛਲੀ ਸਰਕਾਰ ਨੇ ਸਾਰਾ ਕੁਝ ਸੰਗਰੂਰ ਔਰ ਬਠਿੰਡੇ ਨੂੰ ਦਿਤਾ ਹੈ । ਉਨ੍ਹਾਂ ਨੂੰ ਬਹੁਤ ਧਰਮਸ਼ਾਲਾਵਾਂ ਦਿਤੀਆਂ ਹਨ ਪਰ ਹਸ਼ਿਆਰਪੁਰ ਨੂੰ ਥੋੜ੍ਹੀਆਂ ਦਿਤੀਆਂ ਹਨ । ਇਸ ਜ਼ਿਲ੍ਹੇ ਨੂੰ ਨਜ਼ਰ-ਅੰਦਾਜ਼ ਕੀਤਾ ਜਾਂਦਾ ਹੈ । ਧਰਮਸ਼ਾਲਾ ਲਈ 5,500 ਰੁਪਏ ਦਿਤੇ ਜਾਂਦੇ ਹਨ ਜੋ ਕਿ ਥੋੜ੍ਹੇ ਹਨ ਕੀ ਇਹ ਸਰਕਾਰ ਇਸ ਰਕਮ ਨੂੰ ਵੀ ਵਧਾਵੇਗੀ ?

ਸਿੰਚਾਈ ਅਤੇ ਬਿਜਲੀ ਮੰਤਰੀ : ਇਸ ਵੇਲੇ ਤਾਂ 5,500/-ਰੁਪਏ ਦਾ ਹੀ ਫੈਸਲਾ ਹੋਇਆ ਹੋਇਆ ਹੈ । ਅਸੀਂ ਆਪਣੇ ਵਲੋਂ ਫਾਈਨਾਂਸ ਵਿਭਾਗ ਨੂੰ ਇਸ ਬਾਰੇ ਰੈਫਰ ਕਰ ਦੇਵਾਂਗੇ ।

चौधरी बलराम : क्या मंत्री महोदय यह बताएंगे कि जो बार्डर बैल्ट है इस मसले में वहाँ के लोगों को कोई प्रायर्टी दी जाती है; क्या धर्मशालाओं को मुकम्मल करने के लिए कोई डेट मुक्करर कर दी गई है ?

ਸੰਸਦੀ ਸਕੱਤਰ : ਸਪੀਕਰ ਸਾਹਿਬ, 50 ਲੱਖ ਰੁਪਏ ਵੰਡੇ ਜਾਣੇ ਹਨ ਅਤੇ 9 ਲੱਖ 45 ਹਜ਼ਾਰ ਰੁਪਿਆ ਵੰਡਿਆ ਜਾ ਚੁਕਾ ਹੈ । ਜਿਵੇਂ ਜਿਵੇਂ ਅਰਜ਼ੀਆਂ ਆਉਂਦੀਆਂ ਗਈਆਂ ਇਹ ਰੁਪਿਆ ਸੈਂਕਸ਼ਨ ਕਰ ਦਿਤਾ ਗਿਆ ਹੈ । ਅਗੇ ਨੂੰ ਵੀ ਇਸ ਤਰ੍ਹਾਂ ਹੀ ਕੀਤਾ ਜਾਵੇਗਾ ਅਤੇ ਕਿਸੇ ਨਾਲ ਕੋਈ ਵੀ ਵਿਤਕਰਾ ਕਰਕੇ ਨਹੀਂ ਦਿਤਾ ਜਾਵੇਗਾ ।

ਸ੍ਰੀ ਸਪੀਕਰ : ਕਪੂਰ ਸਾਹਿਬ, ਹੁਣ ਸੁਰਾਗ ਮਿਲ ਗਿਆ ਹੈ ਕਿ ਅੰਮ੍ਰਿਤਸਰ ਨੂੰ ਇਤਨਾ ਜ਼ਿਆਦਾ ਪੈਸਾ ਕਿਉਂ ਦਿਤਾ ਗਿਆ ਹੈ ? ਇਹ ਇਨ੍ਹਾਂ ਨੇ ਹੀ ਸੈਂਕਸ਼ਨ ਕਰਵਾਇਆ ਹੈ । (ਹਾਸਾ) (Kapur Sahib, now we have come to know why so much amount has been allotted for the Amritsar District. The amount has been got sanctioned by the Parliamentary Secretary himself) (Laughter)

MUNICIPAL SHOPS AT PATIALA

*882 **Shri Prem Gupta:** Will the Minister of State for Local Government and Jails be pleased to state—

(a) the total number of Municipal shops located at Patiala.

(b) whether it is a fact that these shops have been rented out to different persons;

(c) whether it is a fact that the tenants have represented to Government for the allotment of the said shops to them on hire purchase basis; if so, steps being taken by the Government to meet their request?

Shri Joginder Paul Pandey: (a) 138

(b) Yes.

(c) The tenants of market outside Lahori Gate and Arya Samaj, Patiala, have represented to Government for the allotment of shops to them on hire purchase basis. Their representation is under consideration.

[State Minister for Local Government and Jails]

[(ੲ) 138.

(ਬੀ) ਹਾਂ ਜੀ,

(ਸੀ) ਲਾਹੌਰੀ ਗੇਟ ਅਤੇ ਆਰੀਆ ਸਮਾਜ, ਪਟਿਆਲਾ ਦੇ ਬਾਹਰ ਦੀ ਮਾਰਕੀਟ ਦੇ ਕਰਾਏ- ਦਾਰਾਂ ਨੇ ਸਰਕਾਰ ਨੂੰ ਬਿਨੈ ਪੱਤਰ ਭੇਜਿਆ ਹੈ ਕਿ ਉਹਨਾਂ ਕੋਲ ਜੋ ਦੁਕਾਨਾਂ ਹਨ ਉਹ ਉਨ੍ਹਾਂ ਨੂੰ ਪੱਕੇ ਤੌਰ ਤੇ ਵਾਜਬ ਕੀਮਤ ਤੇ ਦੇ ਦਿਤੀਆਂ ਜਾਣ ਅਤੇ ਦੁਕਾਨਾਂ ਦੀ ਕੀਮਤ ਉਹਨਾਂ ਕੋਲੋਂ ਆਸਾਨ ਕਿਸ਼ਤਾਂ ਰਾਹੀਂ ਲਿਤੀ ਜਾਵੇ। ਇਹ ਬਿਨੈ ਪੱਤਰ ਵਿਚਾਰ ਅਧੀਨ ਹੈ।]

ਸ੍ਰੀ ਪ੍ਰੇਮ ਗੁਪਤਾ : ਮੈਂ ਵਜ਼ੀਰ ਸਾਹਿਬ, ਤੋਂ ਇਹ ਗਲ ਪੁਛਣੀ ਚਾਹੁੰਦਾ ਹਾਂ ਕਿ ਆਇਆ ਸਰਕਾਰ ਦੀ ਪਾਲਿਸੀ ਵਿਚਾਰ ਅਧੀਨ ਹੈ ਜਾਂ ਹਾਇਰ ਪਰਚੇਜ਼ ਬਾਰੇ ਪ੍ਰੋਸੀਜਰ ਵਿਚਾਰ ਅਧੀਨ ਹੈ?

ਰਾਜ ਮੰਤਰੀ : ਇਸ ਦੇ ਮੁਤੱਲਕ ਮੈਂ ਇਕ ਗਲ ਅਰਜ਼ ਕਰਾਂ ਕਿ ਲੋਕਲ ਗਵਰਨਮੈਂਟ ਸਰਕਾਰ ਨੇ ਸੀ. ਐਮ. ਸਾਹਿਬ ਦੀ ਰਾਏ ਨਾਲ ਇਕ ਪਾਲਿਸੀ ਇਖਤਿਆਰ ਕੀਤੀ ਹੈ ਜਿਸ ਦੇ ਵਿਚ ਸਰਕਾਰ ਇਹ ਚਾਹੁੰਦੀ ਹੈ ਕਿ ਪੰਜਾਬ ਦੇ ਸ਼ਹਿਰਾਂ ਦੇ ਅੰਦਰ ਜਿਹੜੇ ਛੋਟੇ ਛੋਟੇ ਦੁਕਾਨਦਾਰ ਖੜ੍ਹਿਆਂ ਤੇ ਬੈਠੇ ਹਨ, ਖੋਖਿਆਂ ਵਿਚ ਬੈਠੇ ਹਨ ਉਨ੍ਹਾਂ ਦੇ ਲਈ ਬੂਥ ਬਣਾਏ ਜਾਣ ਅਤੇ ਉਹ ਦੁਕਾਨਾਂ ਨੀਲਾਮ ਕੀਤੀਆਂ ਜਾਣ। ਇਸ ਦੇ ਮੁਤੱਲਕ ਵਖਰੀਆਂ ਵਖਰੀਆਂ ਸਕੀਮਜ਼ ਹਨ ਜਿਹੜੀਆਂ ਕਿ ਡੀਮਾਂਡਜ਼ ਦੇ ਮੁਤਾਬਿਕ ਬਣਨੀਆਂ ਹਨ। ਇਹ ਸਕੀਮਜ਼ ਪੂਰੇ ਤੌਰ ਤੇ ਸਾਰੇ ਪੰਜਾਬ ਦੇ ਵਿਚ ਲਾਗੂ ਹੋਣਗੀਆਂ। ਪੈਪਸੂ ਦੇ ਇਲਾਕੇ ਲਈ ਇਕ ਕਮੇਟੀ ਬਣਾਈ ਗਈ ਹੈ, ਜਿਸ ਨੇ ਇਸ ਤਰ੍ਹਾਂ ਦੀਆਂ ਗੱਲਾਂ ਤੇ ਵਿਚਾਰ ਕਰਨਾ ਹੈ। ਇਸ ਵਿਚ ਹਰ ਜ਼ਿਲ੍ਹੇ ਦਾ ਮਿਉਨਿਸਪਲ ਕਮਿਸ਼ਨਰ, ਦੋ ਲੋਕਾਂ ਦੇ ਪ੍ਰਤਿਨਿਧ, ਇਕ ਡਿਪਟੀ ਡਾਇਰੈਕਟਰ ਅਤੇ ਉਸ ਇਲਾਕੇ ਦਾ ਕਨਵੀਨਰ ਹੋਵੇਗਾ ਅਤੇ ਇਕ ਨਾਨ ਆਫੀਸ਼ੀਅਲ ਮੈਂਬਰ ਵੀ ਹੋਵੇਗਾ। ਇਨ੍ਹਾਂ ਦਾ ਫੈਸਲਾ ਜਦੋਂ ਵੀ ਸਾਡੇ ਪਾਸ ਆਵੇਗਾ ਉਸ ਦੇ ਮੁਤਾਬਿਕ ਅਸੀਂ ਅਮਲ ਕਰਾਂਗੇ।

ਸ੍ਰੀ ਪ੍ਰੇਮ ਗੁਪਤਾ : ਮੇਰਾ ਖਿਆਲ ਹੈ ਇਹ ਗਲ ਮਨਿਸਟਰ ਸਾਹਿਬ ਨੇ ਖੋਖਿਆਂ ਅਤੇ ਰੇੜ੍ਹੀਆਂ ਵਾਸਤੇ ਕੀਤੀ ਹੈ, ਉਨ੍ਹਾਂ ਨੇ ਆਪਣੀ ਸਾਰੀ ਪਾਲਿਸੀ ਦੱਸੀ ਹੈ। ਮੈਂ ਤਾਂ ਉਨ੍ਹਾਂ ਦੁਕਾਨਾਂ ਬਾਰੇ ਪੁਛ ਰਿਹਾ ਹਾਂ ਜਿਹੜੀਆਂ ਲੋਕਾਂ ਪਾਸ 10-12 ਸਾਲ ਤੋਂ ਕਿਰਾਏ ਤੇ ਹਨ। ਕੀ ਉਨ੍ਹਾਂ ਦੀ ਪਰਚੇਜ਼ ਬਾਰੇ ਸਰਕਾਰ ਕੋਈ ਫੈਸਲਾ ਕਰੇਗੀ? ਅਤੇ ਜਿਹੜੀ ਕਮੇਟੀ ਦਸੀ ਹੈ ਕੀ ਉਸ ਵਿਚ ਇਲਾਕੇ ਦੇ ਐਮ. ਐਲ. ਏ. ਵੀ ਸ਼ਾਮਲ ਕੀਤੇ ਜਾਣਗੇ ?

ਰਾਜ ਮੰਤਰੀ : ਮੈਂ ਮਹਿਕਮੇ ਦੀ ਜਨਰਲ ਪਾਲਿਸੀ ਦਸੀ ਹੈ। ਦੁਕਾਨਾਂ ਬਾਰੇ ਫੈਸਲਾ ਅਜੇ ਵਿਚਾਰ ਅਧੀਨ ਹੈ ਪਰ ਇਹ ਵੀ ਜਲਦੀ ਤੋਂ ਜਲਦੀ ਕੀਤਾ ਜਾਵੇਗਾ।

ਗਿਆਨੀ ਅਰਜਨ ਸਿਘ ਲਿੱਟ : ਕੀ ਪ੍ਰਾਈਵੇਟ ਦੁਕਾਨਾਂ ਵਾਲਿਆਂ ਨੂੰ ਵੀ ਇਹ ਬੂਥ ਐਕਸਚੇਂਜ ਵਿਚ ਦਿਤੇ ਜਾ ਸਕਣਗੇ ?

ਰਾਜ ਮੰਤਰੀ : ਇਹ ਸਵਾਲ ਦੇ ਨਾਲ ਸਬੰਧਤ ਨਹੀਂ।

Acharya Prithvi Singh Azad: Why not such Committees for each and every district?

यह हर डिस्ट्रिक्ट में क्यों नहीं बनाई जाती और खास पटियाला के लिये क्यों ?

(ਕੋਈ ਜੁਆਬ ਨਹੀਂ ਦਿਤਾ ਗਿਆ)

COMMON LINK OF GURDWARAS BETWEEN PUNJAB AND HARYANA STATES

*9¦0 **1. Sardar Gurdev Singh Sidhu**
2. Sardar Ajaib Singh Sandhu
3. Sardar Prehlad Singh :
4. Sardar Jasdev Singh Sandhu : Will the Chief Minister be pleased to state:-

(a) whether any deputation of Shiromani Gurdwara Prabandhak Committee, Amritsar, met him and demanded that the link of notified Gurdwaras of Haryana State with the S.G.P.C. should be kept;

(b) if the answer to part (a) above be in affirmative, the steps so far taken by the Government to keep up this common link;

(c) whether the Government propose to postpone the elections in Punjab to S.G.P.C. till this issue is settled finally with Haryana?

Captain Rattan Singh (Development Minister) : (a) Yes, the deputation of representatives of S.G.P.C. met me in this connection on the 7th September, 1972.

(b) Despite best efforts made by the Punjab Governmen the States of Haryana, Himachal Pradesh are not prepared to retain com n link of S.G.P.C. The Punjab Government is, therefore, not in a positi to take any action in the matter.

(c) The Sikh Gurdwara Act, 1925 has been included in the Schedule of Inter State Corporations Act, 1957 and scheme for the bifurcation of Shiromani Gurdwara Prabandhak Committee is under the consideration of all the successor States. After discussing the matter with the Representatives of all the States, a consolidated scheme will be sent to the Central Government and the latter will issue necessary directions in the matter. Thereafter Punjab Government will take steps to hold elections to the Shiromani Gurdwara Prabhandhak Committee (Board) in the Punjab State.

[(ੳ) ਹਾਂ ਇਸ ਸਿਲਸਿਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤਿਨਿਧਾਂ ਦਾ ਡੈਪੂਟੇਸ਼ਨ ਮੈਨੂੰ 7-9-72 ਨੂੰ ਮਿਲਿਆ ਸੀ ;

(ਅ) ਕਿਉਂ ਜੋ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸਰਕਾਰਾਂ ਬਾਵਜੂਦ ਪੂਰੇ ਜਤਨਾਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਾਰੇ ਰਾਜਾਂ ਵਿਚ ਸਾਂਝੀ ਕੜੀ ਰਖਣ ਲਈ ਤਿਆਰ ਨਹੀਂ ਹਨ, ਇਸ ਲਈ ਇਸ ਬਾਰੇ ਪੰਜਾਬ ਸਰਕਾਰ ਕੋਈ ਕਾਰਵਾਈ ਕਰਨ ਤੋਂ ਅਸਮਰਥ ਹੈ ।

(ੲ) ਸਿੱਖ ਗੁਰਦੁਆਰਾ ਐਕਟ 1925 ਨੂੰ ਇੰਟਰਸਟੇਟ ਕਾਰਪੋਰੇਸ਼ਨ ਐਕਟ, 1957 ਦੇ ਸ਼ਡੂਲ ਵਿਚ ਸ਼ਾਮਲ ਕਰ ਲਿਆ ਗਿਆ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੰਡ ਦੀ ਸਕੀਮ ਸਾਰੇ ਰਾਜਾ ਦੇ ਵਿਚਾਰ ਅਧੀਨ ਹੈ। ਉਨ੍ਹਾਂ ਦੇ ਵਿਚਾਰ ਵਟਾਂਦਰੇ ਉਪਰੰਤ ਇਕ ਸੰਕਲਿਤ ਸਕੀਮ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ ਅਤੇ ਉਹ ਉਪਰੋਕਤ ਐਕਟ (ਇੰਟਰਸਟੇਟ ਕਾਰਪੋਰੇਸ਼ਨ ਐਕਟ 1957) ਦੇ ਅਧੀਨ ਅਦੇਸ਼ ਜਾਰੀ ਕਰੇਗੀ । ਉਸ ਤੋਂ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪੰਜਾਬ ਸਰਕਾਰ ਪੰਜਾਬ ਪ੍ਰਾਂਤ ਵਿਚ ਕਰਾ ਸਕੇਗੀ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਇਹ ਸਿਖਾਂ ਦੀ ਬਹੁਗਿਣਤੀ ਦੀ ਸਟੇਟ ਹੈ । ਕੀ ਮੰਤਰੀ ਜੀ, ਜਿਵੇਂ ਉਨ੍ਹਾਂ ਨੇ ਸਾਂਝੀ ਕੜੀ ਰਖਣ ਦੀ ਗਲ ਕੀਤੀ ਹੈ, ਇਸ ਸਟੇਟ ਦੀ ਸਾਂਝੀ ਕੜੀ ਰਖਣ ਦੀ ਗਲ ਬਾਰੇ ਕੋਈ ਬਿਆਨ ਦੇਣਗੇ?

ਮੰਤਰੀ : ਸ਼ਾਇਦ ਸਾਹਮਣੇ ਬੈਠੇ ਮੈਂਬਰ ਸਾਹਿਬਾਨ ਨੂੰ ਯਾਦ ਨਹੀਂ ਕਿ ਜਦੋਂ ਇਨ੍ਹਾਂ ਨਾਲ ਪਹਿਲਾਂ ਸਾਂਝੀ ਕੜੀ ਰਖਣ ਵਾਸਤੇ ਗਲ ਹੋਈ ਸੀ ਤਾਂ ਇਨ੍ਹਾਂ ਕੜਿਆਂ ਵਾਲਿਆਂ ਨੇ ਸਾਰੀਆਂ ਕੜੀਆਂ ਤੋੜ ਦਿੱਤੀਆਂ ਸਨ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਬਿਨਾਂ ਕੜੇ ਵਾਲੇ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਦਿਲ ਦੀ ਅੰਦਰਲੀ ਤਹਿ ਤੋਂ ਦਸੋ ਕਿ ਕੀ ਇਹ ਸਿਖਾਂ ਦੇ ਨਾਲ ਡਿਸਕ੍ਰਿਮੀਨੇਸ਼ਨ ਨਹੀਂ ਹੋ ਰਹੀ ?

Mr. Speaker : Not allowed.

ਸਰਦਾਰ ਰਣਧੀਰ ਸਿੰਘ ਚੀਮਾ : ਗੁਰਦਵਾਰਾ ਐਕਟ ਦੇ ਵਿਚ ਬੜੀਆਂ ਪੁਰਾਣੀਆਂ ਸੋਧਾਂ ਹਨ, ਕੀ ਹਾਲਾਤ ਦੇ ਮੁਤਾਬਿਕ ਸਰਕਾਰ ਹੋਰ ਅਡੀਸ਼ਨਜ਼ ਤੇ ਆਲਟਰੇਸ਼ਨਜ਼ ਦੇ ਕਰਾਈਟੇਰੀਏ ਤੇ ਧਿਆਨ ਦੇਵੇਗੀ? ਫੇਰ ਇਲੈਕਟਰੋਲਜ਼ ਦੀਆਂ ਜਿਹੜੀਆਂ ਵੋਟਾਂ ਬਣਾਈਆਂ ਜਾ ਰਹੀਆਂ ਹਨ ਉਹ ਵੋਟਰਾਂ ਦੀ ਬਿਨਾ ਰਾਏ ਤੋਂ ਹੀ ਬਣ ਰਹੀਆਂ ਹਨ ਕੀ ਸਰਕਾਰ ਇਸ ਪਾਸੇ ਧਿਆਨ ਦੇਵੇਗੀ ?

ਮੰਤਰੀ : ਸ਼ਾਇਦ ਚੀਮਾ ਸਾਹਿਬ ਨੂੰ ਪਤਾ ਨਹੀਂ ਕਿ ਵੋਟਰ ਲਿਸਟਾਂ ਬਣਦੀਆਂ ਕਿਵੇਂ ਹਨ ? ਇਹ ਵੋਟਾਂ ਪੁਰਾਣੇ ਕਰਾਈਟੇਰੀਏ ਨੂੰ ਮਦੇਨਜ਼ਰ ਰਖ ਕੇ ਹੀ ਬਣਦੀਆਂ ਹਨ । ਇਸ ਲਈ ਜੋ ਇਲੈਕਟਰੋਲ ਅਸੀਂ ਬਣਾ ਰਹੇ ਹਾਂ ਅਤੇ ਜੇਕਰ ਉਨ੍ਹਾਂ ਨੂੰ ਇਸ ਬਾਰੇ ਸ਼ਿਕਾਇਤ ਹੈ ਤਾਂ ਉਹ ਸਾਨੂੰ ਲਿਖ ਕੇ ਭੇਜਣ, ਅਸੀਂ ਪੜਤਾਲ ਕਰ ਲਵਾਂਗੇ ।

ਸਰਦਾਰ ਪ੍ਰੇਮ ਸਿੰਘ ਪ੍ਰੇਮ: ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਨੇ ਰੀਆਰਗੇਨਾਈਜ਼ੇਸ਼ਨ ਤੋਂ ਬਾਅਦ ਐਨੇ ਕਿਹੜੇ ਸੁਝਾ ਦਿੱਤੇ ਸੀ ਜਾਂ ਕੋਈ ਹੋਰ ਇਕਰਾਰ ਕੀਤੀ ਸੀ ਕਿ ਉਸ ਰਵਈਏ ਦੇ ਆਧਾਰ ਤੇ ਹੁਣ ਕੋਈ ਸਾਂਝੀ ਕੜੀ ਵਿਚ ਰੁਕਾਵਟ ਨਾ ਬਣੇ?

ਮੰਤਰੀ: ਇਹ ਬਿਲਕੁਲ ਬਜਾ ਫ਼ਰਮਾਉਂਦੇ ਹਨ । ਜੇ ਉਹ ਸਾਂਝੀਆਂ ਕੜੀਆਂ ਰਹਿੰਦੀਆਂ ਤਾਂ ਸਾਨੂੰ ਇਹ ਸਾਂਝੀ ਕੜੀ ਰਖਣ ਵਿਚ ਬੜੀ ਮਦਦ ਮਿਲਣੀ ਸੀ । ਅਸੀਂ ਤਾਂ ਹੁਣ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਦੂਜੀਆਂ ਸਰਕਾਰਾਂ ਮੰਨ ਜਾਣ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ,ਮੈਂ ਆਪਦੇ ਰਾਹੀਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਇਹ ਦੂਜੀਆਂ ਸਰਕਾਰਾਂ ਨੂੰ ਮੰਨਾਉਣ ਦਾ ਯਤਨ ਕਰ ਰਹੇ ਹਨ । ਪਰ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਾਈ ਕੋਰਟ ਜਾਂ ਭਾਖੜੇ ਵਾਂਗ ਹੋਰ ਕਿਤਨੀਆਂ ਸਾਂਝੀਆਂ ਕੜੀਆਂ ਹਨ ?

ਸ਼੍ਰੀ ਸਪੀਕਰ : ਇਹ ਇਨ੍ਹਾਂ ਦੇ ਮਹਿਕਮੇ ਨਾਲ ਸਬੰਧ ਨਹੀਂ ਰਖਦਾ । (This supplementary question does not relate to the department of the hon. Minister.)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮਨਿਸਟਰ ਸਾਹਿਬ ਤੋਂ ਇਕ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਕਿਹੜੇ ਬੰਦੇ ਵੋਟਰ ਬਣ ਸਕਦੇ ਸੀ ਅਤੇ ਹੁਣ ਇਨ੍ਹਾਂ ਨੇ ਉਨ੍ਹਾਂ ਸ਼ਰਤਾਂ ਵਿਚ ਕੀ ਤਰਮੀਮ ਕੀਤੀ ਹੈ? ਅਤੇ ਦੂਜਾ ਸਵਾਲ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ ਇਹ ਕਿਹਾ ਹੈ ਕਿ ਕੜਿਆਂ ਵਾਲਿਆਂ ਨੇ ਸਾਂਝੀਆਂ ਕੜੀਆਂ ਤੁੜਾ ਦਿਤੀਆਂ ਹਨ, ਜੇ ਇਹ ਹੁਣ ਫਿਰ ਤੋਂ ਸਾਫ ਹੋਕੇ ਇਨ੍ਹਾਂ ਦੀ ਸ਼ਰਨ ਵਿਚ ਆ ਜਾਣ ਕਿ ਪੰਜਾਬੀ ਸੂਬਾ ਬਣਾਉਣ ਦੀ ਗਲਤੀ ਹੋ ਗਈ ਹੈ ਤਾਂ ਕੀ ਇਹ ਮੁੜ ਕੇ ਪੰਜਾਬ ਇਕੱਠਾ ਕਰ ਦੇਣਗੇ? (ਹਾਸਾ) (ਵਿਘਨ)

ਮੰਤਰੀ: ਇਨ੍ਹਾਂ ਦੇ ਪਹਿਲੇ ਸਵਾਲ ਦਾ ਜਵਾਬ ਮੈਂ ਦਿੰਦਾ ਹਾਂ ਜਿਹੜੀਆਂ ਕੰਡੀਸ਼ਨਜ਼ ਪਹਿਲਾਂ ਇਕ ਵੋਟਰ ਬਣਨ ਲਈ ਸੀ ਉਹੀ ਹੁਣ ਹਨ, ਉਨ੍ਹਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ।

ਡਾਕਟਰ ਅਮੀਰ ਸਿੰਘ ਕਲਕਟ : ਕੀ ਵਜ਼ੀਰ ਸਾਹਿਬ ਇਸ ਗੱਲ ਤੇ ਰੋਸ਼ਨੀ ਪਾਉਣਗੇ ਕਿ ਕੀ ਇਨ੍ਹਾਂ ਦੀ ਕੌਮਨ ਲਿੰਕ ਦੀ ਮੰਗ ਇਕ ਫੇਂਟ ਬਹਾਨਾ ਨਹੀਂ ਬਣ ਜਾਂਦੀ ਜਦੋਂ ਕਿ ਇਨ੍ਹਾਂ ਦੀ ਵਰਕਿੰਗ ਕਮੇਟੀ ਨੇ ਕਿਹਾ ਹੈ ਕਿ ਇਨ੍ਹਾਂ ਦਾ ਅਲਟੀਮੇਟ ਨਿਸ਼ਾਨਾ ਸਿਖ ਸਟੇਟ ਹੈ? (ਸ਼ੋਰ) (ਵਿਘਨ) (ਬਹੁਤ ਸ਼ੋਰ)

Mr. Speaker : Supplementary disallowed.

ਸਰਦਾਰ ਅਜਾਇਬ ਸਿੰਘ ਸੰਧੂ : * * * (ਵਿਘਨ) (ਸ਼ੋਰ)

ਸ੍ਰੀ ਸਪੀਕਰ : ਜੋ ਕੁਝ ਸੰਧੂ ਸਾਹਿਬ ਨੇ ਬਿਨਾਂ ਪਰਮਿਸ਼ਨ ਦੇ ਕਿਹਾ ਹੈ ਉਹ ਪ੍ਰੋਸੀਡਿੰਗ ਦਾ ਭਾਗ ਨਹੀਂ ਬਣੇਗਾ।(Whatever the hon. Member Sardar Ajaib Singh Sandhu has said without the permission of the Chair, shall not form part of proceedings.)

ਸਰਦਾਰ ਗੁਰਦੇਵ ਸਿੰਘ ਸਿੱਧੂ : ਸਰਦਾਰ ਜਗਤ ਰਾਮ ਨੇ ਜੋ ਕੁਝ ਕਿਹਾ ਹੈ ......

ਸ੍ਰੀ ਸਪੀਕਰ : ਇਹ ਲਫਜ਼ ਵਿਦਡਰਾ ਕਰੋ। (Please withdraw these words)

ਸਰਦਾਰ ਗੁਰਦੇਵ ਸਿੰਘ ਸਿੱਧੂ : ਜਨਾਬ ਮੈਂ ਵਿਦਡਰਾ ਕਰਦਾ ਹਾਂ।

ਸਰਦਾਰ ਅਜਾਇਬ ਸਿਘ ਸੰਧੂ : ਸਪੀਕਰ ਸਾਹਿਬ, ਇਸ ਵਿਚ ਕੀ ਮਾੜੀ ਗਲ ਹੈ ਉਨ੍ਹਾਂ ਦੇ ਨਾਂ ਨਾਲ ਰਾਮ ਲਗਦਾ ਹੈ ਪਰ ਉਨ੍ਹਾਂ ਦੀ ਸ਼ਕਲ ਤਾਂ ਸਿਖਾਂ ਵਰਗੀ ਹੈ। (ਵਿਘਨ)

ਸਰਦਾਰ ਗੁਰਦੇਵ ਸਿੰਘ ਸਿਧੂ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ 50 ਸਾਂਝੀਆਂ ਕੜੀਆਂ ਸੀ ਜੇ ਇਹ ਹੋਰ ਕੋਈ ਸਾਂਝੀ ਕੜੀ ਰਖਣਾ ਚਾਹੁੰਦੇ ਹਨ ਤਾਂ ਅੰਮ੍ਰਿਤਸਰ ਦਾ ਪਾਗਲਾਂ ਦਾ ਹਸਪਤਾਲ ਸਾਂਝੀ ਕੜੀ ਰਹਿ ਸਕਦਾ ਹੈ। (ਸ਼ੋਰ) (ਵਿਘਨ)

ਸ੍ਰੀ ਸਪੀਕਰ : ਤੁਸੀਂ ਬੈਠ ਜਾਓ। (Please resume your seat)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਹ ਜੋ ਮਸਲਾ ਹੈ ਇਹ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਸਿੱਖਾਂ ਦਾ ਹੈ। ਕੀ ਕਦੇ ਕਿਸੇ ਨੇ ਹਰਿਆਣਾ ਅਤੇ ਹਿਮਾਚਲ ਦੇ ਸਿੱਖਾਂ ਦੀ ਰਾਏ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਕੀ ਚਾਹੁੰਦੇ ਹਨ ?

*Expunged as ordered by the Chair.

ਮੰਤਰੀ : ਇਹ ਕੰਮ ਸਾਡੀ ਸਰਕਾਰ ਦਾ ਨਹੀਂ, ਹਰਿਆਣਾ ਅਤੇ ਹਿਮਾਂਚਲ ਸਰਕਾਰਾਂ ਦਾ ਹੈ ।

RELEASE OF COMMUNIST WORKERS

*597. 1. **Sardar Jaswinder Singh Brar**
2. **Sardar Prehlad Singh** : Will the Chief Minister be pleased to state :-

(a) whether the Communist workers arrested in connection with C.P.I.'s recent agitation in the State have been released.

(b) whether any of these arrested workers tendered apology?

ਸਰਦਾਰ ਨਸੀਬ ਸਿੰਘ ਗਿੱਲ (ਉਪ-ਮੰਤਰੀ, ਗ੍ਰਿਹ ਅਤੇ ਉਦਯੋਗ) : ਨਹੀਂ ਜੀ । ਇਸ ਐਜੀਟੇਸ਼ਨ ਦੇ ਸਬੰਧ ਵਿਚ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਪਰ ਇਸ ਐਜੀਟੇਸ਼ਨ ਦੇ ਦੌਰਾਨ ਕਈ ਗ੍ਰਿਫਤਾਰੀਆਂ ਕੀਤੀਆਂ ਗਈਆਂ ।

(ਅ) ਗ੍ਰਿਫਤਾਰ ਹੋਣ ਤੋਂ ਬਾਦ ਕਿਸੇ ਨੇ ਮਾਫੀ ਨਹੀਂ ਮੰਗੀ ਪਰ ਗ੍ਰਿਫਤਾਰ ਹੋਣ ਤੋਂ ਪਹਿਲਾਂ ਕਈ ਵਰਕਰਾਂ ਨੇ ਮਾਫੀਆਂ ਮੰਗ ਲਈਆਂ ਜਿਸ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਕੀ ਇਹ ਠੀਕ ਨਹੀਂ ਕਿ ਉਨ੍ਹਾਂ ਵਰਕਰਾਂ ਤੋਂ ਮਾਫੀਆਂ ਮੰਗਵਾਉਣ ਲਈ ਉਨ੍ਹਾਂ ਦੀਆਂ ਹੱਡੀਆਂ ਤੋੜੀਆਂ ਗਈਆਂ ? (ਵਿਘਨ)

ਉਪ ਮੰਤਰੀ : ਨਹੀਂ ਜੀ, ਅਜਿਹੀ ਕੋਈ ਗੱਲ ਨਹੀਂ, ਉਨ੍ਹਾਂ ਨੇ ਆਪਣੀ ਮਰਜ਼ੀ ਦੇ ਨਾਲ ਮਾਫੀਆਂ ਮੰਗੀਆਂ । (ਵਿਘਨ) (ਗਲਤ ਹੈ, ਗਲਤ ਹੈ, ਦੀਆਂ ਅਵਾਜ਼ਾਂ)

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਕੋਲ ਜੋ ਮਾਫੀ ਨਾਮੇਂ ਹਨ, ਉਹ ਹਾਊਸ ਵਿਚ ਪੇਸ਼ ਕਰਨਗੇ ? (ਥੰਪਿੰਗ) ਇਨ੍ਹਾਂ ਨੇ ਕਾਂਗਰਸੀ ਵਰਕਰਾਂ ਕੋਲੋਂ ਮਾਫੀ ਨਾਮਿਆਂ ਤੇ ਦਸਤਖਤ ਕਰਾਏ ਹਨ ......(ਵਿਘਨ)

ਉਪ ਮੰਤਰੀ : 17 ਕਮਿਊਨਿਸਟ ਵਰਕਰਾਂ ਨੇ ਬਗੈਰ ਕਿਸੇ ਧਮਕੀ ਦੇ, ਬਗੈਰ ਕਿਸੇ ਡਰਾਵੇ ਦੇ ਆਪਣੀ ਫਰੀ ਵਿਲ ਨਾਲ ਮਾਫੀ ਮੰਗੀ ਹੈ । (ਵਿਘਨ)

Comrade Satyapal Dang : Sir, I beg to draw the attention of the Government towards a matter of urgent public importance, namely, the prices of necessity of life have been going up and up. There has not been adequate revision of the wages of the industrial workers in the State.

Industrial workers also lack adequate security of service.

There is much discontentment amongst the industrial workers of the State and they are preparing for strike action throughout the State.

In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may please make a statement.

(*Serial No.* 15)

Comrade Satyapal Dang : Sir, I beg to draw the attention of the Government towards a matter of urgent public importance, namely, the Sugar quota of 500 grams per head per month out of the levy sugar is not being supplied to the people in the rural areas except off and on. There are a large number of village people of which have not been supplied sugar at controlled rates for months together.

In the Urban Areas, 500 grams per head per month is being supplied at control , but the same is very inadequate.

There is widespread discontentment in rural as well as urban areas.

In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may please make a statement.

(*Serial No.* 17)

Shri Sardari Lal Kapur : Sir, I beg to draw the attention of the Government towards a matter of urgent public importance, namely, in the City of Ludhiana, Basti Jodhewali, the Municipal Authorities demolished about seven houses of poor people. The Deputy Commissioner and other authorities who enquired into this matter, arrived at the conclusion that the demolition of the houses was a serious mistake. One of the adversely affected persons is a widow whose husband was killed in the last Indo-Pakistan conflict. None of the families, whose houses were demolished have, so far, been given any compensation.

This is, therefore, a fit matter, on which either the Chief Minister or some other Minister concerned , should make a statement on the floor of the House.

ਸ੍ਰੀ ਸਭਾਪਤੀ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement.)

(*Serial No. 18*)

Shri Sardari Lal Kapur : Sir, I beg to draw the attention of the Government towards a matter of urgent public importance, namely, that some irresponsible people in the State make use of loudspeakers at odd hours, with result that the peaceful life of the 'people is very much jeopardised. It adversely affects the health of the old persons, while it spoils the efforts for studies of the students. In bigger cities of the State, particularly in Ludhiana, this indiscriminate use of loudspeakers is causing lot of nuisance.

This is, therefore, a fit matter on which the Minister concerned should make a statement on the floor of the House so that the House as also the public may know, what the Government propose doing to stop this nuisance.

ਸ੍ਰੀ ਸਭਾਪਤੀ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ ।

(Admitted. The Minister concerned may please make a statement.)

(*Serial No.* 20)

1. **Comrade Raj Kumar Dhariwal**
2. **Comrade Mehtab Singh**
3. **Comrade Arjan Singh Mastana**
4. **Comrade Satyapal Dang**
5. **Comrade Saggar Singh**

Sir, we beg to draw the attention of the Government towards a matter of urgent public importance, namely, in connection with the Indo-Pak War in December,1971,certain villages were placed in category 'A' for the purposes of relief. In the beginning, all the people of these villages were given cash doles. Subsequently, however, it was decided by the Government to give cash doles only to those individuals whose land was in Pak occupation. This decision of the Government has deprived such Harijan families as were dependent for their livelihood on labour on such land of relief which they deserved. As a result, there is much discontentment amongst the Harijans of the border areas.

In view of the obvious and urgent importance of the matter, the Government may please be asked to make a statement in the House.

ਸ੍ਰੀ ਸਭਾਪਤੀ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ ।

(Admitted. The Minister concerned may please make a statement.)

(ਕ੍ਰਮ ਨੰ: 23)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ। ਅਰਖਾਤ, ਕੁਝ ਉਚੇ ਅਧਿਕਾਰੀਆਂ ਉਤੇ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਮਿਲੀ ਭਗਤ ਨਾਲ ਦਿੱਲੀ ਦੀ ਇਕ ਔਰਤ ਨੇ ਏਸ਼ੀਆ 72 ਦੇ ਪੰਜਾਬ ਪੇਵੇਲੀਅਨ ਦਾ ਸੋਵੀਨਾਰ ਪ੍ਰਕਾਸ਼ਤ ਕਰਨ ਦੇ ਨਾਂ ਉਤੇ ਪੰਜਾਬ ਦੇ ਵਖੋਂ ਵਖ ਜ਼ਿਲ੍ਹਿਆਂ ਦੇ ਇਕ ਲੱਖ ਅਤੇ ਪੈਂਤੀ ਹਜ਼ਾਰ ਰੁਪਿਆ ਬਤੌਰ ਇਸ਼ਤਿਹਾਰ ਦੇ ਇਕੱਤਰ ਕੀਤਾ ਹੈ । ਇਹ ਭੀ ਪਤਾ ਲਗਾ ਹੈ ਕਿ ਹੁਣ ਪੰਜਾਬ ਸਰਕਾਰ ਇਸ ਸੋਵੀਨਾਰ ਦੀਆਂ 10,000 ਕਾਪੀਆਂ ਖਰੀਦ ਰਹੀ ਹੈ। ਇਸ ਕਥਿਤ ਫੈਸਲੇ ਨਾਲ ਭੀ ਇਸ ਔਰਤ ਦੀ ਜੇਬ ਵਿਚ ਹਜ਼ਾਰਾਂ ਹੋਰ ਰੁਪਿਆ ਸਰਕਾਰ ਦੇ ਖਜ਼ਾਨੇ ਤੋਂ ਚਲਿਆ ਜਾਵੇਗਾ । ਇਹ ਸਾਰਾ ਮਾਮਲਾ ਇਕ ਵਡਾ ਸਕੈਂਡਲ ਬਣ ਗਿਆ ਹੈ । ਜਿਸ ਬਾਰੇ ਸਰਕਾਰ ਨੂੰ ਵਿਸਥਾਰ ਪੂਰਵਕ ਬਿਆਨ ਦੇਣ ਲਈ ਕਿਹਾ ਜਾਵੇ ।

ਸ੍ਰੀ ਸਭਾਪਤੀ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ ।

(Admitted the Minister concerned may please make a statement.)

(ਕ੍ਰਮ ਨੰ: 26)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ: ਸ੍ਰੀਮਾਨ ਜੀ ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਿਚ ਵਲ ਦਿਵਾਉਂਦਾ ਹਾਂ ਅਰਥਾਤ ਸਰਕਾਰ ਦੀ ਇਕ ਸਕੀਮ ਅਨੁਸਾਰ ਜ਼ਿਲ੍ਹਾ ਸੰਗਰੂਰ ਦੇ ਹਲਕਾ ਸ਼ੇਰਪੁਰ ਵਿਚ ਪਿੰਡ ਕਾਤਰੋਂ ਤੋਂ ਸ਼ੇਰਪੁਰ ਗੁੰਮਟੀ ਬੜੀ ਗੁਰਮ ਹਮੀਦੀ ਵਿਚ ਦੀ

ਹੁੰਦਾ ਹੋਇਆ ਇਕ ਸੇਮ ਨਾਲਾ ਪੁੱਟਣ ਦੀ ਤਜਵੀਜ਼ ਹੈ ਪਰ ਇਨ੍ਹਾਂ ਪਿੰਡਾਂ ਵਿਚ ਸੇਮ ਉੱਕਾ ਹੀ ਨਹੀਂ ਹੈ। ਸੋ ਇਸ ਸੇਮ ਨਾਲਾ ਪੁੱਟਣ ਦੇ ਵਿਰੁਧ ਲੋਕਾਂ ਵਿਚ ਹਾਹਾਕਾਰ ਮੱਚੀ ਹੋਈ ਹੈ ਅਤੇ ਲੋਕ ਅਤਿ ਦੁਖੀ ਹਨ। ਸੋ ਸਰਕਾਰ ਨੂੰ ਇਸ ਸੇਮ ਨਾਲੇ ਨੂੰ ਪੁਟਣੋਂ ਬੰਦ ਕਰਨ ਸਬੰਧੀ ਬਿਆਨ ਦੇਣਾ ਚਾਹੀਦਾ ਹੈ ਤਾਂ ਜੋ ਲੋਕ ਸ਼ਾਂਤ ਰਹਿਣ।

ਸ੍ਰੀ ਸਭਾਪਤੀ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

(*Serial No.* 28)

Sardar Kirpal Singh Randhawa : Sir I beg to draw the attention of the Government towards a matter of public importance, namely, the suffering of the farmers due to hail-storm in the Majitha Constituency. The crops of the farmers have been completely destroyed due to this natural calamity. The M.L.A. of that constituency toured the whole constituency alongwith the high ups of the District Administration and the proper assessment of the loss suffered, was made. He had also led a deputation of the farmers of that area which had met the Chief Minister in order to highlight the real situation. The Government may give some immediate relief to the people. It is regretted that nothing has been done so far.

ਸ੍ਰੀ ਸਭਾਪਤੀ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ।

(Admitted. The Minister concerned may please make a statement.)

(*Serial No.* 29)

Sardar Kirpal Singh Randhawa : Sir I beg to draw the attention of the Government, towards a matter of urgent public importance namely, to the recovery of loans from the farmers in the border area of Kalanaur, District Gurdaspur. The loan recovery drive is going on quite speedily inspite of the fact that the people of that area have suffered a lot due to Indo-Pak War and unfavourable vagaries of weather. Such a campaign has also been launched in the region of Ramdas , Ajnala etc. Farmers, are raising hue and cry which remains to be unheeded. It is a matter of enormous public importance so that Government may pay attention to this and it will be better if the recovery of loans is stopped immediately.

ਸ੍ਰੀ ਸਭਾਪਤੀ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ।

(Admitted. The Minister concerned may please make a statement.)

(ਕ੍ਰਮ ਨੰ 41)

ਕਾਮਰੇਡ ਅਰਜਨ ਸਿੰਘ ਮਸਤਾਨਾ)
ਕਾਮਰੇਡ ਮਹਿਤਾਬ ਸਿੰਘ) : ਸ੍ਰੀਮਾਨ ਜੀ, ਅਸੀਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦੇ ਹਾਂ, ਅਰਥਾਤ, ਅਬੋਹਰ ਡਵੀਜ਼ਨ ਵਿਚ ਟੇਲ ਤੇ ਪਾਣੀ ਨਾ ਪਹੁੰਚਣ ਕਾਰਣ ਸਾਉਣੀ ਫਸਲ ਦੀ ਤਬਾਹੀ ਹੋ ਗਈ ਹੈ ਅਤੇ ਹਾੜੀ ਨਹੀਂ ਬੀਜੀ ਗਈ ਪਿਛਲੇ ਦਿਨਾਂ ਵਿਚ ਪਾਣੀ ਪੀਣ ਦਾ ਵੀ ਨਹੀਂ ਮਿਲ ਸਕਿਆ। 6, 6 ਮੀਲ ਦੂਰੋਂ ਗੰਗਾ ਕੈਨਾਲ ਤੋਂ ਲਿਆ ਕੇ ਪਾਣੀ ਪੀਂਦੇ ਰਹੇ ਹੁਣ ਇਕ ਮਹੀਨੇ ਤੋਂ ਪੜਤਾਲ ਚਲ ਰਹੀ ਹੈ।

ਸ੍ਰੀ ਸਭਾਪਤੀ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

FIRST REPORT OF THE BUSINESS ADVISORY COMMITTEE

Mr. Speaker : I have to report the programme of the Punjab Vidhan Sabha, as contained in the First Report of the Business Advisory Committee. The Report reads—

After some discussion the Committee recommend that the following business be transacted during the sittings of the Vidhan Sabha to be held on the 14th and 15th December, 1972.

14th December, 1972 (Thursday)

Morning Sitting (10.00 A.M. to 2.30 P.M.)

(i) Question hour.

(ii) Papers to be laid on the Table, if any.

(iii) Asking of leave to introduce the following non-official Bills :—

(1) The Punjab Aided Schools (Security of Service) Amendment Bill, 1972.

(2) The Punjab Non-Government affiliated Colleges (Security of Service) Bill, 1972.

(3) The Punjab Industrial Establishments (Declaration of Permanent posts) Bill, 1972.

(Maximum time-half an hour for all the three Bills).

(iv) Non-official Resolutions:—

(1) Re. Nationalisation of three Oil Gas Companies (5 Minutes)

(2) Re. Nationalisation of Education (5 minutes).

(v) Motion regarding withdrawal of the Punjab Land Reforms Bill (Bill No. 15-PLA of 1972).

(vi) The Punjab Land Reforms Bill (Bill No. 31-PLA of 1972).

Rules relating to notice period of Resolutions, ballotting of Resolutions, transaction of business other than non-official on Thursday etc. will to the extent of their inconsistency with the above recommendations, stand suspended.

After -Noon Sitting
(4.30 P.M. to 8.30 P.M)

(i) No question hour.

(ii) Official Resolution under Articles 368 of the Constitution regarding the Ratification of the Constitution (Thirtieth Amendment) Bill, 1972, as passed by the two Houses of Parliament (Half an hour).

(iii) Bills:—

1. The Punjab General Sales Tax (Amendment and Validation) Bill, 1972.

2. The Punjab Entertainments Duty (Amendment) Bill, 1972.

3. The Punjab Cattle Fairs (Regulation) Amendment Bill, 1972.

(One and a half hours for all the three Bills).

(iv) Discussion on :—

(1) Annual Financial Statement (Budget Estimates) of the Punjab State Electricity Board for the years 1971-72 and 1972-73 (Laid on the Table on 14th August, 1972 and 8th April, 1972 respectively)-Notice given by Communist M.L.As.

(2) Annual Administration Report of the Punjab State Electricity Board for the year, 1969-70 (Laid on the Table on 8th April, 1972)—Notice given by Communist M.L.As.

(3) Annual Statement of Accounts of the Punjab State Electricty Board for the year 1969-70 (Laid on the Table on 14th August, 1972)-Notice given by Communist M.L.As. (Two hours).

15th December, 1972
(Friday)

(i) Question Hour.

(ii) Motion reg. adjournment of the House *Sine die*.

(Mr. Speaker)

(iii) Discussion on Motion under Rule 77 of the Rules of procedure and Conduct of Business in the Punjab Legislative Assembly reg. strike of the employees of all the New Papers published from Jullundur (one hour).

(iv) Bills :—

(1) The Punjab Cinemas (Regulation) Amendment Bill, 1972 (One hour).

2. The Punjab Khadi and Village Industries Board (Amendment) Bill, 1972 (half an hour).

3. The Patiala State Ijlas-i-Khas order of 1919 (Repealing) Bill, 1972 (Half an hour).

4. The Talwara Township (Periphery) Control Amendment Bill, 1972 (half an hour).

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੋਸ਼ਨ ਐਡਾਪਟ ਕਰੀਏ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ। ਸਰਕਾਰ ਦਾ ਵਿਚਾਰ ਹੈ ਕਿ ਜੇਕਰ ਹਾਊਸ ਦੀ ਇਜਾਜ਼ਤ ਹੋਵੇ ਤਾਂ ਕਲ ਨੂੰ ਅਰਬਨ ਪ੍ਰਾਪਰਟੀ ਦੀ ਸੀਲਿੰਗ ਦਾ ਬਿੱਲ, ਜਿਹੜਾ ਕਿ ਪੈਂਡਿਗ ਪਿਆ ਹੈ, ਟੇਕ-ਅੱਪ ਕਰ ਲਿਆ ਜਾਵੇ।

Comrade Satya Pal Dang : Sir, I object to the amendment in the Report of the Business Advisory Committee, as suggested by Sardar Umrao Singh. Let the Session be extended.

ਸਿੱਖਿਆ ਮੰਤਰੀ : ਕੀ ਇਸ ਬਿੱਲ ਦੇ ਲਿਆਉਣ ਵਿਚ ਕੋਈ ਇਤਰਾਜ਼ ਹੈ ?

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਤਰਾਜ਼ ਨਹੀਂ ਸਗੋਂ ਸਾਡੀ ਤਾਂ ਇਹ ਮੰਗ ਹੈ ਕਿ ਇਸ ਨੂੰ ਸੋਮਵਾਰ ਲੈ ਲਿਆ ਜਾਵੇ।

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਜੇ ਟਾਈਮ ਵਧਿਆ ਤਾਂ ਇਸ ਨੂੰ ਕਲ ਹੀ ਲੈ ਲਈਏ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, 'ਜੇ' ਨਾਲ ਕੰਮ ਨਹੀਂ ਚਲਦਾ ਇਹ ਬਿੱਲ ਤਾਂ ਪਿਛਲੇ ਸੈਸ਼ਨ ਦਾ ਪੈਂਡਿੰਗ ਪਿਆ ਹੈ ਇਸ ਲਈ ਇਸ ਨੂੰ ਲਿਆਓ ਹੀ ਨਾਂ ਸਗੋਂ ਪਾਸ ਕਰਾਉ ਕਿਉਂਕਿ ਇਹ ਬੜਾ ਜ਼ਰੂਰੀ ਬਿੱਲ ਹੈ।

ਸ੍ਰੀ ਸਪੀਕਰ : ਡਾਂਗ ਸਾਹਿਬ, ਮੇਰਾ ਵਿਚਾਰ ਹੈ ਕਿ ਚੰਗੀ ਗਲ ਤਾਂ ਇਹ ਹੋਵੇਗੀ ਕਿ ਜੇ ਅੱਜ ਹੀ ਹਾਊਸ ਦਾ ਟਾਈਮ ਐਕਸਟੈਂਡ ਕਰ ਦਿੱਤਾ ਜਾਵੇ। (Dang Sahib I think it would be better if we extend the time of the sitting of the House to day.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਅਸੀਂ ਸਾਰੀ ਰਾਤ ਬੈਠਣ ਨੂੰ ਤਿਆਰ ਹਾਂ, ਇਸ ਲਈ ਤੁਸੀਂ 'ਜੇ' ਨਾ ਕਹੋ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਇਕ ਇੰਪਾਰਟੈਂਟ ਬਿੱਲ ਹੈ, ਇਸ ਲਈ ਇਸ ਨੂੰ ਕਲ ਨਹੀਂ ਲੈਣਾ ਚਾਹੀਦਾ ਸਗੋਂ ਪਰਸੋਂ ਲੈਣਾ ਚਾਹੀਦਾ ਹੈ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਦੋ ਵੱਡੇ ਮਸਲੇ ਹਨ। ਇਕ ਲੈਂਡ ਰੀਫਾਰਮਜ਼ ਦਾ ਅਤੇ ਦੂਜਾ ਅਰਬਨ ਸੀਲਿੰਗ ਦਾ। ਇਨ੍ਹਾਂ ਤੇ ਵਿਚਾਰ ਕਰਨ ਲਈ ਬੜਾ ਸਮਾਂ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਰੱਸ਼-ਥਰੂ ਕਰਨਾ ਚੰਗੀ ਗਲ ਨਹੀਂ। ਇਸ ਲਈ ਮੇਰੀ ਬੇਨਤੀ ਹੈ ਕਿ ਸਾਨੂੰ ਇਸ ਬਿੱਲ ਨੂੰ ਸੋਮਵਾਰ ਰਖਣਾ ਚਾਹੀਦਾ ਹੈ ਤਾਕਿ ਇਸ ਤੇ ਪੂਰੀ ਵਿਚਾਰ ਹੋ ਸਕੇ।

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਕੇਵਲ ਦਸ ਦਸ ਪੰਦਰਾਂ ਪੰਦਰਾਂ ਮਿੰਟ ਦੇ ਬਿੱਲ ਹਨ। ਇਸ ਲਈ ਸੋਮਵਾਰ ਤਕ ਜਾਣ ਦੀ ਲੋੜ ਨਹੀਂ ਹੈ।

ਸ੍ਰੀ ਸਪੀਕਰ : ਸਾਨੂੰ ਇਕ ਵੱਖਰੀ ਮੀਟਿੰਗ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਕਰਨੀ ਪਵੇਗੀ। (We will have to hold a special meeting of the Business Advisory Committee to decide it.)

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਜੇਕਰ ਇਜ਼ਾਜ਼ਤ ਹਾਊਸ ਦੀ ਹੋਵੇ ਤਾਂ ਇਸ ਬਿੱਲ ਨੂੰ ਕਲ ਹੀ ਡਿਸਕਸ ਕਰ ਲਿਆ ਜਾਵੇ। ਹਾਊਸ ਚਾਹੇ ਤਾਂ ਕਮੇਟੀ ਦੀ ਰਿਪੋਰਟ ਵਿਚ ਅਮੈਂਡਮੈਂਟ ਵੀ ਹੋ ਸਕਦੀ ਹੈ। ਦੋ ਦੋ ਘੰਟੇ ਇਨ੍ਹਾਂ ਬਿੱਲਾਂ ਲਈ ਰਖ ਲਵੋ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਇਹ ਬਿੱਲ ਬੜੇ ਇੰਪਾਰਟੈਂਟ ਹਨ। ਇਨ੍ਹਾਂ ਤੇ ਬਹਿਸ ਲਈ ਦੋ ਦੋ ਘੰਟੇ ਨਹੀਂ ਚਾਹੀਦੇ ਸਗੋਂ ਦੋ ਦੋ ਦਿਨ ਚਾਹੀਦੇ ਹਨ। ਇਹ ਲੋਕਾਂ ਦੀ ਆਜ਼ਾਦੀ ਨਾਲ ਖੇਡਣ ਦਾ ਯਤਨ ਕਰ ਰਹੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਨ੍ਹਾਂ ਤੇ ਵਿਚਾਰ ਕਰਨ ਲਈ ਦੋ ਦੋ ਦਿਨ ਦਿਉ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਇਹ ਤਜਵੀਜ਼ ਹੈ ਕਿ ਸਰਕਾਰ ਪਹਿਲਾਂ ਇਹ ਕਮਿਟ ਕਰੇ ਕਿ ਅਰਬਨ ਸੀਲਿੰਗ ਦਾ ਬਿੱਲ ਇਸ ਸੈਸ਼ਨ ਵਿਚ ਹੀ ਲਿਆਂਦਾ ਜਾਵੇਗਾ ਅਤੇ ਪਾਸ ਕੀਤਾ ਜਾਵੇਗਾ। ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੁਣ ਕਰ ਲਵੋ ਜਾਂ ਇਸ ਸਿੱਟਿੰਗ ਤੋਂ ਫੌਰਨ ਪਿੱਛੋਂ ਕਰ ਲਵੋ।

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਉਸ ਸਮੇਂ ਸਾਡੀ ਮੀਟਿੰਗ ਹੈ। ਜਾਂ ਸੈਕਿੰਡ ਸਿਟਿੰਗ ਤੋਂ ਬਾਅਦ ਕਰ ਲਵੋ। ਸਪੀਕਰ ਸਾਹਿਬ, ਜੋ ਡਾਂਗ ਸਾਹਿਬ ਕਮਿਟਮੈਂਟ ਦੀ ਗੱਲ ਕਰਦੇ ਹਨ ਉਸ ਬਾਰੇ ਮੇਰੀ ਗੁਜ਼ਾਰਿਸ਼ ਹੈ ਕਿ ਮੈਂ ਤਾਂ ਆਪ ਹੀ ਤਜਵੀਜ਼ ਦਿੱਤੀ ਹੈ। ਜਾਂ ਰਿਪੋਰਟ ਵਿਚ ਅਮੈਂਡਮੈਂਟ ਕਰ ਲਵੋ।

ਸ੍ਰੀ ਸਪੀਕਰ : ਨਹੀਂ, ਰਿਪੋਰਟ ਤਾਂ ਉਸ ਤਰ੍ਹਾਂ ਹੀ ਅਡਾਪਟ ਹੋਵੇਗੀ। ਮੀਟਿੰਗ ਦਾ ਟਾਈਮ ਫਿਕਸ ਕਰ ਲਵੋ। ਮੇਰਾ ਖਿਆਲ ਹੈ ਕਿ ਬਿਜਲੀ ਬੋਰਡ ਦੀ ਰਿਪੋਰਟ ਤੇ ਬਹਿਸ ਹੋਵੇਗੀ ਉਸ ਤੋਂ ਪਿੱਛੋਂ ਮੀਟਿੰਗ ਕਰ ਲਈਏ।

(No, this report will be adopted as it is. You may please fix the time for another meeting of the Business Advisory Committee. I think it will be better if we meet after the discussion on the report of Electricity Board).

ਸਿੱਖਿਆ ਮੰਤਰੀ : ਠੀਕ ਹੈ ਜੀ ।

ਸ੍ਰੀ ਸਪੀਕਰ : ਸੰਧੂ ਸਾਹਿਬ, ਡਾਂਗ ਸਾਹਿਬ ਤੇ ਕਪਤਾਨ ਸਾਹਿਬ ਉਸ ਸਮੇਂ ਚੈਂਬਰ ਵਿਚ ਤਸ਼ਰੀਫ ਲੈ ਆਉਣਾ ।

(The hon. Members Sardar Ajaib Singh Sandhu, Comrade Satyapal Dang, and Captain Rattan Singh may please come to my chamber after that discussion.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅੱਜ ਦੇ ਕੰਮ ਵਿਚ ਕੋਈ ਤਬਦੀਲੀ ਨਹੀਂ ਹੋਣੀ ਚਾਹੀਦੀ । ਸੰਧੂ ਯਾਰ ਤੂੰ ਬੋਲਦਾ ਕਿਉਂ ਨਹੀਂ ਹੁਣ ਚੁਪ ਕਰਕੇ ਕਿਉਂ ਬੈਠਾ ਹੈ ?

ਸਰਦਾਰ ਅਜਾਇਬ ਸਿੰਘ ਸੰਧੂ : ਡਾਂਗ ਸਾਹਿਬ ਮੈਂ ਤਾਂ ਬੋਲਦਾ ਹਾਂ ਪਰ ਸੁਣਦਾ ਹੀ ਕੋਈ ਨਹੀਂ । (ਹਾਸਾ) ।

Education and Revenue Minister (Sardar Umrao Singh) : Sir, I beg to move—

That this House agrees with the recommendations contained in the First Report of the Business Advisory Committee.

Mr. Speaker : Motion moved—

That this House agrees with the recommendations contained in the First Report of the Business Advisory Committee.

Mr. Speaker : Question is—

That this House agrees with the recommendations contained in the First Report of the Business Advisory Committee.

The Motion was carried.

12.00

PAPER LAID ON THE TABLE OF THE HOUSE

Finance Minister (Shri Hans Raj Sharma): Sir, I beg to lay on the Table the Industrial Disputes (Punjab) Rules, 1958*, as required under section 38(4) of the Industrial Disputes Act, 1947.

BILLS

THE PUNJAB AIDED SCHOOLS (SECURITY OF SERVICE) AMENDMENT BILL, 1972

Comrade Satya pal Dang : Sir, I beg to ask for leave to introduce the Punjab Aided Schools (Security of Service) Amendment Bill.

Mr. Speaker : Motion moved—

That leave be granted to introduce the Punjab Aided Schools (Security of Service) Amendment Bill.

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਡਾਂਗ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਅਮੈਂਡਮੈਂਟ ਵਾਪਸ ਲੈ ਲੈਣ, ਉਨ੍ਹਾਂ ਨਾਲ ਪਰਸਪਰ ਵਿਚਾਰ ਵੀ ਹੋ ਚੁਕਾ ਹੈ । ਅਸੀਂ ਇਕ ਰਿੱਟ ਦੇ ਫੈਸਲੇ ਦਾ ਵੇਟ ਕਰ ਰਹੇ ਹਾਂ ਜਿਹੜੀ ਕਿ ਪੈਂਡਿੰਗ ਹੈ । ਜਿਹੜੀਆਂ ਵੀ ਖਾਮੀਆਂ ਅਕਾਲੀ ਪਾਰਟੀ

*Placed in the Library.

ਵੇਲੇ ਇਸ ਬਿੱਲ ਦੀ ਸੁਧਾਈ ਦੇ ਵਿਚ ਰਹਿ ਗਈਆਂ ਸਨ ਅਸੀਂ ਛੇਤੀ ਹੀ ਸੋਧ ਕੇ ਫੇਰ ਇਹ ਬਿੱਲ ਲਿਆਉਣਾ ਹੈ । ਇਸ ਲਈ ਮੇਰੀ ਡਾਂਗ ਸਾਹਿਬ ਨੂੰ ਆਪਦੇ ਰਾਹੀਂ ਗੁਜ਼ਾਰਿਸ਼ ਹੈ ਕਿ ਉਹ ਅਜੇ ਆਪਣੀ ਤਰਮੀਮ ਵਾਪਸ ਲੈ ਲੈਣ ।

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਰੁਸਤ ਫਰਮਾਇਆ ਹੈ, ਪਰ ਇਹ ਗਲਤ ਬਿੱਲ ਅਕਾਲੀ ਮਨਿਸਟਰੀ ਵੇਲੇ ਪਾਸ ਕਰਵਾਇਆ ਗਿਆ ਸੀ। ਇਸ ਵਿਚ ਅਜੇ ਬਹੁਤ ਸਾਰੇ ਨੁਕਸ ਹਨ। ਮਿਸਾਲ ਦੇ ਤੌਰ ਤੇ ਇਸ ਵਿਚ ਇਹ ਪ੍ਰੋਵੀਜ਼ਨ ਹੈ ਕਿਸੇ ਟੀਚਰ ਨੂੰ ਡਿਸਮਿਸ ਕਰ ਦਿੱਤਾ ਜਾਵੇ ਤਾਂ ਇਸ ਦੀ ਡਿਸਮਿਸਲ ਦੀ ਮਨਜ਼ੂਰੀ ਡੀ. ਸੀ. ਤੋਂ ਲੈਣੀ ਪੈਂਦੀ ਹੈ । ਜੇਕਰ ਕਿਸੇ ਤੇ ਮਿਸ ਕੰਡਕਟ ਦਾ ਇਲਜ਼ਾਮ ਹੈ ਤਾਂ ਉਸ ਨੂੰ ਹਟਾਉਣ ਤੋਂ ਪਹਿਲਾਂ ਹੀ ਡੀ. ਸੀ, ਦੀ ਕੋਰਟ ਵਿਚ ਉਹ ਆਪਣੇ ਵਕੀਲ ਖੜ੍ਹੇ ਕਰ ਦਿੰਦਾ ਹੈ । ਇਸ ਢੰਗ ਨਾਲ ਅਗੇ ਲਈ ਡਿਸਪੈਰਟੀ ਨੇ ਵਧਣਾ ਹੈ । ਨਾ ਕੋਈ ਇਸ ਗਲ ਦਾ ਤੁਹਫਜ਼ ਹੀ ਹੈ । ਇਸੇ ਤਰ੍ਹਾਂ ਸਟਾਫ ਨੂੰ ਕਾਬੂ ਵਿਚ ਰਖਣ ਲਈ ਮੈਨੇਜਮੈਂਟ ਨੇ ਪ੍ਰੋਬੇਸ਼ਨ ਪੀਰੀਅਡ ਤੇ ਹੀ ਲਾਉਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਪਹਿਲਾਂ ਇਕ ਸਾਲ ਪ੍ਰੋਬੇਸ਼ਨ ਤੇ ਲਾ ਦਿਤਾ ਅਤੇ ਅਗਲੇ ਸਾਲ ਫੇਰ ਪ੍ਰੋਬੇਸ਼ਨ ਪੀਰੀਅਡ ਵੱਧਾ ਦਿੱਤਾ । ਇਸੇ ਤਰ੍ਹਾਂ 4-5 ਸਾਲ ਤੱਕ ਲਈ ਜਾਂਦੇ ਹਨ ਤਾਂ ਕਿ ਜਦੋਂ ਮਰਜ਼ੀ ਹੋਵੇ ਹਟਾ ਸਕਣ। ਫੇਰ ਸਰਕਾਰੀ ਕਰਮਚਾਰੀ ਨੂੰ ਜੇ ਸਸਪੈਂਡ ਕਰ ਦਿੱਤਾ ਜਾਵੇ ਤਾਂ ਭਾਵੇਂ ਕਲਾਸ 4 ਦਾ ਕਿਉਂ ਨਾ ਕੋਈ ਮੁਲਾਜ਼ਮ ਹੋਵੇ ਉਸ ਨੂੰ ਗੁਜ਼ਾਰੇ ਲਈ ਅਧੀ ਤਨਖਾਹ ਅਤੇ ਮਹਿੰਗਾਈ ਅਲਾਊਂਸ, ਜਦ ਤੱਕ ਸਸਪੈਨਸ਼ਨ ਦਾ ਫੈਸਲਾ ਨਾ ਹੋ ਜਾਵੇ, ਮਿਲਦੀ ਹੀ ਰਹਿੰਦੀ ਹੈ । ਪਰ ਪਰਾਈਵੇਟ ਮੈਨੇਜਮੈਂਟ ਵਿਚ ਇਸੇ ਤਰ੍ਹਾਂ ਨਹੀਂ ਹੋ ਸਕਦਾ ਚਾਹੇ ਕੋਈ 5 ਸਾਲ ਤਕ ਕਿਉਂ ਨਾ ਸਸਪੈਂਡ ਹੋਵੇ। ਉਨ੍ਹਾਂ ਨੂੰ ਸਬਸੀਡਾਈਜ਼ ਕਰਨ ਲਈ ਇਕ ਧੇਲਾ ਵੀ ਨਹੀਂ ਮਿਲਦਾ ।

ਇਸ ਤੋਂ ਇਲਾਵਾ ਇਕ ਗਲ ਤੇ ਹੋਰ ਧਿਆਨ ਦਿਵਾਉਣਾ ਚਾਹੁੰਦਾ ਹਾਂ । ਉਹ ਇਹ ਹੈ ਕਿ ਇਕ ਛੋਟੇ ਤੋਂ ਛੋਟੇ ਮੁਲਾਜ਼ਮ ਦੀ ਸਿਕਿਉਰਿਟੀ ਆਫ ਸਰਵਿਸ ਹੈ ਪਰ ਇਨ੍ਹਾਂ ਟੀਚਰਾਂ ਦੀ ਕੋਈ ਸਿਕਿਉਰਿਟੀ ਆਫ ਸਰਵਿਸ ਨਹੀਂ । ਜਿਹੜਾ ਤੁਸੀਂ ਤਰਮੀਮ ਕਰਾਉਣ ਦਾ ਯਤਨ ਕੀਤਾ ਸੀ ਕਿ ਜੇ ਕਿਸੇ ਤੇ ਇਕ ਚਾਰਜ ਹੋਵੇ ਤਾਂ ਉਹ ਡੀ. ਸੀ. ਕੋਲ ਅਪੀਲ ਕਰ ਸਕਦਾ ਹੈ, ਫੇਰ ਇਹ ਵੀ ਓਰੀਜਨਲ ਬਿੱਲ ਦੇ ਵਿਚ ਹੋਣਾ ਚਾਹੀਦਾ ਹੈ ਕਿ ਜੇ ਮੈਨੇਜਮੈਂਟ ਰੂਲਜ਼ ਦੀ ਉਲੰਘਣਾ ਕਰੇ ਤਾਂ ਉਸ ਨੂੰ ਕੀ ਸਜ਼ਾ ਹੋਣੀ ਚਾਹੀਦੀ ਹੈ ਗਰਾਂਟ ਬੰਦ ਹੋਵੇ, ਜਾਂ ਹੋਰ ਘੱਟ ਕਰਨੀ ਹੋਵੇ ਜਾਂ ਅਗਲੇ 3 ਮਹੀਨੇ ਲਈ ਗਰਾਂਟ ਨਾ ਮਿਲੇ, ਇਹ ਇਖਤਿਆਰ ਡਾਇਰੈਕਟਰ ਨੂੰ ਹੀ ਹੋਣਾ ਚਾਹੀਦਾ ਹੈ । ਹਾਈਕੋਰਟ ਦੇ ਵਿਚ ਰਿੱਟਾਂ ਤਾਂ ਲਗੀਆਂ ਹੀ ਰਹਿੰਦੀਆਂ ਹਨ । ਇਸ ਬਿਲ ਦੇ ਅਮੈਂਡ ਕਰਨ ਦੇ ਵਿਚ ਆਖਿਰ ਕੀ ਰੁਕਾਵਟ ਹੈ ? ਹਾਈਕੋਰਟ ਰਿਟ ਮਨਜ਼ੂਰ ਕਰੇ ਨਾ ਕਰੇ ਇਨ੍ਹਾਂ ਨੂੰ ਬਿਲ ਵਿਚ ਸੁਧਾਈਆਂ ਕਰਨੀਆਂ ਚਾਹੀਦੀਆਂ ਹਨ ਅਤੇ ਪਾਸ ਕਰਨਾ ਚਾਹੀਦਾ ਹੈ । ਮੇਰਾ ਖਿਆਲ ਹੈ ਵਜ਼ੀਰ ਸਾਹਿਬ ਮੇਰੀ ਇਸ ਗਲ ਨੂੰ ਜ਼ਰੂਰ ਹੀ ਮੰਨ ਲਣਗੇ ।

ਸਿੱਖਿਆ ਮੰਤਰੀ : ਸਪੀਕਰ ਸਾਹਿਬ, ਇਹ ਅਜੇ ਵਿਚਾਰਨ ਵਾਲੀ ਚੀਜ਼ ਹੈ । ਜੋ ਡਾਂਗ ਸਾਹਿਬ ਇਸ ਵਿਚ ਕਰਾਉਣਾ ਚਾਹੁੰਦੇ ਹਨ, ਅਸੀਂ ਜਿਹੜਾ ਬਿੱਲ ਸੋਧ ਕੇ ਲਿਆ ਰਹੇ ਹਾਂ ਇਸ ਦੇ ਵਿਚ ਆਲਰੇਡੀ ਪ੍ਰੋਵਾਈਡਿਡ ਹੈ। ਇਸ ਨੂੰ ਮੁੜ ਪਰਾਪਰਲੀ ਵੇਖ ਕੇ ਫੇਰ ਵਿਚਾਰ ਕਰਾਂਗੇ। ਇਸ ਲਈ ਅਜੇ ਡਾਂਗ ਸਾਹਿਬ ਨੂੰ ਆਪਣੀ ਅਮੈਂਡਮੈਂਟ ਵਾਪਸ ਲੈ ਲੈਣੀ ਚਾਹੀਦੀ ਹੈ ।

Mr. Speaker : Question is—

That leave be granted to introduce the Punjab Aided Schools (Security of Service) Amendment Bill.

[Mr. Speaker]

After ascertaining the votes of the House by voices, Mr. Speaker said, 'I think Noes have it.' This opinion was challenged. The bells were sounded. The question was put again and Mr. Speaker said, 'I think Noes have it'. Again it was challenged. The Members were asked to rise in their places. Thirty-two rose in support of the Motion and Fifty-nine against the Motion. The motion was declared lost.

The leave was not granted.

ਸੰਸਦੀ ਸਕੱਤਰ : ਸਪੀਕਰ ਸਾਹਿਬ, ਇਨ੍ਹਾਂ ਨੂੰ ਪੁਛ ਲਓ ਕਿ ਇਨ੍ਹਾਂ ਨੇ ਕਿਤਨੇ ਖਸਮ ਕਰਨੇ ਹਨ (ਹਾਸਾ) ਵਿਘਨ) (ਸ਼ੋਰ) ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਖਸਮ ਕਰਨ ਦੀ ਆਦਤ ਤਾਂ ਇਨ੍ਹਾਂ ਨੂੰ ਹੈ । ਜਦੋਂ ਇਧਰ ਦੀ ਵਜ਼ਾਰਤ ਹੁੰਦੀ ਹੈ ਤਾਂ ਨੀਲੀਆਂ ਬੰਨ੍ਹ ਕੇ ਇਧਰ ਆ ਜਾਂਦੇ ਹਨ ਅਤੇ ਜਦੋਂ ਉਨ੍ਹਾਂ ਦੀ ਵਜ਼ਾਰਤ ਆਈ ਹੈ ਤਾਂ ਚਿਟੀਆਂ ਬੰਨ੍ਹ ਕੇ ਉਧਰ ਬੈਠੇ ਹੋਏ ਹਨ (ਵਿਰੋਧੀ ਬੈਂਚਾਂ ਵਲੋਂ ਥੰਪਿਗ) (ਵਿਘਨ)

ਸੰਸਦ ਸਕੱਤਰ : ਕਦੇ ਇਨ੍ਹਾਂ ਦੀ ਯਾਰੀ ਜਨਸੰਘੀਆਂ ਨਾਲ ਹੁੰਦੀ ਹੈ ਅਤੇ ਕਦੇ ਅਕਾਲੀਆਂ ਨਾਲ ਹੁੰਦੀ ਹੈ। ਇਨ੍ਹਾਂ ਦਾ ਕਦੇ ਪਤਾ ਨਹੀਂ ਲਗਦਾ ਕਿ ਇਹ ਕਿਥੇ ਖੜ੍ਹੇ ਹਨ। (ਵਿਘਨ) (ਹਾਸਾ)

ਕਾਮਰੇਡ ਸਤ ਪਾਲ ਡਾਂਗ : ਜਦੋਂ ਤਕ ਉਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਦੇ ਰਹੇ, ਉਨ੍ਹਾਂ ਨਾਲ ਯਾਰੀ ਰਹੀ। ਜਦੋਂ ਤਕ ਇਹ ਵਾਅਦੇ ਪੂਰੇ ਕਰਦੇ ਰਹੇ ਇਨ੍ਹਾਂ ਨਾਲ ਯਾਰੀ ਰਹੀ ਅਤੇ ਜਦੋਂ ਇਹ ਕੀਤੇ ਵਾਅਦੇ ਭੁਲ ਗਏ ਤਾਂ ਲੜਾਈ ਸ਼ੁਰੂ ਹੋ ਗਈ। ਉਹ ਕਾਹਦੀ ਯਾਰੀ ਹੈ ? (ਵਿਘਨ) (ਸ਼ੋਰ) ਇਨ੍ਹਾਂ ਨੂੰ ਭੁਲੇਖਾ ਲਗਾ ਹੈ । (ਵਿਘਨ) (ਸ਼ੋਰ)

THE PUNJAB NON-GOVERNMENT AFFILIATED COLLEGES (SOCIETY OF SERVICE) BILL 1972

Comrade Satya Pal Dang : Sir, I beg to move for leave to introduce the Punjab Non-Government Affiliated Colleges (Security of Service) Bill 1972.

ਸਿਖਿਆ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਂ ਇਹ ਗੁਜ਼ਾਰਸ਼ ਕਰਦਾ ਹਾਂ ਕਿ ਜੇ ਮੈਂ ਇਹ ਕਹਾਂ ਕਿ ਡਾਂਗ ਸਾਹਿਬ ਨੇ ਠੇਕਾ ਲਿਆ ਹੋਇਆ ਹੈ ਹਰ ਇਕ ਗਲ ਤੋਂ ਮੁਕਰਨ ਦਾ.. (ਵਿਘਨ) (ਸ਼ੋਰ) ।

Comrade Satya Pal Dang : Sir, I object to this. He must withdraw.

ਸਿਖਿਆ ਮੰਤਰੀ : ਮੈਂ ਵਿਦਡਰਾ ਕਰਦਾ ਹਾਂ ਜੀ। ਸਪੀਕਰ ਸਾਹਿਬ, ਡਾਂਗ ਸਾਹਿਬ ਨਾਲ ਅਸੀਂ ਹਾਊਸ ਵਿਚੋਂ ਇਹ ਐਗਰੀ ਕੀਤਾ ਸੀ ਕਿ ਗੌਰਮਿੰਟ ਇਸ ਬਾਰੇ ਇਕ ਕੰਪਰੀਹੈਂਸਿਵ ਬਿੱਲ ਲਿਆਵੇਗੀ । ਪਰ ਇਸ ਤੋਂ ਪਹਿਲਾਂ ਇਹ ਸਰਕਾਰ ਟੀਚਰਾਂ ਦੇ, ਯੂਨੀਵਰਸਿਟੀ ਦੇ, ਮੈਨੇਜਮੈਂਟਾਂ ਦੇ ਰਿਪ੍ਰੀਜ਼ੈਂਟੇਟਿਵਜ਼ ਨਾਲ ਗਲ ਬਾਤ ਕਰਨਾ ਚਾਹੁੰਦੀ ਹੈ ਤਾਕਿ ਬਾਅਦ ਵਿਚ ਕੋਈ ਕੰਪਲੀਕੇਸ਼ੀ ਪੈਦਾ ਨਾ ਹੋਵੇ ਅਤੇ ਪੰਜਾਬ ਵਿਚ ਤਾਲੀਮ ਦਾ ਢਾਂਚਾ ਠੀਕ ਹੋ ਸਕੇ । ਇਸ ਲਈ ਮੈਂ ਡਾਂਗ ਸਾਹਿਬ ਨੂੰ ਰਿਕੁਵੈਸਟ ਕਰਾਂਗਾ ਕਿ ਉਹ ਇਹ ਬਿਲ ਵਿਦਡਰਾਅ ਕਰ ਲੈਣ ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੈਂ ਦੋ ਮਿੰਟ ਹੀ ਗਲ ਕਰਨੀ ਹੈ। ਸਭ ਤੋਂ ਪਹਿਲੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਜਨਸੰਘ ਨੂੰ ਹਰਾਉਣ ਲਈ ਇਨ੍ਹਾਂ ਨਾਲ ਸੀਟਾਂ ਦੀ ਵੰਡ ਕੀਤੀ ਸੀ। ਇਨ੍ਹਾਂ ਨੂੰ ਯਾਰੀ ਦਾ ਭੁਲੇਖਾ ਲਗਾ ਹੈ। ਇਨ੍ਹਾਂ ਨੂੰ ਇਹ ਗਲਤ ਫਹਿਮੀ ਹੈ ਕਿ ਅਸੀਂ ਵਾਅਦੇ ਤੋਂ ਮੁਨਕਰ ਹੋ ਜਾਂਦੇ ਹਾਂ ਅਸਲ ਵਿਚ ਇਹ ਆਪਣੇ ਵਾਅਦੇ ਤੋਂ ਮੁਨਕਰ ਹੋ ਜਾਂਦੇ ਹਨ, ਅਸੀਂ ਨਹੀਂ।

ਸ੍ਰੀ ਸਪੀਕਰ : ਤੁਸੀਂ ਬਿੱਲ ਤੇ ਬੋਲੋ। (Please speak on th e bill.)

ਸੰਸਦ ਸਕੱਤਰ : ਲੱਡੂ ਮੁੱਕ ਗਏ ਯਰਾਨੇ ਟੁੱਟ ਗਏ........(ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਯਰਾਨੇ ਤਾਂ ਟੁਟੇ ਜਦੋਂ ਇਨ੍ਹਾਂ ਨੇ ਲੋਕਾਂ ਦੀ ਸੇਵਾ ਕਰਨ ਦੀ ਥਾਂ ਆਪ ਲੱਡੂ ਖਾਣੇ ਸ਼ੁਰੂ ਕਰ ਦਿੱਤੇ। (ਥੰਪਿੰਗ) (ਹਾਸਾ) (ਵਿਘਨ)।

ਤੇ, ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੇ ਸਕੂਲ ਟੀਚਰਾਂ ਦੀ ਸਿਕਿਓਰਿਟੀ ਆਫ ਸਰਵਿਸ ਦਾ ਬਿੱਲ ਪਾਸ ਕੀਤਾ ਹੈ। ਇਸੇ ਤਰ੍ਹਾਂ ਇਨ੍ਹਾਂ ਨੂੰ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਦੀ ਸਿਕਿਓਰਿਟੀ ਆਫ ਸਰਵਿਸ ਦਾ ਬਿੱਲ ਪਾਸ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਪਿਛੇ ਜਿਹੇ ਉਨ੍ਹਾਂ ਟੀਚਰਾਂ ਨੇ ਇਸ ਗਲ ਲਈ ਹੜਤਾਲ ਕੀਤੀ ਹੋਈ ਸੀ। ਸਰਦਾਰ ਨਰਿੰਜਨ ਸਿੰਘ ਤਾਲਿਬ ਦੇ ਦਖਲ ਦੇਣ ਤੇ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਹਿੱਤ ਵਿਚ ਉਨ੍ਹਾਂ ਨੇ ਆਪਣੀ ਹੜਤਾਲ ਵਾਪਸ ਲੈ ਲਈ। ਸਰਕਾਰ ਨੇ ਇਹ ਵਾਇਦਾ ਕੀਤਾ ਹੈ ਕਿ ਉਹ ਯੂਨੀਵਰਸਿਟੀਆਂ ਨਾਲ ਅਤੇ ਕਾਲਜਾਂ ਦੀਆਂ ਮੈਨੇਜਮੈਂਟਸ ਨਾਲ ਗਲ ਬਾਤ ਕਰਕੇ ਇਸ ਲਈ ਕਾਨੂੰਨ ਬਣਾਏਗੀ। ਮੈਂ ਸਮਝਦਾ ਹਾਂ ਕਿ ਇਹ ਟੀਚਰਾਂ ਦੀ ਫਰਾਖਦਿਲੀ ਹੈ ਕਿ ਉਨ੍ਹਾਂ ਨੇ ਵਿਦਿਆਰਥੀਆਂ ਦੇ ਮੁਫਾਦ ਵਿਚ ਆਪਣੀ ਹੜਤਾਲ ਵਾਪਸ ਲੈ ਲਈ। ਮੈਂ ਸਮਝਦਾ ਹਾਂ ਕਿ ਉਹ ਹਕ ਬਜਾਨਬ ਹੁੰਦੇ ਜੇ ਉਹ ਇਨਸਿਸਟ ਕਰਦੇ ਕਿ ਇਹ ਬਿੱਲ ਇਸ ਸੈਸ਼ਨ ਵਿਚ ਹੀ ਪਾਸ ਹੋਣਾ ਚਾਹੀਦਾ ਹੈ। ਪਰ ਜੋ ਫੈਸਲਾ ਹੋਇਆ ਹੈ ਉਹ ਟੀਚਰਾਂ ਦਾ ਆਪਣਾ ਫੈਸਲਾ ਹੈ ਅਤੇ ਮੈਂ ਉਸ ਦੀ ਰੋਸ਼ਨੀ ਵਿਚ ਸਰਦਾਰ ਉਮਰਾਓ ਸਿੰਘ ਦੀ ਇਹ ਗਲ ਮੰਨਣ ਨੂੰ ਤਿਆਰ ਹਾਂ ਕਿ ਬਿੱਲ ਵਾਪਸ ਲੈ ਲਵਾਂ। ਪਰ ਮੈਂ ਇਸ ਬਾਰੇ ਇਕ ਹੋਰ ਬੇਨਤੀ ਕਰਦਾ ਹਾਂ ਕਿ ਇਹ ਹਾਊਸ ਵਿਚ ਇਕ ਹੋਰ ਐਸ਼ੋਰੈਂਸ ਦਿਵਾ ਦੇਣ ਕਿ ਕਾਲਜਾਂ ਦੇ ਟੀਚਿੰਗ ਸਟਾਫ ਦੇ ਨਾਲ ਨਾਲ ਹੀ ਨਾਨ–ਟੀਚਿੰਗ ਸਟਾਫ ਦੀ ਸਿਕਿਓਰਿਟੀ ਆਫ ਸਰਵਿਸ ਦਾ ਬਿਲ ਵੀ ਲਿਆਉਣਗੇ। ਜੋ ਕਲਰਕ ਜਾਂ ਚਪੜਾਸੀ ਜਾਂ ਚੌਕੀਦਾਰ ਇਨ੍ਹਾਂ ਪ੍ਰਾਈਵੇਟ ਕਾਲਜਾਂ ਵਿਚ ਕੰਮ ਕਰਦੇ ਹਨ, ਉਨ੍ਹਾਂ ਦੀ ਸਿਕਿਓਰਿਟੀ ਆਫ ਸਰਵਿਸ ਵੀ ਹੋਣੀ ਚਾਹੀਦੀ ਹੈ। ਇਸ ਨਾਲ ਇਨ੍ਹਾਂ ਦੀ ਪ੍ਰੈਸਟਿਜ ਵਧੇਗੀ ਹੀ, ਘਟੇਗੀ ਨਹੀਂ।

ਦੂਜੀ ਬੇਨਤੀ ਮੈਂ ਇਹ ਕਰਨੀ ਹੈ ਕਿ ਇਨ੍ਹਾਂ ਤੇ ਇਹ ਬੜਾ ਸਖਤ ਦਬਾ ਪਏਗਾ ਕਿ ਇਹ ਜੋ ਕਾਨੂੰਨ ਬਣਾਉਣਾ ਹੈ ਇਹ ਬੋਗਸ ਕਾਨੂੰਨ ਬਣਾਉਣ। ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਇਸ ਦਬਾ ਅੱਗੇ ਝੁਕਣ ਨਾ ਅਤੇ ਕੰਪਰੀਹੇਂਸਿਵ ਬਿੱਲ ਲਿਆਉਣ। ਇਨ੍ਹਾਂ ਦੀ ਐਸੋਰੈਂਸ ਦੀ ਰੋਸ਼ਨੀ ਵਿਚ ਮੈਂ ਆਪਣਾ ਬਿਲ ਵਾਪਸ ਲੈਂਦਾ ਹਾਂ।

Mr. Speaker : Has the hon. Member leave of the House to withdraw the motion for leave to introduce the Bill.

(Voices : Yes, yes.)

Mr. Speaker : The motion is withdrawn by leave of the House.

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ ਹੁਣੇ ਡਾਂਗ ਸਾਹਿਬ ਨੇ ਕਿਹਾ ਹੈ ਕਿ ਸਰਦਾਰ ਉਮਰਾਓ ਸਿੰਘ ਨੇ ਐਸ਼ੋਰੈਂਸ ਦਿੱਤੀ ਹੈ ਪਰ ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਅਤੇ ਸਰਦਾਰ ਗੁਰਮੇਜ ਸਿੰਘ ਕਹਿ ਰਹੇ ਹਨ "ਨੋ ਅਸ਼ੋਰੈਂਸ"। ਕਿਹੜੀ ਗਲ ਠੀਕ ਹੈ ? (ਵਿਘਨ)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਤਾਂ ਸਰਦਾਰ ਗੁਰਮੇਜ ਸਿੰਘ ਦੀ ਗਲ ਕਦੇ ਸੁਣਦਾ ਹੀ ਨਹੀਂ ਹੁੰਦਾ, ਪਰ ਜੇ ਇਨ੍ਹਾਂ ਨੇ ਸੁਣਿਆ ਹੈ ਤਾਂ ਮੈਂ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਸਰਦਾਰ ਉਮਰਾਓ ਸਿੰਘ ਦੀ ਅਸ਼ੋਰੈਂਸ ਤੇ ਬਿੱਲ ਵਿਦੜਾ ਕੀਤਾ ਹੈ, ਔਰ ਮੈਨੂੰ ਉਮੀਦ ਹੈ ਕਿ ਉਹ ਆਪਣੀ ਅਸ਼ੋਰੈਂਸ ਤੇ ਸਟੈਂਡ ਕਰਨਗੇ।

THE PUNJAB INDUSTRIAL ESTABLISHMENTS (DECLARATION OF PERMANENT POSTS) BILL 1972

Comrade Satya Pal Dang (Amritsar West) : Sir, I beg to move for leave to introduce the Punjab Industrial Establishments (Declaration of Permanent Posts) Bill, 1972.

ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਅੱਜ ਮੈਨੂੰ ਕੋਈ ਹੈਰਾਨੀ ਨਹੀਂ ਹੋਈ, ਸ਼ਰਮਾ ਸਾਹਿਬ ਇਸ ਨੂੰ ਆਪੋਜ਼ ਕਰਨ, ਕਿਉਂਕਿ ਨੌਂ ਮਹੀਨਿਆਂ ਵਿਚ ਪੰਜਾਬ ਦੇ ਇੰਡਸਟਰੀਅਲ ਵਰਕਰਜ਼ ਵਲ ਇਨ੍ਹਾਂ ਦਾ ਐਟੀਚੂਡ ਜੋ ਰਿਹਾ, ਇਨ੍ਹਾਂ ਦੀ ਸਰਕਾਰ ਦਾ ਜੋ ਐਟੀਚੂਡ ਰਿਹਾ ਉਸ ਦੀ ਰੋਸ਼ਨੀ ਵਿਚ ਅੱਜ ਮੈਨੂੰ ਕੋਈ ਹੈਰਾਨਗੀ ਨਹੀਂ ਹੋਈ ਹੈ। ਦਰਅਸਲ ਇਸ ਬਿੱਲ ਦਾ ਮਕਸਦ ਕੀ ਹੈ ? ਕਾਰਖਾਨਿਆਂ ਵਿਚ ਪਾਵਰ ਉਤੇ ਕਪੜਾ ਬੁਣਿਆ ਜਾਂਦਾ ਹੈ। 20,40, 100 ਪਾਵਰਾਂ ਰੋਜ਼ ਚਲਦੀਆਂ ਹਨ। ਹਰ ਰੋਜ਼ ਦੀਆਂ ਦੋ ਸ਼ਿਫਟਾਂ ਵੀ ਚਲਦੀਆਂ ਹਨ। ਸਾਲ ਵਿਚ 365 ਦਿਨ ਚਲਦੀਆਂ ਹਨ। ਇਹ ਵੀ ਦੇਖਣ ਵਾਲੀ ਗਲ ਹੈ ਕਿ ਪੱਕੇ ਕੰਮ ਤੇ ਪੱਕੇ ਮੁਲਾਜ਼ਮ ਕਿੰਨੇ ਹਨ। ਅਸਲ ਵਿਚ ਗਲ ਇਹ ਹੈ ਕਿ ਸਾਰੇ ਕਾਰਖਾਨਿਆਂ ਵਿਚ ਸਿਕਿਉਰਿਟੀ ਆਫ ਸਰਵਿਸ ਮੁਲਾਜ਼ਮਾਂ ਲਈ ਨਹੀਂ ਹੈ। ਇਨ੍ਹਾਂ ਤੋਂ ਆਸ ਸੀ ਕਿ ਹੁਨਰਮੰਦ ਮਜ਼ਦੂਰ ਨੂੰ ਘਟ ਤੋਂ ਘਟ ਇਹ ਉਤਨੀ ਤਨਖਾਹ ਦਿਵਾ ਦੇਣਗੇ ਜਿੰਨੀ ਕਿ ਇਕ ਚਪੜਾਸੀ ਨੂੰ ਮਿਲਦੀ ਹੈ ਮਤਲਬ ਕਿ 200 ਰੁਪਏ। ਪਰ ਇਨ੍ਹਾਂ ਨੇ ਕਿਹਾ 125 ਰੁਪਏ ਦੇਣੇ ਹਨ। ਐਨੀ ਮਹਿੰਗਾਈ ਵਿਚ ਕੋਈ ਬੰਦਾ 125 ਰੁਪਏ ਵਿਚ ਦੋ ਮਹੀਨੇ ਟੱਬਰ ਦਾ ਗੁਜ਼ਾਰਾ ਕਰਕੇ ਦਿਖਾਏ ਤਾਂ ਮੈਂ ਇਨ੍ਹਾਂ ਦੀ ਗੱਲ ਨੂੰ ਮੰਨ ਲਵਾਂਗਾ। ਇਹ ਇਕ ਬਿੱਲ ਇਕ ਕਾਨੂੰਨ ਬਣਾ ਦਿਉ ਕਿ ਹਰ ਕਾਰਖਾਨੇ ਦੇ ਮਾਲਕ ਲਈ ਇਹ ਲਾਜ਼ਮੀ ਹੋਵੇ ਕਿ ਉਹ ਇਹ ਸ਼ੋ ਕਰੇ ਕਿ ਉਸ ਦੇ ਕਾਰਖਾਨੇ ਵਿਚ ਪੱਕੀਆਂ ਅਸਾਮੀਆਂ ਕਿੰਨੀਆਂ ਹਨ ਅਤੇ ਪੱਕੇ ਮੁਲਾਜ਼ਮ ਕਿੰਨੇ ਹਨ। ਅਤੇ ਜੇ ਉਨ੍ਹਾਂ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੀ ਅਪੀਲ ਲੇਬਰ ਕਮਿਸ਼ਨਰ ਕੋਲ ਕਰ ਸਕਣ। ਪੱਕੀਆਂ ਅਸਾਮੀਆਂ ਉਤੇ ਪੱਕੇ ਆਦਮੀ ਰਖਣੇ ਚਾਹੁੰਦੇ ਹਨ। ਸਟੈਂਡਿੰਗ ਆਰਡਰ ਦੀ ਗਲ ਸੁਣ ਲਉ। ਇਸ ਨੂੰ ਪੜ੍ਹ ਲਿਆ ਜਾਵੇ, ਇਸ ਵਿਚ ਕੋਈ ਸਿਕਿਓਰਿਟੀ ਆਫ ਸਰਵਿਸ ਨਹੀਂ ਹੈ (ਵਿਘਨ) ਕਿਸੇ ਮਾਲਕ ਵਾਸਤੇ ਇਸ ਨਾਲ ਇਹ ਜ਼ਰੂਰੀ ਨਹੀਂ ਕਿ ਉਹ ਆਪਣੀ ਐਸਟੈਬਲਿਸ਼ਮੈਂਟ ਵਿਚੋਂ ਇਹ ਡਿਕਲੇਅਰ ਕਰੇ ਕਿ ਉਥੇ ਕਿੰਨੀਆਂ ਅਸਾਮੀਆਂ ਪੱਕੀਆਂ ਹਨ ਤਾਂਕਿ ਜੇ ਕਿਸ ਨੂੰ ਇਤਰਾਜ਼ ਹੋਵੇ ਤਾਂ ਉਹ ਅਪੀਲ ਕਰ ਸਕੇ। ਇਹ ਮੌਡਲ ਸਟੈਂਡਿੰਗ ਆਰਡਰਜ਼ ਤਹਿਤ ਵਰਕਰਜ਼ ਬੜੇ ਔਖੇ ਹਨ। ਫਿਰ ਇਹ ਕਹਿੰਦੇ ਹਨ ਕਿ ਸੋਸ਼ਲਿਜ਼ਮ ਲਿਆਉਣਾ ਹੈ। ਕੀ ਸੋਸ਼ਲਿਜ਼ਮ ਸਰਮਾਇਦਾਰ ਲਿਆਉਣਗੇ ? ਮੈਨੂੰ ਪਤਾ ਹੈ ਇਹ ਸਰਕਾਰ ਅਜਿਹੀ ਹੈ ਕਿ ਜਦੋਂ ਮੁਲਾਜ਼ਮ ਡਟ ਜਾਂਦੇ ਹਨ ਤਾਂ ਇਹ ਕਹਿ ਦਿੰਦੇ ਹਨ ਕਿ ਦੇ ਦਿਉ।

ਪਰ ਜਦੋਂ ਪਰਾਈਵੇਟ ਕਾਰਖਾਨਿਆਂ ਦੇ ਮਜ਼ਦੂਰਾਂ ਦਾ ਸਵਾਲ ਆਉਂਦਾ ਹੈ ਤਾਂ ਇਨ੍ਹਾਂ ਦੇ ਬੈਂਚਾਂ ਤੇ ਬੈਠੇ ਮਾਲਕ ਇਨ੍ਹਾਂ ਕੋਲੋਂ ਮਜ਼ਦੂਰਾਂ ਨੂੰ ਕੁਝ ਨਹੀਂ ਦਿਵਾਉਂਦੇ ਭਾਵੇਂ ਸਰਕਾਰ ਦਾ ਆਪਣਾ ਕੋਈ ਖਰਚ ਵੀ ਨਾ ਹੁੰਦਾ ਹੋਵੇ। ਮੈਂ ਸ਼ਰਮਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਮੁੜ ਵਿਚਾਰ ਕਰ ਲੈਣ, ਅਡਮਿਟ ਹੋਣ ਦੇਣ, ਡਿਸਕਸ਼ਨ ਕਰ ਲੈਣ, ਜੇ ਬੇਨਤੀ ਕਰਨਗੇ ਕਿ ਇਸ ਵਿਚ ਅਮੈਂਡਮੈਂਟ ਹੋਣੀਆਂ ਚਾਹੀਦੀਆਂ ਹਨ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੋਣਾ। ਇਸ ਵੇਲੇ ਕੋਈ ਸਿਕਿਉਰਿਟੀ ਆਫ ਸਰਵਿਸ ਨਹੀਂ ਹੈ। ਪੱਕੇ ਥਾਵਾਂ ਤੇ ਕੱਚੇ ਆਦਮੀ ਤਿੰਨ ਤਿੰਨ ਮਹੀਨੇ ਜਾਂ ਛੇ ਛੇ ਮਹੀਨਿਆਂ ਵਾਸਤੇ ਰਖ ਲੈਂਦੇ ਹਨ ਅਤੇ ਟਰਮ ਪੂਰੀ ਹੋਣ ਤੇ ਕੱਢ ਦਿੰਦੇ ਹਨ ਤਾਂਕਿ ਉਨ੍ਹਾਂ ਨੂੰ ਗਰੈਚੁਅਟੀ ਨਾ ਦੇਣੀ ਪਵੇ। ਪਰਾਵੀਡੈਂਟ ਫੰਡ ਲਾਗੂ ਨਾ ਹੋਵੇ। ਜਿੰਨੇ ਕਾਨੂੰਨ ਵਰਕਰਜ਼ ਨੇ ਲੜ ਝਗੜ ਕੇ ਹਿੰਦੁਸਤਾਨ ਵਿਚ ਬਣਵਾਏ ਉਹ ਲਾਗੂ ਕਰੇ (ਵਿਘਨ) ਜਿੰਨਾਂ ਚਿਰ ਇਹੋ ਜਿਹੇ ਕਾਨੂੰਨ ਨਹੀਂ ਬਣਾਉਂਦੇ, ਉਨਾ ਚਿਰ ਵਰਕਰਜ਼ ਨੂੰ ਕੋਈ ਲਾਭ ਨਹੀਂ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸ਼ਰਮਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਆਪਣੇ ਵਕਾਰ ਦਾ ਸਵਾਲ ਨਾ ਬਣਾਉਣ ਇਸ ਨੂੰ ਇੰਟਰੋਡਿਊਸ ਹੋਣ ਦੇਣ ਅਤੇ ਫੇਰ ਅਗਲੇ ਸੈਸ਼ਨ ਵਿਚ ਪਾਸ ਕਰ ਦੇਣ।

Mr. Speaker : Motion moved—

> **That leave be granted to introduce the Punjab Industrial Establishments (Declaration of Permanent Posts) Bill.**

ਵਿੱਤ ਮੰਤਰੀ (ਸ੍ਰੀ ਹੰਸਰਾਜ ਸ਼ਰਮਾ) : ਸਪੀਕਰ ਸਾਹਿਬ, ਜਿਹੜੇ ਪੁਆਇੰਟਸ ਡਾਂਗ ਸਾਹਿਬ ਨੇ ਰਖੇ ਹਨ, ਬਿਲਕੁਲ ਇਨ੍ਹਾਂ ਪੁਆਇੰਟਸ ਨੂੰ ਮੁਖ ਰਖਕੇ ਹਿੰਦ ਸਰਕਾਰ ਨੇ ਸਾਰੀਆਂ ਸਟੇਟਾਂ ਦੇ ਲੇਬਰ ਮਨਿਸਟਰਾਂ ਨੂੰ ਬੁਲਾ ਕੇ, ਕੇਰੇਲਾ ਦੇ ਲੇਬਰ ਮਨਿਸਟਰ ਨੂੰ ਵੀ ਬੁਲਾਕੇ ਇਕ ਕਾਨਫਰੰਸ ਕੀਤੀ ਹੈ ਅਤੇ ਇਹ ਫੈਸਲਾ ਕੀਤਾ ਹੈ ਕਿ ਆਪਣੀਆਂ ਆਪਣੀਆਂ ਸਟੇਟਾਂ ਵਿਚ ਅਜੇ ਇਸ ਸਬੰਧੀ ਕਾਨੂੰਨ ਨਾ ਬਣਾਉ। ਕਿਉਂਕਿ ਇਕ ਕੰਪਰੀਹੈਂਸਿਵ ਲੈਜਿਸਲੇਸ਼ਨ ਲੇਬਰ ਕਲਾਸ ਤੇ ਉਹ ਪਾਰਲੀਮੈਂਟ ਵਿਚ ਲਿਆ ਰਹੇ ਹਨ। ਪਿਛਲੇ ਸੈਸ਼ਨ ਵਿਚ ਡਾਂਗ ਸਾਹਿਬ ਗਰੈਚੁਅਟੀ ਤੇ ਮੇਰੀ ਗਲ ਨਹੀਂ ਮੰਨਦੇ ਸੀ। ਮੈਂ ਇਹ ਕਹਿ ਕੇ ਛੁਟਕਾਰਾ ਕਰਾਇਆ ਸੀ ਕਿ ਜੇ ਸੈਂਟਰ ਵਿਚ ਇਸ ਸਬੰਧੀ ਬਿਲ ਨਾ ਆਇਆ ਤਾਂ ਇਥੇ ਅਸੈਂਬਲੀ ਵਿਚ ਇਹ ਚੀਜ਼ ਲਿਆਵਾਂਗੇ। ਇਹ ਮੇਰੀ ਗਲ ਠੀਕ ਨਿਕਲੀ। ਉਹ ਪਾਰਲੀਮੈਂਟ ਵਿਚ ਪਾਸ ਹੋ ਗਿਆ ਅਤੇ ਉਹ ਐਕਟ ਲਾਗੂ ਹੋ ਗਿਆ। ਕਾਰਖਾਨਿਆਂ ਵਿਚ ਪੋਸਟਾਂ ਪਰਮਾਨੈਂਟ ਕਰਾਰ ਦੇਣਾ, ਇਹ ਕਾਫੀ ਨਹੀਂ ਹੋਏਗਾ। ਪਿਛਲੀਆਂ ਇਹੋ ਜਿਹੀਆਂ ਚੀਜ਼ਾਂ ਸਾਨੂੰ ਦੇਖਣੀਆਂ ਪੈਣਗੀਆਂ ਕਿ ਕਿੰਨੇ ਵਰਕਰਜ਼ ਹੋਣ ਤਾਂ ਪਕੀਆਂ ਪੋਸਟਾਂ ਬਣ ਸਕਦੀਆਂ ਹਨ। ਫੈਕਟਰੀਆਂ ਕਿੰਨੀਆਂ ਪਰਮਾਨੈਨਟ ਬੇਸਿਜ਼ ਤੇ ਚਲ ਰਹੀਆਂ ਹਨ। ਕਿੰਨੀਆਂ ਫੈਕਟਰੀਆਂ ਸਾਲ ਵਿਚ ਨੌਂ ਮਹੀਨੇ ਬੰਦ ਰਹਿੰਦੀਆਂ ਹਨ, ਕਿੰਨੀਆਂ ਪਰਮਾਨੈਂਟ ਹਨ ਅਤੇ ਕਿੰਨੀਆਂ ਟੈਂਪਰੇਰੀ ਹਨ। ਇਹ ਐਨੀਆਂ ਅਸਾਨ ਚੀਜ਼ਾਂ ਨਹੀਂ ਹਨ। ਇਸ ਕਰਕੇ ਮਿਸਟਰ ਖਾਡੇਲਕਰ ਨੇ ਲੇਬਰ ਮਨਿਸਟਰਜ਼ ਨੂੰ ਕਿਹਾ ਹੈ ਕੋਈ ਪਰੋਗਰੈਸਿਵ ਲਾਅ ਹਾਲੇ ਆਪਣੀਆਂ ਆਪਣੀਆਂ ਸਟੇਟਾਂ ਵਿਚ ਨਾ ਕਰੋ। ਕਿਉਂਕਿ ਇਕ ਕੰਪਰੀਹੈਂਸਿਵ ਲਾਅ ਪਾਰਲੀਮੈਂਟ ਵਿਚ ਪੁਟ ਹੋ ਰਿਹਾ ਹੈ। ਉਹਦੇ ਵਿਚ ਇਹ ਮਸਲਾ ਆਉਂਦਾ ਹੈ (ਵਿਘਨ) ਦੂਸਰਾ ਡਾਂਗ ਸਾਹਿਬ ਨੇ ਕਿਹਾ ਹੈ ਕਿ ਸਟੈਂਡਿੰਗ ਆਰਡਰਜ਼ ਤੋਂ ਅਮਲ ਨਹੀਂ ਹੋ ਰਿਹਾ ਹੈ। ਸਟੈਂਡਿੰਗ ਆਰਡਰਜ਼ ਅੰਡਰ ਦੀ ਐਕਟ ਗਵਰਨਡ ਉਨ੍ਹਾਂ ਵਿਚ ਜਿੰਨੀਆਂ ਅਮੈਂਡਮੈਂਟਸ ਹੋਈਆਂ, ਉਹ ਸ਼ਾਮਿਲ ਕਰਕੇ ਪੰਜਾਬ ਵਿਚ ਅਮਲ ਕਰਦੇ ਪਏ ਹਾਂ। ਈਵਨ ਇੰਡਸਟ੍ਰੀਅਲ ਡਿਸਪਿਊਟ ਐਕਟ ਥਲੇ ਜਿਹੜਾ 240 ਦਿਨ ਕੰਮ ਕਰ ਲਏ ਉਹ ਪਰਮਾਨੈਂਟ ਹੋ ਜਾਂਦਾ ਹੈ।

ਕਾਮਰੇਡ ਰਾਜ ਕੁਮਾਰ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕਲ ਵੀ ਅਤੇ ਅੱਜ ਵੀ ਸ਼ਰਮਾ ਸਾਹਿਬ ਨੇ ਇਕ ਸਟੇਟਮੈਂਟ ਰੀਪੀਟ ਕੀਤੀ ਹੈ, ਇਹ ਇੰਪ੍ਰੈਸ਼ਨ ਦੇਣ ਵਾਸਤੇ ਕਿ ਇੰਪਲੀਮੈਂਟੇਸ਼ਨ ਆਫ ਸਟੈਂਡਿਗ ਆਰਡਰਜ਼ ਸਬਸਟੀਚੂਟ ਹੈ, ਸਿਕਿਊਰਿਟੀ ਆਫ਼ ਸਰਵਿਸ ਸੀਕ ਕਰਨ ਦੇ ਸਿਲਸਿਲੇ ਵਿਚ ਕੋਈ ਲੈਜਿਸਲੇਸ਼ਨ ਲਿਆਉਣ ਵਿਚ...(ਵਿਘਨ)

ਵਿੱਤ ਮੰਤਰੀ : ਟਾਈਮ ਲੈ ਕੇ ਬੋਲੋ (ਵਿਘਨ) ਤੁਹਾਨੂੰ ਇਹ ਸ਼ੋਭਾ ਨਹੀਂ ਦਿੰਦਾ (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਇਨ੍ਹਾਂ ਨੂੰ ਜੇ ਸ਼ੋਭਾ ਨਹੀਂ ਦਿੰਦਾ ਤਾਂ ਕੀ ਮਨਿਸਟਰ ਸਾਹਿਬ ਨੂੰ ਇਹ ਸ਼ੋਭਾ ਦਿੰਦਾ ਹੈ ਕਿ ਇਹ ਰੋਜ਼ ਗਲਤ ਬਿਆਨ ਕਰੀ ਜਾਣ (ਵਿਘਨ) ਸਿਕਿਊਰਿਟੀ ਆਫ ਸਰਵਿਸ ਖਤਮ ਕਰ ਦੇਣ। (ਵਿਘਨ)

ਵਿੱਤ ਮੰਤਰੀ : ਜੋ ਮੈਂ ਬਿਆਨ ਦਿਆਂਗਾ ਜ਼ਿੰਮੇਵਾਰੀ ਨਾਲ ਦਿਆਂਗਾ। ਮੈਂ ਹਾਊਸ ਦੀ ਇੱਜ਼ਤ, ਮੈਂਬਰਾਂ ਦੀ ਇੱਜ਼ਤ ਨੂੰ ਸਮਝਦਾ ਹਾਂ। (ਵਿਘਨ) ਇਹ ਗਰੈਚੁਅਟੀ ਵਾਸਤੇ ਕਹਿੰਦੇ ਹਨ, ਨਹਾਇਤ ਕੰਪ੍ਰੀ-ਹੈਂਸਿਵ ਬਿਲ ਪਾਰਲੀਮੈਂਟ ਵਿਚ ਆ ਰਿਹਾ ਹੈ, ਜਿਸ ਵਿਚ ਸਾਰੀਆਂ ਚੀਜ਼ਾਂ ਸ਼ਾਮਿਲ ਹੋਣਗੀਆਂ।

ਕਾਮਰੇਡ ਸੱਤ ਪਾਲ ਡਾਂਗ : ਜੋ ਬਿਆਨ ਕਰਦੇ ਹਨ ਇਹ ਝੂਠੋਂ ਝੂਠੇ ਅਤੇ ਗਲਤੋਂ ਗਲਤ ਕਰਦੇ ਹਨ (ਵਿਘਨ)

ਵਿੱਤ ਮੰਤਰੀ : ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਝੂਠ ਔਰ ਗਲਤ ਲਫਜ਼ ਵਾਪਸ ਲੈਣ। (ਵਿਘਨ) ਮੈਂ ਕਹਿ ਰਿਹਾ ਸੀ ਕਿ ਨਹਾਇਤ ਕੰਪਰੀਹੈਂਸਿਵ ਬਿੱਲ ਪਾਰਲੀਮੈਂਟ ਵਿਚ ਆ ਰਿਹਾ ਹੈ। ਇਸ ਬਾਰੇ ਮੀਟਿੰਗਜ਼ ਹੋ ਰਹੀਆਂ ਹਨ। ਡਾਂਗ ਸਾਹਿਬ ਨੂੰ ਪਤਾ ਹੈ। ਇੰਟਕ ਅਤੇ ਹੋਰ ਆਲ ਇੰਡੀਆ ਲੈਵਲ ਤੇ ਜਿੰਨੀਆਂ ਵੀ ਮਜ਼ਦੂਰ ਸਭਾਵਾਂ ਹਨ ਉਨ੍ਹਾਂ ਦੀਆਂ ਮੀਟਿੰਗਜ਼ ਹੋ ਚੁਕੀਆਂ ਹਨ। (ਵਿਘਨ)

ਪਾਰਲੀਮੈਂਟ ਵਿਚ ਇਹ ਲੈਜਿਸਲੇਸ਼ਨ ਆ ਰਹੀ ਹੈ।(ਵਿਘਨ) ਪਰ ਜੇ ਉਥੇ ਨਾ ਇਹ ਬਿੱਲ ਆਇਆ ਤਾਂ ਸਾਨੂੰ ਦੇਖਣਾ ਪਵੇਗਾ ਕਿ ਕਿੰਨੇ ਮਜ਼ਦੂਰ ਕੰਮ ਕਰਦੇ ਹਨ। ਫਿਰ ਇਹ ਵੀ ਦੇਖਣਾ ਪਵੇਗਾ ਕਿ ਸੀਜ਼ਨਲ ਫੈਕਟਰੀਆਂ ਕਿੰਨੀਆਂ ਹਨ। ਦੂਸਰਾ ਪੁਆਇੰਟ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਵੀ ਸਟੇਟ ਵਿਚ, ਨਾਟ ਵਿਦਿਨ ਕਰੇਲਾ, ਕਿਸੇ ਵੀ ਸਟੇਟ ਵਿਚ ਬਿੱਲ ਇੰਟਰੋਡੂਸ ਨਹੀਂ ਹੋਇਆ ਕਿਉਂਕਿ ਉਨ੍ਹਾਂ ਨੂੰ ਸੈਂਟਰ ਨੇ ਬੰਦ ਕੀਤਾ ਹੈ।(ਵਿਘਨ) ਜਦ ਇਨ੍ਹਾਂ ਦੀ ਪਾਰਟੀ ਦਾ ਰਾਜ ਸੀ ਇਹ ਵੀ ਲਿਆ ਸਕਦੇ ਸੀ। (ਵਿਘਨ) ਜਿਨ੍ਹਾਂ ਤੁਹਾਨੂੰ ਮਜ਼ਦੂਰਾਂ ਦਾ ਦਰਦ ਹੈ ਉਤਨਾ ਸਾਨੂੰ ਵੀ ਹੈ। (ਵਿਘਨ) ਵੇਜਿਜ਼ 100 ਰੁਪਏ ਤੋਂ 125 ਰੁਪਏ ਕੀਤੇ ਹਨ (ਵਿਘਨ) ਲੇਕਿਨ ਫਿਰ ਵੀ ਸਾਡੀ ਤਸੱਲੀ ਨਹੀਂ ਹੋਈ (ਵਿਘਨ) ਮਿਨੀਮਮ ਵੇਜਿਜ਼ ਕਮੇਟੀਆਂ ਬਣੀਆਂ ਹਨ, 16 ਇੰਡਸਟਰੀਜ਼ ਵਿਚ। ਟੈਕਸਟਾਈਲ ਇੰਡਸਟਰੀ ਵਿਚ ਵੀ ਬਣੀ ਹੈ (ਵਿਘਨ) ਜਿਸ ਦੀਆਂ ਮੀਟਿੰਗਜ਼ ਹੋ ਰਹੀਆਂ ਹਨ। ਜਿਥੋਂ ਤਕ ਗੌਰਮੈਂਟ ਦਾ ਸਵਾਲ ਹੈ ਉਥੇ ਕੈਬਨਿਟ ਦਾ ਡਸੀਜ਼ਨ ਹੁੰਦਾ ਹੈ। ਉਥੇ ਇੰਪਲਾਇਰ ਅਤੇ ਇੰਪਲਾਈਜ਼ ਨੂੰ ਵੀ ਬਿਠਾਉਂਦੇ ਹਾਂ।(ਵਿਘਨ) ਪਰ ਤੁਸੀਂ ਕੁਝ ਨਹੀਂ ਕੀਤਾ। ਮੈਂ ਕਹਿੰਦਾ ਹਾਂ ਕਿ ਮਜ਼ਦੂਰ ਤਬਕੇ ਦੀ ਰਖਿਆ ਕੀਤੀ ਜਾਵੇਗੀ। ਮੈਂ ਡਾਂਗ ਸਾਹਿਬ ਨੂੰ ਕਹਾਂਗਾ ਕਿ ਉਹ ਇਹ ਲਫ਼ਜ਼ਾਂ ਨੂੰ ਵਾਪਿਸ ਲੈ ਲੈਣ ਤਾਕਿ ਸਾਨੂੰ ਵੋਟਾਂ ਪਾਉਣ ਦੀ ਕੋਸ਼ਿਸ਼ ਹੀ ਨਾ ਕਰਨੀ ਪਵੇ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਪ੍ਰਿਵਿਲਿਜ਼ ਦਾ ਪੁਆਇੰਟ ਹੈ। (ਵਿਘਨ)

The Finance Minister has said that a comprehensive legislation covering security of service for workers in private establishments is being considered to be brought forward before the Parliament. He has made a wrong statement knowingly. The comprehensive legislation which is being considered there does not cover this point. In this connection, I am giving you a written privilege motion just now.

Finance Minister : I will face it when the Bill is actually introduced in the Parliament and not before that.

Mr. Speaker : Question is—

That leave be granted to introduce the Punjab Industrial Establishments (Declaration of Permanent Posts) Bill.

After ascertaining the votes of the House by voices, Mr. Speaker said 'I think Noes have it'. This opinion was challenged. The bells were sounded. The question was put again and Mr. Speaker said, 'I think Noes have it,. Again it was challenged . The Members were asked to rise in their places. Thirty-four rose in support of the Motion and Fifty-nine against the Motion. The motion was declared lost.

The leave was refused.

RESOLUTION

(i) REGARDING NATIONALISATION OF THREE FORIEGN OIL COMPANIES

Comrade Raj Kumar : Sir, I beg to move :—

"This House recommends to the Government to approach the Government of India with the request that the three Foreign Oil Companies operating in India, namely, Burmah-Shell, Esso and Caltex be nationalised in the national interest and in the interest of Job Security of Oil workers employed in these Companies."

Mr. Speaker : Motion moved—

"This House recommends to the Government to approach the Government of India with the request that the three Foreign Oil Companies operating in India, namely, Burmah-Shell, Esso and Caltex be nationalised in the national interest and in the interest of Job Security of Oil workers employed in these Companies."

Mr. Speaker : Question is—

"This House recommends to the Government to approach the Government of India with the request that the three Foreign Oil Companies operating in India, namely, Burmah-Shell, Esso and Caltex be nationalised in the national interest and in the interest of Job Security of Oil workers employed in these Companies."

The motion was carried unanimously.

Acharya Prithvi Singh Azad : On a point of order, Sir. Sir my objection is about moving the Resolution first. Under Rule 147, this Resolution cannot come.

ਸਿੱਖਿਆ ਮੰਤਰੀ : ਇਹ ਰੂਲ ਤਾਂ ਸਸਪੈਂਡ ਹੋ ਗਿਆ ਹੈ। (ਵਿਘਨ)

ਸ੍ਰੀ ਸਪੀਕਰ: ਆਚਾਰੀਆ ਜੀ, ਮੈਂ ਤੁਹਾਡੇ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਇਹ ਰੂਲ 147 ਸਸਪੈਂਡ ਹੋ ਗਿਆ ਹੈ ਅਤੇ ਜਿਹੜੀ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਇਸ ਆਗਸਟ ਹਾਊਸ ਨੇ ਅਡਾਪਟ ਕੀਤੀ ਹੈ, ਉਸ ਦਾ ਰੈਲੇਵੈਂਟ ਪੋਰਸ਼ਨ ਮੈਂ ਆਪ ਨੂੰ ਪੜ੍ਹ ਕੇ ਸੁਣਾਉਂਦਾ ਹਾਂ:—

(Acharya Ji, for your information I would like to inform you that rule 147 has been suspended and I read out the relevant portion of the report of the Business Advisory Committee as adopted by this August House.)

Rules relating to notice period of Resolutions, ballotting of Resolutions transaction of business other than non-official on Thursday etc. will to the extent of their inconsistency with the above recommendations stand suspended.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਸ਼ੇਅਰ ਨਹੀਂ ਪੜ੍ਹਿਆ :

"ਨਯਾ ਸਫ਼ਰ ਹੈ ਪੁਰਾਣੇ ਚਿਰਾਗ ਗੁਲ ਕਰ ਦੀਏ ਹੈਂ ।"

(ii) REGARDING NATIONALISATION OF EDUCATION

Sardar Prem Singh Prem ; Sir, I beg to move —

That this House recommends to the Government to approach the Union Government with the request that immediate steps be taken to so amend the Constitution as to enable the State Governments to nationalise education.

आचार्य पृथ्वी सिंह आजाद : आन ए प्वायंट आफ आर्डर, सर । स्पीकर साहिब, मेरा प्वायंट आफ आर्डर यह है कि कान्सटीच्यूशन के आर्टीकल 30 के नीचे एक अधिकार दिया हुआ है, जो इस प्रकार है :

"Right of minorities to establish and administer educational institutions. All minorities, whether based on religion or language, shall have the right to establish and administer educational institutions of their choice. (Interruptions)

स्पीकर साहिब, यह जो आर्टीकल है यह माईनारिटी के लिए वसीह अधिकार प्रदान करता है । इस हाऊस को इस लिए अधिकार नहीं है कि ऐसा किया जाए। यह माईनारिटी के साथ अत्याचार होगा । इस लिए यह प्रस्ताव इस सदन में नहीं आना चाहिए ।

ਸ੍ਰੀ ਸਪੀਕਰ : ਆਚਾਰੀਆ ਜੀ, ਇਹ ਕੋਈ ਪਹਿਲੀ ਵਾਰ ਕਾਨਸਟੀਚਿਊਸ਼ਨ ਨੂੰ ਅਮੈਂਡ ਕਰਨ ਲਈ ਰੈਜ਼ੋਲਿਊਸ਼ਨ ਇਸ ਹਾਊਸ ਵਿੱਚ ਨਹੀਂ ਆਇਆ, ਇਸ ਤੋਂ ਪਹਿਲਾਂ ਵੀ ਬਹੁਤ ਵਾਰ ਇਹੋ ਜਿਹੇ ਰੈਜ਼ੋਲਿਊਸ਼ਨ ਆ ਚੁੱਕੇ ਹਨ । ਇਥੋਂ ਤਕ ਕਿ ਫਾਰਮ ਆਫ਼ ਗੌਰਮਿੰਟ ਚੇਂਜ ਕਰਨ ਵਾਸਤੇ ਵੀ ਰੈਜ਼ੋਲਿਊਸ਼ਨ ਐਡਮਿਟ ਹੋਏ ਹਨ । (ਵਿਘਨ)

(Acharya Ji, this is not the first occasion when a resolution has been introduced in this House suggesting thc amendments in the Constitution. Quite a number of such resolutions have come before this House in the past. So much so that resolutions suggesting a change in the form of the Government have too been admitted.) (Interruption).

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਾਇਨੋਰਿਟੀ ਨੂੰ ਕੋਈ ਇਤਰਾਜ਼ ਨਹੀਂ । ਇਹ ਮੈਜਾਰਿਟੀ ਕਿਉਂ ਇਤਰਾਜ਼ ਕਰਦੀ ਹੈ ।

Acharya Prithvi Singh Azad : I have my right to represent that this is against the interests of minority communities. You may pass it. I have no objection.

Mr. Speaker : You have every right, Acharya Ji.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਸ ਦੇ ਖਿਲਾਫ ਨਹੀਂ ਹਾਂ, ਹੱਕ ਵਿੱਚ ਹਾਂ। ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਵਜ੍ਹਾ ਲਿਖੀ ਹੈ ਉਹ ਠੀਕ ਨਹੀਂ। (ਵਿਘਨ)

Mr. Speaker : Motiod moved:

This House recommends to the Government to approach the Union Government with the request that immediate steps be taken to so amend the Constitution as to enable the State Governments to nationalise education.

Mr. Speaker : Question is—

That this House recommends to the Government to approach the Union Government with the request that immediate steps be taken to so amend the Constitution as to enable the State Governments to nationalise education.

The motion was carried.

BILLS

THE PUNJAB LAND REFORMS BILL (BILL NO. 15-PLA OF 1972) (WITHDRAWN)

Education and Revenue Minister (Sardar Umrao Singh) : Sir, I beg to move for leave to withdraw the Punjab Land Reforms Bill (Bill No. 15—PLA of 1972).

Mr. Speaker : Motion moved—

That leave be granted to withdraw the Punjab Land Reforms Bill (Bill No. 15-PLA of 1972).

Mr. Speaker : Question is—

That leave be granted to withdraw the Punjab Land Reforms Bill (Bill No. 15-PLA of 1972).

The motion was Carried.

THE PUNJAB LAND REFORMS BILL 1972

(BILL NO. 31—PLA OF 1972)

Education and Revenue Minister (Sardar Umrao Singh) : Sir, I beg to introduce the Punjab Land Reforms Bill (Bill No. 31-PLA of 1972).

Sir, I also move that the Punjab Land Reforms Bill (Bill No. 31-PLA of 1972) be taken into consideration at once.

ਸਪੀਕਰ ਸਾਹਿਬ, ਅੱਜ ਜਿਹੜਾ ਹਿਸਟੌਰਿਕ ਬਿਲ ਇਸ ਸਦਨ ਵਿੱਚ ਪੇਸ਼ ਕੀਤਾ ਗਿਆ ਹੈ। ਮੈਂ ਉਸ ਦੇ ਬਾਰੇ ਕਹਾਂਗਾ ਕਿ ਇਹ ਇਕ ਇਤਿਹਾਸਕ ਬਿੱਲ ਹੀ ਨਹੀਂ ਬਲਕਿ ਇਕ ਇਨਕਲਾਬੀ ਬਿੱਲ਼ ਹੈ। ਇਹ ਮੈਂ ਇਸ ਕਰਕੇ ਇਨਕਲਾਬੀ ਬਿੱਲ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਸ ਦੇ ਵਿਚ ਪਿਛਲੇ 20 ਸਾਲਾਂ ਦੇ ਵਿੱਚ ਜੋ ਅਸੀਂ ਲੈਂਡ ਰੀਫਾਰਮ ਦੇ ਸਿਲਸਿਲੇ ਵਿਚ ਰੁਕਾਵਟਾਂ

(ਸਿੱਖਿਆ ਮੰਤਰੀ)

ਦੇਖੀਆਂ ਹਨ ਉਨ੍ਹਾਂ ਨੂੰ ਇਸ ਦੇ ਵਿੱਚ ਦੂਰ ਕਰਨ ਦਾ ਯਤਨ ਕੀਤਾ ਹੈ । ਇਹ ਯਤਨ ਇਸ ਕਰਕੇ ਕੀਤਾ ਗਿਆ ਹੈ ਤਾਂ ਕਿ ਆਪਣੇ ਦੇਸ਼ ਦੇ ਵਿੱਚ, ਪੰਜਾਬ ਦੇ ਸੂਬੇ ਦੇ ਵਿੱਚ ਜੋ ਸਾਡਾ ਲੋਕਾਂ ਨਾਲ ਵਾਇਦਾ ਹੈ ਉਹ ਪੂਰਾ ਕਰਨ ਦਾ ਯਤਨ ਕੀਤਾ ਜਾਵੇ । ਇਹ ਅਸੀਂ ਵਾਇਦਾ ਕੀਤਾ ਹੈ ਕਿ ਇਥੇ ਗਰੀਬਾਂ ਨੂੰ ਅਸੀਂ ਹਰ ਕਿਸਮ ਦੀਆਂ ਸਹੂਲਤਾਂ ਦੇਣੀਆਂ ਹਨ । ਜਿਨ੍ਹਾਂ ਦੇ ਪਾਸ ਸਰਪਲਸ ਜ਼ਮੀਨ ਹੈ ਉਹ ਜ਼ਮੀਨ ਉਨ੍ਹਾਂ ਤੋਂ ਲੈ ਕੇ ਲੋੜਵੰਦ ਗਰੀਬ ਜਨਤਾ ਨੂੰ, ਗਰੀਬ ਹਰੀਜਨ ਅਤੇ ਦੂਸਰੇ ਜਿਹੜੇ ਲੈਂਡਲੈਸ ਵਰਕਰਜ਼ ਹਨ, ਉਨ੍ਹਾਂ ਵਿੱਚ ਤਕਸੀਮ ਕਰ ਦਿੱਤੀ ਜਾਵੇ, ਇਹ ਸਾਡਾ ਵਾਇਦਾ ਹੈ ਅਤੇ ਜਿਸ ਨੂੰ ਕਿ ਅਸੀਂ ਪੂਰਾ ਕਰ ਰਹੇ ਹਾਂ । ਮੈਂ ਸਮਝਦਾ ਹਾਂ ਕਿ ਇਹ ਸੋਸ਼ਲ ਜਸਟਿਸ ਲਈ ਇਕ ਨਵਾਂ ਬਿੱਲ ਇਸ ਸਦਨ ਵਿੱਚ ਲਿਆਂਦਾ ਗਿਆ ਹੈ । ਇਸ ਨੂੰ ਲਿਆਉਣ ਤੋਂ ਪਹਿਲਾਂ ਇਸ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਸਾਡਾ ਜੋ ਵਿਧਾਨ ਹੈ ਉਸ ਦੀ ਅਮੇਂਡਮੈਂਟ ਕੀਤੀ ਗਈ ਹੈ ਤਾਂ ਕਿ ਜੋ ਸਾਡੇ ਡਾਇਰੈਕਟਿਵ ਪ੍ਰਿੰਸੀਪਲ ਦੀ ਦਫ਼ਾ 39 ਹੈ ਉਸ ਦੇ ਮੁਤਾਬਿਕ ਲੈਂਡ ਰੀਫਾਰਮ ਕਰ ਸਕੀਏ, ਸੋਸ਼ਲ ਜਸਟਿਸ ਕਰ ਸਕੀਏ । ਇਹ ਜਿਹੜਾ 39 ਸੈਕਸ਼ਨ ਹੈ ਇਸ ਦੇ ਵਲ ਮੈਂ ਹਾਊਸ ਦਾ ਧਿਆਨ ਲਿਆਉਣਾ ਚਾਹੁੰਦਾ ਹਾਂ ਤਾਂ ਕਿ ਸਭ ਨੂੰ ਪਤਾ ਲਗ ਜਾਵੇ ਕਿ ਕਾਂਗਰਸ ਕਿਸ ਕਿਸਮ ਦਾ ਵਾਯੂਮੰਡਲ ਪੈਦਾ ਕਰਨਾ ਚਾਹੁੰਦੀ ਹੈ ।

"The State shall, in particular, direct its policy towards securing:—

(i) That the citizens, men and women equally, have the right to an adequate means of livelihood;

(ii) that the operation of the economic system does not result in the concentration of wealth and means of production to the common detriment.

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਪ੍ਰਧਾਨਗੀ ਦੀ ਕੁਰਸੀ ਤੇ ਬਿਰਾਜਮਾਨ ਹੋਏ)

ਇਹ ਜੋ ਦੋ ਕਲਾਜ਼ਾਂ ਹਨ, ਡਿਪਟੀ ਸਪੀਕਰ ਸਾਹਿਬ, ਇਸ ਤੇ ਤਦੇ ਹੀ ਅਸੀਂ ਅਮਲ ਕਰ ਸਕਦੇ ਹਾਂ ਜੇ ਕਨਸਟੀਚਿਊਸ਼ਨ ਦੇ ਜੋ ਡਾਇਰੈਕਟਿਵ ਪ੍ਰਿੰਸੀਪਲ ਸਨ, ਕਨਸਟੀਚਿਊਸ਼ਨ ਦੇ ਜੋ ਮੇਕਰ ਹਨ, ਜੋ ਕਿ ਸਹੀ ਮਾਹਨਿਆਂ ਵਿੱਚ ਜਮਹੂਰੀਅਤ ਚਾਹੁੰਦੇ ਹਨ, ਉਨ੍ਹਾਂ ਦੇ ਬਣਾਏ ਹੋਏ ਡਾਇਰੈਕਟਿਵ ਪ੍ਰਿੰਸੀਪਲਜ਼ ਨੂੰ ਅਮਲੀ ਰੂਪ ਵਿੱਚ ਲਿਆਉਣ ਲਈ ਅਤੇ ਸਹੀ ਮਾਹਨਿਆਂ ਵਿੱਚ ਜਮਹੂਰੀਅਤ ਲਿਆਉਣ ਲਈ ਇਸ ਸਦਨ ਵਿੱਚ ਬਿੱਲ ਦੀ ਸ਼ਕਲ ਵਿਚ ਲਿਆ ਕੇ ਇਸ ਹਾਊਸ ਵਿੱਚ ਪੇਸ਼ ਕੀਤਾ ਜਾਵੇ । ਇਸ ਲਈ ਇਹ ਬਿੱਲ ਜੋ ਲੈਂਡ ਰਿਫਾਰਮ ਬਿਲ ਹੈ, ਇਹ ਹਾਊਸ ਵਿੱਚ ਪੇਸ਼ ਕੀਤਾ ਗਿਆ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੋ ਇਸ ਵਕਤ ਤਕ ਸਾਡੇ ਸਾਹਮਣੇ ਲੈਂਡ ਰਿਫਾਰਮਜ਼ ਬਿੱਲ ਸੀ ਜਾਂ ਜੋ ਪੰਜਾਬ ਸਿਕਿਊਰਿਟੀ ਆਫ ਲੈਂਡ ਟੈਨਿਉਰ ਐਕਟ ਹੈ ਅਤੇ ਇਸ ਤਰ੍ਹਾਂ ਦਾ ਹੀ ਪੈਪਸੂ ਟੇਨੈਂਨਸੀ ਐਕਟ ਹੈ, ਇਨ੍ਹਾਂ ਦੇ ਵਿੱਚ ਜਿਸ ਤਰ੍ਹਾਂ ਮੈਂ ਅੱਗੇ ਦਸਿਆ ਹੈ ਕਿ ਕਈ ਖ਼ਾਮੀਆਂ ਸਨ । ਮਿਸਾਲ ਦੇ ਤੌਰ ਤੇ ਪੰਜਾਬ ਦੇ ਵਿੱਚ ਜਿਹੜੇ ਸਜਣ ਪਹਿਲੋਂ ਵਸਦੇ ਸਨ ਉਨ੍ਹਾਂ ਵਾਸਤੇ ਸੀਲਿੰਗ 30 ਏਕੜ ਦੀ ਸੀ ਜਿਹੜੇ ਰਿਫਿਊਜ਼ੀ ਸਨ ਉਨ੍ਹਾਂ ਵਾਸਤੇ 50 ਏਕੜ ਸੀ । ਇਸੇ ਤਰ੍ਹਾਂ ਪੈਪਸੂ ਵਿੱਚ 30 ਏਕੜ ਅਤੇ 40 ਏਕੜ ਸੀ । ਇਹ ਹੱਦ ਵੀ ਇਕ ਟੱਬਰ ਦੀ ਨਹੀਂ ਸੀ ਬਲਕਿ ਹਰ ਸਜਣ ਭਾਵੇਂ ਉਸ ਦਾ ਮੁੰਡਾ ਇਕ ਸਾਲ ਦਾ ਹੋਵੇ ਭਾਵੇਂ ਉਹ ਬਜ਼ੁਰਗ ਜਿਹੜਾ ਕੰਮ ਕਰਨ ਵਾਲਾ ਨਹੀਂ ਅਤੇ ਉਸ ਦੀ ਸਿਹਤ ਇਜਾਜ਼ਤ ਨਹੀਂ ਸੀ ਦਿੰਦੀ, ਉਹ ਵੀ ਜ਼ਮੀਨ ਆਪਣੇ ਨਾਉਂ ਤੇ ਰਖ ਸਕਦਾ ਸੀ । ਇਸ ਤਰ੍ਹਾਂ ਕਈ ਟੱਬਰ 200, 200 ਅਤੇ 300, 300 ਏਕੜ ਜ਼ਮੀਨ ਆਪਣੇ ਪਾਸ ਰਖ ਲੈਂਦੇ ਸਨ । ਇਸ ਤੋਂ ਇਲਾਵਾ ਉਨ੍ਹਾਂ ਐਕਟਾਂ ਵਿੱਚ ਹੋਰ ਵੀ ਬਹੁਤ ਸਾਰੀਆਂ ਅਗਜ਼ੈਂਪਸ਼ਨਜ਼ ਦਿੱਤੀਆਂ ਹੋਈਆਂ ਸਨ । ਕੋਈ ਵੈਲ ਰਨ ਫ਼ਾਰਮਰ

ਸੀ, ਕੁਝ ਬੈਟਰ ਫ਼ਾਰਮਿੰਗ ਸੀ ਔਰ ਕੁਝ ਹੋਰ ਐਗਜ਼ੈਂਪਸ਼ਨਜ਼ ਦਿੱਤੀਆਂ ਸਨ ਜਿਨ੍ਹਾਂ ਦੇ ਨਾਲ ਕੁਝ ਸਜਣਾਂ ਨੇ ਸੈਂਕੜੇ ਏਕੜ ਜ਼ਮੀਨ ਆਪਣੇ ਪਾਸ ਰਖੀ ਹੋਈ ਸੀ ਸੋ ਇਸ ਦੇਸ਼ ਦੇ ਵਿਚ ਸੋਸ਼ਲ ਨਿਜ਼ਾਮ ਨਹੀਂ ਲਿਆਂਦਾ ਜਾ ਸਕਦਾ ਜਦ ਤਕ ਕਿ ਜਿਹੜਾ ਇੰਡਿਵਿਜੁਅਲ ਯੂਨਿਟ ਹੈ ਉਸ ਨੂੰ ਟੱਬਰ ਦੇ ਯੂਨਿਟ ਵਿੱਚ ਨਾ ਬਦਲਿਆ ਜਾਵੇ । ਦੂਸਰੇ, ਡਿਪਟੀ ਸਪੀਕਰ ਸਾਹਿਬ, ਜਿੰਨੀ ਦੇਰ ਤਕ ਇਸ ਕਿਸਮ ਦੇ ਮਈਯਰ ਨਹੀਂ ਲਿਆਏ ਜਾਂਦੇ ਜਿਸ ਦੇ ਨਾਲ ਕਿ ਜਿਨ੍ਹਾਂ ਦੇ ਪਾਸ ਬਹੁਤ ਸਾਰੀ ਜ਼ਮੀਨ ਹੈ ਉਹ ਘਟਾਈ ਨਾ ਜਾਏ । ਔਰ ਘਟਾਉਣ ਦੇ ਵਾਸਤੇ ਜਿੰਨੀਆਂ ਐਗਜ਼ੈਂਪਨਜ਼ ਹਨ ਜਿਵੇਂ ਮੈਂ ਪਹਿਲੋਂ ਦਸਿਆ ਹੈ ਬੈਟਰ ਫਾਰਮਿੰਗ, ਵੈਲਤਨ ਫਾਰਮ ਜਾਂ ਹੋਰ ਕਿਸੇ ਕਿਸਮ ਦਾ ਹੋਵੇ, ਬੰਦ ਹੋਣੇ ਜ਼ਰੂਰੀ ਸਨ । ਇਸ ਵਾਸਤੇ ਇਹ ਦੋਨੋਂ ਚੀਜ਼ਾਂ ਲਿਆਉਣ ਦਾ ਯਤਨ ਇਸ ਬਿੱਲ ਵਿੱਚ ਕੀਤਾ ਗਿਆ ਹੈ । ਪੰਜਾਬ ਔਰ ਪੈਪਸੂ ਨੂੰ ਇਕੱਠੇ ਹੋਇਆਂ ਕਾਫੀ ਸਮਾਂ ਹੋ ਗਿਆ ਹੈ ਅਤੇ ਅਸੀਂ ਨਹੀਂ ਚਾਹੁੰਦੇ ਕਿ ਪੰਜਾਬ ਦੇ ਵਿੱਚ ਇਹ ਮਾਹੌਲ ਰਹੇ ਕਿ ਇਹ ਕਾਨੂੰਨ ਪੰਜਾਬ ਦਾ ਹੈ ਅਤੇ ਇਹ ਪੈਪਸ ਦਾ । ਇਹ ਤਾਂਹੀ ਹੋ ਸਕਦਾ ਸੀ ਜੇ ਕੋਈ ਯੂਨੀਫਾਈਡ ਐਕਟ ਪੰਜਾਬ ਵਿੱਚ ਲਾਗੂ ਕੀਤਾ ਜਾਏ । ਸੋ ਯਤਨ ਕੀਤੇ ਗਏ ਹਨ ਕਿ ਪੰਜਾਬ ਦੇ ਵਿੱਚ ਇਕ ਯੂਨੀਫਾਈਡ ਐਕਟ ਇਸ ਬਿੱਲ ਦੇ ਰਾਹੀਂ ਲਿਆਂਦਾ ਜਾ ਸਕੇ । ਇਸ ਦੇ ਨਾਲ ਹੀ ਮੈਂ ਅਰਜ਼ ਕਰਾਂ ਕਿ ਇਸ ਬਿੱਲ ਦੇ ਵਿੱਚ ਹੋਰ ਵੀ ਕਈ ਚੰਗੀਆਂ ਗੱਲਾਂ ਹਨ, ਉਹ ਮੈਂ ਇਕ ਇਕ ਕਰਕੇ ਤੁਹਾਡੇ ਸਾਮਣੇ ਦਸ ਦਿੰਦਾ ਹਾਂ ।

ਪਹਿਲੀ ਗੱਲ ਜਿਸ ਤਰ੍ਹਾਂ ਮੈਂ ਹੁਣੇ ਜ਼ਿਕਰ ਕੀਤਾ ਹੈ ਕਿ ਪਹਿਲਾਂ ਸੀਲਿੰਗ ਇੰਡਿਵਿਜੁਲ ਤੇ ਸੀ, ਭਾਵੇਂ ਕੋਈ ਲੜਕਾ ਹੋਵੇ ਭਾਵੇਂ ਕੋਈ ਲੜਕੀ, ਇਸ ਤੋਂ ਇਲਾਵਾ ਮਰਦ ਹੋਵੇ ਜਾਂ ਔਰਤ ਹੋਵੇ ਉਸ ਦੇ ਨਾਮ ਅਲਗ ਅਲਗ ਜ਼ਮੀਨ ਹੋ ਸਕਦੀ ਸੀ । ਇਸ ਤਰ੍ਹਾਂ ਇਕ ਇਕ ਟੱਬਰ ਵਿੱਚ ਬਹੁਤ ਸਾਰੀ ਜ਼ਮੀਨ ਰਖੀ ਜਾ ਸਕਦੀ ਸੀ । ਪਰ ਹੁਣ ਫ਼ੈਮਿਲੀ ਦੀ ਡੈਫੀਨੇਸ਼ਨ ਕਰ ਦਿਤੀ ਗਈ ਹੈ । ਔਰ ਇਸ ਫ਼ੈਮਿਲੀ ਯੂਨਿਟ ਵਿੱਚ ਮੀਆਂ ਬੀਵੀ ਔਰ ਉਨ੍ਹਾਂ ਦੇ ਤਿੰਨ ਮਾਈਨਰ ਬਚੇ ਹੋਣਗੇ । ਇਸ ਕਾਨੂੰਨ ਦੇ ਮੁਤਾਬਕ ਉਨ੍ਹਾਂ ਨੂੰ 7 ਹੈਕਟੇਅਰ ਜਿਹੜੀ ਕਿ 17½ ਏਕੜ ਜ਼ਮੀਨ ਬਣਦੀ ਹੈ, ਰਖਣ ਦੀ ਇਜਾਜ਼ਤ ਦਿੱਤੀ ਜਾਏਗੀ । ਉਸ ਦੇ ਵਿੱਚ ਇਹ ਕੀਤਾ ਹੈ ਕਿ ਉਹ ਜ਼ਰਾਇਤੀ ਜ਼ਮੀਨ ਹੋਵੇ, ਜਿਸ ਵਿੱਚ ਪਬਲਿਕ ਸੋਰਸ ਭਾਵੇਂ ਕੈਨਾਲ, ਭਾਵੇਂ ਟਿਊਬਵੈਲ ਹੋਵੇ, ਭਾਵੇਂ ਡੀਜ਼ਲ ਇੰਜਣ ਨਾਲ ਭਾਵੇਂ ਬਿਜਲੀ ਦੀ ਮੋਟਰ ਨਾਲ, ਭਾਵੇਂ ਪ੍ਰਾਈਵੇਟ ਸੋਰਸਿਜ਼ ਨਾਲ ਪਾਣੀ ਦਿੱਤਾ ਜਾਂਦਾ ਹੋਵੇ, ਇਸ ਵਿੱਚ ਕਵਰ ਹੋ ਜਾਂਦੀ ਹੈ । ਇਸ ਤੋਂ ਇਲਾਵਾ ਜਿਥੇ ਦੋ ਫਸਲਾਂ ਹੋਣ ਉਥੇ ਸਾਢੇ 17 ਏਕੜ ਜ਼ਮੀਨ ਰਖੀ ਗਈ ਹੈ । ਜਿੱਥੇ ਇਕ ਫਸਲ ਹੁੰਦੀ ਹੋਵੇ ਉਸ ਦੀ ਸਾਢੇ 11 ਹੈਕਟੇਅਰ ਰਖੀ ਹੈ ਅਤੇ ਬਰਾਨੀ ਲਈ ਸਾਢੇ 20 ਹੈਕਟੇਅਰ ਤੇ ਸੀਲਿੰਗ ਰਖੀ ਗਈ ਹੈ ।

ਇਸ ਤੋਂ ਇਲਾਵਾ ਮੈਂ ਇਕ ਹੋਰ ਅਰਜ਼ ਕਰਾਂ ਕਿ ਇਸ ਸੀਲਿੰਗ ਵਾਸਤੇ ਅਤੇ ਲੈਂਡ ਰਿਫਾਰਮਜ਼ ਵਾਸਤੇ ਇਕ ਆਲ ਇੰਡੀਆ ਪੈਟਰਨ ਤੇ ਚੀਫ ਮਨਿਸਟਰਜ਼ ਦੀ ਕਮੇਟੀ ਬਣਾਈ ਸੀ । ਔਰ ਉਸ ਕਮੇਟੀ ਨੇ ਜਿਹੜੀਆਂ ਰਕਮੈਂਡੇਸ਼ਨਜ਼ ਕੀਤੀਆਂ ਅਸੀਂ ਉਹ ਸਾਰੀਆਂ ਦੀਆਂ ਸਾਰੀਆਂ ਇਸ ਬਿਲ ਵਿੱਚ ਲਿਆਉਣ ਦਾ ਯਤਨ ਕੀਤਾ ਹੈ । ਸਾਡੇ ਪੰਜਾਬ ਦਾ ਬਿੱਲ ਆਲ ਇੰਡੀਆ ਪੈਟਰਨ ਤੇ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡਾ ਪੰਜਾਬ ਵੀ ਦੂਸਰੀਆਂ ਸਟੇਟਾਂ ਵਾਂਗ ਪ੍ਰੋਗਰੈਸਿਵ ਦਿਸ਼ਾ ਵਿੱਚ ਕਿਸ ਤੋਂ ਪਿਛੇ ਕਿਉਂ ਰਹੇ । ਅਸੀਂ ਚਾਹੁੰਦੇ ਹਾਂ ਕਿ ਸਾਡਾ ਪੰਜਾਬ ਸੋਸ਼ਲਿਸਟਿਕ ਨਿਜ਼ਾਮ ਤੋਂ ਪਿਛੇ ਨਾ ਰਹਿ ਜਾਏ । ਮੈਂ ਅਰਜ਼ ਕਰਾਂ ਕਿ ਅਸੀਂ ਆਲ ਪੈਟਰਨ ਦੇ ਮੁਤਾਬਕ ਹੀ ਇਹ ਬਿੱਲ ਲਿਆਂਦਾ ਹੈ । ਪਰ ਕਈ ਗੱਲਾਂ ਵਿੱਚ ਅਸੀਂ ਉਸ ਤੋਂ ਵੀ ਪ੍ਰੋਗਰਸਿਵ ਹੋਣ ਦਾ ਯਤਨ ਕੀਤਾ ਹੈ । ਮਿਸਾਲ ਦੇ ਤੌਰ ਤੇ ਆਲ ਇੰਡੀਆ ਲੇਵਲ ਤੇ ਐਸ਼ਓਰਡ ਇਰੀਗੇਸ਼ਨ ਦੀ ਹਦ 18 ਏਕੜ ਰਖੀ ਹੈ ਜਦੋਂ ਕਿ ਅਸੀਂ ਇਸ ਬਿੱਲ ਵਿੱਚ ਸਾਢੇ 17 ਏਕੜ ਲੈ ਕੇ ਆਏ ਹਾਂ। ਇਸੇ ਤਰ੍ਹਾਂ ਆਲ ਇੰਡੀਆ ਪੈਟਰਨ ਤੇ ਜਿਹੜੀ ਬਰਾਨੀ ਲੈਂਡ ਹੈ ਉਹ 54 ਏਕੜ ਹੈ । ਅਸੀਂ ਇਸ ਬਿੱਲ ਵਿੱਚ 50 ਏਕੜ ਰਖੀ ਹੈ । ਇਸ ਤੋਂ ਇਲਾਵਾ ਫ਼ਮਿਲੀ ਦੀ ਡਫੀਨੇਸ਼ਨ ਜਿਹੜੀ ਹੈ ਉਸ ਵਿੱਚ ਵੀ ਅਸੀਂ ਕੁਝ ਫਰਕ ਰਖਿਆ ਹੈ । ਜਿਹੜਾ ਆਲ ਇੰਡੀਆ ਪੈਟਰਨ ਹੈ ਉਸ ਵਿੱਚ ਇਹ ਹੈ ਕਿ ਜੇ ਕਰ ਇਕ ਫ਼ੈਮਿਲੀ ਵਿੱਚ 5 ਤੋਂ ਵੱਧ ਮੈਂਬਰ ਹੋਣ ਤਾਂ ਵੱਧ ਮੈਂਬਰਾਂ ਲਈ ਪੰਜ ਮੈਂਬਰਾਂ ਦੀ ਰੇਸ਼ੋ ਮੁਤਾਬਕ ਜ਼ਮੀਨ ਵੱਧ ਰਖਣ ਦਾ ਪ੍ਰੋਵੀਜ਼ਨ ਹੈ, ਭਾਵੇਂ ਕੋਈ ਫ਼ੈਮਲੀ ਪਲਾਨਿੰਗ ਨੂੰ ਬਿਲਕੁਲ ਇਗਨੋਰ ਕਰਕੇ ਅਗਾਂਹ ਵਧਿਆ ਤੁਰਿਆ ਜਾਏ । ਪਰ ਅਸੀਂ ਸਿਰਫ ਤਿੰਨ ਬਚਿਆਂ ਤਕ ਹੀ ਇਹ ਚੀਜ਼ ਰਖੀ ਹੈ ਅਤੇ ਇਸ ਵਿੱਚ ਹੋਰ ਕੋਈ ਗੁੰਜਾਇਸ਼ ਵਾਲੀ ਗਲ ਨਹੀਂ ਛਡੀ । ਇਸ ਦੇ ਨਾਲ ਅਸੀਂ ਇਹ ਵੀ ਯਤਨ ਕੀਤਾ ਹੈ ਕਿ ਲੋਕ ਫ਼ੈਮਿਲੀ ਪਲਾਨਿੰਗ ਵਲ ਵੀ ਪੂਰਾ ਪੂਰਾ ਧਿਆਨ ਦੇਣ । ਇਸ ਲਈ ਅਸੀਂ ਕਈ ਗੱਲਾਂ ਵਿੱਚ ਆਲ ਇੰਡੀਆ ਪੈਟਰਨ ਵਿੱਚ ਡੈਵੀਏਸ਼ਨ ਕੀਤੀ ਹੈ । ਪਹਿਲੇ ਹੈ ਕਿ ਜੇ ਬੱਚੇ ਜ਼ਿਆਦਾ

(ਸਿੱਖਿਆ ਮੰਤਰੀ)

ਹੁੰਣ ਤਾਂ ਜ਼ਮੀਨ ਜ਼ਿਆਦਾ ਰਖੀ ਜਾ ਸਕਦੀ ਹੈ ਪਰ ਅਸੀਂ ਇਸ ਬਿੱਲ ਰਾਹੀਂ ਸਿਰਫ 1/5 ਹਿੱਸਾ ਵੱਧ ਜ਼ਮੀਨ ਦੇਣ ਦਾ ਹੀ ਟੋਟਲ ਪ੍ਰੋਵੀਜ਼ਨ ਕੀਤਾ ਹੈ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹੁਣ ਡਾਂਗ ਸਾਹਿਬ ਨੇ ਕਿਹਾ ਸੀ ਕਿ ਕੁਝ ਸਜਣਾਂ ਨੇ ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਜ਼ਮੀਨਾਂ ਸੇਲਜ਼ ਕਰ ਦਿੱਤੀਆਂ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਇਸ ਐਕਟ ਵਿੱਚ ਪ੍ਰੋਵੀਜ਼ਨ ਕੀਤਾ ਹੈ ਕਿ 24 ਜਨਵਰੀ, 1971 ਤੋਂ ਬਾਅਦ ਜਿਹੜੀਆਂ ਸੇਲਜ਼ ਹੋਈਆਂ ਹਨ, ਟਰਾਂਸਫਰਜ਼ ਹੋਈਆਂ ਹਨ ਅਤੇ ਜੋ ਉਹ ਸਰਪਲਸ ਏਰੀਆ ਵਿੱਚ ਆਉਂਦੀਆਂ ਹੋਣ, ਉਨ੍ਹਾਂ ਦੇ ਬਾਰੇ ਇਹ ਇਥੋਂ ਤਕ ਕਰ ਦਿੱਤਾ ਹੈ ਕਿ ਜੇ ਉਸ ਬਾਰੇ ਕਿਸੇ ਕੋਰਟ ਨੇ ਡਿਗਰੀ ਦਿੱਤੀ ਹੋਵੇ ਜਾਂ ਜਜਮੈਂਟ ਦਿੱਤੀ ਹੋਵੇ ਅਤੇ ਜੇ ਉਸ ਡਿਗਰੀਜ਼ ਜਾਂ ਜਜਮੈਂਟ ਨਾਲ ਸਰਪਲਸ ਏਰੀਆ ਤੇ ਫਰਕ ਪੈਂਦਾ ਹੋਵੇਗਾ ਤਾਂ ਉਸ ਡਿਗਰੀ/ ਜਜਮੈਂਟ ਨੂੰ ਡਿਸਰਿਗਾਰਡ ਕਰ ਦਿੱਤਾ ਜਾਏਗਾ ਤਾਂ ਕਿ ਪੰਜਾਬ ਦੇ ਸਰਪਲਸ ਏਰੀਆ ਤੇ ਅਸਰ ਨਾ ਪੈ ਸਕੇ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲੀ ਦਫਾ ਇਹ ਕੀਤਾ ਗਿਆ ਹੈ ਕਿ ਇਸ ਐਕਟ ਹੇਠ ਜਿਹੜੀ ਵੀ ਸਰਪਲਸ ਜ਼ਮੀਨ ਹੋਵੇਗੀ ਉਸ ਦਾ ਕੁਲੈਕਟਰ ਇਮੀਜਿਏਟਲੀ ਕਬਜ਼ਾ ਲੈ ਲਵੇਗਾ ਅੌਰ ਉਹ ਜ਼ਮੀਨ ਸਟੇਟ ਗੌਰਮੈਂਟ ਕੋਲ ਵੈਸਟ ਹੋ ਜਾਏਗੀ ਤਾਂ ਕਿ ਗੌਰਮੈਂਟ ਅੱਗੇ ਟੇਨੈਂਟਸ, ਬੈਕਵਰਡ, ਹਰੀਜਨਜ਼ ਅਤੇ ਲੈਂਡਲੈਸ ਵਰਕਰਜ਼ ਨੂੰ ਦੇ ਸਕੇ।

ਇਸ ਤੋਂ ਇਲਾਵਾ ਇਹ ਜਿਹੜਾ ਬਿੱਲ ਹੈ ਇਸ ਦੇ ਵਿੱਚ ਕੰਪੈਨਸੇਸ਼ਨ ਲਈ ਪ੍ਰੋਵੀਜ਼ਨ ਵੀ ਕੀਤਾ ਹੈ ਕਿ ਸਰਪਲਸ ਏਰੀਆ ਲਈ ਕੀ ਕੰਪੈਸੇਸ਼ਨ ਦੇਣਾ ਹੈ ਇਸ ਸਬੰਧ ਵਿੱਚ ਮੇਰੇ ਪਾਸ ਹੋਰ ਕਈ ਸਟੇਟਾਂ ਦੇ ਬਿੱਲ ਹਨ ਮੈਂ ਉਨ੍ਹਾਂ ਵਲ ਇਸ ਵਕਤ ਨਹੀਂ ਜਾਣਾ ਚਾਹੁੰਦਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਾਕੀ ਸਟੇਟਾਂ ਨਾਲੋਂ ਜੋ ਪੰਜਾਬ ਨੇ ਕੰਪੈਨਸੇਸ਼ਨ ਦੇਣ ਦਾ ਇਸ ਬਿੱਲ ਵਿੱਚ ਫੈਸਲਾ ਕੀਤਾ ਹੈ ਉਹ ਦੂਸਰੀਆਂ ਸਾਰੀਆਂ ਸਟੇਟਾਂ ਨਾਲੋਂ ਘਟ ਹੈ।

ਜਿਹੜੀ ਜ਼ਮੀਨ 3 ਹੈਕਟੇਅਰ ਤਕ ਸਰਪਲਸ ਹੈ ਉਸ ਦਾ ਕੰਪੈਨਸੇਸ਼ਨ ਫੇਅਰ ਰੈਂਟ ਦਾ 12 ਗੁਣਾ ਦੇਣਾ ਹੈ ਅਤੇ ਵਧ ਤੋਂ ਵਧ 5 ਹਜ਼ਾਰ ਰੁਪਏ ਦੇਣੇ ਹਨ ਜਾਂ 2 ਹਜ਼ਾਰ ਪਰ ਏਕੜ ਜਿਹੜਾ ਵੀ ਦੋਹਾਂ ਵਿਚੋਂ ਘਟ ਹੋਵੇਗਾ ਉਹ ਦੇਣਾ ਹੈ। ਇਸ ਤੋਂ ਇਲਾਵਾ ਜਿਹੜੀ ਜ਼ਮੀਨ 3 ਹੈਕਟੇਅਰ ਤੋਂ ਵਧ ਹੋਵੇਗੀ ਉਸ ਦੇ ਵਿਚ ਨੌ ਗੁਣਾਂ ਫ਼ੇਅਰ ਰੈਂਟ ਅਤੇ ਵਧ ਤੋਂ ਵਧ 3750 ਰੁਪਏ ਦਿਤੇ

1-00 p.m.

ਜਾਣਗੇ ਜਿਹੜਾ ਵੀ ਦੋਹਾਂ ਤੋਂ ਘੱਟ ਹੋਵੇਗਾ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਜੋ ਜ਼ਮੀਨ ਇਸ ਤੋਂ ਉਪਰ ਸਰਪਲਸ ਹੋਵੇਗੀ ਉਸ ਦਾ ਫ਼ੇਅਰ ਰੈਂਟ ਦਾ 6 ਗੁਣਾਂ ਜਾਂ 2500 ਰੁਪਏ ਇਕ ਹੈਕਟੇਅਰ ਜਾਂ 1000 ਰੁਪਿਆ ਪਰ ਏਕੜ ਕੰਪੈਨਸੇਸ਼ਨ ਦਿੱਤੀ ਜਾਵੇਗੀ। ਮੈਂ ਅਰਜ਼ ਕਰਦਾ ਹਾਂ ਕਿ ਫੇਅਰ ਰੈਂਟ ਗਰਾਸ ਪ੍ਰੋਡਿਊਸ ਦਾ ਪੰਜਵਾਂ ਹਿਸਾ ਹੁੰਦਾ ਹੈ। ਇਸ ਲਈ ਇਹ ਕੰਪੈਂਸੇਸ਼ਨ ਜ਼ਿਮੀਂਦਾਰ ਨੂੰ ਬਹੁਤ ਥੋੜੀ ਦਿਤੀ ਜਾਵੇਗੀ ਤਾਂ ਕਿ ਅਗੇ ਹਰੀਜਨਾਂ ਨੂੰ ਜੋ ਇਹ ਜ਼ਮੀਨ ਅਲਾਟ ਹੋਣੀ ਹੈ, ਉਨ੍ਹਾਂ ਤੇ ਬਹੁਤ ਬੋਝ ਨਾ ਪਏ। ਇਹ ਕੰਪੈਨਸੇਸ਼ਨ ਇਸ ਕਰਕੇ ਘੱਟ ਰਖੀ ਹੈ ਤਾਂ ਕਿ ਜਿਨ੍ਹਾਂ ਨੂੰ ਇਹ ਜ਼ਮੀਨ ਦੇਣੀ ਹੈ ਇਹ ਉਨ੍ਹਾਂ ਦੀ ਪੇਇੰਗ ਕਪੈਸਿਟੀ ਦੇ ਮੁਤਾਬਕ ਹੋਵੇ ਅਤੇ ਉਹ ਇਸ ਤਰ੍ਹਾਂ ਜ਼ਮੀਨ ਦੇ ਮਾਲਕ ਬਣ ਸਕਣ। ਇਸ ਲਈ ਗਰੀਬ ਹਰੀਜਨਾਂ ਨੂੰ ਜ਼ਮੀਨ ਦੀ ਮਲਕੀਅਤ ਦੇਣ ਲਈ ਇਹ ਸਹੂਲਤ ਵੀ ਦਿੱਤੀ ਗਈ ਹੈ ਕਿ ਉਹ ਸਰਕਾਰ ਨੂੰ ਇਹ ਮੁਆਵਜ਼ਾ 15 ਕਿਸ਼ਤਾਂ ਵਿੱਚ ਦੇਣ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਇਹ ਵੀ ਪ੍ਰੋਵੀਜ਼ਨ ਰਖਿਆ ਗਿਆ ਹੈ ਕਿ ਜੋ ਏਰੀਆ ਇਕ ਵਾਰੀ ਸਰਪਲਸ ਨਿਯੁਕਤ ਹੋ ਗਿਆ ਤਾਂ ਅੱਗੇ ਤੋਂ ਉਸ ਤੋਂ ਜ਼ਿਆਦਾ ਜ਼ਮੀਨ ਕੋਈ ਨਹੀਂ ਖਰੀਦ ਸਕਦਾ। ਅਤੇ ਜੇ ਕਿਸੇ ਤਰੀਕੇ ਨਾਲ ਉਸ ਨੂੰ ਇਹ ਜ਼ਮੀਨ ਵਿਰਾਸਤ ਵਿੱਚ ਵੀ ਮਿਲੇਗੀ ਤਾਂ ਉਹ ਉਸ ਪਾਸ ਨਹੀਂ ਰਹੇਗੀ। 24 ਜੂਨ, 1971 ਤਾਂ ਹੀ ਨਹੀਂ ਬਲਕਿ ਆਉਣ ਵਾਲੇ ਸਮੇਂ ਵਿੱਚ ਇਹ ਚੀਜ਼ ਲਾਗੂ ਰਹੇਗੀ। ਇਸ ਕਰਕੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਜੋ ਯੂਨੀਫਾਈਡ ਬਿੱਲ ਇਸ ਹਾਊਸ ਵਿੱਚ ਲਿਆਂਦਾ ਹੈ, ਇਹ ਸਾਡੇ ਵਿਧਾਨ, ਕਾਂਗਰਸ ਮੈਨੀਫੈਸਟੋ ਦੇ ਮੁਤਾਬਕ ਹੀ ਹੈ। ਮੈਨੂੰ ਇਹ ਗਲ ਕਹਿਣ ਵਿੱਚ ਕੋਈ ਸ਼ਕ ਨਹੀਂ ਕਿ ਮੇਰੇ ਸਾਹਮਣੇ ਦੋ ਆਪੋਜ਼ੀਸ਼ਨ ਪਾਰਟੀਆਂ ਬੈਠੀਆਂ ਹਨ। ਇਕ ਇਨ੍ਹਾਂ ਵਿੱਚ ਬਹੁਤ ਜ਼ਿਆਦਾ ਪ੍ਰੋਗਰੈਸਿਵ ਬਣਨ ਦਾ ਯਤਨ ਕਰਦੀ ਹੈ ਅਤੇ ਦੂਜੀ ਕਹਿੰਦੀ ਹੈ ਕਿ ਕਾਂਗਰਸ ਜ਼ਿਮੀਂਦਾਰਾਂ

ਦੀ ਜ਼ਮੀਨ ਖੋਹ ਰਹੀ ਹੈ । ਇਸ ਵਾਸਤੇ ਮੈਂ ਸਮਝਦਾ ਹਾਂ ਕਿ ਮੈਂ ਦੋਨਾਂ ਆਪੋਜੀਸ਼ਨ ਪਾਰਟੀਆਂ ਨੂੰ ਸੈਟਸਫਾਈ ਨਹੀਂ ਕਰ ਸਕਦਾ । ਜੇ ਆਪੋਜੀਸ਼ਨ ਪਾਰਟੀ ਇਕ ਹੁੰਦੀ ਤਾਂ ਮੈਂ ਯਤਨ ਕਰਦਾ ਅਤੇ ਉਨ੍ਹਾਂ ਦੇ ਨੁਕਤਾ ਨਜ਼ਰ ਨੂੰ ਮੁੜ ਕੇ ਇਸ ਬਿੱਲ ਵਿੱਚ ਇਨ੍ਹਾਂ ਦੀ ਗੱਲ ਲਿਆਉਣ ਦਾ ਯਤਨ ਕਰਦਾ । ਪਰ ਦੋ ਆਪੋਜ਼ਿਟ ਖਿਆਲਾਤਾਂ ਨੂੰ ਐਡਜਸਟ ਕਰਨ ਦਾ ਮੈਨੂੰ ਕੋਈ ਤਰੀਕਾ ਨਜ਼ਰ ਨਹੀਂ ਆਉਂਦਾ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਬਿੱਲ ਨੂੰ ਜਲਦੀ ਤੋਂ ਜਲਦੀ ਪਾਸ ਕਰ ਦਿੱਤਾ ਜਾਵੇ ਤਾਂ ਕਿ ਸਾਡੇ ਜਿਹੜੇ ਗਰੀਬ ਹਰੀਜਨ ਭਰਾ ਹਨ, ਲੈਂਡਲੈਸ ਟਨੈਂਟਸ ਹਨ, ਉਨ੍ਹਾਂ ਨੂੰ ਜ਼ਮੀਨ ਮਿਲ ਸਕੇ । ਅਤੇ ਜੋ ਮਹਾਤਮਾ ਗਾਂਧੀ ਜੀ ਦਾ ਸਮਾਜਵਾਦ ਲਿਆਉਣ ਦਾ ਅਤੇ ਕਲਾਸਲੈਸ ਸੋਸਾਇਟੀ ਬਣਾਉਣ ਦਾ ਖਵਾਬ ਸੀ ਉਹ ਪੂਰਾ ਹੋ ਸਕੇ । ਮੈਂ ਇਸ ਬਾਰੇ ਇਕ ਸ਼ੇਅਰ ਕਹਿੰਦਾ ਹਾਂ :

"ਉਨਹੇਂ ਕਹਿਨਾ ਮੇਰੀ ਜਾਨਬ ਸੇ ਵੁਹ ਰਾਬਰ ਹੋ ਯਾ ਰਾਜ਼ਰ,
ਸਰੇ ਮੰਜ਼ਿਲ ਕਭੀ ਲੂਟਨੇ ਨਾ ਦੇਂਗੇ ਕਾਰਵਾਂ ਅਪਨਾ ।"

ਅਸੀਂ ਇਸ ਤਰ੍ਹਾਂ ਦੇ ਬਿਲ ਲਿਆ ਕੇ ਪੰਜਾਬ ਨੂੰ ਅੱਗੇ ਲੈ ਜਾਣ ਦਾ ਯਤਨ ਕਰਾਂਗੇ । ਮੈਨੂੰ ਆਸ ਹੈ ਕਿ ਮੇਰੇ ਸਾਰੇ ਸਾਥੀ ਇਸ ਬਿਲ ਦੇ ਪਾਸ ਕਰਾਉਣ ਵਿਚ ਸਹਾਇਤਾ ਕਰਨਗੇ । ਮੈਂ ਬੇਨਤੀ ਕਰਾਂਗਾ ਕਿ ਸਾਰੇ ਮੈਂਬਰ ਇਸ ਬਿੱਲ ਦਾ ਸਮਰਥਨ ਕਰਨ ।

Mr. Deputy Speaker : Motion moved—

That the Punjab Land Reforms Bill (Bill No. 31-PLA of 1972) be taken into consideration at once.

ਅਕਾਲੀ ਪਾਰਟੀ ਲਈ ਸਿਰਫ 20 ਮਿੰਟ ਅਲਾਟ ਹੋਏ ਹਨ । ਇਹ ਸਿਟਿੰਗ ਢਾਈ ਵਜੇ ਐਡਜਰਨ ਹੋਣੀ ਹੈ ਅਤੇ ਦੂਜੀ ਸਿਟਿੰਗ 4.30 ਵਜੇ ਸਟਾਰਟ ਹੋਣੀ ਹੈ । ਮੇਰਾ ਵਿਚਾਰ ਹੈ ਕਿ ਹਾਊਸ ਐਕਸਟੈਂਡ ਕਰ ਦਿਤਾ ਜਾਵੇ । (Only 20 minutes have been allotted for Akali Party. This sitting is to adjourn at 2.30 P.M. and the second sitting will start at 4.30 P.M. I feel that the sitting of the House be extended.)

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਸੀ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਇਹ ਕਨਸੈਂਸ ਸੀ ਕਿ ਅਗਰ ਕੁਝ ਟਾਈਮ ਘੱਟ ਗਿਆ ਤਾਂ ਹਾਊਸ ਐਕਸਟੈਂਡ ਕੀਤਾ ਜਾਵੇਗਾ । ਇਸੇ ਲਈ ਜਿਹੜਾ ਦੂਜੀ ਸਿਟਿੰਗ ਦਾ ਸਮਾਂ ਓਰਿਜਨਲੀ 4 ਵਜੇ ਸੀ ਉਹ 4.30 ਵਜੇ ਕਰ ਦਿੱਤਾ ਗਿਆ ਹੈ । ਇਸ ਲਈ ਹਾਊਸ ਐਕਸਟੈਂਡ ਕਰ ਦਿਉ । ਟਾਈਮ ਵਾਕਈ ਜ਼ਿਆਦਾ ਚਾਹੀਦਾ ਹੈ ।

ਸਿੱਖਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਇਹ ਟਾਈਮ ਫਿਕਸ ਹੋਇਆ ਸੀ । ਡਾਂਗ ਸਾਹਿਬ ਨੇ ਸਭ ਤੋਂ ਜ਼ਿਆਦਾ ਟਾਈਮ ਲਿਆ ਹੈ। ਇਸੇ ਤਰ੍ਹਾਂ ਵਿਰੋਧੀ ਧੜੇ ਦੇ ਸਾਥੀਆਂ ਨੇ ਅਨਨਿਸੈਸਰੀ ਗਲਾਂ ਕਰਕੇ ਕਾਫੀ ਜ਼ਿਆਦਾ ਟਾਈਮ ਲਿਆ ਹੈ । ਮੈਂ ਨਹੀਂ ਚਾਹੁੰਦਾ ਕਿ ਉਸ ਦਾ ਨੁਕਸਾਨ ਸਾਰੇ ਹਾਊਸ ਨੂੰ ਬੇਅਰ ਕਰਨਾ ਪਏ । ਜੋ ਟਾਈਮ ਫਿਕਸ ਹੋਇਆ ਸੀ ਉਸ ਦੇ ਮੁਤਾਬਿਕ ਹੀ ਹੋਣਾ ਚਾਹੀਦਾ ਹੈ । ਜੇ ਕੋਈ ਇਮਪਾਰਟੈਂਟ ਮੈਂਬਰ ਬੋਲਣਾ ਚਾਹੁੰਦਾ ਹੈ ਤਾਂ 5, 10 ਮਿੰਟ ਹਾਊਸ ਦਾ ਸਮਾਂ ਵੱਧਾ ਦਿੱਤਾ ਜਾਵੇ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿਦੜ ਬਾਹਾ) : ਡਿਪਟੀ ਸਪੀਕਰ ਸਾਹਿਬ, ਸਭ ਤੋਂ ਵੱਡਾ ਧੱਕਾ ਇਸ ਗੌਰਮਿੰਟ ਦਾ ਇਹ ਹੈ ਕਿ ਲੈਂਡ ਰਿਫਾਰਮਜ਼ ਵਰਗਾ ਇਮਪਾਰਟੈਂਟ ਬਿੱਲ ਹੋਵੇ ਤੇ ਆਪੋ-ਜ਼ੀਸ਼ਨ ਪਾਰਟੀ ਨੂੰ ਸਿਰਫ 20 ਮਿੰਟ ਇਸ ਤੇ ਬੋਲਣ ਲਈ ਮਿਲਣ । ਇਸ ਲਈ ਹਾਊਸ ਐਕਸਟੈਂਡ ਹੋਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਰੈਵੇਨਿਊ ਮਨਿਸਟਰ ਸਾਹਿਬ ਨੇ ਬੜੀ ਦੇਰ ਦੀ ਚਰਚਾ ਤੋਂ ਬਾਅਦ ਇਕ ਬਿੱਲ ਹਾਊਸ ਦੇ ਸਾਹਮਣੇ ਲਿਆਂਦਾ ਹੈ । ਲੈਂਡ ਰਿਫਾਰਮਜ਼ ਕਾਫੀ ਦੇਰ ਤੋਂ ਇਸ ਮੁਲਕ ਵਿੱਚ ਚਲੀਆਂ ਆ ਰਹੀਆਂ ਹਨ । ਇਸ ਮੁਲਕ ਨੂੰ ਆਜ਼ਾਦ ਹੋਇਆਂ 25 ਸਾਲ ਹੋ ਗਏ ਹਨ । ਇਤਨੇ ਸਮੇਂ ਦੇ ਬਾਅਦ ਜੇ ਅਸੀਂ ਆਪਣੀ ਦੇਸ਼ ਦੀ ਹਾਲਤ ਵਲ ਝਾਤੀ ਮਾਰੀਏ ਤਾਂ ਸਾਨੂੰ ਆਪਣੇ ਮੱਥੇ ਤੇ ਕਲੰਕ ਲਗਾ ਦਿਸਦਾ ਹੈ । ਇਥੇ ਸ਼ੁਰੂ ਤੋਂ ਇਕ ਐਸੀ ਪਾਰਟੀ ਦਾ ਰਾਜ ਰਿਹਾ ਹੈ ਜਿਸ ਦਾ ਕੰਮ ਪੁਲੀਟੀਕਲ ਸਟੰਟ ਅਤੇ ਪੁਲੀਟੀਕਲ ਇਸ਼ੂ ਬਣਾਉਣਾ ਸੀ । ਇਕਨਾਮਿਕ ਪ੍ਰਾਬਲਮਜ਼ ਨੂੰ ਹਲ ਕਰਨ ਦਾ ਇਸ ਪਾਰਟੀ ਨੇ ਕੋਈ ਯਤਨ ਨਹੀਂ ਕੀਤਾ । ਡਿਪਟੀ ਸਪੀਕਰ ਸਾਹਿਬ, ਜੇ

(ਸਰਦਾਰ ਪ੍ਰਕਾਸ਼ ਸਿੰਘ ਬਾਦਲ)

ਅੰਕੜੇ ਵੇਖੇ ਜਾਣ ਤਾਂ ਪਤਾ ਚਲਦਾ ਹੈ ਕਿ ਇਸ ਮੁਲਕ ਵਿੱਚ 20 ਕਰੋੜ ਦੇ ਕਰੀਬ ਐਸੇ ਲੋਕ ਹਨ ਜਿਨ੍ਹਾਂ ਨੂੰ ਪੇਟ ਭਰ ਖਾਣਾ ਨਹੀਂ ਮਿਲਦਾ। ਇਸ ਦੀ ਜ਼ਿਮੇਂਵਾਰ ਕਾਂਗਰਸ ਪਾਰਟੀ ਹੈ। ਇਹ ਬਿੱਲ ਇਕ ਪੁਲੀਟੀਕਲ ਸਟੰਟ ਹੈ। ਪਿਛਲੀਆਂ ਪਾਰਲੀਮੈਂਟਰੀ ਅਲੈਕਸ਼ਨਾਂ ਵੇਲੇ ਇਸ ਪਾਰਟੀ ਵਲੋਂ ਗਰੀਬੀ ਹਟਾਓ ਦਾ ਇਕ ਨਾਹਰਾ ਲਗਾਇਆ ਗਿਆ ਸੀ। ਇਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਸਾਨੂੰ ਵੋਟਾਂ ਦਿਉ ਤਾਂ ਕਿ ਅਸੀਂ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਿੱਚ ਜਾ ਕੇ ਲੋਕਾਂ ਦੀ ਗਰੀਬੀ ਹਟਾ ਸਕੀਏ। ਇਸ ਤਰ੍ਹਾਂ ਗਰੀਬ ਲੋਕ ਇਨ੍ਹਾਂ ਦੇ ਲਾਰਿਆਂ ਵਿੱਚ ਆ ਗਏ। ਨਤੀਜਾ ਜੋ ਹੋਇਆ ਉਹ ਤੁਹਾਡੇ ਸਾਹਮਣੇ ਹੈ। ਸਮਾਂ ਬੀਤਦਾ ਗਿਆ ਅਤੇ ਪੰਜਾਬ ਅਤੇ ਹਿੰਦੁਸਤਾਨ ਭਰ ਦੇ ਵੋਟਰਾਂ ਨੂੰ ਜੋ ਇਨ੍ਹਾਂ ਨੇ ਚਕਮਾ ਦਿਤਾ ਸੀ ਉਸ ਤੋਂ ਜਾਗਰਿਤੀ ਆਈ। ਪ੍ਰਚਾਰ ਸ਼ੁਰੂ ਹੋਇਆ ਅਤੇ ਲੋਕਾਂ ਨੇ ਕਾਂਗਰਸੀ ਭਰਾਵਾਂ ਨੂੰ ਪਿੰਡਾਂ ਵਿੱਚ ਜਾਣ ਤੋਂ ਰੋਕਿਆ ਅੱਜ ਗਰੀਬੀ ਅੱਗੇ ਨਾਲੋਂ ਵਧਦੀ ਜਾ ਰਹੀ ਹੈ। ਇਨ੍ਹਾਂ ਨੇ ਲੈਂਡ ਰਿਫਾਰਮਜ਼ ਦਾ ਬਿਲ ਇਸ ਲਈ ਲਿਆਂਦਾ ਹੈ ਤਾਂ ਕਿ ਲੋਕਾਂ ਦਾ ਧਿਆਨ ਇਸ ਪਾਸੇ ਲੱਗ ਜਾਵੇ ਅਤੇ ਲੋਕ ਅਸਲੀ ਮਸਲਾ ਸਮਝਣ ਦਾ ਯਤਨ ਨਾ ਕਰਨ। ਡਿਪਟੀ ਸਪੀਕਰ ਸਾਹਿਬ, ਸਾਨੂੰ ਇਹ ਪ੍ਰਾਬਲਮਜ਼ ਇਕਨਾਮਿਕ ਪੁਆਇੰਟ ਆਫ ਵਿਊ ਤੋਂ ਵੇਖਣੀਆਂ ਚਾਹੀਦੀਆਂ ਹਨ। ਜਿਹੜੀ ਚੀਜ਼ ਸਾਡੇ ਮੁਲਕ ਅਤੇ ਸੂਬੇ ਦੀ ਭਲਾਈ ਵਾਸਤੇ ਹੈ, ਕਿਸਾਨ ਦੀ ਅਤੇ ਮਜ਼ਦੂਰ ਦੀ ਭਲਾਈ ਵਾਸਤੇ ਹੈ। ਅਕਾਲੀ ਪਾਰਟੀ ਦਾ ਸ਼ੁਰੂ ਤੋਂ ਇਹ ਨਜ਼ਰੀਆ ਰਿਹਾ ਹੈ। ਅਕਾਲੀ ਪਾਰਟੀ ਇਕ ਪ੍ਰਾਗਰੈਸਿਵ ਪਾਰਟੀ ਹੈ। ਗਰੀਬਾਂ ਦੀ ਪਾਰਟੀ ਹੈ। ਇਹ ਹਮੇਸ਼ਾਂ ਉਹ ਗਲ ਕਰਦੀ ਹੈ ਜਿਹੜੀ ਗਰੀਬਾਂ ਦੇ ਨੁਕਤਾ ਨਿਗਾਹ ਨਾਲ ਚੰਗੀ ਹੋਵੇ। ਅਸੀਂ ਇਹ ਕਦੇ ਬਰਦਾਸ਼ਤ ਨਹੀਂ ਕਰ ਸਕਦੇ ਕਿ ਸੂਬੇ ਦੇ ਅਤੇ ਕਿਸਾਨ ਦੇ ਮੁਫਾਦ ਦੇ ਵਿਰੁਧ ਕਦਮ ਚੁੱਕੇ ਜਾਣ। ਤੁਹਾਨੂੰ ਪਤਾ ਹੈ ਕਿ ਪਿਛਲੇ 6, 7 ਸਾਲਾਂ ਵਿੱਚ ਐਗਰੀਕਲਚਰਿਸਟ ਨੇ ਕਿੰਨੀ ਮਿਹਨਤ ਕੀਤੀ ਅਤੇ ਅਨਾਜ ਪੈਦਾ ਕੀਤਾ ਅਤੇ ਦੁਨੀਆਂ ਭਰ ਵਿੱਚ ਰਿਕਾਰਡ ਕਾਇਮ ਕਰ ਦਿੱਤਾ। ਅੱਜ ਅਸੀਂ ਫਖਰ ਨਾਲ ਕਹਿ ਸਕਦੇ ਹਾਂ ਕਿ ਪੰਜਾਬ ਦੇ ਕਿਸਾਨ ਨੇ ਪਿਛਲੇ 6 ਸਾਲਾਂ ਵਿੱਚ ਫੂਡ ਪ੍ਰੋਡਕਸ਼ਨ ਵਿੱਚ 360 ਪ੍ਰਤੀਸ਼ਤ ਵਾਧਾ ਕੀਤਾ। ਸਾਡੇ ਸਾਹਮਣੇ ਬੈਠੇ ਭਰਾਵਾਂ ਨੇ ਕਦੇ ਇਹ ਸੋਚਣ ਦਾ ਯਤਨ ਨਹੀਂ ਕੀਤਾ ਕਿ ਕਿਉਂ ਗਰੀਨ ਰੈਵੋਲਿਊਸ਼ਨ ਹੋਇਆ। ਡਿਪਟੀ ਸਪੀਕਰ ਸਾਹਿਬ, ਇਸ ਦਾ ਮੈਂ ਕਾਰਨ ਵੀ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਇਕ ਅਜਿਹਾ ਸੂਬਾ ਹੈ ਜਿੱਥੇ ਕਿ ਇਕਨਾਮਿਕ ਵਾਂਏਬਲ ਯੂਨਿਟਸ ਐਗਰੀਕਲਚਰ ਦੇ ਹਨ, ਜਿੱਥੇ ਕਿ ਟਰੈਕਟਰ ਚਲ ਸਕਦਾ ਹੈ, ਟਿਊਬਵੈੱਲ ਲਗ ਸਕਦਾ ਹੈ। ਗੰਗਾ ਨਗਰ ਤੇ ਯੂ. ਪੀ. ਦੇ ਇਲਾਕਿਆਂ ਨਾਲੋਂ ਇਥੇ ਕਿਉਂ ਜ਼ਿਆਦਾ ਪ੍ਰੋਡਕਸ਼ਨ ਹੁੰਦੀ ਹੈ ਇਸ ਦੀ ਇਹੋ ਹੀ ਵਜਹ ਹੈ। ਇਸ ਲਈ ਹੀ ਅਕਾਲੀ ਪਾਰਟੀ ਨੇ ਇਸ ਗਲ ਨੂੰ ਬੜੀ ਚੰਗੀ ਤਰ੍ਹਾਂ ਨਾਲ ਵਿਚਾਰ ਕੇ 30 ਸਟੈਂਡਰਡ ਏਕੜ ਦਾ ਇਕ ਇਕਨਾਮਿਕ ਯੂਨਿਟ ਰਖਿਆ ਸੀ। ਲੇਕਿਨ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਮੇਰੇ ਵੀਰਾਂ ਨੇ ਉਸ ਪਾਸੇ ਧਿਆਨ ਨਹੀਂ ਦਿੱਤਾ। ਇਸ ਲਈ ਮੈਂ ਇਨ੍ਹਾਂ ਨੂੰ ਵਾਰਨ ਕਰਦਾ ਹਾਂ ਕਿ ਜੇਕਰ ਇਹ ਕਦਮ ਚੁੱਕੇ ਗਏ ਤਾਂ ਹਿੰਦੁਸਤਾਨ ਭੁਖਾ ਹੋਵੇਗਾ। ਹੁਣ ਇਥੇ ਦੀ ਪੈਦਾਵਾਰ ਵੱਧੀ ਹੈ ਇਹ ਵੀ ਖਤਮ ਹੋ ਜਾਵੇਗੀ ਅਤੇ ਰੋਟੀ ਮਿਲਣੀ ਹੱਟ ਜਾਵੇਗੀ। ਸਾਨੂੰ ਯਾਦਾਂ ਭੁੱਲ ਜਾਂਦੀਆਂ ਹਨ ਕਿ ਛੇ ਜਾਂ ਸਤ ਸਾਲ ਪਹਿਲਾਂ ਸਾਡਾ ਕੀ ਹਾਲ ਸੀ। ਲੋਕ ਡਿਪੂਆਂ ਦੇ ਖੜ੍ਹੇ ਰਹਿੰਦੇ ਸਨ ਪਰ ਫਿਰ ਵੀ ਅਨਾਜ ਨਹੀਂ ਸੀ ਮਿਲਦਾ ਹੁੰਦਾ। ਇਸ ਕਰਕੇ ਮੈਂ ਸੁਝਾਓ ਦਿੰਦਾ ਹਾਂ ਕਿ ਇਹ ਇਕਨਾਮਿਕ ਯੂਨਿਟ ਰਹਿਣਾ ਚਾਹੀਦਾ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਦੇ ਕਹੇ ਬੇਸ਼ਕ ਨਾ ਲਗਣ, ਇਨ੍ਹਾਂ ਦੀ ਆਪਣੀ ਐਗਰੀਕਲਚਰ ਯੂਨੀਵਰਸਿਟੀ ਦੇ ਐਕਸਪਰਟਸ ਦੀਆਂ ਇਸ ਸਬੰਧ ਵਿੱਚ ਰਿਪੋਰਟਾਂ ਹਨ। ਉਸ ਯੂਨੀਵਰਸਿਟੀ ਦੇ ਇਕਨਾਮਿਕ ਐਕਸਪਰਟਸ ਦੀ ਰਪੋਰਟ ਤੇ ਇਨ੍ਹਾਂ ਨੂੰ ਵਿਚਾਰ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਸੀਲਿੰਗ 25 ਤੋਂ 35 ਏਕੜ ਤੱਕ ਹੋਣੀ ਚਾਹੀਦੀ ਹੈ। ਜ਼ਮੀਨ ਵੀ ਫਰਟਾਈਲ ਹੋਣੀ ਚਾਹੀਦੀ ਹੈ ਜਿਸ ਨਾਲ ਕਿ ਸਰਪਲਸ ਅਨਾਜ ਹੋ ਸਕਦਾ ਹੈ।

ਸਿੱਖਿਆ ਮੰਤਰੀ : ਇਹ ਐਕਸਪਰਟਸ ਦੀ ਕਮੇਟੀ ਕਿਸ ਨੇ ਬਣਾਈ ਹੈ ?

ਸਰਦਾਰ ਪਰਕਾਸ਼ ਸਿੰਘ ਬਾਦਲ : ਇਹ ਐਗਰੀਕਲਚਰਲ ਯੂਨੀਵਰਸਿਟੀ ਦੇ ਮਾਹਰਾਂ ਦੀ ਕਮੇਟੀ ਦਾ ਵਿਚਾਰ ਹੈ, ਉਨ੍ਹਾਂ ਦੀ ਰਿਪੋਰਟ ਹੈ। ਅਗਰ ਰੈਵੇਨਿਊ ਮਨਿਸਟਰ ਸਾਹਿਬ ਚਾਹੁੰਦੇ ਹਨ ਤਾਂ ਮੈਂ ਹਾਊਸ ਦੀ ਟੇਬਲ ਤੇ ਲੇ ਕਰ ਸਕਦਾ ਹਾਂ।

ਡਿਪਟੀ ਸਪੀਕਰ ਸਾਹਿਬ, ਸਾਡੇ ਸੂਬੇ ਵਿੱਚ ਪੰਦਰਾਂ ਸੋਲਾਂ ਸਾਲਾਂ ਤੋਂ ਕਨਸਾਲੀਡੇਸ਼ਨ ਹੋ ਰਹੀ ਹੈ। ਇਸ ਸੀਲਿੰਗ ਨਾਲ ਇਸ ਕਨਸਾਲੀਡੇਸ਼ਨ ਦਾ ਮੰਤਵ ਹੀ ਖਤਮ ਹੋ ਜਾਵੇਗਾ। ਫਰੈਗਮੈਂਟੇਸ਼ਨ ਛੋਟੀਆਂ-ਛੋਟੀਆਂ ਹੋ ਜਾਣੀਆਂ ਹਨ ਜਿਹੜਾ ਕਿ ਮੈਂ ਸਮਝਦਾ ਹਾਂ ਕਿ ਇਕਨਾਮਿਕ ਵਾਏਬਲ ਨਹੀ ਹੋਣੀ। ਡਾਂਗ ਸਾਹਿਬ ਹਮੇਸ਼ਾਂ ਹੀ ਮਜ਼ਦੂਰਾਂ ਵਾਸਤੇ ਲੜਦੇ ਹਨ ਅਤੇ ਮੈਂ ਉਨ੍ਹਾਂ ਦਾ ਨਜ਼ਰੀਆ ਉਨ੍ਹਾਂ ਦੇ ਸਾਹਮਣੇ ਰਖਦਾ ਹਾਂ। ਮੈਂ ਸਮਝਦਾ ਹਾਂ ਕਿ ਐਗਰੀਕਲਚਰਲ ਲੇਬਰ ਤੇ ਵੀ ਸੀਲਿੰਗ ਦਾ ਅਸਰ ਪੈਂਦਾ ਹੈ। ਮੈਂ ਕੁਝ ਅੰਕੜੇ ਲੇਬਰ ਦੇ ਬਾਰੇ ਦਸਦਾ ਹਾਂ।

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੇਰਾ ਨਜ਼ਰੀਆ ਮੇਰੇ ਦੋਸਤ ਜੋਸ਼ ਸਾਹਿਬ ਦਸਣਗੇ ਇਹ ਨਾ ਦਸਣ। (ਹਾਸਾ)

ਸਰਦਾਰ ਪਰਕਾਸ਼ ਸਿੰਘ ਬਾਦਲ : ਸੋ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜੇਕਰ ਇਹ ਸੀਲਿੰਗ ਲਿਆਂਦੀ ਗਈ ਤਾਂ ਇਸ ਦਾ ਬੁਰਾ ਅਸਰ ਲੇਬਰ ਤੇ ਵੀ ਪਵੇਗਾ ਐਗਰੀਕਲਚਰਲ ਲੇਬਰ ਵਿੱਚ ਅਨਇੰਪਲਾਇਮੈਂਟ ਵਧੇਗੀ। ਜਿਹੜੀ ਪਾਲਿਸੀ ਦੀ ਡਾਂਗ ਸਾਹਿਬ ਹਮਾਇਤ ਕਰਦੇ ਹਨ ਉਨ੍ਹਾਂ ਦੇ ਹੀ ਫਿਗਰਜ਼ ਮੈਂ ਇਨ੍ਹਾਂ ਨੂੰ ਦੇਣਾ ਚਾਹੁੰਦਾ ਹਾਂ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਮੁਲਕਾਂ ਵਿੱਚ ਕੁਲੈਕਟਿਵ ਫਾਰਮਿੰਗ ਕਿਸ ਤਰ੍ਹਾਂ ਕੀਤੀ ਹੈ।

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਕੋਈ ਇਨਸਿਨੂਏਸ਼ਨ ਨਹੀਂ ਹੋਣੀ ਚਾਹੀਦੀ। Myself and the C.P.I. stand for India and the Indian people ਮੈਂ ਜਵਾਬ ਦੇ ਸਕਦਾ ਹਾਂ ਪਰ ਦੇਣਾ ਨਹੀਂ ਚਾਹੁੰਦਾ।

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਜੇਕਰ ਡਾਂਗ ਸਾਹਿਬ ਨੇ ਮਹਿਸੂਸ ਕੀਤਾ ਹੈ ਤਾਂ I am sorry for that. ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਮੁਲਕਾਂ ਨੇ ਐਗਰੀਕਲਚਰ ਨੂੰ ਨੈਸ਼ਨੇਲਾਈਜ਼ ਕੀਤਾ ਹੈ, ਉਨ੍ਹਾਂ ਨੇ ਥੋੜ੍ਹੇ ਚਿਰ ਤੋਂ ਬਾਅਦ ਇਹ ਮਹਿਸੂਸ ਕੀਤਾ ਕਿ ਇਹ ਗਲਤੀ ਕੀਤੀ ਹੈ। ਸਾਨੂੰ ਲੋਕਾਂ ਦੇ ਇਨਸੈਂਟਿਵ ਨੂੰ ਕਿਲ ਨਹੀਂ ਕਰਨਾ ਚਾਹੀਦਾ। ਅਜ ਉਨ੍ਹਾਂ ਦੇਸ਼ਾਂ ਵਿਚ ਕੁਝ ਫਾਰਮ ਸਰਕਾਰ ਦੇ ਹਨ ਅਤੇ ਕੁਝ ਪ੍ਰਾਈਵੇਟ ਹਨ ਜਿਨ੍ਹਾਂ ਦੇ ਬਾਰੇ ਮੈਂ ਫਿਗਰਜ਼ ਦੇਂਦਾ ਹਾਂ, ਜਿਨ੍ਹਾਂ ਤੋਂ ਇਹ ਪਤਾ ਲਗੇਗਾ ਕਿ ਮੈਜਾਰਿਟੀ ਪ੍ਰੋਡਕਸ਼ਨ ਦੀ ਜੋ ਹੈ ਉਹ ਉਨ੍ਹਾਂ ਪ੍ਰਾਈਵੇਟ ਫਾਰਮਜ਼ ਦੀ ਹੈ। ਸਾਰੇ ਰਸ਼ੀਆਂ ਦੀ ਪਟੈਟੋ ਪ੍ਰੋਡਕਸ਼ਨ ਵਿਚੋਂ 67 ਫੀਸਦੀ ਪ੍ਰਾਈਵੇਟ ਫਾਰਮਜ਼ ਦੀ ਹੈ। ਸਬਜ਼ੀਆਂ 39 ਫੀਸਦੀ, ਮੀਟ 35 ਫੀਸਦੀ ਅਤੇ ਐਗਜ਼ 54 ਫੀਸਦੀ ਪ੍ਰਾਈਵੇਟ ਫਾਰਮਜ਼ ਦੇ ਹਨ। ਡਰਾਈ ਫਰੂਟਸ 35 ਫੀਸਦੀ ਅਤੇ ਮਿਲਕ 37 ਫੀਸਦੀ ਹੈ। ਇਹ ਮੈਂਬਰ ਅਜ ਇਹ ਦਾਅਵਾ ਕਰਦੇ ਹਨ ਕਿ ਇਨ੍ਹਾਂ ਦੀ ਹਰ ਗਲ ਪ੍ਰੋਗਰੈਸਿਵ ਢੰਗ ਦੀ ਹੈ ਪਰ, ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਸ ਪ੍ਰੋਗਰੈਸ ਦੇ ਮਤਲਬ ਹੀ ਨਹੀਂ ਸਮਝ ਸਕਿਆ। ਮੈਂ ਤਾਂ ਇਹ ਸਮਝਦਾ ਹਾਂ ਕਿ ਇਹ ਲਫਜ਼ ਨੇ ਮੁਲਕ ਨੂੰ ਲੈ ਬੈਠਣਾ ਹੈ। ਇਹ ਤਾਂ ਇਹ ਕਹਿੰਦੇ ਹਨ ਕਿ ਸਾਨੂੰ ਕੋਈ ਵੀ ਫਿਕਰ ਨਹੀਂ ਹੈ ਚਾਹੇ ਦੇਸ਼ ਕਿਸੇ ਪਾਸੇ ਜਾਵੇ ਅਸੀਂ ਤਾਂ

[ਸਰਦਾਰ ਪਰਕਾਸ਼ ਸਿੰਘ ਬਾਦਲ]

ਹਰ ਗੱਲ ਪੁਲੀਟੀਕਲ ਨੁਕਤਾ ਨਿਗਾਹ ਨਾਲ ਵੇਖਣੀ ਹੈ । ਮੇਰੇ ਪਾਸ ਅਖਬਾਰ ਦੀ ਕਟਿੰਗ ਹੈ । ਇਸ ਵਿਚੋਂ ਮੈਂ ਜ਼ਿਆਦਾ ਨਹੀਂ ਸਗੋਂ ਥੋੜ੍ਹਾ ਹੀ ਪੜ੍ਹਾਂਗਾ ।

Radicals headed by the Planning Minister, Mr. C. Subramaniam and his Minister of State, Mr. Mohan Dharia are reported to be strongly in favour of a political decision irrespective of the economic consequences flowing from it.

ਸਿੱਖਿਆ ਮੰਤਰੀ : ਇਹ ਕਦ ਦੀ ਅਖਬਾਰ ਹੈ ?

ਸਰਦਾਰ ਪਰਕਾਸ਼ ਸਿੰਘ ਬਾਦਲ : ਇਹ ਮਈ, 1972 ਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਛੋਟੇ ਛੋਟੇ ਫਰੈਗਮੈਂਟੇਸ਼ਨ ਹੋ ਗਏ, ਟੁਕੜੇ ਹੋ ਗਏ ਤਾਂ ਉਨ੍ਹਾਂ ਟੁਕੜਿਆਂ ਦਾ ਕੀ ਬਣੇਗਾ ? ਇਹ ਸੁਝਾਉ ਦਿੰਦੇ ਹਨ ਕਿ ਅਸੀਂ ਕੋਆਪਰੇਟਿਵ ਫਾਰਮਿੰਗ ਕਰ ਲਵਾਂਗੇ ।

ਡਿਪਟੀ ਸਪੀਕਰ ਸਾਹਿਬ, ਇਥੇ ਹਾਲਤ ਇਹ ਹੈ ਕਿ ਦੋ ਭਰਾ ਕਦੇ ਵੀ ਇਕਠੇ ਹੋ ਕੇ ਇਸ ਪਾਸੇ ਵਲ ਕਦੀ ਨਹੀਂ ਚਲ ਸਕਦੇ ਅਤੇ ਇਸ ਲਈ ਸਾਡੇ ਦੇਸ਼ ਵਿਚ ਕੋਆਪਰੇਟਿਵ ਫਾਰਮਿੰਗ ਨਹੀਂ ਹੋ ਸਕਦੀ । ਅਤੇ ਦੇਸ਼ ਦੀ ਤਰਕੀ ਇਸ ਤਰ੍ਹਾਂ ਨਹੀਂ ਹੋ ਸਕਦੀ । ਜਦੋਂ ਇਥੇ ਏਾਇਨੀ ਫਰੈਗ-ਮੈਂਟੇਸ਼ਨ ਹੋ ਗਏ ਤਾਂ ਦੇਸ਼ ਨੂੰ ਬੜਾ ਨੁਕਸਾਨ ਹੋਵੇਗਾ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁਆਇੰਟ ਆਫ ਵਿਊ ਦਸਿਆ ਹੈ । ਇਸ ਬਾਰੇ ਮੈਂ ਕਾਂਗਰਸ ਦੇ ਬਜ਼ੁਰਗਾਂ ਦੀ ਰਾਏ ਕੋਟ ਕਰਨਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਇਕ ਮੈਂਬਰ ਨੇ ਲੰਮਾ ਆਰਟੀਕਲ ਲਿਖਿਆ ਹੈ, ਉਹ ਰੰਧਾਵਾ ਸਾਹਿਬ ਹਨ, ਜਿਹੜੇ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹਨ । ਉਸ ਆਰਟੀਕਲ ਨੂੰ ਇਨ੍ਹਾਂ ਨੇ ਵੀ ਪੜ੍ਹਿਆ ਹੋਣਾ ਹੈ । ਉਹ ਇਸ ਤਰ੍ਹਾਂ ਹੈ:—

"There is a little doubt that if under the passions of politics, the area is reduced to such a length that machanised cultivation becomes impossible, it would also lead to diminution of production and ultimately reduction in the food surplus.

ਇਹ ਰਾਏ ਡਿਪਟੀ ਸਪੀਕਰ ਸਾਹਿਬ ਹੈ, ਰੰਧਾਵਾ ਸਾਹਿਬ ਦੀ ।

ਰਾਜ ਮੰਤਰੀ, ਖੁਰਾਕ ਤੇ ਸਪਲਾਈ ਮੰਤਰੀ : ਉਹ ਤਾਂ ਰੀਐਕਸ਼ਨਰੀ ਹਨ ।

ਸਰਦਾਰ ਪਰਕਾਸ਼ ਸਿੰਘ ਬਾਦਲ : ਠੀਕ ਹੈ, ਤੁਸੀਂ ਜੋ ਮਰਜ਼ੀ ਹੈ ਕਹੋ । ਮੈਂ ਤਾਂ ਉਨ੍ਹਾਂ ਦੀ ਰਾਏ ਹੀ ਦਸਦਾ ਹਾਂ । ਦੂਸਰੀ ਰਾਏ ਮੈਂ ਉਨ੍ਹਾਂ ਦੀ ਦਸਦਾ ਹਾਂ ਜਿਨ੍ਹਾਂ ਨੂੰ ਮੇਰਾ ਖਿਆਲ ਹੈ ਕਿ ਤੁਸੀਂ ਰੀਐਕਸ਼ਨਰੀ ਵੀ ਨਹੀਂ ਕਹਿ ਸਕੋਗੇ । ਉਹ ਹਨ ਗੁਜਰਾਤ ਦੇ ਗਵਰਨਰ, ਜਿਹੜੇ ਆਲ ਇੰਡੀਆ ਕਾਂਗਰਸ ਦੇ ਜਨਰਲ ਸਕੱਤਰ ਵੀ ਰਹੇ ਹਨ । ਉਹ ਇਸ ਤਰ੍ਹਾਂ ਹੈ:—

"The Gujarat Governor, Mr. Shriman Narayan to-day cautioned against introducing new land reforms in the Country. In his address "growth and social justice" at the National Academy of Administration here, the Governor referred to the current controversy on land ceiling and said, the aims of land reforms should be social justice as also increased production.

If agrarian reforms sap and hamper the initiative and enthusiasm of the farmers for achieving higher production of food as well as Commercial crops, we shall inevitably face a National crisis heading towards hunger and un-employment.

ਇਸ ਤੋਂ ਕਹਿਣ ਦਾ ਉਨ੍ਹਾਂ ਦਾ ਭਾਵ ਇਹ ਹੈ ਕਿ ਇਸ ਤਰ੍ਹਾਂ ਉਨ੍ਹਾਂ ਦਾ ਇਨਸੈਂਟਿਵ ਖਤਮ ਹੁੰਦਾ ਹੈ ਇਸ ਲਈ ਇਹ ਨਾ ਕਰੋ ।

ਮੈਂ ਇਸੇ ਤਰ੍ਹਾਂ ਸਰਦਾਰ ਉਜਲ ਸਿੰਘ ਜਿਹੜੇ ਗਵਰਨਰ ਰਹਿ ਚੁੱਕੇ ਹਨ, ਦਾ ਇਕ ਸਟੇਟਮੈਂਟ 'ਟ੍ਰਿਬਿਊਨ' ਅਖਬਾਰ ਵਿੱਚੋਂ ਪੜ੍ਹ ਕੇ ਸੁਣਾਉਂਦਾ ਹਾਂ। ਇਸ ਵਿੱਚ ਲਿਖਿਆ ਹੈ :—

"Addressing a Press Conference, he said that the proposed drastic cut on lan d holdings would adversly affect production, would be unfair to Agriculturists in general, as their income would be limited to a very low level and would bring into existence of large number of un-economic units."

ਸਪੀਕਰ ਸਾਹਿਬ, ਹੁਣ ਇਕ ਆਰਟੀਕਲ ਦੀ ਕਟਿੰਗ, ਜਿਹੜੀ ਕਿ ਅਗਾਹਾਂ ਵਧੂ ਖਿਆਲਾਤ ਰਖਣ ਵਾਲੇ ਲੋਕਾਂ ਦਾ, ਜਿਸ ਨੂੰ ਕਿ ਕਾਂਗਰਸ ਕਿਸਾਨ ਦਲ ਕਹਿੰਦੇ ਹਨ, ਵਿੱਚੋਂ ਕੁਝ ਲਾਈਨਾਂ ਪੜ੍ਹ ਕੇ ਸੁਣਾਉਂਦਾ ਹਾਂ। ਇਨ੍ਹਾਂ ਦੀ ਇਕ ਮੀਟਿੰਗ ਜੁਲਾਈ 1972 ਦੇ ਵਿੱਚ ਰਖੀ ਗਈ। ਇਸ ਨੂੰ ਇਕ ਐਮ. ਪੀ. ਨੇ ਪ੍ਰੀਜ਼ਾਈਡ ਕੀਤਾ। ਇਸ ਬਾਰੇ ਲਿਖਿਆ ਹੈ :

"The consensus at the Delegate's Sessions was that the proposed ceiling will ruin peasants agricultural economy and that Punjab should not be herded togethe with other States in the matter of ceiling of land holdings in view of the special circumstances obtaining in this State."

ਇਸੇ ਤਰ੍ਹਾਂ ਇਕ ਮੀਟਿੰਗ 20 ਅਕਤੂਬਰ ਨੂੰ ਫੂਡ ਐਡਵਾਈਜ਼ਰਜ਼ ਦੀ ਹੋਈ ਸੀ। ਉਨ੍ਹਾਂ ਵਿਚ ਬੜੇ ਬੜੇ ਐਕਸਪਰਟਸ ਸ਼ਾਮਲ ਹੋਏ। ਉਨ੍ਹਾਂ ਨੇ ਆਪਣੀ ਰਾਏ ਦਿੱਤੀ that the land should not be divided.

ਇਸ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਹਨ ਸੀਲਿੰਗ ਦੇ ਮੁਤਾਲਿਕ। ਮੇਰੇ ਕਈ ਭਰਾ ਜਾਪਾਨ ਦੀ ਮਿਸਾਲ ਦੇਂਦੇ ਹਨ ਪਰ ਇਹ ਇਕ ਗਲਤ ਮਿਸਾਲ ਹੈ। ਇਹ ਠੀਕ ਹੈ ਕਿ ਜਾਪਾਨ ਦੇ ਵਿਚ ਛੋਟੀ ਛੋਟੀ ਹੋਲਡਿੰਗ ਹੈ। ਸਰਦਾਰ ਉਮਰਾਓ ਸਿੰਘ ਜਾਪਾਨ ਜਾਕੇ ਆਏ ਹਨ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਥੇ ਐਗਰੀਕਲਚਰ ਦੇ ਨਾਲ ਇੰਡਸਟਰੀ ਸਬਸੀਡਾਈਜ਼ ਕੀਤੀ ਜਾਂਦੀ ਹੈ। ਜੇ ਫੈਮਿਲੀ ਵਿਚ 4 ਭਾਈ ਹਨ, ਉਨ੍ਹਾਂ ਵਿਚੋਂ 3 ਇੰਡਸਟਰੀ ਵਿਚ ਕੰਮ ਕਰਦੇ ਹਨ ਅਤੇ ਇਕ ਐਗਰੀਕਲਚਰ ਵਿਚ, ਉਹ ਵੀ ਅਧਾ ਟਾਈਮ ਇੰਡਸਟਰੀ ਵਿਚ ਲਾਉਂਦਾ ਹੈ। ਇਸ ਲਈ ਉਸ ਮੁਲਕ ਨੇ ਭਾਰੀ ਤਰੱਕੀ ਕੀਤੀ ਹੈ।

ਇਥੇ ਇਕ ਮਿਸਾਲ ਰਸ਼ੀਆ ਦੀ ਵੀ ਦਿੱਤੀ ਸੀ। ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਥੇ ਵੀ ਉਹ ਆਪਣੀ ਐਗਰੀਕਲਚਰਲ ਪ੍ਰੋਡੀਊਸ ਪੂਰੀ ਨਹੀਂ ਕਰ ਸਕੇ। ਜੁਲਾਈ ਤੋਂ ਅਗਸਤ, 1972 ਤੱਕ ਜਿਹੜੀ ਕਣਕ ਉਨ੍ਹਾਂ ਨੇ ਬਾਹਰਲੇ ਮੁਲਕਾਂ ਤੋਂ ਮੰਗਵਾਈ ਉਸ ਦੀ ਡੀਟੇਲ ਛਪੀ ਹੈ, ਜਿਹੜੀ ਇਸ ਤਰ੍ਹਾਂ ਹੈ। ਅਮਰੀਕਾ ਤੋਂ 19.9 ਮਿਲੀਅਨ ਟਨ, ਕੈਨੇਡਾ ਤੋਂ 8 ਮਿਲੀਅਨ ਟਨ, ਫਰਾਂਸ ਤੋਂ 1.75 ਮਿਲੀਅਨ ਟਨ, ਆਸਟਰੇਲੀਆ ਤੋਂ 31.5 ਮਿਲੀਅਨ ਟਨ ਅਤੇ ਸੂਡਾਨ ਤੋਂ 0.5 ਮਿਲੀਅਨ ਟਨ ਮੰਗਵਾਈ ਹੈ। ਇਸੇ ਤਰ੍ਹਾਂ ਅਮਰੀਕਾ ਜਿਹੜਾ ਐਡਾ ਵਡਾ ਮੁਲਕ ਹੈ ਉਨ੍ਹਾਂ ਨੂੰ ਵੀ ਸਾਰਾ ਕੁਝ ਬਾਹਰ ਤੋਂ ਮੰਗਵਾ ਕੇ ਹੀ ਆਪਣਾ ਘਾਟਾ ਪੂਰਾ ਕਰਨਾ ਪੈਂਦਾ ਹੈ।

ਇਕ ਗੱਲ ਇਨ੍ਹਾਂ ਨੇ ਸੋਸ਼ਲ ਜਸਟਿਸ ਦੀ ਵੀ ਕਹੀ। ਕੌਣ ਨਹੀਂ ਚਾਹੁੰਦਾ ਕਿ ਉਸ ਨਾਲ ਸੋਸ਼ਲ ਜਸਟਿਸ ਹੋਵੇ। ਪਰ ਇਹ ਕਿਥੇ ਲਿਖਿਆ ਹੈ ਸੋਸ਼ਲ ਜਸਟਿਸ ਦਾ ਫਾਰਮੂਲਾ ਪਿੰਡਾਂ ਦੇ ਵਿਚ 80% ਆਬਾਦੀ ਤੇ ਹੋਰ ਹੋਵੇ ਅਤੇ 20% ਸ਼ਹਿਰੀ ਆਬਾਦੀ ਤੇ ਹੋਰ ਹੋਵੇ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਜੇ ਸੋਸ਼ਲ ਜਸਟਿਸ ਕਰਨਾ ਹੈ ਤਾਂ ਇਕੋ ਹੀ ਤਰੀਕਾ ਵਰਤਣਾ ਚਾਹੀਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਕ ਪਰਵਾਰ ਵਿਚੋਂ ਜਿਹੜੇ ਲੋਕ ਸਰਵਿਸ ਕਰਦੇ ਹਨ ਕੋਈ ਆਈ. ਏ. ਐਸ. ਕੋਈ ਆਈ. ਪੀ. ਐਸ

[ਸਰਦਾਰ ਪਰਕਾਸ਼ ਸਿੰਘ ਬਾਦਲ]

ਬਣ ਜਾਂਦਾ ਹੈ, ਕੋਈ ਤਰਕੀ ਕਰਕੇ ਭਾਵੇਂ ਕਿਤੇ ਪਹੁੰਚ ਜਾਵੇ ਉਸ ਦੀ ਆਮਦਨ ਤੇ ਕੋਈ ਸੀਲਿੰਗ ਨਹੀਂ। ਪਰ ਜਿਹੜਾ ਇਕ ਦਿਹਾਤੀ ਪਰੀਵਾਰ ਹੈ, ਪੰਜਾਬ ਦਾ ਕਿਸਾਨ ਹੈ ਉਸ ਤੇ ਤੁਸੀਂ ਅਜ ਇਹ ਪਾਬੰਦੀ ਲਗਾ ਰਹੇ ਹੋ ਕਿ ਉਸ ਦੀ ਹਰ ਹਾਲਤ ਵਿਚ 9.10 ਹਜ਼ਾਰ ਤੋਂ ਵੱਧ ਇਨਕਮ ਸਾਲਾਨਾ ਨਾ ਹੋਵੇ। ਜੇ ਜਸਟਿਸ ਕਰਨਾ ਹੈ ਤਾਂ ਸਾਰਿਆਂ ਲਈ ਇਕੋ ਅਸੂਲ ਹੋਵੇ। ਖੇਤੀ ਕਰਨ ਵਾਲਾ ਸਕੂਟਰ ਨਹੀਂ ਰਖ ਸਕਦਾ, ਮੀਟ ਨਹੀਂ ਖਾ ਸਕਦਾ ਅਤੇ ਨਾ ਹੀ ਦੁਧ ਪੀ ਸਕਦਾ ਹੈ। ਇਕ ਅਫਸਰ ਜਿਸ ਨੂੰ 3 ਹਜ਼ਾਰ ਮਿਲਦਾ ਹੈ, ਕਾਰ ਵੀ ਰਖਦਾ ਹੈ ਹੋਰ ਅਰਾਮ ਵੀ ਉਸ ਨੂੰ ਸ਼ਹਿਰੀ ਜ਼ਿੰਦਗੀ ਦੇ ਹਾਸਲ ਹਨ। ਇਹ ਕਿਸੇ ਤਰ੍ਹਾਂ ਦਾ ਸੋਸ਼ਲ ਜਸਟਿਸ ਹੈ। ਇਸੇ ਤਰ੍ਹਾਂ ਹੀ ਇੰਡਸਟਰੀਅਲਿਸਟ ਹੈ। ਉਸ ਤੇ ਕੋਈ ਚੈਕ ਨਹੀਂ ਉਸ ਨੂੰ ਬਚਾਉਣ ਵਾਸਤੇ ਇਹ ਬਿਲ ਲਿਆ ਰਹੇ ਹਨ। ਸਰਕਾਰ ਕਹਿੰਦੀ ਹੈ ਕਿ ਅਸੀਂ ਹੋਰ ਕਿਸੇ ਨੂੰ ਕੋਈ ਤਕਲੀਫ ਨਹੀਂ ਦੇਣੀ ਪਰ ਕਿਸਾਨ ਇਤਨੇ ਇਨਡਿਸਪੋਜ਼ ਹੋ ਗਏ ਹਨ ਕਿ ਉਹ ਕਿਵੇਂ ਵੀ ਆਪਣੀ ਤਰੱਕੀ ਲਈ ਕੋਈ ਕੰਮ ਨਹੀਂ ਕਰ ਸਕਦੇ। ਹਿੰਦੁਸਤਾਨ ਵਿਚ ਸਾਰੇ ਲੋਕ ਇਕ ਹਨ ਫੇਰ ਸ਼ਹਿਰੀ ਅਤੇ ਦਿਹਾਤੀ ਵਿਚ ਇਤਨਾ ਵਿਤਕਰਾ ਕਿਉਂ। ਮੈਂ ਸਮਝਦਾ ਹਾਂ ਕਿ ਜੇ ਸਹੀ ਮਾਹਨਿਆਂ ਵਿਚ ਨੈਕਸੇਲਾਈਟ ਬਨਣਗੇ ਤਾਂ ਹੁਣ ਬਨਣਗੇ–ਕਿਉਂਕਿ ਹੁਣ ਦਿਹਾਤੀਆਂ ਨਾਲ ਇਤਨੀ ਜ਼ਬਰਦਸਤੀ ਹੋ ਰਹੀ ਹੈ ਕਿ ਉਹ ਜ਼ਿਆਦਾ ਚਿਰ ਬਰਦਾਸ਼ਤ ਨਹੀਂ ਕਰ ਸਕਦੇ। ਜੇ ਅਜ ਸਰਦਾਰ ਉਮਰਾਓ ਸਿੰਘ ਡੇਢ ਲੱਖ ਦੀ ਕਾਰ ਵਰਤਦਾ ਹੈ, ਪਰ ਇਕ ਜ਼ਿਮੀਦਾਰ ਪਾਸ ਟੁਟਿਆ ਹੋਇਆ ਤਾਂਗਾ ਵੀ ਨਹੀਂ ਹੈ ਉਹ ਇਹ ਧੱਕਾ ਕਿਵੇਂ ਬਰਦਾਸ਼ਤ ਕਰੇਗਾ? ਜੇ ਸੋਸ਼ਲਸਟਿਕ ਪੈਟਰਨ ਲਾਗੂ ਕਰਨ ਦਾ ਤੁਸੀਂ ਦਾਵਾ ਕਰਦੇ ਹੋ ਤਾਂ ਇਹ ਪਹਿਲਾਂ ਵਜ਼ੀਰਾਂ ਤੇ ਲਾਗੂ ਹੋਵੇ। ਪਹਿਲਾਂ ਉਨ੍ਹਾਂ ਤੋਂ ਵੱਡੀਆਂ ਵੱਡੀਆਂ ਕੋਠੀਆਂ, ਕਾਰਾਂ ਲੈਣੀਆਂ ਚਾਹੀਦੀਆਂ ਹਨ। ਇਕ ਵਜ਼ੀਰ ਦੇ ਆਰਾਮ ਲਈ 10 ਹਜ਼ਾਰ ਮਹੀਨੇ ਤੋਂ ਘਟ ਖਰਚ ਨਹੀਂ ਆਉਂਦਾ। ਪਰ ਏਥੇ ਤੁਸੀਂ 9.10 ਹਜ਼ਾਰ ਸਾਲਾਨਾ ਇਕ ਦਿਹਾਤੀ ਪ੍ਰੀਵਾਰ ਦੀ ਆਮਦਨ ਦੀ ਲਿਮਿਟ ਕਾਇਮ ਕਰ ਰਹੇ ਹੋ, ਪਰ ਦੂਜੇ ਪਾਸੇ ਵਜ਼ੀਰਾਂ ਤੇ ਇਤਨਾ ਪੈਸਾ ਖਰਚ ਕਰ ਰਹੇ ਹੋ। ਸਾਨੂੰ ਫਾਰਮਰਜ਼ ਦਾ ਇਨਸੈਂਟਿਵ ਬਰਕਰਾਰ ਰਖਣਾ ਚਾਹੀਦਾ ਹੈ। ਉਨ੍ਹਾਂ ਨਾਲ ਬਰਾਬਰੀ ਦਾ ਸਲੂਕ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਰਦਾਰ ਉਮਰਾਓ ਸਿੰਘ ਨੂੰ ਵੀ ਇਹ ਗਲ ਮੰਨਣੀ ਚਾਹੀਦੀ ਹੈ। ਉਹ ਲੋਕ ਜੋ ਦੋ ਸਾਲ ਪਹਿਲਾਂ ਤੋਂ ਜੰਗਲ ਪੁਟ ਕੇ ਜ਼ਮੀਨਾਂ ਆਬਾਦ ਕਰਦੇ ਆ ਰਹੇ ਹਨ, ਉਨ੍ਹਾਂ ਨੂੰ ਵੀ ਇਸ ਬਿੱਲ ਦੇ ਲਾਗੂ ਹੋਣ ਵਾਲੀ ਤਾਰੀਖ ਤੋਂ ਛੋਟ ਦੇਣੀ ਚਾਹੀਦੀ ਹੈ। ਜਿਥੋਂ ਤੱਕ ਬਾਗਾਂ ਦੀ ਜ਼ਮੀਨ ਨੂੰ ਐਗਜ਼ੰਪਸ਼ਨ ਦੇਣ ਦਾ ਸਵਾਲ ਹੈ, ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕੇਲੇ ਅਤੇ ਅਮਰੂਦ ਨੂੰ ਬਾਗਾਂ ਦੇ ਦਰਖਤ ਕਿਉਂ ਨਹੀਂ ਸਮਝਦੇ। ਗਰੇਪ ਕਲਟੀਵੇਸ਼ਨ ਦੀ ਤਾਂ ਭਲਾ ਹੋਰ ਗਲ ਹੈ। (ਇਕ ਮਾਨ ਯੋਗ ਮੈਂਬਰ ਹੁਣ ਤੁਸੀਂ ਨਹੀਂ ਬਚਦੇ) ਮੈਨੂੰ ਬਚਣ ਦੀ ਕੋਈ ਲੋੜ ਵੀ ਨਹੀਂ। ਜਿਨ੍ਹਾਂ ਲੋਕਾਂ ਨੇ ਆਪਣੇ ਪ੍ਰਾਈਵੇਟ ਸੋਰਸਿਜ਼ ਨਾਲ ਟਿਊਬਵੈਲਜ਼ ਲਗਾਏ ਹਨ, ਉਨ੍ਹਾਂ ਨੂੰ ਇਸ ਸਰਕਾਰ ਨੂੰ ਰਿਆਇਤ ਦੇਣੀ ਚਾਹੀਦੀ ਹੈ। ਮੈਂ ਰੈਵੇਨਿਊ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਕਨਸੈਸ਼ਨ ਦੇਣਾ ਚਾਹੀਦਾ ਹੈ ਇਹ ਬਿਲ ਲਿਆਕੇ ਜ਼ਿਮੀਦਾਰਾਂ ਨਾਲ ਬੜੀ ਜ਼ਿਆਦਤੀ ਹੋਈ ਹੈ। ਇਨ੍ਹਾਂ ਸ਼ਬਦਾ ਨਾਲ ਮੈਂ ਬੈਠ ਜਾਂਦਾ ਹਾਂ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ): ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਇਕ ਬੜਾ ਹੀ ਮਹਤਵਪੂਰਣ ਸਵਾਲ ਸਦਨ ਦੇ ਸਾਹਮਣੇ ਪੇਸ਼ ਹੈ। ਕਿਉਂਕਿ ਇਹ ਜਿਹੜਾ ਲੈਂਡ ਦੀ ਸੀਲਿੰਗ ਦਾ ਬਿੱਲ, ਇਕ ਬਹੁਤ ਹੀ ਪ੍ਰੋਗਰੈਸਿਵ ਸਟੈਪ ਹੈ ਅਤੇ ਇਸ ਗਲ ਲਈ ਇਕ ਪਕੀ ਯਾਰਡ ਸਟਿਕ ਇਹ ਬਿਲ ਹੋਵੇਗਾ ਕਿ ਕਿਤਨੀ ਜ਼ਮੀਨ ਸਰਪਲਸ ਨਿਕਲਣੀ ਹੈ ਅਤੇ ਇਸ ਵਿਚੋਂ ਕਿਤਨੀ ਜ਼ਮੀਨ ਬੇਜ਼ਮੀਨੇ ਲੋਕਾਂ ਨੂੰ ਮਿਲਣੀ ਹੈ। ਇਸ ਲਈ ਮੈਂ ਇਸ ਨੂੰ ਸਹੀ ਯਾਰਡ ਸਟਿਕ ਕਿਹਾ ਹੈ ਕਿਉਂ ਜੋ ਇਸ ਰਾਹੀਂ ਜਿਹੜੀ ਜ਼ਮੀਨ ਹੱਥ ਆਵੇਗੀ, ਉਹੀ ਬੇਜ਼ਮੀਨੇ ਲੋਕਾਂ ਨੂੰ ਦਿੱਤੀ ਜਾਣੀ ਹੈ।

ਸ੍ਰੀ ਡਿਪਟੀ ਸਪੀਕਰ : ਤੁਸੀਂ ਸਿਰਫ 10 ਮਿੰਟ ਬੋਲਣਾ ਹੈ ਜੋਸ਼ ਸਾਹਿਬ । (*Addressiug Com. Shamsher Singh Josh* : The hon. Member will get only 10 minutes.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : 15 ਮਿੰਟ ਜਨਾਬ ।

ਕਾਮਰੇਡ ਸੱਤ ਪਾਲ ਡਾਂਗ: ਜਨਾਬ ਸਵੇਰੇ ਵੀ ਇਹ ਕਹਿੰਦੇ ਰਹੇ ਹਨ ਕਿ ਇਨ੍ਹਾਂ ਨੂੰ ਮੁਕਰਨ ਦੀ ਆਦਤ ਹੈ । (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਕਲ ਇਹ ਮੰਨੇ ਸੀ ਕਿ ਇਹ ਇਕ ਅਹਿਮ ਬਿੱਲ ਹੈ ਅਤੇ ਜੇ ਟਾਈਮ ਘਟ ਹੋਇਆ ਤਾਂ ਇਹ ਸਿਟਿੰਗ ਕਨਟੀਨਿਊ ਕਰੇਗੀ ... (ਵਿਘਨ)

ਸ੍ਰੀ ਡਿਪਟੀ ਸਪੀਕਰ : ਚਲੋ ਉਨ੍ਹਾਂ ਨੂੰ ਬੋਲ ਲੈਣ ਦਿਓ । (Let the hon. Member proceed.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਲੈਂਡ ਸੀਲਿੰਗ ਦੇ ਕੁਝ ਬਿੱਲ ਪਹਿਲਾਂ ਵੀ ਦੇਸ਼ ਵਿਚ ਸੀ ਪਰ ਉਹ ਇਤਨੇ ਥੋਥੇ ਸੀ ਕਿ ਉਨ੍ਹਾਂ ਦੇ ਵਿਰੁਧ ਦੇਸ਼ ਵਿਚ ਇਹ ਹਵਾ ਚਲੀ ਕਿ ਉਨ੍ਹਾਂ ਪੁਰਾਣੇ ਕਾਨੂੰਨਾਂ ਦੀ ਥਾਂ ਤੇ ਨਵੇਂ ਕਾਨੂੰਨ ਬਣਾਓ । ਉਹ ਕਾਨੂੰਨ ਕਿਤਨੇ ਥੋਥੇ ਸੀ ਇਸ ਬਾਰੇ ਮੈਂ ਇਕ ਮਿਸਾਲ ਦਿੰਦਾ ਹਾਂ । ਆਂਧਰਾ ਪ੍ਰਦੇਸ਼ ਵਿਚ ਇਕ ਟਬਰ 1620 ਏਕੜ ਜ਼ਮੀਨ ਰਖ ਸਕਦਾ ਸੀ । ਪੰਜਾਬ ਵਿਚ ਇਕ 5 ਜੀਆਂ ਦਾ ਟਬਰ 300 ਏਕੜ ਜ਼ਮੀਨ ਰਖ ਸਕਦਾ ਸੀ। ਇਸ ਕਰਕੇ ਇਨ੍ਹਾਂ ਕਾਨੂੰਨਾਂ ਦੇ ਵਿਰੁਧ ਸਾਰੇ ਦੇਸ਼ ਵਿਚ ਅਵਾਜ਼ ਉਠੀ । ਸਾਰੇ ਮੁਲਕ ਵਿਚ ਕੁਲ ਜ਼ਮੀਨ ਜੋ ਹਲ ਹੇਠ ਹੈ ਉਹ 34 ਕਰੋੜ ਏਕੜ ਹੈ । ਅਤੇ ਜੋ ਜ਼ਮੀਨ ਸੀਲਿੰਗ ਨਾਲ ਬਾਹਰ ਆਈ ਉਹ ਸਿਰਫ 24 ਲਖ ਏਕੜ ਸੀ । ਇਨ੍ਹਾਂ ਕਾਨੂੰਨਾਂ ਨੂੰ ਬਦਲਾਉਣ ਲਈ ਜੂਨ, 1970 ਵਿਚ ਇਕ ਅੰਦੋਲਨ ਸਾਰੇ ਦੇਸ਼ ਵਿਚ ਚਲਿਆ । ਪੰਜਾਬ ਵਿਚ ਵੀ ਬਿਰਲਾ ਫਾਰਮ, ਬੇਦੀ ਫਾਰਮ, ਅਤੇ ਗੁਰਦਿਆਲ ਫਾਰਮ ਦੇ ਵਿਰੁਧ ਵੀ ਅੰਦੋਲਨ ਹੋਇਆ । ਇਸ ਦੇ ਨਤੀਜੇ ਵਜੋਂ 26 ਸਤੰਬਰ, 1970 ਨੂੰ ਮੁੱਖ ਮੰਤਰੀਆਂ ਦੀ ਇਕ ਕਾਨਫਰੰਸ ਹੋਈ ਉਸ ਵਿਚ ਸਾਰੇ ਦੇਸ਼ ਨੂੰ ਲੈਂਡ ਰਿਫਾਰਮ ਵਾਸਤੇ ਗਾਈਡ ਲਾਈਨਜ਼ ਦਿਤੀਆਂ ਗਈਆਂ ਕਿ ਇਸ ਤਰ੍ਹਾਂ ਦੇ ਕਾਨੂੰਨ ਬਣਾਏ ਜਾਣ ਤਾਕਿ ਥੋਥੇ ਕਾਨੂੰਨਾਂ ਨੂੰ ਬਦਲਾਇਆ ਜਾ ਸਕੇ ਅਤੇ ਮੁਠੀ ਭਰ ਲੋਕਾਂ ਦੀ ਜਕੜ ਜ਼ਮੀਨ ਤੋਂ ਖਤਮ ਕੀਤੀ ਜਾ ਸਕੇ । ਉਨ੍ਹਾਂ ਗਾਈਡ ਲਾਈਨਜ਼ ਦੇ ਆਧਾਰ ਤੇ ਹੀ ਇਹ ਬਿੱਲ ਪੇਸ਼ ਹੋਇਆ ਹੈ ।

ਇਹ ਬਿੱਲ ਜੋ ਅਜ ਸਾਡੇ ਸਾਹਮਣੇ ਪੇਸ਼ ਹੈ ਇਹਦਾ ਰੂਪ 3 ਵਾਰ ਬਦਲ ਚੁਕਿਆ ਹੈ । ਸਭ ਤੋਂ ਪਹਿਲਾਂ ਇਹ ਬਿਲ ਇਥੇ ਅਸੈਂਬਲੀ ਵਿਚ ਪੇਸ਼ ਕੀਤਾ ਗਿਆ ਸੀ । ਫਿਰ ਇਸ ਦਾ ਰੂਪ ਬਦਲ ਕੇ ਇਸ ਦਾ ਫਿਰ ਡਰਾਫਟ ਬਣਾ ਕੇ ਸੈਂਟਰ ਨੂੰ ਭੇਜਿਆ ਸੀ ਅਤੇ ਹੁਣ ਫਿਰ ਤੀਜੀ [illegible] ਰੂਪ ਚੇਂਜ ਕਰਕੇ ਚੇਂਜ ਸ਼ੁਦਾ ਬਿਲ ਸਾਡੇ ਸਾਹਮਣੇ ਪੇਸ਼ ਕੀਤਾ ਗਿਆ ਹੈ । ਇਨ੍ਹਾਂ ਨੇ ਜਿਹੜਾ ਪਹਿਲਾ ਬਿਲ ਪੇਸ਼ ਕੀਤਾ ਸੀ ਉਸ ਬਾਰੇ 16 ਮਈ, 1972 ਦੀ ਕਾਂਗਰਸ ਪਾਰਟੀ ਦੀ ਐਗਜ਼ੈਕਟਿਵ ਵਿਚ ਸ੍ਰੀ ਕ੍ਰਿਸ਼ਨਕਾਂਤ ਨੇ ਇਹ ਸਰਟੀਫਿਕੇਟ ਦਿਤਾ ਸੀ :-

> The two bills regarding ceiling on land and urban property were blatantly and flagrantly in violation of the principle that the Party has committed itself to. Even the Akalis would have done better than what has been done by the present Ministry in Punjab.

ਇਹ ਸਰਟੀਫਿਕੇਟ ਮਿਲਿਆ ਸਰਦਾਰ ਉਮਰਾਓ ਸਿੰਘ ਜੀ ਨੂੰ ...(ਵਿਘਨ)

ਸਿਖਿਆ ਮੰਤਰੀ : ਜੋਸ਼ ਸਾਹਿਬ, ਮੈਨੂੰ ਸਰਟੀਫਿਕੇਟ ਜਾਂ ਕਾਂਗਰਸ ਦੇ ਪ੍ਰਧਾਨ ਦਾ ਚਾਹੀਦਾ ਹੈ ਜਾਂ ਸ਼੍ਰੀਮਤੀ ਇੰਦਰਾ ਗਾਂਧੀ ਦਾ, ਕ੍ਰਿਸ਼ਨਕਾਂਤ ਦੇ ਸਰਟੀਫਿਕੇਟ ਦੀ ਮੈਨੂੰ ਕੋਈ ਲੋੜ ਨਹੀਂ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਪਰ ਉਸੇ ਸਰਟੀਫਿਕੇਟ ਕਰਕੇ ਤਾ ਤੁਸੀਂ ਇਸ ਬਿਲ ਦਾ ਰੂਪ ਚੇਂਜ ਕਰ ਦਿਤਾ ਹੈ ਅਤੇ ਹੁਣ ਨਵਾਂ ਬਿਲ ਲਿਆਏ ਹੋ । (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਬਿਲ ਪੇਸ਼ ਕੀਤਾ ਗਿਆ ਹੈ ਇਸ ਦੀ ਸਾਡੀ ਪਾਰਟੀ ਵਲੋਂ ਸੋਬਰ ਅਸੈਸਮੈਂਟ ਇਹ ਹੈ ਕਿ :-

It concedes some important demands of the Agrarian Movement.

ਇਸ ਵਿਚ ਐਗਰੇਰੀਅਨ ਕਲਾਸ ਦੀਆਂ ਕੁਝ ਗਲਾਂ ਮੰਨ ਲਈਆਂ ਗਈਆਂ ਹਨ ਅਤੇ ਕੁਝ ਮਘੋਰੇ ਤੇ ਨਾਂਹ ਪਖੀ ਗਲਾਂ ਵੀ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਲਾਗੂ ਕਰਵਾਉਣ ਲਈ ਕੋਈ ਨਵੀਂ ਐਡਮਨਿਸਟ੍ਰੇਟਿਵ ਮਸ਼ੀਨਰੀ ਲਾਉਣੀ ਚਾਹੀਦੀ ਹੈ । ਕਿਉਂਕਿ ਜੋ ਮੌਜੂਦਾ ਐਡਮਨਿਸਟ੍ਰੇਟਿਵ ਅਤੇ ਜੁੜਸ਼ੀਲ ਮਸ਼ੀਨਰੀ ਹੈ ਉਹ ਨਵੀਆਂ ਚੇਂਜਿਜ਼ ਲਿਆਣ ਦੀ ਯੋਗਤਾ ਨਹੀਂ ਰਖਦੀ ਸਗੋਂ ਸਟੇਟਸ ਕੋ ਬਹਾਲ ਰਖਣ ਦੀ ਯੋਗਤਾ ਰਖਦੀ ਹੈ ਇਸ ਲਈ ਨਵੇਂ ਪ੍ਰੀਵਰਤਨਾਂ ਨੂੰ ਲਾਗੂ ਕਰਾਉਣ ਲਈ ਨਵੀਂ ਐਡਮਨਿਸਟ੍ਰੇਟਿਵ ਮਸ਼ੀਨਰੀ ਵੀ ਲਾਉਣੀ ਚਹੀਦੀ ਹੈ । ਭਾਵੇਂ ਇਸ ਬਿੱਲ ਵਿਚ ਨਾਂਹ ਪਖੀ ਗਲਾਂ ਵੀ ਹਨ ਪਰ, ਡਿਪਟੀ ਸਪੀਕਰ ਸਾਹਿਬ, ਇਸ ਵਿਚ ਪੋਜ਼ੇਟਿਵ ਗਲਾਂ ਵੀ ਹਨ । ਇਹ ਪੌਜ਼ੇਟਿਵ ਪੁਆਇੰਟ 8 ਹਨ । ਪਹਿਲਾਂ ਹੈ :-

Land Ceiling Legislation is being enacted for the whole of State.

ਇਹ ਪਹਿਲੀ ਪਖੀ ਗਲ ਹੈ। ਪੈਪਸੂ ਅਤੇ ਪੰਜਾਬ ਦਾ ਜ਼ਮੀਨੀ ਸੁਧਾਰ ਦਾ ਇਕ ਕਾਨੂੰਨ ਲਾਗੂ ਕਰ ਦਿਤਾ ਗਿਆ ਹੈ । ਪਹਿਲਾਂ ਪੰਜਾਬ ਦਾ ਹੋਰ ਹੁੰਦਾ ਸੀ ਅਤੇ ਪੈਪਸੂ ਦਾ ਹੋਰ ਹੁੰਦਾ ਸੀ ।

ਦੂਜੀ ਪੌਜ਼ੇਟਿਵ ਗਲ ਇਹ ਹੈ ਕਿ ਪਹਿਲੀ ਵਾਰੀ ਓਨਰਸ਼ਿਪ ਉਤੇ ਸੀਲਿੰਗ ਲਾਈ ਗਈ ਹੈ । ਪੰਜਾਬ ਵਿਚ ਪਹਿਲਾਂ ਓਨਰਸ਼ਿਪ ਉਤੇ ਨਹੀਂ ਸਗੋਂ ਹੋਲਡਿੰਗ ਤੇ ਸੀਲਿੰਗ ਸੀ। ਸਿਰਫ ਪੈਪਸੂ ਵਿਚ ਹੀ ਓਨਰਸ਼ਿਪ ਤੇ ਸੀਲਿੰਗ ਸੀ। ਹੁਣ ਇਹ ਗਲ ਚੰਗੀ ਕੀਤੀ ਗਈ ਹੈ ਕਿ ਸਾਰੇ ਪੰਜਾਬ ਵਿਚ ਓਨਰਸ਼ਿਪ ਉਤੇ ਸੀਲਿੰਗ ਲਾਈ ਗਈ ਹੈ ।

ਤੀਜੀ ਚੰਗੀ ਗਲ ਇਹ ਹੈ ਕਿ :-

Ceiling limit has been reduced and family has been made the basis instead of individual.

ਯਾਨੀ ਕਿ ਵਿਅਕਤੀ ਦੀ ਯੂਨਟ ਦੀ ਥਾਂ ਤੇ ਟੱਬਰ ਨੂੰ ਯੂਨਿਟ ਬਣਾ ਦਿਤਾ ਗਿਆ ਹੈ। ਇਸ ਨਾਲ ਜ਼ਮੀਨ ਦੀ ਵੰਡ ਚੰਗੀ ਤਰ੍ਹਾਂ ਹੋ ਸਕੇਗੀ ।

ਫਿਰ, ਡਿਪਟੀ ਸਪੀਕਰ ਸਾਹਿਬ, ਪਹਿਲਾਂ 11 ਛੋਟਾਂ ਦਿਤੀਆਂ ਗਈਆਂ ਸੀ । ਹੁਣ ਉਹ ਘਟਾ ਕੇ ਸਿਰਫ 1 ਰਹਿਣ ਦਿਤੀ ਗਈ ਹੈ, ਬਾਗਾਂ ਦੀ । ਉਹ ਵੀ ਕੇਲੇ ਅਮਰੂਦਾ ਅਤੇ ਅੰਗੂਰਾਂ ਦੇ ਬਾਗਾਂ ਤੋਂ ਬਿਨਾਂ ਜਿਹੜੇ ਬਾਗ ਹੋਣਗੇ ਉਨ੍ਹਾਂ ਨੂੰ ਛੋਟ ਦਿਤੀ ਗਈ ਹੈ । ਉਨ੍ਹਾਂ ਬਾਗਾਂ ਨੂੰ ਬਰਾਨੀ ਜ਼ਮੀਨ ਸਮਝਿਆ ਜਾਵੇਗਾ, ਭਾਵੇਂ ਉਨ੍ਹਾਂ ਨੂੰ 6 ਗੁਣਾ ਪਾਣੀ ਕਿਉਂ ਨਾ ਲਗਦਾ ਹੋਵੇ ।

ਇਸ ਤੋਂ ਅਗਲੀ ਗੱਲ ਲਈ ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਦਾਦ ਦਿੰਦਾ ਹਾਂ । ਉਹ ਗਲ ਇਹ ਹੈ ਕਿ ਇਨ੍ਹਾਂ ਨੇ ਕੰਪੈਨਸੇਸ਼ਨ ਨੂੰ ਫੇਅਰ ਰੈਂਟ ਨਾਲ ਜੋੜ ਦਿਤਾ ਹੈ । ਪਹਿਲਾਂ ਉਹ ਮਾਰਕੀਟ ਪਰਾਈਜ਼ ਨਾਲ ਜੁੜਿਆ ਹੋਇਆ ਸੀ । ਪਹਿਲੇ ਬਿੱਲ ਵਿਚ ਇਹ ਸੀ ਕਿ ਜੋ ਪਹਿਲੇ 25 ਏਕੜ ਨ ਕਲਣਗੇ ਉਨ੍ਹਾਂ ਨੂੰ ਮਾਰਕੀਟ ਪਰਾਈਸ 75% ਕੀਮਤ ਦਿਤੀ ਜਾਵੇਗੀ, ਜਿਹੜੇ ਅਗਲੇ 25 ਏਕੜ ਜ਼ਮੀਨ ਨਿਕਲੇਗੀ ਉਸ ਦਾ ਕੰਪੈਂਸੇਸ਼ਨ ਮਾਰਕੀਟ ਵੈਲਿਊ ਦਾ 60% ਅਤੇ ਉਸ ਤੋਂ ਅਗਲੀ ਜੋ ਜ਼ਮੀਨ ਨਿਕਲੇਗੀ ਉਸ ਨੂੰ 25% ਕੰਪੈਨਸੇਸ਼ਨ ਦਿਤਾ ਜਾਵੇਗਾ । ਦੂਸਰਾ ਜਿਹੜਾ ਬਿੱਲ ਡਰਾਫਟ ਕੀਤਾ ਗਿਆ ਸੀ ਉਸ ਵਿਚ 75% ਦੀ ਥਾਂ ਤੇ 60% ਕਰ ਦਿਤਾ ਗਿਆ ਸੀ । ਪਰ ਹੁਣ ਇਸ ਬਿਲ ਵਿਚ ਉਸ ਕੰਪੈਨਸੇਸ਼ਨ ਨੂੰ ਲਗਾਨ ਨਾਲ ਜੋੜ ਦਿਤਾ ਗਿਆ ਹੈ ਅਤੇ ਲਗਾਨ ਵੀ ਨਿਸਚਿਤ ਕਰ ਦਿਤਾ ਗਿਆ ਹੈ ਕਿ ਜੋ ਵੀ ਪੈਦਵਾਰ ਹੋਵੇਗੀ ਉਸ ਦਾ ਪੰਜਵਾਂ ਹਿਸਾ ਲਗਾਨ ਸਮਝਿਆ ਜਾਵੇਗਾ । ਹੁਣ ਜਿਹੜੇ ਪਹਿਲੇ 3 ਹੈਕਟਰ ਫਾਲਤੂ ਜ਼ਮੀਨ ਨਿਕਲੇਗੀ ਉਸ ਨੂੰ 12 ਗੁਣਾ, ਅਗਲੇ 6 ਹੈਕਟਰ ਨੂੰ 9 ਗੁਣਾ ਅਤੇ ਜੋ ਇਸ ਤੋਂ ਵਧ ਫਾਲਤੂ ਜ਼ਮੀਨ ਨਿਕਲੇਗੀ ਉਸ ਨੂੰ 6 ਗੁਣਾ ਕੰਪੈਨਸੇਸ਼ਨ ਦਿਤਾ ਜਾਵੇਗਾ । ਮੈਂ ਇਸ ਗਲ ਤੇ ਇਨ੍ਹਾਂ ਨੂੰ ਦਾਦ ਦਿੰਦਾ ਹਾਂ ਕਿ ਇਹ ਠੀਕ ਗੱਲ ਕੀਤੀ ਗਈ ਹੈ ।

ਫਿਰ ਇਸ ਤੋਂ ਅਗੇ ਰਿਫੀਊਜੀਆਂ ਨੂੰ ਸਪੈਸ਼ਲ ਛੋਟ ਦਿਤੀ ਗਈ ਸੀ, ਉਹ ਖਤਮ ਕਰ ਦਿਤੀ ਗਈ ਹੈ ।

ਫਿਰ ਇਸ ਤੋਂ ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸੈਕਸ਼ਨ 2 ਵਿਚ ਜੋ ਇਹ ਲਿਖਿਆ ਹੈ :—

"It is hereby declared that this Act is for giving effect to the policy of the State towards securing the principles specified in clauses (b) and (c) of Articles 39 of the Constitution of India."

ਇਸ ਦਾ ਮਤਲਬ ਇਹ ਹੈ ਕਿ ਹੁਣ ਜ਼ਮੀਨ ਦਾ ਜੋ ਮੁਆਵਜ਼ਾ ਇਹ ਅਸੈਂਬਲੀ ਤਹਿ ਕਰੇਗੀ ਉਸ ਦੇ ਵਿਰੁਧ ਕਿਸੇ ਵੀ ਅਦਾਲਤ ਵਿਚ ਬਾਦਲ ਸਾਹਿਬ ਨਹੀਂ ਜਾ ਸਕਣਗੇ, ਕੋਈ ਵੀ ਜਗੀਰਦਾਰ ਨਹੀਂ ਜਾ ਸਕੇਗਾ, ਇਹ ਇਕ ਬਹੁਤ ਅੱਛੀ ਗੱਲ ਕੀਤੀ ਗਈ ਹੈ ।

ਇਹ ਤਾਂ ਡਿਪਟੀ ਸਪੀਕਰ ਸਾਹਿਬ, ਚੰਗੇ ਪੁਆਇੰਟ ਸੀ । ਪਰ ਇਸ ਬਿਲ ਵਿਚ ਨੁਕਸ ਵੀ ਹਨ । ਇਹ ਨੁਕਸ 11 ਹਨ । ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਅਤੇ ਇਨ੍ਹਾਂ ਦੀ ਪਾਰਟੀ ਸਮਾਜਵਾਦ ਲਈ ਕੁਮਿਟਿਡ ਹਨ । ਇਸ ਲਈ ਇਨ੍ਹਾਂ ਨੂੰ ਇਨ੍ਹਾਂ ਨੁਕਸਾਂ ਨੂੰ ਦੂਰ ਕਰਕੇ ਇਸ ਬਿਲ ਨੂੰ ਨਰੋਆ ਕਰਨਾ ਚਾਹੀਦਾ ਹੈ ।

ਪਹਿਲਾ ਨੁਕਸ ਇਸ ਵਿਚ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਇਹ ਬਿੱਲ ਓਰੀਜਨਲ 26 ਸਤੰਬਰ, 1970 ਨੂੰ ਲਾਗੂ ਹੋਣਾ ਸੀ । ਕਿਉਂਕਿ ਸੀਲਿੰਗ ਦੀ ਗਲ ਸੁਣਦੇ ਹੀ ਲੋਕਾਂ ਨੇ ਆਪਣੀਆਂ ਜ਼ਮੀਨਾਂ ਕੁਤਿਆਂ, ਬਿਲਿਆਂ, ਅਣਜੰਮੇ ਮੁੰਡਿਆਂ ਅਤੇ ਬੇਨਾਮੀਆਂ ਦੇ ਨਾਂ ਲਵਾਉਣੀਆਂ ਸ਼ੁਰੂ ਕਰ ਦਿਤੀਆਂ ਸੀ । ਇਹ ਬਿੱਲ ਹੁਣ 24 ਜਨਵਰੀ, 1971 ਤੋਂ ਲਾਗੂ ਹੋਵੇਗਾ ਇਸ ਤਰ੍ਹਾਂ ਜਿਹੜੇ 8–9 ਮਹੀਨੇ ਇਨ੍ਹਾਂ ਲੋਕਾਂ ਨੂੰ ਦਿਤੇ ਗਏ ਹਨ...(ਵਿਘਨ) ਇਹ ਠੀਕ ਨਹੀਂ ਹਨ ।

ਸਿੱਖਿਆ ਮੰਤਰੀ : 8–9 ਮਹੀਨੇ ਨਹੀਂ ਸਿਰਫ 3 ਮਹੀਨੇ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਦੂਸਰਾ ਨੁਕਸ ਇਹ ਹੈ ਕਿ ਇਨ੍ਹਾਂ ਨੇ ਬਾਗਾਂ ਦੀ ਜ਼ਮੀਨ ਨੂੰ ਬਰਾਨੀ ਜ਼ਮੀਨ ਵਾਂਗ ਛੋਟ ਦਿਤੀ ਹੈ । ਹੁਸ਼ਿਆਰਪੁਰ ਅਤੇ ਰੋਪੜ ਦੇ ਇਲਾਕੇ ਵਿਚ ਤਾਂ ਇਹ ਠੀਕ ਹੈ ਕਿ ਬਾਗਾਂ ਨੂੰ ਪਾਣੀ ਨਹੀਂ ਲਗਦਾ ਪਰ ਜਿਥੇ ਬਾਗਾਂ ਨੂੰ ਪਾਣੀ ਲਗਦਾ ਹੈ ਉਥੇ ਇਹ ਛੋਟ ਨਹੀਂ ਦੇਣੀ ਚਾਹੀਦੀ ।

ਜਿਹੜਾ ਖੇਤੀ ਕਰਦਾ ਹੈ ਉਹਨੂੰ ਪੰਜ ਏਕੜ ਜ਼ਮੀਨ ਫਾਲਤੂ ਦਿਉ; ਮਾਈਨਰ ਨੂੰ ਦੋ ਏਕੜ ਦਿਉ । ਇਕ ਫੈਮਲੀ ਨੂੰ 30 ਏਕੜ ਤੋਂ ਵੱਧ ਨਹੀਂ ਮਿਲਣੀ ਚਾਹੀਦੀ ।

ਸਕੇਲ ਆਫ ਅਮਾਊਂਟ (ਵਿਘਨ) ਤੀਸਰੀ ਮੱਦ ਦਾ ਉਹਦੇ ਉਤੇ ਪੈਪਸੂ ਵਾਲਾ ਲਾਗੂ ਹੋਣਾ ਚਾਹੁੰਦਾ ਹੈ । ਮਿਤੀ 30–7–1958 ਤੋਂ ਬਾਅਦ ਜ਼ਮੀਨਾਂ ਦੀਆਂ ਜੋ ਟਰਾਂਸਫਰਾਂ ਹੋਈਆਂ ਸਨ ਉਹ ਪੰਜਾਬ ਅਤੇ ਪੈਪਸੂ ਦੇ ਕਾਨੂੰਨ ਦੇ ਮੁਤਾਬਿਕ ਗੈਰ ਕਾਨੂੰਨੀ ਸਨ । ਉਹ ਇਸ ਵਿਚ ਕਵਰ ਨਹੀਂ ਕੀਤੀਆਂ ਅਤੇ ਇਸ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ । ਸਟੈਚੂਟਰੀ ਕਮੇਟੀਆਂ ਦੇ ਬਨਾਉਣ ਦੀ ਇਸ ਵਿਚ ਕੋਈ ਪ੍ਰੋਵੀਜ਼ਨ ਨਹੀਂ ਹੈ । ਲਾਈਕ ਮਾਈਂਡਿਡ ਪਾਰਟੀਜ਼ ਦੀਆਂ ਕਮੇਟੀਜ਼ ਬਣਾਈਆਂ ਜਾਣ ਅਤੇ ਇਹ ਕਮੇਟੀਆਂ ਸਟੇਟ ਪੱਧਰ ਤੇ, ਜ਼ਿਲਾ ਪੱਧਰ ਤੇ ਬਣਨੀਆਂ ਚਾਹੀਦੀਆਂ ਹਨ । ਇਸ ਸਬੰਧੀ ਕਾਨੂੰਨ ਬਣਾਕੇ ਉਸ ਤੇ ਅਮਲ ਕੀਤਾ ਜਾਵੇ । ਜਿਨ੍ਹਾਂ ਨੂੰ ਜ਼ਮੀਨ ਦੇਣੀ ਹੈ ਉਨ੍ਹਾਂ ਤੋਂ ਕਿੰਨੇ ਪੈਸੇ ਲੈਣੇ ਹਨ, ਇਹਦੇ ਵਿਚ ਇਹ ਨਹੀਂ ਦਸਿਆ ਗਿਆ ਹੈ । ਇਹ ਕਾਨੂੰਨ ਉਤੇ ਛਡ ਦਿਤਾ ਗਿਆ ਹੈ (ਵਿਘਨ) (ਘੰਟੀ) ਬਾਦਲ ਸਾਹਿਬ ਨੇ ਅਗੇ ਰੇਜ਼ ਕੀਤਾ ਹੈ ਕਿ ਸੀਲਿੰਗ ਹੋਣ ਨਾਲ ਪੈਦਾਵਾਰ ਘਟ ਹੋ ਜਾਏਗੀ । ਇਕਨਾਮਿਕ ਹੋਲਡਿੰਗ ਬਾਰੇ, ਡਿਪਟੀ ਸਪੀਕਰ ਸਾਹਿਬ, ਦੋ ਰਾਵਾਂ ਹਨ । ਇਕ ਤਾਂ ਡਾਕਟਰ ਐਮ. ਐਸ. ਰੰਧਾਵਾ ਨੇ ਰਾਏ ਦਿਤੀ ਹੈ ਕਿ 22 ਏਕੜ ਤੋਂ 35 ਏਕੜ ਤੱਕ ਹੋਣੀ ਚਾਹੀਦੀ ਹੈ ।

"An economic holding in the modern context will be a holding which can be economically cultivated by a tractor of 25 to 30 horse power. This comes to about 25 to 30 fully irrigated acres.

ਇਹ ਰੰਧਾਵਾ ਸਾਹਿਬ ਦਾ ਵੀਊ ਹੈ ।

ਦੂਜਾ ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਗੁਰਦਰਸ਼ਨ ਭੱਲਾ ਦੇ ਵੀਊਜ਼ ਹਨ । ਉਨ੍ਹਾਂ ਨੇ ਕਿਹਾ ਹੈ :

"Adoption of technology has lowered the minimum size of an economic holding..

ਮਸ਼ੀਨਰੀ ਆਉਣ ਨਾਲ ਅਤੇ ਇਹਦੀ ਵਰਤੋਂ ਕਰਕੇ ਥੋੜ੍ਹੀ ਜ਼ਮੀਨ ਵਿਚੋਂ ਵੀ ਪ੍ਰੋਡਕਸ਼ਨ ਕਾਫੀ ਕੀਤੀ ਜਾ ਸਕਦੀ ਹੈ (ਵਿਘਨ) ਇਸ ਲਈ ਇਨ੍ਹਾਂ ਦੋਹਾਂ ਦੀਆਂ ਰਾਵਾਂ ਵਿਚੋਂ ਸਾਨੂੰ ਪ੍ਰੋਫੈਸਰ ਭੱਲਾ ਦੀ ਰਾਏ ਠੀਕ ਜਾਪਦੀ ਹੈ । ਸਾਡੀ ਪਾਰਟੀ ਇਨ੍ਹਾਂ ਦੀ ਰਾਏ ਨਾਲ ਸਹਿਮਤ ਹੈ । ਪੰਜਾਬ ਦੀ ਪ੍ਰੋਡਕਸ਼ਨ ਵਿਚ ਇਕਲੀ ਬਿਗ ਲੈਂਡ ਓਨਰਾਂ ਦੀ ਹੀ ਕੰਟਰੀਬਿਊਸ਼ਨ ਨਹੀਂ ਹੈ ਬਲਕਿ 85% ਛੋਟੇ ਮਾਲਕਾਂ ਦੀ ਕੰਟ੍ਰੀਬਿਊਸ਼ਨ ਹੈ ਅਤੇ ਪਰੋਡਕਸ਼ਨ ਵਧਣ ਦਾ ਕਰੈਡਿਟ ਛੋਟੇ ਮਾਲਕਾਂ ਨੂੰ ਜਾਂਦਾ ਹੈ । ਇਕ ਗੱਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਇਸ ਐਕਟ ਵਿਚ ਬੜੀ ਖਾਮੀ ਹੈ । ਜਿਨ੍ਹਾਂ ਨੂੰ ਲਾਭ ਪੁਜਣਾ ਹੈ ਉਹ ਦੋ ਕੈਟੇਗਰੀਜ਼ ਹਨ ਮੁਜ਼ਾਰੇ ਅਤੇ ਦੂਜੇ ਮੈਂਬਰਜ਼ ਆਫ ਸ਼ੈਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ । ਤੀਜੀ ਕੈਟੇਗਰੀ ਸਮਾਲ ਲੈਂਡ ਓਨਰਾਂ ਦੀ ਹੋਣੀ ਚਾਹੀਦੀ ਹੈ । ਜਿਸਦੀ ਜ਼ਮੀਨ ਪੰਜ ਕਿੱਲੇ ਤੋਂ ਘੱਟ ਹੈ ਉਹਦੀ ਜ਼ਮੀਨ ਵੀ ਇਸ ਸਰਪਲਸ ਵਿਚੋਂ ਪੂਰੀ ਹੋਣੀ ਚਾਹੀਦੀ ਹੈ । ਹਰੀਜਨਾਂ ਵਿਚੋਂ ਵੀ ਜਿਹੜੇ ਖੇਤੀ ਦਾ ਕੰਮ ਕਰਨ ਵਾਲੇ ਹਨ ਇਨ੍ਹਾਂ ਨੂੰ ਵੀ ਜ਼ਮੀਨ ਮਿਲਣੀ ਚਾਹੀਦੀ ਹੈ । ਬਾਕੀ ਸਾਰਿਆਂ ਨੂੰ ਜ਼ਮੀਨ ਮਿਲਣ ਦੀ ਕੈਟੇਗਰੀ ਵਿਚ ਨਹੀਂ ਲਿਆਉਣਾ ਚਾਹੀਦਾ ਹੈ । ਹਰਿਆਣਾ ਵਾਲਿਆਂ ਨੇ ਛੋਟੇ ਮਾਲਕਾਂ

ਨੂੰ ਜਿਹੜਾ ਇਹ ਜ਼ਮੀਨ ਦੇਣ ਦਾ ਪਰਬੰਧ ਕੀਤਾ ਹੈ (ਵਿਘਨ) ਇਹ ਪਰੋਵੀਜ਼ਨ ਇਥੇ ਵੀ ਹੋਣੀ ਚਾਹੀਦੀ ਹੈ। ਸੀਲਿੰਗ ਦੇ ਬਾਰੇ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਐਕਟ ਵਿਚ ਚਾਰ ਕਿਸਮਾਂ ਹਨ ਇਸ ਵਿਚ ਤਿੰਨ ਕੈਟੇਗਰੀਜ਼ ਹੋਣੀਆਂ ਚਾਹੀਦੀਆਂ ਹਨ ਅਤੇ ਚੌਥੀ ਕੈਟੇਗਰੀ ਨਿਕਲਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਇਹ ਬੇਨਤੀ ਕਰਾਂਗਾ ਕਿ ਇਸ ਐਕਟ ਨੂੰ ਇਸ ਪੱਖ ਤੇ ਸੋਧਣ ਤਾਂ ਕਿ ਜਿਸ ਮਤਲਬ ਲਈ ਇਹ ਇਥੇ ਪੇਸ਼ ਹੋ ਰਿਹਾ ਹੈ ਉਹਦਾ ਸਹੀ ਫਾਇਦਾ ਪਬਲਿਕ ਨੂੰ ਪੁੱਜ ਸਕੇ।

ਸ਼੍ਰੀਮਤੀ ਗੁਰਦੇਵ ਕੌਰ ਗਿੱਲ: (ਮੋਗਾ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਬਿਲ ਨੂੰ ਜੀ ਆਇਆਂ ਕਹਿੰਦੀ ਹਾਂ ਪਰ ਸਾਨੂੰ ਇਸ ਚੀਜ਼ ਦਾ ਬੜਾ ਦੁਖ ਹੋਇਆ ਹੈ ਕਿ ਲੜਕੀਆਂ ਦਾ ਇਸ ਵਿਚ ਕੋਈ ਹੱਕ ਨਹੀਂ ਰਖਿਆ ਗਿਆ ਹੈ।

"ਜਦੋਂ ਜਾਲ ਫੰਦਕਾਂ ਨੇ ਪਾਇਆ ਨੈਣ ਭਰ ਰੋਵੇ ਮਛਲੀ"

ਇਸ ਵੇਲੇ ਲੜਕੀਆਂ ਮਛਲੀ ਦੀ ਤਰ੍ਹਾਂ ਆਪਣੇ ਹੱਕਾਂ ਲਈ ਰੋ ਰਹੀਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਹੱਕ ਤੋਂ ਵਾਂਝਿਆ ਰਖਿਆ ਗਿਆ ਹੈ। ਕਾਂਗਰਸ ਰਾਜ ਵਿਚ ਇਸ ਤਰ੍ਹਾਂ ਧੱਕਾ ਕਿਉਂ ਹੋਵੇ (ਵਿਘਨ) ਇਸਤਰੀ ਦੀ ਮਹਾਨਤਾ ਸਬੰਧੀ ਗੁਰੂ ਸਾਹਿਬ ਨੇ ਕਿਹਾ ਹੈ:

"ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ"

ਪਰ ਕਾਂਗਰਸ ਰਾਜ ਨੇ ਇਸਤਰੀ ਨੂੰ ਨੀਂਵਾਂ ਸਮਝਕੇ ਇਸ ਬਿੱਲ ਵਿਚ ਇਸ ਨੂੰ ਅਗੇ ਨਹੀਂ ਲਿਆਂਦਾ ਗਿਆ। ਸਾਨੂੰ ਬੜਾ ਦੁਖ ਹੈ, ਸਾਨੂੰ ਭੈਣਾਂ ਨੇ ਚੁਣਕੇ ਭੇਜਿਆ ਸੀ। ਅਸੀਂ ਅਗੇ ਆਪਣੇ ਵੀਰਾਂ ਨੂੰ ਉਨ੍ਹਾਂ ਦਾ ਸੁਨੇਹਾ ਭੇਜਿਆ ਸੀ ਪਰ ਉਨ੍ਹਾਂ ਵੀਰਾਂ ਨੇ ਸਾਡੀ ਆਵਾਜ਼ ਅਗੇ ਨਹੀਂ ਪਹੁੰਚਾਈ। ਇਨ੍ਹਾਂ ਨੇ ਆਪਣੇ ਆਪ ਖੁਦਗਰਜ਼ੀ ਕਰਕੇ ਜ਼ਮੀਨ ਆਪਣੇ ਨਾਉਂ ਕਰਾ ਲਈ (ਵਿਘਨ) ਪਰ ਭੈਣਾਂ ਨੂੰ ਉਨ੍ਹਾਂ ਭੁਲਾ ਦਿਤਾ ਜੋ ਆਪਣੇ ਵੀਰਾਂ ਨੂੰ ਅਥਾਹ ਪਿਆਰ ਕਰਦੀਆਂ ਹਨ ਅਤੇ ਭੈਣਾਂ ਵੀਰ ਦੀ ਸੌਂਹ ਕਦੇ ਵੀ ਨਹੀਂ ਖਾਂਦੀਆਂ:

"ਸੌਂਹ ਵੀਰ ਦੀ ਕਦੇ ਨਾ ਖਾਵਾਂ ਤੇ ਰਬ ਭਾਵੇਂ ਅੱਜ ਚੁੱਕ ਲਏ"

ਅਸੀਂ ਵੀਰ ਦੇ ਥਾਂ ਮਰਨ ਨੂੰ ਤਿਆਰ ਹਾਂ ਅਤੇ ਵੀਰ ਨੇ ਸਾਡੀ ਪਰਵਾਹ ਨਹੀਂ ਕੀਤੀ ਭੈਣ ਦੀ ਦਿਲੀ ਅਵਾਜ਼ ਸਦਾ ਇਹੋ ਹੀ ਹੁੰਦੀ ਹੈ "ਵੀਰਾਂ ਮੇਰਿਆ ਅੰਮਾਂ ਦਿਆ ਜਾਇਆ ਤੇਰੀ ਆਈ ਮੈਂ ਮਰ ਜਾਂ" ਇਸ ਲਈ ਮੈਂ ਕਹਿੰਦੀ ਹਾਂ ਕਿ ਘਰ ਘਰ ਵਿਚ ਜਾ ਕੇ ਵੇਖਿਆ ਜਾਵੇ ਕਿ ਔਰਤ ਸਾਡੀ ਕਿੰਨੀ ਦੁਖੀ ਹੈ। ਘਰ ਘਰ ਸ਼ਰਾਬ ਪੀਤੀ ਜਾਂਦੀ ਹੈ। ਜੇ ਮਾਪਿਆਂ ਦੇ ਘਰ ਵਿਚੋਂ ਇਨ੍ਹਾਂ ਨੂੰ ਹਿੱਸਾ ਨਾ ਮਿਲਿਆ ਤਾਂ ਸੌਹਰਿਆਂ ਦੇ ਘਰ ਵਿਚੋਂ ਇਨ੍ਹਾਂ ਨੂੰ ਕੀ ਮਿਲਣਾ ਹੈ। ਪਰ ਜਦੋਂ ਇਨ੍ਹਾਂ ਨੂੰ ਸੁਨੇਹਾ ਦੇਣ ਦੀ ਲੋੜ ਪੈਂਦੀ ਹੈ ਤਾਂ ਕਿਸ ਤਰ੍ਹਾਂ ਅਹਿਸਾਨ ਮੰਨਦੀਆਂ ਹਨ ਜਿਸ ਤਰ੍ਹਾਂ ਇਕ ਲੜਕੀ ਕਹਿੰਦੀ ਹੈ:

"ਸੁਣ ਵੇ ਕੰਮੂ ਬਾਹਮਣਾ ਕਦੀ ਨਾ ਆਇਆ ਕੰਮ
ਘੋੜੀ ਦਿਆਂ ਤੇਰੇ ਚੜ੍ਹਨ ਨੂੰ ਕਾਠੀ ਸਣੇ ਲਗਾਮ
ਹਥੋਂ ਦੇਵਾਂ ਚੂੜੀਆਂ ਸੋਨਾ ਕਰਦੀ ਦਾਨ
ਮੱਝ ਦਿਆਂ ਦੁਧ ਪੀਣ ਨੂੰ ਹਲਦੀ ਭੁਏਂ ਇਨਾਮ
ਜਬ ਲਗ ਜੀਵੇ ਸਾਹਿਬਾਂ ਤੇ ਰਖੇ ਤੇਰਾ ਅਹਿਸਾਨ"

[ਸ੍ਰੀਮਤੀ ਗੁਰਦੇਵ ਕੌਰ ਗਿੱਲ]

ਇਸੇ ਤਰ੍ਹਾਂ ਵੀਰਾਂ ਦੀਆਂ ਅਸੀਂ ਵੀ ਅਹਿਸਾਨਮੰਦ ਹੁੰਦੀਆਂ ਜੇ ਸਾਡਾ ਸੁਨੇਹਾ ਵੀ ਪਹੁੰਚਾਉਂਦੇ। ਅੱਜ ਸਾਡਾ ਸੁਨੇਹਾ ਨਹੀਂ ਭੇਜਿਆ ਗਿਆ (ਵਿਘਨ) ਇਹ ਸਾਡੇ ਨਾਲ ਵਡਾ ਧੋਖਾ ਨਾ ਹੁੰਦਾ । ਅਤੇ ਇਹ ਸਦੀਆਂ ਤਕ ਤੜਫਾਇਗਾ । (ਵਿਘਨ) ਬਾਕੀ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜੋ ਲੜਕੀਆਂ ਨੇ ਜ਼ਮੀਨ ਦੇ ਸਿਰ ਤੇ ਗੁਜ਼ਾਰਾ ਕਰਨਾ ਸੀ ਉਹ ਖਤਮ ਹੋ ਗਿਆ ਹੈ । ਘਰ ਘਰ ਸ਼ਰਾਬ ਪੀਤੀ ਜਾਂਦੀ ਹੈ । ਸਾਡੀਆਂ ਭੈਣਾਂ ਦੀਆਂ ਅਜ ਚੂੜੀਆਂ ਟੁਟਦੀਆਂ ਹਨ ਅਤੇ ਕੋਈ ਟਾਈਮ ਆਏਗਾ ਜਦੋਂ ਕਿ ਬੋਤਲਾਂ ਤੋੜਨ ਵਾਸਤੇ ਤਿਆਰ ਹੋ ਜਾਣਗੀਆਂ। ਅੱਜ ਉਨ੍ਹਾਂ ਦੇ ਹਥਾਂ ਵਿਚ ਟਰਾਲੀਆਂ ਜਾਂ ਕਾਰਾਂ ਹੁੰਦੀਆਂ ਤਾਂ ਉਹ ਵੀ ਅੱਜ ਅਸੈਂਬਲੀ ਦੇ ਸਾਹਮਣੇ ਧਰਨਾ ਮਾਰ ਸਕਦੀਆਂ ਸਨ। ਪਰ ਉਨ੍ਹਾਂ ਦੇ ਸਿਰ ਤੇ ਡੰਡਾ ਹੈ ਅਤੇ ਉਹ ਬਾਹਰ ਨਿਕਲ ਨਹੀਂ ਸਕਦੀਆਂ ਹਨ । ਉਹ ਤਾਂ ਆਪਣੇ ਦਿਨ ਪੂਰੇ ਕਰਦੀਆਂ ਹਨ। ਲੜਕੀਆਂ ਦਾ ਹਿੱਸਾ ਜ਼ਰੂਰ ਹਣਾ ਚਾਹੀਦਾ ਸੀ। ਅਸੀਂ ਇਹ ਆਵਾਜ਼ ਉਠਾਉਣੀ ਚਾਹੁੰਦੀਆਂ ਹਾਂ ਕਿ ਲੜਕੀਆਂ ਨਾਲ ਧੋਖਾ ਨਾ ਕੀਤਾ ਜਾਵੇ । ਸ੍ਰੀਮਤੀ ਇੰਦਰਾ ਗਾਂਧੀ ਦੇ ਰਾਜ ਵਿਚ, ਕਾਂਗਰਸ ਦੇ ਰਾਜ ਵਿਚ ਲੜਕੀਆਂ ਦਾ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ। ਜੋ ਹੱਕ ਲੜਕਿਆਂ ਵਾਸਤੇ ਰਖਿਆ ਗਿਆ ਹੈ ਉਹੀ ਲੜਕੀਆਂ ਵਾਸਤੇ ਰਖਿਆ ਜਾਣਾ ਚਾਹੀਦਾ ਹੈ ।

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ) ਡਿਪਟੀ ਸਪੀਕਰ ਸਾਹਿਬ, ਮੈਂ 1947 ਤੋਂ ਇਸ ਪਾਸੇ ਲੱਗਾ ਹੋਇਆ ਹਾਂ ਕਿ ਦਿਹਾਤੀ ਲੈਂਡਲੈਸ ਲੋਕਾਂ ਨੂੰ ਜ਼ਮੀਨ ਕਿਸ ਤਰ੍ਹਾਂ ਮਿਲੇ । ਸੋ ਮੈਂ ਤਕਲੀਫ ਮਹਿਸੂਸ ਕੀਤੀ ਹੈ ਉਹ ਇਹ ਹੈ ਕਿ ਵੱਡੇ ਵੱਡੇ ਲੈਂਡਲਾਰਡਜ਼ ਨੇ ਉਨ੍ਹਾਂ ਗਰੀਬਾਂ ਨੂੰ ਐਨੇ ਮੁਕੱਦਮਿਆਂ ਵਿਚ ਫਸਾਇਆ ਹੋਇਆ ਹੈ ਕਿ ਉਹ ਗਰੀਬ ਲੈਂਡਲਾਰਡਜ਼ ਤੋਂ ਬੜੇ ਔਖੇ ਹਨ। (ਵਿਘਨ) ਮੈਂ ਸਮਝਦਾ ਹਾਂ ਕਿ ਪ੍ਰਮਾਤਮਾ ਹੈ ਹੀ ਨਹੀਂ । (ਹਾਸਾ)

'ਜਿਸ ਤਨ ਲਾਗੇ ਸੋ ਤਨ ਜਾਣੇ'

ਜਿਸ ਨਾਲ ਬੀਤਦੀ ਹੈ ਉਸ ਨੂੰ ਹੀ ਪਤਾ ਹੁੰਦਾ ਹੈ । ਇਥੇ ਬਾਦਲ ਸਾਹਿਬ ਨੇ ਬਹੁਤ ਕੁਝ ਕਿਹਾ ਹੈ ਮੈਨੂੰ ਪਤਾ ਹੈ ਕਿ ਉਨ੍ਹਾਂ ਦੇ ਖਿਆਲਾਤ ਕਿਸ ਤਰ੍ਹਾਂ ਦੇ ਹਨ ਇਥੇ ਜੋਸ਼ ਜੀ ਨੇ ਵੀ ਬਹੁਤ ਕੁਝ ਕਿਹਾ ਹੈ, ਪਰ ਉਹ ਸਾਡੇ ਨਾਲ ਵੀ ਹਨ। ਡਿਪਟੀ ਸਪੀਕਰ ਸਾਹਿਬ, ਇਸ ਬਿਲ ਨਾਲ 85% ਜਿਹੜੇ ਛੋਟੇ ਜ਼ਿਮੀਂਦਾਰ ਹਨ ਉਨ੍ਹਾਂ ਉਤੇ ਕੋਈ ਅਸਰ ਨਹੀਂ । ਪਰ ਚੰਦ ਜ਼ਿਮੀਂਦਾਰ ਹੋਣਗੇ ਜਿਨ੍ਹਾਂ ਨੂੰ ਜ਼ਮੀਨ ਮਿਲਣੀ ਹੈ। ਇਹ ਜਿਹੜਾ ਬਿੱਲ ਪਾਸ ਹੋ ਰਿਹਾ ਹੈ (ਵਿਘਨ) ਇਸ ਦੇ ਵਿਚ (ਕਾਂਗਰਸ) ਵਿਚ ਕੁਝ ਕਸਰ ਪੈ ਗਈ ਹੈ ਜਿਸ ਵੇਲੇ ਤੱਕ ਇਹ ਸਿਲਸਿਲਾ ਠੀਕ ਨਹੀਂ ਹੋਵੇਗਾ ਉਦੋਂ ਤਕ ਕੰਮ ਠੀਕ ਨਹੀਂ ਹੋ ਸਕਦਾ। ਇਸ ਬਿੱਲ ਨਾਲ ਕੋਈ ਖਾਸ ਫਾਇਦਾ ਤਾਂ ਨਹੀਂ ਹੋਣਾ, ਖਾਸ ਜ਼ਮੀਨ ਨਹੀਂ ਮਿਲਣੀ ਕਿਉਂਕਿ ਜ਼ਮੀਨ ਦੀਆਂ ਸੇਲਜ਼ ਪਹਿਲਾਂ ਹੀ ਹੋ ਗਈਆਂ ਹਨ। ਜ਼ਮੀਨ ਤਾਂ ਇਕ ਪਾਸੇ ਰਹੀ ਪਰ ਜਿਹੜੀ ਇਵੈਕਿਊ ਪ੍ਰਾਪਰਟੀ ਹੈ, ਉਸ ਉਤੇ ਵੀ ਗੈਰ ਹਰੀਜਨਾਂ ਨੇ ਕਬਜ਼ਾ ਕੀਤਾ ਹੋਇਆ ਹੈ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਵਿਚੋਂ ਕੱਢੋ। ਇਹੋ ਸਾਨੂੰ ਜ਼ਮੀਨ ਮਿਲਣੀ ਸੀ ਹੋਰ ਤਾਂ ਤੁਸੀਂ ਸਾਨੂੰ ਕੁਝ ਦੇਣਾ ਨਹੀਂ । ਬਿੱਲ ਤਾਂ ਤੁਸੀਂ ਆਪਣੀ ਮਰਜ਼ੀ ਦੇ ਹੀ ਲਿਆਉਣੇ ਹਨ। (ਵਿਘਨ) ਮੈਨੂੰ ਪਤਾ ਹੈ ਕਿ ਜਿਹੜਾ ਤਕੜਾ ਆਦਮੀ ਹੈ ਜਿਸ ਦੇ ਕੋਲ ਜ਼ਮੀਨ ਹੈ ਉਹ ਕਦੇ ਵੀ ਸਾਡੇ ਹੱਕ ਵਿਚ ਨਹੀਂ ਹੋ ਸਕਦਾ। (ਵਿਘਨ) ਇਸ ਦੇ ਵਿਚ ਰੈਡੀਕਲ ਚੇਂਜ ਲਿਆਉਣੀ ਪਵੇਗੀ। ਕੁਝ ਚੇਂਜਿਜ਼ ਜਿਹੜੀਆਂ ਕੀਤੀਆਂ ਹਨ ਇਸ ਨਾਲ ਕੁਝ ਫਾਇਦਾ ਸ਼ਾਇਦ ਹੋਵੇਗਾ। (ਵਿਘਨ) ਜਿੰਨੀ ਮਰਜ਼ੀ ਹੈ ਦਿਓ, ਜਿਸ ਨੂੰ ਮਰਜ਼ੀ ਨਾ ਦਿਓ, ਬੇਸ਼ੱਕ ਕੁਝ ਨਾ ਕਰੋ, ਬੇਸ਼ੱਕ ਮੁਜ਼ਾਰਿਆਂ ਨੂੰ ਮਾਰ ਦਿਓ ਪਰ ਹੋਣਾ ਉਹ ਹੈ ਜੋ ਸਾਡੀ ਕਿਸਮਤ ਵਿਚ ਲਿਖਿਆ ਹੈ । ਜਦ ਸਾਡੀ ਸੁਣੀ ਗਈ ਤਾਂ ਫਿਰ ਅਸੀਂ ਤੁਹਾਨੂੰ ਠੀਕ ਕਰਾਂਗੇ। (ਤਾੜੀਆਂ) ਬਹੁਤ ਸਾਰੇ ਦੋਸਤਾਂ ਨੇ

ਬਹੁਤ ਕੁਝ ਕਿਹਾ ਹੈ। ਪਰ ਅਕਾਲੀਆਂ ਜੀ ਪਾਸ ਸਿਵਾਏ ਹਿੰਦੀ ਦੇ ਕੋਈ ਹੋਰ ਗੱਲ ਨਹੀਂ ਹੈ । ਮੇਰਾ ਖਿਆਲ ਸੀ ਕਿ ਉਹ ਸਾਡੀ ਮੱਦਦ ਕਰਨਗੇ, ਪਰ ਕੀਤਾ ਕੁਝ ਨਹੀਂ । (ਵਿਘਨ) ਅਸੀਂ ਬਾਦਲ ਨਾਲ ਲੜਾਈ ਨਹੀਂ ਕਰ ਸਕਦੇ ਅਸੀਂ ਕਮਜ਼ੋਰ ਹਾਂ । (ਵਿਘਨ) ਇਨ੍ਹਾਂ ਦੀ ਮਿਹਰਬਾਨੀ ਹੈ ਨਹੀਂ ਤਾਂ ਸ਼ਾਇਦ ਇਥੇ ਨਾ ਆਉਂਦੇ। (ਵਿਘਨ) (ਘੰਟੀ) ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਇਸ ਬਿੱਲ ਦਾ ਸਵਾਲ ਹੈ ਮੈਂ ਇਸ ਬਿੱਲ ਦੀ ਤਾਈਦ ਕਰਦਾ ਹਾਂ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਇਸ ਦੇ ਵਿਚੋਂ ਨਿਕਲਣਾ ਕੁਝ ਨਹੀਂ। (ਵਿਘਨ) ਤੁਹਾਨੂੰ ਘਬਰਾਉਣਾ ਨਹੀਂ ਚਾਹੀਦਾ । (ਵਿਘਨ) ਜਿਹੜੇ ਕਾਨੂੰਨ ਬਣੇ ਉਨ੍ਹਾਂ ਤੇ ਕੋਈ ਅਮਲ ਨਹੀਂ ਹੋਇਆ। (ਘੰਟੀ) ਇਹ ਜਿਹੜਾ ਬਿੱਲ ਲਿਆਂਦਾ ਹੈ ਇਹ ਬੜੀ ਅੱਛੀ ਗੱਲ ਹੈ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

ਚੌਧਰੀ ਸੁੰਦਰ ਸਿੰਘ : ਬੱਸ ਜੀ, ਮੈਂ ਇਕ ਸ਼ਲੋਕ ਸੁਣਾ ਕੇ ਬੈਠਦਾ ਹਾਂ । ਜਿਹੜਾ ਲੈਂਡਲੈਸ ਹੈ ਜਿਹੜਾ ਗਰੀਬ ਆਦਮੀ ਹੈ ਉਸ ਦੀ ਪ੍ਰਮਾਤਮਾ ਸੁਣਦਾ ਹੈ । ਤੁਸੀਂ ਗੁਰਦਵਾਰਿਆਂ ਵਿਚ ਜਾਂਦੇ ਹੋ, ਮੰਦਰਾਂ ਵਿਚ ਜਾਂਦੇ ਹੋ ਪਰ ਗਰੀਬਾਂ ਵਿਚ ਪ੍ਰਮਾਤਮਾ ਆਪ ਹੈ ।

> "I see God in the Poor. It is for my salavation that I go and worship them. The poor, the miserable are for my salvation so that we may worship the Lord coming in the shape of distress, coming in the shape of lunatic, Leper and Sinners."

ਤੁਸੀਂ ਸਾਡੀ ਮੱਦਦ ਭਾਵੇਂ ਕਰੋ ਜਾਂ ਨਾ ਕਰੋ ਪਰ ਪ੍ਰਮਾਤਮਾ ਸਾਡੀ ਮੱਦਦ ਕਰੇਗਾ । ਤੁਸੀਂ ਗਰੀਬਾਂ ਦੀ ਮੱਦਦ ਕਰੋ ਸਾਡੀ ਮੱਦਦ ਤਾਂ ਆਪ ਹੀ ਹੋ ਜਾਣੀ ਹੈ ।(ਘੰਟੀ)(ਵਿਘਨ) ਜਿਹੜਾ ਗਰੀਬ ਆਦਮੀ ਹੈ, ਜਿਹੜਾ ਤੁਹਾਡੀਆਂ ਗੋਡੀਆਂ ਕਰਦਾ ਹੈ, ਉਸ ਦੀ ਵਜਾਹ ਕਰਕੇ ਤੁਹਾਡੀ ਤਰੱਕੀ ਹੋਈ ਹੈ । (ਘੰਟੀ) ਅਖੀਰ ਵਿਚ ਮੈਂ ਕਹਾਂਗਾ ਕਿ ਤੁਸੀਂ ਇਸ ਬਿੱਲ ਦੀ ਸਪੋਰਟ ਕਰੋ (ਵਿਘਨ) ਇਸ ਦੇ ਵਿਚੋਂ ਤੁਹਾਨੂੰ ਕੋਈ ਨੁਕਸਾਨ ਨਹੀਂ ਹੁੰਦਾ ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ ਨੂੰ ਬੋਲਣ ਲਈ ਕਿਹਾ ।)

ਡਾਕਟਰ ਅਮੀਰ ਸਿੰਘ ਕਲਕਟ : ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਅੱਗੇ ਤੁਸੀਂ ਮੈਨੂੰ ਕਾਲ ਅਪਾਨ ਕਰਕੇ ਬਿਠਾ ਦਿੱਤਾ ਸੀ ਪਰ ਅੱਜ ਮੈਨੂੰ ਜ਼ਰੂਰ ਟਾਈਮ ਦਿਓ ।

ਕਾਮਰੇਡ ਚੰਦ ਸਿੰਘ ਚੋਪੜਾ (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਪੇਸ਼ ਕੀਤਾ ਗਿਆ ਹੈ ਇਸ ਦੇ ਵਿਚੋਂ ਨਾ ਕੁਝ ਨਿਕਲ ਸਕਦਾ ਹੈ ਅਤੇ ਜਿਹੜੀ ਜ਼ਮੀਨ ਨਿਕਲਣੀ ਹੈ ਉਹ ਸਾਂਭੀ ਜਾਣੀ ਹੈ । ਜਿਵੇਂ ਕਿ 1953 ਵਿਚ ਲੈਂਡ ਟੈਨੈਸੀ ਐਕਟ ਪਾਸ ਕਰਨ ਤੋਂ ਪਹਿਲਾਂ ਉਦੋਂ ਦੇ ਚੀਫ਼ ਮਨਿਸਟਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਐਲਾਨ ਕੀਤਾ ਸੀ ਕਿ ਇਹ ਬਿੱਲ ਪਾਸ ਹੋਣ ਨਾਲ ਬਹੁਤ ਸਾਰੀ ਲੈਂਡ ਰਿਕਵਰ ਕੀਤੀ ਜਾਵੇਗੀ, ਪਰ ਹੋਇਆ ਕੁਝ ਨਹੀਂ । ਇਸੇ ਤਰ੍ਹਾਂ ਇਸ ਦੇ ਵਿਚੋਂ ਕੁਝ ਨਹੀਂ ਨਿਕਲਣਾ। 26 ਸਤੰਬਰ, 1970 ਨੂੰ ਕਾਂਗਰਸ ਨੇ ਨਾਹਰਾ ਮਾਰਿਆ ਕਿ ਜ਼ਮੀਨ ਦਾ ਸੁਧਾਰ ਕਰਾਂਗੇ ਪਰ ਇਹ ਬਿੱਲ ਕਈ ਵਾਰੀ ਪੇਸ਼ ਕੀਤਾ ਗਿਆ ਅਤੇ ਫਿਰ ਪੋਸਟਪੋਨ ਕਰਦੇ ਗਏ । (ਵਿਘਨ) ਇਸ ਸਮੇਂ ਦੇ ਵਿਚ ਜਿੰਨੀਆਂ ਨਾਜਾਇਜ਼ ਜ਼ਮੀਨਾਂ ਟਰਾਂਸਫਰ ਹੋਈਆਂ ਉਨ੍ਹਾਂ ਦੀ ਗਿਣਤੀ ਬਹੁਤ ਹੈ ਅਤੇ ਲੈਂਡਲਾਰਡ ਸਾਰੀ ਜ਼ਮੀਨ ਸਾਂਭ ਗਏ ਹਨ । ਡਿਪਟੀ ਸਪੀਕਰ ਸਾਹਿਬ, ਫੈਮਿਲੀ ਬਾਰੇ ਮੈਂ ਦਸਦਾ ਹਾਂ। ਇਸ ਸਰਕਾਰ ਨੇ 5 ਜੀਆਂ ਦੀ ਗਿਣਤੀ ਰੱਖੀ ਹੈ ਜਿਸ ਦੇ ਵਿਚ 2 ਬਾਲਗ ਅਤੇ 3 ਨਾਬਾਲਗ ਹਨ। ਪਰ ਅਸੀਂ ਕਹਿੰਦੇ ਹਾਂ ਕਿ 5 ਬਾਲਗ ਹੋਣੇ ਚਾਹੀਦੇ ਹਨ ਜਿਸ ਦੇ ਵਿਚ ਮੇਜਰ ਅਤੇ ਮਾਈਨਰ

[ਕਾਮਰੇਡ ਚੰਦ ਸਿੰਘ ਚੋਪੜਾ]

ਹੋਣੇ ਚਾਹੀਦੇ ਹਨ । ਕਿਉਂਕਿ ਜਿਹੜਾ 1953 ਵਿਚ 30 ਸਟੈਂਡਰਡ ਦਾ ਬਿੱਲ ਪਾਸ ਹੋਇਆ ਸੀ ਜੋ ਉਸ ਵੇਲੇ ਬੱਚਾ ਹੋਇਆ ਉਹ ਅੱਜ ਬਾਲਗ ਹੋ ਗਿਆ ਹੈ । (ਵਿਘਨ) ਇਸ ਤਰ੍ਹਾਂ 30 ਸਟੈਂਡਰਡ ਤੋਂ ਉਤੇ ਚਲਾ ਜਾਂਦਾ ਹੈ । (ਵਿਘਨ) ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਇਹ ਬਿੱਲ ਪਰੋ ਲੈਂਡਲਾਰਡ ਹੈ ਅਤੇ ਲੈਂਡਲਾਰਡਜ਼ ਦੀ ਜ਼ਮੀਨ ਨੂੰ ਲੀਗੇਲਾਈਜ਼ ਕਰਨ ਲਈ ਇਹ ਪਾਸ ਕੀਤਾ ਗਿਆ ਹੈ । ਮੇਰੀ ਪਾਰਟੀ ਦਾ ਇਹ ਵਿਚਾਰ ਹੈ ਕਿ 5 ਮੈਂਬਰਾਂ ਦੀ, ਜਿਸ ਵਿਚ ਮੇਜਰ ਅਤੇ ਮਾਈਨਰ ਹੋਣ. ਦੀ ਫੈਮਿਲੀ ਹੋਣੀ ਚਾਹੀਦੀ ਹੈ । ਅਤੇ 6 ਹੈਕਟੇਅਰ ਜ਼ਮੀਨ ਦੇਣੀ ਚਾਹੀਦੀ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਬਾਗਾਂ ਲਈ ਛੋਟ ਹੈ । ਉਨ੍ਹਾਂ ਨੂੰ ਪਾਣੀ ਲੱਗਦਾ ਹੈ । ਏ ਕਲਾਸ ਜ਼ਮੀਨ ਵਿਚ ਬਾਗ ਹਨ। ਪਰ ਇਸ ਨੂੰ ਇਨ੍ਹਾਂ ਨੇ ਬਰਾਨੀ ਕਰਾਰ ਦਿੱਤਾ ਹੈ, ਇਸ ਤਰ੍ਹਾਂ ਇਹ ਲੈਂਡਲਾਰਡਾਂ ਦੀ ਮੱਦਦ ਕੀਤੀ ਜਾ ਰਹੀ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਬਾਗਾਂ ਵਾਲੀ ਜ਼ਮੀਨ ਨੂੰ ਦੂਹਰੀ ਫਸਲ ਵਾਲੀ ਜ਼ਮੀਨ ਸਮਝਿਆ ਜਾਵੇ ।

ਇਸ ਤੋਂ ਅੱਗੇ ਅਦਾਇਗੀ ਯੋਗ ਰਕਮਾਂ ਬਾਰੇ ਮੈਂ ਅਰਜ਼ ਕਰਦਾ ਹਾਂ। ਜਿਸ ਦੇ ਕੋਲ ਵਧੀਆ ਜ਼ਮੀਨ ਹੈ ਉਸ ਨੂੰ ਵੱਧ ਪੈਸੇ ਦੇਣ ਦਾ ਫੈਸਲਾ ਕੀਤਾ ਗਿਆ ਹੈ ।

(ਇਸ ਸਮੇਂ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਮੈਂ ਕਹਿੰਦਾ ਹਾਂ ਕਿ ਲੈਂਡਲਾਰਡਾਂ ਕੋਲੋਂ ਜਿਹੜੀ ਜ਼ਮੀਨ ਨਿਕਲਦੀ ਹੈ ਉਸ ਦਾ ਨਾਮੀਨਲ ਮੁਆਵਜ਼ਾ ਦੇਣਾ ਚਾਹੀਦਾ ਹੈ ।

2.00 p.m.

ਫਿਰ, ਸਪੀਕਰ ਸਾਹਿਬ, ਮੈਂ ਬੰਜਰ ਜ਼ਮੀਨ ਦੀ, ਜੋ ਇਨ੍ਹਾਂ ਨੇ ਡੈਫੀਨੀਸ਼ਨ ਦਿਤੀ ਹੈ ਉਸ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਪਟਵਾਰੀਆਂ ਨੂੰ ਖੁਲ੍ਹੀ ਛੁਟੀ ਮਿਲੇਗੀ । ਰਿਕਾਰਡ ਵਿਚ ਹੇਰਾ ਫੇਰੀਆਂ ਹੋਣਗੀਆਂ। ਇਸ ਤਰ੍ਹਾਂ ਤਾਂ ਕੋਈ ਜ਼ਮੀਨ ਕਿਸੇ ਕੋਲੋਂ ਨਹੀਂ ਨਿਕਲਣੀ। (ਵਿਘਨ) ਮੈਂ ਦੇਖਾਂਗਾ ਕਿ ਜਿਹੜੀ ਸਰਦਾਰ ਉਮਰਾਓ ਸਿੰਘ ਕੋਲ 72 ਏਕੜ ਤੋਂ ਵੀ ਵੱਧ ਜ਼ਮੀਨ ਹੈ ਉਹ ਨਿਕਲ ਆਵੇਗੀ ? ਪਰ ਮੈਂ ਕਹਿੰਦਾ ਹਾਂ ਕਿ ਇਹ ਨਿਕਲਣੀ ਨਹੀਂ ।

ਫਿਰ, ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਬਿਲ ਸਿਰਫ ਪੰਜਾਬ ਦੀ ਜ਼ਮੀਨ ਨੂੰ ਹੀ ਕਵਰ ਕਰਦਾ ਹੈ । ਪਰ ਪੰਜਾਬ ਦੇ ਜਿਹੜੇ ਵਡੇ ਵਡੇ ਲੈਂਡ ਲਾਰਡ ਹਨ ਉਨ੍ਹਾਂ ਦੇ ਵਡੇ ਵਡੇ ਫਾਰਮ ਦੂਜਿਆਂ ਸੂਬਿਆਂ ਵਿਚ ਹਨ, ਇਹ ਬਿੱਲ ਉਨ੍ਹਾਂ ਜ਼ਮੀਨਾਂ ਨੂੰ ਇਸ ਵਿਚ ਕਵਰ ਨਹੀਂ ਕਰਦਾ। ਹਾਲਾਂ ਕਿ ਉਨ੍ਹਾਂ ਦੀ ਵੀ ਗਿਣਤੀ ਮਿਣਤੀ ਹੋਣੀ ਚਾਹੀਦੀ ਸੀ। ਇਸ ਨੂੰ ਗਿਣਨ ਦੇ ਵਾਸਤੇ ਇਕ ਕਮੇਟੀ ਬਨਾਉਣੀ ਚਾਹੀਦੀ ਹੈ ਜਿਹੜੀ ਕਿ ਲੋਕਾਂ ਦੀ ਚੁਣੀ ਹੋਈ ਕਮੇਟੀ ਹੋਣੀ ਚਾਹੀਦੀ ਹੈ ਤਾਂਕਿ ਇਹ ਕਮੇਟੀ ਵਡੇ ਵਡੇ ਲੈਂਡ ਲਾਰਡਾਂ ਦੀ ਜਿਥੇ ਕਿਤੇ ਵੀ ਜ਼ਮੀਨ ਹੈ ਉਸਦਾ ਵੀ ਪਤਾ ਲਗਾ ਸਕੇ । ਇਸ ਲਈ, ਸਪੀਕਰ ਸਾਹਿਬ, ਅੰਤ ਵਿਚ ਮੈਂ ਇਹੀ ਕਹਾਂਗਾ ਕਿ ਇਹ ਜਿਹੜਾ ਬਿੱਲ ਪੇਸ਼ ਕੀਤਾ ਗਿਆ ਹੈ ਇਹ ਪਰੋ ਲੈਂਡ ਲਾਰਡ ਬਿਲ ਹੈ ਅਤੇ ਇਸ ਕਰਕੇ ਇਹ ਰੱਦੀ ਦੀ ਟੋਕਰੀ ਵਿਚ ਸੁਟ ਦੇਣਾ ਚਾਹੀਦਾ ਹੈ ਅਤੇ ਇਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ ।

ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ): ਸਪੀਕਰ ਸਾਹਿਬ, ਅੱਜ ਸਦਨ ਦੇ ਵਿਚ ਬਹੁਤ ਇਨਕਲਾਬੀ ਬਿੱਲ ਪੇਸ਼ ਹੋਇਆ ਹੈ। (ਸਤਾਧਾਰੀ ਬੈਂਚਾਂ ਵਲੋਂ ਥੰਪਿੰਗ) ਜਿਸ ਦੇ ਨਾਲ ਪੰਜਾਬ ਸਰਕਾਰ ਖਿਆਲ ਕਰਦੀ ਹੈ ਕਿ ਪਿੰਡਾਂ ਦੇ ਵਿਚ ਵਸਣ ਵਾਲੇ ਵਡੇ ਵਡੇ ਲੈਂਡ ਲਾਰਡਾਂ ਕੋਲੋਂ ਜ਼ਮੀਨ ਲੈ ਕੇ ਗਰੀਬਾਂ ਵਿਚ ਵੰਡ

ਸਕੇਗੀ। 1955 ਦੇ ਵਿਚ ਵੀ ਇਹੋ ਜਿਹਾ ਹੀ ਇਕ ਲੈਂਡ ਟੈਨਿਉਰ ਐਕਟ ਲਿਆਂਦਾ ਗਿਆ ਸੀ। ਮੈਂ ਇਸ ਦੇ ਏਮ. ਐਂਡ ਆਬਜੈਕਟ ਪੜ੍ਹੇ ਹਨ। ਉਨ੍ਹਾਂ ਦੇ ਵਿਚ ਇਹ ਕਿਹਾ ਗਿਆ ਸੀ ਕਿ ਅਮੀਰਾਂ ਤੋਂ ਜ਼ਮੀਨ ਲੈ ਕੇ ਮੁਜ਼ਾਰਿਆਂ ਨੂੰ ਦਿਤੀ ਜਾਵੇਗੀ। ਲੇਕਿਨ ਮੇਰੀ ਅਰਜ਼ ਹੈ ਕਿ 1955 ਤੋਂ ਲੈ ਕੇ ਹੁਣ ਤਕ ਬਹੁਤ ਘੱਟ ਮੁਜ਼ਾਰੇ ਹਨ ਜਿਨ੍ਹਾਂ ਨੂੰ ਕੋਈ ਜ਼ਮੀਨ ਮਿਲ ਗਈ ਹੋਵੇਗੀ। ਮੈਂ ਬਿੱਲ ਦੇ ਪਿਛਲੇ ਹਿਸੇ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਨਾ ਕਿਸੇ ਨੇ ਜ਼ਮੀਨ ਦੇਣੀ ਹੈ ਅਤੇ ਨਾ ਸਰਕਾਰ ਨੂੰ ਕੋਈ ਕਪੈਨਸੇਸ਼ਨ ਦੇਣੀ ਪੈਣੀ ਹੈ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਫਿਰ ਇਹ ਬਿੱਲ ਇਨਕਲਾਬੀ ਕਿਵੇਂ ਹੋ ਗਿਆ। (ਹਾਸਾ) (ਵਿਘਨ)

ਸ਼੍ਰੀ ਸਪੀਕਰ : ਇਨਕਲਾਬੀ ਇਸ ਕਰਕੇ ਹੋ ਗਿਆ ਕਿਉਂਕਿ ਸਰਦਾਰ ਉਮਰਾਓ ਸਿੰਘ ਜੀ ਨੇ ਜੋ ਕਹਿ ਦਿਤਾ ਸੀ ਕਿ ਇਹ ਇਨਕਲਾਬੀ ਬਿੱਲ ਹੈ। ਇਨ੍ਹਾਂ ਨੇ ਸਿਫਾਰਸ਼ ਤਾਂ ਕਰਨੀ ਹੀ ਹੋਈ। (ਵਿਘਨ) (ਹਾਸਾ) (This is a revolutionary Bill beeause Sardar Umrao Singh has termed it so. He had to recommend it.)

(*interruption*) (*Laughter*).

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਮੈਂ ਪਰਾਪਰ ਇਮਪਲੀਮੈਂਟੇਸ਼ਨ ਬਾਰੇ ਕਹਿਣਾ ਚਾਹੁੰਦਾ ਸੀ ਕਿ ਜੇ ਇਹ ਬਿੱਲ ਪਰਾਪਰਲੀ ਇਮਪਲੀਮੈਂਟ ਹੋਵੇ ਤਾਂ ਇਹ ਇਨਕਲਾਬੀ ਬਿੱਲ ਸਾਬਤ ਹੋ ਸਕਦਾ ਹੈ। ਮੈਂ ਸਿਰਫ ਬਿੱਲ ਦੀ ਇਮਪਲੀਮੈਂਟੇਸ਼ਨ ਦੇ ਹਿਸੇ ਵਾਲੀ ਗਲ ਕਰ ਰਿਹਾ ਸੀ। ਸਪੀਕਰ ਸਾਹਿਬ, ਇਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਰਦਾਰ ਉਜਲ ਸਿੰਘ ਅਤੇ ਐਮ.ਐਸ. ਰੰਧਾਵਾ ਦਾ ਨਾਮ ਲਿਆ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਤੇ ਸਰਦਾਰ ਗੁਰਦੇਵ ਸਿੰਘ ਬਾਦਲ ਜਾਂ ਪਤੰਗ ਸਾਹਿਬ, ਜੋ ਕਿ ਗਰੀਬ ਹਨ ਇਹ ਗਲ ਕਹਿੰਦੇ ਤਾਂ ਤੇ ਮੈਂ ਮੰਨ ਸਕਦਾ ਸੀ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਰਗੇ ਇਤਨੇ ਵਡੇ ਲੈਂਡ ਲਾਰਡ ਆਦਮੀ ਇਹ ਗਲ ਕਹਿਣ ਤਾਂ ਇਹ ਕੋਈ ਸ਼ੋਭਾ ਨਹੀਂ ਦਿੰਦੀ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਜੇ ਇਹ ਗਰੀਬਾਂ ਵਾਸਤੇ ਕੁਝ ਕਰਨ ਤਾਂ ਗਰੀਬ ਆਦਮੀ ਬੋਲਣ ਪਰ ਸਾਨੂੰ ਪਤਾ ਹੈ ਕਿ ਇਨ੍ਹਾਂ ਨੇ ਗਰੀਬਾਂ ਵਾਸਤੇ ਕੁਝ ਨਹੀਂ ਕਰਨਾ ਐਵੇਂ ਗਲਾਂ ਹੀ ਹਨ। (ਵਿਘਨ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਬਾਦਲ ਸਾਹਿਬ, ਨੂੰ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਐਮ. ਐਸ. ਰੰਧਾਵਾ ਸਾਹਿਬ ਦੀਆਂ ਕਿਤਾਬਾਂ ਨਹੀਂ ਪੜ੍ਹੀਆਂ ਨਹੀਂ ਤਾਂ ਉਨ੍ਹਾਂ ਨੂੰ ਇਸ ਬਾਰੇ ਵਿਚ ਕੁਝ ਪਤਾ ਲਗ ਜਾਂਦਾ। ਇਕ ਉਨ੍ਹਾਂ ਦੀ ਕਿਤਾਬ ਦੇ ਸਫ਼ਾ 249 ਦੇ ਉਤੇ ਲਿਖਿਆ ਹੈ ਕਿ Socialism is a fool's slogan. It is a town slogan.

ਜਿਹੜਾ ਵਿਅਕਤੀ ਇਹੋ ਜਿਹੇ ਅਮੀਰ ਘਰਾਣੇ ਵਿਚ ਪੈਦਾ ਹੋਇਆ ਹੋਵੇ ਉਸ ਤੋਂ ਇਹ ਆਸ ਰਖੀ ਜਾ ਸਕਦੀ ਹੈ। ਇਨ੍ਹਾਂ ਨੇ ਪ੍ਰੋਗਰੈਸਿਵ ਦਾ ਲਫਜ਼ ਕਿਹਾ ਹੈ। ਕੀ ਇਹ ਪ੍ਰੋਗਰੈਸਿਵ ਤੋਂ ਭਾਵ ਹੈ ਕਿ ਇਕ ਗਰੀਬ ਹਿੰਦੁਸਤਾਨੀ ਜਾਂ ਗਰੀਬ ਔਰਤ ਬਜ਼ਾਰ ਆਪਣੇ ਛੋਟੇ ਬਚੇ ਨੂੰ ਨਾਲ ਲੈ ਕੇ ਸੌਦੇ ਲੈਣ ਵਾਸਤੇ ਜਾ ਰਹੀ ਹੋਵੇ ਅਤੇ ਦਿਵਾਲੀ ਦਾ ਹੋਵੇ ਤਿਉਹਾਰ ਅਤੇ ਰਸਤੇ ਵਿਚ ਆ ਜਾਏ ਪਟਾਕਿਆਂ ਦੀ ਦੁਕਾਨ ਤੇ ਬਚਾ ਪਟਾਕਿਆਂ ਦੀ ਮੰਗ ਕਰੇ ਜਿਸ ਤੇ ਉਸ ਦੀ ਮਾਂ ਉਸ ਨੂੰ ਥਪੜ ਮਾਰ ਕੇ ਕਹੇ ਕਿ ਚਲ ਅਗੇ ਨੂੰ (ਵਿਘਨ) (ਥੰਪਿੰਗ) ਤੇ, ਸਪੀਕਰ ਸਾਹਿਬ, ਮੇਰੀ ਇਹ ਕਾਂਗਰਸ ਪਾਰਟੀ ਇਸ ਵਿਤਕਰੇ ਨੂੰ

[ਚੌਧਰੀ ਦਰਸ਼ਨ ਸਿੰਘ]

ਡੀਵਾਈਡ ਕਰਨਾ ਚਾਹੁੰਦੀ ਹੈ। ਬਾਦਲ ਸਾਹਿਬ ਜੇ ਤੁਸੀਂ ਨਾਮ ਲੈਂਦੇ ਕਿਸੇ ਗਰੀਬ ਆਦਮੀ ਦਾ, ਕਿਸੇ ਗਰੀਬ ਵਰਕਰ ਦਾ ਤਾਂ ਮੈਂ ਸਮਝ ਸਕਦਾ ਸੀ ਕਿ ਵਾਕਈ ਗੱਲ ਠੀਕ ਹੈ ਬਾਦਲ ਸਾਹਿਬ ਦੀ।

ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਨੂੰ ਤੁਹਾਡੀ ਰਾਹੀ ਮੈਂ ਇਮਪਲੀਮੈਂਟੇਸ਼ਨ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਹ ਇਮਪਲੀਮੈਂਟੇਸ਼ਨ ਨਹੀਂ ਹੋ ਸਕਣੀ ਜਿਨ੍ਹਾਂ ਦੇ ਹੱਥਾਂ ਵਿਚ ਤੁਸੀਂ ਫੈਸਲਾ ਕਰਨਾ ਰਖਿਆ ਹੈ। ਇਹ ਫੈਸਲੇ ਉਹ ਕਰਿਆ ਕਰਨਗੇ ਜਿਨ੍ਹਾਂ ਦੇ ਹੱਥਾਂ ਦੀਆਂ ਉਂਗਲੀਆਂ ਵਿਚ 6-6 ਹਜ਼ਾਰ ਰੁਪਏ ਦੀਆਂ ਅੰਗੂਠੀਆਂ ਪਾਈਆਂ ਹੋਈਆਂ ਹਨ, ਜਿਹੜੇ ਇਤਨੇ ਅਮੀਰ ਹਨ ਉਹ ਕੀ ਗਰੀਬਾਂ ਦਾ ਫੈਸਲਾ ਕਰਿਆ ਕਰਨਗੇ। ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਮੈਨੂੰ ਉਸ ਵਿਅਕਤੀ ਦਾ ਨਾਮ ਲੈ ਕੇ ਦਸੋ ਕਿ ਉਸ ਨੇ ਕਿਤਨੇ ਕੁ ਐਸੇ ਫੈਸਲੇ ਕੀਤੇ ਹਨ ਜਿਸ ਨਾਲ ਕਿਸੀ ਗਰੀਬ ਆਦਮੀ ਨੂੰ ਕੋਈ ਜ਼ਮੀਨ ਵਗੈਰਾ ਮਿਲਦੀ ਹੋਵੇ। ਜੇ ਕਿਧਰੇ ਉਹ ਵਿਚਾਰਾ 4 ਮਰਲੇ ਜ਼ਮੀਨ ਦਾ ਟੁਕੜਾ ਕੋਰਟ ਦੀ ਰਾਹੀਂ ਲੈ ਵੀ ਆਇਆ ਹੈ ਤੇ ਉਸ ਦੇ ਹੱਕ ਵਿਚ ਫੈਸਲਾ ਹੋ ਗਿਆ ਹੈ ਤਾਂ ਮਾਲਕ ਨੇ ਉਨ੍ਹਾਂ ਮੁਜਾਰਿਆਂ ਤੇ ਗੋਲੀ ਚਲਾਈ ਹੈ ਪਰ ਉਹ ਵਿਚਾਰਾ ਕਬਜ਼ਾ ਨਹੀਂ ਲੈ ਸਕਿਆ (ਵਿਘਨ) ਇਸ ਸਦਨ ਵਿਚ ਦਸਣਾ ਚਾਹੁੰਦਾ ਹਾਂ ਕਿ ਅਠਾਈ ਅਠਾਈ ਸੌ ਵਿਘੇ ਜ਼ਮੀਨ ਇਥੇ ਲੋਕੀਂ ਸਾਂਭੀ ਬੈਠੇ ਹਨ। ਸਰਦਾਰ ਉਮਰਾਓ ਸਿੰਘ ਜੀ ਇਕ ਕਮੇਟੀ ਬਣਾਈ ਗਈ ਸੀ ਕਿ ਜਿਨ੍ਹਾਂ ਅਫਸਰਾਂ ਨੇ ਫਾਰਮ ਬਣਾਏ ਹਨ ਉਨ੍ਹਾਂ ਦੀ ਇਨਕੁਆਇਰੀ ਕੀਤੀ ਜਾਵੇ। ਪਰ ਮੈਨੂੰ ਦਸੋ ਕਿ ਇਕ ਮਰਲਾ ਵੀ ਜ਼ਮੀਨ ਉਨ੍ਹਾਂ ਤੋਂ ਕਢਾਈ ਹੈ ਤਾਂ ਦਸੋ। (ਵਿਘਨ) ਸਪੀਕਰ ਸਾਹਿਬ, ਮੈਂ ਪਲੈਨਿੰਗ ਕਮਿਸ਼ਨ ਦੇ ਐਕਸਪਰਟਸ ਦੀਆਂ ਰਿਪੋਰਟਾਂ ਪੜ੍ਹੀਆਂ ਹਨ। ਉਨ੍ਹਾਂ ਨੇ ਕਿਹਾ ਹੈ :

> Agricultural experts are not satisfied with the land reforms for the last twenty five years. Planning Commission is also not satisfied with the land reforms. Shri Mohan Dharia, Deputy Minister in the Government of India, expressed in the Rajya Sabha that the results of these land reforms were meagre.
>
> During an interview on the television, the Prime Minister has said that the results of land reforms are not up to the mark. She has further said that the land ceiling is the only way to socialism and equality.

ਔਰ ਉਨ੍ਹਾਂ ਨੇ 23 ਅਗਸਤ ਨੂੰ ਟੈਲੀਵੀਜ਼ਨ ਤੇ ਇੰਟਰਵੀਊ ਕਰਦਿਆਂ ਹੋਇਆਂ ਕਿਹਾ ਕਿ ਜਿੰਨਾ ਚਿਰ ਦੇਸ਼ ਵਿਚ ਸੀਲਿੰਗ ਨਹੀਂ ਲਗਦੀ ਤਦ ਤਕ ਦੇਸ਼ ਵਿਚ ਸਮਾਜਵਾਦ ਨਹੀਂ ਆ ਸਕਦਾ। ਉਨ੍ਹਾਂ ਨੇ ਕਿਹਾ ਕਿ 1947 ਤੋਂ ਲੈ ਕੇ ਹੁਣ ਤਕ 25 ਸਾਲ ਹੋ ਗਏ ਹਨ ਅਸੀਂ ਸਮਾਜਵਾਦ ਲਿਆਉਣ ਦਾ ਯਤਨ ਕਰ ਰਹੇ ਹਾਂ ਪਰ ਹਾਲੇ ਤਕ ਅਸੀਂ ਜ਼ਮੀਨਾਂ ਤੇ ਸੀਲਿੰਗ ਨਹੀਂ ਲਾ ਸਕੇ। (ਵਿਘਨ).

ਬਾਦਲ ਸਾਹਿਬ, ਹੁਣ ਹੋਰ ਚਾਰਾ ਕੋਈ ਨਹੀਂ ਸਿਵਾਏ ਇਸ ਦੇ ਕਿ 'ਤੇਰਾ ਭਾਣਾ ਮੀਠਾ ਲਾਗੇ।' ਮੈਂ ਆਖਰ ਵਿਚ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਸੀਲਿੰਗ ਨਹੀਂ ਲਗਦੀ ਸਮਾਜਵਾਦ ਨਹੀਂ ਲਿਆਂਦਾ ਜਾ ਸਕਦਾ। ਇਥੇ ਹਰ ਪਾਰਟੀ ਦੇ ਬੰਦੇ ਬੈਠੇ ਹਨ......(ਵਿਘਨ) ਬਾਦਲ ਸਾਹਿਬ, ਜਿੰਨਾ ਚਿਰ ਤੁਹਾਡੀ ਪਾਰਟੀ ਇਸ ਆਈਡਿਆਲੋਜੀ ਤੇ ਬੇਸ ਨਹੀਂ ਕਰਦੀ ਉਨਾਂ ਚਿਰ ਤਕ ਕੋਈ ਤਰਕੀ ਨਹੀਂ ਹੋ ਸਕਦੀ। (ਵਿਘਨ) ਮੈਂ ਇਸ ਹਾਊਸ ਦੇ ਬੰਦਿਆਂ ਨੂੰ ਇਕ ਸਆਲ ਕਰਨਾ ਚਾਹੁੰਦਾ ਹਾਂ......(ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਸਾਡੀ ਪਾਰਟੀ ਦੇ ਸਬੰਧ ਵਿੱਚ ਕੁਝ ਕਹਿ ਰਹੇ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ

ਦੀ ਬੀਬੀ ਇੰਦਰਾ 20 ਕਰੋੜ ਰੁਪਏ ਦੀ ਫੈਕਟਰੀ ਲਾ ਰਹੀ ਹੈ ਉਸ ਵਲ ਵੀ ਕੁਝ ਧਿਆਨ ਕਰਨ। (ਵਿਘਨ)

ਚੌਧਰੀ ਦਰਸ਼ਨ ਸਿੰਘ : ਚੀਮਾਂ ਸਾਹਿਬ, ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਜਿੰਨਾ ਚਿਰ ਅਸੀਂ ਸਾਰੇ ਸਮਾਜਵਾਦ ਨੂੰ ਜਫੀ ਨਹੀਂ ਪਾਉਂਦੇ ਉਨਾਂ ਚਿਰ ਤਕ ਇਹ ਸਮਾਜਵਾਦ ਨਹੀਂ ਆ ਸਕਦਾ। (ਵਿਘਨ) ਬਾਦਲ ਸਾਹਿਬ, ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ 5 ਅਗਸਤ, 1972 ਨੂੰ ਆਂਧਰਾ ਪ੍ਰਦੇਸ਼ ਦੇ ਸਾਰੇ ਮੈਂਬਰਾਂ ਨੇ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਕਿ ਜਿਸ ਕਿਸੇ ਐਮ. ਐਲ ਏ. ਕੋਲ ਇਸ ਤੋਂ ਵਾਧੂ ਜ਼ਮੀਨ ਹੈ ਉਹ ਖੁਦ ਬਖੁਦ ਸਰੰਡਰ ਕਰ ਦੇਵੇ। (ਵਿਘਨ)

ਸੋ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਥੇ ਸਾਰੇ ਮੈਂਬਰ ਸਾਹਿਬਾਨ ਬੈਠੇ ਹਨ ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਸ ਕਿਸੇ ਐਮ. ਐਲ. ਏ ਸਾਹਿਬ ਨੇ 24 ਜੂਨ, 1971 ਤੋਂ ਜਿਸ ਕਿਸੇ ਦੇ ਨਾਮ ਜ਼ਮੀਨਾਂ ਟਰਾਂਸਫਰ ਕੀਤੀਆਂ ਹਨ ਉਹ ਖੁਦ ਬਖੁਦ ਲਿਸਟ ਆਪਣੇ ਆਪ ਹੀ ਇਸ ਹਾਊਸ ਵਿੱਚ ਦੇ ਦੇਵੇ ਵਰਨਾ ਸਮਾਜਵਾਦ ਨਹੀਂ ਆ ਸਕੇਗਾ।

EXTENSION OF TIME OF THE SITTING

ਸ੍ਰੀ ਸਪੀਕਰ : ਹਾਊਸ ਦੀ ਬੈਠਕ ਦਾ ਸਮਾਂ ਇਕ ਘੰਟਾ ਹੋਰ ਵਧਾਇਆ ਜਾਂਦਾ ਹੈ।
(The time of the sitting of the House is extended by one hour more.)

THE PUNJAB LAND REFORMS BILL (BILL NO. 31-PLA OF 1972), 1972
(*Resumption of Discussion*)

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ (ਫਿਰੋਜ਼ਪੁਰ ਛਾਉਣੀ): ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਬਿੱਲ ਬਾਰੇ ਕੁਝ ਗਲਾਂ ਇਨ੍ਹਾਂ ਕਾਂਗਰਸੀਆਂ ਨੂੰ ਕਹਿਣਾ ਚਾਹੁੰਦਾ ਹਾਂ। ਕਿਸ ਤਰ੍ਹਾਂ ਇਸ ਬਿਲ ਵਿੱਚ ਸਾਡੇ ਪੇਂਡੂ ਕਿਸਾਨਾਂ ਨਾਲ, ਸਾਡੇ ਪਿੰਡਾਂ ਦੇ ਵਿੱਚ ਰਹਿਣ ਵਾਲਿਆਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਕਿਸ ਤਰ੍ਹਾਂ ਇਸ ਕਿਸਮ ਦਾ ਬਿੱਲ ਸਾਡੇ ਉਤੇ ਲਾਗੂ ਕੀਤਾ ਜਾ ਰਿਹਾ ਹੈ। ਜਿੱਥੇ ਸ਼ਹਿਰਾਂ ਦੀ ਜਾਇਦਾਦ ਮੁਕਰਰ ਕਰਨ ਦਾ ਵਾਵੇਲਾ ਇਨ੍ਹਾਂ ਨੇ ਢਾਈ ਲੱਖ ਰੁਪਏ ਕੀਤਾ ਹੈ ਉਥੇ ਪੇਂਡੂ ਜ਼ਮੀਨ ਦੀ ਹਦ, ਜੇ ਕਰ 5 ਹਜ਼ਾਰ ਰੁਪਏ ਪਰ ਹੈਕਟੇਅਰ ਰਖ ਲਈ ਜਾਵੇ ਤਾਂ ਕੁਝ 35 ਹਜ਼ਾਰ ਹੀ ਬਣਦੀ ਹੈ। ਇਹ ਸਮੁੱਚੇ ਤੌਰ ਤੇ ਪੇਂਡੂਆਂ ਨਾਲ, ਜ਼ਿਮੀਂਦਾਰਾਂ ਨਾਲ ਅਤੇ ਪਿੰਡਾਂ ਵਿੱਚ ਵਸਣ ਵਾਲਿਆਂ ਨਾਲ ਧੱਕਾ ਕੀਤਾ ਗਿਆ ਹੈ। ਸਪੀਕਰ ਸਾਹਿਬ, ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਇਹ ਧੱਕਾ ਅਸੀਂ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ। ਇਕ ਆਦਮੀ ਸ਼ਹਿਰ ਵਿੱਚ ਇਕ ਕਰੋੜ ਰੁਪਏ ਦੀ ਫੈਕਟਰੀ ਲਗਾ ਲੈਂਦਾ ਹੈ ਉਸ ਦੇ ਉਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ ਅਤੇ ਪੇਂਡੂ ਨੂੰ 35 ਹਜ਼ਾਰ ਤਕ ਦੀ ਜ਼ਮੀਨ ਰਖਣ ਦੀ ਹੀ ਇਜਾਜ਼ਤ ਦਿੱਤੀ ਗਈ ਹੈ। ਜਿਸ ਦੇ ਵਿੱਚੋਂ ਕੁਲ 7–8 ਹਜ਼ਾਰ ਰੁਪਏ ਸਾਲਾਨਾ ਤੋਂ ਜ਼ਿਆਦਾ ਆਮਦਨ ਨਹੀਂ ਹੋ ਸਕਦੀ। ਇਹ ਸਮੁੱਚੇ ਤੌਰ ਤੇ ਪੇਂਡੂਆਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਸ਼ਹਿਰਾਂ ਵਿੱਚ ਵਸਣ ਵਾਲਿਆਂ ਦੇ ਹੱਕਾਂ ਦੀ ਰਾਖੀ ਕੀਤੀ ਗਈ ਹੈ। ਸ਼ਹਿਰ ਵਿੱਚ ਇਹ ਕੀਤਾ ਗਿਆ ਹੈ ਕਿ ਜਿਸ ਦੇ ਕੋਲ ਇਕ ਮਕਾਨ ਹੈ ਉਸ ਉਤੇ ਕੋਈ ਸੀਲਿੰਗ ਨਹੀਂ ਹੋਵੇਗੀ ਭਾਵੇਂ ਉਹ ਮਕਾਨ 50 ਲੱਖ ਰੁਪਏ ਦਾ ਹੋਵੇ ਅਤੇ ਭਾਵੇਂ ਉਸ ਤੋਂ ਉਸ ਨੂੰ 1 ਲੱਖ ਰੁਪਏ ਦੀ ਆਮਦਨੀ ਹੁੰਦੀ ਹੋਵੇ। ਲੇਕਿਨ ਪਿੰਡਾਂ ਵਾਲਿਆਂ ਤੇ ਹਰ ਗਲ ਦੀ ਪਾਬੰਦੀ ਹੈ। ਇਸ ਆਮਦਨ ਵਿੱਚ ਪੇਂਡੂ ਕਿਸ ਤਰ੍ਹਾਂ ਆਪਣਾ ਗੁਜ਼ਾਰਾ ਕਰ ਸਕਣਗੇ। ਇਹ ਨਹੀਂ ਚਾਹੁੰਦੇ ਕਿ ਪੇਂਡੂਆਂ ਦੇ ਮੁੰਡੇ ਪੜ੍ਹ ਸਕਣ, ਮੈਡੀਕਲ ਕਾਲਜਾਂ ਵਿੱਚ ਪੜ੍ਹ ਸਕਣ ਜਾਂ ਕੋਈ ਹੋਰ ਅੱਛੀ ਤਾਲੀਮ ਹਾਸਲ ਕਰ ਕੇ ਕਿਤੇ ਵੱਡੇ ਅਫ਼ਸਰ ਬਣ ਸ਼ਕਣ। ਇਨ੍ਹਾਂ ਦਾ ਸ਼ਮਾਜਵਾਦ ਪਿੰਡਾਂ

[ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ]

ਵਾਲਿਆਂ ਤਕ ਹੀ ਮਹਿਦੂਦ ਹੈ । ਅੱਜ ਤਾਈਂ ਜਿੰਨੇ ਵੀ ਕਾਨੂੰਨ ਬਣਾਏ ਗਏ ਹਨ ਉਹ ਸਿਰਫ ਪਿੰਡਾਂ ਲਈ ਹੀ ਬਣਾਏ ਗਏ ਹਨ, ਸ਼ਹਿਰਾਂ ਤੇ ਲਾਗੂ ਨਹੀਂ ਹੁੰਦੇ। ਤਿੰਨ ਚਾਰ ਦਫਾ ਇਹ ਕਾਨੂੰਨ ਬਣਾਏ ਗਏ ਹਨ ਪਰ ਸ਼ਹਿਰਾਂ ਵਾਸਤੇ ਇਕ ਵੀ ਕਾਨੂੰਨ ਨਹੀਂ ਬਣਾਇਆ । ਇਕ ਕਾਨੂੰਨ ਦੇ ਬਾਰੇ ਕਿੰਨੇ ਚਿਰ ਤੋਂ ਚਰਚਾ ਹੋ ਰਹੀ ਹੈ ਪਰ ਅਜੇ ਤਾਈਂ ਨਹੀਂ ਬਣਾ ਸਕੇ । ਫੈਕਟਰੀਆਂ ਵਾਸਤੇ ਕੋਈ ਕਾਨੂੰਨ ਨਹੀਂ ਭਾਵੇਂ ਕਰੋੜਾਂ ਦੀ ਲਾ ਲਵੋ । ਜੋ ਭੀ ਕਾਨੂੰਨ ਇਹ ਬਣਾਉਂਦੇ ਹਨ ਸਿਰਫ ਪਿੰਡਾਂ ਵਾਲਿਆਂ ਲਈ ਹੁੰਦੇ ਹਨ। ਇਹ ਜਿਹੜਾ ਬਿੱਲ ਲਿਆਂਦਾ ਹੈ ਇਸ ਦੇ ਨਾਲ ਪੇਂਡੂ ਜ਼ਿਮੀਂਦਾਰ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਅਗਰ ਕਿਸੇ ਜ਼ਿਮੀਂਦਾਰ ਦੀ ਜਾਂ ਕਿਸੇ ਮੁਜਾਰੇ ਦੀ ਦੋ ਏਕੜ ਜ਼ਮੀਨ ਹੈ ਉਸ ਨੂੰ ਇਸ ਐਕਟ ਦੇ ਮੁਤਾਬਕ ਪੂਰੀ ਕਰ ਦੇਣ ਦਾ ਕੋਈ ਪ੍ਰੋਵੀਜ਼ਨ ਨਹੀਂ ਰਖਿਆ ਗਿਆ। ਇਹ ਤਾਂ ਕਿਸੇ ਖਾਸ ਕਲਾਸ ਨੂੰ, ਕਿਸੇ ਖਾਸ ਤਬਕੇ ਨੂੰ ਜ਼ਮੀਨ ਦੇਣ ਬਾਰੇ ਬਿੱਲ ਲਿਆਂਦਾ ਗਿਆ ਹੈ । ਅਤੇ ਜਿਹੜੇ ਜ਼ਿਮੀਂਦਾਰ ਹਨ ਉਨ੍ਹਾਂ ਨਾਲ ਸਮੁੱਚੇ ਤੌਰ ਤੇ ਧੱਕਾ ਕੀਤਾ ਜਾ ਰਿਹਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਕਰਜ਼ੇ ਲੈ ਕੇ ਅਤੇ ਪ੍ਰਾਈਵੇਟ ਸੋਰਸਿਜ਼ ਨਾਲ ਟਿਊਬਵੈਲ ਲਾਏ ਹਨ ਉਨ੍ਹਾਂ ਨੂੰ ਇਸ ਤੋਂ ਛੋਟ ਹੋਣੀ ਚਾਹੀਦੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਜੇ ਇਹ ਨਾ ਕੀਤਾ ਗਿਆ ਤਾਂ ਪ੍ਰੋਡਕਸ਼ਨ ਬਹੁਤ ਘਟ ਜਾਏਗੀ । ਜਿਸ ਤਰ੍ਹਾਂ ਇਹ ਬਿੱਲ ਦੇ ਵੇਲੇ ਨਾਲ ਇਸ ਸਾਲ ਅਨਾਜ ਦੀ ਕਮੀ ਮਹਿਸੂਸ ਹੋਈ ਹੈ ਇਸ ਤਰ੍ਹਾਂ ਇਹ ਬਿਲ ਲਾਗੂ ਕਰਕੇ ਇਹ ਫੂਡ ਪ੍ਰਾਬਲਮ ਨੂੰ ਫਿਰ ਸੱਦਾ ਦੇ ਰਹੇ ਹਨ । ਜਿਸ ਤਰ੍ਹਾਂ ਪਹਿਲਾਂ ਕਿੰਨੇ ਸਾਲ ਅੰਨ ਸੰਕਟ ਰਿਹਾ ਅਤੇ ਜ਼ਿਮੀਂਦਾਰਾਂ ਨੇ ਉਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਇਹ ਫਿਰ ਅੰਨ ਸੰਕਟ ਪੈਦਾ ਕਰਨਾ ਚਾਹੁੰਦੇ ਹਨ । ਇਹ ਇਸ਼ ਬਿੱਲ ਰਾਹੀਂ ਜਿਹੜੇ ਜ਼ਿਮੀਂਦਾਰਾਂ ਦੇ ਹਕ ਖੋਹਣਾ ਚਾਹੁੰਦੇ ਹਨ ਇਸ ਦੇ ਨਾਲ ਜ਼ਿਮੀਂਦਾਰਾਂ ਵਿੱਚ ਬੜੀ ਹਰਾਸਮੈਂਟ ਹੋ ਜਾਏਗੀ ਅਤੇ ਐਗਰੀਕਲਚਰਲ ਪ੍ਰੋਡਕਸ਼ਨ ਵਿੱਚ ਫਰਕ ਪੈ ਜਾਏਗਾ । ਜਿਸ ਤਰ੍ਹਾਂ ਬਾਦਲ ਸਾਹਿਬ ਨੇ ਦੂਜੇ ਸੂਬਿਆਂ ਦੇ ਅੰਕੜੇ ਦਿੱਤੇ ਹਨ ਅਤੇ ਜਿਸ ਤਰ੍ਹਾਂ ਕਪਤਾਨ ਸਾਹਿਬ ਨੇ ਕਿਹਾ ਹੈ ਕਿ ਦੋ ਮੁਗ਼ਾ ਜ਼ਰਾਬ ਲਈ ਡਿਸਟਲਰੀਆਂ ਲਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਫੇਲ੍ਹ ਹੋ ਗਈਆਂ । ਇਸੇ ਤਰ੍ਹਾਂ ਮੈਂ ਕਹਿੰਦਾ ਹਾਂ ਕਿ ਦੂਜੇ ਦੇਸ਼ਾਂ ਤੋਂ ਸਬਕ ਸਿਖੋ । ਰਸ਼ੀਆ ਅਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਵੀ ਲੈਂਡ ਰਿਫਾਰਮਜ਼ ਬਿੱਲ ਲਿਆਉਣ ਦੇ ਯਤਨ ਕੀਤੇ ਗਏ ਸਨ ਪਰ ਉਹ ਫੇਲ ਹੋ ਗਏ ਅਤੇ ਉਨ੍ਹਾਂ ਨੇ ਅਕਨਾਮਿਕ ਯੂਨਿਟ ਬਣਾ ਲਏ । ਇਸ ਲਈ ਸਾਡੇ ਜਿਹੜੇ ਅਕਾਨੋਮਿਸਟਾਂ ਦੀ ਰਾਏ ਹੈ ਉਸ ਦੇ ਮੁਤਾਬਿਕ ਜ਼ਮੀਨ ਦਾ ਯੂਨਿਟ ਕਮ-ਅਜ਼-ਕਮ 30 ਸਟੈਂਡਰਡ ਏਕੜ ਦਾ ਹੋਣਾ ਚਾਹੀਦਾ ਹੈ । ਅਗਰ 30 ਸਟੈਂਡਰਡ ਏਕੜ ਤੋਂ ਘਟ ਰਹਿ ਗਿਆ ਤਾਂ ਅਸੀਂ ਐਗਰੀਕਲਚਰਲ ਪ੍ਰੋਡਕਸ਼ਨ ਵਿੱਚ ਕਦੇ ਵੀ ਸੈਲਫ ਸਫੀਸ਼ੈਂਟ ਨਹੀਂ ਹੋ ਸਕਾਂਗੇ ।

ਸਰਦਾਰ ਹਰਚੰਦ ਸਿੰਘ (ਅਮਲੋਹ ਐਸ. ਸੀ.) : ਸਪੀਕਰ ਸਾਹਿਬ, ਪੰਜਾਬ ਦੇ ਮਾਲ ਵਜ਼ੀਰ ਸਰਦਾਰ ਉਮਰਾਓ ਸਿੰਘ ਜੀ ਨੂੰ ਮੈਂ ਮੁਬਾਰਕਬਾਦ ਦੇਣ ਵਾਸਤੇ ਖੜ੍ਹਾ ਹੋਇਆ ਹਾਂ, ਜਿਨ੍ਹਾਂ ਨੇ ਆਜ਼ਾਦੀ ਦੇ 25 ਸਾਲਾਂ ਤੋਂ ਬਾਅਦ ਇਹ ਇਕ ਪ੍ਰੋਗਰੈਸਿਵ ਬਿੱਲ ਲਿਆਂਦਾ ਹੈ। ਸਪੀਕਰ ਸਾਹਿਬ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਮਾਸਟਰ ਗੁਰਬੰਤਾ ਸਿੰਘ, ਹਰਚੰਦ ਸਿੰਘ ਜਾਂ ਚੌਧਰੀ ਸੁੰਦਰ ਸਿੰਘ ਦੀ ਹਾਲਤ ਸੁਧਰਨ ਨਾਲ ਪੰਜਾਬ ਦੇ ਲੱਖਾਂ ਹਰੀਜਨਾਂ ਦੀ ਹਾਲਤ ਨਹੀਂ ਸੁਧਰ ਸਕਦੀ, ਜਿੰਨਾ ਚਿਰ ਉਨ੍ਹਾਂ ਦੀ ਹਾਲਤ ਸੁਧਾਰਨ ਵਾਸਤੇ ਕੋਈ ਲੇਜਿਸਲੇਸ਼ਨ ਨਾ ਲਿਆਂਦੀ ਜਾਵੇ । ਮੈਂ ਡੰਕੇ ਦੀ ਚੋਟ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦੇ ਵਿੱਚ ਲੱਖਾਂ ਹਰੀਜਨ ਖੇਤ ਮਜ਼ਦੂਰ ਐਸੇ ਹਨ ਜਿਨ੍ਹਾਂ ਦੇ ਕੋਲ ਪਦੀਨੇ ਦੀ ਇਕ ਕਿਆਰੀ ਬੀਜਨ ਵਾਸਤੇ ਕੋਈ ਜ਼ਮੀਨ ਨਹੀਂ ।

ਸਪੀਕਰ ਸਾਹਿਬ, ਬੀਬੀ ਇੰਦਰਾ ਗਾਂਧੀ ਨੇ ਗਰੀਬੀ ਦੂਰ ਕਰਨ ਦਾ ਨਾਹਰਾ ਲਾਇਆ ਸੀ। ਪੰਜਾਬ ਸਰਕਾਰ ਨੇ ਇਸ ਤਰਫ ਇਕ ਕਦਮ ਪੁੱਟਿਆ ਅਤੇ ਇਹ ਬਿੱਲ ਅਜ ਹਾਊਸ ਦੇ ਸਾਹਮਣੇ ਪੇਸ਼ ਹੈ। ਸਪੀਕਰ ਸਾਹਿਬ, ਪੈਪਸੂ ਵਿੱਚ ਵੀ ਪੈਪਸੂ ਸਰਕਾਰ ਨੇ ਇਕ ਭੂਮੀ-ਸੁਧਾਰ ਦਾ ਬਿਲ ਲਿਆਂਦਾ ਸੀ ਅਤੇ ਜਿਹੜੇ ਮੁਜਾਰੇ ਸਨ ਉਹ ਸਾਰੇ ਦੇ ਸਾਰੇ ਜ਼ਮੀਨ ਦੇ ਮਾਲਕ ਬਣਾ ਦਿੱਤੇ ਗਏ ਸਨ। ਪਹਿਲਾਂ ਕੀ ਸੀ ? ਹਰ ਸਾਲ ਹਾੜੀ ਵੇਲੇ ਮੇਰੇ ਭਰਾ ਕਾਮਰੇਡ ਜੰਗੀਰ ਸਿੰਘ ਜੋਗਾ ਹੋਰੀਂ ਆਉਂਦੇ ਤੇ ਕਹਿੰਦੇ ਕਿ ਲਿਆਉ ਭਾਈ ਵਢਾਈ ਦਾ ਹਿੱਸਾ। ਸਪੀਕਰ ਸਾਹਿਬ, ਇਹ ਇਸ ਬਿੱਲ ਨੂੰ ਮਾੜਾ ਕਹਿੰਦੇ ਹਨ ਪਰ ਇਸ ਨਾਲ ਇਨ੍ਹਾਂ ਦਾ ਬੋਤੀਆ ਬਿਸਤਰਾ ਜ਼ਰੂਰ ਚੁਕਿਆ ਜਾਵੇਗਾ। ਸਾਨੂੰ ਜ਼ਮੀਨ ਮਿਲੇ ਜਾਂ ਨਾ ਮਿਲੇ ਪਰ ਇਨ੍ਹਾਂ ਦਾ ਨਾਹਰਾ ਤਾਂ ਬਿਲਕੁਲ ਖਤਮ ਹੋ ਜਾਵੇਗਾ। ਇਸ ਬਿੱਲ ਦੇ ਪਾਸ ਹੋਣ ਤੋਂ ਬਾਅਦ ਕਾਫੀ ਜ਼ਿਆਦਾ ਜ਼ਮੀਨ ਨੈਸ਼ਨੇਲਾਈਜ਼ ਹੋ ਜਾਵੇਗੀ। ਜਦੋਂ ਤਕ ਜ਼ਮੀਨ ਨੈਸ਼ਨੇਲਾਈਜ਼ ਨਹੀਂ ਹੁੰਦੀ ਜ਼ਮੀਨ ਦਾ ਮਸਲਾ ਹਲ ਨਹੀਂ ਹੋ ਸਕਦਾ। ਸਾਡੇ ਲੋਕ ਕਿਸੇ ਨੂੰ ਹਿੰਦ ਕੇਸਰੀ ਕਹਿੰਦੇ ਹਨ, ਕਿਸੇ ਨੂੰ ਸ਼ੇਰੇ ਪੰਜਾਬ ਕਹਿੰਦੇ ਹਨ ਪਰ ਜਿਸ ਨੇ ਹਰੀਜਨਾਂ ਦੇ ਭਲੇ ਵਾਸਤੇ ਇਹ ਬਿੱਲ ਲਿਆਂਦਾ ਹੈ ਯਾਨੀ ਗਿਆਨੀ ਜ਼ੈਲ ਸਿੰਘ, ਮੈਂ ਉਨ੍ਹਾਂ ਨੂੰ ਸ਼ੇਰੇ ਪੰਜਾਬ ਕਹਿੰਦਾ ਹਾਂ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜ਼ਮੀਨ ਸਿਰਫ ਉਸ ਨੂੰ ਮਿਲਣੀ ਚਾਹੀਦੀ ਹੈ ਜਿਹੜਾ ਆਪਣੇ ਹੱਥ ਨਾਲ ਹਲ ਵਾਹੇ। ਇਥੋਂ ਰਾਜੇ ਚੱਕੇ ਗਏ, ਰਾਜਵਾੜੇ ਗਏ, ਬਾਦਲ ਸਾਹਿਬ ਵਰਗੇ ਛੋਟੇ ਰਾਜੇ ਵੀ ਚਲੇ ਗਏ ਅਤੇ ਸਾਡੇ ਵਿੱਚ ਵੀ ਕਈ ਸਜਣ ਛੋਟੇ ਰਾਜੇ ਹਨ ਉਹ ਵੀ ਇਸ ਤਰ੍ਹਾਂ ਚੁੱਕੇ ਜਾਣਗੇ। (ਸ਼ੋਰ) (ਵਿਘਨ)

ਮੁਖ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਬੇਨਤੀ ਕਰਾਂਗਾ ਕਿ ਆਪੋਜੀਸ਼ਨ ਦੇ ਲੀਡਰ ਦਾ ਨਾਂ ਨਹੀਂ ਲੈਣਾ ਚਾਹੀਦਾ ਕਿ ਉਹ ਰਾਜਾ ਹੈ ਜਾਂ ਛੋਟਾ ਰਾਜਾ ਹੈ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਸਰਦਾਰ ਹਰਚੰਦ ਸਿੰਘ ਹੋਰਾਂ ਨੇ ਮੇਰੇ ਮੁਤਲਿਕ ਕਿਹਾ ਹੈ ਕਿ ਮੈਂ ਇਕ ਛੋਟਾ ਰਾਜਾ ਹਾਂ। ਮੈਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਇਨ੍ਹਾਂ ਦੀ ਜ਼ਮੀਨ ਮੇਰੇ ਨਾਲੋਂ ਜ਼ਿਆਦਾ ਹੈ ਭਾਵੇਂ ਇਹ ਜ਼ਮੀਨ ਇਨ੍ਹਾਂ ਨੇ ਕਿਸੇ ਢੰਗ ਨਾਲ ਰਖੀ ਹੋਵੇ ਮੈਂ ਵੀ ਆਪਣੀ ਜ਼ਮੀਨ ਦਾ ਪੂਨ ਕਰਨ ਨੂੰ ਤਿਆਰ ਹਾਂ ਇਹ ਵੀ ਕਰਨ। (ਸ਼ੋਰ) (ਵਿਘਨ)

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੈਂ ਆਪਣੇ ਮੁਹਤਰਿਮ ਲੀਡਰ ਦੀ ਗੱਲ ਮੰਨਦਾ ਹੋਇਆ ਕਿਸੇ ਦਾ ਨਾਂ ਨਹੀਂ ਲੈਂਦਾ। ਸਪੀਕਰ ਸਾਹਿਬ, ਮੈਂ ਆਪੋਜ਼ੀਸ਼ਨ ਦੇ ਲੀਡਰ ਨੂੰ ਚੈਲੰਜ ਕਰਦਾ ਹਾਂ ਅਤੇ ਉਨ੍ਹਾਂ ਦੀ ਹਾਂ ਵਿੱਚ ਹਾਂ ਮਿਲਾਉਂਦਾ ਹਾਂ ਅਤੇ ਇਸ ਗਲ ਨੂੰ ਮੰਨਣ ਲਈ ਤਿਆਰ ਹਾਂ। ਸਪੀਕਰ ਸਾਹਿਬ, ਮੇਰੇ ਕੋਲ ਤਾਂ ਰਹਿਣ ਲਈ ਕਮਰਾ ਨਹੀਂ। ਪਰ ਇਨ੍ਹਾਂ ਦੀ ਇਕ ਕੋਠੀ ਚੰਡੀਗੜ੍ਹ ਹੈ ਅਤੇ ਦੂਜੀ ਦਿੱਲੀ ਹੈ। ਇਨ੍ਹਾਂ ਦੀ ਕੋਈ ਫੈਕਟਰੀ ਨਹੀਂ, ਕੋਈ ਕਾਰਖਾਨਾ ਨਹੀਂ ਹਲ ਇਹ ਨਹੀਂ ਵਾਹੁੰਦੇ, ਫਿਰ ਇਨ੍ਹਾਂ ਕੋਲ ਰੁਪਿਆ ਕਿਥੋਂ ਆ ਗਿਆ। ਮੇਰੇ ਕੋਲ ਕੋਈ ਕਾਰ ਨਹੀਂ, ਮਕਾਨ ਨਹੀਂ। ਸਪੀਕਰ ਸਾਹਿਬ, ਮੈਂ ਆਪਣੀ ਜ਼ਮੀਨ ਨਾਲ ਇਨ੍ਹਾਂ ਦੀਆਂ ਕੋਠੀਆਂ ਬਦਲਣ ਨੂੰ ਤਿਆਰ ਹਾਂ। ਇਨ੍ਹਾਂ ਨੇ ਲੱਖਾਂ ਰੁਪਿਆ ਆਪਣੀ ਵਜ਼ਾਰਤ ਵੇਲੇ ਬਣਾਇਆ ਹੈ। (ਸ਼ੋਰ) (ਵਿਘਨ)

ਸਪੀਕਰ ਸਾਹਿਬ, ਇਹ ਅਕਾਲੀ ਭਰਾ ਡਰਦੇ ਕਿਉਂ ਹਨ। ਜੇ ਮੇਰੇ ਕੋਲ ਜ਼ਮੀਨ ਹੈ ਤਾਂ ਮੇਰੀ ਵੀ ਜਾਏਗੀ ਤੇ ਜੇ ਇਨ੍ਹਾਂ ਕੋਲ ਹੈ ਤਾਂ ਇਨ੍ਹਾਂ ਦੀ ਵੀ ਜਾਏਗੀ। ਮੈਂ ਤਾਂ ਗਿਆਨੀ ਜ਼ੈਲ ਸਿੰਘ ਨੂੰ ਮੁਬਾਰਕਵਾਦ ਦਿੰਦਾ ਹਾਂ ਕਿ ਜਿਹੜਾ ਵਾਇਦਾ ਇਨ੍ਹਾਂ ਕੀਤਾ ਹੈ ਉਹ ਪੂਰਾ ਕਰਕੇ ਵਿਖਾਇਆ ਹੈ ਦੂਜਾ ਬਿੱਲ ਜੋ ਅਰਬਨ ਸੀਲਿੰਗ ਦਾ ਆ ਰਿਹਾ ਹੈ, ਉਸ ਨਾਲ ਇਨ੍ਹਾਂ ਤੇ ਵੀ ਹੂੰਝਾ ਫੇਰਿਆ ਜਾਵੇਗਾ। ਪੰਜਾਬ ਵਿਚ ਫਿਰਕਾਪ੍ਰਸਤੀ ਕਿਸ ਨੇ ਕਾਇਮ ਕੀਤੀ। ਇਹ ਜੰਨਸੰਘੀਆਂ ਨੇ ਕੀਤੀ ਸੀ। ਜੇ ਇਹ ਬਿੱਲ ਨਾ ਆਉਂਦਾ ਤਾਂ ਗਰੀਬ ਲੋਕ ਇਨ੍ਹਾਂ ਸਰਮਾਏਦਾਰਾਂ ਨੂੰ ਖਾ ਜਾਂਦੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਸਰਦਾਰ ਹਰਚੰਦ ਸਿੰਘ ਨੇ ਬੜੀਆਂ ਗੱਲਾਂ ਕੀਤੀਆਂ ਹਨ । ਮੈ ਕਦੇ ਕਿਸੇ ਦਾ ਨਾਂ ਨਹੀਂ ਲਿਆ । ਇਨ੍ਹਾਂ ਨੇ ਕਿਹਾ ਹੈ ਕਿ ਮੇਰੇ ਕੋਲ ਕਾਰਖਾਨਾ ਹੈ ਜਾਂ ਕੋਈ ਫੈਕਟਰੀ ਹੈ । ਮੈਂ ਕਹਿੰਦਾ ਹਾਂ ਕਿ ਮੇਰੇ ਕੋਲ ਕੋਈ ਕਾਰਖਾਨਾ ਨਹੀਂ, ਕੋਈ ਫੈਕਟਰੀ ਨਹੀਂ । ਜੇ ਕੋਈ ਹੈ ਤਾਂ ਇਹ ਜ਼ਬਤ ਕਰ ਲੈਣ । ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਜਿਤਨੀ ਸਾਡੇ ਕੋਲ ਪ੍ਰਾਪਰਟੀ ਹੈ ਉਹ ਵੀ ਨੈਸ਼ਨੇ-ਲਾਈਜ਼ ਕਰ ਲਉ ਅਤੇ ਜਿਤਨੀ ਇਨ੍ਹਾਂ ਕੋਲ ਹੈ ਉਹ ਵੀ ਨੈਸ਼ਨੇਲਾਈਜ਼ ਕਰ ਲਉ । (ਆਪੋਜ਼ੀਸ਼ਨ ਪਾਰਟੀ ਵਲੋਂ 'ਸਤ ਸ੍ਰੀ ਅਕਾਲ' ਦੇ ਨਾਹਰੇ ਲਾਏ ਗਏ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਹਾ ਹੈ ਕਿ ਸਾਡੀ ਸਾਰੀ ਪ੍ਰਾਪਰਟੀ ਨੈਸ਼ਨੇਲਾਈਜ਼ ਕਰ ਦਿਉ । ਇਸ ਗੱਲ ਦੀ ਤਾਈਦ ਕਰਨ ਤੋਂ ਬਾਅਦ ਮੈਂ ਟਰੈਜ਼ਰੀ ਬੈਂਚਿਜ਼ ਤੇ ਬੈਠੇ ਮੈਂਬਰਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ 30 ਏਕੜ ਦੀ ਬਜਾਏ $27\frac{1}{2}$ ਏਕੜ ਦੀ ਹੱਦ ਵਾਲਾ ਬਿੱਲ ਲਿਆ ਕੇ ਕਿਹੜਾ ਸੋਸ਼ਲਿਜ਼ਮ ਲਿਆ ਰਹੇ ਹਨ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਕਰਕੇ ਇਨਟਰਵੀਨ ਕੀਤਾ ਹੈ ਕਿਉਂਕਿ ਹਾਊਸ ਸ਼ਾਂਤੀ ਨਾਲ ਚਲਣ ਦੀ ਬਜਾਏ ਕਾਫੀ ਗਰਮ ਹੋ ਗਿਆ ਹੈ । ਪਰ ਕਈ ਵਾਰੀ ਗਰਮੀ ਵਿੱਚ ਚੰਗੀਆਂ ਚੀਜ਼ਾਂ ਵੀ ਪਿੰਘਲ ਕੇ ਨਿਕਲ ਆਉਂਦੀਆਂ ਹਨ । ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਬੜੀ ਸ਼ਾਨਦਾਰ ਆਫਰ ਕੀਤੀ ਹੈ । ਮੈਂ ਆਪਣੀ ਪਾਰਟੀ ਵਲੋਂ ਇਸ ਚੈਲੇਂਜ ਅਤੇ ਆਫਰ ਨੂੰ ਐਕਸੈਪਟ ਕਰਦਾ ਹਾਂ । ਸਰਦਾਰ ਪ੍ਰਕਾਸ਼ ਸਿੰਘ ਵੀ ਜਾਣਦੇ ਹਨ ਕਿ ਨੈਸ਼ਨੇਲਾਈਜ਼ੇਸ਼ਨ ਕੇਵਲ ਐਮ. ਐਲ. ਏਜ਼ ਦੀ ਜਾਇਦਾਦ ਦੀ ਹੀ ਨਹੀਂ ਹੋ ਸਕਦੀ । ਇਸ ਲਈ ਇਸ ਤਰ੍ਹਾਂ ਦੀ ਆਫਰ ਕਰਨ ਵਿੱਚ ਕੋਈ ਫਰਕ ਨਹੀਂ ਪੈਣਾ ।

ਸਪੀਕਰ ਸਾਹਿਬ, ਇਹ ਗੱਲ ਬੜੀ ਅੱਛੀ ਹੈ ਔਰ ਇਹ ਹਾਊਸ ਦੇ ਰਿਕਾਰਡ ਤੇ ਆ ਜਾਵੇਗੀ ਕਿ ਆਪੋਜ਼ੀਸ਼ਨ ਦੇ ਲੀਡਰ ਨੇ ਅਤੇ ਲੀਡਰ ਆਫ ਦੀ ਹਾਊਸ ਨੇ ਇਹ ਕਿਹਾ ਹੈ ਕਿ ਕੋਈ ਦਿਨ ਆਵੇਗਾ ਜਦ ਕਿ ਸਾਰੀਆਂ ਚੀਜ਼ਾਂ ਨੈਸ਼ਨੇਲਾਈਜ਼ ਕਰ ਲਵਾਂਗੇ । ਸਰਦਾਰ ਜਸਵਿੰਦਰ ਸਿੰਘ ਬਰਾੜ ਨੇ ਬੜੀ ਹੀ ਸੋਹਣੀ ਗੱਲ ਕਹੀ ਹੈ, ਇਨ੍ਹਾਂ ਨੇ ਕਿਹਾ ਹੈ ਕਿ 30 ਸਟੈਂਡਰਡ ਏਕੜ ਤੋਂ 27 ਏਕੜ ਕਰਕੇ ਇਹ ਸੋਸ਼ਲਿਜ਼ਮ ਵਲ ਕੋਈ ਵੱਡਾ ਕਦਮ ਨਹੀਂ ਚੁਕਿਆ । ਸਪੀਕਰ ਸਾਹਿਬ, ਪਰਮਾਤਮਾ ਇਨ੍ਹਾਂ ਨੂੰ ਹੋਰ ਬਰਕਤ ਦੇਵੇ ਅਤੇ ਇਹ ਇਸ ਤੋਂ ਵੀ ਹੋਰ ਅੱਗੇ ਕਦਮ ਚੁੱਕਣ ।

ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਪਹਿਲਾਂ ਜਿਹੜੀ ਇਨ੍ਹਾਂ ਨੇ ਸੀਲਿੰਗ ਕੀਤੀ ਸੀ ਉਹ 30 ਸਟੈਂਡਰਡ ਏਕੜ ਦੀ ਸੀ ਪਰ ਹੁਣ ਇਹ ਆਰਡੀਨਰੀ ਏਕੜ ਹਨ । ਉਹ ਇਨਡੀਵਿਜੂਅਲ ਉਤੇ ਸੀ ਅਤੇ ਇਹ ਪਰਵਾਰ ਉਤੇ ਹੈ । ਹੁਣ ਸਾਢੇ ਸਤਾਰਾਂ ਏਕੜ ਤੇ 27 ਏਕੜ ਸਾਧਾਰਣ ਏਕੜ ਹਨ ਪਰ ਪਹਿਲਾਂ 30/30 ਸਟੈਂਡਰਡ ਏਕੜ ਇਕ ਇਕ ਇੰਡੀਵਿਜੂਅਲ ਵਾਸਤੇ ਸਨ । ਇਸ ਤਰ੍ਹਾਂ ਹਿਸਾਬ ਲਗਾ ਕੇ ਵੇਖੋ ਤਾਂ ਪਤਾ ਲਗੇਗਾ ਕਿ ਪਹਿਲੀ ਸੀਲਿੰਗ ਅਤੇ ਹੁਣ ਦੀ ਸੀਲਿੰਗ ਵਿੱਚ ਕਿਤਨਾ ਫਰਕ ਹੈ ।

ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) : ਸਪੀਕਰ ਸਾਹਿਬ, ਜੋ ਬਿੱਲ ਇਸ ਹਾਊਸ ਵਿੱਚ ਅਜ ਪੇਸ਼ ਹੋਇਆ ਹੈ ਇਹ ਬੜੀ ਸੋਚ ਵਿਚਾਰ ਤੋਂ ਬਾਅਦ ਪਹਿਲਾਂ ਵੀ ਪੇਸ਼ ਕੀਤਾ ਗਿਆ ਸੀ । ਇਹ ਸਰਕਾਰ ਇਹ ਨਾ ਸਮਝੇ ਕਿ ਸਾਡੀ ਪਾਰਟੀ ਸੀਲਿੰਗ ਦੇ ਖਿਲਾਫ ਹੈ । ਅਸੀਂ ਇਨ੍ਹਾਂ

ਦੇ ਇਸ ਬਿੱਲ ਨੂੰ ਪੇਸ਼ ਕਰਨ ਦੇ ਢੰਗ ਨੂੰ ਨਿੰਦਦੇ ਹਾਂ। ਅਕਾਲੀ ਪਾਰਟੀ ਸੀਲਿੰਗ ਦੇ ਹੱਕ ਵਿੱਚ ਹੈ । ਇਹ ਪਾਰਟੀ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਅਸੂਲ ਨੂੰ ਮੰਨਣ ਵਾਲੀ ਪਾਰਟੀ ਹੈ ।

ਸਪੀਕਰ ਸਾਹਿਬ, 26 ਸਤੰਬਰ, 1970 ਤੋਂ ਇਹ ਸੀਲਿੰਗ ਦਾ ਨਾਹਰਾ ਲਗਾ ਰਹੇ ਹਨ ਅਤੇ ਕਹਿ ਰਹੇ ਹਨ ਕਿ ਸੀਲਿੰਗ ਦਾ ਬਿੱਲ ਆਵੇਗਾ । ਮੈਂ ਇਨ੍ਹਾਂ ਵੀਰਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਸਮੇਂ ਇਨ੍ਹਾਂ ਪਾਸ ਮੈਜਾਰਿਟੀ ਸੀ ਤਾਂ ਇਨ੍ਹਾਂ ਨੇ ਇਸ ਨੂੰ ਪਾਸ ਕਿਉਂ ਨਹੀਂ ਕੀਤਾ ? ਇਹ ਲੇਟ ਕਿਉਂ ਕਰਦੇ ਆ ਰਹੇ ਹਨ ? ਇਸ ਦਾ ਇਕੋ ਇਕ ਕਾਰਨ ਹੈ ਜਿਹੜਾ ਕਿ ਮੈਂ ਸਮਝਦਾ ਹਾਂ ਅਤੇ ਉਹ ਇਹ ਹੈ ਕਿ ਇਸ ਪਾਰਟੀ ਵਿਚ ਵਡੇ ਵਡੇ ਜਾਗੀਰਦਾਰ ਹਨ, ਰਾਜੇ ਮਹਾਰਾਜੇ ਬਣੀ ਬੈਠੇ ਹਨ ਅਤੇ ਉਨ੍ਹਾਂ ਨੂੰ ਬਚਾਉਣ ਲਈ ਇਹ ਸਭ ਕੁਝ ਕੀਤਾ ਜਾ ਰਿਹਾ ਹੈ। ਇਥੋਂ ਤਕ ਕਿ ਇਸ ਪਾਰਟੀ ਦੇ ਵਜ਼ੀਰਾਂ ਨੇ ਵੀ ਟਰਾਂਸਫਰਾਂ ਵਿਚ ਹਿੱਸਾ ਲਿਆ ਹੈ । (ਥੰਪਿੰਗ) (ਸ਼ੋਰ) ਸਪੀਕਰ ਸਾਹਿਬ, ਹੁਣ ਇਹ ਸਮਾਜਿਕ ਨਿਆਂ ਦਾ ਨਾਹਰਾ ਲਗਾ ਰਹੇ ਹਨ ਪਰ ਉਸ ਵੇਲੇ ਇਨ੍ਹਾਂ ਦਾ ਇਹ ਸਮਾਜਕ ਨਿਆਂ ਕਿਥੇ ਚਲਾ ਗਿਆ ਸੀ ? ਫਿਰ ਇਨ੍ਹਾਂ ਨੇ ਬਾਲਗ ਲੜਕੇ ਲਈ ਜ਼ਮੀਨ ਦਾ ਹੱਕ ਦਿਤਾ ਹੈ ਪਰ ਜਿਥੋਂ ਤਕ ਲੜਕੀ ਦਾ ਸਵਾਲ ਆਉਂਦਾ ਹੈ ਉਹ ਲਫਜ਼ ਹੀ ਇਨ੍ਹਾਂ ਨੇ ਉੜਾ ਦਿਤਾ ਹੈ । 24 ਸਾਲਾਂ ਤੋਂ ਜੋ ਰੌਲਾ ਪਾਇਆ ਜਾ ਰਿਹਾ ਸੀ ਕਿ ਲੜਕੇ ਔਰ ਲੜਕੀ ਦੇ ਬਰਾਬਰ ਇਖਤਿਆਰ ਹਨ ਇਹ ਉਸ ਨੂੰ ਭੁਲ ਗਏ ਹਨ । ਇਹ 24 ਸਾਲ ਪਿਛੇ ਚਲੇ ਗਏ ਹਨ । ਇਸ ਤਰ੍ਹਾਂ ਹੀ ਬਾਗਾਂ ਦੀ ਛੋਟ ਦੀ ਗੱਲ ਰਖੀ ਗਈ ਹੈ। ਇਹ ਪ੍ਰਾਗ੍ਰੈਸਿਵ ਸਕੀਮ ਹੈ ਫਿਰ ਇਹ ਕੇਵਲ ਸੰਗਤਰਿਆਂ ਅਤੇ ਮਾਲਟਿਆਂ ਦੇ ਬਾਗਾਂ ਤੇ ਹੀ ਕਿਉਂ ਹੋਵੇਗੀ ਕੇਲਿਆਂ ਤੇ ਅਮਰੂਦਾਂ ਦੇ ਬਾਗਾਂ ਤੇ ਕਿਉਂ ਨਾ ਛੋਟ ਹੋਵੇ? ਇਸ ਦਾ ਇਹ ਮਤਲਬ ਹੈ ਕਿ ਇਹ ਸਰਕਾਰ ਅਮੀਰਾਂ ਨੂੰ ਪਾਲਦੀ ਹੈ । ਉਨ੍ਹਾਂ ਦਾ ਖੂਨ ਸੰਗਤਰਿਆਂ ਨਾਲ ਹੋਰ ਲਾਲ ਕਰਨਾ ਚਾਹੁੰਦੀ ਹੈ ।

ਸ੍ਰੀ ਸਪੀਕਰ : ਸਰਦਾਰ ਬਲਵਿੰਦਰ ਸਿੰਘ ਜੀ, ਮੇਰਾ ਖਿਆਲ ਹੈ ਕਿ ਪੰਜਾਬ ਵਿਚ ਤਾਂ ਇਕ ਮਰਲਾ ਵੀ ਕੇਲਿਆਂ ਦਾ ਬਾਗ ਨਹੀਂ ਹੈ । (S. Balwinder Singh, so far as Punjab is concerned, I think, there is no banana plantation covering even a single Marla of land).

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਗੱਲ ਨਹੀਂ ਹੈ । ਗੱਲ ਤਾਂ ਇਹ ਹੈ ਕਿ ਸਰਕਾਰ ਨੇ ਇਹ ਲਫਜ਼ ਕਿਉਂ ਨਹੀਂ ਰਖਿਆ । ਜੇਕਰ ਇਹ ਕੇਲਿਆਂ ਦਾ ਲਫਜ਼ ਰਖ ਲੈਂਦੇ ਤਾਂ ਕੀ ਹਰਜ਼ ਸੀ ।

ਸਰਦਾਰ ਅਜਾਇਬ ਸਿੰਘ ਸੰਧੂ : ਜੇਕਰ ਨਹੀਂ ਹੈ ਤਾਂ ਹੁਣ ਰਖ ਲੈਣ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਸ ਬਿਲ ਵਿਚ ਬਾਰਡਰ ਤੇ ਲੜ ਰਹੇ ਨੌਜਵਾਨਾਂ ਲਈ ਕੁਝ ਨਹੀਂ ਰਖਿਆ । ਉਨ੍ਹਾਂ ਲਈ ਵੀ ਛੋਟ ਹੋਣੀ ਚਾਹੀਦੀ ਹੈ । ਸਾਡੇ ਦੇਸ਼ ਦੀ ਖਾਤਰ ਬਾਰਡਰ ਤੇ ਲੜਦੇ ਹੋਏ ਜਿਹੜੇ ਨੌਜਵਾਨ ਸ਼ਹੀਦ ਹੋਏ ਹਨ ਉਨ੍ਹਾਂ ਨੂੰ ਜ਼ਰੂਰ ਛੋਟ ਦੇਣੀ ਚਾਹੀਦੀ ਹੈ । ਕੀ ਇਹ ਸਮਾਜਿਕ ਨਿਆਂ ਹੈ ਕਿ ਉਨ੍ਹਾਂ ਲਈ ਛੋਟ ਨਹੀਂ ਦਿਤੀ ਗਈ ਇਸ ਤਰ੍ਹਾਂ ਹੀ ਰਿਫਿਊਜੀਆਂ ਲਈ ਵੀ ਕੁਝ ਨਾ ਕੁਝ ਛੋਟ ਹੋਣੀ ਚਾਹੀਦੀ ਹੈ ।

ਇਸ ਤੋਂ ਬਾਅਦ ਮੈਂ ਜ਼ਿਮੀਂਦਾਰਾਂ ਦੇ ਟਿਊਬਵੈੱਲਜ਼ ਦੀ ਗੱਲ ਕਰਦਾ ਹਾਂ । ਪਹਿਲੇ ਬਿੱਲ ਵਿਚ ਜਿਹੜਾ ਪਰਸਨਲ ਟਿਊਬਵੈੱਲ ਸੀ ਉਸ ਨੂੰ ਮੁਕਤ ਕਰਨਾ ਸੀ ਪਰ ਹੁਣ ਇਹ ਇਸ ਨੂੰ ਵੀ ਵਿਚ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਲੈ ਆਏ ਹਨ। ਸਪੀਕਰ ਸਾਹਿਬ, ਕਈ ਵੀਰਾਂ ਦੀ ਜ਼ਮੀਨ ਤਾਂ ਬੇਰਾਨੀ ਸੀ ਪਰ ਉਨ੍ਹਾਂ ਨੇ ਪੈਦਾਵਾਰ ਵਧਾਉਣ ਲਈ ਹੀ ਆਪਣੇ ਟਿਊਬਵੈੱਲ ਲਗਾ ਲਏ ਹਨ। ਹੁਣ ਉਹ ਟਿਊਬਵੈੱਲ ਪਟ ਲੈਣਗੇ ਅਤੇ ਜ਼ਮੀਨ ਫਿਰ ਬਰਾਨ ਹੋ ਜਾਵੇਗੀ। ਇਸ ਲਈ ਮੇਰੀ ਬੇਨਤੀ ਹੈ ਕਿ ਅਜਿਹੇ ਟਿਊਬਵੈੱਲਜ਼ ਲਈ ਛੋਟ ਹੋਣੀ ਚਾਹੀਦੀ ਹੈ।

ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਤੋਂ ਇਲਾਵਾ ਮੈਂ ਇਕ ਗੱਲ ਤੁਹਾਡੇ ਰਾਹੀਂ ਇਨ੍ਹਾਂ ਨੂੰ ਹੋਰ ਕਹਿਣਾ ਚਾਹੁੰਦਾ ਹਾਂ। ਇਹ ਸਮਾਜਿਕ ਨਿਆਂ ਦੀ ਗੱਲ ਕਰਦੇ ਹਨ ਪਰ ਇਸ ਬਿੱਲ ਨੂੰ ਤਿੰਨ ਵਾਰ ਲਿਆਇਆ ਜਾ ਚੁੱਕਾ ਹੈ। ਹਿੰਦੁਸਤਾਨ ਦੇ ਸਰਮਾਏਦਾਰ ਜਿਹੜੇ ਹਨ, ਬਿਜ਼ਨਸਮੈਨ ਜਿਹੜੇ ਹਨ, ਜਿਨ੍ਹਾਂ ਦੇ ਸਿਨਮੇ ਹਨ, ਕੋਲਡ ਸਟੋਰੇਜ਼ ਹਨ ਅਤੇ ਟਰਾਂਸਪੋਰਟ ਦੇ ਮਾਲਿਕ ਹਨ, ਉਨ੍ਹਾਂ ਤੇ ਕੋਈ ਸੀਲਿੰਗ ਨਹੀਂ ਹੈ। ਮੈਂ ਇਹ ਗੱਲ ਬੜੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਕਾਂਗਰਸ ਪਾਰਟੀ ਵਾਲੇ ਅਜ 30 ਕਰੋੜ ਰੁਪਏ ਨਾਲ ਫੈਕਟਰੀ ਲਗਾ ਰਹੇ ਹਨ। ਕੀ ਉਨ੍ਹਾਂ ਦੇ ਵਾਸਤੇ ਇਸ ਤਰ੍ਹਾਂ ਦੀ ਕੋਈ ਸੀਲਿੰਗ ਨਹੀਂ ਚਾਹੀਦੀ ? ਜੇਕਰ ਚਾਹੀਦੀ ਹੈ ਤਾਂ ਇਹ ਸਰਕਾਰ ਵਾਇਦਾ ਕਰੇ ਕਿ ਇਨ੍ਹਾਂ ਨੂੰ ਨੈਸ਼ਨੇਲਾਈਜ਼ ਕਰਨ ਵਾਸਤੇ ਕੁਝ ਕਰੇਗੀ। ਸਪੀਕਰ ਸਾਹਿਬ, ਜੇਕਰ ਇਹ ਸੋਸ਼ਲਿਜ਼ਮ ਦੇ ਹਾਮੀ ਹਨ ਤਾਂ ਅਸੀਂ 25 ਮੈਂਬਰ ਬੈਠੇ ਹਾਂ। ਸਾਡੇ ਸਾਰਿਆਂ ਵਿਚੋਂ ਬਾਦਲ ਸਾਹਿਬ ਦਾ ਨਾਮ ਤਾਂ ਜ਼ਰੂਰ ਲਿਆ ਜਾਂਦਾ ਹੈ ਕਿ ਇਹ ਵਡੇ ਜ਼ਿਮੀਂਦਾਰ ਹਨ। ਪਰ ਇਹ ਵੀ ਐਡੇ ਵੱਡੇ ਜ਼ਿਮੀਂਦਾਰ ਨਹੀਂ ਹਨ ਜਿਤਨੇ ਕਿ ਇਹ ਲੋਕ ਸਮਝਦੇ ਹਨ। ਅਸੀਂ ਪੰਝੀਆਂ ਦੇ ਪੰਝੀ ਹੀ ਆਪਣੀ ਸਾਰੀ ਮਲਕੀਅਤ ਆਫਰ ਕਰਨ ਨੂੰ ਤਿਆਰ ਹਾਂ। ਇਹ ਆਪਣੀਆਂ ਮਲਕੀਅਤਾਂ ਸਾਨੂੰ ਦੇ ਦੇਣ ਤਾਂਕਿ ਪਤਾ ਲਗੇ ਕਿ ਇਥੇ ਅਮੀਰ ਕੌਣ ਹੈ ਅਤੇ ਗਰੀਬ ਕੌਣ ਹੈ। ਇਥੇ ਇਨ੍ਹਾਂ ਦੀ ਪਾਰਟੀ ਵਿਚ 35—40 ਅਮੀਰ ਬੈਠੇ ਹਨ ਜਿਨ੍ਹਾਂ ਨੂੰ ਬਚਾਉਣ ਵਾਸਤੇ ਇਹ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦਾ ਯਤਨ ਕਰ ਰਹੇ ਹਨ। ਇਸ ਬਿੱਲ ਦਾ, ਸਪੀਕਰ ਸਾਹਿਬ, ਕੋਈ ਖਾਸ ਮਕਸਦ ਨਹੀਂ ਹੈ। ਇਸ ਕਰਕੇ ਇਹ ਬਿੱਲ ਜਾਇਜ਼ ਨਹੀਂ ਹੈ। ਠੀਕ ਨਹੀਂ ਹੈ। ਧੰਨਵਾਦ।

ਕਾਮਰੇਡ ਜੰਗੀਰ ਸਿੰਘ ਜੋਗਾ : (ਮਾਨਸਾ) ਸਪੀਕਰ ਸਾਹਿਬ, ਇਸ ਬਿਲ ਵਿੱਚ ਕੁਝ ਨੁਕਸ ਹਨ ਅਤੇ ਮੈਂ ਸਮਝਦਾ ਹਾਂ ਕਿ ਇਹ ਸਰਕਾਰ ਇਨ੍ਹਾਂ ਨੂੰ ਦੂਰ ਕਰਨ ਦਾ ਯਤਨ ਕਰੇਗੀ। ਮੈਨੂੰ ਗਿਆਨੀ ਜੀ ਦੀ ਸਰਕਾਰ ਤੇ ਕੁਝ ਆਸ ਹੈ ਅਤੇ ਉਹ ਇਸ ਲਈ ਹੈ ਕਿ ਪੈਪਸੂ ਟੈਨੈਂਸੀ ਐਕਟ ਜਦੋਂ ਆਇਆ ਸੀ ਤਾਂ ਛੇ ਲੱਖ ਏਕੜ ਜ਼ਮੀਨ ਕਿਸਾਨਾਂ ਨੂੰ ਵੰਡੀ ਗਈ ਸੀ। ਪਰ ਫਿਰ ਪੈਪਸੂ ਤੇ ਪੰਜਾਬ ਮਰਜ ਹੋ ਗਏ ਤਾਂ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਉਸ ਐਕਟ ਦਾ ਇਸ ਤਰ੍ਹਾਂ ਹੁਲੀਆ ਬਦਲਿਆ ਕਿ ਸਾਰੀ ਜ਼ਮੀਨ ਜਿਹੜੀ ਕਿ ਵਾਧੂ ਨਿਕਲਣੀ ਸੀ ਉਹ ਬਚਾ ਲਈ। ਅੱਜ ਵੀ ਇਕ ਲੱਖ ਏਕੜ ਜ਼ਮੀਨ ਪਈ ਹੈ। ਮੈਨੂੰ ਸਰਦਾਰ ਉਮਰਾਓ ਸਿੰਘ ਜੀ ਤੇ ਤਾਂ ਇਤਬਾਰ ਨਹੀਂ ਹੈ। ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਅਗਰ ਤੁਸੀਂ ਇਹ ਲਾਗੂ ਕਰਨੀ ਹੈ ਤਾਂ ਮਸ਼ੀਨਰੀ ਨੂੰ ਵੀ ਤੁਹਾਨੂੰ ਤਿਆਰ ਕਰਨਾ ਪਵੇਗਾ। ਪੈਪਸੂ ਵਿੱਚੋਂ ਜਿਥੇ ਛੇ ਲੱਖ ਏਕੜ ਜ਼ਮੀਨ ਨਿਕਲੀ ਸੀ ਤਾਂ ਪੰਜਾਬ ਵਿੱਚੋਂ ਵੀ ਪੰਜ ਲੱਖ ਏਕੜ ਨਿਕਲ ਸਕਦੀ ਸੀ ਪਰ ਇਸ ਪੈਪਸੂ ਐਕਟ ਨੂੰ ਇਸ ਤਰ੍ਹਾਂ ਬਦਲਿਆ ਗਿਆ ਕਿ ਕੁਝ ਵੀ ਹੱਥ ਨਾ ਆਇਆ। ਹੁਣ ਜਿਹੜੀ ਜ਼ਮੀਨ ਇਕ ਲੱਖ 24 ਹਜ਼ਾਰ ਏਕੜ ਇਨ੍ਹਾਂ ਦੋਹਾਂ ਐਕਟਾਂ ਥਲੇ ਨਿਕਲਦੀ ਹੈ ਉਸ ਵਾਸਤੇ ਵੀ ਮਸ਼ੀਨਰੀ ਸੈਟ—ਅਪ ਕਰਨੀ ਚਾਹੀਦੀ ਹੈ।

ਸਪੀਕਰ ਸਾਹਿਬ, ਸਰਦਾਰ ਹਰਚੰਦ ਸਿੰਘ ਜੀ ਨੇ ਦਾਅਵਾ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਇਹ ਚੋਰ ਬੈਠੇ ਹਨ ਜਿਨ੍ਹਾਂ ਨੇ 450 ਏਕੜ ਜ਼ਮੀਨ ਤੇ ਕਬਜ਼ਾ ਕੀਤਾ ਹੋਇਆ ਹੈ। ਉਹ ਜ਼ਮੀਨ

ਕੋਆਪਰੇਟਿਵ ਸੁਸਾਇਟੀ ਦੀ ਸੀ ਪਰ ਇਨ੍ਹਾਂ ਨੇ ਮੁਜ਼ਾਰਿਆਂ ਨੂੰ ਉਜਾੜਿਆਂ ਅਤੇ ਆਪ ਕਬਜ਼ਾ ਕਰ ਲਿਆ ।

(ਸ਼ੋਰ ਅਤੇ ਚੋਰ, ਚੋਰ ਦੀਆਂ ਆਵਾਜ਼ਾਂ) (ਵਿਘਨ)

ਦੂਸਰੀ ਜਿਹੜੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਕਾਂਗਰਸ ਵਿੱਚ ਵੀ ਅਤੇ ਦੂਸਰੀਆਂ ਪਾਰਟੀਆਂ ਦੇ ਵਿੱਚ ਵੀ ਬੜੇ ਬੜੇ ਜਗੀਰਦਾਰ ਹਨ । ਮੇਰੇ ਕੋਲ ਤਾਂ ਸਿਰਫ ਬਾਪ–ਦਾਦਾ ਦੀ ਜਾਇਦਾਦ ਦੇ ਸਿਰਫ 3 ਏਕੜ ਹਨ ਅਤੇ ਅੱਜ ਤਾਈਂ ਮੈਂ ਉਹ 3 ਤੋਂ ਚਾਰ ਏਕੜ ਨਹੀਂ ਕਰ ਸਕਿਆ। ਮੈਂ ਉਨ੍ਹਾਂ ਭੱਦਰ ਪੁਰਸ਼ਾਂ ਨੂੰ ਪੁਛਦਾ ਹਾਂ ਜਿਨ੍ਹਾਂ ਨੇ ਕਈ ਕਈ ਗੁਣਾਂ ਜ਼ਮੀਨਾਂ ਤੇ ਜਾਇਦਾਦਾਂ ਵਧਾ ਲਈਆਂ ਹਨ । ਫੇਰ ਜਦੋਂ ਬਾਗਾਂ ਦੀ ਛੋਟ ਦਿੱਤੀ ਗਈ ਤਾਂ ਲੋਕਾਂ ਨੇ ਕਿਤੇ ਬੂਟੇ ਲਾਕੇ ਉਸ ਨੂੰ ਬਾਗ ਕਰਾਰ ਦਵਾ ਕੇ ਇਤਨੀ ਵੱਡੀ ਛੋਟ ਲਈ । ਮੈਂ ਕਹਿੰਦਾ ਹਾਂ ਭਾਵੇਂ ਉਸ ਵਿੱਚ ਬੂਟੇ ਦੀ ਹੋਣ ਪਰ ਜੇ ਉਹ ਉਥੇ ਕਪਾਹ ਬੀਜਦਾ ਹੈ, ਕਣਕ ਦੀ ਪੈਦਾਵਾਰ ਕਰਦਾ ਹੈ, ਹੋਰ ਉਪਜ ਹਾਸਲ ਕਰਦਾ ਹੈ, ਉਸ ਨੂੰ ਕੋਈ ਬਾਗ ਦੀ ਛੋਟ ਨਹੀਂ ਹੋਣੀ ਚਾਹੀਦੀ । ਮੈਂ ਇਹੋ ਦਰਖਾਸਤ ਕਰਨੀ ਹੈ ਕਿ ਮੇਰੀਆਂ ਇਨ੍ਹਾਂ ਗਲਾਂ ਵਲ ਧਿਆਨ ਦਿੱਤਾ ਜਾਵੇ ਅਤੇ ਇਸ ਤਰ੍ਹਾਂ ਦੀ ਮਸ਼ੀਨਰੀ ਸੈੱਟ ਕੀਤੀ ਜਾਵੇ ਜੋ ਜ਼ਿਮੇਵਾਰੀ ਦੇ ਨਾਲ ਕੰਮ ਕਰੇ । ਐਸਾ ਨਾ ਹੋਵੇ ਕਿ ਮੁਆਮਲੇ ਉਲਝਦੇ ਜਾਣ ਅਤੇ ਫੈਸਲਾ ਕੋਈ ਨਾ ਹੋਵੇ ਜਿਸ ਤਰ੍ਹਾਂ ਕਿ 15–16 ਸਾਲ ਦੇ ਹੁਣ ਤਕ ਹਾਈਕੋਰਟ ਵਿੱਚ ਮੁਜ਼ਾਰਿਆਂ ਦੇ ਜ਼ਮੀਨਾਂ ਮੁਤੱਲਿਕ ਜਗੀਰਦਾਰਾਂ ਨਾਲ ਝਗੜੇ ਚਲ ਰਹੇ ਹਨ ।

PERSONAL EXPLANATION BY SARDAR HARCHAND SINGH

ਸਰਦਾਰ ਹਰਚੰਦ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਏਥੇ ਜੋਗਾ ਜੀ ਨੇ ਮੇਰਾ ਨਾਉਂ ਲੈ ਕੇ ਫੁਰਮਾਇਆ ਹੈ ਕਿ ਇਸ ਤਰ੍ਹਾਂ ਮੈਂ ਜ਼ਮੀਨ ਬਣਾਈ, ਮੁਜ਼ਾਰਿਆਂ ਨੂੰ ਉਜਾੜਿਆ ਗਿਆ ਤੇ ਉਸ ਤੇ ਜ਼ਬਰਦਸਤੀ ਕਬਜ਼ਾ ਕੀਤਾ । ਮੈਂ ਬੇਨਤੀ ਕਰਾਂਗਾ ਕਿ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ ਜੋ ਇਸ ਚੀਜ਼ ਦੀ ਪੜਤਾਲ ਕਰੇ ਕਿ ਮੈਂ ਕੋਈ ਮੁਜ਼ਾਰਾ ਉਜਾੜ ਕੇ ਜ਼ਬਰਦਸਤੀ ਕਬਜ਼ਾ ਕੀਤਾ ਹੈ ਜਾਂ ਨਹੀਂ । ਨਹੀਂ ਤਾਂ ਇਹ [* * *] ਦੀ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਅੱਗੇ ਨੂੰ ਐਸੇ ਸ਼ਬਦ ਕਹਿਣ ਦੀ ਕੋਈ ਜੁਰਤ ਨਾ ਕਰੇ ।

ਸ੍ਰੀ ਸਪੀਕਰ : ਇਹ ਲਫਜ਼ ਅਨਪਾਰਲੀਮੈਂਟਰੀ ਹਨ, ਇਹ ਪ੍ਰੋਸੀਡਿੰਗ ਦਾ ਭਾਗ ਨਾ ਬਣਨ। (These words are unparliamentary; these should not form part of the proceedings).

ਕਾਮਰੇਡ ਸੱਤ ਪਾਲ ਡਾਂਗ : ਚੌਧਰੀ ਦਰਸ਼ਨ ਸਿੰਘ ਨੇ ਇਹ ਤਾਂ ਸਰਟੀਫਿਕੇਟ ਦੇ ਦਿੱਤਾ ਕਿ 6–6 ਹਜ਼ਾਰ ਦੀਆਂ ਮੁੰਦਰੀਆਂ ਲਈ ਬੈਠੇ ਹਨ; ਫੇਰ ਜੋਗਾ ਜੀ ਨਾਲ ਕਿਸ ਲਈ ਝਗੜਾ ਕਰਦੇ ਹੋ ?

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਜੋਗਾ ਸਾਹਿਬ ਨੇ ਵੀ ਚੋਰ ਦੇ ਸ਼ਬਦ ਵਰਤੇ ਹਨ । ਇਨ੍ਹਾਂ ਨੂੰ ਵੀ ਕਹੋ ਕਿ ਆਪਣੇ ਸ਼ਬਦ ਵਾਪਸ ਲੈਣ ।

(ਇਸ ਵੇਲੇ ਚੌਧਰੀ ਜਗਤ ਰਾਮ ਨੂੰ ਬੋਲਣ ਲਈ ਕਿਹਾ ਗਿਆ)

---

*Expunged as ordered by the Chair.

THE PUNJAB LAND REFORMS BILL (BILL No. 31-PLA OF 1972), 1972

(Resnmption of Discussion)

ਚੌਧਰੀ ਜਗਤ ਰਾਮ (ਬੰਗਾ ਐਸ. ਸੀ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ । ਇਸ ਤੋਂ ਬਾਅਦ ਮੈਂ ਗਿਆਨੀ ਜੀ ਨੂੰ ਵੀ ਮੁਬਾਰਕ ਬਾਦ ਦਿੰਦਾ ਹਾਂ ਜਿਨ੍ਹਾਂ ਨੇ ਲੋਕਾਂ ਦੇ ਰੁਕਾਵਟ ਪਾਉਣ ਦੇ ਬਾਵਜੂਦ ਵੀ ਬੜੀ ਦਲੇਰੀ ਨਾਲ ਇਹ ਬਿਲ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਫਲ ਹੋਏ ਹਨ । ਅੱਜ ਉਨ੍ਹਾਂ ਨੇ 6–6 ਹਜ਼ਾਰ ਦੀਆਂ ਮੁੰਦਰੀਆਂ ਵਾਲਿਆਂ ਦੀ ਵੀ ਕੋਈ ਪੇਸ਼ ਨਹੀਂ ਜਾਣ ਦਿੱਤੀ । ਮੈਨੂੰ ਪਤਾ ਹੈ ਉਨ੍ਹਾਂ ਦੇ ਕਿਵੇਂ ਤਰਲਾ ਮਿੰਨਤਾ ਕੀਤੀਆਂ ਗਈਆਂ ਕਿ ਇਹ ਬਿਲ ਨਾ ਆਵੇ । ਉਨ੍ਹਾਂ ਵਲੋਂ ਜਿਹੜੇ ਅਜ ਆਪ ਨੂੰ ਜ਼ਿਮੀਦਾਰਾਂ ਦੇ ਹਮਦਰਦ ਕਹਿੰਦੇ ਹਨ, ਉਨ੍ਹਾਂ ਨੇ ਹੀ ਜ਼ਿਮੀਦਾਰਾਂ ਦੇ ਹਿਤ ਲਈ ਆਉਣ ਵਾਲੇ ਬਿਲ ਵਿਚ, ਗਰੀਬ ਲੋਕਾਂ ਦੇ ਹਿਤ ਲਈ ਕੰਮ ਕਰਣ ਵਾਲੇ ਬਿਲ ਵਿੱਚ ਬਹੁਤ ਅੜਚਣ ਲਾਈ । ਇਹ ਗਰੀਬ ਹਰੀਜਨਾਂ ਦੇ ਭਲੇ ਦਾ ਭੇਖ ਵਿਖਾਉਣ ਵਾਲੇ ਕਾਮਯਾਬ ਨਾ ਹੋਏ । ਇਹ ਜਿਵੇਂ ਗੁਰੂ ਸਾਹਿਬ ਨੇ ਕਿਹਾ ਸੀ 'ਭੇਖ ਵਿਖਾਇਓ ਜਗਤ ਕੋ ਲੋਗਨ ਕੋ ਬਸ ਕੀਨ ।' ਇਨ੍ਹਾਂ ਨੇ ਭੇਖ ਵਟਾਏ ਹੋਏ ਹਨ । ਅਤੇ ਲੋਕਾਂ ਤੇ ਆਪਣਾ ਹੱਥ ਰਖਣ ਲਈ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ । ਦਰਅਸਲ ਇਹ ਜਿਤਨੇ ਵੀ ਹਨ, ਅਸਲ ਵਿੱਚ ਕੁਰਪਸ਼ਨ ਦੇ ਠੇਕੇਦਾਰ ਹਨ ਅਤੇ ਹਰ ਗਲ ਵਿੱਚ ਭੇਦ ਰਖਦੇ ਹਨ (ਵਿਘਨ–ਸ਼ੋਰ) ਸਪੀਕਰ ਸਾਹਿਬ ਜਦੋਂ ਇਹ ਰੌਲਾ ਪਾਉਂਦੇ ਹਨ ਤਾਂ ਸਮਝੋ ਕਿ ਜਗਤ ਰਾਮ ਕੋਈ ਸੱਚ ਦੀ ਗਲ ਕਹਿ ਰਿਹਾ ਹੈ । (ਇਕ ਮਾਨਯੋਗ ਮੈਂਬਰ : ਤੁਸੀਂ ਐਵੇਂ ਗਿਆਨੀ ਜੀ ਨੂੰ ਕਿਉਂ ਨਰਕ ਵਿਚ ਪਾਉਂਦੇ ਹੋ ।) ਮੈਨੂੰ ਇਨ੍ਹਾਂ ਦੀਆਂ ਉਹ ਸਾਰੀਆਂ ਗਲਾਂ ਯਾਦ ਆਉਂਦੀਆਂ ਹਨ ਜਦੋਂ ਸ਼ਰਾਬ ਦੇ ਮੁਤਾਲਿਕ ਇਸ ਸਟੇਟ ਦੀ ਪਾਲਿਸੀ ਤੇ ਬਹਿਸ ਕਰ ਰਹੇ ਸਨ, ਕਿਤਨੀਆਂ ਗਲਾਂ ਕਰਦੇ ਸਨ । ਜਿਵੇਂ ਚੀਫ ਮਨਿਸਟਰ ਸਾਹਿਬ ਨਾ ਦਾਰੂ ਪੀਣ ਨਾ ਮਾਸ ਖਾਣ । ਇਸੇ ਤਰ੍ਹਾਂ ਮੈਨੂੰ ਯਾਦ ਹੈ ਇਕ ਵਾਰ ਮੇਰੀ ਮੁਲਾਕਾਤ ਕੁਝ ਗੋਰੇ ਅਗਰੇਜ਼ਾਂ ਨਾਲ ਹੋਈ । ਉਨ੍ਹਾਂ ਨੇ ਮੈਨੂੰ ਪੰਜਾਬੀ ਬੋਲੀ ਦੇ ਵਿਚ ਪੁਛਿਆ ਕਿ ਕੀ ਤੁਸੀਂ ਸ਼ਰਾਬ ਪੀਂਦੇ ਹੋ, ਮੈਂ ਕਿਹਾ ਨਹੀਂ ਜੀ। ਫੇਰ ਉਹ ਕਹਿੰਦੇ ਕਿ ਤੁਸੀਂ ਮੀਟ ਖਾਂਦੇ ਹੋ ਮੈਂ ਕਿਹਾ ਨਹੀਂ । ਉਨ੍ਹਾਂ ਨੇ ਫਿਰ ਕਿਹਾ ਕਿ ਤੁਸੀਂ ਕਿਸ ਚੀਜ਼ ਦਾ ਮੀਟ ਨਹੀਂ ਖਾਂਦੇ । ਮੈਂ ਕਿਹਾ ਕਿ ਮੈਂ ਤਾਂ ਕਿਸੇ ਜਾਨਵਰ ਦਾ ਮੀਟ ਨਹੀਂ ਖਾਂਦਾ । ਉਹ ਕਹਿੰਦ ਇਹ ਠੀਕ ਹੈ ਕਿ ਤੁਹਾਡਾ ਦੇਸ਼ ਗੁਰੂਆਂ ਨੂੰ, ਅਵਤਾਰਾਂ ਨੂੰ ਮੰਨਣ ਵਾਲਾ ਹੈ, ਠੀਕ ਹੈ ਉਹ ਗਦੀ ਮੰਦੀ ਚੀਜ਼ ਨਹੀਂ ਖਾਂਦੇ ਪਰ ਜਿਵੇਂ ਛੋਟੀ ਮੱਛੀ ਨੂੰ ਵੱਡੇ ਮੱਛ ਖਾ ਜਾਂਦੇ ਹਨ ਇਸ ਤਰ੍ਹਾਂ ਇਨ੍ਹਾਂ ਦੇ ਪਿੰਡਾਂ ਵਿੱਚ ਰਹਿਣ ਵਾਲੇ ਸਰਦਾਰ ਗਰੀਬ ਕਿਸਾਨ ਅਤੇ ਮਜ਼ਦੂਰਾਂ ਤੇ ਗ਼ਰੀਬ ਹਰੀਜਨਾਂ ਦਾ ਮਾਸ ਖਾਈ ਜਾਂਦੇ ਹਨ । ਇਹ ਆਦਮੀ ਦਾ ਖ਼ੂਨ ਪੀਂਦੇ ਹਨ ਅਤੇ ਗਰੀਬਾਂ ਦਾ ਮਾਂਸ, ਪਿੰਜਰ ਖਾਂਦੇ ਹਨ । ਹੁਣ ਇਹ ਸ਼ਹਿਰੀਆਂ ਅਤੇ ਦਿਹਾਤੀਆਂ ਦਾ ਨਾਉਂ ਲੈ ਕੇ ਉਨ੍ਹਾਂ ਨੂੰ ਫਾੜਨ ਉੱਤੇ ਤੁਲੇ ਹੋਏ ਹਨ । ਇਹ ਆਪਣੀ ਛਾਤੀ ਤੇ ਹੱਥ ਰਖ ਕੇ ਕਹਿਣ ਕਿ ਆਖਿਰ ਇਹ ਪਿੰਡਾਂ ਵਿੱਚ ਗਰੀਬ ਹਰੀਜਨਾਂ ਨਾਲ ਕਿਸ ਤਰ੍ਹਾਂ ਦਾ ਸਕੂਲ ਕਰ ਰਹੇ ਹਨ । ਗੁਰੂ ਸਾਹਿਬ ਨੇ ਤਾਂ ਇਹ ਕਿਹਾ ਸੀ ਕਿ "ਅਵਲ ਅਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ ।" ਇਨ੍ਹਾਂ ਨੂੰ ਪੁਛੋ ਤਾਂ ਸਹੀ ਕਿ ਕਿਸ ਤਰੀਕਾ ਦਾ ਸਲੂਕ ਉਹ ਹਰੀਜਨਾਂ ਨਾਲ ਅੱਜ ਤਕ ਕਰਦੇ ਆਏ ਹਨ (ਸ਼ੋਰ)(ਆਵਾਜ਼ਾਂ : ਦਸੋ ਕੌਣ ਹੈ ?) ਮੈਂ ਨਾਉਂ ਲੈ ਕੇ ਦਸ ਸਕਦਾ ਹਾਂ, ਉਹ ਬੰਦੇ ਏਧਰ ਵੀ ਤੇ ਉਧਰ ਵੀ ਬੈਠੇ ਹਨ ।(ਵਿਘਨ) ਤੁਸੀਂ ਮੇਰੀ ਗਲ ਨਹੀਂ ਸੁਣੀ। ਮੈਂ ਕਿਹਾ ਤੁਹਾਡੇ ਵਿੱਚੋਂ ਇਹ ਭੇਦ ਭਾਵ ਨਿਕਲਿਆਂ ਨਹੀਂ ਕਿ ਉਹ ਜੱਟ ਅਤੇ ਉਹ ਹਰੀਜਨ ਹੈ । ਪਰ ਉਨ੍ਹਾਂ ਨੂੰ ਪਤਾ ਨਹੀਂ ਜਦੋਂ ਸੋਸ਼ਲਿਜ਼ਮ ਦਾ ਡੰਡਾ ਪੈਣਾ ਹੈ ਤਾਂ ਤੁਸੀਂ ਨਹੀਂ ਬਚਣਾ । ਅਜੇ ਤਾਂ ਇਕੋ ਹੀ ਨਾਹਰਾ ਗਰੀਬੀ ਹਟਾਓ ਦਾ ਲਾਇਆ ਸੀ ਕਿ ਲੁੜਕ ਗਏ । ਮੈਂ ਅਰਜ਼ ਕਰਾਂ ਇਥੇ ਤਾਂ ਗਰੀਬੀ ਦੂਰ ਕਰਨ ਦਾ ਸਵਾਲ ਹੈ ਕਾਲੇ ਗੋਰੇ ਦੀ ਪਰਖ ਨਹੀਂ ਹੋਣੀ ।

ਫਿਰ, ਸਪੀਕਰ ਸਾਹਿਬ, ਮੈਂ ਮੁਬਾਰਕਬਾਦ ਦੇਣੀ ਹੈ ਜਲੰਧਰ ਦੇ ਸਰਦਾਰ ਉਮਰਾਓ ਸਿੰਘ ਨੂੰ, ਜਿਨ੍ਹਾਂ ਆਪਣਾ ਹੌਂਸਲਾ ਬੁਲੰਦ ਰਖਿਆ ਇਸ ਬਿੱਲ ਨੂੰ ਪੇਸ਼ ਕਰਨ ਵਿੱਚ । ਉਨ੍ਹਾਂ ਦੇ ਦਰਵਾਜ਼ਾ ਤੇ ਸਾਰੇ ਗਿੜਗਿੜਾਏ ਅਤੇ ਮੰਨਤਾਂ ਮਨਾਈਆਂ ਪਰ ਇਹ ਮਾਝਿਆਂ ਨੂੰ 'ਸਭ ਅਛਾ ਹੈ' ਦੀ ਕਲੀਨ ਚਿਟ ਦੇਂਦੇ ਰਹੇ । ਇਹ ਉਨ੍ਹਾਂ ਦੇ ਕਾਬੂ ਨਹੀਂ ਆਏ ਭਾਵੇਂ ਉਨ੍ਹਾਂ ਨੇ ਨੱਕ ਵੀ ਰਗੜੇ ਪਰ ਉਨ੍ਹਾਂ ਨੇ ਬਿਲ ਲੈ ਹੀ ਆਂਦਾ । ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਗਰੀਬਾਂ ਦਾ ਬਹੁਤ ਹੀ ਜ਼ਿਆਦਾ ਖਿਆਲ ਰਖਿਆ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਸਾਨੂੰ ਵੀ ਬੜੀ ਖੁਸ਼ੀ ਹੈ ਕਿ ਚੌਧਰੀ ਸਾਹਿਬ, ਜਿਹੜੇ ਕਿ ਲੈਂਡ ਲੈਸ ਅਤੇ ਲੇਡੀ ਲੈਸ ਹਨ, ਉਨ੍ਹਾਂ ਨੇ ਬੜਾ ਅਛਾ ਭਾਸ਼ਨ ਦਿੱਤਾ ਹੈ । (ਹਾਸਾ)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਬੜੀ ਖੁਸ਼ੀ ਹੈ ਕਿ ਇਸ ਬਿਲ ਦੀ ਬਹੁਤ ਸਾਰੇ ਮੈਂਬਰਾਂ ਨੇ ਸਰਾਹਨਾ ਕੀਤੀ ਹੈ ਔਰ ਇਸ ਦੀ ਸਪੋਰਟ ਕੀਤੀ ਹੈ । ਬਾਦਲ ਸਾਹਿਬ ਨੇ ਇਹ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਭ ਕੁਝ ਨੈਸ਼ਨੇਲਾਈਜ਼ ਕਰ ਲਓ । ਮੈਨੂੰ ਖੁਸ਼ੀ ਹੁੰਦੀ ਹੈ ਜੇ ਉਹ ਇਹ ਵੀ ਕਹਿੰਦੇ ਕਿ ਇਹ ਬਿਲ ਵੀ ਪਾਸ ਕਰ ਦਿਓ । ਪਰ ਉਨ੍ਹਾਂ ਨੇ ਇਹ ਨਹੀਂ ਕਿਹਾ । ਹੁਣ ਉਹ ਆਪ ਤਾਂ ਉਠ ਕੇ ਬਾਹਰ ਚਲੇ ਗਏ ਹਨ ਪਰ ਮੈਂ ਉਨ੍ਹਾਂ ਦੀਆਂ ਕਹੀਆਂ ਹੋਈਆਂ ਕੁਝ ਗਲਾਂ ਦਾ ਜਵਾਬ ਦਿੰਦਾ ਹਾਂ । ਪਹਿਲੀ ਗਲ ਤਾਂ ਉਨ੍ਹਾਂ ਨੇ ਇਹ ਕਹੀ ਹੈ ਕਿ ਇਹ ਇਕ ਪੁਲੀਟੀਕਲ ਸਟੰਟ ਹੈ। ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਆਲ ਇੰਡੀਆ ਲੈਵਲ ਤੇ ਲੈਂਡ ਰਿਫਾਰਮ ਵਾਸਤੇ ਚੀਫ ਮਨਿਸਟਰਜ਼ ਦੀ ਜੋ ਕਾਨਫਰੰਸ ਹੋਈ ਸੀ ਉਸ ਵਿੱਚ ਪਹਿਲੀ ਵਾਰ ਬਾਜੀ ਸਾਹਿਬ ਗਏ ਸੀ । ਅਤੇ ਦੂਜੀ ਮੀਟਿੰਗ ਵਿੱਚ ਬਾਦਲ ਸਾਹਿਬ ਬਤੌਰ ਚੀਫ਼ ਮਨਿਸਟਰ ਆਪ ਗਏ ਸੀ । ਉਹ ਮੀਟਿੰਗਾਂ ਜਿਨ੍ਹਾਂ ਤਰੀਕਾਂ ਤੇ ਹੋਈਆਂ ਉਹ ਮੈਂ ਆਪ ਨੂੰ ਦਸ ਦਿੰਦਾ ਹਾਂ । ਪਹਿਲੀ ਮੀਟਿੰਗ 26 ਸਤੰਬਰ, 1970 ਨੂੰ ਹੋਈ ਜਿਸ ਵਿੱਚ ਕਿ ਬਾਜੀ ਸਾਹਿਬ ਸ਼ਾਮਲ ਹੋਏ। ਕਿਉਂਕਿ ਬਾਦਲ ਸਾਹਿਬ ਆਪ ਦੂਜੇ ਮੁਲਕਾਂ ਦੇ ਦੌਰੇ ਤੇ ਗਏ ਹੋਏ ਸੀ ਤੇ ਦੂਜੀ ਮੀਟਿੰਗ 6 ਅਪਰੈਲ 1971 ਨੂੰ ਹੋਈ ਜਿਸ ਵਿੱਚ ਕਿ ਬਾਦਲ ਸਾਹਿਬ ਆਪ ਸ਼ਾਮਲ ਹੋਏ । ਹੋ ਸਕਦਾ ਹੈ ਕਿ ਉਸ ਮੀਟਿੰਗ ਵਿੱਚ ਜੋ ਪ੍ਰਪੋਜ਼ਲ ਪੇਸ਼ ਹੋਈਆਂ ਉਹ ਉਨ੍ਹਾਂ ਦੇ ਨਾਲ ਸਹਿਮਤ ਨਾ ਹੋਣ ਪਰ ਉਹ ਇਹ ਕਹਿ ਕੇ ਮੀਟਿੰਗ ਵਿੱਚ ਜਾਣ ਤੋਂ ਰੁਕੇ ਨਹੀਂ ਕਿ ਇਹ ਇਕ ਪੁਲੀਟੀਕਲ ਸਟੰਟ ਹੈ ਇਸ ਲਈ ਮੈਂ ਇਸ ਵਿਚ ਸ਼ਾਮਲ ਨਹੀਂ ਹੁੰਦਾ । ਇਸ ਲਈ ਉਸ ਮੀਟਿੰਗ ਵਿੱਚ ਆਲ ਇੰਡੀਆ ਲੈਵਲ ਲੈਂਡ ਰੀਫਾਰਮ ਲਈ ਇਕ ਕਮੇਟੀ ਬਣੀ ਜਿਸ ਦਾ ਨਾਂ ਸੈਂਟਰਲ ਲੈਂਡ ਰੀਫਾਰਮ ਕਮੇਟੀ ਰਖਿਆ ਗਿਆ । ਪੰਜਾਬ ਵੀ ਇਸ ਕਮੇਟੀ ਦਾ ਮੈਂਬਰ ਸੀ । ਇਸ ਕਮੇਟੀ ਨੇ ਆਲ ਇੰਡੀਆ ਲੈਵਲ ਤੇ ਲੈਂਡ ਰੀਫਾਰਮ ਲਈ ਗਾਈਡ ਲਾਈਨਜ਼ ਦਿੱਤੀਆਂ । ਇਸ ਲਈ ਇਸ ਗਲ ਨੂੰ ਪੁਲੀਟੀਕਲ ਸਟੰਟ ਨਹੀਂ ਕਿਹਾ ਜਾ ਸਕਦਾ ।

ਦੂਜੀ ਗਲ ਉਨ੍ਹਾਂ ਇਹ ਕਹੀ ਕਿ ਇਸ ਤਰ੍ਹਾਂ ਸੀਲਿੰਗ ਕਰਨ ਨਾਲ ਫੂਡ ਪ੍ਰੋਡਕਸ਼ਨ ਵਿੱਚ ਘਾਟਾ ਪੈ ਜਾਵੇਗਾ । ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਜਦੋਂ 1952 ਵਿੱਚ ਵੀ ਲੈਂਡ ਰੀਫਾਰਮ ਹੋਣ ਲਗਾ ਸੀ ਤਾਂ ਅਕਾਲੀਆਂ ਨੇ ਇਹ ਰੌਲਾ ਪਾਇਆ ਸੀ ਕਿ ਇਸ ਤਰ੍ਹਾਂ ਕਰਨ ਨਾਲ ਪੈਦਾਵਾਰ ਘਟ ਜਾਵੇਗੀ ਪਰ ਪੈਦਾਵਾਰ ਘਟੀ ਨਹੀਂ ਵਧੀ ਹੀ ਹੈ । ਹੁਣ ਵੀ ਉਨ੍ਹਾਂ ਨੇ ਬੜੀਆਂ ਐਕਸਪਰਟਸ ਦੀਆਂ ਰਾਵਾਂ ਦਾ ਜ਼ਿਕਰ ਕੀਤਾ ਹੈ । ਸਰਦਾਰ ਉਜਲ ਸਿੰਘ ਨੂੰ ਵੀ ਕੋਟ ਕੀਤਾ ਹੈ ਅਤੇ ਰੰਧਾਵਾ ਸਾਹਿਬ ਨੂੰ ਵੀ ਕੋਟ ਕੀਤਾ ਹੈ । ਚੰਗਾ ਹੁੰਦਾ ਜੇ ਉਹ ਕੋਈ ਅਜਿਹੀ ਮਿਸਾਲ ਪੇਸ਼ ਕਰਦੇ ਕਿ ਕਿਸੇ ਗਰੀਬ ਕਿਸਾਨ ਕੋਲ 2 ਏਕੜ ਜ਼ਮੀਨ ਹੈ ਅਤੇ ਉਸ ਨੇ 10 ਮਣ ਫੀ ਏਕੜ ਕਣਕ ਪੈਦਾ ਕੀਤੀ

[ਮਾਲ ਮੰਤਰੀ]

ਹੈ ਅਤੇ ਬਾਦਲ ਸਾਹਿਬ ਦੀ 500 ਏਕੜ ਜ਼ਮੀਨ ਹੈ ਅਤੇ ਉਨ੍ਹਾਂ ਨੇ 50 ਮਣ ਫੀ ਏਕੜ ਕਣਕ ਪੈਦਾ ਕੀਤੀ ਹੈ, ਤਾਂ ਮੈਂ ਉਨ੍ਹਾਂ ਦੀ ਗਲ ਮੰਨ ਸਕਦਾ ਸੀ । ਪਰ ਉਨ੍ਹਾਂ ਨੇ ਇਹੋ ਜਿਹੀ ਕੋਈ ਮਿਸਾਲ ਨਹੀਂ ਪੇਸ਼ ਕੀਤੀ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਹ ਫੂਡ ਪ੍ਰੋਡਕਸ਼ਨ ਨੂੰ ਲੈਂਡ ਰੀਫਾਰਮ ਨਾਲ ਲਿੰਕ ਕਰਕੇ ਗਲਤੀ ਕਰਦੇ ਹਨ । ਜਿਨ੍ਹਾਂ ਦੋਨਾਂ ਗਲਾਂ ਨੂੰ ਲਿੰਕ ਨਹੀਂ ਕੀਤਾ ਜਾ ਸਕਦਾ

ਦੂਸਰੇ ਪਾਸੇ ਉਹ ਕਹਿੰਦੇ ਹਨ ਕਿ ਲੈਂਡ ਤਾਂ ਲੋਕਾਂ ਨੇ ਟਰਾਂਸਫਰ ਕਰਾ ਦਿੱਤੀ ਹੈ ਹੁਣ ਕੁਝ ਨਹੀਂ ਲਭਣਾ । ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਜ਼ਮੀਨ ਡੀਫਾਕੈਂਸਟੀਫਾਈਡ ਹੋ ਗਈ ਹੈ ਤਾਂ ਪੈਦਾਵਾਰ ਵੀ ਵਧ ਹੋ ਗਈ ਹੈ, ਜੇ ਜ਼ਮੀਨ ਹੋਰ ਸੁਚਜੇ ਤਰੀਕੇ ਨਾਲ ਕਾਸ਼ਤ ਕਰਨ ਵਾਲਿਆਂ ਦੇ ਹੱਥਾਂ ਵਿੱਚ ਆਵੇਗੀ ਤਾਂ ਪੈਦਾਵਾਰ ਹੋਰ ਵਧੇਗੀ, ਘਟੇਗੀ ਨਹੀਂ । ਇਸ ਲਈ ਜੇ ਇਹ ਪਰਚਾਰ ਕਰਦੇ ਹਨ ਕਿ ਪੈਦਾਵਾਰ ਸਿਰਫ 200 ਏਕੜ ਵਾਲੇ ਜਾਂ 500 ਏਕੜ ਵਾਲੇ ਵਡੇ ਜ਼ਿਮੀਂਦਾਰ ਵਧਾ ਸਕਦੇ ਹਨ, 4–6 ਏਕੜ ਵਾਲੇ ਜ਼ਿਮੀਂਦਾਰ ਕਿਸਾਨ ਪੈਦਾਵਾਰ ਨਹੀਂ ਵਧਾਉਂਦੇ ਜਿਹੜੇ ਕਿ 80–85 ਫੀਸਦੀ ਹਨ, ਤਾਂ ਇਹ ਗਲ ਠੀਕ ਨਹੀਂ ਹੈ । ਪੰਜਾਬ ਇਸ ਵੇਲੇ ਸਾਰੇ ਦੇਸ਼ ਨੂੰ ਅਨਾਜ ਦੇ ਰਿਹਾ ਹੈ । ਜੇ ਇਹ ਕਿਹਾ ਜਾਵੇ ਕਿ ਇਹ ਸਾਰਾ ਅਨਾਜ ਵੱਡੇ ਜ਼ਿਮੀਂਦਾਰ ਹੀ ਪੈਦਾ ਕਰਦੇ ਹਨ ਅਤੇ 85 ਫੀਸਦੀ ਛੋਟੇ ਕਿਸਾਨਾਂ ਦਾ ਵਿੱਚ ਕੋਈ ਹਿੱਸਾ ਨਹੀਂ ਤਾਂ ਇਹ ਗਲ ਨਾ ਤਾਂ ਮੈਂ ਮੰਨ ਸਕਦਾ ਹਾਂ ਅਤੇ ਨਾ ਹੀ ਲੋਕ ਮੰਨ ਸਕਦੇ ਹਨ । ਜੇ ਇਹ ਇਸ ਤਰ੍ਹਾਂ ਸਮਝਦੇ ਹਨ ਕਿ 5–7 ਫੀਸਦੀ ਵੱਡੇ ਜ਼ਿਮੀਂਦਾਰ ਹੀ ਅਨਾਜ ਪੈਦਾ ਕਰਦੇ ਹਨ ਤਾਂ ਇਹ ਗਲਤਫਹਿਮੀ ਵਿੱਚ ਹਨ । ਅਤੇ ਸ਼ੀਸ਼ੇ ਦੇ ਮਹਿਲਾਂ ਵਿੱਚ ਬੈਠੇ ਹਨ ਅਤੇ ਬਾਹਰ ਕੁਝ ਨਹੀਂ ਦੇਖ ਸਕਦੇ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸ਼ੀਸ਼ੇ ਵਿੱਚੋਂ ਤਾਂ ਨਜ਼ਰ ਆਉਂਦਾ ਹੈ ਪਥਰ ਦੇ ਮਹਿਲ ਕਹੋ । (ਹਾਸਾ)

ਮਾਲ ਮੰਤਰੀ : ਅਜ ਕਲ ਬਿਕ ਸ਼ੀਸ਼ੇ ਆ ਰਹੇ ਹਨ । (ਹਾਸਾ) ਅਨਬਰੇਕੇਬਲ ਅਤੇ ਅਨਟਰਾਂਸਪੇਰੈਂਟ । (ਹਾਸਾ)

ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਜੇ ਇਹ ਸੀਲਿੰਗ ਲਾ ਦਿੱਤੀ ਗਈ ਤਾਂ ਪਿੰਡਾਂ ਦੇ ਮੁੰਡੇ ਪੜ੍ਹ ਨਹੀਂ ਸਕਣਗੇ । ਸਪੀਕਰ ਸਾਹਿਬ, ਪਿੰਡਾਂ ਵਿੱਚ ਪੰਜਾਬ ਦੇ 80% ਲੋਕ ਰਹਿੰਦੇ ਹਨ। ਸਿਰਫ 20% ਸ਼ਹਿਰਾਂ ਵਿੱਚ ਰਹਿੰਦੇ ਹਨ । ਮੈਂ ਤਾਂ ਚਾਹੁੰਦਾ ਸੀ ਕਿ ਇਕ ਬਿਲ ਕਲ ਲਈ ਪਿਆ ਹੈ ਉਸ ਨੂੰ ਵੀ ਅਜ ਦੀਆਂ ਪ੍ਰੋਸੀਡਿੰਗਜ਼ ਵਿੱਚ ਸ਼ਾਮਲ ਕਰ ਲੈਂਦੇ । (ਥੰਪਿੰਗ) ਤੇ ਮੈਂ ਅਰਜ਼ ਕਰਦਾ ਹਾਂ ਕਿ ਸੀਲਿੰਗ ਨਾਲ ਪਿੰਡਾਂ ਦੇ ਮੁੰਡੇ ਕਿਸ ਤਰ੍ਹਾਂ ਅਨਪੜ੍ਹ ਰਹਿ ਜਾਣਗੇ ? ਕੀ ਹੁਣ ਪਿੰਡਾਂ ਵਿੱਚ ਗਰੀਬ ਹਰੀਜਨਾਂ ਅਤੇ ਗਰੀਬ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦੇ ਬਚੇ ਨਹੀਂ ਪੜ੍ਹਦੇ ? ਹੁਣ ਤਾਂ ਸਿਰਫ਼ 5–7% ਲੋਕਾਂ ਤੇ ਅਸਰ ਪਏਗਾ, ਇਨ੍ਹਾਂ ਨੂੰ ਇਨ੍ਹਾਂ 5–7% ਲੋਕਾਂ ਦਾ ਫਿਕਰ ਹੈ ਬਾਕੀ ਦਾ 90–95% ਲੋਕਾਂ ਦਾ ਕੋਈ ਫਿਕਰ ਨਹੀਂ ਹੈ । ਮੈਂ ਸਮਝਦਾ ਹਾਂ ਇਹ ਲੋਕ ਉਨ੍ਹਾਂ 90–95% ਗਰੀਬ ਲੋਕਾਂ ਦੀ ਨੁਮਾਇੰਦਗੀ ਨਹੀਂ ਕਰਦੇ, ਸਿਰਫ 5–7% ਵੱਡੇ ਜ਼ਿਮੀਂਦਾਰਾਂ ਦੀ ਨੁਮਾਇੰਦਗੀ ਹੀ ਕਰਦੇ ਹਨ । ਇਹ ਪਾਰਟੀ ਜੋ ਇੰਦਰਾ ਗਾਂਧੀ ਅਤੇ ਮਹਾਤਮਾਂ ਗਾਂਧੀ ਦੀ ਪਾਰਟੀ ਹੈ, ਇਹ ਹੀ 95% ਗਰੀਬ ਲੋਕਾਂ ਦੀ ਨੁਮਾਇੰਦਗੀ ਕਰਦੀ ਹੈ । (ਥੰਪਿੰਗ) ਇਸ ਲਈ ਇਹ ਕਹਿਣਾ ਵੀ ਗਲਤ ਹੈ ਕਿ ਇਸ ਸੀਲਿੰਗ ਦੇ ਕਾਰਨ ਪਿੰਡਾਂ ਦੇ ਮੁੰਡੇ ਨਹੀਂ ਪੜ੍ਹ ਸਕਣਗੇ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੇਰੇ ਇਕ ਸਾਥੀ ਕਾਮਰੇਡ ਚਾਂਦ ਸਿੰਘ ਨੇ ਕਿਹਾ ਹੈ ਕਿ ਇਹ ਬਿੱਲ ਪ੍ਰੋਗ੍ਰੈਸਿਵ ਨਹੀਂ ਹੈ । ਪਰ ਜਦੋਂ ਉਹ ਹਾਊਸ ਵਿੱਚ ਵੋਟ ਪਾਉਂਦੇ ਹਨ ਉਹ ਤਾਂ ਅਕਾਲੀਆਂ ਦੇ ਨਾਲ ਪਾਉਂਦੇ ਹਨ ਜੋ ਰੀਐਕਸ਼ਨਰੀ ਹਨ ਅਤੇ ਕਹਿੰਦੇ ਇਹ ਹਨ ਕਿ ਇਹ ਬਿੱਲ ਪ੍ਰੋਗ੍ਰੈਸਿਵ ਨਹੀਂ ਹੈ । ਹੁਣ ਅਜ ਪਤਾ ਲਗੇਗਾ ਕਿ ਉਹ ਕਿਸ ਪਾਸੇ ਵੋਟ ਪਾਉਂਦੇ ਹਨ । ਮੈਂ ਸਮਝਦਾ ਹਾਂ ਕਿ ਅਜ ਲੋਕਾਂ ਨੂੰ ਇਸ ਗਠ-ਜੋੜ ਦਾ ਪਤਾ ਲਗ ਜਾਵੇਗਾ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਨ੍ਹਾਂ ਦਾ ਗਠਜੋੜ 8-9 ਮਹੀਨੇ ਰਿਹਾ ਅਤੇ ਰਾਤੋਂ ਰਾਤ ਟੁਟ ਗਿਆ । (ਵਿਘਨ)

ਮਾਲ ਮੰਤਰੀ : ਇਲੈਕਸ਼ਨਾਂ ਵਿੱਚ ਤਾਂ ਗਠ ਜੋੜ ਹੁੰਦੇ ਹੀ ਰਹਿੰਦੇ ਹਨ । (ਵਿਘਨ) ਫਿਰ, ਸਪੀਕਰ ਸਾਹਿਬ, ਕੁਝ ਗਲਾਂ ਇਥੇ ਜੋਸ਼ ਜੀ ਅਤੇ ਜੋਗਾ ਸਾਹਿਬ ਨੇ ਕਹੀਆਂ। ਮੈਨੂੰ ਖੁਸ਼ੀ ਹੈ ਕਿ ਜੋਸ਼ ਸਾਹਿਬ ਨੇ ਇਸ ਬਿੱਲ ਦੀਆਂ 7-8 ਚੰਗੀਆਂ ਗਲਾਂ ਦਸੀਆਂ ਹਨ ਅਤੇ ਕੁਝ ਗਲਾਂ ਤੇ ਉਨ੍ਹਾਂ ਨੂੰ ਮਤਭੇਦ ਹੈ। ਪਹਿਲੀ ਗਲ ਜੋ ਉਨ੍ਹਾਂ ਨੇ ਕਹੀ ਹੈ ਉਹ ਇਹ ਹੈ ਕਿ ਪਹਿਲਾਂ ਇਹ ਬਿੱਲ 26 ਸਤੰਬਰ, 1970 ਨੂੰ ਲਾਗੂ ਕਰਨਾ ਸੀ ਪਰ ਹੁਣ ਤਰੀਕ ਬਦਲ ਕੇ 24 ਜਨਵਰੀ, 1971 ਕਰ ਦਿੱਤੀ ਹੈ ਇਸ ਤਰ੍ਹਾਂ ਲੋਕਾਂ ਨੂੰ 8-9 ਮਹੀਨੇ ਦੇ ਦਿੱਤੇ ਗਏ ਹਨ, ਜ਼ਮੀਨਾਂ ਟਰਾਂਸਫਰ ਕਰਨ ਲਈ । ਮੈਂ ਪਹਿਲੀ ਅਰਜ਼ ਤਾਂ ਇਹ ਕਰਨੀ ਹੈ ਕਿ ਇਹ ਸਮਾਂ 3 ਮਹੀਨੇ ਦਾ ਬਣਦਾ ਹੈ 8 ਜਾਂ 9 ਮਹੀਨੇ ਦਾ ਨਹੀਂ । ਇਸ ਦਾ ਕਾਰਣ ਵੀ ਮੈਂ ਦਸ ਦਿੰਦਾ ਹਾਂ । ਅਸੀਂ ਇਹ ਬਿਲ ਆਲ ਇੰਡੀਆ ਦੀ ਗਾਈਡ ਲਾਈਨਜ਼ ਤੇ ਬਣਾਇਆ ਹੈ ਅਤੇ ਸਾਰੇ ਦੇਸ਼ ਵਿੱਚ ਇਹ ਰਿਫਾਰਮ ਲਾਗੂ ਕਰਨ ਦੀ ਤਰੀਕ 24 ਜਨਵਰੀ, 1971 ਹੀ ਰੱਖੀ ਗਈ ਹੈ । ਇਸ ਲਈ ਅਸੀਂ ਵੀ ਨਹੀਂ ਸੀ ਚਾਹੁੰਦੇ ਕਿ ਤਰੀਕ ਵੀ ਸਾਰੇ ਦੇਸ਼ ਤੋਂ ਵਖਰੀ ਹੋਵੇ, ਇਸ ਲਈ ਇਹ ਤਰੀਕ ਰਖੀ ਗਈ ਹੈ ।

ਸਪੀਕਰ ਸਾਹਿਬ, ਦੂਸਰੀ ਗਲ ਉਨ੍ਹਾਂ ਨੇ ਮੇਜਰ ਸੰਨ ਬਾਰੇ ਕਹੀ ਹੈ । ਇਸ ਬਾਰੇ ਮੈਂ ਅਰਜ਼ ਕਰ ਦੇਵਾਂ ਕਿ ਪਹਿਲੀ ਗਲ ਤਾਂ ਇਹ ਹੈ ਕਿ ਅਸੀਂ ਇਹ ਗਲ ਵੀ ਆਲ ਇੰਡੀਆ ਨੂੰ ਦਿੱਤੀ ਗਈ ਗਾਈਡ ਲਾਈਨ ਦੇ ਅਧਾਰ ਤੇ ਰਖੀ ਹੈ । ਦੂਸਰੀ ਗਲ ਇਹ ਹੈ ਕਿ ਜੇ ਇਹ ਗਲ ਨਾ ਰਖੀ ਜਾਂਦੀ ਤਾਂ ਕਸਟਮਰੀ ਹਿੰਦੂ ਲਾਅ ਦੇ ਤਹਿਤ ਅਣਵੰਡੀ ਫੈਮਿਲੀ ਨੂੰ ਇਸ ਦਾ ਬੜਾ ਨੁਕਸਾਨ ਹੋਣਾ ਸੀ ਅਤੇ ਹਿੰਦੂ ਲਾਅ ਦੇ ਤਹਿਤ ਜੋ ਫੈਮਿਲੀ ਵਖਰੀ ਵਖਰੀ ਹੈ ਉਹਨੂੰ ਫਾਇਦਾ ਹੋ ਜਾਣਾ ਸੀ । ਇਸ ਲਈ ਅਣਵੰਡੀ ਫੈਮਿਲੀ ਨੂੰ ਨੁਕਸਾਨ ਨਾ ਪਹੁੰਚਾਣ ਲਈ ਇਹ ਮੇਜਰ ਸੰਨ ਦੀ ਗਲ ਰਖੀ ਗਈ ਹੈ, ਕਿ ਜੇ ਕੋਈ ਬਾਲਗ ਲੜਕਾ ਆਪ ਕਾਸ਼ਤ ਕਰਨਾ ਚਾਹੁੰਦਾ ਹੈ ਤਾਂ ਉਹ ਅਜਿਹਾ ਕਰ ਸਕੇ । ਅਸੀਂ ਇਸ ਤਰ੍ਹਾਂ ਉਨ੍ਹਾਂ ਨੂੰ ਇਲਲੀਗਲ ਡਿਸਕ੍ਰੀਮੀਨੇਸ਼ਨ ਤੋਂ ਬਚਾਉਣ ਦਾ ਯਤਨ ਕੀਤਾ ਹੈ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੋਗਾ ਜੀ ਨੇ ਬਾਗਾਂ ਦਾ ਜ਼ਿਕਰ ਕੀਤਾ ਹੈ । ਇਸ ਸਬੰਧ ਵਿੱਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਬਾਗ ਛੱਡੇ ਨਹੀਂ ਬਲਕਿ ਬਾਗਾਂ ਦੀ ਜ਼ਮੀਨ ਬਾਹਾਨੀ ਜ਼ਮੀਨ ਦੇ ਤੌਰ ਤੇ ਸਮਝੀ ਜਾਏਗੀ । ਬਾਗਾਂ ਦੀ ਸੂਬੇ ਨੂੰ ਲੋੜ ਹੈ । ਬਾਗ ਇਕ ਸਿਹਤ ਦੀ ਨਿਸ਼ਾਨੀ ਹੈ । ਫਰੂਟ ਨਾਲ ਸਾਡੀ ਨੇਸ਼ਨ ਦੇ ਚੰਗਾ ਬਣਨ ਵਿੱਚ ਸਹਾਇਤਾ ਮਿਲੇਗੀ । ਸ਼ਰਮਾ ਜੀ ਹਮੇਸ਼ਾ ਇਹੀ ਕਹਿੰਦੇ ਹਨ ਕਿ ਫਰੂਟ ਖਲਾਉਣ ਨਾਲ ਲੋਕ ਹਸਪਤਾਲਾਂ ਵਿੱਚ ਘਟ ਜਾਣਗੇ (ਵਿਘਨ) ਇਸ ਬਿੱਲ ਵਿੱਚ ਯਤਨ ਕੀਤਾ ਗਿਆ ਹੈ ਕਿ ਕੋਈ ਲੂਪਹੋਲ ਨਾ ਰਹੇ (ਵਿਘਨ) ਜੋਗਾ ਜੀ ਨੇ ਸ਼ਾਇਦ ਬਾਗਾਂ ਦੀ ਡੈਫੀਨੇਸ਼ਨ ਨਹੀਂ ਪੜ੍ਹੀ । ਬਾਗ ਉਹ ਨਹੀਂ ਮੰਨਿਆ ਜਾਵੇਗਾ ਜਿੱਥੇ ਕਿ ਫਸਲ ਬੀਜੀ ਜਾਵੇਗੀ । ਨਾਲੇ ਇਸ ਬਿੱਲ ਦੀ ਡੇਟ ਤੋਂ ਪਹਿਲਾਂ ਜਿਹੜੇ ਬਾਗ ਹੋਣਗੇ ਉਹੀ ਬਾਗ ਸਮਝੇ ਜਾਣਗੇ ।

[ਮਾਲ ਮੰਤਰੀ]

ਬੀਬੀ ਗੁਰਦੇਵ ਕੌਰ ਜੀ ਨੇ ਕਿਹਾ ਕਿ ਬੀਬੀਆਂ ਦਾ ਹਿੱਸਾ ਨਹੀਂ ਰਖਿਆ ਗਿਆ ਹੈ। ਇਨ੍ਹਾਂ ਨੇ ਬਿਲ ਦੀ ਸਾਰੀ ਸਪਿਰਟ ਨੂੰ ਨਹੀਂ ਦੇਖਿਆ । ਇਹ ਨਹੀਂ ਕਿ ਜਿਹੜੀ ਬੀਬੀ ਦੇ ਨਾਉਂ ਜ਼ਮੀਨ ਹੈ ਉਹ ਖੋਹ ਲਈ ਜਾਵੇਗੀ (ਵਿਘਨ) ਹਿੰਦੂ ਲਾਅ ਵਿੱਚ ਮੇਜਰ ਸੰਨ ਨੂੰ ਹੱਕ ਸੀ ਉਸ ਦੇ ਮੁਤਾਬਿਕ ਜਿਹੜਾ ਬਿੱਲ ਪੰਜਾਬ ਵਿੱਚ ਲਗਦਾ ਹੈ ਉਸ ਦੇ ਮੁਤਾਬਿਕ ਹੀ ਇਸ ਬਿੱਲ ਵਿੱਚ ਪਰੋਵੀਜ਼ਨ ਕਰ ਦਿੱਤੀ ਹੈ । ਇਹ ਆਲ ਇੰਡੀਆ ਗਾਈਡ ਲਾਈਨਜ਼ ਦੇ ਮੁਤਾਬਿਕ ਹੈ । ਜਿਹੜੀਆਂ ਮੇਜਰ ਭੈਣਾਂ ਹਨ ਉਨ੍ਹਾਂ ਨੂੰ ਦੂਜੇ ਘਰ ਜਾ ਕੇ ਜ਼ਮੀਨ ਮਿਲਣ ਬਾਰੇ ਪਰੋਵੀਜ਼ਨ ਮੌਜੂਦ ਹੈ। ਇਸ ਦੇ ਨਾਲ ਸਾਡੇ ਬਿੱਲ ਦੀ ਇਸ ਦੀ ਇੰਪਲੀਮੈਂਟੇਸ਼ਨ ਵਿੱਚ ਸਹੂਲਤ ਹੋਵੇਗੀ ਅਤੇ ਲੂਪਹੋਲ ਕੋਈ ਨਹੀਂ ਆਵੇਗਾ ਹੁਣ ਮੈਂ ਬਾਦਲ ਸਾਹਿਬ ਦੀ ਪਾਰਟੀ ਨੂੰ ਬੇਨਤੀ ਕਰਦਾ ਹਾਂ ਕਿ ਕਿਉਂਕਿ ਇਨ੍ਹਾਂ ਦੀ ਪਾਰਟੀ ਨੇ ਨੈਸ਼ਨੇਲਾਈਜੇਸ਼ਨ ਦਾ ਅਸੂਲ ਮੰਨ ਲਿਆ ਹੈ ਇਸ ਲਈ ਇਹ ਇਸ ਬਿੱਲ ਨੂੰ ਸਰਵਸੰਮਤੀ ਨਾਲ ਪਾਸ ਹੋਣ ਦੇਣਗੇ । (ਵਿਘਨ)

Mr. Speaker : Question is—

That the Punjab Land Reforms Bill, (Bill No. 31-PLA of 1972) be taken into consideration at once.

The motion was carried.

Mr. Speaker : Now the House will proceed to consider the Bill clause by clause.

SUB-CLAUSE (2) OF CLAUSE 1.

Mr. Speaker : Question is—

That Sub-clause (2) of Clause 1 stand part of the Bill.

The motion was carried.

SUB-CLAUSE (3) OF CLAUSE 1.

Mr. Speaker : Question is—

That Sub-clause (3) of Clause 1 stand part of the Bill.

The motion was carried.

CLAUSE 2

Mr. Speaker : Question is—

That Clause 2 stand part of the Bill.

The motion was carried.

CLAUSE 3

Mr. Speaker : I have received some notices of amendments to clause 3. These will be deemed to heve been read and moved.

5. **Sardar Jaswinder Singh Brar**

6. **Srdar Jasdev Singh Sandhu**

7. **Sardar Karnail Singh**

In sub-clause (8), line 5, *delete* "under banana or guava trees or land."

17. Comrade Chand Singh Chopra Master :

In sub-clause (1), *for* "January, 1971" *substitute* "September, 1970".

18. Comrade Chand Singh Chopra Master :

For sub-clause (4) *substitute* the following :—

"(4) 'Family' a family for the purpose of ceiling is adult male, his wife and children, whether major or minor, of five members."

19. Comrade Chand Singh Chopra Master :

In Sub-clause (13) lines 2-3 *delete* "or through such of his relations as may be prescribed, or under his supervision."

33. **Sardar Balwinder Singh Bhunder**
34. **Sardar Basant Singh Khalsa**
35. **Giani Arjan Singh Litt**
36. **Sardar Harbans Singh Jalal** } :

In sub-clause (2), lines 3-4, *for* "date on which the question whether such land is banjar or not arises" *substitute* "appointed day."

48. **Comrade Shamsher Singh Josh**

49. **Comrade Jangir Singh Joga**

50. **Comrade Darshan Singh Canadian**

In sub-clause (1), for "twenty-fourth day of January, 1971" *substitute* "26th September, 1970"

51. Comrade Shamsher Singh Josh

52. Comrade Jangir Singh Joga.

53. Comrade Darshan Singh Canadian

In sub-clause (8), line 5, *between* "vineyard" and " ;" *insert* "or fruit-trees requiring irrigation."

ਸਰਦਾਰ ਜਸਦੇਵ ਸਿੰਘ ਸੰਧੂ:ਸਪੀਕਰ ਸਾਹਿਬ, ਮੈਨੂੰ ਕਲਾਜ਼ ਤਿੰਨ ਤੇ ਬੋਲਣ ਦੀ ਇਜਾਜ਼ਤ ਦਿਉ । ਸਪੀਕਰ ਸਾਹਿਬ, ਮੇਰੀ ਅਮੈਂਡਮੈਂਟ ਨੰ: 38 ਕਲਾਜ਼ (3) ਤੇ (ਵਿਘਨ)......ਮੇਰੀ ਅਮੈਂਡਮੈਂਟ ਸੀ ਕਿ ਬੰਜਰ ਲੈਂਡ ਬਾਰੇ ਫੈਸਲਾ ਕੀਤਾ ਜਾਵੇ ਕਿ ਇਹ ਕਿਹੜੇ ਦਿਨ ਤੋਂ ਬੰਜਰ ਲੈਂਡ ਮਿਥੀ ਗਈ ਹੈ । (ਵਿਘਨ)

ਸ੍ਰੀ ਸਪੀਕਰ : ਤੁਸੀਂ ਕੋਈ ਅਮੈਂਡਮੈਂਟ ਦਿੱਤੀ ਵੀ ਹੈ। ਨੰਬਰ ਦਸੋ। ਕੀ ਉਸ ਤੇ ਤੁਹਾਡਾ ਨਾਉਂ ਹੈ ।

(Have you **given any** notice of an amendment ? Please quote its number. Does it bear your **name** ?)

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਕਲਾਜ਼ ਤਿੰਨ ਤੇ ਦਿੱਤੀ ਹੈ । ਤਾਂ ਤੁਸੀਂ ਨਹੀਂ ਲਿਖਿਆ ਹੋਣਾ (ਵਿਘਨ) ਕਲਾਜ਼ ਤਿੰਨ ਤੇ ਨੰਬਰ 5, 6 7 ਤੁਸੀਂ ਅੱਗੇ ਵੀ ਇਕ ਜਗਾ ਸਰਦਾਰ ਜਸਵਿੰਦਰ ਸਿੰਘ ਬਰਾੜ ਦੀ ਬਜਾਏ ਸਰਦਾਰ ਜਸਵਿੰਦਰ ਸਿਘ ਢਿਲੋਂ ਲਿਖਿਆ ਸੀ । ਇਹ ਤੁਹਾਡੇ ਸੈਕ੍ਰੀਟੇਰੀਏਟ ਦੀ ਗਲਤੀ ਹੈ ।

ਸ੍ਰੀ ਸਪੀਕਰ : ਜੇ ਇਸ ਵੇਲੇ ਤੁਸੀਂ ਅਮੈਂਡਮੈਂਟਸ ਦਿਉ ਤਾਂ ਫੇਰ ਸਾਡਾ ਸਟਾਫ ਕੀ ਕਰੇ ।

(My Secretariat cannot attend to your amendment if you give its notice at this stage.)

ਸਰਦਾਰ ਜਸਦੇਵ ਸਿੰਘ ਸੰਧੂ: ਮੈਨੂੰ ਬੋਲਣ ਦੀ ਇਜਾਜ਼ਤ ਦਿੱਤੀ ਜਾਵੇ । ਮੈਂ ਇਨ੍ਹਾਂ ਸਾਰਿਆਂ ਵਲੋਂ ਬੋਲ ਰਿਹਾ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ : ਤੁਹਾਡੇ ਸਟਾਫ ਦਾ ਕੋਈ ਕਸੂਰ ਨਹੀਂ । ਇਹੀ ਬਿੱਲ ਲੇਟ ਲਿਆਏ ਹਨ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ: ਸਬ ਕਲਾਜ਼ 8, ਕਲਾਜ਼ 3 ਥਲੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ । ਉਥੇ ਬਾਗਾਂ ਬਾਰੇ ਕਿਹਾ ਹੈ (ਵਿਘਨ)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਸਪੀਕਰ ਸਾਹਿਬ, ਮੇਰੀ ਅਮੈਂਡਮੈਂਟ ਨੰ: 17 ਹੈ, ਕਲਾਜ਼ 3 ਵਿੱਚ ਅੰਡਰ ਸਬ-ਕਲਾਜ਼ (1) । ਸਪੀਕਰ ਸਾਹਿਬ, ਹਾਲਾਂਕਿ ਇਨ੍ਹਾਂ ਕਾਂਗਰਸ ਦੇ ਮੁੱਖ ਮੰਤਰੀਆਂ ਨੇ ਸਤੰਬਰ, 1970 ਵਿੱਚ ਲੈਂਡ ਤੇ ਸੀਲਿੰਗ ਕਰਨ ਦਾ ਵਾਅਦਾ ਕੀਤਾ ਸੀ ਪਰ ਇਹ ਲਾਗੂ ਜਨਵਰੀ,1971 ਤੋਂ ਕਰ ਰਹੇ ਹਨ । ਇਹ ਜਿਹੜਾ ਟਾਈਮ ਇਤਨਾ ਰਹਿ ਗਿਆ ਹੈ ਇਸ ਦੇ ਵਿੱਚ ਜਿੰਨੇ ਵੱਡੇ ਵੱਡੇ ਲੈਂਡ ਲਾਰਡ ਸੀ ਉਨ੍ਹਾਂ ਸਾਰਿਆਂ ਨੇ ਆਪਣੀਆਂ ਜ਼ਮੀਨਾਂ ਟਰਾਂਸਫਰ ਕਰ ਲਈਆਂ ਹਨ, ਜਿਹੜੀਆਂ ਕਿ ਬੜੀਆਂ ਨਜਾਇਜ਼ ਹੋਈਆਂ ਹਨ । ਮੈਂ ਇਹ ਅਮੈਂਡਮੈਂਟ ਇਸ ਲਈ ਪੇਸ਼ ਕੀਤੀ ਹੈ ਤਾ ਕਿ ਇਹ 26 ਸਤੰਬਰ, 1970 ਤੋਂ ਲਾਗੂ ਕੀਤਾ ਜਾਵੇ ।

ਕਾਮਰੇਡ ਸਤਪਾਲ ਡਾਂਗ : ਸਪੀਕਰ ਸਾਹਿਬ, ਜਿਹੜੀਆਂ ਅਨਇੰਪਾਰਟੈਂਟ ਹਨ ਉਹ ਛੱਡ ਦਿਓ ਪਰ ਜਿਹੜੀਆਂ ਇੰਪਾਰਟੈਂਟ ਅਮੈਂਡਮੈਂਟਸ ਹਨ ਉਨ੍ਹਾਂ ਨੂੰ ਇਕ ਇਕ ਕਰਕੇ ਡਿਸਪੋਜ਼ ਆਫ ਕੀਤਾ ਜਾਵੇ । ਇਸ ਲਈ ਸਾਰੀਆਂ ਅਮੈਂਡਮੈਂਟਾਂ ਇਕਠੀਆਂ ਨਾ ਕਰੋ । ਇਹ ਠੀਕ ਨਹੀਂ ਹੈ ।

ਸ੍ਰੀ ਸਪੀਕਰ : ਡਿਸਕਸ਼ਨ ਤਾਂ ਉਨ੍ਹਾਂ ਤੇ ਇਕੱਠੀ ਹੋਣੀ ਹੈ ।
(Discussion will be held simultaneously).

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਸਪੀਕਰ ਸਾਹਿਬ, ਇਕ ਇਕ ਕਰਕੇ ਲਵੋ ।

ਸ੍ਰੀ ਸਪੀਕਰ : ਚੋਪੜਾ ਜੀ, ਤੁਸੀਂ ਅਗਲੀ ਅਮੈਂਡਮੈਂਟ ਪੜ੍ਹੋ ।
(Chopra ji, please read out your next amendment).

Comrade Chand Singh Chopra Master (Sherpur S. C.) Sir, there are three amendments, in clause 3.

> Amendment No. 17. In sub-clause (1), for "January, 1971" substitute "September, 1970".

ਸਪੀਕਰ ਸਾਹਿਬ, 5 ਮੈਂਬਰਾਂ ਦੀ ਫੈਮਿਲੀ ਨੂੰ 6 ਹੈਕਟੇਅਰ ਜ਼ਮੀਨ ਦੇਣੀ ਚਾਹੀਦੀ ਹੈ । 1953 ਵਿਚ ਜਿਹੜਾ ਕਾਨੂੰਨ ਪਾਸ ਕੀਤਾ ਸੀ ਉਸ ਦੇ ਵਿਚ 30 ਸਟੈਂਡਰਡ ਏਕੜ ਕੀਤੀ ਸੀ ਪਰ ਉਦੋਂ ਜਿਹੜਾ ਕੋਈ ਬੱਚਾ ਜੰਮਿਆ ਸੀ ਉਹ ਅੱਜ ਜਵਾਨ ਹੋ ਗਿਆ ਹੈ ਅਤੇ ਜੇਕਰ ਉਸ ਦੀ ਵੀ 7 ਹੈਕਟੇਅਰ ਕਰ ਦਿਤੀ ਤਾਂ ਉਹ 30 ਏਕੜ ਨਾਲੋਂ ਜ਼ਿਆਦਾ ਹੋ ਜਾਵੇਗੀ । ਇਸ ਕਰਕੇ ਮੈਂ ਇਹ ਅਮੈਂਡਮੈਂਟ ਪੇਸ਼ ਕੀਤੀ ਹੈ ਕਿ 5 ਮੈਂਬਰਾਂ ਦੀ ਫੈਮਿਲੀ ਨੂੰ 6 ਹੈਕਟੇਅਰ ਜ਼ਮੀਨ ਦੇਣ ਚਾਹੀਦੀ ਹੈ ।

Comrade Chand Singh Chopra Master (Sherpur, S. C.) : Amendment No. 18. For sub-clause (4) substitute the following:—

> "(4) 'family' a family for the purpose of ceiling is adult male, his wife and children, whether major or minor, of five members."

> Amendment No. 19. In sub-clause (13) line 2-3, *delete* "or through such of his relations as may be prescribed, or under his supervision."

ਸਪੀਕਰ ਸਾਹਿਬ, ਇਸ ਬਿੱਲ ਦੇ ਵਿਚ ਇਹ ਦਿਤਾ ਹੋਇਆ ਹੈ ਕਿ ਜਿਹੜਾ ਵੀ ਕੋਈ ਕਿਸੇ ਦਾ ਰਿਸ਼ਤੇਦਾਰ ਜ਼ਮੀਨ ਵਾਹੁੰਦਾ ਹੈ ਉਹ ਜ਼ਮੀਨ ਰਖ ਸਕਦਾ ਹੈ ਭਾਵੇਂ ਉਸ ਨੂੰ ਜ਼ਮੀਨ ਦਿੱਤੀ ਜਾਵੇਗੀ। ਇਹ ਬਿਲਕੁਲ ਗਲਤ ਚੀਜ਼ ਹੈ । ਇਹ 5 ਮੈਂਬਰੀ ਟੱਬਰ ਨਹੀਂ ਹੋਣਾ ਚਾਹੀਦਾ । ਜੇ ਇਸ ਤਰ੍ਹਾਂ ਰਿਸ਼ਤੇਦਾਰਾਂ ਨੂੰ ਹੀ ਜ਼ਮੀਨ ਦੇਣ ਲੱਗੇ ਤਾਂ ਫਿਰ ਇਸ ਦੇ ਵਿੱਚੋਂ ਕੁਝ ਨਹੀਂ ਨਿਕਲਣਾ । ਇਸ ਲਈ ਇਹ ਡੀਲੀਟ ਹੋ ਜਾਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਇਹ ਮੇਰੀਆਂ ਕਲਾਜ਼ 3 ਤੇ ਜਿਹੜੀਆਂ ਅਮੈਂਡਮੈਂਟਸ ਹਨ, ਇਹ ਅਕਸੈਪਟ ਹੋਣੀਆਂ ਚਾਹੀਦੀਆਂ ਹਨ ।

Comrade Shamsher Singh Josh : (Kharar): There are two amendments on Clause 3.

> Clause 3 Sub-clause (1) appointed day means "twenty-fourth day of January, 1971". *substitute* 26th September, 1970" Clause 3 Sub-clause (8) line 5, between "vineyard" and ";" *insert* or fruit trees requiring irrigation."

ਸਪੀਕਰ ਸਾਹਿਬ, ਬਾਵਜੂਦ ਸਰਦਾਰ ਉਮਰਾਓ ਸਿੰਘ ਦੀ ਵਿਆਖਿਆ ਦੇ ਅਸੀ ਇਸ ਗੱਲ ਤੇ ਖੜੇ ਹਾਂ ਕਿ ਇਹ 26 ਸਤੰਬਰ, 1970 ਤੋਂ ਲਾਗੂ ਕਰੋ । ਜਿਹੜਾ ਪਹਿਲਾ ਓਰਿਜੀਨਲ ਬਿੱਲ ਸੀ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਉਹ ਉਸੀ ਡੇਟ ਤੋ ਸੀ ਜਿਹੜੀ ਮੁੱਖ ਮੰਤਰੀਆਂ ਦੀ ਕਾਨਫਰੰਸ ਲੈਂਡ ਰਿਫਾਰਮ ਬਾਰੇ ਹੋਈ ਸੀ। ਉਥੇ ਸੈਂਟਰ ਨੇ ਸਟੇਟਾਂ ਨੂੰ ਆਪਸ਼ਨ ਦੇ ਦਿੱਤੀ ਸੀ ਕਿ ਭਾਵੇਂ ਉਹ 20 ਸਤੰਬਰ, 1970 ਤੋਂ ਲਾਗੂ ਕਰਨ ਅਤੇ ਭਾਵੇਂ 24 ਜਨਵਰੀ, 1971 ਤੋਂ ਲਾਗੂ ਕਰ ਲੈਣ। ਪਰ ਮੇਰੀ ਅਮੈਂਡਮੈਂਟ ਹੈ ਕਿ ਇਹ 26 ਸਤੰਬਰ, 1970 ਤੋਂ ਲਾਗੂ ਹੋਵੇ।

ਇਸ ਤੋਂ ਅੱਗੇ ਸਬ ਸੈਕਸ਼ਨ (8) ਵਿੱਚ ਬਾਗਾਂ ਦੀ ਵਿਆਖਿਆ ਕੀਤੀ ਗਈ ਹੈ। ਇਸ ਦੇ ਵਿੱਚ ਕਿਹਾ ਗਿਆ ਹੈ ਕਿ ਕੇਲੇ, ਅਮਰੂਦ ਅਤੇ ਅੰਗੂਰ ਨੂੰ ਛਡ ਕੇ ਬਾਕੀ ਸਾਰੇ ਬਾਗ, ਭਾਵੇਂ ਉਨ੍ਹਾਂ ਨੂੰ ਪਾਣੀ ਲਗਦਾ ਹੋਵੇ, ਉਹ ਬਰਾਨੀ ਗਿਣੇ ਜਾਣਗੇ। ਪਰ ਮੈਂ ਕਹਿੰਦਾ ਹਾਂ ਕਿ ਜਿਹੜੇ ਫਲਦਾਰ ਦਰਖਤ ਹਨ ਅਤੇ ਜਿਨ੍ਹਾਂ ਨੂੰ ਪਾਣੀ ਦੀ ਲੋੜ ਹੈ, ਉਹ ਬਾਗ ਨਾ ਗਿਣੇ ਜਾਣ।

ਮਾਲ ਮੰਤਰੀ : ਸਪੀਕਰ ਸਾਹਿਬ, ਜਿਹੜਾ ਸੈਲਫ ਕਲਟੀਵੇਸ਼ਨ ਦੇ ਬਾਰੇ ਚੰਦ ਸਿੰਘ ਨੇ ਕਿਹਾ ਹੈ, ਮੇਰਾ ਖਿਆਲ ਹੈ ਕਿ ਇਸ ਦਾ ਮਤਲਬ ਉਨ੍ਹਾਂ ਨੇ ਸਮਝਿਆ ਨਹੀਂ। ਚੰਗਾ ਹੁੰਦਾ ਜੇ ਉਹ ਇਸ ਦਾ ਮਤਲਬ ਕਿਸੇ ਕੋਲੋਂ ਸਮਝ ਲੈਂਦੇ। ਇਹ ਰਿਸ਼ਤੇਦਾਰ ਦੀ ਗੱਲ ਇਸ ਕਰਕੇ ਵਿੱਚ ਰੱਖੀ ਹੈ ਕਿ ਜਦੋਂ ਜ਼ਮੀਨ ਸਰਪਲਸ ਡਿਕਲੇਅਰ ਕਰਨੀ ਹੈ ਤਾਂ ਜਿਹੜੀ ਸਰਪਲਸ ਜ਼ਮੀਨ ਕੋਈ ਰਿਸ਼ਤੇਦਾਰ ਨੂੰ ਦੇਣੀ ਚਾਹੁੰਦਾ ਹੈ, ਦੇਵੇ ਨਹੀਂ ਤਾਂ ਟੇਨੈਂਟ ਨੂੰ ਜਾਵੇਗੀ ਅਤੇ ਜੇ ਰਿਸ਼ਤੇਦਾਰ ਹੀ ਟੇਨੈਂਟ ਹੋਵੇਗਾ ਤਾਂ ਉਹ ਲੈ ਜਾਵੇਗਾ। (ਵਿਘਨ) ਰਿਸ਼ਤੇਦਾਰ ਇਸ ਕਰਕੇ ਰਖੇ ਹਨ। (ਵਿਘਨ) ਉਹ ਰਿਸ਼ਤੇਦਾਰ ਜਿਹੜਾ ਸੈਲਫ ਕਲਟੀਵੇਸ਼ਨ ਕਰਦਾ ਹੈ, ਉਹ ਹੀ ਟੇਨੈਂਟ ਗਿਣਿਆ ਜਾਵੇਗਾ ਨਹੀਂ ਤਾਂ ਟੇਨੈਂਟ ਉਹ ਹੋਣਗੇ ਜਿਹੜੇ ਗਰੀਬ ਹਰੀਜਨ ਹੋਣਗੇ। ਇਸ ਕਰਕੇ, ਸਪੀਕਰ ਸਾਹਿਬ, ਮੈਂ ਇਸ ਅਮੈਂਡਮੈਂਟ ਦੀ ਮੁਖਾਲਫਤ ਕਰਦਾ ਹਾਂ।

Mr. Speaker : Question is—

In sub-clause (8), line 5, *delete* "under banana or guava trees of land".

The motion was lost.

Mr. Speaker : Question is—

In sub-clause (1), for "January, 1971" *substitute* "September, 1970."

The motion was lost.

Mr. Speaker : Question is—

For sub-clause (4), *substitute* the following :—

"(4) 'family' a family for the purpose of ceiling is adult male, his wife and children, whether major or minor, of five members."

The motion was lost.

Mr. Speaker : Question is—

In sub-clause (13) lines 2-3 delete "or through such of his relations as may be prescribed, or under his supervision."

The motion was lost.

Mr. Speaker : Question is—

The sub-clause (2), lines 3-4, *for* "date on which the question whether such land is banjar or not arises "*substitute* "appointed day."

The motion was lost.

Mr. Speaker : Question is—

In sub-clause (1) for "twenty-fourth day of January, 1971" substitute "26th September, 1970."

The motion was lost.

Mr. Speaker : Question is—

In sub-clause (8). line 5, *between*"vineyard" and ";" *insert* ,"or fruit-trees requiring irrigation".

The motion was lost.

Mr. Speaker : Question is—

That clause 3 stand part of the Bill.

The motion was carried

CLAUSE 4

Mr. Speaker : I have received Notices of amendments to Clause 4. These will be deemed to have been read and moved.

20. Comrade Chand Singh Chopra Master: In sub-clause (2) (a), line 3, *for* "seven hectares" *substitute* "six hectares".

21. Comrade Chand Singh Chopra Master: In sub-clause (2) (b), line 1, *for*"eleven" *substitute* "nine".

22. Comrade Chand Singh Chopra Master: In sub-clause (2) (c) *for* "20.5" *substitute* '11'.

23. Comrade Chand Singh Chopra Master : In proviso (i) to sub-clause (2)(d)(i), line 4, *for* "21.8" *substitute* "11".

24. Comrade Chand Singh Chopra Master : For part (ii) of the proviso to sub-clause (2) (d), *substitute* the following :—

"(ii) where the number of members of a family exceeds five, the permissible area shall be increased by one-tenth of the permissible area for each member in excess of five, subject to the condition that additional land shall not exceed 1½ of the ceiling, whatever the extra members are there."

25. Comrade Chand Singh Chopra Master: In sub-clause (3), lines 3-4 *for* "be treated as barani land"*substitute* "first grade land not exceeding 5 hectares", and following explanation shall be inserted after sub-clause (3):—

"Explanation:—First grade land means double crop irrigated land."

26. Comrade Chand Singh Chopra Master :

For sub-clause (5), *substitute* the following—

"(5) In determining the permissible area, any land which was transferred by sale, gift or otherwise, other than bonafide sale or transfer,which are without consideration, otherwise, since, 1955 after coming into operation of the Punjab Security of Land Tenures Act shall be taken into account as if such land had not been transferred. But in the case of bonafide sales after 26th September, 1970, landlord should be asked to return the money to a person to whom he has sold such land. If such land is held by a tenant who has no land of his own or owns less than 2 hectares of land , he should be allowed to keep possession of such land and should be made the owner after payment of nominal compensation."

37. Sardar Harbans Singh Jalal
38. Sardar Jasdev Singh Sandhu
39. Giani Arjan Singh Litt
40. Sardar Balwinder Singh Bhunder
41. Sardar Basant Singh Khalsa

In sub-clause (2) (a) line 3, *for* 'seven' *substitute* "twelve".

42. Sardar Harbans Singh Jalal
43. Sardar Jasdev Singh Sandhu
44. Giani Arjan Singh Litt:
45. Sardar Balwinder Singh Bhunder
46. Sardar Basant Singh Khalsa :

In sub-clause (2) (b), line 1, *for* 'eleven" *substitute* 'sixteen'.

54. Comrade Shamsher Singh Josh
55. Comrade Jangir Singh Joga

delete sub-clause (2) (d)

56. Comrade Shamsher Singh Josh
57. Comrade Jangir Singh Joga

In part (i) of the proviso to sub-clause (2), line 4, for "21.8" *substitute* "20.5"

58. Comrade Shamsher Singh Josh
59. Comrade Jangir Singh Joga :

For sub-clause (3), *substitute* the following :

"(3) where any land is comprised in an orchard, it shall be evaluated according to its productivity and extent of irrigation."

60. Comrade Shamsher Singh Josh :
61. Comrade Jangir Singh Joga :

In sub-clause (5), line 2, *delete* "other than a bonafide sale or transfer"

62. Comrade Shamsher Singh Josh
63. Comrade Jangir Singh Joga

In sub-clause (5), line 3, *delete* "before the commencement of this Act."

64. Sardar Jasdev Singh Sandhu
65. Giani Arjan Singh Litt
66. Sardar Harbans Singh Jalal
67. Sardar Balwinder Singh Bhunder

In sub-clause (2) (a), line 1, after "assured irrigation" *insert* "from Government sources"

68. Sardar Jasdev Singh Sandhu
69. Giani Arjan Singh Litt
70. Sardar Harbans Singh Jalal
71. Sardar Balwinder Singh Bhunder

In sub-clause (2)(c) *between* "land" and "," *insert* "and land irrigated by private tube wells, pumping sets, persian wheels, lift irrigation, etc."

72. Comrade Shamsher Singh Josh
73. Comrade Jangir Singh Joga
74. Comrade Darshan Singh Canadian

In sub-clause (5), line 4, *between* "transferred" and "and" *insert* "and in case of Punjab and Pepsu Laws after 30th day of July, 1958" and add following proviso to sub-clause (5):—

> "Provided that any person who has received an advantage under such transfer of land shall be bound to restore it, or to pay compensation for it, to the persons from whom he received it."

84. Sardar Beant Singh
85. Sardar Kirpal Singh Randhawa
86. Sardar Gurdarshan Singh
87. Shri Bal Ram
88. Sardar Waryam Singh
89. Shri Kanshi Ram
90. Sardar Kirpal Singh Dhillon
91. Sardar Harchand Singh
92. Dr. Amir Singh Kalkat
93. Shri Vishwamitter Sekhri
94. Sardar Gurbachan Singh
95. Sardar Ujagar Singh
96. Dr. Harbhajan Singh
97. Master Dalip Chand
98. Sardar Dilbagh Singh
99. Sardar Prithipal Singh
100. Shrimati Gurbrinder Kaur Brar
101. Shri Balmukand Sharma
102. Sardar Harcharan Singh
103. Master Kundan Singh

After part (ii) of the proviso to sub-clause (2), *add* the following

"(iii) in determining the permissible area for the purpose of clause....(a) ann (b) of sub-section (2), five hectares of land under irrigation from privately owne tubewells, pumping sets etc., shall be equal to 4 hectares of land under irrigatiod

[Mr. Speaker]

from canal as defined in the Northern India canal and Drainage Act, 1873 (Central Act 8 of 1973) , or from State tube-wells, as defined in the Punjab State Tube-wells Act, 1954, (Punjab Act 21 of 1954).",

109. Shri Khushal Bahl :

In sub-clause (2) (c), *for* "20.5" *substitute* "21.8".

ਕਾਮਰੇਡ ਚੰਦ ਸਿਘ ਚੌਪੜਾ ਮਾਸਟਰ : ਨੰਬਰ 20 ਬਾਰੇ ਅਰਜ਼ ਹੈ ਕਿ ਜਿਹੜੀ ਇਕ ਪਰਵਾਰ ਨੂੰ ਜ਼ਮੀਨ ਦੇਣੀ ਹੈ ਉਹ 7 ਹੈਕਟਰ ਦੀ ਬਜਾਏ 6 ਹੈਕਟਰ ਹੋਣੀ ਚਾਹੀਦੀ ਹੈ ।

In sub-clause (2) (a), line 3. for "seven hectares" *substitute* "six hectares".

ਇਕ ਫਸਲੀ ਜ਼ਮੀਨ ਜਿਹੜੀ ਹੈ ਉਸ ਦੀ ਹੱਦ 9 ਹੈਕਟਰ ਹੋਣੀ ਚਾਹੀਦੀ ਹੈ । ਇਕ ਫ਼ਸਲ ਵਾਲੀ ਜ਼ਮੀਨ ਵੀ ਕਾਫੀ ਪੈਦਾਵਾਰ ਦੇ ਸਕਦੀ ਹੈ ।

In sub-clause (2) (b), line 1, *for* "eleven" *substitute* "nine".

ਬੇਰਾਨੀ ਜ਼ਮੀਨ ਵੀ 11 ਹੈਕਟਰ ਹੋਣੀ ਚਾਹੀਦੀ ਹੈ । ਪੰਜਾਬ ਵਿਚ ਬੇਰਾਨੀ ਜ਼ਮੀਨ ਵੀ ਕੁਝ ਨਾ ਕੁਝ ਪੈਦਾਵਾਰ ਦੇ ਸਕਦੀ ਹੈ ।

In sub--clause (2) (c), for "20.5", *substitute* "11".

In proviso (i) to sub-clause (2) (d), line 4, for "21.8" substitute "11".

ਸਪੀਕਰ ਸਾਹਿਬ, ਸੀਲਿੰਗ ਤੋਂ ਬਾਅਦ ਇਕ ਪੰਜ ਮੈਂਬਰ ਦੇ ਪਰੀਵਾਰ ਤੋਂ ਵਧ ਜਿਹੜੀ ਜ਼ਮੀਨ ਦੇਣੀ ਹੈ । ਉਹ ਬਾਕੀ ਦੇ ਹਰ ਇਕ ਮੈਂਬਰ ਨੂੰ ਸੀਲਿੰਗ ਦਾ 1/10 ਹਿਸਾ ਦੇਣੀ ਚਾਹੀਦੀ ਹੈ ਤਾਂ ਕਿ ਉਸ ਦੇ ਕੋਲ ਜ਼ਿਆਦਾ ਜ਼ਮੀਨ ਨਾ ਰਹਿ ਸਕੇ ਅਤੇ ਉਹ ਵੀ ਵੱਡੇ ਪਰੀਵਾਰ ਨੂੰ ਸਾਰੀ ਸੀਲਿੰਗ ਦਾ ਡੇਢ ਗੁਣਾ ਦੇਣੀ ਚਾਹੀਦੀ ਹੈ ।

For Part (ii) of the proviso to sub-clause (2) (d), *substitute* the following :—

"(ii) where the number of members of a family exceeds five, the permissible area shall be increased by one-tenth of the permissible area for each member in excess of five , subject to the condition that additional land shall not exceed 1½ of the ceilings, whatever the extra members are there"'

ਸਪੀਕਰ ਸਾਹਿਬ, ਬਾਗਾਂ ਨੂੰ ਜਿਹੜੀ ਛੋਟ ਦਿੱਤੀ ਹੋਈ ਹੈ ਉਹ ਵੀ ਬਹੁਤ ਜ਼ਿਆਦਾ ਹੈ ਬਾਗ ਜਿਹੜੇ ਹਨ ਉਹ 'ਏ' ਕਲਾਸ ਜ਼ਮੀਨ ਵਿੱਚ ਹੁੰਦੇ ਹਨ ਅਤੇ ਉਨ੍ਹਾਂ ਨੂੰ ਪਾਣੀ ਵੀ 5 ਗੁਣਾਂ ਲਗਦਾ ਹੈ । ਜਦੋਂ ਬਾਸੀ ਸਾਹਿਬ ਵਜ਼ੀਰ ਸਨ ਤਾਂ ਉਨ੍ਹਾਂ ਨੇ ਇਹ ਪਾਣੀ ਘਟਾ ਦਿੱਤਾ ਸੀ ਪਰ ਬਾਦਲ ਸਾਹਿਬ ਨੇ ਫਿਰ ਇਹ ਵਧਾ ਦਿੱਤਾ ਹੈ । ਇਹ ਜਿਹੜੀ ਬਾਗਾਂ ਦੀ ਜਿਹੜੀ ਛੋਟ ਹੈ ਉਹ ਵੀ ਘੱਟ ਹੋਣੀ ਚਾਹੀਦੀ ਹੈ ਤੇ 5 ਏਕੜ ਤੋਂ ਵੱਧ ਨਹੀਂ ਹੋਣੀ ਚਾਹੀਦੀ ।

In sub-clause (3), lines 3-4,, *for* "be treated as barani land" substitute "first grade land not ecxceeding 5 hectares", and following explanation shall be inserted after sub-clause (3) :—

"Explanation:—First grade land means double crop irrigated land."

ਸ੍ਰੀ ਸਪੀਕਰ : ਪੜ੍ਹੋ ਨਾ ਸਿਰਫ ਵਿਆਖਿਆ ਕਰੀ ਜਾਓ । ਅਗੇ ਹੀ ਮੈਂ ਕਹਿ ਦਿੱਤਾ ਹੈ ਕਿ ਇਹ ਪੜ੍ਹੀਆਂ ਜਾ ਚੁੱਕੀਆਂ ਹਨ । (Don't read but explain it. I have already said that these have already been read.)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਸਪੀਕਰ ਸਾਹਿਬ, 1955 ਵਿੱਚ ਜਦੋਂ ਪੰਜਾਬ ਸਿਕਿਉਰਿਟੀ ਆਫ ਲੈਂਡ ਟੈਨੋਯਰ ਐਕਟ ਪਾਸ ਹੋਇਆ ਸੀ ਤਾਂ ਉਸ ਵੇਲੇ ਇਹ ਕਿਹਾ ਗਿਆ ਸੀ ਕਿ ਜਿਹੜੀਆਂ ਟਰਾਂਸਫਰਜ਼ ਹੋਣਗੀਆਂ ਉਹ ਨਜਾਇਜ਼ ਹੋਣਗੀਆਂ । ਹੁਣ ਵੀ ਜਿਹੜੀਆਂ ਟਰਾਂਸਫਰਜ਼ ਹੋਈਆਂ ਹਨ ਉਹ ਨਜਾਇਜ਼ ਕਰਾਰ ਦਿੱਤੀਆਂ ਜਾਣ । ਬਸ ਇਹੀ ਮੇਰੀਆਂ ਅਮੈਂਡਮੈਂਟਸ ਸਨ ਜੀ ।

For sub-clause (5), *substitute* the following :—

> "(5) In determining the permissible area, any land which was transferred by sale , gift or otherwise, other than bonafide sale or transfer , which are without consideration otherwise since 1955 after coming into operation of the Punjab Security of Land Tenures Act, shall be taken into account as if such land had not been transferred. But in the case of bonafide sales after 26th September, 1970, landlord should be asked to return the money to a person to whom he has sold such land. If such land is held by a tenant who has no land of his own or owns less than 2 hectares of land he should be allowed to keep possession of such land and should be made, the owner after payment of nominal compensation."

EXTENSION OF TIME OF THE SITTING

ਸ੍ਰੀ ਸਪੀਕਰ : ਹਾਊਸ ਦਾ ਟਾਈਮ ਸਾਢੇ ਚਾਰ ਵਜੇ ਤਕ ਕਰ ਦਿੰਦੇ ਹਾਂ । (ਵਿਘਨ)

(I think the time of the sitting may be extended upto 4.30 p.m.) (Interruption).

ਸਿੱਖਿਆ ਮੰਤਰੀ : ਚਾਰ ਵਜੇ ਤਕ ਕਰ ਲਓ ਜੀ, ਸਾਢੇ ਚਾਰ ਵਜੇ ਤਾਂ ਦੂਸਰੀ ਸਿਟਿੰਗ ਸ਼ੁਰੂ ਹੋਣੀ ਹੈ । (ਵਿਘਨ)

ਸ੍ਰੀ ਸਪੀਕਰ : ਇਹ ਕੰਮ ਚਾਰ ਵਜੇ ਤਕ ਮੁਕਣਾ ਨਹੀਂ । (ਵਿਘਨ) ਹਾਊਸ ਸਾਢੇ ਚਾਰ ਵਜੇ ਤਕ ਐਕਸਟੈਂਡ ਕੀਤਾ ਜਾਂਦਾ ਹੈ । (ਵਿਘਨ)

(The business of the House will not be completed by 4.00 p.m. (Interruption) The time of the sitting is extended upto 4.30 p.m.) (Interruption)

THE PUNJAB LAND REFORMS BILL, (Bill No. 31-PLA. 1972) 1972

(*Resumption of Discussion*)

ਸਰਦਾਰ ਬਲਵਿੰਦਰ ਸਿੰਘ ਭੂੰਡਰ(ਸਰਦੂਲਗੜ੍ਹ): ਸਪੀਕਰ ਸਾਹਿਬ, ਇਹ ਜੋ 7 ਹੈਕਟਰ ਜ਼ਮੀਨ ਰਖੀ ਹੈ ਇਸ ਨਾਲ ਇਕਨਾਮਿਕ ਯੂਨਿਟ ਵਿੱਚ ਫਰਕ ਪਵੇਗਾ । ਇਨ੍ਹਾਂ ਨੇ ਤਾਂ ਕਿਸਾਨਾਂ ਨੂੰ ਬਿਜਲੀ ਪਾਣੀ ਦੇਣ ਦੀ ਸੌਂਹ ਖਾਧੀ ਹੋਈ ਹੈ ਅਤੇ ਹੁਣ ਇਸ ਤਰ੍ਹਾਂ ਕਰਕੇ ਇਹ ਕਿਸਾਨਾਂ ਦੇ ਗਲ ਵਿੱਚ ਸਾਫਾ ਪਾ ਰਹੀ ਹੈ । ਸਾਰੀਆਂ ਅਮੈਂਡਮੈਂਟਾਂ ਬਾਰੇ ਮੇਰੇ ਇਹੀ ਵਿਚਾਰ ਹਨ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਸੈਕਸ਼ਨ 4 ਜਿਹੜਾ ਹੈ ਇਸ ਦੇ ਪਾਰਟ 2 ਵਿੱਚ ਏ. ਬੀ. ਸੀ. ਡੀ. ਚਾਰ ਕਿਸਮ ਦੀ ਗਰੇਡੇਸ਼ਨ ਕੀਤੀ ਹੈ । ਸਾਡੀ ਇਹ ਅਮੈਂਡਮੈਂਟ ਹੈ ਕਿ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਜਿਹੜੀ 'ਡੀ' ਹੈ ਉਹ ਡੀਲੀਟ ਕਰ ਦਿੱਤੀ ਜਾਵੇ ਅਤੇ ਬੈਰਾਨੀ ਜ਼ਮੀਨ ਵੀ 3 ਕਿਸਮ ਦੀ ਹੋਵੇ । ਦੂਸਰੀ ਅਰਜ਼ ਹੈ ਪਰੋਵਾਈਜ਼ੋ ਵਿੱਚ ਲਿਖਿਆ ਹੈ ਮਿਲੀ ਜੁਲੀ ਜ਼ਮੀਨ ਹੋਵੇ ।

Where land consists of two or more classes, the permissible area shall be determined on the basis of relative valuation of such classes of land subject to the condition that it does not exceed 21.8 hectares.

20.5 ਹੈਕਟਰ ਲਿਮਿਟ ਬੈਰਾਨੀ ਜ਼ਮੀਨ ਦੀ ਹੈ, ਉਹੀ ਰਹਿਣ ਦਿਤੀ ਜਾਵੇ ।

ਅਗੇ ਸਬ ਕਲਾਜ਼ (3) ਹੈ ਇਸ ਵਿਚ ਇਹ ਹੈ ਕਿ ਸਾਰੀ ਜ਼ਮੀਨ ਨੂੰ ਬਰਾਨੀ ਟਰੀਟ ਕੀਤਾ ਜਾਵੇ । ਕਲਾਜ਼ 5 ਵਿੱਚ ਲਿਖਿਆ ਹੈ :

In determining the permissible area, any land which was transferred by sale, gift or otherwise, other than a bonafide sale or transfer after the appointed day but before the commencement of this Act, shall be taken into account as if such land had not been transferred and the onus of proving the transfer as bonafide shall be on the transferror.

ਇਹ ਬੜੀ ਬੁਨਿਆਦੀ ਹੈ । ਇਹ ਨਹੀਂ ਪਤਾ ਲਗਦਾ ਹੈ ਕਿ ਬੋਨਾਫਾਈਡ ਦੀ ਕੀ ਡੈਫੀਨੇਸ਼ਨ ਹੈ ।

ਜਿਹੜੀ ਬੀਫੋਰ ਦੀ ਕੁਮੈਨਸਮੈਂਟ ਆਫ ਦੀ ਐਕਟ ਦੀ ਡੀਲੀਸ਼ੀਨ ਦੀ ਅਸੀਂ ਮੰਗ ਕਰ ਰਹੇ ਹਾਂ ਉਹ ਵੀ ਪਾਸ ਕਰ ਦੇਣੀ ਚਾਹੀਦੀ ਹੈ ।

ਇਕ ਅਮੈਂਡਮੈਂਟ ਸਤਵੀਂ ਇਹ ਹੈ ਕਿ ਜੇ ਕਿਸੇ ਲੈਂਡ ਲਾਰਡ ਨੇ ਜ਼ਮੀਨ ਵੇਚ ਦਿੱਤੀ ਹੈ ਤਾਂ ਉਸ ਦਾ ਫਾਇਦਾ ਉਠਾ ਲਿਆ ਹੈ । ਜਿਸ ਨੂੰ ਵੇਚੀ ਹੈ ਉਹ ਸਫਰ ਨਾ ਕਰੇ ।

ਸਿੰਚਾਈ ਮੰਤਰੀ : ਸਪੀਕਰ ਸਾਹਿਬ, ਬੋਨਾਫਾਈਡ ਦੇ ਮੁਤੱਲਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਬਿਲ ਦੇ ਵਿੱਚ ਡਿਫਾਈਨ ਨਹੀਂ ਹੈ । ਇਸ ਦੇ ਬਾਰੇ ਵਿੱਚ ਰੈਡੀਸਨ, ਇਨੈਕਜ਼ਨ ਅਤੇ ਆਰ. ਕੇ. ਮੁਕਰਜੀ ਦੀਆਂ ਲਾਅ ਡਿਕਸ਼ਨਰੀਜ਼ ਵਿੱਚ ਇਹ ਕਲੀਰਲੀ ਡਿਫਾਇੰਡ ਕੀਤਾ ਗਿਆ ਹੈ । ਜੇਕਰ ਕਹੋ ਤਾਂ ਮੈਂ ਪੜ੍ਹ ਦਿੰਦਾ ਹਾਂ ।

(ਆਵਾਜ਼ਾਂ) ਨਹੀਂ ਜੀ, ਨਹੀਂ ਜੀ।) ਸਪੀਕਰ ਸਾਹਿਬ, ਜਿਥੋਂ ਤਕ ਬੋਨਾਫਾਈਡ ਦਾ ਤੁਅੱਲਕ ਹੈ ਇਸ ਬਾਰੇ ਮੈਂ ਇਕ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਸਾਰੀਆਂ ਸੇਲਜ਼ ਬੋਨਾਫਾਈਡ ਨਹੀਂ ਹਨ । ਜਿਹੜੀ ਸੇਲ ਲੈਂਡ ਰਿਫਾਰਮਜ਼ ਐਕਟ ਨੂੰ ਅਵੇਡ ਕਰਦੀ ਹੈ ਉਹ ਇਸ ਵਿੱਚ ਨਹੀਂ ਆਵੇਗੀ । ਇਸ ਲਈ ਜੋਸ਼ ਜੀ ਦੀ ਸ਼ੰਕਾ ਲਾਅ ਦੇ ਮੁਤਾਬਕ ਠੀਕ ਨਹੀਂ ਹੈ ।

Mr. Speaker : Question is—

In sub-clause (2) (a), line 3, *for* "seven" hectares *substitute* "six" hectares.

The motion was lost

Mr. Speaker : Question is—

In sub-clause (2)(b), line 1, *for* "eleven" *substitute* "nine"

The motion was lost.

Mr. Speaker : Question is—

In sub-clause (2)(c), *for* "20.5" *substitute* "11'.

The motion was lost.

Mr. Speaker : Question is—

In proviso (i) to sub-clause (2)(d), line 4 *for* "21.8" *substitute* "11'.

The motion was lost.

Mr. Speaker : Question is—

For part (ii) of the proviso to sub-clause (2) (d) *substitute* the following:—

"(ii) where the number of members of a family exceeds five, the permissible area shall be increased by one-tenth of the permissible area for each member in excess of five, subject to the condition that additional land shall not exceed 1½ of the ceilings, whatever the extra members are there."

The motion was lost.

Mr. Speaker : Question is—

In sub-clause (3), lines 3-4, *for* "be treated as barani land" substitute "first grade land not exceeding 5 hectares". and following explanation shall be inserted after sub-clause (3) :—

"Explanation:—First grade land means double crop irrigated land"

The motion was lost.

Mr. Speaker : Question is—

For sub-clause (5), *substitute* the following :—

"(5) In determining the permissible area, any land which was transferred by sale, gift or otherwise, other than a bonafide sale or transfer, which are without consideration otherwise since 1955 after coming into operation of the Punjab Security of Land Tenures Act shall be taken into account as if such land had not been transferred. But in the case of bonafide sales after 26th September, 1970, landlord should be asked to return the money to a person to whom he has sold such land. If such land is held by a tenant who has no land of his own or owns less than 2 hectares of land, he should be allowed to keep possession of such land and should be made the owner after payment of nominal compensation."

The motion was lost.

Mr. Speaker : Question is—

In sub-clause (2)(a), line 3, *for* "seven" *substitute* "twelve".

The motion was lost.

Mr. Speaker : Question is—

In sub-clause (2) (b), line 1 *for* "eleven" *substitute* "sixteen".

The motion was lost.

Mr. Speaker : Question is—

Delete sub-clause (2) (d).

The motion was lost.

Mr. Speaker : Question is—

In part (i) of the proviso to sub-clause (2), line 4, *for* "21.8" *substitute* "20.5".

The motion was lost.

Mr. Speaker : Question is—

For sub-clause (3), *substitute* the following :—

"(3) where any land is comprised in an orchared, it shall be evaluated according to its productivity and extent of irrigation."

The motion was lost.

Mr. Speaker : Question is—

In sub-clause (5), line 2, delete "other than a *bonafide* sale or transfers,."

The motion was lost

Mr. Speaker : Question is—

In sub-clause (5), line 3, *delete* "before the commencement of this Act."

The motion was lost.

Mr. Speaker : Question is—

In sub-clause (2) (a), line 1, after "assured irrigation" *insert* "from Government sources".

The motion was lost.

Mr. Speaker : Question is—

In sub-clause (2) (c) between "land" and "," *insert* and land irrigated by private tube-wells, pumping sets, persian wheels, lift irrigation. etc."

The motion was lost.

Mr. Speaker : Question is—

In sub-clause (5) line 4, between "transferred" and "and" *insert* "and in case of Punjab and Pepsu Laws after 30th day of July 1958, and *add* the following proviso to sub-clause (5) :—

"Provided that any person who has received an advantage under such transfer of land shall be bound to restore it, or to pay compensation for it, to the persons from whom he received it"

The motion was lost.

Mr. Speaker : Now the next amendment (Nos. 84 to 103) is before the House.

Sardar Beant Singh : Sir, I withdraw my amendment.

Sardar Jasdev Singh Sandhu : At this stage he cannot withdraw his amendment. (Interruptions)

Mr. Speaker : Question is—

After part (ii) of the proviso to sub-clause (2), *add* the following :

"(iii) in determining the permissible area for the purpose of clause ....(a) and (b) of sub-section (2), five hectares of land under irrigation from privately owned tubewells, pumping sets, etc. shall be equal to 4 hectares of land under irrigation from canal as defined in the Northern India Canal and Drainage Act. 1873 (Central Act 8 of 1973) or from state tubewells, as defined in the Punjab State Tubewell Act, 1954, (Punjab Act, 21 of 1954.)"

The motion was lost.

Mr. Speaker : Now the next amendment standing at S.No. 109 is before the House.

Shri Khushal Bahl : Sir, I withdraw my amendment.

Mr. Speaker : Is it the pleasure of the House ?
(Voices Yes, Yes.)

The amendment was by leave of the House withdrawn.

Mr. Speaker : Question is—

That clause 4 stand part of the Bill.

The motion was carried.

CLAUSE 5

Mr. Speaker : I have received notices of amendments to clause 5. These will be deemed to have been read and moved.

8. **Sardar Jaswinder Singh Brar** :
9. **Sardar Jasdev Singh Sandhu** :
10. **Sardar Karnail Singh Marhari** :

In sub-clause (1) line 7, after the word 'son' add "unmarried adult daughter.'

11. **Sardar Jaswinder Singh Brar** :
12. **Sardar Jasdev Singh Sandhu,** :
13. **Sardar Karnail Singh Marhari** :

In sub-clause (1), line10, between "son" and "insert and unmarried adult daughter."

14. **Sardar Jaswinder Singh Brar** :
15. **Sardar Jasdev Singh Sandhu** :
16. **Sardar Karnail Singh Marhari** :

In sub-clause (1), line 10, after "son" occuring for the second time *add* "and unmarried adult daughter."

27. **Comrade Chand Singh Chopra Master**

In sub clause (1) lines 5-6 *for* in such form and manner "substitute" "accompanied by an affidavit."

104. Shrimati Gurdev Kaur, :

In sub-clause (1), line 7, after "adult son" *add* "and adult daughter" and in line 8 after "son" *add* "and daughter" and in line 10, *add* "and daughter" wherever occuraing in the said line.

105. Comrade Shamsher Singh Josh :

In sub-clause (1), line 6, *for* "such period as may be prescribed " *substitute* "within three months of the promulgation of Rules under this Act."

106. Comrade Shamsher Singh Josh :

In sub-clause (1), line 7, *between* "adult" and "son" insert "married" and in line 7, *between* 'son" and "," *insert* separately cultivating land."

107. Comrade Shamsher Singh Josh :

In sub-clause (1), line 7, *for* "separate permissible area" *substitute* "two hectares of first quality land including any land that may already be held by such son in respect of each son."

108. Comrade Shamsher Singh Josh :

In sub-clause (1), line 8-10 delete ',subject to the condition that the.... permissible area of each such son."

110. Comrade Shamsher Singh Josh :
111. Comrade Jangir Singh Joga :
112. Comrade Darshan Singh Canadian :

In sub-clause (2), line 2, *between*)'possession" and "and" *insert* "secondly land transferred in violation of provisions of this Act after the appointed day." and in line 2, for "secondly" *substitutes*"thirdly".

113. Comrade Shamsher Singh Josh :
114. Comrade Jangir Singh Joga :
115. Comrade Darshan Singh Canadian :

In sub-clause (2), line 7, after "commencement" *add* "and the area which was under the permissible area of a tenant under the Punjab Law or the Pepsu Law."

179. Shri Bal Ram :

In sub clause (1), line 7, *after* "son' *add* predeceased son's widow and her children.

ਸਰਦਾਰ [illegible]ਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਇਕ ਗਲ ਦੀ ਤਾਂ ਮੈਂ ਮਨਿਸਟਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਅਡਲਟ ਸੰਨਜ਼ ਨੂੰ ਵਖਰਾ ਯੂਨਿਟ ਦਾ ਹੱਕ ਦਿੱਤਾ ਹੈ। ਪਰ ਜਿਹੜੀਆਂ ਅਨਮੈਰਿਡ ਡਾਟਰਜ਼ ਹਨ ਉਨ੍ਹਾਂ ਨੂੰ ਵਖਰੇ ਯੂਨਿਟ ਦਾ ਹੱਕ ਦੇਣਾ ਨਹੀਂ ਮੰਨਿਆ। ਮੇਰੀ ਅਮੈਂਡਮੈਂਟ ਇਹ ਹੈ ਕਿ ਉਨ੍ਹਾਂ ਦਾ ਹੱਕ ਵੀ ਮੰਨਣਾ ਚਾਹੀਦਾ ਹੈ। ਬੀਬੀ ਗੁਰਦੇਵ ਕੌਰ

ਜੀ ਨੇ ਵੀ ਤੁਹਾਡੇ ਸਾਹਮਣੇ ਇਸ ਵਿਤਕਰੇ ਵਲ ਧਿਆਨ ਦਿਵਾਇਆ ਹੈ। ਸਪੀਕਰ ਸਾਹਿਬ ਜਦੋਂ ਸਾਡੇ ਤੇ ਹਿੰਦੂ ਸਕਸੈਸ਼ਨ ਐਕਟ ਲਾਗੂ ਹੁੰਦਾ ਹੈ ਤਾਂ ਫਿਰ ਅਨਮੈਰਿਡ ਡਾਟਰਜ਼ ਦਾ ਹਿੱਸਾ ਨਾ ਮੰਨਣਾ ਬੜਾ ਭਾਰੀ ਧੱਕਾ ਹੈ। ਹੋ ਸਕਦਾ ਹੈ ਕਿ ਕੋਈ ਬੀਬੀ ਸ਼ਾਦੀ ਨਾ ਕਰੇ ਇਸ ਲਈ ਭਾਵੇਂ ਉਹ ਅਡਲਟ ਹੋਵੇ ਤਾਂ ਵੀ ਉਸ ਨੂੰ ਜ਼ਮੀਨ ਦਾ ਹਿੱਸਾ ਨਹੀਂ ਮਿਲੇਗਾ। ਇਸ ਲਈ ਮੇਰੀ ਬੇਨਤੀ ਇਹ ਹੈ ਕਿ ਜਿਹੜੀਆਂ ਮੈਂ ਤਰਮੀਮਾਂ ਕੀਤੀਆਂ ਹਨ ਉਨ੍ਹਾਂ ਨੂੰ ਮੰਨ ਲੈਣਾ ਚਾਹੀਦਾ ਹੈ।

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਸਪੀਕਰ ਸਾਹਿਬ, ਇਸ ਕਲਾਜ਼ ਦੀ ਸਬ ਕਲਾਜ਼ (1) ਵਿਚ ਇਹ ਲਿਖਿਆ ਹੈ ਕਿ ਜੇ ਕਿਸੇ ਵਿਅਕਤੀ ਕੋਲ ਜ਼ਿਲ੍ਹੇ ਤੋਂ ਬਾਹਰ ਜ਼ਮੀਨ ਹੋਵੇ ਤਾਂ ਉਹ ਫਾਰਮ ਤੇ ਦਸਤਖਤ ਕਰਕੇ ਇਹ ਇਨਫਰਮੇਸ਼ਨ ਜ਼ਿਲ੍ਹੇ ਦੇ ਕਲੈਕਟਰ ਨੂੰ ਦਿੰਦਾ ਹੈ। ਇਹ ਗਲ ਗਲਤ ਹੈ। ਇਹ ਫਾਰਮ ਕੋਈ ਵੈਲਿਡ ਫਾਰਮ ਨਹੀਂ ਹੁੰਦਾ। ਇਹ ਇਨਫਰਮੇਸ਼ਨ ਉਸ ਨੂੰ ਐਫੀਡੇਵਿਟ ਤੇ ਦੇਣੀ ਚਾਹੀਦੀ ਹੈ ਤਾਂ ਕਿ ਉਸ ਦੇ ਅਗੇਂਸਟ ਕੋਰਟ ਵਿਚ ਵੀ ਕੇਸ ਚਲਾਇਆ ਜਾ ਸਕੇ। ਇਸ ਲਈ ਮੈਂ ਰਿਕੁਐਸਟ ਕਰਦਾ ਹਾਂ ਕਿ ਮੇਰੀ ਇਹ ਅਮੈਂਡਮੈਂਟ ਮੰਨੀ ਜਾਵੇ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਤਿੰਨ ਚਾਰ ਅਮੈਂਡਮੈਂਟਾਂ ਦਿੱਤੀਆਂ ਹਨ। ਸੱਭ ਤੋਂ ਪਹਿਲੀ ਇਹ ਹੈ ਕਿ ਜਦੋਂ ਮਾਲਕ ਨੇ ਆਪਣੀ ਜ਼ਮੀਨ ਡਿਕਲੇਅਰ ਕਰਕੇ ਕਲੈਕਟਰ ਨੂੰ ਇਨਫਰਮੇਸ਼ਨ ਦੇਣੀ ਹੈ, ਇਸ ਦਾ ਸਮਾਂ ਕੋਈ ਨਿਯੁਕਤ ਨਹੀਂ ਕੀਤਾ। ਇਸ ਲਈ ਕੋਈ ਡੇਟ ਪ੍ਰੈਸਕਰਾਈਬ ਕੀਤੀ ਜਾਵੇ ਕਿ ਫਲਾਣੀ ਡੇਟ ਤਕ ਇਹ ਇਨਫਰਮੇਸ਼ਨ ਦੇਣੀ ਪਵੇਗੀ। ਜਦੋਂ ਇਸ ਐਕਟ ਦੇ ਤਹਿਤ ਰੂਲਜ਼ ਬਣ ਜਾਣ ਤਾਂ ਉਸ ਦੇ ਵਿਚ ਇਹ ਲਿਖਿਆ ਜਾਵੇ ਕਿ ਤਿੰਨ ਮਹੀਨੇ ਦੇ ਅੰਦਰ ਇਹ ਲਾਜ਼ਮੀ ਹੋਵੇ ਕਿ ਉਹ ਇਹ ਇਨਫਰਮੇਸ਼ਨ ਦੇਣ। ਦੂਸਰੀ ਅਮੈਂਡਮੈਂਟ ਮੇਰੀ ਇਹ ਹੈ ਕਿ ਸਬ ਕਲਾਜ਼ (1) ਦੀ ਲਾਇਨ 7 ਵਿਚ ਅਡਲਟ ਸੰਨ' ਦੀ ਥਾਂ ਅਡਲਟ ਮੈਰਿਡ ਸੰਨ' ਲਿਖਿਆ ਜਾਵੇ। ਇਹ ਹਕ ਸਿਰਫ ਅਡਲਟ ਮੈਰਿਡ ਸੰਨ ਨੂੰ ਹੀ ਹੋਵੇ।

Sir, my third amendment is that in sub-clause (1) line 7, *for* "separate permissible area" *substitute* "two hectares of first quality land including any land that may already be held by such son in respect of each son."

Mr. Speaker : Question is—

In sub-clause (1) line 7, after the word 'son' add "unmarried adult daughter."

The motion was lost.

Mr. Speaker : Question is—

In sub-clause (*1*) line *10*, between "son" and "," insert "and unmarried adult daughter."

The motion was lost.

Mr. Speaker : Question is—

In sub-clause (1) line 10, after "son" occuring for the second time add "and unmarried adult daughter."

The motion was lost.

Mr. Speaker : Question is—

In sub-clause (1) lines 5-6 for "in such from and manner" substitute "accompanied by an affidavit."

The motion was lost.

Shrimati Gurdev Kaur : Sir, I withdraw my amendment No. 104.

Mr. Speaker : Is it the pleasure of the House ?

(Voices : Yes, Yes.)

The amendment was, by leave , withdrawn.

Mr. Speaker : Question is—

In sub-clause (1) line 6, for "such period as may be prescribed" substitute "within three months of the promulgation of Rules under this Act."

The motion was lost.

Mr. Speaker : Question is—

In sub-clause (1) line 7, between "adult" and "son" insert "married" and in line 7, between "son' and "," insert separtely cultivating land.

The motion was lost.

Mr. Speaker: Question is—

In sub-clause (1), line 7, for "separate permissible area" substitute "two hectares of first quality land including any land that may already be held by such son in respect of each son."

The motion was lost.

Mr. Speaker : Question is—

In sub-slause (1), line 8-10, delete "subject to the condition that the........ permissible area of each such son."

The motion was lost.

Mr. Speaker : Question is—

In sub-clause (2), line 2, between "possession and "and" insert "secondly land transferred in violation of provisions of this Act after the appointed day." and in line 2, for "secondly" substitute "thirdly."

The motion was lost.

Mr. Speaker : Question is—

In sub-clause (2) line 7, after "commencement" add "and the area which was under the permissible area of a tenant under the Punjab Law or the Papsu Law."

The motion was lost.

Shri Balram : Sir, I withdraw my amendment No. 179

Mr. Speaker : Is it the pleasure of the House ?

(Voices, : Yes, yes.)

The amendment was, by leave, withdrawn.

Mr. Speaker : Question is—

That Clause 5 stand part of the Bill.

The motion was carried.

Comrade Shamsher Singh Josh : Sir, I beg to ask for leave to move the following new clause —

(i) "That *after* clause 5, the following new clause shall be *added* :—

'5 A. If any person transfers any land after the appointed date in contravention of the provisions of this Act, the land so transferred shall be deemed to be owned or held by that person in calculating the permissible area. The land exceeding the permissible area so calculated shall be the surplus area of the person and in case the area left with him after such transfer is equal to the surplus area so calculated the entire area left with him shall be deemed to be the surplus area . If the area left with him is less than the surplus area so calculated, the entire area left with him shall be deemed to be the surplus area and to the extent of deficiency in it the land so transferred shall also be deemed to be the surplus area.If there is more than one transferee, the deficiency of the surplus area shall be made up from each of the transferees in proportion to the landtransferred to them."

Mr. Speaker : Motion moved—

That leave be granted to move the following new clause.

"(i) That after clause 5, the following new clause shall be added :—

'5A. If any person transfers any land after the appointed date in contravention of the provisions of this Act the land so transferred shall be deemed to be owned or held by that person in calculating the permissible area. The land exceeding the permissible area so calculated shall be the surplus area of the person and in case the area left with him after such transfer is equal to the surplus area so calculated the entire area left with him shall be deemed to be the surplus area. If the area left with him is less than the surplus area so calculated, the entire area left with him shall be deemed to be the surplus area and to the extent of deficiency in it the Land so transferred shall also be deemed to be the surplus area. If there is more than one transferee, the deficiency of the surplus area shall be made up from each of the transferees in proportion to the land transferred to them.

Mr. Speaker : Question is—

That leave be granted to move the following new clause

"(i) That after clause 5, the following new clause shall be added :—

'5A. If any person transfers any land after the appointed date in contravention of the provisions of this Act the land so transferred shall be deemed to be owned or held by that person in calculating the permissible area. The land exceeding the permissible area so calculated shall be the surplus area of the person and in case the area left with him after such transfer is equal to the surplus area so calculated the entire area left with him shall be deemed to be the surplus area. If the area left with him is less than the surplus area so calculated, the entire area left with him shall be deemed to be the surplus area and to the extent of deficiency in it the land so transferred shall also be deemed to be the surplus area. If there is more than one transferee, the deficiency of the surplus area shall be made up from each of the transferees in proportion to the land transferred to them.

The leave was refused.

CLAUSE 6

Mr. Speaker : Question is—

That Clause 6 stand part of the Bill

The motion was carried.

CLAUSE 7

Mr. Speaker : I have received some notices of amendments to Clause 7. These will be deemed to have been read and moved.

28. Comrade Chand Singh Chopra Master :

In sub clause (3), add the following at the end :—
"and the case should be decided within six months after approval of the Act."

75. Comrade Shamsher Singh Josh :
76. Comrade Jangir Singh Joga :
77. Comrade Darshan Singh Canadian :
78. Comrade Arjan Singh Mastana :

In sub clause (2), line 4, *for* "such an area not exceeding two hectares" *substitute* "four hectare."

79. Sardar Balwinder Singh Bhunder :
80. Sardar Jasdev Singh Sandhu :
81. Giani Arjan Singh Litt :
82. Sardar Harbans Singh Jalal :
83. Sardar Basant Singh Khalsa :

In sub clause (4) (i), line 1, *for* "any judgement, decree " *substitute* "any collusive judgement or consent decree".

116. Sardar Jasdev Singh Sandhu :
117. Giani Arjan Singh Litt :
118. Sardar Harbans Singh Jalal :
119. Sardar Balwinder Singh Bhunder :

In sub clause (2) line 3-7, *for* "the Collector may reduce the permissible area as may be specified in the order " *substitute* "the Collector may recover four times the cost involved in collecting such information through the revenue agency or Rs. 100 whichever is less."

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਇਸਦੇ ਵਿਚ ਕਲੈਕਟਰ ਨੂੰ ਅਖਤਿਆਰ ਦਿੱਤਾ ਗਿਆ ਹੈ ਕਿ ਅਗਰ ਕੋਈ ਲੈਂਡ ਓਨਰ ਰਿਕੁਜ਼ਿਟ ਇਨਫਰਮੇਸ਼ਨ ਵਿਦਿਨ ਪ੍ਰਿਸਕਰਾਇਬਡ ਟਾਈਮ ਨਹੀਂ ਦਿੰਦਾ ਤਾਂ ਉਹ ਆਰਡਰ ਕਰਕੇ ਉਸਦੀ ਪ੍ਰਮਿਸੀਬਲ ਏਰੀਏ ਵਿਚੋਂ 2 ਹੈਕਟੇਅਰ ਜ਼ਮੀਨ ਘਟਾ ਸਕਦਾ ਹੈ।

ਸਪੀਕਰ ਸਾਹਿਬ, ਪੈਪਸੂ ਟੈਨੈਨਸੀ ਐਕਟ ਵਿਚ ਵੀ ਇਸ ਤਰ੍ਹਾਂ ਦੀ ਕਲਾਜ਼ ਸੀ। ਉਸਦੇ ਅਨੁਸਾਰ ਅਗਰ ਕੋਈ ਜ਼ਿਮੀਂਦਾਰ ਡੈਕਲੇਰੇਸ਼ਨ ਨਾ ਕਰਨ ਤਾਂ ਕਲੈਕਟਰ ਉਸ ਦੀ ਜ਼ਮੀਨ 30 ਏਕੜ

ਤੋਂ ਘਟਾ ਕੇ 10 ਏਕੜ ਕਰ ਸਕਦਾ ਸੀ । ਇਸ ਦਾ ਭਾਵ ਇਹ ਹੈ ਕਿ 20 ਏਕੜ ਬਤੌਰ ਜੁਰਮਾਨਾ ਕੀਤਾ ਜਾ ਸਕਦਾ ਸੀ । ਇਨ੍ਹਾਂ ਨੇ ਇਸ ਕਲਾਜ਼ ਦੀ ਸਬ ਕਲਾਜ਼ 2 ਰਾਹੀਂ ਇਹ ਜ਼ੁਰਮਾਨਾ 2 ਹੈਕਟੇਅਰ ਕੀਤਾ । ਮੇਰੀ ਅਮੈਂਡਮੈਂਟ ਇਹ ਹੈ ਕਿ ਇਹ ਜੁਰਮਾਨਾ ਕਲੈਕਟਰ ਨੂੰ 2 ਹੈਕਟੇਅਰ ਦੀ ਬਜਾਏ 4 ਹੈਕਟੇਅਰ ਤਕ ਕਰਨ ਦਾ ਅਖਤਿਆਰ ਹੋਣਾ ਚਾਹੀਦਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਮੇਰੀ ਇਹ ਅਮੈਂਡਮੈਂਟ ਮੰਨ ਲਈ ਜਾਵੇ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਇਕ ਪਾਸੇ ਤਾਂ ਕਿਸਾਨ ਤੋਂ ਜ਼ਮੀਨ ਖੋਹ ਕੇ ਉਨ੍ਹਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਜੇਕਰ ਰੀਟਰਨ ਕਿਸੇ ਕਾਰਨ ਲੇਟ ਹੋ ਜਾਵੇ ਤਾਂ ਪੰਜ ਏਕੜ ਜ਼ਮੀਨ ਖੋਹੀ ਜਾਵੇਗੀ, ਇਹ ਸਜ਼ਾ ਦਿੱਤੀ ਜਾ ਰਹੀ ਹੈ । ਮੈਂ ਇਸ ਬਾਰੇ ਇਕ ਅਮੈਂਡਮੈਂਟ ਵੀ ਦਿੱਤੀ ਹੈ । ਅਨਪੜ੍ਹ ਕਿਸਾਨ ਨੂੰ ਰੀਟਰਨ ਭਰਨ ਲਈ ਬੜੀ ਤਕਲੀਫ ਹੋਵੇਗੀ । ਇਸ ਲਈ ਮੇਰੀ ਇਹ ਅਮੈਂਡਮੈਂਟ ਮੰਨ ਲੈਣੀ ਚਾਹੀਦੀ ਹੈ ।

Mr. Speaker : Question is—

In sub-clause (3), add the following at the end :—
"and the case should be decided within six months after approval of the Act."

The motion was lost.

Mr. Speaker : Question is—

In sub-clause (2), line 4, for "such an area not exceeding two hectares" substitute "four hectares"

The motion was lost.

Mr. Speaker : Question is—

In sub-clause (4) (i), line 1, for "any judgement, decree" substitute "any collusive judement or consent decree"

The motion was lost.

Mr. Speaker : Question is—

In sub-clause (2) line 3-7 for "the collector may reduce the permissible area........as may specified in the order" substitue "the Collector may recover four times the cost involved in collecting such information through the revenue agency or Rs. 100/- whichever is less."

The motion was lost.

Mr. Speaker : Question is—

That Clause 7 stand part of the Bill.

The motion was carried.

CLAUSE 8

Mr. Speaker : There are certain notices of amendments to Clause 8. These will be deemed to have been read and moved.

[Mr. Speaker]

120. Comrade Shamsher Singh Josh :
121. Comrade Jangir Singh Joga :
122. Comrade Darshan Singh Canadian

In line 4, *between* "Act" and "and" *insert* "shall be deemed to have been vested in the State Government with effect from the date of commencement of this Act."

123. Comrade Shamsher Singh Josh :
124. Comrade Jangir Singh Joga :
125. Comrade Darshan Singh Canadian :

In lines 6, *delete* "on the date on which possession thereof........behalf of the State Government", and in line 6, *between* "Government" and "free" insert "with effect from the date of such declaration"

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਕਲਾਜ਼ 8 ਵਿਚ ਇਹ ਕਿਹਾ ਹੋਇਆ ਹੈ ਕਿ vesting of unutilised area ਜਿਹੜੀ ਜ਼ਮੀਨ ਪੰਜਾਬ ਅਤੇ ਪੈਪਸੂ ਐਕਟ ਨਾਲ ਇਕ ਲੱਖ 90 ਹਜ਼ਾਰ ਏਕੜ ਸਰਪਲਸ ਪਈ ਹੈ that shall be deemed to be vested in the State Government ਜਿਹੜਾ ਲੈਂਡ ਲਾਰਡ ਡਿਕਲੇਅਰ ਕਰਦਾ ਹੈ ਤਾਂ ਉਹ ਜ਼ਮੀਨ ਡੇਟ ਆਫ ਡੈਕਲੇਰੇਸ਼ਨ ਤੋਂ ਹੀ ਸਟੇਟ ਵਿਚ ਵੈਸਟ ਕਰਨੀ ਚਾਹੀਦੀ ਹੈ, ਪੋਜ਼ੈਸ਼ਨ ਤੋਂ ਨਹੀਂ ।

Mr. Speaker : Question is—

In line 4, between "Act" and "and" insert "shall be deemed to have been vested in the State Government with effect from the date of commencement of this Act."

The motion was lost.

Mr. Speaker : Question is—

In lines 5-6, delete "on the date on which possession thereof........ behalf of the State Government", and in line 6, between "Government" and "free" insert "with effect from the date of such declaration."

The motion was lost.

Mr. Speaker : Question is—

That Clause 8 stand part of the Bill.

The motion was carried.

CLAUSE 9

Mr. Speaker : There is a notice of an amendment to this clause. It will be deemed to have been read and moved.

129. Comrade Shamsher Singh Josh :
130. Comrade Jangir Singh Joga :
131. Comrade Darshan Singh Canadian :

In sub clause (2), line 4, after "necessary" *add* "and impose such penalty as may be prescribed."

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸੈਕਸ਼ਨ 9 ਦੀ ਸਬ–ਕਲਾਜ਼ 2 ਵਿਚ ਕਿਹਾ ਹੈ ਕਿ ਲੈਂਡ ਲਾਰਡ ਅਗਰ ਆਪਣੀ ਜ਼ਮੀਨ ਦਾ ਕਲੇਮ ਤੇ ਰੀਜ਼ਨੇਬਲ ਕਾਜ਼ ਨਹੀਂ ਦਿੰਦਾ, ਡੀ. ਸੀ. ਦਾ ਆਰਡਰ ਨਹੀਂ ਮੰਨਦਾ ਉਸ ਉੱਤੇ ਪੈਨਲਟੀ ਇੰਪੋਜ਼ ਕਰਨ ਦੀ ਕਲਾਜ਼ ਨਹੀਂ ਹੈ। ਮੇਰੀ ਅਮੈਂਡਮੈਂਟ ਇਹ ਹੈ ਕਿ ਪੈਨਲਟੀ ਇੰਪੋਜ਼ ਕਰਨ ਦੀ ਕਲਾਜ ਹੋਣੀ ਚਾਹੀਦੀ ਹੈ।

Mr. Speaker : Question is—

In sub-clause (2) line 4, after "necessary" add "and impose such penalty as may be prescribed"

The motion was lost.

Mr. Speaker : Question is—

That Clause 9 stand part of the Bill.

The motion was carried.

CLAUSE 10

Mr. Speaker : I have received notices of certain amendments to this Clause. These will be deemed to have been read and moved.

29. Comrade Chand Singh Chopra Master

For sub-clause (1) (i), (ii) (iii))and Explanation substitute following-

"Where any surplus area has vested in the State Government no compensation will be paid to the landlords. In cases it becomes necessary to pay compensation in order to fulfil the legal requirements of the Constitution, it should not exceed 40 times the land revenue or 250 rupee per hectares whichever is less".

132. Comrade Shamsher Singh Josh :
133 Comrade Jangir Singh Joga :
134 Comrade Darshan Singh Canadian :

In sub-clause (i) (iii) for "six times the fair rent ....and five hundred rupees per hectare "**substitute**" ninety times the land revenue or Rs. 500 per hectare whichevers is less"

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰੀਆਂ ਅਮੈਂਡਮੈਂਟਸ ਹਨ। ਇਹ ਸੈਕਸ਼ਨ 3, ਅਤੇ ਸੈਕਸ਼ਨ 10 ਤੇ ਹਨ। ਇਹ ਪ੍ਰਾਈਸ ਦੇ ਬਾਰੇ ਵਿਚ ਹਨ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਕਲਾਜ਼ ਦਸ ਵਿਚ ਕੋਈ ਵੀ ਅਮੈਂਡਮੈਂਟ ਮੂਵ ਨਹੀਂ ਹੋ ਸਕਦੀ ਕਿਉਂਕਿ ਇਨ੍ਹਾਂ ਨੂੰ ਮੂਵ ਕਰਨ ਬਾਰੇ ਗਵਰਨਰ ਦੀ ਪ੍ਰਵਾਨਗੀ ਨਹੀਂ ਹੈ ਇਸ ਕਰਕੇ ਸਾਡੀਆਂ ਬਹੁਤ ਸਾਰੀਆਂ ਅਮੈਂਡਮੈਂਟਸ ਰਿਜੈਕਟ ਹੋਈਆਂ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਹੋਰ ਵੀ ਕਿਸੇ ਦੀ ਨਹੀਂ ਮੂਵ ਹੋਣੀ ਚਾਹੀਦੀ।

Mr. Speaker: The objection of Sardar Jasdev Singh Sandhu is valid These are ruled out of order.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸੈਕਸ਼ਨ ਤੇ ਮੇਰੀ ਇਕ ਅਮੈਂਡਮੈਂਟ ਹੈ ।

ਸ੍ਰੀ ਸਪੀਕਰ : ਇਹ ਗ਼ਲਤ ਹੈ, ਇਹਦੇ ਵਿਚ ਇਕ ਮਨੀਮੈਟਰ ਇਨਵਾਲਵਡ ਹੈ, ਗਵਰਨਰ ਸਾਹਿਬ ਦੀ ਇਸ ਤੇ ਮਨਜ਼ੂਰੀ ਹੋਣੀ ਚਾਹੀਦੀ ਹੈ । (This amendment is out of order. It should have the sanction of the Governor as it involves a money matter).

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੇਰੀ ਗੁਜ਼ਾਰਸ਼ ਇਹ ਹੈ ਕਿ ਇਸ ਵਿਚ ਸਾਡਾ ਕੀ ਕਸੂਰ ਹੈ ਜੇ ਤੁਸੀਂ ਐਡਮਿਟ ਹੋਣ ਤੋਂ ਬਾਅਦ ਅਜ ਕਹੋ ਕਿ ਮਨੀਮੈਟਰ ਹੋਣ ਕਰਕੇ ਇਹ ਪ੍ਰਵਾਨ ਨਹੀਂ । ਅਸੀਂ ਤਾਂ ਤੁਹਾਨੂੰ ਇਹ ਇਨ ਟਾਈਮ ਦੇ ਦਿਤੀ ਸੀ । ਇਹ ਤਾਂ ਇਕ ਬੜੀ ਆਬਜੈਕਸ਼ਨੇਬਲ ਗੱਲ ਹੈ ।

WALK OUT

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ : ਸਪੀਕਰ ਸਾਹਿਬ ਇਸ ਤਰ੍ਹਾਂ ਤੁਸੀਂ ਮੇਰੀ ਇਕ ਅਮੈਂਡਮੈਂਟ ਪਰਵਾਨ ਨਹੀਂ ਕੀਤੀ ਭਾਵੇਂ ਮੈਂ ਇਨ ਟਾਈਮ ਦਿਤੀ ਸੀ । ਪ੍ਰੋਟੈਸਟ ਦੇ ਤੌਰ ਤੇ ਮੈਂ ਵਾਕ ਆਊਟ ਕਰਦਾ ਹਾਂ ।

(ਇਸ ਵੇਲੇ ਆਨਰੇਬਲ ਮੈਂਬਰ ਆਪਣੀ ਸੀਟ ਛਡ ਕੇ ਬਾਹਿਰ ਚਲੇ ਗਏ)

ਸ੍ਰੀ ਸਪੀਕਰ : ਇਹ ਡਿਸਅਲਾਉ ਹੋ ਗਈ ਸੀ ।(That has been disallowed.)

THE PUNJAB REFORMS BILL (Bill No. 3[illegible]-PLA of 1972), 1972
(Resumption of Discussion)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਹੁਣ ਤੁਸੀਂ ਕਹਿੰਦੇ ਹੋ ਕਿ ਗਵਰਨਰ ਸਾਹਿਬ ਤੋ ਮਨਜ਼ੂਰੀ ਨਹੀਂ ਆਈ। ਅਸੀਂ ਕਹਿੰਦੇ ਹਾਂ ਕਿ ਜਦੋ ਅਸੀਂ ਸਮੇਂ ਸਿਰ ਮੂਵ ਕਰ ਦਿਤੀ ਹੈ ਅਤੇ ਤੁਸੀਂ ਉਸ ਨੂੰ ਮੰਨ ਲਿਆ ਐਸ ਮੌਕੇ ਤੇ ਜਦੋਂ ਕਿ ਬਿੱਲ ਅੰਡਰ ਡਿਸਕਸ਼ਨ ਹੈ ਕਹਿ ਦਿੱਤਾ ਕਿ ਇਹ ਡਿਸਅਲਾਊਡ ਕੀਤੀ ਜਾਂਦੀ ਹੈ ....

ਸ੍ਰੀ ਸਪੀਕਰ : ਫਾਈਨੈਂਸ਼ਲ ਇਮਪਲੀਕੇਸ਼ਨ ਤਾਂ ਆਖਿਰ ਹੈ ਹੀ । (It does involve financial implications)

ਕਾਮਰੇਡ ਸੱਤ ਪਾਲ ਡਾਂਗ: ਫਾਈਨੈਂਸ਼ਲ ਇਮਪਲੀਕੇਸ਼ਨ ਤਾਂ ਹੈ ਹੀ ਨਹੀਂ । ਇਹ ਤਾਂ ਹੁੰਦੀ ਜੇ ਖਰਚ ਵਧਦਾ ਅਸੀਂ ਤਾ ਖਰਚ ਘਟਾਉਣਾ ਚਾਹੁੰਦੇ ਹਾਂ ਸਾਨੂੰ ਕਿਸੇ ਮਨਜ਼ੂਰੀ ਦੀ ਕੀ ਲੋੜ ਹੈ ।

(ਇਸ ਵੇਲੇ ਸ੍ਰੀ ਸਪੀਕਰ ਕਲਾਜ਼ ਪਾਸ ਕਰਾਉਣ ਲਗੇ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਤੁਸੀਂ ਪਹਿਲਾਂ ਇਨ੍ਹਾਂ ਕਲਾਜ਼ਾਂ ਦੇ ਉਤੇ ਵੇਖੋ ਕੋਈ ਅਮੈਂਡਮੈਂਟ ਹੈ ? ਤੁਸੀਂ ਇਹ ਬਿੱਲ ਸਾਥੋਂ ਧੱਕੇ ਨਾਲ ਕਿਉਂ ਪਾਸ ਕਰਾਉਂਦੇ ਹੋ ?

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ ਫਾਈਨੈਂਸ਼ਲ ਇਮਪਲੀਕੇਸ਼ਨ ਦਾ ਮਤਲਬ ਇਹ ਹੁੰਦਾ ਹੈ ਕਿ ਜੇ ਸਰਕਾਰ ਦੇ ਐਕਸਚੈਕਰ ਤੇ ਖਰਚ ਪਏ । ਮੈਂ ਤਾਂ ਕਹਾਂਗਾ ਕਿ ਅਗੇ ਲਈ ਵੀ ਤੁਸੀਂ ਆਪਣਾ ਰੂਲਿੰਗ ਰੀਵਾਈਜ਼ ਕਰੋ । ਇਹ ਕੋਈ ਫਾਈਨੈਂਸ਼ਲ ਇਮਪਲੀਕੇਸ਼ਨ ਨਹੀਂ ਹੈ ।

ਸਿੱਖਿਆ ਮੰਤਰੀ : ਸਪੀਕਰ ਸਾਹਿਬ ਕਲਾਜ਼ 11 ਦੇ ਵਿਚ ਇਕ ਜਗ੍ਹਾ ਗਲਤ ਪ੍ਰਿੰਟ ਹੋਇਆ ਹੈ ਇਹ ਠੀਕ ਕਰ ਲਿਆ ਜਾਵੇ ।

ਕਾਮਰੇਡ ਸੱਤ ਪਾਲ ਡਾਂਗ: ਜੇ ਫਾਈਨੈਂਸ਼ਲ ਇਮਪਲੀਕੇਸ਼ਨ ਹੋਵੇ, ਜਾਂ ਵਧ ਪੈਸਾ ਖਰਚ ਹੋਣਾ ਹੋਵੇ ਉਥੇ ਠੀਕ ਹੈ ਸੈਕਸ਼ਨ ਦੀ ਜ਼ਰੂਰਤ ਹੁੰਦੀ ਹੈ। ਪਰ ਅਸੀਂ ਤਾਂ ਇਹ ਕਹਿ ਰਹੇ ਹਾਂ ਕਿ ਮੁਆਵਜ਼ਾ ਅੱਧਾ ਕਰ ਦਿਓ । ਪੈਸਾ ਬਚਾਉਣਾ ਚਾਹੀਦਾ ਹੈ, ਇਸ ਵਿਚ ਵਧ ਕਰਨ ਵਾਲੀ ਤਾਂ ਕੋਈ ਗਲ ਹੈ ਹੀ ਨਹੀਂ ।

ਵਿਕਾਸ ਮੰਤਰੀ : ਸਪੀਕਰ ਸਾਹਿਬ, ਮੈ ਡਾਂਗ ਸਾਹਿਬ ਦੀ ਕੰਟੈਨਸ਼ਨ ਨਾਲ ਸਹਿਮਤ ਹਾਂ, ਇਸ ਮੁਆਮਲੇ ਵਿਚ ਮਨਜ਼ੂਰੀ ਦੀ ਲੋੜ ਨਹੀਂ। ਜਦੋ ਤੁਸੀਂ ਕੋਈ ਡੀਸੀਜ਼ਨ ਦੇ ਹੀ ਦਿੱਤਾ......

ਸ੍ਰੀ ਸਪੀਕਰ . ਉਹ ਤਾਂ ਸਬਜੈਕਟ ਟੂ ਕੁਰੈਕਸ਼ਨ ਹੈ। ਡਾਂਗ ਜੀ, ਤੁਹਾਡੀ ਕੰਟੈਨਸ਼ਨ ਠੀਕ ਜਾਪ ਦੀ ਹੈ। ਜੋਸ਼ ਜੀ ਦੀ ਅਮੈਂਡਮੈਂਟ ਠੀਕ ਜਾਪਦੀ ਹੈ, ਉਹ ਆਪਣੀ ਅਮੈਂਡਮੈਂਟ ਮੂਵ ਕਰਨ ।
(That is subject to correction. Dang Sahib, your contention appears to be right. The amendment moved by Comrade Shamsher Singh Josh is in order, he may move it.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਸ ਬਿੱਲ ਦੀ ਕਲਾਜ਼ 11 ਦੇ ਵਿਚ ਮੇਰੀ ਇਕ ਅਮੈਂਡਮੈਂਟ ਹੈ ਨੰ: (3) ਕਿ ਪਹਿਲੇ 3 ਹੈਕਟੇਅਰ ਵਾਲੇ ਨੂੰ ਤਾਂ ਲੈਂਡ ਰੈਵੇਨਿਊ ਦਾ 12 ਗੁਣਾ ਦੇਣਾ ਪਵੇ ਅਤੇ ਉਸ ਤੋਂ ਵੱਧ ਵਾਲੇ ਨੂੰ 10 ਗੁਣਾ ਲੈਂਡ ਰੈਵੀਨੀਊ ਦਾ ਜਾਂ 500% ਇਨ੍ਹਾਂ ਦੋਨਾਂ ਦੇ ਵਿਚੋਂ ਜਿਹੜਾ ਵੀ ਘਟ ਹੋਵੇ । ਮੈਂ ਮੂਵ ਕਰਦਾ ਹਾਂ ਕਿ ਇਹਦੇ ਵਿਚ ਐਡ ਕਰ ਦਿੱਤਾ ਜਾਵੇ ।

Mr. Speaker: In view of the facts now brought to my notice, my office has properly circulated the amendment and it is in order because it does not involve any additional expenditure out of the consolidated fund.

Mr. Speaker: Question is—

For sub-clause (1) (i), (ii), (iii) and Explanation, *Substitute* following

"where any surplus area has vested in the State Government no compensation will be paid to the landlord. In case it becomes necessary to pay compensation in order to fulfil the legal reqirement of the Constitution, it should not exceed 40 times the land revenue or 250 rupees per hectares whichever is less."

The motion was lost

Mr. Speaker: Question is

In sub-clause (1) (iii), for "six times the fair rent......and five hunderd rupees per hectare "substitute" ninety times the land revenue or Rs, 500 per hectare whichever is less.

The motion was lost

Mr. Speaker: Question is

That clause 10 stand part of the Bill.

The motion was carried

CLAUSE 11.

Mr. Speaker: I have received notices of amendments to clause 11. These will be deemed to have been read and moved.

[Mr. Speaker]

1. Sardar Harchand Singh :

2. Shri Prem Gupta :

"In sub-clause (2) (b) line 4 delete "an".

135. Sardar Gurdarshan Singh

In sub-clause (5) line 2, **delete** "the state".

137. Comrade Shamsher Singh Josh

138. Comrade Jangir Singh Joga

In sub-clause (2) (b), lines 1-2 for "allotment to tenants.. . . .and landless agricultural workes" *Substitute* "allotment to tenants and agricultural worker, preferably of Scheduled Castes and Backwards Classes and to small cultivating land owners".

139. Comrade Shamsher Singh Josh

140. Comrade Jangir Singh Joga,

After sub-clause (3), add the following proviso :—

"provided that an allottee shall be liable to pay an amount equal to 90 times of land revenue or Rs. 500 per hectare which ever is less for the land allotted to him in 10 six monthly instalments ownership rights being conferred on him on the payment of first instalment. "

Shri Prem Gupta: Sir, I have given a notice of amendment which is as under :-

In sub-clause (2) (b), line 4, delete "an".

Education and Revenue Minister (Sardar Umrao Singh): Sir, I accept this amendment.

Mr. Speaker: Question is :-

In sub-clause (2) (b), line 4, **delete** "an".

The motion was carried

Mr. Speaker: The next amenment (No. 135) stands in the name of Sardar Gurdarshan Singh.

Sardar Gurdarshan Singh : Sir, I withdraw my amendment.

Mr. Speaker: Is it the pleasure of the House ?

(Voices: Yes, yes)

The amendment was, by leave, withdrawn.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਕਲਾਜ਼ 11 ਦੇ ਵਿਚ ਸਬ ਕਲਾਜ਼ (2)(1) ਲਾਈਨ 1-2 ਵਿਚ ਜਿਹੜਾ ਅਲਾਟਮੈਂਟ ਟੂ ਟੈਨੇਂਟਸ ਅਤੇ ਲੈਂਡਲੈਸ ਐਗਰੀਕਲਚਰਲ ਵਰਕਰਜ਼

ਲਿਖਿਆ ਹੋਇਆ ਹੈ ਉਥੇ ਇਹ ਮੁਜ਼ਾਰਿਆਂ ਅਤੇ ਖੇਤੀ ਬਾੜੀ ਕਰਨ ਵਾਲੇ ਵਰਕਰਜ਼ ਖਾਸ ਤੌਰ ਤੇ ਜਿਹੜੇ "ਸ਼ੈਡੂਲਡ ਕਾਸਟਸ ਬੈਕਵਰਡ ਕਲਾਸਿਜ਼ ਅਤੇ ਛੋਟੀ ਛੋਟੀ ਜ਼ਮੀਨ ਦੇ ਟੁਕੜਿਆਂ ਦੇ ਮਾਲਕ ਹੋਣ ਇਹ ਪਾ ਦਿੱਤਾ ਜਾਵੇ। ਮੈਂ ਮੂਵ ਕਰਦਾ ਹਾਂ ਕਿ ਮੇਰੀ ਇਹ ਮੋਸ਼ਨ ਐਡ ਕਰ ਦਿੱਤੀ ਜਾਵੇ।

Mr. Speaker: Question is :-

In sub-clause (2) (b), lines 1-2 for "allotment to tenants.... and landless agricultural workers" **substitute** "allotment to tenants and agricultural worker preferably Scheduled Castes and Backward Classes and to small cultivating landowners.'

The motion was lost.

Mr. Speaker: Question is :-

After sub-clause (3), add the following proviso :—
"Provided that an allottee shall be liable to pay an amount equal to 90 times of land revenue or Rs. 500/- per hectare which ever is less for the gland allotted to him in 10 six-monthly instalments ownership right being conferred on him on the payment of first instalment."

The motion was lost

Mr. Speaker: Question is :-

That clause 11, as amended, stand part of the Bill

The motion was carried

CLAUSE 12.

Mr. Speaker: I have received some notices of amendments to clause 12. These will be deemed to have been read and moved.

141. Sardar Jasdev Singh Sandhu
142. Giani Arjan Singh Litt.
143. Sardar Balwinder Singh Bhunder.
144. Sardar Basant Singh Khalsa:
145. Sardar Harbans Singh Jalal:

In sub-clause (4), line 1 **delete** "exchange lease agreement or settlement."

146. Sardar Jasdev Singh Sandhu :
147. Giani Arjan Singh Litt:
148. Sardar Balwinder Singh Bhunder,
149. Sardar Basant Singh Khalsa,
150. Sardar Harbans Singh Jalal.

In sub-caluse (2), line 1 **delete** "exchange, lease, agreement or settlement."

Mr. Speaker: Question is :-

In sub-clause (1) line 4 **delete** "exchange lease agreement of settlement".

The motion was lost.

Mr. Speaker: Question is :-

In sub-clause (2), line 1 delete "exchange, lease, agreement."

The motion was lost.

Mr. Speaker: Question is:-

That Clause 12 stand part of the Bill.

The motion was carried:-

CLAUSE 13

Mr. Speaker :- Question is

That clause 13 stand part of the Bill.

The motion was carried.

CLAUSE 14

Mr. Speaker : I have received some notices of amendments to clause14. These will be deemed to have been read and moved.

30. Comrade Chand Singh Chopra Master
After part (iii) of the Explanation **add** the following:-

"which is registered under the Registration Act."

31. Comrade Chand Singh Chopra Master:

Delete part (v) of the Explanation.

136. Sardar Gurdarshan Singh :

In part (v) of the Explanation **for** "place" **substitute** 'or charitable trust".

173.Sardar Gurdarshan Singh :
174. Sardar Gurbaksh Singh Sibia :

At the end of part (v) of the Explanation, **add** the word "or".

175. Sardar Gurdarshan Singh :
176. Sardar Gurbaksh Singh Sibia :

After part (v) of the Explanation, the following be substituted :—
"(vi) any charitable trust constituted for educational purpose."

ਕਾਮਰੇਡ ਚੰਦ ਸਿੰਘ ਚੋਪੜਾ (ਸ਼ੇਰਪੁਰ ਐਸ. ਸੀ.) . (ਵਿਘਨ) ਮੈਂ ਵੀ ਤੁਹਾਡੇ ਵਾਂਗ ਪੜ੍ਹਿਆ ਲਿਖਿਆ ਹਾਂ, ਗਰੈਜੂਏਟ ਹਾਂ ਆਖਿਰ। (ਵਿਘਨ) ਸਪੀਕਰ ਸਾਹਿਬ, ਇਸ ਕਲਾਜ਼ ਵਿਚ ਇਹ ਕਿਹਾ ਗਿਆ ਹੈ ਕਿ ਜਿਹੜੀ ਜ਼ਮੀਨ ਜਨਤਕ ਕੰਮਾਂ ਲਈ ਦਿਤੀ ਜਾਵੇਗੀ ਉਸ ਨੂੰ ਛੋਟ ਮਿਲੇਗੀ। ਇਸ ਤਰ੍ਹਾਂ ਤਾਂ ਜਿਸ ਕੋਲ ਵੀ ਫਾਲਤੂ ਜ਼ਮੀਨ ਹੈ ਉਹ ਜਨਤਕ ਕੰਮਾਂ ਲਈ ਦੇਣੀ ਸ਼ੁਰੂ ਕਰ ਦੇਵੇਗਾ। ਇਸ ਲਈ ਮੇਰੀ ਅਮੈਂਡਮੈਂਟ ਹੈ ਕਿ ਕੇਵਲ ਰਜਿਸਟਰ ਅਦਾਰਿਆਂ, ਜਿਵੇਂ ਕਿ ਗੁਰਦਵਾਰਿਆਂ ਆਦਿ ਦੀ ਛੋਟ ਹੋਣੀ ਚਾਹੀਦੀ ਹੈ ਹੋਰ ਕਿਸੇ ਜਨਤਕ ਕੰਮ ਲਈ ਜ਼ਮੀਨ ਦੀ ਛੋਟ ਨਹੀਂ ਹੋਣੀ ਚਾਹੀਦੀ।

Mr. Speaker : Question is—

After part (iii) of the Explanation, *add* the following :-

"Which is registered under the Registration Act."

The motion was lost.

Mr. Speaker : Question is :-

Delete part (v) of the Explanation.

The motion was lost

Sardar Gurdarshan Singh : Sir, I Withdraw my amendments No. 136 and 173, 174

Mr. Speaker : Is it the pleasure of the House?

(Voices : Yes, Yes)

The amendments were by leave, withdrawn.

Sardar Gurdarshan Singh : Sir, I Withdraw my amendment 175& 176

Mr. Speaker: Is it the pleasure of the House?

(Voices: Yes, Yes)

The amendment was, by leave withdrawn.

Mr. Speaker: Question is-

That Clause 14 stand part of the Bill.

The motion was carried.

CLAUSE 15

Mr. Speaker: I have received some notices of amendments to clause 15. These will be deemed to have been read and moved.

32. Comrade Chand Singh Chopra Master :

For part (i) of the proviso to sub-clause (1), substitute the following :-

"(i) the amount payable by the tenant for the land shall be equivalent to four times the land revenue (including rates and casses) payable for such land or two hundred and fifty rupees per hectares, whichever is less; and"

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ ਐਸ. ਸੀ.) : ਸਪੀਕਰ ਸਾਹਿਬ ਮੈਂ ਇਹ ਅਮੈਂਡਮੈਂਟ ਇਸ ਲਈ ਮੂਵ ਕੀਤੀ ਹੈ ਕਿ ਇਸ ਕਲਾਜ਼ ਵਿਚ ਨਾਈਨਟੀ ਟਾਈਮ ਲੈਂਡ ਰੈਵਨਿਊ ਜਾਂ 500 ਰੁਪਏ ਪ੍ਰਤੀ ਹੈਕਟਰ ਜੇ ਮੁਜ਼ਾਰਾ ਦੇਵੇ ਤਾਂ ਉਸ ਨੂੰ ਜ਼ਮੀਨ ਦੀ ਮਾਲਕੀ ਦਾ ਹਕ ਦਿਤਾ ਜਾਵੇਗਾ । ਮੈਂ ਇਸ ਅਮੈਂਡਮੈਂਟ ਦੇ ਜ਼ਰੀਏ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੁਜ਼ਾਰੇ ਨੂੰ ਜ਼ਮੀਨ ਮਾਲੀਆ ਦਾ ਚਾਰ ਗੁਣਾ ਜਾਂ 250 ਰੁਪਏ ਵਿਚ ਜਿਹੜਾ ਵੀ ਘਟ ਹੋਵੇ, ਪ੍ਰਤੀ ਹੈਕਟਰ ਦੇ ਹਿਸਾਬ ਨਾਲ ਦਿਤੀ ਜਾਵੇ ।

Mr. Speaker.: Question is -

For part (1) of the proviso to sub-clause (1) substitute the following:-

"(ii) the amount payable by the tenant for the land shall be equivalent to four times the land revenue (including rates and cesses) payable for such land or two hundred and fifty rupees per hectares, whichever is less; and ."

The motion was lost.

Mr. Speaker: Question is -

That clause 15 stand part of the Bill.

The motion was carried.

CLAUSE 16

Mr. Speaker : Question is—

The clause 16 stand part of the Bill.

The motion was carried.

CLAUSE 17

Mr. Speaker : Question is -

That Clause 17 stand part of the Bill.

The motion was carried.

CLAUSE 18

Mr. Speaker : Question is -

That Clause 18 stand part of the Bill.

The motion was carried.

CLAUSE 19

Mr. Speaker : Question is—

That Clause 19 stand part of the Bill.

The motion was carried.

CLAUSE 20

Mr. Speaker : Question is—

That Clause 20 stand part of the Bill.

The motion was carried.

CLAUSE 21.

Mr. Speaker : I have received some notices of amendments to Clause 21. These will be deemed to have been read and moved.

3. Sardar Harchand Singh
4. Shri Prem Gupta:

In sub-clause (2), line 2, for specified *substitute* "specific".

156. Sardar Jasdev Singh Sandhu:
157. Giani Arjan Singh Litt:
158. Sardar Basant Singh Khalsa:
159. Sardar Harbans Singh Jalal
160. Sardar Balwinder Singh Bhunder:

In sub-clause 2, line , 2, for "specified" substitute specific."

ਸਿੱਖਿਆ ਮੰਤਰੀ (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ ,ਇਹ ਪ੍ਰਿੰਟਿੰਗ ਮਿਸਟੇਕ ਹੈ, ਇਸ ਲਈ ਮੈਂ ਇਸ ਅਮੈਂਡਮੈਂਟ ਨੂੰ ਐਕਸਪਟ ਕਰਦਾ ਹਾਂ ।

Mr. Speaker : Question is-

In sub-clause (2), line, 2, for "specified" *substitute* "specific".

The motion was carried.

Mr. Speaker : In view of amendment at Sr.No. 3-4 having been carried the amendments at Sr. Nos. 156 to 160 are redundant.

Mr. Speaker : Question is -

That clause 21, as amended, stand part of the Bill.

The motion was carried .

CLAUSE 22

Mr. Speaker : Question is—

That clause 22 stand part of the Bill.

The motion was carried.

CLAUSE 23

Mr. Speaker: Question is.

That clause 23 stand part of the Bill.

The motion was carried.

CLAUSE 24

Mr. Speaker: Question is -

That clause 24 stand part of the Bill.

The motion was carried.

CLAUSE 25

Mr. Speaker : Amendment to Clause 25 is out of order.

Mr. Speaker: Question is -

That clause 25 stand part of the Bill.

The motion was carried,

CLAUSE 26

Mr. Speaker: Question is -

That clause 26 stand part of the Bill.

The motion was carried.

CLAUSE 27

Mr. Speaker : I have received an amendment to clause 27. It will be deemed to have been read and moved.

177. Sardar Gurbaksh Singh Sibia :
178. Sardar Gurdarshan Singh

In sub-clause (b), line, 2 between " University and "or" **insert** "any other educational institution.

Sardar Gurdarshan Singh: Sir I withdraw my amendment.

Mr. Speaker : Is it the pleasure of the House.

(Voices: Yes, Yes)

The amendment was, by leave, withdrawn.

Mr. Speaker: Question is :

That clause 27 stand part of the Bill.

The motion was carried.

CLAUSE 28

Mr. Speaker: I have received some notices of amendments to clause 28. These will be deemed to have been read and moved.

ਸਰਦਾਰ ਅਜਾਇਬ ਸਿੰਘ ਸੰਧੂ : (ਮੋਰਿੰਡਾ ਐਸ. ਸੀ) ਸਬ ਕਲਾਜ਼ (2)(1) ਵਿਚ 'ਵਿਚ' ਸ਼ਬਦ ਸੁਪਰਫਲੂਅਸ ਹੈ ।

161. Sardar Jasdev Singh Sandhu
162. Giani Arjan Singh Litt
163. Sardar Basant Singh Khalsa
164. Sardar Harbans Singh Jalal.
165. Sardar Balwinder Singh Bhunder:

In sub-clause (2) (i), line 3, delete "which"

Mr. Speaker: Question is -

In sub-clause (2) (i), line 3, delete "which".

The Motion was lost.

Mr. Speaker : Question is—

That clause 28 stand part of the Bill.

The motion was carried.

Comrade Shamsher Singh Josh : Sir, I beg to ask for leave to move the following new clauses:

"That after clause 28, the following new clauses shall be added:-

29. The State Government shall set up statutory non-official Committees consisting of members chosen out of panel of names submitted by committed parties and mass organization at State District and Sub-Division levels to aid and advise in effective implementation of the Act.

30. The State Government shall set up a quasi-judicial Tribunal for indentification and cancellation of transfers of land made after 30th July, 1958 in violation of provisions of Punjab Law and Pepsu Law."

Mr. Speaker: Motion moved -

That leave be granted to move the following new clauses

That after clause 28, the following new caluses shall be added :-

29. The State Government shall set up statuatory non-official Committees consisting of members chosen put of panel of names submitted by committed parties and mass organisation at State District and Sub-Division levels to aid and advise in effective implementation of the Act.

30. The State Government shall set up a quasi-judicial Tribunal for indentfication and cancellation of transfers of land made after 30th July 1958 in violation of provisions of Punjab Law ahd Pepsu Law."

Mr. Speaker: Question is -

That leave be granted to move the following new clauses ;

That after clause 28, the following new clasuses shall be added:-

29. The State Government shall set up statutory non-official Committees consisting of members chosen out of panel of names submitted by committed parties and mass organizations at State District and sub-Division levels to aid and advise in effective implementation of the Act.

30. The State Government shall set up a quasi-Judicial Tribunal for identification and cancellation of transfers of land made after 30th July, 1958 in violation o: provisions of Punjab Law and Pepsu Law."

The motion was lost.

ਸਰਦਾਰ ਜਸਦੇਵ ਸਿੰਘ ਸੰਧੂ (ਡਕਾਲਾ): ਇਕ ਨਵੀਂ ਕਲਾਜ਼ 29 ਵੀ ਅਸੀਂ ਐਡ ਕਰਨੀ ਚਾਹੁੰਦੇ ਹਾਂ (ਵਿਘਨ) ਸਪੀਕਰ ਸਾਹਿਬ, ਇਹ ਜੋ ਸਾਡੀ ਸਰਕਾਰ ਹੈ ਇਹਦੇ ਵਿਚ ਕਿਸੇ ਗਲ ਦੀ ਫਾਈਨੈਲਿਟੀ ਨਹੀਂ ਹੈ (ਵਿਘਨ) ਖਾਸ ਕਰਕੇ ਜ਼ਮੀਨਾਂ ਦੇ ਮੁਤਅੱਲਕ ਜਦੋਂ ਇਲੈਕਸ਼ਨ ਆਉਂਦੇ ਹਨ ਤਾਂ ਇਨ੍ਹਾਂ ਕੋਲ ਇਕੋ ਹੀ ਨਾਅਰਾ ਹੁੰਦਾ ਹੈ ਕਿ ਜ਼ਮੀਨ ਖੋਹਣੀ ਹੈ (ਵਿਘਨ) ਮੈਂ ਸਮਝਦਾ ਹਾਂ ਕਿ ਲੋਕਾਂ ਨੂੰ ਪਤਾ ਲਗਣਾ ਚਾਹੀਦਾ ਹੈ ਕਿ ਕਿਸ ਤਰੀਕੇ ਨਾਲ ਉਨ੍ਹਾਂ ਦੀ ਇਕਨਾਮਿਕ ਪੁਜ਼ੀਸ਼ਨ ਠੀਕ ਰਹਿ ਸਕਦੀ ਹੈ। ਪੈਦਾਵਾਰ ਕਿਸ ਤਰ੍ਹਾਂ ਨਾਲ ਵਧਾਈ ਜਾ ਸਕਦੀ ਹੈ। ਇਸ ਲਈ ਇਹ ਨਵੀਂ ਕਲਾਜ਼ 29 ਐਡ ਕਰਨੀ ਚਾਹੀਦੀ ਹੈ। ਘਟੋ ਘਟ ਕਿਸਾਨਾਂ ਨੂੰ ਇਹ ਯਕੀਨ ਆਵੇ ਕਿ ਹੁਣ ਅਗੇ 25 ਸਾਲਾਂ ਤਕ ਪੁਜ਼ੀਸ਼ਨ ਇਸ ਤਰ੍ਹਾਂ ਹੀ ਰਹਿਣੀ ਹੈ ਅਤੇ ਉਹ ਜ਼ਮੀਨ ਨੂੰ ਇੰਪਰੂਵ ਕਰ ਸਕਣ। (ਸ਼ੋਰ) (ਵਿਘਨ) ਇਹ ਨਵੀਂ ਕਲਾਜ਼ ਇਸ ਬਿਲ ਵਿਚ ਐਡ ਹੋਣੀ ਚਾਹੀਦੀ ਹੈ ਅਤੇ ਇਸ ਨਾਲ ਸਾਰੇ ਹਾਊਸ ਨੂੰ ਐਗਰੀ ਕਰਨਾ ਚਾਹੀਦਾ ਹੈ।

Mr. Speaker : Motion moved.

That leave be granted to move the following new clause :—

That after clause 28, the following new clause shall be added :—

29. There shall be no amendment of section 4 of chapter II so as to further reduce the permissible area till 25 years from the commencement of this Act.'

Mr. Speaker: Question is -

That leave be granted to move the following new clauses:

That after clause 28, the following new Clauses shall be added:-

29. There shall be no amendment of section 4 of Chapter II so as to further reduce the permissible area till 25 years from the commencement of this Act "

The motion was lost

Sub-clause (i) of clause 1

Mr. Speaker : Question is-

Sub-clause (1) of Clause 1 stand part of the Bill.

The motion was carried.

TITLE

Mr. Speaker: Question is -

That Title be the title of the Bill.

The motion was carried.

Education and Revenue Minister (Sardar Umrao Singh): Sir, I beg to move.

That the Punjab Land Reforms Bill (Bill No. 31-PLA of 1972) 1972 as amended be passed.

Mr. Speaker : Motion moved:-

That the Punjab Land Reforms Bill (Bill No. 31-PLA of 1972) 1972 as amended be passed.

Mr. Speaker: Question is -

That the Punjab Land Reforms Bill (Bill No. 31-PLA of 1972). 1972 as amended be passed.

(*After ascertaining the votes of the House by voices, Mr. Speaker said 'I think Ayes have it.' This opinion was challenged . The bells were sounded. The question was put again and Mr. Speaker said 'I think Ayes have it'. Again it was challenged. The members were asked to rise in their places. Sixty-nine members rose in support of the motion and twenty-three against the motion.*

(*The motion was declared carried.*).

Ayes 69

Noes 23.

The motion was declared carried.

Mr. Speaker: The House stands adjourned till 4.30 p.m. to-day the 14th December, 1972.

4.25 p.m. | *(The Sabha then abjourned till 4.30 p.m. on the same day.)*

APPENDIX

To

Punjab Vidhan Sabha

Debate

VOl. III -No. 3

14th December, 1972 (Morning Sitting)

ESTABLISHMENT OF DISTRICT FOOD LABORATORY BHATINDA

***845 Sardar Jasdev Singh Sandhu**
Sardar Ajaib Singh Sandhu
Sardar Basant Singh Khalsa : Will the Minister for Finance be pleased to sate whether any scheme for the establishment of District Food Laboratory, Bhatinda has been sanctioned by the Government; if so, whether the Laboratory has started functioning, if not the reasons for the same?

Shri Hans Raj Sharma: (a) Yes Sir.

(b) No Sir.

(c) The District Food Laboratory ,Bhatinda could not start functioning due to non-availability of suitable accommodation.

[(ੳ) ਹਾਂ ਜੀ।

(ਅ) ਨਾਂ ਜੀ।

(ੲ) ਫੂਡ ਲਬਾਟਰੀ, ਬਠਿੰਡਾ, ਇਸ ਲਈ ਚਾਲੂ ਨਹੀਂ ਹੋ ਸਕੀ ਕਿਉਂਕਿ ਉਸ ਲਈ ਯੋਗ ਥਾਂ ਨਹੀਂ ਮਿਲ ਸਕੀ।]

758—10-10-73—284 ਕਾਪੀਆਂ ਪੰਜਾਬ ਸਰਕਾਰ ਪਰੈਸ, ਪਟਿਆਲਾ।

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

14th December, 1972

Afternoon sitting)

Vol. III—No. 4

OFFICIAL REPORT

CONTENTS

Thursday, the 14th December, 1972

(Afternoon Sitting)

Punjab Vidhan Sabha Secretariat. Chandigarh.

Price Rs : 21/20 P.

ERRATA

TO

Punjab Vidhan Sabha Debates,

14th December, 1972

(Afternoon sitting)

Vol. III—No. 4

Read	*For*	*Page*	*Line*
ਕਰੇ	ਕਹੇ	(4)3	7
PERSONAL EXPLANATION	PERSUNAL EXPLANATIN	(4)11	1
HARBANS SINGH JALAL	HARBANS SINGH JLAL	(4)11	1
ਕਾਮਰੇਡ ਸੱਤ ਪਾਲ ਡਾਂਗ	ਕਾਮਰਡ ਸੱਤ ਪਾਲ ਡਾਂਗ	(4)12	4
ਸਰਦਾਰ ਸੁਖਦੇਵ ਸਿੰਘ ਢਿਲੋਂ	ਸਰਦਾਰ ਸਖਦੇਵ ਸਿੰਘ ਢਿਲੋਂ	(4)13	12
ਜੈਨਰੇਟਰ	ਜਰਨੇਟਰ	(4)19	8th, 9th from below
ਖੰਰਡ	`ਰਡ	(4)21	5th from below
ਜਨਰੇਟਰ	ਜੈਨ ਟਰ	(4)22	16th 17th from below
ਵਿਚੋਂ	ਵਿ ਚੋਂ ਜ਼	(4)22	14th from below
ਮੁਲਾਜ਼ਮ	ਮੁਲਾਜ਼ਮਾਂ	(4)23	12th from below
ਕੋਈ	ਕਈ	(4)25	15th from below
ਵੇਰ	ਵੈਰ	(4)28	3
ਸੀਮਿੰਟ	ਸੀਮਿ	(4)29	6th from below
ਸਰਦਾਰ ਕਰਨੈਲ ਸਿੰਘ ਮਰੜ੍ਹੀ	ਸਰਦਾਰ ਕਰਨੈਲ ਸਿਘ ਮਰੜ੍ਹੀ	(4)32	10th from below
ਐਕਸਪੰਜ	ਐਕਪੰਜ	(4)33	15th from below
ਕੋਲੇ ਦਾ	ਕੋਲੋ ਦੇ	(4)42	11th from below
ਸਕੇਗੀ	ਸ ਗੀ	(4)48	10th from below
ਡੇਲੀ	ਡਲੀ	(4)49	10

PUNJAB VIDHAN SABHA

Thursday, the 14th December, 1972
(After-noon Sitting)

The Vidhan Sabha met in the hall of the Punjab Vidhan Sabha, Vidhan Bhavan, Sector-1 Chandigarh, at 4-30 *P.M. of the Clock. Mr. Speaker (Sardar Darbara Singh) in the Chair.*

RESOLUTION UNDER ARTICLE 368 OF THE CONSTITUTION

Education Minister (Sardar Umrao Singh) : Sir, I beg to move—

> That this House ratifies the amendments to the Constitution of India falling within the purview of the proviso to clause (2) of Article 368 thereof proposed to be made by the Constitution (Thirtieth Amendment) Bill, 1972, as passed by the two Houses of Parliament.

ਸਪੀਕਰ ਸਾਹਿਬ, ਇਸ ਬਿਲ ਦਾ ਸੁਪਰੀਮ ਕੋਰਟ ਦੇ ਜੁਰਿਸਡਿਕਸ਼ਨ ਤਕ ਅਪੀਲ ਕਰਨ ਦਾ ਸਬੰਧ ਹੈ । ਮੈਂ ਸਮਝਦਾ ਹਾਂ ਕਿ ਇਹ ਕੋਈ ਪੁਲਿਟੀਕਲ ਨੇਚਰ ਦੀ ਗੱਲ ਨਹੀਂ । ਇਹ ਪਰੋਸੀਜਰ ਦੀ ਗੱਲ ਹੈ । ਮੇਰਾ ਖਿਆਲ ਹੈ ਸਾਰਾ ਹਾਊਸ ਇਸ ਨੂੰ ਯੂਨੈਨੀਮਸਲੀ ਪਾਸ ਕਰੇਗਾ ।

Mr. Speaker: Motion moved—

> That this House ratifies the amendments to the Constitution of India falling within the purview of the proviso to clause (2) of Article 368 thereof proposed to be made by the Constitution (Thirtieth Amendment) Bill, 1972, as passed by the two Houses of Parliament.

ਕਾਮਰੇਡ ਸੱਤਪਾਲ ਡਾਂਗ : (ਅੰਮ੍ਰਿਤਸਰ ਪੱਛਮ) ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਸਹਿਮਤ ਹਾਂ ਕਿ ਇਹ ਜ਼ਰੂਰ ਇੰਟਰੋਡਿਊਸ ਕਰਨਾ ਚਾਹੀਦਾ ਹੈ । ਪਰ ਜਿਹੜੀ ਗੱਲ ਮਨਿਸਟਰ ਸਾਹਿਬ ਨੇ ਪਰੋਸੀਜਰ ਦੀ ਕਹੀ ਹੈ, ਬਹੁਤੀ ਇੰਪਾਰਟੈਂਟ ਨਹੀਂ । ਇਹ ਠੀਕ ਹੈ ਕਿ ਹਾਈਕੋਰਟ ਦੇ ਫੈਸਲਿਆਂ ਤੋਂ ਬਾਅਦ ਸੁਪਰੀਮ ਕੋਰਟ ਤੱਕ ਅਪੀਲ ਜਾ ਸਕੇ। ਅੱਗੇ ਵਿਧਾਨ ਵਿਚ ਸੀ ਕਿ ਵੈਲੂਏਸ਼ਨ ਮੁਕੱਰਰ ਸੀ ਕਿ ਅਗਰ ਐਨੀ ਅਮਾਊਂਟ ਤੋਂ ਉਪਰ ਹੈ, ਤਾਂ ਉਹ ਸੁਪਰੀਮ ਕੋਰਟ ਵਿਚ ਜਾ ਸਕਦਾ ਹੈ । ਪਰ ਹੁਣ ਜਿਹੜਾ ਕਰ ਦਿਤਾ ਹੈ ਕਿ ਅਗਰ ਕੋਈ ਇੰਪਾਰਟੈਂਟ ਪੁਆਇੰਟ ਆਫ ਲਾਅ ਇਨਵਾਲਵਡ ਹੈ ਅਤੇ ਰਕਮ ਭਾਵੇਂ ਥੋੜ੍ਹੀ ਦਾ ਹੋਵੇ ਤਾਂ ਉਸ ਦੇ ਉਤੇ ਸੁਪਰੀਮ ਕੋਰਟ ਦੇ ਕੋਲ ਅਪੀਲ ਜਾ ਸਕੇਗੀ । ਇਹ ਠੀਕ ਗੱਲ ਹੈ । ਸੈਂਟਰ ਵਿਚ, ਦਿੱਲੀ ਵਿਚ ਵੀ ਇਨ੍ਹਾਂ ਦੀ, ਕਾਂਗਰਸ ਦੀ ਸਰਕਾਰ ਹੈ । ਮੈਂ ਸਮਝਦਾ ਹਾਂ ਕਿ ਇਸ ਮਾਮਲੇ ਵਿਚ ਬੁਨਿਆਦੀ ਤਬਦੀਲੀਆਂ ਕਰਨ ਦੀ ਲੋੜ ਹੈ । ਮੁੱਖ ਗੱਲ ਇਹ ਹੈ ਕਿ ਹਰ ਕੋਈ ਆਦਮੀ ਸੁਪਰੀਮ ਕੋਰਟ ਵਿਚ ਜਾ ਸਕੇ ਅਤੇ ਉਥੇ ਗਰੀਬ ਆਦਮੀ ਵੀ ਜਾਂ ਸਕੇ । ਇਸ ਪੱਖ ਤੋਂ ਵਿਧਾਨ ਵਿਚ ਤਰਮੀਮ ਕਰਨ ਦੀ ਲੋੜ ਹੈ । ਸਪੀਕਰ ਸਾਹਿਬ, ਸੁਪਰੀਮ ਕੋਰਟ ਵਿਚ ਜੇ ਕਿਸੇ ਨੇ ਜਾਣਾ ਹੋਵੇ ਤਾਂ ਮੈਂ ਦਸਦਾ ਹਾਂ ਕਿ ਉਸ ਦੇ ਉਤੇ ਖਰਚਾ ਕਿਨਾ ਆਉਂਦਾ ਹੈ । ਸੁਪਰੀਮ ਕੋਰਟ ਵਿਚ ਜਾਣ ਵਾਸਤੇ ਖਰਚਾ ਬਹੁਤ ਜ਼ਿਆਦਾ ਆਉਂਦਾ ਹੈ। ਕੋਰਟ ਫੀਸ 250 ਰੁਪਏ ਲਗਦੀ ਹੈ । ਸਾਈਕਲੋਸਟਾਈਲ ਤੇ 150 ਰੁਪਏ ਅਤੇ ਇਸੇ ਤਰ੍ਹਾਂ ਐਡਵੋਕੇਟ ਅਤੇ ਰਿਕਾਰਡ ਤੇ 500 ਰੁਪਿਆ ਲਗਦਾ ਹੈ । ਐਡਮਿਸ਼ਨ ਦੀ ਫੀਸ ਵੀ 1040 ਰੁਪਏ ਲਗ ਜਾਂਦੀ ਹੈ । ਫਿਰ ਪੇਪਰ ਪ੍ਰਿੰਟਿੰਗ ਕਰਨ ਤੇ 2 ਹਜ਼ਾਰ

[ਕਾਮਰੇਡ ਸੱਤਪਾਲ ਡਾਂਗ]

ਰੁਪਿਆ ਲੱਗ ਜਾਂਦਾ ਹੈ । ਫਿਰ ਸਟੇਟਮੈਂਟ ਆਫ ਕੇਸਿਜ਼ ਤਿਆਰ ਕਰਨ ਵਿਚ 5 ਸੌ ਤੋਂ 2 ਹਜ਼ਾਰ ਰੁਪਏ ਤਕ ਲੱਗ ਜਾਂਦਾ ਹੈ । ਜਿਹੜੇ ਤਾਂ ਜੂਨੀਅਰ ਵਕੀਲ ਹੁੰਦੇ ਹਨ ਉਨ੍ਹਾਂ ਦੀ ਤਾਂ ਫੀਸ 5 ਸੌ ਰੁਪਿਆ ਹੁੰਦੀ ਹੈ ਪਰ ਜਿਹੜੇ ਸੀਨੀਅਰ ਵਕੀਲ ਹੁੰਦੇ ਹਨ ਉਹ 10–11 ਹਜ਼ਾਰ ਰੁਪਏ ਤਕ ਲੈ ਲੈਂਦੇ ਹਨ । ਜੇ ਦੋ ਦਿਨ ਸੁਪਰੀਮ ਕੋਰਟ ਵਿਚ ਅਪੀਲ ਚਲਦੀ ਰਹੇ ਤਾਂ ਉਸ ਦਾ ਖਰਚਾ 10 ਹਜ਼ਾਰ ਤੋਂ ਉਪਰ ਤਕ ਚਲਾ ਜਾਂਦਾ ਹੈ, ਤਕਰੀਬਨ 11 ਹਜ਼ਾਰ ਹੀ ਲੱਗ ਜਾਂਦਾ ਹੈ । (ਵਿਘਨ) ਇਸ ਲਈ ਇਹ ਜ਼ਰੂਰੀ ਹੈ ਕਿ ਹਰ ਇਕ ਨੂੰ ਹੱਕ ਹੋਣਾ ਚਾਹੀਦਾ ਹੈ ਕਿ ਸੁਪਰੀਮ ਕੋਰਟ ਵਿਚ ਜਾ ਸਕੇ । ਇਸ ਵੇਲੇ ਇਕ ਮਿਲ ਮਾਲਿਕ ਅਤੇ ਮਜ਼ਦੂਰਾਂ ਦੇ ਵਿਚਕਾਰ ਜੇ ਕੋਈ ਝਗੜਾ ਹੋ ਜਾਵੇ ਅਤੇ ਹਾਈ ਕੋਰਟ ਵਿਚ ਕਿਸੇ ਮਜ਼ਦੂਰ ਦੇ ਖਿਲਾਫ ਕੇਸ ਹੋ ਜਾਵੇ ਤਾਂ ਉਹ ਗਰੀਬ ਅਸਾਨੀ ਨਾਲ ਸੁਪਰੀਮ ਕੋਰਟ ਵਿਚ ਨਹੀਂ ਜਾ ਸਕਦਾ । ਪਰ ਜੇ ਸਰਮਾਏਦਾਰ ਦੇ ਖਿਲਾਫ ਮਾੜਾ ਜਿਹਾ ਕੇਸ ਹੋ ਜਾਵੇ ਤਾਂ ਉਹ ਸਰਮਾਏਦਾਰ ਕੇਸ ਨੂੰ ਲਮਕਾਈ ਰੱਖਦਾ ਹੈ ਅਤੇ ਇਸ ਤਰ੍ਹਾਂ ਗਰੀਬ ਦਾ ਸੁਪਰੀਮ ਕੋਰਟ ਵਿਚ ਚਲੇ ਜਾਣ ਨਾਲ 10 ਹਜ਼ਾਰ ਰੁਪਿਆ ਲਗ ਜਾਂਦਾ ਹੈ । (ਵਿਘਨ) ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਦੇ ਪਿਛੇ ਜਿਹੜੀ ਛੋਟੀ ਜਿਹੀ ਗੱਲ ਹੈ ਉਸ ਦੇ ਉਤੇ ਸਾਨੂੰ ਕੋਈ ਇਤਰਾਜ਼ ਨਹੀਂ । ਇਸ ਲਈ ਇਹ ਅਮੈਂਡਮੈਂਟ ਇੰਟਰੋਡਿਊਸ ਕਰਨੀ ਚਾਹੀਦੀ ਹੈ । ਪਰ ਮੈਂ ਕਾਂਗਰਸ ਪਾਰਟੀ ਕੋਲ ਬੇਨਤੀ ਕਰਾਂਗਾ ਕਿ ਹਿੰਦੁਸਤਾਨ ਦੇ ਵਿਧਾਨ ਦੇ ਵਿਚ ਹਾਲਾਂ ਵੀ ਅਮੀਰ ਅਤੇ ਗਰੀਬ ਨੂੰ ਅਦਾਲਤ ਵਿਚ ਇਨਸਾਫ ਲੈਣ ਦਾ ਇਕੋ ਜਿਹਾ ਮੌਕਾ ਨਹੀਂ ਮਿਲਿਆ । ਸੁਪਰੀਮ ਕੋਰਟ ਵਿਚ ਮਹਿੰਗਾ ਇਨਸਾਫ ਹੈ । ਸੋ ਇਸ ਪੱਖ ਤੇ ਤਬਦੀਲੀ ਲਿਆਉਣ ਦਾ ਇਹ ਯਤਨ ਕਰਨ ।

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ ਐਸ.ਸੀ) : ਸਪੀਕਰ ਸਾਹਿਬ, ਮੈਂ ਵੀ ਇਹ ਜਿਹੜਾ ਸੰਵਿਧਾਨ ਸੰਸ਼ੋਧਨ ਦਾ ਬਿੱਲ ਹੈ, ਉਸ ਦੀ ਰੈਟੀਫੀਕੇਸ਼ਨ ਦੀ ਹਿਮਾਇਤ ਕਰਨ ਵਾਸਤੇ ਖੜਾ ਹੋਇਆ ਹਾਂ। ਇਟ ਇਜ਼ ਏ ਲਾਡੇਬਲ ਐਕਟ । ਇਸ ਦੇ ਰਾਹੀਂ ਇਕ ਗੱਲ ਤਾਂ ਦੂਰ ਹੋਈ । ਇਸ ਤੋਂ ਪਹਿਲਾਂ ਜਿਹੜਾ 20 ਹਜ਼ਾਰ ਦੀ ਮਾਲੀਅਤ ਦਾ ਕੇਸ ਸੀ ਉਸ ਦੀ ਅਪੀਲ ਹੀ ਸੁਪਰੀਮ ਕੋਰਟ ਵਿਚ ਜਾਂ ਸਕਦੀ ਸੀ। ਪਰ ਜੇ 20 ਹਜ਼ਾਰ ਤੋਂ ਇਕ ਰੁਪਿਆ ਵੀ ਘੱਟ ਹੋਵੇ ਤਾਂ ਉਹ ਬਿਲਕੁਲ ਹੀ ਸੁਪਰੀਮ ਕੋਰਟ ਵਿਚ ਨਹੀਂ ਸੀ ਜਾ ਸਕਦਾ । ਪਰ ਮੈਂ ਡਾਂਗ ਸਾਹਿਬ ਨਾਲ ਵੀ ਸਹਿਮਤ ਹਾਂ । ਸਪੀਕਰ ਸਾਹਿਬ, ਜਿਹੜਾ ਗਰੀਬ ਆਦਮੀ ਹੈ ਉਸ ਦੇ ਵਾਸਤੇ ਤਾਂ ਹੁਣ ਵੀ ਸੁਪਰੀਮ ਕੋਰਟ ਵਿਚ ਜਾਣਾ ਬੜਾ ਔਖਾ ਹੈ। ਜਿਸ ਤਰ੍ਹਾਂ ਕਿ ਡਾਂਗ ਸਾਹਿਬ ਨੇ ਵੀ ਦੱਸਿਆ ਹੈ । ਗਿਆਨੀ ਜੀ ਉਠ ਕੇ ਚਲੇ ਗਏ ਹਨ-ਇਨ੍ਹਾਂ ਨੂੰ 2–3 ਮਹੀਨਿਆਂ ਦਾ ਇਸ ਬਾਰੇ ਪਰਸਨਲ ਐਕਸਪੀਰੀਐਂਸ ਹੈ । ਪਰ ਹਾਈਕੋਰਟ ਵਿਚ ਵੀ. ਲੜਨਾ ਬਹੁਤ ਔਖਾ ਹੈ । ਇਕ ਇਕ ਵਕੀਲ ਨੂੰ ਕਈ ਕਈ ਹਜ਼ਾਰ ਰੁਪਿਆ ਫੀਸ ਦੇਣੀ ਪੈਂਦੀ ਹੈ । ਤਕੜਾ ਆਦਮੀ ਤਾਂ ਦੇ ਸਕਦਾ ਹੈ ਪਰ ਗਰੀਬ ਦਾ ਕੀ ਹਾਲ ਹੋਵੇਗਾ ?

ਕਾਮਰੇਡ ਸੱਤਪਾਲ ਡਾਂਗ : ਵਕੀਲਾਂ ਦੀ ਫੀਸ ਤੇ ਵੀ ਸੀਲਿੰਗ ਹੋਣੀ ਚਾਹੀਦੀ ਹੈ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਸ ਦੇ ਹੱਕ ਵਿਚ ਹਾਂ ਕਿ ਵਕੀਲਾਂ ਦੀ ਫੀਸ ਤੇ ਵੀ ਸੀਲਿੰਗ ਹੋਣੀ ਚਾਹੀਦੀ ਹੈ । (ਹਾਸਾ) ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ ।

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਹਿਦੁਸਤਾਨ ਵਿਚ ਹਾਲਾਂ ਵੀ ਇਨਸਾਫ ਮਿਲਣਾ ਬਹੁਤ ਔਖਾ ਹੈ । ਕਿਉਂਕਿ ਜਿਸ ਤਰ੍ਹਾਂ ਡਾਂਗ ਸਾਹਿਬ ਨੇ ਦੱਸਿਆਂ ਹੈ ਕਿ ਸੁਪਰੀਮ ਕੋਰਟ ਵਿਚ ਤਾਂ 10–11 ਹਜ਼ਾਰ ਰੁਪਿਆ ਖਰਚ ਕਰਕੇ ਹੀ ਅਪੀਲ ਕੀਤੀ ਜਾ ਸਕਦੀ ਹੈ । ਇਸ ਲਈ ਜਿਹੜਾ 10–11 ਹਜ਼ਾਰ ਖਰਚ ਸਕਦਾ ਹੋਵੇਗਾ ਉਹੀ ਕੇਸ ਉਥੇ ਲਿਜਾਵੇਗਾ ਇਸ ਕਰਕੇ ਗਰੀਬ ਨੂੰ ਇਨਸਾਫ

ਮਿਲਣਾ ਬੜਾ ਔਖਾ ਹੈ । ਪਰ ਜੇ ਕਿਤੇ ਅਦਾਲਤ ਵਿਚੋਂ ਇਨਸਾਫ ਮਿਲ ਵੀ ਜਾਵੇ ਤਾਂ ਪੁਲਿਸ ਇਨਸਾਫ ਨਹੀਂ ਦਿਵਾਉਣ ਦਿੰਦੀ ।

Mr. Speaker: Sandhu Sahib, please be relevant.

ਸਰਦਾਰ ਅਜਾਇਬ ਸਿੰਘ ਸੰਧੂ: ਸੁਪਰੀਮ ਕੋਰਟ ਨੂੰ ਇਹ ਜਿਹੜੀ ਪਾਵਰ ਦਿਤੀ ਗਈ ਹੈ ਕਿ ਉਹ 20 ਹਜ਼ਾਰ ਦੀ ਮਾਲੀਅਤ ਤੇ, ਅਗਰ ਹਾਈ ਕੋਰਟ ਸਰਟੀਫਾਈ ਕਰ ਦੇਵੇ ਕਿ ਇਹ ਠੀਕ ਕੇਸ ਹੈ (ਵਿਘਨ) ਲੇਕਿਨ ਗਰੀਬ ਆਦਮੀ ਨੂੰ ਇਨਸਾਫ ਨਹੀਂ ਮਿਲਦਾ। ਇਸ ਲਈ ਗਰੀਬ ਆਦਮੀ ਨੂੰ ਇਨਸਾਫ ਦਿਵਾਉਣ ਵਾਸਤੇ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਚਾਹੀਦਾ ਹੈ ਕੋਈ ਲੀਗਲ ਏਡ ਸਿਸਟਮ ਜਾਰੀ ਕਰੇ। ਕਿਉਂਕਿ ਇਹ ਕਹਿੰਦੇ ਹਨ ਕਿ ਸਾਡੀ ਸਮਾਜਵਾਦੀ ਸਰਕਾਰ ਹੈ ਇਸ ਵਾਸਤੇ ਮੈਂ ਇਸ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਗਰੀਬ ਆਦਮੀ 10–11 ਹਜ਼ਾਰ ਰੁਪਿਆ ਖਰਚ ਨਹੀਂ ਕਰ ਸਕਦਾ ? ਉਹ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਨਹੀਂ ਕਰ ਸਕਦਾ ? ਇਹ ਤਾਂ ਹੀ ਹੋ ਸਕਦਾ ਹੈ ਜੇ ਸਰਕਾਰ ਉਸ ਨੂੰ ਕੋਈ ਲੀਗਲ ਏਡ ਦੇਣ ਦਾ ਪ੍ਰਬੰਧ ਕਰੇ । ਪਿਛਲੇ ਸਾਲ ਇਕ ਗਰੀਬ ਹਰੀਜਨ ਮੁਜ਼ਾਰੇ ਨੂੰ ਮੈਂ ਫਾਈਨੈਂਸਲ ਕਮਿਸ਼ਨਰ ਤੋਂ ਇਨਸਾਫ ਦਿਵਾਇਆ । ਫਾਈਨੈਂਸ਼ਲ ਕਮਸ਼ਿਨਰ ਨੇ ਆਰਡਰ ਕਰ ਦਿੱਤਾ ਕਿ ਉਸ ਨੂੰ 12 ਏਕੜ ਜ਼ਮੀਨ ਦਾ ਕਬਜਾ ਦਿਓ । ਪਰ ਕੱਲ ਉਹ ਹਰੀਜਨ ਮੁਜ਼ਾਰਾ ਚੀਫ ਮਨਿਸਟਰ ਸਾਹਿਬ ਨੂੰ ਮਿਲਣ ਵਾਸਤੇ ਆਇਆ ਕਿ ਰੋਪੜ ਦੀ ਸੀ.ਆਈ.ਏ. ਵਾਲੇ ਲੈਂਡ ਲਾਰਡ ਦੀ ਮੱਦਦ ਕਰ ਰਹੇ ਹਨ ਅਤੇ ਉਸ ਨੂੰ ਨਕਸਲ ਵਾੜੀਆਂ ਵਿਚ ਫੜਨ ਨੂੰ ਫਿਰਦੇ ਹਨ ।

ਸ੍ਰੀ ਸਪੀਕਰ : ਕੀ ਇਹ ਰੈਲੇਵੈਂਟ ਹੈ ? (Is it relevant ?)

ਸਰਦਾਰ ਅਜਾਇਬ ਸਿੰਘ ਸੰਧੂ : ਫਿਰ ਉਨ੍ਹਾਂ ਗਰੀਬਾਂ ਨੂੰ ਕੋਈ ਲੀਗਲ ਏਡ ਦਿਓ ?

Mr. Speaker: But this is not relevant.

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਤਾਂ ਉਨ੍ਹਾਂ ਨੂੰ ਲੀਗਲ ਏਡ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਦੂਸਰਾ ਇਹ ਕਿ ਸਾਨੂੰ ਆਜ਼ਾਦ ਹੋਇਆਂ ਨੂੰ 25 ਸਾਲ ਹੋ ਗਏ, ਸੁਪਰੀਮ ਕੋਰਟ ਵਿਚ 14 ਜੱਜ ਹਨ ਅਤੇ ਹੁਣ ਹਾਈ ਕੋਰਟਾਂ ਵਿਚ 245 ਤੋਂ ਵਧਾਕੇ 324 ਕਰ ਦਿੱਤੇ ਗਏ ਹਨ । ਇਸ ਕਰਕੇ ਮੈਂ ਸਮਝਦਾ ਹਾਂ ਕਿ ਜੇ ਗਰੀਬਾਂ ਵਿਚੋਂ ਕੋਈ ਜੱਜ ਐਪੁਆਇੰਟ ਨਹੀਂ ਹੋਵੇਗਾ ਤਾਂ ਫਿਰ ਗਰੀਬਾਂ ਦਾ ਰਖਵਾਲਾ ਕੋਣ ਹੋਵੇਗਾ ? ਇਸ ਲਈ ਗਰੀਬਾਂ ਨੂੰ ਲੀਗਲ ਏਡ ਮਿਲਣੀ ਚਾਹੀਦੀ ਹੈ । ਅਤੇ ਗਰੀਬਾਂ ਵਿਚੋਂ ਪੜ੍ਹੇ ਲਿਖੇ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜੱਜ ਬਣਾਉਣੇ ਚਾਹੀਦੇ ਹਨ ਤਾਂਕਿ ਉਹ ਗਰੀਬਾਂ ਦਾ ਧਿਆਨ ਰੱਖਣ। ਇਸ ਲਈ ਇਹ ਜਿਹੜਾ ਸੰਵਿਧਾਨ ਦਾ ਸੰਸ਼ੋਧਨ ਬਿੱਲ ਹੈ, ਮੈਂ ਇਸ ਦੀ ਰੈਟੀਫੀਕੇਸ਼ਨ ਦਾ ਸਮਰਥਨ ਕਰਦਾ ਹਾਂ ।

Mr. Speaker : Question is—

That this House ratifies the amendments to the Constitution of India falling within the purview of the proviso to clause (2) of Article 368 thereof proposed to be made by the Constitution (Thirtieth Amendment) Bill, 1972, as passed by the two Houses of Parliament.

(The motion was carried)

THE PUNJAB GENERAL SALES TAX (AMENDMENT AND VALIDATION) BILL, 1972 (BILL NO. 36-PLA OF 1972)

Development Minister (Captain Rattan Singh) : Sir, I beg to introduce the Punjab General Sales Tax (Amendment and Validation) Bill (Bill, No. 36-PLA of 1972).

Development Minister : Sir, I beg to move—

> That the Punjab General Sales Tax (Amendment and Validation) Bill (Bill No. 36-PLA of 1972) be taken into consideration at once.

Mr. Speaker : Motion moved—

> That the Punjab General Sales Tax (Amendment and Validation) Bill (Bill No. 36-PLA of 1972) be taken into consideration at once.

ਕਾਮਰੇਡ ਅੱਛਰਾ ਸਿੰਘ : (ਧੂਰੀ) ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਹਿਮਾਇਤ ਕਰਨ ਲਈ ਅਤੇ ਜਨਰਲ ਸਪੋਰਟ ਕਰਨ ਲਈ ਖੜਾ ਹੋਇਆ ਹਾਂ । ਪੰਜਾਬ ਸਰਕਾਰ ਵਲੋਂ ਇਹ ਜਿਹੜੀ ਅਟੈਮਪਟ ਕੀਤੀ ਗਈ ਹੈ ਇਹ ਬਹੁਤ ਅੱਛੀ ਹੈ । ਇਸ ਰਾਹੀਂ ਸੇਲਜ਼ ਟੈਕਸ ਦੇ ਕਾਨੂੰਨ ਵਿਚ ਜਿਹੜਾ ਕੋਈ ਲਾਕੂਨਾ ਵਗੈਰਾਂ ਹੈ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਦੀ ਨਾਲ ਇਸ ਵਿਚ ਹੋਰ ਵੀ ਬਹੁਤ ਅਲਾਈਡ ਚੀਜ਼ਾਂ ਹਨ ਜਿਨ੍ਹਾਂ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਛੋਟੇ ਦੁਕਾਨਦਾਰਾਂ ਨਾਲ ਇਕ ਵਾਇਦਾ ਕੀਤਾ ਸੀ ਕਿ 40,000/- ਰੁਪਏ ਤਕ ਜਿਸ ਦੀ ਸੇਲ ਹੈ ਉਸ ਨੂੰ ਪਹਿਲਾਂ ਸੇਲਜ਼ ਟੈਕਸ ਨੰਬਰ ਲੈਣਾ ਪੈਂਦਾ ਸੀ ਉਸ ਦੀ ਹੱਦ 40,000/- ਰੁਪਏ ਤੋਂ ਵਧਾ ਕੇ 1 ਲੱਖ ਰੁਪਏ ਤਕ ਕਰ ਦਿਤੀ ਜਾਵੇਗੀ । ਮੈਂ ਆਪਣੀ ਪਾਰਟੀ ਵਲੋਂ ਪੰਜਾਬ ਦੀ ਸਰਕਾਰ ਨੂੰ ਇਹ ਅਪੀਲ ਕਰਾਂਗਾ ਕਿ ਜਿਹੜਾ ਵਾਇਦਾ ਉਨ੍ਹਾਂ ਨੇ ਕੀਤਾ ਸੀ ਉਹ ਵੀ ਪੂਰਾ ਕਰਨ ਦੀ ਕੋਸ਼ਿਸ਼ ਕਰਨ । ਅਜ ਕੱਲ ਮਹਿੰਗਾਈ ਬਹੁਤ ਵੱਧ ਗਈ ਹੈ ਅਤੇ ਰੁਪਏ ਦੀ ਕੀਮਤ ਵੀ ਬਹੁਤ ਘੱਟ ਗਈ ਹੈ, ਇਸ ਲਈ ਇਸ ਗੱਲ ਵਲ ਪੰਜਾਬ ਸਰਕਾਰ ਨੂੰ ਧਿਆਨ ਕਰਕੇ ਇਹ ਜਿਹੜੀ 40 ਹਜ਼ਾਰ ਰੁਪਏ ਦੀ ਸੈਲਜ਼ ਟੈਕਸ ਨੰਬਰ ਲੈਣ ਵਾਸਤੇ ਹੱਦ ਹੈ ਉਹ ਵਧਾ ਕੇ 1 ਲੱਖ ਰੁਪਏ ਕਰ ਦੇਣੀ ਚਾਹੀਦੀ ਹੈ ।

ਦੂਸਰਾ ਇਸ ਦੇ ਨਾਲ ਦੀ ਨਾਲ ਇਹ ਜਿਹੜਾ ਸੇਲਜ਼ ਟੈਕਸ ਬਾਰੇ ਕੈਪਟਨ ਸਾਹਿਬ ਨੇ ਦਸਿਆ ਹੈ ਇਹ ਸ਼ਰਾਬ ਵਗੈਰਾ ਤੇ ਜ਼ਰੂਰ ਲਾਉਣਾ ਚਾਹੀਦਾ ਹੈ । ਮੇਰਾ ਖਿਆਲ ਹੈ ਕਿ ਸਾਲ ਵਿਚ ਤਕਰੀਬਨ 30 ਕਰੋੜ ਰੁਪਏ ਦੀ ਸ਼ਰਾਬ ਪੰਜਾਬ ਵਿਚ ਵਿਕਦੀ ਹੈ ਅਤੇ ਜਿਥੇ ਹੋਰ ਐਕਸਾਈਜ਼ ਡਿਊਟੀ ਵਗੈਰਾ ਉਸ ਤੇ ਲਗਦੀ ਹੈ ਉਥੇ ਇਸ ਤੇ ਸੇਲਜ਼ ਟੈਕਸ ਵੀ ਲਗਣਾ ਚਾਹੀਦਾ ਹੈ ਅਤੇ ਇਹ ਸੇਲਜ਼ ਟੈਕਸ ਲਗਣ ਨਾਲ ਮੇਰਾ ਖਿਆਲ ਹੈ ਕਿ 2–3 ਕਰੋੜ ਰੁਪਏ ਦੀ ਆਮਦਨੀ ਹੋ ਸਕਦੀ ਹੈ ।

ਇਸ ਦੇ ਨਾਲ ਦੀ ਨਾਲ ਸਪੀਕਰ ਸਾਹਿਬ, ਛੋਟੇ ਦੁਕਾਨਦਾਰਾਂ ਦੇ ਨਾਲ ਇਨਸਪੈਕਟਰਾਂ ਦਾ ਜੋ ਵਰਤਾਵ ਹੁੰਦਾ ਹੈ ਉਸ ਦੇ ਬਾਰੇ ਵੀ ਗਲ ਕਹੇ ਬਗੈਰ ਮੈਂ ਨਹੀਂ ਰਹਿ ਸਕਦਾ । ਕਈ ਕਿਸਮ ਦੇ ਇਨਸਪੈਕਟਰ ਰਖੇ ਹੋਏ ਹਨ ਅਤੇ ਦੁਕਾਨਦਾਰਾਂ ਨੂੰ ਉਹ ਨਾਜਾਇਜ਼ ਤੰਗ ਕਰਦੇ ਰਹਿੰਦੇ ਹਨ। ਕਈ ਦੁਕਾਨਦਾਰਾਂ ਨਾਲ ਇਨਸਪੈਕਟਰਾਂ ਦੀਆਂ ਮਨਥਲੀਆਂ ਬੰਨ੍ਹੀਆਂ ਹੋਈਆਂ ਹਨ। ਇਸ ਲਈ ਮੈਂ ਆਪਣੀ ਪਾਰਟੀ ਵਲੋਂ ਇਹ ਚੀਜ਼ ਤਜਵੀਜ਼ ਕਰਦਾ ਹਾਂ ਕਿ ਸੇਲਜ਼ ਟੈਕਸ ਜਿਹੜਾ ਹੈ ਉਹ ਫਸਟ ਸਟੇਜ ਤੇ ਹੀ ਲਗ ਜਾਣਾ ਚਾਹੀਦਾ ਹੈ । ਜਦੋਂ ਕੋਈ ਚੀਜ਼ ਮੈਨੂਫੈਕਚਰ ਹੋ ਕੇ ਆਉਂਦੀ ਹੈ ਤਾਂ ਉਸ ਤੇ ਸੇਲਜ਼ ਟੈਕਸ ਉਥੇ ਹੀ ਲਗ ਜਾਣਾ ਚਾਹੀਦਾ ਹੈ ਅਤੇ ਇਹ ਚੀਜ਼ ਪਾਸੀਬਲ ਹੈ, ਹੋ ਸਕਦੀ ਹੈ । ਇਸੇ ਤਰ੍ਹਾਂ ਜਿਹੜੀਆਂ ਚੀਜ਼ਾਂ ਅਸੀਂ ਦੂਸਰਿਆਂ ਸੂਬਿਆਂ

ਤੋਂ ਕਿਧਰੋਂ ਹੋਰ ਮੰਗਵਾਉਂਦੇ ਹਾਂ ਉਨ੍ਹਾਂ ਤੇ ਵੀ ਫਸਟ ਸਟੇਜ ਤੇ ਸੇਲਜ਼ ਟੈਕਸ ਲਗ ਜਾਣਾ ਚਾਹੀਦਾ ਹੈ । ਇਸ ਤਰ੍ਹਾਂ ਕਰਨ ਨਾਲ ਕੁਰਪੱਸ਼ਨ ਖਤਮ ਹੋ ਸਕਦੀ ਹੈ ਅਤੇ ਐਕਸਪਲਾਇਟੇਸ਼ਨ ਖਤਮ ਹੋ ਸਕਦੀ ਹੈ । ਮੈਂ ਆਪਣੀ ਪਾਰਟੀ ਵਲੋਂ ਇਹ ਤਜਵੀਜ਼ ਕਰਦਾ ਹਾਂ ਕਿ ਸਾਰੀਆਂ ਚੀਜ਼ਾਂ ਤੇ ਗੌਰ ਕਰਕੇ ਇਸ ਸਿਸਟਮ ਨੂੰ ਚੇਂਜ ਕੀਤਾ ਜਾਵੇ ਤਾਂ ਬੈਟਰ ਸਾਬਤ ਹੋਵੇਗਾ । ਫਿਰ ਮੇਰੀ ਇਹ ਵੀ ਅਰਜ਼ ਹੈ ਕਿ ਜਿਹੜੇ ਦੁਕਾਨਦਾਰਾਂ ਦੇ ਕੇਸਿਜ਼ ਹੁੰਦੇ ਹਨ ਉਹ ਜਲਦੀ ਤੋਂ ਜਲਦੀ ਨਿਪਟਾਣੇ ਚਾਹੀਦੇ ਹਨ । ਇਹ ਡੇਟ-ਬਾਊਂਡ ਹੋਣੇ ਚਾਹੀਦੇ ਹਨ ਕਿ ਇਤਨੇ ਅਰਸੇ ਵਿਚ ਇਹ ਇਹ ਕੇਸ ਨਿਪਟਾ ਦੇਣੇ ਚਾਹੀਦੇ ਹਨ ਤਾਂ ਕਿ ਦੁਕਾਨਦਾਰਾਂ ਨੂੰ ਪਤਾ ਲਗ ਸਕੇ ਕਿ ਮਹੀਨੇ ਜਾਂ ਦੋ ਮਹੀਨੇ ਵਿਚ ਉਸ ਦੇ ਕੇਸ ਦਾ ਫੈਸਲਾ ਹੋ ਜਾਵੇਗਾ। ਇਸ ਤਰ੍ਹਾਂ ਕਰਨ ਨਾਲ ਰਿਸ਼ਵਤ ਦੇ ਚਾਂਸ ਘਟ ਸਕਦੇ ਹਨ ਅਤੇ ਡੀਪਾਰਟਮੈਂਟ ਵਲੋਂ ਜੋ ਦੁਕਾਨਦਾਰਾਂ ਨੂੰ ਹੈਰਾਸਮੈਂਟ ਹੁੰਦੀ ਹੈ ਉਹ ਵੀ ਖਤਮ ਹੋ ਸਕਦੀ ਹੈ । ਫਿਰ ਪੰਜਾਬ ਸਰਕਾਰ ਨੇ ਜਿਹੜੀ ਅਸੈਸਿੰਗ ਅਥਾਰਟੀ ਨੂੰ ਡਿਸਕਰੀਸ਼ਨ ਵਗੈਰਾ ਦਿਤੀ ਹੋਈ ਹੈ ਉਹ ਵੀ ਘੱਟ ਕਰਨੀ ਚਾਹੀਦੀ ਹੈ । (ਘੰਟੀ) ਜਦੋਂ ਤਕ ਪੰਜਾਬ ਸਰਕਾਰ ਇਨ੍ਹਾਂ ਗੱਲਾਂ ਵਲ ਧਿਆਨ ਨਹੀਂ ਦਿੰਦੀ ਉਦੋਂ ਤਕ ਇਹ ਰਿਸ਼ਵਤ ਵਗੈਰਾਂ ਜਿਹੜੀ ਹੈ ਇਹ ਖਤਮ ਨਹੀਂ ਹੋ ਸਕਦੀ ।

ਸਪੀਕਰ ਸਾਹਿਬ, ਓਵਰਆਲ ਮੈਂ ਇਸ ਬਿਲ ਦੀ ਹਿਮਾਇਤ ਕਰਦਾ ਹਾਂ ਅਤੇ ਇਹ ਪੰਜਾਬ ਸਰਕਾਰ ਨੇ ਜੋ ਅਟੈਮਪਟ ਕੀਤੀ ਹੈ ਕਿ ਸੇਲਜ਼ ਟੈਕਸ ਕਾਨੂੰਨ ਵਿਚ ਜੋ ਲਾਕੂਨੇ ਹਨ ਜਾਂ ਡਰ ਬੈਕਸ ਹਨ ਉਹ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਹ ਬਹੁਤ ਅੱਛੀ ਅਟੈਮਪਟ ਹੈ । ਅੰਤ ਵਿਚ ਮੈਂ ਇਹ ਕਹਾਂਗਾ ਕਿ ਜਿਹੜੇ ਇਹ ਲੋਕਾਂ ਨਾਲ ਵਾਇਦੇ ਕਰਕੇ ਆਏ ਹਨ ਉਨ੍ਹਾਂ ਨੂੰ ਪੂਰਾ ਕਰਨਾ ਚਾਹੀਦਾ ਹੈ । ਇਸ ਦੀ ਜ਼ਿਆਦਾ ਜ਼ਿਮੇਵਾਰੀ ਰੂਲਿੰਗ ਪਾਰਟੀ ਤੇ ਆਉਂਦੀ ਹੈ । (ਘੰਟੀ) (ਵਿਘਨ) ਆਖਿਰ ਵਿਚ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਬੜੀ ਖੁਸ਼ੀ ਹੈ ਕਿ ਮੇਰੇ ਆਨਰੇਬਲ ਦੋਸਤ ਨੇ ਚੰਗੇ ਕੰਮ ਨੂੰ ਐਪਰੀਸ਼ੀਏਟ ਕੀਤਾ ਹੈ। ਸਾਡੀ ਹਮੇਸ਼ਾਂ ਹੀ ਇਹ ਕੋਸ਼ਿਸ਼ ਹੁੰਦੀ ਹੈ ਕਿ ਜਿਹੜੀ ਵੀ ਕਿਸੇ ਚੀਜ਼ ਵਿਚ ਲਾਕੂਨੇ ਹਨ, ਡਰਾ ਬੈਕਸ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੇ । ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਇਕ ਵਾਇਦਾ ਦੁਕਾਨਦਾਰਾਂ ਨਾਲ ਕੀਤਾ ਹੈ ਕਿ 40 ਹਜ਼ਾਰ ਰੁਪਏ ਵਿਕਰੀ ਤੋਂ ਹਦ ਵਧਾ ਕੇ 1 ਲੱਖ ਰੁਪਏ ਸੇਲਜ਼ ਟੈਕਸ ਵਾਸਤੇ ਕਰ ਦਿਆਂਗੇ ਉਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਇਹ ਤਹੱਈਆ ਕੀਤਾ ਹੋਇਆ ਹੈ ਕਿ ਜਿਹੜਾ ਵੀ ਵਾਇਦਾ ਕਰਨਾ ਹੈ ਉਹ ਸੋਚ ਸਮਝ ਕੇ ਕਰਨਾ ਹੈ ਅਤੇ ਉਹ ਕੀਤਾ ਹੋਇਆ ਵਾਇਦਾ ਪੂਰਾ ਕਰਨਾ ਹੈ । ਜੋ ਵਪਾਰੀਆਂ ਦੇ ਨਾਲ ਵਾਇਦਾ ਕੀਤਾ ਗਿਆ ਹੈ ਬੜਾ ਸੋਚ ਸਮਝ ਕੇ ਕੀਤਾ ਹੈ ਅਤੇ ਕੁਝ ਦਿਨਾਂ ਤਕ ਇਨ੍ਹਾਂ ਨੂੰ ਇਸ ਦਾ ਰਿਜ਼ਲਟ ਪਤਾ ਲਗ ਜਾਵੇਗਾ । ਅਸੀਂ ਜੋ ਵੀ ਫੈਸ਼ਲਾ ਕਰਦੇ ਹਾਂ ਬੜਾ ਸੋਚ ਸਮਝ ਕੇ ਅਤੇ ਉਸ ਤਰੀਕੇ ਨਾਲ ਕਰਦੇ ਹਾਂ ਤਾਂ ਕਿ ਕਲ ਨੂੰ ਕੋਈ ਚੈਲੈਂਜ ਨਾ ਕਰ ਦੇਵੇ ।

ਅਸੀਂ ਸਾਰੀਆਂ ਚੀਜ਼ਾਂ ਨੂੰ ਵੇਖ ਕੇ ਹੀ ਇਹ ਬਿਲ ਲਿਆਂਦਾ ਹੈ । ਡਾਂਗ ਸਾਹਿਬ ਨੇ ਇਕ ਚਿੱਠੀ ਲਿਖੀ ਸੀ ਕਿ 40 ਹਜ਼ਾਰ ਦੀ ਬਜਾਏ ਇਕ ਲੱਖ ਦੀ ਤਾਦਾਦ ਕਰ ਦਿਤੀ ਜਾਏ । ਉਸ ਦੇ ਵਿਚ ਥੋੜ੍ਹੀ ਜਿਹੀ ਅੜਚਨ ਸੀ । ਮੈਂ ਉਹ ਇਸ ਹਾਊਸ ਵਿਚ ਅਨਾਊਂਸ ਕਰਦਾ ਹਾਂ ਕਿ ਅੱਜ ਤਕ ਕਿਸੇ ਨੇ ਵੀ ਇਤਨੀ ਵਡੀ ਛੋਟ ਛੋਟੇ ਵਪਾਰੀ ਨੂੰ ਨਹੀਂ ਦਿਤੀ । ਇਹ ਪਹਿਲੀ ਦਫਾ ਹੀ ਹੈ ਕਿ ਅਸੀਂ ਛੋਟੇ ਵਪਾਰੀਆਂ ਨੂੰ ਇਹ ਛੋਟ ਦੇ ਕੇ ਤੇ ਉਨ੍ਹਾਂ ਨੂੰ ਇੰਸਪੈਕਟਰੀ ਰਾਜ ਤੋਂ ਬਚਾਉਣ ਲਈ ਇਹ ਐਕਟ ਲੈ ਆਏ ਹਾਂ । ਪਹਿਲਾਂ ਜਿਨੀਆਂ ਵੀ ਛੋਟਾਂ ਹੁੰਦੀਆਂ ਸਨ ਉਹ ਵਡੇ ਵਪਾਰੀ ਲਈ ਹੀ ਸਨ । ਇਹ ਬਿਲ

[ਵਿਕਾਸ ਮੰਤਰੀ]

ਛੋਟੇ ਵਪਾਰੀ ਲਈ ਇਕ ਬੜਾ ਹੀ ਅਛਾ ਬਿਲ ਹੈ । ਇਸ ਦੇ ਨਾਲ ਕੁਰੱਪਸ਼ਨ ਦਾ ਦਾਇਰਾ ਕ਼ਾਫੀ ਘਟ ਜਾਂਦਾ ਹੈ ਕਿਉਂਕਿ ਇਸ ਬਿਲ ਨਾਲ ਛੋਟੇ ਵਪਾਰੀ ਸਾਰੇ ਬਾਹਰ ਰਹਿ ਜਾਂਦੇ ਹਨ । ਇਸ ਬਿਲ ਵਿਚ ਤਾਂ ਅਸੀਂ ਸਿਰਫ ਦੋ ਗੱਲਾਂ ਹੀ ਕੀਤੀਆਂ ਹਨ । ਇਕ ਤਾਂ ਇਹ ਕਿ ਜਿਹੜੇ ਲਕੂਨੇ ਸਨ ਉਨ੍ਹਾਂ ਨੂੰ ਦੂਰ ਕੀਤਾ ਹੈ ਅਤੇ ਦੂਜੇ ਇਹ ਕਿ ਨਾਰਦਨ ਜ਼ੋਨ ਸਾਰੇ ਦਾ ਸਾਰਾ ਇਕ ਜਿਹਾ ਕਰ ਦਿਤਾ ਜਾਏ ਤਾਂ ਜੋ ਸਾਡੇ ਕਿਸੇ ਵਪਾਰ ਨੂੰ ਨੁਕਸਾਨ ਨਾ ਪਹੁੰਚੇ ਮੈਂ ਇਨ੍ਹਾਂ ਸਾਥੀਆਂ ਦਾ ਧੰਨਵਾਦ ਕਰਦਾ ਹਾਂ ਅਤੇ ਮੂਵ ਕਰਦਾ ਹਾਂ ਕਿ ਇਹ ਬਿਲ ਕਲਾਜ਼ ਬਾਈ ਕਲਾਜ਼ ਮੂਵ ਕਰ ਕੇ ਪਾਸ ਕਰ ਦਿਤਾ ਜਾਵੇ ।

Mr. Speaker : Question is—

That the Punjab General Sales-Tax (Amendment and Validation) Bill (Bill No. 36-PLA of 1972) be taken into consideration at once.

The motion was carried.

Mr. Speaker : Now the House will proceed to consider the Bill Clause by Clause. If the House has no objection, I will put all the Clauses to-gether.

Voices : Yes, Yes.

CLAUSES 2, 3, 4, 5, 6, 7, 8, 9, 10, 11 and 12

Mr. Speaker : Question is—

That Clauses 2,3, 4, 5, 6, 7, 8, 9, 10, 11 and 12 stand part of theBill.

The motion was carried.

CLAUSE 1

Mr. Speaker Question is—

That clause I stand part of the Bill.

The Motion was carried.

TITLE

Mr. Speaker : Question is—

That Title be the Title of the Bill.

The motion was carried.

Development Minister (Captain Rattan Singh) : Sir, I beg to move —

That the Punjab General Sales Tax (Amendment and Validation) Bill (Bill No. 36-PLA of 1972) be passed.

Mr. Speaker : Motion moved—

That the Punjab General Sales Tax (Amendment and Validation) Bill (Bill No. 36-PLA of 1972) be passed.

Mr. Speaker : Question is—

> That the Punjab General Sales Tax (Amendment and Validation) Bill (Bill No. 36-PLA of 1972) be passed.

The motion was carried.

THE PUNJAB ENTERTAINMENTS DUTY (AMENDMENT) BILL, 1972

Development Minister (Captain Rattan Singh) : Sir, I beg to introduce the Punjab Entertainments Duty (Amendment) Bill, 1972.

Development Minister : Sir, I beg to move—

> That the Punjab Entertainments Duty (Amendment) Bill, be taken into consideration at once.

Mr. Speaker : Motion moved—

> That the Punjab Entertainments Duty (Amendment) Bill be taken into consideration at once.

ਕਾਮਰਡ ਸੱਤਪਾਲ ਡਾਂਗ(ਅੰਮ੍ਰਿਤਸਰ ਪੱਛਮ): ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ । ਸਪੀਕਰ ਸਾਹਿਬ, ਇਸ ਬਿਲ ਵਿਚ ਮਾਫੀ ਦੇ ਦੋ ਤਰੀਕੇ ਰਖੇ ਗਏ ਹਨ । ਅਗੇ ਤਾਂ ਇਹ ਹੁੰਦਾ ਸੀ ਕਿ ਐਂਟਰਟੇਨਮੈਂਟ ਡਿਊਟੀ, ਜਿਸ ਨੂੰ ਇਨ੍ਹਾਂ ਨੇ ਟੈਕਨੀਕਲ ਨਾਮ ਦਿਤਾ ਹੋਇਆ ਹੈ, ਟੈਕਸ ਦਾ, ਸਰਕਾਰ ਕਿਸੇ ਫ਼ਿਲਮ ਨੂੰ ਚਗਾ ਕਹਿ ਕੇ ਉਸ ਤੇ ਪੂਰੀ ਛੋਟ ਦੇ ਦਿੰਦੀ ਸੀ ਜਦੋਂ ਸਰਦਾਰ ਬਲਵੰਤ ਸਿੰਘ ਜੀ ਸਾਡੇ ਖ਼ਜ਼ਾਨਾ ਮੰਤਰੀ ਹੁੰਦੇ ਸਨ, ਉਨ੍ਹਾਂ ਦੇ ਸਮੇਂ ਇਸ ਡਿਊਟੀ ਦੀ ਛੋਟ ਬੜੀਆਂ ਫ਼ਿਲਮਾਂ ਨੂੰ ਮਿਲਣ ਲਗ ਪਈ ਸੀ । (ਵਿਘਨ) ਕੈਨੇਡੀਅਨ ਸਾਹਿਬ ਨੇ ਵੀ ਉਨ੍ਹਾਂ ਬਾਰੇ ਜ਼ਿਕਰ ਕੀਤਾ ਸੀ (ਵਿਘਨ)

ਸ੍ਰੀ ਸਪੀਕਰ : ਕਪਤਾਨ ਸਾਹਿਬ, ਸਰਦਾਰ ਬਲਵੰਤ ਸਿੰਘ ਜੀ ਵਲੋਂ ਚਿਠੀ ਆਈ ਹੈ ਕਿ ਮੋਲੈਸਿਜ਼ ਵਾਲਾ ਕੇਸ ਉਨ੍ਹਾਂ ਦੇ ਸਮੇਂ ਵਿਚ ਨਹੀਂ ਸੀ ਹੋਇਆ, ਉਹ ਕੇਸ ਤਾਂ ਸ੍ਰੀ ਗਿੱਲ ਸਾਹਿਬ ਦੇ ਵੇਲੇ ਦਾ ਹੈ ।(Captain sahib, a letter has been received from Sardar Balwant Singh Ex. Finance Minister stating, that the case concerning molasses does not relate to the period of his Ministership, it relates to the period when Shri Gill was in authority.)

ਵਿਕਾਸ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਸਰਦਾਰ ਬਲਵੰਤ ਸਿੰਘ ਜੀ ਦਾ ਨਾਮ ਨਹੀਂ ਸੀ ਲਿਆ । ਮੈਨੂੰ ਤਾਂ ਇਨ੍ਹਾਂ ਨੇ ਰਿਟਾਰਟ ਕੀਤਾ ਅਤੇ ਤਾਂ ਮੈਨੂੰ ਜਵਾਬ ਦੇਣਾ ਪਿਆ (ਵਿਘਨ)

ਕਾਮਰਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਕੇਨੇਡੀਅਨ ਸਾਹਿਬ ਨੇ ਤਾਂ ਪਬਲਿਕ ਅਕਾਊਂਟਸ ਕਮੇਟੀ ਦੀ ਰਿਪੋਰਟ ਵਿਚੋਂ ਪੜ੍ਹ ਕੇ ਸੁਣਾਇਆ ਸੀ । (ਵਿਘਨ)

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਜਿਹੜੀ ਪੂਰੀ ਛੋਟ ਦੇ ਦਿਤੀ ਜਾਂਦੀ ਸੀ, ਇਸ ਦਾ ਪੰਜਾਬ ਵਿਚ ਖੜਾ ਚਰਚਾ ਹੋਇਆ ਕਿ ਇਹ ਛੋਟ ਕਿਉਂ ਦਿਤੀ ਜਾਂਦੀ ਹੈ । ਹੁਣ ਇਹ ਇਹ ਕਰ ਰਹੇ ਹਨ ਅਤੇ ਅਖਤਿਆਰ ਲੈ ਰਹੇ ਹਨ ਕਿ ਜਿਸ ਨੂੰ ਚਾਹੋ ਅੱਧੀ ਛੋਟ ਦੇ ਦਿਉ ਅਤੇ ਜਿਸ ਨੂੰ

[ਕਾਮਰੇਡ ਸੱਤ ਪਾਲ ਡਾਂਗ]

ਚਾਹੋ ਪੂਰੀ ਛੋਟ ਦੇ ਦਿਓ । ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਛੋਟ ਕਿਉਂ ਦਿਤੀ ਜਾਵੇ ? ਅਧੀ ਛੋਟ ਨਾਲ ਸਰਕਾਰ ਨੂੰ ਕੋਈ ਫਾਇਦਾ ਨਹੀਂ ਹੋਣਾ ਕਿਉਂਕਿ ਇਨ੍ਹਾਂ ਨੇ ਅਗੇ ਨਾਲੋਂ ਵੀ ਜ਼ਿਆਦਾ ਫਿਲਮਾਂ ਤੇ ਛੋਟ ਲੈਣੀ ਸ਼ੁਰੂ ਕਰ ਦੇਣੀ ਹੈ । ਇਸ ਦੇ ਨਾਲ ਸਰਕਾਰੀ ਖਜ਼ਾਨੇ ਨੂੰ ਬਹੁਤ ਘਾਟਾ ਪੈਣਾ ਹੈ । ਜੇ ਸਰਕਾਰ ਕੋਈ ਆਪ ਫ਼ਿਲਮ ਬਣਾਏ ਅਤੇ ਉਸ ਤੇ ਛੋਟ ਦੇ ਦੇਵੇ ਤਾਂ ਤੇ ਕੋਈ ਗੱਲ ਸਮਝ ਵਿਚ ਆ ਸਕਦੀ ਹੈ । ਪਰ ਫਿਲਮ ਕੋਈ ਹੋਰ ਬਣਾਏ ਅਤੇ ਸਰਕਾਰ ਉਸ ਨੂੰ ਡਿਊਟੀ ਦੀ ਛੋਟ ਦੇ ਦੇਵੇ ਇਹ ਕਤੱਈ ਦਰੁਸਤ ਗਲ ਨਹੀਂ ਜਾਪਦੀ । ਹਾਂ ਜਿਹੜੀ ਛੋਟੀ ਕਲਾਸ ਹੈ ਅਗਰ ਉਸ ਉਤੇ ਛੋਟ ਦੇ ਦਿਤੀ ਜਾਵੇ ਤਾਂ ਤੇ ਕੋਈ ਗੱਲ ਸਮਝ ਵਿਚ ਆ ਸਕਦੀ ਹੈ ਕਿ ਗਰੀਬਾਂ ਨੂੰ ਸਸਤਾ ਐਂਟਰਟੇਨਮੈਂਟ ਮਿਲ ਸਕੇਗਾ।

ਸਪੀਕਰ ਸਾਹਿਬ, ਦੂਜੀ ਗੱਲ ਇਨ੍ਹਾਂ ਨੇ ਬੜੀ ਅਜੀਬ ਕੀਤੀ ਹੈ । ਇਸ ਸਿਲਸਲੇ ਵਿਚ ਮੋਗਾ ਕਾਂਡ ਹੋਇਆ, ਸ਼ਾਇਦ ਉਸ ਦੇ ਨਾਲ ਇਨ੍ਹਾਂ ਦੀ ਕੋਈ ਤਸੱਲੀ ਨਹੀਂ ਹੋਈ । ਉਸ ਵਿਚ ਕਈ ਮੌਤਾਂ ਹੋਈਆਂ, ਲੱਖਾਂ ਆਦਮੀਆਂ ਨੇ ਰੌਲਾ ਪਾਇਆ ਅਤੇ ਜਲੂਸ ਕੱਢੇ, ਪੁਲੀਸ ਵਾਲਿਆਂ ਨੇ ਜਬਰ ਕੀਤੇ ਅਤੇ ਸਿਨੇਮਾ ਵਾਲਿਆਂ ਨੇ ਬੜੀਆਂ ਜ਼ਿਆਦਤੀਆਂ ਕੀਤੀਆਂ । ਉਨ੍ਹਾਂ ਲਈ ਜਿਹੜੀ ਥੋੜੀ ਬਹੁਤ ਸਜ਼ਾ ਸੀ ਉਹ ਵੀ ਇਨ੍ਹਾਂ ਨੇ ਘਟਾ ਦਿਤੀ । ਪਹਿਲਾਂ ਇਹ ਹੁੰਦਾ ਹੈ ਕਿ ਅਗਰ ਸਿਨੇਮੇ ਦਾ ਮਾਲਕ ਡਿਊਟੀ ਦੀ ਚੋਰੀ ਕਰੇ ਤਾਂ ਜਿੰਨੀ ਚੋਰੀ ਕਰੇ ਉਸ ਤੋਂ ਦੁਗਣੀ ਪਨੈਲਟੀ ਦੇਣੀ ਪੈਂਦੀ ਸੀ ਜਾਂ 250 ਰੁਪਏ ਦੇਣੇ ਪੈਂਦੇ ਸਨ ਜਿਹੜੀ ਵੀ ਰਕਮ ਵੱਧ ਹੋਵੇ । ਪਰ ਹੁਣ ਕਪਤਾਨ ਸਾਹਿਬ ਇਹ ਕਰਨ ਲਗੇ ਹਨ ਕਿ ਜਾਂ ਦੂਣੀ ਜਾਂ 500 ਰੁਪਏ । ਜੇ ਕਰ ਕੋਈ ਸਿਨੇਮੇ ਵਾਲਾ 40 ਰੁਪਏ ਦੀ ਚੋਰੀ ਕਰੇ ਤਾਂ ਉਸ ਦੇ ਕੋਲੋਂ 80 ਰੁਪਏ ਲਵੋ 250 ਰੁਪਏ ਨਾ ਲਵੋ । ਮੋਗੇ ਵਾਲਾ ਸਿਨੇਮਾ ਬੜਾ ਅਛਾ ਹੈ ਉਸ ਕੋਲੋਂ 80 ਰੁਪਏ ਲਵੋ 250 ਰੁਪਏ ਨਾ ਲਵੋ । ਪਤਾ ਨਹੀਂ ਇਹ ਰਾਏ ਕਿਸ ਨੇ ਦਿਤੀ ਹੈ । ਪਤਾ ਨਹੀਂ ਸਿਨੇਮੇ ਨੈਸ਼ਨੇਲਾਈਜ਼ ਕਦੋਂ ਹੋਣੇ ਹਨ, ਪਰ ਇਹ ਸਿਨੇਮਾ ਵਾਲਿਆਂ ਨੂੰ ਛੋਟ ਦਿਤੀ ਜਾਂਦੇ ਹਨ । ਹਾਲੇ ਲਗਦਾ ਹੈ ਕਿ ਮੋਗੇ ਵਾਲੇ ਕਾਂਡ ਨਾਲ ਤਸੱਲੀ ਨਹੀਂ ਹੋਈ, ਪਤਾ ਨਹੀਂ ਗੌਰਮਿੰਟ ਕੀ ਕਰਨਾ ਚਾਹੁੰਦੀ ਹੈ ?

ਸ੍ਰੀ ਸਰਦਾਰੀ ਲਾਲ ਕਪੂਰ : (ਲੁਧਿਆਣਾ ਉੱਤਰ) ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਨੇ ਇਸ ਬਿਲ ਦਾ ਮਤਲਬ ਨਹੀਂ ਸਮਝਿਆ, ਹੈ ਤਾਂ ਉਹ ਬਹੁਤ ਸਿਆਣੇ । ਮੈਂ ਤਾਂ ਇਹ ਸਮਝਦਾ ਹਾਂ ਕਿ ਇਸ ਦੇ ਵਿਚ ਇਹ ਸੀ ਕਿ ਜਿਹੜੀਆਂ ਫ਼ਿਲਮਾਂ ਆਉਂਦੀਆਂ ਸਨ ਪੰਜਾਬ ਗੌਰਮਿੰਟ ਪੂਰੀ ਮੁਆਫੀ ਦੇ ਦਿੰਦੀ ਸੀ । ਉਸ ਦੇ ਲਈ ਇਹ ਕੀਤਾ ਗਿਆ ਹੈ ਕਿ ਖ਼ੂਰੀ ਦੀ ਥਾਂ ਅੱਧੀ ਮੁਆਫ਼ੀ ਦਿਤੀ ਜਾਏ । (ਵਿਘਨ) ਮੈਂ ਸਮਝਦਾ ਹਾਂ ਕਿ ਅਗੇ ਸਾਰੀ ਫ਼ਿਲਮ ਦਾ ਟੈਕਸ ਮਾਫ਼ ਕਰ ਦਿਤਾ ਜਾਂਦਾ ਸੀ ਔਰ ਉਸ ਦੇ ਨਾਲ ਦੂਸਰਿਆਂ ਨੂੰ ਫ਼ਾਇਦਾ ਹੋ ਜਾਂਦਾ ਸੀ ਅਤੇ ਗੌਰਮਿੰਟ ਨੂੰ ਨੁਕਸਾਨ ਹੁੰਦਾ ਸੀ । ਹੁਣ ਛੋਟ ਅੱਧੀ ਕਰਨ ਨਾਲ ਇਹ ਹੋਵੇਗਾ ਕਿ ਸਾਡੇ ਰੈਵਨਿਊ ਦਾ ਬਹੁਤ ਘੱਟ ਨੁਕਸਾਨ ਹੋਵੇਗਾ । ਮੈਂ ਤਾਂ ਇਹ ਵੀ ਕਹਾਂਗਾ ਕਿ ਇਸ ਸਿਲਸਲੇ ਵਿਚ ਘਟ ਤੋਂ ਘਟ ਛੋਟ ਦਿਤੀ ਜਾਵੇ ਅਤੇ ਪੂਰੀ ਛੋਟ ਫਿਲਮ ਤੇ ਬਿਲਕੁਲ ਨਾ ਦਿਤੀ ਜਾਏ । ਇਸ ਲਈ ਇਹ ਜਿਹੜਾ ਬਿਲ ਲਿਆਂਦਾ ਗਿਆ ਹੈ ਇਸ ਵਿਚ ਨੁਕਸਾਨ ਵਾਲੀ ਕੋਈ ਗੱਲ ਨਹੀਂ ਹੈ । ਮੈਂ ਇਤਨੀ ਪ੍ਰਾਰਥਨਾ ਕਰ ਕੇ ਬੈਠ ਜਾਂਦਾ ਹਾਂ ।

ਸਰਦਾਰ ਹਰਬੰਸ ਸਿੰਘ ਜਲਾਲ. (ਫੂਲ) ਮਾਨਯੋਗ ਸਪੀਕਰ ਸਾਹਿਬ, ਭਾਵੇਂ ਸਰਕਾਰ ਕੋਈ ਨਵਾਂ ਬਿਲ ਲਿਆਵੇ ਜਾਂ ਕੋਈ ਅਮੈਂਡਮੈਂਟ ਕਰੇ, ਸਰਕਾਰ ਦੇ ਖਿਆਲ ਅਨੁਸਾਰ ਓਹ ਪ੍ਰੋਗਰੈਸਿਵ ਮਯਰਜ਼ ਹਨ । ਕੱਲ ਵੀ ਸਪੀਕਰ ਸਾਹਿਬ, ਬਿਲ ਆਉਣ ਵਾਲਾ ਹੈ ਜਿਹੜਾ ਇਹ ਨਵੀ ਲੁਟ ਲੁਟਣ ਵਾਸਤੇ ਅਮੈਂਡਮੈਂਟ ਕਰ ਰਹੇ ਹਨ, ਫਿਰ ਵੀ ਸਰਕਾਰ ਦੇ ਅਨੁਸਾਰ ਪ੍ਰੋਗਰੈਸਿਵ ਗੱਲ ਹੈ । ਸਪੀਕਰ ਸਾਹਿਬ, ਕਈ ਵਾਰੀ ਫਿਲਮ ਚੰਗੀ ਹੁੰਦੀ ਹੈ ਪਰ ਫਿਲਮ ਦਾ ਡਿਸਟਰੀਬਿਊਟਰ ਮਨਿਸਟਰ ਦਾ ਆਪਣਾ ਆਦਮੀ

ਹੁੰਦਾ ਹੈ । ਇਸ ਲਈ ਉਸ ਨੂੰ ਪੂਰੀ ਛੋਟ ਦਿੱਤੀ ਜਾਂਦੀ ਹੈ। ਪਰ ਕਈ ਵਾਰੀ ਫਿਲਮ ਤਾਂ ਨਿਹਾਇਤ ਚੰਗੀ ਹੁੰਦੀ ਹੈ ਪਰ ਉਸ ਨੂੰ ਰੁਪਏ ਦੀ ਰੁਪਿਆ ਛੋਟ ਦੇਣ ਦੀ ਬਜਾਏ ਸਰਕਾਰ ਚਾਹੇ ਤਾਂ ਘੱਟ ਛੋਟ ਦੇਵੇ, ਇਸ ਲਈ ਇਹ ਅਮੈਂਡਮੈਂਟ ਲਿਆਂਦੀ ਗਈ ਹੈ। ਜੇ ਫਿਲਮ ਚੰਗੀ ਹੋਵੇ ਅਤੇ ਡਿਸਟਰੀਬਿਊਟਰ ਆਪਣਾ ਆਦਮੀ ਹੋਵੇ ਤਾਂ ਪੂਰੀ ਛੋਟ ਕਰ ਦਿੱਤੀ ਜਾਂਦੀ ਹੈ । (ਵਿਘਨ)

ਸਪੀਕਰ ਸਾਹਿਬ, ਜਿਥੋਂ ਤਕ ਸਿਨੇਮੇ ਨੂੰ ਇਕ ਇੰਡਸਟਰੀ ਸਮਝਣ ਦਾ ਸਬੰਧ ਹੈ, ਇਸ ਗੱਲ ਦੀ ਭਾਵੇਂ ਇਥੇ ਕੋਈ ਚਰਚਾ ਨਹੀਂ ਪਰ ਬਾਹਰ ਅਖਬਾਰਾਂ ਵਿਚ ਇਸ ਦੀ ਬੜੀ ਚਰਚਾ ਹੋ ਰਹੀ ਹੈ ਕਿ ਸਿਨੇਮੇ ਨੂੰ ਇੰਡਸਟਰੀ ਸਮਝ ਕੇ ਤਕਰੀਬਨ 101 ਨਵੇਂ ਲਾਇਸੈਂਸ ਦਿਤੇ ਜਾ ਰਹੇ ਹਨ । ਇਹ ਵੀ ਚਰਚਾ ਹੈ ਕਿ ਇਕ ਸਿਨੇਮੇ ਨੂੰ 9 ਲੱਖ ਰੁਪਿਆ ਬੜੇ ਘਟ ਰੇਟ ਦੇ ਵਿਆਜ ਤੇ ਇੰਡਸਟਰੀ ਸਮਝ ਕੇ ਦਿਤਾ ਜਾ ਰਿਹਾ ਹੈ । ਸਪੀਕਰ ਸਾਹਿਬ, 1965-66 ਵਿਚ ਪੰਜਾਬ ਵਿਚ ਤਕਰੀਬਨ 108 ਸਿਨੇਮੇ ਸਨ । ਚਾਰ ਸਾਲ ਇਥੇ ਅਕਾਲੀਆਂ ਦੀ ਸਰਕਾਰ ਰਹੀ ਤਾਂ ਕੋਈ ਨਵਾਂ ਲਾਇਸੈਂਸ ਨਹੀਂ ਦਿੱਤਾ ਗਿਆ ਅਤੇ ਇਹ ਗਿਣਤੀ ਘੱਟ ਕੇ 105 ਰਹਿ ਗਈ । ਜੇ ਇਹ ਉਪਰੋਕਤ ਚਰਚਾ ਸੱਚੀ ਹੈ ਤਾਂ ਕੀ ਇਹ ਸਮਾਜਵਾਦੀ ਸਰਕਾਰ, ਕਿਸਾਨ ਮਜ਼ਦੂਰ ਅਤੇ ਹਰੀਜਨਾਂ ਦਾ ਭਲਾ ਚਾਹੁਣ ਵਾਲੀ ਸਰਕਾਰ ਇਹ ਚਾਹੁੰਦੀ ਹੈ ਕਿ 100 ਸਰਮਾਏਦਾਰ ਹੋਰ ਪੈਦਾ ਕੀਤੇ ਜਾਣ ? ਜੇਕਰ ਇਹੀ 9 ਲੱਖ ਰੁਪਿਆ ਇਕ ਸਿਨੇਮੇ ਦੇ ਮਾਲਕ ਦੀ ਬਜਾਏ ਕਿਸਾਨਾਂ ਨੂੰ ਟਿਊਬਵੈੱਲ ਲਾਉਣ ਲਈ ਹਰੀਜਨਾਂ ਦੀਆਂ ਕਲੋਨੀਆਂ ਲਈ ਜਾਂ ਛੋਟੇ ਕਿਸਾਨ ਨੂੰ ਚੰਗੇ ਬੀਜ ਖਰੀਦਣ ਲਈ ਦਿੱਤਾ ਜਾਵੇ ਤਾਂ ਕਾਫੀ ਚੰਗੀ ਫਸਲ ਹੋਵੇਗੀ ਅਤੇ ਪੈਦਾਵਾਰ ਵਿਚ ਵਾਧਾ ਹੋਵੇਗਾ । ਅਸੀਂ ਇਥੇ ਪੈਦਾਵਾਰ ਦਾ ਉਹ ਰਿਕਾਰਡ ਕਾਇਮ ਕਰ ਸਕਾਂਗੇ ਜਿਹੜਾ ਕਿ ਸ਼ਾਇਦ ਅਮਰੀਕਾ ਵਿਚ ਕੈਲੇਫੋਰਨੀਆਂ ਵੀ ਨਾ ਕਰ ਸਕਿਆ ਹੋਵੇ । ਫਿਰ ਜੇ ਇਹ ਰਕਮ ਦੇਣੀ ਹੀ ਹੈ ਤਾਂ ਜਿਹੜਾ ਆਰਥਿਕ ਤੌਰ ਤੇ ਪਛੜਿਆ ਹੋਇਆ ਇਲਾਕਾ ਹੈ ਅਤੇ ਸਿਨੇਮੇ ਦੇ ਪੱਖ ਤੋਂ ਪਛੜਿਆ ਹੋਇਆ ਹੈ, ਉਸ ਨੂੰ ਦਿੱਤਾ ਜਾਵੇ । ਸਪੀਕਰ ਸਾਹਿਬ ਮੈਂ ਉਸ ਦਿਨ ਰਿਕਾਰਡ ਲੈ ਆਇਆ ਸੀ ਅੱਜ ਮੇਰੇ ਕੋਲ ਉਹ ਡਾਕੂਮੈਂਟਰੀ ਪਰੂਫ ਨਹੀਂ ਹਨ । ਇਸ ਲਈ ਮੈਂ ਉਸ ਦਾ ਜ਼ਿਕਰ ਨਹੀਂ ਕਰਾਂਗਾ। ਮੈਂ ਅਰਜ਼ ਕਰਾਂਗਾ ਕਿ ਜੋ ਅਮੈਂਡਮੈਂਟ ਇਨ੍ਹਾਂ ਨੂੰ ਲਿਆਉਣੀ ਚਾਹੀਦੀ ਸੀ ਉਹ ਇਹ ਨਹੀ ਲਿਆਏ । ਮੋਗੇ ਦੀ ਹਾਲਤ ਤੋ ਇਨ੍ਹਾਂ ਨੂੰ ਸਬਕ ਨਹੀ ਮਿਲਿਆ । ਕਿਉਂਕਿ ਮਾਮਲਾ ਸਬ-ਜੁਡਿਸ ਹੈ ਇਸ ਲਈ ਮੈਂ ਇਸ ਦਾ ਰੈਫਰੈਂਸ ਨਹੀਂ ਦਿੰਦਾ । ਜੋ ਰਿਆਇਤਾਂ ਸਰਕਾਰ ਨੇ ਖੁਦ ਮੰਨੀਆਂ ਹਨ ਉਨ੍ਹਾਂ ਦੀ ਅਮੈਂਡਮੈਂਟ ਸਭ ਤੋਂ ਪਹਿਲਾਂ ਕਰਨੀ ਚਾਹੀਦੀ ਸੀ । ਜਿਥੋਂ ਤਕ ਸਪੀਕਰ ਸਾਹਿਬ, ਸਿਨੇਮਿਆਂ ਦੇ ਕੌਮੀ-ਕਰਣ ਦਾ ਸੁਆਲ ਹੈ, ਇਸ ਤੋਂ ਪਹਿਲਾਂ ਵੀ ਕਈ ਸਰਕਾਰਾਂ ਨੇ ਇਹ ਵਿਸ਼ਵਾਸ ਦਿਲਵਾਇਆ ਹੈ । ਜਦੋਂ ਸਰਕਾਰ ਨੂੰ ਲੋੜ ਪੈਂਦੀ ਹੈ ਅਤੇ ਜੇਬ ਖਾਲੀ ਹੁੰਦੀ ਹੈ ਤਾਂ ਟਰਾਂਸਪੋਰਟ ਦਾ ਕੌਮੀ ਕਰਣ ਦਾ ਸੁਆਲ ਉਠਾਉਂਦੇ ਹਨ । ਸਪੀਕਰ ਸਾਹਿਬ, ਜਦੋਂ ਸਿਨੇਮਿਆਂ ਨੂੰ ਕੌਮੀਕਰਣ ਦਾ ਨਾਹਰਾ ਚਲਿਆ ਸੀ ਤਾਂ ਇਕ ਬਹੁਤ ਵੱਡੀ ਪਾਰਟੀ ਦੇ ਦੋ ਸੱਜਣ, ਜਿਨ੍ਹਾਂ ਦੀ ਕਿ ਸਿਨੇਮਿਆਂ ਤੇ ਮਨਾਪਲੀ ਹੈ, ਉਹ ਮੁੱਖ ਮੰਤਰੀ ਸਾਹਿਬ ਅਤੇ ਹੋਰ ਜ਼ਿੰਮੇਵਾਰ ਸੱਜਣਾ ਨੂੰ ਮਿਲੇ ਸਨ । ਲੱਖਾਂ ਰੁਪਿਆ ਦਾ ਸੌਦਾ ਹੋਇਆ ਇਸ ਕਾਰਣ ਸਿਨੇਮਿਆਂ ਦੀ ਨੇਸ਼ਨਲਾਈਜ਼ੇਸ਼ਨ ਨਹੀਂ ਹੋਈ । ਅੰਤ ਵਿਚ ਸਿਰਫ ਇਤਨੀ ਬੇਨਤੀ ਕਰਦਾ ਹਾਂ ਕਿ ਜਿਹੜੇ ਨਵੇਂ ਸਿਨੇਮਿਆਂ ਦੇ ਲਾਈਸੈਂਸ ਦੇਣੇ ਹਨ, ਇਹ ਸਰਕਾਰ ਨੂੰ ਨਹੀਂ ਦੇਣੇ ਚਾਹੀਦੇ ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਸਪੀਕਰ ਸਾਹਿਬ, ਡਾਂਗ ਸਾਹਿਬ ਜੋ ਹਮੇਸ਼ਾਂ ਡਿਸਕਸ਼ਨ ਤੋਂ ਪਹਿਲਾਂ ਤਿਆਰ ਹੋ ਕੇ ਆਉਂਦੇ ਹੁੰਦੇ ਹਨ, ਅਜ ਬਿਲਕੁਲ ਤਿਆਰ ਹੋ ਕੇ ਨਹੀਂ ਆਏ । ਜੇ ਇਹ ਠੰਡੇ ਦਿਲ ਨਾਲ ਸੋਚਣਗੇ ਤਾਂ ਪਤਾ ਲਗੇਗਾ ਕਿ ਜੋ ਉਨ੍ਹਾਂ ਨੇ ਸਮਝਿਆ ਹੈ ਉਹ ਦਰੁਸਤ ਨਹੀਂ । ਕਪੂਰ ਸਾਹਿਬ ਨੇ ਇਨ੍ਹਾਂ ਦਾ ਪਹਿਲਾਂ ਇਤਰਾਜ਼ ਤਾਂ ਦੂਰ ਕਰ ਦਿਤਾ ਸੀ । ਸਪੀਕਰ, ਸਾਹਿਬ ਅੱਜ ਸਾਡੇ ਕੋਲ ਪੂਰਾ ਟੈਕਸ ਕਿਸੇ ਫਿਲਮ ਦਾ ਮਾਫ ਕਰਨ ਦਾ ਅਧਿਕਾਰ

[ਵਿਕਾਸ ਮੰਤਰੀ]

ਹੈ । ਇਸ ਅਮੈਂਡਮੈਂਟ ਰਾਹੀਂ ਅਸੀਂ ਇਹ ਅਧਿਕਾਰ ਲੈ ਰਹੇ ਹਾਂ ਤਾਂ ਕਿ ਜੇ ਕਿਸੇ ਨੂੰ 10 ਪ੍ਰਤੀਸ਼ਤ ਜਾਂ 20% ਛੋਟ ਦੇਣੀ ਹੋਵੇ ਤਾਂ ਉਹ ਦੇ ਸਕੀਏ ਕੋਸ਼ਿਸ਼ ਤਾਂ ਸਪੀਕਰ ਸਾਹਿਬ, ਸਾਡੀ ਇਹ ਹੈ ਕਿ ਇਸ ਐਂਟਰਟੇਨਮੈਂਟ ਦੀ ਡਿਊਟੀ ਦੀ ਛੋਟ ਨੂੰ ਜਨਰੇਲਾਈਜ਼ ਕਰਵਾਈਏ ਅਤੇ ਕਮੇਟੀ ਇਸ ਮੰਤਵ ਲਈ ਬਣਾਈ ਹੈ । ਇਸ ਲਈ ਇਹ ਗਲ ਕਿਸੇ ਇੰਡੀਵਿਜੂਅਲ ਦੇ ਅਖਤਿਆਰ ਵਿਚ ਨਹੀਂ ਹੈ। ਸਪੀਕਰ ਸਾਹਿਬ, ਦੂਜੀ ਗਲ ਇਹ ਹੈ ਕਿ ਅਗੇ ਜੁਰਮਾਨਾ 250 ਰੁਪਏ ਹੁੰਦਾ ਸੀ ਹੁਣ ਇਹ 50 ਰੁਪਏ ਕਰ ਦਿੱਤਾ ਜਾਣਾ ਹੈ । ਡਾਂਗ ਸਾਹਿਬ ਨੇ ਇਹ ਗੱਲ ਕਹੀ ਹੈ। ਮੇਰੇ ਕੋਲ ਪੁਰਾਣਾ ਪੰਜਾਬ ਐਂਟਰਟੇਨਮੈਂਟ ਡਿਊਟੀ ਐਕਟ 1955 ਹੈ। ਇਸ ਦੇ ਵਿਚ 14 ਅਤੇ 15 ਦੋ ਕਲਾਜ਼ਾਂ ਹਨ। ਇਸ ਦੇ ਅਨੁਸਾਰ ਇਹ ਸਾਰਾ ਕੰਮ ਕੋਰਟ ਦੀ ਕਾਗਨੀਜ਼ੈਂਸ ਵਿਚ ਸੀ ਅਤੇ ਕੋਰਟ ਹੀ ਫੈਸਲਾ ਕਰ ਸਕਦੀ ਸੀ ਅਤੇ ਪ੍ਰਿਸਕਰਾਈਬਡ ਅਥਾਰਟੀ ਫੈਸਲਾ ਨਹੀਂ ਕਰ ਸਕਦੀ ਸੀ । ਇਹ ਕੇਸਿਜ਼ ਕੋਰਟਜ਼ ਵਿਚ ਕਈ ਵਾਰੀ 2,3,4 ਸਾਲ ਲਮਕਦੇ ਰਹਿੰਦੇ ਸੀ । ਅਸੀਂ 14 ਅਤੇ 15 ਕਲਾਜ਼ ਦੀ ਥਾਂ ਅਮੈਂਡਮੈਂਟ 14 (ਏ) ਲਿਆਏ ਹਾਂ । 14(ਏ) ਵਿਚ ਇਹ ਅਧਿਕਾਰ ਅਸੀਂ ਲੈ ਰਹੇ ਹਾਂ :

> 'The prescribed authority may, after affording such proprietor a reasonable opportunity of being heard, direct him to pay by way of penalty in addition to the duty due, if any, a sum not exceeding two thousand rupees.'

ਸਪੀਕਰ ਸਾਹਿਬ, ਇਹ ਅਧਿਕਾਰ ਪ੍ਰਿਸਕਰਾਈਬਡ ਅਥਾਰਟੀ ਨੂੰ ਦਿੱਤਾ ਹੈ ਤਾਂ ਕਿ ਕੋਰਟ ਵਿਚ ਨਾ ਜਾਣਾ ਪਵੇ । ਹੁਣ ਸਿਰਫ ਇਕ ਹੀ ਗੱਲ ਹੈ ਜਿਸ ਕਾਰਣ ਕੋਰਟ ਵਿਚ ਜਾਣਾ ਪਵੇਗਾ । ਪੁਰਾਣੇ ਐਕਟ ਵਿਚ ਕਲਾਜ਼ 8(2) ਹੈ । ਇਸ ਦੇ ਵਿਚ ਲਿਖਿਆ ਹੈ :

> 'A person who enters an Entertainment House without permission or surreptitiously, with intent to evade the duty payable under this Act, shall, on conviction by a Magistrate, be punishable with fine which may extend to Rs. 200/- (Rupees two hundred) and, in addition, be liable to pay such duty.'

ਇਹ ਜਿਹੜਾ ਕਰਾਈਮ ਹੈ, ਇਹ ਮੈਜਿਸਟਰੇਟ ਹੀ ਟਰਾਈ ਕਰ ਸਕਦਾ ਹੈ ਅਤੇ ਉਸ ਦੇ ਪਨਿਸ਼ਮੈਂਟ 200 ਰੁਪਿਆ ਮੈਕਸੀਮੱਮ ਹੈ। ਉਸ ਆਫੈਂਸ ਨੂੰ ਕਮਿਊਟ ਕਰਨ ਵਾਸਤੇ ਜਿਹੜੀ ਪ੍ਰਿਸਕਰਾਈਬਡ ਅਥਾਰਟੀ ਹੈ ਉਹ ਅਗਰ ਉਸ ਵਕਤ ਐਕਸ਼ਨ ਲੈ ਲਵੇ ਤਾਂ ਇਹ ਜੁਰਮਾਨਾ 50 ਰੁਪਏ ਹੋ ਸਕਦਾ ਹੈ । ਇਸ ਲਈ ਮੈਕਸੀਮੱਮ ਪਨਿਸ਼ਮੈਂਟ ਕੋਰਟ ਵਲੋਂ 250 ਰੁਪਏ ਅਗਰ ਹੈ ਤਾਂ ਉਹ ਫਿਰ ਕਿਸੇ ਸੂਰਤ ਵਿਚ ਵੀ 200 ਰੁਪਏ ਤੋਂ ਵਧ ਕਮਿਊਟ ਕਰਕੇ ਨਹੀਂ ਰਹਿ ਸਕਦੀ । ਇਹ ਸਿਮਪਲ ਲੀਗਲ ਗਲ ਹੈ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਜਿਹੜਾ ਮੰਤਵ ਬਿਲ ਦਾ ਸੀ ਉਹ ਡਾਂਗ ਸਾਹਿਬ ਨਹੀਂ ਸਮਝ ਸਕੇ ।

ਹੁਣ ਸਪੀਕਰ ਸਾਹਿਬ, ਮੈਂ ਆਪਣੇ ਆਨਰੇਬਲ ਦੋਸਤ ਜਿਹੜੇ ਕਿ ਅਜੇ ਯੰਗਮੈਨ ਹਨ ਬਾਰੇ ਅਰਜ਼ ਕਰਦਾ ਹਾਂ । ਇਨ੍ਹਾਂ ਨੇ ਤਾਂ ਗਲਾਂ ਹੀ ਹੋਰ ਤਰ੍ਹਾਂ ਦੀਆਂ ਕੀਤੀਆਂ ਹਨ । ਇਨ੍ਹਾਂ ਨੇ ਕਿਹਾ ਹੈ ਕਿ ਮੈਂ ਤੁਹਾਨੂੰ ਐਨਟਰਟੇਨ ਕਰਦਾ ਹਾਂ । ਇਹ ਗੱਲ ਇਨ੍ਹਾਂ ਨੂੰ ਨਹੀਂ ਸੀ ਕਹਿਣੀ ਚਾਹੀਦੀ । ਖੈਰ ਮੈਂ ਉਨ੍ਹਾਂ ਦਾ ਜਵਾਬ ਇਸ ਸਮੇਂ ਨਹੀਂ ਦੇਣਾ ਚਾਹੁੰਦਾ । ਸਾਡੀ ਸਰਕਾਰ ਤਾਂ ਕੋਸ਼ਿਸ਼ ਇਹ ਕਰਦੀ ਹੈ ਕਿ ਹਰ ਤਰ੍ਹਾਂ ਨਾਲ ਲਾਭ ਲੋਕਾਂ ਨੂੰ ਹੋਵੇ, ਜਸਟਿਸ ਵੀ ਹੋਵੇ ਅਤੇ ਆਮਦਨ ਵੀ ਵਧੇ । ਇਸ ਲਈ ਹੀ ਅਸੀਂ ਐਕਟਾਂ ਵਿਚ ਅਮੈਂਡਮੈਂਟ ਲਿਆਉਂਦੇ ਹਾਂ ਅਤੇ ਇਹ ਵੇਖਦੇ ਹਾਂ ਕਿ ਇਹ ਪ੍ਰਾਗਰੈਸਿਵ ਹੋਣ ਰੀਟਰੋਗਰੈਸਿਵ ਨਾ ਹੋਣ

ਇਨ੍ਹਾਂ ਸ਼ਬਦਾਂ ਨਾਲ ਮੈਂ ਹਾਊਸ ਪਾਸ ਬੇਨਤੀ ਕਰਾਂਗਾ ਕਿ ਉਹ ਇਸ ਬਿਲ ਨੂੰ ਪਾਸ ਕਰੇ ।

PERSUNAL EXPLANATIN BY SARDAR HARBANS SINGH JLAL

ਸਰਦਾਰ ਹਰਬੰਸ ਸਿੰਘ ਜਲਾਲ: ਆਨ ਏ ਪੁਆਇੰਟ ਆਫ ਪਰਸਨਲ ਐਕਸਪਲਾਨੇਸ਼ਨ ਸਰ । ਸਪੀਕਰ ਸਾਹਿਬ, ਮੈਂ ਤਾਂ ਇਹ ਕਿਹਾ ਸੀ ਕਿ ਲੋਕਾਂ ਦੇ ਬੁਨਿਆਦੀ ਹੱਕਾਂ ਤੇ ਛਾਪਾ ਨਾ ਮਾਰੋ । (ਵਿਘਨ)

THE PUNJAB ENTERTAINMENTS DUTY (AMENDMENT) BILL, 1972 (RESUMPTION OF CONSIDERATION)

Mr. Speaker : Question is—

> That the Punjab Entertainments Duty (Amendment) Bill be taken into consideration at once.

The motion was carried.

Mr. Speaker : Now the House will proceed to consider the bill Clause by Clause.

CLAUSE 2

Mr. Speaker : Now Clause 2 is before the House.

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ ਐਸ. ਸੀ.): ਸਪੀਕਰ ਸਾਹਿਬ, ਮੈਂ ਕਲਾਜ਼ ਦੋ ਤੇ ਬੋਲਣਾ ਚਾਹੁੰਦਾ ਹਾਂ । (ਵਿਘਨ)

ਸਪੀਕਰ ਸਾਹਿਬ, ਕਪਤਾਨ ਸਾਹਿਬ ਨੇ ਆਪਣੀ ਤਿਆਰੀ ਦਾ ਬੜਾ ਸਬੂਤ ਦਿਤਾ ਹੈ ਪਰ ਕਪਤਾਨ ਸਾਹਿਬ ਨੇ ਇਹ ਨਹੀਂ ਵੇਖਿਆ ਕਿ ਕਲਾਜ਼ 2 ਵਿਚ ਇਨ੍ਹਾਂ ਨੇ ਕਿਹਾ ਹੈ ਕਿ ਸਾਨੂੰ ਹੋਲ ਮੁਆਫ ਕਰਨ ਦੇ ਪਹਿਲਾਂ ਹੀ ਇਖਤਿਆਰ ਐਕਟ ਵਿਚ ਹਨ ਅਸੀਂ ਤਾਂ ਪੋਰਸ਼ਨ ਮੰਗਿਆ ਹੈ । ਮੈਨੂੰ ਸਮਝ ਨਹੀਂ ਆਈ ਕਿ ਇਹ ਪੋਰਸ਼ਨ ਕਿਉਂ ਮੰਗਿਆ ਹੈ । ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਬੜੀ ਹੀ ਚੰਗੀ ਤਰ੍ਹਾਂ ਤਿਆਰੀ ਕੀਤੀ ਹੈ ਮੇਰਾ ਖਿਆਲ ਹੈ ਕਿ ਜਾਂ ਤਾਂ ਸਰਕਾਰ ਨੂੰ ਲਫਜ਼ ਲਿਖਣਾ ਨਹੀਂ ਆਉਂਦਾ ਤੇ ਜਾਂ ਐਲ, ਆਰ ਸਾਹਿਬ ਨੇ ਲਿਖੇ ਨਹੀਂ ਸਨ ਜਾਂ ਫਿਰ ਇਹ ਭੁਲ ਗਏ ਹਨ । ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਚੋਕੰਨੇ ਹੋ ਕੇ ਕੰਮ ਕਰਿਆ ਕਰਨ ਇਹ ਵਰਡ ਦੀ ਲੋੜ ਹੀ ਨਹੀਂ ਹੈ ਜਦੋਂ 'ਹੋਲ' ਆ ਗਿਆ ਹੈ ਤਾਂ ਪੋਰਸ਼ਨ ਕਿਥੇ ਬਾਕੀ ਰਹਿ ਗਿਆ ਇਨ੍ਹਾਂ ਨੂੰ ਚਾਹੀਦਾ ਸੀ ਕਿ ਇਸ ਦੀ ਆਪ ਚੰਗੀ ਤਰਾਂ ਤਿਆਰੀ ਕਰਦੇ ਪਰ ਇਹ ਡਾਂਗ ਸਾਹਿਬ ਨੂੰ ਕਹਿੰਦੇ ਹਨ ਕਿ ਡਾਂਗ ਤਿਆਰੀ ਕਰਕੇ ਨਹੀਂ ਆਇਆ ।

ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ ਪੱਛਮ): ਸਪੀਕਰ ਸਾਹਿਬ, ਕਪਤਾਨ ਸਾਹਿਬ ਨੇ ਕਿਹਾ ਹੈ ਕਿ ਡਾਂਗ ਪੂਰੀ ਤਿਆਰੀ ਕਰਕੇ ਨਹੀਂ ਆਇਆ ਮੈਂ ਹੁਣ ਅਸਲੀਅਤ ਦਸਦਾ ਹਾਂ ਅਤੇ ਸਪੀਕਰ ਸਾਹਿਬ ਤੁਸੀਂ ਨੋਟ ਕਰ ਲਊ ਇਹ ਜਿਹੜਾ ਅੱਧ-ਪਚਧਾ ਮੁਆਫ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਇਸ ਨਾਲ ਕੁਰਪਸ਼ਨ ਵਧੇਗੀ ਅੱਧਾ-ਪਚੱਧਾ ਵੀ ਨਾ ਦਿਉ ਔਰ ਓਹ ਵੀ ਰਖ ਲਵੋ, ਇਸ ਤੇ ਮੈਂ ਸਟੈਂਡ ਕਰਦਾ ਹਾਂ ।

ਦੂਸਰੀ ਗੱਲ ਇਹ ਕਹੀ ਹੈ ਕਿ ਕੋਰਟਸ ਨੂੰ ਢਾਈ ਸੌ ਰੁਪਏ ਜੁਰਮਾਨਾ ਤੇ 200 ਕਮਿਊਟ ਕਰਨ ਦਾ ਇਖਤਿਆਰ ਹੈ । ਇਹ ਇਸ ਨੂੰ 199 ਕਿਉਂ ਨਹੀਂ ਕਰਦੇ ਜਾਂ 200 ਕਿਉਂ ਨਹੀਂ ਕਰਦੇ ਤੀਜੀ ਗਲ ਇਹ ਕਹਿੰਦੇ ਹਨ ਕਿ ਮੈਂ ਅਫਸਰਾਂ ਨੂੰ ਇਖਤਿਆਰ ਦੇ ਦਿਤਾ ਹੈ ਕਿ ਉਹ 2,000 ਰੁਪਏ ਕਰ ਸਕਦੇ ਹਨ ਇਹ ਕਹਿੰਦੇ ਹਨ ਕਿ ਮੈਂ ਤਿਆਰੀ ਨਹੀਂ ਕਰਕੇ ਆਇਆ........ ।

ਵਿਤ ਮੰਤਰੀ : ਸਪੀਕਰ ਸਾਹਿਬ, ਕੀ ਡਾਂਗ ਸਾਹਿਬ ਪਰਸਨਲ ਐਕਸਪਲੇਨੇਸ਼ਨ ਦੇ ਰਹੇ ਹਨ ?

ਸ਼੍ਰੀ ਸਪੀਕਰ : ਉਹ ਤਾਂ ਹੁਣ ਤੁਹਾਡੇ ਤੇ ਹੀ ਬੋਲ ਰਹੇ ਹਨ । (ਵਿਘਨ) (Now the Com. Satyapal Dang is speaking on you)
Interruption.)

ਕਾਮਰਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੀਸਰੀ ਗੱਲ ਜਿਹੜੀ ਕਿ ਇਨ੍ਹਾਂ ਨੇ 2,000 ਜੁਰਮਾਨਾ ਕਰਨ ਬਾਰੇ ਕਿਹਾ ਹੈ ਕਿ ਮੈਂ ਕਿਉਂ ਨਹੀਂ ਪੜ੍ਹਿਆ। ਉਸ ਬਾਰੇ ਮੈਂ ਹੁਣ ਦਸ ਦਿੰਦਾ ਹਾਂ ਕਿ ਇਨ੍ਹਾਂ ਨੇ ਕੱਲ ਕਿਹਾ ਸੀ ਕਿ ਮੈਂ ਤਾਂ ਦੋ ਹਜ਼ਾਰ ਰੁਪਏ ਰੀਕੁਮੈਂਡ ਕੀਤੇ ਸਨ ਪਰ ਅਫਸਰਾਂ ਨੇ ਨਹੀਂ ਮੰਨੇ ਇਸ ਲਈ ਮੈਂ ਇਨ੍ਹਾਂ ਦੀ ਗੱਲ ਤੇ ਇਤਬਾਰ ਕਰ ਲਿਆ ਅਤੇ ਸੋਚਿਆ ਕਿ ਇਹ ਇਸ ਬਿਲ ਵਿਚ ਨਹੀਂ ਹੋਣਾ । (ਹਾਸਾ)

ਸ਼੍ਰੀ ਸਪੀਕਰ : ਡਾਂਗ ਸਾਹਿਬ, ਹੁਣ ਤਾਂ ਤੁਸੀਂ ਮੰਨ ਗਏ ਹੋ ਕਿ ਤੁਸੀਂ ਤਿਆਰੀ ਨਹੀਂ ਸੀ ਕੀਤੀ (ਹਾਸਾ) (*Addressing Com. Satya Pal Dang* : Now you have admitted that you had not come well prepared). (Laughter)
(Interruption)

Mr. Speaker : Question is—

That Clause 2 stand part of the Bill.

The motion was carried.

CLAUSES 3, 4 AND 5

Mr. Speaker : **Question is—**

That Clauses 3, 4, 5 stand part of the Bill .

The motion was carried.

CLAUSE I

Mr. Speaker: Question is—

That Clause I stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Development Minister (Captain Rattan Singh) : Sir, I beg to move—

That the Punjab Entertainments Duty (Amendment) Bill be passed.

Mr. Speaker : Motion moved—

That the Punjab Entertainments Duty (Amendment) Bill be passed.

Mr. Speaker : Question is—

That the Punjab Entertainments Duty (Amendment) Bill be passed.

The motion was carried.

THE PUNJAB CATTLE FAIRS (REGULATION) AMENDMENT BILL, 1972

Development Minister (Captain Rattan Singh): Sir, I beg to move—

That the Punjab Cattle Fairs (Regulation) Amendment Bill be taken into consideration at once.

Mr. Speaker : Motion moved—

That the Punjab Cattle Fairs (Regulation) Amendment Bill be taken into consideration at once.

ਸਰਦਾਰ ਸਖਦੇਵ ਸਿੰਘ ਢਿਲੋਂ (ਤਲਵੰਡੀ ਸਾਬੋ) ਸਪੀਕਰ ਸਾਹਿਬ, ਪਸ਼ੂਆਂ ਵਾਸਤੇ ਕਪਤਾਨ ਸਾਹਿਬ ਨੇ ਅਮੈਂਡਮੈਂਟ ਬਿਲ ਪੇਸ਼ ਕੀਤਾ ਹੈ । ਸਾਨੂੰ ਸਭ ਨੂੰ ਆਸ ਵੀ ਸੀ ਕਿ ਇਹ ਅਮੈਂਡਮੈਂਟ ਜ਼ਰੂਰ ਲਿਆਉਣਗੇ ਕਿਉਂਕਿ ਉਨ੍ਹਾਂ ਨੂੰ ਪਸ਼ੂਆਂ ਦਾ ਚੰਗਾ ਤਜਰਬਾ ਹੈ ਅਤੇ ਮੈਂ ਇਸ ਦੀ ਸ਼ਲਾਘਾ ਕਰਦਾ ਹਾਂ । ਸਪੀਕਰ ਸਾਹਿਬ, ਇਸ ਬਿਲ ਵਿਚ ਬੜੀਆਂ ਤਰੁੱਟੀਆਂ ਹਨ। ਜਦੋਂ ਸਾਡੀ ਪਾਰਟੀ ਦੀ ਸਰਕਾਰ ਸੀ ਤਾਂ ਉਸ ਨੇ ਇਸ ਨੂੰ ਚੰਗਾ ਬਨਾਉਣ ਦਾ ਯਤਨ ਕੀਤਾ ਸੀ ਜ ਦ ਤੋਂ,ਸਪੀਕਰ ਸਾਹਿਬ,ਇਹ ਬਿਲ ਬਣਿਆ ਹੈ ਉਸ ਸਮੇਂ ਤੋਂ ਹੇਰਾਫੇਰੀ ਇਸ ਮਹਿਕਮੇਂ ਵਿਚ ਚਲਦੀ ਆ ਰਹੀ ਹੈ। ਜਦੋਂ ਸਰਕਾਰੀ ਕਰਮਚਾਰੀ ਮੰਡੀਆਂ ਲਾਉਂਦੇ ਸਨ ਤਾਂ ਉਸ ਸਮੇਂ ਪ੍ਰਾਈਵੇਟ ਪਾਰਟੀਆਂ ਵੀ ਮੰਡੀਆਂ ਲਗਾਉਂਦੀਆਂ ਸਨ । ਉਨ੍ਹਾਂ ਤੋਂ ਇਹ ਸਰਕਾਰੀ ਕਰਮਚਾਰੀ ਹਿੱਸਾ ਲੈਂਦੇ ਸਨ। ਅਕਾਲੀ ਸਰਕਾਰ ਨੇ ਇਨ੍ਹਾਂ ਪ੍ਰਾਈਵੇਟ ਵਪਾਰੀਆਂ ਨੂੰ ਮੰਡੀਆਂ ਲਗਾਉਣ ਤੋਂ ਰੋਕਿਆ । ਮੈਂ ਇਨ੍ਹਾਂ ਵੀਰਾਂ ਦੀ ਗਿਆਤ ਵਾਸਤੇ ਦਸਣਾ ਚਾਹੁੰਦਾ ਹਾਂ ਕਿ ਸਰਕਾਰੀ ਕਰਮਚਾਰੀ ਜਿਹੜੇ ਮੰਡੀਆਂ ਲਾਉਂਦੇ ਹਨ ਉਨ੍ਹਾਂ ਦੀ ਆਮਦਨ ਘੱਟ ਹੁੰਦੀ ਹੈ ਇਸ ਦਾ ਕੀ ਕਾਰਨ ਹੈ, ਇਹ ਮੈਂ ਦਸਦਾ ਹਾਂ । ਮੈਨੂੰ ਬਲਾਕ ਸੰਮਤੀ ਦੇ ਚੇਅਰਮੈਨ ਰਹਿ ਕੇ ਇਸ ਪਾਸੇ ਦਾ ਤਜਰਬਾ ਹੈ। ਸਾਡੇ ਬਲਾਕ ਵਿਚ ਰਾਮਪੁਰ ਮੰਡੀ ਲਗਦੀ ਸੀ । ਉਥੇ ਮੰਡੀ ਲਗਦੀ ਸੀ ਤਾਂ ਇਕ ਲੱਖ ਰੁਪਏ ਆਮਦਨ ਹੁੰਦੀ ਸੀ ਪਰ ਇਕ ਅਜੇਹੀ ਮੰਡੀ ਸੀ ਜਿਥੇ ਕਿ ਕੁਲ ਦਸ ਹਜ਼ਾਰ ਦੀ ਆਮਦਨ ਹੁੰਦੀ ਸੀ । ਅਸੀਂ ਇਸ ਚੋਰੀ ਨੂੰ ਰੋਕਣ ਲਈ ਇਹ ਫੈਸਲਾ ਕਰ ਲਿਆ ਕਿ ਇਹ ਮੰਡੀਆਂ ਹੁਣ ਪੰਚਾਇਤ ਸੰਮਿਤੀ ਆਪ ਲਗਵਾਏਗੀ । ਉਥੇ ਦੇ ਲੋਕਾਂ ਨੇ ਰਲਕੇ ਇਸ ਦਾ ਇੰਤਜ਼ਾਮ ਕੀਤਾ ਅਤੇ ਤੁਸੀਂ ਸੁਣਕੇ ਸਪੀਕ ਰਸਾਹਿਬ,ਹੈਰਾਨ ਹੋਵੋਗੇ ਕਿ ਇਸਦੀ ਆਮਦਨ 10 ਤੋਂ ਵੱਧ ਕੇ 42 ਹਜ਼ਾਰ ਰੁਪਏ ਹੋ ਗਈ। ਉਨ੍ਹਾਂ ਤੋਂ ਸਰਕਾਰ ਨੇ 10 ਹਜ਼ਾਰ ਰੁਪਿਆ ਜਮ੍ਹਾਂ ਵੀ ਕਰਵਾਇਆ । ਇਸ ਤੋਂ ਇਲਾਵਾ ਮੇਰੇ ਖਿਆਲ ਦੇ ਮੁਤਾਬਿਕ 5, 10 ਹਜ਼ਾਰ ਰੁਪਿਆ ਚੋਰੀ ਵੀ ਹੋ ਗਿਆ ਹੋਣਾ ਹੈ । ਇਸ ਤਰਾਂ ਅਸੀਂ ਸਰਕਾਰ ਦੀ ਮੰਡੀਆਂ ਦੀ ਆਮਦਨ ਵਧਾਈ ਹੈ। ਅਕਾਲੀ ਸਰਕਾਰ ਨੇ ਇਕ ਮੰਡੀਆਂ ਦੇ ਮੁਤਾਲਿਕ ਅਮੈਂਡਿੰਗ ਬਿਲ ਲਿਆਕੇ ਸੁਧਾਰ ਲਿਆਂਦਾ । ਪਰ ਸਾਡਾ ਖਿਆਲ ਹੈ ਕਿ ਅਜੇ ਵੀ ਪੂਰੀ ਤਰ੍ਹਾਂ ਆਮਦਨ ਚੈਕ ਨਹੀਂ ਹੁੰਦੀ, ਕੋਈ ਇਸ ਬਾਰੇ ਦੇਖ-ਭਾਲ ਨਹੀਂ ਕਰਦਾ । ਜੇ ਸਹੀ ਤਰੀਕੇ ਨਾਲ ਕੰਮ ਹੋਵੇ ਤਾਂ ਮੈਂ ਕਹਿ ਸਕਦਾ ਹਾਂ ਕਿ ਉਥੇ 10-10 ਲੱਖ ਰੁਪਏ ਦੀ ਆਮਦਨ ਹੋ ਸਕਦੀ ਹੈ । ਇਹ ਗੱਲ ਮੈਂ ਕਪਤਾਨ ਸਾਹਿਬ ਨੂੰ ਵੀ ਕਹਾਂਗਾ ਕਿ ਉਹ ਇਸ ਤੇ ਮੁੜ ਵਿਚਾਰ ਕਰ ਕੇ ਕੋਈ ਅਮੈਂਡਮੈਂਟ ਲਿਆਉਣ ਅਤੇ ਸਰਕਾਰ ਦੀ ਆਮਦਨ ਵਿਚ ਵਾਧਾ ਕਰਨ ।

(ਇਸ ਵਕਤ, ਪੈਨਲ ਆਫ਼ ਚੇਅਰਮੈਨ ਦੀ ਮੈਂਬਰ, ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਕਾਮਰੇਡ ਸੱਘੜ ਸਿੰਘ (ਨਿਹਾਲ ਸਿੰਘ ਵਾਲਾ, ਐਸ. ਸੀ.): ਚੇਅਰਮੈਨ ਸਾਹਿਬਾ, ਮੈਂ ਇਸ ਅਮੈਂਡ-ਮੈਂਟ ਦੀ ਹਿਮਾਇਤ ਵਿਚ ਖੜਾ ਹੋਇਆ ਹਾਂ । ਇਹ ਅਮੈਂਡਮੈਂਟ ਸ਼ਲਾਘਾ ਯੋਗ ਹੈ । ਮੈਂ ਸਮਝਦਾ ਹਾਂ ਜੋ ਕੰਮ ਸਰਕਾਰ ਕਰਦੀ ਹੈ ਉਹ ਚੰਗਾ ਹੀ ਕਰਦੀ ਹੈ । ਇਹ ਮੰਡੀਆਂ ਦੀ ਆਮਦਨ ਵਧਾਉਣ ਦੇ ਵਾਸਤੇ ਸਰਕਾਰ ਨੇ ਜਿਹੜੀ ਸਕੀਮ ਲਾਗੂ ਕੀਤੀ ਹੈ, ਮੈਂ ਇਸ ਦੀ ਪਰੋੜ੍ਹਤਾ ਕਰਦਾ ਹਾਂ ਕਿਉਂਕਿ ਇਸ ਤਰ੍ਹਾਂ ਹੇਰਾਫੇਰੀ ਨਹੀਂ ਹੋਵੇਗੀ ਇਸ ਦੇ ਨਾਲ ਜੁਰਮਾਨਾ ਵੀ ਵਧਾ ਦਿੱਤਾ । ਇਸ ਤਰ੍ਹਾਂ ਮੈ ਸਰਕਾਰ ਨੂੰ ਇਕ ਹੋਰ ਸੁਝਾਓ ਇਹ ਵੀ ਦੇਵਾਂਗਾ ਕਿ ਉਨ੍ਹਾਂ ਨੂੰ ਵਿਉਪਾਰੀਆਂ ਦੇ ਰਹਿਣ ਸਹਿਣ ਵਾਸਤੇ ਕੋਈ ਚੰਗਾ ਇੰਤਜ਼ਾਮ ਕਰਨਾ ਚਾਹੀਦਾ ਹੈ, ਉਨ੍ਹਾਂ ਦੇ ਖਾਣ-ਪੀਣ ਦਾ ਵੀ ਕੋਈ ਬੰਦੋਬਸਤ ਹੋਣਾ ਚਾਹੀਦਾ ਹੈ । ਇਨ੍ਹਾਂ ਮੰਡੀਆਂ ਦੀ ਆਮਦਨ, ਜੇ ਮਿਉਂਸਪਲ ਏਰੀਆਂ ਵਿਚ ਲਗੇ ਤਾਂ ਉਸ ਮਿਉਂਸਪਲ ਕਮੇਟੀ ਵਿਚ ਜਮ੍ਹਾਂ ਹੋਣੀ ਚਾਹੀਦੀ ਹੈ, ਜੇ ਬਲਾਕ ਸੰਮਤੀ ਦੇ ਏਰੀਆ ਵਿਚ ਹੋਵੇ ਤਾਂ ਉਥੇ ਜਮ੍ਹਾਂ ਹੋਣੀ ਚਾਹੀਦੀ ਹੈ । ਜਿਹੜਾ ਜੁਰਮਾਨਾ ਅਤੇ ਕੈਦ ਦੀ ਸਜ਼ਾ ਦਿਤੀ ਹੈ ਇਹ ਵੀ ਬਹੁਤ ਅੱਛੀ ਗੱਲ ਹੋਈ ਹੈ ਇਸ ਤਰ੍ਹਾਂ ਕਿਸੇ ਨੂੰ ਹੇਰਾ ਫੇਰੀ ਕਰਨ ਦਾ ਮੌਕਾ ਵੀ ਨਹੀਂ ਮਿਲਣਾ । ਇਸ ਬਿਲ ਦੀ ਤਰਮੀਮ ਲਈ ਮੈਂ ਕਪਤਾਨ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਇਹ ਲੋਕਾਂ ਦੇ ਹਿੱਤ ਦੀ ਗੱਲ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

ਸਰਦਾਰ ਜਸਦੇਵ ਸਿੰਘ ਸੰਧੂ (ਡਕਾਲਾ): ਚੇਅਰਮੈਨ ਸਾਹਿਬਾ, ਇਹ ਇਕ ਵਾਜਬ ਜੇਹੀ ਤਰਮੀਮ ਸੀ ਜੋ ਇਸ ਬਿਲ ਦੇ ਵਿਚ ਕੀਤੀ ਗਈ ਹੈ, ਇਹ ਹੋਣੀ ਹੀ ਚਾਹੀਦੀ ਸੀ । ਇਸ ਤੋਂ ਇਲਾਵਾ ਮੈਂ ਇਹ ਅਰਜ ਕਰਾਂਗਾ ਕਿ ਕੈਟਲ ਫੇਅਰ ਫੰਡ ਦਾ ਲਖਾਂ ਰੁਪਿਆ ਸਰਕਾਰ ਪਾਸ ਜਮ੍ਹਾਂ ਹੈ, ਇਹ ਇਕ ਬਿਲ ਦੀ ਧਾਰਾ ਅਨੁਸਾਰ ਕੈਟਲ ਡੀਵੈਲਪਮੈਂਟ ਤੇ ਖਰਚ ਹੋਣਾ ਚਾਹੀਦਾ ਹੈ । ਸਰਕਾਰ ਜਵਾਬ ਦੇਵੇ ਉਨ੍ਹਾਂ ਨੇ ਹੁਣ ਤੱਕ ਇਹ ਕਿਉਂ ਨਹੀਂ ਖਰਚ ਕੀਤਾ । ਇਸ ਮਹਿਕਮੇ ਵਿਚ ਕੁਰਪਸ਼ਨ ਹੈ, ਇਹ ਦੂਰ ਹੋਣੀ ਚਾਹੀਦੀ ਹੈ । ਜਿਹੜੇ ਕੈਟਲ ਫੇਅਰ ਮਹਿਕਮੇ ਦੇ ਅਫਸਰ ਹਨ, ਖਾਸ ਤੌਰ ਤੇ ਇੰਸਪੈਕਟਰਜ਼ ਉਨ੍ਹਾਂ ਵਿਚ ਬੇਹੱਦ ਕੁਰਪਸ਼ਨ ਹੈ । ਇਸ ਲਈ ਇਸ ਮਹਿਕਮੇ ਦੀ ਮਸ਼ੀਨਰੀ ਨੂੰ ਓਵਰਹਾਲ ਕਰਨਾ ਚਾਹੀਦਾ ਹੈ । ਸਰਕਾਰ ਨੂੰ ਇਹ ਪੜਤਾਲ ਕਰਨੀ ਚਾਹੀਦੀ ਹੈ ਕਿ ਇਕ ਇਕ ਮਹਿਕਮੇ ਦੇ ਇਨਸਪੈਕਟਰ ਦੀ ਕਿਤਨੀ ਜਾਇਦਾਦ ਹੈ ਅਤੇ ਉਹ ਕਦੋਂ ਅਤੇ ਕਿਵੇਂ ਬਣਾਈ । ਐਸੇ ਅਫਸਰ ਜਿਹੜੇ ਕੁਰੱਪਟ ਹਨ ਉਹ ਡਿਸਮਿਸ ਕਰਨੇ ਚਾਹੀਦੇ ਹਨ । ਜਿਹੜੀ ਰਕਮ ਜਮ੍ਹਾਂ ਹੈ ਉਸ ਨੂੰ ਜਲਦੀ ਤੋਂ ਜਲਦੀ ਖਰਚ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਚੇਅਰਮੈਨ ਸਾਹਿਬਾ, ਮੈਨੂੰ ਬੜੀ ਖੁਸ਼ੀ ਹੈ ਕਿ ਇਸ ਹਾਊਸ ਦੀਆਂ ਸਾਰੀ ਪਾਰਟੀਆਂ ਦੇ ਮੈਂਬਰਾਂ ਨੇ ਇਸ ਬਿਲ ਨੂੰ ਐਪਰੀਸ਼ੀਏਟ ਕੀਤਾ ਹੈ, ਜਿਸ ਦੇ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ । ਆਨਰੇਬਲ ਮੈਂਬਰ ਸਰਦਾਰ ਸੁਖਦੇਵ ਸਿੰਘ ਢਿਲੋਂ ਨੇ ਫੰਡਜ਼ ਦੀ ਡਿਸਬਰਸਮੈਂਟ ਦੇ ਮੁਤਾਲਿਕ ਧਿਆਨ ਦਿਵਾਇਆ ਹੈ । ਅਸੀਂ ਹੁਣ ਕਾਫੀ ਧਿਆਨ ਕਰਦੇ ਹਾਂ ਅਤੇ ਫੰਡਜ਼ ਵੀ ਕਾਫੀ ਪਏ ਹਨ । ਸਾਡੀ ਇਕ ਤਜਵੀਜ ਹੈ ਕਿ ਇਹ ਐਨੀਮਲ ਹਸਬੈਂਡਰੀ ਦੀਆਂ ਸਰਣਨ ਸਕੀਮਜ਼ ਤੇ ਇਹ ਪੈਸਾ ਖਰਚ ਕੀਤਾ ਜਾਵੇ । ਤੁਸੀਂ ਇਹ ਗਲ ਜਾਣਕੇ ਵੀ ਖੁਸ਼ ਹੋਵੋਂਗੇ ਕਿ ਕਾਫੀ ਕੰਮ ਵੀ ਕੀਤਾ

(ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਹੈ, ਡਿਪਟੀ ਸਪੀਕਰ ਸਾਹਿਬ, ਜੇ ਸੋਚਿਆ ਜਾਵੇ ਤਾਂ ਅਸੀਂ ਇਹ ਛੋਟੀ ਜਿਹੀ ਅਮੈਂਡਮੈਂਟ ਜਿਹੜੀ ਜ਼ਮੀਨ ਦੇ ਮੁਤਾਲਿਕ ਸੀ, ਲੈ ਕੇ ਤੁਰੇ ਸੀ, ਅਤੇ ਅਜ ਅਸੀਂ ਲੈਂਡ ਦੀ ਸੀਲਿੰਗ ਦੀ ਲਿਮਟ ਤੱਕ ਅਪੜ ਗਏ ਹਾਂ । ਜਿਹੜਾ ਪੈਸਾ ਕੈਟਲ ਫੇਅਰਜ਼ ਦੇ ਨਾਉਂ ਤੇ ਇਕੱਠਾ ਹੁੰਦਾ ਹੈ ਉਸ ਨੂੰ ਯੂਟੀਲਾਈਜ਼ ਕਰਨ ਲਈ ਸਕੀਮਜ਼ ਬਣਾ ਰਹੇ ਹਾਂ ਅਤੇ ਜਿਨ੍ਹਾਂ ਮੰਡੀਆਂ ਦੀ ਆਮਦਨ ਘੱਟ ਹੈ ਉਨ੍ਹਾਂ ਬਾਰੇ ਵੀ ਜਾਂਚ ਪੜਤਾਲ ਕਰ ਰਹੇ ਹਾਂ । ਜਿਤਨੇ ਵੀ ਮੈਂਬਰਾਂ ਵਲੋਂ ਅੱਡੇ ਅੱਡੇ ਸੁਜੈਸ਼ਨਜ਼ ਆਏ ਹਨ ਮੈਂ ਸਾਰਿਆਂ ਨੂੰ ਯਕੀਨ ਦਿਵਾਉਂਦਾ ਹਾਂ ਕਿ

ਅਸੀਂ ਜਿਹੜੇ ਠੀਕ ਸਮਝਾਂਗੇ ਉਨ੍ਹਾਂ ਤੇ ਜਲਦੀ ਹੀ ਅਮਲ ਕਰਾਂਗੇ । ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਸ ਅਮੈਂਡਿੰਗ ਬਿਲ ਨੂੰ ਕਲਾਜ਼ ਬਾਈ ਕਲਾਜ਼ ਪਾਸ ਕੀਤਾ ਜਾਵੇ ।

Mr. Deputy Speaker : Question is—

That the Punjab Cattle Fairs (Regulation) Amendment Bill be taken into consideration at once.

The motion was carried.

Mr. Deputy Speaker: Now the House will proceed to consider the Bill Clause by Clause.

CLAUSE 2

Mr. Deputy Speaker: Clause 2 is before the House.

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ ਐਸ.ਸੀ) : ਡਿਪਟੀ ਸਪੀਕਰ ਸਾਹਿਬ, ਜਿਹੜੇ ਪ੍ਰਾਈਵੇਟ ਕੈਟਲ ਮਾਰਕਿਟਸ ਵਾਲੇ ਹਨ ਇਹ ਬਹੁਤ ਹੀ ਨਜਾਇਜ਼ ਫਾਇਦਾ ਉਠਾਉਂਦੇ ਹਨ । ਇਹ ਕਿਸੇ ਤਰੀਕੇ ਨਾਲ ਬੰਦ ਹੋਣਾ ਚਾਹੀਦਾ ਹੈ । ਜਿਸ ਨਾਲ ਉਹ ਫਾਇਦਾ ਉਠਾਉਂਦੇ ਹਨ । ਪਰ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਕਲਾਜ਼ ਉਨ੍ਹਾਂ ਨੂੰ ਇਸ ਮੁਨਾਫੇ ਤੋਂ ਬੰਦ ਨਹੀਂ ਕਰਦੀ ਜਾਂ ਵਜ਼ੀਰ ਸਾਹਿਬ ਮੈਨੂੰ ਸਮਝਾ ਦੇਣ ਕਿਵੇਂ ਬੰਦ ਕਰਦੀ ਹੈ । ਕਲਾਜ਼ 2(i) ਵਿਚ ਲਿਖਿਆ ਹੈ :—

"In clause (b), the words "and includes cattle market" shall be added at the end."

ਇਹ ਤਾਂ ਠੀਕ ਹੈ ਪਰ ਜੋ (ii) ਹੈ ਓਹ ਠੀਕ ਨਹੀਂ ਹੈ । ਉਹ ਮੈਂ ਪੜ੍ਹ ਦਿਦਾ ਹਾਂ:—

'after clause (bb), the following clause shall be inserted, namety :—

"(bbb) 'cattle market' means a place where the business of sale or purchase of cattle is regularly conducted."

ਇਹ ਜਿਹੜਾ ਵਰਡ ਰੈਗੂਲਰਲੀ ਪਾ ਦਿਤਾ ਹੈ । ਇਹ ਠੀਕ ਨਹੀਂ ਕਿਉਂਕਿ ਕੈਟਲ ਫੇਅਰ ਤਾਂ ਮਹੀਨੇ ਦੇ ਵਿਚ ਸਿਰਫ 3 ਜਾਂ 4 ਦਿਨ ਹੁੰਦਾ ਹੈ। ਕੋਈ ਬੰਦਾ ਇਕ ਦਿਨ ਆਪਣਾ ਵਖਰਾ ਮੇਲਾ ਨਹੀਂ ਲਉਂਦਾ ਤਾਂ ਤੁਸੀਂ ਉਸ ਨੂੰ ਫੜ ਨਹੀਂ ਸਕੋਗੇ ਕਿਉਂਕਿ ਉਹ ਕਹੇਗਾ ਕਿ ਮੈਂ ਰੈਗੂਲਰਲੀ ਨਹੀਂ ਮੇਲਾ ਲਾਇਆ । ਇਸ ਤਰ੍ਹਾਂ ਤੁਸੀਂ ਉਸ ਨੂੰ ਫੜ ਨਹੀਂ ਸਕੋਗੇ । ਮੈਂ ਤਾਂ ਸਮਝਦਾ ਹਾਂ ਕਿ ਇਹ ਤੁਸੀਂ ਉਸ ਨੂੰ ਸਗੋਂ ਹੋਰ ਛੋਟ ਦੇ ਦਿਤੀ ਹੈ । ਜੇ ਤੁਸੀਂ ਉਸ ਨੂੰ ਫੜੋਗੇ ਤਾਂ ਉਹ ਹਾਈ ਕੋਰਟ ਵਿਚ ਚਲਾ ਜਾਵੇਗਾ ਕਿ ਮੈਂ ਤਾਂ ਰੈਗੂਲਰ ਨਹੀਂ ਹਾਂ । ਮਿਸਾਲ ਵਜੋਂ ਕੁਰਾਲੀ ਵਿਚ ਹਰ ਮਹੀਨੇ ਦੀ 1 ਤੋਂ 5 ਤਰੀਕ ਤਕ ਮੇਲਾ ਲਗਦਾ ਹੈ । ਕੋਈ ਆਦਮੀ 4 ਦਿਨ ਉਥੇ ਆਪਣਾ ਕੰਮ ਕਾਰ ਕਰਦਾ ਹੈ ਪਰ ਇਕ ਦਿਨ ਨਹੀਂ ਕਰਦਾ, ਇਹ ਉਸ ਨੂੰ ਫੜ ਨਹੀਂ ਸਕਣਗੇ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਹ ਰੈਗੂਲਰ ਵਰਡ ਕੱਟ ਦੇਣ । ਇਹ ਰੈਗੂਲਰ ਵਰਡ ਕਢ ਦੇਣ ਨਾਲ ਜਿਹੜੀ ਇਰਰੈਗੂ-ਲੈਰਟੀ ਹੋਈ ਹੈ ਓਹ ਰੈਗੂਲਰ ਹੋ ਜਾਵੇਗੀ ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ):ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਕੈਟਲ ਫੇਅਰ ਰੈਗੂਲੇਸ਼ਨ ਐਕਟ 1967 ਵਿਚ ਪਾਸ ਹੋਇਆ ਸੀ ਅਤੇ ਇਸ ਦੇ ਖਿਲਾਫ ਬਹੁਤ ਸਾਰੇ ਲੋਕਾਂ ਨੇ ਸੁਪਰੀਮ ਕੋਰਟ ਵਿਚ ਰਿਟਾਂ ਕਰ ਦਿਤੀਆਂ ਸੀ । ਸੁਪਰੀਮ ਕੋਰਟ ਨੇ ਉਹ ਰਿਟਾਂ ਤਾਂ

[ਵਿਕਾਸ ਮੰਤਰੀ]

ਪਾਰਜ ਕਰ ਦਿਤੀਆਂ ਪਰ ਨਾਲ ਹੀ ਸੈਕਸ਼ਨ 15 ਦੀ ਕਲਾਜ਼ 'ਡੀ' ਅਤੇ ਸੈਕਸ਼ਨ 17 ਨੂੰ ਇਨਵੈਲਡ ਕਰਾਰ ਦੇ ਦਿਤਾ । ਇਸ ਲਈ ਸੁਪਰੀਮ ਕੋਰਟ ਦੀਆਂ ਆਬਜ਼ਰਵੇਸ਼ਨਾਂ ਨੂੰ ਸਾਹਮਣੇ ਰਖਦੇ ਹੋਏ । ਇਹ ਅਮੈਂਡਮੈਂਟ ਲਿਆਂਦੀ ਗਈ ਹੈ । ਸੰਧੂ ਸਾਹਿਬ ਨੇ ਮੰਡੀਆਂ ਮੇਰਾ ਖਿਆਲ ਹੈ ਕਿ ਦੂਰੋਂ ਹੀ ਦੇਖੀਆਂ ਹਨ । ਮੰਡੀਆਂ ਦੀਆਂ ਡੇਟਸ ਮੁਕੱਰਰ ਹੁੰਦੀਆਂ ਹਨ ਅਤੇ ਪੇਂਡੂ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਫਲਾਣੀ ਮੰਡੀ ਫਲਾਣੀ ਤਰੀਕ ਤੋਂ ਫਲਾਣੀ ਤਰੀਕ ਤਕ ਲਗਣੀ ਹੈ । ਇਸ ਲਈ ਉਹ ਡੇਟਸ ਰੈਗੂਲਰ ਹੀ ਗਿਣੀਆਂ ਜਾਂਦੀਆਂ ਹਨ ਜਿਹੜਾ ਵੀ ਆਦਮੀ ਉਨ੍ਹਾਂ ਡੇਟਸ ਵਿਚ ਉਥੇ ਆਪਣੀ ਪ੍ਰਾਈਵੇਟ ਮੰਡੀ ਲਗਾਏਗਾ ਉਸ ਨੂੰ ਅਸੀਂ ਫੜ ਲਵਾਂਗੇ । ਪਹਿਲਾਂ ਕਈ ਚਲਾਕ ਲੋਕ ਕੈਟਲ ਫੇਅਰ ਦੇ ਨਾਲ ਹੀ ਆਪਣੀ ਪ੍ਰਾਈਵੇਟ ਕੈਟਲ ਮਾਰਕੀਟ ਬਣਾ ਕੇ ਫਾਇਦਾ ਉਠਾ ਜਾਂਦੇ ਸਨ ਪਰ ਜਦੋਂ ਸਾਡੇ ਨੋਟਿਸ ਵਿਚ ਇਹ ਗੱਲ ਆਈ ਤਾਂ ਅਸੀਂ ਉਨ੍ਹਾਂ ਨੂੰ ਰੋਕਣ ਦਾ ਪ੍ਰਬੰਧ ਕਰ ਦਿਤਾ ਹੈ ਕਿ ਇਹੋ ਜਿਹੀਆਂ ਮਾਰਕੀਟਸ ਵੀ ਉਨ੍ਹਾਂ ਡੇਟਸ ਨੂੰ ਨਹੀਂ ਲਗ ਸਕਦੀਆਂ । ਕਈ ਪਿੰਡਾਂ ਵਾਲਿਆਂ ਨੂੰ ਪਤਾ ਹੁੰਦਾ ਹੈ ਕਿ ਫਲਾਣੀ ਥਾਂ ਤੇ ਇਹ ਮੇਲਾ ਸਾਵਣ ਦੇ ਮਹੀਨੇ ਦੀ ਸੰਗਰਾਂਦ ਨੂੰ ਲਗਣਾ ਹੈ ਜਾਂ 10 ਤਾਰੀਕ ਨੂੰ ਲਗਣਾ ਹੈ । ਜਿਸ ਤਰ੍ਹਾਂ ਅੰਮ੍ਰਿਤਸਰ ਵਿਚ ਇਹ ਮੇਲਾ ਦੀਵਾਲੀ ਨੂੰ ਲਗਦਾ ਹੈ । ਉਥੇ ਉਨ੍ਹਾਂ ਦਿਨਾਂ ਵਿਚ ਕੋਈ ਮਾਰਕਿਟ ਵੀ ਨਹੀਂ ਲਗਾ ਸਕਦਾ । ਰੈਗੂਲਰ ਦੇ ਦੋ ਮਹੀਨੇ ਹਨ । ਫੇਅਰ ਦੀਆਂ ਡੇਟਾਂ ਵਿਚੋਂ ਕਿਸੇ ਇਕ ਦਿਨ ਵੀ ਜੇ ਕੋਈ ਆਦਮੀ ਆਪਣਾ ਪ੍ਰਾਈਵੇਟ ਕੰਮ ਕਰਦਾ ਹੈ ਤਾਂ ਉਹ ਵੀ ਸਜ਼ਾ ਦਾ ਹੱਕਦਾਰ ਹੋਵੇਗਾ । ਕਿਉਂਕਿ ਹੁਣ ਅਸੀਂ ਮਾਰਕਿਟ ਨੂੰ ਵੀ ਮੰਡੀਆਂ ਵਿਚ ਹੀ ਇਨਕਲੂਡ ਕਰ ਦਿਤਾ ਹੈ । ਇਸ ਲਈ ਮੇਰੀ ਇਹ ਬੇਨਤੀ ਹੈ ਕਿ ਲਫਜ਼ ਇਸੇ ਤਰ੍ਹਾਂ ਹੀ ਰਹਿਣ ਦੇਣਾ ਚਾਹੀਦਾ ਹੈ । ਮੈਂ ਕਨਵਿਨਸ ਨਹੀਂ ਹੋ ਸਕਿਆ ਕਿ ਇਹ ਵਰਡ ਕਢ ਦੇਣਾ ਚਾਹੀਦਾ ਹੈ ।

Mr. Deputy Speaker : Question is—

That clause 2 stand part of the Bill.

The motion was carried

CLAUSE 3

Mr. Deputy Speaker: Question is—

That clause 3 stand part of the Bill.

The motion was carried

CLAUSE 4

Mr. Deputy Speaker : Now Clause 4 is before the House.

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਹ ਜੋ ਕਲਾਜ਼ 4 ਹੈ ਇਸ ਦੀ ਸਬ ਕਲਾਜ਼ ਵਿਚ ਲਿਖਿਆ ਹੈ:—

'(i) in clause (a), for the words 'six months or with fine which may extend to two thousand rupees' the words 'three years or with fine which may extend to five thousand rupees' shall be substituted;'

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਰੈਗੂਲਰ ਵਰਡ ਪਾ ਕੇ ਪਹਿਲਾਂ ਤਾਂ ਇਨ੍ਹਾਂ ਨੇ ਉਨ੍ਹਾਂ ਨੂੰ ਛੋਟ ਦੇ ਦਿਤੀ ਹੈ ਫਿਰ ਇਤਨੀ ਸਖਤ ਸਜ਼ਾ ਰਖ ਦਿਤੀ ਹੈ । ਮੈਂ ਸਮਝਦਾ ਹਾਂ ਕਿ ਰੀਜ਼ਨੇਬਲ ਸਜ਼ਾ ਦੇਣੀ ਚਾਹੀਦੀ ਹੈ । ਸਜ਼ਾ ਦੇਣ ਨਾਲੋਂ ਇਨ੍ਹਾਂ ਦੀ ਚੌਕਸੀ ਦੀ ਵਧੇਰੇ ਲੋੜ ਹੈ । ਫਿਰ ਦੂਜੀ ਗੱਲ ਇਹ ਹੈ ਕਿ ਇਹ ਹਾਊਸ ਨੂੰ ਖੁਸ਼ ਕਰਨ ਵਾਸਤੇ ਕਈ ਬਿਲਾਂ ਵਿਚ ਜ਼ਿਆਦਾ ਸਜ਼ਾ ਅਮੈਂਡਮੈਂਟਾਂ ਰਾਹੀਂ ਕਰਵਾ ਲੈਂਦੇ ਹਨ ਪਰ ਉਹ ਕਲਾਜ਼ਾਂ ਕਦੇ ਯੂਜ਼ ਨਹੀਂ ਹੁੰਦੀਆਂ । ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਸਜ਼ਾ ਰੀਜ਼ਨੇਬਲ ਹੋਣੀ ਚਾਹੀਦੀ ਹੈ ।

ਵਿਕਾਸ ਮੰਤਰੀ (ਕੈਪਟਨ ਰਤਨ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਲਾਜ਼ 18 ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ, ਜਿਸ ਵਿਚ ਲਿਖਿਆ ਹੈ:—

> 'For the first offence, be punishable with imprisonment which may extend to six months or with fine which may extend to two thousand rupees or with both.'

ਉਹ ਬੜੇ ਵਡੇ ਆਦਮੀ ਹੁੰਦੇ ਹਨ ਇਸ ਲਈ ਡੇਟੀਰੇਟ ਸਜ਼ਾ ਰਖੀ ਗਈ ਹੈ। ਬਾਕੀ ਮੈਂ ਸੰਧੂ ਸਾਹਿਬ ਨੂੰ ਕੀ ਕਹਾਂ? ਕਹਿਣਾ ਤਾਂ ਨਹੀਂ ਸੀ ਚਾਹੁੰਦਾ ਪਰ ਇਹ ਬੜੇ ਵਡੇ ਅਤੇ ਸਿਆਣੇ ਵਕੀਲ ਹਨ ਪਰ ਇਨ੍ਹਾਂ ਦੇ ਸਿਰ ਤੇ ਰੈਗੂਲਰ ਵਰਡ ਚੜ੍ਹ ਗਿਆ ਹੈ। ਮੈਂ ਮਿਸਾਲ ਦਿੰਦਾ ਹਾਂ ਕਿ ਜੇ ਰੈਗੂਲਰ ਵਰਡ ਨਾ ਪਾਇਆ ਤਾਂ ਜੇ ਕੋਈ ਇੰਡੀਵੀਜੂਅਲ ਆਦਮੀ ਮਝ ਵੇਚਦਾ ਹੈ (ਵਿਘਨ) ਫਰਜ਼ ਕਰੋ ਤੁਸੀਂ ਬਾਦਲ ਸਾਹਿਬ ਤੋਂ ਮਝ ਖਰੀਦਦੇ ਹੋ ਤਾਂ ਇਹ ਵੀ ਜੁਰਮ ਹੋ ਜਾਵੇਗਾ ।(ਵਿਘਨ) ਮੈਂ ਦਸਦਾ ਹਾਂ ਕਿ ਇਕੱਲਾ ਇਕੱਲਾ ਆਦਮੀ ਜੇ ਕੋਈ ਪਸ਼ੂ ਵੇਚੇਗਾ ਜੇ ਵਰਡ ਰੈਗੂਲਰ ਵਿਚ ਨਾ ਹੋਇਆ ਤਾਂ ਉਹ ਵੀ ਜੁਰਮ ਹੋ ਜਾਵੇਗਾ (ਵਿਘਨ)। ਫਰਜ਼ ਕਰੋ ਪਤੰਗ ਸਾਹਿਬ ਇਕ ਮਝ ਵੇਚਦੇ ਹਨ ਅਤੇ ਤੁਸੀਂ ਖਰੀਦਦੇ ਹੋ , ਇਹ ਵੀ ਜੁਰਮ ਹੋ ਜਾਵੇਗਾ । ਇਸ ਲਈ ਇਹ ਰੈਗੂਲਰ ਸ਼ਬਦ ਰਹਿਣਾ ਜ਼ਰੂਰੀ ਹੈ ।

ਸ੍ਰੀ ਡਿਪਟੀ ਸਪੀਕਰ : ਰੈਗੂਲਰ ਵਰਡ ਵਾਲੀ ਕਲਾਜ਼ ਤਾਂ ਪਾਸ ਹੋ ਚੁਕੀ ਹੈ । (The clause pertaining to the word 'regular' has already been passed)

ਵਿਕਾਸ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਫਿਰ ਇਹ ਗੱਲ ਕੀਤੀ ਹੈ ਤਾਂ ਮੈਂ ਇਨ੍ਹਾਂ ਨੂੰ ਸਮਝਾਉਣ ਲਗਾ ਹਾਂ । ਤੇ ਮੈਂ ਅਰਜ਼ ਕਰ ਰਿਹਾ ਸੀ ਕਿ ਅਜਿਹੇ ਆਦਮੀਆਂ ਨੂੰ ਡੈਟੀਰੈਂਟ ਤੋਂ ਡੈਟੀਰੈਂਟ ਸਜ਼ਾ ਮਿਲਣੀ ਚਾਹੀਦੀ ਹੈ । ਮੇਰੀ ਹਾਊਸ ਅਗੇ ਬੇਨਤੀ ਹੈ ਕਿ ਇਸ ਨੂੰ ਇਸੇ ਤਰ੍ਹਾਂ ਹੀ ਪਾਸ ਕਰ ਦੇਵੇ ।

Mr. Deputy Speaker ; Question is—

That clause 4 stand part of the Bill.

The motion was carried.

CLAUSE 5

Mr. Deputy Speaker : Question is—

That Clause 5 stand part of the Bill.

The motion was carried

Clause 1

Mr. Deputy Speaker: Question is—

That Clause I stand part of the Bill.

The motion was carried.

Title

Mr. Deputy Speaker: Question is—

That Title be the Title of the Bill.

The motion was carried.

Development Minister (Captain Rattan Singh): Sir, I beg to move—

That the Punjab Cattle Fairs (Regulation) Amendment Bill be passed.

Mr. Deputy Speaker : Motion moved—

That the Punjab Cattle Fairs (Regulation) Amendment Bill be passed.

Mr. Deputy Speaker:- Question is:-

That the Punjab Cattle Fairs (Regulation) Amendment Bill be passed.

The motion was carried.

DISCUSSION ON THE VARIOUS DOCUMENTS RELATING TO THE PUNJAB STATE ELECTRICITY BOARD

Comrade Raj Kumar (Dhariwal): Sir I beg to move—

That the Annual Financial Statement (Budget Estimates) of the Punjab State Electricity Board for the year 1971-72 and 1972-73, which were laid on the Table of the House on 14th August, 1972 and 8th April, 1972, respectively, be discussed.

Comrade Satya Pal Dang (Amritsar West): Sir, I beg to move—

That the Annual Administration Report of the Punjab State Electricity Board for the year 1969-70, which was laid on the Table of the House on 8th April, 1972 be discussed.

Comrade Satya Pal Dang (Amritsar West) : Sir, I beg to move—

That the Annual Statement of Accounts of the Punjab State Electricity Board for the year 1969-70 which was laid on the Table of the House on 14th August, 1972, be discussed.

Mr. Deputy Speaker:- Motion moved—

(i) That the Annual Financial Statement (Budget Estimates) of the Punjab State Etectricity Board for the year 1971-72 and 1972-73, which were laid on the Table of the House on 14th August 1972 and 8th April, 1972 respectively, be discussed.

(ii) That the Annual Administration Report of the Punjab State Electricity Board for the year 1969-70 which was laid on the Table of the House on 8th April 1972 be discussed.

(iii) That the Annual Statement of Accounts of the Punjab State Electricity Board for the year 1969-70, which was laid on the Table of the House on 14th August, 1972 be discussed.

Mr. Deputy Speaker ; All the three motions may be discussed together.

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਬਿਜਲੀ ਦਾ ਸਬੰਧ ਹੈ ਸਾਡੀ ਜਿਹੜੀ ਪਲੈਨਿੰਗ ਹੈ, ਬਿਜਲੀ ਵਿਚ ਇਸ ਵੇਲੇ ਜਿਹੜਾ ਸੰਕਟ ਹੈ ਇਹ ਕੋਈ ਅਜਿਹਾ ਸੰਕਟ ਨਹੀਂ ਹੈ ਜਿਹੜਾ ਕਿ ਕੁਦਰਤੀ ਹੋਵੇ ਇਹ ਸਾਡੀ ਗਲਤ ਪਲੈਨਿੰਗ ਕਰਕੇ ਸੰਕਟ ਆਇਆ ਹੈ । ਇਹ ਮੈਂ ਅਗੇ ਜਾ ਕੇ ਦਸਾਂਗਾ ਕਿ ਪਲੈਨਿੰਗ ਨੇ ਕਿਸ ਤਰ੍ਹਾਂ ਸੰਕਟ ਪੈਦਾ ਕੀਤਾ ਹੈ । ਬਿਜਲੀ ਤਿੰਨ ਚਾਰ ਕਿਸਮ ਨਾਲ ਪੈਦਾ ਹੁੰਦੀ ਹੈ ; ਪਾਣੀ ਕੋਲੇ, ਤੇਲ ਅਤੇ ਅਟੋਮਿਕ ਸ਼ਕਤੀ ਤੋਂ । ਪਾਣੀ ਅਤੇ ਕੋਲੇ ਨਾਲ ਤਾਂ ਬਿਜਲੀ ਸ਼ਾਇਦ 1974 ਵਿਚ ਚਾਲੂ ਹੋਵੇਗੀ, ਗੁਰੂ ਨਾਨਕ ਥਰਮਲ ਪਲਾਂਟ ਰਾਹੀਂ । ਤੇਲ ਤੋਂ ਬਿਜਲੀ ਪੈਦਾ ਕਰਨ ਦਾ ਜਿਥੋਂ ਤਕ ਸਬੰਧ ਹੈ, ਜਨਰੇਟਰ ਖਰੀਦੇ ਹੋਏ ਨੂੰ ਤਿੰਨ ਸਾਲ ਹੋ ਗਏ ਹਨ ਪਰ ਚਾਲੂ ਨਹੀਂ ਹੋਏ ਔਰ ਐਨਾਂ ਬਿਜਲੀ ਦਾ ਸੰਕਟ ਹੁੰਦੇ ਹੋਏ ਵੀ ਇਹ ਜਰਨੇਟਰ ਖੜੇ ਹਨ ਅਤੇ ਚਲ ਨਹੀਂ ਰਹੇ । ਇਸ ਦਾ ਨਤੀਜਾ ਇਹ ਹੋਇਆ ਕਿ ਇਹ ਬੋਰਡ ਦੀ ਨਾਅਹਿਲੀਅਤ ਹੈ । ਇਹਦੇ

ਵਿਚ ਇਕੱਲੇ ਕਾਂਗਰਸੀ ਹੀ ਜ਼ਿੰਮੇਵਾਰ ਨਹੀਂ ਹਨ ਮੈਂ ਤਾ ਕਹਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਇਸ ਦੇ ਕਾਂਗਰਸ ਅਤੇ ਅਕਾਲੀ ਦੋਨੋਂ ਹੀ ਜ਼ਿੰਮੇਵਾਰ ਹਨ। ਜਿਨ੍ਹਾਂ ਨੇ ਇਸ ਪਲੈਨਿੰਗ ਨੂੰ ਠੀਕ ਢੰਗ ਨਾਲ ਨਹੀਂ ਚਲਾਇਆ ਹੈ । ਇਥੇ ਆਸ ਸੀ ਕਿ ਇਥੇ ਅਟੌਮਿਕ ਸ਼ਕਤੀ ਕਰਕੇ ਬਿਜਲੀ ਪੈਦਾ ਹੋਵੇਗੀ, ਪਰ ਇਨ੍ਹਾਂ ਦੋਨਾਂ ਦੀ ,ਕਾਂਗਰਸ ਅਤੇ ਅਕਾਲੀਆਂ ਦੀ, ਨਾਅਹਿਲੀਅਤ ਕਾਰਨ ਅਜ ਇਹ ਪਲਾਂਟ ਗੁਜਰਾਤ ਕੋਲ ਚਲਾ ਗਿਆ ਹੈ ਅਤੇ ਪੰਜਾਬ ਮੂੰਹ ਹੀ ਵੇਖਦਾ ਰਹਿ ਗਿਆ ਹੈ। ਇਸ ਦਾ ਨੁਕਸਾਨ ਇਸ ਪੰਜਾਬ ਸਟੇਟ ਨੂੰ ਹੋਇਆ ਹੈ । ਇਹ ਸਾਡੇ ਬਿਜਲੀ ਬੋਰਡ ਦੀ ਨਾਅਹਿਲੀਅਤ ਦਾ ਸਿੱਟਾ ਹੈ । ਇਸ ਦੇ ਮੁਤਲਕ ਕੱਚਾ ਚਿਠਾ ਤਿਆਰ ਕਰਕੇ ਸੈਂਟਰ ਨੂੰ ਔਰ ਸਾਡੇ ਚੀਫ ਮਨੀਸਟਰ ਸਾਹਿਬ ਨੂੰ ਇਸ ਬੋਰਡ ਦੇ ਖਿਲਾਫ ਇਸ ਬੋਰਡ ਦੇ ਚੇਅਰਮੈਨ ਦੇ ਖਿਲਾਫ ਮੈਮੋਰੰਡਮ ਦੀ ਸ਼ਕਲ ਵਿਚ ਅਸੀਂ ਦੇ ਚੁਕੇ ਹਾਂ । ਇਹਦੇ ਉਤੇ ਮੈਂ ਜ਼ਿਆਦਾ ਵਿਸਥਾਰ ਨਾਲ ਨਹੀਂ ਕਹਿਣਾ ਚਾਹੁੰਦਾ । ਇਹ ਕੁਰਪਸ਼ਨ ਦਾ ਸੋਮਾ ਬਣਿਆ ਹੋਇਆ ਹੈ । ਦੂਜੇ ਇਥੇ ਘਾਟਾ ਦਿਖਾਇਆ ਜਾਂਦਾ ਹੈ । ਉਹ ਘਾਟਾ ਕੈਪੀਟਲ ਜਿਹੜਾ ਹੈ ਉਹ ਸਾਡੇ ਬਿਆਸ ਪ੍ਰਾਜੈਕਟ ਅਤੇ ਗੁਰੂ ਨਾਨਕ ਥਰਮਲ ਪਰਾਜੈਕਟ ਤੇ ਖਰਚ ਹੋਣਾ ਹੈ । (ਵਿਘਨ) ਸੂਦ ਮਿਲਾਕੇ ਇਸ ਤਰ੍ਹਾਂ ਨਾਲ ਇਹ ਘਾਟਾ ਦਿਖਾਇਆ ਜਾਂਦਾ ਹੈ । ਰੈਵਿਨਿਊ ਵਿਚ ਕੋਈ ਘਾਟਾ ਨਹੀਂ ਹੈ। ਮੈਂ ਚੈਲੰਜ ਕਰਦਾ ਹਾਂ ਜੇ ਰੈਵੀਨਿਊ ਵਿਚ ਕੋਈ ਘਾਟਾ ਹੋਵੇ । ਕੈਪੀਟਲ ਅਜੇ ਚਾਲੂ ਨਹੀਂ ਹੋਇਆ ਅਤੇ ਉਹ ਸੂਦ ਨੂੰ ਦਿਖਾ ਕੇ ਘਾਟਾ ਦਿਖਾਇਆ ਜਾ ਰਿਹਾ ਹੈ । ਦੂਜੇ ਇਹ ਦੇਖ ਕੇ ਸ਼ਾਡੇ ਪੰਜਾਬ ਦੀ ਹਾਲਤ ਕੀ ਹੈ ਸਾਡਾ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ । ਜਿਹੜਾ ਪੰਜਾਬ ਸਾਰੀਆਂ ਸਟੇਟਾਂ ਨਾਲੋਂ ਅਗੇ ਸੀ ਅੱਜ ਜੇ ਹਰਿਆਣੇ ਨੂੰ ਦੇਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਉਥੇ ਹਰ ਪਿੰਡ ਵਿਚ ਬਿਜਲੀ ਪਹੁੰਚ ਗਈ ਹੈ, ਕੇਰੇਲਾ ਵਿਚ ਵੀ ਬਿਜਲੀ ਪਹੁੰਚ ਗਈ ਹੈ , ਤਾਮਲ ਨਾਡੂ ਵਿਖੇ ਹਰ ਪਿੰਡ ਵਿਚ ਬਿਜਲੀ ਪਹੁੰਚ ਗਈ ਹੈ। ਪਰ ਪੰਜਾਬ ਦੀ ਬਦਕਿਸਮਤੀ ਹੈ ਕਿ ਇਥੇ ਜਿਹੜੀਆਂ ਗੌਰਮਿੰਟਾਂ ਰਹੀਆਂ ਹਨ ਉਨ੍ਹਾਂ ਨੇ ਇਸ ਦੀ ਪਲੈਨਿੰਗ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ ਹੈ । ਇਸ ਬੋਰਡ ਵਿਚ ਅਜਿਹੇ ਨਾਅਹਿਲ ਮੈਂਬਰ ਭੇਜੇ ਗਏ ਹਨ ਜੋ ਕਿ ਨਾਤਜਰਬਾਕਾਰ ਹਨ । ਇਸ ਲਈ ਹੀ ਹਣ ਅਧੇ ਪੰਜਾਬ ਵਿਚ ਬਿਜਲੀ ਪਹੁੰਚ ਗਈ ਹੈ ਅਤੇ ਅਧੇ ਪੰਜਾਬ ਵਿਚ ਬਿਜਲੀ ਨਹੀਂ ਪਹੁੰਚੀ ਹੈ । ਅੱਗੇ 40 ਰੁਪਏ ਸਕਿਉਰਿਟੀ ਦਾਖਲ ਕਰਾਈ ਜਾਂਦੀ ਸੀ ਪਰ ਹੁਣ 80 ਰੁਪਏ ਬਤੌਰ ਸਿਕਿਉਰਟੀ ਲਈ ਜਾਂਦੀ ਹੈ । ਮੀਟਰ ਮਹਿਕਮਾ ਦਿੰਦਾ ਹੁੰਦਾ ਹੈ । ਪਰ ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਪੜਤਾਲ ਕਰ ਲੈਣ ਲੋਕਾਂ ਨੂੰ ਮੀਟਰ ਵੀ ਪ੍ਰਾਈਵੇਟਲੀ ਖਰੀਦਣਾ ਪੈਂਦਾ ਹੈ । ਅਤੇ ਇਹ ਦੁਕਾਨਦਾਰ ਉਨ੍ਹਾਂ ਨੂੰ 100/— ਰੁਪਏ ਤੋਂ ਘਟ ਨਹੀਂ ਦਿੰਦਾ । ਗੌਰਮਿੰਟ ਉਨ੍ਹਾਂ ਨੂੰ ਕਹਿ ਦਿੰਦੀ ਹੈ ਕਿ ਮੀਟਰ ਉਨ੍ਹਾਂ ਕੋਲ ਨਹੀਂ ਹਨ ਅਤੇ ਉਨ੍ਹਾਂ ਨੂੰ ਬਾਜ਼ਾਰ ਤੋਂ ਪਰਾਈਵੇਟਲੀ ਖਰੀਦਣਾ ਚਾਹੀਦਾ ਹੈ । ਕੋਈ ਗੋਰਮਿੰਟ ਦਾ ਖਾਸ ਆਦਮੀ ਹੋਵੇ ਤਾਂ ਸ਼ਾਇਦ ਹੀ ਉਸਨੂੰ ਸਰਕਾਰ ਵਲੋਂ ਮੀਟਰ ਦੇ ਦਿਤਾ ਜਾਂਦਾ ਹੋਵੇ । ਤੇਲ ਨਾਲ ਜਰਨੇਟਰ ਚਲਾਉਣ ਵਾਸਤੇ ਮਨਿਸਟਰ ਸਾਹਿਬ ਨੂੰ ਖਾਸ਼ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ । ਜਰਨੇਟਰ ਚਾਲੂ ਹੋਣ ਚਾਹੀਦੇ ਹਨ । ਸਾਡੇ ਜ਼ਿਲ੍ਹੇ ਵਿਚ ਦੋ ਜਨਰੇਟਰ ਲਗਾਏ ਗਏ ਹਨ; ਇਕ ਮੌੜਾਂ ਅਤੇ ਦੂਜਾ ਕਿਤੇ ਹੋਰ ਹੈ । ਦੋਨੋਂ ਹੀ ਚਾਲੂ ਨਹੀਂ ਹੋਏ ਹਨ । ਇਸ ਦੇ ਨਤੀਜੇ ਵਜੋਂ ਕਿਸਾਨਾਂ ਨੂੰ ਬਿਜਲੀ ਨਾ ਹੋਣੇ ਕਾਰਨ ਬੜਾ ਘਾਟਾ ਪੈ ਰਿਹਾ ਹੈ। ਬੜੇ ਬੜੇ ਕਾਰਖਾਨੇਦਾਰਾਂ ਨੂੰ ਅਤੇ ਹੋਰ ਅਮੀਰ ਆਦਮੀਆਂ ਨੂੰ ਤਾਂ ਬਿਜਲੀ ਮਿਲ ਰਹੀ ਹੈ ਪਰ ਕਿਸਾਨ ਨੂੰ ਜਿਹੜਾ ਕਿ ਖੇਤਾਂ ਵਿਚ ਕੰਮ ਕਰਦਾ ਹੈ ਅਤੇ ਜਿਸ ਨੇ ਪਰੋਡਕਸ਼ਨ ਵਧਾਉਣੀ ਹੈ, ਉਸ ਨੂੰ ਬਿਜਲੀ ਮਿਲਣ ਵਿਚ ਬੜੀ ਔਖ ਆ ਰਹੀ ਹੈ । ਇਨ੍ਹਾਂ ਕਿਸਾਨਾਂ ਤੋਂ ਬਿਜਲੀ ਲਈ ਫਲੈਟ ਰੇਟ ਤੇ ਪੈਸੇ ਲਏ ਜਾਂਦੇ ਹਨ ਭਾਵੇਂ ਬਿਜਲੀ ਉਨ੍ਹਾਂ ਨੂੰ ਮਿਲੇ ਜਾਂ ਨਾਂ ਮਿਲੇ ਪਰ ਬਿਜਲੀ ਦਾ ਖਰਚ ਫਲੈਟ ਰੇਟ ਤੇ ਹੀ ਲਿਆ ਜਾਂਦਾ ਹੈ । ਇਸ ਕਰਕੇ ਮੈਂ ਸਮਝਦਾ ਹਾਂ ਕਿ ਬਿਜਲੀ ਦੇ ਫਲੈਟ ਰੇਟ ਵਿਚ ਕਮੀ

[ਕਾਮਰੇਡ ਜੰਗੀਰ ਸਿੰਘ ਜੋਗਾ]

ਆਉਣੀ ਚਾਹੀਦੀ ਹੈ । ਪਿਛੜੇ ਇਲਾਕੇ ਵਿਚ ਖਾਸ ਕਰਕੇ ਬਾਰਡਰ ਦੇ ਏਰੀਆ ਵਿਚ, ਫਾਜ਼ਿਲਕਾ ਦੇ ਇਲਾਕੇ ਵਿਚ ਜਲਾਲਾਬਾਦ ਤੋਂ ਲੈ ਕੇ ਪਾਕਿਸਤਾਨ ਦੀ ਹੱਦ ਨਾਲ 10 ਮੀਲ ਦੇ ਏਰੀਆ ਵਿਚ ਕਿਸੇ ਪਿੰਡ ਵਿਚ ਬਿਜਲੀ ਨਹੀਂ ਹੈ । ਜਿੰਨੇ ਹਰਿਆਣੇ ਨਾਲ ਲਗਦੇ ਪਿੰਡ ਹਨ ਉਨ੍ਹਾਂ ਵਿਚ ਕੋਈ ਬਿਜਲੀ ਨਹੀਂ ਹੈ । ਮੇਰੇ ਕੋਲ ਇਕ ਚਿਠੀ ਹੈ ਜੇ ਸੁਣਾਵਾਂ ਤਾਂ ਹੈਰਾਨ ਹੋਵੋਗੇ ਕਾਂਗਰਸ ਐਮ.ਐਲ.ਏ ਇਸ ਵਿਚ ਸ਼ਾਮਲ ਹੈ ।(ਵਿਘਨ) ਮੈਂ ਇਸ ਵਾਸਤੇ ਨਹੀਂ ਦਸਣਾ ਚਾਹੁੰਦਾ ਕਿ ਇਹ ਚੋਰੀ ਕਰਦੇ ਹਨ (ਵਿਘਨ) ਅਗਰ ਤੁਸੀਂ ਕਹੋ ਤਾਂ ਮੈਂ ਇਸ ਐਮ.ਐਲ.ਏ. ਦਾ ਨਾਉਂ ਲੈਣ ਵਾਸਤੇ ਤਿਆਰ ਹਾਂ । ਇਨਕੁਆਰੀ ਕਰਾ ਲਵੋ । ਦੂਜੇ ਪਾਸੇ ਕਿਸਾਨਾਂ ਨੂੰ ਬਿਜਲੀ ਨਹੀਂ ਮਿਲਦੀ ਅਤੇ ਕਾਰਖਾਨਿਆਂ ਵਾਲਿਆਂ ਨੂੰ ਅਤੇ ਹੋਰ ਅਮੀਰ ਆਦਮੀਆਂ ਨੂੰ ਬਿਜਲੀ ਦਿਤੀ ਜਾਂਦੀ ਹੈ । ਪਰ ਅਮੀਰ ਆਦਮੀ ਦੇ ਘਰ ਵਿਚ ਹੀਟਰ ਲਗੇਹੋਏ ਹਨ ਅਤੇ ਉਹ ਦਿਨ ਰਾਤ ਬਾਲੀ ਜਾਂਦੇ ਹਨ ।

ਦੂਜੀ ਅਰਜ਼ ਮੈਂ ਕਰਦਾ ਹਾਂ ਕਿ 1968 ਦੀਆਂ ਅੱਜ ਤੋਂ 4 ਸਾਲ ਪਹਿਲਾਂ ਦੀਆਂ ਇਨ੍ਹਾਂ ਨੇ ਸਿਕਿਊਰਟੀਆਂ ਵਸੂਲ ਕੀਤੀਆਂ ਹਨ । ਪਿੰਡ ਵਿਚ 200 ਜਾਂ 150 ਘਰ ਹੁੰਦੇ ਹਨ ਉਸ ਦੇ ਮੁਤਾਬਿਕ ਉਨ੍ਹਾਂ ਦੀਆਂ ਸਿਕਿਉਰਿਟੀਆਂ ਦਾਖਲ ਹੋ ਜਾਂਦੀਆਂ ਹਨ ਪਰ ਬਿਜਲੀ ਨਹੀਂ ਦਿਤੀ ਜਾਂਦੀ । ਡਿਪਟੀ ਸਪੀਕਰ ਸਾਹਿਬ, ਜਲਾਲਾਬਾਦ ਬਲਾਕ ਵਿਚ ਮੁਕੇਰੀਆਂ ਪਿੰਡ ਹੈ, ਮੈਂ ਉਸਦੀ ਗੱਲ ਤੁਹਾਨੂੰ ਦਸਦਾ ਹਾਂ । 1968 ਦੀਆਂ ਸਿਕਿਊਰਟੀਆਂ ਜਮ੍ਹਾਂ ਹਨ ਪਰ ਉਸ ਪਿੰਡ ਨੂੰ ਬਿਜਲੀ ਨਹੀਂ ਦਿਤੀ ਜਾ ਰਹੀ । ਉਸਦੇ ਅੱਧੇ ਮੀਲ ਦੇ ਫਾਸਲੇ ਤੇ ਇਕ ਹੋਰ ਪਿੰਡ ਹੈ ਉਸ ਪਿੰਡ ਵਿਚ ਬਿਜਲੀ ਹੈ ।

ਇਸ ਤੋਂ ਅਗੇ ਕੁਰਪਸ਼ਨ ਦੀ ਗਲ ਕਰਦਾ ਹਾਂ । ਤਾਰਾਂ ਬਾਰੇ ਵੀ ਦਸਦਾਂ ਹਾਂ । ਜੇ ਕਿਸੇ ਪਿੰਡ ਨੂੰ ਬਿਜਲੀ ਦੇਣੀ ਹੋਵੇ ਤਾਂ ਕਹਿੰਦੇ ਹਨ ਕਿ ਤਾਰ ਨਹੀਂ ਹੈ ਅਤੇ ਜੇ ਤਾਰ ਆ ਜਾਂਦੀ ਹੈ ਤਾਂ ਕਹਿੰਦੇ ਹਨ ਕਿ ਮੀਟਰ ਕੋਈ ਨਹੀਂ ਅਤੇ ਜੇ ਮੀਟਰ ਆਜਾਵੇ ਤਾਂ ਕਹਿ ਦਿੰਦੇ ਹਨ ਕਿ ਬਿਜਲੀ ਹੀ ਨਹੀਂ ਹੈ । ਮੈਂ ਕਹਾਂਗਾ ਕਿ ਸਰਾਕਾਰ ਨੂੰ ਚਾਹੀਦਾ ਹੈ ਕਿ ਨਵੇਂ ਬਿਜਲੀ ਦੇ ਕੁਨੈਕਸ਼ਨਜ਼ ਨਾ ਦਿਤੇ ਜਾਣ ਅਤੇ ਨਾਂ ਹੀ ਸਿਕਿਉਰਟੀਆਂ ਲਈਆਂ ਜਾਣ, ਤਾਂ ਤੇ ਗੱਲ ਮੰਨੀ ਜਾ ਸਕਦੀ ਹੈ । ਪਰ ਇਕ ਪਾਸੇ ਹੇਰਾਫੇਰੀ ਹੋ ਰਹੀ ਹੈ ,ਸਿਕਿਉਰਟੀਆਂ ਲਈਆਂ ਜਾਂਦੀਆਂ ਹਨ ਅਤੇ ਬਿਜਲੀ ਨਹੀਂ ਦਿਤੀ ਜਾਂਦੀ। ਬਿਜਲੀ ਦੇ ਘਾਟੇ ਨੂੰ ਪੂਰਾ ਨਹੀਂ ਕਰਦੇ ।

ਇਸ ਤੋਂ ਅਗੇ ਮੈਂ ਦਸਦਾ ਹਾਂ ਕਿ ਮੁਲਾਜ਼ਮਾਂ ਦੇ ਨਾਲ ਕਿਸ ਕਿਸਮ ਦੇ ਧੱਕੇ ਹੁੰਦੇ ਹਨ । ਜਿਥੇ ਕਿਤੇ ਬਿਜਲੀ ਦਾ ਵੱਡਾ ਕੇਂਦਰ ਹੈ ਉਥੇ ਕੁਝ ਪੁਲਸ ਦੇ ਆਦਮੀਆਂ ਦੀ ਡਿਊਟੀ ਲਾਈ ਹੋਈ ਹੈ । ਰਾਮਪੁਰਾ ਫੂਲ ਦੀ ਗੱਲ ਦਸਦਾ ਹਾਂ । ਉਥੇ ਪੁਲਿਸ ਦੀ ਡਿਊਟੀ ਲਗਾਈ ਗਈ । ਉਨ੍ਹਾਂ ਨੇ ਇਕ ਠੇਕੇਦਾਰ ਨੂੰ ਫੜ ਲਿਆ ਅਤੇ ਉਸ ਨੂੰ ਕੁਟਿਆ ਮਾਰਿਆ ਗਿਆ । ਉਸ ਨੇ ਡੀ.ਸੀ. ਅਤੇ ਐਸ.ਪੀ. ਬਠਿੰਡਾਂ ਪਾਸ ਬੇਨਤੀ ਕੀਤੀ ਕਿ ਪੁਲਿਸ ਵਾਲਿਆਂ ਨੇ ਮੈਨੂੰ ਮਾਰਿਆ ਕੁਟਿਆ ਹੈ ਅਤੇ ਖਰਾਬ ਕੀਤਾ ਹੈ ਪਰ ਕੋਈ ਐਕਸ਼ਨ ਨਹੀਂ ਹੋਇਆ । ਉਹ ਵਿਚਾਰਾ ਡੇਢ ਮਹੀਨੇ ਤੋਂ ਹਸਪਤਾਲ ਵਿਚ ਪਿਆ ਹੈ । ਉਸ ਨੂੰ ਕਿਹਾ ਗਿਆ ਕਿ 2 ਸੌ ਰੁਪਿਆ ਦੇ ਨਹੀਂ ਤਾਂ ਤੈਨੂੰ ਛੱਡਿਆ ਨਹੀਂ ਜਾਵੇਗਾ ਅਤੇ ਉਸ ਨੂੰ ਕਿਹਾ ਗਿਆ ਕਿ ਤੂੰ ਚੋਰੀ ਕੀਤੀ ਹੈ । ਸੋ ਇਸ ਤਰ੍ਹਾਂ ਨਾਲ ਵਰਕਰਾਂ ਨਾਲ ਧੱਕਾ ਹੋ ਰਿਹਾ ਹੈ । ਚੋਰੀਆਂ ਬਹੁਤ ਹੁੰਦੀਆਂ ਹਨ । ਮਹਿਕਮਾਂ ਵੀ ਬੜੀ ਚੋਰੀ ਕਰਦਾ ਹੈ । ਇਸ ਬਾਰੇ ਅਖਬਾਰਾਂ ਵਿਚ ਵੀ ਆਉਂਦਾ ਹੈ । ਤਿੰਨ ਐਸ.ਡੀ.ਓ. ਫੜ ਲਏ ਗਏ ਪਰ ਉਸ ਤੋਂ ਬਾਅਦ ਪਤਾ ਨਹੀਂ ਲਗਦਾ ਕਿ ਕੀ ਕਾਰਵਾਈ ਹੋਈ । ਜਿਸ ਵੇਲੇ ਉਤੋਂ ਕੋਈ ਆਉਂਦਾ ਹੈ ਤਾਂ ਸਭ ਠੱਪ ਹੋ ਜਾਂਦਾ ਹੈ । ਉਸ ਦਾ

ਨਤੀਜਾ ਇਹ ਹੁੰਦਾ ਹੈ ਕਿ ਇਨ੍ਹਾਂ ਦਾ ਪੁਲਿਸ ਵਿਚ ਚਲਾਨ ਨਹੀਂ ਜਾਂਦਾ । ਇਸ ਲਈ ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਇਸ ਮਹਿਕਮੇਂ ਵਿਚ ਧਿਆਨ ਦਿਉ । ਮੈਂ ਚੈਲੰਜ ਕਰਦਾ ਹਾਂ ਬਠਿੰਡਾ ਦਾ ਜਿਹੜਾ ਥਰਮਲ ਪਲਾਂਟ ਹੈ ਉਥੇ ਪਹਿਰਾ ਲਾਇਆ ਜਾਵੇ ਉਥੋਂ 2 ਹਜ਼ਾਰ ਰੁਪਏ ਦੀ ਸੀਮਿੰਟ ਨਿਕਲਦੀ ਹੈ, ਭਾਵ ਚੋਰੀ ਹੁੰਦੀ ਹੈ ਜਿਹੜੀ ਕਿ ਬਲੈਕ ਵਿਚ ਵਿਕਦੀ ਹੈ । ਸੀਮਿੰਟ ਲੋਕਾਂ ਨੂੰ ਨਹੀਂ ਮਿਲਦਾ ਪਰ ਦੂਜੇ ਪਾਸੇ ਇਹ ਬਲੈਕ ਵਿਚ ਮਿਲਦੀ ਹੈ । ਇਸਦਾ ਨਤੀਜਾ ਇਹ ਹੈ ਕਿ ਠੇਕੇਦਾਰ ਲੁਟੀ ਜਾ ਰਹੇ ਹਨ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਊਣਤਾਈਆਂ ਵੱਲ ਧਿਆਨ ਦਿਤਾ ਜਾਵੇ ਅਤੇ ਪਿਛੜੇ ਇਲਾਕੇ ਨੂੰ, ਬਾਰਡਰ ਦੇ ਏਰੀਆਜ਼ ਨੂੰ ਚਾਹੇ ਉਹ ਹਰਿਆਣੇ ਨਾਲ ਲਗਦਾ ਹੈ ਜਾਂ ਪਾਕਿਸਤਾਨ ਨਾਲ ਲਗਦਾ ਹੈ। ਇਨ੍ਹਾਂ ਇਲਾਕਿਆਂ ਨੂੰ ਪਹਿਲਾਂ ਬਿਜਲੀ ਦਿਤੀ ਜਾਵੇ ਤਾਂ ਕਿ ਲੋਕਾਂ ਦੀ ਕੁਝ ਤਸੱਲੀ ਹੋਵੇ । ਅਸੀਂ ਦਾਅਵੇ ਤਾਂ ਬਹੁਤ ਕਰਦੇ ਹਾਂ ਕਿ ਪੰਜਾਬ ਨੇ ਬੜੀ ਉਨਤੀ ਕੀਤੀ ਹੈ ਪਰ ਹਾਲਤ ਇਹ ਹੈ ਕਿ ਹਰਿਆਣਾ ਹਰ ਚੀਜ਼ ਵਿਚ ਸਾਡੇ ਨਾਲੋਂ ਅਗੇ ਹੈ। ਕੀ ਟਰਾਂਸਪੋਰਟ, ਕੀ ਬਿਜਲੀ ਅਤੇ ਕੀ ਪੈਦਾਵਾਰ ਵਿਚ, ਉਹ ਸਾਡੇ ਨਾਲੋਂ ਅਗੇ ਹੈ ਪਰ ਸਾਡਾ ਤਾਂ ਦਿਵਾਲਾ ਨਿਕਲਿਆ ਹੋਇਆ ਹੈ। ਮੈਨੂੰ ਇਹ ਚੀਜ਼ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਸਾਡੇ ਰਿਆਇਤਾਂ ਹੁੰਦੀਆਂ ਹਨ । ਮੈਂ ਅਜ ਹੀ ਨਾਮ ਲਿਆ ਸੀ (ਵਿਘਨ) ਸਰਦਾਰ ਉਮਰਾਓ ਸਿੰਘ ਜੀ ਕਹਿੰਦੇ ਹਨ ਕਿ ਬੜੇ ਸਕੂਲ ਖੋਲ੍ਹੇ ਹਨ ਪਰ ਮੈਂ ਕਹਿੰਦਾ ਹਾਂ ਕਿ ਮੇਰੀ ਕੰਸਟੀਚਿਊਐਂਸੀ ਵਿਚ ਇਕ ਸਕੂਲ ਨਹੀਂ ਖੋਲ੍ਹਿਆ ਗਿਆ । ਬਠਿੰਡਾ ਵਿਚ ਚਾਰ ਸਕੂਲ ਖੋਲ੍ਹੇ ਹਨ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਰੈਲਵੈਂਟ ਰਹੋ । (Please be relavant.)

ਕਾਮਰੇਡ ਜੰਗੀਰ ਸਿੰਘ ਜੋਗਾ : ਮੇਰੀ ਅਰਜ਼ ਹੈ ਕਿ ਪਛੜੇ ਇਲਾਕਿਆਂ ਵੱਲ ਧਿਆਨ ਦਿਉ । ਐਨੀ ਗੱਲ ਕਹਿੰਦਾ ਹੋਇਆ ਮੈਂ ਚੀਫ ਮਨਿਸਟਰ ਨੂੰ ਕਹਾਂਗਾ ਕਿ ਥਰਮਲ ਪਲਾਂਟ ਬਠਿੰਡਾ ਵਿਚ ਜਿਹੜੀ ਸੀਮਿੰਟ ਦੀ ਚੋਰੀ ਹੋ ਰਹੀ ਹੈ ਉਸ ਨੂੰ ਰੋਕੋ ਅਤੇ ਜਿਹੜਾ ਤੁਹਾਡਾ ਚੇਅਰਮੈਨ ਹੈ ਉਸ ਨੂੰ ਲਗਾਮ ਪਾਉ ਤਾਂਕਿ ਚੰਗੇ ਕੰਮ ਕਰੇ ਨਹੀਂ ਤਾਂ ਉਹ ਵੀ ਲੁੱਟ ਕੇ ਖਾ ਜਾਵੇਗਾ ।

ਸ੍ਰੀ ਪ੍ਰੇਮ ਗੁਪਤਾ (ਪਟਿਆਲਾ): ਡਿਪਟੀ ਸਪੀਕਰ ਸਾਹਿਬ, ਬਿਜਲੀ ਬੋਰਡ ਦੇ ਬਾਰੇ ਸਰਕਾਰ ਦੀ ਬਿਜਲੀ ਬਾਰੇ ਨੀਤੀ ਅਸੀਂ ਦੋ ਪੱਖਾਂ ਨਾਲ ਦੇਖੀਏ ਤਾਂ ਸਾਰੀ ਸਮੱਸਿਆ ਸਮਝ ਆ ਜਾਂਦੀ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਦੀ ਫੰਕਸ਼ਨ ਕਿਸ ਤਰ੍ਹਾਂ ਹੈ ਅਤੇ ਉਸ ਵਿਚ ਕੀ ਲੈਪਸਿਜ਼ ਹਨ, ਅਤੇ ਉਹ ਲੈਪਸਿਜ਼ ਕਿਉਂ ਹੁੰਦੀਆਂ ਹਨ? ਮੈਂ ਸਮਝਦਾ ਹਾਂ ਕਿ ਬਿਜਲੀ ਬੋਰਡ ਆਪਣੇ ਆਪ ਨੂੰ ਇਕ ਐਟਾਨੋਮਸ ਬਾਡੀ ਹੋਣ ਦੇ ਨਾਤੇ ਕਈ ਗੱਲਾਂ ਉਹ ਇੰਪਲੀਮੈਂਟ ਨਹੀਂ ਕਰਦਾ ਜਿਹੜੀਆਂ ਸਟੇਟ ਗੌਰਮਿੰਟ ਚਾਹੁੰਦੀ ਹੈ ਅਤੇ ਜਾਂ ਸਟੇਟ ਗੌਰਮਿੰਟ ਦੀਆਂ ਨੀਤੀਆਂ ਨੂੰ ਇੰਪਲੀਮੈਂਟ ਕਰਨ ਵਿਚ ਦੇਰ ਲਾਉਂਦੇ ਹਨ । ਮੈਂ ਇਕ ਦੋ ਮਿਸਾਲਾਂ ਇਸ ਦੇ ਸਬੰਧ ਵਿਚ ਦੇਣੀਆਂ ਚਾਹੁੰਦਾ ਹਾਂ। ਪਿਛਲੇ ਦਿਨਾਂ ਵਿਚ ਬਿਜਲੀ ਬੋਰਡ ਬਾਰੇ ਬੜਾ ਕ੍ਰਿਟੀਸਿਜ਼ਮ ਹੋਇਆ, ਜਿੰਨਾ ਹਨੇਰਾ ਅਤੇ ਚਾਨਣਾ ਦੇਣ ਵਾਲਾ ਇਹ ਮਹਿਕਮਾ ਹੈ ਸਾਰੇ ਪੰਜਾਬ ਵਿਚ ਹੋਰ ਕੋਈ ਨਹੀਂ। ਚਾਹੇ ਬਿਜਲੀ ਬੋਰਡ ਦੀ ਸਪਲਾਈ ਦੇਖ ਲਵੋ ਅਤੇ ਚਾਹੇ ਇਸ ਦੀ ਵਰਕਿੰਗ ਦੇਖ ਲਵੋਂ ਅਤੇ ਚਾਹੇ ਉਥੇ ਦੇ ਛੋਟੇ ਮੁਲਾਜ਼ਮਾਂ ਦੇ ਨਾਲ ਉਥੇ ਦੇ ਅਫਸਰਾਂ ਦਾ ਟਰੀਟਮੈਂਟ ਦੇਖ ਲਵੋ । ਬਿਜਲੀ ਬੋਰਡ ਦਾ ਹੈਡਕੁਆਰਟਰ ਪਟਿਆਲਾ ਵਿਚ ਹੈ। ਮੇਰਾ ਹਲਕਾ ਉਥੇ ਦਾ ਹੈ । ਉਥੇ ਅਫਸਰਾਂ ਦੇ ਵਾਸਤੇ ਇਕ ਕਾਲੋਨੀ ਬਣੀ ਹੈ, ਇਹ ਬੜੀ ਚੰਗੀ ਹੈ। ਪਰ ਕਿਸੇ ਨੇ ਧਿਆਨ ਨਹੀਂ ਦਿੱਤਾ ਕਿ 25 ਹਜ਼ਾਰ ਜਿਹੜੇ ਇੰਪਲਾਈਜ਼ ਪੰਜਾਬ ਦੇ ਵਿਚ ਵੱਖ ਵੱਖ ਥਾਵਾਂ ਤੇ ਹਨ ਉਨ੍ਹਾਂ ਦੇ ਵਾਸਤੇ ਤਾਂ ਮਕਾਨਾਂ ਦਾ ਕੋਈ ਪ੍ਰਬੰਧ ਨਹੀਂ ਹੈ ਕਿ ਉਨ੍ਹਾਂ ਦੇ ਵਾਸਤੇ ਤਾਂ ਕੁਝ ਪ੍ਰਬੰਧ ਕਰ ਦੇਈਏ? ਕੀ ਇਹ ਸਮਾਜਵਾਦ ਹੁੰਦਾ ਹੈ? ਪਹਿਲਾਂ ਛੋਟੇ ਆਦਮੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਪਰ ਉਥੇ ਇਕ ਕਾਲੋਨੀ ਬਣ ਵੀ ਗਈ ਹੈ ਉਸ ਵਿਚ

[ਸ੍ਰੀ ਪ੍ਰੇਮ ਗੁਪਤਾ]

ਥੋੜ੍ਹੇ ਜਿਹੇ ਮਕਾਨ ਬਿਜਲੀ ਬੋਰਡ ਨੇ ਛੋਟੇ ਮੁਲਾਜ਼ਮਾਂ ਵਾਸਤੇ ਵੀ ਬਣਾਏ ਹਨ। ਪਰ ਉਸ ਨੂੰ ਬਣੀ ਨੂੰ ਦੋ ਤਿੰਨ ਸਾਲ ਹੋ ਗਏ ਅਜੇ ਤੱਕ ਉਨ੍ਹਾਂ ਦੀ ਪਰਾਪਰ ਅਲਾਟਮੈਂਟ ਨਹੀਂ ਹੋ ਸਕੀ । ਕਨਸਟਰੱਕਸ਼ਨ ਹੋ ਗਈ ਹੈ ਪਰ ਉਹ ਵਿਹਲੇ ਪਏ ਰਹੇ ਹਨ ਦੂਸਰੇ ਪਾਸੇ ਲੋਕਾਂ ਨੂੰ ਮਕਾਨ ਨਹੀਂ ਮਿਲ ਰਹੇ ਪਰ ਉਨ੍ਹਾਂ ਬਣਿਆਂ ਹੋਇਆਂ ਦੀ ਅਲਾਟਮੈਂਟ ਨਹੀਂ ਕੀਤੀ ਜਾਂਦੀ। ਕਿਤਨੀ ਵੇਸਟੇਜ ਹੋਈ ਹੈ। ਇਸ ਦੀ ਜ਼ਿਮੇਵਾਰੀ ਬਿਜਲੀ ਬੋਰਡ ਦੇ ਉਨ੍ਹਾਂ ਲੋਕਾਂ ਤੇ ਪਾਈ ਜਾਵੇ ਜਿਹੜੇ ਇਸ ਦੇ ਰਿਸਪਾਂਸੀਬਲ ਹਨ । ਇਹ ਬੜਾ ਲੈਪਸ ਹੋਇਆ ਹੈ ਅਤੇ ਲੋਕਾਂ ਨੂੰ ਵੀ ਤਕਲੀਫ ਹੋਈ ਹੈ ਅਤੇ ਜਿਨ੍ਹਾਂ ਲੋਕਾਂ ਵਾਸਤੇ ਮਕਾਨ ਬਣੇ ਸੀ ਉਨ੍ਹਾਂ ਨੂੰ ਮਿਲੇ ਵੀ ਨਹੀਂ ਇਸ ਤੋਂ ਅੱਗੇ ਮੈਂ ਹੋਰ ਦੱਸਦਾ ਹਾਂ, ਡਿਪਟੀ ਸਪੀਕਰ ਸਾਹਿਬ, ਇਥੇ ਜੋਗਾ ਸਾਹਿਬ ਨੇ ਮੀਟਰਾਂ ਦੇ ਬਾਰੇ ਕਿਹਾ ਹੈ । ਮੀਟਰ ਕਈ ਪੁਰਾਣੇ ਹਨ ਅਤੇ ਕਈ ਨਵੇਂ ਹਨ । ਕਈ ਕਾਨੂੰਨ ਬਣਦੇ ਹਨ । (ਵਿਘਨ) ਜਿਹੜੇ ਨਵੇਂ ਕੁਨੈਕਸ਼ਨ ਹਨ ਉਨ੍ਹਾਂ ਵਾਸਤੇ ਰੇਟ ਪਰੈਸਕਰਾਈਬ ਕੀਤਾ ਜਾਂਦਾ ਹੈ । 20-25 ਸਾਲਾਂ ਦੇ ਜਿਹੜੇ ਮੀਟਰ ਲੱਗੇ ਹੋਏ ਹਨ ਜਿਹੜੇ ਕਿ ਲੋਕਾਂ ਦੇ ਆਪਣੇ ਵੀ ਸੀ ਉਹ ਕਹਿੰਦੇ ਹਨ ਕਿ ਅਸੀਂ 20 ਰੁਪਏ ਦੀ ਸਿਕਿਉਰਿਟੀ ਤਾਂ ਲੈ ਹੀ ਲੈਣੀ ਹੈ ਪਰ ਉਸ ਦੇ ਬਾਅਦ ਜਿਹੜੇ ਡੋਮੈਸਟਿਕ ਕਨ-ਜ਼ਿਊਮਰਜ਼ ਹਨ ਉਨ੍ਹਾਂ ਨੂੰ ਇਸ ਗੱਲ ਦੀ ਤਕਲੀਫ ਹੈ ਕਿ ਜਿਹੜਾ 30 ਸਾਲ ਪਹਿਲਾਂ ਮੀਟਰ ਲੱਗਿਆ ਸੀ ਉਸ ਦੀ ਕਾਸਟ ਹੋਰ ਸੀ ਅਤੇ ਹੁਣ ਹੋਰ ਹੈ ਉਹ ਕਹਿੰਦਾ ਹੈ ਉਸ ਦੇ ਮੁਤਾਬਿਕ ਹੀ ਸਿਕਿਉਰਿਟੀ ਲੈਣ। ਪਰ ਜੇ ਉਸ ਦੀ ਸਿਕਿਉਰਿਟੀ ਵਧਾ ਦਿਉ ਤਾਂ ਉਸ ਦੇ ਉਤੇ ਐਡੀਸ਼ਨਲ ਬਰਡਨ ਪੈ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਇਹ ਸਮਝਦਾ ਹਾਂ ਕਿ ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਪੰਜਾਬ ਦੇ ਲੋਕਾਂ ਨੂੰ ਬਿਜਲੀ ਦੀ ਸਮੱਸਿਆ ਨੂੰ ਹੱਲ ਕਰਨ ਵਾਸਤੇ ਤੇ ਸਟੇਟ ਗੌਰਮਿਟ ਨੂੰ ਪੰਜਾਬ ਦੇ ਲੋਕਾਂ ਨੂੰ ਜੋ ਸਹਾਇਤਾ ਦੇਣੀ ਚਾਹੀਦੀ ਸੀ ਉਹ ਉਸ ਦੇ ਵਿਚ ਕੰਪਲੀਟਲੀ ਫੇਲ੍ਹ ਹੋਈ ਹੈ । ਪਿਛਲੇ ਤਿੰਨ ਸਾਲਾਂ ਦਾ ਤਜਰਬਾ ਹੈ। 1970 ਵਿਚ ਬਿਜਲੀ ਦੇ ਘਾਟੇ ਨੂੰ ਪੂਰਾ ਕਰਨ ਲਈ ਜਦ ਥਰਮਲ ਪਲਾਂਟ ਦੀ ਪਲਾਨ ਹੋਈ ਤਾਂ ਉਸ ਸਮੇਂ ਸਾਡੇ ਕੁਝ ਉਸ ਵੇਲੇ ਦੇ ਵਜ਼ੀਰ ਬਾਹਿਰ ਵੀ ਗਏ ਅਤੇ ਕੁਝ ਜੈਨ-ਟਰ ਵੀ ਖਰੀਦੇ। ਕੁਲ 26 ਜੈਨਰੇਟਰ ਆਏ। ਮੈਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਤੋਂ 6 ਮਹੀਨੇ ਪਹਿਲਾਂ ਕਿੰਨੇ ਜੈਨਰੇਟਰ ਚੱਲਦੇ ਸੀ? ਕੀ ਕਿਤੇ ਕੋਈ ਜੈਨਰੇਟਰ ਚੱਲਿਆਂ? ਦੋ ਸਾਲਾਂ ਵਿਚੋਂ 26 ਜੈਨਰੇਟਰਾਂ ਵਿਚੋਂ ਇਕ ਵੀ ਨਹੀਂ ਚੱਲਿਆਂ। ਹੁਣ 17 ਜੈਨਰੇਟਰ ਸ਼ੁਰੂ ਹੋਏ ਹਨ । ਪਰ ਉਨ੍ਹਾਂ ਵਿਚੋਂ ਜ਼ ਜੋ ਡਿਫੈਕਟਿਵ ਸਨ ਇਸ ਦੇ ਬਾਰੇ ਤਾਂ ਬਿਜਲੀ ਬੋਰਡ ਵਾਲੇ ਹੀ ਦੱਸ ਸਕਦੇ ਹਨ। ਮੈਂ ਕਹਿੰਦਾਂ ਹਾਂ ਕਿ ਬਿਜਲੀ ਬੋਰਡ ਦੀ ਇਨਕੁਆਇਰੀ ਕਰਾਉਣ ਵਾਸਤੇ ਇਕ ਵੱਖ ਏਜੰਸੀ ਬਣਾਉਣੀ ਚਾਹੀਦੀ ਹੈ। ਅਤੇ ਉਸ ਵਿਚ ਜਿਹੜੀਆਂ ਲੈਪਸਿਜ਼ ਹਨ ਉਨ੍ਹਾਂ ਨੂੰ ਦੂਰ ਕਰਾਓ ਅਤੇ ਜਿਹੜੇ ਘਾਟੇ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਵੇ । ਬਿਜਲੀ ਬੋਰਡ ਇਕ ਸਪਲਾਈ ਏਜੰਸੀ ਹੈ। ਮੈਂ ਸਟੇਟ ਗੌਰਮਿੰਟ ਅਤੇ ਸਾਡੇ ਸੀ. ਐਮ. ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾਂ ਹਾਂ ਕਿ ਜਿਥੇ ਬਿਜਲੀ ਦੀ ਸ਼ਾਰਟੇਜ ਹੋਈ ਹੈ (ਵਿਘਨ) ਇਸ ਕਰਕੇ ਆਸ ਕੀਤੀ ਜਾ ਸਕੇ ਕਿ ਪਤਾ ਨਹੀਂ ਪੰਜਾਬ ਵਿਚ ਕਿੰਨਾ ਘਾਟਾ ਪਵੇ । ਲੇਕਿਨ ਇਨ੍ਹਾਂ ਨੇ ਦੂਸਰੇ ਸੂਬਿਆਂ ਤੋਂ ਬਿਜਲੀ ਲਿਆਉਣ ਦੇ ਯਤਨ ਕਰਕੇ ਇਥੇ ਦੀ ਇੰਡਸਟਰੀ ਨੂੰ ਇਸਦੀ ਖੇਤੀ ਨੂੰ ਅਤੇ ਇਥੇ ਦੇ ਕਨਜ਼ਿਊਮਰ ਨੂੰ ਫੈਸੀਲੀਟੇਟ ਕੀਤਾ ਹੈ ਤਾਂਕਿ ਪਰੋਡਕਸ਼ਨ ਤੇ ਕੋਈ ਅਸਰ ਨਾ ਪਵੇ। ਡਿਪਟੀ ਸਪੀਕਰ ਸਾਹਿਬ, ਅੱਜ ਤੋਂ 2 ਸਾਲ ਪਹਿਲਾਂ ਵੀ ਬਿਜਲੀ ਦੀ ਘਾਟ ਇਸ ਪੰਜਾਬ ਵਿਚ ਹੋਈ ਸੀ ਪਰ ਕਿਸੇ ਆਦਮੀ ਨੇ, ਕਿਸੇ ਵਜ਼ੀਰ ਨੇ ਕਿਧਰੋਂ ਬਿਜਲੀ ਲੈਣ ਦੀ ਕੋਸ਼ਿਸ਼ ਨਹੀਂ ਕੀਤੀ । (ਵਿਘਨ) ਡਿਪਟੀ ਸਪੀਕਰ ਸਾਹਿਬ, ਹਰ ਗੱਲ ਵਿਚ ਅਸੀਂ ਇਹ ਮਿਸਾਲ ਦਿੰਦੇ ਹਾਂ ਕਿ ਹਰਿਆਣਾ ਹਰ ਗੱਲ ਵਿਚ ਤਰੱਕੀ ਕਰ ਰਿਹਾ ਹੈ । ਹਰਿਆਣੇ ਨੇ ਬਿਜਲੀ ਵੀ ਘਰ ਘਰ ਵਿਚ ਪਹੁੰਚਾ ਦਿਤੀ ਹੈ । ਇਸ ਹੁਣ ਦੀ ਪੰਜਾਬ ਦੀ ਸਰਕਾਰ ਨੇ

6.00 P. M.

ਵੀ ਇਹ ਫੈਸਲਾ ਕਰ ਲਿਆ ਹੈ ਕਿ ਘਰ ਘਰ ਵਿਚ ਪਿੰਡ ਪਿੰਡ ਵਿਚ ਬਿਜਲੀ ਦੇਣੀ ਹੈ । ਪਿਛਲੇ ਪੰਜ ਸਾਲਾਂ ਤੋਂ ਅਸੀਂ ਦੇਖ ਰਹੇ ਹਾਂ ਕਿ ਸਾਡੇ ਪਿੰਡਾਂ ਵਿਚ ਜਦ ਕੇ ਹਨੇਰਾ ਹੁੰਦਾ ਹੈ ਤਾਂ ਨਾਲ ਲਗਦੇ ਹਰਿਆਣੇ ਦੇ ਪਿੰਡਾਂ ਵਿਚ ਚਾਨਣ ਹੁੰਦਾ ਹੈ ਤਾਂ ਲੋਕੀਂ ਅਕਾਲੀ ਸਰਕਾਰ ਨੂੰ ਗਾਲ੍ਹਾਂ ਕਢਦੇ ਹਨ । ਲੋਕੀਂ ਇਹ ਕਹਿੰਦੇ ਹਨ ਕਿ ਅਕਾਲੀ ਸਰਕਾਰ ਨੇ ਸਾਡਾ ਭੱਠਾ ਬਠਾ ਦਿਤਾ ਹੈ । (ਵਿਘਨ)

ਇਕ ਆਵਾਜ਼: ਰਾਤ ਨੂੰ ਤਾਂ ਤੁਹਾਨੂੰ ਪਤਾ ਹੀ ਨਹੀਂ ਹੁੰਦਾ ।

ਸ਼੍ਰੀ ਪ੍ਰੇਮ ਗੁਪਤਾ: ਤੁਹਾਨੂੰ ਤਾਂ ਪਤਾ ਹੁੰਦਾ ਹੈ ਨਾ। (ਵਿਘਨ) ਦੂਸਰੀ ਗੱਲ ਜਿਹੜੀ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਪੈਰਲਲ ਏਜੰਸੀ ਬਣਾਈ ਹੈ ਗੌਰਮਿੰਟ ਨੇ ਇਸ ਤੇ ਆਪਣਾ ਬਹੁਤ ਕੰਟਰੋਲ ਹੋਣਾ ਚਾਹੀਦਾ ਹੈ । (ਵਿਘਨ) ਉਹ ਸਾਨੂੰ ਹਰ ਗੱਲ ਵਿਚ ਅਤੇ ਹਮੇਸ਼ਾਂ ਥਰੈਟ ਹੀ ਕਰਦੇ ਰਹਿੰਦੇ ਹਨ। ਸਾਡੇ ਬਿਜਲੀ ਮੰਤਰੀ ਸਾਹਿਬ ਨੂੰ ਇਕ ਗੱਲ ਬੜੇ ਸਾਫ ਤੌਰ ਤੇ ਟੇਕ ਅੱਪ ਕਰਨੀ ਚਾਹੀਦੀ ਹੈ ਅਤੇ ਇਹ ਚੀਜ਼ ਨਹੀਂ ਬਰਦਾਸ਼ਤ ਕਰਨੀ ਚਾਹੀਦੀ ਹੈ । ਜੇ ਅਸੀਂ ਕੋਈ ਚੀਜ਼ ਕਰਦੇ ਹਾਂ ਤਾਂ ਉਨ੍ਹਾਂ ਦਾ ਥਰੈਟ ਹੈ, ਜੇ ਕੋਈ ਇੰਜੀਨੀਅਰ ਬਾਹਰੋਂ ਮੰਗਵਾਉਂਦੇ ਹਾਂ ਤਾਂ ਉਨ੍ਹਾਂ ਦੇ ਇੰਜਨੀਅਰ ਸਾਨੂੰ ਥਰੈਟ ਦਿੰਦੇ ਹਨ । ਆਖਿਰ ਇਹ ਕਿਤਨੀ ਦੇਰ ਤਕ ਗੱਲ ਚਲੇਗੀ ਅਤੇ ਕਿਤਨੀ ਦੇਰ ਤਕ ਅਸੀਂ ਬਰਦਾਸ਼ਤ ਕਰਦੇ ਰਹਾਂਗੇ। ਇਸ ਲਈ ਇਸ ਗੱਲ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। (ਵਿਘਨ) ਪਿਛਲੇ ਤਿੰਨ ਚਾਰ ਸਾਲ ਤੋਂ ਅਸੀਂ ਦੇਖਦੇ ਆ ਰਹੇ ਹਾਂ ਕਿ ਬਿਜਲੀ ਬੋਰਡ ਦੀ ਐਡ-ਮਿਨਿਸਟਰੇਟਿਵ ਸਾਈਡ ਵਲ ਬੜਾ ਰੌਲਾ ਰਿਹਾ ਹੈ ਅਤੇ ਕੋਈ ਵੀ ਕੰਮ ਅਛੇ ਤਰੀਕੇ ਨਾਲ ਨਹੀਂ ਹੋਇਆ ਇਸ ਸਰਕਾਰ ਨੇ ਸਰਦਾਰ ਜੋਰਾ ਸਿੰਘ ਨੂੰ ਐਡਮਿਨਿਸਟਰੇਟਿਵ ਮੈਂਬਰ ਲਗਾਇਆ ਹੈ ਜਿਸ ਦੀ ਪਰਸ਼ੰਸਾ ਸਿਰਫ ਬਿਜਲੀ ਬੋਰਡ ਦੇ ਮੈਂਬਰਾਂ ਨੇ ਹੀ ਨਹੀਂ ਕੀਤੀ ਸਗੋਂ ਪੰਜਾਬ ਦੇ ਲੋਕਾਂ ਨੇ ਵੀ ਕੀਤੀ ਹੈ । ਉਨ੍ਹਾਂ ਨੇ ਬਿਜਲੀ ਬੋਰਡ ਵਿਚ ਕਾਫੀ ਸੁਧਾਰ ਲਿਆਂਦਾ ਹੈ। ਉਨ੍ਹਾਂ ਨੇ ਹੁਣ ਜਦੋਂ ਬਿਜਲੀ ਦੀ ਸ਼ਾਰਟੇਜ਼ ਹੋਈ ਤਾਂ ਉਨ੍ਹਾਂ ਨੇ ਆਪਣੇ ਇਨਫਲੂਐਂਸ ਨਾਲ, ਕੁਝ ਪੋਲੀਟੀਕਲ ਤੌਰ ਤੇ ਬਿਜਲੀ ਦੀ ਕਮੀ ਨੂੰ ਪੂਰਾ ਕੀਤਾ ਹੈ। ਬਿਜਲੀ ਬੋਰਡ ਦੇ ਚੇਅਰਮੈਨ ਨੇ ਵੀ ਬਹੁਤ ਕੋਸ਼ਿਸ਼ ਕੀਤੀ ਹੈ। (ਵਿਘਨ) ਮੈਂ ਆਪਣੀ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਉਥੇ ਦਾ ਜਿਹੜਾ ਅਫਸਰਾਂ ਦਾ ਮੁਲਾਜ਼ਮਾਂ ਨਾਲ ਟਰੀਟਮੈਂਟ ਹੈ ਉਹ ਬਦਲਣਾ ਚਾਹੀਦਾ ਹੈ। ਪੰਜਾਬ ਸਰਕਾਰ ਦੇ ਮੁਲਾਜ਼ਮ ਤਾਂ ਸਿਧੇ ਵੀ ਵਜ਼ੀਰ ਸਾਹਿਬ ਨਾਲ ਗੱਲ ਬਾਤ ਕਰ ਸਕਦੇ ਹਨ ਅਤੇ ਆਪਣੇ ਦੁਖ ਤਕਲੀਫਾਂ ਦਸ ਸਕਦੇ ਹਨ ਲੇਕਿਨ ਉਥੇ ਇਸ ਗਲ ਲਈ ਬਾਰ ਹੈ। ਉਥੇ ਦਾ ਮੁਲਾਜ਼ਮ ਬਿਜਲੀ ਮੰਤਰੀ ਸਾਹਿਬ ਕੋਲ ਸਿਧੇ ਆਰਡਰ ਨਹੀਂ ਪਾਸ ਕਰਵਾ ਸਕਦਾ ਜਿਸ ਤਰ੍ਹਾਂ ਕਿ ਪੰਜਾਬ ਸਰਕਾਰ ਦਾ ਮੁਲਾਜ਼ਮਾਂ ਕਰਵਾ ਸਕਦਾ ਹੈ। ਇਸ ਗਲ ਵਲ ਇਸ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਜੋ ਵਤੀਰਾ ਉਥੇ ਦੇ ਅਫਸਰਾਂ ਦਾ ਮੁਲਾਜ਼ਮਾਂ ਨਾਲ ਹੈ ਉਸ ਨੂੰ ਬਦਲ ਦੇਣਾ ਚਾਹੀਦਾ ਹੈ । ਪਿਛਲੇ ਚਾਰ ਪੰਜ ਸਾਲਾਂ ਵਿਚ ਜੋ ਕੁਰਪੱਸ਼ਨ ਉਥੇ ਹੋਈ ਹੈ ਇਸ ਦੀ ਇਨਕੁਆਇਰੀ ਕਰਾਉਣੀ ਚਾਹੀਦੀ ਹੈ। ਜਿਹੜੇ ਜੈਨਰੇਟਰ ਖਰੀਦੇ ਗਏ ਸੀ ਉਹ ਕਿਉਂ ਨਹੀਂ ਚਲੇ ਅਤੇ ਜਿਹੜੇ ਲੋਕ ਇਨ੍ਹਾਂ ਵਿਚੋਂ ਪੈਸੇ ਖਾ ਗਏ ਹਨ ਉਨ੍ਹਾਂ ਦੀ ਇਨਕੁਆਇਰੀ ਕਰਕੇ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ । ਮੈਂ ਤਾਂ ਇਹ ਵੀ ਸੁਣਿਆ ਹੈ ਕਿ ਜਿਹੜੇ ਬੰਦੇ ਬਾਹਰ ਖਰੀਦਣ ਗਏ ਉਹ ਬਾਹਰ ਦੀ ਬਾਹਰ ਪੈਸੇ ਇਸ ਵਿਚੋਂ ਖਾ ਗਏ। ਇਸ ਸਾਰਾ ਕੁਝ ਦਾ ਜੇ ਇਹ ਸਰਕਾਰ ਇਨਕੁਆਇਰੀ ਕਰਵਾਏ ਤਾਂ ਪਤਾ ਲਗ ਜਾਵੇਗਾ ਕਿ ਕਿਸ ਕਿਸ ਨੇ ਕਿਤਨੇ ਕਿਤਨੇ ਪੈਸੇ ਖਾਧੇ ਹਨ । ਇਸ ਲਈ ਮੈਂ ਇਸ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਇਸ ਗੱਲ ਦੀ ਇਨਕੁਆਇਰੀ ਕਰਾਉਣ ਤਾਂ ਕਿ ਕਸੂਰਵਾਰ ਆਦਮੀਆਂ ਨੂੰ ਸਜ਼ਾ ਦਿਤੀ ਜਾ ਸਕੇ । (ਵਿਘਨ)

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਬਿਜਲੀ ਬੋਰਡ ਇਕ ਕੁਮਰਸ਼ਲ ਏਜੰਸੀ ਹੈ । ਇਨ੍ਹਾਂ ਨੂੰ ਆਪਣੇ ਮੁਲਾਜ਼ਮਾਂ ਦੀ ਖਾਸ ਕਰਕੇ ਛੋਟੇ ਮੁਲਾਜ਼ਮਾਂ ਦੀ ਸਹੂਲਤਾਂ ਦਾ ਖਿਆਲ

[ਸ੍ਰੀ ਪ੍ਰੇਮ ਗੁਪਤਾ]

ਰਖਣਾ ਚਾਹੀਦਾ ਹੈ ਪਿੰਡਾਂ ਦੇ ਵਿਚ ਵੀ ਬਿਜਲੀ ਬੋਰਡ ਦੇ ਬਿਜਲੀ ਦੇ ਸਬ ਸਟੇਸ਼ਨ ਹਨ ਉਥੇ ਜਿਹੜੇ ਮੁਲਾਜ਼ਮ ਲਗੇ ਹੋਏ ਹਨ ਉਨ੍ਹਾਂ ਵਿਚਾਰਿਆਂ ਨੂੰ ਰਹਿਣ ਦੀ ਬੜੀ ਤਕਲੀਫ ਹੁੰਦੀ ਹੈ, ਇਨ੍ਹਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਛੋਟੇ ਛੋਟੇ ਮੁਲਾਜ਼ਮਾਂ ਵਾਸਤੇ ਰਹਿਣ ਦੀ ਜਗ੍ਹਾ ਬਣਾਈ ਜਾਵੇ ਅਤੇ ਉਨ੍ਹਾਂ ਦੀ ਜਿਹੜੀ ਹਾਊਸਿੰਗ ਦੀ ਸਮਿਸਿਆ ਹੈ ਉਹ ਹੱਲ ਕਰਨੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਤੁਹਾਡੇ ਨੋਟਿਸ ਵਿਚ ਜ਼ਰੂਰ ਲਿਆਉਣਾ ਚਾਹੁੰਦਾ ਹਾਂ ਕਿ ਜਿਤਨੇ ਵੀ ਐਡਮਿਨਿਸਟਰੇਟਿਵ ਅਫ਼ਸਰ ਉਥੇ ਦੇ ਹਨ ਉਨ੍ਹਾਂ ਨੇ ਪਿਛਲੇ ਦੋ ਤਿੰਨ ਵਰ੍ਹਿਆਂ ਤੋਂ ਵਿਨਡਿਕਟਿਵ ਤਰੀਕਾ ਅਖ਼ਤਿਆਰ ਕੀਤਾ ਹੋਇਆ ਹੈ । (ਵਿਘਨ) (ਘੰਟੀ) ਅੰਤ ਵਿਚ ਡਿਪਟੀ ਸਪੀਕਰ ਸਾਹਿਬ, ਮੈਂ ਇਹੋ ਕਹਾਂਗਾ ਕਿ ਇਸ ਬੋਰਡ ਵਿਚੋਂ ਕੁਰੱਪਸ਼ਨ ਨੂੰ ਖ਼ਤਮ ਕਰਨਾ ਚਾਹੀਦਾ ਹੈ ਅਤੇ ਲੋਕਾਂ ਦੀ ਮਿਲਵਰਤਣ ਨਾਲ ਜਿਹੜੀਆਂ ਸਮਸਿਆਵਾਂ ਹਨ ਉਹ ਦੂਰ ਕਰਨੀਆਂ ਚਾਹੀਦੀਆਂ ਹਨ ਕਿਉਂਕਿ ਬਿਜਲੀ ਹੀ ਹਰ ਇਕ ਚੀਜ਼ ਦੀ ਬੇਸ ਹੈ ਚਾਹੇ ਕੋਈ ਇੰਡਸਟਰੀਲਿਸਟ ਹੋਵੇ ਤੇ ਚਾਹੇ ਕੋਈ ਐਗਰੀਕਲਚਰਿਸਟ ਹੋਵੇ, ਚਾਹੇ ਕੋਈ ਸਟੂਡੈਂਟ ਹੋਵੇ ਤੇ ਚਾਹੇ ਕੋਈ ਦੁਕਾਨਦਾਰ ਹੋਵੇ ਅਰਥਾਤ ਕੋਈ ਵੀ ਹੋਵੇ ਸਭ ਨੂੰ ਬਿਜਲੀ ਦੀ ਲੋੜ ਹੈ ਅਤੇ ਇਸ ਬਿਜਲੀ ਬੋਰਡ ਨੂੰ ਵੱਧ ਤੋਂ ਵੱਧ ਇਮਪਰੂਵ ਕਰਨ ਦੇ ਯਤਨ ਕੀਤੇ ਜਾਣ । ਇਤਨਾ ਕਹਿ ਕੇ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ): ਡਿਪਟੀ ਸਪੀਕਰ ਸਾਹਿਬ, ਬਿਜਲੀ ਬੋਰਡ ਦੀ ਇਸ ਰਿਪੋਰਟ ਤੇ ਵਿਚਾਰ ਕਰਨ ਤੋਂ ਪਹਿਲਾਂ ਮੈਂ ਗਿਆਨੀ ਜੀ ਨੂੰ ਅਤੇ ਗਿਆਨੀ ਜੀ ਦੀ ਸਰਕਾਰ ਨੂੰ ਇਸ ਗਲ ਦੀ ਵਧਾਈ ਦਿੰਦਾ ਹਾਂ ਕਿ ਇਸ ਸਾਰੇ ਕੰਮ ਲਈ ਉਨ੍ਹਾਂ ਨੇ ਇਕ ਕਾਬਲਚੇਅਰਮੈਨ ਲਗਾਇਆ ਹੈ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਦਾ ਇਹ ਇਕ ਬਹੁਤ ਅੱਛਾ ਫੈਸਲਾ ਸੀ । ਹੁਣ ਮੈਂ ਇਹ ਗਲ ਜਸਟੀਫਾਈ ਕਰਦਾ ਹਾਂ ਕਿ ਕਿਉਂ ਮੈਂ ਇਸ ਗੱਲ ਦੀ ਵਧਾਈ ਦਿਤੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਅਕਾਲੀ ਸਰਕਾਰ ਵੇਲੇ ਵੀ ਇਸ ਸਦਨ ਦਾ ਮੈਂਬਰ ਰਿਹਾ ਹਾਂ । ਮੈਨੂੰ ਯਾਦ ਹੈ ਕਿ ਜਦੋਂ ਪਿਛੇ ਜਿਹੇ ਅਕਾਲੀ ਸਰਕਾਰ ਬਿਜਲੀ ਦੀ ਸ਼ਾਰਟੇਜ ਆਈ ਤਾਂ ਉਸ ਵੇਲੇ 20–20 ਵਾਰੀ ਟਰਿਪਿੰਗ ਹੁੰਦੀ ਸੀ ਜਦ ਕੇ ਅੱਜ ਉਸ ਨਾਲੋਂ ਜ਼ਿਆਦਾ ਬਿਜਲੀ ਦੀ ਸ਼ਾਰਟੇਜ ਪੈਦਾ ਹੋਈ ਪਰ ਉਹ ਹਾਲਤ ਨਹੀਂ ਹੈ । ਉਸ ਵੇਲੇ ਮੇਰੇ ਟਾਂਡੇ ਹਲਕੇ ਵਿਚ ਇਹ ਹਾਲਤ ਸੀ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਹਲਕੇ ਵਿਚ ਵੀ ਇਹੀ ਹਾਲਤ ਹੋਵੇਗੀ ਕਿ ਉਸ ਵੇਲੇ ਬਿਜਲੀ ਇਤਨੀ ਮਧਮ ਸੀ ਅਤੇ ਇਤਨੀ ਟਰਿੰਪਿੰਗ ਹੁੰਦੀ ਸੀ ਕਿ ਜੇ ਕਮਰੇ ਵਿਚ ਸੌ ਵਾਰਡ ਦਾ ਬਲਬ ਵੀ ਲਗਿਆ ਹੁੰਦਾ ਸੀ ਤਾਂ ਇਸ ਤਰ੍ਹਾਂ ਲਗਦਾ ਸੀ ਕਿ ਕੋਈ ਛੋਟੀ ਜਿਹੀ ਕੈਂਡਲ ਜਲ ਰਹੀ ਹੈ । ਅੱਜ ਬਿਜਲੀ ਦੀ ਫਿਰ ਬਹੁਤ ਜ਼ਿਆਦਾ ਸ਼ਾਰਟੇਜ ਜਿਹੜੀ ਕਿ ਪਹਿਲਾਂ ਇਤਨੀ ਕਦੇ ਵੀ ਨਹੀਂ ਰਹੀ ਪਰ ਸਾਡੇ ਉਸ ਟੈਕਨੋਕਰੇਟ ਨੇ ਸਾਰਿਆਂ ਨਾਲ ਮਿਲ ਜੁਲ ਕੇ ਆਪਣੇ ਇਨਫਲੂਐਂਸ ਨਾਲ ਬਿਜਲੀ ਦੀ ਸ਼ਾਰਟੇਜ ਨੂੰ ਖ਼ਤਮ ਕੀਤਾ ਹੈ ਅਤੇ ਪਾਵਰ ਵਿਚ ਵਾਧਾ ਕੀਤਾ ਹੈ । (ਵਿਘਨ)

ਡਿਪਟੀ ਸਪੀਕਰ ਸਾਹਿਬ, ਜਿਹੜਾ ਅਕਾਲੀ ਸਰਕਾਰ ਨੇ ਬਿਜਲੀ ਨੂੰ * * * ਕੀਤਾ ਸੀ ਉਸ ਨੂੰ ਖ਼ਤਮ ਕੀਤਾ ਹੈ । ਮੈਂ ਵੀ ਉਸ ਵੇਲੇ ਇਸ ਚੀਜ਼ ਦੇ ਖਿਲਾਫ ਬੋਲਿਆ ਸੀ ਅਤੇ ਹੋਰ ਬਹੁਤ ਸਾਰੇ ਮੇਰੇ ਸਾਥੀਆਂ ਨੇ ਉਸ ਵੇਲੇ ਇਸ ਦੇ ਖਿਲਾਫ ਬੋਲਿਆ ਸੀ —(ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਸ ਤੇ ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਇਹ ਜਿਹੜਾ ਉਨ੍ਹਾਂ ਨੇ * * * ਦਾ ਲਫ਼ਜ਼ ਵਰਤਿਆ ਹੈ, ਕੀ ਇਹ ਪਾਰਲੀਮੈਂਟਰੀ ਹੈ? (ਵਿਘਨ)

Expunged as ordered by the Chair.

ਸ਼੍ਰੀ ਡਿਪਟੀ ਸਪੀਕਰ : ਲਫ਼ਜ਼ * * ਪ੍ਰੋਸੀਡਿੰਗਜ਼ ਵਿਚੋਂ ਕੱਢ ਦਿਤਾ ਜਾਵੇ । (The word * * may be expunged from the proceedings.)

ਡਾਕਟਰ ਅਮੀਰ ਸਿੰਘ ਕਲਕਟ : ਮੈਨੂੰ ਪਤਾ ਸੀ ਕਿ ਮੈਂ ਇਹ ਲਫ਼ਜ਼ ਕਹਿਣਾ ਹੈ ਅਤੇ ਇਨ੍ਹਾਂ ਨੇ ਐਕਸਪੰਜ ਕਰਵਾਉਣਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਸ ਚੀਜ਼ ਦੀ ਵੀ ਬਿਜਲੀ ਮੰਤਰੀ ਸਾਹਿਬ, ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਬਿਜਲੀ ਬੋਰਡ ਦਾ ਚੇਅਰਮੈਨ ਜੋ ਲਗਾਇਆ ਹੈ ਉਹ ਕੋਈ ਅਫ਼ਸਰ ਨਹੀਂ ਲਗਾਇਆ । ਅਫ਼ਸਰ ਨੂੰ ਇਸ ਕੰਮ ਬਾਰੇ ਕੀ ਪਤਾ ਹੋ ਸਕਦਾ ਹੈ ਕਿ ਕਿਵੇਂ ਕਰਨਾ ਹੈ । (ਵਿਘਨ) ਸਰਦਾਰ ਜੋਰਾ ਸਿੰਘ ਬਾਰੇ ਇਥੇ ਕਾਫੀ ਕੁਝ ਕਿਹਾ ਗਿਆ ਹੈ ਕਿ ਉਸ ਦਾ ਵਰਤਾਵ ਠੀਕ ਨਹੀਂ, ਇਹ ਹੈ ਉਹ ਹੈ । ਮੈਂ ਆਪ ਖੁਦ ਡਿਪਟੀ ਸਪੀਕਰ ਸਾਹਿਬ, ਸਰਦਾਰ ਜੋਰਾ ਸਿੰਘ ਨੂੰ ਮਿਲ ਕੇ ਆਇਆ ਹਾਂ ਅਤੇ ਦੇਖਿਆ ਹੈ ਕਿ ਉਸ ਦਾ ਸਭ ਨਾਲ ਬਹੁਤ ਅੱਛਾ ਵਤੀਰਾ ਹੈ । ਹਜ਼ਾਰਾਂ ਲੋਕ ਉਸ ਨੂੰ ਮਿਲਣ ਵਾਸਤੇ ਆਉਂਦੇ ਹਨ, ਸਭ ਨਾਲ ਉਸ ਦਾ ਅੱਛਾ ਵਤੀਰਾ ਹੈ । ਅਗੇ ਬਿਜਲੀ ਬੋਰਡ ਵਿਚ ਕੁਰੱਪਸ਼ਨ ਬਹੁਤ ਜ਼ਿਆਦਾ ਹੁੰਦੀ ਸੀ ਪਰ ਅੱਜ ਉਹ ਚੀਜ਼ ਨਹੀਂ । ਡਿਪਟੀ ਸਪੀਕਰ ਸਾਹਿਬ, ਹੁਣ ਮੇਰੇ ਹਲਕੇ ਵਿਚ ਤਕਰੀਬਨ 200 ਕੁਨੈਕਸ਼ਨ ਮਿਲੇ ਹਨ ਜਦੋਂ ਕਿ ਸਾਡੇ ਹਲਕੇ ਦੇ ਲੋਕੀਂ 1967 ਤੋਂ ਇਨ੍ਹਾਂ ਦੀ ਮੰਗ ਕਰਦੇ ਚਲੇ ਆਏ ਹਨ ਪਰ ਕੁਨੈਕਸ਼ਨ ਉਨ੍ਹਾਂ ਨੂੰ ਹੁਣ ਮਿਲੇ ਹਨ । ਅੱਜ ਉਨ੍ਹਾਂ ਲੋਕਾਂ ਨੂੰ ਜਸਟੀਫਿਕੇਸ਼ਨ ਮਿਲਿਆ ਹੈ ।

ਡਿਪਟੀ ਸਪੀਕਰ ਸਾਹਿਬ, ਇਥੇ ਬੜੀ ਗਰਮੀ ਪੈਦਾ ਹੋਈ ਸੀ । ਮੈਂ ਦੋ ਤਿੰਨ ਦਿਨ ਤੋਂ ਬੋਲਣ ਦਾ ਟਾਈਮ ਮੰਗ ਰਿਹਾ ਸੀ ਪਰ ਤੁਸੀਂ ਮੈਨੂੰ ਟਾਈਮ ਦਿਤਾ ਨਹੀਂ । ਮੈਂ ਆਪਣੇ ਮਨ ਦਾ ਉਬਾਲ ਕਢਣਾ ਸੀ ਅੱਜ ਮੈਨੂੰ ਬੋਲਣ ਦਾ ਮੌਕਾ ਮਿਲਿਆ ਹੈ । ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਦੋਸਤ ਜਿਹੜੇ ਇਧਰ ਸਾਮ੍ਹਣੇ ਬਠੇ ਹਨ(ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ)ਉਨ੍ਹਾਂ ਬਾਰੇ ਸਾਡੇ ਸੀ. ਪੀ. ਆਈ. ਦੇ ਇਕ ਮੁਅੱਜ਼ਜ਼ ਮੈਂਬਰ ਸਾਹਿਬ ਨੇ ਇਲਜ਼ਾਮ ਲਾਇਆ ਸੀ ਕਿ ਉਹ 20 ਲੱਖ ਰੁਪਏ ਖਾ ਗਏ ਹਨ ਅਤੇ ਬਿਜਲੀ ਵਲ ਕਈ ਧਿਆਨ ਨਾ ਦਿਤਾ । ਇਨ੍ਹਾਂ ਦੇ ਧਿਆਨ ਨਾ ਦੇਣ ਦਾ ਖਮਿਆਜ਼ਾ ਸਾਡੀ ਸਰਕਾਰ ਨੂੰ ਭੁਗਤਣਾ ਪਿਆ । ਤੁਸੀਂ ਵੇਖਿਆ ਹੈ ਕਿ ਇਸ ਦੇ ਲਈ ਸਾਡੀ ਸਰਕਾਰ ਨੂੰ ਕਿੰਨੇ ਤਰਦੱਦ ਕਰਨੇ ਪਏ । ਉਹ ਜੈਨਰੇਟਰਜ਼ ਜਿਨ੍ਹਾਂ ਦੇ ਸਿਲਸਿਲੇ ਵਿਚ ਇਹ ਪੈਸੇ ਖਾ ਗਏ ਅਤੇ ਆਪਣੀਆਂ ਜੇਬਾਂ ਵਿਚ ਪਾ ਗਏ ਅਤੇ ਜਨਰੇਟਰਜ਼ ਚਾਲੂ ਨਹੀਂ ਸੀ ਕੀਤੇ, ਅੱਜ ਉਨ੍ਹਾਂ ਜੈਨਰੇਟਰਾਂ ਨੂੰ ਸਾਡੇ ਇਸ ਟੈਕਨੋਕਰੇਟ ਨੇ ਚਾਲੂ ਕੀਤਾ ਹੈ । (ਵਿਘਨ)

ਡਿਪਟੀ ਸਪੀਕਰ ਸਾਹਿਬ, ਹੁਣ ਜਿਹੜੀਆਂ ਡਿਫੀਕਲਟੀਜ਼ ਸਾਡਾ ਬਿਜਲੀ ਬੋਰਡ ਫੇਸ ਕਰ ਰਿਹਾ ਹੈ ਉਸ ਦੇ ਸਿਲਸਲੇ ਵਿਚ ਇਕ ਮਹਾਨ ਵਰਕਰ ਸ੍ਰੀ ਓਂਕਾਰ ਨਾਥ, ਜਿਨ੍ਹਾਂ ਨੂੰ ਸਾਡੇ ਗਿਆਨੀ ਜੀ ਨੇ ਮੈਂਬਰ ਲਾਇਆ ਹੈ, ਜੇ ਮੈਂ ਉਸ ਦੀ ਸ਼ਲਾਘਾ ਨਾ ਕਰਾਂ ਤਾਂ ਠੀਕ ਨਹੀਂ ਹੋਵੇਗਾ । ਉਹ ਇਕ ਬੜੇ ਇੰਟੈਲੀਜੈਂਟ ਪਰਸਨ ਹਨ ਅਤੇ ਜਨਤਾ ਦੇ ਨਾਲ ਮਿਲ ਕੇ ਰਾਤ ਦਿਨ ਕੰਮ ਕਰਨ ਵਾਲੇ ਹਨ । ਮੈਨੂੰ ਗੁਪਤਾ ਜੀ ਤੋਂ ਸੁਣ ਕੇ ਇਹ ਬੜਾ ਅਫਸੋਸ ਹੋਇਆ ਜਿਹੜਾ ਉਨ੍ਹਾਂ ਨੇ ਕਿਹਾ ਕਿ ਉਥੇ ਬੜੀ ਕੁਰਪਸ਼ਨ ਹੈ । ਮੈਂ ਨਹੀਂ ਸਮਝਦਾ ਕਿ ਉਥੇ ਕੋਈ ਕੁਰਪਸ਼ਨ ਹੋਵੇਗੀ । ਇਹ ਵਖਰੀ ਗੱਲ ਹੈ ਕਿ ਕੋਈ ਚਪੜਾਸੀ ਜਾਂ ਕੋਈ ਕਲਰਕ ਰਿਸ਼ਵਤ ਲੈਂਦਾ ਹੋਵੇ, ਪਰ ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ, ਇਹੋ ਜਿਹੀ ਉਥੇ ਕੋਈ ਗਲ ਨਹੀਂ । ਮੈਂ ਉਥੇ ਆਪ ਜਾ ਕੇ ਵੇਖ ਆਇਆ ਹਾਂ ਅਤੇ ਉਥੇ ਇਸ ਵਕਤ 1–2% ਕੁਰੱਪਸ਼ਨ ਭਾਵੇਂ ਹੁੰਦੀ ਹੋਵੇ, ਪਰ ਉਹ ਗੱਲ ਨਹੀਂ ਜਿਹੜੀ ਕਿ ਇਨ੍ਹਾਂ ਮੇਰੇ ਅਕਾਲੀ ਵੀਰਾਂ ਦੇ ਸਮੇਂ ਸੀ । (ਵਿਘਨ)

---

*Expunged as ordered by the Chair.

ਗਿਆਨੀ ਕੁੰਦਨ ਸਿੰਘ ਪਤੰਗ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅੱਜ ਤਕ ਕੋਈ ਆਪਣੇ ਭਾਈਚਾਰੇ ਨੂੰ ਨਿੰਦਦਾ ਨਹੀਂ ਸੁਣਿਆ । ਇਹ ਵੀ ਡਾਕਟਰ ਹਨ ਅਤੇ ਉਹ ਵੀ ਡਾਕਟਰ ਹਨ ਇਹ ਉਨ੍ਹਾਂ ਦੀ ਨਿੰਦਿਆ ਕਰ ਰਹੇ ਹਨ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਜਿਸ ਦੇ ਮਨ ਵਿਚ ਚੋਰ ਹੋਵੇ ਬਾਹਰ ਨਿਕਲ ਆਉਂਦਾ ਹੈ। ਮੈਂ ਤਾਂ ਕਹਾਂਗਾ ਕਿ ਜਗਜੀਤ ਸਿੰਘ ਕੌਮ ਦਾ ਇਕ ਗਦਾਰ ਹੈ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕਲਕਟ ਸਾਹਿਬ ਦੇ ਕੋਲ ਕੋਈ ਕੰਸਟੱਰਕਟਿਵ ਸੁਜੈਸ਼ਨ ਤਾਂ ਹੈ ਨਹੀਂ, ਇਨ੍ਹਾਂ ਨੇ ਕਿਹਾ ਕਿ ਚਲੋ ਡੈਸਟਰੱਕਟਿਵ ਹੀ ਸ਼ੁਰੂ ਕਰ ਦਿਓ। (ਵਿਘਨ) ਇਨ੍ਹਾਂ ਨੂੰ ਹੋਰ ਤਾਂ ਕੋਈ ਗੱਲ ਨਹੀਂ ਸੁਝੀ ਇਹ ਜਗਜੀਤ ਸਿੰਘ ਨੂੰ ਹੀ ਇਥੇ ਲੈ ਆਏ (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਡਿਪਟੀ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਦੋ ਵਾਰੀ ਸਕਸੈਸਫੁਲੀ ਚੁਣ ਕੇ ਆਇਆ ਹਾਂ । ਤੁਹਾਨੂੰ ਜਗਜੀਤ ਸਿੰਘ ਨੇ ਲੱਖਾਂ ਰੁਪਏ ਭੇਜੇ ਮੈਨੂੰ ਹਰਾਉਣ ਵਾਸਤੇ, ਪਰ ਮੇਰੇ ਕੰਸਟਰੱਕਟਿਵ ਕੰਮਾਂ ਨੇ ਅਤੇ ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਸ਼ਖਸ਼ੀਅਤ ਨੇ ਮੈਨੂੰ ਜਿਤਾ ਕੇ ਇਥੇ ਭੇਜਿਆ ਹੈ । ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਹੁਣ ਜਨਤਾ ਨੂੰ ਹੋਸ਼ ਆ ਗਈ ਹੈ । ਐਤਕੀ ਤਾਂ ਤੁਸੀਂ 24 ਆ ਗਏ ਪਰ ਅਗੇ ਨੂੰ 4 ਹੀ ਮਸਾਂ ਦਿਖਾਈ ਦੇਵੋਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਬਹਿਸ ਬਿਜਲੀ ਬੋਰਡ ਤੇ ਚਲ ਰਹੀ ਹੈ ਜਾਂ ਅਕਾਲੀਆਂ ਤੇ । (ਵਿਘਨ) ਇਹ ਤਾਂ * * ਵਾਂਗ ਛਿੜ ਹੀ ਪੈਂਦੇ ਹਨ । (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ * * ਸ਼ਬਦ ਪ੍ਰੋਸੀਡਿੰਗ ਵਿਚੋਂ ਐਕਸਪੰਜ ਕਰ ਦਿਤਾ ਜਾਵੇ, ਇਹ ਅਨਪਾਰਲੀਮੈਂਟਰੀ ਹੈ । (ਵਿਘਨ) (The words * * * may be expunged from the proceedings, this is unparliamentary.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ * * ਵਾਂਗ ਛਿੜ ਪੈਣਾ ਇਹ ਇਕ ਮੁਹਾਵਰਾ ਹੀ ਹੈ । (ਵਿਘਨ)

ਸ੍ਰੀ ਡਿਪਟੀ ਸਪੀਕਰ : ਨਹੀਂ ਇਹ ਅੱਛੇ ਨਹੀਂ ਲਗਦੇ । (ਵਿਘਨ) (No, this is not in good taste.) (*Interruption*)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਪੈਸੇ ਤਾਂ ਇਹ ਖਾ ਗਏ ਅਤੇ ਤਰੱਦਦ ਸਾਨੂੰ ਆ ਕੇ ਕਰਨਾ ਪਿਆ । ਮੈਂ ਡਾਕਟਰ ਹਾਂ ਅਤੇ ਜਿਹੜਾ ਰੂਟ ਕਾਜ਼ ਹੈ ਬਿਮਾਰੀ ਦਾ ਉਸ ਨੂੰ ਐਨਾਲਾਈਜ਼ ਕਰਨਾ ਮੇਰਾ ਕੰਮ ਹੈ । ਮੇਰਾ ਕੰਮ ਪੋਸਟਮਾਰਟਮ ਕਰਨਾ ਹੈ ।

*Expunged as ordered by the Chair.

ਹੁਣ ਡਿਪਟੀ ਸਪੀਕਰ ਸਾਹਿਬ, ਮੈ ਥੋੜ੍ਹੀ ਜਿਹੀ ਸੇਵਾ ਜੋਗਾ ਸਾਹਿਬ ਦੀ ਕਰਨੀ ਚਾਹੁੰਦਾ ਹਾਂ । ਮੈਂ ਉਨ੍ਹਾਂ ਦੀ ਬੜੀ ਕਦਰ ਕਰਦਾ ਹਾਂ । ਉਹ ਬੜੇ ਪੁਰਾਣੇ ਦੇਸ਼ ਭਗਤ ਹਨ ਅਤੇ ਪੁਰਾਣੇ ਲੈਜਿਸਲੇਟਰ ਹਨ ਅਤੇ ਇਕ ਚੰਗੀ ਪਾਰਟੀ ਨਾਲ ਸਬੰਧ ਰਖਦੇ ਹਨ । ਪਰ ਉਨ੍ਹਾਂ ਨੇ ਇਹ ਐਂਵੇ ਕਹਿ ਦਿਤਾ (ਵਿਘਨ) ਮੈਂ ਅਰਜ਼ ਕਰ ਰਿਹਾ ਸੀ ਕਿ ਉਨ੍ਹਾਂ ਨੇ ਐਂਵੇ ਕਹਿ ਦਿਤਾ ਕਿ ਬਠਿੰਡਾ ਥਰਮਲ ਪਲਾਂਟ ਤੋਂ ਰੋਜ਼ਾਨਾ ਦੋ ਹਜ਼ਾਰ ਬੋਰੀਆਂ ਸੀਮਿੰਟ ਦੀਆਂ ਬਾਹਰ ਜਾਂਦੀਆਂ ਹਨ । ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਇਡੀ ਵਡੀ ਗਪ ਨਹੀਂ ਸੀ ਮਾਰਨੀ ਚਹੀਦੀ । ਮੇਰਾ ਖਿਆਲ ਹੈ ਉਥੇ ਇੰਨੀਆਂ ਬੋਰੀਆਂ ਹੋਣੀਆਂ ਤਕ ਨਹੀਂ । ਉਨ੍ਹਾਂ ਨੇ ਇਕ ਐਮ. ਐਲ. ਏ. ਦਾ ਨਾਮ ਐਂਵੇ ਲਾ ਦਿਤਾ ਕਿ ਉਹ ਬਿਜਲੀ ਦੀ ਚੋਰੀ ਕਰਦਾ ਹੈ । ਮੈ ਕਹਿੰਦਾ ਹਾਂ ਕਿ ਏਡਾ ਕਮੀਨਾ ਕੋਈ ਨਹੀਂ ਜਿਹੜਾ ਬਿਜਲੀ ਦੀ ਚੋਰੀ ਕਰਦਾ ਹੋਵੇ । ਸਾਡੇ ਬਿਜਲੀ ਦੇ ਰੇਟਸ ਕੋਈ ਇਤਨੇ ਹਾਈ ਨਹੀਂ ਹਨ ਜਿਨ੍ਹਾਂ ਕਰਕੇ ਚੋਰੀ ਕੀਤੀ ਜਾਵੇ । ਇਹ ਮਾੜੀ ਗੱਲ ਹੈ, ਉਨ੍ਹਾਂ ਨੂੰ ਨਹੀਂ ਸੀ ਕਰਨੀ ਚਾਹੀਦੀ । ਉਨ੍ਹਾਂ ਨੇ ਕਿਹਾ ਕਿ ਹੀਟਰ ਲਾਉਂਦੇ ਹਨ । ਮੈ ਕਹਿੰਦਾ ਹਾਂ ਕਿ ਮਾਡਰਨ ਜ਼ਮਾਨਾ ਹੈ, ਜਿਨ੍ਹਾਂ ਦੀ ਜੇਬ ਵਿਚ ਪੈਸੇ ਹਨ ਅਗਰ ਉਹ ਹੀਟਰ ਇਸਤੇਮਾਲ ਕਰਦੇ ਹਨ ਤਾਂ ਇਹ ਕੋਈ ਬੁਰੀ ਗਲ ਨਹੀਂ ਹੈ । ਮੇਰਾ ਖਿਆਲ ਹੈ ਕਿ ਉਹ ਆਪ ਵੀ ਹੀਟਰ ਇਸਤੇਮਾਲ ਕਰਦੇ ਹੋਣਗੇ ।

ਫਿਰ ਇਥੇ ਕੁਰੱਪਸ਼ਨ ਦੀਆਂ ਬੜੀਆਂ ਗਲਾਂ ਕੀਤੀਆਂ ਗਈਆਂ ਕਿ ਫ਼ਲਾਣਾ ਵਜ਼ੀਰ ਇਤਨੇ ਪੈਸੇ ਖਾ ਗਿਆ । ਮੈਂ ਸਮਝਦਾ ਹਾਂ ਕਿ ਬਿਲਕੁਲ ਗਲਤ ਗੱਲ ਹੈ । ਮੈਂ ਇਸ ਸਰਕਾਰ ਦੀ ਜਿਤਨੀ ਵੀ ਤਾਰੀਫ਼ ਕਰਾਂ ਥੋੜ੍ਹੀ ਹੈ । ਅੱਜ ਜਾ ਕੇ ਵੇਖੋ ਕਿਸ ਤਰ੍ਹਾਂ ਸਾਰੇ ਗਰੀਬ ਲੋਕ ਖੁਸ਼ ਹਨ ਅਗੇ ਜਦੋਂ ਅਕਾ-ਲੀਆਂ ਦੀ ਸਰਕਾਰ ਹੁੰਦੀ ਸੀ ਤਾਂ ਛੋਟੇ ਦੁਕਾਨਦਾਰ, ਤਾਂਗੇ ਵਾਲੇ ਅਤੇ ਹੋਰ ਇਸ ਤਰ੍ਹਾਂ ਦੇ ਗਰੀਬ ਕਿੰਨੇ ਦੁਖੀ ਸਨ । ਸਾਡੇ ਸਰਕਾਰ ਦੇ ਖ਼ਿਲਾਫ਼ ਅਜ ਤਕ ਕੋਈ ਇਲਜ਼ਾਮ ਨਹੀਂ । ਗਿਆਨੀ ਜੀ ਇਕ ਵਰਕਰ ਰਹੇ ਹਨ ਅਤੇ ਪੁਰਾਣੇ ਦੇਸ਼ ਭਗਤ ਹਨ, ਚੌਧਰੀ ਗੁਰਮੇਲ ਸਿੰਘ ਕਈ ਵਾਰੀ ਵਡੇ ਵਡੇ ਜਲਸਿਆਂ ਵਿਚ ਪੁਰਾਣੀ ਟੁਟੀ ਹੋਈ ਜੁਤੀ ਪਾਈ ਫਿਰਦੇ ਹੁੰਦੇ ਹਨ ਜਿਹੜੀ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇਲੈਕਸ਼ਨਾਂ ਦੇ ਦਿਨਾਂ ਵਿਚ ਖਰੀਦੀ ਹੋਣੀ ਹੈ । (ਵਿਘਨ)

ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸਾਡੇ ਸੂਬੇ ਵਿਚ ਬਿਜਲੀ ਦਾ ਸੰਕਟ ਹੈ ਇਹ ਸਾਡੇ ਪਲੈਨਰਾਂ ਦੇ ਕਾਰਨ ਹੀ ਹੈ । ਇਨ੍ਹਾਂ ਨੇ ਚੰਗੀ ਤਰ੍ਹਾਂ ਸੋਚਿਆ ਨਹੀਂ । ਇਨ੍ਹਾਂ ਨੇ ਜ਼ਿਆਦਾ ਤੋਂ ਜ਼ਿਆਦਾ ਜ਼ੋਰ ਹਾਈਡਰੋ ਪਾਵਰ ਤੇ ਦਿਤਾ ਅਤੇ ਸਾਰਾ ਰੁਪਈਆ ਉਥੇ ਲਗਾ ਦਿਤਾ । ਜਦੋਂ ਪ੍ਰਮਾਤਮਾ ਮਾੜਾ ਜਿਹਾ ਨਾਰਾਜ਼ ਹੋ ਜਾਵੇ ਅਤੇ ਬਾਰਸ਼ਾਂ ਨਾ ਹੋਣ ਤਾਂ ਹਾਈਡਰੋਪਾਵਰ ਤੋਂ ਜਿਹੜੀ ਬਿਜਲੀ ਪੈਦਾ ਹੋਣੀ ਹੈ ਅਗਰ ਪਾਣੀ ਨਾ ਹੋਵੇ ਤਾਂ ਕਿਥੋਂ ਆਵੇਗੀ । ਇਨ੍ਹਾਂ ਨੂੰ ਥਰਮਲ ਪਾਵਰ ਵਲ ਵੀ ਧਿਆਨ ਰਖਣਾ ਚਾਹੀਦਾ ਸੀ । ਅਕਾਲੀਆਂ ਦੇ ਸਮੇ ਜਿਹੜਾ ਥਰਮਲ ਪਲਾਂਟ ਬਠਿੰਡੇ ਵਿਚ ਲਗਣਾ ਸੀ ਉਸ ਦੀ ਏ.ਬੀ. ਸੀ. ਤਕ ਨਹੀਂ ਪੜ੍ਹੀ ਗਈ ਸੀ । ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਸਨੇ ਉਥੇ ਇਤਨੀ ਤੇਜ਼ੀ ਨਾਲ ਕੰਮ ਸੁਰੂ ਕਰਾ ਦਿਤਾ ਹੈ ਅਤੇ ਮੈਂ ਸਮਝਦਾ ਹਾਂ ਕਿ ਉਸ ਦੇ ਚਾਲੂ ਹੋ ਜਾਣ ਨਾਲ ਜਿਹੜਾ ਬਿਜਲੀ ਦਾ ਸੰਕਟ ਹੈ ਉਹ ਬਿਲਕੁਲ ਖ਼ਤਮ ਹੋ ਜਾਵੇਗਾ । ਮੈਂ ਆਪਣੇ ਬਿਜਲੀ ਮੰਤਰੀ ਤੋਂ ਇਹ ਮੰਗ ਕਰਦਾ ਹਾਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਨਾ ਕੋਈ ਨਹਿਰ ਹੈ ਅਤੇ ਨਾ ਹੀ ਕੋਈ ਬਿਜਲੀ ਦਾ ਪਲਾਂਟ ਹੈ, ਉਥੇ ਬਿਜਲੀ ਦਾ ਇਕ ਥਰਮਲ ਪਲਾਂਟ ਲਾ ਦਿਤਾ ਜਾਵੇ ਤਾਂ ਬੜੀ ਚੰਗੀ ਗਲ ਹੋਵੇਗੀ । ਉਥੇ 10% ਲੋਕਾਂ ਨੂੰ ਵੀ ਹਾਲੇ ਤਕ ਬਿਜਲੀ ਸਪਲਾਈ ਨਹੀਂ ਕੀਤੀ ਗਈ । ਸਾਡੇ ਟਿਊਬਵੈੱਲਾਂ ਦੀ ਵੀ ਬੜੀ ਸ਼ਾਰਟੇਜ ਹੈ । ਜਿਹੜੇ ਅਕਾਲੀਆਂ ਨੇ ਟਿਊਬਵੈੱਲ ਲਵਾਏ ਉਹ ਆਪਣੇ ਮਖ਼ਸੂਸ ਇਲਾਕੇ ਵਿਚ ਹੀ ਲਗਵਾਏ । (ਵਿਘਨ)

[ਡਾਕਟਰ ਅਮੀਰ ਸਿੰਘ ਕਲਕਟ]

ਮੈਂ ਇਨ੍ਹਾਂ ਦੀ ਕਾਬਲੀਅੱਤ ਦੀ ਗੱਲ ਕਰਦਾ ਹਾਂ। ਉਹ ਸਜਣ ਹੁਣ ਕਰਨਾਲ ਚਲੇ ਗਏ। ਉਹ ਇਕ ਵੇਰ ਸਕੂਲ ਵਿਚ ਚਲੇ ਗਏ ਅਤੇ ਉਥੇ ਇਕ ਲੇਡੀ ਟੀਚਰ ਸੀ। ਉਹ ਉਸ ਨੂੰ ਕਹਿਣ ਲਗੇ ਕਿ ਮੈਂ ਤੈਨੂੰ ਹਸਬੈਂਡ ਕਰਣ ਆਇਆ ਹਾਂ। ਉਹ ਵਿਚਾਰੀ ਬਚਿਆਂ ਵਾਲੀ ਸੀ ਅਤੇ ਰੋਣ ਲਗ ਪਈ। (ਵਿਘਨ) ਇਹ ਤਾਂ ਇਨ੍ਹਾਂ ਦੀ ਕਾਬਲੀਅੱਤ ਹੈ(ਹਾਸਾ)ਡਿਪਟੀ ਸਪੀਕਰ ਸਾਹਿਬ,ਸਾਨੂੰ ਬਿਜਲੀ ਦੇ ਸੰਕਟ ਨੂੰ ਦੂਰ ਕਰਨ ਲਈ ਸੋਚਣਾ ਚਾਹੀਦਾ ਹੈ। ਬਿਜਲੀ ਦਾ ਸਾਨੂੰ ਜੁਡੀਸ਼ਿਅਸ਼ ਇਸਤੇਮਾਲ ਕਰਨਾ ਚਾਹੀਦਾ ਹੈ। ਫਲੈਟ ਰੇਟ ਖਤਮ ਕਰਨਾ ਚਾਹੀਦਾ ਹੈ। ਵੱਡੇ ਜ਼ਿਮੀਦਾਰਾਂ ਨੇ ਆਪਣੀਆਂ ਕੋਠੀਆਂ ਅਲੈਕਟਰੀਫਾਈ ਕੀਤੀਆਂ ਹਨ, ਰੈਫਰੀਜ਼ਰੇਟਰ ਰੱਖੇ ਹਨ, ਇਸ ਲਈ ਇਸ ਫਲੈਟ ਰੇਟ ਨੂੰ ਬੰਦ ਕਰਨਾ ਚਾਹੀਦਾ ਹੈ। ਸਾਨੂੰ ਬਿਜਲੀ ਦੀ ਸੁਪਲਾਈ ਮੀਟਰ ਸਿਸਟਮ ਨਾਲ ਦੇਣੀ ਚਾਹੀਦੀ ਹੈ। ਇਸ ਨਾਲ ਇੱਕ ਤਾਂ ਇੰਪਲਾਇਮੈਂਟ ਪੁਟੇਨਸ਼ਨਲ ਵੱਧੇਗਾ, ਅਤੇ ਜੁਡੀਸ਼ਿਅਲ ਸਪਲਾਈ ਹੋਵੇਗੀ। ਇਸ ਲਈ ਫਲੈਟ ਰੇਟ ਦਾ ਗਲਤ ਤਰੀਕਾ ਖਤਮ ਹੋਣਾ ਚਾਹੀਦਾ ਹੈ। ਸਾਨੂੰ ਹਾਈਡਰੋ ਪਾਵਰ ਦੀ ਥਾਂ ਤੇ ਥਰਮਲ ਪਾਵਰ ਤੇ ਜ਼ੋਰ ਦੇਣਾ ਚਾਹੀਦਾ ਹੈ। ਮੈਂ ਗਿਆਨੀ ਜ਼ੈਲਸਿੰਘ ਜੀ ਨੂੰ ਵੱਧਾਈ ਦਿੰਦਾ ਹਾਂ ਜਿਨ੍ਹਾਂ ਨੇ ਕਿਹਾ ਹੈ ਕਿ ਕੰਡੀ ਦੇ ਏਰੀਏ ਨੂੰ ਆਰਟੀਫੀਸ਼ਲ ਰੇਨ ਨਾਲ ਸੈਰਾਬ ਕੀਤਾ ਜਾਵੇਗਾ। ਇਤਨਾ ਕਹਿ ਕੇ ਮੈਂ ਤੁਹਾਡਾ ਸ਼ੁਕਰਿਆ ਅਦਾ ਕਰਦਾ ਹਾਂ।

ਸਰਦਾਰ ਪ੍ਰਹਿਲਾਦ ਸਿੰਘ (ਸਮਰਾਲਾ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਲੇਕਿਨ ਇਸ ਸਾਰੀ ਬਹਿਸ ਦੇ ਸੁਣਨ ਤੋਂ ਬਾਅਦ ਮੈਨੂੰ ਇਸ ਤਰ੍ਹਾਂ ਲਗਿਆ ਹੈ ਜਿਸ ਤਰ੍ਹਾਂ ਕਿ ਬਿਜਲੀ ਬੋਰਡ ਇਕ ਸਿਆਸੀ ਅਖਾੜਾ ਬਣਿਆ ਹੋਇਆ ਹੈ। ਇਸ ਬਿਜਲੀ ਬੋਰਡ ਦਾ ਕੰਟਰੋਲ ਸਰਕਾਰ ਨੂੰ ਆਪਣੇ ਹੱਥ ਵਿਚ ਲੈਣਾ ਚਾਹੀਦਾ ਹੈ ਤਾਂ ਕਿ ਜਿੰਨੀ ਕੁਰਪਸ਼ਨ ਸਿਆਸੀ ਲਗੇ ਹੋਏ ਬੰਦੇ ਇਸ ਵਿਚ ਕਰਦੇ ਹਨ ਉਹ ਬੰਦ ਹੋ ਜਾਵੇ। ਇਹ ਸਿਆਸੀ ਬੰਦੇ ਇੱਕ ਦੂਜੇ ਨੂੰ ਕੁਰੱਪਟ ਕਰਦੇ ਹਨ, ਅਫਸਰਾਂ ਨੂੰ ਕੁਰੱਪਟ ਕਰਦੇ ਹਨ ਅਤੇ ਇਸ ਵਿਚ ਕਾਫੀ ਪਾਰਟੀਬਾਜ਼ੀ ਚਲ ਰਹੀ ਹੈ। ਬਿਜਲੀ ਬੋਰਡ ਵਿਚ ਇੱਕ ਐਸੀ ਪਾਰਟੀਬਾਜ਼ੀ ਬਣੀ ਹੋਈ ਹੈ ਕਿ ਅੱਧਾ ਬੋਰਡ ਕੁਝ ਹੋਰ ਫੈਸਲਾ ਕਰਦਾ ਹੈ ਅਤੇ ਅੱਧਾ ਬੋਰਡ ਕੁਝ ਹੋਰ ਕਰਦਾ ਹੈ। ਏ.ਐਮ. ਕੋਈ ਆਰਡਰ ਆਪਣੇ ਮੁਲਾਜ਼ਮਾਂ ਦੇ ਕਰਦਾ ਹੈ ਅਤੇ ਚੈਅਰਮੈਨ ਉਸ ਨੂੰ ਰੱਦ ਕਰ ਦਿੰਦਾ ਹੈ। ਇਸ ਤਰ੍ਹਾਂ ਮੁਲਾਜ਼ਮਾਂ ਦੇ ਹੱਕਾਂ ਦੀ ਨਜਾਇਜ਼ ਵਰਤੋਂ ਹੁੰਦੀ ਹੈ। ਮੁਲਾਜ਼ਮਾਂ ਨੂੰ ਕੁਝ ਕਰਨ ਨਹੀਂ ਦਿੱਤਾ ਜਾਂਦਾ। ਦੂਜੀ ਗਲ ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਬਿਜਲੀ ਬੋਰਡ ਦਾ ਇੱਕ ਫਲਾਇੰਗ ਸਕੁਏਡ ਪਿੰਡਾਂ ਦੇ ਟਿਯੂਬਵੈਲਾਂ ਦੀਆਂ ਮੋਟਰਾਂ ਚੈਕ ਕਰਦਾ ਹੈ। ਅਗਰ ਕਿਸੇ ਜ਼ਿਮੀਂਦਾਰ ਨੇ ਆਪਣੀ ਮੋਟਰ ਪੰਜ ਹਾਰਸਪਾਵਰ ਦੀ ਥਾਂ ਤੇ 7 ਜਾਂ 8 ਹਾਰਸਪਾਵਰ ਦੀ ਲਾਈ ਹੋਈ ਹੈ ਤਾਂ ਉਸ ਨੂੰ 3,000 ਰੁਪਏ ਦਾ ਜੁਰਮਾਨਾ ਕੀਤਾ ਜਾਂਦਾ ਹੈ। ਪਰ ਅਗਰ ਕਿਸੇ ਇੰਡ-ਸਟਰਿਅਲਿਸਟ ਜਿਸਨੇ 50 ਹਾਰਸਪਾਵਰ ਦੀ ਮੋਟਰ ਦੀ ਥਾਂ 100 ਹਾਰਸਪਾਵਰ ਦੀ ਮੋਟਰ ਲਾਈ ਹੋਵੇ ਤਾਂ ਉਸ ਨੂੰ ਕੁਝ ਵੀ ਨਹੀਂ ਕਿਹਾ ਜਾਂਦਾ। ਮੇਰੇ ਕੋਲ ਰਾਜਪੁਰੇ ਦੀ ਇਨਸਟਾਂਸ ਹੈ। ਇੱਕ ਇੰਡਸਰੀਆਲਿਸਟ ਫੜਿਆ ਗਿਆ। ਪਰ ਉਥੇ ਦੇ ਜਿਹੜੇ ਕਾਂਗਰਸੀ ਲੀਡਰ ਸਨ ਉਨ੍ਹਾਂ ਨੇ ਉਸਨੂੰ ਛੱਡਾ ਲਿਆ। ਪੱਤਾ ਨਹੀਂ ਕੀ ਕੁਝ ਉਸ ਇੰਡਸਟਰਿਆਲਿਸਟ ਤੋਂ ਲਿਆ ਹੋਣਾ ਹੈ। ਜਦੋਂ ਕਦੇ ਕੋਈ ਕਮਿਸ਼ਨ ਬੈਠੇਗਾ ਤਾਂ ਮੈਂ ਇਹ ਫੈਕਟਸ ਉਸ ਦੇ ਸਾਹਮਣੇ ਰਖਾਂਗਾ। ਮੇਰੇ ਕੋਲ ਹਲਫੀਆ ਬਿਆਨ ਹਨ।

ਦੂਜੀ ਗਲ, ਡਿਪਟੀ ਸਪੀਕਰ ਸਾਹਿਬ ਇਹ ਹੈ ਕਿ ਅਗਰ ਕੋਈ ਜ਼ਿਮੀਂਦਾਰ ਆਪਣੀ ਥੋੜ੍ਹੀ ਜ਼ਮੀਨ ਕਾਰਨ 5 ਹਾਰਸ ਪਾਵਰ ਦੀ ਥਾਂ ਤੇ 3 ਹਾਰਸ ਪਾਵਰ ਦੀ ਮੋਟਰ ਲਾਉਣਾ ਚਾਹੁੰਦਾ ਹੈ ਤਾਂ ਫਿਰ ਉਸ ਨੂੰ ਦੁਬਾਰਾ ਸਿਕਉਰਿਟੀ ਅਤੇ ਟੈਸਟ ਰਿਪੋਰਟਾਂ ਦੇਣੀਆ ਪੈਂਦੀਆਂ ਹਨ। ਲੇਕਿਨ ਅਗਰ ਕੋਈ ਇੰਡ-ਸਟਰਿਆਲਿਸਟ ਹੈ ਤਾਂ ਉਸ ਨੂੰ ਇਹ ਛੋਟ ਹੈ ਕਿ ਜੇ 25 ਹਾਰਸ ਪਾਵਰ ਦੀ ਮੋਟਰ ਮੰਜ਼ੂਰ ਹੋਈ ਹੈ

ਤਾਂ ਬੇਸ਼ਕ 50 ਹਾਰਸ ਪਾਵਰ ਦੀ ਲਾ ਲੈਣ। ਇਸ ਤਰ੍ਹਾਂ ਮੈਂ ਕਹਾਂਗਾ ਕਿ ਪਿੰਡਾਂ ਦੇ ਲੋਕਾਂ ਨਾਲ ਬੜਾ ਭਾਰੀ ਧੱਕਾ ਹੋ ਰਿਹਾ ਹੈ। ਇਹ ਇਸ ਲਈ ਹੋ ਰਿਹਾ ਹੈ ਕਿਉਂਕਿ ਬਿਜਲੀ ਬੋਰਡ ਇਕ ਸਿਆਸੀ ਅਖਾੜਾ ਬਣਿਆ ਹੋਇਆ ਹੈ। ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ ਗਿਆਨੀ ਜੀ ਦੀ ਸਰਕਾਰ ਨੂੰ ਕਹਾਂਗਾ ਕਿ ਇਸ ਨੂੰ ਆਪਣੇ ਹੱਥ ਵਿਚ ਲੈ ਲੈਣ।

ਡਿਪਟੀ ਸਪੀਕਰ ਸਾਹਿਬ, ਦੂਜੀ ਗੱਲ ਜਿਹੜੀ ਮੈਂ ਗਿਆਨੀ ਜੀ ਦੀ ਗਿਆਤ ਲਈ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਡਾਕਟਰ ਅਮੀਰ ਸਿੰਘ ਕਲਕਟ ਨੇ ਚੇਅਰਮੈਨ ਬਿਜਲੀ ਬੋਰਡ ਦੀ ਬੜੀ ਤਾਰੀਫ ਕੀਤੀ ਹੈ। ਹੋ ਸਕਦਾ ਹੈ ਉਹ ਇਹੋ ਜਿਹੇ ਹੋਣ। ਲੇਕਿਨ ਪਿਛੇ ਜਿਹੇ ਬੋਰਡ ਦੀ ਇੱਕ ਮੀਟਿੰਗ ਹੋਈ ਸੀ ਜਿਸ ਵਿੱਚ 10 ਲੱਖ ਦੀਆਂ ਪਰਚੇਜ਼ਿਜ਼ ਕਰਨ ਦਾ ਫੈਸਲਾ ਕਰਨਾ ਸੀ ਪਰ ਉਹ ਇਹ ਫੈਸਲਾ ਨਹੀਂ ਕਰ ਸਕੇ। ਫਿਰ ਬਿਨਾਂ ਬੋਰਡ ਦੀ ਮੀਟਿੰਗ ਬੁਲਾਏ ਸਿਧਾ ਚੇਅਰਮੈਨ ਨੇ ਖਰੀਦਣ ਦੇ ਆਰਡਰ ਕਰ ਦਿੱਤੇ। ਸਰਦਾਰ ਜ਼ੋਰਾ ਸਿੰਘ ਕੁਝ ਹੋਰ ਕਹਿੰਦਾ ਹੈ, ਸੁਰਿੰਦਰ ਪਾਲ ਕੁਝ ਹੋਰ ਕਹਿੰਦਾ ਹੈ, ਏ.ਐਮ. ਕੁਝ ਹੋਰ ਕਹਿੰਦਾ ਹੈ ਅਤੇ ਚੇਅਰਮੈਨ ਕੁਝ ਹੋਰ ਕਹਿੰਦਾ ਹੈ। ਇਸ ਤਰ੍ਹਾਂ ਨਾਲ ਉਥੇ ਪਾਰਟੀਬਾਜ਼ੀ ਚਲ ਰਹੀ ਹੈ ਅਤੇ ਇਸ ਨਾਲ ਸਟੇਟ ਨੂੰ ਕਾਫੀ ਨੁਕਸਾਨ ਹੋ ਰਿਹਾ ਹੈ। ਇਸ ਦੇ ਵਿਚ ਪਹਿਲਾਂ ਹੀ ਕਾਫੀ ਸਿਆਸੀ ਆਦਮੀ ਸਨ। ਐਕਟ ਦੇ ਮੁਤਾਬਕ ਇਥੇ 7 ਆਦਮੀ ਚਾਹੀਦੇ ਹਨ। ਲੇਕਿਨ ਇਨ੍ਹਾਂ ਹੋਰ ਲੈ ਆਂਦੇ ਹਨ। ਦੋ ਏ. ਐਮ. ਇੱਥੇ ਲੱਗੇ ਹੋਏ ਹਨ। ਇਸ ਤੋਂ ਬਾਅਦ ਓਂਕਾਰ ਜੀ ਨੂੰ ਇਨ੍ਹਾਂ ਨੇ ਉਥੇ ਲਾਇਆ ਹੈ, ਜਿਹੜਾ ਕਿ ਗਿਆਨੀ ਜੀ ਦਾ ਬੜਾ ਨਜ਼ਦੀਕੀ ਹੈ। ਲੋਕਾਂ ਵਿਚ ਇਹ ਅਫਵਾਹ ਹੈ ਕਿ ਗਿਆਨੀ ਜੀ ਨੇ ਆਪਣੇ ਬੰਦੇ ਬੋਰਡ ਵਿਚ ਭਰ ਕੇ ਬੋਰਡ ਦਾ ਕੰਟਰੋਲ ਆਪਣੇ ਹੱਥ ਵਿਚ ਲੈ ਲਿਆ ਹੈ। ਜਿਸ ਤਰ੍ਹਾਂ ਹਰਿਆਣੇ ਵਿਚ ਬੰਸੀ ਲਾਲ ਤੇ ਇਲਜ਼ਾਮ ਲਗੇ ਹਨ ਕਿ ਉਹ ਬੋਰਡ ਰਾਹੀਂ ਕੁਰੱਪਸ਼ਨ ਕਰਦਾ ਹੈ। ਇਸੇ ਤਰ੍ਹਾਂ ਤੁਸੀਂ ਵੀ ਆਪਣੇ ਆਦਮੀ ਲਾ ਕੇ ਉਥੇ ਕੁਰਪਸ਼ਨ ਕਰੋਗੇ। ਇਸ ਤਰ੍ਹਾਂ ਨਾਲ ਤੁਹਾਡੇ ਅਗੇਂਸਟ ਵੀ ਇਲਜ਼ਾਮ ਲਗਾਏ ਜਾਣਗੇ। ਹੁਣੇ ਹੀ ਗੁਪਤਾ ਜੀ ਨੇ ਕਿਹਾ ਸੀ ਕਿ ਅਕਾਲੀ ਵਜ਼ਾਰਤ ਨੇ ਪਿੰਡਾਂ ਵਿਚ ਬਹੁਤ ਘੱਟ ਕੁਨੈਕਸ਼ਨ ਦਿੱਤੇ ਸਨ। ਲੇਕਿਨ ਮੈਂ ਕਹਿੰਦਾ ਹਾਂ ਕਿ ਅਕਾਲੀ ਸਰਕਾਰ ਨੇ ਆਪਣੇ ਰਾਜ ਦੇ ਦੌਰਾਨ ਇਕ ਸਾਲ ਵਿਚ 1200 ਤੋਂ 1500 ਤਕ ਪਿੰਡ ਅਲੈਕਟਰੀਫਾਈ ਕੀਤੇ। ਲੇਕਿਨ ਤੁਹਾਡੀ ਸਰਕਾਰ ਜਿਹੜੀ ਕਿ ਆਪਣੇ ਆਪ ਨੂੰ ਲੋਕਾਂ ਦੀ ਸਰਕਾਰ ਕਹਿੰਦੀ ਹੈ, ਨੇ ਪਿਛਲੇ 9 ਮਹੀਨਿਆਂ ਵਿਚ ਸਿਰਫ 200 ਪਿੰਡਾਂ ਨੂੰ ਅਲੈਕਟਰੀਫਾਈ ਕੀਤਾ ਹੈ। ਇਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਸਾਡੀ ਸਰਕਾਰ ਨੇ ਅਕਾਲੀ ਸਰਕਾਰ ਨਾਲੋਂ ਵੱਧ ਕੰਮ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਜੋ ਮੁਲਾਜ਼ਮ ਕੁਰੱਪਸ਼ਨ ਦੱਸਦਾ ਹੈ ਜਾਂ ਕੁਰਪਸ਼ਨ ਕਰਨ ਵਾਲੇ ਨੂੰ ਫੜਾਉਂਦਾ ਹੈ, ਉਸ ਨੂੰ ਵਿਕਟੇਮਾਈਜ਼ ਕੀਤਾ ਜਾਂਦਾ ਹੈ। ਮੇਰੇ ਕੋਲ ਇੱਕ ਇਨਸਟਾਂਸ ਹੈ। ਦੁਰਾਹੇ ਵਿਚ ਇੱਕ ਐਸਾ ਕੇਸ ਹੋਇਆ ਹੈ। ਉਥੇ ਦਯਾਨੰਦ ਇੱਕ ਸਪੈਸ਼ਲ ਫੋਰਮੈਨ ਸੀ। ਉਸ ਨੇ ਟਰੱਕ ਨੰ: ਡੀ. ਟੀ. 14 ਜੋ ਕਿ ਬੋਰਡ ਦਾ ਸੀਮਿੰਟ ਅਤੇ ਲੋਹਾ ਭਰ ਕੇ ਬਾਹਰ ਲੈ ਜਾ ਰਿਹਾ ਸੀ ਨੂੰ ਪਕੜਾਇਆ। ਇਸ ਲਈ ਉਸ ਨੂੰ ਵਿਕਟੇਮਾਈਜ਼ ਕੀਤਾ ਗਿਆ। ਹੁਣ ਉਸ ਕੇਸ ਨੂੰ ਹਸ਼ ਅਪ ਕੀਤਾ ਜਾ ਰਿਹਾ ਹੈ। ਇਸ ਸਾਰੇ ਕੇਸ ਨੂੰ ਹਸ਼ ਅਪ ਕਰਨ ਦਾ ਦੋਸ਼ ਜ਼ੋਰਾ ਸਿੰਘ ਤੇ ਲਗ ਰਿਹਾ ਹੈ।

ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਏ. ਆਰ ਸੀ ਦੀ ਸਕੀਮ ਚਲਾਈ ਹੋਈ ਹੈ ਲੇਕਿਨ ਉਸ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਲੋਕਾਂ ਨੇ ਮੋਟਰਾਂ ਲਾਈਆਂ ਹੋਈਆਂ ਹਨ, ਲੋਨ ਲਏ

[ਸਰਦਾਰ ਪ੍ਰਹਿਲਾਦ ਸਿੰਘ]

ਹੋਏ ਹਨ ਲੇਕਿਨ ਕੁਨੈਕਸ਼ਨ ਉਨ੍ਹਾਂ ਨੂੰ ਨਹੀਂ ਦਿੱਤਾ ਜਾਂਦਾ। ਇਸ ਸਕੀਮ ਨਾਲ ਕਿਸਾਨਾਂ ਦਾ ਬੜਾ ਨੁਕਸਾਨ ਹੋ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਪਰੇਆਰਟੀ ਬੇਸਿਜ਼ ਤੇ ਕੁਨੈਕਸ਼ਨ ਦੇਣੇ ਚਾਹੀਦੇ ਹਨ। ਮੇਰਾ ਹਲਕਾ, ਮੱਛੀਵਾੜਾ ਬਲਾਕ, ਬਹੁਤ ਪੱਛੜਿਆ ਹੋਇਆ ਹੈ। ਉਥੇ ਏ.ਆਰ. ਸੀ ਦੀ ਸਕੀਮ ਲਾਗੂ ਹੋਈ ਸੀ। ਉਹ ਲੋਕ ਬੜੇ ਗਰੀਬ ਹਨ। ਮੋਟਰਾਂ ਲਈ ਬੈਠੇ ਹਨ। ਕੁਨੈਕਸ਼ਨ ਉਨ੍ਹਾਂ ਨੂੰ ਦਿੱਤੇ ਨਹੀਂ ਜਾ ਰਹੇ।

ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਆਈ. ਪੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਪੱਛੜੇ ਹੋਏ ਇਲਾਕੇ ਦੀ ਜਨਤਾ ਦਾ ਵੱਧ ਤੋਂ ਵੱਧ ਖਿਆਲ ਰੱਖਿਆ ਜਾਵੇ ਅਤੇ ਬੋਰਡ ਨੂੰ ਆਰਡਰ ਦੇਣ ਕਿ ਉਥੇ ਏ. ਆਰ. ਸੀ. ਸਕੀਮ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਅਤੇ ਲੋਕਾਂ ਨੂੰ ਕੁਨੈਕਸ਼ਨ ਦੇਣ।

ਚੌਧਰੀ ਦਰਸ਼ਨ ਸਿੰਘ (ਨੂਰਮਹਲ) : ਡਿਪਟੀ ਸਪੀਕਰ ਸਾਹਿਬ ,ਬਿਜਲੀ ਬੋਰਡ ਦੀਆਂ ਤਿੰਨ ਰਿਪੋਰਟਾਂ ਹਾਊਸ ਦੇ ਸਾਹਮਣੇ ਪੇਸ਼ ਹਨ। ਇਨ੍ਹਾਂ ਰਿਪੋਰਟਾਂ ਨੂੰ ਦੋ ਹਿੱਸਿਆਂ ਵਿਚ ਡਿਵਾਇਡ ਕਰਕੇ, ਫਾਈਨਾਂਸ਼ਲ ਆਸਪੈਕਟ ਆਫ ਦੀ ਬੋਰਡ ਅਤੇ ਫਿਜ਼ੀਕਲ ਵਰਕਿੰਗ ਆਫ ਦੀ ਬੋਰਡ ਤੇ ਸਾਨੂੰ ਵਿਚਾਰ ਦੇਣੇ ਚਾਹੀਦੇ ਹਨ। ਇਹ ਬੋਰਡ ਇੱਕ ਕਮਰਸ਼ਲ ਅਦਾਰਾ ਹੈ ਅਤੇ ਬਾਕੀ ਸਾਰੇ ਮੁਲਕਾਂ ਵਿਚ ਇਹ ਪ੍ਰਾਫਿਟ ਤੇ ਰਨ ਕਰ ਰਿਹਾ ਹੈ ਜਦੋਂ ਕਿ ਸਾਡਾ ਬੋਰਡ ,ਜੇ ਮੈਂ ਝੂਠ ਨਹੀਂ ਕਹਿੰਦਾ, ਇਸ ਵੇਲੇ 15 ਕਰੋੜ ਰੁਪਏ ਸਲਾਨਾ ਸੂਦ ਦਿੰਦਾ ਹੈ। 1971 ਦੀ ਰਿਪੋਰਟ ਦੇ ਅਨੁਸਾਰ ਬੋਰਡ ਨੂੰ 3,87 ਲੱਖ ਰੁਪਏ ਦਾ ਘਾਟਾ ਹੋਇਆ ਹੈ। 1972 ਦੀ ਰਿਪੋਰਟ ਦੇ ਅਨੁਸਾਰ ਇਹ ਘਾਟਾ 4 ਕਰੋੜ ਰੁਪਏ ਦੇ ਲਗ ਭਗ ਹੈ। ਪਜਾਬ ਰਾਜ ਬਿਜਲੀ ਬੋਰਡ ਦੀ ਹਰ ਤਾਰ, ਹਰ ਪੋਲ ਗਹਿਣੇ ਪਈ ਹੈ। ਜੇ ਕੋਈ ਅਦਾਰਾ 200 ਕਰੋੜ ਰੁਪਏ ਤੇ 15 ਕਰੋੜ ਰੁਪਏ ਸਾਲ ਦਾ ਸੂਦ ਅਦਾ ਕਰੇ ਤਾਂ ਉਹ ਅਦਾਰਾ ਕਦੇ ਵੀ ਠੀਕ ਤਰ੍ਹਾਂ ਨਾਲ ਚਲ ਨਹੀਂ ਸਕਦਾ। ਇਸ ਦੀ ਐਡਮਿਨਸਟ੍ਰੇਸ਼ਨ ਵਲ ਵੀ ਧਿਆਨ ਦੇਣਾ ਚਾਹੀਦਾ ਹੈ ਹੋ ਸਕਦਾ ਹੈ ਕਿ ਇਸ ਦੀ ਹੈਵੀ ਐਡਮਿਨਸਟ੍ਰੇਸ਼ਨ ਹੋਵੇ, ਹੋ ਸਕਦਾ ਹੈ ਕਿ ਇਸ ਦੀ ਲਾਂਗ ਟਰਮ ਪਾਲਿਸੀ ਹੋਵੇ ਜਿਸ ਨਾਲ ਕਿ ਬਾਅਦ ਵਿਚ ਰਿਟਰਨਜ਼ ਜ਼ਿਆਦਾ ਆਉਣ। ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਬੋਰਡ ਦੀ ਫਾਈਨਾਂਸ਼ਲ ਪੋਜ਼ੀਸ਼ਨ ਇਸ ਵੇਲੇ ਹਿੰਦੁਸਤਾਨ ਭਰ ਦੇ ਸਾਰੇ ਬਿਜ਼ਲੀ ਬੋਰਡਾਂ ਨਾਲੋਂ ਵੀਕੈਸਟ ਹੈ।

ਸਾਡੀ ਪੰਜਾਬ ਸਰਕਾਰ ਨੇ ਇਲੈਕਟ੍ਰਿਸਿਟੀ ਡਿਊਟੀ ਲਾਈ ਹੋਈ ਹੈ। ਡਿਊਟੀ ਤਾਂ ਉਹ ਅਦਾ ਨਹੀਂ ਕਰ ਸਕਦੇ। ਮੇਰੀ ਬੇਨਤੀ ਹੈ ਕਿ ਪੰਜਾਬ ਸਰਕਾਰ ਨੂੰ ਇਸ ਦੀ ਸਟ੍ਰੀਮ ਲਾਈਨਿੰਗ ਫਾਈਨਾਂਸ਼ਲ ਸਾਈਡ ਤੋਂ ਕਰਨੀ ਚਾਹੀਦੀ ਹੈ। ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਇਸ ਦੀ ਵਰਕਿੰਗ ਸਾਈਡ ਨੂੰ ਲੈਂਦਾ ਹਾਂ। 1970 ਦੀ ਰਿਪੋਰਟ ਪੜ੍ਹੀਏ ਤਾਂ ਸਰਕਾਰ ਨੇ ਇਹ ਆਖਿਆ ਸੀ ਕਿ ਬਿਜਲੀ ਦਾ ਕ੍ਰਾਈਸਿਜ਼ ਆਉਣ ਵਾਲਾ ਹੈ। 1971-72 ਦੀਆਂ ਰਿਪੋਰਟਾਂ ਪੜ੍ਹੀਏ ਤਾਂ ਗੁਰੂ ਨਾਨਕ ਥਰਮਲ ਪਲਾਂਟ ਜਿਹੜਾ ਕਿ ਚਾਲੂ ਹੋਣਾ ਚਾਹੀਦਾ ਸੀ ਹੁਣ ਮੈਨੂੰ ਨਜ਼ਰ ਨਹੀਂ ਆਉਂਦਾ ਕਿ ਉਹ ਅਗਲੇ ਸਾਲ ਵਿਚ ਵੀ ਚਾਲੂ ਹੋ ਸਕੇਗਾ। ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ 55 ਲੱਖ ਏਕੜ ਜ਼ਮੀਨ ਨੂੰ ਟਿਊਬਵੈਲਜ਼ ਰਾਹੀਂ ਪਾਣੀ ਸਪਲਾਈ ਕਰਨਾ ਹੈ ਅਤੇ 50 ਲੱਖ ਏਕੜ ਨਹਿਰਾਂ ਰਾਹੀਂ ਕਰਨਾ ਹੈ ਅਤੇ ਇਸ ਤਰ੍ਹਾਂ 64 ਲਖ ਟਨ ਅਨਾਜ਼ ਪੈਦਾ ਕਰਕੇ ਦੂਜੀਆਂ ਸਟੇਟਾਂ ਨੂੰ ਦੇਣਾ ਹੈ।

ਹੁਣ ਤੁਸੀਂ, ਡਿਪਟੀ ਸਪੀਕਰ ਸਾਹਿਬ, ਅਨਰਜੀ ਦੀ ਸ਼ਾਰਟੇਜ਼ ਵਲ ਧਿਆਨ ਮਾਰੋ। ਇਸ ਵੇਲੇ ਇਹ 250 ਮੈਗਾਵਾਟ ਹੈ, 1974 ਵਿਚ ਇਸ ਨੇ 428 ਮੈਗਾਵਾਟ ਹੋ ਜਾਣਾ ਹੈ ਅਤੇ 1979 ਵਿਚ 1000

ਮੈਗਾਵਾਟ ਬਿਜਲੀ ਦੀ ਕਮੀਂ ਇਸ ਸਟੇਟ ਨੂੰ ਹੋਵੇਗੀ । ਇਸ ਲਈ ਜ਼ਰੂਰੀ ਹੈ ਕਿ ਇਸ ਬਿਜਲੀ ਦੀ ਸ਼ਾਰਟੇਜ ਬਾਰੇ ਸਰਕਾਰ ਨੂੰ ਸੀਰੀਅਸਲੀ ਸੋਚਣਾ ਚਾਹੀਦਾ ਹੈ । ਉਸ ਨੂੰ ਥੀਨ ਡੈਮ ਕਮਪਲੀਟ ਕਰਨਾ ਚਾਹੀਦਾ ਹੈ ।

31 ਮਾਰਚ, 1970 ਨੂੰ ਹਿੰਦੁਸਤਾਨ ਦੀ ਸਰਕਾਰ ਨੇ ਪਾਕਿਸਤਾਨ ਦੀ ਸਰਕਾਰ ਪਾਸੋਂ ਰਾਵੀ ਤੇ ਬਿਆਸ ਦਰਿਆਵਾਂ ਦਾ ਪਾਣੀ ਖਰੀਦਿਆ ਅਤੇ ਕਿਤਨਾ ਰੁਪਿਆ ਦੇਣਾ ਪਿਆ? 100 ਕਰੋੜ ਰੁਪਏ ਦੇਣੇ ਪਏ । ਇਸ ਸਰਕਾਰ ਨੇ 100 ਕਰੋੜ ਰੁਪਏ ਤਾਂ ਖਰਚ ਕਰ ਲਏ ਪਰ ਪਾਣੀ ਨੂੰ ਯੂਟੀਲਾਇਜ਼ ਨਹੀਂ ਕਰ ਸਕੇ । ਸੈਂਟਰ ਤੋਂ ਇਸ ਡੈਮ ਦੀ ਕਲੀਰੈਂਸ ਲੈ ਕੇ ਇਸ ਨੂੰ ਕੰਮਪਲੀਟ ਛੇਤੀ ਤੋਂ ਛੇਤੀ ਕਰਨਾ ਚਾਹੀਦਾ ਸੀ ਪਰ ਇਹ ਸਰਕਾਰ ਢਿੱਲੀ ਹੈ ।

ਇਸ ਥੀਨ ਡੈਮ ਦੇ ਚਾਲੂ ਹੋ ਜਾਣ ਨਾਲ 358 ਮੈਗਾਵਾਟ ਬਿਜਲੀ ਅਤੇ 3 ਲੱਖ 63 ਹਜ਼ਾਰ ਏਕੜ ਨੂੰ ਪਾਣੀ ਮਿਲ ਸਕਦਾ ਹੈ । ਪਾਣੀ ਜਿਹੜਾ ਕਿ ਅਸੀਂ 100 ਕਰੋੜ ਰੁਪਏ ਦੇ ਕੇ ਖਰੀਦਿਆ ਹੈ ਉਸ ਨੂੰ ਯੂਟੀਲਾਇਜ਼ ਹੀ ਨਹੀਂ ਕਰ ਸਕੇ ।

ਡਿਪਟੀ ਸਪੀਕਰ ਸਾਹਿਬ, ਪਿਛਲੇ ਦੋ ਸਾਲਾਂ ਵਿਚ ਤਾਂ ਇਸ ਬੋਰਡ ਵਿਚ ਇਤਨਾ ਕਨਫੀਊਜ਼ਨ ਰਿਹਾ ਹੈ ਕਿ ਜੇਕਰ ਮੈਂਬਰ ਕੋਈ ਆਰਡਰ ਕਰਦਾ ਸੀ ਤਾਂ ਚੇਅਰਮੈਨ ਕਹਿ ਦਿੰਦਾ ਸੀ ਕਿ ਤੂੰ ਇਸ ਦਾ ਕਮਪੀਟੈਂਟ ਨਹੀਂ ਹੈ ਅਤੇ ਤੂੰ ਆਰਡਰ ਨਹੀਂ ਕਰ ਸਕਦਾ । ਆਖਰ ਫੈਸਲਾ ਇਹ ਹੁੰਦਾ ਕਿ ਤੂੰ ਵੀ ਇੰਡੀਪੈਂਡੈਂਟ ਹੈ ਅਤੇ ਮੈਂ ਵੀ ਇੰਡੀਪੈਂਡੈਂਟ ਹਾਂ । ਹਰ ਮੈਂਬਰ ਨੂੰ ਦੋ ਦੋ ਮਹੀਨੇ ਬਾਅਦ ਐਕਸਟੈਂਸ਼ਨ ਮਿਲਦੀ ਰਹੀ । ਮੈਂ ਇਸ ਲਈ ਇਨ੍ਹਾਂ ਨੂੰ ਕਹਾਂਗਾ ਕਿ ਇਸ ਸ਼ਾਰਟੇਜ਼ ਨੂੰ ਪੂਰਾ ਕਰਨ ਲਈ ਤੁਸੀਂ ਮੱਧ-ਪ੍ਰਦੇਸ਼ ਗਏ, ਰਾਜਸਥਾਨ ਵਿਚ ਗਏ ਪਰ ਇਕ ਗਲ ਗਿਆਨੀ ਜੀ ਦੱਸੋ ਕਿ 32 ਕਰੋੜ ਰੁਪਏ ਦੀ ਫੈਕਟਰੀ ਲਗੀ ਹੈ । ...(ਵਿਘਨ)

Mr. Deputy Speaker : Please address the Chair.

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ 1/3 ਹਿਸਾ ਬਿਜਲੀ ਪੰਜਾਬ ਦੀ ਤਿੰਨ ਪੈਸੇ ਤੇ ਬਾਹਰ ਸਪਲਾਈ ਕੀਤੀ ਜਾਂਦੀ ਹੈ ਅਤੇ ਫਿਰ ਉਸ ਬਿਜਲੀ ਨੂੰ ਜਿਹੜੀ ਕਿ ਪਹਿਲਾਂ ਤਿੰਨ ਪੈਸੇ ਤੇ ਸਪਲਾਈ ਕੀਤੀ ਸੀ ਉਸ ਨੂੰ ਨੌਂ ਪੈਸੇ ਤੇ ਖਰੀਦ ਕੀਤਾ ਜਾਂਦਾ ਹੈ । ਇਸ ਤਰ੍ਹਾਂ ਪਹਿਲਾਂ ਅਸੀਂ ਉਥੇ ਬਿਜਲੀ ਭੇਜਦੇ ਹਾਂ ਅਤੇ ਫਿਰ ਵਾਪਸ ਮੰਗਦੇ ਹਾਂ । ਇਸ ਲਈ ਬਿਜਲੀ ਦਾ ਅਰੇਂਜਮੈਂਟ ਚੰਗਾ ਨਹੀਂ ਹੈ । ਇਹ ਠੀਕ ਹੈ ਕਿ ਗੋਬਿੰਦ ਸਾਗਰ ਵਿਚ ਪਾਣੀ ਘਟ ਗਿਆ ਹੈ ਅਤੇ ਬਿਜਲੀ ਘਟ ਮਿਲਦੀ ਹੈ । ਜਦੋਂ ਬਿਜਲੀ ਘਟ ਮਿਲਦੀ ਹੈ ਤਾਂ ਫਲੈਟ ਰੇਟ ਕਿਉਂ ਨਹੀਂ ਘਟਾਇਆ ਜਾਂਦਾ । ਇਹ ਉਸ ਵਿਚ ਕਿਉਂ ਕਮੀ ਨਹੀਂ ਕਰਦੇ? ਮੇਰੀ ਬੇਨਤੀ ਹੈ ਕਿ ਫਲੈਟ ਰੇਟ ਵਿਚ ਕਮੀਂ ਹੋਣੀ ਚਾਹੀਦੀ ਹੈ । ਬਿਜਲੀ ਦੀ ਘਟ ਸਪਲਾਈ ਕਰਨ ਨਾਲ ਜ਼ਿਮੀਦਾਰਾਂ ਦੀਆਂ ਮੋਟਰਾਂ ਸੜ ਗਈਆਂ ਹਨ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਕਹਾਂਗਾ ਕਿ ਇਤਨੀ ਖੁਸ਼ਗਵਾਰ ਹਾਲਤ ਨਹੀਂ ਹੈ । ਇਸ ਪਾਸੇ ਧਿਆਨ ਦੇਣ ਦੀ ਲੋੜ ਹੈ । ਮੈਂ ਤਾਂ ਡਿਪਟੀ ਸਪੀਕਰ ਸਾਹਿਬ, ਇਤਨੀਆਂ ਗਲਾਂ ਹੀ ਵਜ਼ੀਰ ਸਾਹਿਬ ਦੇ ਧਿਆਨ ਵਿਚ ਲਿਆਉਣੀਆਂ ਚਾਹੁੰਦਾ ਸਾਂ ਅਤੇ ਮੈਨੂੰ ਉਮੀਦ ਹੈ ਕਿ ਇਹ ਇਸ ਤੇ ਜ਼ਰੂਰ ਗੌਰ ਕਰਨਗੇ ।

ਸਰਦਾਰ ਕਰਨੈਲ ਸਿੰਘ ਮਰੜ੍ਹੀ (ਜੰਡਿਆਲਾ, ਐਸ. ਸੀ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੁਝ ਗਲਾਂ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ । ਸਭ ਤੋਂ ਪਹਿਲੀ ਗਲ ਬਿਜਲੀ ਬੋਰਡ ਦੇ ਮੁਤਲਕ ਹੈ । ਪਹਿਲਾਂ ਇਕ ਮਹਿਕਮਾ ਪੁਲਿਸ ਦਾ ਹੀ ਬਦਨਾਮ ਹੁੰਦਾ ਸੀ ਪਰ ਇਹ ਬੋਰਡ ਉਸ

[ਸਰਦਾਰ ਕਰਨੈਲ ਸਿੰਘ ਮਰੜ੍ਹੀ]

ਨੂੰ ਵੀ ਮਾਤ ਕਰ ਗਿਆ ਹੈ। ਇਥੇ ਕੰਮ ਕਰਨ ਵਾਲੇ ਮੁਲਾਜ਼ਮ ਬਹੁਤ ਮਾੜੇ ਹਨ । ਉਨ੍ਹਾਂ ਦਾ ਕੰਮ ਹੈ ਕਿ ਬਿਜਲੀ ਪੂਰੀ ਦੇਣੀ ਕੋਈ ਨਹੀਂ ਔਰ ਰਿਸ਼ਵਤ ਪਹਿਲਾਂ ਹੀ ਲੈ ਲੈਣੀ ਹੈ । ਅਜ ਤੁਸੀਂ ਕਿਸੇ ਦਫ਼ਤਰ ਵਿਚ ਦਰਖਾਸਤ ਲੈ ਜਾਓ । ਲਾਈਨਮੈਨ ਤੋਂ ਲੈ ਕੇ ਚੇਅਰਮੈਨ ਤਕ ਕੋਈ ਵੀ ਕਾਗਜ਼ ਅਗੇ ਨਹੀਂ ਜਾਂਦਾ ਜਦੋਂ ਤਕ ਕਿ ਰਿਸ਼ਵਤ ਨਹੀਂ ਦਿਤੀ ਜਾਂਦੀ। (ਆਪੋਜ਼ੀਸ਼ਨ ਵਲੋਂ ਥੰਪਿਗ) (ਸ਼ੋਰ) ਮੇਰੇ ਕੋਲ ਲੋਕ ਆਉਂਦੇ ਹਨ ਤਾਂ ਕਹਿੰਦੇ ਹਨ ਕਿ ਫਲਾਣਾ ਲਾਈਨਮੈਨ ਇਤਨੇ ਪੈਸੇ ਮੰਗਦਾ ਹੈ ਅਤੇ ਇਸ ਤੋਂ ਇਲਾਵਾ ਅਫ਼ਸਰ ਵੀ ਬੈਠਾ ਹੈ। ਉਹ ਵੀ ਪੈਸੇ ਲੈਣ ਤੋਂ ਬਿਨਾ ਕੰਮ ਨਹੀਂ ਕਰੇਗਾ । ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਲੋਕ ਰੋਜ਼ ਕਰਦੇ ਹਨ । ਇਸ ਲਈ ਡਿਪਟੀ ਸਪੀਕਰ ਸਾਹਿਬ, ਸਰਕਾਰ ਨੂੰ ਇਸ ਬੋਰਡ ਨੂੰ ਪੂਰੀ ਤਰ੍ਹਾਂ ਕੰਟਰੋਲ ਕਰਨਾ ਚਾਹੀਦਾ ਹੈ । ਹੁਣੇ ਹੀ * * * * ਉਨ੍ਹਾਂ ਨੇ ਕਿਹਾ ਹੈ ਕਿ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ। ਠੀਕ ਹੀ ਵਧਾਈ ਦਿਓ ਕਿਉਂਕਿ ਉਹ ਵਧਾਈ ਦੇ ਪਾਤਰ ਹਨ । ਇਕ ਨੇਕ ਇਨਸਾਨ ਹਨ । (ਵਿਘਨ)

ਸ੍ਰੀ ਡਿਪਟੀ ਸਪੀਕਰ: ਮਰੜ੍ਹੀ ਸਾਹਿਬ ਨੇ ਜਿਹੜੇ ਸ਼ਬਦ * * * * ਵਰਤੇ ਹਨ ਉਨ੍ਹਾਂ ਨੂੰ ਹਾਊਸ ਦੀ ਕਾਰਵਾਈ ਵਿਚੋਂ ਕਢ ਦਿਤਾ ਜਾਵੇ । (The words * * * * used by Marhari Sahib be expunged.)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਦਸਿਆ ਹੈ ਕਿ ਬਿਜਲੀ ਬੋਰਡ ਦਾ ਪ੍ਰਬੰਧ ਬਹੁਤ ਹੀ ਭੈੜਾ ਹੈ ਇਹ ਤਾਂ ਤੁਹਾਨੂੰ ਵੀ ਪਤਾ ਹੋਵੇਗਾ ਜਦੋਂ ਪਿਛਲਾ ਸੈਸ਼ਨ ਸੀ ਤਾਂ ਬਿਜਲੀ ਬੋਰਡ ਦੇ ਮੁਲਾਜ਼ਮਾਂ ਨੇ ਧਰਨਾਂ ਮਾਰਿਆ, ਨਾਹਰੇ ਲਗਾਏ ਅਤੇ ਮੰਗ ਕੀਤੀ ਕਿ ਇਸ ਮਾੜੇ ਆਦਮੀ ਨੂੰ ਚੇਅਰਮੈਨ ਨਾ ਲਾਓ । ਉਨ੍ਹਾਂ ਵਿਚਾਰਿਆਂ ਨੇ ਬਹੁਤ ਰੌਲਾ ਪਾਇਆ ਲੇਕਿਨ ਸਰਕਾਰ ਨੇ ਉਹ ਬੰਦਾ ਹੀ ਚੇਅਰਮੈਨ ਲਗਾ ਦਿਤਾ । ਉਹ ਇਤਨਾ ਕੁਰੱਪਟ ਬੰਦਾ ਹੈ ਕਿ ਉਤਨਾ ਮਾੜਾ ਬੰਦਾ ਸਾਰੀ ਦੁਨੀਆਂ ਵਿਚ ਲਭਣਾ ਹੋਵੇ ਤਾਂ ਅਸੀਂ ਨਹੀਂ ਲਭ ਸਕਦੇ। ਮੈਂ ਸਰਕਾਰ ਨੂੰ ਕਹਾਗਾਂ ਕਿ ਤੁਸੀਂ ਅੱਜ ਪਿੰਡਾਂ ਦੀ ਹਾਲਤ ਵੇਖੋ ..(ਵਿਘਨ)

Mr. Deputy Speaker : Order please.

ਸਰਦਾਰ ਕਰਨੈਲ ਸਿੰਘ ਮਰੜ੍ਹੀ: ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਦੇ ਝੋਨੇ ਸੁਕ ਗਏ ਹਨ । ਉਹ ਆਪਣੇ ਖੇਤਾਂ ਨੂੰ ਪਾਣੀ ਲਗਾਉਣ ਹੀ ਲਗਦੇ ਹਨ ਕਿ ਬਿਜਲੀ ਚਲੀ ਜਾਂਦੀ ਹੈ। ਇਸ ਤਰ੍ਹਾਂ ਪਿਛਲੇ ਸਾਲਾਂ ਵਿਚ ਮੈਂ ਸਮਝਦਾ ਹਾਂ ਕਿ ਕਦੀ ਵੀ ਨਹੀਂ ਸੀ ਹੋਇਆ। ਇਸ ਬੋਰਡ ਵਿਚ ਬਹੁਤ ਹੀ ਮਾੜੇ ਆਦਮੀਂ ਲਾਏ ਹਨ। ਡਿਪਟੀ ਸਪੀਕਰ ਸਾਹਿਬ, ਵਿਜਿਲੈਂਸ ਵਿਭਾਗ ਨੇ ਵੀ ਇਨਕੁਆਇਰੀ ਕੀਤੀ ਹੋਵੇਗੀ । ਮੇਰੇ ਖਿਆਲ ਹੈ ਕਿ ਉਸ ਨੇ ਵੀ ਖਿਲਾਫ ਹੀ ਰਿਪੋਰਟ ਕੀਤੀ ਹੋਵੇਗੀ। ਉਨ੍ਹਾਂ ਦੀ ਰਿਪੋਰਟ ਵੇਖਣੀ ਚਾਹੀਦੀ ਹੈ ਅਤੇ ਇਹ ਵੀ ਵੇਖਣਾ ਚਾਹੀਦਾ ਹੈ ਕਿ ਉਸ ਰਿਪੋਰਟ ਤੇ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ ?

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਬਾਰੇ * * * ਕਿਹਾ ਹੈ। ਇਨ੍ਹਾਂ ਨੂੰ ਕਹੋ ਕਿ ਇਹ ਲਫਜ਼ ਵਾਪਸ ਲੈਣ ।

---

*Expunged as ordered by the Chair.

ਸ੍ਰੀ ਡਿਪਟੀ ਸਪੀਕਰ: ਕਲਕਟ ਸਾਹਿਬ ਮੈਂ ਉਹ ਲਫਜ਼ ਸਦਨ ਦੀ ਕਾਰਵਾਈ ਵਿਚੋਂ ਤਾਂ ਪਹਿਲਾਂ ਹੀ ਕਢਵਾ ਦਿਤੇ ਹਨ । ਹੁਣ ਤੁਸੀਂ ਤਸ਼ਰੀਫ ਰਖੋ । (*Addressing the hon. Member Dr. Amir Singh Kalkat;* I have already expunged those words. Please resume your seat now.)

ਸਰਦਾਰ ਕਰਨੈਲ ਸਿੰਘ ਮਰੜ੍ਹੀ : * * *

ਸ੍ਰੀ ਡਿਪਟੀ ਸਪੀਕਰ : ਜੋ ਕੁਝ ਮਰੜ੍ਹੀ ਜੀ ਨੇ ਆਨਰੇਬਲ ਮੈਂਬਰ ਦੇ ਮੁਤਲੱਕ ਕਿਹਾ ਹੈ ਉਹ ਐਕਸਪੰਜ ਕਰ ਦਿਤਾ ਜਾਵੇ । (Whatever the hon. Member Sardar Karnail Singh Marhari has said about the hon. Member Dr. Amir Singh Kalkat, be expunged.)

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * (ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ : * * * (ਸ਼ੋਰ)

ਸਰਦਾਰ ਕਰਨੈਲ ਸਿੰਘ ਮਰੜ੍ਹੀ : * * *

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਹਾਊਸ ਵਿਚ ਚੋਰ ਦਾ ਸ਼ਬਦ ਕਈ ਵਾਰ ਵਰਤਿਆ ਗਿਆ ਹੈ, ਇਹ ਅਨਪਾਰਲੀਮੈਂਟਰੀ ਹੈ ਅਤੇ ਇਹ ਐਕਸਪੰਜ ਹੋਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਇਹ ਜਿਹੜੀ ਇਕ ਦੂਸਰੇ ਦੇ ਖਿਲਾਫ ਐਕਸਚੇਂਜ ਆਫ਼ ਵਰਡਜ਼ ਹੋ ਰਹੀ ਹੈ, ਇਹ ਐਕਪੰਜ ਕਰ ਦਿਤੀ ਜਾਵੇ । (This exchange of remarks against each other, be expunged.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਜਿਤਨੀ ਵੀ ਬਿਜਲੀ ਸਰਕਾਰ ਜ਼ਿਮੀਦਾਰਾਂ ਨੂੰ ਦਿੰਦੀ ਹੈ ਸਰਕਾਰ ਨੂੰ ਉਸ ਦੇ ਹਿਸਾਬ ਨਾਲ ਪੈਸੇ ਲੈਣੇ ਚਾਹੀਦੇ ਹਨ । ਪਰ ਪਿੰਡਾਂ ਦੇ ਗਰੀਬ ਆਦਮੀਆਂ ਨੂੰ ਇਕੋ ਹੀ ਡੰਡੇ ਨਾਲ ਵਾਹਿਆ ਜਾਂਦਾ ਹੈ । ਜੇ ਕਿਸੇ ਗਰੀਬ ਆਦਮੀ ਦੇ ਵਿਆਹ ਸ਼ਾਦੀ ਹੋਵੇ ਕੋਈ ਹੋਰ ਕਾਰ ਵਿਹਾਰ ਹੋਵੇ ਤਾਂ ਬਿਜਲੀ ਖਤਮ ਹੋ ਜਾਂਦੀ ਹੈ । ਐਸ. ਡੀ. ਓ. ਨੂੰ 100—200 ਰੁਪਿਆ ਦਿਉ ਤਾਂ ਬਿਜਲੀ ਆਉਂਦੀ ਹੈ ।

ਹੁਣ ਤੁਸੀਂ ਸ਼ਹਿਰਾਂ ਦੀ ਗਲ ਲੈ ਲਵੋ ਜਿਥੇ ਵਡੇ ਵਡੇ ਕਾਰਖਾਨੇਦਾਰ ਵਸਦੇ ਹਨ, ਜਿਥੇ ਅਗੇ ਛੋਟੇ ਛੋਟੇ ਲੋਕ ਕੰਮ ਕਰਦੇ ਸਨ ਉਨ੍ਹਾਂ ਤੇ ਇਹ ਛਾ ਗਏ ਹਨ, ਜਿਥੇ ਗਰੀਬ ਮਜ਼ਦੂਰ ਕੰਮ ਕਰਦੇ ਸਨ ਉਨ੍ਹਾਂ ਦਾ ਮੰਦਾ ਹਾਲ ਹੋ ਗਿਆ ਹੈ । ਉਹ ਮੁਸ਼ਕਲ ਨਾਲ ਰੋਟੀ ਵੀ ਨਹੀਂ ਖਾ ਸਕਦੇ । ਮੈਂ ਕਹਿੰਦਾ ਹਾਂ ਕਿ ਜੇ ਸਰਕਾਰ ਨੇ ਬਿਜਲੀ ਦੇਣੀ ਹੀ ਹੈ ਤਾਂ ਉਹ ਚੰਗੀ ਤਰ੍ਹਾਂ ਦੇਵੇ । ਜੇ ਬਿਜਲੀ ਘਟ ਹੈ ਤਾਂ ਨੰਗਲ ਦੀ ਫੈਕਟਰੀ ਜਿਹੜੀ ਬਿਜਲੀ ਪੰਜਾਬ ਦੀ ਲੈਂਦੀ ਹੈ ਅਤੇ ਖਾਦ ਬਾਹਰ ਭੇਜਦੇ ਹਨ, ਬੰਦ ਕਰ ਦਿੱਤੀ ਜਾਵੇ । ਨਹੀਂ ਤਾਂ ਇਨ੍ਹਾਂ ਨੂੰ ਉਤਨੀ ਹੀ ਬਿਜਲੀ ਦਿੱਤੀ ਜਾਵੇ ਜਿਤਨੀ ਖਾਦ ਪੰਜਾਬ ਨੂੰ ਚਾਹੀਦੀ ਹੋਵੇ । ਇਹ ਵੀ ਠੀਕ ਨਹੀਂ ਕਿ ਜਿਥੇ ਬਿਜਲੀ ਬਣਦੀ ਹੈ ਉਨ੍ਹਾਂ ਨੂੰ ਤਾਂ ਇਹ ਮਹਿੰਗੀ ਦਿੱਤੀ ਜਾਵੇ

*Expunged as ordered by the Chair.

[ਸਰਦਾਰ ਕਰਨੈਲ ਸਿੰਘ ਮਰੜ੍ਹੀ]

ਪਰ ਦਿੱਲੀ ਨੂੰ ਇਹ ਸਸਤੀ ਮਿਲੇ । ਪਿੰਡਾਂ ਵਿਚ ਜਾਕੇ ਵੇਖੋ ਉਥੇ ਕਿਵੇਂ ਝੋਨੇ ਦੀਆਂ ਫਸਲਾਂ ਸੜ ਕੇ ਤਬਾਹ ਹੋ ਗਈਆਂ ਹਨ, ਪਰ ਵਕਤ ਤੇ ਨਾ ਉਨ੍ਹਾਂ ਨੂੰ ਬਿਜਲੀ ਮਿਲੀ ਨਾ ਹੀ ਟੀਊਬਵੈਲਜ਼ ਚਾਲੂ ਹੋਏ । ਇਸ ਵਿਚ ਸੁਧਾਰ ਲਿਆਉਣ ਵਾਸਤੇ ਸਰਕਾਰ ਨੂੰ ਕੋਈ ਯਤਨ ਕਰਨਾ ਚਾਹੀਦਾ ਹੈ । ਦਿਲੀ ਨੂੰ ਬਿਜਲੀ ਦੇਣੀ ਬੰਦ ਹੋਣੀ ਚਾਹੀਦੀ ਹੈ। ਉਹ ਤਾਂ ਦੇਸ਼ ਦੇ ਰਾਜੇ ਹਨ ਜਿਥੋਂ ਵੀ ਮਰਜ਼ੀ ਬਿਜਲੀ ਲੈ ਸਕਦੇ ਹਨ। ਪੰਜਾਬ ਨੂੰ ਬਚਾਉਣਾ ਚਾਹੀਦਾ ਹੈ। ਮੈਂ ਇਥੇ * * * ਦੇ ਲਫਜ਼ ਕਹੇ ਸੀ ਉਹ ਤੁਸੀਂ ਬਹਿਸ ਦੇ ਵਿਚ ਕਟਵਾਏ ਹਨ ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਇਹ ਕੋਈ ਮਾੜੀ ਗਲ ਨਹੀਂ ਹੈ। ਇਹ ਰਹਿਣੇ ਚਾਹੀਦੇ ਹਨ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

ਕਾਮਰੇਡ ਅਰਜਨ ਸਿੰਘ ਮਸਤਾਨਾ (ਵਲਟੋਹਾ): ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਬੋਰਡ ਦੇ ਚੇਅਰਮੈਨ ਦੇ ਮੁਤੱਲਕ ਕਾਫੀ ਗਲਾਂ ਸੁਣੀਆਂ ਹਨ । ਮੈਨੂੰ ਇਸ ਦੇ ਬਾਰੇ ਇਕ ਗਲ ਯਾਦ ਆ ਗਈ ਕਿ ਕੋਈ ਮਨਿਸਟਰ ਸਾਹਿਬ ਕਿਤੇ ਖਾਣਾ ਖਾ ਰਹੇ ਸਨ। ਉਨ੍ਹਾਂ ਨੇ ਬੈਠਿਆਂ ਹੋਇਆਂ ਬਿਜਲੀ ਬੋਰਡ ਦੇ ਡਾਇਰੈਕਟਰ ਨੂੰ ਕਿਹਾ ਕਿ ਇਕ * * ਚਾਹੀਦਾ ਹੈ। ਸਾਹਮਣੇ ਕੋਈ ਐਮ. ਐਲ. ਏ. ਖੜਾ ਸੀ ਉਹ ਕਹਿਣ ਲਗਾ ਕਿ ਹਜ਼ੂਰ ਦਾ * * ਜੋ ਖੜ੍ਹਾ ਹੈ।

ਸ੍ਰੀ ਡਿਪਟੀ ਸਪੀਕਰ: ਇਹ * * ਦੇ ਸ਼ਬਦ ਵਿਚੋਂ ਕੱਢ ਦਿਤੇ ਜਾਣ। (The word * * may be expunged from the proceedings.)

ਕਾਮਰੇਡ ਅਰਜਨ ਸਿੰਘ ਮਸਤਾਨਾ: ਡਿਪਟੀ ਸਪੀਕਰ ਸਾਹਿਬ, ਇਹ ਜਿਹੜੀਆਂ ਡੀਗਾਂ ਮਾਰਦੇ ਹਨ ਕਿ ਅਸੀਂ ਇਤਨੀ ਬਿਜਲੀ ਵਧ ਕੀਤੀ ਹੈ ...(ਸ਼ੋਰ)

ਸ੍ਰੀ ਡਿਪਟੀ ਸਪੀਕਰ: ਮੈਂ ਆਨਰੇਬਲ ਮੈਂਬਰਜ਼ ਨੂੰ ਕਹਾਂਗਾ ਕਿ ਬਿਜਲੀ ਦੇ ਸੰਕਟ ਦਾ ਮੁਆਮਲਾ ਇਕ ਗੰਭੀਰ ਮੁਆਮਲਾ ਹੈ । ਇਸ ਤੇ ਬੜੀ ਸੋਚ ਵਿਚਾਰ ਦੇ ਨਾਲ ਤਕਰੀਰਾਂ ਹੋਣੀਆਂ ਚਾਹੀਦੀਆਂ ਹਨ । (I would point out that the power crisis is a serious problem. Its discussion should be accompanied with due gravity.)

ਕਾਮਰੇਡ ਅਰਜਨ ਸਿੰਘ ਮਸਤਾਨਾ: ਅਕਾਲੀ ਕਹਿੰਦੇ ਹਨ ਬਿਜਲੀ ਦੀ ਘਾਟ ਹੈ ਮੈਂ ਕਹਿੰਦਾ ਹਾਂ ਕਿ ਜਦੋਂ ਫਿਰੋਜ਼ਪਰ ਦੇ ਪਾਰਲੀਮੈਂਟਰੀ ਹਲਕੇ ਦੀ ਚੋਣ ਹੋਈ ਸੀ ਤਾਂ ਉਸ ਵੇਲੇ ਇਨ੍ਹਾਂ ਨੇ ਬਿਜਲੀ ਦੇਣ ਲਈ ਖੰਭੇ ਗਿਰਾਏ ਸੀ। ਜਿਹੜੇ ਅਜੇ ਤੱਕ ਪਏ ਹਨ । ਇਨ੍ਹਾਂ ਨੇ ਵੀ ਜੇ ਕਿਤੇ ਬਿਜਲੀ ਦਿੱਤੀ ਸੀ ਤਾਂ ਆਪਣੇ ਪਿੰਡਾਂ ਨੂੰ ਹੀ ਬਿਜਲੀ ਦਿੱਤੀ ਸੀ। ਅਜ ਇਹ ਬਿਜਲੀ ਦੇ ਚਾਰਜਿਜ਼ ਵਿਚ ਛੋਟ ਭਾਲਦੇ ਹਨ, ਇਨ੍ਹਾਂ ਨੇ ਆਪਣੇ ਵੇਲੇ ਕਿਸੇ ਨੂੰ ਕਿਉਂ ਕੋਈ ਰਿਆਇਤ ਨਹੀਂ ਦਿੱਤੀ ? ਬਾਰਡਰ ਦੀ ਜਿਤਨੀ ਵੀ ਦਿਹਾਤੀ ਆਬਾਦੀ ਹੈ ਉਥੇ 3% ਵੀ ਬਿਜਲੀ ਅਜੇ ਤੱਕ ਨਹੀਂ ਮਿਲੀ। 1966-67 ਦੀਆਂ ਦਿੱਤੀਆਂ ਹੋਈਆਂ ਦਰਖਾਸਤਾਂ ਹੁਣ ਤੱਕ ਪੈਂਡਿੰਗ ਪਈਆਂ ਹਨ । ਇਹ ਇਲਾਕੇ ਜਿਹੜੇ ਬਿਜਲੀ ਮੰਗਦੇ ਹਨ ਬਾਰਡਰ ਤੋਂ 5 ਮੀਲ ਦੇ ਫਾਸਲੇ ਤੇ ਆਬਾਦ ਹਨ। ਇਸ ਮਹਿਕਮੇ ਵਿਚ ਕੁਰਪਸ਼ਨ ਦਾ ਹੋਰ ਵੀ ਬੁਰਾ ਹਾਲ ਹੈ । ਛੋਟੇ ਛੋਟੇ ਧੰਦਿਆਂ ਵਾਲੇ ਲੋਕ ਚਕੀਆਂ ਦੇ ਜਿਹੜੇ ਕੁਨੈਕਸ਼ਨ ਲੈਣਾ ਚਾਹੁੰਦੇ ਹਨ, ਪਹਿਲਾਂ ਪੈਸੇ ਜਮ੍ਹਾਂ ਕਰਾਉਂਦੇ ਹਨ। ਪੈਸੇ ਉਨ੍ਹਾਂ ਤੋਂ ਜ਼ਰੂਰ ਲੈ ਲੈਂਦੇ ਹਨ ਪਰ ਬਿਜਲੀ ਦੇਣ ਵੇਲੇ ਉਨ੍ਹਾਂ ਨੂੰ ਕਹਿ ਦਿੰਦੇ ਹਨ ਕਿ ਟਰਾਂਸਫਾਰਮਰ ਸੜ ਗਿਆ। ਜੇ ਕੋਈ ਪੈਸੇ ਜਮ੍ਹਾ ਕਰਾਵੇ ਉਸ ਨੂੰ ਤਾਂ ਬਿਜਲੀ ਮਿਲਣੀ ਚਾਹੀਦੀ ਹੈ ।

---

*Expunged as ordered by the Chair.

ਦਰਅਸਲ ਸਾਰੇ ਮਹਿਕਮੇ ਵਾਲੇ ਰਲ ਕੇ ਪੈਸੇ ਖਾਂਦੇ ਹਨ । ਜਿਹੜਾ ਵੀ ਉਥੇ ਆਦਮੀ ਲਗਦਾ ਹੈ ਉਹ ਕੁਰਪਟ ਆਦਮੀ ਲਗਦਾ ਹੈ ਅਤੇ ਇਹ ਉਨ੍ਹਾਂ ਦੀ ਮੁਫਤ ਦੀ ਵਕਾਲਤ ਕਰਦੇ ਹਨ ਕਿ ਫਲਾਣਾ ਬੜਾ ਚੰਗਾ ਆਦਮੀ ਹੈ । ਬਾਰਡਰ ਦੇ 10–10 ਮੀਲ ਦੇ ਇਲਾਕੇ ਵਿਚ ਬਿਜਲੀ ਦੇ ਲਈ ਖਾਸ ਰਿਆਇਤ ਤੇ ਕੁਨੈਕਸ਼ਨ ਮਿਲਣੇ ਚਾਹੀਦੇ ਹਨ । ਜਿਤਨਾ ਵੀ ਖਰਚ ਆਵੇ ਉਤਨੇ ਹੀ ਬਿਜਲੀ ਦੇ ਚਾਰਜਿਜ਼ ਹੋਣੇ ਚਾਹੀਦੇ ਹਨ । ਹੁੰਦਾ ਇਹ ਹੈ ਕਿ ਬਿਜਲੀ ਆਉਂਦੀ ਨਹੀਂ ਅਤੇ ਚਾਰਜਿਜ਼ ਫਲੈਟ ਰੇਟ ਤੇ ਹੀ ਲਾਏ ਜਾਂਦੇ ਹਨ । ਫਿਰ ਬਾਰਡਰ ਦੇ ਇਲਾਕੇ ਵਿਚ ਜੋ ਟਿਊਬਵੈੱਲ ਲਗਾਏ ਗਏ ਹਨ ਜੇ ਉਨ੍ਹਾਂ ਨੂੰ ਬਿਜਲੀ ਦਿਤੀ ਜਾਵੇ ਤਾਂ ਜਿਥੇ ਖ਼ਾਰਾ ਪਾਣੀ ਹੈ ਉਥੇ ਦੇ ਲੋਕਾਂ ਨੂੰ ਫਾਇਦਾ ਹੋ ਸਕਦਾ ਹੈ । ਤਰਨਤਾਰਨ ਵਿਚ 98 ਟਿਊਬਵੈੱਲ ਸਰਕਾਰ ਨੇ ਖੋਦੇ ਹਨ ਜੋ ਉਨ੍ਹਾਂ ਸਾਰਿਆਂ ਨੂੰ ਕੁਨੈਕਸ਼ਨ ਦੇ ਦਿਤਾ ਜਾਵੇ ਤਾਂ ਕਲ੍ਹ ਨੂੰ ਜਿਸ ਇਲਾਕੇ ਵਿਚੋਂ ਫੌਜਾਂ ਹਟਣੀਆਂ ਹਨ ਉਥੇ ਦੀ ਜ਼ਮੀਨ ਨੂੰ ਬੜਾ ਫਾਇਦਾ ਹੋ ਸਕਦਾ ਹੈ ।

ਫਿਰ ਮੈਂ ਇਹ ਅਰਜ਼ ਕਰਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਿਹੜੇ ਲੋਕ ਖੰਭੇ ਚੁਕ ਕੇ ਲੈ ਜਾਂਦੇ ਹਨ ਟਰਾਂਸਫਾਰਮਰਾਂ ਦੀ ਚੋਰੀ ਕਰ ਲੈਂਦੇ ਹਨ ਉਨ੍ਹਾਂ ਨੂੰ ਰੋਕਿਆ ਜਾਵੇ । ਇਹ ਬਿਮਾਰੀ ਹੇਠਾਂ ਵੱਧ ਰਹੀ ਹੈ । ਇਹ ਜਿਹੜੇ ਮੈਂਬਰ ਉਨ੍ਹਾਂ ਦੀ ਤਾਰੀਫ ਕਰਦੇ ਹਨ ਇਹ ਗਲਤ ਹੈ ਨਹੀਂ ਤਾਂ ਉਨ੍ਹਾਂ ਨੂੰ ਪਤਾ ਹੈ ਕਿ ਇਹ ਚੋਰੀ ਹੇਠਾਂ ਵੱਧ ਰਹੀ ਹੈ । ਉਹੀ ਘੋੜਾ ਹੈ ਅਤੇ ਉਹੀ ਪੁਲਾਣਾ ਹੈ । ਇਨ੍ਹਾਂ ਨੇ ਕਿਹਾ ਸੀ ਕਿ ਬਾਰਡਰ ਦੇ ਪਿੰਡਾਂ ਨੂੰ ਬਿਜਲੀ ਦਿਆਂਗੇ ਪਰ ਪਿਛਲੇ 8–9 ਮਹੀਨਿਆਂ ਵਿਚ ਕੁਝ ਨਹੀਂ ਹੋਇਆ । ਇਥੇ ਹੋਰ ਐਮ. ਐਲ. ਏਜ਼, ਵੀ ਬਾਰਡਰ ਦੇ ਇਲਾਕੇ ਦੇ ਬੈਠੇ ਹਨ, ਇਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਹੈ । ਇਸ ਲਈ ਮੈਂ ਅਖੀਰ ਵਿਚ ਫਿਰ ਇਹ ਕਹਿੰਦਾ ਹਾਂ ਕਿ ਇਸ ਬਿਮਾਰੀ ਦਾ ਇਲਾਜ ਕਰਨਾ ਚਾਹੀਦਾ ਹੈ । ਇਸ ਬਿਮਾਰੀ ਦਾ ਪਹਿਲੀਆਂ ਸਰਕਾਰਾਂ ਵੇਲੇ ਵੀ ਜਿਤਨਾ ਇਲਾਜ ਕੀਤਾ ਗਿਆ ਸੀ ਉਤਨੀ ਹੀ ਇਹ ਵਧੀ ਇਸ ਲਈ ਇਸ ਵਲ ਧਿਆਨ ਦੇਣ ਦੀ ਲੋੜ ਹੈ । ਇਹ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

ਡਾਕਟਰ ਅਮੀਰ ਸਿੰਘ ਕਲਕਟ: ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ , ਸਰ

ਸ੍ਰੀ ਡਿਪਟੀ ਸਪੀਕਰ : ਡਾਕਟਰ ਸਾਹਿਬ ਤੁਸੀਂ ਤਾਂ ਬੋਲ ਚੁਕੇ ਹੋ । (ਵਿਘਨ) (Doctor Sahib, you have already finished your speech.) (*Interruption*

ਡਾਕਟਰ ਅਮੀਰ ਸਿੰਘ ਕਲਕਟ: ਡਿਪਟੀ ਸਪੀਕਰ ਸਾਹਿਬ , ਇਨ੍ਹਾਂ ਨੇ ਮੈਨੂੰ * * ਕਿਹਾ ਹੈ । ਵਿਘਨ) (ਹਾਸਾ)

ਸ੍ਰੀ ਡਿਪਟੀ ਸਪੀਕਰ: ਜਿਸ ਕਿਸੇ ਮੈਂਬਰ ਨੇ ਦੂਜੇ ਮੈਂਬਰ ਦੇ ਲਈ * * ਸ਼ਬਦ ਵਰਤਿਆ ਹੈ, ਉਹ ਐਕਸਪੰਜ ਕਰ ਦਿਤਾ ਜਾਵੇ । (The word * * * used by the hon. Member for another hon. Member, may be expunged.)

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਡਾਕਟਰ ਅਮੀਰ ਸਿੰਘ ਨੂੰ * * ਨਹੀਂ ਕਹਿਣਾ ਚਾਹੀਦਾ । ਇਨ੍ਹਾਂ ਨੂੰ * * ਕਹੋ, * ਕਹੋ ਪਰ * * ਨਾ ਕਹੋ । (ਹਾਸਾ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

---

*Expunged as ordered by the Chair.

चौधरी बलराम (अबोहर) : डिप्टी स्पीकर साहिब, आज इस हाऊस में बिजली बोर्ड पर बहस हो रही है। यह एक बहुत अहम मसला है । जिस तरह बाडी में दिल है, इसी तरह हमारी स्टेट को बिजली इनर्जाईज़ करती है। जब स्टेट पर बिजली का संकट आता है तो उसका असर हमारी इकानोमी पर पड़ता है। (विघ्न) डिप्टी स्पीकर साहिब, अगर हमारी इन्डस्टरी का पहिया घूमना बंद हो जाए तो इसका इकानोमी पर फार रीचिंग इफैक्ट पड़ेगा। लेकिन यह बीमारी आज की नहीं यह बहुत पुरानी है। इसका इलाज पहले ही सोचना चाहिए था जो कि नहीं सोचा गया (विघ्न) इसलिये आज बिजली हमारी इकानोमी को खराब करने पर तुली हुई है। डिप्टी स्पीकर साहिब, दुनिया में दो प्रकार के सोचने वाले लोग होते हैं। पहले तो वह जो केवल आज की बात सोचते हैं। और दूसरे वह जो दूर की सोचते हैं। इसलिए ही किसी ने ठीक ही कहा है कि

"Genius is one who shoots at some thing which nobody can see and hates it." इस लिए जो हमारे लोग प्लैनिंग करने वाले बैठे हैं, उन्हें आज की नहीं कल की सोचनी चाहिए। लेकिन यहां ऐसा नहीं किया गया। हमारे बागड़ में एक कहावत कहते हैं जो कि यहां पर पूरी तरह लागू होती है। वह कहावत है :—

"अगम बुद्धि बानिया,
पिछम बुद्धि जाट।"

बनिया हर काम पहले सोच कर करता है लेकिन जो किसान है वह पहले काम कर लेता है और फिर बाद में सोचता है। इसी तरह जो लोग प्लैनिंग पर बैठे थे उनको पहले समझ में नहीं आया कि पंजाब में बिजली की कितनी खपत होगी। जो यहां पहले इरीगेशन मिनिस्टर थे उन्होंने भी इस तरफ ध्यान न दिया और दरिया दिली से बिजली बांटते रहे। अब नतीजा यह है कि यहां बिजली नहीं मिलती। हम पानी को तरस रहे हैं। यह बात पहले सोचने की थी। लेकिन अभी भी कुछ नहीं बिगड़ा। हमें आज से 10–20 साल बाद पंजाब की जो शक्ल होगी उसके बारे में सोचना चाहिए। चाहे बिजली पावर हाऊस से आए, थर्मल प्लांट से आए या हाईड्रोइलैक्ट्रिक प्लांट से आए, हमें उसका प्रबंध करना ही चाहिए। अगर आज बिजली मिले तो हम 50 हज़ार रुपए खर्च करके टियूबवैल लगा कर 5–6 सौ एकड़ जमीन को पानी दे सकते हैं। बार्डर के इलाके के बारे में भी मैं अर्ज़ करना चाहता हूँ कि वहां टेल तक पानी नहीं पहुंचता। वहां हाहाकार मची हुई है। वहां टियूब वैलों से पानी मिल सकता है। इस लिये मैं अर्ज़ करता हूँ कि हमें बिजली बोर्ड पर अपना कंट्रोल बढ़ा देना चाहिए ताकि हमें बिजली मिल सके। हमें प्रायर्टी फिक्स कर देना चाहिये। बार्डर से 16 किलोमीटर के इलाके को प्रायर्टी देनी चाहिए। इस के लिए टार्गेट मुकर्रर कर लेने चाहिएं अगर फिक्स डेट तक टार्गेट पूरा न हो तो रिसपांसिबिल्टी फिक्स करके रिसपांसीबल अफ़सर की ऐक्स्पलेनेशन काल करनी चाहिए। इस काम में तेजी लानी चाहिए। अभी तक इस तरफ बहुत धीरे धीरे काम हो रहा है। इस काम में तेज़ी लाने के लिये टारगेट फिक्स कर लेने चाहिएं। मैं जोगा साहिब से सहमत हूँ कि वहां इसके बारे में बहुत कुछ हुआ है। इसका एक कारण यह भी है कि वहां न यह पार्टी है, न वह पार्टी है। वहां केवल कांग्रेस है जो कि लोगों की भलाई का काम करती है। (विघ्न) (शोर)।

ਸ੍ਰੀ ਡਿਪਟੀ ਸਪੀਕਰ : ਬੈਠੇ ਬੈਠੇ ਬੋਲਣ ਦੀ ਆਦਤ ਚੰਗੀ ਨਹੀਂ । (It is not a good habit to interrupt while seated.)

चौधरी बलराम : डिप्टी स्पीकर साहिब, मैं ज़्यादा न कहता हुआ यह कह कर बैठ जाता हूँ कि बिजली बोर्ड के साथ तालमेल बढ़ा कर हमें टार्गेट फिक्स कर लेने चाहिएं । ताकि हमारी इकानोमी का सुधार हो सके। धन्यवाद।

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਅੱਜ ਬਿਜਲੀ ਦੀ ਕਮੀ ਸਾਰੇ ਪੰਜਾਬ ਵਿੱਚ ਮਹਿਸੂਸ ਕੀਤੀ ਜਾ ਰਹੀ ਹੈ । ਹਰ ਥਾਂ ਤੇ ਨਵੇਂ ਤਰੀਕੇ ਨਾਲ ਕੰਮ ਚਲਾਇਆ ਜਾ ਰਿਹਾ ਹੈ ਪਹਿਲੀਆਂ ਸਰਕਾਰਾਂ ਆਪਣੇ ਪਰਚਾਰ ਲਈ ਇਸ਼ਤੇਹਾਰ ਵਗੈਰਾ ਕਢਦੀਆਂ ਸਨ । ਪਰ ਹੁਣ ਦੀ ਸਰਕਾਰ ਇਸ਼ਤੇਹਾਰ ਕਢ ਕੇ ਕਹਿੰਦੀ ਹੈ ਕਿ ਬਿਜਲੀ ਦੀ ਥੁੜ ਹੈ ਔਰ ਇਹ ਕੁਦਰਤੀ ਹੈ । ਇਸ ਲਈ ਸਰਕਾਰ ਨੇ ਵੱਡੇ ਵੱਡੇ ਮਾਟੋ ਲਿਖੇ ਹਨ ।

ਅੱਜ ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸੰਕਟ ਹੈ ਇਹ ਕੁਦਰਤੀ ਸੰਕਟ ਨਹੀਂ ਹੈ ਕਿਉਂਕਿ ਜਿਹੜੇ ਮੁਲਕਾਂ ਵਿੱਚ ਮੀਂਹ ਵਗੈਰਾ ਨਹੀਂ ਪੈਂਦਾ ਜਾਂ ਘੱਟ ਪੈਂਦਾ ਹੈ ਉਥੇ ਵੀ ਬਿਜਲੀ ਦਾ ਪਰਬੰਧ ਕੀਤਾ ਜਾਂਦਾ ਹੈ । ਉਥੇ ਹੋਰ ਤਰੀਕੇ ਹੁੰਦੇ ਹਨ, ਜਨਰੇਟਰ ਵਗੈਰਾ ਲਗਾਏ ਜਾਂਦੇ ਹਨ। ਇਸ ਤਰ੍ਹਾਂ ਦਾ ਇੰਤਜ਼ਾਮ ਕੀਤਾ ਜਾਂਦਾ ਹੈ ਅਤੇ ਆਪਣਾ ਕੰਮ ਚਲਾਉਂਦੇ ਹਨ ਤਾਂ ਕਿ ਫਸਲਾਂ ਵਗੈਰਾ ਨੂੰ ਨੁਕਸਾਨ ਨਾ ਹੋਵੇ । ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ ਬਾਹਰੋਂ ਜੈਨਰੇਟਰ ਮੰਗਾਏ ਗਏ ਸੀ ਪਰ ਇਥੇ ਇਹ ਖਰਾਬ ਹੋਏ ਪਏ ਹਨ । ਜੇ ਬਾਹਰੋਂ ਮੰਗਾਏ ਜਾ ਸਕਦੇ ਹਨ ਤਾਂ ਇਹ ਠੀਕ ਵੀ ਕਰਾਏ ਜਾ ਸਕਦੇ ਹਨ । ਜੈਨਰੇਟਰ ਚਾਲੂ ਕਰਨੇ ਚਾਹੀਦੇ ਸਨ । ਉਹਦਾ ਜਿਹੜਾ ਨੁਕਸਾਨ ਹੋਇਆ ਹੈ ਉਹਦਾ ਕੌਣ ਜ਼ਿਮੇਂਵਾਰ ਹੈ । ਪੰਜਾਬ ਗੌਰਮਿੰਟ ਜ਼ਿਮੇਵਾਰ ਹੈ (ਵਿਘਨ) ਬਾਕੀ ਗੱਲ ਇਹ ਹੈ ਕਿ ਕਿਸਾਨਾਂ ਨੂੰ ਬਿਜਲੀ ਬਹੁਤ ਘੱਟ ਦਿੱਤੀ ਜਾਂਦੀ ਹੈ ਅਤੇ ਬਿਜਲੀ ਦੇ ਰੇਟ ਉਹੀ ਹਨ । ਮੈਂ ਮੰਗ ਕਰਦਾ ਹਾਂ ਕਿ ਜਿੰਨੇ ਪਰਸੈਂਟ ਬਿਜਲੀ ਦੀ ਕਟੌਤੀ ਹੋਈ ਹੈ ਉਨੇ ਪਰਸੈਂਟ ਫਲੈਟ ਰੇਟ ਵਿੱਚੋਂ ਕਟੌਤੀ ਕੀਤੀ ਜਾਵੇ ਤਾਂ ਕਿ ਕਿਸਾਨਾਂ ਨੂੰ ਫਾਇਦਾ ਹੋ ਸਕੇ (ਆਪੋਜ਼ੀਸ਼ਨ ਵਲੋਂ ਥੰਪਿੰਗ) ।

ਡਿਪਟੀ ਸਪੀਕਰ ਸਾਹਿਬ, ਅਗਲੀ ਬੇਨਤੀ ਹੈ ਕਿ ਕਿਸਾਨਾਂ ਨੇ ਸਨ 1965–66 ਦੀਆਂ ਐਪਲੀਕੇਸ਼ਨਜ਼ ਬਿਜਲੀ ਦੀਆਂ ਮੋਟਰਾਂ ਵਾਸਤੇ ਜੋ ਦਿੱਤੀਆਂ ਸਨ ਉਹ ਪੈਂਡਿੰਗ ਪਈਆਂ ਹੋਈਆਂ ਹਨ, ਉਹ ਕਨਸਿਡਰ ਨਹੀਂ ਕੀਤੀਆਂ ਜਾ ਰਹੀਆਂ ਅਤੇ ਨਾ ਹੀ ਕੋਈ ਜਵਾਬ ਦਿੱਤਾ ਜਾ ਰਿਹਾ ਹੈ । ਇਸ ਲਈ ਤੁਹਾਡੇ ਰਾਹੀਂ ਮੈਂ ਵਜ਼ੀਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਜਿਹੜੀਆਂ ਦਰਖਾਸਤਾਂ ਹਨ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਨਿਪਟਾਇਆ ਜਾਵੇ । ਮੋਟਰਾਂ ਲਈ ਉਨ੍ਹਾਂ ਨੂੰ ਕੁਨੈਕਸ਼ਨ ਦਿੱਤੇ ਜਾਣ ਤਾਂ ਕਿ ਫਸਲਾਂ ਚੰਗੀਆਂ ਉਗਾ ਸਕਣ । ਬਾਕੀ ਡਿਪਟੀ ਸਪੀਕਰ ਸਾਹਿਬ, ਮਹਿਕਮੇ ਵਿੱਚ ਕੁਰਪਸ਼ਨ ਕਾਫੀ ਵਧੀ ਹੋਈ ਹੈ । ਜੇ ਕਿਸੇ ਦੀ ਕੋਈ ਬੱਤੀ ਖਰਾਬ ਹੋ ਜਾਂਦੀ ਹੈ ਅਤੇ ਉਹ ਇਸ ਗੱਲ ਦੀ ਰਿਪੋਰਟ ਲਿਖਾਉਣ ਜਾਂਦਾ ਹੈ ਤਾਂ ਉਸ ਤੋਂ ਵੀ ਕੁਝ ਨਾ ਕੁਝ ਲੈ ਲਿਆ ਜਾਂਦਾ ਹੈ । ਇਹ ਤਾਂ ਇਕ ਛੋਟੀ ਜਿਹੀ ਰਿਸ਼ਵਤ ਦੀ ਗੱਲ ਹੈ । ਵੱਡੀਆਂ ਵੱਡੀਆਂ ਰਿਸ਼ਵਤਾਂ (ਵਿਘਨ) ਮੇਰੀ ਬੱਤੀ ਦੀ ਗੱਲ ਕਰਨ ਤੋਂ ਮਨਿਸਟਰ ਸਾਹਿਬ ਹੱਸ ਪਏ । ਕਈ ਵਾਰੀ ਤਾਰਾਂ ਚੋਰੀ ਹੋ ਜਾਂਦੀਆਂ ਹਨ। ਉਸ ਸਕੈਂਡਲ ਨੂੰ ਪਕੜਨਾ ਚਾਹੀਦਾ ਹੈ । (ਵਿਘਨ) (ਸ਼ੋਰ)

[ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ]

ਬਿਜਲੀ ਦੀ ਘਾਟ ਕਰਕੇ ਇਕਲੇ ਕਿਸਾਨਾਂ ਨੂੰ ਹੀ ਘਾਟਾ ਨਹੀਂ ਪਿਆ ਬਲਕਿ ਇਸ ਦੇ ਘਾਟੇ ਨਾਲ ਮਜ਼ਦੂਰ ਨੂੰ ਕਾਫੀ ਫਰਕ ਪਿਆ ਹੈ । ਕਾਰਖਾਨੇ ਬੰਦ ਹੋਣ ਨਾਲ, ਬਿਜਲੀ ਦੀ ਘਾਟ ਕਰਕੇ, ਮਜ਼ਦੂਰ ਕਢ ਦਿੱਤੇ ਗਏ ਹਨ ਅਤੇ ਉਹ ਭੁਖੇ ਮਰ ਰਹੇ ਹਨ, ਸੋ ਮੈਂ ਡਿਪਟੀ ਸਪੀਕਰ ਸਾਹਿਬ' ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬਿਜਲੀ ਦੀ ਘਾਟ ਨੂੰ ਛੇਤੀ ਤੋਂ ਛੇਤੀ ਦੂਰ ਕਰਨ ਦਾ ਪਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਜਨਤਾ ਵਿੱਚ ਜਿਹੜੀ ਬੇਚੈਨੀ ਫੈਲੀ ਹੋਈ ਹੈ ਉਹ ਦੂਰ ਹੋ ਸਕੇ (ਵਿਘਨ) ਇਹ ਨਹੀਂ ਕਿ ਅਸੀਂ ਕੋਈ ਮਜ਼ਾਕ ਕਰਦੇ ਹਾਂ। ਇਸ ਗੱਲ ਨੂੰ ਹੰਸੀ ਮਜ਼ਾਕ ਨਾਲ ਨਹੀਂ ਟਾਲਿਆ ਜਾਣਾ ਚਾਹੀਦਾ ਹੈ । ਜਿਹੜੇ ਵਾਇਦੇ ਕੀਤੇ ਹਨ ਉਨ੍ਹਾਂ ਨੂੰ ਪੂਰਾ ਕਰਨਾ ਚਾਹੀਦਾ ਹੈ । ਕੀਤੇ ਹੋਏ ਵਾਇਦਿਆਂ ਤੋਂ ਭਜਣਾ ਨਹੀਂ ਚਾਹੀਦਾ ਹੈ । ਇਹ ਜਿਹੜਾ ਬਿਜਲੀ ਦਾ ਸੰਕਟ ਬਣਿਆ ਹੋਇਆ ਹੈ, ਇਸ ਨੂੰ ਦੂਰ ਕਰਨਾ ਚਾਹੀਦਾ ਹੈ ।

ਸਰਦਾਰ ਗੁਰਦੇਵ ਸਿੰਘ ਸਿੱਧੂ (ਸਮਾਣਾ ਐਸ. ਸੀ) : ਡਿਪਟੀ ਸਪੀਕਰ ਬਹਾਦਰ, (ਹਾਸਾ) (ਵਿਘਨ) ਤੁਹਾਡੇ ਰਾਹੀਂ ਬਿਜਲੀ ਦੇ ਮਹਿਕਮੇ ਦੇ ਮੰਤਰੀ ਨੂੰ ਬੇਨਤੀ ਕਰਦਾ ਹਾਂ ਕਿ ਬਿਜਲੀ ਦਾ ਸੰਕਟ ਹੈ । ਇਥੇ ਮੇਰੇ ਦੋਸਤਾਂ ਨੇ ਹੋਰ ਸਾਰੇ ਐਮ. ਐਲ. ਏਜ਼ ਸਾਹਿਬਾਨ ਨੇ ਇਸ ਸਬੰਧੀ ਇੰਟਰਨੈਸ਼ਨਲ ਗੱਲਾਂ ਦਸੀਆਂ । ਪਰ ਮੈਂ ਤਾਂ ਆਪਣੇ ਹਲਕੇ ਦੀ ਗਲ ਕਰਦਾ ਹਾਂ । ਮੇਰੇ ਹਲਕੇ ਵਿੱਚ ਦੋ ਜਨਰੇਟਰ 156 ਹਾਰਸ ਪਾਵਰ ਦੇ ਲਗਾਏ ਹੋਏ ਹਨ । ਪਰ ਦੋਵੇਂ ਹੀ ਖੜੇ ਹਨ । ਜਦ ਉਨ੍ਹਾਂ ਜਨਰੇਟਰਾਂ ਨੂੰ ਪਹਿਲਾਂ ਹੀ ਚੱਕਰ ਆਇਆ ਤਾਂ ਉਹ ਖੜ ਗਏ । ਉਸ ਤੇ 15 ਮੈਂਬਰਾਂ ਦਾ ਕਰਮਚਾਰੀਆਂ ਦਾ ਸਟਾਫ ਜੋ ਕਿ ਉਸ ਨਾਲ ਹੈ, ਉਹ ਵੀ ਉਥੇ ਵੇਹਲਾ ਬੈਠਾ ਹੋਇਆ ਹੈ । ਇਸ ਵਾਸਤੇ ਜ਼ਿਲ੍ਹੇ ਵਿੱਚ ਡਿਪਟੀ ਕਮਿਸ਼ਨਰ ਅਤੇ ਹੋਰ ਬਿਜਲੀ ਦੇ ਮਹਿਕਮੇ ਦੇ ਅਫਸਰਾਂ ਨੂੰ ਕਹਿ ਚੁੱਕਾ ਹਾਂ ਕਿ ਕੋਈ ਪਰਬੰਧ ਕਰੋ ਤਾਂ ਕਿ ਇਹ ਜਨਰੇਟਰ ਚਲ ਸਕਣ। ਪਰ ਇਸ ਵਲ ਕੋਈ ਕਾਰਵਾਈ ਹਾਲੇ ਤਕ ਨਹੀਂ ਕੀਤੀ ਗਈ ਹੈ । ਇਸ ਤੇ ਸਟੇਟ ਦਾ ਰੈਵੀਨਿਊ ਲਗਾ ਹੋਇਆ ਹੈ । ਜੇ ਇਹ ਚਲ ਨਹੀਂ ਸਕਦੇ ਤਾਂ ਇਨ੍ਹਾਂ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ । ਮੇਰਾ ਹਲਕਾ ਸਮਾਣਾ ਬੈਕਵਰਡ ਏਰੀਆ ਹੈ ਅਤੇ ਇਹ ਸਰਦਾਰ ਪਰਤਾਪ ਸਿੰਘ ਕੈਰੋਂ ਦੇ ਵੇਲੇ ਤੋਂ ਹੀ ਬੈਕਵਰਡ ਕਰਾਰ ਦਿੱਤਾ ਹੋਇਆ ਹੈ । ਉਸ ਵੇਲੇ ਹਰਚੰਦ ਸਿੰਘ ਐਮ. ਐਲ. ਏ. ਇਸ ਇਲਾਕੇ ਨੂੰ ਰਿਪਰੇਜ਼ੈਂਟ ਕਰਦੇ ਸਨ। ਉਸ ਇਲਾਕੇ ਵਿੱਚ ਬਿਜਲੀ ਦੀ ਬਹੁਤ ਜ਼ਿਆਦਾ ਤਕਲੀਫ ਹੈ । ਇਹ ਇਲਾਕਾ ਰਿਆਸਤਾਂ ਵੇਲੇ ਤੋਂ ਹੀ ਪਛੜਿਆ ਹੋਇਆ ਹੈ । ਇਸ ਲਈ ਇਸ ਇਲਾਕੇ ਦਾ ਪਛੜਾਪਨ ਦੂਰ ਕਰਨਾ ਚਾਹੀਦਾ ਹੈ । ਜਿਹੜੀ ਦਿੱਲੀ ਨੂੰ ਹਾੜ੍ਹ ਦੇ ਮਹੀਨੇ ਵਿੱਚ ਇਸ ਨੂੰ ਠੰਡਾ ਕਰਨ ਵਾਸਤੇ ਬਿਜਲੀ ਇਥੋਂ ਦਿੱਤੀ ਜਾਂਦੀ ਹੈ ਅਤੇ ਸਿਆਲ ਦੇ ਮਹੀਨੇ ਵਿੱਚ ਉਸ ਨੂੰ ਗਰਮ ਕਰਨ ਵਾਸਤੇ ਬਿਜਲੀ ਦਿੱਤੀ ਜਾਂਦੀ ਹੈ, ਇਹ ਬੰਦ ਹੋਣੀ ਚਾਹੀਦੀ ਹੈ । ਜਿੰਨੀ ਦਿੱਤੀ ਗਈ ਉਹ ਠੀਕ ਹੈ ਪਰ ਅੱਗੇ ਨੂੰ ਇਹ ਪੰਜਾਬ ਤੋਂ ਬਿਜਲੀ ਜਾਣੀ ਬੰਦ ਹੋਣੀ ਚਾਹੀਦੀ ਹੈ । ਦਿੱਲੀ ਵਾਲੇ ਹੁਣ ਹੋਰ ਕਿਸੀ ਜਗਾ ਤੋਂ ਬਿਜਲੀ ਲੈਣ । ਪੰਜਾਬ ਨੇ ਉਨ੍ਹਾਂ ਦਾ ਕੋਈ ਠੇਕਾ ਨਹੀਂ ਲਿਆ ਹੋਇਆ ਹੈ । ਇਸ ਤਰ੍ਹਾਂ ਨਾਲ ਪੰਜਾਬ ਵਿੱਚ ਬਿਜਲੀ ਵਧੇਗੀ ਅਤੇ ਇਥੇ ਕੰਮ ਆਵੇਗੀ ।

ਸਰਦਾਰ ਹਰਬੰਸ ਸਿੰਘ ਜਲਾਲ (ਫੂਲ) : ਮੈਂ ਕਮਿਊਨਿਸਟ ਵੀਰਾਂ ਦਾ ਬੜਾ ਧੰਨਵਾਦੀ ਹਾਂ ਉਨ੍ਹਾਂ ਨੇ ਹਾਊਸ ਦਾ ਧਿਆਨ ਇਕ ਅਨਾਥ ਆਸ਼ਰਮ ਵਲ ਦਿਵਾਇਆ ਹੈ । ਇਹ ਬੜਾ ਜ਼ਰੂਰੀ ਮਾਮਲਾ ਸੀ । (ਵਿਘਨ) ਮੈਨੂੰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਸੱਜਣ ਆਪਣੇ ਕਾਰ-ਨਾਮਿਆਂ ਦੇ ਕਾਰਣ ਜਾਂ ਆਪਣੀਆਂ ਆਦਤਾਂ ਕਾਰਨ ਜਾਂ ਹੋਰ ਕਈ ਕਾਰਨਾਂ ਕਾਰਨ ਜਨਤਾ ਨੂੰ

ਫੇਸ ਨਹੀਂ ਕਰ ਸਕਦੇ ਉਨ੍ਹਾਂ ਨੂੰ ਉਥੇ ਅਨਾਥ ਆਸ਼ਰਮ ਵਿੱਚ ਜਗ੍ਹਾ ਦੇ ਦਿੱਤੀ ਜਾਂਦੀ ਹੈ । (ਵਿਘਨ) ਮੇਰਾ ਮਤਲਬ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਗੁਰਚਰਨ ਸਿੰਘ ਜੀ ਨੂੰ ਬੇਨਤੀ ਕਰਾਂਗਾ (ਵਿਘਨ) (ਸ਼ੋਰ) ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਮੈਂ ਆਪਣੇ ਕਮਿਊਨਿਸਟ ਵੀਰਾਂ ਦਾ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ਹਾਊਸ ਦਾ ਧਿਆਨ ਅਜਿਹੇ ਅਨਾਥ ਆਸ਼ਰਮ ਵਲ ਦਿਵਾਇਆ ਹੈ ਜਿੱਥੇ ਜਨਤਾ ਵਲੋਂ ਠੁਕਰਾਏ ਹੋਏ ਸੱਜਣਾਂ ਨੂੰ ਜਗ੍ਹਾ ਦਿੱਤੀ ਜਾਂਦੀ ਹੈ । ਪੰਜਾਬ ਸਟੇਟ ਬਿਜਲੀ ਬੋਰਡ ਇਕ ਬੜਾ ਵੱਡਾ ਅਦਾਰਿਰਾ ਹੈ । ਇਹਦੀ ਜੋ ਹੁਣ 1970 ਦੀ ਰਿਪੋਰਟ ਮਿਲੀ ਹੈ ਇਹਦੇ ਬਾਰੇ ਜੋ ਰਕਮ ਖਰਚ ਹੋਈ ਹੈ ਸਿਰਫ 9 ਕਰੋੜ ਵਿਆਜ ਦਿੱਤਾ ਗਿਆ ਹੈ । ਐਡੀ ਵੱਡੀ ਰਕਮ ਖਰਚਣ ਤੋਂ ਬਾਅਦ ਜੋ ਹਸ਼ਰ ਇਹਦਾ ਹੋਇਆ ਹੈ ਉਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ । ਇਸ ਵਿੱਚ 3 ਕਰੋੜ ਸਿੱਧਾ ਘਾਟਾ ਹੈ ਅਤੇ 2 ਕਰੋੜ ਦਾ ਕਮਿਊਲੇਟਿਵ ਘਾਟਾ ਹੈ । ਕੁਲ ਰਲਾਕੇ 5 ਕਰੋੜ ਰੁਪਏ ਦਾ ਘਾਟਾ ਇਕ ਸਾਲ ਦਾ ਹੈ ।

1972–73 ਦੇ ਵਿੱਚ 51 ਕਰੋੜ ਰੁਪਏ ਰੱਖੇ ਗਏ ਹਨ ਜਿਹੜੇ ਕਿ ਉਸ ਦੇ ਆਮਦਨ ਖਰਚ ਦੇ ਬੈਲੈਂਸ਼ ਸ਼ੀਟ ਵਿੱਚ ਹਨ । ਇਨ੍ਹਾਂ 51 ਕਰੋੜ ਰੁਪਏ ਦੇ ਵਿੱਚੋਂ 20 ਕਰੋੜ ਰੁਪਏ ਮਲਟੀ ਪਰਪਜ਼ ਪ੍ਰਜੈਕਟਸ ਲਈ ਹਨ । ਬਾਕੀ 30–31 ਕਰੋੜ ਰੁਪਏ ਵਿੱਚੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਕੱਢਕੇ ਬਾਕੀ ਰਕਮ ਜਿਹੜੀ ਰਹਿ ਜਾਂਦੀ ਹੈ, ਉਹ ਦੋ ਚਾਰ ਨਾਮਜ਼ਦ ਕੀਤੇ ਜਿਹੜੇ ਮੈਂਬਰ ਹੁੰਦੇ ਹਨ ਉਨ੍ਹਾਂ ਵਾਸਤੇ ਰਹਿ ਜਾਂਦੇ ਹਨ, ਜਿਸ ਨੂੰ ਕਿ ਕੁਰਪਸ਼ਨ ਕਿਹਾ ਜਾਂਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਫਰਮਾਂ ਵਲ ਧਿਆਨ ਦਿਵਾਉਂਦਾ ਹਾਂ ਅਤੇ ਉਸ ਮਾਲ ਵਲ ਆਪ ਦਾ ਧਿਆਨ ਦਿਵਾਉਂਦਾ ਹਾਂ ਜਿਸ ਨੂੰ ਬਿਜਲੀ ਬੋਰਡ ਦੇ ਰੈਜ਼ੋਲਿਊਸ਼ਨ ਵਿੱਚ ਕਿਸੇ ਦਾ 1 ਪ੍ਰਤੀਸ਼ਤ ਤੇ ਕਿਸੇ ਰੈਜ਼ਲਿਊਸ਼ਨ ਵਿੱਚ 5 ਪ੍ਰਤੀਸ਼ਤ ਡਿਸਕਾਊਂਟ ਦੇਣ ਦਾ ਪ੍ਰੋਵੀਜ਼ਨ ਹੈ ਅਤੇ ਇਹ ਕਰੋੜਾਂ ਰੁਪਿਆਂ ਦਾ ਮਾਲ ਹੇਰਾ ਫੇਰੀ ਨਾਲ ਖਰੀਦ ਲਿਆ ਗਿਆ ਹੈ ਅਤੇ ਫਿਰ ਉਸ ਦੇ ਵਿੱਚ ਡਿਸਕਾਊਂਟ ਦਿੰਦੇ ਹਨ ਉਹ ਵੀ ਲੱਖਾਂ ਦਾ ਬਣ ਜਾਂਦਾ ਹੈ । ਹੁਣ ਡਿਪਟੀ ਸਪੀਕਰ ਸਾਹਿਬ, ਜਿਹੜੇ ਮੈਂਬਰ ਨਾਮਜ਼ਦ ਕੀਤੇ ਗਏ ਹਨ ਜਾਂ ਹੋਣ ਵਾਲੇ ਹਨ ਉਨ੍ਹਾਂ ਵਲ ਆਪ ਦਾ ਧਿਆਨ ਦਿਵਾਉਂਦਾ ਹਾਂ । ਪ੍ਰਬੰਧਕ ਮੈਂਬਰ ਦੀ ਪੋਸਟ ਬਾਰੇ ਉਸ ਦੀ ਜੋ ਯੋਗਤਾ ਹੋਣੀ ਚਾਹੀਦੀ ਹੈ ਉਸ ਵਿੱਚ ਸਾਫ ਲਿਖਿਆ ਹੈ ਕਿ

A person who has the capability will not show.

ਇਸ ਦਾ ਮਤਲਬ ਇਹ ਹੈ ਕਿ ਪ੍ਰਬੰਧਕੀ ਮੈਂਬਰ ਉਹ ਬਣ ਸਕਦਾ ਹੈ ਜਿਸ ਨੂੰ ਤਜਰਬਾ ਹੋਵੇ ਕੀ ਮੈਨੂੰ ਮਨਿਸਟਰ ਸਾਹਿਬ ਦਸਣਗੇ ਕਿ ਕਿਹੜਾ ਆਦਮੀ ਕਾਬਲ ਹੈ ? ਪ੍ਰਬੰਧਕੀ ਮੈਂਬਰ ਦੀ ਪਹਿਲੇ ਪੋਸਟ ਇਕ ਸੀ ਪਰ ਹੁਣ ਦੋ ਹੋ ਗਈਆ ਹਨ । ਸਰਦਾਰ ਜ਼ੋਰਾ ਸਿੰਘ ਦੇ ਬਾਰੇ ਸੀ.ਐਸ. ਸਾਹਿਬ ਨੇ ਵੀ ਕਿਹਾ ਹੈ ਕਿ ਕਿਤਨਾ ਕੁ ਕਾਬਲ ਹੈ ? ਨਾ ਪੜ੍ਹਾਈ ਵਿਚ ਕਾਬਲ ਹੈ ਤੇ ਨਾ ਹੋਰ ਪਾਸੇ । ਦੂਜਾ ਇਹ ਹੈ ਕਿ ਪਾਰਟ ਟਾਈਮ ਏ. ਐਮ. ਲਾਏ ਹਨ । (ਵਿਘਨ) ਇਸ ਤੋਂ ਅਗੇ ਮੈਂ ਦਸਦਾ ਹਾਂ ਕਿ ਸਕੱਤਰ ਦੀਂ ਪੋਸਟ ਆਈ.ਏ ਐਸ. ਕਾਡਰ ਦੀ ਹੈ । ਜਿਹੜਾ ਸੱਜਣ ਲਾਇਆ ਜਾ ਰਿਹਾ ਹੈ ਜਾਂ ਲਾਇਆ ਜਾਣਾ ਹੈ (ਵਿਘਨ) ਇਸੇ ਤਰ੍ਹਾਂ ਹੋਣਾ ਹੈ ਜਿਸ ਤਰ੍ਹਾਂ ਸਰਦਾਰ ਹਰਬੰਸ ਸਿੰਘ ਬਾਰੇ ਪਹਿਲਾਂ ਅਫਵਾਹਾਂ ਸਨ ਅਤੇ ਬਾਅਦ ਵਿੱਚ ਉਸ ਨੂੰ ਚੇਅਰਮੈਨ ਬਣਾ

[ਸਰਦਾਰ ਹਰਬੰਸ ਸਿੰਘ ਜਲਾਲ]

ਦਿੱਤਾ, ਇਹ ਵੀ ਇਸੇ ਤਰ੍ਹਾਂ ਹੋਣਾ ਹੈ । ਹਰਬੰਸ ਸਿੰਘ ਬਾਰੇ ਕਿਸੇ ਨੂੰ ਸ਼ਕ ਨਹੀਂ । ਸਕੱਤਰ ਬਾਰੇ ਵੀ ਅਫਵਾਹਾਂ ਹਨ । (ਵਿਘਨ) ਚੀਫ਼ ਮਨਿਸਟਰ ਅੰਦਰ ਦੇਣ ਦੀ ਧਮਕੀ ਦੇ ਦਿੰਦੇ ਹਨ ।

* * * * * * * (ਵਿਘਨ) (ਸ਼ੋਰ)

ਸ੍ਰੀ ਡਿਪਟੀ ਸਪੀਕਰ : ਤੁਸੀਂ ਇਰਰੈਲੇਵੈਂਟ ਨਾ ਬੋਲੋ । (Please don't be irrelevant)

ਸਿਖਿਆ ਮੰਤਰੀ : ਡਿਪਟੀ ਸੀਪਕਰ ਸਾਹਿਬ, ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ ।

ਸ੍ਰੀ ਡਿਪਟੀ ਸਪੀਕਰ : ਥਾਨੇਦਾਰ ਦੇ ਬਾਰੇ ਜਿਹੜਾ ਕਿਹਾ ਗਿਆ ਹੈ, ਉਹ ਪੋਰਸ਼ਨ ਐਕਸਪੰਜ ਕਰ ਦਿੱਤਾ ਜਾਵੇ । (Whatever the hon. Member has said about the S. H. O., should be expunged.)

ਸਰਦਾਰ ਹਰਬੰਸ ਸਿੰਘ ਜਲਾਲ : ਸਕੱਤਰ ਦੀ ਪੋਸਟ ਆਈ. ਏ. ਐਸ. ਕਾਡਰ ਦੀ ਪੋਸਟ ਹੈ ਪਰ ਇਸ ਪੋਸਟ ਵਾਸਤੇ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ । ਵਿਦੇਸ਼ੀ ਦੌਰਿਆਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ । ਇਹ ਚਰਚਾ ਹੈ ਕਿ ਇਸ ਬਾਰੇ ਇੰਟੀਮੇਸ਼ਨ ਦੇ ਦਿੱਤੀ ਗਈ ਹੈ । ਇਹ ਚਰਚਾ ਹੈ ਕਿ ਵਿਦੇਸ਼ ਜਾਣ ਦਾ ਪ੍ਰੋਗਰਾਮ ਬਣਾਇਆ ਜਾ ਰਿਹਾ ਹੈ ਅਤੇ ਨਵੇਂ ਜਨਰੇਟਰ ਫਿਰ ਖਰੀਦਣ ਦਾ ਪਰੋਗਰਾਮ ਹੈ। ਡਿਪਟੀ ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਹੋਇਆ ਤਾਂ ਫਿਰ ਲੱਖਾਂ ਰੁਪਿਆਂ ਦਾ ਸਕੈਂਡਲ ਹੋਵੇਗਾ । ਡਿਪਟੀ ਸਪੀਕਰ ਸਾਹਿਬ, ਇਹ ਇਕ ਅਨਾਥ ਆਸ਼ਰਮ ਹੈ । ਇਸ ਨੇ ਹੀ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੈ । ਪੰਜਾਬ ਦੀ ਕਿਸਮਤ ਇਸ ਦੇ ਨਾਲ ਹੈ । ਮੈਂ ਸੀ, ਐਮ. ਸਾਹਿਬ ਨੂੰ ਕਹਾਂਗਾ ਕਿ ਕੋਈ ਬੇਅਸੂਲੀ ਨਾਮੀਨੇਸ਼ਨ ਨਹੀਂ ਕਰਨੀ ਚਾਹੀਦੀ ਅਤੇ ਹਰਬੰਸ ਸਿੰਘ ਦੀ ਨਾਮੀਨੇਸ਼ਨ ਵਾਪਿਸ ਲੈ ਲੈਣੀ ਚਾਹੀਦੀ ਹੈ ।

ਗਿਆਨੀ ਅਰਜਨ ਸਿੰਘ ਲਿੱਟ (ਕਿਲਾ ਰਾਏਪੁਰ) ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਜਲੀ ਦਾ ਸੰਕਟ ਹੈ, ਇਸ ਨੂੰ ਬੜੇ ਧਿਆਨ ਨਾਲ ਸੋਚਣ ਦੀ ਲੋੜ ਹੈ । ਪਰ ਮੈਂ ਹੈਰਾਨ ਹਾਂ ਕਿ ਥੋੜੇ ਜਿਹੇ ਮੈਂਬਰਾਂ ਦੇ ਇਲਾਵਾ ਬਹੁਤ ਸਾਰੇ ਮੈਂਬਰਾਂ ਨੇ ਸਿਵਾਏ ਇਸ ਦੇ ਕਿ ਮਿਹਣੇ ਦੇਣ ਦੇ ਕੋਈ ਸਿਆਣੀ ਗੱਲ ਨਹੀਂ ਕੀਤੀ। ਡਾਕਟਰ ਸਾਹਿਬ ਨੇ ਫਲੈਟ ਰੇਟ ਤੇ ਇਤਰਾਜ਼ ਕੀਤਾ ਹੈ। ਇਹ ਜ਼ਿਮੀਦਾਰਾਂ ਨੂੰ ਪੜਤਾ ਖਾਂਦਾ ਹੈ। ਪਰ ਇਸ ਦੇ ਨਾਲ ਇਹ ਵੀ ਹੈ ਕਿ ਫਲੈਟ ਰੇਟ ਨਾਲ ਬਿਜਲੀ ਘੱਟ ਮਿਲੀ ਹੈ ਇਸ ਲਈ ਉਸ ਦੀ ਰਕਮ ਵੀ ਘਟਾ ਦਿੱਤੀ ਜਾਣੀ ਚਾਹੀਦੀ ਹੈ । ਜ਼ਿਮੀਂਦਾਰ ਬਿਜਲੀ ਭਾਵੇਂ ਇਸਤੇਮਾਲ ਕਰੇ ਜਾਂ ਨਾ ਕਰੇ ਪਰ ਸਰਕਾਰ ਪੂਰੇ ਪੈਸੇ ਲਾ ਲੈਂਦੀ ਹੈ, ਇਹ ਠੀਕ ਨਹੀਂ ਹੈ । ਜੇ ਬਿਜਲੀ ਘਟ ਯੂਜ਼ ਕਰੇ ਤਾਂ ਪੈਸੇ ਘੱਟ ਲਏ ਜਾਣੇ ਚਾਹੀਦੇ ਹਨ । ਫਲੈਟ ਰੇਟ ਨਾਲ ਬਿਜਲੀ ਘੱਟ ਖਰਚ ਹੋਈ ਹੈ ਪਰ ਪਤਾ ਨਹੀਂ ਇਨ੍ਹਾਂ ਨੂੰ ਘਾਟਾ ਕਿਉਂ ਪਿਆ ? ਇਸ ਦੇ ਨਾਲ ਹੀ ਮੈਂ ਅਰਜ਼ ਕਰਦਾ ਹਾਂ ਕਿ ਬਿਜਲੀ ਦਾ ਘਾਟਾ ਪੂਰਾ ਕਰਨ ਵਾਸਤੇ ਜ਼ਿਮੀਂਦਾਰਾਂ ਨੂੰ ਸਬਸਿਡੀ ਦੇ ਕੇ ਅੰਡਰ ਗਰਾਊਂਡ ਪਾਈਪਾਂ ਵਿਛਾਣੀਆਂ ਚਾਹੀਦੀਆਂ ਹਨ ਤਾਂ ਜੋ ਸਭ ਖਾਮੀਆਂ ਦੂਰ ਹੋ ਸਕਣ। ਇਸ ਤਰ੍ਹਾਂ ਪੈਦਾਵਾਰ ਵੀ ਵਧੇਗੀ ਅਤੇ ਕਾਰਖਾਨੇ ਵੀ ਜ਼ਿਆਦਾ ਚਲਣਗੇ । ਸ਼ਹਿਰਾਂ ਵਿੱਚ ਬਿਜਲੀ ਦੁਕਾਨਾਂ ਵਿੱਚ ਗਲਤ ਤਰੀਕੇ ਨਾਲ ਇਸਤੇਮਾਲ ਹੁੰਦੀ ਹੈ । ਇਸ ਤਰ੍ਹਾਂ ਬਿਜਲੀ ਬਹੁਤ ਜ਼ਾਇਆ

*Expunged as ordered by the Chair

ਜਾਂਦੀ ਹੈ। ਸੋ ਇਹ ਇਸ ਤਰ੍ਹਾਂ ਜ਼ਾਇਆ ਨਹੀਂ ਜਾਣੀ ਚਾਹੀਦੀ। ਪਰ ਸਾਡੇ ਦੇਸ਼ ਵਿਚ ਇਹ ਰਿਵਾਇਤ ਹੈ ਜਿਹੜਾ ਕੋਈ ਤਕੜਾ ਹੁੰਦਾ ਹੈ ਜਾਂ ਲੀਡਰ ਹੁੰਦਾ ਹੈ ਉਹ ਜ਼ਿਆਦਾ ਬਿਜਲੀ ਖਰਚ ਕਰਦਾ ਹੈ ਅਤੇ ਇਸ ਤਰ੍ਹਾਂ ਸੰਕਟ ਆਉਂਦਾ ਹੈ। ਮੈਂ ਕਹਿੰਦਾ ਹਾਂ ਕਿ ਖਾਦ ਫੈਕਟਰੀ ਦੀ ਬਿਜਲੀ ਘਟਾ ਦਿਤੀ ਜਾਵੇ ਅਤੇ ਇਹ ਬਿਜਲੀ ਹੋਰ ਲੋਕਾਂ ਨੂੰ ਦਿਤੀ ਜਾਵੇ। ਸਾਡੀ ਸਰਕਾਰ ਨੇ ਦਿੱਲੀ ਨੂੰ ਬਿਜਲੀ ਬਹੁਤ ਦਿੱਤੀ ਹੋਈ ਹੈ। ਪਾਰਲੀਮੈਂਟ ਸਟਰੀਟ ਵਿਚ 24 ਘੰਟੇ ਬਿਜਲੀ ਜਗਦੀ ਰਹਿੰਦੀ ਹੈ, ਪੱਖੇ ਚਲਦੇ ਰਹਿੰਦੇ ਹਨ। ਉਹ ਬਿਜਲੀ ਉਥੋਂ ਘਟਾ ਕੇ ਜ਼ਿਮੀਂਦਾਰਾਂ ਨੂੰ ਦਿੱਤੀ ਜਾਵੇ ਇਸ ਤਰ੍ਹਾਂ ਅਨਾਜ ਦਾ ਘਾਟਾ ਪੂਰਾ ਹੋਵੇਗਾ ਅਤੇ ਇਹ ਜਿਹੜੀ ਹਾਹਾਕਾਰ ਹੈ ਇਹ ਵੀ ਘੱਟ ਜਾਵੇਗੀ। ਬਿਜਲੀ ਦੇ ਕੁਨੈਕਸ਼ਨ ਦੇਣ ਵਿੱਚ ਇਸ ਡਿਪਾਰਟਮੈਂਟ ਵਿੱਚ ਕੁਰਪਸ਼ਨ ਬਹੁਤ ਹੁੰਦੀ ਹੈ। ਕਈ ਵਾਰੀ ਤਾਂ ਉਹ ਕਹਿੰਦੇ ਹਨ ਕਿ ਸਾਮਾਨ ਨਹੀਂ ਮਿਲਿਆ। ਪਰ ਜ਼ਿਮੀਂਦਾਰਾਂ ਕੋਲੋਂ ਪੈਸੇ ਲੈ ਲੈਂਦੇ ਹਨ। ਸੋ ਇਸ ਚੀਜ਼ ਦੀ ਚੈਕਿੰਗ ਕਰਾਉਣੀ ਚਾਹੀਦੀ ਹੈ ਤਾਂ ਕਿ ਇਹ ਜਿਹੜਾ ਜ਼ਿਮੀਂਦਾਰਾਂ ਦਾ ਨੁਕਸਾਨ ਹੋ ਰਿਹਾ ਹੈ, ਇਹ ਨਾ ਹੋਵੇ।

ਇਸ ਤੋਂ ਅੱਗੇ ਮੈਂ ਦੱਸਦਾ ਹਾਂ ਕਿ ਜਿਹੜੇ ਕੁਨੈਕਸ਼ਨ ਗੌਰਮਿੰਟ ਵਲੋਂ ਮਨਜ਼ੂਰ ਹੁੰਦੇ ਹਨ ਉਨ੍ਹਾਂ ਵਿੱਚ ਵੀ ਛੋਟੇ ਕਰਮਚਾਰੀ ਕੁਰਪਸ਼ਨ ਕਰਦੇ ਹਨ। ਉਨ੍ਹਾਂ ਵਿਚਾਰਿਆਂ ਕੋਲੋਂ ਪੈਸੇ ਲੈ ਲੈਂਦੇ ਹਨ ਪਰ ਕੁਨੈਕਸ਼ਨ ਨਹੀਂ ਦਿੱਤੇ ਜਾਂਦੇ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਜ਼ਿਮੀਂਦਾਰ ਦੀ ਫਸਲ ਮਾਰੀ ਜਾਂਦੀ ਹੈ। ਪਰ ਜ਼ਿਮੀਂਦਾਰ ਡਰਦਾ ਮਾਰਿਆ ਰੁਪਏ ਦੇ ਦਿੰਦਾ ਹੈ ਉਸ ਨੂੰ ਪਤਾ ਹੁੰਦਾ ਹੈ ਕਿ ਜੇ ਪੈਸੇ ਨਾ ਦਿੱਤੇ ਤਾਂ ਕੰਮ ਨਹੀਂ ਬਣਨਾ ਅਤੇ ਇਸ ਤਰ੍ਹਾਂ ਫਸਲ ਮਾਰੀ ਜਾਵੇਗੀ। ਇਸ ਲਈ ਇਹ ਜਿਹੜਾ ਸਟਾਫ ਹੈ ਇਸ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਬਿਜਲੀ ਦੇ ਟਰਿਪ ਵਧ ਕਰ ਦਿੱਤੇ ਹਨ। ਇਸ ਤਰ੍ਹਾਂ ਉਹ ਪੈਸੇ ਲੈਂਦੇ ਹਨ। ਐਲਾਨ ਹੁੰਦੇ ਹਨ ਕਿ ਅੱਜ ਫਲਾਣੇ ਪਾਸੇ ਬਿਜਲੀ ਜਾਵੇਗੀ ਅਤੇ ਫਲਾਣੇ ਪਾਸੇ ਬੰਦ ਰਹੇਗੀ ਪਰ ਫਿਰ ਵੀ ਉਹ ਆਪਣੀ ਮਰਜ਼ੀ ਹੀ ਕਰੀ ਜਾਂਦੇ ਹਨ। ਇਸ ਤਰ੍ਹਾਂ ਜ਼ਿਮੀਂਦਾਰ ਦਾ ਬਹੁਤ ਨੁਕਸਾਨ ਹੁੰਦਾ ਹੈ। ਉਹ ਵਿਚਾਰਾ ਬਿਜਲੀ ਉਡੀਕਦਾ ਰਹਿੰਦਾ ਹੈ ਅਤੇ ਬਿਜਲੀ ਨਾ ਆਉਣ ਕਰਕੇ ਉਸਦੀ ਦਿਹਾੜੀ ਵਿਹਲੀ ਜਾਂਦੀ ਹੈ ਅਤੇ ਨਾਲ ਜਿਹੜਾ ਕਾਮਾ ਹੁੰਦਾ ਹੈ ਉਸ ਦੀ ਦਿਹਾੜੀ ਵੀ ਉਸ ਨੂੰ ਐਵੇਂ ਦੇਣੀ ਪੈ ਜਾਂਦੀ ਹੈ। ਇਸ ਲਈ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਕੋਈ ਇਹੋ ਜਿਹਾ ਵਿਜੀਲੈਂਸ ਸਟਾਫ। ਮੁਕਰਰ ਕੀਤਾ ਜਾਵੇ ਜਿਹੜਾ ਇਸ ਗੱਲ ਨੂੰ ਚੰਗੀ ਤਰ੍ਹਾਂ ਦੇਖੇ ਸੋਚੇ ਅਤੇ ਕੁਰਪਸ਼ਨ ਨੂੰ ਦੂਰ ਕਰੇ।

ਸਰਦਾਰ ਬਲਵਿੰਦਰ ਸਿੰਘ ਭੂੰਡਰ (ਸਰਦੂਲਗੜ੍ਹ) : ਸਤਿਕਾਰ ਯੋਗ ਡਿਪਟੀ ਸਪੀਕਰ ਸਾਹਿਬ, ਬਿਜਲੀ ਦੇ ਮਸਲੇ ਤੇ ਇਸ ਹਾਊਸ ਵਿਚ ਬੜੀ ਅਹਿਮ ਬਹਿਸ ਹੋਈ। ਮੈਂ ਇਸ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ ਇਸ ਮਸਲੇ ਨੂੰ ਇਥੇ ਇਹ ਕਹਿ ਕੇ ਬਹੁਤ ਉਛਾਲਿਆ ਗਿਆ ਕਿ ਇਹ ਜਿਹੜਾ ਬਿਜਲੀ ਦਾ ਸੰਕਟ ਆਇਆ ਹੈ ਜਿਸ ਨਾਲ ਕਿ ਪੰਜਾਬ ਦਾ ਬਹੁਤ ਬੁਰਾ ਹਾਲ ਹੋ ਰਿਹਾ ਹੈ ਇਹ ਕੁਦਰਤੀ ਆਇਆ ਹੈ ਅਤੇ ਬੜੇ ਬੇਮੌਕੇ ਆਇਆ ਹੈ। ਮੈਂ ਇਹ ਗੱਲ ਬਿਲਕੁਲ ਨਹੀਂ ਮੰਨਦਾ। ਇਹ ਸੰਕਟ ਜੋ ਆਇਆ ਹੈ ਇਹ ਨਾ ਕੁਦਰਤ ਵਲੋਂ ਆਇਆ ਹੈ ਅਤੇ ਨਾਹੀ ਬਿਲਕੁਲ ਬੇਮੌਕੇ ਆਇਆ ਹੈ। ਇਸ ਦੇ ਬਾਰੇ ਮੈਂ ਦਸਣਾ ਚਾਹੁੰਦਾ ਹਾਂ ਕਿ ਸੰਨ 1964 ਵਿਚ ਪੰਜਾਬ ਵਿਚੋਂ ਇਕ ਡੈਪੂਟੇਸ਼ਨ ਸੈਂਟਰ ਦੀ ਸਰਕਾਰ ਦੇ ਮਨਿਸਟਰ ਸ੍ਰੀ ਕੇ.ਐਲ.ਰਾਉ ਜੀ ਨੂੰ ਮਿਲਿਆ ਸੀ ਅਤੇ ਇਹ ਬੇਨਤੀ ਕੀਤੀ ਸੀ ਕਿ ਜੇ ਪੰਜਾਬ ਦੇ ਲਈ ਥਰਮਲ ਪਲਾਂਟ ਜਾਂ ਥੀਨ ਡੈਮ ਵਲ ਧਿਆਨ ਨਾ ਦਿਤਾ ਗਿਆ ਤਾਂ ਪੰਜਾਬ ਵਿਚ ਸੰਨ 1970 ਵਰਗਾ ਕਾਲ ਬਿਜਲੀ ਦਾ ਆਵੇਗਾ ਜਿਹੜਾ ਕਿ ਪੰਜਾਬ ਤੋਂ ਸਹਾਰਿਆ ਨਹੀਂ ਜਾ ਸਕੇਗਾ। ਅਜ 1964 ਤੋਂ 1972 ਆ ਗਿਆ ਹੈ ਪਰ ਸੈਂਟਰ ਦੀ ਸਰਕਾਰ ਨੇ ਇਸ ਗਲ ਤੇ ਕੋਈ ਠੋਸ ਵਿਚਾਰ ਨਹੀਂ ਕੀਤੀ ਅਤੇ ਨਾ ਹੀ ਸਾਡੀ ਸਟੇਟ ਸਰਕਾਰ ਨੇ ਇਸ ਤੇ ਕੋਈ ਬਹੁਤ ਵਿਚਾਰਿਆ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ

[ਸਰਦਾਰ ਬਲਵਿੰਦਰ ਸਿੰਘ ਭੂੰਡਰ]

ਜਿਹੜਾ ਬਿਜਲੀ ਸੰਕਟ ਆਇਆ ਹੈ ਇਹ ਨਾ ਕੁਦਰਤ ਵਲੋਂ ਆਇਆ ਹੈ ਅਤੇ ਨਾ ਹੀ ਬੇਮੌਕਾ ਆਇਆ ਹੈ, ਇਹ ਸੰਕਟ ਸਰਕਾਰ ਦੀਆਂ ਗਲਤੀਆਂ ਨਾਲ, ਸੈਂਟਰ ਸਰਕਾਰ ਦੀਆਂ ਗਲਤੀਆਂ ਨਾਲ ਆਇਆ ਹੈ। ਹੁਣ ਵੀ ਮੈਂ ਇਸ ਸਰਕਾਰ ਨੂੰ ਅਰਜ਼ ਕਰਾਂਗੇ ਕਿ ਜੇ ਇਸੇ ਢੰਗ ਨਾਲ ਕਹਿੰਦੇ ਰਹੇ ਕਿ ਸੋਚਾਂਗੇ ਜਾਂ ਗੌਰ ਕਰਾਂਗੇ, ਗੌਰ ਕਰਾਂਗਾ ਤਾਂ ਇਹ ਮਸਲਾ ਹੱਲ ਨਹੀਂ ਹੋਣਾ ਅਤੇ ਮੇਰਾ ਖਿਆਲ ਹੈ ਕਿ ਇਹ ਜਿਹੜਾ ਆਪ ਹੀ ਕਹਿੰਦੇ ਹਨ ਕਿ ਦਿਨ ਵਿਚ 2 ਘੰਟੇ ਚਾਨਣ ਹੋਵੇਗਾ 22 ਘੰਟੇ ਹਨੇਰਾ ਰਹੇਗਾ ਤਾਂ ਇਹ ਹਮੇਸ਼ਾਂ ਹਨੇਰਾ ਹੀ ਰਹਿਣਾ ਹੈ ਅਤੇ ਚਾਨਣ ਕਦੇ ਵੀ ਨਹੀਂ ਹੋ ਸਕਦਾ। ਇਸ ਮਸਲੇ ਨੂੰ ਹਲ ਕਰਨ ਦੇ ਲਈ ਮੈਂ ਪੰਜਾਬ ਦੀ ਸਰਕਾਰ ਨੂੰ ਕੁਝ ਸੁਜੈਸ਼ਨਜ਼ ਦੇਣੀਆਂ ਚਾਹੁੰਦਾ ਹਾਂ। ਥੀਨ ਡੈਮ ਦਾ ਜਿਹੜਾ ਮਸਲਾ ਹੈ ਉਸ ਦੇ ਲਈ ਅਸੀਂ ਪਾਕਿਸਤਾਨ ਨੂੰ 100 ਕਰੋੜ ਰੁਪਿਆ ਦੇਈ ਬੈਠੇ ਹਾਂ, ਕਿਉਂ ਨਾ ਉਨ੍ਹਾਂ ਤੋਂ ਆਪਣਾ ਪਾਣੀ ਅਤੇ ਬਿਜਲੀ ਲਈਏ ਅਤੇ ਆਪਣੇ ਪੰਜਾਬ ਦੇ ਸੂਬੇ ਨੂੰ ਖੁਸ਼ਹਾਲ ਕਰੀਏ।

ਇਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਥਰਮਲ ਪਲਾਂਟ ਦਾ ਮਸਲਾ ਹੈ। ਇਹ ਕਹਿੰਦੇ ਹਨ ਕਿ ਥਰਮਲ ਪਲਾਂਟ ਜਦੋਂ ਲਗ ਜਾਵੇਗਾ ਤਾਂ ਪੰਜਾਬ ਵਿਚ ਜਿਹੜਾ ਬਿਜਲੀ ਦਾ ਮਸਲਾ ਹੈ ਉਹ ਹੱਲ ਹੋ ਜਾਵੇਗਾ। ਮੈਂ ਕਹਿੰਦਾ ਹਾਂ ਕਿ ਜੇ ਇਹ ਥਰਮਲ ਪਲਾਂਟ ਲਗ ਵੀ ਜਾਵੇ ਤਦ ਵੀ ਪੰਜਾਬ ਵਿਚ ਬਿਜਲੀ ਦਾ ਜਿਹੜਾ ਮਸਲਾ ਹੈ ਉਹ ਹੱਲ ਨਹੀਂ ਹੋ ਸਕਦਾ ਕਿਉਂਕਿ ਜਿਵੇਂ ਜਿਵੇਂ ਬਿਜਲੀ ਵੱਧ ਰਹੀ ਹੈ ਉਵੇਂ ਉਵੇਂ ਉਸ ਦੀ ਲੋੜ ਵੀ ਵਧ ਰਹੀ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਵਿਚ ਸੈਂਟਰ ਦੀ ਸਰਕਾਰ ਨੇ ਸਾਡੇ ਨਾਲ ਧੱਕਾ ਕੀਤਾ ਹੈ। ਅਸੀਂ ਜਿਹੜਾ ਪਲਾਂਟ ਮੰਗਿਆ ਸੀ ਉਹ ਅਸੀਂ ਅਟਾਮਿਕ ਦਾ ਮੰਗਿਆ ਸੀ ਪਰ ਉਨ੍ਹਾਂ ਨੇ ਸਾਨੂੰ ਕੋਲੇ ਦਾ ਦੇ ਦਿਤਾ। ਨਾ ਬਿਹਾਰ ਤੋਂ ਕੋਲਾ ਆਵੇ ਅਤੇ ਨਾ ਉਹ ਥਰਮਲ ਪਲਾਂਟ ਚਲ ਸਕੇ। ਅੱਵਲ ਤੇ ਉਹ ਪਲਾਂਟ ਕਮਪਲੀਟ ਨਹੀਂ ਹੋਣਾ ਜੇ ਹੋ ਜਾਵੇ ਤਾਂ ਉਹ ਚਲ ਨਹੀਂ ਸਕਣਾ ਕਿਉਂਕਿ ਕੋਲੇ ਨਾਲ ਭਠੇ ਪੂਰੀ ਤਰ੍ਹਾਂ ਚਲ ਨਹੀਂ ਸਕਦੇ ਉਨ੍ਹਾਂ ਨੂੰ ਜਿੰਨੀਆਂ ਦਿਕਤਾਂ ਆਉਂਦੀਆਂ ਹਨ ਉਹ ਤੁਹਾਡੇ ਸਾਹਮਣੇ ਹਨ ਤੇ ਇਹ ਇਤਨਾ ਵਡਾ ਥਰਮਲ ਪਲਾਂਟ ਕਿਥੋਂ ਚਲ ਪਵੇਗਾ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਹੜੀ ਵੀ ਇਹ ਗੱਲ ਕਰਨਗੇ ਅਕਾਲੀ ਸਰਕਾਰ ਦੇ ਖਿਲਾਫ ਹੀ ਕਰਨਗੇ ਕਿ ਇਹ ਜਿਹੜਾ ਵੀ ਮਾੜਾ ਕੰਮ ਹੋਇਆ ਹੈ ਉਹ ਅਕਾਲੀ ਸਰਕਾਰ ਦੇ ਵੇਲੇ ਹੀ ਹੋਇਆ ਹੈ। ਅਕਾਲੀਆਂ ਨੇ ਤਾਂ ਸੈਂਟਰ ਦੀ ਸਰਕਾਰ ਕੋਲ ਬਹੁਤ ਰੌਲਾ ਪਾਇਆ ਕਿ ਇਹ ਥਰਮਲ ਪਲਾਂਟ ਅਟਾਮਿਕ ਦਿਤਾ ਜਾਵੇ ਪਰ ਉਨ੍ਹਾਂ ਨੇ ਸਾਨੂੰ ਕੋਲੇ ਦੇ ਦਿਤਾ। (ਵਿਘਨ) ਹਾਲੀਂ ਕੀ ਵਿਗੜਿਆ ਹੈ ਹੁਣ ਲੈ ਲਉ ਅਟਾਮਿਕ ਪਲਾਂਟ।

ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਜੋ ਨੰਗਲ ਡੈਮ ਦੀ ਬਿਜਲੀ ਹੈ ਉਹ ਵੀ ਜਿਤਨੀ ਪੰਜਾਬ ਨੂੰ ਮਿਲਣੀ ਚਾਹੀਦੀ ਹੈ ਉਤਨੀ ਨਹੀਂ ਮਿਲ ਰਹੀ। ਪੰਜਾਬ ਨੇ ਆਪਣਾ ਵੱਧ ਤੋਂ ਵੱਧ ਪੈਸਾ ਖਰਚ ਕੇ ਡੈਮ ਬਣਾਇਆ ਹੈ ਪਰ ਜਦੋਂ ਇਹ ਪਾਵਰ ਹਾਊਸ ਬਣ ਗਿਆ ਤਾਂ ਉਸ ਦੀ ਜਿਹੜੀ ਬਿਜਲੀ ਹੈ ਉਹ ਪੰਜਾਬ ਨੂੰ ਉਤਨੀ ਨਹੀਂ ਮਿਲ ਰਹੀ ਜਿਤਨੀ ਮਿਲਣੀ ਚਾਹੀਦੀ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਾਂਗਾ ਕਿ ਇਹ ਜੋ ਸਾਡੇ ਨਾਲ ਧੱਕਾ ਹੋ ਰਿਹਾ ਹੈ ਇਹ ਸੈਂਟਰ ਦੀ ਸਰਕਾਰ ਨੂੰ ਕਹਿ ਕੇ ਦੂਰ ਕੀਤਾ ਜਾਵੇ। (ਵਿਘਨ)

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਇਕ ਅਸੂਲੀ ਗੱਲ ਜਿਹੜੀ ਹੈ ਉਹ ਮੈਂ ਕਰਨਾ ਚਾਹੁੰਦਾ ਹਾਂ ਕਿ ਜੋ ਜ਼ਿਮੀਦਾਰਾਂ ਤੋਂ ਫਲੈਟ ਰੇਟ ਲਿਆ ਜਾਂ ਰਿਹਾ ਹੈ ਉਹ ਹੁਣ ਨਹੀਂ ਲਿਆ ਜਾਣਾ ਚਾਹੀਦਾ ਕਿਉਂਕਿ ਬਿਜਲੀ ਤਾਂ ਉਹ ਸਿਰਫ 2-4 ਘੰਟੇ ਹੀ ਵਰਤਦਾ ਹੈ ਅਤੇ ਰੇਟ ਉਸ ਤੋਂ ਫਲੈਟ ਹੀ ਲਿਆ ਜਾਂਦਾ

ਹੈ ਜੋ ਕਿ ਠੀਕ ਨਹੀਂ। ਇਹ ਉਸ ਦਾ ਹੱਕ ਬਣਦਾ ਹੈ ਕਿ ਜਿਤਨੀ ਬਿਜਲੀ ਉਹ ਵਰਤੇ ਉਤਨੇ ਦੇ ਹੀ ਉਹ ਪੈਸੇ ਦੇਵੇ ਅਤੇ ਇਸ ਸਰਕਾਰ ਨੂੰ ਉਸ ਮੁਤਾਬਕ ਹੀ ਰੇਟ ਲੈਣਾ ਚਾਹੀਦਾ ਹੈ। (ਆਪੋਜੀਸ਼ਨ ਵਲੋਂ ਥੰਪਿੰਗ)

ਫਿਰ ਡਿਪਟੀ ਸਪੀਕਰ ਸਾਹਿਬ, ਬਿਜਲੀ ਦੇ ਕੁਨੈਕਸ਼ਨ ਦੇਣ ਲਗਿਆਂ ਬੜਾ ਵਿਤਕਰਾ ਵਰਤਿਆ ਜਾਂਦਾ ਹੈ। ਸਾਡੇ ਇਲਾਕੇ ਵਿੱਚ ਇਕ ਐਮ. ਐਲ. ਏ ਸਾਹਿਬਾਨ ਚੀਫ ਮਨਿਸਟਰ ਸਾਹਿਬ ਨੂੰ ਮਿਲੇ, ਮੈਂ ਉਨ੍ਹਾਂ ਦਾ ਨਾਮ ਨਹੀਂ ਦਸਣਾ ਚਾਹੁੰਦਾ ਅਤੇ ਉਨ੍ਹਾਂ ਨੂੰ ਕਿਹਾ ਕਿ ਸਾਡੇ ਇਲਾਕੇ ਵਿੱਚ ਵੀ ਬਿਜਲੀ ਦਿੱਤੀ ਜਾਵੇ ਤਾਂ ਚੀਫ ਮਨਿਸਟਰ ਸਾਹਿਬ ਨੇ ਕਿਹਾ ਕਿ ਮੇਰੇ ਕੋਲ ਕਿਹੜਾ ਛੋਲਿਆਂ ਦੀ ਬੁਖਾਰੀ ਹੈ ਜਿਹੜੀ ਕਢ ਕੇ ਮੈਂ ਤੁਹਾਨੂੰ ਫੜਾ ਦਿਆਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕਿਸੀ ਹੋਰ ਇਲਾਕੇ ਦੀ ਗੱਲ ਆਉਂਦੀ ਹੈ ਤਾਂ ਤੇ ਇਹ ਗੱਲ ਨਹੀਂ ਹੁੰਦੀ ਪਰ ਜਦੋਂ ਝੁਨੀਰ ਬਲਾਕ ਦੀ ਗੱਲ ਆਉਂਦੀ ਹੈ ਤਾਂ ਇਹ ਇਸ ਤਰ੍ਹਾਂ ਦਾ ਜਵਾਬ ਦਿੰਦੇ ਹਨ। ਸਾਰੇ ਬਲਾਕਾਂ ਨਾਲੋਂ ਇਸ ਬਲਾਕ ਦੀ ਆਬਾਦੀ ਦੁਗਣੀ ਹੈ ਪਰ ਉਥੇ ਬਿਜਲੀ ਨਹੀਂ। ਮੇਰੇ ਹਲਕੇ ਦੇ ਸਿਰਫ ਦੋ ਪਿੰਡਾਂ ਵਿੱਚ ਬਿਜਲੀ ਹੈ ਉਹ ਵੀ ਅਕਾਲੀ ਸਰਕਾਰ ਨੇ ਪਤਾ ਨਹੀਂ ਕਿਸ ਤਰ੍ਹਾਂ ਦੇ ਦਿੱਤੀ ਵਰਨਾ ਇਸ ਹਲਕੇ ਵਿੱਚ ਹੋਰ ਕਿਸੇ ਪਿੰਡ ਵਿੱਚ ਬਿਜਲੀ ਨਹੀਂ ਹੈ। ਇਹ ਰੋਜ਼ ਨਾਹਰੇ ਲਗਾਉਂਦੇ ਰਹਿੰਦੇ ਹਨ ਕਿ ਪਿੰਡ ਪਿੰਡ ਵਿੱਚ ਬਿਜਲੀ ਦੇ ਦੇਣੀ ਹੈ, ਇਹ ਕਰ ਦੇਣਾ ਹੈ ਉਹ ਕਰ ਦੇਣਾ ਹੈ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਨਿਰੀ ਨਾਹਰਿਆਂ ਨਾਲ ਗੱਲ ਨਹੀਂ ਬਣਨੀ ਕੁਝ ਅਮਲੀ ਰੂਪ ਵਿੱਚ ਕਰਕੇ ਦਿਖਾਉ ਤਾਂ ਗੱਲ ਬਣਨੀ ਹੈ।

ਸੋ ਮੈਂ ਇਨ੍ਹਾਂ ਗੱਲਾਂ ਨਾਲ ਇਸ ਸਰਕਾਰ ਦਾ ਧਿਆਨ ਤੁਹਾਡੇ ਰਾਹੀਂ ਦੁਆਉਣਾ ਚਾਹੁੰਦਾ ਸੀ। ਇਹ ਜਿਹੜਾ ਬਿਜਲੀ ਦਾ ਸੰਕਟ ਆਇਆ ਹੈ ਇਹ ਨਾ ਕੁਦਰਤੀ ਆਇਆ ਹੈ ਨਾ ਬੇਮੌਕਾ ਆਇਆ ਹੈ। ਅਜੇ ਵੀ ਮੌਕਾ ਹੈ ਅਤੇ ਸੰਭਲ ਜਾਉ ਅਤੇ ਜਿਹੜੇ ਮੈਂ ਕੁਝ ਥੋੜੇ ਜਿਹੇ ਸੁਝਾਉ ਦਿੱਤੇ ਹਨ ਉਨ੍ਹਾਂ ਤੇ ਅਮਲ ਕਰੋ ਤਾਂ ਹੀ ਇਹ ਮਸਲਾ ਹੱਲ ਹੋ ਸਕਦਾ ਹੈ। ਆਪ ਦਾ ਸ਼ੁਕਰੀਆ।

ਬਿਜਲੀ ਅਤੇ ਸਿੰਚਾਈ ਮੰਤਰੀ (ਸ੍ਰੀ ਗੁਰਮੇਲ ਸਿੰਘ) : ਡਿਪਟੀ ਸਪੀਕਰ ਸਾਹਿਬ, ਜਿਵੇਂ ਕਿ ਤੁਹਾਨੂੰ ਪਤਾ ਹੈ ਬਿਜਲੀ ਬੋਰਡ ਇਕ ਅਟਾਨਮਸ ਬੋਰਡ ਹੈ। ਸੋ ਫਿਰ ਵੀ ਜੋ ਕੁਝ ਡਿਸਕਸ ਹੋ ਰਿਹਾ ਹੈ ਉਸ ਦੇ ਲਈ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ 1969-70 ਵਿੱਚ ਜੋ ਰੈਵੀਨਿਊ ਰਸੀਟ ਹੋਇਆ ਹੈ ਉਹ 17 ਕਰੋੜ 96 ਲੱਖ ਰੁਪਿਆ ਹੈ ਔਰ ਜੋ ਰੈਵਨਿਊ ਐਕਸਪੈਂਡੀਚਰ ਹੈ ਉਹ 21 ਕਰੋੜ 2 ਹਜ਼ਾਰ ਰੁਪਿਆ ਹੈ। ਜੋ ਲਾਸ ਹੈ ਉਹ 3.06 ਕਰੋੜ ਰੁਪਏ ਦਾ ਬਣਦਾ ਹੈ। 1970-71 ਦਾ ਜੋ ਰੈਵਨਿਊ ਰਸੀਟ ਹੈ ਉਹ 18.28 ਕਰੋੜ ਰੁਪਏ ਹੈ ਅਤੇ ਰੈਵਨਿਯੂ ਐਕਸਪੈਨੀਡੀਚਰ ਜਿਹੜਾ ਹੈ ਉਹ 27.12 ਕਰੋੜ ਰੁਪਏ ਦਾ ਹੈ। ਇਸ ਦਾ ਜੋ ਲਾਸ ਬਣਦਾ ਹੈ ਉਹ ਹੈ 8.84 ਕਰੋੜ ਰੁਪਿਆ। ਇਸੇ ਤਰ੍ਹਾਂ 1971-72 ਦਾ ਜੋ ਸਟੇਟ ਰੈਵਨਿਯੂ ਰਸੀਟ ਹੈ ਉਹ 20.85 ਕਰੋੜ ਰੁਪਿਆ ਹੈ ਅਤੇ ਐਕਸਪੈਨਡੀਚਰ ਜੋ ਹੈ ਉਹ 33.25 ਕਰੋੜ ਰੁਪਏ ਹਨ। ਇਸ ਦਾ ਲਾਸ ਜੋ ਹੈ ਉਹ 12.40 ਕਰੋੜ ਰੁਪਿਆ ਬਣਦਾ ਹੈ। ਇਸ ਦੀ ਵਜ੍ਹਾ ਕੀ ਹੈ ? ਇਸ ਦੀ ਵਜ੍ਹਾ ਇਹ ਹੈ ਕਿ ਇਕ ਤਾਂ ਇਸ ਦੇ ਜੋ ਖਰਚੇ ਹਨ ਉਹ ਵੱਧੇ ਹਨ ਪਰ ਜੋ ਬਿਜਲੀ ਦੇ ਰੇਟ ਸਾਨੂੰ ਵਧਾਉਣੇ ਚਾਹੀਦੇ ਸੀ ਉਹ ਅਸੀਂ ਬਿਜਲੀ ਬੋਰਡ ਵਾਲਿਆਂ ਨੇ ਨਹੀਂ ਵਧਾਏ। ਫਿਰ ਜੋ ਕਾਮਨ ਪੂਲ ਵਿੱਚ ਬਿਜਲੀ ਉਹ ਦਿੰਦੇ ਹਨ ਉਸ ਦੀ ਜਿਹੜੀ ਰਸੀਟ ਮੰਨੀ ਹੈ ਉਹ ਨਹੀਂ ਆਈ। ਤੀਜਾ ਕਾਰਨ ਕਮਿਸ਼ਨਿੰਗ ਦਾ ਹੈ। ਜਿਹੜੇ ਸੈਟ ਵਗੈਰਾ ਲਏ ਸੀ ਜਿਸ ਨੇ ਉਹ ਚਲਾਏ ਨਹੀਂ ਉਹ ਅਸੀਂ ਹੁਣ ਚਲ

[ਸ੍ਰੀ ਗੁਰਮੇਲ ਸਿੰਘ],

ਰਹੇ ਹਾਂ । ਉਸ ਦੀ ਜਿਹੜੀ ਇਨਵੈਸਟਮੈਂਟ ਹੋਈ ਹੈ ਉਸ ਦਾ ਜੋ ਇਨਟਰੈਸਟ ਹੈ ਉਹ ਵੀ ਸਾਨੂੰ ਦੇਣਾ ਪੈਂਦਾ ਹੈ । ਚੌਥੀ ਵਜਾ ਇਹ ਹੈ ਕਿ ਇਨਡੋ ਪਾਕ ਵੇਲੇ ਜਿੰਨਾ ਬਾਰਡਰ ਦੇ ਏਰੀਏ ਵਿੱਚ ਪਿੰਡਾਂ ਨੂੰ ਬਿਜਲੀ ਦਿੱਤੀ ਹੈ, ਟਿਊਬਵੈਲਾਂ ਨੂੰ ਬਿਜਲੀ ਦਿੱਤੀ ਹੈ ਉਹਨਾਂ ਤੇ ਜੋ ਬਿਲ ਲੈਂਦੇ ਸੀ ਉਸ ਦੇ ਵੀ ਪੈਸੇ ਸਾਨੂੰ ਨਹੀਂ ਆਏ । ਇਨਾਂ ਬਿਲਾਂ ਦੀ ਜਿਹੜੀ ਅਮਾਊਂਟ ਹੈ ਬਿਜਲੀ ਬੋਰਡ ਨੇ ਸਾਡੀ ਸਰਕਾਰ ਦੀ ਰਿਕੁਮੈਂਡੇਸ਼ਨ ਤੇ ਅਤੇ ਲੋਕਾਂ ਦੀ ਡੀਮਾਂਡ ਨੂੰ ਮੁੱਖ ਰਖਦੇ ਹੋਏ ਸੈਂਟਰ ਦੀ ਸਰਕਾਰ ਨੂੰ ਲਿਖਿਆ ਹੈ ਕਿ ਇਹ ਜਿਹੜੀ ਅਮਾਊਂਟ ਹੈ ਇਹ ਮਾਫ ਕੀਤੀ ਜਾਵੇ । ਕਿਉਂਕਿ ਸੈਂਟਰ ਦੀ ਸਰਕਾਰ ਬਾਰਡਰ ਏਰੀਏ ਦੇ ਲੋਕਾਂ ਨੂੰ ਹਮੇਸ਼ਾ ਹੀ ਕਨਸੈਸ਼ਨ ਦਿੰਦੀ ਹੈ । ਪੰਜਵੀਂ ਵਜਾ ਇਹ ਹੈ ਕਿ ਜਿਹੜੀ ਬਿਜਲੀ ਅਸੀਂ ਬਾਹਰੋਂ ਅਰਥਾਤ ਹਿਮਾਚਲ ਪ੍ਰਦੇਸ਼ ਤੋਂ ਖਰੀਦਦੇ ਹਾਂ ਜਾਂ ਜਿਸ ਤਰ੍ਹਾਂ ਮੱਧ ਪ੍ਰਦੇਸ਼ ਤੋਂ (ਸਤਪੁੜੇ ਤੋਂ) ਅਸੀ ਬਿਜਲੀ ਲਈ ਹੈ ਇਸ ਦੇ ਵਿੱਚ ਸਾਨੂੰ ਜ਼ਿਆਦਾ ਪੇਮੈਂਟ ਕਰਨੀ ਪੈਂਦੀ ਹੈ, ਇਸ ਕਰਕੇ ਵੀ ਸਾਨੂੰ ਲਾਸ ਹੋਇਆ ਹੈ ।

ਇਸ ਤੋਂ ਬਾਅਦ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਨੇ ਗੌਰਮੈਂਟ ਨੂੰ ਛਡ ਕੇ ਜਿਹੜਾ ਲੋਨ ਲਿਆ ਹੋਇਆ ਹੈ ਐਲ. ਆਈ. ਸੀ. ਤੋਂ ਜਾਂ ਕਿਸੇ ਬੈਂਕ ਤੋਂ ਜਾਂ ਕਿਸੇ ਹੋਰ ਏਜੰਸੀ ਤੋਂ ਉਸ ਦਾ ਇੰਟਰੈਸਟ 16.53 ਕਰੋੜ ਬਣਦਾ ਸੀ ਜਿਹੜਾ ਬੋਰਡ ਦੇ ਨਹੀਂ ਸਕਿਆ ਅਤੇ ਗੌਰਮਿੰਟ ਨੇ ਦਿੱਤਾ ਹੈ । ਇਹ ਜਿਹੜੇ ਦੋ ਚਾਰ ਪੁਆਇੰਟਸ ਮੈਂ ਦੱਸੇ ਹਨ ਇਨ੍ਹਾਂ ਦੀ ਵਜਾ ਨਾਲ ਸਾਨੂੰ ਲਾਸ ਹੋਇਆ ਅਤੇ ਬਿਜਲੀ ਬੋਰਡ ਦੀ ਮਾਲੀ ਹਾਲਤ ਖਸਤਾ ਹੋ ਗਈ ।

ਜਿਥੋਂ ਤਕ ਇਹ ਸੁਆਲ ਹੈ ਕਿ ਅਸੀਂ ਬਿਜਲੀ ਬੋਰਡ ਨੂੰ ਸੰਵਾਰਨਾ ਹੈ ਅਸੀਂ ਬੋਰਡ ਨੂੰ ਸ਼ੁਧ ਕਰਨਾ ਹੈ । ਜਿੱਥੋਂ ਤਕ ਪੁਰਾਣੇ ਗੰਦ ਦਾ ਸੁਆਲ ਹੈ ਜਿਹੜਾ ਮੇਰੇ ਇਨ੍ਹਾਂ ਵੀਰਾਂ ਨੇ ਪਾਇਆ ਹੈ ਅਤੇ ਸਾਡੀ ਗੌਰਮਿੰਟ ਦੇ ਜ਼ਿਮੇ ਲਗਾ ਹੈ ਉਹ ਅਸੀਂ ਸਾਫ਼ ਕਰ ਰਹੇ ਹਾਂ ਅਤੇ ਕਰ ਦਿਆਂਗੇ ਇਕ ਮੇਰੇ ਅਕਾਲੀ ਵੀਰ ਨੇ ਕਿਹਾ ਹੈ ਕਿ ਬੋਰਡ ਸਿਆਸੀ ਅਖਾੜਾ ਬਣਿਆ ਹੋਇਆ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਸ ਨੂੰ ਸਿਆਸੀ ਅਖਾੜਾ ਬਣਾਇਆ ਕਿਸ ਨੇ ? ਉਥੇ ਪੁਲੀਟੀਕਲ ਬੰਦੇ ਮੈਂਬਰ ਕਿਸ ਨੇ ਲਏ ?

ਦੂਜੀ ਗੱਲ ਕੀਤੀ ਗਈ ਬੋਰਡ ਦੀ ਫਾਰਮੇਸ਼ਨ ਬਾਰੇ । ਕਈ ਦੋਸਤਾਂ ਨੇ ਇਸ ਬਾਰੇ ਗੱਲਾਂ ਕੀਤੀਆਂ । ਮਰੜ੍ਹੀ ਸਾਹਿਬ ਨੇ ਵੀ ਕਿਹਾ । ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਵੀ ਬੋਰਡ ਬਣਾਇਆ ਸੀ ਅਤੇ ਅਸੀਂ ਵੀ ਬਣਾਇਆ ਹੈ, ਤੁਸੀਂ ਆਪੇ ਅੰਦਾਜ਼ਾ ਲਾ ਲਵੋ ਕਿ ਕਿਹੜਾ ਅੱਛਾ ਹੈ। ਇਥੇ ਇਹ ਵੀ ਕਿਹਾ ਗਿਆ ਹੈ ਕਿ ਜਿਹੜਾ ਚੇਅਰਮੈਨ ਲਾਇਆ ਹੈ ਉਹ ਕੁਰਪਟ ਲਾਇਆ ਹੈ । ਅਤੇ ਸੀ. ਪੀ. ਆਈ. ਵਾਲਿਆਂ ਨੇ ਵੀ ਕੁਝ ਚਾਰਜਿਜ਼ ਲਾਏ । ਜਿੱਥੋਂ ਤਕ ਉਨ੍ਹਾਂ ਦੇ ਚਾਰਜਿਜ਼ ਦਾ ਤੁਅਲਕ ਹੈ ਅਸੀਂ ਇਨਕੁਆਇਰੀ ਕਰਾਈ ਸੀ ਅਤੇ ਉਹ (ਚੇਅਰਮੈਨ) ਉਸ ਤੋਂ ਬਰੀ ਹੋ ਗਿਆ ਸੀ। ਇਨਕੁਆਇਰੀ ਏਜੰਸੀ ਨੇ ਉਨ੍ਹਾਂ ਨੂੰ ਬਰੀ ਕੀਤਾ ਹੈ । ਉਸ ਦੇ ਖਿਲਾਫ ਕੋਈ ਦੋਸ਼ ਸਿਧ ਨਹੀਂ ਹੋਇਆ ।

ਕਾਮਰੇਡ ਸਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਸਾਡੇ ਚਾਰਜਿਜ਼ ਤੇ ਇਨਕੁਆਇਰੀ ਹੋਈ ਸੀ ਤਾਂ ਸਾਨੂੰ ਬੁਲਾ ਕੇ ਪੁਛਦੇ ਤਾਂ ਸਹੀ, ਆਪੇ ਹੀ ਚਾਰਜਿਜ਼ ਤੋਂ ਐਗਜ਼ਨਰੇਟ ਕਰ ਦਿੱਤੇ । (ਵਿਘਨ)

ਸਿੰਚਾਈ ਅਤੇ ਬਿਜਲੀ ਮੰਤਰੀ: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀ ਨਾ ਤੇ ਕਦੇ ਤਸਲੀ ਹੋਈ ਹੈ ਅਤੇ ਨਾ ਹੀ ਹੋਣੀ ਹੈ । (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਬੰਦੇ ਅਸੀਂ ਲਾਉਂਦੇ ਹਾਂ ਜਾਂ ਜਿਹੜੇ ਲਾਏ ਹਨ ਉਹ ਬੜੇ ਕਾਬਲ ਅਤੇ ਇੰਟੈਗਰਿਟੀ ਦੇ ਬੰਦੇ ਹਨ । ਅਸੀਂ ਦੇਸ਼ ਭਗਤ ਜਾਂ ਦੇਸ਼ ਭਗਤਾਂ ਦੇ ਲੜਕੇ ਲਾਉਂਦੇ ਹਾਂ। ਉਨ੍ਹਾਂ ਦੀ ਕਾਬਲੀਅਤ ਵੇਖਦੇ ਹਾਂ ਐਵੇਂ ਨਹੀਂ ਫੜ ਕੇ ਲਾ ਦਿੰਦੇ ।

ਸਰਦਾਰ ਅਜਾਇਬ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਇਨਫਰਮੇਸ਼ਨ ਇਹ ਹੈ ਕਿ ਮਨਿਸਟਰ ਸਾਹਿਬ ਨੇ ਵੀ ਇਲੈਕਟਰਿਸਟੀ ਐਕਟ ਪੜ੍ਹਿਆ ਹੋਣਾ ਹੈ ਉਥੇ ਕਿਥੇ ਲਿਖਿਆ ਹੋਇਆ ਹੈ ਕਿ ਐਡਮਨਿਸਟਰੇਟਿਵ ਮੈਂਬਰ ਦੇਸ਼ ਭਗਤ ਜਾਂ ਉਨ੍ਹਾਂ ਦੇ ਲੜਕੇ ਲਾਏ ਜਾਣ। ਉਸ ਦੇ ਵਿੱਚ ਤਾਂ ਇਹ ਹੈ ਕਿ ਉਸ ਦਾ ਫਾਇਨਾਂਸ਼ੀਅਲ ਐਕਸਪੀਰੀਐਂਸ ਆਦਿ ਹੋਣਾ ਚਾਹੀਦਾ ਹੈ । (ਵਿਘਨ)

ਸਿੰਚਾਈ ਅਤੇ ਬਿਜਲੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ ਜਿਹੜੇ ਵੀ ਮੈਂਬਰ ਲਾਏ ਹਨ ਜੋ ਵੀ ਕੁਆਲੀਫਿਕੇਸ਼ਨਜ਼ ਐਕਟ ਵਿੱਚ ਪਰੋਵਾਈਡਿਡ ਹਨ ਉਸ ਦੇ ਮੁਤਾਬਕ ਹੀ ਲਾਉਂਦੇ ਹਾਂ । ਅਸੀਂ ਨਾ-ਕਾਬਲ ਬੰਦੇ ਨਹੀਂ ਲਾਉਂਦੇ, ਪੁਲੀਟੀਕਲ ਬੰਦੇ ਨਹੀਂ ਲਾਉਂਦੇ । (ਵਿਘਨ) ਮੈਂ ਮਰਹੜੀ ਸਾਹਿਬ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਬਿਜਲੀ ਦਾ ਮਸਲਾ ਬੜਾ ਨਾਜ਼ਕ ਮਸਲਾ ਹੁੰਦਾ ਹੈ ਜੇ ਕਿਤੇ ਨੰਗੀ ਤਾਰ ਨੂੰ ਹਥ ਲਗ ਗਿਆ ਤਾ......(ਵਿਘਨ)

ਸਰਦਾਰ ਕਰਨੈਲ ਸਿੰਘ ਮਰਹੜੀ : ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਦੇਸ਼ ਭਗਤਾਂ ਦੇ ਮੁੰਡੇ ਲਾਉਂਦੇ ਹਨ......(ਵਿਘਨ)

Mr. Deputy Speaker : Please resume your seat and do not interrupt.

ਸਿੰਚਾਈ ਅਤੇ ਬਿਜਲੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਥੇ ਫਲੈਟ ਰੇਟ ਦੇ ਬਾਰੇ ਵੀ ਬੜੀ ਚਰਚਾ ਕੀਤੀ ਗਈ । ਇਸ ਬਾਰੇ ਜੋਗਾ ਸਾਹਿਬ ਅਤੇ ਚੌਧਰੀ ਦਰਸ਼ਨ ਸਿੰਘ ਵਲੋਂ ਭੀ ਕਿਹਾ ਗਿਆ। ਇਸ ਬਾਰੇ ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਇਹ ਫਲੈਟ ਰੇਟ ਜੁਲਾਈ, 1968 ਵਿੱਚ ਲਾਗੂ ਕੀਤਾ ਗਿਆ ਸੀ। ਉਸ ਸਮੇਂ ਇਹ ਫ਼ਲੈਟ ਰੇਟ ਬਿਜਲੀ ਬੋਰਡ ਨੇ ਸ਼ੁਰੂ ਕੀਤਾ ਸੀ । ਇਹ ਸਿਸਟਮ ਉਸ ਵਕਤ 4 ਘੰਟੇ ਡੇਲੀ ਰੈਗੂਲਰ ਬਿਜਲੀ ਦੀ ਸਪਲਾਈ ਦੇ ਆਧਾਰ ਤੇ ਚਾਲੂ ਕੀਤਾ ਗਿਆ ਔਰ ਅੱਜ ਅਸੀਂ ਘੱਟੋ ਘੱਟ ਬਿਜਲੀ 8 ਘੰਟੇ ਜ਼ਿਮੀਂਦਾਰ ਨੂੰ ਸਪਲਾਈ ਕਰਦੇ ਹਾਂ ਕਿਉਂਕਿ ਇਹ ਸੋਇੰਗ ਸੀਜ਼ਨ ਹੈ । ਉਸ ਵਕਤ 16 ਫੀ ਸਦੀ ਲੋਡ ਫੈਕਟਰਜ਼ 4 ਘੰਟੇ ਡੇਲੀ ਨੂੰ ਮੁੱਖ ਰਖ ਕੇ ਫਲੈਟ ਰੇਟ ਦੀ ਕੀਮਤ ਮੁਕਰਰ ਕੀਤੀ ਗਈ ਸੀ । ਮੈਂ ਸਮਝਦਾ ਹਾਂ ਕਿ ਇਹ ਫਲੈਟ ਰੇਟ ਦਾ ਸਿਸਟਮ ਕੰਟੀਨਿਊ ਕਰਨਾ ਚਾਹੀਦਾ ਹੈ ਅਤੇ ਇਸ ਦੇ ਵਿੱਚ ਜੋ ਰੇਟ ਦੀ ਕਮੀ ਦੀ ਮੰਗ ਕੀਤੀ ਗਈ ਹੈ ਓਹ ਨਹੀਂ ਹੋ ਸਕਣੀ, ਕਿਉਂਕਿ ਪਹਿਲਾਂ ਹੀ ਡੇਲੀ 4 ਘੰਟੇ ਦੇ ਆਧਾਰ ਉਤੇ ਫਲੈਟ ਰੇਟ ਦੀ ਰਕਮ ਮਿਥੀ ਗਈ ਹੈ । ਇਨ੍ਹਾਂ ਅਕਾਲੀ ਵੀਰਾਂ ਨੇ ਆਪ ਹੀ ਫਲੈਟ ਰੇਟ ਲਾਗੂ ਕੀਤਾ ਅਤੇ ਆਪ ਹੀ ਮੰਗ ਕਰਦੇ ਹਨ ਕਿ ਹਟਾ ਦਿਤਾ ਜਾਏ । (ਵਿਘਨ) (ਇਕ ਅਵਾਜ਼) : ਕਿਥੇ ਲਿਖਿਆ ਹੋਇਆ ਹੈ ਕਿ 4 ਘੰਟੇ ਦੇ ਅਧਾਰ ਉਤੇ ਫਲੈਟ ਰੇਟ ਲਾਗੂ ਕੀਤਾ ਗਿਆ ਸੀ ।)

[ਸ੍ਰੀ ਗੁਰਮੇਲ ਸਿੰਘ]

ਇਹ ਗੱਲ ਬਿਲਕੁਲ ਠੀਕ ਹੈ ਕਿ 16 ਘੰਟੇ ਲੋਡ ਫੈਕਟਰਜ਼ ਅਤੇ 4 ਘੰਟੇ ਦੇ ਅਧਾਰ ਤੇ ਇਹ ਫਲੈਟਰੇਟ ਬਣਾਇਆ ਗਿਆ ਸੀ । ਹੁਣ ਵੀ ਜਦੋਂ 11 ਤਾਰੀਖ ਤੋਂ ਬਿਜਲੀ ਦੀ ਬੜੀ ਕਮੀ ਹੋ ਗਈ ਤਾਂ ਅਸੀਂ ਕਿਸਾਨਾਂ ਨੂੰ 8 ਘੰਟੇ ਬਿਜਲੀ ਦਿੰਦੇ ਰਹੇ ਹਾਂ । ਅਸੀਂ ਸੋਇੰਗ ਤੇ ਪੂਰੀ ਬਿਜਲੀ ਦਿੰਦੇ ਰਹੇ ਅਤੇ ਇੰਡਸਟਰੀ ਤੇ ਕਟ ਲਾਈ । ਅਸੀਂ ਪੰਜਾਬ ਦੇ ਕਿਸਾਨ ਦਾ ਨੁਕਸਾਨ ਨਹੀਂ ਹੋਣ ਦਿਤਾ । ਪੰਜਾਬ ਦੇ ਕਿਸਾਨ ਨੂੰ ਟਿਊਬਵੈਲਜ਼ ਲਈ ਪੂਰੀ ਪੂਰੀ ਬਿਜਲੀ ਸਪਲਾਈ ਕੀਤੀ । ਅਸੀਂ ਇਸ ਗਲ ਦੀ ਬੜੀ ਕੋਸ਼ਿਸ਼ ਕੀਤੀ ਕਿ ਬਿਜਲੀ ਦੀ ਕਮੀ ਦੇ ਕਾਰਣ ਕਿਸਾਨ ਦੀ ਫਸਲ ਬੀਜਣੋਂ ਨਾ ਰਹਿ ਜਾਏ । ਪੰਜਾਬ ਨੂੰ ਇਹ ਮਾਣ ਹੈ ਕਿ ਉਹ ਮੁਲਕ ਦੇ ਅੰਨ ਦਾ ਭੰਡਾਰ ਹੈ ਅਸੀਂ ਪੰਜਾਬ ਦੀ ਇਸ ਸ਼ਾਨ ਨੂੰ ਕਾਇਮ ਰਖਣਾ ਚਾਹੁੰਦੇ ਹਾਂ । ਅਸੀਂ ਇਹ ਵੀ ਚਾਹੁੰਦੇ ਹਾਂ ਕਿ ਕਿਸਾਨ ਦੀ ਪ੍ਰੋਡੈਕਸ਼ਨ ਵੱਧੇ ਅਤੇ ਉਨ੍ਹਾਂ ਦੀ ਜੇਬ ਵਿਚ ਪੈਸੇ ਆਉਣ ਅਤੇ ਉਹ ਖੁਸ਼ਹਾਲ ਰਹੇ । ਇਸ ਲਈ ਉਸ ਦੀ ਬਿਜਾਈ ਵਿਚ ਕਿਸੇ ਕਿਸਮ ਦੀ ਕੋਈ ਦਿਕਤ ਨਹੀਂ ਆਉਣ ਦਿਤੀ । (ਵਿਘਨ)

ਡਿਪਟੀ ਸਪੀਕਰ ਸਾਹਿਬ ਇਥੇ ਬੜਾ ਚਰਚਾ ਚਲਿਆ ਹੈ ਕਿ ਬਿਜਲੀ ਦੇ ਮੀਟਰਾਂ ਦੀ ਦਰ ਵਧਾ ਦਿਤੀ ਗਈ ਹੈ । ਅਤੇ ਦੂਜੇ ਇਹ ਵੀ ਕਿਹਾ ਗਿਆ ਹੈ ਕਿ ਮੀਟਰਾਂ ਦਾ ਅਮਾਊਂਟ ਵਧਾ ਦਿਤਾ ਗਿਆ ਹੈ । ਮੈਂ ਅਰਜ਼ ਕਰਾਂ ਕਿ 1954 ਵਿਚ ਮੀਟਰ ਦੀ ਕੀਮਤ 30 ਰੁਪਏ ਸੀ ਅਤੇ ਉਸੇ ਮੀਟਰ ਦੀ ਕੀਮਤ 1970 ਵਿਚ 50 ਰੁਪਏ ਹੋ ਗਈ । ਇਸ ਕਰਕੇ ਇਹ ਰਕਮ ਵਧਾ ਦਿਤੀ ਗਈ ਹੈ । ਦੂਜੀ ਗੱਲ ਇਹ ਵੀ ਹੈ ਕਿ ਅਗੇ ਇਕ ਮਹੀਨੇ ਬਾਦ ਬਿਲਾਂ ਦੀ ਪੇਮੈਂਟ ਲਈ ਜਾਂਦੀ ਸੀ ਪਰ ਹੁਣ ਦੋ ਮਹੀਨੇ ਦੇ ਇਕਠੇ ਪੈਸੇ ਲਏ ਜਾਂਦੇ ਹਨ । ਪਹਿਲਾਂ ਸਿਰਫ 10 ਰੁਪਏ ਲਏ ਜਾਦੇ ਸਨ ਅਤੇ ਹੁਣ ਇਸ ਲਈ ਰਕਮ ਵਧਾ ਦਿਤੀ ਹੈ ਤਾਂ ਕਿ ਦੂਜੇ ਮਹੀਨੇ ਦੇ ਬਿਲ ਦੀ ਰਕਮ ਦਾ ਰਿਸਕ ਵੀ ਕਵਰ ਹੋ ਜਾਏ । ਕਿਸੇ ਨੂੰ ਦੁਖੀ ਕਰਨ ਦਾ ਸਾਡਾ ਕੋਈ ਨਿਸ਼ਾਨਾ ਨਹੀਂ ।

ਜਿਥੋਂ ਤਕ ਬਿਜਲੀ ਦੀ ਚੋਰੀ ਦਾ ਤਾਅਲੁਕ ਹੈ , ਉਸ ਦੇ ਲਈ ਅਸੀਂ ਇਕ ਆਪਣਾ ਵਿਜੀਲੈਂਸ ਅਫਸਰ ਰਖਿਆ ਹੈ । ਇਹ ਅਫਸਰ ਐਕਸ. ਈ. ਐਨ ਦੇ ਰੈਂਕ ਦਾ ਹੈ । ਇਸ ਦੇ ਨਾਲ ਡਿਪਟੀ ਸੁਪਰਡੰਟ ਆਫ ਪੁਲਿਸ , ਦੋ ਐਸ.ਡੀ.ਓ ਅਤੇ ਇਕ ਇਨਸਪੈਕਟਰ ਲਾਇਆ ਹੈ । ਜਿਹੜੇ ਬੰਦੇ ਬਿਜਲੀ ਦੀ ਚੋਰੀ ਕਰਦੇ ਹਨ ਉਨ੍ਹਾਂ ਤੇ ਅਸੀਂ ਫਲੈਟ ਰੇਟ ਚਾਰਜ ਕਰਨ ਤੋਂ ਇਲਾਵਾ ਉਨ੍ਹਾਂ ਦ ਕੁਨੈਕਸ਼ਨ ਵੀ ਕਟ ਦਿੰਦੇ ਹਾਂ ਅਤੇ ਦੁਬਾਰਾ ਕੁਨੈਕਸ਼ਨ ਤਾਂ ਹੀ ਦਿੰਦੇ ਹਾਂ ਜਿਸ ਵੇਲੇ ਕਿ ਉਹ ਸਾਰਾ ਜੁਰਮਾਨਾਂ ਅਤੇ ਪਿਛਲੇ ਏਰੀਅਰ ਦੀ ਅਦਾਇਗੀ ਕਰਨ । ਅਸੀਂ ਉਨ੍ਹਾਂ ਦੇ ਖਿਲਾਫ ਥਾਣੇ ਵਿਚ ਕੇਸ ਵੀ ਰਜਿਸਟਰ ਕਰਵਾਉਂਦੇ ਹਾਂ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਬਾਰਡਰ ਏਰੀਏ ਵਿਚ ਬਿਜਲੀ ਦੇ ਕੁਨੈਕਸ਼ਨ ਦੇਣ ਲਈ ਪ੍ਰਾਇਰਟੀ ਦਾ ਸੁਆਲ ਹੈ, ਅਸੀਂ ਇਹ ਫੈਸਲਾ ਕੀਤਾ ਹੈ ਕਿ 10 ਮੀਲ ਦੀ ਬੇਲਟ ਵਿਚ ਚਾਹੇ ਉਹ ਪਾਕਿਸਤਾਨ ਦਾ ਬਾਰਡਰ ਹੈ । ਹਿਮਾਚਲ ਦਾ ਬਾਰਡਰ ਹੈ , ਹਰਿਆਣੇ ਦਾ ਬਾਰਡਰ ਹੈ ਜਾਂ ਰਾਜਿਸਥਾਨ ਦਾ ਬਾਰਡਰ ਹੈ, ਉਨ੍ਹਾਂ ਨੂੰ 31 ਮਾਰਚ, 1972 ਤਕ ਜਿਨ੍ਹਾਂ ਦੀਆਂ ਐਪਲੀਕੇਸ਼ਨਜ਼ ਆਈਆਂ ਹਨ ਪ੍ਰਾਇਰਟੀ ਦਿਆਂਗੇ । ਦੂਸਰੇ ਪਾਸੇ ਮਾਰਚ 1968 ਤਕ ਜਿਨੀ ਆਂ ਵੀ ਐਪਲੀਕੇਸ਼ਨਾਂ ਆਈਆਂ ਹਨ ਉਨ੍ਹਾਂ ਨੂੰ ਬਿਜਲੀ ਦਿਆਂਗੇ । ਅਸੀਂ ਇਹ ਸਮਝਿਆ ਕਿ ਇਹ ਥੋੜੇ ਕੁਨੈਕਸ਼ਨਜ ਦਿਤੇ ਹਨ ਇਸ ਲਈ ਇਸਨੂੰ ਵਧਾ ਕੇ ਅਸੀਂ ਦਸੰਬਰ 1968 ਤਕ ਜਿਹੜੀਆਂ ਐਪਲੀ-ਕੇਸ਼ਨਾਂ ਆਈਆਂ ਹਨ, ਉਨ੍ਹਾਂ ਨੂੰ ਕੁਨੈਕਸ਼ਨਜ਼ ਦੇਣ ਦਾ ਫੈਸਲਾ ਕੀਤਾ ਹੈ । ਮਿਲਟਰੀ ਦੇ ਕੇਸ ਵਿਚ ਅਤੇ ਹਰੀਜਨਾਂ ਲਈ ਵੀ ਅਸੀਂ ਪ੍ਰਾਇਰਟੀ ਰਖੀ ਹੈ । ਫਿਰ ਜੇ ਕਿਸੇ ਪਬਲਿਕ ਇੰਸਟੀਚਿਊਸ਼ਨ

ਜਾਂ ਰਿਲੀਜਸ ਇੰਸਟੀਚਿਊਸ਼ਨ ਵਿਚ ਕੁਨੈਕਸ਼ਨ ਚਾਹੀਦਾ ਹੈ ਤਾਂ ਉਸ ਨੂੰ ਵੀ ਪ੍ਰਿਰਟੀ ਦਿਤੀ ਜਾਂਦੀ ਹੈ । ਇਸ ਤੋਂ ਇਲਾਵਾ ਜੇ ਕੋਈ ਪੰਚਾਇਤੀ ਸ਼ਾਮਲਾਟ ਦੀ ਜ਼ਮੀਨ ਨੂੰ ਡਿਵੈਲਪ ਕਰਨਾ ਚਾਹੇ ਤਾਂ ਉਸ ਲਈ ਵੀ ਪ੍ਰਾਇਰਟੀ ਦਿਤੀ ਜਾਂਦੀ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਡੀਜ਼ਲ ਸੈਟਸ ਦੀ ਖਰੀਦ ਦੇ ਬਾਰੇ ਵੀ ਕਾਫੀ ਚਰਚਾ ਚਲੀ ਹੈ । ਇਹ 1970 ਵਿਚ ਖਰੀਦੇ ਗਏ । ਇਹ ਕਿਸ ਨੇ ਖਰੀਦੇ ਅਤੇ ਕੀ ਕਮਿਸ਼ਨ ਲਿਆ ਹੈ । ਇਹ ਨਾਂ ਪੁਛਣ ਤਾਂ ਚੰਗਾ ਹੈ। ਇਸ ਦਾ ਤੁਹਾਨੂੰ ਵੀ ਪਤਾ ਹੈ ਤੇ ਸਾਨੂੰ ਵੀ ਪਤਾ ਹੈ । ਉਸ ਵੇਲੇ ਕੌਣ ਮਨਿਸਟਰ ਸੀ ? ਸਾਡੀ ਗੌਰਮਿੰਟ ਤਾਂ ਹੁਣੇ ਬਣੀ ਹੈ । ਬੋਰਡ ਵਾਲਿਆਂ ਨੇ ਇਕ ਇਨਕੁਆਰੀ ਅਫਸਰ ਨਿਯੁਕਤ ਕੀਤਾ ਹੈ ਕਿ ਕਿਸ ਅਫਸਰ ਨੇ ਇਹ ਕਮੀਸ਼ਨ ਲਿਆ ਹੈ । ਜਿਹੜਾ ਤੁਸੀਂ ਕਹਿੰਦੇ ਹੋ ਕਿ 20 ਲੱਖ ਰੁਪਏ ਖਾ ਗਿਆ । ਇਹ ਕਿਸ ਨੇ ਖਾਧਾ ਹੈ । ਮੈਂ ਆਪਣੇ ਲਈ ਅਤੇ ਆਪਣੇ ਸਾਥੀ ਵਜ਼ੀਰਾਂ ਦੇ ਬਾਰੇ ਤਾਂ ਕਹਿ ਸਕਦਾ ਹਾਂ ਕਿ ਕਿਸੇ ਨੇ ਇਹ ਰੁਪਿਆ ਨਹੀਂ ਖਾਧਾ 8 ਕਰੋੜ ਰੁਪਏ ਦੇ 41 ਸੈਟਸ ਖਰੀਦੇ ਗਏ । 30 ਸੈਟਸ ਇਸ ਗੌਰਮਿੰਟ ਨੇ ਆਪਣੇ ਯਤਨਾਂ ਰਾਹੀਂ ਚਾਲੂ ਕੀਤੇ ਹਨ । ਅਸੀਂ 4 ਤੋਂ ਲੈ ਕੇ $4\frac{1}{2}$ ਲੱਖ ਯੂਨਿਟ ਬਿਜਲੀ ਡੇਲੀ ਇਨ੍ਹਾਂ ਤੋਂ ਪੈਦਾ ਕਰ ਰਹੇ ਹਾਂ । ਕਈ ਸੈਟਾਂ ਵਿਚ ਡਿਫੈਕਟ ਲਭੇ ਹਨ ਅਤੇ ਕਈਆਂ ਦੇ ਤਾਂ ਪੁਰਜ਼ੇ ਹੀ ਨਹੀਂ ਲਭਦੇ ।

ਸਰਦਾਰ ਅਜਾਇਬ ਸਿੰਘ ਸੰਧੂ: ਵਜ਼ੀਰ ਸਾਹਿਬ ਕਹਿ ਰਹੇ ਹਨ ਕਿ ਅਸੀਂ ਇਹ ਪੁਰਜ਼ੇ ਲੈ ਗਏ । ਇਕ ਪਾਸੇ ਇਹ ਕਹਿੰਦੇ ਹਨ ਇਹ ਅਟਾਨਮਸ ਬਾਡੀ ਹੈ ਅਤੇ ਦੂਜੇ ਪਾਸੇ ਇਹ ਕਹਿੰਦੇ ਹਨ ਕਿ ਇਹ ਲੈ ਗਏ ।

ਸਿੰਜਾਈ ਅਤੇ ਬਿਜਲੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਤਾਂ ਚੋਰ ਦੀ ਦਾੜ੍ਹੀ ਵਿਚ ਤਿਣਕੇ ਵਾਲੀ ਗਲ ਹੈ । ਜਿਹੜੇ ਸੈਟਸ ਇਸ ਬੋਰਡ ਨੇ ਲਏ ਹਨ, ਉਨ੍ਹਾਂ ਵਿਚੋਂ 30 ਤਾਂ ਅਸੀਂ ਚਲਾ ਦਿਤੇ ਹਨ ਅਤੇ ਬਾਕੀ ਦੇ ਜਿਹੜੇ ਹਨ ਉਹ ਅਸੀਂ ਚਲਾਉਣੇ ਹਨ । ਅਸੀਂ ਜੀ.ਡੀ.ਆਰ. ਤੋਂ 3 ਸੈਟਸ ਮੰਗਾਏ ਜਿਹੜੇ ਕਿ ਅਸੀਂ ਚਲਾਏ ਹਨ । ਮੋਗੇ ਦੋ ਸੈਟਸ ਲਾਏ ਹਨ ਅਤੇ 4 ਸੈਟਸ ਦੋਰਾਹੇ ਵਿਚ ਹੁਣ ਚਲਾਏ ਹਨ । ਸਰਹੰਦ ਵਾਲਾ ਵੀ ਅਸੀਂ ਚਲਾ ਦਿਤਾ ਹੈ । ਪੱਤਣਾਂ ਵੀ ਇਕ ਸੈਟ ਚਲਾਇਆ ਹੈ । ਮੋੜ ਵਾਲਾ ਸੈਟ ਅਜੇ ਅਸੀਂ ਚਲਾਉਣਾ ਹੈ । ਰਸ਼ਿਅਨ ਸੈਟ ਨਕੋਦਰ ਵਿਚ ਦੋ ਹਫਤੇ ਹੋਏ ਕਮਿਸ਼ਨ ਹੋ ਗਿਆ ਹੈ । ਵੇਰਕੇ ਜਿਹੜੇ ਤਿੰਨ ਸੈਟਸ ਲਗਾਣੇ ਹਨ ਉਨ੍ਹਾਂ ਵਿਚੋਂ 2 ਸੈਟ ਮਾਰਚ 1973 ਤਕ ਚਲਾ ਦਿਆਂਗੇ । ਇਕ ਸੈਟ ਜੂਨ, 1973 ਤਕ ਚਲਾ ਦਿਆਂਗੇ । ਇਸ ਤੋਂ ਇਲਾਵਾ ਜਿਹੜੇ ਚੈਕੋਸਲਵਾਕਿਆ ਤੋਂ ਸੈਟ ਖਰੀਦੇ ਹਨ, ਇਨ੍ਹਾਂ ਵਿਚੋਂ ਇਕ ਹਰਸਛੀਨਾ ਚਲ ਰਿਹਾ ਹੈ । ਦੋ ਹੁਸ਼ਿਆਰਪੁਰ ਵਿਚ ਚਲ ਰਹੇ ਹਨ । ਇਕ ਰਹਿੰਦਾ ਹੈ। ਉਹ ਵੀ ਚਲਾ ਦਿਆਂਗੇ । ਜਿਹੜਾ ਹੁਸ਼ਿਆਰਪੁਰ ਰਹਿੰਦਾ ਹੈ ਉਹ 31 ਦਸੰਬਰ ਤੋਂ ਪਹਿਲਾਂ ਚਲਾ ਦਿਆਂਗੇ ।

ਕੁਝ ਇੰਡੀਅਨ ਸੈਟਸ ਹਨ ਜਿਹੜੇ ਕਿ ਅਸੀਂ ਕਿਰਲਾਸਕਰ ਵਾਲਿਆਂ ਤੋਂ ਲਏ ਸਨ । ਉਨ੍ਹਾਂ ਵਿਚੋਂ 4 ਸੈਟਸ ਕਮਿਸ਼ਨ ਹੋਏ ਹਨ । ਚਾਰ ਸੈਟਸ ਅਜੇ ਹੋਰ ਕਮਿਸ਼ਨ ਹੋਣੇ ਬਾਕੀ ਹਨ । ਜਗਰਾਉਂ ਚਾਰ ਸੈਟਸ ਸਨ । ਉਨ੍ਹਾਂ ਵਿਚੋਂ ਤਿੰਨ ਕਮਿਸ਼ਨ ਹੋ ਗਏ ਹਨ ਅਤੇ ਇਕ ਹੋਣ ਵਾਲਾ ਹੈ ।

ਡਿਪਟੀ ਸਪੀਕਰ ਸਾਹਿਬ, ਕੁਮਰਸ਼ਲ ਅਤੇ ਡੋਮੈਸਟਿਕ ਪਰਪਜ਼ਿਜ਼ ਲਈ 1970—71 ਵਿਚ, 77, 426 ਕਨੈਕਸ਼ਨ ਦਿਤੇ ਗਏ ਹਨ । 1971—72 ਵਿਚ ਇਹ 44,998 ਦਿਤੇ ਗਏ ਅਤੇ 1972—73 ਵਿਚ ਇਹ ਕੁਨੈਕਸ਼ਨ 29,857 ਦਿਤੇ ਗਏ । ਅਸੀਂ ਇਹ ਆਰਡਰ ਕੀਤਾ ਹੈ ਕਿ ਡੋਮੈਸਟਿਕ ਕੁਨੈਕਸ਼ਨ ਲਈ

[ਸਿੰਜਾਈ ਅਤੇ ਬਿਜਲੀ ਮੰਤਰੀ]

ਜੋ ਅਪਲਾਈ ਕਰਦਾ ਹੈ ਉਸ ਨੂੰ ਕੁਨੈਕਸ਼ਨ ਦਿਤਾ ਜਾਵੇ । ਇੰਡਸਟਰੀਜ਼ ਨੂੰ 1970—71 ਵਿਚ 840 ਕੁਨੈਕਸ਼ਨ ਦਿਤੇ ਗਏ । 1971—72 ਵਿਚ 1,267 ਕੁਨੈਕਸ਼ਨ ਦਿਤੇ ਗਏ ਅਤੇ 1972—73 ਵਿਚ 1,576 ਕੁਨੈਕਸ਼ਨ ਦਿਤੇ ਗਏ ।

ਡਿਪਟੀ ਸਪੀਕਰ ਸਾਹਿਬ, ਐਗਰੀਕਲਚਰਲ ਟਿਊਬਵੈਲਜ਼ ਲਈ ਕੁਨੈਕਸ਼ਨ 1970—71 ਵਿਚ 10.782 ਦਿਤੇ ਗਏ । 1971—72 ਵਿਚ 5,950 ਦਿਤੇ ਗਏ ਅਤੇ ਇਸ ਸਾਲ 30-11-72 ਤਕ ਅਸੀਂ 8,318 ਟਿਊਬਵੈਲਾਂ ਨੂੰ ਕੁਨੈਕਸ਼ਨ ਦਿਤੇ ਹਨ । (ਤਾੜੀਆਂ) ਬਾਵਜੂਦ ਬਿਜਲੀ ਦੀ ਕਮੀ ਦੇ ਇਸ ਮਾਰਚ ਸਾਲ ਤੋਂ ਪਹਿਲਾਂ ਪਹਿਲਾਂ ਅਸੀਂ 25,000 ਟਿਊਬਵੈਲਾਂ ਨੂੰ ਕੁਨੈਕਸ਼ਨ ਦੇਣੇ ਹਨ । ਇਹ ਟੀਚਾ ਅਸੀਂ ਮਿਥਿਆ ਹੈ ।

ਸਰਦਾਰ ਗੁਰਦੇਵ ਸਿੰਘ ਸਿੱਧੂ: ਡਿਪਟੀ ਸਪੀਕਰ ਸਾਹਿਬ, ਪਾਤੜਾਂ ਵਿਖੇ ਦੋ ਸੈਟਸ ਖਰਾਬ ਪਏ ਹਨ , ਉਹ ਠੀਕ ਨਹੀਂ ਕੀਤੇ । (ਸ਼ੋਰ)

ਸਿੰਜਾਈ ਅਤੇ ਬਿਜਲੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਸੈਟਸ ਲਾਉਣ ਵੇਲੇ ਛੋਟਾ ਮੋਟਾ ਨੁਕਸ ਪੈ ਹੀ ਜਾਂਦਾ ਹੈ । ਜਿਸ ਵੇਲੇ ਨਵੀਂ ਚੀਜ਼ ਚਲਾਈ ਜਾਂਦੀ ਹੈ । ਤਾਂ ਛੋਟਾ ਮੋਟਾ ਨੁਕਸ ਨਿਕਲ ਹੀ ਆਉਂਦਾ ਹੈ। ਸਾਨੂੰ ਇਸ ਦਾ ਬੜਾ ਫਿਕਰ ਹੈ ਕਿਉਂਕਿ ਪੰਜਾਬ ਦੇ ਕਿਸਾਨ ਨੂੰ ਅਸੀਂ ਵਧ ਤੋਂ ਵਧ ਬਿਜਲੀ ਦੇਣੀ ਹੈ ।

ਸ੍ਰੀ ਵਿਸ਼ਵਾ ਮਿਤਰ ਸੇਖੜੀ : ਜਿਹੜੇ ਸੈਟਸ ਇਨ੍ਹਾਂ ਨੇ ਕਿਹਾ ਹੈ ਕਿ ਮਾਰਚ ਤਕ ਚਾਲੂ ਹੋ ਜਾਣਗੇ ਉਨ੍ਹਾਂ ਤੋਂ ਕਿਨੀ ਬਿਜਲੀ ਪੈਦਾ ਹੋਵੇਗੀ ?

ਸਿੰਚਾਈ ਅਤੇ ਬਿਜਲੀ ਮੰਤਰੀ : ਡਿਪਟੀ ਸਪੀਕਰ ਸਾਹਿਬ ਮੈਂ ਦਸਿਆ ਹੈ ਕਿ ਇਨ੍ਹਾਂ ਤੋਂ ਇਸ ਵੇਲੇ 4 ਤੋਂ 4 1/2 ਲੱਖ ਯੂਨਿਟਸ ਲੀ ਬਿਜਲੀ ਮਿਲ ਰਹੀ ਹੈ। ਇਹ ਬਿਜਲੀ ਦਾ ਮਸਲਾ ਹੈ । ਇਹ ਕਦੀ ਵਧਦਾ ਹੈ ਅਤੇ ਕਦੀ ਘੱਟ ਜਾਂਦਾ ਹੈ । ਜਿਸ ਵੇਲੇ ਸਾਰੇ ਸੈਟਸ ਚਾਲੂ ਹੋ ਜਾਣਗੇ । ਤਾਂ ਇਨ੍ਹਾਂ ਤੋਂ 10 ਲੱਖ ਯੂਨਿਟਸ ਬਿਜਲੀ ਡੇਲੀ ਪੈਦਾ ਹੋਵੇਗੀ ।

ਲੇਕਿਨ 24 ਘੰਟੇ ਇਹ ਨਹੀਂ ਚਲ ਸਕਣਗੇ । ਇਸ ਲਈ 6 1/2 ਲੱਖ ਜਾਂ ਸੱਤ ਲੱਖ ਯੂਨਿਟ ਬਿਜਲੀ ਹੀ ਪੈਦਾ ਹੋ ਸਕੇਗੀ ।

ਫਿਰ ਤੁਹਾਨੂੰ ਪਤਾ ਹੈ ਕਿ ਬਿਜਲੀ ਦੀ ਬੜੀ ਹੀ ਘਾਟ ਹੈ । ਇਹ ਕੁਦਰਤੀ ਵੀ ਹੈ ਪਰ ਸ਼ਾਰਟੇਜ ਦਾ ਮਸਲਾ ਬੜਾ ਹੀ ਗੰਭੀਰ ਮਸਲਾ ਹੈ। ਅਤੇ ਅਸੀਂ ਸਮਝਦੇ ਹਾਂ ਕਿ ਭਾਵੇਂ ਅਸੀਂ ਸੈਟਸ ਵੀ ਚਾਲੂ ਕਰ ਲਈਏ ਦੂਜੇ ਸੂਬਿਆਂ ਤੋਂ ਵੀ ਬਿਜਲੀ ਲੈ ਲਈਏ ਸਾਨੂੰ ਅਉਣ ਵਾਲੇ ਸਮੇਂ ਵਿਚ ਬਿਜਲੀ ਦੀ ਘਾਟ ਰਹੇਗੀ । ਹੁਣ ਸਾਨੂੰ 43/44 ਲੱਖ ਯੂਨਿਟਸ ਡੇਲੀ ਬਿਜਲੀ ਮਿਲਦੀ ਹੈ । ਅਤੇ ਸਾਨੂੰ ਚਾਹੀਦੀ ਕਿਤਨੀ ਹੈ ? 70/75 ਲੱਖ ਯੂਨਿਟਸ ਬਿਜਲੀ ਸਾਨੂੰ ਚਾਹੀਦੀ ਹੈ । ਇਸ ਲਈ ਇਹ ਜੋ 32—33 ਲੱਖ ਯੂਨਿਟਸ ਦਾ ਘਾਟਾ ਹੈ ਇਹ ਸਾਰੇ ਪੰਜਾਬ ਨੂੰ ਝਲਣਾ ਪਵੇਗਾ । ਸਾਨੂੰ ਜਿਹੜੀ ਬਿਜਲੀ ਪਹੁੰਚਦੀ ਹੈ ਉਸ ਨੂੰ ਸਾਨੂੰ ਬੜੇ ਹੀ ਸੁਚੱਜੇ ਢੰਗ ਨਾਲ ਵਰਤਣਾ ਚਾਹੀਦਾ ਹੈ । ਤਾਂਕਿ ਅਸੀਂ ਫਸਲਾਂ ਪਾਲ ਸਕੀਏ । ਇਸ ਵਾਸਤੇ ਹੀ ਅਸੀਂ ਇੰਡਸਟਰੀਜ਼ ਤਿੰਨ ਦਿਨ ਆਫ, ਆਟਾ ਚੱਕੀ ਦੋ ਦਿਨ ਆਫ ਰਖੇ ਹਨ ।

ਜਿਥੋਂ ਤਕ ਕਟ ਲਗਾਉਣ ਦਾ ਸਵਾਲ ਹੈ । ਉਹ ਤੁਹਾਨੂੰ ਪਤਾ ਹੈ ਕਿ ਅਸੀਂ 40% ਤਕ ਕਟ ਲਗਾਈ ਹੈ । ਫੈਕਟਰੀਆਂ ਤੇ ਅਤੇ ਰਾਈਸ ਸ਼ੈਲਰਾਂ ਤੇ ਜੋ ਪਾਵਰ ਏਰੀਏ ਵਿਚ ਹਨ ਉਨ੍ਹਾਂ ਤੇ ਇਹ ਕੱਟ ਨਹੀਂ ਲਗਾਈ ਪਰ ਜਿਹੜੇ ਸ਼ੈਲਰ ਬਾਕੀ ਹਨ ਉਨ੍ਹਾਂ ਤੇ ਅਸੀਂ 20% ਕੱਟ ਲਗਾਈ ਹੈ । ਜਿਥੋਂ ਤਕ ਕਾਟਨ ਫੈਕਟਰੀਆਂ ਦਾ ਸਬੰਧ ਹੈ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਜਿਹ ਹਨ । ਇਨ੍ਹਾਂ ਉਤੇ 15% ਕੱਟ ਲਗਾਈ ਹੈ । ਖੰਡ ਦੀਆਂ ਮਿਲਾਂ ਉਤੇ ਕਿਉਂਕਿ ਇਹ ਸੀਜ਼ਨਲ ਇੰਡਸਟਰੀਜ਼ ਵਿਚੋਂ ਹਨ ਉਨ੍ਹਾਂ ਤੇ 10% ਕਟ ਲਗਾਈ ਹੈ । ਤਾਕਿ ਉਹ ਲੋਕ ਜਿਹੜੇ ਦੂਸਰੀਆਂ ਫੈਕਟਰੀਆਂ ਚਲਾਉਂਦੇ ਹਨ ਉਹ ਇਹ ਨਾਂ ਸਮਝਣ ਇਹ ਨਾਂ ਮਹਿਸੂਸ ਕਰਨ ਕਿ ਖੰਡ ਵਾਲਿਆਂ ਨੂੰ ਛੱਡ ਦਿਤਾ ਹੈ । ਉਨ੍ਹਾਂ ਨਾਲ ਰਿਆਇਤ ਕੀਤੀ ਹੈ । ਇਸੇ ਤਰ੍ਹਾਂ ਹੀ 25% ਕੋਲਡ ਸਟੋਰੇਜ਼ ਤੇ ਕੱਟ ਲਗਾਈ ਹੈ ਅਤੇ ਆਈਸ ਫੈਕਟਰੀਆਂ ਤੇ 20% ਲਗਾਈ ਹੈ ।

ਜਿਹੜੇ ਲੋਕ ਸਾਡੇ ਤੋਂ ਬਲੋਕ ਸਪਲਾਈ ਲੈਂਦੇ ਹਨ , ਤਿੰਨ ਸੌ ਯੂਨਿਟਸ ਡਲੀ ਲੈਂਦੇ ਹਨ ਇਨ੍ਹਾਂ ਤੇ 40% ਕੱਟ ਲਗਾਈ ਹੈ । ਇਸ ਲਈ ਬਿਜਲੀ ਦੇ ਆਉਣ ਵਾਲੇ ਸੰਕਟ ਦਾ ਮੁਕਾਬਲਾ ਕਰਨ ਲਈ ਬੜੀ ਸੰਕੋਚ ਨਾਲ ਇਸ ਨੂੰ ਵਰਤਣ ਦੀ ਲੋੜ ਹੈ ।

ਜਿਥੋਂ ਤਕ ਸਾਡੀਆਂ ਕੋਸ਼ਿਸ਼ਾਂ/ਐਫਰਟਸ ਦਾ ਸਵਾਲ ਹੈ ਕਿ ਅਸੀਂ ਕੀ ਕਰਦੇ ਪਏ ਹਾਂ ਹੁਣ ਮੈਂ ਉਹ ਵੀ ਦਸਦਾ ਹਾਂ । ਅਸੀ ਯੂ.ਬੀ.ਟੀ. ਤੋਂ ਟਰਾਈ ਕਰਦੇ ਪਏ ਹਾਂ । ਤੀਜਾ ਯੂਨਿਟ ਵੀ ਚਲਾਉਣਾ ਹੈ। ਸਾਨੂੰ ਸਤਪੁੜੇ ਤੋਂ ਚਾਰ ਪੰਜ ਲਖ ਯੂਨਿਟ ਬਿਜਲੀ ਮਿਲਣੀ ਬੰਦ ਹੋਈ ਹੈ । ਇਸ ਬਾਰੇ ਅਸੀਂ ਸੈਂਟਰ ਦੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਪਲਾਈ ਰੈਗੂਲਰ ਕੀਤੀ ਜਾਵੇ । ਇਸ ਤੋਂ ਅੱਗੇ ਮਰਜ਼ੀ ਸਾਹਿਬ ਨੇ ਆਖਿਆ ਹੈ ਕਿ ਖਾਦ ਫੈਕਟਰੀ ਹੈ । ਇਸ ਮਸਲੇ ਦੇ ਸਬੰਧ ਵਿਚ ਮੈਂ ਦਸਣਾ ਚਾਹੁੰਦਾ ਹਾਂ ਕਿ ਸੀ.ਐਮ.ਸਾਹਿਬ ਪ੍ਰਾਇਮ ਮਨਿਸਟਰ ਸਾਹਿਬਾ ਨਾਲ ਗਲ ਕਰਕੇ ਆਏ ਹਨ । ਇਸ ਸਬੰਧ ਵਿਚ ਅਜ ਫਿਰ ਉਥੇ ਮੀਟਿੰਗ ਚਲ ਰਹੀ ਹੈ ਦੇਖੋ ਓਹ ਕੀ ਫੈਸਲਾ ਕਰਦੇ ਹਨ ।

ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾਂ ਵੀ ਚਲਣਾ ਹੈ । ਇਸ ਤੋਂ ਅੱਗੇ ਜਿਹੜੇ ਇਸ ਵਿਚ ਦੋ ਯੂਨਿਟਸ ਹਨ ਇਕ ਤਾਂ ਸੱਤ ਅਕਤੂਬਰ 1973 ਨੂੰ ਅਤੇ ਦੂਸਰਾ ਅਕਤੂਬਰ 1974 ਨੂੰ ਚਲਣਾ ਹੈ । ਇਹ 110 ਯੂਨਿਟ ਵਾਲਾ ਹੈ । ਫਿਰ ਇਸ ਤੋਂ ਅਗੇ ਗੁਰੂ ਨਾਨਕ ਥਰਮਲ ਪਲਾਂਟ ਦੀ ਐਕਸਟੈਂਸ਼ਨ ਦਾ ਸਵਾਲ ਹੈ। ਉਹ ਵੀ ਇਕ ਅਕਤੂਬਰ 1975 ਨੂੰ ਅਤੇ ਦੂਸਰਾ ਪਲਾਂਟ ਅਕਤੂਬਰ 1976 ਨੂੰ ਚਲਣਗੇ ਅਤੇ ਇਨ੍ਹਾਂ ਤੋਂ ਕਾਫੀ ਬਿਜਲੀ ਪੈਦਾ ਹੋਵੇਗੀ ।

ਇਸੇ ਤਰ੍ਹਾਂ ਹੀ ਰੈਨੋਵੇਸ਼ਨ ਦੀ ਗਲ ਹੈ। ਇਸ ਸਕੀਮ ਤੋਂ ਅਸੀਂ 36/40 ਮੈਗਾਵਾਟਸ ਬਿਜਲੀ ਪੈਦਾ ਕਰਨੀ ਚਾਹੁੰਦੇ ਹਾਂ । ਇਹ ਕੰਮ 1973 ਦੇ ਸ਼ੁਰੂ ਵਿਚ ਕੰਪਲੀਟ ਹੋ ਜਾਵੇਗਾ । ਫਿਰ ਆਨੰਦਪੁਰ ਸਾਹਿਬ ਦੀ ਸਕੀਮ ਬਾਰੇ ਹੈ । ਉਹ ਪ੍ਰਾਜੈਕਟ ਵੀ ਲਗਾਉਣਾ ਹੈ ਪਰ ਉਸ ਬਾਰੇ ਸੈਂਟਰ ਦੀ ਸਰਕਾਰ ਨੂੰ ਕਲੀਅਰੈਂਸ ਬਾਰੇ ਲਿਖਿਆ ਹੋਇਆ ਹੈ ਅਤੇ ਅਜੇ ਕਲੀਅਰੈਂਸ ਨਹੀਂ ਆਈ । ਇਸ ਤੋਂ ਅਗੇ ਜੋਗੀਨ ਡੈਮ ਦੀ ਗੱਲ ਹੈ ਉਸ ਬਾਰੇ ਵੀ ਕਲੀਰੈਂਸ ਨਹੀਂ ਮਿਲਦੀ । ਉਹ ਤੁਹਾਨੂੰ ਪਤਾ ਹੈ ਕਿ ਅਕਾਲੀਆਂ ਦੀ ਮਿਹਰਬਾਨੀ ਨਾਲ ਕੁਝ ਇਲਾਕਾ ਹੁਣ ਹਰਿਆਣੇ ਨੂੰ ਦਿਤਾ ਹੋਇਆ ਹੈ । ਹਰਿਆਣੇ ਵਾਲੇ ਵੀ ਸਾਡੇ ਭਾਈ ਹਨ ਅਤੇ ਉਹ ਵੀ ਇਸ ਨੂੰ ਲੇਟ ਕਰਾ ਰਹੇ ਹਨ । ਇਸ ਤਰ੍ਹਾਂ ਹੀ ਸ਼ਾਹਪੁਰ ਕੰਡੀ ਦਾ ਜੋ ਇਲਾਕਾ ਹੈ ਉਥੇ ਦੋ ਯੂਨਿਟਸ 27/27 ਮੈਗਾਵਾਟ ਦੇ ਲਾਉਣੇ ਹਨ ਅਤੇ ਉਨ੍ਹਾਂ ਬਾਰੇ ਵੀ ਕਲੀਅਰੈਂਸ ਦੀ ਉਡੀਕ ਕਰ ਰਹੇ ਹਾਂ । ਇਸ ਤਰ੍ਹਾਂ ਹੀ ਰੋਪੜ ਦਾ ਜਿਹੜਾ ਅਟਾਮਿਕ ਪਲਾਂਟ ਹੈ, ਉਸ ਦੇ ਬਾਰੇ ਵੀ

[ਸਿੰਜਾਈ ਅਤੇ ਬਿਜਲੀ ਮੰਤਰੀ]

ਅਸੀ ਸੈਂਟਰ ਨੂੰ ਲਿਖਿਆ ਹੋਇਆ ਹੈ। ਸਾਡੀ ਸਕੀਮ ਹੈ ਕਿ ਅਸੀਂ ਜ਼ਿਆਦਾ ਹਾਈਡਰੋ—ਪ੍ਰਾਜੈਕਟਸ ਹੀ ਲਗਾਈਏ ਕਿਉਂਕਿ ਡੀਜ਼ਲ ਪ੍ਰਾਜੈਕਟ ਤੋਂ ਪੈਦਾ ਹੋਈ ਬਿਜਲੀ ਸਾਨੂੰ 30/35 ਪੈਸੇ ਪਰ ਯੂਨਿਟ ਪੈਂਦੀ ਹੈ। ਪਰ ਹਾਈਡਰੋ ਪ੍ਰਾਜੈਕਟਸ ਤੋਂ ਪੈਦਾ ਹੋਈ ਬਿਜਲੀ ਦਸ ਪੈਸੇ ਯੂਨਿਟ ਨੂੰ ਪੈਂਦੀ ਹੈ। ਇਸ ਲਈ ਸਾਡੀ ਇਹ ਹੀ ਕੋਸ਼ਿਸ਼ ਹੈ ਕਿ ਅਸੀਂ ਲੋਕਾਂ ਨੂੰ ਸੱਸਤੀ ਤੋਂ ਸੱਸਤੀ (ਚੀਪ) ਬਿਜਲੀ ਦੇ ਸਕੀਏ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਜਵਾਬ ਦੇਣ ਦਾ ਮੌਕਾ ਦਿਤਾ।

Mr. Deputy Speaker : The House stands adjourned till 10 A.M. to-morrow, the 15th of December, 1972.

8.00 P. M. *(The House then adjourned till 10 A.M. on Friday the 15th of December,* 1972.

743—1-10-73—284 ਕਾਪੀ—ਪੰਜਾਬ ਗੌਰਮਿੰਟ ਪ੍ਰੈਸ, ਪਟਿਆਲਾ।

M

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

15th December, 1972

Vol. III—No. 5

OFFICIAL REPORT

CONTENTS

Friday, the 15th December, 1972

Punjab Vidhan Sabha Secretariat, Chandigarh

ERRATA

TO

PUNJAB VIDHAN SABHA DEBATES

Dated the 15th December, 1972

Vol. III-No. 5

Read	*For*	*Page*	*Line*
ਸ਼੍ਰੀ ਸਰਦਾਰੀ ਲਾਲ ਕਪੂਰ	ਸ਼੍ਰੀ ਸਰਦਾਰੀ ਲਾਲ ਕਪਰ	(5)4	1
ਦੀਆਂ	ਦ	(5)4	1
ਗੁਰਮੇਲ ਸਿੰਘ	ਗੁਰਮਲ ਸਿੰਘ	(5)7	3
ਜਿਹੜੇ	ਜਿਰੜੇ	(5)11	10th from below
ਸਰਦਾਰ ਅਜਾਇਬ ਸਿੰਘ ਸੰਧੂ	ਸਹਦਾਰ ਅਜਾਇਬ ਸਿੰਘ ਸੰਧ	(5)12	1
ਸਰਦਾਰ ਅਜਾਇਬ ਸਿੰਘ ਸੰਧੂ	ਸਰਦਾਰ ਅਜਾਇਥ ਸਿੰਘ ਸੰਧੂ	(5)12	17
ਬਾਅਦ	ਬਾ ਦ	(5)14	last
ਜਿਤਨੇ	ਕਿਤਨੇ	(5)16	18
ਸਰਦਾਰ ਨਸੀਬ ਸਿੰਘ ਗਿੱਲ	ਸਰਦਾਰ ਨਸੀਬ ਸਿੰਘ ਗਿਲ	(5)17	9
ਸਰਦਾਰ ਬਲਵਿੰਦਰ ਸਿੰਘ ਭੂੰਦੜ	ਸਰਦਾਰ ਬਲਵਿੰਦਰ ਸਿੰਘ ਭੂੰਡਰ	(5)19	11
ਲੀਗਲ	ਲੀਕਲ	(5)19	3rd from below
No. 798	Ne. 798	(5)20	foot note
guaranteed	guarnted	(5)32	2nd from below
support	suport	(5)33	10th from below
there	here	(5)35	20
Shri Piara Ram Dhanowali	Shri Piara Ram Dhamnowali	(5)40	last
additional	additionol	(5)42	3rd from below
Shri Joginder Pal Pandey	Shri Joginder Paul Pandey	(5)44	20
feet as	fee as	(5)44	last
Bill	Elli	(5)48	7
ਕਾਮਰੇਡ ਸੱਤ ਪਾਲ ਡਾਂਗ	ਕਾਮਚੰਡ ਸਤ ਪਾਲ ਡਾਂਗ	(5)48	5th from below

ਸਰਦਾਰ ਜਸਵਿੰਦਰ ਸਿੰਘ ਬਰਾੜ	ਸਰਦਾਰ ਜਸਵਿੰਦਰ ਸਿੰਘ ਬਰਾੜ	(5)52	12
ਆਇਆ	ਆਇਅ	(5)53	11
ਕੋਈ	ਕੌਈ	(5)53	12
ਸਰਦਾਰ ਜਸਵਿੰਦਰ ਸਿੰਘ ਬਰਾੜ	ਸਰਦਾਰ ਜਸਵਿੰਦਰ ਸੰਘ ਬਰਾੜ	(5)58	1
ਵੱਡੇ	ਵੰਡੇ	(5)58	7
ਬੱਡਿੰਗ	ਬਰਡਿੰਗ	(5)63	4
ਟੈਂਡੈਂਸੀ	ਟੈਨੇਂਨਸੀ	(5)65	10
ਮੁੱਖ ਮੰਤਰੀ	ਮੁਖ ਮਤਰੀ	(5)72	7
ਹਰ ਇਕ	ਹਰ	(5)73	4th from below
ਬਣੀ	ਬਾਣੀ	(5)75	4
their	heir	(5)77	19
with	wtih	(5)78	13th from below
Giani Arjan Singh Litt	Giani Arjan Singh Lill	(5)79	4
ਨੇ	ਨੂੰ	(5)88	12th from below
ਤਾਂ ਇਸ ਨੂੰ	ਤਾਂ ਇਸ ਤਾਂ ਇਸ ਨੂੰ	(5)88	10th from below
ਇਸ	ਇਜ	(5)100	4th from below
ਗੌਰਮਿੰਟ	ਗੌਰਰਿੰਟ	(5)104	2
would	wonld	(5)104	13
ਡਿਪਟੀ ਸਪੀਕਰ	ਡਿਪਟੀ ਸਪੀਕਕ	(5)106	8
ਆਮਦਨ	ਅਮਦਨ	(5)106	last
speech	Speach	(5)103	13th from below
ordered	order	(5)108	foot-note
ਗੱਲ	ਗੌਲ	(5)110	3
ਕਿ	ਵਿ	(5)110	2nd from below
ਇਥੋਂ	ਇਥ	(5)111	10
then	than	(5)112	last

PUNJAB VIDHAN SABHA

Friday, the 15th December, 1972

The Vidhan Sabha met in the Hall of the Punjab Vidhan Sabha, Vidhan Bhavan, Sector-1, Chandigarh, at 10.00 a. m. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

CHALLANS OF MILK VENDORS

*782. **Chaudhri Ram Singh**: Will the Minister for Finance be pleased to state—

(a) the total number of milk-vendors challaned during the period from 15th March, 1972 to date, district-wise in the State, for the offence of obstructing the Food Inspectors from taking the samples of milk carried by them [(milk vendors);

(b) the final results of challans, referred to in part (a) above ?

Shri Hans Raj Sharma : (a) One in Sangrur District and three in Ropar District only.

(b) In the case of Sangrur District, prosecution has been launched while the three cases of Ropar District are under investigation with the Police.

[(ੳ) ਕੇਵਲ ਇਕ ਸੰਗਰੂਰ ਜ਼ਿਲ੍ਹੇ ਵਿਚ ਅਤੇ ਤਿੰਨ ਰੋਪੜ ਜ਼ਿਲ੍ਹੇ ਵਿਚ ।

(ਅ) ਸੰਗਰੂਰ ਜ਼ਿਲ੍ਹੇ ਦੇ ਕੇਸ ਦਾ ਮੁਕੱਦਮਾ ਦਾਇਰ ਕਰ ਦਿਤਾ ਗਿਆ ਹੈ ਅਤੇ ਰੋਪੜ ਦੇ ਤਿੰਨੇ ਕੇਸ ਪੁਲਿਸ ਤਫਤੀਸ਼ ਕਰ ਰਹੀ ਹੈ ।)

ਚੌਧਰੀ ਰਾਮ ਸਿੰਘ : ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨ ਕਿ ਕੀ ਉਹ ਕੋਈ ਸਖ਼ਤ ਕਾਰਵਾਈ ਕਰਨਗੇ ਤਾਂ ਕਿ ਨਮੂਨੇ ਭਰਨ ਵੇਲੇ ਜਿਹੜੀ ਰੁਕਾਵਟ ਪਾਈ ਜਾਂਦੀ ਹੈ ਉਹ ਰੁਕਾਵਟ ਪਾਉਣ ਦੀ ਕਿਸੇ ਨੂੰ ਜੁਰਤ ਨਾ ਪਏ ?

ਵਿੱਤ ਮੰਤਰੀ: ਹੁਣ ਕਿਸੇ ਕਿਸਮ ਦੀ ਰੁਕਾਵਟ ਨਹੀਂ ਪਾਈ ਜਾਂਦੀ ਅਤੇ ਜੇ ਕੋਈ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੇ ਖਿਲਾਫ ਪ੍ਰੋਸੀਕਿਊਸ਼ਨ ਲਾਂਚ ਹੋ ਜਾਂਦੀ ਹੈ ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਇਕ ਅਨੈਲਿਸਟ ਲੁਧਿਆਣੇ ਫੂਡ ਦਾ ਅਨੈਲੇਸਿਜ਼ ਕਰਨ ਲਈ ਭੇਜਿਆ ਗਿਆ ਸੀ ਪਰ ਉਸ ਦੀਆਂ ਕੁਆਲੀਫਿਕੇਸ਼ਨਜ਼ ਹੀ ਪੂਰੀਆਂ ਨਹੀਂ ਸਨ ?

ਮੰਤਰੀ : ਸਪੀਕਰ ਸਾਹਿਬ, ਵੈਸੇ ਤਾਂ ਇਹ ਸਪਲੀਮੈਂਟਰੀ ਇਸ ਸਵਾਲ ਨਾਲ ਤਾਲੁਕ ਨਹੀਂ ਰੱਖਦਾ, ਪਰ ਮੈਂ ਮਾਨਯੋਗ ਮੈਂਬਰ ਨੂੰ ਦਸਦਾ ਹਾਂ ਕਿ ਉਹ ਐਨੈਲੇਇਸਟ ਮਿਉਨਿਸਪਲ ਕਮੇਟੀ ਦੀ ਰਿਕੁਵੈਸਟ ਤੇ ਉਥੇ ਭੇਜਿਆ ਗਿਆ ਸੀ ਅਤੇ ਮਿਉਨਿਸਪਲ ਕਮੇਟੀ ਵਲੋਂ ਸਾਨੂੰ ਕੋਈ ਸ਼ਿਕਾਇਤ ਨਹੀਂ ਆਈ ਕਿ ਉਸ ਦੀਆਂ ਕੁਆਲੀਫਿਕੇਸ਼ਨਜ਼ ਪੂਰੀਆ ਨਹੀਂ ਹਨ ।

ਸ੍ਰੀ ਸਪੀਕਰ : ਇਕ ਐਮ.ਐਲ.ਏ. ਵਲੋਂ ਸ਼ਿਕਾਇਤ ਜੋ ਆ ਗਈ ਹੈ, ਮਿਉਨਿਸਪਲ ਕਮੇਟੀ ਵਲੋਂ ਸ਼ਿਕਾਇਤ ਆਉਣ ਦੀ ਲੋੜ ਹੈ ? (A complaint has been received from an M.L.A. so there is no need of a complaint from the Municipal Committee.)

ਮੰਤਰੀ : ਸਪੀਕਰ ਸਾਹਿਬ ਸਾਨੂੰ ਮਿਉਨਿਸਪਲ ਕਮੇਟੀ ਵਲੋਂ ਕੋਈ ਸ਼ਿਕਾਇਤ ਨਹੀਂ ਆਈ, ਪਰ ਕਿਉਂਕਿ ਮੈਂਬਰ ਸਾਹਿਬ ਨੇ ਸ਼ਿਕਾਇਤ ਕੀਤੀ ਹੈ ਇਸ ਲਈ ਮੈਂ ਹੁਣ ਫਿਰ ਮਿਉਨਿਸਪਲ ਕਮੇਟੀ ਤੋਂ ਪੁਛ ਲਵਾਂਗਾ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਜੋ ਲੋਕ ਡੇਰੀਆਂ ਨੂੰ ਦੁਧ ਸਪਲਾਈ ਕਰਦੇ ਹਨ ਉਹਨਾਂ ਦੇ ਦੁਧ ਵਿਚ ਚਿਕਨਾਈ ਫੀਡ ਦੇ ਹਿਸਾਬ ਨਾਲ ਹੁੰਦੀ ਹੈ ਪਰ ਹੇਠਲਾ ਅਮਲਾ ਉਨ੍ਹਾਂ ਨੂੰ ਇਸ ਲਈ ਤੰਗ ਕਰਦਾ ਹੈ, ਕੀ ਇਹ ਹੇਠਲੇ ਅਮਲੇ ਨੂੰ ਹਿਦਾਇਤ ਦੇਣਗੇ ਕਿ ਉਹ ਲੋਕਾਂ ਨੂੰ ਇਸ ਗੱਲ ਲਈ ਤੰਗ ਨਾ ਕਰੇ ?

ਸ੍ਰੀ ਸਪੀਕਰ : ਮਸਤਾਨਾ ਜੀ, ਇਹ ਸਵਾਲ ਕੈਪਟਨ ਸਾਹਿਬ ਦਾ ਹੈ ਅਤੇ ਉਹ ਅਜ ਆਏ ਨਹੀਂ । (Mastana ji, this question is to be replied by Captain Sahib, but he is not present today.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਪਰ ਜਨਾਬ ਇਹ ਤਾਂ ਜੁਆਇੰਟ ਰਿਸਪਾਂਸੀਬਿਲਟੀ

ਸ੍ਰੀ ਸਪੀਕਰ : ਫਿਰ ਇਹ ਸਵਾਲ ਮੁਤਲਕਾ ਨਹੀਂ ਹੈ । (Then this question is not relevant.)

FREE ACCOMMODATION FOR MEDICAL OFFICERS IN CERTAIN DISPENSARIES.

*783 **Chaudhri Ram Singh**
Shri Sardari Lal Kapur | Will the Minister for Finance be pleased to state —

(a) whether the Government has opened any dispensaries in the State since 15th February, 1972 where accommodation has been provided free to the Medical Officers; if so, the number thereof;

(b) the number of Medical Officers employed since 15th March 1972 in dispensaries, referred to in para (a) above,

(c) whether the Medical Officers engaged for the dispensaries referred to in part (a) above, have been given clear option of starting their own practice after a period of two years in those very villages ?

Shri Hans Raj Sharma : (a) No, sir.

(b) Question does not arise.

(c) Question does not arise.

[(ਏ) ਨਹੀਂ ਜੀ ।

(ਬੀ) ਸਵਾਲ ਨਹੀਂ ਉਠਦਾ ।

(ਸੀ) ਸਵਾਲ ਨਹੀਂ ਉਠਦਾ ।]

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਕੀ ਉਹ ਕੋਈ ਅਜਿਹੀ ਕਾਰਵਾਈ ਵੀ ਕਰ ਰਹੇ ਹਨ ਕਿ ਪਿੰਡਾਂ ਵਿਚ ਡਿਸਪੈਨਸਰੀਆਂ ਦੇ ਨਾਲ ਹੀ ਡਾਕਟਰਾਂ ਨੂੰ ਫਰੀ ਐਕਮੋਡੇਸ਼ਨ ਦਿਤੀ ਜਾਵੇ ਤਾਂ ਕਿ ਡਾਕਟਰ ਉਥੇ ਜਾਣ ਅਤੇ ਗਰੀਬ ਦਿਹਾਤੀ ਲੋਕਾਂ ਨੂੰ ਵੀ ਡਾਕਟਰੀ ਇਲਾਜ ਮਿਲ ਸਕੇ ?

ਵਿੱਤ ਮੰਤਰੀ : ਅਸੀਂ ਹੁਣ ਇਹ ਇਕ ਨਵੀਂ ਸਕੀਮ ਬਣਾਈ ਹੈ ਕਿ ਜਿਸ ਪਿੰਡ ਵਿਚ ਡਾਕਟਰਾਂ ਨੂੰ ਰੈਜ਼ੀਡੈਂਸ਼ਲ ਅਕਾਮੋਡੇਸ਼ਨ ਦਿਤੀ ਜਾਵੇਗੀ ਅਤੇ ਦੂਜੀ ਐਕਾਮੋਡੇਸ਼ਨ ਦਿਤੀ ਜਾਵੇਗੀ ਸਰਕਾਰ ਉਸ ਪਿੰਡ ਵਿਚ ਹੀ ਨਵੀਆਂ ਡਿਸਪੈਂਸਰੀਆਂ ਖੋਲ੍ਹੇਗੀ । ਹੈਲਥ ਸੈਂਟਰ ਤਾਂ ਪਹਿਲਾਂ ਵੀ ਖੁਲ੍ਹੇ ਹੋਏ ਹਨ ਅਤੇ ਸਰਕਾਰ ਉਨ੍ਹਾਂ ਨਾਲ ਰਜ਼ੀਡੈਂਸ਼ਲ ਐਕਾਮੋਡੇਸ਼ਨ ਵੀ ਦਿੰਦੀ ਹੈ ਪਰ ਡਿਸਪੈਂਸਰੀਆਂ ਉਥੇ ਖਲ੍ਹੀਆਂ ਜਾਣਗੀਆਂ ਜਿਥੇ ਪਿੰਡਾਂ ਵਾਲੇ ਐਕਾਮੋਡੇਸ਼ਨ ਦੇਣਗੇ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਸਵਾਲ ਦੇ ਪਾਰਟ 'ਏ' ਵਿਚ ਇਹ ਪੁਛਿਆ ਗਿਆ ਸੀ ਕਿ ਕੀ 15 ਫਰਵਰੀ 1972 ਤੋਂ ਅੱਜ ਤਕ ਕੋਈ ਅਜਿਹੀਆਂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ ਜਿਥੇ ਮੈਡੀਕਲ ਅਫਸਰਾਂ ਨੂੰ ਰੈਜ਼ੀਡੈਂਸ਼ਲ ਐਕਾਮੋਡੇਸ਼ਨ ਦਿਤੀ ਗਈ ਹੋਵੇ ? ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ, ਨਹੀਂ ਜੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਡਿਸਪੈਂਸਰੀ ਹੀ ਕੋਈ ਨਹੀਂ ਖੋਲ੍ਹੀ ਕਿ ਉਸ ਦੇ ਨਾਲ ਐਕਾਮੋਡੇਸ਼ਨ ਨਹੀਂ ਦਿਤੀ ?

ਮੰਤਰੀ : ਸਪੀਕਰ ਸਾਹਿਬ, ਸਵਾਲ ਵਿਚ ਸਾਫ ਲਿਖਿਆ ਹੋਇਆ ਹੈ:—Whether the Govt. has opened any dispensary in the State since 15th February 1972 where accommodation has been provided free to the Medical Officers. ਮੈਂ ਅਰਜ਼ ਕਰਦਾ ਹਾਂ ਕਿ ਕੋਈ ਡਿਸਪੈਂਸਰੀ ਅਜਿਹੀ ਨਹੀਂ ਖੋਲ੍ਹੀ ਜਿਸ ਦੇ ਨਾਲ ਰੈਜ਼ੀਡੈਂਸ਼ਲ ਐਕਾਮੋਡੇਸ਼ਨ ਦਿਤੀ ਗਈ ਹੋਵੇ । ਪਿੰਡਾਂ ਵਿਚ ਉਨ੍ਹਾਂ ਨੂੰ ਕਿਰਾਇਆ ਆਦਿ ਦੇ ਕੇ ਜਗ੍ਹਾ ਮਿਲ ਜਾਂਦੀ ਹੈ । ਗੌਰਮਿੰਟ ਕੋਈ ਐਕਾਮੋਡੇਸ਼ਨ ਨਹੀਂ ਦਿੰਦੀ । ਹਾਂ ਪ੍ਰਾਇਮਰੀ ਹੈਲਥ ਸੈਂਟਰ ਵਾਲਿਆਂ ਨੂੰ ਰੈਜ਼ੀਡੈਂਸ਼ਲ ਐਕਾਮੋਡੇਸ਼ਨ ਪ੍ਰੋਵਾਈਡ ਕੀਤੀ ਜਾਂਦੀ ਹੈ ।

ਸ੍ਰੀ ਸਰਦਾਰੀ ਲਾਲ ਕਪਰ : ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਪਿੰਡਾਂ ਦ। ਡਿਸਪੈਂਸਰੀਆਂ ਵਿਚ ਕੋਈ ਡਾਕਟਰ ਜਾਣ ਨੂੰ ਤਿਆਰ ਨਹੀਂ ਹੈ ਅਤੇ ਇਸ ਕਰਕੇ ਗਰੀਬ ਪੇਂਡੂ ਲੋਕਾਂ ਨੂੰ ਡਾਕਟਰੀ ਇਲਾਜ ਨਹੀਂ ਮੁਹੱਈਆ ਹੁੰਦਾ. ਕੀ ਇਸ ਪਾਸੇ ਕੁਝ ਉਹ ਕਾਰਵਾਈ ਕਰਨ ਨੂੰ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਅਸੀਂ ਪਿਛਲੇ ਕੁਝ ਮਹੀਨਿਆਂ ਵਿਚ 150 ਡਾਕਟਰ ਰਖ ਚੁਕੇ ਹਾਂ । 150 ਨੂੰ ਹੀ ਪ੍ਰਿਲਿਮਨਰੀ ਟਰੇਨਿੰਗ ਦਿਤੀ ਹੈ । ਅਗੇ ਵਾਸਤੇ ਵੀ ਸਾਡੀ ਇਹ ਸਕੀਮ ਹੈ ਕਿ ਹਰ ਸਾਲ 300 ਡਾਕਟਰ ਮੁਖਤਲਿਫ਼ ਡਿਸਪੈਂਸਰੀਆਂ ਵਿਚ ਭੇਜਣੇ ਹਨ ਅਤੇ ਹਰ ਸਾਲ ਹੀ 5,000 ਦੀ ਅਬਾਦੀ ਮਗਰ ਇਕ ਡਿਸਪੈਂਸਰੀ ਦੇ ਹਿਸਾਬ ਨਾਲ 300 ਡਿਸਪੈਂਸਰੀਆਂ ਖੋਲ੍ਹਣੀਆਂ ਹਨ ।

PROMOTION OF APPRENTICE TELEGRAPHISTS IN THE IRRIGATION DEPARTMENT

*670. **Chaudhri Jagat Ram :** Will the Minister for Irrigation Power be pleased to state —

(a) whether the instruction of Chief Engineer P.W.D. Irrigation Branch contained in letter No. 830-36/GA/6/859, dated 29th January, 1971 for giving promotions to the Apprentice Telegraphists of the Irrigation Department at Punjab level are being fully complied with; if not, the reasons therefor;

(b) the names of the Apprentice Telegraphists working in the said Department together with the date since when they have been continuously working agaist the said posts;

(c) the names of such Apprentice Telegraphists as were appointed as Telegraphists in accordance with the letter of the Chief Engineer referred to in part (a) above together with the dates on which each of them became full fledged Telegraphists.

Sh. Gurmel Singh : (a) Yes.

(b)

1.	Shri Hardyal Singh	since	16th April, 1967
2.	Shri Kehar Singh	,,	15th April, 1970
3.	Shri Samboo Ram	,,	11th January, 1966
4.	Shri Sadhu Ram	,,	14th May, 1969
5.	Shri Benarsi Dass	,,	9th November, 1967
6,	Shri Tarlochan Singh	,,	6th April, 1966
7.	Shri Gian Chand	,,	20th August, 1971
8.	Shri Hari Chand	,,	15th November, 1968
9.	Shri Raj Kumar	,,	4th June, 1970
10.	Shri Tara Singh	,,	19th August, 1970
11.	Shri Jugal Kishore	,,	3rd June, 1971

(c) None except the following three promotions for Administrative reasons in stop-gap arrangements only :—

1. Shri Hardyal Singh since 28th February, 1971
2. Shri Kehar Singh ,, 22nd June, 1972
3. Shri Raj Kumar ,, 8th June. 1972

[(ੳ) ਹਾਂ ।

(ਅ) ਸਰਵਸ਼੍ਰੀ

1.	ਹਰਦਿਆਲ ਸਿੰਘ	16 ਅਪਰੈਲ, 1967 ਤੋਂ
2.	ਕੇਹਰ ਸਿੰਘ	15 ਅਪਰੈਲ, 1970 ਤੋਂ
3.	ਸੰਤ ਰਾਮ	11 ਜਨਵਰੀ, 1966 ਤੋਂ
4.	ਸਾਧੂ ਰਾਮ	14 ਮਈ, 1969 ਤੋਂ
5.	ਬਨਾਰਸੀ ਦਾਸ	9 ਨਵੰਬਰ 1967 ਤੋਂ
6.	ਤਰਲੋਚਨ ਸਿੰਘ	6 ਅਪਰੈਲ, 1966 ਤੋਂ
7.	ਗਿਆਨ ਚੰਦ	20 ਅਗਸਤ, 1971 ਤੋਂ
8.	ਹਰੀ ਚੰਦ	15 ਨਵੰਬਰ, 1968 ਤੋਂ
9.	ਰਾਜ ਕੁਮਾਰ	4 ਜੂਨ 1970 ਤੋਂ
10	ਤਾਰਾ ਸਿੰਘ	19 ਅਗਸਤ, 1970 ਤੋਂ
11.	ਜੁਗਲ ਕਿਸ਼ੋਰ	3 ਜੂਨ 1971 ਤੋਂ

(ੲ) ਕੇਵਲ ਹੇਠ ਲਿਖੀਆਂ 3 ਪੋਸਟਾਂ ਪ੍ਰਸ਼ਾਸਕੀ ਹਿੱਤ ਵਿਚ ਕੰਮ ਚਲਾਊ ਤੌਰ ਤੇ ਭਰੀਆਂ ਹਨ:—

1. ਸ਼੍ਰੀ ਹਰਦਿਆਲ ਸਿੰਘ 28 ਫਰਵਰੀ, 1971
2. ਸ਼੍ਰੀ ਕੇਹਰ ਸਿੰਘ 22 ਜੂਨ, 1972
3. ਸ਼੍ਰੀ ਰਾਜ ਕੁਮਾਰ 8 ਜੂਨ, 1972]

ਚੌਧਰੀ ਜਗਤ ਰਾਮ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਨੰ: 1 ਅਤੇ 2 ਤੋਂ ਬਾਅਦ ਨੰ: 9 ਤੇ ਇਹ ਕਿਉਂ ਆ ਗਏ ਹਨ ਨੰ: 3 ਜਾਂ 4 ਜਾਂ ਹੋਰ ਕਿਉਂ ਨਹੀਂ ਆਏ ?

ਸਿੰਜਾਈ ਅਤੇ ਬਿਜਲੀ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਜੋ ਪੋਸਟਾਂ ਸੀ ਇਹ 2 ਤਾਂ 2 ਬੰਦਿਆਂ ਦੀ ਡੈਥ ਨਾਲ ਖਾਲੀ ਹੋਈਆਂ, ਹੋਰ ਇਕ ਪੋਸਟ ਵੀ ਖਾਲੀ ਹੋ ਗਈ । ਇਹ ਪੋਸਟਾਂ ਐਸ.ਸੀ. ਨੇ ਭਰਨੀਆਂ ਸੀ । ਉਸ ਨੇ ਸਾਰੇ ਸਰਕਲ ਵਿਚੋਂ ਸੀਨੀਅਰ ਬੰਦਿਆਂ ਦੀ ਲਿਸਟ ਮੰਗੀ । ਕਿਉਂਕਿ ਲਿਸਟ ਵਕਤ ਸਿਰ ਨਹੀਂ ਪਹੁੰਚੀ ਅਤੇ ਕੰਮ ਰੁਕਦਾ ਸੀ ਇਸ ਕਰਕੇ ਉਸ ਨੇ ਇਹ ਪੋਸਟਾਂ ਇਸ ਤਰ੍ਹਾਂ ਭਰ ਲਈਆਂ । ਬਾਕੀ ਮੈਂਬਰ ਸਾਹਿਬ ਦਾ ਜੋ ਮਨਸ਼ਾ ਹੈ ਉਹ ਮੈਂ ਸਮਝ ਗਿਆ ਹਾਂ ਅਤੇ ਹੁਣ ਮੈਂ ਉਹ ਪੂਰਾ ਕਰ ਦਿਆਂਗਾ । (ਹਾਸਾ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਮਨਸ਼ਾ ਛੁਪਾ ਕੇ ਕਿਉਂ ਰੱਖਦੇ ਹਨ ਜੀ, ਖੁਲ੍ਹ ਕੇ ਗਲ ਕਰਨ ।

ਚੌਧਰੀ ਦਰਸ਼ਨ ਸਿੰਘ : ਚੌਧਰੀ ਜਗਤ ਰਾਮ ਨੇ ਬੜਾ ਇੰਪਾਰਟੈਂਟ ਕੁਐਸਚਨ ਪੁਟ ਕੀਤਾ ਸੀ ਕਿ 1966 ਵਾਲੇ ਨੂੰ ਲਿਆ ਨਹੀਂ ਅਤੇ ਜਿਹੜਾ 1970 ਵਿਚ ਲਗਾਇਆ ਸੀ ਉਹ ਪਰਮਾਨੈਂਟ ਵੈਕੇਂਸੀ ਤੇ ਲਾ ਦਿਤਾ ਹੈ ? ਇਸ ਬਾਰੇ ਦਸਿਆ ਜਾਵੇ । ਦੂਸਰਾ ਸਪਲੀਮੈਂਟਰੀ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ 1966 ਤੋਂ ਲੈ ਕੇ 1971 ਤਕ ਐਪੁਆਇੰਟਮੈਂਟਸ ਕਰਦੇ ਰਹੇ ਫੇਰ ਜਦ ਕਿ ਇਨ੍ਹਾਂ ਨੇ 1971 ਵਿਚ ਅਪਰਿੰਟਿਸਜ਼ ਰਖੇ ਕੀ ਇਹ 1966 ਵਾਲਿਆਂ ਨੂੰ ਐਬਜ਼ਾਰਬ ਨਹੀਂ ਕਰ ਸਕਦੇ ਸੀ ?

ਮੰਤਰੀ : ਜਿਥੋਂ ਤਕ ਤਾਲੁਕ ਹੈ ਅਪਰਿੰਟਿਸਜ਼ ਦਾ ਪਹਿਲਾਂ ਜੋ ਦਸਿਆ ਹੈ ਉਹੀ ਹੁਣ ਜਵਾਬ ਹੈ, ਅਪਰਿੰਟਿਸਜ਼ ਲਗੇ ਹੋਏ ਹਨ । ਮਗਰੋਂ ਤਿੰਨ ਜਿਹੜੇ ਲਗਾਏ ਹਨ ਇਹ ਪੱਕੇ ਸੀ ਅਤੇ ਅਪਰਿੰਟਿਸਜ਼ ਤੋਂ ਕਢ ਕੇ ਲਗਾਏ ਹਨ । ਜਿਹੜੀ ਕਸਰ ਬਾਕੀ ਰਹਿ ਗਈ ਹੈ ਉਹ ਹੁਣ ਮੇਰੇ ਨੋਟਿਸ ਵਿਚ ਆ ਗਈ ਹੈ ਅਤੇ ਇਹ ਵੀ ਕਢ ਦਿਤੀ ਜਾਵੇਗੀ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਇਨ੍ਹਾਂ ਨੇ ਦਸਿਆ ਕਿ 1966 ਦੇ ਛੱਡ ਕੇ 1971 ਤਕ ਲਗਾਏ ਗਏ । ਕੀ ਇਹ ਠੀਕ ਹੈ ਕਿ ਜਿਹੜੇ ਛਡੇ ਗਏ ਉਹ ਸ਼ੈਡਿਊਲਡ ਕਾਸਟਸ ਸਨ ?

ਮੰਤਰੀ : ਇਹ ਚੀਜ਼ ਇਸ ਸਵਾਲ ਤੋਂ ਨਹੀਂ ਉਠਦੀ ਹੈ । ਉਹ ਸ਼ੈਡਿਊਲਡ ਕਾਸਟਸ ਤਾਂ ਨਹੀਂ । ਜੇ ਸ਼ੈਡਿਊਲਡ ਕਾਸਟਸ ਹੋਣਗੇ ਤਾਂ ਉਨ੍ਹਾਂ ਨੂੰ ਸ਼ੈਡਿਊਲਡ ਕਾਸਟਸ ਦਾ ਹੱਕ ਦਿਤਾ ਜਾਵੇਗਾ । ਜਿਹੜਾ ਹੱਕ ਜਿਸਦਾ ਬਣਦਾ ਹੈ ਉਹ ਜ਼ਰੂਰ ਦਿਤਾ ਜਾਵੇਗਾ ।

ਸਰਦਾਰ ਅਜਾਇਬ ਸਿੰਘ ਸੰਧੂ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸ਼ੈਡਿਊਲਡ ਕਾਸਟਸ ਨੂੰ ਸ਼ੈਡਿਊਲਡ ਕਾਸਟਸ ਦਾ ਹੱਕ ਦਿਤਾ ਜਾਵੇਗਾ । ਮੈਂ ਪੁਛਣਾ ਚਾਹੁੰਦਾ ਹਾਂ ਕਿ ਸ਼ੈਡਿਊਲਡ ਕਾਸਟਸ ਦਾ ਹੱਕ ਤਾਂ ਉਨ੍ਹਾਂ ਨੂੰ ਦਿਤਾ ਜਾਵੇਗਾ ਕੀ ਇਸ ਤੋਂ ਇਲਾਵਾ ਕਿਸੇ ਹੋਰ ਦਾ ਹੱਕ ਵੀ ਇਨ੍ਹਾਂ ਨੂੰ ਦਿਵਾਇਆ ਜਾਵੇਗਾ ?

ਮੰਤਰੀ : ਇਹ ਇਸ ਸਵਾਲ ਵਿਚੋਂ ਨਹੀਂ ਉਠਦਾ ਹੈ ।

ਸ੍ਰੀ ਸਪੀਕਰ : ਸ਼ਕਲ ਤੋਂ ਦੋਨੋਂ ਹੀ ਪੰਡਿਤ ਹੋ । (ਵਿਘਨ) (Both of you look Pandits.)

ਚੌਧਰੀ ਜਗਤ ਰਾਮ : ਹਰੀਜਨਾਂ ਨੂੰ ਸ਼ਕਲ ਤੇ ਨਹੀਂ ਮੰਨਿਆ ਜਾਣਾ ਚਾਹੀਦਾ ਨਹੀਂ ਤਾਂ ਪਤਾ ਨਹੀਂ ਇਹ ਹੱਕ ਕਿਸ ਦਾ ਬਣੇਗਾ । (ਵਿਘਨ)

STARRED QUESTION No. 754

ਅ.ਸ. ਨੰ: 11137-5 ਸਵ-72/

ਗੁਰਮੇਲ ਸਿੰਘ

ਮੰਤਰੀ,

ਸਿੰਜਾਈ ਤੇ ਬਿਜਲੀ ਵਿਭਾਗ, ਪੰਜਾਬ

ਚੰਡੀਗੜ੍ਹ ।

ਦਸੰਬਰ 14, 1972

ਪਿਆਰੇ ਸਰਦਾਰ ਸਾਹਿਬ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 754 ਜੋ ਮਿਤੀ 15 ਦਸੰਬਰ, 1972 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਦਾਨਾ ਰਾਮ ਐਮ.ਐਲ.ਏ: ਅਤੇ ਕਾਮਰੇਡ ਸੱਤ ਪਾਲ ਡਾਂਗ, ਐਮ.ਐਲ.ਏ. ਦੇ ਨਾਵਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਨੂੰ ਮਿਤੀ 25 ਦਸੰਬਰ, 1972 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,

ਸਹੀ/—

ਗੁਰਮੇਲ ਸਿੰਘ

ਸ੍ਰੀ ਦਰਬਾਰਾ ਸਿੰਘ,
ਸਪੀਕਰ
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗਿਆਨੀ ਕੁੰਦਨ ਸਿੰਘ ਪਤੰਗ : ਆਨ ਏ ਪੁਆਇੰਟ ਆਫ ਆਰਡਰ, ਸਰ । ਚੌਧਰੀ ਜਗਤ ਰਾਮ ਨੂੰ ਸ਼ਰਮ ਆਉਣੀ ਚਾਹੀਦੀ ਹੈ । (ਵਿਘਨ)

ਸ੍ਰੀ ਸਪੀਕਰ : ਚੌਧਰੀ ਜਗਤ ਰਾਮ ਤਾਂ ਤੁਹਾਨੂੰ ਦੇਖ ਕੇ ਸ਼ਰਮਾ ਜਾਂਦਾ ਹੈ (ਵਿਘਨ) (Chaudhri Jagat Ram feels shy when he sees you)

ਚੌਧਰੀ ਜਗਤ ਰਾਮ : ਇਨ੍ਹਾਂ ਦੀਆਂ ਕਰਤੂਤਾਂ ਤੇ ਸ਼ਰਮ ਆਉਂਦੀ ਹੈ ।

ਸ੍ਰੀ ਸਪੀਕਰ: ਕਰਤੂਤ ਲਫਜ਼ ਅਨਪਾਰਲੀਮੈਂਟਰੀ ਹੈ । (The word 'Kartut' is unparliamentary)

ਚੌਧਰੀ ਜਗਤ ਰਾਮ : ਮੈਂ ਵਾਪਸ ਲੈਣ ਨੂੰ ਤਿਆਰ ਹਾਂ ਪਰ ਕਰਤੂਤ ਲਫ਼ਜ਼ ਗੁਰੂ ਸਾਹਿਬਾਨ ਦੀ ਬਾਣੀ ਵਿਚ ਲਿਖਿਆ ਹੋਇਆ ਹੈ ।

BRICK KILNS

*353 1. **Comrade Dana Ram**
2. **Comrade Satya Pal Dang** : Will the Minister for State for Food and Supplies. be pleased to state—

a) the total number of brick-kilns in the State at present, district-wise;

(b) the number of brick-kilns district-wise which worked and of those which did not work during the current season separately.

(c) the number of brick-kilns which did not work because of shortage of coal;

(d) the steps, if any, taken by the Government to ensure adequate quantity of coal to the brick-kilns?

Shri Joginder Pal Pandey (Minister of State for Local Govt. and Jails.): (a, b and c): The information is laid on the table of the House at Annexure.

d) Government is doing its best to increase the supply of coal to Punjab. Due to these efforts movement of coal has some what improved from 101 rakes during April to November, 1971 to 138 rakes during April to November, 1972. Efforts are continuing for obtaining larger movement of slack coal.

[(ਏ.ਬੀ. ਅਤੇ ਸੀ.) ਸੂਚੀ ਹਾਊਸ ਦੇ ਟੇਬਲ ਤੇ ਅਨੈਕਸਚਰ ਤੇ ਰੱਖੀ ਜਾਂਦੀ ਹੈ ।

(ਡੀ) ਸਰਕਾਰ ਪੰਜਾਬ ਵਿਚ ਕੋਲੇ ਦੀ ਸਪਲਾਈ ਨੂੰ ਵਧਾਉਣ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ । ਇਨ੍ਹਾਂ ਕੋਸ਼ਿਸ਼ਾਂ ਦੇ ਸਦਕੇ ਹੀ ਅਪਰੈਲ 1971 ਦੇ ਦੌਰਾਨ 101 ਰੇਕ ਤੋਂ ਅਪਰੈਲ ਤੋਂ ਨਵੰਬਰ 1972 ਦੇ ਦੌਰਾਨ 138 ਰੇਕ, ਕੋਲੇ ਦੀ ਆਮਦ ਵਿਚ ਵਾਧਾ ਹੋਇਆ । ਸਲੈਕ ਕੋਲੇ ਦੀ ਵੱਧ ਤੋਂ ਵੱਧ ਆਮਦ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ।

ANNEXURE

		(A)	(B) (i)	(ii)	(C)
1.	Amritsar	138	75	63	63
2.	Sangrur	154	47	107	107
3.	Hoshiarpur	150	92	58	58

4.	Kapurthala	..	78	48	30	30
5.	Ropar	..	57	27	30	19
6.	Ludhiana	...	209	142	67	67
7.	Patiala		139	103	36	36
8.	Ferozepur	..	60	39	21	21
9.	Bhatinda	..	110	51	59	20
10.	Faridkot	..	123	50	73	73
11.	Gurdaspur	..	102	70	32	32
12.	Jullundur	..	225	125	100	75
	Total		1545	869	676	601

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਇਸ ਗੱਲ ਦੇ ਮੱਦੇਨਜ਼ਰ ਕਿ ਇੱਟਾਂ ਬਲੈਕ ਵਿਚ 100/- ਜਾਂ 125/- ਰੁਪਏ ਹਜ਼ਾਰ ਵਿਕਦੀਆਂ ਹਨ, 601 ਭੱਠੇ ਇਨ੍ਹਾਂ ਦੇ ਜਵਾਬ ਦੇ ਮੁਤਾਬਕ ਕੋਲਾ ਨਾ ਮਿਲਣ ਕਾਰਨ ਬੰਦ ਰਹੇ, ਤਾਂ ਪੰਜਾਬ ਵਿਚ ਜਿਹੜਾ ਕੋਲਾ ਇਨ੍ਹਾਂ ਲੋਕਾਂ ਨੂੰ ਮਿਲਦਾ ਹੈ, ਜਿਨ੍ਹਾਂ ਦੇ ਕਾਰਖਾਨੇ ਜਾਂ ਇੰਡਸਟਰੀਜ਼ ਨਾ ਹੋਣ ਕਰਕੇ, ਇਹ ਆਪਣੇ ਕੋਟੇ ਨੂੰ ਬਲੈਕ ਵਿਚ ਵੇਚਦੇ ਹਨ । ਕੀ ਇਸ ਬਲੈਕ ਨੂੰ ਰੋਕਣ ਵਾਸਤੇ ਸਰਕਾਰ ਕੋਈ ਕਦਮ ਉਠਾ ਰਹੀ ਹੈ ।

ਰਾਜ ਮੰਤਰੀ, ਸਥਾਨਕ ਸਰਕਾਰ ਅਤੇ ਜੇਲ੍ਹਾਂ : ਜਿਹੜੇ ਭੱਠੇ ਬੰਦ ਹੋਏ ਹਨ ਉਨ੍ਹਾਂ ਨੂੰ ਚਾਲੂ ਕਰਨ ਵਾਸਤੇ ਸਰਕਾਰ ਕਦਮ ਉਠਾ ਰਹੀ ਹੈ । ਸਰਕਾਰ ਨੇ ਕੋਸ਼ਿਸ਼ ਕਰਕੇ ਜ਼ਿਆਦਾ ਰੈਕ ਲਿਤੇ ਹਨ । ਰੇਲਵੇ ਮਨਿਸਟਰੀ ਅਤੇ ਗੌਰਮਿੰਟ ਆਫ ਇੰਡੀਆ ਤੇ ਬਹੁਤ ਜ਼ੋਰ ਪਾਇਆ ਜਾ ਰਿਹਾ ਹੈ ਕਿ ਇਹ ਰੈਕਸ ਹੋਰ ਵਧਾਏ ਜਾਣ । (ਵਿਘਨ)

ਕਾਮਰੇਡ ਸੱਤਪਾਲ ਡਾਂਗ : ਸਵਾਲ ਇਹ ਕੀਤਾ ਸੀ ਕਿ ਬਹੁਤ ਸਾਰੇ ਲੋਕਾਂ ਨੂੰ ਕੋਲਾ ਮਿਲ ਰਿਹਾ ਹੈ ਪਰ ਉਨ੍ਹਾਂ ਦੇ ਕਾਰਖਾਨੇ ਨਹੀਂ ਹਨ ਅਤੇ ਇੰਡਸਟਰੀ ਨਹੀਂ ਹੈ । ਇਸ ਦਾ ਜਵਾਬ ਨਹੀਂ ਮਿਲਿਆ ਹੈ ।

ਸ਼੍ਰੀ ਸਪੀਕਰ : ਜਿਹੜਾ ਇੰਡਸਟਰੀ ਵਾਲਾ ਸਵਾਲ ਹੈ ਉਹ ਫੂਡ ਮਨਿਸਟਰ ਤੋਂ ਤਾਂ ਨਾ ਪੁਛੋ । (*Addressing Comrade Satya Pal Dang* : The question relating to the Industries Minister should not be asked from the Food Minister.)

ਸ਼੍ਰੀ ਸਰਦਾਰੀ ਲਾਲ ਕਪੂਰ : ਮਨਿਸਟਰ ਸਾਹਿਬ ਨੇ ਫਰਮਾਇਆ ਸੀ ਕਿ ਅਗੇ ਨਾਲੋਂ ਜ਼ਿਆਦਾ ਕੋਲਾ ਆਉਣਾ ਸ਼ੁਰੂ ਹੋ ਗਿਆ ਹੈ । ਇਸ ਲਈ ਇੱਟਾਂ ਦੇ ਭਾਅ ਉਹਦੇ ਮੁਤਾਬਿਕ ਘਟਾਣੇ ਚਾਹੀਦੇ ਸਨ ਪਰ ਇਹ ਤਾਂ ਭਾਅ ਅਗੇ ਨਾਲੋਂ ਵੱਧ ਗਏ ਹਨ । ਸਰਕਾਰੀ ਤੌਰ ਤੇ ਇੱਟਾਂ ਦਾ ਭਾਅ ਘੱਟ ਹੈ ਪਰ ਲੋਕਾਂ ਨੂੰ ਇਹ ਵੱਧ ਭਾਅ ਤੇ ਮਿਲ ਰਿਹਾ ਹੈ । ਇਸ ਬਾਰੇ ਦਸਿਆ ਜਾਵੇ ।

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜੀ ਗੱਲ ਕਪੂਰ ਸਾਹਿਬ ਨੇ ਭਾਅ ਵੱਧਣ ਵਾਲੀ ਕਹੀ ਹੈ ਇਸ ਦਾ ਤਾਅੱਲਕ ਅਗਰ ਚੋਰ ਬਾਜ਼ਾਰੀ ਨਾਲ ਹੈ ਤਾਂ ਤੇ ਸਰਕਾਰ ਅਗੇ ਹੀ ਇਸ ਬਾਰੇ ਲੋੜੀਂਦੇ ਕਦਮ ਚੁਕ ਚੁਕੀ ਹੈ ਤਾਂ ਕੇ ਲੋਕਾਂ ਨੂੰ ਇਟਾਂ ਠੀਕ ਭਾਅ ਅਨੁਸਾਰ ਮਿਲ ਸਕਣ ।

आचार्य पृथवी सिंह आज़ाद : क्या वज़ीर साहिब यह बताने की कृपा करेंगे कि जितने जितने भट्ठे चलते हैं उनकी तादाद के मुताबिक ज्यादा ईंटें बनती हैं और जितना कोयला इन भट्ठों को सरकार की तरफ से मिलता है उसके अलावा यह फालतू कोयला कहां से लाते हैं ? यह ओपन मार्किट से या ब्लैक मार्किट से खरीदते हैं ? अगर ब्लैक से लेते हैं तो इनके खिलाफ क्या सरकार ऐक्शन लेने को तैयार है ?

ਰਾਜ ਮੰਤਰੀ : ਸਪੀਕਰ ਸਾਹਿਬ, ਭੱਠੇ ਵਾਲਿਆਂ ਨੂੰ ਜਿਹੜਾ ਕੋਲਾ ਲੈਣ ਦੀ ਇਜਾਜ਼ਤ ਦਿਤੀ ਹੈ ਸਰਕਾਰੀ ਕੰਮ ਵਾਸਤੇ ਜੋ ਅਸੀ ਤਰੀਕਾਕਾਰ ਅਖਤਿਆਰ ਕੀਤਾ ਹੈ ਉਹਦੇ ਕੋਲੋਂ ਉਸ ਦੇ ਮੁਤਾਬਿਕ ਇੱਟਾਂ ਲੈ ਲਈਆਂ ਜਾਂਦੀਆਂ ਹਨ । ਮੁਖਤਲਿਫ ਡਿਪਾਰਟਮੈਂਟਸ ਨੂੰ ਇਹ ਅਲਾਟ ਕੀਤਾ ਜਾਂਦਾ ਹੈ । ਜਿਹੜੀ ਆਜ਼ਾਦ ਸਾਹਿਬ ਨੇ ਗੱਲ ਕੀਤੀ ਹੈ ਕਿ ਇੱਟਾਂ ਜ਼ਿਆਦਾ ਬਣਦੀਆਂ ਹਨ ਔਰ ਕੋਲਾ ਬਾਹਰੋਂ ਆਉਂਦਾ ਹੈ ਅਗਰ ਇਸ ਸਬੰਧ ਵਿਚ ਇਹ ਕਿਸੇ ਪਰਟੀਕੁਲਰ ਕੇਸ ਨੂੰ ਸਾਡੇ ਨੋਟਿਸ ਵਿਚ ਲਿਆਉਣ ਤਾਂ ਇਸ ਤੇ ਐਕਸ਼ਨ ਲਿਆ ਜਾਵੇਗਾ ।

Acharya Prithvi Singh Azad: These Brick-Kiln owners get coal from Industrialists and use in their Brick Kilns . It is the duty of the Government to enquire and find out the Kiln-owners who are getting coal from the Industrialists (interruption) It is not my duty to ask the Government to find out.

ਸ੍ਰੀ ਸਪੀਕਰ : ਇਹ ਸਰਕਾਰੀ ਤੌਰ ਤੇ ਕਿਹਾ ਹੋਇਆ ਹੈ ਕਿ ਜੇ ਅਦਰ ਮੀਨਜ਼ ਨਾਲ ਕੋਲਾ ਲੈ ਆਉਣ ਤਾਂ ਵੱਧ ਭਾਅ ਤੇ ਇਟਾਂ ਵੇਚ ਸਕਦੇ ਹਨ । (It has been announced by the Government that if the kiln-owners arrange to get coal by other means then they can sell bricks at higher rates).

ਰਾਜ ਮੰਤਰੀ : ਇਕ ਗੱਲ ਵਜ਼ਾਹਤ ਨਾਲ ਹੋਰ ਵੀ ਅਰਜ਼ ਕਰਦਾ ਹਾਂ ਕਿ ਕੋਲਾ ਬਹੁਤ ਸਾਰਾ ਬਾਈ ਟੱਰਕਸ ਆਉਂਦਾ ਹੈ । ਗੌਰਮਿੰਟ ਆਫ ਇੰਡੀਆ ਦੀ ਪਾਲਿਸੀ ਹੈ ਕਿ ਉਹ ਆਮ ਤੌਰ ਤੇ ਰੇਲਵੇ ਜ਼ਰੀਏ ਕੋਲਾ ਲਿਆਉਣ ਦੀ ਬੰਦਸ਼ ਲਗਾ ਦਿੰਦੇ ਹਨ। ਸਰਕਾਰ ਇਹ ਚਾਹੁੰਦੀ ਹੈ, ਜਿਸ ਤਰ੍ਹਾਂ ਕਿ ਹਾਊਸ ਵਿਚ ਸਵਾਲ ਉਠਿਆ ਹੈ ਬਲੈਕ ਮਾਰਕਿਟ ਨਾ ਹੋਵੇ ਤਾਂ ਚੰਗਾ ਹੈ, ਇਸ ਤੇ ਸਰਕਾਰ ਗੌਰ ਕਰ ਰਹੀ ਹੈ ਕਿ ਆਇਆ ਕੋਲਾ ਉਨ੍ਹਾਂ ਨੂੰ ਟਰੱਕ ਦੇ ਰਾਹੀਂ ਲਿਆਉਣ ਦੀ ਇਜ਼ਾਜਤ ਦਿੱਤੀ ਜਾਵੇ,ਪਰ ਉਸ ਦੇ ਵਿਚ ਦਿੱਕਤ ਹੈ। ਅਗਰ ਵੈਗਨ ਦੇ ਰਾਹੀਂ ਆਉਂਦਾ ਹੈ ਤਾਂ ਉਸ ਦਾ ਖਰਚਾ ਘੱਟ ਪੈਂਦਾ ਹੈ ਅਤੇ ਕੁਝ ਸਸਤਾ ਪੈਂਦਾ ਹੈ ਪਰ ਟਰੱਕ ਦੇ ਰਾਹੀਂ ਖਰਚ ਜ਼ਿਆਦਾ ਹੁੰਦਾ ਹੈ । (ਵਿਘਨ) ਇਸ ਦੀ ਛਾਣਬੀਣ ਕੀਤੀ ਜਾ ਸਕਦੀ ਹੈ (ਵਿਘਨ) ਪਰ ਜੇ ਕੋਈ ਪਰਟੀਕੁਲਰ ਕੰਪਲੇਂਟ ਹੋਈ ਹੈ ਤਾਂ ਸਰਕਾਰ ਉਸ ਦੇ ਖਿਲਾਫ ਦੇਖ ਲਵੇਗੀ । ਪਰ ਜਨਰਲ ਤੌਰ ਤੇ ਸਰਕਾਰ ਆਪਣੇ ਡੀਪਾਰਟਮੈਂਟਸ ਦਾ ਆਪ ਖਿਆਲ ਰਖਦੀ ਹੈ ਤਾਂ ਕਿ ਜੋ ਰੇਟ ਹਨ ਉਹ ਨਾ ਵਧਣ ਅਤੇ ਲੋਕਾਂ ਨੂੰ ਪੂਰੇ ਰੇਟ ਦੇ ਮੁਤਾਬਿਕ ਸਪਲਾਈ ਮਿਲ ਸਕੇ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਭੱਠੇ ਤੇ ਵੀ ਦੋ ਕਿਸਮ ਦੇ ਰੇਟ ਲਾਏ ਜਾਂਦੇ ਹਨ। ਇਕ ਤਾਂ ਜਿਹੜਾ ਸਰਕਾਰ ਖਰੀਦਦੀ ਹੈ ਉਸਦਾ ਭਾਅ ਹੋਰ ਹੁੰਦਾ ਹੈ ਅਤੇ ਪਬਲਿਕ ਵਾਸਤੇ ਡਬਲ ਭਾਅ ਲਾਇਆ ਜਾਂਦਾ ਹੈ। ਟਰੱਕਾਂ ਦੇ ਰਾਹੀਂ ਲਿਆਂਦਾ ਜਾਵੇ ਅਤੇ ਉਸ ਦਾ ਰੇਟ ਇਨਕਰੀਜ਼ ਕਰਨ ਤਾਂ ਕੋਈ ਇਤਰਾਜ਼ ਨਹੀਂ (ਵਿਘਨ) ਜਿਹੜੀਆਂ ਪੰਚਾਇਤਾਂ ਨੇ ਜੰਜ ਘਰ, ਗਲੀਆਂ ਬਨਾਉਣੀਆਂ ਹਨ ਜਾਂ ਹੋਰ ਡੀਵੈਲਪਮੈਂਟ ਕਰਨੀ ਹੈ ਤਾਂ ਉਹ ਮਹਿੰਗੇ ਭਾਅ ਤੇ ਬਲੈਕ ਵਿਚ ਕਿਉਂ ਖਰੀਦਣ ?

ਰਾਜ ਮੰਤਰੀ : ਸਪੀਕਰ ਸਾਹਿਬ, ਕੱਲ ਵੀ ਹਾਊਸ ਵਿਚ ਇਸ ਕਿਸਮ ਦਾ ਸਵਾਲ ਆਇਆ ਸੀ, ਉਸ ਦਾ ਵੀ ਜਵਾਬ ਦਿਤਾ ਸੀ। ਸਪੀਕਰ ਸਾਹਿਬ, ਅਰਜ਼ ਹੈ ਕਿ ਜਿਹੜਾ ਕੋਲਾ ਸਰਕਾਰ ਦੇ ਡੀਵੈਲਪਮੈਂਟ ਕੰਮਾਂ ਵਾਸਤੇ ਹੈ ਉਹ ਚਾਹੇ ਪੀ. ਡਬਲਿਊ. ਡੀ. ਵਾਸਤੇ ਹੋਵੇ ਜਾਂ ਇਰੀਗੇਸ਼ਨ ਹੋਏ, ਜਾਂ ਧਰਮਸ਼ਾਲਾ ਵਾਸਤੇ ਹੋਵੇ ਉਸਦਾ ਕੰਟਰੋਲ ਰੇਟ ਹੋਵੇਗਾ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸਰਕਾਰ ਸੋਚ ਰਹੀ ਹੈ ਕਿ ਭੱਠਿਆਂ ਵਾਲਿਆਂ ਨੂੰ ਆਗਿਆ ਦਿਤੀ ਜਾਵੇ ਕਿ ਉਹ ਟਰੱਕਾਂ ਤੇ ਲੈ ਆਉਣ। ਬਹੁਤ ਸਾਰੇ ਭੱਠੇ ਵਾਲੇ ਟਰੱਕਾਂ ਤੇ ਲਿਆਉਂਦੇ ਹਨ ਅਤੇ ਜੇ ਟਰੱਕ ਉਤੇ ਕਲਕੱਤਾ ਤੋਂ ਮਾਲ ਆਉਂਦਾ ਹੈ ਤਾਂ ਉਸ ਦਾ ਟਰਾਂਸਪੋਰਟ ਚਾਰਜ ਕੀ ਬਣੇਗਾ ਅਤੇ ਜੇ ਵੈਗਨ ਰਾਹੀਂ ਆਉਂਦਾ ਹੈ ਤਾਂ ਉਸ ਦਾ ਟਰਾਂਸਪੋਰਟ ਚਾਰਜ ਕੀ ਹੋਵੇਗਾ ?

ਰਾਜ ਮੰਤਰੀ : ਇਸ ਬਾਰੇ ਸਵਾਲ ਦੇ ਦੇਣ, ਇਸ ਦਾ ਜਵਾਬ ਦੇ ਦਿੱਤਾ ਜਾਵੇਗਾ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ, ਨੇ ਦੱਸਿਆ ਹੈ ਕਿ ਸਰਕਾਰੀ ਤੌਰ ਤੇ ਜਿਹੜਾ ਰੇਟ ਹੈ ਉਸ ਦੇ ਮੁਤਾਬਿਕ ਹੀ ਸਰਕਾਰ ਦੂਸਰਿਆਂ ਨੂੰ ਦਿੰਦੀ ਹੈ ਪਰ ਮੈਂ ਪੁਛਣਾ ਚਹੁੰਦਾ ਹਾਂ ਕਿ ਜਿਹੜੇ ਹਸਪਤਾਲ ਬਣਦੇ ਹਨ ਕੀ ਉਨ੍ਹਾਂ ਵਾਸਤੇ ਵੀ ਉਹੀ ਰੇਟ ਹੋਣਗ ਜਿਹੜਾ ਸਰਕਾਰੀ ਤੌਰ ਤੇ ਦੂਜਿਆਂ ਨੂੰ ਦਿਤਾ ਜਾਂਦਾ ਹੈ ?

ਰਾਜ ਮੰਤਰੀ : ਮੈਂ ਗੌਰਮਿੰਟ ਅੰਡਰ ਟੇਕਿੰਗ ਵਾਸਤੇ ਅਰਜ਼ ਕੀਤੀ ਹੈ ਪਰ ਜੇ ਇਨ੍ਹਾਂ ਦੀ ਮੁਰਾਦ ਪ੍ਰਾਈਵੇਟ ਹਸਪਤਾਲ ਤੋਂ ਹੋਵੇ ਜਿਹੜੇ ਕਿ ਖੁਦ ਰਨ ਕਰਦੇ ਹਨ, ਤਾਂ ਇਸ ਵਾਸਤੇ ਗੌਰ ਕੀਤਾ ਜਾਵੇਗਾ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਭੱਠੇ ਗਰੀਬ ਹਰੀਜਨਾਂ ਨੇ ਲਾਏ ਹੋਏ ਹਨ ਪਰ ਉਨ੍ਹਾਂ ਨੂੰ ਕੋਲਾ ਨਹੀਂ ਮਿਲਦਾ ਅਤੇ ਉਨ੍ਹਾਂ ਦਾ ਭੱਠਾ ਬੈਠ ਜਾਂਦਾ ਹੈ। ਤੁਸੀਂ ਉਨ੍ਹਾਂ ਦੇ ਭੱਠੇ ਚਲਾਉਣ ਵਾਸਤੇ ਕੋਲੇ ਦਾ ਕੀ ਕੋਈ ਪ੍ਰਬੰਧ ਕਰ ਰਹੇ ਹੋ ? (ਵਿਘਨ)

ਇਕ ਆਵਾਜ਼ : ਜਿਨ੍ਹਾਂ ਦੇ ਭੱਠੇ ਚਲਦੇ ਹਨ ਉਹ ਗਰੀਬ ਕਿਸ ਤਰ੍ਹਾਂ ਹੋਏ ?

ਰਾਜ ਮੰਤਰੀ : ਜੇ ਤਾਂ ਉਹ ਗਰੀਬ ਹਰੀਜਨ ਸੰਧੂ ਸਾਹਿਬ ਵਰਗੇ ਹਨ ਫਿਰ ਤਾਂ ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਹੋਣੀ ਚਾਹੀਦੀ ਅਤੇ ਜੇ ਉਹ ਚੌਧਰੀ ਜੀ ਵਰਗੇ ਗਰੀਬ ਹਨ ਤਾਂ ਫਿਰ ਉਨ੍ਹਾਂ ਦੇ ਨਾਲ ਜ਼ਰੂਰ ਹਮਦਰਦੀ ਹੋਵੇਗੀ।

ਸਰਦਾਰ ਅਜਾਇਬ ਸਿੰਘ ਸੰਧੂ: ਮੇਰੇ ਵਰਗਾ ਉਨ੍ਹਾਂ ਵਿਚ ਕੋਈ ਨਹੀਂ।

ਸ੍ਰੀ ਸਪੀਕਰ: ਖਾਦੀ ਬੋਰਡ ਨੇ ਉਨ੍ਹਾਂ ਨੂੰ ਕਰਜ਼ੇ ਇਨ੍ਹਾਂ ਕੰਮਾਂ ਲਈ ਦਿੱਤੇ ਹਨ। (Khadi Board has given the loans to them for this purpose.)

ਸਰਦਾਰ ਅਜਾਇਬ ਸਿੰਘ ਸੰਧੂ: ਉਹ ਮਨਿਸਟਰ ਸਾਹਿਬ ਵਰਗੇ ਹਨ ਮੇਰੇ ਵਰਗੇ ਕੋਈ ਨਹੀਂ। (ਹਾਸਾ)

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜੇ ਉਹ ਚੌਧਰੀ ਜਗਤ ਰਾਮ ਵਰਗੇ ਗਰੀਬ ਹੋਣ ਤਾਂ ਉਨ੍ਹਾਂ ਦੀ ਮੱਦਦ ਕੀਤੀ ਜਾ ਸਕਦੀ ਹੈ ਅਤੇ ਦੂਜਿਆਂ ਦੀ ਨਹੀਂ, ਕਿਉਂਕਿ ਉਹ ਕਾਂਗਰਸ ਵਿਚ ਹਨ। (ਵਿਘਨ) ਸਪੀਕਰ ਸਾਹਿਬ, ਮੇਰੇ ਕੋਲ ਇਕ ਲਿਸਟ ਹੈ ਜਿਹੜੀ ਕਿ ਹਰੀਜਨਾਂ ਦੀ ਜ਼ਮੀਨ ਸਬੰਧੀ ਹੈ। ਉਸ ਅਨੁਸਾਰ ਚੌਧਰੀ ਜਗਤ ਰਾਮ ਕੋਲ 45 ਏਕੜ ਜ਼ਮੀਨ ਹੈ। (ਵਿਘਨ)

ਚੌਧਰੀ ਜਗਤ ਰਾਮ: ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਮੈਂ ਗੁਲਸ਼ਨ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਨੇ ਮੇਰੀ ਇਸ ਜ਼ਮੀਨ ਸਬੰਧੀ ਇਨਕੁਆਇਰੀ ਕੀਤੀ ਸੀ ਪਰ ਉਸ ਵਿਚੋਂ ਸਰਕਾਰ ਨੂੰ ਕੁਝ ਨਹੀਂ ਲੱਭਿਆ ਅਤੇ ਇਨ੍ਹਾਂ ਨੇ ਮੂੰਹ ਦੀ ਖਾਧੀ ਅਤੇ ਮੂੰਹ ਕਾਲਾ ਕਰਾਕੇ ਬੈਠ ਗਏ ਬੇਸ਼ਕ ਫਾਈਲ ਕਢਾ ਕੇ ਵੇਖ ਲਵੋ। (ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ: ਦੂਸ਼ਨ ਲਾਉਣ ਦੀ ਕੋਈ ਲੋੜ ਨਹੀਂ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਮੂੰਹ ਕਾਲਾ ਨਹੀਂ ਕਰੀਦਾ ਇਸ ਤਰ੍ਹਾਂ ਕੀਤਿਆਂ ਆਪ ਦਾ ਕਾਲਾ ਹੋ ਜਾਂਦਾ ਹੈ। (ਵਿਘਨ)

ਸਰਦਾਰ ਧੰਨਾ ਸਿੰਘ ਗੁਲਸ਼ਨ: * * *

(ਹਾਊਸ ਵਿਚ ਇਸ ਸਮੇਂ ਬਹੁਤ ਸ਼ੋਰ ਸੀ ਜਿਸ ਕਰਕੇ ਕੁਝ ਸੁਣਾਈ ਨਹੀਂ ਦਿੱਤਾ।)

Mr. Speaker: What ever the hon. Member has said without the permission of the Chair, should not form part of the proceedings.

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਇਨ੍ਹਾਂ ਦੀ ਗਰੀਬੀ ਮੈਂ ਦੂਰ ਕਰਦਾ ਹਾਂ। (ਵਿਘਨ) ਇਹ ਦਾਅਵਾ ਕਰਨ ਮੈਂ ਇਨ੍ਹਾਂ ਦਾ ਮੁਫ਼ਤ ਵਕੀਲ ਬਣਾਂਗਾ।

ਚੌਧਰੀ ਜਗਤ ਰਾਮ: ਤੁਸੀਂ ਸਾਰੇ ਹੇਰਾ ਫੇਰੀ ਵਾਲੇ ਹੋ। (ਵਿਘਨ) (ਸ਼ੋਰ)

I.A.S. OFFICERS PROPOSED TO BE SENT ON DEPUTATION TO THE GOVERNMENT OF INDIA.

*915 Sardar Surjit Singh
Sardar Ajaib Singh Sandhu : Will the Chief Minister be pleased to state:

(a) whether the Government has decided to send some I.A.S.

---

*Expunged as ordered by the Chair

Officers on deputation to the Government of India; if so, their names ;

(b) the basis on which the I. A. S. Officers referred to in part (a) above have been selected for being sent on deputation ?

Giani Zail Singh : (a) & (b) In the Punjab I. A. S. Cadre strength 26 posts are for Central Deputation Reserve against which only 19 Officers are on deputation. We have approached the Government of India to take more officers from Punjab to bring their number to 26. Officers for deputation at the Centre are selected by the Govern ment of India on the basis of the requirements of post keeping in view suitability, experience and seniority of the Officer.

[(ਏ ਅਤੇ ਬੀ) ਪੰਜਾਬ ਦੇ ਆਈ. ਏ. ਐਸ. ਕਾਡਰ ਵਿਚ 26 ਆਸਾਮੀਆਂ ਸੈਂਟਰਲ ਡੈਪੂਟੇਸ਼ਨ ਰਿਜ਼ਰਵ ਦੀਆਂ ਹਨ। ਇਸ ਦੇ ਮੁਕਾਬਲੇ ਤੇ ਸਾਡੇ 19 ਅਫਸਰ ਡੈਪੂਟੇਸ਼ਨ ਤੇ ਹਨ। ਅਸੀਂ ਹਿੰਦ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਪੰਜਾਬ ਵਿਚੋਂ ਹੋਰ ਅਫਸਰ ਲੈ ਲੈਣ ਤਾਂ ਜੋ ਅਜਿਹੇ ਅਫਸਰਾਂ ਦੀ ਗਿਣਤੀ 26 ਹੋ ਜਾਵੇ। ਸੈਂਟਰ ਵਿੱਚ ਡੈਪੂਟੇਸ਼ਨ ਤੇ ਅਫਸਰਾਂ ਨੂੰ ਲੈਣ ਲਈ ਚੋਣ ਹਿੰਦ ਸਰਕਾਰ ਵਲੋਂ ਆਸਾਮੀ ਦੀਆਂ ਲੋੜਾਂ, ਸਬੰਧਤ ਅਫਸਰ ਦੀ ਯੋਗਤਾ, ਤਜਰਬਾ ਅਤੇ ਸੀਨਿਆਰਟੀ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ।]

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਸ ਸਵਾਲ ਦੇ ਪਾਰਟ 'ਏ' ਵਿਚ ਪੁੱਛਿਆ ਸੀ ਕਿ ਜਿਹੜੇ ਅਫਸਰ ਭੇਜੇ ਜਾ ਰਹੇ ਹਨ ਉਨ੍ਹਾਂ ਦੇ ਨਾਮ ਦੱਸੋ, ਪਰ ਦੱਸੇ ਨਹੀਂ ਗਏ।

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੇ ਅਫਸਰਾਂ ਦੇ ਨਾਮ ਭੇਜਣੇ ਹਨ ਉਹ ਦੱਸੇ ਨਹੀਂ ਜਾ ਸਕਦੇ, ਕਿਉਂਕਿ ਹਿੰਦ ਸਰਕਾਰ ਵਲੋਂ ਰਾਜਾਂ ਦੀਆਂ ਸਰਕਾਰਾਂ ਨਾਲ ਕਨਸਲਟ ਕਰਨ ਤੋਂ ਬਾਅਦ ਅਫਸਰ ਲਏ ਜਾਂਦੇ ਹਨ। ਉਥੇ ਸਟੇਟ ਕਿਸ ਨੂੰ ਭੇਜ ਸਕਦੀ ਹੈ ਅਤੇ ਸੈਂਟਰ ਗੌਰਮਿੰਟ ਉਨ੍ਹਾਂ ਨੂੰ ਕਿਥੇ ਐਡਜਸਟ ਕਰ ਸਕਦੀ ਹੈ, ਇਨ੍ਹਾਂ ਗੱਲਾਂ ਦਾਂ ਫੈਸਲਾ ਹੋਣ ਤੋਂ ਬਾਅਦ ਹੀ ਦੱਸਿਆ ਜਾ ਸਕਦਾ ਹੈ ਅਗਰ ਇਹ ਕਹਿੰਦੇ ਹਨ ਕਿ ਕੌਣ ਕੌਣ ਗਏ ਹਨ ਉਹ ਮੈਂ ਦੱਸ ਸਕਦਾ ਹਾਂ ਪਰ ਜਿਹੜੇ ਜਾਣੇ ਹਨ ਉਹ ਮੈਂ ਨਹੀਂ ਦਸ ਸਕਦਾ। (ਵਿਘਨ)

ਆਚਾਰਿਆ ਪ੍ਰਿਥਵੀ ਸਿੰਘ ਅਜ਼ਾਦ: ਕੀ ਚੀਫ ਮਨਿਸਟਰ ਸਾਹਿਬ ਇਸ ਗਲ ਦਾ ਧਿਆਨ ਰਖਣਗੇ ਕਿ ਜੋ ਨਾਮ ਗੋਰਮਿੰਟ ਆਫ ਇੰਡੀਆਂ ਨੂੰ ਭੇਜੇ ਜਾਣ ਉਨ੍ਹਾਂ ਵਿਚ ਉਹ ਨਾਮ ਨਾ ਭੇਜੇ ਜਾਣ ਜੋ ਸ਼ੈਡੂਲਡ ਕਾਸਟਸ ਵਿਚੋਂ ਬਣਨ ਵਾਲੇ ਸੈਕਟਰੀ ਹਨ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਗਲ ਹਰੀਜਨਾਂ ਦੇ ਮੁਫਾਦ ਵਿਚ ਨਹੀਂ ਅਤੇ ਨਾ ਹੀ ਇਹ ਕਿਸੇ ਅਫਸਰ ਦੇ ਮੁਫਾਦ ਵਿਚ ਹੈ। ਜਿਹੜੇ ਅਫਸਰ ਭੇਜੇ ਜਾਂਦੇ ਹਨ ਉਹ ਇਸ ਖਿਆਲ ਨਾਲ ਨਹੀਂ ਭੇਜੇ ਜਾਂਦੇ ਕਿ ਸਟੇਟ ਨੂੰ ਉਨ੍ਹਾਂ ਅਫਸਰਾਂ ਦੀ ਲੋੜ ਨਹੀਂ ਬਲਕਿ ਇਸ ਖਿਆਲ ਨਾਲ ਭੇਜੇ ਜਾਂਦੇ ਹਨ ਕਿ ਉਹ ਅਹਿਮ ਤੋਂ ਅਹਿਮ ਜਗ੍ਹਾ ਤੇ ਜਾ ਕੇ ਲਗਣ ਤਾਂ ਜੋ ਉਹ ਪੰਜਾਬ ਦੇ ਲਈ ਵੀ ਯੂਜ਼ਫੁਲ ਹੋਵੇ। ਇਸ ਲਈ ਇਹ ਖਿਆਲ ਨਹੀਂ ਕੀਤਾ ਜਾਂਦਾ

[ਮੁੱਖ ਮੰਤਰੀ]

ਕਿ ਕਿਸ ਕਮਿਊਨਿਟੀ ਦੇ ਅਫ਼ਸਰ ਭੇਜਣੇ ਹਨ ਅਤੇ ਕਿਸ ਕਮਿਊਨਿਟੀ ਦੇ ਨਹੀਂ ਭੇਜਣੇ। ਮੈਂ ਸਮਝਦਾ ਹਾਂ ਕਿ ਆਜ਼ਾਦ ਸਾਹਿਬ ਨੂੰ ਇਸ ਗਲ ਦਾ ਭੁਲੇਖਾ ਲਗਾ ਹੈ। ਜੇ ਇਹ ਹਰੀਜਨ ਅਫ਼ਸਰਾਂ ਤੋਂ ਪੁਛ ਕੇ ਸਾਨੂੰ ਦੱਸ ਦੇਣ ਕਿ ਉਹ ਸੈਂਟਰ ਵਿਚ ਨਹੀਂ ਜਾਣਾ ਚਾਹੁੰਦੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। (ਵਿਘਨ)

ਚੌਧਰੀ ਦਰਸ਼ਨ ਸਿੰਘ : ਕੀ ਚੀਫ਼ ਮਨਿਸਟਰ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਕੀ ਜਾਣ ਵਾਲੇ ਅਫ਼ਸਰਾਂ ਦੀ ਰਜ਼ਾਮੰਦੀ ਵੀ ਲਈ ਜਾਂਦੀ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਆਮ ਤੌਰ ਤੇ ਜਾਣ ਵਾਲੇ ਅਫ਼ਸਰਾਂ ਦੀ ਰਜ਼ਾਮੰਦੀ ਵੀ ਲੈ ਲਈ ਜਾਂਦੀ ਹੈ ਲੇਕਿਨ ਇਹ ਚੀਜ਼ ਜ਼ਰੂਰੀ ਨਹੀਂ। ਆਈ. ਏ. ਐਸ., ਆਈ. ਪੀ. ਐਸ., ਆਈ. ਐਫ. ਐਸ. ਵਾਸਤੇ ਦੋਨਾਂ ਸਰਕਾਰਾਂ ਦਾ ਆਖ਼ਰੀ ਫੈਸਲਾ ਹੁੰਦਾ ਹੈ ਚਾਹੇ ਉਸ ਨੂੰ ਅਫਸਰ ਮਨਜ਼ੂਰ ਕਰੇ ਜਾਂ ਨਾ ਕਰੇ। ਪਰ ਫਿਰ ਵੀ ਕਈ ਵਾਰੀ ਜੇ ਕੋਈ ਉਹ ਰਿਕੁਐਸਟ ਕਰੇ ਤਾਂ ਗੌਰਮਿੰਟ ਮੰਨ ਵੀ ਲੈਂਦੀ ਹੈ। ਇਹ ਅਫ਼ਸਰ ਸੈਂਟਰ ਵਿਚ ਜ਼ਿਆਦਾ ਤੋਂ ਜ਼ਿਆਦਾ ਪੰਜ ਸਾਲ ਤਕ ਰਹਿ ਸਕਦੇ ਹਨ ਅਤੇ ਉਨ੍ਹਾਂ ਨੂੰ ਅਲਟੀਮੇਟਲੀ ਵਾਪਸ ਆਉਣਾ ਪੈਂਦਾ ਹੈ, ਕਈ ਵਾਰੀ ਉਹ ਤਿੰਨ ਸਾਲ ਬਾਦ ਵੀ ਵਾਪਸ ਆ ਜਾਂਦੇ ਹਨ। (ਵਿਘਨ)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਸਾਡੀ ਪਾਰਟੀ ਦੇ ਆਈ. ਏ. ਐਸ. ਅਫ਼ਸਰ ਆਪਣਾ ਇੰਟਰਸਟ ਆਪ ਲੁਕ ਆਫਟਰ ਕਰ ਸਕਦੇ ਹਨ। ਇਹ ਆਪਣੀਆਂ ਪਾਰਟੀਆਂ ਕਾਂਗਰਸ ਅਤੇ ਅਕਾਲੀ ਪਾਰਟੀ ਆਪਣਾ ਆਪਣਾ ਦੇਖ ਲੈਣ ਕਿ ਅਕਾਲੀ ਪਾਰਟੀ ਦੇ ਕਿਤਨੇ ਰਖਣੇ ਹਨ ਅਤੇ ਕਾਂਗਰਸ ਪਾਰਟੀ ਦੇ ਕਿਤਨੇ ਰਖਣੇ ਹਨ। (ਹਾਸਾ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਜੇ ਮੈਨੂੰ ਵਜ਼ੀਰ ਸਮਝਦੇ ਹੋ ਤਾਂ ਮੈਂ ਜਵਾਬ ਦੇ ਦਿੰਦਾ ਹਾਂ। (ਵਿਘਨ) ਇਨ੍ਹਾਂ ਦੀ ਆਪਸ ਵਿਚ ਬੜੀ ਯਾਰੀ ਹੈ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਉਨ੍ਹਾਂ ਦਾ ਜਵਾਬ ਨਹੀਂ ਦਿਤਾ, ਵੈਸੇ ਪੁਛਿਆ ਉਨ੍ਹਾਂ ਨੇ ਸੰਧੂ ਸਾਹਿਬ ਤੋਂ ਹੀ ਸੀ। ਸੰਧੂ ਸਾਹਿਬ ਨੇ ਕਿਹਾ ਸਾਡੀ ਉਨ੍ਹਾਂ ਨਾਲ ਯਾਰੀ ਹੈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਉਹ ਸਾਡੀਆਂ ਉਨ੍ਹਾਂ ਦੇ ਵਾਂਗ ਹੀ ਨੀਤੀਆਂ ਗ੍ਰਹਿਣ ਕਰ ਲੈਣ ਤਾਂ ਤੁਹਾਡੇ ਨਾਲ ਵੀ ਅਸੀਂ ਯਾਰੀ ਪਾਉਣ ਲਈ ਤਿਆਰ ਹਾਂ। (ਹਾਸਾ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਕੋਈ ਯਾਰੀ ਪਾਉਣ ਨੂੰ ਤਿਆਰ ਨਹੀਂ। (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ, ਇਸ ਕਰਕੇ ਨਾਮ ਨਹੀਂ ਦਸ ਰਹੇ ਕਿ ਉਹ ਇਕੋ ਫਿਰਕੇ ਦੇ ਅਫ਼ਸਰ ਜਾਣ ਬੁਝ ਕੇ ਭੇਜ ਰਹੇ ਹਨ?

ਮੁੱਖ ਮੰਤਰੀ : ਇਹ ਬਿਲਕੁਲ ਬੇ ਬੁਨਿਆਦ ਗਲ ਹੈ। ਮੇਰੀ ਸਰਕਾਰ ਬਣਨ ਤੋਂ ਬਾਦ 3 ਅਫ਼ਸਰ ਗਏ ਹਨ। (ਵਿਘਨ) ਇਨ੍ਹਾਂ ਵਿਚੋਂ ਹਿੰਦੂ ਜਾਣ ਜਾਂ ਸਿੱਖ ਜਾਣ ਇਸ ਬਾਰੇ

ਅਸੀਂ ਕਦੀ ਨਹੀਂ ਸੋਚਿਆ । (ਵਿਘਨ) ਤੁਹਾਡਾ (ਸ੍ਰੀ ਸੰਧੂ ਸਾਹਿਬ ਨੂੰ ਸੰਬੋਧਨ ਕਰਕੇ) ਆਪਣਾ ਫਿਰਕੂ ਆਊਟ ਲੁਕ ਸੀ ਅਤੇ ਤੁਸੀਂ ਫਿਰਕਾਪ੍ਰਸਤੀ ਕਰਦੇ ਸੀ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਿਸ ਪਾਰਟੀ ਵਿਚ ਇੰਨੇ ਵਡੇ ਫਿਰਕਾ-ਪ੍ਰਸਤ ਬੈਠੇ ਹੋਣ ਅਤੇ ਉਹ ਪੰਜਾਬੀ ਬੋਲਣ ਤੋਂ ਬਿਲਕੁਲ ਇਨਕਾਰੀ ਹੋਣ ਤਾਂ ਉਹ ਸਾਨੂੰ ਕਿਸ ਤਰ੍ਹਾਂ ਫਿਰਕਾਪ੍ਰਸਤ ਕਹਿ ਸਕਦੇ ਹਨ । (ਵਿਘਨ) ਅਸੀਂ ਤੁਹਾਡੇ ਨਾਲੋਂ ਜ਼ਿਆਦਾ ਨੈਸ਼ਨੇਲਿਸਟ ਹਾਂ (ਵਿਘਨ)

ਚੌਧਰੀ ਰਾਮ ਸਿੰਘ : ਕੀ ਚੀਫ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਐਸੇ ਕਿਤਨੇ ਅਫਸਰ ਹਨ ਜਿਨ੍ਹਾਂ ਨੇ ਵਾਲੰਟਰੀ ਤੌਰ ਤੇ ਆਪਣੇ ਆਪ ਨੂੰ ਸੈਂਟਰ ਵਿਚ ਜਾਣ ਲਈ ਆਫਰ ਕੀਤਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਵਾਲੰਟਰੀ ਤੌਰ ਤੇ ਆਫਰ ਕਰਨਾ ਜ਼ਰੂਰੀ ਨਹੀਂ । ਜਿਸ ਅਫਸਰ ਲਈ ਅਸੀਂ ਮਹਿਸੂਸ ਕਰਦੇ ਹਾਂ ਕਿ ਕੋਈ ਜਸਟੀਫੀਕੇਸ਼ਨ ਹੈ ਉਸ ਦੀ ਰੀਕੁਐਸਟ ਅਸੀਂ ਮੰਨ ਵੀ ਲੈਂਦੇ ਹਾਂ ਲੇਕਿਨ ਕਾਨੂੰਨ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਉਹ ਵਾਲੰਟਰਲੀ ਆਫਰ ਕਰਨ ਜਾਂ ਨਾ ਕਰਨ। ਕਈ ਵਾਰੀ ਕਿਸੇ ਅਫਸਰ ਨੇ ਦਿਲੀ ਜਾਣਾ ਹੁੰਦਾ ਹੈ ਅਤੇ ਉਹ ਸਾਨੂੰ ਕਹਿ ਦਿੰਦਾ ਹੈ ਕਿ ਮੇਰੀਆਂ ਇਹ ਪ੍ਰਾਬਲਮਜ਼ ਹਨ ਅਤੇ ਮੈਨੂੰ ਦਿਲੀ ਸੂਟ ਕਰਦਾ ਹੈ ਅਤੇ ਤੁਸੀਂ ਮੈਨੂੰ ਉਥੇ ਐਡਜਸਟ ਕਰਵਾ ਦਿਉ ਤਾਂ ਅਸੀਂ ਵਿਚਾਰ ਕਰਕੇ ਇਹ ਕਰ ਲੈਂਦੇ ਹਾਂ ਲੇਕਿਨ ਅਸੀਂ ਕੋਈ ਇਸ ਦੇ ਬਾਰੇ ਵਿਚ ਕੰਸੈਂਟ (consent) ਨਹੀਂ ਮੰਗਦੇ ਕਿ ਉਹ ਜਾਣਾ ਚਾਹੁੰਦੇ ਹਨ ਜਾਂ ਨਹੀਂ ? (ਵਿਘਨ)

ਸਰਦਾਰ ਕ੍ਰਿਪਾਲ ਸਿੰਘ ਰੰਧਾਵਾ : ਜਿਹੜੇ ਅਫਸਰ ਦਿਲੀ ਜਾਣਾ ਚਾਹੁੰਦੇ ਹਨ ਕੀ ਉਨ੍ਹਾਂ ਵਿਚੋਂ ਕੋਈ ਕਾਲੇ ਪਾਣੀ ਵੀ ਜਾਣਗੇ । (ਵਿਘਨ) (ਹਾਸਾ)

ਮੁੱਖ ਮੰਤਰੀ : ਕਾਲੇ ਪਾਣੀ ਕੋਈ ਨਹੀਂ ਭੇਜਣਾ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਚੀਫ ਮਨਿਸਟਰ ਸਾਹਿਬ ਨੇ ਹੁਣੇ ਹੀ, ਸਪੀਕਰ ਸਾਹਿਬ, ਇਹ ਕਿਹਾ ਹੈ ਕਿ ਜੇ ਕੋਈ ਅਫਸਰ ਕਹੇ ਕਿ ਮੈਨੂੰ ਦਿਲੀ ਪੰਸਦ ਹੈ ਤਾਂ ਇਹ ਭੇਜ ਦਿੰਦੇ ਹਨ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਕੋਈ ਅਫਸਰ ਕਹੇ ਕਿ ਮੈਨੂੰ ਪੰਜਾਬ ਪਸੰਦ ਹੈ ਅਤੇ ਦਿਲੀ ਪਸੰਦ ਨਹੀਂ ਤਾਂ ਕੀ ਇਹ ਪੰਜਾਬ ਵਿਚ ਉਸ ਨੂੰ ਰਖਣਗੇ?

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰਦੇ ਹਾਂ ਕਿ ਅਫਸਰਾਂ ਦੇ ਜਜ਼ਬਾਤ ਨੂੰ, ਅਫਸਰਾਂ ਦੀ ਸੇਵਾ ਨੂੰ ਮੁੱਖ ਰਖ ਕੇ ਫੈਸਲਾ ਕਰੀਏ । ਕੋਈ ਕਿਸੇ ਕਿਸਮ ਦਾ ਉਨ੍ਹਾਂ ਨਾਲ ਧੱਕਾ ਨਹੀਂ ਕਰਦੇ । (ਵਿਘਨ) ਇਕ ਗੱਲ ਮੈਂ ਆਨਰੇਬਲ ਮੈਂਬਰਜ਼ ਦੇ ਗਿਆਤ ਲਈ ਕਰਨਾ ਚਾਹੁੰਦਾ ਹਾਂ ਕਿ ਸਾਡਾ ਮੁਫਾਦ ਇਸ ਗੱਲ ਵਿਚ ਹੈ ਪੰਜਾਬ ਦੇ ਅਫਸਰ ਸੈਂਟਰ ਦੇ ਵਿਚ ਸੀਨੀਅਰ ਅਫਸਰ ਹੋਣ ਅਤੇ ਉਨ੍ਹਾਂ ਨੂੰ ਚੰਗੇ ਤੋਂ ਚੰਗੇ ਅਤੇ ਵਡੇ ਓਹਦੇ ਮਿਲਣ । ਇਸ ਨਾਲ ਸਟੇਟ ਨੂੰ ਫਾਇਦਾ ਹੁੰਦਾ ਹੈ । ਕਈ ਸਟੇਟਾਂ ਦੇ ਉਥੇ ਸੈਕਟਰੀ ਨਹੀਂ ਹਨ ਜਿਸ ਕਰਕੇ ਉਨ੍ਹਾਂ ਨੂੰ ਦਿਕਤ ਵੀ ਹੁੰਦੀਆਂ ਹਨ । ਮੈਂ ਪਹਿਲਾਂ ਵੀ ਕਹਿੰਦਾ ਸੀ ਅਤੇ ਹੁਣ ਵੀ ਕਹਿੰਦਾ ਹਾਂ ਕਿ ਪੰਜਾਬ ਦੇ ਪਹਿਲਾਂ 5 ਸੈਕਟਰੀ ਉਥੇ ਹੁੰਦੇ ਸੀ ਪਰ ਅੱਜ ਕੱਲ ਸੈਂਟਰ ਵਿਚ ਸਿਰਫ ਇਕ ਹੀ ਸੈਕਟਰੀ ਹੈ ਜੋ ਕਿ ਸੈਂਟਰ ਵਿਚ ਅੱਛੀ ਪਦਵੀ ਤੇ ਹੈ। (ਵਿਘਨ)

ਸ੍ਰੀ **ਸਰਦਾਰੀ ਲਾਲ ਕਪੂਰ** : ਕੀ ਚੀਫ਼ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਸ ਵੇਲੇ ਪੰਜਾਬ ਵਿਚ ਅਕਾਲੀ ਮਨਿਸਟਰੀ ਸੀ ਉਸ ਵੇਲੇ ਕਈ ਅਫ਼ਸਰ ਇਸ ਅਕਾਲੀ ਸਰਕਾਰ ਤੋਂ ਦੁਖੀ ਸਨ ਅਤੇ ਉਹ ਜਾਣ ਬੁਝ ਕੇ ਸੈਂਟਰ ਵਿਚ ਜਾਣਾ ਚਾਹੁੰਦੇ ਸਨ?

ਮੁੱਖ ਮੰਤਰੀ : ਸਪੀਕਰ ਸਾਹਿਬ, ਕਪੂਰ ਸਾਹਿਬ ਨੇ ਜੋ ਸਵਾਲ ਕੀਤਾ ਹੈ ਉਸ ਦੇ ਬਾਰੇ ਅਰਜ਼ ਹੈ ਕਿ ਰਿਕਾਰਡ ਤੇ ਐਸੀ ਕੋਈ ਚੀਜ਼ ਨਹੀਂ ਹੈ ਕਿ ਉਹ ਅਕਾਲੀਆਂ ਤੋਂ ਦੁਖੀ ਹੋ ਕੇ ਗਏ ਹਨ ਜਾਂ ਆਪਣੀ ਮਰਜ਼ੀ ਨਾਲ ਸੈਂਟਰ ਵਿਚ ਗਏ ਹਨ ਜਾਂ ਉਹ ਧੱਕੇ ਨਾਲ ਉਥੇ ਗਏ ਹਨ। ਰਿਕਾਰਡ ਵਿਚ ਐਸੀ ਕੋਈ ਚੀਜ਼ ਨਹੀਂ ਮਿਲਦੀ। ਇਹ ਸੁਣੀਆਂ ਸੁਣਾਈਆਂ ਗੱਲਾਂ ਹਨ, ਮੈਂ ਵੀ ਸੁਣਦਾ ਰਿਹਾ ਹਾਂ ਅਤੇ ਤੁਸੀਂ ਵੀ ਸੁਣਦੇ ਰਹੇ ਹੋ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਹੁਣੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਅਫ਼ਸਰ ਕਾਲੇ ਪਾਣੀ ਨਹੀਂ ਜਾ ਰਹੇ। ਮੇਰੀ ਬੇਨਤੀ ਹੈ ਇਕ ਅਫ਼ਸਰ ਜ਼ਰੂਰ ਕਾਲੇ ਪਾਣੀ ਭੇਜ ਦਿਤਾ ਜਾਵੇ। (ਵਿਘਨ)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਆਈ. ਏ. ਐਸ. ਇਕ ਆਲ ਇੰਡੀਆ ਸਰਵਿਸ ਹੈ। ਪੰਜਾਬ ਦਾ ਅਫ਼ਸਰ ਗੁਜਰਾਤ ਵਿਚ ਕੰਮ ਕਰ ਸਕਦਾ ਹੈ ਅਤੇ ਗੁਜਰਾਤ ਦਾ ਅਫ਼ਸਰ ਪੰਜਾਬ ਵਿਚ ਕੰਮ ਕਰ ਸਕਦਾ ਹੈ। ਇਹ ਇਸ ਗਲ ਵਲ ਇਤਨਾ ਕਿਉਂ ਸਵਾਦ ਲੈ ਰਹੇ ਹਨ ਜਦ ਕਿ ਮਹਿਗਾਈ ਇਤਨੀ ਵੱਧ ਰਹੀ ਹੈ ਅਤੇ ਉਸ ਵਲ ਕੋਈ ਧਿਆਨ ਨਹੀਂ ਦਿੰਦਾ। (ਵਿਘਨ) ਹੁਣ ਅਗਲੇ ਸਵਾਲ ਤੇ ਚਲੀਏ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਦੀ ਪਾਲਿਸੀ ਹੈ ਕਿ ਕਿਤਨੇ ਚੰਗੇ ਚੰਗੇ ਅਫ਼ਸਰ ਹਨ ਉਹ ਸੈਂਟਰ ਵਿਚ ਭੇਜ ਦਿਉ। ਖੰਨਾ ਸਾਹਿਬ ਇਕ ਚੰਗੇ ਅਫ਼ਸਰ ਸਨ, ਇਸੇ ਤਰ੍ਹਾਂ ਹੋਰ ਕਈ ਅਫ਼ਸਰ ਚੰਗੇ ਹਨ, ਇਨ੍ਹਾਂ ਦੀ ਪਾਲਿਸੀ ਹੈ ਕਿ ਸਭ ਇਹ ਬਾਹਰ ਭੇਜ ਦਿਉ ਤਾਂ ਕਿ ਸਾਰੇ ਇਥੇ ਮਾੜੇ ਮਾੜੇ ਅਫ਼ਸਰ ਹੀ ਰਹਿ ਜਾਣ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸੀ ਚੀਜ਼ ਦਾ ਮੁਫਾਦ ਅਗਰ ਸੋਚਿਆ ਜਾਵੇ ਤਾਂ ਸਾਰੇ ਕੰਟਰੀ ਦਾ ਸੋਚਣਾ ਚਾਹੀਦਾਂ ਹੈ। ਪੰਜਾਬ ਕੋਈ ਵਖਰਾ ਨਹੀਂ ਜਦੋਂ ਸਾਰਾ ਦੇਸ਼ ਤਰੱਕੀ ਕਰੇਗਾ ਤਾਂ ਹੀ ਪੰਜਾਬ ਵੀ ਤਰੱਕੀ ਕਰੇਗਾ, ਇਸ ਲਈ ਸਾਰੇ ਦੇਸ਼ ਦਾ ਮੁਫਾਦ ਸੋਚਣਾ ਚਾਹੀਦਾ ਹੈ ਪੰਜਾਬ ਦਾ ਵੀ ਮੁਫਾਦ ਇਸ ਵਿਚ ਹੈ ਕਿ ਇਥੇ ਦੇ ਅਫ਼ਸਰ ਉਥੇ ਜਾਣ ਅਤੇ ਉਥੇ ਕੁਝ ਤਜਰਬਾ ਹਾਸਲ ਕਰਕੇ ਆਉਣ। ਜਿਹੜੇ ਅਫ਼ਸਰ ਉਥੇ ਕੰਮ ਕਰਕੇ ਆਉਂਦੇ ਹਨ ਉਹ ਅਗੇ ਨਾਲੋਂ ਜ਼ਿਆਦਾ ਸਿਆਣੇ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਾਫੀ ਤਜਰਬਾ ਹੋ ਜਾਂਦਾ ਹੈ ਅਤੇ ਉਹ ਵਾਪਸ ਆ ਕੇ ਪੰਜਾਬ ਦੀ ਜ਼ਿਆਦਾ ਸੇਵਾ ਕਰ ਸਕਦੇ ਹਨ। ਇਸ ਲਈ ਇਹ ਪਰੰਪਰਾ ਬਣੀ ਰਹਿਣੀ ਚਾਹੀਦੀ ਹੈ। (ਵਿਘਨ) ਡਾਂਗ ਸਾਹਿਬ ਵੀ ਇਸ ਗੱਲ ਨੂੰ ਜਾਣਦੇ, ਹਨ ਅਤੇ ਮੈਂ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਅਤੇ ਇਹ ਗੱਲ ਇਥੇ ਦਸਣ ਦੀ ਲੋੜ ਨਹੀਂ ਅਤੇ ਦਸਣ ਦਾ ਕੋਈ ਫਾਇਦਾ ਵੀ ਨਹੀਂ (ਵਿਘਨ)

PERSONS DIED ON ACCOUNT OF POISONOUS KILLER DRINK

*781 **Chaudhri Ram Singh**: Will the Chief Minister be pleased to state—

(a) the total number of persons who died in the State, during the period from 15-3-1972 to-date as a result of taking poisonous killer drink;

(b) the action proposed to be taken by the Government to prevent the recurrence of such incidents in future ?

ਸਰਦਾਰ ਨਸੀਬ ਸਿਘ ਗਿਲ (ਉਪ ਮੰਤਰੀ ਗ੍ਰਹਿ ਅਤੇ ਉਦਯੋਗ) : (ੳ) 33 ।

(ਅ) ਅਜਿਹੀਆਂ ਘਟਨਾਵਾਂ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਆਮ ਕਰਕੇ ਨਜਾਇਜ਼ ਸ਼ਰਾਬ ਕੱਢਣ ਵਾਲਿਆਂ ਉਤੇ ਅਤੇ ਨਜਾਇਜ਼ ਸ਼ਰਾਬ ਵੇਚਣ ਵਾਲਿਆਂ ਉਤੇ ਛਾਪੇ ਮਾਰੇ ਜਾਂਦੇ ਹਨ । ਇਸ ਤੋਂ ਇਲਾਵਾ ਸਮੇਂ ਸਮੇਂ ਅਨੁਸਾਰ ਦੇਸੀ ਸ਼ਰਾਬ ਦੇ ਠੇਕਿਆਂ ਤੇ ਮੈਥੇਲੇਟਡ ਸਪਿਰਟ ਰਖਣ ਵਾਲਿਆਂ ਦੇ ਲਾਇਸੰਸਾਂ ਨੂੰ ਚੈਕ ਕੀਤਾ ਜਾਂਦਾ ਹੈ ।

ਚੌਧਰੀ ਰਾਮ ਸਿਘ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਨੇ ਇਨਾਂ 7–8 ਮਹੀਨਿਆਂ ਵਿਚ ਕਿਨੇ ਛਾਪੇ ਮਾਰੇ ਕਿੰਨੀਆਂ ਹੋਰ ਪ੍ਰਾਸੀਕਿਊਸ਼ਨਜ਼ ਹੋਈਆਂ, ਕਿੰਨੀਆਂ ਹੋਰ ਨਾਜਾਇਜ਼ ਭਠੀਆਂ ਫੜੀਆਂ ? ਔਰ ਹੁਣ ਤਾਂ ਇਹ ਸਿਰਫ 33 ਮਰੇ ਹਨ ਅਤੇ ਜੇ ਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਪਤਾ ਨਹੀਂ ਕਿੰਨੀਆਂ ਮੌਤਾਂ ਹੋਣੀਆਂ ਹਨ । ਇਸ ਨੂੰ ਬੰਦ ਕਰਨ ਵਾਸਤੇ ਅਗੇ ਨੂੰ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਉਪ ਮੰਤਰੀ, ਗ੍ਰਹਿ ਅਤੇ ਉਦਯੋਗ: ਇਹ ਫੈਕਚੂਅਲ ਪੋਜ਼ੀਸ਼ਨ ਅਸੀਂ ਦੱਸ ਦਿਆਂਗੇ ਕਿ ਕਿੰਨੇ ਛਾਪੇ ਮਾਰੇ, ਕਿੰਨੀਆਂ ਨਾਜਾਇਜ਼ ਸ਼ਰਾਬ ਦੀਆਂ ਭਠੀਆਂ ਫੜੀਆਂ ਅਤੇ ਮੈਥੇਲੇਟਡ ਸਪਿਰਟ ਰਖਣ ਵਾਲਿਆਂ ਦੇ ਕਿੰਨੇ ਲਾਇਸੈਂਸ ਚੈਕ ਕੀਤੇ ।

आचार्य पृथ्वी सिंह आजाद : क्या मन्त्री महोदय यह बतायेंगे कि यह जो शराब पीने से मौतें हुई हैं क्या यह वही शराब थी जिसको यह शुद्ध शराब कहते हैं या कोई दूसरी ?

ਉਪ-ਮੰਤਰੀ : ਇਹ ਸ਼ਰਾਬ, ਉਨ੍ਹਾਂ ਆਦਮੀਆਂ ਦੇ ਖਿਆਲ ਵਿਚ ਜਿਨ੍ਹਾਂ ਦੀਆਂ ਮੌਤਾਂ ਹੋਈਆਂ, ਸ਼ੁਧ ਸੀ, ਲੇਕਿਨ ਅਸਲ ਵਿਚ ਵੇਚਣ ਵਾਲਿਆਂ ਦੀ ਸ਼ਰਾਬ ਸ਼ੁਧ ਨਹੀਂ ਸੀ ਜਿਸ ਕਰਕੇ ਮੌਤਾਂ ਹੋਈਆਂ ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਡਿਪਟੀ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਦਰੁਸਤ ਹੈ ਕਿ ਇਨ੍ਹਾਂ ਦੇ ਇਲਾਕੇ ਵਿਚ ਜਾਇਜ਼ ਸ਼ਰਾਬ ਨਾਲੋਂ ਨਾਜਾਇਜ਼ ਸ਼ਰਾਬ ਕਿਉਂ ਜ਼ਿਆਦਾ ਵੇਚੀ ਜਾਂਦੀ ਹੈ ਅਤੇ ਇਸ ਦਾ ਕੀ ਕਾਰਨ ਹੈ ?

ਉਪ ਮੰਤਰੀ : ਇਹ ਜਿਹੜੀਆਂ ਮੌਤਾਂ ਹੋਈਆਂ ਹਨ ਇਹ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਨਹੀਂ ਹੋਈਆਂ ਹਨ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਇਹ ਜਿਹੜੀ ਨਾਜਾਇਜ਼ ਸ਼ਰਾਬ ਕਢੀ ਜਾਂਦੀ ਹੈ ਇਹ ਪੁਲਿਸ ਦੇ ਨਾਲ ਮਿਲ ਕੇ ਹੀ ਕਢੀ ਜਾਂਦੀ ਹੈ । ਮੇਰਾ ਖਿਆਲ ਹੈ ਕਿ ਇਹ ਮਸਲਾ ਛਾਪਿਆਂ ਨਾਲ ਹੱਲ ਨਹੀਂ ਹੋਣਾ । ਕੀ ਸਰਕਾਰ ਸ਼ਰਾਬ ਦੇ ਧੰਦੇ ਨੂੰ ਨੈਸ਼ਨੇਲਾਈਜ਼ ਕਰਕੇ ਲੋਕਾਂ ਨੂੰ ਅੱਛੀ ਸ਼ਰਾਬ ਸਪਲਾਈ ਕਰੇਗੀ ?

ਉਪ ਮੰਤਰੀ : ਸੁਜੈਸ਼ਨ ਚੰਗੀ ਹੈ ਇਸ ਤੇ ਵਿਚਾਰ ਕਰ ਲਿਆ ਜਾਵੇਗਾ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਇਹ ਜਿਹੜੀਆਂ ਮੌਤਾਂ ਹੋਈਆਂ ਹਨ, ਜ਼ਿਆਦਾ ਤਰ ਜ਼ਿਲ੍ਹਾ ਜਲੰਧਰ ਵਿਚ ਹੀ ਹੋਈਆਂ ਹਨ । ਇਨਕੁਆਇਰੀ ਦੇ ਦੌਰਾਨ ਇਹ ਰਿਵੀਲ ਹੋਇਆ ਹੈ ਕਿ ਅੰਮ੍ਰਿਤਸਰ ਵਿਚ ਇਕ ਪਾਰਟੀਕੁਲਰ ਬੰਦੇ ਕੋਲੋਂ ਮੈਥੇਲੇਟਡ ਸਪਿਰਟ ਲਿਆਂਦੀ ਗਈ ਸੀ । ਉਸ ਬੰਦੇ ਦਾ ਲਾਇਸੈਂਸ ਅਜੇ ਤਕ ਕਿਉਂ ਕੈਂਸਲ ਨਹੀਂ ਕੀਤਾ ?

ਉਪ ਮੰਤਰੀ : ਉਹ ਆਦਮੀ ਪਹਿਲਾਂ ਤਾਂ ਭਗੌੜਾ ਹੋ ਗਿਆ ਸੀ ਅਤੇ ਉਸ ਦਾ ਲਾਇਸੈਂਸ ਕੈਂਸਲ ਕਰਨ ਲਈ ਮਹਿਕਮੇ ਨੂੰ ਲਿਖ ਦਿਤਾ ਸੀ ਅਤੇ ਜੇ ਹੋ ਗਿਆ ਹੋਵੇਗਾ ਤਾਂ ਠੀਕ, ਨਹੀਂ ਤਾਂ ਲਾਇਸੈਂਸ ਕੈਂਸਲ ਕਰਨ ਲਈ ਦੋਬਾਰਾ ਲਿਖ ਦਿਆਂਗੇ ।

BEATING OF AN ADVOCATE OF MANSA BY POLICE OFFICERS

*795. **Comrade Shamsher Singh Josh** : Will the Chief Minister be pleased to state :—

(a) whether in the month of July/August, 1972 an Advocate of Mansa was reported to have been beaten by Sub-Inspector and other Police Officers and employees; if so, the action taken by the Government in the matter;

(b) whether any Magisterial or Judicial inquiry was ordered into the said incident; if so, the finding of the inquiry be placed on the Table of the House ?

ਸਰਦਾਰ ਨਸੀਬ ਸਿੰਘ ਗਿਲ (ਉਪ ਮੰਤਰੀ, ਗ੍ਰਹਿ ਅਤੇ ਉਦਯੋਗ) : (ੲ) ਹਾਂ ਜੀ । ਵਕੀਲ ਨੂੰ ਕੁੱਟਣ ਦੇ ਦੋਸ਼ ਵਿਚ ਦੋਸ਼ੀ ਪੁਲਿਸ ਕਰਮਚਾਰੀ ਐਸ. ਆਈ. ਨੌਨਿਧ ਰਾਏ, ਹਵਾਲਦਾਰ ਗੁਰਚਰਨ ਸਿੰਘ ਅਤੇ 2 ਸਿਪਾਹੀ ਮੁਅੱਤਲ ਕੀਤੇ ਗਏ ਸਨ ।

(ਬੀ) ਹਾਂ ਜੀ । ਦੋਸ਼ੀ ਪੁਲਿਸ ਕਰਮਚਾਰੀਆਂ ਦੇ ਵਿਰੁਧ ਐਸ. ਡੀ. ਐਮ. ਮਾਨਸਾ ਪੁਲਿਸ ਰੂਲ 16.30(1) ਅਧੀਨ ਇਨਕੁਆਇਰੀ ਕਰ ਰਹੇ ਹਨ ਜਿਹੜੀ ਕਿ ਹਾਲੇ ਮੁਕੰਮਲ ਨਹੀਂ ਹੋਈ ਹੈ ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਸ ਵਕੀਲ ਨੂੰ ਕੁੱਟਿਆ ਗਿਆ ਉਸ ਦੇ ਬਹੁਤ ਸਟਾਂ ਲਗੀਆਂ, ਪਰ ਉਸ ਦਾ ਪਰਚਾ ਦਰਜ ਨਹੀਂ ਕੀਤਾ ਗਿਆ । ਕੀ ਉਨ੍ਹਾਂ ਅਫ਼ਸਰਾਂ ਦੇ ਖਿਲਾਫ ਕੋਈ ਐਕਸ਼ਨ ਲਿਆ ਗਿਆ ਹੈ ?

ਉਪ ਮੰਤਰੀ ਗ੍ਰਿਹ ਅਤੇ ਉਦਯੋਗ : ਜਿਹੜੀਆਂ ਸਟਾਂ ਲਗੀਆਂ ਉਨ੍ਹਾਂ ਦੇ ਮੁਤਾਬਕ ਕੋਈ ਕਗਨਾਈਜ਼ੇਬਲ ਅਫੈਂਨਸ ਨਹੀਂ ਬਣਦਾ ਸੀ । ਇਸ ਕੇਸ ਦੀ ਇਨਕੁਆਇਰੀ ਚਲ ਰਹੀ ਹੈ ਅਤੇ ਮੈਟਰ ਸੱਬਜੁਡਿਸ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਵਿਚ ਦਸਿਆ ਹੈ ਕਿ ਵਕੀਲ ਨੂੰ ਕੁਟਣ ਦੇ ਦੋਸ਼ ਵਿਚ ਕਰਮਚਾਰੀ ਮੁਅੱਤਲ ਕੀਤੇ ਗਏ ਸਨ । ਇਨਕੁਆਇਰੀ ਅਜੇ ਹੋ ਰਹੀ ਹੈ ਅਤੇ ਮੁਕੰਮਲ ਨਹੀਂ ਹੋਈ, ਪਰ ਉਹ ਤਿੰਨੇ ਕਰਮਚਾਰੀ ਬਹਾਲ ਕਰ ਦਿਤੇ ਗਏ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਕਿਸ ਆਧਾਰ ਤੇ ਬਹਾਲ ਕਰ ਦਿਤੇ ਗਏ ਹਨ ?

ਉਪ ਮੰਤਰੀ : ਇਸ ਦੇ ਬਾਰੇ ਅਸੀਂ ਪਤਾ ਕਰ ਲਵਾਂਗੇ । ਪਰ ਮੇਰੇ ਖਿਆਲ ਵਿਚ ਉਨ੍ਹਾਂ ਨੂੰ ਬਹਾਲ ਨਹੀਂ ਸੀ ਕਰਨਾ ਚਾਹੀਦਾ ।

ਸਰਦਾਰ ਬਲਵਿੰਦਰ ਸਿੰਘ ਭੁੰਡਰ : ਸਪੀਕਰ ਸਾਹਿਬ, ਮੈਂ ਇਸ ਦਾ ਸਬੂਤ ਦੇਣ ਲਈ ਤਿਆਰ ਹਾਂ ਕਿ ਉਹ ਕਰਮਚਾਰੀ ਬਹਾਲ ਕਰ ਦਿਤੇ ਗਏ ਹਨ, ਪਰ ਵਜ਼ੀਰ ਸਾਹਿਬ ਇਹ ਦਸਣ ਕਿ ਕਿਉਂ ਕੀਤੇ ?

ਉਪ ਮੰਤਰੀ : ਸਸਪੈਂਨਸ਼ਨ ਕੋਈ ਸਜ਼ਾ ਨਹੀਂ ਹੈ । ਅਗਰ ਪ੍ਰਾਈਮੇਫਸਾਈ ਕੇਸ ਸਾਬਤ ਨਾ ਹੋਇਆ ਹੋਵੇ ਅਤੇ ਰੂਲਜ਼ ਵਿਚ ਕੋਈ ਪ੍ਰੋਵੀਜ਼ਨ ਹੋਵੇ ਕਿ ਉਹ ਬਹਾਲ ਕੀਤੇ ਜਾ ਸਕਦੇ ਹੋਣ ਅਤੇ ਉਨ੍ਹਾਂ ਨੂੰ ਬਹਾਲ ਕਰ ਦਿਤਾ ਗਿਆ ਹੋਵੇ ਤਾਂ ਇਸ ਵਿਚ ਮੈਂ ਸਮਝਦਾ ਹਾਂ ਕਿ ਕੋਈ ਗੈਰ ਕਾਨੂੰਨੀ ਗਲ ਨਹੀਂ ।

ਸਰਦਾਰ ਸੁਰਜੀਤ ਸਿੰਘ ਸਿਧੂ : ਸਪੀਕਰ ਸਾਹਿਬ, ਇਹ ਸੱਬ ਇੰਸਪੈਕਟਰ ਸਾਹਿਬ ਹੁਣ ਫਿਰ ਮੁੰਡਿਆ ਨੂੰ ਕੁਟਣ ਦੇ ਕੇਸ ਵਿਚ ਸ਼ਾਮਲ ਸੀ । ਇਕ ਡੈਪੂਟੇਸ਼ਨ ਇਸ ਸਿਲਸਲੇ ਵਿਚ ਚੀਫ ਮਨਿਸਟਰ ਸਾਹਿਬ ਨੂੰ ਮਿਲਿਆ ਅਤੇ ਉਨ੍ਹਾਂ ਨੇ ਭਰੋਸਾ ਦਵਾਇਆ ਕਿ ਐਕਸ਼ਨ ਲਿਆ ਜਾਵੇਗਾ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਬੰਦੇ ਨੂੰ ਕਿਉਂ ਅਨਕਰੇਜ ਕੀਤਾ ਜਾ ਰਿਹਾ ਹੈ ?

ਉਪ ਮੰਤਰੀ : ਜੇ ਕਰ ਉਸ ਦਾ ਕਸੂਰ ਸਾਬਤ ਹੋਇਆ ਤਾਂ ਉਸ ਦੇ ਖਿਲਾਫ ਜ਼ਰੂਰ ਐਕਸ਼ਨ ਲਿਆ ਜਾਵੇਗਾ ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਕ ਐਡਵੋਕੇਟ ਨੂੰ ਪੁਲੀਸ ਵਾਲਿਆਂ ਨੇ ਕੁਟਿਆ ਮਾਮਲਾ ਅਜੇ ਤਫਤੀਸ਼ ਵਿਚ ਹੈ । ਇਸ ਗਲ ਨੂੰ 5 ਮਹੀਨੇ ਹੋ ਗਏ । ਉਹ ਇਨਸਾਫ ਕਾਹਦਾ ਜਿਹੜਾ ਸਮੇਂ ਤੇ ਨਾ ਮਿਲਿਆ । ਇਹ ਮਾਮਲਾ ਛੇਤੀ ਕਿਉਂ ਨਹੀਂ ਨਿਪਟਾਇਆ ਜਾਂਦਾ ?

ਉਪ ਮੰਤਰੀ : ਤਫ਼ਤੀਸ਼ ਉਸ ਦੀ ਕੀਤੀ ਜਾਂਦੀ ਹੈ ਜਿਹੜਾ ਕੇਸ ਪੁਲੀਸ ਵਿਚ ਦਰਜ ਹੋਵੇ । ਮੈਂ ਤਾਂ ਕਿਹਾ ਹੈ ਕਿ ਇਸ ਕੇਸ ਦੀ ਇਨਕੁਆਇਰੀ ਹੋ ਰਹੀ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਜੇ ਕਰ ਕਿਸੇ ਨੂੰ ਪੁਲੀਸ ਸਟੇਸ਼ਨ ਵਿਚ ਕੁਟਿਆ ਜਾਵੇ ਤਾਂ ਉਸ ਦਾ ਪਰਚਾ ਦਰਜ ਕਰਨਾ ਲੀਕਲ ਪ੍ਰਾਸੈਸ ਵਿਚ ਆਉਂਦਾ ਹੈ । ਪਰ ਇਸ ਕੇਸ ਵਿਚ ਰਿਪੋਰਟ ਦਰਜ ਨਹੀਂ ਕੀਤੀ ਗਈ ਅਤੇ ਕਾਨੂੰਨ ਦੀ ਉਲੰਘਣਾ ਹੋਈ ਹੈ, ਕੀ ਵਜ਼ੀਰ ਸਾਹਿਬ ਦੋਸ਼ੀ ਦੇ ਖਿਲਾਫ ਇਸ ਗਲ ਲਈ ਐਕਸ਼ਨ ਲੈਣਗੇ ?

ਉਪ ਮੰਤਰੀ : ਇਸ ਵਕਤ ਤਕ ਮਾਮਲਾ ਸਬਜੁਡਿਸ ਹੈ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੋ ਗਲਾਂ ਕਹੀਆਂ ਹਨ ਕਿ ਡਿਪਾਰਟਮੈਂਟਲ ਇਨਕੁਆਇਰੀ ਦੇ ਦੌਰਾਨ ਅਫ਼ਸਰ ਜਿਹੜੇ ਸਸਪੈਂਡ ਕੀਤੇ ਹੋਏ ਸਨ ਉਨ੍ਹਾਂ ਨੂੰ ਬਹਾਲ ਕੀਤਾ ਗੈਰ ਕਾਨੂੰਨੀ ਨਹੀਂ ਹੈ । ਦੂਸਰੇ ਉਨ੍ਹਾਂ ਨੂੰ ਬਹਾਲ ਕੀਤਾ ਹੈ ਜਾਂ ਨਹੀਂ ਇਸ ਬਾਰੇ ਮਹਿਕਮੇ ਨੇ ਮਨਿਸਟਰ ਸਾਹਿਬ ਨੂੰ ਡੈਫੀਨੇਟ ਇਨਫਰਮੇਸ਼ਨ ਨਹੀਂ ਦਿਤੀ ਜਦੋਂ ਕਿ ਸੁਆਲ ਅਸੈਂਬਲੀ ਵਿਚ ਆ ਚੁਕਾ ਹੈ ਡੈਫੀਨੇਟ ਇਨਫਰਮੇਸ਼ਨ ਨਾ ਦੇਣ ਦੇ ਸੰਬੰਧ ਵਿਚ ਮਹਿਕਮੇ ਦੇ ਖਿਲਾਫ ਇਹ ਕੀ ਐਕਸ਼ਨ ਲੈਣਗੇ ?

ਉਪ ਮੰਤਰੀ : ਜੇ ਕਰ ਜਾਣ ਬੁਝ ਕੇ ਇਹ ਚੀਜ਼ ਕੀਤੀ ਹੋਈ ਤਾਂ ਜ਼ਰੂਰ ਐਕਸ਼ਨ ਲਿਆ ਜਾਵੇਗਾ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੇ ਪ੍ਰਾਈਮਾਫੇਸਾਈ ਕੇਸ ਸਾਬਤ ਨਾ ਹੁੰਦਾ ਹੋਵੇ ਤਾਂ ਬਹਾਲ ਕੀਤਾ ਜਾ ਸਕਦਾ ਹੈ । ਮੈਂ ਪੁਛਦਾ ਹਾਂ ਕਿ ਕੀ ਇਨ੍ਹਾਂ ਕੋਲ ਰਿਪੋਰਟ ਆ ਗਈ ਸੀ ?

ਉਪ ਮੰਤਰੀ : ਉਨ੍ਹਾਂ ਨੂੰ ਰਿਇੰਸਟੇਟ ਕਰਨ ਵਾਸਤੇ ਮੈਂ ਉਨ੍ਹਾਂ ਦਾ ਅਫ਼ਸਰ ਨਹੀਂ । ਜਿਹੜੀ ਕੰਪੀਟੈਂਟ ਅਥਾਰਿਟੀ ਹੈ ਜੇਕਰ ਉਨ੍ਹਾਂ ਕੋਲ ਰਿਪੋਰਟ ਆਈ ਹੋਵੇਗੀ ਤਾਂ ਹੀ ਉਨ੍ਹਾਂ ਨੇ ਕਰ ਦਿਤਾ ਹੋਵੇਗਾ ।

*STARRED QUESTION NO. 798

ਅ. ਸ. ਪ. ਨੰ: 18373-ਕ-1

ਜ਼ੈਲ ਸਿੰਘ

ਮੁੱਖ ਮੰਤਰੀ, ਪੰਜਾਬ
ਚੰਡੀਗੜ੍ਹ, ਮਿਤੀ 14 ਦਸੰਬਰ, 1972

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 798 ਜੋ ਮਿਤੀ 15 ਦਸੰਬਰ, 1972 ਲਈ ਸਵਾਲਾਂ ਦੀ ਸੂਚੀ ਵਿਚ ਸਰਦਾਰ ਹਰਚੰਦ ਸਿੰਘ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 15 ਦਸੰਬਰ, 1972 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
ਸਹੀ/ਜ਼ੈਲ ਸਿੰਘ ।

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

*For starred question Ne 798 and reply thereto please see Appendix to this Debate

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਸ਼ਡਿਊਲਡ ਕਾਸਟ ਦੇ ਐਮ. ਐਲ ਏ. ਵਲੋਂ ਸ਼ੈਡਿਊਲਡ ਕਾਸਟਾਂ ਬਾਰੇ ਸੁਆਲ ਹੈ ਪਰ ਇਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ ।

ਉਪ ਮੰਤਰੀ, ਗ੍ਰਹਿ ਅਤੇ ਉਦਯੋਗ : ਸਪੀਕਰ ਸਾਹਿਬ, ਜਿਸ ਵਕਤ ਕੋਈ ਆਦਮੀ ਮਰ ਜਾਂਦਾ ਹੈ ਤਾਂ ਪਰਚਾ ਦਰਜ ਕਰਨ ਵੇਲੇ ਇਹ ਨਹੀਂ ਲਿਖਿਆ ਜਾਂਦਾ ਕਿ ਇਹ ਸ਼ਡਿ-ਊਲਡ ਕਾਸਟ ਹੈ ਜਾਂ ਕੋਈ ਹੋਰ ਹੈ । ਇਸ ਇਨਫਰਮੇਸ਼ਨ ਨੂੰ ਕੁਲੈਕਟ ਕਰਨ ਲਈ ਪੰਜਾਬ ਦੇ ਸਾਰੇ ਪਿੰਡਾਂ ਵਿਚ ਇੱਕ ਇੱਕ ਘਰ ਵਿਚ ਜਾਣਾ ਪੈਣਾ ਸੀ । ਇਤਨੇ ਥੋੜੇ ਸਮੇਂ ਵਿਚ ਇਹ ਇਨਫਰਮੇਸ਼ਨ ਇਸ ਲਈ ਕੁਲੈਕਟ ਨਹੀਂ ਸੀ ਹੋ ਸਕਦੀ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਹਰ ਥਾਣੇਦਾਰ, ਹਰ ਸਿਪਾਹੀ ਨੂੰ ਇਹ ਪਤਾ ਹੁੰਦਾ ਹੈ ਕਿ ਮਰਨ ਵਾਲਾ ਆਦਮੀ ਹਰੀਜਨ ਹੈ ਜਾਂ ਕੋਈ ਹੋਰ । ਇਸ ਲਈ ਇਹ ਇਨਫਰਮੇਸ਼ਨ ਕਲੈਕਟ ਕਰਨ ਵਿਚ ਕੋਈ ਦੇਰ ਨਹੀਂ ਸੀ ਲਗਣੀ ।

SEPARATION OF PROSECUTION BRANCH FROM THE POLICE

*982. **Sardar Beant Singh** : Will the Chief Minister be pleased to state :—

(a) the time by which complete separation of Prosecution Agency from the Police Department is likely to be effected;

(b) the grades and ranks proposed to be given to the P.S.Is./P. Is. after separation from the Police Department ?

ਸਰਦਾਰ ਨਸੀਬ ਸਿੰਘ ਗਿਲ (ਉਪ ਮੰਤਰੀ, ਗ੍ਰਹਿ ਅਤੇ ਉਦਯੋਗ) : (ੲ) ਕੋਈ ਸਮਾਂ ਨਿਸਚਤ ਨਹੀਂ ਕੀਤਾ ਜਾ ਸਕਦਾ ।

(ਬੀ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

[(a) No time limit can be specified.

(b) The matter is under consideration of the Government.]

ਸਰਦਾਰ ਬੇਅੰਤ ਸਿੰਘ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖ਼ੇਚਲ ਕਰਣਗੇ ਕਿ ਪ੍ਰੌਸੀਕਿਊਸ਼ਨ ਬਰਾਂਚ ਨੂੰ ਪੁਲਿਸ ਨਾਲੋਂ ਅਲੱਗ ਕਰਨ ਨਾਲ ਲੋਕਾਂ ਨੂੰ ਜ਼ਿਆਦਾ ਅਤੇ ਛੇਤੀ ਇਨਸਾਫ ਮਿਲੇਗਾ ? ਇਸ ਗੱਲ ਨੂੰ ਮਦੇ ਨਜ਼ਰ ਰਖਦੇ ਹੋਏ ਕੀ ਉਹ ਇਸ ਪ੍ਰਾਸੈਸ ਨੂੰ ਐਕਸਪੀਡਾਇਟ ਕਰਾਉਣ ਦਾ ਯਤਨ ਕਰਨਗੇ ?

ਉਪ ਮੰਤਰੀ (ਗ੍ਰਹਿ ਅਤੇ ਉਦਯੋਗ) : ਸੁਜੈਸ਼ਨ ਅੱਛੀ ਹੈ । ਇਸ ਨੂੰ ਜ਼ਰੂਰ ਐਕਸਪੀ-ਡਾਇਟ ਕਰਾਂਗੇ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਣਗੇ ਕਿ ਜਦੋਂ ਡਾਇਰੈਕਟਰ, ਪ੍ਰਾਸੀਕਿਊਸ਼ਨ ਐਪੁਆਇੰਟ ਕੀਤਾ ਜਾ ਚੁਕਾ ਹੈ ਅਤੇ ਲੋਕ ਇਸ ਗਲ ਬਾਰੇ ਬੜੀ ਦੇਰ ਤੋਂ ਐਜੀਟੇਟਿਡ ਹਨ ਤਾਂ ਕਿਉਂ ਨਹੀਂ ਸਰਕਾਰ ਟਾਈਮ ਫਿਕਸ ਕਰਦੀ ਕਿ ਇਸ ਸਮੇਂ ਤੋਂ ਪਹਿਲਾਂ ਪਹਿਲਾਂ ਪ੍ਰਾਸੀਕਿਊਸ਼ਨ ਏਜੰਸੀ ਨੂੰ ਸੈਪੇਰੇਟ ਕਰ ਦਿਆਂਗੇ।

ਉਪ ਮੰਤਰੀ : ਸਪੀਕਰ ਸਾਹਿਬ ਇਨ੍ਹਾਂ ਨੂੰ ਭੁਲੇਖਾ ਲਗਾ ਹੈ। ਪ੍ਰਾਸੀਕਿਊਸ਼ਨ ਬਰਾਂਚ ਨੂੰ ਪੁਲਿਸ ਨਾਲੋਂ ਸੈਪਰੇਟ ਕਰਨ ਜਾਂ ਨਾ ਕਰਨ ਬਾਰੇ ਸਲਾਹ ਦੇਣ ਵਾਸਤੇ ਲੀਗਲ ਐਡਵਾਈਜ਼ਰ ਪ੍ਰਾਸੀਕਿਊਸ਼ਨ ਜ਼ਰੂਰ ਨਿਯੁਕਤ ਅਸੀਂ ਕੀਤਾ ਹੈ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਕੁਰੱਪਸ਼ਨ, ਪ੍ਰਾਸੀਕਿਊਸ਼ਨ ਬਰਾਂਚ ਵਿਚ ਅੱਗੇ ਹੀ ਕਾਫੀ ਹੈ ਅਤੇ ਸੈਪੇਰੇਸ਼ਨ ਨਾਲ ਇਹ ਵੱਧ ਤਾਂ ਨਹੀਂ ਜਾਵੇਗੀ। ਕੀ ਇਸ ਗਲ ਤੇ ਮਨਿਸਟਰ ਸਾਹਿਬ ਰੋਸ਼ਨੀ ਪਾਉਣਗੇ ?

ਉਪ ਮੰਤਰੀ : ਅੱਜੇ ਤਕ ਇਹੋ ਜਿਹੀ ਤਾਂ ਕੋਈ ਗੱਲ ਸਾਡੇ ਨੋਟਿਸ ਵਿਚ ਨਹੀਂ ਆਈ ਕਿ ਪ੍ਰਾਸੀਕਿਊਸ਼ਨ ਬਰਾਂਚ ਵਿਚ ਕਰੁਪੱਸ਼ਨ ਆ ਗਈ ਹੈ। ਜੇ ਤੁਸੀਂ ਕੋਈ ਇਨਸਟਾਂਸ ਦੱਸ ਦਿਉਗੇ ਤਾਂ ਅਸੀਂ ਜ਼ਰੂਰ ਇਨਕੁਆਇਰੀ ਕਰਾ ਲਵਾਂਗੇ।

PERSONS EXEMPTED FROM THE PAYMENT OF CHOWKIDARA TAX

*756. 1. **Comrade Dana Ram**
2. **Comrade Satya Pal Dang** | Will the Chief Minister be pleased to state whether Chowkidara Tax has been abolished in relation to certain sections of the people in the State, if so, the sections of the people which have been exempted from the payment of the said tax and from which date ?

ਸਰਦਾਰ ਨਸੀਬ ਸਿੰਘ ਗਿਲ (ਉਪ ਮੰਤਰੀ, ਗ੍ਰਹਿ ਅਤੇ ਉਦਯੋਗ) : ਹਾਂ ਜੀ, ਅਨੁ-ਸੂਚਿਤ ਜਾਤੀਆਂ ਨੂੰ 30 ਜੁਲਾਈ, 1971 ਤੋਂ ਚੌਕੀਦਾਰਾ ਟੈਕਸ ਦੀ ਅਦਾਇਗੀ ਤੋਂ ਛੋਟ ਦਿਤੀ ਗਈ ਸੀ।

[Yes, Scheduled Castes have been exempted from the payment of Chowkidara Tax with effect from 30th July, 1973.]

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਹ ਜਿਹੜਾ ਚੌਕੀਦਾਰਾ ਟੈਕਸ ਹੈ, ਬੜਾ ਫਜ਼ੂਲ ਜਿਹਾ ਟੈਕਸ ਹੈ, ਕੀ ਇਹ ਸਾਰਿਆਂ ਤੇ ਮੁਆਫ ਨਹੀਂ ਹੋ ਸਕਦਾ ? ਹਰੀਜਨਾਂ ਤੋਂ ਇਲਾਵਾ ਜਿਹੜੇ ਬੈਕਵਰਡ ਕਲਾਸਾਂ ਦੇ ਲੋਕ ਹਨ ਉਹ ਵੀ ਇਨ੍ਹਾਂ ਵਰਗੇ ਗਰੀਬ ਹਨ, ਉਨ੍ਹਾਂ ਨੂੰ ਵੀ ਛੋਟ ਦੇ ਦਿਉ ?

ਉਪਮੰਤਰੀ(ਗ੍ਰਹਿ ਅਤੇ ਉਦਯੋਗ) : ਇਸ ਤੇ ਜ਼ਰੂਰ ਵਿਚਾਰ ਕਰਾਂਗੇ। ਅਜੇ ਤਾਂ ਸਿਰਫ ਸ਼ੈਡਿਊਲਡ ਕਾਸਟਾਂ ਨੂੰ ਹੀ ਚੌਕੀਦਾਰਾ ਟੈਕਸ ਮਾਫ ਕੀਤਾ ਹੈ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਚੌਕੀਦਾਰਾ ਟੈਕਸ ਮਾਫ ਹਰੀਜਨਾਂ ਨੂੰ ਹੋਣ ਤੋਂ ਬਾਅਦ ਤਕਰੀਬਨ ਸਾਰੇ ਪਿੰਡਾਂ ਦੇ ਚੌਕੀਦਾਰਾਂ ਦੀਆਂ ਵੇਜ਼ਿਜ਼ ਦਾ ਸਵਾਲ ਬੜੇ ਵਸੀਹ ਪੈਮਾਨੇ ਤੇ ਉਠਾਇਆ ਗਿਆ ਹੈ । ਮੈਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਚੌਕੀਦਾਰਾ ਟੈਕਸ ਹਰੀਜਨਾਂ ਨੂੰ ਮਾਫ ਹੋਣ ਤੋਂ ਬਾਅਦ ਜਿਹੜੀ ਰੈਵੇਨਯੂ ਵਿਚ ਸ਼ਾਰਟਫਾਲ ਆਈ ਹੈ, ਉਸ ਨੂੰ ਕਿਵੇਂ ਪੂਰਾ ਕਰਣਗੇ ਅਤੇ ਜਿਹੜੀ ਚੌਕੀਦਾਰਾਂ ਨੂੰ ਤਨਖਾਹ ਮਿਲਦੀ ਸੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਦੇਣ ਦਾ ਸਰਕਾਰ ਕੀ ਯਤਨ ਕਰ ਰਹੀ ਹੈ ?

ਉਪ ਮੰਤਰੀ : ਇਸ ਸਬੰਧ ਵਿਚ ਸਾਰੇ ਡਿਪਟੀ ਕਮਿਸ਼ਨਰਾਂ ਤੋਂ ਇਹ ਅੰਕੜੇ ਮੰਗਾਏ ਜਾ ਰਹੇ ਹਨ ਤਾਂ ਕਿ ਚੌਕੀਦਾਰਾਂ ਨੂੰ ਪੂਰੀ ਤਨਖ਼ਾਹ ਦੇਣ ਲਈ ਯੋਗ ਕਾਰਵਾਈ ਕੀਤੀ ਜਾ ਕੇ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਸਰਕਾਰ ਨੇ ਇਹ ਕਿਹਾ ਹੈ ਕਿ ਹਰੀਜਨਾਂ ਨੂੰ ਚੌਕੀਦਾਰਾ ਟੈਕਸ ਮੁਆਫ ਕਰ ਦਿੱਤਾ ਹੈ ਲੇਕਨ ਅਜੇ ਵੀ ਬਹੁਤ ਸਾਰੇ ਪਿੰਡਾਂ ਵਿਚ ਇਹ ਹਰੀਜਨਾਂ ਤੋਂ ਉਗਰਾਹਿਆ ਜਾ ਰਿਹਾ ਹੈ । ਜੇ ਮੈਂ ਇਨ੍ਹਾਂ ਦੇ ਨੋਟਿਸ ਵਿਚ ਇਹ ਚੀਜ਼ ਲੈ ਆਵਾਂ ਕਿ ਫਲਾਣੇ ਫਲਾਣੇ ਪਿੰਡ ਵਿਚ ਹਰੀਜਨਾਂ ਤੋਂ ਚੌਕੀਦਾਰਾ ਟੈਕਸ ਲਿਆ ਗਿਆ ਹੈ ਤਾਂ ਕੀ ਸਰਕਾਰ ਇਹ ਉਨ੍ਹਾਂ ਨੂੰ ਵਾਪਸ ਕਰੇਗੀ ?

ਉਪ ਮੰਤਰੀ : ਸਾਡੇ ਨੋਟਿਸ ਵਿਚ ਲੈ ਆਉ ਅਸੀਂ ਇਸ ਤੇ ਜ਼ਰੂਰ ਵਿਚਾਰ ਕਰਾਂਗੇ ।

चौधरी बलराम : स्पीकर साहिब, जो तन्खाह चौकीदारों को दी जा रही है वह नाम मात्र है, कभी कभी तो नंबरदार इसको भी हड़प कर जाते हैं । क्या मंत्री महोदय बताएंगे कि उनकी तन्खाह क्या है ?

ਉਪ ਮੰਤਰੀ : ਇਸ ਸੁਆਲ ਨਾਲ ਇਸ ਦਾ ਕੋਈ ਸਬੰਧ ਨਹੀਂ । ਮੈਂਬਰ ਸਾਹਿਬ ਅਲਗ ਸੁਆਲ ਦੇ ਦੇਣ, ਅਸੀਂ ਜਵਾਬ ਦੇ ਦਿਆਂਗੇ ਕਿ ਕਿਤਨੀ ਤਨਖਾਹ ਚੌਕੀਦਾਰ ਨੂੰ ਮਿਲਦੀ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਹਰੀਜਨਾਂ ਤੇ ਚੌਕੀਦਾਰਾਂ ਟੈਕਸ ਮੁਆਫ ਹੋ ਜਾਣ ਨਾਲ ਜਿਹੜੇ ਹੋਰ ਗਰੀਬ ਲੋਕ ਹਨ, ਜਿਨ੍ਹਾਂ ਦੀ ਜ਼ਮੀਨ 5 ਏਕੜ ਤੋਂ ਘੱਟ ਹੈ ਜਾਂ ਗੈਰ ਹਰੀਜਨ ਹਨ, ਉਨ੍ਹਾਂ ਵਿਚ ਬੜੀ ਟੈਨਸ਼ਨ ਫੈਲ ਗਈ ਹੈ । ਸਰਕਾਰ ਨੇ ਜਿਸ ਤਰ੍ਹਾਂ 5 ਏਕੜ ਤਕ ਮਾਲੀਆ ਮੁਆਫ ਕੀਤਾ ਹੈ, ਤਾਂ ਕੀ ਸਰਕਾਰ ਇਸ ਤਜਵੀਜ਼ ਤੇ ਵਿਚਾਰ ਕਰਨ ਲਈ ਤਿਆਰ ਹੈ ਕਿ ਉਨ੍ਹਾਂ ਦਾ ਵੀ ਚੌਕੀਦਾਰਾ ਟੈਕਸ ਮੁਆਫ ਕਰ ਦਿਤਾ ਜਾਵੇ ।

ਉਪ ਮੰਤਰੀ : ਸਪੀਕਰ ਸਾਹਿਬ, ਇਹ ਚੌਕੀਦਾਰਾ ਟੈਕਸ ਸਿਰਫ ਹਰੀਜਨਾਂ ਨੂੰ ਮੁਆਫ ਨਹੀਂ ਕੀਤਾ ਗਿਆ ਹੈ ਬਲਕਿ ਸ਼ਡਿਊਲਡ ਕਾਸਟ ਜਿੰਨੇ ਹਨ ਉਨ੍ਹਾਂ ਨੂੰ ਮੁਆਫ ਕੀਤਾ ਹੈ, ਹਰੀਜਨ ਵੀ ਇਸ ਲਿਸਟ ਵਿਚ ਆਉਂਦੇ ਹਨ । ਜਿਥੋਂ ਤਕ ਹੋਰ ਗਰੀਬ ਲੋਕਾਂ ਨੂੰ ਚੌਕੀਦਾਰਾ ਟੈਕਸ ਮੁਆਫ ਕਰਨ ਦਾ ਸੁਆਲ ਹੈ, ਇਸ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ ।

HELICOPTERS WITH MARKFED FOR AERIAL SPRAYING OF CROPS

*765. 1. Comrade Satya Pal Dang
2. Comrade Dana Ram : Will the Chief Minister be pleased to state :—

(a) the total number of helicopters with the Markfed at present for aerial spraying of crops in the State ;

(b) the date when each of those was purchased and the price of each ;

(c) whether the Government contributed any amount towards those purchases by way of grant or loan ;

(d) the number of pilots engaged by Markfed, the dates of their appointments and the salaries and allowances admissible to them ;

(e) whether any pilots are working in the Markfed on contract; if so, their number and on what term and for what periods ?

ਸਰਦਾਰ ਨਸੀਬ ਸਿੰਘ ਗਿੱਲ (ਉਪ ਮੰਤਰੀ, ਗ੍ਰਹਿ ਅਤੇ ਉਦਯੋਗ) : (ਏ) ਤੋਂ (ਡੀ) ਸਰਕਾਰ ਨੇ ਮਾਰਕਫੈਡ ਨੂੰ ਹੈਲੀਕਾਪਟਰ ਖਰੀਦਣ ਲਈ ਕੋਈ ਗਰਾਂਟ ਜਾਂ ਕਰਜ਼ਾ ਨਹੀਂ ਦਿੱਤਾ । ਪ੍ਰਸ਼ਨ ਵਿਚ ਪੁੱਛੀ ਬਾਕੀ ਸੂਚਨਾ ਬਾਰੇ ਸਰਕਾਰ ਪਾਸ ਕੋਈ ਰਿਕਾਰਡ ਨਹੀਂ ।

[(a) to (d) No grant or loan was given to the Markfed by the Government for the purpose. For the remaining information, there is no record with the Government.]

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਪਹਿਲੇ ਵੀ ਤੁਹਾਨੂੰ ਇਸ ਬਾਰੇ ਬੇਨਤੀ ਕੀਤੀ ਸੀ ਅਤੇ ਤੁਸੀਂ ਕਿਹਾ ਸੀ ਕਿ ਇਸ ਨੂੰ ਕੰਸਿਡਰ ਕਰਾਂਗੇ । ਮਾਰਕਫੈਡ ਨੂੰ ਕਾਅਪਰੇਟਿਵ ਦਾ ਨਾਂ ਦੇ ਕੇ ਸਰਕਾਰ ਕਹਿ ਰਹੀ ਹੈ ਕਿ ਸਾਡੇ ਕੋਲ ਇਹ ਇਨਫਰਮੇਸ਼ਨ ਨਹੀਂ । ਸਾਰਾ ਰੁਪਿਆ ਤਾਂ ਸਰਕਾਰ ਦਾ ਇਸ ਵਿਚ ਲਗਾ ਹੋਇਆ ਹੈ । ਕੁਆਪਰੇਟਿਵ ਦਾ ਨਾਂ ਤਾਂ ਬੋਗਸ ਲਾਇਆ ਹੋਇਆ ਹੈ । ਤੁਸੀਂ ਇਸ ਬਾਰੇ ਫ਼ੈਸਲਾ ਕਰਾਉ ਤਾਂ ਕਿ ਇਸ ਦਾ ਜਵਾਬ ਸਾਨੂੰ ਮਿਲੇ ।

चौधरी बलराम : स्पीकर साहिब, पंजाब में स्परे के लिए helicopters की सखत ज़रूरत है । पिछले साल 4 helicopters तबाह हो गए थे । क्या गवर्नमेंट ने उन की replacement का कोई बन्दोबस्त किया है । अगर नहीं किया तो क्या वजह है ?

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਚੰਗੀ ਸਰਕਾਰ ਹੈ ਜਿਹੜੀ ਚੰਡੀਗੜ੍ਹ ਦੇ ਵਿਚ ਹੀ ਇੱਕ ਸੈਕਟਰ ਤੋਂ ਦੂਜੇ ਸੈਕਟਰ ਵਿਚੋਂ ਇਨਫਰਮੇਸ਼ਨ ਨਹੀਂ ਮੰਗਾ ਸਕਦੀ ਤਾਂ ਫਿਰ ਬਠਿੰਡੇ ਜਾਂ ਫਿਰੋਜ਼ਪੁਰ ਤੋਂ ਕਿਸ ਤਰ੍ਹਾਂ ਇਨਫਰਮੇਸ਼ਨ ਇਹ ਮੰਗਾ ਸਕਣਗੇ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਇਹ ਫੈਸਲਾ ਹੋ ਗਿਆ ਹੈ ਕਿ ਅਟਾਨੋਮਸ ਬਾਡੀ ਬਾਰੇ ਕੋਈ ਸੁਆਲ ਇਸ ਅਸੈਂਬਲੀ ਵਿਚ ਪੁਟ ਨਹੀਂ ਕੀਤਾ ਜਾ ਸਕਦਾ। Are we clear now ?

ਸ਼੍ਰੀ ਸਪੀਕਰ : ਜਿਥੋਂ ਤਕ ਮਾਰਕਫੈਡ ਦਾ ਸਬੰਧ ਹੈ, ਇਹ ਸਾਰਾ ਹਾਊਸ ਮਹਿਸੂਸ ਕਰਦਾ ਹੈ ਕਿ ਸਾਡਾ ਦੇਸ਼ ਐਗਰੀਕਲਚਰ ਦੀ ਇੰਡਸਟਰੀ ਤੇ ਡਿਪੈਂਡ ਕਰਦਾ ਹੈ ਅਤੇ ਐਗਰੀਕਲਚਰ ਦੀਆਂ ਇਨਪੁਟਸ ਦੀ ਸਭ ਤੋਂ ਵੱਡੀ ਜ਼ਿਮੇਂਵਾਰੀ ਪੰਜਾਬ ਵਿਚ ਮਾਰਕਫੈਡ ਤੇ ਪਾਈ ਹੈ । ਇਹ ਹਾਊਸ ਉਸ ਦੇ ਮੁਤੱਲਿਕ ਕੋਈ ਸੁਆਲ ਨਾ ਪੁਛ ਸਕੇ, ਇਹ ਗੱਲ ਸਾਰੇ ਮਹਿਸੂਸ ਕਰਦੇ ਹਨ । ਇਸ ਬਾਰੇ ਸੂਚਨਾ ਮਿਲਣਾ ਲਾਜ਼ਮੀ ਹੈ । ਮੈਂ ਮੁੱਖ ਮੰਤਰੀ ਸਾਹਿਬ ਨੂੰ ਅਰਜ਼ ਕਰਾਂਗਾ ਕਿ ਕੋਈ ਅਜਿਹਾ ਰਾਹ ਕੱਢਣ ਤਾਂ ਕਿ ਇਸ ਹਾਊਸ ਦੇ ਮੈਂਬਰ ਮਾਰਕ-ਫੈਡ ਦੀ ਕਾਰਵਾਈ ਜਾਂ ਕੰਮ ਦੇ ਉਪਰ ਸੁਆਲ ਪੁਟ ਕਰ ਸਕਣ । ਕੁਆਪਰੇਟਿਵ ਐਕਟ ਅਨੁਸਾਰ ਕੋਈ ਮੈਂਬਰ ਸੁਆਲ ਇਸ ਬਾਰੇ ਨਹੀਂ ਪੁਛ ਸਕਦਾ। ਇਹ ਪਬਲਿਕ ਅੰਡਰਟੇਕਿੰਗਜ਼ ਦੇ ਥੱਲੇ ਵੀ ਨਹੀਂ ਆਉਂਦੀ। ਇਸ ਲਈ ਮੈਂ ਸੁਜੈਸਟ ਕਰਾਂਗਾ ਕਿ ਲੈਜਿਸਲੇਸ਼ਨ ਨੂੰ ਬਦਲ ਕੇ ਜਾਂ ਕਿਸੇ ਹੋਰ ਢੰਗ ਨਾਲ, ਇਹ ਕੀਤਾ ਜਾਵੇ ਤਾਂ ਕਿ ਹਾਊਸ ਇਸ ਬਾਰੇ ਇਨਫਰਮੇਸ਼ਨ ਲੈ ਸਕੇ ਜਾਂ ਫਿਰ ਹਾਊਸ ਦੀਆਂ ਕਮੇਟੀਆਂ ਨੂੰ ਇਸ ਨੂੰ ਪ੍ਰੋਬ ਕਰਨ ਦਾ ਅਧਿਕਾਰ ਹੋਵੇ ।

[This House feels that our country depends upon agriculture. In Punjab mainly it is the responsibility of Markfed to supply inputs for agricultural industry. All the Members feel it very much that this House can not put any question regarding Markfed. It is necessary that this House should get information regarding Markfed. I would request the hon. Chief Minister to find some way to enable this House to seek information regarding the working of Markfed. According to the provisions of the Co-operatives Act, no member of this House can put any question in regard to this organisation. This organisation also does not fall under the category of public undertakings. Therefore, I suggest that the relevant legislation be amended or some other alternative found so that either this House is able to seek information about this organisation or the Committees of the House are authorised to probe its working.]

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸਾਡੇ ਹਾਊਸ ਦੀ ਰੂਲਜ਼ ਕਮੇਟੀ ਹੈ ਜਿਸ ਦੇ ਕਿ ਤੁਸੀਂ ਵੀ ਚੇਅਰਮੈਨ ਹੋ । ਤੁਹਾਨੂੰ ਪਤਾ ਹੈ ਕਿ ਰੂਲਜ਼ ਵਿਚ ਇਹ ਲਿਖਿਆ ਹੋਇਆ ਹੈ ਕਿ about any undertaking notwithstanding whether it is co-operative or not whose more than 50% capital belongs to the State Government, question will be admissible in the Assembly.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਤਾਂ ਘਰ ਵਿਚ ਹੀ ਕੰਮ ਸਰ ਗਿਆ ਹੈ । ਤੁਸੀਂ ਹੀ ਕੰਮ ਸਾਰ ਲੈਣਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਸਰਕਾਰ ਕੋਈ ਰਸਤਾ ਕੱਢੇ ਜਾਂ ਰੂਲਜ਼ ਵਿਚ ਬਦਲੀ ਕੀਤੀ ਜਾਵੇ, ਇਹ ਮਾਮਲਾ ਸੋਚਣ ਵਾਲਾ ਹੈ । ਅਸੀਂ ਇਸ 'ਤੇ ਸੋਚ ਵਿਚਾਰ ਕਰਾਂਗੇ ਔਰ ਆਪਣਾ ਮਸ਼ਵਰਾ ਤੁਹਾਨੂੰ ਦੇ ਦੇਵਾਂਗੇ ।

Mr. Speaker : Question Hour is over. The remaining questions will be deemed to have been answered under Rule 38 of the Rules of Procedure and Conduct of Business in the Punjab Vidhan Sabha.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

IRON CONSUMED BY THE INDUSTRIALISTS IN LUDHIANA

*690 **Shri Sardari Lal Kapur** : Will the Chief Minister be pleased to state :—

(a) the total quantity of Iron consumed by the Industrialists in Ludhiana, during the last twelve months monthwise ;

(b) whether the Government would consider the desirability of Instituting an enquiry with a view to find out whether the Industrialists getting monthly quota of iron, utilise the same for the purpose for which it is given ?

Sardar Nasib Singh Gill (Deputy Minister, Home and Industries) : (a) No record is kept by the Industries Department because the Industrialists procure the iron through sources other than Government too.

(b) The field staff has standing instructions to check the proper utilization of the material supplied through the Government sources.

[(ੲ) ਉਦਯੋਗ ਵਿਭਾਗ ਵਿਚ ਕੋਈ ਰਿਕਾਰਡ ਨਹੀਂ ਰਖਿਆ ਜਾਂਦਾ ਕਿਉਂਕਿ ਉਦਯੋਗਪਤੀ ਸਰਕਾਰ ਤੋਂ ਇਲਾਵਾ ਹੋਰ ਸੰਸਥਾਵਾਂ ਤੋਂ ਭੀ ਲੋਹਾ ਲੈਂਦੇ ਹਨ ।

(ਬੀ) ਖੇਤਰ ਕਰਮਚਾਰੀਆਂ ਨੂੰ ਸਥਾਈ ਹਦਾਇਤਾਂ ਦਿੱਤੀਆਂ ਹੋਈਆਂ ਹਨ ਕਿ ਉਹ ਸਰਕਾਰ ਰਾਹੀਂ ਦਿੱਤੇ ਗਏ ਮਾਲ ਦੀ ਪੂਰੀ ਦੇਖ ਭਾਲ ਕਰਨ ਕਿ ਇਸਦੀ ਉਚਿੱਤ ਵਰਤੋਂ ਕੀਤੀ ਗਈ ਹੈ ।]

ENQUIRY AGAINST SOME SOAP MILLS OF AMRITSAR

*766. 1. **Comrade Satya Pal Dang**
2. **Comrade Dana Ram** : Will the Chief Minister be pleased to state whether any enquiry against the misutilization of quotas by some Soap Mills of Amritsar has been conducted after the present Government came into office, If so, when and with what results ?

ਗਿਆਨੀ ਜ਼ੈਲ ਸਿੰਘ : ਹਾਂ ਜੀ । ਅਗਸਤ, 1972 ਵਿੱਚ ਮੈਸਰਜ਼ ਆਦਰਸ਼ ਸੋਪ ਮਿਲਜ਼, ਦਰਸ਼ਨ ਸੋਪ ਮਿਲਜ਼ ਅਤੇ ਆਦਰਸ਼ ਆਇਲ ਮਿਲਜ਼ ਦੇ ਵਿਰੁਧ ਇਨਕੁਆਇਰੀ ਉਪ ਡਾਇਰੈਕਟਰ ਅਤੇ ਅਖੀਰ ਵਿੱਚ ਮੀਤ ਡਾਇਰੈਕਟਰ ਉਦਯੋਗ ਨੇ ਕੀਤੀ ਸੀ ।

ਇਨਕਵਾਰੀ ਦੇ ਨਤੀਜੇ ਤੋਂ ਉਪਰੋਕਤ ਮਿਲਾਂ ਦੇ ਵਿਰੁਧ ਕੋਟੇ ਦੀ ਗਲਤ ਵਰਤੋਂ ਦਾ ਦੋਸ਼ ਸਾਬਤ ਨਹੀਂ ਹੋਇਆ ਇਸ ਲਈ ਇਨ੍ਹਾਂ ਦੇ ਵਿਰੁਧ ਪੜਤਾਲ ਬੰਦ ਕਰ ਦਿੱਤੀ ਗਈ ਹੈ ।

ROADWAYS INQUIRY COMMITTEE

*794. **Comrade Shamsher Singh Josh** : Will the Chief Minister be pleased to state whether the Government has recently appointed any Roadways Inquiry Committee to look into the cases of corruption, malpractices and financial misappropriation by the high officials of the Transport Department; if so, the time by which the report of the said Committee is likely to be presented to the Government ?

ਗਿਆਨੀ ਜ਼ੈਲ ਸਿੰਘ : ਨਹੀਂ ਜੀ । ਪਰੰਤੂ ਇਕ ਕਮੇਟੀ ਪੰਜਾਬ ਰੋਡਵੇਜ਼ ਵਿਚੋਂ ਭ੍ਰਿਸ਼ਟਾਚਾਰ ਦੀ ਰੋਕ ਬਾਰੇ ਸੁਝਾਉ ਦੇਣ ਲਈ ਸਥਾਪਤ ਕੀਤੀ ਗਈ ਸੀ । ਇਸ ਕਮੇਟੀ ਦੀ ਰਿਪੋਰਟ ਅੰਤਮ ਪੜਾਵਾਂ ਤੇ ਹੈ ।

[No please, however, a Committee has been constituted to suggest ways and means to eradicate corruption amongst the employees of the Punjab Roadways.

The report of the Committee is in the process of finalisation.

DEPOSITS OF STONE FOUND IN SHIVALIK HILLS OF HOSHIARPUR DISTRICT

*803 **Comrade Darshan Singh Canadian** : Will the Chief Minister be pleased to state :—

(a) whether it is a fact that large deposits of stone have been found in the Shivalik Hills of Hoshiarpur district from which glass and silica can be manufactured;

(b) if the reply to part (a) above be in the affirmative, whether the Government propose to take any steps to set up factories to manufacture the above mentioned items; if so, the details thereof ?

Giani Zail Singh : (a) Yes.

(b) The matter is under consideration of the Government.

[(ੲ) ਹਾਂ ਜੀ ।

(ਬੀ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ]

CONSTRUCTION OF LINK ROADS DURING 1972-73

*691. **Shri Sardari Lal Kapur** : Will the Chief Minister be pleased to state the total number of villages in the State which are proposed to be linked by roads during the year 1972 together with the length of the said roads ?

Giani Zail Singh : It is proposed to link 3,000 villages during 1972-73 and some 3,000 miles of roads shall have to be constructed to link these villages.

[ਸਾਲ 1972–73 ਦੇ ਦੌਰਾਨ 3,000 ਪਿੰਡਾਂ ਨੂੰ ਸੜਕਾਂ ਨਾਲ ਜੋੜਨ ਲਈ ਲਗ-ਭਗ 3,000 ਮੀਲ ਲਿੰਕ ਸੜਕਾਂ ਬਣਾਉਣ ਦੀ ਤਜਵੀਜ਼ ਹੈ ।]

CONSTRUCTION OF ROADS IN THE STATE CONSTITUENCY-WISE

*671. **Chaudhri Jagat Ram** : Will the Chief Minister be pleased to state :—

(a) the length of roads, constituency-wise in the State, as on 15th March, 1972;

(b) the length of roads, constituency-wise in the State as at present;

(c) the details of roads proposed to be constructed, constituency-wise in the State for the remaining period of financial year 1972-73;

Giani Zail Singh : No information/data is collected/planned constituency-wise. The Planning is done district-wise only. Also a constituency is not a unit for planning purposes. Further the planning is now based on the number of villages which are still unconnected by the roads.

(b) and (c) as at (a) above.

[(ੳ) ਸੜਕਾਂ ਬਣਾਉਣ ਦੇ ਸਬੰਧ ਵਿਚ ਕੋਈ ਵੀ ਸੂਚਨਾ ਤਥ ਹਲਕੇਵਾਰ ਇਕੱਤਰ ਅਤੇ ਯੋਜਨਾ ਵੱਧ ਨਹੀਂ ਕੀਤੀ ਜਾਂਦੀ । ਯੋਜਨਾ ਜ਼ਿਲਾਵਾਰ ਤਿਆਰ ਕੀਤੀ ਜਾਂਦੀ ਹੈ । ਇਸ ਤੋਂ ਉਪਰੰਤ ਯੋਜਨਾ ਦੇ ਮਤਲਬ ਲਈ ਹਲਕੇ ਨੂੰ ਇਕਾਈ ਨਹੀਂ ਮੰਨਿਆ ਜਾ ਸਕਦਾ। ਇਸ ਸਮੇਂ ਸੜਕਾਂ ਬਣਾਉਣ ਸਬੰਧੀ ਯੋਜਨਾ ਉਨ੍ਹਾਂ ਪਿੰਡਾਂ ਦੇ ਆਧਾਰ ਤੇ ਤਿਆਰ ਕੀਤੀ ਜਾਂਦੀ ਹੈ ਜਿਹੜੇ ਅਜੇ ਸੜਕਾਂ ਨਾਲ ਨਹੀਂ ਜੋੜੇ ਗਏ ।]

(ਅ ਤੇ ੲ) ਉਪਰੋਕਤ (ੳ) ਅਨੁਸਾਰ ।)

FIXATION OF PRICE OF WHEAT ETC.

*793. **Comrade Shamsher Singh Josh** : Will the Minister for Development be pleased to state whether any decision has recently been taken to fix and announce the price of wheat and other agricultural commodities at the time of sowing ?

Captain Rattan Singh : Yes, recently the Government of India have fixed and announced the price of wheat for the year 1972-73, at the sowing time. As far as other agricultural commodities are concerned, no such decision has yet been taken.

[ਹਾਂ ਜੀ, ਹੁਣੇ ਹੀ ਕੇਂਦਰੀ ਸਰਕਾਰ ਨੇ ਕਣਕ ਦੀ ਕੀਮਤ ਦਾ ਬਿਜਾਈ ਦੇ ਸਮੇਂ ਨਿਸ਼ਚਿਤ ਕਰਕੇ ਐਲਾਨ ਕੀਤਾ ਹੈ । ਜਿਥੋਂ ਤੱਕ ਹੋਰ ਖੇਤੀ ਬਾੜੀ ਜਿਨਸਾਂ ਦਾ ਸੰਪਰਕ ਹੈ ਅਜੇ ਤਕ ਕੋਈ ਫੈਸਲਾ ਨਹੀਂ ਹੋਇਆ ।]

STARRED QUESTION NO. 764

ਕੈਪਟਨ ਰਤਨ ਸਿੰਘ

ਮੰਤਰੀ,
ਵਿਕਾਸ ਵਿਭਾਗ, ਪੰਜਾਬ,
ਚੰਡੀਗੜ੍ਹ ।

ਅ. ਸ. ਪੱਤਰ ਨੰ: 4032–ਵਣ 11-72/
ਚੰਡੀਗੜ੍ਹ-ਮਿਤੀ 14 ਦਸੰਬਰ, 1972

ਵਿਸ਼ਾ: ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 764 ਵਲੋਂ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਐਮ. ਐਲ. ਏ. ਗੜ੍ਹ ਸ਼ੰਕਰ ਤਹਿਸੀਲ ਦੇ ਬੀਰਾਮਪੁਰ ਸੈਲੀ ਇਲਾਕੇ ਵਿਚ ਕੰਮ ਕਰ ਰਹੇ ਵਣ ਵਿਭਾਗ ਦੇ ਕੈਜ਼ੂਅਲ ਕਾਮਿਆਂ ਨੂੰ ਤਨਖਾਹ ਨਾ ਦੇਣ ਬਾਰੇ ।

ਪਿਆਰੇ ਸਰਦਾਰ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 764 ਜੋ ਮਿਤੀ 15 ਫਰਵਰੀ, 1972 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ 7 ਦਿਨ ਦਾ ਵਾਧਾ ਕੀਤਾ ਜਾਵੇ ਅਤੇ ਇਹ ਸੁਆਲ ਇਸ ਸਮੇਂ ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਸ਼ੁਭਚਿੰਤਕ,
ਸਹੀ/ਕੈਪਟਨ ਰਤਨ ਸਿੰਘ ।

ਸ਼੍ਰੀ ਦਰਬਾਰਾ ਸਿੰਘ, ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

STARRED QUESTION NO. 689

ਉਮਰਾਓ ਸਿੰਘ

ਅ. ਸ. ਨੰ: 10844-ਸਿ 3 (ਸਟੈਨੋ)-72/

ਮੰਤਰੀ
ਸਿਖਿਆ ਵਿਭਾਗ, ਪੰਜਾਬ,
ਚੰਡੀਗੜ੍ਹ ।

ਮਿਤੀ ਚੰਡੀਗੜ੍ਹ 14 ਦਸੰਬਰ, 1972

ਵਿਸ਼ਾ: ਪ੍ਰਾਇਮਰੀ/ਮਿਡਲ/ਹਾਈ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ।

ਪਿਆਰੇ,

ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 689 ਜੋ ਮਿਤੀ 15 ਦਸੰਬਰ, 1972 ਨੂੰ ਸੁਆਲਾਂ ਦੀ ਸੂਚੀ ਵਿਚ ਸ੍ਰੀ ਸਰਦਾਰੀ ਲਾਲ ਕਪੂਰ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਨੂੰ 15 ਦਿਨਾਂ ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਹਿਤੂ
ਸਹੀ/ਉਮਰਾਓ ਸਿੰਘ

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

STARRED QUESTION NO. 763

ਅ. ਸ. ਨੰ: 10666-ਸਿ 3-2 ਸ—72/

ਉਮਰਾਓ ਸਿੰਘ

ਮੰਤਰੀ
ਸਿਖਿਆ ਵਿਭਾਗ, ਪੰਜਾਬ,
ਚੰਡੀਗੜ੍ਹ ।

ਮਿਤੀ 14 ਦਸੰਬਰ, 1972

ਪਿਆਰੇ,

ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 763 ਜੋ ਮਿਤੀ 15 ਦਸੰਬਰ, 1972 ਨੂੰ ਸੁਆਲਾਂ ਦੀ ਸਚੀ ਵਿਚ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ, ਐਮ.ਐਲ.ਏ. ਦੇ ਨਾਂ ਹੇਠ ਦਰਜ

For starred questions Nos. 689 and 763 and replies thereto please see Appendix to this Debate.

ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ। ਲੋੜੀਦੀਂ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਨੂੰ 15 ਦਿਨਾਂ ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਹਿਤੂ,
ਸਹੀ/ ਉਮਰਾਓ ਸਿੰਘ ।

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

STARRED QUESTION NO. 770

ਅ. ਸ. ਪ. ਨੰ: 15099-1 ਸਿ 2-72/

ਉਮਰਾਓ ਸਿੰਘ

ਮੰਤਰੀ
ਸਿਖਿਆ ਵਿਭਾਗ, ਪੰਜਾਬ,
ਚੰਡੀਗੜ੍ਹ ।
ਮਿਤੀ ਦਸੰਬਰ, 1972

ਵਿਸ਼ਾ: ਸਟਾਰਡ ਪ੍ਰਸ਼ਨ ਨੰ: 770

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 770 ਜੋ ਮਿਤੀ 15 ਦਸੰਬਰ, 1972 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸਤਿਆਪਾਲ ਡਾਂਗ, ਐਮ. ਐਲ. ਏ. ਅਤੇ ਕਾਮਰੇਡ ਦਾਨਾ ਰਾਮ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਮਿਤੀ 31 ਦਸੰਬਰ, 1972 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ
ਸਹੀ/ ਉਮਰਾਓ ਸਿੰਘ

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

---

*For starred question No. 770 and reply thereto please see Appendix to this Debate.

GRANT-IN-AID SANCTIONED FOR THE BUILDING OF GOVERNMENT HIGH SCHOOL, GURU HARSAHAI, DISTRICT GURDASPUR.

*672. **Sardar Lachhman Singh**: Will the Minister for Education and Revenue be pleased to state :—

(a) the amount of grant-in-aid last sanctioned for the Government High School Building, Guru Harsahai, in Ferozepore district;

(b) whether the amount referred to in part (a) above, has been spent; if not ,the reasons therefor ?

ਸਰਦਾਰ ਉਮਰਾਓ ਸਿੰਘ : (ੲ) ਕੋਈ ਨਹੀਂ ਜੀ ।

(ਬੀ) ਸਵਾਲ ਪੈਦਾ ਨਹੀਂ ਹੁੰਦਾ ।

[(a) None please.

(b) Question does not arise.]

REPRESENTATION FROM ALL INDIA NATIONAL FITNESS CORPS EMPLOYEES ASSOCIATION.

*995. **Chaudhri Jagat Ram**
Chaudhri Darshan Singh } Will the Minister for Education and Revenue be pleased to state whether he has received any representation from the All India National Fitness Corps Employees Association during the last few months, if so, the details of the demands made therein and the action taken by the Government thereon ?

Sardar Umrao Singh: (a) (i) Yes.

(ii) Main demands of the Association are laid on the Table of the House.

(b) Their demands will be considered when their services are actualy taken over by the Punjab Government.

[(ੲ) (1) ਹਾਂ ਜੀ,

(2) ਐਸੋਸੀਏਸ਼ਨ ਦੀਆਂ ਵੱਡੀਆਂ ਮੰਗਾਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ ।

(ਬੀ) ਉਨ੍ਹਾਂ ਦੀਆਂ ਮੰਗਾਂ ਤੇ ਕੇਵਲ ਤਦੋਂ ਹੀ ਵਿਚਾਰ ਕੀਤਾ ਜਾਵੇਗਾ ਜਦੋਂ ਪੰਜਾਬ ਸਰਕਾਰ ਉਨ੍ਹਾਂ ਨੂੰ ਠੀਕ ਆਪਣੇ ਅਧੀਨ ਲੈ ਲਵੇਗੀ ।]

1. In the event of the transfer of N. D. S. Instructors of N. F. C., absorption in the State continuity of their service and fixation of seniority with the State P. T. I.'s be guarnted and they should be considered for promotion etc. and service in the Higher posts according to their seniority so fixed.

2. The absorption of instructors should be en-block and not in piece-meal transfer or absorption will be against the rules and justice and un-constitutional as they are having seniority on all India basis.

3. The Government has set up the 3rd pay commission and there is every likelihood in the near future of revision of the present pay scales of Central employees and the revised scales may be guaranteed to the instructors.

4. The persons who have been declared quasi-permanent should be allowed to carry their status to the states,

5. Protection of privileges enjoyed by them as Central Government servants e.g. family pension, leave travel concession, medical re-imbursement childern education allowance, children tuition fees-re-imbursement and others.

6. In case, however, the N. D. S. Instructors have to go to the States the terms and conditions of their transfer be settled with the States in consultation with the employees.

QUESTIONS OF PRIVILEGE

Mr. Speaker : I have received a notice of Privilege Motion from Sardar Ajaib Singh Sandhu, wherein he has stated that Captain Rattan Singh, hon. Minister for Development, while replying to the debate on the 13th December, 1972, regarding purchase of molasses misled the House by giving a wrong statement when he said that "Since during the Akali Ministry, Sardar Balwant Singh's time, the molasses price has gone from Rs. 40.00 to Rs. 175.00 per quintal and this had become a scandal". Sardar Ajaib Singh has also stated in his notice that the actual facts are that during the Ministry, when Sardar Balwant Singh was Excise Minister, the molasses were purchased at the control rate of 71 paise per quintal. It was during the Congress supported Gill Ministry that the molasses were purchased at Rs. 175.00 per quintal.''

The House will recollect that yesterday in the afternoon sitting I mentioned that I had received a letter from Sardar Balwant Singh, Ex-Finance Minister to the effect that it was during Gill's regime that molasses were purchased between Rs. 40.00 and Rs. 175.00 per quintal and that the charge that the price of molasses went up from Rs. 40.00 to Rs. 175.00 when he (Sardar Balwant Singh) was Minister, was wrong.

When I mentioned this fact, the Minister for Development observed that he had not levelled that charge. The Minister said that the matter had been raised by Comrade Darshan Singh Canadian and that he (The Minister) had replied to the Member's speech. Thereupon, Comrade Satyapal Dang pointed out that Comrade Darshan Singh Canadian in suport of what he had stated, had quoted from the report of the P.A.C. I have now gone through the record of the proceedings of the 13th December, 1972, and I find that the Minister for Development did not utter the words objected to in the Privilege Motion. Nor did he make any observation to that effect. In view of this fact, I do not give my consent to the question of privilege being raised.

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਜਦੋਂ ਤੁਸੀਂ ਕਲ ਇਥੇ ਫਰਮਾਇਆ ਸੀ, ਵਜ਼ੀਰ ਸਾਹਿਬ ਵੀ ਇਥੇ ਬੈਠੇ ਸਨ, ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਬੜੀ ਗੈਰ-ਜ਼ਿਮਾਵਾਰੀ ਨਾਲ ਕਿਹਾ ਸੀ ਕਿ ਕਿਉਂਕਿ ਕੈਨੇਡੀਅਨ ਸਾਹਿਬ ਨੇ ਕਿਹਾ ਹੈ ਇਸ ਲਈ ਮੈਂ ਕਿਹਾ ਹੈ।

ਸ੍ਰੀ ਸਪੀਕਰ : ਨਹੀਂ ਜੀ, ਉਨ੍ਹਾਂ ਨੇ ਤਾਂ ਕਿਹਾ ਸੀ ਕਿ ਮੈਂ ਇਹ ਚਾਰਜ ਲੈਵਲ ਨਹੀਂ ਕੀਤਾ । (No, the hon. Minister had said that he had not levelled this charge.)

There is another Privilege Motion. Its notice has been given by Comrade Satyapal Dang and Comrade Raj Kumar. In the notice, it has been stated that speaking on the non-official Bill of Comrade Satyapal Dang, namely, the Punjab Industrial Establishments (Declaration of Permanent Posts) Bill, 1972, the Finance Minister more than once stated that the subject matter of the Bill was covered by a comprehensive Bill which the Union Government was going to bring before the Parliament. According to the hon. Members, the subject matter of the said comprehensive Bill is quite well-known and does not include the subject matter of the Bill which Comrade Satyapal Dang had moved yesterday. These hon. Members have, therefore, alleged that the Minister knowingly mis-led the House with a view to influence the Members to oppose the Bill. I hope the House will agree that I am not in a position to verify the acts unless I know the contents of the Bill being brought before the Parliament. In the absence of any documentary evidence which conclusively proves that the statement made by the hon. Minister yesterday was wrong, I am sorry, I cannot give my consent to the question of privilege being raised.

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਸ ਨੂੰ ਪੈਂਡਿੰਗ ਰਖ ਲਵੋ । ਮੈਂ ਤੁਹਾਡੇ ਕੋਲ ਲੋਕ ਸਭਾ ਦੀਆਂ ਪ੍ਰੋਸੀਡਿੰਗਜ਼ ਅਤੇ ਕੰਪ੍ਰੀਹੈਨਸਿਵ ਬਿਲ ਲੈ ਆਵਾਂਗਾ ਔਰ ਮੈਂ ਤੁਹਾਨੂੰ ਐਵੀਡੈਂਸ ਦੇ ਦੇਵਾਂਗਾ ।

ਸ੍ਰੀ ਸਪੀਕਰ : ਡਾਂਗ ਸਾਹਿਬ ਹਾਊਸ ਐਡਜਰਨ ਹੋ ਜਾਵੇਗਾ ਅਤੇ ਇਸ ਨੇ ਲੈਪਸ ਹੋ ਜਾਣਾ ਹੈ । ਇਸ ਲਈ ਤੁਸੀਂ ਇਹ ਗੱਲ ਕਿਸੇ ਹੋਰ ਤਰ੍ਹਾਂ ਰੇਜ਼ ਕਰ ਲਵੋ (Dang Sahib, the House is adjourning *sine-die* today and your motion will lapse. You may, therefore, raise the matter in some other form.)

ADJOURNMENT MOTION

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ ਜਿਸ ਦਾ ਜਵਾਬ ਹੁਣ ਟਾਈਪਡ ਆਇਆ ਹੈ । ਦਫਾ 144 ਦੋ ਮਹੀਨੇ ਟੀਚਰਜ਼ ਦੇ ਨਾਮ ਤੇ ਅਤੇ ਸਟੂਡੈਂਟਸ ਦੇ ਨਾਮ ਤੇ ਲਗਾਈ ਰਖੀ ਤਾਕਿ ਲੋਕ ਅਵਾਜ਼ ਨਾ ਉਠਾ ਸਕਣ । ਤੁਸੀਂ ਕਹਿ ਦਿਤਾ ਹੈ ਕਿ ਆਰਡੇਨਰੀ ਐਡਮਿਨਿਸਟਰੇਸ਼ਨ ਦੀ ਗੱਲ ਹੈ । ਇਹ ਤਾਂ ਹੁੰਦਾ ਹੈ ਜੇ ਵਾਜਬ ਜਗਾਹ ਤੇ 144 ਦਫ਼ਾ ਲਗਾਈ ਜਾਵੇ । ਮੇਰੀ ਬੇਨਤੀ ਇਹ ਹੈ ਕਿ ਮੋਗੇ ਵਿਚ ਵਿਦਿਆਰਥੀਆਂ ਨੇ ਇਸ ਗੱਲ ਤੇ ਬਰੈਟਨ ਕੀਤਾ ਹੈ, ਜਲੂਸ ਵੀ ਕੱਢਿਆ ਹੈ ਅਤੇ ਡੀਫਾਈ ਕੀਤਾ ਹੈ ਕਿ ਇਹ ਦਫਾ ਨਹੀਂ ਰਹਿਣੀ ਚਾਹੀਦੀ । ਇਸ ਲਈ ਮੇਰੀ ਬੇਨਤੀ ਹੈ ਕਿ ਇਸ ਨੂੰ ਅਡਮਿਟ ਕਰ ਲਵੋ ।

CALL ATTENTION NOTICES UNDER RULE 66

(Serial No. 31)

Comrade Darshan Singh Canadian : Sir, I beg to draw the attention of the Government towards a matter of urgent public importance, namely, Elections to the Co-operative institution though long over due are not being held. This has resulted in the work suffering a lot and there is much discontentment. In view of the obvious and urgent importance of the matter the Government may please be asked to make a statement in the House.

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The hon. Minister concerned may please make a statement.)

(Serial No. 32)

Comrade Raj Kumar Dhariwal : Sir, I beg to draw the attention of the Government towards a matter of urgent public importance, namely, during the Budget Session of the Assembly, the Finance Minister had announced that orders had been passed to transfer to the worker-tenants ownership rights on hire purchase basis of the houses constructed under the Industrial Housing Scheme. This however has not been done till today and here is much discontentment amongst the working class on this issue.

In view of the obvious and urgent importance of the matter, the Government may please be asked to make a statement in the House.

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 34)

ਸਰਦਾਰ ਗੁਰਬਚਨ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਪਿਛਲੇ ਇਕ ਹਫਤੇ ਤੋਂ ਯੂਨੀਅਨ ਟੈਰੀਟਰੀ ਦੀ ਪੁਲਿਸ ਪੰਜਾਬ ਦੇ ਉਨ੍ਹਾਂ ਟਰੱਕਾਂ ਨੂੰ ਜਿਹੜੇ ਦਿਲੀ ਨੂੰ ਬਰਾਸਤਾ ਚੰਡੀਗੜ੍ਹ ਜਾਂਦੇ ਹਨ ਜਾਂ ਆਉਂਦੇ ਹਨ, ਬਿਨਾ ਵਜਾਹ ਪਕੜ ਕੇ 17 ਸੈਕਟਰ ਬੰਦ ਕਰਦੇ ਹਨ ਅਤੇ ਚਾਲਾਨ ਕਰਕੇ ਹੈਰਾਸ ਕਰ ਰਹੇ ਹਨ । ਇਹ ਧੱਕੜਸ਼ਾਹੀ ਪੰਜਾਬ ਦੇ ਟਰੱਕਾਂ ਨਾਲ ਵਿਸ਼ੇਸ਼ ਕਰਕੇ ਕੀਤੀ ਜਾ ਰਹੀ ਹੈ । ਸਰਕਾਰ ਨੂੰ ਇਸ ਬਾਰੇ ਧਿਆਨ ਦੇਣਾ ਚਾਹੀਦਾ ਹੈ ਅਤੇ ਬਿਆਨ ਦੇਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The hon. Minister concerned may please make a statement.)

(Serial No. 36)

Sardar Ajaib Singh Sandhu : Sir I beg to draw the attention of the Government towards matter of urgent public importance, namely, non-absorption of about 300 Social Studies Masters who were selected by the Departmental Committee headed by Bibi Mohinderwant Kaur, Deputy Director, Public Instruction, Punjab. The D.E.Os. are recruiting persons on six months basis but these selected persons are not being absorbed inspite of the fact that more vacancies are lying vacant than the selected candidates. This has caused great resentment in the Punjab. The Minister may please make a statement in this regard.

Mr. Speaker : Admitted. The Minister concerned may please make a statement.

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ ਨੇ ਮੇਰੀ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਦਿੰਦਿਆਂ ਇਹ ਗੱਲ ਕਹੀ ਹੈ ਕਿ ਇਹ ਕੇਸ ਅਜੇ ਹਾਈਕੋਰਟ ਦੇ ਵਿਚ ਡੀਸੀਜ਼ਨ ਦੇ ਲਈ ਪੈਂਡਿੰਗ ਹੈ । ਜੇ ਇਸ ਤਰ੍ਹਾਂ ਦੀ ਗਲ ਹੈ ਤਾਂ ਵਜ਼ੀਰ ਸਾਹਿਬ ਇਹ ਯਕੀਨ ਦਿਵਾਉਣ ਕਿ ਇਹ ਲਾਗੂ ਹੋਣ ਦੀ ਤਰੀਕ ਵੀ ਵਧਾ ਦੇਣਗੇ ?

(ਕੋਈ ਜਵਾਬ ਨਹੀਂ ਆਇਆ)

(ਕ੍ਰਮ ਨੰ: 38)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਕਿ ਪਾਤੜਾਂ ਮੰਡੀ ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ ਦੀ ਟੂਰਿੰਗ ਟਾਕੀ ਦੀਆਂ ਦੀਵਾਰਾਂ ਗਿਰਨ ਕਾਰਣ ਪਿਛਲੇ ਦਿਨਾਂ ਵਿਚ ਨੌਂ ਬੰਦੇ ਮਰ ਗਏ ਅਤੇ ਬੇਅੰਤ ਜ਼ਖਮੀ ਹੋ ਗਏ ਜੋ ਰਾਜਿੰਦਰਾ ਹਸਪਤਾਲ ਵਿਚ ਦਾਖਲ ਹਨ । ਇਸ ਘਟਨਾਂ ਨਾਲ ਇਲਾਕੇ ਵਿਚ ਦਹਿਸ਼ਤ ਫੈਲੀ ਹੋਈ ਹੈ । ਇਸ ਟੂਰਿੰਗ ਟਾਕੀ ਦਾ ਦਾ ਲਾਇਸੈਂਸ ਦੇਣ ਵਾਲੇ ਅਫ਼ਸਰਾਂ ਦੇ ਖਿਲਾਫ਼ ਕੋਈ ਐਕਸ਼ਨ ਨਹੀਂ ਲਿਆ ਗਿਆ । ਲੋਕਾਂ ਵਿਚ ਅਤੇ ਸਿਨੇਮਾ ਦੇਖਣ ਵਾਲਿਆਂ ਵਿਚ ਬੜੀ ਬੇਚੈਨੀ ਹੈ । ਇਸ ਸਬੰਧੀ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 43)

ਸਰਦਾਰ ਗੁਰਦੇਵ ਸਿੰਘ ਸਿੱਧੂ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਕਿ ਪਟਿਆਲਾ ਸ਼ਹਿਰ ਵਿਚ ਰੇਲਵੇ ਸਟੇਸ਼ਨ ਦੇ ਨੇੜੇ ਬੱਸਾਂ ਦਾ ਅੱਡਾ ਹੈ ਤੇ ਜਿਥੇ ਬਹੁਤ ਹੀ ਗਰੀਬ ਲੋਕ ਦੁਕਾਨਾਂ ਤੇ ਹੋਰ ਕਾਰੋਬਾਰ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ । ਉਥੋਂ ਬੱਸਾਂ ਦਾ ਅੱਡਾ ਕਿਸੇ ਹੋਰ ਥਾਂ ਤੇ ਬਦਲ ਕੇ ਗਰੀਬਾਂ ਨਾਲ ਧੱਕਾ ਨਾ ਹੋਵੇ । ਸਰਕਾਰ ਸਦਨ ਵਿਚ ਬਿਆਨ ਦੇਣ ਦੀ ਕਿਰਪਾ ਕਰੇ ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । ((Admitted. The hon. Minister concerned may please make a statement.)

(ਕ੍ਰਮ ਨੰ: 48)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪਿੰਡ ਮਨਹਾਲਾ ਜੈ ਸਿੰਘ ਹਲਕਾ ਵਲਟੋਹਾ ਜੋ ਕਿ ਦਸ ਮੀਲ ਦੇ ਅੰਦਰ ਹੈ ਪਰ ਡੀ. ਸੀ. ਨੇ ਬਿਨਾਂ ਨਕਸ਼ੇ ਦੇ ਦਸ ਮੀਲ ਦੀਆਂ ਰਿਆਇਤਾਂ ਖੋਹ ਲਈਆਂ ਹਨ । ਕੀ ਸਰਕਾਰ ਇਨਕੁਆਇਰੀ ਕਰਵਾਏਗੀ ?

ਸ਼੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

ਕਾਮਰੇਡ ਸੱਤਪਾਲ ਡਾਂਗ : 45 ਨੰ: ਰਹਿ ਗਈ ਹੈ ਜੀ ।

ਸ਼੍ਰੀ ਸਪੀਕਰ : 44 ਅਤੇ 45 ਇਹ ਐਡਮਿਟ ਨਹੀਂ ਹੋਈਆਂ । (Call Attention Notices Nos. 44 and 45 have not been admitted.)

ਕਾਮਰੇਡ ਸੱਤਪਾਲ ਡਾਂਗ : ਜੇ 47 ਐਡਮਿਟ ਹੋ ਗਈ ਤਾਂ 45 ਕਿਵੇਂ ਰਹਿੰਦੀ ਹੈ । ਨੰਬਰ ਤਾਂ ਟਾਈਮ ਦੇ ਨਾਲ ਹੀ ਲਗਦੇ ਹਨ । 10.00 ਵਜੇ ਦਿੱਤੀ ਸੀ, 5 ਮਿੰਟ ਉਪਰ ਜਾਣ ਲਈ ਲਗੇ ਹੋਣਗੇ ।

ਸ਼੍ਰੀ ਸਪੀਕਰ : 47ਵੀਂ ਨਹੀਂ ਹੋਈ । ਇਹ ਟਾਈਮ ਦਾ ਸਵਾਲ ਨਹੀਂ ਇਹ ਕਿਸੇ ਹੋਰ ਗਰਾਉਂਡ ਤੇ ਡਿਸਅਲਾਓ ਹੋਈ ਹੈ । (Call Attention Notice No. 47 has also not been admitted. It is not a question of time, it has been disallowed on some other ground.)

ਸਰਦਾਰ ਜਸਵਿੰਦਰ ਸਿੰਘ ਬਰਾੜ : ਇਕ ਅਬੋਹਰ ਦੇ ਇਲਾਕੇ ਬਾਰੇ ਮੇਰੀ ਕਾਲ ਅਟੈਨਸ਼ਨ ਮੋਸ਼ਨ ਸੀ ।

ਸ਼੍ਰੀ ਸਪੀਕਰ : ਇਹ ਆ ਚੁਕੀ ਹੈ , ਤੁਸੀਂ ਸੁਣੀ ਨਹੀਂ । (It has already been dealt with, you were not attentive.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, 45 ਨੰਬਰ ਕਾਲ ਅਟੈਨਸ਼ਨ ਇਕ ਬਹੁਤ ਹੀ ਜ਼ਰੂਰੀ ਮੁਆਮਲੇ ਵਲ ਸਰਕਾਰ ਦਾ ਧਿਆਨ ਦਿਵਾਉਂਦੀ ਹੈ । ਉਨ੍ਹਾਂ ਨੇ ਇਕ ਬਹੁਤ ਭਾਰੀ ਗਲਤੀ ਕੀਤੀ ਹੈ । ਸੁਲਤਾਨਪੁਰ ਵਿਖੇ 100 ਦਿਨ ਤੋਂ ਮੈਨੇਜਮੈਂਟ ਦੇ ਖਿਲਾਫ਼ ਉਥੇ ਕਾਲਜ ਟੀਚਰਾਂ ਦੀ ਹੜਤਾਲ ਜਾਰੀ ਰਹੀ ਸਰਕਾਰ ਦੇ ਕੰਨ ਤੇ ਜੂ ਤਕ ਨਹੀਂ ਰਿੰਗੀ । ਕਾਰਨ ਇਹ ਕਿ ਉਥੇ ਕੋਈ ਪੁਲੀਟੀਕਲ ਲੀਡਰ ਆਪਣੇ ਰਸੂਖ ਨਾਲ ਨਾਜਾਇਜ਼ ਤੌਰ ਤੇ ਸੁਪਰੈਸ ਕਰ ਰਿਹਾ ਹੈ ਅਤੇ ਉਹ ਇਕ ਫਾਰਮਰ ਮਨਿਸਟਰ ਹੈ । ਉਨ੍ਹਾਂ ਦੇ ਖਿਲਾਫ ਹੁਣ ਤੰਗ ਆਕੇ ਪ੍ਰੋਫ਼ੈਸਰਜ਼ ਨੇ ਮਰਨ ਵਰਤ ਰਖਿਆ ਹੈ ।

ਸ਼੍ਰੀ ਸਪੀਕਰ : 2 ਮਹੀਨੇ ਤੋਂ ਹੜਤਾਲ ਹੈ, ਅਜ ਜਦੋਂ ਸੈਸ਼ਨ ਖ਼ਤਮ ਹੋ ਰਿਹਾ ਹੈ ਤੁਸੀਂ ਕਾਲ ਅਟੈਨਸ਼ਨ ਮੋਸ਼ਨ ਲੈ ਆਏ । (The strike is on for the last two months and now when the House is going to be adjourned sine die you have tabled a Call Attention Notice.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਹੁਣ ਉਹ ਮਰਨ ਵਰਤ ਤੇ ਹਨ ।

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਐਜੀਟੇਸ਼ਨ ਬਾਰੇ ਸਬੰਧਤ ਲੋਕਾਂ ਨੂੰ ਮਿਲਿਆ ਹਾਂ । ਗੁਰੂ ਨਾਨਕ ਯੂਨੀਵਰਸਿਟੀ ਦੇ ਵਾਈਸਚਾਂਸਲਰ ਨੂੰ ਵੀ ਮਿਲਿਆ ਸੀ ਕਿ ਉਹ ਆਪਣੀ ਤਰਫੋਂ ਇਸ ਐਜੀਟੇਸ਼ਨ ਨੂੰ ਬੰਦ ਕਰਾਉਣ ਲਈ ਕੋਈ ਰਾਹ ਕਢਣ । ਸਪੀਕਰ ਸਾਹਿਬ, ਮੇਰੀ ਤੁਹਾਨੂੰ ਵੀ ਬੇਨਤੀ ਹੈ, ਤੁਸੀਂ ਵੀ ਗੁਰੂ ਨਾਨਕ ਯੂਨੀਵਰਸਿਟੀ ਦੇ ਸੈਨੇਟਰ ਹੋ, ਤੁਸੀਂ ਵੀ ਸਾਡੀ ਇਸ ਮੁਆਮਲੇ ਵਿਚ ਹੈਲਪ ਕਰੋ ।

ਸ਼੍ਰੀ ਸਪੀਕਰ : ਤੁਸੀਂ ਐਜੂਕੇਸ਼ਨ ਮਨਿਸਟਰ ਹੋ, ਨਿਪਟਾਓ । ਸਾਨੂੰ ਬੇਨਤੀ ਕਰਨ ਦੀ ਤਾਂ ਲੋੜ ਹੀ ਕੋਈ ਨਹੀਂ । (You are the Education Minister of the State and you should find a solution. You need not request us.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਕੋਆਪਰੇਟਿਵ ਦੇ ਵਿਚ ਸ਼ੈਡੂਲਡ ਕਾਸਟਸ ਨੂੰ ਰੈਜ਼ਰਵੇਸ਼ਨ ਦੇਣ ਵਾਸਤੇ....

ਸ਼੍ਰੀ ਸਪੀਕਰ : ਇਹ ਡਿਸਅਲਾਓ ਹੋ ਗਈ ਹੈ । (That has been disallowed.)

ਸਰਦਾਰ ਅਜਾਇਬ ਸਿੰਘ ਸੰਧੂ : ਇਕ ਹੋਰ ਸੀ ਰੋਪੜ ਜ਼ਿਲ੍ਹੇ ਦੀ ਰਾਜਗੜ੍ਹ ਤਹਿਸੀਲ ਦੇ ਵਿਚ ਮਾਨਗੜ੍ਹ ਵਿਚ 10-12 ਏਕੜ ਜ਼ਮੀਨ ਦਾ ਕਬਜ਼ਾ ਦਿਵਾਇਆ ਹੈ । ਪਰ ਐਸ. ਪੀ. ਉਨ੍ਹਾਂ ਨੂੰ ਕਢਣ ਦੀ ਕੋਸ਼ਿਸ਼ ਕਰ ਰਿਹਾ ਹੈ । ਉਨ੍ਹਾਂ ਗਰੀਬ ਲੋਕਾਂ ਨੂੰ ਨਕਸਲਬਾੜੀ ਕਰਾਰ ਦੇਕੇ ਅੰਦਰ ਕੀਤਾ ਜਾ ਰਿਹਾ ਹੈ । ਉਥੇ ਸੀ. ਆਈ. ਏ. ਦਾ ਸਟਾਫ਼ ਬਠਾਇਆ ਹੋਇਆ ਹੈ । ਐਸ. ਪੀ. ਚੀਫ਼ ਮਨਿਸਟਰ ਸਾਹਿਬ ਦਾ ਖਾਸ ਆਦਮੀ ਹੈ ।....

Mr. Speaker: Please resume you seat. ਸਾਰੀ ਗਲ ਤੁਸੀਂ ਕਹਿ ਚੁਕੇ ਹੋ ਇਹ ਰੀਕਾਰਡ ਤੇ ਆ ਗਈ ਹੈ । ਹੁਣ ਤੁਸੀਂ ਹਾਊਸ ਦਾ ਵਕਤ ਜ਼ਾਇਆ ਨਾ ਕਰੋ । (Please resume your seat. You have had your say and it has come on record. Now you should not waste the time of the House.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਅੱਜ ਅਖੀਰਲਾ ਦਿਨ ਹੈ ਅਸੀਂ ਚਾਹੁੰਦੇ ਹਾਂ ਕਿ ਇਥੋਂ ਕਾਰਡਲੀ ਜਾਈਏ....

ਸ੍ਰੀ ਸਪੀਕਰ : ਅਜੇ ਤੁਹਾਡਾ ਬਹੁਤ ਸਾਰਾ ਬਿਜ਼ਨੈਸ ਰਹਿੰਦਾ ਹੈ । ਫਿਰ ਤੁਸੀਂ ਵਾਵੇਲਾ ਪਾਉਣਾ ਹੈ ਕਿ ਟਾਈਮ ਨਹੀਂ ਮਿਲਿਆ, ਹੁਣ ਤੁਸੀਂ ਸਾਰੇ ਹਾਊਸ ਦਾ ਟਾਈਮ ਖ਼ਰਾਬ ਕਰ ਰਹੇ ਹੋ । (The House is to transact a lot of business yet. You are wasting the time of the House now and lateron you will protest that the time is not being given to you.)

ਅਚਾਰਿਆ ਪ੍ਰਿਥਵੀ ਸਿੰਘ ਅਜ਼ਾਦ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ 1970-71 ਵਿਚ ਬੇਟ ਦੇ ਇਲਾਕੇ ਵਿਚ 3 ਹਰੀਜਨ ਨੈਕਸਲੀ ਕਹਿ ਕੇ ਪੁਲਿਸ ਨੇ ਮਾਰ ਦਿਤੇ ਸੀ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਉਸ ਘਟਨਾ ਦੀ ਪੜਤਾਲ ਵੀ ਨਾਲ ਹੀ ਕਰਵਾ ਲੈਣ । (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (It is not a point of order.)

ਸਰਦਾਰ ਅਜਾਇਬ ਸਿੰਘ ਸੰਧੂ : * * * (ਵਿਘਨ)

ਸ੍ਰੀ ਸਪੀਕਰ : ਜੋ ਕੁਝ ਬਿਨਾ ਪਰਮਿਸ਼ਨ ਦੇ ਇਹ ਕਹਿ ਰਹੇ ਹਨ ਉਹ ਪਰੋਸੀਡਿੰਗ ਦਾ ਭਾਗ ਨਹੀਂ ਬਣੇਗਾ । (Whatever the hon. Member is saying without the permission of the Chair, should not form part of the proceedings.)

ਕ੍ਰਮ ਨੰ: 52

ਸਰਦਾਰ ਮਹਿਤਾਬ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਹਲਕਾ ਜਲਾਲਾਬਾਦ ਦੇ ਕੁਝ ਪਿੰਡਾਂ ਦਾ ਪਿਛਲੀ ਹੋਈ ਬਾਰਸ਼ ਤੇ ਸੇਮ ਨਾਲ ਕਾਫ਼ੀ ਨੁਕਸਾਨ ਹੋਇਆ । ਪਸ਼ੂਆਂ ਦਾ ਚਾਰਾ ਵੀ ਨਹੀਂ ਬਚ ਸਕਿਆ । ਸੌਣੀ ਦੀ ਫਸਲ ਸਾਰੀ ਦੀ ਸਾਰੀ ਤਬਾਹ ਹੋ ਗਈ ਹੈ । ਇਸ ਬਾਰੇ ਸਰਕਾਰ ਨੂੰ ਪਹਿਲਾ ਵੀ ਇਤਲਾਹ ਮਿਲ ਚੱਕੀ ਹੈ ਕਿ ਜਿਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਪਸ਼ੂ ਦੇ ਚਾਰੇ ਤੇ ਹੋਰ ਬੀਜ ਆਦਿ ਗ੍ਰਾਂਟ ਰਾਹੀਂ ਜਾਂ ਕਰਜ਼ੇ ਦੀ ਸ਼ਕਲ ਵਿਚ ਮਦਦ ਕੀਤੀ ਜਾਵੇ ਅਤੇ ਪਿਛਲੇ ਕਰਜ਼ੇ ਦੇ ਬਕਾਏ ਦੀ ਇਕ ਸਾਲ ਵਾਸਤੇ ਵਸੂਲੀ ਬੰਦ ਕੀਤੀ ਜਾਵੇ । ਸਰਕਾਰ ਤੁਰੰਤ ਕਾਰਵਾਈ ਕਰੇ ਅਤੇ ਧਿਆਨ ਅੱਤੀ ਜ਼ਰੂਰੀ ਦੇਵੇ ।

Mr. Speaker: Admitted, the Minister concerned may please make a statement.

(Serial No. 55)

Comrade Darshan Singh Canadian : Sir I beg to draw the attention of the Government towards a matter of urgent public importance namely, during the Budget Session of the Assembly, the Minister of

---

**Expunged as ordered by the Chair.

[Comrde Darshan Singh Canadian]

Education gave an assurance that all the B. Ed. Social Studies Masters selected by the Departmental Committee in March, 1972 would be absorbed by the end of June, 1972. Actually thereafter only 80 such candidates have been appointed, while 247 have not yet been absorbed. Some time ago they started hunger strike and it is reported that they are resorting to agitation again. In view of the urgent and public importance of the matter, the Government may be requested to make a statement in the House.

Mr. Speaker : Admitted. The Minister concerned may please make a statement.

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦਾ ਜਵਾਬ ਹੁਣੇ ਹੀ ਦੇ ਦਿੰਦਾ ਹਾਂ ਜੀ । ਇਸ ਬਾਰੇ ਸੰਧੂ ਸਾਹਿਬ ਦੀ ਕਾਲ ਅਟੈਨਸ਼ਨ ਮੋਸ਼ਨ ਵੀ ਆਈ ਸੀ । ਇਸ ਬਾਰੇ ਪੋਜ਼ੀਸ਼ਨ ਇਹ ਹੈ ਕਿ ਅਨ-ਐਡਜੈਸਟਿਡ ਟੀਚਰਾਂ ਦਾ ਕੇਸ ਹਾਈ ਕੋਰਟ ਵਿਚ ਵੀ ਚਲ ਰਿਹਾ ਹੈ । ਜਦੋਂ ਕੋਈ ਟੀਚਰ ਇਸ ਤਰ੍ਹਾਂ ਸੀਲੈਕਟ ਹੋ ਜਾਂਦਾ ਹੈ ਤਾਂ ਇਹ ਉਸ ਦਾ ਰਾਈਟ ਨਹੀਂ ਬਣ ਜਾਂਦਾ ਕਿ ਉਸ ਨੂੰ ਉਸੇ ਵੇਲੇ ਜ਼ਰੂਰ ਆਬਜ਼ਾਰਬ ਕਰ ਲਿਆ ਜਾਵੇ । ਉਨ੍ਹਾਂ ਦੀਆਂ ਲਿਸਟਾਂ ਬਣ ਜਾਂਦੀਆਂ ਹਨ ਅਤੇ ਜਦੋਂ ਕੋਈ ਵੇਕੇਂਸੀਂ ਖਾਲੀ ਹੁੰਦੀ ਹੈ ਤਾਂ ਉਨ੍ਹਾਂ ਨੂੰ ਉਥੇ ਐਡਜੈਸਟ ਕਰ ਲਿਆ ਜਾਂਦਾ ਹੈ । ਪਰ ਉਹ ਭੁਖ ਹੜਤਾਲਾਂ ਅਤੇ ਐਜੀਟੇਸ਼ਨਾਂ ਕਰਨ ਲਗ ਪੈਂਦੇ ਹਨ । ਇਹ ਠੀਕ ਨਹੀਂ ਹੈ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਇਸ ਤੇ ਇਕ ਸਵਾਲ ਪੁਛਣਾ ਚਾਹੁੰਦਾ ਹਾਂ । ਕੀ ਇਹ ਠੀਕ ਨਹੀਂ ਕਿ ਇਨ੍ਹਾਂ ਨੇ ਇਸ ਹਾਊਸ ਵਿਚ ਇਹ ਐਸ਼ੋਰੈਂਸ ਦਿਤੀ ਸੀ ਕਿ ਉਨ੍ਹਾਂ ਅਨ-ਐਡਜਸਟਿਡ ਟੀਚਰਾਂ ਨੂੰ ਆਬਜ਼ਰਬ ਕਰ ਲਿਆ ਜਾਵੇਗਾ ।

ਸਿਖਿਆ ਮੰਤਰੀ : ਨਹੀਂ ਮੈਂ ਇਹ ਐਸ਼ੋਰੈਂਸ ਨਹੀਂ ਸੀ ਦਿਤੀ । ਮੈਂ ਇਹ ਐਸੋਰੈਂਸ ਦਿਤੀ ਸੀ ਕਿ ਡੇਟ ਐਕਸਟੈਂਡ ਕਰ ਦਿਤੀ ਜਾਵੇਗੀ ਅਤੇ ਉਹ ਡੇਟ ਐਕਸਟੈਂਡ ਕਰ ਦਿਤੀ ਗਈ ਹੈ ।

ANNOUNCEMENT BY THE SPEAKER RE-COMMITTEE ON PETITIONS.

Mr. Speaker : Under Rule 251 of the Rules of Procedure and Conduct of Business in the Punjab Lagislative Assembly, I nominate the following to serve on the Committee on Petitions :—

1. Dr. Kewal Krishan, Deputy Speaker, Ex-Officio Chairman,
2. Mrs. Gurbrinder Kaur Brar.
3. Giani Arjan Singh Litt.
4. Comrade Dana Ram.
5. Shri Piara Ram Dhannowali.

POINT RE. POOR CONDITION OF THE M. L. A.s' HOSTEL

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਤੁਹਾਡੀ ਇਜ਼ਾਜ਼ਤ ਨਾਲ ਇਥੇ ਇਕ ਪੁਆਇੰਟ ਉਠਾਉਣਾ ਚਾਹੁੰਦਾ ਹਾਂ ਕਿ ਐਮ. ਐਲ. ਏ. ਹੋਸਟਲ ਦਾ ਹਾਲ ਬਹੁਤ ਮਾੜਾ ਹੈ, ਕਮਰਿਆਂ ਵਿਚ ਬਲਬ ਨਹੀਂ ਫਰਨੀਚਰ ਨਹੀਂ, ਖਾਣੇ ਦਾ ਚੰਗਾ ਪ੍ਰਬੰਧ ਨਹੀਂ । ਨਾਲ ਹੀ ਹਰਿਆਣੇ ਦਾ ਹੋਸਟਲ ਹੈ, ਜਿਸ ਨੂੰ ਕਿ ਉਨ੍ਹਾਂ ਨੇ ਯੂਨੀਅਨ ਟੈਰੀਟਰੀ ਤੋਂ ਟੇਕ ਓਵਰ ਕਰ ਲਿਆ ਹੈ । ਉਥੇ ਵੈਲਫਰਨਿਸ਼ਡ ਕਮਰੇ ਹਨ, ਔਰ ਖਾਣੇ ਦਾ ਪ੍ਰਬੰਧ ਵੀ ਬਹੁਤ ਅੱਛਾ ਹੈ ਹੋਸਟਲ ਵਿਚ ਬਹੁਤ ਸਾਰੇ ਮੈਂਬਰ ਰਹਿੰਦੇ ਹਨ, ਇਸ ਲਈ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਇਹ ਦਰਖਾਸਤ ਕਰਾਂਗਾ ਕਿ ਉਹ ਯੂਨੀਅਨ ਟੈਰੀਟਰੀ ਤੋਂ ਇਹ ਹੋਸਟਲ ਹਰਿਆਣੇ ਵਾਂਗ ਟੇਕ ਓਵਰ ਕਰ ਲੈਣ ਅਤੇ ਆਪਣਾ ਪ੍ਰਬੰਧ ਕਰਨ । ਉਸ ਦਾ ਨਾਂ ਐਮ. ਅਲ. ਏ. ਹੋਸਟਲ ਕਮ ਗੈਸਟ ਹਾਉਸ ਕਰ ਦੇਣ ਅਤੇ ਉਥੇ ਦੇ ਕਰਮਚਾਰੀਆਂ ਨੂੰ ਵੀ ਆਪ ਹੀ ਤਨਖਾਹ ਦੇਣ ਅਤੇ ਹੋਰ ਵੀ ਜਿਹੜੀਆਂ ਸਹੂਲਤਾਂ ਮੈਂਬਰਾਂ ਨੂੰ ਦੇਣੀਆਂ ਚਾਹੀਦੀਆਂ ਹਨ ਉਹ ਦੇਣ ।

ਸ੍ਰੀ ਸਪੀਕਰ : ਜੋਸ਼ ਸਾਹਿਬ, ਮੈਂ ਤੁਹਾਡੇ ਨਾਲ ਬਿਲਕੁਲ ਸਹਿਮਤ ਹਾਂ । ਸਾਡੀ ਹਾਊਸ ਕਮੇਟੀ ਨੇ ਤਕਰੀਬਨ ਇਹੋ ਹੀ ਸਿਫਾਰਸ਼ ਗੌਰਮਿੰਟ ਨੂੰ ਭੇਜੀ ਹੈ, ਮੈਨੂੰ ਉਮੀਦ ਹੈ ਕਿ ਸਰਕਾਰ ਛੇਤੀ ਹੀ ਇਸ ਬਾਰੇ ਕੋਈ ਕਾਰਵਾਈ ਕਰੇਗੀ । (I agree with you, Comrade Shamsher Singh Josh. The House Committee of this House has also sent almost the same recommendation to the Government. I hope the Government will take prompt action in this respect.)

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਨੂੰ ਪਤਾ ਲਗਾ ਹੈ ਕਿ ਤੁਹਾਡੇ ਵਲੋਂ ਇਕ ਲੈਟਰ ਇਸ ਬਾਰੇ ਆਇਆ ਹੈ...... (ਵਿਘਨ)

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਹੋਸਟਲ ਦਾ ਹਾਲ ਬਹੁਤ ਭੈੜਾ ਹੈ, ਉਥੇ ਖਾਣਾ ਬਿਲਕੁਲ ਨਿਕੰਮਾ ਮਿਲਦਾ ਹੈ ਅਤੇ ਕੀਮਤ ਬਹੁਤ ਵੱਧ ਹੁੰਦੀ ਹੈ । ਉਥੇ ਬਿਜਲੀ ਨਹੀਂ ਫਰਨੀਚਰ ਨਹੀਂ । ਜੋ ਬਰਾਤਾਂ ਉਥੇ ਆਉਂਦੀਆਂ ਹਨ ਉਹ ਫਰਨੀਚਰ ਤੋੜ ਜਾਂਦੀਆਂ ਹਨ । ਇਹ ਬਰਾਤਾਂ ਬੰਦ ਹੋਣੀਆਂ ਚਾਹੀਦੀਆਂ ਹਨ ਔਰ ਮੈਂਬਰਾਂ ਨੂੰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ।

ਸ੍ਰੀ ਸਪੀਕਰ : ਮੈਂ ਇਸ ਡਿਫੀਕਲਟੀ ਨੂੰ ਸਮਝਦਾ ਹਾਂ ਅਤੇ ਤੁਹਾਡੇ ਸੈਂਟੀਮੈਂਟਸ ਸ਼ੇਅਰ ਕਰਦਾ ਹਾਂ । ਮੈਨੂੰ ਉਮੀਦ ਹੈ ਕਿ ਸਰਕਾਰ ਛੇਤੀ ਹੀ ਇਸ ਬਾਰੇ ਕੋਈ ਕਾਰਵਾਈ ਕਰੇਗੀ । (I realise this difficulty and share the sentiments expressed by you. I hope the Govt. will take prompt action in this regard.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੋ ਕੁਝ ਮੈਂਬਰ ਸਾਹਿਬਾਨ ਨੇ ਕਿਹਾ ਹੈ ਉਹ ਬਿਲਕੁਲ ਠੀਕ ਹੈ, ਹੋਸਟਲ ਵਿਚ ਫਰਨੀਚਰ ਨਹੀਂ, ਬਿਜਲੀ ਨਹੀਂ, ਕਿਚਨ ਦਾ ਪ੍ਰਬੰਧ ਠੀਕ ਨਹੀਂ ਹੈ। (ਇਕ ਆਵਾਜ਼ : ਕਮਰਿਆਂ ਵਿਚ ਟੈਲੀਫੂਨ ਨਹੀਂ ਹਨ।) ਇਸ ਬਾਰੇ ਅਸੀਂ ਮੈਂਬਰ ਸਾਹਿਬਾਨ ਨਾਲ ਸਲਾਹ ਕਰ ਲਵਾਂਗੇ। ਸਪੀਕਰ ਸਾਹਿਬ ਵਲੋਂ ਵੀ ਇਕ ਲੈਟਰ ਆਇਆ ਹੈ। ਇਸ ਬਾਰੇ ਸਰਕਾਰ ਛੇਤੀ ਤੋਂ ਛੇਤੀ ਕੋਸ਼ਿਸ਼ ਕਰਕੇ ਇਹ ਹੋਸਟਲ ਆਪਣੇ ਕਬਜ਼ੇ ਵਿਚ ਲੈਣ ਲਈ ਵਿਚਾਰ ਕਰ ਲਵੇਗੀ। ਕਿਉਂਕਿ ਹੁਣ ਦਾ ਵੀ ਤਾਂ ਸਾਨੂੰ ਕਿਰਾਇਆ ਯੂਨੀਅਨ ਟੈਰੀਟਰੀ ਨੂੰ ਦੇਣਾ ਹੀ ਪੈਣਾ ਹੈ। ਇਸ ਲਈ ਇਸ ਹੋਸਟਲ ਨੂੰ ਪੰਜਾਬ ਸਰਕਾਰ ਲੈ ਕੇ ਆਪ ਚਲਾਏਗੀ। (ਥੰਪਿੰਗ)

STATEMENT REGARDING THE PROVISION OF A STATE CAR TO THE SPEAKER (LAID ON THE TABLE OF THE HOUSE)

Education and Revenue Minister (Sardar Umrao Singh) : Sir, I beg to lay on the Table a statement regarding the provision of a State car to the Speaker.

In May, 1972, the Punjab Legislative Assembly Speaker's and Deputy Speaker's Salaries (Amendment) Bill, 1972, was passed by this House providing for—

(i) enhancement of Conveyance Allowance admissible to the Deputy Speaker from Rs. 2400 to Rs. 3600 per annum.

(ii) placing of State Cars at the disposal of the Speaker and Deputy Speaker (at State expense) in lieu of the Conveyance allowance admissible to these Officers, without placing any restriction on the expenditure incurred by the State Government on these cars.

In the Financial Memorandum appended to the said Bill the estimated expenditure involvəd was shown as under :—

(a) enhancement of Conveyance Allowance of the Deputy Speaker from Rs. 2400 to 3600 per annum i.e.	
	Rs. 1200 p.a.
(b) recurring expenditure on State Cars i.e. Petrol, maintenance & Driver	Rs. 15000 × 2
	Rs. 30000 p.a.
(c) non-recuring expenditure on the purchase of two Ambassador Cars	= Rs. 42000

It has, however, been felt that in keeping with his dignity and status, the Speaker, Punjab Vidhan Sabha, should be provided with imported car instead of an Ambassadoor Car. This replacement of an Ambassador Car costing about Rs. 21000 by an imported car costing about Rs. 1,25,000 will result in an additionol axpenditure of Rs. 1,04,000. This is brought to the notice of the House by way of clarification of the factual position in this behalf.

[ਸਿਖਿਆ ਤੇ ਮਾਲ ਮੰਤਰੀ, ਪੰਜਾਬ, ਸਰਦਾਰ ਉਮਰਾਓ ਸਿੰਘ (ਇਨਚਾਰਜ ਸੰਸਦੀ ਕਾਜ ਵਿਭਾਗ) ਵਲੋਂ ਸਭਾ ਦੀ ਮੇਜ਼ ਤੇ ਰਖੀ ਜਾਣ ਵਾਲੀ ਸਟੇਟਮੈਂਟ

ਮਈ 1972 ਵਿਚ ਸਭਾ ਨੇ ਪੰਜਾਬ ਵਿਧਾਨ ਸਭਾ ਸਪੀਕਰ ਅਤੇ ਉਪ-ਸਪੀਕਰ ਦੀਆਂ ਤਨਖਾਹਾਂ (ਸੋਧ) ਬਿਲ, 1972, ਪਾਸ ਕੀਤਾ ਸੀ, ਜਿਸ ਦੁਆਰਾ ਇਹ ਉਪਬੰਧ ਕੀਤਾ ਗਿਆ ਸੀ ਕਿ—

(1) ਉਪ-ਸਪੀਕਰ ਨੂੰ ਮਿਲਣ ਵਾਲੇ ਸਵਾਰੀ ਭਤੇ ਨੂੰ 2,400 ਰੁਪਏ ਸਾਲਾਨਾ ਤੋਂ ਵਧਾ ਕੇ 3,600 ਰੁ: ਸਾਲਾਨਾ ਕੀਤਾ ਜਾਵੇ ।

(2) ਸਪੀਕਰ ਅਤੇ ਉਪ-ਸਪੀਕਰ ਨੂੰ, ਦਿਤੇ ਜਾਣ ਵਾਲੇ ਭੱਤੇ ਦੀ ਥਾਂ ਤੇ, (ਸਰਕਾਰੀ ਖਰਚ ਤੇ) ਸਰਕਾਰੀ ਕਾਰਾਂ ਦੇ ਦਿਤੀਆਂ ਜਾਣ, ਜਿਨ੍ਹਾਂ ਕਾਰਾਂ ਤੇ ਹੋਣ ਵਾਲੇ ਸਰਕਾਰੀ ਖਰਚ ਤੇ ਕੋਈ ਪਾਬੰਦੀ ਨਾ ਹੋਵੇ ।

ਉਕਤ ਬਿਲ ਨਾਲ ਜੋ ਵਿੱਤੀ (ਫਾਈਨੈਂਸ਼ਲ) ਮੈਮੋਰੈਂਡਮ ਲਾਇਆ ਗਿਆ ਸੀ, ਉਸ ਵਿਚ, ਹੋਣ ਵਾਲੇ ਖਰਚ ਦਾ ਅਨੁਮਾਨ ਇਸ ਪਰਕਾਰ ਵਿਖਾਇਆ ਗਿਆ ਸੀ :—

(ੳ) ਉਪ-ਸਪੀਕਰ ਦੇ ਸਵਾਰੀ ਭਤੇ ਦਾ ਵਾਧਾ 2400 ਰੁ: ਤੋਂ 3600 ਰੁ: ਸਾਲਾਨਾ, ਅਰਥਾਤ 1200 ਰੁ: ਸਾਲਾਨਾ,

(ਅ) ਸਰਕਾਰੀ ਕਾਰਾਂ ਤੇ ਆਵਰਤਕ (ਰੈਕਰਿੰਗ) ਖਰਚਾ ਅਰਥਾਤ ਪਟਰੋਲ, ਸਾਂਭ ਸੰਭਾਲ ਤੇ ਡਰਾਇਵਰ = 15000×2
= 30000 ਰੁ: ਸਾਲਾਨਾ

(ੲ) ਦੋ ਅਮਬੈਸਡਰ ਕਾਰਾਂ ਖਰੀਦਣ ਤੇ ਹੋਣ ਵਾਲਾ ਅਨ-ਆਵਰਤਕ (ਨਾਨ-ਰੈਕਰਿੰਗ) ਖਰਚਾ 42000 ਰੁ:

ਇਹ ਮਹਿਸੂਸ ਕੀਤਾ ਗਿਆ ਹੈ ਕਿ ਉਨ੍ਹਾਂ ਦੀ ਪ੍ਰਤਿਸ਼ਠਾ ਅਤੇ ਹੈਸੀਅਤ ਨੂੰ ਮੁੱਖ ਰਖਦਿਆਂ ਹੋਇਆਂ, ਸਪੀਕਰ ਪੰਜਾਬ ਵਿਧਾਨ ਸਭਾ ਨੂੰ ਅਮਬੈਸਡਰ ਕਾਰ ਦੀ ਥਾਂ ਤੇ ਇਕ ਵਡੀ ਬਾਹਰੋਂ ਮੰਗਵਾਈ ਕਾਰ ਦੇ ਦਿਤੀ ਜਾਵੇ । ਲਗ ਭਗ 21000 ਰੁ: ਮੁਲ ਦੀ ਅਮਬੈਸਡਰ ਕਾਰ ਦੀ ਥਾਂ ਤੇ ਲਗ ਭਗ 1,25,000 ਰੁ: ਮੁਲ ਦੀ ਇਕ ਬਾਹਰੋਂ ਮੰਗਵਾਈ ਵਡੀ ਕਾਰ ਦੇਣ ਨਾਲ 1,04,000 ਰੁ: ਦਾ ਵਾਧੂ ਖਰਚ ਹੋਵੇਗਾ । ਇਸ ਮੁਆਮਲੇ ਸਬੰਧੀ ਵਾਸਤਵਿਕ ਸਥਿਤੀ ਦੇ ਸਪਸ਼ਟੀਕਰਣ ਵਜੋਂ ਇਹ ਗਲ ਸਭਾ ਦੇ ਧਿਆਨ ਵਿਚ ਲਿਆਂਦੀ ਜਾਂਦੀ ਹੈ ।

———

STATEMENTS IN REPLY TO CALL ATTENTION NOTICES LAID ON THE TABLE/MADE IN THE HOUSE.

ਰਾਜ ਮੰਤਰੀ, ਸਥਾਨਕ ਸਰਕਾਰ ਅਤੇਂ ਜੇਲਾਂ (ਸ੍ਰੀ ਜੋਗਿੰਦਰ ਪਾਲ ਪਾਂਡੇ): ਸਪੀਕਰ ਸਾਹਿਬ, ਮੈਂ ਕਾਲ ਅਟੇਨਸ਼ਨ ਮੋਸ਼ਨ ਨੰ. 17 ਦਾ ਜਵਾਬ ਸਦਨ ਦੀ ਮੇਜ਼ ਤੇ ਰਖਦਾ ਹਾਂ ।

(Serial No. 17)

Shri Sardari Lal Kapur : to draw the attention of the Governmen~ towards a matter of urgent public importance namely, in the city of Ludhiana, Basti Jhodhewali the Municipal Authorities demolished about seven houses of poor people. The Deputy Commissioner and other authorities who enquired into this matter, arrived at the conclusion that the demolition of the houses was a serious matter. One of the adversely affected persons is a widow whose husband was killed in the last Indo-Pakistan conflict. None of the families, whose house was demolished, have, so far been given any compensation.

This is, therefore, a fit matter, on which either the Chief Minister or some other Minister concerned, should make a statement on the floor of the House.

Shri Joginder Paul Pandey (Minister of State for Local Government and Jails)

It was reported by the Building Superintendent of the Municipal Committee Ludhiana on 25th August, 1971 that 2555$\frac{3}{4}$ sq. yards of Municipal land had been grabbed by some trespassers in Jhodhewal-Rahon Road and they had carried out constructions on it. Notices were served upon the persons concerned. On 9th September, 1971 these unauthorised buildings were partially demolished, as a result of which the affected persons submitted their protest to the then Administrator of the Ludhiana Municipality who ordered an enquiry and report within a week. The enquiry was held by the Deputy Director Local Government Ludhiana on 15th December, 1971. He reported that the constructions demolished by the Committee were more than three years old and the Municipality was liable to pay compensation to the affected persons u/s 172(2) of the Punjab Municipal Act, 1911. The Compensation to the following sufferers was worked out as under.

1.	Shri Jiwan Dass	Rs. 1987-00
2.	Smt. Resham Kaur	Rs. 366-00
3.	Shri Saran Dass	Rs. 2096-64
4.	Shri Daya Singh	Rs. 7213-00
5.	Shri Wadhawa Ram	Rs. 738-00

It has been found that Shri A.S. Vadhera, Building Superintendent of the Municipal Committee, since retired, took undue interest and got demolition of these old houses at Rahon Road decided upon by misrepresenting the facts. The enquiry of the Executive Officer shows that these buildings were constructed before the extention of the Municipal limits on 16th January 1962. Shri Jagir Singh Patwari has also been held to have been in league with the Building Superintendent. The President of the Municipal Committee Ludhiana, has come to the conclusion that Shri Vadhera, the then Building Superintendent was responsible in relying upon the misrepresentation of facts by one Shri Hari Chand owner of Krishna Boring Company due to the fact that Shri Vadhera's son is also running a similar trade in Karimpura Chowk. The report of the Building Superintendent was also misleading because the total area worked out in his report was 2555 sq. yds. instead of 2555 sq. feeas worked out at the site.

One of the affected persons is a widow of Subedar Daya Singh who died on 30th September 1971 before the outbreak of Indo-Pak conflict. Compensation due to her is Rs. 7213.00. She is worst suffe rer. The Compensation has not been paid so far to any person because the matter has been submitted to the House of the Commi ttee for sanction on 3rd October, 1972 but no business has been transacted thereafter.

(ਕ੍ਰਮ ਨੰ: 18)

ਉਪ ਮੰਤਰੀ, ਗ੍ਰਹਿ ਅਤੇ ਉਦਯੋਗ (ਸਰਦਾਰ ਨਸੀਬ ਸਿੰਘ ਗਿਲ) : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 18 ਦਾ ਜਵਾਬ ਪੜ੍ਹਨਾ ਚਾਹੁੰਦਾ ਹਾਂ: —

"ਇਸ ਸਬੰਧ ਵਿਚ ਦਸਿਆ ਜਾਂਦਾ ਹੈ ਕਿ ਪੰਜਾਬ ਵਿਚ ਲਾਊਡ ਸਪੀਕਰ ਆਦਿ ਯੰਤਰਾਂ ਦੀ ਵਰਤੋਂ ਪੰਜਾਬ ਲਾਊਡ ਸਪੀਕਰ ਆਦਿ ਯੰਤਰ (ਸ਼ੋਰ ਯੰਤਰ) ਐਕਟ 1956 ਦੇ ਅਧੀਨ ਨਿਯਮਤ ਕੀਤੀ ਜਾਂਦੀ ਹੈ। ਇਸ ਐਕਟ ਦੀ ਧਾਰਾ 3 ਦੇ ਅਧੀਨ ਕੋਈ ਵਿਅਕਤੀ ਜ਼ਿਲ੍ਹਾ ਮੈਜਿਸਟਰੇਟ ਜਾਂ ਉਸ ਦੁਆਰਾ ਇਸ ਸਬੰਧੀ ਅਧਿਕਾਰਤ ਕਿਸੇ ਅਫਸਰ ਦੀ ਲਿਖਤੀ ਮਨਜ਼ੂਰੀ ਅਤੇ ਅਜਿਹੀਆਂ ਸ਼ਰਤਾਂ ਦੀ ਪਾਲਣਾ ਕਰਨ ਤੋਂ ਬਿਨਾਂ ਜੋ ਕਿ ਉਸ ਨਾਲ ਲਾਈਆਂ ਜਾਣ, ਕਿਸੇ ਇਹਾਤੇ ਵਿਚ ਜਾਂ ਉਸ ਵਿਚ ਬਣੀ ਕਿਸੇ ਇਮਾਰਤ ਤੇ ਅਜਿਹੀ ਅਵਾਜ਼ ਰਖਕੇ ਜਿਹੜੀ ਕਿ ਉਸ ਦੀ ਹਦੂਦ ਤੋਂ ਬਾਹਰ ਜਾਂਦੀ ਹੋਵੇ ਕਿਸੇ ਯੰਤਰ ਦੀ ਵਰਤੋਂ ਨਹੀਂ ਕਰੇਗਾ। ਇਸ ਐਕਟ ਦੀ ਧਾਰਾ 4 ਇਹ ਪਾਬੰਦੀ ਲਾਉਂਦੀ ਹੈ ਕਿ ਕੋਈ ਵਿਚਕਾਰ ਜ਼ਿਲ੍ਹਾ ਮੈਜਿਸਟਰੇਟ ਜਾਂ ਉਸ ਦੁਆਰਾ ਅਧਿਕਾਰਤ ਕਿਸੇ ਅਫਸਰ ਦੀ ਲਿਖਤੀ ਮਨਜ਼ੂਰੀ ਅਤੇ ਅਜਿਹੀਆਂ ਸ਼ਰਤਾਂ ਦੀ ਪਾਲਣਾ ਕਰਨ ਤੋਂ ਬਿਨਾਂ ਜੋ ਕਿ ਉਸ ਤੇ ਲਾਈਆਂ ਜਾਣ, 10-00 ਵਜੇ ਰਾਤ ਤੋਂ 6-00 ਵਜੇ ਸਵੇਰੇ ਤਕ ਦੇ ਸਮੇਂ ਦੇ ਵਿਚਕਾਰ ਕਿਸੇ ਯੰਤਰ ਦੀ ਵਰਤੋਂ ਨਹੀਂ ਕਰੇਗਾ ਜਾਂ ਉਸ ਨੂੰ ਨਹੀਂ ਚਲਾਏਗਾ। ਇਸ ਕਾਨੂੰਨ ਦੀ ਪ੍ਰੋਵੀਜ਼ਨਜ਼ ਨੂੰ ਸੀ.ਆਰ.ਪੀ.ਸੀ. ਦੇ ਅਧੀਨ ਕੋਗਨੀਜ਼ੀਬਲ ਅਪਰਾਧ ਬਣਾਇਆ ਗਿਆ ਹੈ।

2. ਇਸ ਐਕਟ ਦੀ ਕੜੀ ਪਾਲਣਾ ਕਰਨ ਲਈ ਜ਼ਿਲ੍ਹਾ ਮੈਜਿਸਟਰੇਟਾਂ ਨੂੰ ਸਮੇਂ ਸਮੇਂ ਤੇ ਹਿਦਾਇਤਾਂ ਕੀਤੀਆਂ ਜਾਂਦੀਆਂ ਹਨ ਅਤੇ ਇਹੋ ਜਿਹੀਆਂ ਹਿਦਾਇਤਾਂ 14 ਨਵੰਬਰ, 1972 ਨੂੰ ਕੀਤੀਆਂ ਗਈਆਂ ਹਨ।

ਇਸ ਦੀ ਕਾਪੀ ਸਦਨ ਦੀ ਮੇਜ਼ ਤੇ ਬਾਅਦ ਵਿਚ ਰਖੀ ਜਾਏਗੀ।

ਸ੍ਰੀ ਸਰਦਾਰੀ ਲਾਲ ਕਪੂਰ : ਜਿਸ ਤਰਾਂ ਇਨ੍ਹਾਂ ਨੇ ਫਰਮਾਇਆ ਹੈ ਕਿ ਕਾਨੂੰਨ ਬਣਿਆ ਹੋਇਆ ਹੈ ਪਰ ਇਸ ਕਾਨੂੰਨ ਤੇ ਬਿਲਕੁਲ ਕਿਤੇ ਅਮਲ ਨਹੀਂ ਹੋ ਰਿਹਾ ਹੈ। ਕਿਤੇ ਚਲੇ ਜਾਉ, ਮਨਿਸਟਰ ਸਾਹਿਬ ਚਲ ਜਾਣ, ਸੜਕਾਂ ਤੇ ਇਸੇ ਤਰ੍ਹਾਂ ਹੀ ਲਾਊਡ ਸਪੀਕਰ ਚਲਦਾ ਹੈ। ਕਾਨੂੰਨ ਤੇ ਅਮਲ ਨਹੀਂ ਹੁੰਦਾ ਹੈ। ਇਹਦੇ ਲਈ ਜਲਦੀ ਤੋਂ ਜਲਦੀ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਕਰਨ ਕਿ ਇਸ ਤੇ ਅਮਲ ਕੀਤਾ ਜਾਵੇ।

ਉਪ ਮੰਤਰੀ : ਮਿਤੀ 14 ਨਵੰਬਰ, 1972 ਨੂੰ ਇਹ ਹਿਦਾਇਤਾਂ ਜਾਰੀ ਕੀਤੀਆਂ ਜਾ ਚੁਕੀਆਂ ਹਨ।

STATEMENT BY THE CHIEF MINISTER REGARDING THE DECISION OF THE PUNJAB GOVERNMENT TO HONOUR THE MOTHER OF SHAHID-I-AZAM SARDAR BHAGAT SINGH

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਤਿਕਾਰ ਯੋਗ ਸਪੀਕਰ ਸਾਹਿਬ, ਤੁਹਾਨੂੰ ਅਤੇ ਸਾਰੇ ਹਾਊਸ ਨੂੰ ਇਹ ਸੁਣਕੇ ਪਰਸੰਨਤਾ ਹੋਵੇਗੀ ਕਿ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸੰਨ 1973 ਜੋ ਆਏਗਾ ਉਸਦੀ ਪਹਿਲੀ ਜਨਵਰੀ ਵਾਲੇ ਦਿਨ ਅਸੀਂ ਪੰਜਾਬ ਦੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੀ ਬਿਰਧ ਮਾਤਾ ਨੂੰ ਇਥੇ ਪੰਜਾਬ ਮਾਤਾ ਦਾ ਸਨਮਾਨ ਦੇਣਾ ਚਾਹੁੰਦੇ ਹਾਂ । (ਥੰਪਿੰਗ) ਉਹ ਪੰਜਾਬ ਦੀ ਮਾਤਾ ਜਿਸਨੇ ਆਪਣੇ ਬੇਟੇ ਨੂੰ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਕੁਰਬਾਨ ਕੀਤਾ ਸੀ ਉਸ ਸ਼ਹੀਦ ਨੂੰ ਸ਼ਰਧਾਂਜਲੀ ਭੇਟਾ ਕਰਨ ਵਾਸਤੇ ਮਾਂ ਜੀ ਨੂੰ ਸਦਿਆ ਗਿਆ ਹੈ ਔਰ ਪਹਿਲੀ ਤਾਰੀਖ ਨੂੰ ਵਿਧਾਨ ਸਭਾ ਦੇ ਸਾਹਮਣੇ ਇਜਲਾਸ ਕਰਕੇ, ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਦਾਵਤ ਦੇ ਕੇ ਔਰ ਐਜੂਕੇਸ਼ਨ ਦੇ ਪਰੋਫੈਸਰਾਂ ਨੂੰ, ਪ੍ਰਿੰਸੀਪਲਾਂ ਨੂੰ ਔਰ ਵਾਈਸ ਚਾਂਸਲਰਾਂ ਨੂੰ ਬੁਲਾਇਆ ਗਿਆ ਹੈ, ਇਸ ਕਰਕੇ ਕਿ ਇਨ੍ਹਾਂ ਨੇ ਨੇਸ਼ਨ ਬਨਾਉਣੀ ਹੈ ਅਤੇ ਨੇਸ਼ਨ ਬਨਾਉਣ ਵਾਲੇ ਉਸ ਮਾਂ ਦੇ ਦਰਸ਼ਨ ਕਰ ਲੈਣ ਜਿਸ ਨੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੂੰ ਜਨਮ ਦਿਤਾ ਸੀ । ਉਸ ਸਨਮਾਨ ਵਿਚ ਮਾਤਾ ਜੀ ਨੂੰ ਪੰਜਾਬ ਸਰਕਾਰ ਤੁਛ ਭੇਟਾ ਕਰੇਗੀ, ਇਕ ਕਾਰ ਅਤੇ ਇਕ ਹਜ਼ਾਰ ਰੁਪਿਆ ਮਹੀਨਾ ਪੈਨਸ਼ਨ ਦਿਤੀ ਜਾਵੇਗੀ ।

ਸਰਦਾਰ ਪਰਕਾਸ਼ ਸਿੰਘ ਬਾਦਲ (ਗਿਦੜਬਾਹਾ) : ਗਿਆਨੀ ਜੀ ਨੇ ਜੋ ਇਥੇ ਬਿਆਨ ਦਿਤਾ ਹੈ ਉਸ ਦਾ ਮੈਂ ਆਪਣੇ ਅਤੇ ਆਪਣੀ ਪਾਰਟੀ ਵਲੋਂ ਪੁਰਜ਼ੋਰ ਸਵਾਗਤ ਕਰਦਾ ਹਾਂ । ਮੈਂ ਸਮਝਦਾ ਹਾਂ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਹੋਰਾਂ ਦਾ ਸਾਡੀ ਕੌਮ ਤੇ ਬੜਾ ਭਾਰੀ ਅਹਿਸਾਨ ਹੈ । ਅਜ ਜੋ ਮੁਲਕ ਅਜ਼ਾਦ ਹੋਇਆ ਹੈ ਇਹ ਸਿਰਫ ਇਨ੍ਹਾਂ ਦੇ ਸਦਕਾ ਹੀ ਹੈ । ਇਹ ਜੋ ਸਨਮਾਨ ਇਨ੍ਹਾਂ ਦੀ ਮਾਤਾ ਜੀ ਨੂੰ ਦੇਣਾ ਹੈ ਇਸ ਗਲ ਦਾ ਖਿਆਲ ਬਹੁਤ ਚਿਰ ਪਹਿਲਾਂ ਕਰਨਾ ਸੀ । ਇਹੋ ਜਿਹੇ ਬਹੁਤ ਸਾਰੇ ਹੋਰ ਵੀ ਕੁਰਬਾਨੀ ਕਰਨ ਵਾਲੇ ਸੱਜਣ ਹਨ ਜਿਨਾਂ ਦਾ ਅਸੀਂ ਖਿਆਲ ਨਹੀਂ ਕਰਦੇ । ਇਸ ਗਲ ਉਤੇ ਮੈਂ ਵਧਾਈ ਦਿੰਦਾ ਹਾਂ । (ਥੰਪਿੰਗ)

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ (ਗੜ੍ਹ ਸ਼ੰਕਰ) : ਸਤਿਕਾਰ ਯੋਗ ਸਪੀਕਰ ਸਾਹਿਬ, ਗਿਆਨੀ ਜੀ ਨੇ ਜੋ ਇਥੇ ਇਲਾਨ ਕੀਤਾ ਹੈ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਮਾਤਾ ਦਾ ਸਨਮਾਨ ਪਹਿਲੀ ਜਨਵਰੀ ਨੂੰ ਕੀਤਾ ਜਾਏਗਾ ਇਸ ਦੀ ਮੈਂ ਆਪਣੀ ਪਾਰਟੀ ਵਲੋਂ ਬਹੁਤ ਸ਼ਲਾਘਾ ਕਰਦਾ ਹਾਂ ਔਰ ਸਵਾਗਤ ਕਰਦਾ ਹਾਂ । ਸ਼ਹੀਦੇ ਆਜ਼ਮ ਭਗਤ ਸਿੰਘ ਦਾ ਨਾਂ ਹਿੰਦੁਸਤਾਨ ਦੇ ਇਤਿਹਾਸ ਵਿਚ, ਪੰਜਾਬ ਦੇ ਇਤਿਹਾਸ ਵਿਚ ਬਹੁਤ ਉੱਚਾ ਹੈ । ਨਾ ਸਿਰਫ ਇਨ੍ਹਾਂ ਨੇ ਆਪਣੇ ਬਲੀਦਾਨ ਨਾਲ ਬਲਕਿ ਇਸ ਤੋਂ ਉਪਰੰਤ ਇਨ੍ਹਾਂ ਨੇ ਜਿਸ ਨਵੀਂ ਪਟੜੀ ਤੇ ਇਨਕਲਾਬੀਆਂ ਨੂੰ ਚਾੜ੍ਹਿਆ ਉਸ ਦੀ ਜਿੰਨੀ ਪਰਸ਼ੰਸਾ ਕੀਤੀ ਜਾਵੇ ਉਨੀ ਘਟ ਹੈ । ਇਨ੍ਹਾਂ ਨੇ ਮੁਕੰਮਲ ਆਜ਼ਾਦੀ ਲਈ ਅੰਗਰੇਜ਼ ਸਾਮਰਾਜੀਆਂ ਨਾਲ ਟੱਕਰ ਲੀਤੀ ਅਤੇ ਸੋਸ਼ਲਿਜ਼ਮ ਦਾ ਝੰਡਾ ਉਚਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਰਖੀ । ਇਨਾਂ ਦੀ ਜ਼ਿੰਦਗੀ ਤੋਂ ਸਬਕ ਮਿਲਦਾ ਹੈ । ਸੋਸ਼ਲਿਜ਼ਮ ਦਾ ਮਾਤਰ ਕੁਝ ਢਿਲਾ ਹੈ । ਇਸ ਲਈ

ਇਨ੍ਹਾਂ ਹਾਲਤਾਂ ਵਿਚ ਜੋ ਇਹ ਕਦਮ ਚੁਕਿਆ ਗਿਆ ਹੈ ਇਹ ਬਹੁਤ ਸ਼ਲਾਘਾ ਯੋਗ ਹੈ। ਮੈਂ ਇਸ ਦੀ ਹਾਰਦਿਕ ਪਰਸ਼ੰਸਾ ਕਰਦਾ ਹਾਂ। ਹੋਰ ਵੀ ਜਿਹੜੇ ਇਸ ਕਿਸਮ ਦੇ ਪਤਵੰਤੇ ਹਨ ਉਨ੍ਹਾਂ ਨੂੰ ਸਨਮਾਨਣਾ ਭਵਿਸ਼ ਲਈ ਬਹੁਤ ਅਛਾ ਹੋਵੇਗਾ। (ਥੰਪਿੰਗ)

ਕਾਮਰੇਡ ਚੰਦ ਸਿੰਘ ਚੋਪੜਾ ਮਾਸਟਰ (ਸ਼ੇਰਪੁਰ ਐਸ.ਸੀ.) ਸਪੀਕਰ ਸਾਹਿਬ, ਹੁਣੇ ਹੁਣੇ ਮੁੱਖ ਮੰਤਰੀ ਵਲੋਂ ਜੋ ਇਲਾਨ ਕੀਤਾ ਗਿਆ ਹੈ ਮੈਂ ਵੀ ਇਹਦਾ ਸਵਾਗਤ ਕਰਦਾ ਹਾਂ। ਉਸ ਮਹਾਨ ਸ਼ਹੀਦ ਦੀ ਮਾਤਾ ਜੀ ਨੂੰ ਸਨਮਾਨਣਾ ਬਹੁਤ ਅੱਛੀ ਗਲ ਹੈ। ਇਹਦੇ ਨਾਲ ਸਾਡੇ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਕਾਰਨਾਮਿਆਂ ਤੇ ਵੀ ਰੋਸ਼ਨੀ ਪਾਈ ਜਾਂਦੀ ਹੈ ਤੇ ਉਨ੍ਹਾਂ ਦੇ ਕਾਰਨਾਮਿਆਂ ਤੇ ਚਲਿਆ ਜਾਂਦਾ ਹੈ। ਸਪੀਕਰ ਸਾਹਿਬ, ਨਾਲ ਹੀ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਸ਼ਹੀਦ ਭਗਤ ਸਿੰਘ ਹੋਰਾਂ ਨੇ ਦੇਸ਼ ਲਈ ਆਪਣਾ ਤਨ ਮਨ ਕੁਰਬਾਨ ਕੀਤਾ ਉਸੇ ਤਰ੍ਹਾਂ ਸਰਕਾਰ ਨੂੰ ਵੀ ਉਨ੍ਹਾਂ ਲੀਹਾਂ ਤੇ ਚਲਣਾ ਚਾਹੀਦਾ ਹੈ। ਐਨਾ ਕਹਿੰਦਾ ਹੋਇਆ ਮੈਂ ਇਸ ਇਲਾਨ ਦਾ ਫਿਰ ਸਵਾਗਤ ਕਰਦਾ ਹਾਂ।

ਜਥੇਦਾਰ ਗੁਰਬਚਨ ਸਿੰਘ (ਸੁਨਾਮ): ਸਪੀਕਰ ਸਾਹਿਬ, ਮੈਂ ਵੀ ਇਕ ਮਿੰਟ...... (ਵਿਘਨ)

SECOND REPORT OF THE BUSINESS ADVISORY COMMITTEE

Mr. Speaker: I have to report the programme of the Punjab Vidhan Sabha as contained in the Second Report of the Business Advisory Committee. The report reads—

After some discussion the Committee recommended that in partial modification of the programme already approved for the 15th December, 1972 the following business be transacted at the sitting of the Vidhan Sabha to be held on the 15th December, 1972.

15-12-1972 (10.00 A. M. to 3.00 P. M.) (i) Question Hour.

(ii) Motion regarding Adjournment of the House Sine-die.

(iii) Discussion on Motion under Rule 77 of the Rules of Procedure and Conduct of Business in the Punjab Legislative Assembly regarding strike of the employees of all the News Papers published from Jullundur (One hour).

(iv) Bills:—

(1) The Punjab Urban Property (Ceiling) Bill, 1972 (half an hour)

(Mr. Speaker)

(2) The Punjab Khadi and Village Industries Board (Amendment) Bill, 1972 (half an hour).

(3) The Patiala State Ijlas-i-Khas Order of 1919 (Repealing) Bill, 1972 (half an hour).

(4) The Talwara Township (Periphery) Controller, Amendment Bill, 1972. (half an hour).

(5) The Punjab Cinemas (Regulation) Amendment Bill, 1972.
(Not exceeding one hour)

Education and Revenue Minister (Sardar Umrao Singh) : Sir, I beg to move—

> That this House agrees with the recommendations contained in the Second Report of the Business Advisory Committee.

Mr. Speaker : Motion moved—

> That this House agrees with the recommendations contained in the Second Report of the Business Advisory Committee.

Mr. Speaker : Question is—

> That this House agrees with the recommendations contained in the Second Report of the Business Advisory Committee.

The motion was carried

MOTION UNDER RULE 16

Education and Revenue Minister (Sardar Umrao Singh) ; Sir, I beg to move:—

> That the Assembly at its rising this day shall stand adjourned sine die.

Mr. Speaker : Motion moved—

> That the Assembly at its rising this day shall stand adjourned sine. die.

ਕਾਮਰੇਡ ਸਤ ਪਾਲ ਡਾਂਗ (ਅਮ੍ਰਿਤਸਰ ਵੈਸਟ) : ਸਪੀਕਰ ਸਾਹਿਬ, ਇਹ ਜਿਹੜੀ ਮੋਸ਼ਨ ਆਈ ਹੈ ਕਿ ਅਸੈਂਬਲੀ ਸਾਈਨੇ ਡਾਈ ਐਡਜਰਨ ਕਰ ਦਿਤੀ ਜਾਵੇ, ਮੈਂ ਇਸ ਦੀ ਵਿਰੋਧਤਾ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਪੰਜਾਬ ਵਿਚ ਕਿਸੇ ਜ਼ਮਾਨੇ ਵਿਚ ਤਿੰਨ ਸੈਸ਼ਨ ਹੁੰਦੇ ਸਨ । ਇਹ ਤਿੰਨ ਤੋਂ ਦੋ ਹੋ ਗਏ । ਫੇਰ ਅਨਸਟੇਬਲ ਗੌਰਮਿੰਟਾਂ ਆਈਆਂ (ਵਿਘਨ) ਇਕ ਰਿਵਾਜ ਪੈ ਗਿਆ ਕਿ ਸੈਸ਼ਨ ਹੋਣਾ ਨਹੀਂ ਚਾਹੀਦਾ ।

ਸ੍ਰੀ ਸਪੀਕਰ: ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਟ ਹੋਵੇ ਤੇ ਉਸ ਨੂੰ ਆਨਰੇਬਲ ਮੈਂਬਰ ਆਪੋਜ਼ ਕਰਨ । (ਵਿਘਨ) (It does not look nice that the report of the Business Advisory Committee be opposed by the Members.) (Interruption)

ਕਾਮਰੇਡ ਸੱਤ ਪਾਲ ਡਾਂਗ : ਮੈਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਇਹ ਗਲ ਕਹਿ ਦਿਤੀ ਸੀ, ਕੈਪਟਨ ਸਾਹਿਬ ਮੰਨਣ, ਮੈਂ ਇਸਦੇ ਖਿਲਾਫ ਬੋਲਾਂਗਾ । (ਵਿਘਨ)

ਸ੍ਰੀ ਸਪੀਕਰ : ਤੁਸੀਂ ਜ਼ਰੂਰ ਬੋਲਣਾ ਹੈ ਅਤੇ ਮੈਂ ਕਨਵੈਨਸ਼ਨ ਵੀ ਜ਼ਰੂਰ ਦਸਣੀ ਹੈ । (ਵਿਘਨ) (Of course you must have your say and I must point out the convention.) (Interruption)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਇਹ ਡਿਸਾਈਡ ਨਹੀਂ ਹੋਇਆ ਕਿ ਸਾਈਨੇ ਡਾਈ ਹੋਵੇ ।

It was accepted by Captain Rattan Singh. This is a very important matter and I have a right to speak on it.(Interruptions) Please let me have my say. ਅਨਸਟੇਬਲ ਗੌਰਮਿੰਟਾਂ ਆਈਆਂ ਅਤੇ ਪੋਜ਼ੀਸ਼ਨ ਇਹ ਹੋ ਗਈ ਕਿ ਛੇ ਮਹੀਨੇ ਦੀ ਲਿਮਿਟ ਨੂੰ ਮਦੇ ਨਜ਼ਰ ਰਖਦੇ ਹੋਏ ਦੋ ਦਿਨ ਵਾਸਤੇ ਸੈਸ਼ਨ ਕਰ ਲਿਆ ਜਾਂਦਾ ਸੀ । (ਵਿਘਨ) ਗਵਾਂਢੀ ਸੂਬੇ ਵਿਚ ਕਿਉਂਕਿ ਆਪੋਜ਼ੀਸ਼ਨ ਨਹੀਂ, ਕਮਜ਼ੋਰ ਆਪੋਜ਼ੀਸ਼ਨ ਹੈ ਉਨ੍ਹਾਂ ਨੇ ਇਹ ਰੀਤ ਪਾ ਲਈ ਕਿ ਛੇ ਮਹੀਨੇ ਬਾਅਦ ਇਕ ਦਿਨ ਦਾ ਸੈਸ਼ਨ ਸੱਦ ਲਵੋ।

ਸ੍ਰੀ ਸਪੀਕਰ : ਮੈਂ ਕਹਾਂਗਾ ਕਿ ਗਵਾਂਢੀ ਸਟੇਟ ਦਾ ਨਾਮ ਨਾ ਲਵੋ ।(I would request the hon. Member not to refer to the neighbouring State by name.)

ਕਾਮਰੇਡ ਸਤਪਾਲ ਡਾਂਗ : ਬੇਨਤੀ ਇਹ ਹੈ ਕਿ ਇਹ ਸੈਸ਼ਨ ਸਦਿਆ ਗਿਆ ਔਰ 4 ਦਿਨ ਸੈਸ਼ਨ ਕਰਕੇ ਸਾਈਨੇ ਡਾਈ ਉਠਾਇਆ ਜਾ ਰਿਹਾ ਹੈ । ਲੋਕਾਂ ਦੇ ਐਨੇ ਇੰਪਾਰਟੈਂਟ ਮਸਲੇ ਹਨ । ਜਿਸ ਤਰਾਂ ਲੈਂਡ ਰਿਫਾਰਮ ਦੇ ਬਿਲ ਤੇ ਡਿਸਕਸ਼ਨ ਹੋਈ ਹੈ, ਉਹ ਤੁਹਾਡੇ ਸਾਹਮਣੇ ਹੀ ਹੈ । ਪਾਂਡੇ ਸਾਹਿਬ ਵਲੋਂ ਅਖਬਾਰਾਂ ਵਿਚ ਬਿਆਨ ਆਉਂਦੇ ਹਨ ਕਿ ਮਿਉਂਸਪਲ ਐਕਟ ਵਿਚ ਤਰਮੀਮ ਕਰਨ ਦੀ ਲੋੜ ਹੈ, ਉਹ ਕਹਿੰਦੇ ਸੀ ਕਿ ਇਸ ਬਾਰੇ ਬਿਲ ਸੈਸ਼ਨ ਵਿਚ ਲਿਆਵਾਂਗੇ ਪਰ ਉਹ ਬਿਲ ਵੀ ਨਹੀਂ ਆਇਆ । ਉਹ ਇਸ ਲਈ ਨਹੀਂ ਆਇਆ ਕਿਉਂਕਿ ਅਸੈਂਬਲੀ ਉਠਾਉਣੀ ਹੈ । ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਪੁਛਿਆ ਸੀ ਕਿ ਹਾਊਸਿੰਗ ਬੋਰਡ ਦੇ ਬਿਲ ਦਾ ਕੀ ਬਣਿਆ ਤਾਂ ਇਹ ਕਹਿੰਦੇ

(ਕਾਮਰੇਡ ਸੱਤਪਾਲ ਡਾਂਗ)·

ਹਨ ਕਿ ਉਹ ਬਿਲ ਪਰੈਜ਼ੀਡੈਂਟ ਕੋਲ ਪਿਆ ਹੈ । ਪਰ ਜਦ ਹਾਊਸ ਵਿਚ ਪੁਛਿਆ ਤਾਂ ਤੁਸੀਂ ਕੋਈ ਜਵਾਬ ਨਹੀਂ ਦਿਵਾਇਆ । ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਉਸ ਦਾ ਕੀ ਹੋਇਆ ਹੈ । (ਵਿਘਨ)

ਸ਼੍ਰੀ ਸਪੀਕਰ : ਡਾਂਗ ਸਹਿਬ, ਸਰਕਾਰ ਨੇ ਜਵਾਬ ਦੇਣਾ ਹੈ, ਮੈਂ ਕੀ ਦਸ ਸਕਦਾ ਹਾਂ । (Dang Sahib, it is for the Govt. to give a reply, I can not say any thing.)

ਕਾਮਰੇਡ ਸਤਪਾਲ ਡਾਂਗ : ਤੁਸੀਂ ਜਵਾਬ ਦਿਵਾ ਸਕਦੇ ਹੋ । (ਵਿਘਨ) ਪਰ ਸਪੀਕਰ ਸਾਹਿਬ, ਸਰਕਾਰ ਨੇ ਕੋਈ ਜਵਾਬ ਨਹੀਂ ਦਿਤਾ । ਪਰ ਮੈਂ ਇਸ ਬਾਰੇ ਪਤਾ ਕੀਤਾ ਹੈ ਅਤੇ ਜੋ ਉਸ ਬਿਲ ਦੀ ਪੌਜ਼ੀਸ਼ਨ ਹੈ ਉਹ ਮੈਂ ਤੁਹਾਨੂੰ ਦਸਦਾ ਹਾਂ । (ਵਿਘਨ) ਉਹ ਬਿਲ ਮਨਜ਼ੂਰੀ ਵਾਸਤੇ ਪਰੈਜ਼ੀਡੈਂਟ ਕੋਲ ਗਿਆ । ਛੇ ਮਹੀਨੇ ਉਥੇ ਰਿਹਾ । ਸਰਕਾਰ ਨੇ ਕੋਈ ਧਿਆਨ ਨਹੀਂ ਦਿਤਾ । ਉਸ ਦੇ ਬਾਅਦ ਥੋੜ੍ਹੇ ਜਿਹੇ ਆਬਜੈਕਸ਼ਨ ਲਗਾ ਕੇ ਕਿ ਇਸ ਦੇ ਵਿਚ ਕੁਝ ਤਰਮੀਮ ਹੋਣੀ ਚਾਹੀਦੀ ਹੈ, ਉਹ ਬਿਲ ਵਾਪਿਸ ਆ ਗਿਆ । ਪਤਾ ਨਹੀਂ ਉਹ ਗਵਰਨਰ ਦੇ ਦਫਤਰ ਵਿਚ ਪਿਆ ਹੈ ਜਾਂ ਕਿ ਸਰਕਾਰ ਦੇ ਕੋਲ ਆ ਗਿਆ ਹੈ । (ਵਿਘਨ) ਸਪੀਕਰ ਸਾਹਿਬ, ਪਬਲਿਕ ਦੇ ਕਿੰਨੇ ਇੰਪਾਰਟੈਂਟ ਮਸਲੇ ਪੈਂਡਿੰਗ ਪਏ ਹਨ । ਇਸ ਲਈ ਇਨਾਂ ਨੂੰ ਚਾਹੀਦਾ ਸੀ ਕਿ ਉਸ ਬਿਲ ਵਿਚ ਜਿਹੜੀ ਤਰਮੀਮ ਕਰਨ ਦੀ ਲੋੜ ਸੀ ਇਸ ਹਾਊਸ ਵਿਚ ਲਿਆਉਂਦੇ। (ਵਿਘਨ) ਮੈਂ ਕਿਹਾ ਸੀ ਕਿ ਸਾਨੂੰ ਡਿਸਕਸ਼ਨ ਪੂਰੀ ਕਰਨ ਦਿਓ (ਵਿਘਨ) ਇਨ੍ਹਾਂ ਨੇ ਕਿਹਾ ਸੀ ਕਿ ਢਾਈ ਕਰੋੜ ਰੁਪਿਆ ਮਿਲਣਾ ਹੈ ਅਤੇ ਛੇਤੀ ਛੇਤੀ ਪਾਸ ਕਰਕੇ ਇਨ੍ਹਾਂ ਨੇ ਘਲ ਦਿਤਾ ਸੀ । ਪਰ ਹੁਣ ਉਨ੍ਹਾਂ ਨੇ ਕੁਝ ਆਬਜੈਕਸ਼ਨ ਲਗਾ ਕੇ ਵਾਪਸ ਘਲ ਦਿਤਾ ਹੈ ਅਤੇ ਹੁਣ ਉਹ ਚੰਡੀਗੜ੍ਹ ਵਿਚ ਪਿਆ ਹੈ । (ਵਿਘਨ) ਇਸ ਵਿਚ ਢਾਈ ਕਰੋੜ ਰੁਪਏ ਦਾ ਸਵਾਲ ਹੈ । ਇਸ ਤੋਂ ਅਗੇ ਮੈਂ ਦਸਦਾ ਹਾਂ ਇਨ੍ਹਾਂ ਨੇ ਬਜਟ ਵਿਚ 70 ਲਖ ਰੁਪਿਆ ਰਖਿਆ ਹੈ ਮੁਹਾਲੀ ਅਰਬਨ ਅਸਟੇਟ ਵਾਸਤੇ । ਉਸ ਵਿਚੋਂ 40 ਲਖ ਰੁਪਿਆ ਲੈਪਸ ਹੋ ਗਿਆ ਹੈ । (ਵਿਘਨ) 1 ਕਰੋੜ ਰੁਪਿਆ ਜਿਹੜਾ ਹਾਊਸਿੰਗ ਅਰਬਨ ਡੀਵੈਲਪਮੈਂਟ ਕਾਰਪੋਰੇਸ਼ਨ ਲਈ ਸੀ, ਉਹ ਤਾਂ ਮਿਲਣਾ ਸੀ ਜੇ ਉਹ ਬਿਲ ਬਣਕੇ ਬੋਰਡ ਬਣ ਜਾਂਦਾ । ਜੇ ਬਿਲ ਪਾਸ ਹੋਵੇ ਤਾਂ ਉਹ ਬਣੇ । ਸਾਰਾ ਸਾਲ ਲੰਘ ਗਿਆ ਹੈ ਹਾਊਸਿੰਗ ਬੋਰਡ ਵਿਚ ਪੈਸਾ ਨਹੀਂ ਮਿਲ ਰਿਹਾ, ਕਿਉਂਕਿ ਬਿਲ ਪਾਸ ਨਹੀਂ ਹੋਇਆ । (ਵਿਘਨ) ਇਹ ਕਹਿੰਦੇ ਹਨ ਕਿ ਬਿਲ ਇਸ ਕਰਕੇ ਪਾਸ ਨਹੀਂ ਕਰਾਉਣਾ ਕਿਉਂਕਿ ਮਨਿਸਟਰੀ ਵਿਚ ਮਤ ਭੇਦ ਹੋ ਗਿਆ ਹੈ । ਇਸ ਕਰਕੇ ਇਹ ਕਹਿੰਦੇ ਹਨ ਕਿ ਇਹ ਬਿਲ ਪਾਸ ਨਹੀਂ ਕਰਾਉਣਾ । (ਵਿਘਨ) ਸਪੀਕਰ ਸਾਹਿਬ, ਲੋਕਾਂ ਦੇ ਬੜੇ ਇਮਪਾਰਟੈਂਟ ਮਸਲੇ ਹਨ । ਹਾਊਸ ਦਾ ਦੋ ਚਾਰ ਸਿਟਿੰਗਜ਼ ਤੋਂ ਬਾਅਦ ਉਠ ਜਾਣਾ, ਇਹ ਠੀਕ ਨਹੀਂ ਹੈ । ਲੋਕ ਇਸ ਨੂੰ ਪਸੰਦ ਨਹੀਂ ਕਰਦੇ । ਇਹ ਕਹਿੰਦੇ ਹਨ ਕਿ ਸੈਸ਼ਨ ਜ਼ਿਆਦਾ ਕਰਨ ਨਾਲ ਖਰਚ ਬਹੁਤ ਹੁੰਦਾ ਹੈ । ਮੈਂ ਕਹਿੰਦਾ ਹਾਂ ਕਿ ਜੇ ਖ਼ਰਚ ਜ਼ਿਆਦਾ ਹੁੰਦਾ ਹੈ ਤਾਂ ਮਨਿਸਟਰੀ ਬਣਨ ਤੋਂ ਬਾਅਦ ਫਿਰ ਸੈਸ਼ਨ ਨਾ ਬੁਲਾਓ । (ਵਿਘਨ) ਫਿਰ ਅਸੈਂਬਲੀ ਨਾ ਸਦੋ । ਇਹ ਨਹੀਂ ਕਰਦੇ ਕਿ ਜੋ ਐਮ. ਐਲ. ਏਜ਼. ਨੂੰ ਮਿਲਦਾ ਹੈ ਉਹ ਘਟਾ ਦੇਈਏ । ਇਸ ਲਈ ਇਹ ਜਿਹੜਾ ਨਵਾਂ ਰਿਵਾਜ ਛੋਟਾ ਸੈਸ਼ਨ ਕਰਨ ਦਾ ਪਾਇਆ ਜਾ ਰਿਹਾ ਹੈ ਇਹ ਠੀਕ ਨਹੀਂ ਹੈ ।

(ਵਿਘਨ) ਤੁਹਾਡੇ 68 ਮੈਂਬਰ ਹਨ ਤੁਹਾਨੂੰ ਕੋਈ ਖਤਰਾ ਨਹੀਂ । ਸਰਕਾਰ ਨਹੀਂ ਡਿਗ ਜਾਣੀ । ਤੁਹਾਡੀ ਮਨਿਸਟਰੀ ਸਟੇਬਲ ਹੈ । ਪਤਾ ਨਹੀਂ ਹੋਰ ਸਟੇਬਲ ਹੋ ਜਾਣੀ ਹੈ ਜਾਂ ਨਹੀਂ । (ਵਿਘਨ) ਜਦ 10 ਮਨਿਸਟਰਾਂ ਦੀ ਥਾਂ 5—10 ਮਨਿਸਟਰਜ਼ ਹੋਰ ਆ ਗਏ ਤਾਂ ਫਿਰ ਇਨ੍ਹਾਂ ਨੂੰ ਕੋਈ ਖਤਰਾ ਨਹੀਂ ।

ਸ੍ਰੀ ਸਪੀਕਰ : ਤੁਸੀਂ ਬੜੀਆਂ ਹਾਈਪੋਥੈਟਿਕਲ ਗਲਾਂ ਕਰਦੇ ਹੋ । (You are talking hypothetically.)

ਕਾਮਰੇਡ ਸੱਤ ਪਾਲ ਡਾਂਗ : ਚੀਫ ਮਨਿਸਟਰ ਨੇ ਪ੍ਰੈਸ ਵਿਚ ਕਿਹਾ ਹੈ ਕਿ ਜਦ ਲੈਂਡ ਰਿਫਾਰਮ ਬਿਲ ਪਾਸ ਹੋ ਜਾਵੇਗਾ ਤਾਂ ਫ਼ਿਰ ਮਨਿਸਟਰੀ ਵਧਾਵਾਂਗੇ । (ਵਿਘਨ)

ਮੁੱਖ ਮੰਤਰੀ : ਮੇਰਾ ਐਸਾ ਕੋਈ ਬਿਆਨ ਨਹੀਂ । (ਵਿਘਨ)

ਕਾਮਰੇਡ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਹ ਚੰਗਾ ਰਿਵਾਜ ਨਹੀਂ ਹੈ । ਪੰਜਾਬ ਦੇ ਵਿਚ ਡੈਮੋਕਰੈਟਿਕ ਅਪੋਜ਼ੀਸ਼ਨ ਤਕੜੀ ਹੈ । ਅਸੈਂਬਲੀ ਦਾ ਸੈਸ਼ਨ ਸਾਲ ਦੇ ਵਿਚ ਘਟੋ ਘਟ ਤਿੰਨ ਚਾਰ ਮਹੀਨੇ ਹੋਣਾ ਚਾਹੀਦਾ ਹੈ । (ਵਿਘਨ) ਕੈਪਟਨ ਸਾਹਿਬ ਕਹਿੰਦੇ ਸੀ ਕਿ ਮੈਂ ਬਾਹਿਰ ਦਸਾਂਗਾ । (ਵਿਘਨ) ਮੈਂ ਕਹਿੰਦਾ ਹਾਂ ਕਿ ਅਜ ਅਸੈਂਬਲੀ ਉਠਾ ਕੇ ਹੋਰ ਆਰਡੀਨੈਂਸ ਹੀ ਹੋਣਗੇ । ਅਖੀਰ ਵਿਚ ਮੈਂ ਕਹਾਂਗਾ ਕਿ ਇਹ ਸਾਈਨੇ ਡਾਈ ਅਸੈਂਬਲੀ ਨਹੀਂ ਉਠਾਉਣੀ ਚਾਹੀਦੀ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿਦੜਬਾਹਾ) : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜੋ ਅਸੈਂਬਲੀ ਸਾਈਨੇਡਾਈ ਐਡਜਰਨ ਕਰਨ ਦੀ ਮੋਸ਼ਨ ਲਿਆਂਦੀ ਹੈ ਮੈਂ ਸਮਝਦਾ ਹਾਂ ਕਿ ਇਸ ਨਾਲ ਲੋਕਾਂ ਨਾਲ ਅਤੇ ਅਸੈਂਬਲੀ ਨਾਲ ਬੜਾ ਭਾਰੀ ਧਕਾ ਹੈ । ਇਸ ਤਰਾਂ ਥੋੜ੍ਹੇ ਜਿਹੇ ਸਮੇਂ ਵਿਚ ਸੈਸ਼ਨ ਖਤਮ ਕਰ ਦਿਤਾ ਹੈ । ਸ਼ਾਇਦ ਇਹ ਇਹ ਗਲ ਕਹਿੰਦੇ ਹੋਣ ਕਿ ਅਗੇ ਹੀ ਇਹ ਰਿਵਾਇਤ ਹੈ । ਘਟ ਸੈਸ਼ਨ ਬੁਲਾਉਣਾ, ਘਟ ਸਿਟਿੰਗ ਕਰਨੀਆਂ, ਮੈਂ ਸਮਝਦਾ ਹਾਂ ਕਿ ਜੇ ਪਹਿਲੇ ਕੋਈ ਗਲਤੀ ਹੋਈ ਹੈ ਤਾਂ ਇਨ੍ਹਾਂ ਨੂੰ ਉਹੀ ਰਿਵਾਇਤ ਨਹੀਂ ਅਪਨਾਉਣੀ ਚਾਹੀਦੀ । ਤੁਸੀਂ ਦੇਖਿਆ ਹੈ ਕਿ ਦੋ ਤਿੰਨ ਬੜੇ ਅਹਿਮ ਇਸ਼ੂ ਸਨ ਜਿਨ੍ਹਾਂ ਤੇ ਬਹਿਸ ਹੋਈ ਹੈ, ਸਾਰਿਆਂ ਨੂੰ ਹੀ ਬਹੁਤ ਘਟ ਟਾਈਮ ਮਿਲਿਆ ਹੈ । ਜਿਸ ਤਰ੍ਹਾਂ ਲੈਂਡ ਰਿਫਾਰਮ ਦਾ ਬਿਲ ਹੈ, ਜਿਸ ਦੀ ਕਿ ਬੜੀ ਮਹਾਨਤਾ ਹੈ, ਉਸ ਵਿਚ ਵੀ ਬੜਾ ਘਟ ਟਾਈਮ ਮਿਲਿਆ ਹੈ । ਅਪੋਜ਼ੀਸ਼ਨ ਦੇ ਵਲੋਂ 2—3 ਮੈਂਬਰਾਂ ਤੋਂ ਵਧ ਨਹੀਂ ਬੋਲੇ । (ਵਿਘਨ) ਇਸ ਲਈ ਇਸ ਗਲ ਵਲ ਧਿਆਨ ਦੇਣਾ ਚਾਹੀਦਾ ਹੈ । ਇੰਪਾਰਟੈਂਟ ਮਸਲਿਆਂ ਨੂੰ 2—3 ਦਿਨ ਵਿਚਾਰਿਆ ਜਾਣਾ ਚਾਹੀਦਾ ਹੈ ਤਾਂ ਕਿ ਹਰ ਇਕ ਪਾਰਟੀ ਉਸ ਦੇ ਵਿਚ ਆਪਣਾ ਆਪਣਾ ਹਿਸਾ ਪਾ ਸਕੇ । ਅਜ ਅਰਬਨ ਸੀਲਿੰਗ ਦਾ ਬਿਲ ਲਿਆਂਦਾ ਹੈ ਅਤੇ ਉਸ ਦੇ ਵਾਸਤੇ ਸਿਰਫ ਅਧਾ ਘੰਟਾ ਹੀ ਰਖਿਆ ਹੈ । ਇਹ ਠੀਕ ਨਹੀਂ ਹੈ । ਇਸ

(ਸਰਦਾਰ ਪ੍ਰਕਾਸ਼ ਸਿਘ ਬਾਦਲ)
ਤਰ੍ਹਾਂ ਹਾਊਸ ਜਲਦੀ ਉਠਾਉਣਾ ਨਹੀਂ ਚਾਹੀਦਾ ਅਤੇ ਸਾਨੂੰ ਘਟੋ ਘਟ ਇਕ ਦੋ ਦਿਨ ਹੋਰ ਸੈਸ਼ਨ ਚਲਾਉਣਾ ਚਾਹੀਦਾ ਹੈ ਤਾਕਿ ਸਾਰੇ ਬਹਿਸ ਵਿਚ ਹਿਸਾ ਲੈ ਸਕਣ ।

ਸ੍ਰੀ ਸਪੀਕਰ : ਮੈਨੂੰ ਅਫਸੋਸ ਹੈ ਕਿ ਸੀਲਿੰਗ ਬਿਲ ਦੇ ਬਾਰੇ ਵਿਚ ਮੈਂ ਤੁਹਾਡੇ ਲਈ ਟਾਈਮ ਐਕਸਟੈਂਡ ਨਹੀਂ ਕੀਤਾ ਪਰ ਫਿਰ ਵੀ ਚਾਰ ਘੰਟੇ ਇਸ ਨੇ ਲਏ ਸਨ। ਜਿਸ ਵੇਲੇ ਮੈਂ ਦੇਖਿਆ ਕਿ ਰੈਪੀਟੀਸ਼ਨ ਸ਼ੁਰੂ ਹੋ ਗਈ ਹੈ ਤਾਂ ਫਿਰ ਡਿਸਕਸ਼ਨ ਕਲੋਜ਼ ਹੋਈ । (I am sorry, I did not extend the time for the discussion on the Urban Property Ceiling Bill. Even so it was discussed for four hours. The discussion was closed when I found that the arguments were being repeated.)

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ) : ਸਪੀਕਰ ਸਾਹਿਬ, ਅਰਬਨ ਸੀਲਿੰਗ ਦਾ ਜਿਹੜਾ ਬਿਲ ਹੈ ਇਸ ਦੇ ਉਤੇ ਪੂਰੀ ਬਹਿਸ ਹੋਣੀ ਚਾਹੀਦੀ ਹੈ। ਇਸ ਵਾਸਤੇ ਅਧਾ ਘੰਟਾ ਮਿਲਿਆ ਹੈ, ਪਰ ਅਧੇ ਘੰਟੇ ਵਿਚ ਤਾਂ ਇਹ ਪੜ੍ਹਿਆ ਹੀ ਨਹੀਂ ਜਾ ਸਕਦਾ । ਇਸ ਵਾਸਤੇ ਹਾਊਸ ਸਾਈਨੇ ਡਾਈ ਅੰਡਜਰਨ ਨਹੀਂ ਹੋਣਾ ਚਾਹੀਦਾ ਅਤੇ ਟਾਈਮ ਵਧਾਉਣਾ ਚਾਹੀਦਾ ਹੈ।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਮੈਂ ਸਮਝਦਾ ਸੀ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਜੋ ਫੈਸਲਾ ਹੋ ਗਿਆ, ਬਸ ਉਹ ਠੀਕ ਹੈ। ਪਰ ਜੇ ਇਨ੍ਹਾਂ ਨੇ ਉਥੇ ਫੈਸਲਾ ਕਰਨ ਤੋਂ ਬਾਅਦ ਵੀ ਇਸੇ ਤਰ੍ਹਾਂ ਹੀ ਕਰਨਾ ਹੈ ਤਾਂ ਫਿਰ ਆਪਣੇ ਨੁਮਾਇੰਦੇ ਉਥੇ ਨਹੀਂ ਭੇਜਣੇ ਚਾਹੀਦੇ, ਅਸੂਲਨ ਉਥੇ ਕੀਤੇ ਫੈਸਲਿਆਂ ਤੇ ਪਾਬੰਦ ਰਹਿਣਾ ਚਾਹੀਦਾ ਹੈ। ਪਰ ਉਹ ਚੀਜ਼ ਨਹੀਂ ਹੋ ਰਹੀ । ਮੈਂ ਇਹ ਗਲ ਦਸ ਦੇਣੀ ਚਾਹੁੰਦਾ ਹਾਂ ਕਿ ਮੇਰੇ ਤੋਂ ਪਹਿਲਾਂ ਕੋਈ ਪੰਜਾਬ ਦਾ ਚੀਫ਼ ਮਨਿਸਟਰ ਇਹ ਸਾਬਤ ਕਰ ਦੇਵੇ ਕਿ ਜਿੰਨਾ ਸੈਸ਼ਨ ਲੰਬਾ ਅਸੀਂ ਰਖਿਆ ਹੈ ਉਤਨਾ ਕਿਸੇ ਹੋਰ ਨੇ ਰਖਿਆ ਹਵੇ। (ਵਿਘਨ)

ਇਕ ਆਵਾਜ਼ : ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਵੇਲੇ ਲੰਬਾ ਸੈਸ਼ਨ ਚਲਿਆ ਸੀ ।

ਮੁੱਖ ਮੰਤਰੀ : ਸਾਡਾ ਬਜਟ ਸੈਸ਼ਨ ਪੰਜਾਬ ਦੀ ਹਿਸਟਰੀ ਵਿਚ ਸਭ ਤੋਂ ਵਡਾ ਸੀ । (ਵਿਘਨ) ਹੁਣ ਦਾ ਸੈਸ਼ਨ ਅਸੀਂ ਰਖ ਨਹੀਂ ਰਹੇ ਸੀ, ਲੇਕਿਨ ਆਪੋਜ਼ੀਸ਼ਨ ਦੇ ਲੀਡਰ ਅਤੇ ਸੀ.ਪੀ.ਆਈ. ਦੇ ਲੀਡਰ ਨੇ ਕਿਹਾ ਸੀ ਕਿ ਸੈਸ਼ਨ ਬੁਲਾਇਆ ਜਾਵੇ । ਉਨ੍ਹਾਂ ਨੇ ਕਿਹਾ ਕਿ ਅਸੀਂ ਨੋ-ਕਨਫੀਡੈਂਸ ਮੋਸ਼ਨ ਲਿਆਉਣੀ ਹੈ । ਉਹ ਨੋ-ਕਨਫੀਡੈਂਸ ਮੋਸ਼ਨ ਆਈ । ਔਰ ਪਾਰਲੀਮੈਂਟਰੀ ਰਿਵਾਇਤ ਨੂੰ ਕਾਇਮ ਰਖਦੇ ਹੋਏ ਮੈਂ ਉਦੋਂ ਕਿਹਾ ਸੀ ਕਿ ਮੈਂ ਕੋਈ ਹੋਰ ਬਿਜ਼ਨੈਸ ਨਹੀਂ ਕਰਾਂਗਾ ਜਦ ਤਕ ਮੇਰੇ ਤੇ ਭਰੋਸਾ ਨਹੀਂ ਹੋ ਜਾਂਦਾ । ਜਿਸ ਤੇ ਭਰੋਸਾ ਹੋਵੇ ਉਹ ਬਿਜ਼ਨੈਸ ਕਰੇ । ਸੋ ਭਰੋਸਾ ਸਾਨੂੰ ਮਿਲ ਗਿਆ ਹੈ । ਅਸੀਂ ਹਾਊਸ ਦਾ ਬਿਜ਼ਨੈਸ ਖਤਮ ਕੀਤਾ । (ਵਿਘਨ) ਜਿਥੋਂ ਤਕ ਡਾਂਗ ਸਾਹਿਬ ਦੇ ਵਿਚਾਰ ਹਨ

ਕਿ ਇਹ ਬਿਲ ਨਹੀਂ ਲਿਆਏ ਉਹ ਬਿਲ ਨਹੀਂ ਲਿਆਏ, ਮੈਂ ਕਹਿੰਦਾ ਹਾਂ ਕਿ ਉਨਾਂ ਨੂੰ ਟਰੇਜ਼ਰੀ ਬੈਂਚਿਜ਼ ਨਾਲੋਂ ਜ਼ਿਆਦਾ ਪਤਾ ਨਹੀਂ ਹੋ ਸਕਦਾ । ਉਹ ਸੁਣੀਆਂ ਸੁਣਾਈਆਂ ਗਲਾਂ ਕਰਦੇ ਹਨ । ਪਾਂਡੇ ਜੀ ਨੇ ਜਿਹੜਾ ਬਿਲ ਲਿਆਉਣਾ ਸੀ, ਉਹ ਕੋਈ ਛੋਟੀ ਜਿਹੀ ਤਰਮੀਮ ਨਹੀਂ । ਉਹ ਇਸ ਬਿਲ ਬਾਰੇ ਲੋਕਲ ਬੌਡੀਜ਼ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਕਨਸਲਟ ਕਰ ਰਹੇ ਹਨ । ਹੋ ਸਕਦਾ ਹੈ ਕਿ ਬਿਲ ਅਸੀਂ ਲਿਆਈਏ । ਅੰਮ੍ਰਿਤਸਰ ਵਿਚ ਕਾਰਪੋਰੇਸ਼ਨ ਬਣਾਉਣੀ ਹੈ, ਉਹ ਵੀ ਸ਼ਾਇਦ ਨਾਲ ਹੀ ਆ ਜਾਵੇ । ਇਸ ਲਈ ਇਤਨੀ ਜਲਦੀ ਕਰਨ ਦੀ ਲੋੜ ਨਹੀਂ । ਹਾਊਸਿੰਗ ਬੋਰਡ ਦਾ ਸਵਾਲ ਹੈ । ਇਸ ਦੇ ਬਿਲ ਪਾਸ ਹੋਣ ਵਿਚ ਦੇਰ ਹੋਈ, ਮੈਂ ਮੰਨਦਾ ਹਾਂ ਕਿ ਐਨੀ ਦੇਰ ਨਹੀਂ ਸੀ ਹੋਣੀ ਚਾਹੀਦੀ ਲੇਕਿਨ ਇਹ ਗਲ ਬਿਲਕੁਲ ਹੀ ਬੇਬੁਨਿਆਦ ਹੈ ਕਿ ਰੁਪਿਆ ਲੈਪਸ ਹੋ ਜਾਵੇਗਾ । ਉਹ ਲੈਪਿਸ ਨਹੀਂ ਹੋਵੇਗਾ । ਹੁਣੇ ਹੁਣੇ ਪਤਾ ਲਗਾ ਹੈ ਕਿ ਉਹ ਬਿਲ ਗਵਰਨਰ ਕੋਲ ਵਾਪਿਸ ਆਇਆ ਹੈ ਪਰ ਸਾਡੇ ਦਫਤਰ ਵਿਚ ਨਹੀਂ ਆਇਅ । ਇਹ ਵੀ ਪਤਾ ਨਹੀਂ ਕਿ ਕੋਈ ਆਬਜੈਕਸ਼ਨ ਲਗਾ ਹੈ ਜਾਂ ਨਹੀਂ । ਕੋਈ ਆਬਜੈਕਸ਼ਨ ਹੋਵੇ ਵੀ ਤਾਂ ਜ਼ਰੂਰੀ ਨਹੀਂ ਕਿ ਉਹ ਸੈਸ਼ਨ ਬੁਲਾ ਕੇ ਅਸੀਂ ਉਸ ਆਬਜੈਕਸ਼ਨ ਨੂੰ ਠੀਕ ਕਰ ਸਕੀਏ । ਜਿਹੜੀ ਕਾਰਵਾਈ ਕਰਨ ਦੀ ਲੋੜ ਸਮਝੀ ਕਰ ਲਈ ਜਾਵੇਗੀ । ਮੈਂ ਇਹ ਗਲ ਫਿਰ ਡਾਂਗ ਸਾਹਿਬ ਨੂੰ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਗਲ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਹੋ ਜਾਵੇ ਉਸ ਨੂੰ ਦੁਬਾਰਾ ਨਹੀਂ ਛੇੜਨਾ ਚਾਹੀਦਾ । ਹਾਊਸ ਦੇ ਮੈਂਬਰ ਨੂੰ ਪੂਰਾ ਟਾਈਮ ਦਿਤਾ ਗਿਆ ਹੈ ਅਤੇ ਜਿਤਨਾ ਵੀ ਕੰਮ ਇਥੇ ਲਿਆਂਦਾ ਗਿਆ ਸੀ ਉਹ ਪੂਰਾ ਕਰ ਲਿਆ ਹੈ । ਜਿਹੜਾ ਦਿਨ ਨਾਨ ਆਫੀਸ਼ੀਅਲ ਸੀ ਉਸ ਵਿਚ ਵੀ ਪ੍ਰਾਈਵੇਟ ਮੈਂਬਰਾਂ ਨੇ ਆਪਣਾ ਪੂਰਾ ਪੂਰਾ ਸਮਾਂ ਲਿਆ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਹਾਊਸ ਨੂੰ ਜ਼ਿਆਦਾ ਲੰਮਾ ਕਰਕੇ ਸਰਕਾਰ ਤੇ ਖਰਚਾ ਪਾਉਣਾ ਅਤੇ ਜਨਤਾ ਦੇ ਸਿਰ ਤੇ ਵਾਧੂ ਬੋਝ ਪਾਉਣ ਦਾ ਕੋਈ ਮਤਲਬ ਨਹੀਂ ਬਣਦਾ । ਇਸ ਲਈ ਜੋ ਇਹ ਮੋਸ਼ਨ ਸਾਈਨੇ ਡਾਈ ਦੀ ਪੇਸ਼ ਕੀਤੀ ਗਈ ਹੈ ਉਸ ਨੂੰ ਪਰਵਾਨ ਕੀਤਾ ਜਾਵੇ ।

Mr. Speaker: Question is—

> That the Assembly at its rising this day shall stand adjourned *sine-die*.

The Motion was carried

DISCUSION ON MOTION UNDER RULE 77

Comrade Darshan Singh Canadian (Garhshanker) Sir, I beg to move—

> That the grave situation arising as a result of the strike of the employees of all the News Papers published from Jullundur, be discussed.

ਸਤਿਕਾਰ ਯੋਗ ਸਪੀਕਰ ਸਾਹਿਬ; ਪਿਛਲੇ 25 ਦਿਨਾਂ ਤੋਂ ਜਲੰਧਰ ਵਿਚ ਸਾਰੇ ਪੰਜਾਬ ਦੇ ਅਖਬਾਰਾਂ ਦੀ ਹੜਤਾਲ ਹੈ । ਇਸ ਵੇਲੇ ਪੰਜਾਬ ਦਾ ਸਿਰਫ ਇਕ ਅਖਬਾਰ ਟਰੀਬਿਊਨ ਛਪਦਾ ਹੈ ਅਤੇ ਉਹ ਵੀ ਅੰਗਰੇਜ਼ੀ ਦਾ ਅਖਬਾਰ ਹੈ । ਇਸ ਕਰਕੇ ਜਿਹੜੇ

(ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ)

ਬੁਧੀਮਾਨ ਤਬਕੇ ਦੇ ਲੋਕ ਅੰਗਰੇਜ਼ੀ ਪੜ੍ਹੇ ਹੋਏ ਹਨ ਉਸ ਹਿੱਸੇ ਤਕ ਹੀ ਸਿਰਫ ਇਹ ਅਖਬਾਰ ਪਹੁੰਚਦਾ ਹੈ। ਅੱਜ ਦਾ ਯੁਗ ਜਮਹੂਰੀ ਯੁਗ ਹੈ ਅਤੇ ਇਸ ਯੁਗ ਵਿਚ ਅਖਬਾਰਾਂ ਦੀ ਇਕ ਬਹੁਤ ਵਡੀ ਮਹੱਤਤਾ ਹੈ ਕਿਉਂਕਿ ਲੋਕਾਂ ਨੇ ਜੋ ਆਪਣਾ ਹਿਸਾ ਇਸ ਜਮਹੂਰੀ ਢਾਂਚੇ ਵਿਚ ਪਾਉਣਾ ਹੈ, ਆਪਣੀਆਂ ਰਾਵਾਂ ਦੇਣੀਆਂ ਹਨ ਉਹ ਅਖਬਾਰਾਂ ਦੇ ਰਾਹੀਂ ਦਿਤੀਆਂ ਜਾ ਸਕਦੀਆਂ ਹਨ ਅਤੇ ਪੜ੍ਹੀਆਂ ਜਾ ਸਕਦੀਆਂ ਹਨ। ਇਸ ਲਈ ਅੱਜ ਜਨਤਾ ਤਕ ਰੇਡੀਓ ਜਾਂ ਅਖਬਾਰਾਂ ਹੀ ਐਸਾ ਸਾਧਨ ਹਨ ਜਿਹੜੇ ਕਿ ਲੋਕਾਂ ਤਕ ਰਾਸ਼ਟਰ, ਅੰਤਰ ਰਾਸ਼ਟਰ ਦੀਆਂ ਖਬਰਾਂ ਪਹੁੰਚਾਉਣ ਦਾ ਕੰਮ ਕਰਦੇ ਹਨ। ਇਹ ਜੋ ਅਖਬਾਰਾਂ ਦੇ ਕਾਮਿਆਂ ਦੀ ਸਮੱਸਿਆ ਹੈ ਇਹ ਨਾ ਕੇਵਲ ਉਹੀ ਲੋਕ ਹੀ ਸੋਚਦੇ ਹਨ ਸਗੋਂ ਪੰਜਾਬ ਦੀ ਮੁਖਤਲਿਫ ਜਨਤਾ ਵੀ ਇਸ ਗਲ ਨੂੰ ਮਹਿਸੂਸ ਕਰਦੀ ਹੈ ਕਿ ਇਹ ਜੋ ਸਮਸਿਆ ਹੈ ਜਿਸ ਦੇ ਲਈ ਕਿ ਉਨ੍ਹਾਂ ਨੇ ਹੜਤਾਲ ਕੀਤੀ ਹੈ। ਇਸ ਸਰਕਾਰ ਨੂੰ ਜਲਦੀ ਤੋਂ ਜਲਦੀ ਸੁਲਝਾਉਣ ਦੇ ਯਤਨ ਕਰਨੇ ਚਾਹੀਦੇ ਹਨ। ਇਹ ਹੜਤਾਲ ਕਿਉਂ ਹੋਈ ? ਸਪੀਕਰ ਸਾਹਿਬ, ਅੱਜ ਇੰਡਸਟਰੀਅਲ ਸਨਅੱਤ ਦੇ ਜਿਹੜੇ ਮਜ਼ਦੂਰ ਹਨ ਉਹ ਇਹ ਮੰਗ ਕਰਦੇ ਹਨ ਉਨ੍ਹਾਂ ਦੀਆਂ ਜਿਹੜੀਆਂ ਤਨਖਾਹਾਂ ਹਨ ਉਨ੍ਹਾਂ ਦੇ ਵਿਚ 25 ਫੀ ਸਦੀ ਦਾ ਇਜ਼ਾਫਾ ਕੀਤਾ ਜਾਵੇ। ਦੂਸਰੇ ਪਾਸੇ ਅਖਬਾਰਾਂ ਵਾਲਿਆਂ ਦੀ ਹਾਲਤ ਦੇਖ ਲਓ। ਦਿਲੀ ਦੇ ਵਿਚ ਜਿਹੜੇ ਅਖਬਾਰ ਹਨ ਉਸ ਤੇ ਵਡੇ ਵਡੇ ਮਾਲਕਾਂ ਦਾ ਕੰਟਰੋਲ ਹੈ ਜਿਸ ਤਰ੍ਹਾਂ ਟਾਟੇ ਬਿਰਲੇ ਅਤੇ ਡਾਲਮੀਆਂ ਵਗੈਰਾ ਦਾ ਪਰ ਪੰਜਾਬ ਦੇ ਵਿਚ ਜਿਹੜੇ ਅਖਬਾਰਾਂ ਹਨ ਉਹ ਛੋਟੇ ਮਾਲਕਾਂ ਦੇ ਹਨ ਜਾਂ ਦਰਮਿਆਨੇ ਤਬਕੇ ਦੇ ਲੋਕਾਂ ਦੇ ਹਨ। ਛੋਟੇ ਅਖਬਾਰ ਜਿਹੜੇ ਹਨ ਉਨ੍ਹਾਂ ਵਿਚੋਂ ਕੁਝ ਪਾਰਟੀਆਂ ਦੇ ਹਨ ਜਾਂ ਕੁਝ ਪਾਰਟੀਆਂ ਦੇ ਨਾਲ ਚਲਦੇ ਹਨ ਜਿਸ ਤਰ੍ਹਾਂ ਕਿ ਕੌਮੀ ਦਰਦ ਜਾਂ ਨਵਾਂ ਜ਼ਮਾਨਾ ਵਰਗੇ ਅਖਬਾਰ। ਭਾਵੇਂ ਇਨ੍ਹਾਂ ਅਖਬਾਰਾਂ ਦੀ ਮਲਕੀਅਤ ਕਾਨੂੰਨੀ ਤੌਰ ਤੇ ਨਾ ਹੋਵੇ ਲੇਕਿਨ ਫਿਰ ਵੀ ਕੁਝ ਇਖਲਾਕੀ ਤੌਰ ਤੇ ਅਤੇ ਕੁਝ ਰਾਜਸੀ ਤੌਰ ਤੇ ਇਹ ਅਖਬਾਰਾਂ ਨਾਲ ਚਲਦੀਆਂ ਹਨ। ਅਖਬਾਰ' ਦੇ ਮਾਲਕ ਜਿਹੜੇ ਹਨ ਉਹ ਇਹ ਕਹਿੰਦੇ ਹਨ ਕਿ ਅਖਬਾਰਾਂ ਦੇ ਜਿਹੜੇ ਕਾਮੇ ਹਨ ਉਨ੍ਹਾਂ ਦੀ ਹਾਲਤ ਕਾਫੀ ਚੰਗੀ ਹੈ ਅਤੇ ਉਨ੍ਹਾਂ ਨੂੰ ਕੋਈ ਦੁਖ ਤਕਲੀਫ ਨਹੀਂ। ਇਹ ਗਲ ਅਸੀਂ ਮੰਨਦੇ ਹਾਂ ਕਿ ਉਨ੍ਹਾਂ ਨੂੰ ਕੁਝ ਰਿਆਇਤਾਂ ਦਿਤੀਆਂ ਹੋਈਆਂ ਹਨ ਜਿਸ ਤਰ੍ਹਾਂ ਕਿ ਗਰੈਚੁਟੀ ਜਾਂ ਬੋਨਸ ਵਗੈਰਾ ਦੀਆਂ ਉਨ੍ਹਾਂ ਨੂੰ ਰਿਆਇਤਾਂ ਹਨ ਪਰ ਇਸ ਕਿਸਮ ਦੀਆਂ ਜੋ ਰਿਆਇਤਾਂ ਉਨ੍ਹਾਂ ਨੂੰ ਮਿਲੀਆਂ ਹੋਈਆਂ ਹਨ ਉਹ ਛੋਟੀਆਂ ਹਨ। ਮੁੱਖ ਗਲ ਤਾਂ ਇਕ ਆਦਮੀ ਦੀ ਤਨਖਾਹ ਹੈ ਜਿਸ ਤੇ ਕਿ ਉਹ ਆਪਣਾ ਗੁਜ਼ਾਰਾ ਕਰਦਾ ਹੈ। 1967 ਤੋਂ ਬਾਅਦ ਸਪੀਕਰ ਸਾਹਿਬ, ਮਹਿੰਗਾਈ ਜਿਹੜੀ ਹੈ ਉਹ ਲਗ ਭੱਗ ਦੁਗਣੀ ਹੋ ਗਈ ਹੈ। 1967 ਦੇ ਵਿਚ ਅਖਬਾਰਾਂ ਦੇ ਕਾਮਿਆਂ ਨੂੰ ਉਹ ਵੀ ਸਾਰਿਆਂ ਨੂੰ ਨਹੀਂ ਉਸ ਦੇ ਵਿਚ ਸਿਰਫ ਜਰਨਲਿਸਟ ਵਗੈਰਾ ਆਉਂਦੇ ਹਨ ਉਨਾਂ ਨੂੰ ਸਾਢੇ 21 ਫੀ ਸਦੀ ਇਜ਼ਾਫਾ ਮਿਲਿਆ ਸੀ। 1967 ਤੋਂ ਲੈ ਕੇ ਹੁਣ ਤਕ ਮਹਿੰਗਾਈ ਤਕਰੀਬਨ ਦੁੱਗਣੀ ਹੋ ਗਈ ਹੈ ਪਰ 1970 ਵਿਚ ਜੋ ਉਨ੍ਹਾਂ ਨੂੰ ਇਜ਼ਾਫਾ ਮਿਲਿਆ ਹੈ ਉਹ ਸਾਢੇ 7 ਪਰਸੈਂਟ ਮਿਲਿਆ ਹੈ। ਅਜ ਦੇਖਣ ਵਾਲੀ ਗਲ ਇਹ ਹੈ ਕਿ ਜੋ ਉਨ੍ਹਾਂ ਨੂੰ ਇਸ ਵੇਲੇ ਪੁਰਾਣੀਆਂ ਤਨਖਾਹਾਂ ਮਿਲ ਰਹੀਆਂ ਹਨ ਉਸ ਨਾਲ ਇਨ੍ਹਾਂ ਦਾ ਗੁਜ਼ਾਰਾ ਕਰਨਾ ਬੜਾ ਮੁਸ਼ਕਲ ਹੈ। ਇਸ ਲਈ ਇਹ ਕਹਿਣਾ ਕਿ ਉਨ੍ਹਾਂ ਦੀ ਜਿਹੜੀ ਮੰਗ ਹੈ ਉਹ ਹੱਕੀ ਨਹੀਂ ਤਾਂ ਇਹ ਬੜੀ ਬੇ-ਵਾਜਬ ਜਿਹੀ ਗਲ ਹੈ। ਅਸੀਂ ਆਪਣੀ ਪਾਰਟੀ ਵਲੋਂ ਇਹ ਕਹਿਣਾ ਚਾਹੁੰਦੇ

ਹਾਂ ਕਿ ਇਨ੍ਹਾਂ ਦੀਆ ਜਿਹੜੀਆਂ ਡੀਮਾਂਡਜ਼ ਹਨ ਉਹ ਹੱਕੀ ਹਨ ਅਤੇ ਉਨ੍ਹਾਂ ਤੇ ਹਮਦਰਦੀ ਨਾਲ ਗੌਰ ਕਰਕੇ ਉਨ੍ਹਾਂ ਦੇ ਮਸਲਿਆ ਨੂੰ ਹੱਲ ਕਰਨਾ ਚਾਹੀਦਾ ਹੈ ।

ਇਸ ਤੋਂ ਬਾਅਦ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਮਹਿੰਗਾਈ ਹੈ ਉਹ ਅਗਰ 10 ਪੁਆਇੰਟ ਵੱਧੇ ਤਾਂ ਉਸ ਵੇਲੇ ਤਨਖਾਹ ਵਿਚ 50 ਪੈਸੇ ਦਾ ਫਾਇਦਾ ਹੁੰਦਾ ਹੈ । ਪਹਿਲੀ ਗਲ ਤਾਂ ਇਹ ਅਜੀਬ ਜਿਹੀ ਹੈ ਅਤੇ ਇਹ ਸੋਚਣ ਵਾਲੀ ਹੈ ਕਿ ਜਦ ਤਕ 10 ਪੁਆਇੰਟ ਨਾ ਹੋ ਜਾਵੇ ਤਾਂ ਉਦੋਂ ਤਕ ਪੈਸੇ ਨਹੀਂ ਵਧਦੇ । 6, 7, 8 ਜਾਂ 9 ਤਕ ਵੀ ਰਹਿ ਜਾਵੇ ਤਾਂ ਕਿਸੇ ਪਾਸੇ ਵੀ ਗਲ ਨਹੀਂ ਲਗਦੀ ਅਤੇ ਉਹ ਆਪਣੀ ਕਿਸੇ ਗਲ ਤੇ ਵਿਚਾਰ ਨਹੀਂ ਕਰਵਾ ਸਕਦੇ । ਜੇ ਕਿਧਰੇ 10 ਪੁਆਇੰਟ ਤੋਂ ਵੱਧ ਜਾਵੇ ਤਾਂ ਕਿਧਰੇ ਜਾ ਕੇ ਉਨ੍ਹਾਂ ਨੂੰ 50 ਪੈਸੇ ਫਾਇਦਾ ਹੁੰਦਾ ਹੈ ਜਿਹੜਾ ਕਿ ਮੈਂ ਸਮਝਦਾ ਹਾਂ ਕਿ ਬਹੁਤ ਥੋੜ੍ਹਾ ਹੈ । ਇਸ ਤਰ੍ਹਾਂ ਦੀ ਮਹਿੰਗਾਈ ਵਿਚ ਇਸ ਥੋੜ੍ਹੀ ਜਿਹੀ ਤਨਖਾਹ ਨਾਲ ਗੁਜ਼ਾਰਾ ਕਰਨਾ ਬਹੁਤ ਔਖਾ ਹੈ । ਫਿਰ ਸਪੀਕਰ ਸਾਹਿਬ, ਜਿਹੜਾ ਪਰਾਈਸ ਇਨਡੈਕਸ ਨਾਪਣ ਦਾ ਤਰੀਕਾ ਹੈ ਉਹ ਵੀ ਇਤਨਾ ਅੱਛਾ ਨਹੀਂ । ਸੋ ਇਸ ਲਈ ਲੋੜ ਇਸ ਗਲ ਦੀ ਹੈ ਕਿ ਇਨ੍ਹਾਂ ਸਜਣਾਂ ਦੀਆਂ ਜਿਹੜੀਆਂ ਮੰਗਾਂ ਹਨ ਉਨ੍ਹਾਂ ਤੇ ਹਮਦਰਦਾਨਾ ਢੰਗ ਨਾਲ ਗੌਰ ਕਰਦੇ ਹੋਏ ਇਸ ਮਸਲੇ ਨੂੰ ਤੇਜ਼ੀ ਨਾਲ ਸੁਲਝਾਉਣ ਦਾ ਯਤਨ ਕਰੋ । (ਵਿਘਨ)

ਇਸ ਤੋਂ ਬਾਅਦ ਸਪੀਕਰ ਸਾਹਿਬ, ਅਗਲੀ ਗਲ ਆਉਂਦੀ ਹੈ ਕਿ ਮਾਲਕ ਸਾਰੇ ਇਹ ਚੀਜ਼ ਆਪ ਕਰ ਸਕਦੇ ਹਨ ਜਾਂ ਨਹੀਂ । ਮੈਂ ਪਹਿਲਾਂ ਵੀ ਕਿਹਾ ਹੈ ਕਿ ਇਥੇ ਜਿਹੜੇ ਅਖਬਾਰਾਂ ਦੇ ਮਾਲਕ ਹਨ ਉਹ ਛੋਟੇ ਹਨ ਜਾਂ ਦਰਮਿਆਨੇ ਤਬਕੇ ਦੇ ਹਨ । ਕੁਝ ਅਖਬਾਰਾਂ ਜਿਹੜੀਆਂ ਹਨ ਉਹ ਪਾਰਟੀਆਂ ਨਾਲ ਚਲਦੀਆਂ ਹਨ । ਮਾਲਕਾਂ ਨੂੰ ਕਈ ਮੁਸ਼ਕਲਾਂ ਹੋ ਸਕਦੀਆਂ ਹਨ, ਸਰਕਾਰ ਵੀ ਇਸ ਦੇ ਵਿਚ ਦਖਲ ਦੇ ਸਕਦੀ ਹੈ । 12 ਅਖਬਾਰਾਂ ਵਿਚੋਂ 4 ਅਖਬਾਰਾਂ ਜਿਹੜੀਆਂ ਹਨ ਉਹ ਛੋਟੇ ਮਾਲਕਾਂ ਦੀਆਂ ਹਨ ਅਤੇ 8 ਅਖਬਾਰਾਂ ਦਰਮਿਆਨੇ ਮਾਲਕਾਂ ਦੀਆਂ ਹਨ । ਜਿਹੜੀਆਂ 4 ਅਖਬਾਰਾਂ ਹਨ ਉਹ ਘੱਟ ਚਲਦੀਆਂ ਹਨ ਉਹ ਹਮੇਸ਼ਾਂ ਘਾਟੇ ਵਿਚ ਜਾਂਦੀਆਂ ਹਨ । ਮਿਸਾਲ ਦੇ ਤੌਰ ਤੇ ਸਾਡੀ ਆਪਣੀ ਕਮਿਊਨਿਸਟ ਪਾਰਟੀ ਦੀ ਅਖਬਾਰ ਹੈ ਉਹ ਲਗਾਤਾਰ ਘਾਟੇ ਵਿਚ ਜਾਂਦਾ ਹੈ । ਜਿਹੜੀਆਂ ਦਰਮਿਆਨੀਆਂ ਅਖਬਾਰਾਂ ਹਨ ਉਨ੍ਹਾਂ ਦੀਆਂ ਵੀ ਮੁਸ਼ਕਲਾਂ ਹੋ ਸਕਦੀਆਂ ਹਨ । (ਵਿਘਨ) ਜੇ ਅਖਬਾਰ ਨੂੰ ਚਲਾਉਣ ਵਾਸਤੇ ਅੱਛੀ ਤੋਂ ਅੱਛੀ ਮਸ਼ੀਨਰੀ ਦੀ ਜ਼ਰੂਰਤ ਹੈ ਤਾਂ ਇਸ ਮਹਿੰਗਾਈ ਦੇ ਜ਼ਮਾਨੇ ਵਿਚ ਉਸ ਮਸ਼ੀਨ ਨੂੰ ਚਲਾਉਣ ਵਾਲੇ ਮਨੁੱਖ ਦੀ ਮੁਸ਼ਕਲ ਨੂੰ ਹੱਲ ਕਰਨ ਵਾਸਤੇ ਸੋਚਣ ਦੀ ਵੀ ਜ਼ਰੂਰਤ ਹੈ । ਉਹ ਮਨੁਖ ਜਿਹੜਾ ਇਹ ਮਸ਼ੀਨਾਂ ਚਲਾਉਂਦਾ ਹੈ ਉਸ ਨੂੰ ਕਈ ਕਿਸਮ ਦੀਆਂ ਬੀਮਾਰੀਆਂ ਲਗ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਆਪਣੇ ਪੇਟ ਦੀ ਖ਼ਾਤਰ ਸਭ ਕੁਝ ਕਰਨਾ ਪੈਂਦਾ ਹੈ । ਇਸ ਲਈ ਮੇਰੀ ਅਰਜ਼ ਹੈ ਕਿ ਜਿਥੇ ਅਖਬਾਰ ਨੂੰ ਜ਼ਿਆਦਾ ਚਲਾਉਣ ਵਾਸਤੇ ਅੱਛੀ ਤੋਂ ਅੱਛੀ ਮਸ਼ੀਨਰੀ ਦੀ ਜ਼ਰੂਰਤ ਹੈ, ਅੱਛੀ ਤੋਂ ਅੱਛੀ ਬਿਲਡਿੰਗ ਬਣਾਉਣ ਦੀ ਜ਼ਰੂਰਤ ਹੈ ਤਾਂ ਕੀ ਉਸ ਵਿਚ ਜਿਹੜੇ ਮਨੁਖ ਕੰਮ ਕਰਦੇ ਹਨ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨਾ ਜ਼ਰੂਰੀ ਨਹੀਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਅਸਟੈਬਲਿਸ਼ਮੈਂਟ ਹੈ ਉਸ ਨੂੰ 2-3 ਹਿਸਿਆਂ ਵਿਚ ਵੰਡ ਲਉ । ਜੇ ਕੋਈ ਅਖਬਾਰ ਉਰਦੂ ਵਿਚ ਚਲਦਾ ਹੈ ਅਤੇ ਉਸ ਦੇ ਵਿਚ ਕਾਫੀ ਮੁਨਾਫਾ ਹੋ ਗਿਆ ਹੈ ਤਾਂ ਉਸ ਦੇ ਨਾਲ ਹਿੰਦੀ ਦੀ ਅਖਬਾਰ ਸ਼ੁਰੂ ਕਰਕੇ ਉਸ ਦੇ ਵਿਚ ਉਹ ਮੁਨਾਫਾ ਪਾ ਦਿਉ । ਇਸੇ ਤਰ੍ਹਾਂ ਪੰਜਾਬੀ ਵਿਚ ਪਾ ਦਿਉ ਅਤੇ ਅੰਗਰੇਜ਼ੀ ਵਿਚ ਵੀ

(ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ)

ਇਸੇ ਤਰ੍ਹਾਂ ਕੀਤਾ ਜਾ ਸਕਦਾ ਹੈ । ਸੋ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪ੍ਰੈਸ ਇਸ ਲਿਹਾਜ਼ ਨਾਲ ਹੋਣੇ ਚਾਹੀਦੇ ਹਨ । ਸਾਡਾ ਆਪਣਾ ਪ੍ਰੈਸ ਲੈ ਲਵੋ । ਵੈਸੇ ਜਿਹੜਾ ਸਾਡਾ ਆਪਣਾ ਪ੍ਰੈਸ ਹੈ ਉਹ ਅਖਬਾਰ ਤੋਂ ਵੀ ਪਹਿਲਾਂ ਦਾ ਚਲਦਾ ਹੈ, ਪਰ ਇਸ ਗਲ ਦੇ ਬਾਵਜੂਦ ਵੀ ਅਸੀਂ ਆਪਣੇ ਵਰਕਰਾਂ ਦੀਆਂ ਡਿਮਾਂਡਜ਼ ਨੂੰ ਮੰਨਣ ਲਈ ਤਿਆਰ ਹਾਂ, ਭਾਵੇਂ ਸਾਡਾ ਪ੍ਰੈਸ ਘਾਟੇ ਵਿਚ ਹੀ ਚਲਦਾ ਹੈ । ਪਰ ਕਈ ਪ੍ਰੈਸ ਐਸੇ ਹਨ ਉਨ੍ਹਾਂ ਵਿਚ ਕਿਤੇ ਹਿੰਦੀ ਦਾ ਨਿਕਲਦਾ ਹੈ ਕਿਤੇ ਉਰਦੂ ਦਾ ਨਿਕਲਦਾ ਹੈ ਹੋ ਸਕਦਾ ਹੈ ਉਹ ਪ੍ਰੈਸਾਂ ਮੁਨਾਫੇ ਵਿਚ ਵੀ ਚਲਦੀਆਂ ਹੋਣ । ਮੈਂ ਕਹਿੰਦਾ ਹਾਂ ਕਿ ਜਿਹੜੀਆਂ ਪ੍ਰੈਸਾਂ ਘਾਟੇ ਵਿਚ ਜਾ ਰਹੀਆਂ ਹਨ ਉਨ੍ਹਾਂ ਦੇ ਮਾਲਕਾਂ ਨਾਲ ਹਮਦਰਦਾਨਾ ਗੌਰ ਕਰੋ ਅਤੇ ਜਿਹੜੀ ਵਰਕਰਾਂ ਦੀ 25% ਇਜ਼ਾਫੇ ਵਾਲੀ ਡਿਮਾਂਡ ਹੈ ਉਸ ਦਾ ਵੀ ਕੋਈ ਦਰੁਸਤ ਹੱਲ ਕਢਣ ਦਾ ਯਤਨ ਕੀਤਾ ਜਾਵੇ ।

ਫਿਰ ਮੈਂ ਅਗਲੀ ਗਲ ਇਹ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸਾਡਾ 'ਨਵਾਂ ਜ਼ਮਾਨਾ' ਅਖ਼ਬਾਰ ਹੈ ਅਸੀਂ ਤਾਂ ਆਪਣੇ ਵਰਕਰਾਂ ਨੂੰ ਕਹਿ ਦਿਤਾ ਹੈ ਕਿ ਸਾਡੇ ਕੋਲੋਂ ਦਸਤਖਤ ਕਰਾ ਲਵੋਂ ਕਿ ਜੋ ਕੁਝ ਵੀ ਕੋਈ ਹੋਰ ਪ੍ਰੈਸ ਦੇਵੇਗੀ ਅਸੀਂ ਦੇਣ ਨੂੰ ਤਿਆਰ ਹਾਂ ਅਤੇ ਸੈਟਲਮੈਂਟ ਕਰਨ ਲਈ ਤਿਆਰ ਹਾਂ । ਪਰ ਇਸ ਵਿਚ ਵਰਕਰਾਂ ਦੀ ਯੂਨੀਅਨ ਦੀਆਂ ਕੁਝ ਆਪਣੀਆਂ ਮਜਬੂਰੀਆਂ ਹਨ । ਦੂਸਰੇ ਅਸੀਂ ਉਨ੍ਹਾਂ ਨੂੰ 21 ਨਵੰਬਰ ਤਕ ਦੀ ਇਕ ਇਕ ਦਿਨ ਦੀ ਤਨਖਾਹ ਦੇ ਦਿਤੀ ਹੈ ਅਤੇ ਓਵਰ ਟਾਈਮ ਤਕ ਦੇ ਵੀ ਪੈਸੇ ਦੇ ਦਿਤੇ ਹਨ । ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਦਖਲ ਦੇ ਕੇ ਅਤੇ ਕੁਲੈਕਟਰ ਦੇ ਰਾਹੀਂ ਉਨ੍ਹਾਂ ਵਰਕਰਾਂ ਦੀ ਬਕਾਇਆ ਤਨਖਾਹ ਜਿਹੜੇ ਪ੍ਰੈਸਾਂ ਨੇ ਉਨ੍ਹਾਂ ਨੂੰ ਹਾਲ ਤੀਕ ਨਹੀਂ ਦਿਤੀ ਦਿਲਾਈ ਜਾਵੇ । ਇਨ੍ਹੀ ਹਮਦਰਦੀ ਤਾਂ ਜ਼ਰੂਰ ਕੀਤੀ ਜਾਵੇ । ਉਨ੍ਹਾਂ ਨੇ ਕੰਮ ਕੀਤਾ ਹੈ ਅਤੇ ਇਹ ਪੈਸੇ ਉਨਾਂ ਨੂੰ ਮਿਲਣੇ ਚਾਹੀਦੇ ਹਨ । ਸਾਡਾ ਤਾਂ ਇਕ ਛੋਟਾ ਜਿਹਾ ਅਖਬਾਰ ਹੈ ਪਰ ਯੱਸ਼ ਜੀ ਦੇ ਤਾਂ ਕਈ ਅਖਬਾਰ ਨਿਕਲਦੇ ਹਨ ਕੋਈ ਹਿੰਦੀ ਦਾ ਹੈ ਕੋਈ ਉਰਦੂ ਦਾ ਹੈ ਅਤੇ ਕਈ ਰਿਸਾਲੇ ਵੀ ਨਿਕਲਦੇ ਹੋਣਗੇ ਅਤੇ ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਅਖਬਾਰ ਤਾਂ ਸ਼ਾਇਦ ਮੁਨਾਫੇ ਵਾਲਾ ਹੀ ਹੈ ਉਨ੍ਹਾਂ ਨੂੰ ਤਾਂ ਪੈਸੇ ਦੇ ਦੇਣੇ ਚਾਹੀਦੇ ਹਨ । (ਵਿਘਨ) (ਇਕ ਆਵਾਜ਼: ਉਨ੍ਹਾਂ ਦਾ ਤਾਂ ਕੋਈ ਅਖਬਾਰ ਹੀ ਨਹੀਂ) ਠੀਕ ਹੈ ਕੋਈ ਬੀਬੀ ਜੀ ਦੇ ਨਾਂ ਤੇ ਹੈ, ਕੋਈ ਵਿਰਿੰਦਰ ਜੀ ਦੇ ਨਾਂ ਤੇ ਹੈ । (ਵਿਘਨ)

ਇਸ ਤੋਂ ਬਾਅਦ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਅਸੀਂ ਤਾਂ ਸੈਟਲ ਕਰਨ ਨੂੰ ਵੀ ਤਿਆਰ ਸੀ, ਪਰ ਸਾਡੀ ਮੁਸ਼ਕਲ ਇਕ ਹੋਰ ਇਹ ਵੀ ਹੈ ਕਿ ਦੂਸਰੀ ਥਾਵਾਂ ਤੇ ਅਖਬਾਰ ਪਹੁੰਚਾਉਣ ਲਈ ਅਸੀਂ ਸਾਰੇ ਅਖਬਾਰਾਂ ਵਾਲਿਆਂ ਨੇ ਇਕ ਸਾਂਝੀ ਟੈਕਸੀ ਰਖੀ ਹੋਈ ਹੈ । ਉਸ ਤੇ ਕੋਈ 35 ਹਜ਼ਾਰ ਰੁਪਏ ਮਹੀਨੇ ਦੇ ਖਰਚ ਆਉਂਦੇ ਹਨ । ਜੇ ਕਰ ਅਸੀਂ ਕਰ ਵੀ ਲਈਏ ਤਾਂ ਸਾਡੇ ਤੇ ਬਹੁਤ ਵਡਾ ਖਰਚ ਦਾ ਦਬਾਅ ਪੈਂਦਾ ਹੈ ਅਸੀਂ ਸਵੇਰੇ ਜਨਤਾਂ ਦੇ ਹਥਾਂ ਵਿਚ ਤਾਂ ਹੀ ਅਖਬਾਰ ਪਹੁੰਚਾ ਸਕਦੇ ਹਾਂ ਕਿਉਂਕਿ ਅਸੀਂ ਉਹ ਟੈਕਸੀ ਰਖੀ ਹੈ ਹੋਰ ਕੋਈ ਜ਼ਰੀਆ ਨਹੀਂ । ਇਤਨੀ ਗੁੰਜਾਇਸ਼ ਨਹੀਂ ਕਿ ਸਾਡਾ ਇਕਲਾ ਪ੍ਰੈਸ ਉਸ ਟੈਕਸੀ ਦੇ ਖਰਚ ਨੂੰ ਬਰਦਾਸ਼ਤ ਕਰ ਸਕੇ ।

ਸ੍ਰੀ ਸਪੀਕਰ : ਕਨੇਡੀਅਨ ਸਾਹਿਬ, ਤੁਹਾਡਾ ਇਨਕਲਾਬ ਦਾ ਨਾਅਰਾ ਟੈਕਸੀ ਥਲੇ ਹੀ ਦਬ ਗਿਆ ਹੈ । (ਹਾਸਾ) (Canadian Sahib, your revolutionary slogan has ended up under the taxi.) (Laughter)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਕੋਈ ਨਹੀਂ ਜੀ, ਇਨਕਲਾਬ ਫਿਰ ਵੀ ਆ ਜਾਏਗਾ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਕਰ ਸਰਕਾਰ ਦੋ ਤਿੰਨ ਮਿੰਨੀ ਬੱਸਾਂ ਦੇਵੇ ਅਤੇ ਕਹਿ ਸਕਦੀ ਹੈ ਕਿ ਜਿਸ ਨੇ ਸੈਟਲਮੈਂਟ ਕਰਨੀ ਹੈ ਵਰਕਰਾਂ ਨਾਲ ਕਰ ਲਵੋ ਤਾਂ ਤੇ ਇਹ ਹੱਕ ਬਜਾਨਬ ਹੈ । ਹੁਣ ਛੋਟਾ ਅਖਬਾਰ ਤਾਂ ਕੋਈ ਇਸ ਤਰ੍ਹਾਂ ਸੈਟਲਮੈਂਟ ਵਰਕਰਾਂ ਨਾਲ ਕਰ ਹੀ ਨਹੀਂ ਸਕਦਾ । ਸੈਟਲਮੈਂਟ ਤਾਂ ਪਹਿਲੋਂ ਕਰਨੀ ਹੈ ਵਡੇ ਪ੍ਰੈਸ ਵਾਲਿਆਂ ਨੇ । ਸ਼ਰਮਾ ਜੀ ਇਕ ਦੋ ਮੀਟਿੰਗਾਂ ਵਿਚ ਜਲੰਧਰ ਗਏ । ਇਹ ਮਸਲਾ ਇਸ ਤਰ੍ਹਾਂ ਤਾਂ ਹਲ ਨਹੀਂ ਹੋਣਾ । ਮੀਟਿੰਗ ਹੋਈ, ਕੋਈ ਆਇਆ ਕੋਈ ਨਾ ਆਇਆ, ਕੋਈ ਗਲ ਸਿਰੇ ਨਹੀਂ ਚੜ੍ਹੀ । ਇਹ ਗਲ ਤਾਂ ਹੀ ਮੁਕਣੀ ਹੈ ਕਿ ਮੀਟਿੰਗ ਵਿਚ ਅਖਬਾਰਾਂ ਦੇ ਪ੍ਰਤੀਨਿਧ ਆਉਣ, ਮੁਲਾਜ਼ਮਾਂ ਦੇ ਪ੍ਰਤੀਨਿਧ ਆਉਣ, ਇਨ੍ਹਾਂ ਨੂੰ ਬੜੀ ਜਾਚ ਹੈ ਫੈਸਲੇ ਕਰਾਉਣ ਦੀ, ਇਨ੍ਹਾਂ ਦੀ ਮੌਜੂਦਗੀ ਵਿਚ ਉਹ ਇਕਠੇ ਬੈਠ ਕੇ ਗਲ ਬਾਤ ਕਰਨ ਫਿਰ ਤਾਂ ਠੀਕ ਹੈ ਸ਼ਾਇਦ ਕੋਈ ਗਲ ਸਿਰੇ ਚੜ੍ਹ ਜਾਵੇ । ਨਾਲੇ ਹੁਣ ਸੈਸ਼ਨ ਵੀ ਲੰਘ ਗਿਆ ਹੈ, ਉਹ ਅਖਬਾਰ ਕਈ ਚੀਜ਼ਾਂ ਦੇ ਦਿੰਦੇ ਸਨ ਉਨ੍ਹਾਂ ਦਾ ਵੀ ਹੁਣ ਡਰ ਨਹੀਂ ਰਿਹਾ । ਇਹ ਹੁਣ 16 ਤੋਂ ਬਾਅਦ ਉਥੇ ਜਾਣ ਅਤੇ ਸਾਰੀ ਗਲ ਨੂੰ ਮੁਕਾਉਣ । ਜਿਥੋਂ ਤਕ ਸਾਡਾ ਤੁਅਲਕ ਹੈ ਸਾਡਾ ਪੂਰਾ ਸਹਿਯੋਗ ਇਨ੍ਹਾਂ ਦੇ ਨਾਲ ਹੋਵੇਗਾ । ਅਸੀਂ ਚਾਹੁੰਦੇ ਹਾਂ ਕਿ ਇਸ ਮਸਲੇ ਦਾ ਸੁਚੱਜੇ ਢੰਗ ਨਾਲ ਫੈਸਲਾ ਹੋਣਾ ਚਾਹੀਦਾ ਹੈ ਅਤੇ ਵਰਕਰਾਂ ਦੀਆਂ ਜਾਇਜ਼ ਮੰਗਾਂ ਪੂਰੀਆਂ ਕੀਤੀਆਂ ਜਾਣ ਅਤੇ ਉਨ੍ਹਾਂ ਦੀਆਂ ਤਕਲੀਫਾਂ ਦੂਰ ਕੀਤੀਆਂ ਜਾਣ ਅਤੇ ਇਸ ਦੇ ਨਾਲ ਹੀ ਜਿਹੜੀਆਂ ਮਾਲਕਾਂ ਦੀਆਂ ਤਕਲੀਫਾਂ ਹਨ ਉਹ ਵੀ ਸਰਕਾਰ ਦੂਰ ਕਰੇ ।

Mr. Speaker : Motion moved—

That the grave situation arising as a result of the strike of the employees of all the News Papers published from Jullundur, be discussed.

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟ ਕਪੂਰਾ) : ਸਪੀਕਰ ਸਾਹਿਬ, ਰੇਡੀਉ, ਅਖ਼ਬਾਰ ਜਾਂ ਟੈਲੀਵੀਜ਼ਨ ਇਹੋ ਜਿਹੇ ਸਾਧਨ ਹਨ ਜਿਹੜੇ ਲੋਕ ਰਾਜ ਦੀਆਂ ਨੀਹਾਂ ਨੂੰ ਪੱਕਾ ਕਰਦੇ ਹਨ । ਮੈਨੂੰ ਇਸ ਗਲ ਦਾ ਬੜਾ ਅਫ਼ਸੋਸ ਹੈ ਕਿ ਉਹ ਅਖਬਾਰਾਂ ਦੇ ਕਾਮੇ ਜਿਨ੍ਹਾਂ ਨੇ ਆਪਣਾ ਖੂਨ ਪਸੀਨਾਂ ਬਹਾ ਕੇ ਇਨ੍ਹਾਂ ਅਖਬਾਰਾਂ ਦੇ ਪੱਧਰ ਨੂੰ ਪਿਛਲੇ 5-4 ਸਾਲਾਂ ਵਿਚ ਇੰਨਾਂ ਉਚਾ ਕੀਤਾ ਹੈ ਅਤੇ ਲੋਕ ਰਾਜ ਦੀਆਂ ਪਰਮਪਰਾਵਾਂ ਨੂੰ ਮਜ਼ਬੂਤ ਕੀਤਾ ਹੈ । ਉਨ੍ਹਾਂ ਨਾਲ ਇਹ ਜਿਹੜਾ ਧੱਕਾ ਕੀਤਾ ਜਾ ਰਿਹਾ ਹੈ ਇਹ ਕੋਈ ਬਰਦਾਸ਼ਤ ਕਰਨ ਵਾਲੀ ਗਲ ਨਹੀਂ ਹੈ । ਮੇਰੇ ਵੀਰ ਨੇ ਅਖਬਾਰਾਂ ਦੇ ਮਾਲਕਾਂ ਦੇ ਸਿਰ ਤੇ ਹੱਥ ਰਖਣ ਦੀ ਕੋਸ਼ਿਸ਼ ਕੀਤੀ ਹੈ, ਮੈਂ ਉਸ ਦੇ ਨਾਲ ਸਹਿਮਤ ਨਹੀਂ । ਮੇਰੇ ਮਨ ਵਿਚ ਇਹ ਖਿਆਲ ਸੀ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਜਿਸ ਨੂੰ ਲੋਕਾਂ ਦੇ ਹਿੱਤਾਂ ਦੀ ਸਰਕਾਰ ਸਮਝਦੇ ਸੀ ਉਨ੍ਹਾਂ ਨੇ ਕੋਈ ਠੋਸ ਕਾਰਵਾਈ ਇਸ ਸਬੰਧ ਵਿਚ ਨਹੀਂ ਕੀਤੀ । ਉਨ੍ਹਾਂ ਵਰਕਰਾਂ ਦੀਆਂ ਜਾਇਜ਼ ਮੰਗਾਂ ਮੰਨਵਾਉਣ ਲਈ ਕੋਈ ਜ਼ੋਰ ਨਹੀਂ ਪਾਇਆ । ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਦੀਆਂ ਮੰਗਾਂ ਮੰਨਾਉਣ ਲਈ ਮਾਲਕਾਂ ਨੂੰ ਮਨਾਉਣ ਦਾ ਯਤਨ ਕੀਤਾ ਜਾਵੇ । ਅੱਜ ਅਸੀਂ ਇਥੇ ਸੋਸ਼ਲਿਜ਼ਮ ਦਾ ਨਾਹਰਾ ਲਾਉਂਦੇ ਹਾਂ ਅਤੇ ਕਹਿੰਦੇ ਹਾਂ ਕਿ ਗਰੀਬਾਂ ਨੂੰ ਚੰਗੇ ਪੈਸੇ ਦੇਣੇ ਹਨ, ਉਨ੍ਹਾਂ ਦੀ

(ਸਰਦਾਰ ਜਸਵਿੰਦਰ ਸਿੰਘ ਬਰਾੜ)

ਆਰਥਕ ਹਾਲਤ ਅੱਛੀ ਕਰਨੀ ਹੈ। ਜਿਹੜੇ ਨਾਮਨਿਹਾਦ ਸਮਾਜਵਾਦ ਦਾ ਨਾਹਰਾ ਲਾਉਂਦੇ ਹਨ ਉਨ੍ਹਾਂ ਨੂੰ ਚਾਹੀਦਾ ਸੀ ਕਿ ਪਹਿਲੇ ਹਫਤੇ ਹੀ ਇਹ ਜਿਹੜੀ 25% ਰਿਲੀਫ ਦੀ ਮੰਗ ਹੈ ਇਸ ਨੂੰ ਪੂਰਾ ਕਰਾਉਂਦੇ। ਮੈਂ ਤਾਂ ਸਮਝਦਾ ਹਾਂ ਕਿ ਅੱਜ ਕਲ ਦੇ ਹਾਲਤ ਵਿਚ ਇਹ 25% ਜਿਹੜਾ ਰਿਲੀਫ ਉਨ੍ਹਾਂ ਨੇ ਮੰਗਿਆ ਹੈ ਇਹ ਬਹੁਤ ਥੋੜਾ ਹੈ ਅਤੇ ਪਤਾ ਨਹੀਂ ਉਨ੍ਹਾਂ ਨੇ ਕਿਸ ਆਧਾਰ ਤੇ ਮੰਗਿਆ ਹੈ, ਇਹ ਵੱਧ ਹੋਣਾ ਚਾਹੀਦਾ ਹੈ। ਮੈਂ ਤਾਂ ਇਸ ਗਲ ਨਾਲ ਵੀ ਸਹਿਮਤ ਨਹੀਂ ਕਿ ਪੰਜਾਬ ਵਿਚ ਕੋਈ 5, 7 ਅਖਬਾਰ ਹੀ ਵੱਡੇ ਹਨ। ਇਥੇ ਪੰਜਾਬ ਵਿਚ ਬਹੁਤ ਸਾਰੇ ਅਖਬਾਰ ਹਨ ਜਿਨ੍ਹਾਂ ਨੂੰ ਸਹੀ ਮਾਹਨਿਆਂ ਵਿਚ ਬਹੁਤ ਹੀ ਵੱਡੇ ਅਖਬਾਰ ਕਿਹਾ ਜਾ ਸਕਦਾ ਹੈ। ਕਈ ਅਖਬਾਰਾਂ ਨੇ ਆਪਣੇ ਵੱਡੇ ਵੱਡੇ ਭਵਨ ਬਣਾਏ ਹੋਏ ਹਨ, ਕੋਈ ਮਿਲਾਪ ਭਵਨ ਹੈ ਤੇ ਕੋਈ ਪ੍ਰਤਾਪ ਭਵਨ ਹੈ ਅਤੇ ਕੋਈ ਹਿੰਦਸਮਾਚਾਰ ਭਵਨ ਹੈ। ਉਹ ਇਨਕਮ ਕਿਥੋਂ ਆਈ। ਉਹ ਇਨ੍ਹਾਂ ਵਰਕਰਾਂ ਦੇ ਖੂਨ ਪਸੀਨੇ ਦੀ ਕਮਾਈ ਹੈ। ਇਸ ਦੇ ਸਦਕਾ ਹਿਮਾਚਲ ਵਿਚ ਐਪਲ ਗਾਰਡਨ ਲਗੇ ਹੋਏ ਹਨ। ਇਕ ਅਖਬਾਰ ਜਿਹੜਾ ਜਲੰਧਰ ਵਿਚ ਛਪਦਾ ਹੈ ਉਸ ਦਾ ਰੋਪੜ ਵਿਚ ਇਕ ਬਹੁਤ ਬੜਾ ਫਾਰਮ ਹੈ ਉਸ ਦਾ ਸਾਰਾ ਨਿਰਭਰ ਅਖਬਾਰ ਹੀ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਇਸ ਤਰ੍ਹਾਂ ਦੇ ਤਕੜੇ ਅਖਬਾਰ ਨੇ ਜਿਨ੍ਹਾਂ ਦੀ ਕਾਫੀ ਆਮਦਨ ਹੈ। ਅਸੀਂ ਸੋਸ਼ਲਿਜ਼ਮ ਲਿਆਉਣ ਦਾ ਨਾਹਰਾ ਲਾਇਆ ਹੈ। ਅਸੀਂ ਟਰਾਂਸਪੋਰਟ ਨੂੰ, ਸਿਨੇਮੇ ਨੂੰ ਅਤੇ ਜ਼ਮੀਨਾਂ ਨੂੰ ਥਾਂ ਸਿਰ ਲਿਆਉਣ ਦੇ ਉਪਰਾਲੇ ਕਰ ਰਹੇ ਹਾਂ। ਇਹ ਗਲ ਗਲਤ ਹੈ ਕਿ ਜਿਹੜੇ ਵੱਡੇ ਵੱਡੇ ਅਖਬਾਰ ਹਨ ਜਿਨ੍ਹਾਂ ਦੇ ਵਿਚ ਕਈ ਰਿਸਾਲੇ ਜਿਵੇਂ ਕਿ ਤਸਵੀਰ ਹੈ ਵੀ ਨਿਕਲਦੇ ਹਨ ਅਤੇ ਬੜੇ ਬੜੇ ਭਵਨ ਬਣਾਏ ਹੋਏ ਹਨ। ਇਹ ਮਨੀ ਕਿਥੋਂ ਆਉਂਦੀ ਹੈ। ਇਹ ਬਲੈਕ ਮਨੀ ਨੂੰ ਕਢ ਕੇ ਲਗਾਏ ਹਨ। ਇਨ੍ਹਾਂ ਨੂੰ ਵੀ ਥਾਂ ਸਿਰ ਲਿਆਉਂਣਾ ਚਾਹੀਦਾ ਹੈ। ਇਹ ਆਡਿਟ ਦਾ ਹਿਸਾਬ ਚੁਕੀ ਫਿਰਦੇ ਹਨ ਕਿ ਸਾਡਾ ਆਡਿਟ ਕਰੋ।

ਸਪੀਕਰ ਸਾਹਿਬ, 100 ਰੁਪਏ ਆਡੀਟਰ ਨੂੰ ਦੇ ਕੇ ਜਿਹੋ ਜਿਹਾ ਮਰਜ਼ੀ ਹਿਸਾਬ ਬਣਾਇਆ ਜਾ ਸਕਦਾ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਜਰਨਲਿਸਟਾਂ ਨਾਲ ਬੜਾ ਧੱਕਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾ ਕਿ ਮੁੱਖ ਮੰਤਰੀ ਸਾਹਿਬ ਆਪ ਵੀ ਵਰਕਰਾਂ ਵਿਚੋਂ ਹੀ ਆਏ ਹਨ ਇਸ ਲਈ ਛੇਤੀ ਤੋਂ ਛੇਤੀ ਇਸ ਗਲ ਨੂੰ ਨਜਿੱਠ ਕੇ ਜਰਨਲਿਸਟਾਂ ਨੂੰ 25% ਤੋਂ ਵੱਧ ਰੀਲੀਫ ਦਿਵਾਉਣ ਤਾਂ ਕਿ ਉਹ ਆਪਣੀ ਆਰਥਕ ਹਾਲਤ ਚੰਗੀ ਕਰਕੇ ਸਮਾਜ ਵਿਚ ਸਿਰ ਉਚਾ ਕਰਕੇ ਤੁਰ ਸਕਣ। ਮੇਰੇ ਵੀਰ ਨੇ ਕਿਹਾ ਹੈ ਕਿ ਇਹ ਪ੍ਰਾਈਸ ਇੰਡੈਕਸ ਨਾਲ ਨਹੀਂ ਚਲਦੇ ਅਤੇ ਨਾਂ ਹੀ ਉਸ ਅਨੁਸਾਰ ਇਨ੍ਹਾਂ ਵਰਕਰਾਂ ਨੂੰ ਰੀਲੀਫ ਦਿੱਤੀ ਹੈ। ਸਪੀਕਰ ਸਾਹਿਬ, ਹਿੰਦ ਸਮਾਚਾਰ ਨੂੰ ਹੀ ਲੈ ਲਉ। 1964 ਵਿਚ ਇਸ ਦੀ ਸਰਕੂਲੇਸ਼ਨ 7,000 ਸੀ ਅਤੇ ਹੁਣ 1972 ਵਿਚ ਇਹ 42,000 ਹੋ ਗਈ ਹੈ ਇਸ ਅਖਬਾਰ ਦੀ ਸਰਕੂਲੇਸ਼ਨ ਵੱਧੀ ਹੈ, ਕੀਮਤਾਂ ਵਿਚ ਵਾਧਾ ਹੋਇਆ ਹੈ। ਇਸ ਦਾ ਰੈਵਨਿਊ ਜਿਹੜਾ ਪਹਿਲਾਂ 25 ਲੱਖ ਸੀ ਉਹ ਵੱਧ ਕੇ ਹੁਣ 54 ਲੱਖ ਹੋ ਗਿਆ ਹੈ। ਉਨ੍ਹਾਂ ਦੀ ਇਨਕਮ ਇਤਨੀ ਇਨਕਰੀਜ਼ ਹੋਈ ਹੈ। ਜਿਸ ਤਰ੍ਹਾਂ ਸੀਲਿੰਗ ਤੋਂ ਬਚਣ ਲਈ ਵੱਡੇ ਵੱਡੇ ਜ਼ਿਮੀਦਾਰਾਂ ਨੇ 30, 30 ਏਕੜ ਕਿਸੇ ਦੇ ਨਾਂ ਤੇ ਲਵਾਈ ਸੀ, ਠੀਕ ਉਸੇ ਤਰ੍ਹਾਂ ਇਨ੍ਹਾਂ ਅਖਬਾਰਾਂ ਦੇ ਅਜ਼ਾਰੇਦਾਰਾਂ, ਮਾਲਕਾਂ ਨੇ ਆਪਣੀ ਘਰ ਵਾਲੀ ਦੇ ਨਾਂ ਆਪਣੇ ਬੱਚਿਆਂ ਦੇ ਨਾਂ ਅਤੇ ਆਪਣੇ ਰਿਸ਼ਤੇਦਾਰਾਂ ਦੇ ਨਾਂ ਇਹ ਆਮਦਨ ਮੁਤੰਕਿਲ ਕੀਤੀ ਹੈ। ਸਰਕਾਰ ਨੂੰ ਸਗੋਂ ਘਾਟਾ ਵਿਖਾਇਆ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਪਾਰਟੀਆਂ ਦੇ ਅਖਬਾਰਾਂ ਨੂੰ ਤਾਂ ਘਾਟਾ ਹੋ ਸਕਦਾ ਹੈ ਲੇਕਿਨ ਜਿਹੜੇ ਅਖਬਾਰ

ਮਾਲਕ ਨਿਜੀ ਤੌਰ ਤੇ ਚਲਾਉਂਦੇ ਹਨ ਉਨ੍ਹਾਂ ਨੂੰ ਕੋਈ ਘਾਟਾ ਨਹੀਂ ਪੈ ਸਕਦਾ। ਲੋਕਾਂ ਨੂੰ ਧੋਖਾ ਦੇਣ ਵਾਸਤੇ ਇਹ ਹੋਰ ਰਜਿਸਟਰ ਬਣਾਉਂਦੇ ਹਨ ਅਤੇ ਗੌਰਮਿੰਟ ਨੂੰ ਧੋਖਾ ਦੇਣ ਵਾਸਤੇ ਹੋਰ ਰਜਿਸਟਰ ਬਣਾਉਂਦੇ ਹਨ ਅਤੇ ਇਨ੍ਹਾਂ ਵਿਚ ਝੂਠੀਆਂ ਲਿਖਤਾਂ ਲਿਖੀਆਂ ਜਾਂਦੀਆਂ ਹਨ।

ਸਪੀਕਰ ਸਾਹਿਬ, 1967-68 ਵਿੱਚ ਇਨ੍ਹਾਂ ਵਰਕਰਾਂ ਨੂੰ 21 ਰੁਪਏ ਰਿਲੀਫ ਦਿੱਤਾ ਗਿਆ। ਜਿਥੇ ਮੇਰੇ ਕਾਮਰੇਡ ਵੀਰ ਨੇ ਕਿਹਾ ਹੈ ਕਿ ਮਹਿੰਗਾਈ ਦੁਗਣੀ ਹੋ ਗਈ ਹੈ, ਮੇਰਾ ਖਿਆਲ ਹੈ ਕਿ ਇਹ ਤਿਗਣੀ ਹੋ ਗਈ ਹੈ। 1970 ਵਿਚ ਇਨ੍ਹਾਂ ਨੂੰ ਸਾਢੇ ਸੱਤ ਰੁਪਏ ਰਿਲੀਫ ਦਿੱਤਾ ਗਿਆ। ਜੇ ਮਹਿੰਗਾਈ ਦੁਗਣੀ ਤਿਗਣੀ ਹੋ ਜਾਵੇ ਅਤੇ ਕੀਮਤਾਂ ਦੇ ਹਿਸਾਬ ਨਾਲ ਵਰਕਰਾਂ ਨੂੰ ਰਿਲੀਫ ਨਾ ਦਿੱਤੀ ਜਾਵੇ ਤਾਂ ਉਨ੍ਹਾਂ ਨਾਲ ਆਰਥਿਕ ਤੌਰ ਤੇ ਅਤੇ ਸਮਾਜਕ ਤੌਰ ਤੇ ਬਹੁਤ ਭਾਰੀ ਵਿਤਕਰਾ ਹੈ ਜਿਹੜਾ ਕਿ ਸਰਕਾਰ ਨੂੰ ਦੂਰ ਕਰਾਉਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੇਰੇ ਕੋਲ ਇੱਕ ਅਨਅਥਾਂਟੀਕੇਟਿਡ ਰਿਪੋਰਟ ਹੈ ਕਿ ਇਕ ਵਜ਼ੀਰ ਸਾਹਿਬ ਮਾਲਕਾਂ ਨਾਲ ਹੋਰ ਗਲ ਕਰਦੇ ਹਨ ਅਤੇ ਵਰਕਰਾਂ ਨਾਲ ਹੋਰ ਗਲ ਕਰਦੇ ਹਨ। ਉਹ ਮਾਲਕਾਂ ਨੂੰ ਵੀ ਉਤਸ਼ਾਹ ਦਿੰਦੇ ਹਨ ਅਤੇ ਵਰਕਰਾਂ ਨੂੰ ਵੀ ਉਤਸ਼ਾਹ ਦਿੰਦੇ ਹਨ। ਮੇਰਾ ਖਿਆਲ ਹੈ ਕਿ ਜੇ ਪੰਜਾਬ ਵਿਚ ਅਖਬਾਰਾਂ ਦੀ ਹੜਤਾਲ ਨਾ ਹੁੰਦੀ ਤਾਂ ਪੰਜਾਬ ਦੀ ਵਿਧਾਨ ਸਭਾ ਦੀ ਕਾਰਵਾਈ ਛੱਪਦੀ ਅਤੇ ਅਖਬਾਰਾਂ ਸਰਕਾਰ ਦਾ ਸਾਰਾ ਪੋਲ ਕੱਢਦੀਆਂ। ਮੇਰਾ ਖਿਆਲ ਹੈ ਕਿ ਜਾਣ ਬੁਝ ਕੇ ਇਨ੍ਹਾਂ ਨੇ ਇਸ ਦਾ ਕੋਈ ਫੈਸਲਾ ਨਹੀਂ ਕਰਾਇਆ ਤਾਂ ਕਿ ਸੈਸ਼ਨ ਨਿਕਲ ਜਾਵੇ।

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਦਿਲੀ ਕਾਰਪੋਰੇਸ਼ਨ ਦੇ ਇਕ ਚਪੜਾਸੀ ਦੀ ਤਨਖਾਹ ਇਨ੍ਹਾਂ ਅਖਬਾਰਾਂ ਦੇ ਜਰਨਲਿਸਟਾਂ ਨਾਲੋਂ ਵੱਧ ਹੈ। ਜਦੋਂ ਸਰਕਾਰ ਨੇ ਬੈਂਕ ਨੈਸ਼ਨੇਲਾਈਜ਼ ਕੀਤੇ ਸਨ ਤਾਂ ਅਸੀਂ ਕਿਹਾ ਸੀ ਕਿ ਇਹ ਇਕ ਬਹੁਤ ਚੰਗਾ ਕੰਮ ਕੀਤਾ ਹੈ। ਇਸੇ ਤਰ੍ਹਾਂ ਇੱਕ ਬੈਂਕ ਦੇ ਚਪੜਾਸੀ ਦੀ ਤਨਖਾਹ ਇਨ੍ਹਾਂ ਨਾਲੋਂ ਵੱਧ ਹੈ। ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਇੱਕ ਆਮ ਵਰਕਰ ਦੀ ਤਨਖਾਹ ਵੱਧ ਤੋਂ ਵੱਧ 150/ ਰੁਪਏ ਹੈ ਅਤੇ ਜਿਹੜਾ ਕਰਮਚਾਰੀ 10, 15 ਸਾਲ ਦਾ ਕੰਮ ਕਰਦਾ ਹੈ ਉਸ ਦੀ ਤਨਖਾਹ 600/ ਰੁਪਏ ਤੋਂ ਵੱਧ ਨਹੀਂ। ਜੇ ਪੰਜਾਬ ਸਰਕਾਰ ਦਾ ਕਲਰਕ ਇਕ ਅਖਬਾਰ ਦੇ ਜਰਨਲਿਸਟ ਤੋਂ ਵੱਧ ਤਨਖਾਹ ਲੈ ਸਕਦਾ ਹੈ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਵੀ ਵੱਧ ਤਨਖਾਹ ਹੋਣੀ ਚਾਹੀਦੀ ਹੈ। ਸਰਕਾਰ ਨੂੰ ਜ਼ੋਰ ਲਾ ਕੇ ਉਨ੍ਹਾਂ ਦੀ ਤਨਖਾਹ ਵਧਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਐਡਹਾਕ ਰਿਲੀਫ ਵੀ ਦਿਵਾਉਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਥੇ ਮੇਰੇ ਇਕ ਵੀਰ ਨੇ ਕਿਹਾ ਹੈ ਕਿ ਪੰਜਾਬ ਵਿਚ ਕੋਈ ਵੱਡਾ ਅਖਬਾਰ ਨਹੀਂ। ਸਪੀਕਰ ਸਾਹਿਬ, ਪੰਜਾਬ ਵਿਚ ਚਾਰ ਪੰਜ ਵੱਡੇ ਅਖ਼ਬਾਰ ਹਨ ਅਤੇ ਉਨ੍ਹਾਂ ਦੀਆਂ ਕੈਟੇਗਰੀਆਂ ਸਰਕਾਰ ਨੇ ਏ, ਬੀ, ਸੀ, ਡੀ ਬਣਾਈਆਂ ਹਨ। ਲੇਕਿਨ ਮੈਂ ਅਰਜ਼ ਕਰਾਂ ਕਿ ਉਨ੍ਹਾਂ ਮਾਲਕਾਂ, ਅਜ਼ਾਰੇਦਾਰਾਂ, ਮਨਾਪਲਿਸਟਾਂ, ਸਰਮਾਏਦਾਰਾਂ ਨੇ ਜਾਣ ਬੁਝ ਕੇ 'ਏ' ਕੈਟੇਗਰੀ ਨੂੰ 'ਬੀ' ਕਰਾ ਲਿਆ ਅਤੇ 'ਬੀ' ਕੈਟੇਗਰੀ ਨੂੰ 'ਸੀ' ਕੇਟੇਗਰੀ ਕਰਾ ਲਿਆ। ਜੇ ਇਹ ਸਰਕਾਰ ਇਮਾਨਦਾਰ ਹੈ ਗਰੀਬ ਨਿਵਾਜ ਹੈ, ਜੇ ਸਰਕਾਰ ਨੂੰ ਗਰੀਬਾਂ ਨਾਲ ਹਿੱਤ ਹੈ, ਵਰਕਰਾਂ ਨਾਲ ਹਿੱਤ ਹੈ ਸੋਸ਼ਲਿਜ਼ਮ ਦੀ ਹਾਮੀ ਹੈ ਤਾਂ ਇਸ ਨੂੰ ਪੂਰਾ ਜ਼ੋਰ ਲਾ ਕੇ ਉਨ੍ਹਾਂ ਜਰਨਲਿਸਟਾਂ ਨੂੰ ਵੱਧ ਤਨਖਾਹ ਦਿਵਾਉਣੀ ਚਾਹੀਦੀ ਹੈ, ਪ੍ਰਾਈਸ ਇੰਡੈਕਸ ਨਾਲ ਉਨ੍ਹਾਂ ਨੂੰ ਤਨਖਾਹ ਦਿਵਾਉਣੀ ਚਾਹੀਦੀ ਹੈ ਅਤੇ ਅੰਤਰਿਮ ਰਿਲੀਫ ਦਿਵਾਉਣਾ ਚਾਹੀਦਾ ਹੈ। ਜੋ ਉਨ੍ਹਾਂ ਨੂੰ ਬੋਨਸ ਦਿੱਤਾ ਜਾਂਦਾ ਹੈ, ਉਸ ਦਾ ਰੇਟ ਵੀ ਵਧਾਉਣਾ ਚਾਹੀਦਾ ਹੈ ਤਾਂ ਜੋ ਉਹ ਵਰਕਰ ਜਿਹੜੇ ਕਿ ਬੜੇ ਗਰੀਬ

(ਸਰਦਾਰ ਜਸਵਿੰਦਰ ਸਿੰਘ ਬਰਾੜ)

ਹਨ, ਉਨ੍ਹਾਂ ਦੀ ਆਰਥਿਕ ਹਾਲਤ ਸੁਧਰ ਸਕੇ ਅਤੇ ਉਹ ਸਿਰ ਕੱਢ ਕੇ ਤੁਰ ਸਕਣ। ਜਦੋਂ ਸਰਕਾਰ ਨੇ ਹਰੀਜਨਾ ਦੀ ਹਾਲਤ ਸੁਧਾਰਣ ਲਈ ਕਦਮ ਚੁਕੇ ਤਾਂ ਮੈਂ ਕਦੇ ਗਿਆਨੀ ਜੀ ਦੀ ਸਰਕਾਰ ਨੂੰ ਵਧਾਈ ਦੇਣ ਤੋਂ ਸੰਕੋਚ ਨਹੀਂ ਕੀਤਾ। ਮੈਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਖੁਦ ਇਕ ਵਰਕਰ ਰਹੇ ਹਨ, ਛੋਟੇ ਪੱਧਰ ਤੋਂ ਉਠ ਕੇ ਮੁੱਖ ਮੰਤਰੀ ਬਣੇ ਹਨ। ਇਸ ਲਈ 21 ਦਿਨਾਂ ਦੀ ਹੜਤਾਲ ਤੋਂ ਬਾਅਦ ਜੇ ਉਨ੍ਹਾਂ ਨੂੰ ਕੋਈ ਰਿਲੀਫ ਨਹੀਂ ਦਿਵਾਇਆ ਗਿਆ ਤਾਂ ਮੈਨੂੰ ਇਸ ਗਲ ਤੇ ਸਖਤ ਅਫ਼ਸੋਸ ਹੈ।

ਇਸ ਤੋਂ ਅੱਗੇ ਜਿਵੇਂ ਕੈਨੇਡੀਅਨ ਸਾਹਿਬ ਨੇ ਕਿਹਾ ਹੈ ਕਿ ਮਿਨੀ ਬਸਿਜ਼ ਸਰਕਾਰ ਨੂੰ ਚਲਾਉਣੀਆਂ ਚਾਹੀਦੀਆਂ ਹਨ, ਮੈਂ ਸਰਕਾਰ ਨੂੰ ਅਰਜ ਕਰਾਂਗਾ ਕਿ ਅਖਬਾਰਾਂ ਦੇ ਮਾਲਕ ਆਪਣੀ ਟੈਕਸੀਆਂ ਰਾਹੀਂ ਦੂਜੇ ਸ਼ਹਿਰਾਂ ਵਿਚ ਅਖਬਾਰ ਭੇਜਦੇ ਹਨ। ਸਰਕਾਰ ਇਹੋ ਜਿਹੀਆਂ ਮਿਨੀ ਬਸਿਜ਼ ਚਲਾ ਕੇ ਅਖਬਾਰਾਂ ਦੇ ਵਰਕਰਾਂ ਨੂੰ ਫੈਸਿਲਟੀ ਦੇਵੇ। ਸਰਕਾਰ ਨੂੰ ਇਨ੍ਹਾਂ ਵਰਕਰਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਇੰਤਜ਼ਾਮ ਮੁਫਤ ਕਰਨਾ ਚਾਹੀਦਾ ਹੈ। ਮੈਂ ਪਿਛਲੇ ਸੈਸ਼ਨ ਵਿੱਚ ਵੀ ਤਜ਼ਵੀਜ਼ ਕੀਤੀ ਸੀ ਕਿ ਪ੍ਰੈਸ ਦੇ ਸਿਰ ਤੇ ਲੋਕ ਰਾਜ ਅਤੇ ਡੈਮੋਕਰੇਸੀ ਜਿਉਂਦੀ ਹੈ ਅਤੇ ਪ੍ਰੈਸ ਇਨ੍ਹਾਂ ਵਰਕਰਾਂ ਦੇ ਸਿਰ ਤੇ ਚਲਦੀ ਹੈ। ਮੈਂ ਸਰਕਾਰ ਨੂੰ ਫਿਰ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਮਕਾਨ ਬਣਾਉਣ ਵਾਸਤੇ ਫੰਡਜ਼ ਮੁਹਈਆ ਕਰਨ ਤਾਂ ਕਿ ਉਨ੍ਹਾਂ ਦੀ ਹਾਲਤ ਸੁਧਰ ਸਕੇ। ਮਿਨੀ ਬਸਿਜ਼ ਚਲਾਈਆਂ ਜਾਣ ਤਾਂ ਜੋ ਉਹ ਆਪਣੀਆਂ ਪ੍ਰੈਸ ਕਾਨਫਰੰਸਾ ਅਟੈਂਡ ਕਰ ਸਕਣ ਅਤੇ ਅਖਬਾਰਾਂ ਨੂੰ ਮਿਸਾਲਾ ਦੇ ਸਕਣ। ਸਰਕਾਰ ਨੂੰ ਇਹ ਫੈਸਿਲਟੀਜ਼ ਮੁਹਈਆ ਕਰਨੀਆਂ ਚਾਹੀਦੀਆਂ ਹਨ। ਮੇਰੇ ਨੋਟਿਸ ਵਿਚ ਆਇਆ ਹੈ ਕਿ ਇਕ ਵਜ਼ੀਰ ਸਾਹਿਬ ਅਖਬਾਰਾਂ ਦੇ ਮਾਲਕਾਂ ਨਾਲ ਰਲ ਕੇ ਇਸ ਸਟਰਾਈਕ ਨੂੰ ਇਲਲੀਗਲ ਕਰਾਰ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਕਿ ਵਰਕਰਾਂ ਦੀ ਤਨਖਾਹ ਨਾ ਵਧਾਈ ਜਾਵੇ। ਮੈਨੂੰ ਖਦਸ਼ਾ ਹੈ ਕਿ ਸਰਕਾਰ ਜੇ ਇਸ ਨੀਤੀ ਤੇ ਚਲਦੀ ਰਹੀ ਅਤੇ ਵਰਕਰਾਂ ਦੀ ਹੜਤਾਲ ਨੂੰ ਇਲਲੀਗਲ ਕਰਾਰ ਦੇ ਕੇ ਉਨ੍ਹਾਂ ਨੂੰ ਤਨਖਾਹ ਨਾ ਦਿਵਾਈ ਜੋ ਕਿ ਉਨ੍ਹਾਂ ਦਾ ਹੱਕ ਬਣਦਾ ਹੈ, ਤਾਂ ਉਨ੍ਹਾਂ ਦੀ ਗੱਲ ਮੰਨਣ ਤੋਂ ਮੁਨਕਰ ਹੋਣਗੇ। ਕੈਨੇਡੀਅਨ ਸਾਹਿਬ ਨੇ ਫਰਮਾਇਆ ਹੈ ਕਿ ਅਸੀਂ ਆਪਣੇ ਅਖ਼ਬਾਰ ਦੇ ਵਰਕਰਾਂ ਨੂੰ ਇਹ ਸਹੂਲਤਾਂ ਦੇਣ ਵਾਸਤੇ ਤਿਆਰ ਹਾਂ।

(ਇਸ ਵਕਤ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਸਾਡਾ ਅਖਬਾਰ ਬੇਸ਼ਕ ਘਾਟੇ ਵਿਚ ਜਾ ਰਿਹਾ ਹੈ ਪਰ ਜੇ ਕੈਨੇਡੀਅਨ ਸਾਹਿਬ ਆਪਣੇ ਅਖਬਾਰ ਦੇ ਵਰਕਰਾਂ ਨੂੰ ਇਹ ਸਹੂਲਤਾਂ ਦੇਣਗੇ ਤਾਂ ਸਾਡੀ ਪਾਰਟੀ ਵੀ ਉਸ ਫੈਸਲੇ ਤੇ ਪੱਕੀ ਰਹੇਗੀ ਅਤੇ ਵਰਕਰਾਂ ਨੂੰ ਵੱਧ ਸਹੂਲਤਾ ਦੇਣ ਦਾ ਪ੍ਰਣ ਕਰਦੀ ਹੈ। ਜੇ ਸਰਕਾਰ ਨੇ ਇਨ੍ਹਾਂ ਵਰਕਰਾਂ ਨੂੰ ਇਹ ਸਹੂਲਤਾਂ ਨਾ ਦਿਵਾਈਆਂ ਤਾਂ ਮੈਂ ਇਨ੍ਹਾਂ ਕਮਿਊਨਿਸਟ ਭਰਾਵਾਂ ਨੂੰ ਜਿਹੜੇ ਕਿ ਕਾਂਗਰਸ ਦੇ ਮਗਰ ਲਗ ਕੇ ਗਲਤ ਗਲਾਂ ਕਰਦੇ ਹਨ ਇਹ ਉਲਾਭਾਂ ਦੇਵਾਂਗਾ।

आचार्य पृथ्वी सिंह आज़ाद (खन्ना ऐस. सी) : डिप्टी स्पीकर साहिब, यह जो समाचार पत्रों का सवाल इस सदन के सामने आया है यह इस लिये गम्भीर है कि प्रैस एक नैशनल सर्विस का काम अदा करती है। प्रेस के बगैर जो डैमोक्रेसी है वह जनता

में जा नहीं सकती । पंजाब के अंदर प्रैस के वर्करज़ ने अपनी मांगों को मनवाने के लिये 24 दिनों से काम करना छोड़ रखा है। उससे ऐसा मालूम होता है जसे कि अखबारों के पढ़ने वालों की जिन्दगी में खला सा आ गया है । उस खला को महसूस करते हुए और उन की तकलीफों को मद्दे-नज़र रखते हुए ही इस समय सदन के सामने यह सवाल आया है। यह ठीक है कि कानूनी तौर पर सरकार का जर्नलिस्टों के मुतालबात के सवाल पर सीधा वास्ता नहीं है लेकिन इस दृष्टि से कि पंजाब के अन्दर एक कौमी मसला खड़ा हो गया है उसको सुलझाने के लिऐ कानूनी पहलू कोई हो या न हो सरकार को अपना असर रसूख इस्तेमाल करके इस समस्या को सुलझाने की तरफ जल्द यत्न करना चाहिए था । यह ठीक है कि हमारे फाइनैंस मिनिस्टर जो कि लेबर मिनिस्टर भी हैं उन्हों ने एक दो यत्न किये हैं। परन्तु मैं समझता हूँ कि यह आने जाने की बात नहीं है वहां बैठ कर सुलझाने की बात है । इसलिये मैं उम्मीद करता हूँ कि चीफ मिनिस्टर साहिब या लेबर मिनिस्टर साहिब इस मामले को पहल देकर जल्दी से जल्दी निपटाने की कोशिश करेंगे और सोचेंगे कि किस तरह उनकी तकलीफों को दूर किया जा सकता है। यह ठीक है कि पंजाब में जितने भी अखबार हैं उनमें कोई ऐसा बड़ा अखबार नहीं है जो कि किसी मनापलिस्ट का हो । मेरा इन अखबारों के साथ किसी न किसी रूप से ताल्लुक रहा है । इसलिये मैं जानता हूँ कि इनके मिनीमम रीसोर्सिज़ हैं। उन अखबारों के मालिकों ने अपना जीवन जर्नलिस्टों के तौर पर शुरु किया था । इस लिए जो अखबारात के मालिक हैं उनको वर्करज़ की तकलीफों को समझने के लिये ज्यादा तकलीफ नहीं होनी चाहिए । उनको आसानी से समझ लेना चाहिए कि जिस तरह की तकलीफों की हद पार करके वह इस हद तक पहुँचे हैं कि अखबार को चला सकते हैं इसी तरह से वह समझें कि आज उनके वर्करज़ को तकलीफे हैं। उनको वे ही तकलीफें हैं जो कि आज से 10/15 साल पहले उनको थीं ।

पंजाब में विशेष तौर पर "नवां जमाना" वालों की अखबार घाटे में जा रही है। हमारे जनसंघियों का अखबार भी घाटे में जा रहा है। इसी तरह से ही अकाली दोस्तों का भी अखबार घाटे में जा रहा है । यह जो बड़ी संस्थाएं हैं उनके अखबार भी घाटे में जा रहे हैं। अगर दूसरे अखबार वाले यह कह दें कि वह ज्यादा नफे में काम कर रहे हैं तो उनके साथ बेइन्साफी है ।

जिस तरह कैनेडियन साहिब ने कहा है कि उनके साथ समझौता तो हो जाता लेकिन जो रास्ते में टैक्सी सर्विस शुरू कर रखी है वह रुकावट बनती है । लेकिन मैं कहता हूँ कि अगर वह रुकावट आती है तो सरकार इस बातको अपने सिर पर ले सकती है जिससे वह रुकावट न रहे।

दूसरी बात यह है कि सरकार अखबार वालों को इश्तेहार देती है । यह भी उनको दिये जाते हैं जोकि उनके मनज़ूरे नज़र हैं। प्रैस जो है वह नैशनल सर्विस अदा करती है । सरकार को चाहिए कि वह इश्तेहार देने का तरीका बदले और उन पर कन्डीशन लगाए कि जितने सरकार पैसे देती है अगर वह वर्करज़ को बेहतरी के लिये इस्तेमाल हों तो इन्डायरैक्ट तरीके से उनकी इमदाद हो सकती है। वर्करज़ को मांग है कि 25 प्रतिशत वेजिज़ में बढ़ौती होनी चाहिए । लेबर

(आचार्य पृथ्वी सिंह आज़ाद)

मिनिस्टर साहिब आप बैठ जाइये मालिकों को भी साथ बिठा लीजिये और उनको पूछ लीजिए कि वह क्या देते हैं। कुल वर्करज़ को इस बात के नीचे ले आइए तो ऐसी बात कोई नहीं है कि फैसला ना हो सके।

(इस समय वित मन्त्री महोदय, उप-मंत्री गृह विभाग के साथ बैठे हुए कोई बात कर रहे थे।)

शर्मा जी पहिले मेरी बात सुन लीजिए।

Mr. Deputy Speaker : Please address the Chair.

आचार्य पृथ्वी सिंह आज़ाद : तो डिप्टी स्पीकर महोदय, मैं यह बात कहता हूँ कि इनको समझौता करवाना चाहिए। आप दोनों तरफ से ही मीटिंग बुलायें और फैसला करवाएं। जर्नलिस्टों का जो मामला है वह लेबर ट्रिब्युनल को नहीं देना चाहिए और आप को खुद फैसला करवाना चाहिए। पंचायती फैसला कर दो। और लेबर लाज़ के मुताबिक कोई लिहाज़ नहीं करना चाहिए। अकाली वीरों ने कह दिया है, कम्यूनिस्ट वीरों ने कह दिया है, कांग्रेसी वीरों ने कह दिया है। उसी तरह से ही जनसंघी वीरों के बारे में है और शायद वह भी सुनते होंगे, इसलिये वह फैसला होना चाहिए जिससे अखबारें भी न मरें और जरनलिस्ट भी न मारे जाएं।

(धन्यवाद)

ਸਰਦਾਰ ਕਿਰਪਾਲ ਸਿੰਘ ਢਿਲੋਂ (ਕਪੂਰਥਲਾ) : ਡਿਪਟੀ ਸਪੀਕਰ ਸਾਹਿਬ, ਅੱਜ ਜਿਹੜੀ ਮੇਰੇ ਮਿੱਤਰ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੇ ਮੋਸ਼ਨ ਮੂਵ ਕੀਤੀ ਹੈ ਅਤੇ ਸਰਦਾਰ ਜਸਵਿੰਦਰ ਸਿੰਘ ਬਰਾੜ ਨੇ ਉਸ ਨੂੰ ਸਪੋਰਟ ਕੀਤਾ ਹੈ, ਮੇਰੀ ਸਮਝ ਵਿਚ ਚਾਰ ਜਾਂ ਪੰਜ ਸੌ ਜੋ ਵਰਕਰ ਹਨ ਜਾਂ ਇਸ ਤੋਂ ਦੋ ਗੁਣਾ ਹਨ, ਉਨ੍ਹਾਂ ਨੇ ਹੜਤਾਲ ਕੀਤੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਕੋਈ ਹੜਤਾਲ ਕਰਦਾ ਹੈ ਤਾਂ ਉਸ ਨੂੰ ਕੋਈ ਨਾ ਕੋਈ ਸਪੋਰਟ ਕਰਨ ਵਾਲਾ ਹੁੰਦਾ ਹੈ, ਉਹ ਕਿਸੇ ਨਾ ਕਿਸੇ ਤੇ ਡੀਪੈਂਡੈਂਟ ਹੁੰਦਾ ਹੈ। ਉਹ ਉਸ ਨੂੰ ਸਪੋਰਟ ਕਰਦਾ ਹੈ। ਸਟੂਡੈਂਟਸ ਨੇ ਹੜਤਾਲ ਕੀਤੀ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਨੇ ਸਪੋਰਟ ਕੀਤਾ, ਉਨ੍ਹਾਂ ਨੂੰ ਰੋਟੀ ਪਾਣੀ ਖਾਣ ਲਈ ਦਿਤਾ।

ਮੈਂ ਸਮਝਦਾ ਹਾਂ ਜਿਤਨੀਆਂ ਵੀ ਹੁਣ ਤੱਕ ਸਟਰਾਈਕਸ ਹੋਈਆਂ ਹਨ, ਉਨ੍ਹਾਂ ਸਾਰੇ ਐਜੀਟੇਸ਼ਨ ਕਰਨ ਵਾਲਿਆਂ ਵਿਚੋਂ ਪ੍ਰੈਸ ਵਾਲਿਆਂ ਨੇ ਸਭ ਤੋਂ ਵਧ ਸਫਰ ਕੀਤਾ ਹੈ। ਮੈਂ ਸਮਝਦਾ ਹਾਂ ਹੁਣ ਇਹ ਮੁਆਮਲਾ ਛੇਤੀ ਤੋਂ ਛੇਤੀ ਹੱਲ ਹੋਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਜੇ ਸਾਲ ਭਰ ਪ੍ਰੈਸ ਬੰਦ ਰਹੇ ਤਾਂ ਸਾਰਾ ਝਗੜਾ ਹੀ ਮੁਕ ਜਾਵੇ ਨਾ ਕਿਸੇ ਦੀ ਐਜੀਟੇਸ਼ਨ ਦੀ ਜਾਂ ਹੋਰ ਕੋਈ ਖਬਰ ਆਵੇ ਅਤੇ ਨਾ ਕਿਸੇ ਨੂੰ ਕੁਝ ਕਹਿਣ ਦਾ ਮੌਕਾ ਮਿਲੇ। ਜੇ ਐਡਮਨਿਸਟਰੇਸ਼ਨ ਨੂੰ ਸਟਰੀਮ ਲਾਈਨ ਕਰਨਾ ਹੋਵੇ, ਜਾਂ ਕੋਈ ਮੁਲਕ ਦੀ ਤਰੱਕੀ ਦੀ ਹੋਰ ਕੋਈ ਗਲ ਕਰਨੀ ਹੋਵੇ ਤਾਂ ਪ੍ਰੈਸ ਹੀ ਸਹਾਈ ਹੁੰਦੀ ਹੈ। ਮੈਂ ਸਮਝਦਾ ਹਾਂ ਸਾਰੇ ਕੰਟਰੀ ਦੀ ਪ੍ਰੈਸ ਦੀ ਨੈਸ਼ਨੇਲਾਈਜ਼ੇਸ਼ਨ ਹੋਣੀ ਚਾਹੀਦੀ ਹੈ। ਅਜੇ ਥੋੜ੍ਹੇ ਦਿਨਾਂ ਦੀ ਗਲ ਹੈ ਕਿ ਨੈਸ਼ਨੇਲਾਈਜ਼ੇਸ਼ਨ ਦੇ ਮੁਤਅਲਿਕ ਦੋ ਮਤੇ ਪਾਸ ਹੋਏ ਹਨ ਇਕ ਤਾਂ ਆਇਲ ਕੰਪਨੀਆਂ ਨੈਸ਼ਨੇਲਾਈਜ਼ ਕੀਤੀਆਂ ਹਨ। ਦੂਸਰੇ ਮਤੇ ਦੇ ਮੁਤਾਲਿਕ ਟਰੈਜ਼ਰੀ ਬੈਂਚਿਜ਼ ਵਾਲਿਆਂ ਨੇ ਇਹ ਯੂਨਾਨੀਮਸਲੀ

ਪਾਸ ਕੀਤਾ ਕਿ ਐਜੂਕੇਸ਼ਨ ਮੁਲਕ ਦੀ ਨੈਸ਼ਨੇਲਾਈਜ਼ ਹੋਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਪ੍ਰੈਸ ਦੀ ਨੈਸ਼ਨੇਲਾਈਜੇਸ਼ਨ ਦੇ ਮੁਤਾਲਿਕ ਵੀ ਸਰਕਾਰ ਨੂੰ ਸਟੈਪ ਉਠਾਉਣੇ ਚਾਹੀਦੇ ਹਨ। ਜਿਥੋਂ ਤੱਕ ਐਜੂਕੇਸ਼ਨ ਦਾ ਸਵਾਲ ਹੈ ਸਕੂਲ ਅਤੇ ਕਾਲਜਿਜ਼ ਡੈਮੋਕਰੇਸੀ ਦੀਆਂ ਇਕ ਤਰ੍ਹਾਂ ਨਾਲ ਬਰਡਿੰਗ ਨਰਸਰੀਜ਼ ਹਨ, ਬਰੀਡਿੰਗ ਪਲੇਸਿਜ਼ ਹਨ। ਪਰ ਇਨ੍ਹਾਂ ਦੇ ਨਾਲ ਹੀ ਫਿਰਕਾਦਾਰੀ ਦੀਆਂ ਤਾਕਤਾਂ ਇਸ ਸੋਸ਼ਲਿਜਮ ਦੇ ਰਾਹ ਵਿਚ ਰੋੜਾ ਬਣ ਕੇ ਬੈਠੀਆ ਹੋਈਆਂ ਹਨ। ਇਹ ਮੁਲਕ ਨੂੰ ਤਰੱਕੀ ਦੇ ਰਸਤੇ ਤੇ ਜਾਣ ਹੀ ਨਹੀਂ ਦਿੰਦੀਆਂ। ਪ੍ਰੈਸ ਇਤਨੀ ਇਸ ਮੁਲਕ ਦੇ ਲੋਕਾਂ ਲਈ ਜ਼ਰੂਰੀ ਹੈ। ਸਵੇਰ ਉਠਣ ਸਾਰ ਕੁਝ ਖਾਣ ਪੀਣ ਤੋਂ ਪਹਿਲਾਂ ਹਰ ਕੋਈ ਸੈਂਸੇਸ਼ਨਲ ਨੀਊਜ਼ ਚਾਹੁੰਦਾ ਹੈ। ਪ੍ਰੈਸ ਇਸ ਮੁਲਕ ਦੀ ਆਵਾਜ਼ ਹੈ ਭਾਵੇਂ ਇਸ ਨੂੰ ਮੁਲਕ ਦੀ ਇੰਟੈਗਰਟੀ ਲਈ ਵਰਤੋ ਭਾਵੇਂ ਪ੍ਰਾਪੇਗੰਡੇ ਲਈ। ਫਿਰਕੂ ਤਾਕਤਾਂ ਆਪਣੀ ਪੋਲੀਟੀਕਲ ਤਾਕਤ ਵਧਾਉਣ ਲਈ ਅਤੇ ਐਡਮਨਿਸਟਰੇਸ਼ਨ ਨਾਲ ਲੈਣ ਲਈ ਵਰਤਦੀਆਂ ਹਨ। ਪ੍ਰੈਸ ਇਤਨੀ ਤਾਕਤ ਦਾ ਪਾਰਟ ਪਲੇ ਕਰਦੀ ਹੈ ਕਿ ਕੋਈ ਨਾ ਹੋਣ ਵਾਲੀਆਂ ਗੱਲਾਂ ਵੀ ਵਜੂਦ ਦੇ ਵਿਚ ਆ ਜਾਂਦੀਆਂ ਹਨ। ਜੇ ਪੇਪਰਜ਼ ਪੰਜਾਬੀ ਸੂਬੇ ਦੇ ਮੁਤਾਲਿਕ ਆਪਣੀ ਕਲਮ ਨਾ ਚੁਕਦੇ ਤਾਂ ਇਹ ਨਹੀਂ ਸੀ ਬਣਨਾ। ਮੇਰਾ ਕਹਿਣ ਦਾ ਮਤਲਬ ਹੈ ਕਿ ਪ੍ਰੈਸ ਇਕ ਭਾਰੀ ਤਾਕਤ ਹੈ ਅਤੇ ਸਾਨੂੰ ਐਡੀ ਵਡੀ ਤਾਕਤ ਨੂੰ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਜੇ ਸਾਨੂੰ ਇਸ ਦੇ ਨੈਸ਼ਨੇਲਾਈਜ਼ ਕਰਨ ਵਿਚ ਕੋਈ ਤਰਮੀਮ ਵੀ ਕਰਨੀ ਪਵੇ ਤਾਂ ਕਰਨੀ ਚਾਹੀਦੀ ਹੈ। 1,000 ਬੰਦੇ ਹਨ ਜਿਹੜੇ ਪੰਜਾਬ ਦੀ ਪ੍ਰੈਸ ਵਿਚ ਕੰਮ ਕਰਦੇ ਹਨ, ਇਨ੍ਹਾਂ ਨੂੰ ਬਹੁਤੀ ਦੇਰ ਸਸਪੈਨਸ ਦੇ ਵਿਚ ਰਖਣਾ ਨਹੀਂ ਚਾਹੀਦਾ। ਇਸਦਾ ਫੈਸਲਾ ਛੇਤੀ ਤੋਂ ਛੇਤੀ ਹੋਣਾ ਚਾਹੀਦਾ ਹੈ।

ਚੌਧਰੀ ਦਰਸ਼ਨ ਸਿੰਘ (ਨੂਰਮਹਿਲ): ਜਿਥੋਂ ਤੱਕ ਨੈਸ਼ਨੇਲਾਈਜੇਸ਼ਨ ਦਾ ਸਵਾਲ ਹੈ ਮੈਂ ਢਿਲੋਂ ਸਾਹਿਬ ਦੀ ਇਸ ਗਲ ਨਾਲ ਬਿਲਕੁਲ ਹੀ ਸਹਿਮਤ ਹਾਂ ਕਿ ਪ੍ਰੈਸ ਨੈਸ਼ਨੇਲਾਈਜ਼ ਕੀਤੀ ਜਾਵੇ। ਪਰ ਡੈਮੋਕਰੈਟਿਕ ਕੰਟਰੀਜ਼ ਦੇ ਵਿਚ ਇਹ ਹੋ ਨਹੀਂ ਸਕਦੀ। ਪ੍ਰੈਸ ਨੂੰ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ ਡੈਮੋਕਰੇਸੀ ਚਲ ਹੀ ਤਦ ਸਕਦੀ ਹੈ। critics must be there in the Democracy ਜੇ ਪ੍ਰੈਸ ਨੈਸ਼ਨੇਲਾਈਜ਼ ਹੋ ਜਾਵੇ ਤਾਂ ਉਤਨਾਂ ਕਰਿਟਿਸਿਜ਼ਮ ਆ ਨਹੀਂ ਸਕਦਾ ਜਿਤਨਾ ਆਜ਼ਾਦ ਪ੍ਰੈਸ ਵਿਚ ਹੁੰਦਾ ਹੈ। ਜਮਹੂਰੀਅਤ ਨੂੰ ਮਜ਼ਬੂਤ ਕਰਨ ਦੀ ਖਾਤਰ ਪ੍ਰੈਸ ਦੀ ਆਜ਼ਾਦੀ ਇਕ 'ਮਸਟ' ਹੈ। ਇਹ 900 ਵਰਕਰਾਂ ਦੀ 21 ਦਿਨ ਦੀ ਹੜਤਾਲ ਹੈ ਕਿਸੇ ਨੂੰ 170/- ਕਿਸੇ ਨੂੰ ਵਧ ਤੋਂ ਵਧ 230/- ਰੁਪਏ ਤਕ ਮਿਲਦੇ ਹਨ। ਉਨ੍ਹਾਂ ਦੀ ਸਿਹਤ ਕੋਈ ਖਾਸ ਨਹੀਂ ਅਤੇ ਉਹ ਨੀਮ ਮੁਰਦਗੀ ਦੀ ਹਾਲਤ ਵਿਚ ਇਸ ਤਰ੍ਹਾਂ ਦੇ ਅਹਿਮ ਕੰਮ ਨੂੰ ਅੰਜਾਮ ਦੇ ਰਹੇ ਹਨ। ਮੈਂ ਜਲੰਧਰ ਦੀ ਗਲ ਕਰਦਾ ਹਾਂ, ਇਸ ਲਈ ਇਹ ਪ੍ਰੈਸ ਨੁਮਾਇੰਦਿਆਂ ਦਾ ਇਕ ਸੈਂਟਰ ਹੈ। ਉਹ ਲੋਕ 21 ਦਿਨ ਤੋਂ ਹੜਤਾਲ ਤੇ ਹਨ ਪਰ ਇਨ੍ਹਾਂ ਵਰਕਿੰਗ ਜਰਨਲਿਸਟਸ ਦੇ ਲਈ ਮੈਨੇਜਮੈਂਟ ਦੇ ਕੰਨਾਂ ਤੇ ਜੂੰ ਤੱਕ ਨਹੀਂ ਰਿੰਗੀ। ਇਹ ਉਹ ਵਰਕਿੰਗ ਜਰਨਲਿਸਟ ਹਨ ਜਿਨ੍ਹਾਂ ਦੀ ਮਹਾਨ ਤਾਕਤ ਹੈ ਇਸ ਪ੍ਰੈਸ ਨੂੰ ਉਚਾ ਚੁਕਣ ਦੇ ਵਾਸਤੇ। Working Journailists who are servants are more intelligent than their masters. ਇਨ੍ਹਾਂ ਨੇ ਹੁਣ ਤੱਕ ਆਪੋ ਆਪਣੀਆਂ ਅਖਬਾਰਾਂ ਨੂੰ ਪਾਇਲਟ ਕੀਤਾ ਹੈ। ਕੈਨੇਡੀਅਨ ਸਾਹਿਬ ਨੇ ਇਹ ਮੋਸ਼ਨ ਮੂਵ ਕਰਨ ਵੇਲੇ ਕਿਹਾ ਸੀ ਕਿ ਇਕ ਤਰ੍ਹਾਂ ਨਾਲ ਅਖਬਾਰਾਂ ਵਾਲੇ ਮਜ਼ਦੂਰਾਂ ਦੀ ਹੜਤਾਲ ਹੈ। ਪਰ ਮੈਂ ਉਨਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਮਜ਼ਦੂਰਾਂ ਦੀ ਹੜਤਾਲ ਹੋਵੇ ਤਾਂ ਉਹ ਆਪਣਾ ਝੰਡਾ ਚੁਕ ਕੇ ਉਥੇ ਹੀ ਅੱਡੇ ਲਾ ਦਿੰਦੇ ਹਨ, ਪਰ ਜਦੋਂ

(ਚੌਧਰੀ ਦਰਸ਼ਨ ਸਿੰਘ)

ਇਹ ਪ੍ਰੈਸ ਵਾਲਿਆਂ ਦੀ, ਖਾਸ ਤੌਰ ਤੇ ਮਜ਼ਦੂਰਾਂ ਦੀ ਸਟਰਾਈਕ ਸੀ ਤਾਂ ਇਨਾਂ ਨੇ ਕੋਈ ਖਿਆਲ ਨਾ ਕੀਤਾ । ਪਰ ਜਦੋਂ ਨਵਾਂ ਜ਼ਮਾਨਾ ਵਾਲਿਆਂ ਨੇ ਆਵਾਜ਼ ਕਢੀ ਫੇਰ ਇਨ੍ਹਾਂ ਨੂੰ ਵੀ ਖਿਆਲ ਆਇਆ। ਇਤਨਾ ਜ਼ਾਤੀਆਤ ਦਾ ਸਵਾਲ ਨਹੀਂ ਹੋਣਾ ਚਾਹੀਦਾ। ਮੈਂ ਕਹਿੰਦਾ ਹਾਂ ਤੁਸੀਂ ਹਰ ਇਕ ਦੀ ਪੂੰਜੀ ਵੰਡਣ ਦੀਆ ਗਲਾਂ ਕਰਦੇ ਹੋ । ਕਿਉਂ ਨਹੀਂ ਉਹ ਆਪਣੇ ਵਰਕਰਾਂ ਦੇ ਨਵੇਂ ਜ਼ਮਾਨੇ ਦੀਆਂ ਬੈਲੈਂਸ ਸ਼ੀਟਾਂ ਖੋਲ੍ਹ ਦਿੰਦੇ । (ਤਾੜੀਆਂ) ਮੈਂ ਅਕਾਲੀ ਭਰਾਵਾਂ ਨੂੰ ਕਹਾਂਗਾ ਕਿ ਤੁਸੀਂ ਨਾ ਘਬਰਾਓ ਤੁਹਾਡੇ ਕੋਲ ਤਾਂ ਗੁਰਦਵਾਰਿਆਂ ਦਾ ਬੜਾ ਫੰਡ ਹੈ । ਤੁਸੀਂ ਧਰਮ ਪ੍ਰਚਾਰ ਦੇ ਨਾਉਂ ਤੇ ਜਿਤਨਾ ਮਰਜ਼ੀ ਪੈਸਾ ਕਢ ਲਉ । (ਇਕ ਮਾਨ ਯੋਗ ਮੈਂਬਰ. ਤੁਸੀਂ ਪਹਿਲਾਂ ਆਪਣੀ ਪਾਰਟੀ ਦੇ ਯਸ਼ ਜੀ ਨੂੰ ਮਨਾ ਲਉ) ਜਥੇਦਾਰਾਂ ਨੂੰ ਤਾਂ ਧਰਮ ਪਰਚਾਰ ਲਈ ਪੈਸਾ ਲਾਉਣ ਦੀ ਪੂਰੀ ਖੁਲ੍ਹ ਹੈ । (ਸ਼ੋਰ) ਜਿਥੋਂ ਤੱਕ ਤੁਹਾਡੇ ਵਲੋਂ ਹੈਲਦੀ ਕਰਿਟਿਸਿਜ਼ਮ ਦਾ ਸਵਾਲ ਹੈ ਅਸੀਂ ਤੁਹਾਡਾ ਪੂਰਾ ਸਮਰਥਨ ਕਰਦੇ ਹਾਂ । ਅਸੀਂ ਖੁਸ਼ ਹੋਵਾਂਗੇ, ਕਾਂਗਰਸ ਸਰਕਾਰ ਚਾਹੁੰਦੀ ਹੈ ਕਿ ਤੁਸੀਂ ਹੈਲਦੀ ਕਰਿਟਿਸਿਜ਼ਮ ਆਪਣੀਆਂ ਅਖਬਾਰਾਂ ਦੇ ਰਾਹੀਂ ਦੇਵੋ ਕਿਉਂਕਿ ਇਸ ਨਾਲ ਜਮਹੂਰੀਅਤ ਮਜ਼ਬੂਤ ਹੁੰਦੀ ਹੈ, ਸਰਕਾਰ ਮਜ਼ਬੂਤ ਹੁੰਦੀ ਹੈ । ਮੈਨੂੰ ਇਹ ਗਲ ਯਾਦ ਹੈ ਕਿ ਅੰਗਰੇਜ਼ਾਂ ਦੇ ਵਕਤ ਵਾਇਸਰਾਏ ਨੇ ਸਟੇਟਸ-ਮੈਨ ਪੇਪਰ ਦੇ ਮੁਤਾਲਿਕ ਕੁਝ ਰੀਮਾਰਕਸ ਪਾਸ ਕੀਤੇ ਸੀ । ਇਸ ਬਾਰੇ ਜਦੋਂ ਉਸ ਤੋਂ ਰਾਏ ਲਈ ਗਈ ਤਾਂ ਉਸ ਨੇ ਇਕ ਲੈਟਰ ਆਫ ਰੀਗਰੈਟ ਅਖ਼ਬਾਰ ਨੂੰ ਲਿਖਿਆ ਸੀ । ਪ੍ਰਾਈਮ ਮਨਿਸਟਰ ਨੇ ਜੋ ਕੋਈ ਇਮਪਾਰਟੈਂਟ ਸਟੈਪਸ ਲੈਣੇ ਹੋਣ ਤਾਂ ਉਹ ਪਹਿਲਾਂ ਪ੍ਰੈਸ ਕਾਨਫਰਸ ਕਰਕੇ ਫੇਰ ਕੋਈ ਹੇਸਟੀ ਸਟੈਪ ਲਵੇਗਾ । ਰਾਈਟ ਅਤੇ ਰਾਂਗ ਪਲੀਸੀ ਡੀਕਲੇਅਰ ਕਰਨ ਵਾਲੀ ਯਾਰਡ ਸਟਿਕ ਇਕੋ ਇਕ ਪ੍ਰੈਸ ਹੀ ਹੈ । ਇਸ ਲਈ ਇਸ ਏਜੰਸੀ ਦੀ ਆਜ਼ਾਦੀ ਜ਼ਰੂਰੀ ਹੈ । ਕਈ ਮੁਆਮਲਿਆਂ ਵਿਚ ਲੇਬਰ ਕੋਰਟਾਂ ਤੱਕ ਫੈਸਲੇ ਨਹੀਂ ਕਰ ਸਕੀਆਂ । ਮੈਂ ਇਥੇ ਇਕ ਪਾਰਟੀ ਦੇ ਅਖਬਾਰ ਦੀ ਮਿਸਾਲ ਦਸ ਸਕਦਾ ਹਾਂ ਨਵਾਂ-ਜ਼ਮਾਨਾ ਜਿਸ ਦੀ ਕਾਪੀ 60,000 ਦੀ ਰੋਜ਼ ਛਪਦੀ ਹੈ । ਉਸ ਅਖਬਾਰ ਨੇ 1 ਪੈਸਾ ਮੁਲ ਹੋਰ ਵਧਾ ਦਿੱਤਾ ਅਤੇ ਉਸ ਨੂੰ 60,000 ਪੈਸਾ ਹੋਰ ਆਉਣ ਲਗ ਪਿਆ ਪਰ ਉਨ੍ਹਾਂ ਇਸ ਰਕਮ ਵਿਚੋਂ ਆਪਣੇ ਵਰਕਰਾਂ ਦਾ ਲਿਵਿੰਗ ਸਟੈਂਡਰਡ ਰੇਜ਼ ਕਰਨ ਵਾਸਤੇ ਇਕ ਪੈਸਾ ਨਹੀਂ ਦਿੱਤਾ ਪਰ ਜਦੋਂ ਉਨ੍ਹਾਂ ਨੇ ਦੁਹਾਈ ਦਿੱਤੀ ਕਿ ਸਾਡੀਆਂ ਮੰਗਾ ਤੇ ਵੀ ਗੌਰ ਹੋਵੇ . . (ਵਿਘਨ) ।

ਕਾਮਰੇਡ ਸਤਪਾਲ ਡਾਂਗ ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ 2, 3 ਗਲਾਂ ਦਾ ਸਪੈਸਿਫਿਕ ਜਵਾਬ ਮੰਗਿਆ ਹੈ ਨਾਲੇ ਇਹ ਮੋਸ਼ਨ ਵੀ ਸਾਡੇ ਵਲੋਂ ਹੀ ਹੈ . . . .

ਸ੍ਰੀ ਡਿਪਟੀ ਸਪੀਕਰ: ਪਰ ਇਹ ਪੁਆਇੰਟ ਆਫ਼ ਆਰਡਰ ਤਾਂ ਨਹੀਂ ਹੈ । (But this is not a point of order.)

ਕਾਮਰੇਡ ਸਤਪਾਲ ਡਾਂਗ: ਡਿਪਟੀ ਸਪੀਕਰ ਸਾਹਿਬ, ਮੈਂ ਵੈਸੇ ਹੀ 2 ਮਿੰਟ ਕੁਝ ਕਹਿਣਾ ਚਾਹੁੰਦਾ ਹਾਂ । ਪਹਿਲੀ ਗਲ ਤਾਂ ਇਹ ਹੈ ਕਿ ਇਹ ਮਸਲਾ ਸਾਡੀ ਰਾਏ ਵਿਚ ਸਿਰਫ਼ ਇਕ ਹਜ਼ਾਰ ਜਰਨਲਿਸਟਾਂ ਦਾ ਨਹੀਂ ਸਗੋਂ ਉਨ੍ਹਾਂ ਦੇ ਡਿਪੈਂਡੈਂਟ ਹਜ਼ਾਰਾਂ ਹੋਰਾਂ ਬੰਦਿਆਂ ਦਾ ਵੀ ਹੈ, ਇਸ ਲਈ ਇਸ ਨੂੰ ਜਲਦੀ ਤੋਂ ਜਲਦੀ ਹੱਲ ਕਰਨਾ ਚਾਹੀਦਾ ਹੈ ।

ਦੂਜੀ ਗੱਲ ਇਹ ਹੈ ਕਿ ਮਹਿੰਗਾਈ ਬਹੁਤ ਵਧ ਗਈ ਹੈ ਇਸ ਕਰਕੇ ਸਾਡੀ ਪਾਰਟੀ ਦੀ ਰਾਏ ਵਿਚ ਉਨ੍ਹਾਂ ਦੀ ਇਹ ਮੰਗ ਬਿਲਕੁਲ ਜਸਟੀਫਾਈਡ ਹੈ ।

ਤੀਜੀ ਗੱਲ ਇਹ ਹੈ ਕਿ ਬਰਾੜ ਸਾਹਿਬ ਨੂੰ ਗਲਤੀ ਲਗ ਗਈ ਹੈ ਕਿ ਮਾਲਕਾਂ ਤੇ ਦਬਾਅ ਨਹੀਂ ਪਾਇਆ। ਉਸ ਗੱਲ ਦਾ ਜਵਾਬ ਇਥੇ ਕਨੇਡੀਅਨ ਸਾਹਿਬ ਨੇ ਦੇ ਦਿਤਾ ਹੈ। ਉਹ ਇਥੇ ਪਲੀਡ ਕਰਕੇ ਗਏ ਹਨ ਕਿ ਉਹ ਟਾਟੇ ਬਿਰਲੇ ਨਹੀਂ ਹਨ। ਮੈਂ ਸਮਝਦਾ ਹਾਂ ਕਿ ਉਹ ਠੀਕ ਹੀ ਕਹਿੰਦੇ ਹਨ ਕਿ ਉਹ ਬਿਰਲੇ ਨਹੀਂ ਹਨ। ਪਰ ਇਥੇ ਕਈ ਅਖਬਾਰ ਹਨ ਜਿਹੜੇ ਕਿ ਜਨਰਲ ਐਕਟ ਵਿਚ ਜਿਹੜੀ ਕੈਟੇਗਰੀ ਦਿਤੀ ਹੋਈ ਹੈ ਜਾਣ ਬੁਝ ਕੇ ਉਸ ਤੋਂ ਹੇਠਾਂ ਰਹਿੰਦੇ ਹਨ ਕਿਉਂਕਿ ਜੇ ਉਹ ਉਪਰ ਦੀ ਕੈਟੇਗਰੀ ਵਿਚ ਆ ਜਾਣ ਤਾਂ ਤਨਖਾਹਾਂ ਆਪਣੇ ਆਪ ਵੱਧ ਜਾਂਦੀਆਂ ਹਨ। ਉਹ ਅਖਬਾਰ ਮੈਲਾਫਾਈਡੀ ਅਤੇ ਸਪਿਲਟ ਕਰਕੇ ਆਪਣੀ ਕੈਟੇਗਰੀ ਡਾਊਨ ਸ਼ੋ ਕਰਦੇ ਹਨ। ਜਲੰਧਰ ਦੇ ਜਿਹੜੇ ਕੰਮਪੈਰੇਟਿਵਲੀ ਵੱਡੇ ਅਖਬਾਰ ਹਨ ਉਹ ਇਸ ਤਰ੍ਹਾਂ ਸਪਿਲਟ ਕਰਕੇ ਆਪਣੀ ਕੈਟੇਗਰੀ ਘਟਾ ਦਿੰਦੇ ਹਨ। ਇਹ ਟੈਨੈਂਨਸੀ ਖ਼ਤਮ ਕਰਵਾਉਣੀ ਚਾਹੀਦੀ ਹੈ।

ਅਗਲੀ ਗੱਲ ਮੈਂ ਡਿਪਟੀ ਸਪੀਕਰ ਸਾਹਿਬ, ਇਹ ਕਹਿਣੀ ਚਾਹੁੰਦਾ ਹਾਂ ਕਿ ਅਖਬਾਰਾਂ ਜਾਂ ਤਾਂ ਸਰਕਾਰ ਦੀਆਂ ਹੋਣ, ਜਾਂ ਟਰੇਡ ਯੂਨੀਅਨਾਂ ਦੀਆਂ ਹੋਣ ਜਾਂ ਪੁਲੀਟੀਕਲ ਪਾਰਟੀਆਂ ਦੀਆਂ ਹੋਣ, ਕੋਈ ਕਿਸੇ ਇੰਡੀਵੀਜੁਅਲ ਦੀ ਅਖਬਾਰ ਨਹੀਂ ਹੋਣੀ ਚਾਹੀਦੀ।

ਵਿੱਤ ਮੰਤਰੀ: ਡਿਪਟੀ ਸਪੀਕਰ ਸਾਹਿਬ, ਇਹ ਪੁਆਇੰਟ ਆਫ਼ ਆਰਡਰ ਤਾਂ ਨਹੀਂ ਹੈ।

ਸ੍ਰੀ ਡਿਪਟੀ ਸਪੀਕਰ: ਮੈਂ ਵੈਸੇ ਹੀ ਉਨ੍ਹਾਂ ਨੂੰ ਦੋ ਮਿੰਟ ਬੋਲਣ ਲਈ ਟਾਇਮ ਦਿੱਤਾ ਹੈ। (I have allowed him to speak for two minutes only)

ਕਾਮਰੇਡ ਸਤਪਾਲ ਡਾਂਗ: ਮੈਂ ਅਰਜ਼ ਕਰ ਰਿਹਾ ਸਾਂ ਕਿ ਕਿਸੇ ਇੰਡੀਵੀਜੂਅਲ ਦੀ ਅਖ਼ਬਾਰ ਨਹੀਂ ਹੋਣੀ ਚਾਹੀਦੀ, ਤਾਂ ਕਿ ਕੋਈ ਨਫ਼ਾ ਨਾ ਕਮਾ ਸਕੇ।

ਫਿਰ ਇਸ ਤੋਂ ਅਗਲੀ ਗੱਲ ਮੈਂ ਸਰਕਾਰੀ ਵਤੀਰੇ ਦੀ ਕਰਨੀ ਹੈ। ਡਿਪਟੀ ਸਪੀਕਰ ਸਾਹਿਬ, ਸਰਕਾਰ ਲੱਖਾਂ ਰੁਪਏ ਦੇ ਇਸ਼ਤੇਹਾਰ ਇਨ੍ਹਾਂ ਅਖਬਾਰਾਂ ਨੂੰ ਦਿੰਦੀ ਹੈ। ਕਿਉਂ ਨਹੀਂ ਇਨ੍ਹਾਂ ਤੇ ਦਬਾਅ ਪਾਉਂਦੀ। ਜੇ ਸਰਕਾਰ ਅਖਬਾਰਾਂ ਨੂੰ ਇਸ਼ਤੇਹਾਰ ਬੰਦ ਕਰਨ ਦੀ ਧਮਕੀ ਦੇਵੇ ਤਾਂ ਫਿਰ ਵੇਖੀਏ ਕਿਸ ਤਰ੍ਹਾਂ ਹਿੰਦ ਸਮਾਚਾਰ ਨਹੀਂ ਮੰਨਦਾ ਅਤੇ ਕਿਸ ਤਰ੍ਹਾਂ ਮਿਲਾਪ ਨਹੀਂ ਮੰਨਦਾ।

ਫਿਰ ਡਿਪਟੀ ਸਪੀਕਰ ਸਾਹਿਬ, ਇਥੇ ਨਵੇਂ ਜ਼ਮਾਨੇ ਦੀ ਗੱਲ ਕੀਤੀ ਗਈ। ਮੈਂ ਇਸ ਬਾਰੇ ਕਹਿ ਦੇਣਾ ਚਾਹੁੰਦਾ ਹਾਂ ਕਿ ਜੋ ਵੀ ਕੁਝ ਮਿਲਾਪ ਦੇਵੇਗਾ, ਨਵਾਂ ਜ਼ਮਾਨਾ ਉਸ ਤੋਂ ਪਿਛੇ ਨਹੀਂ ਰਹੇਗਾ। ਇਸ ਦੇ ਨਾਲ ਹੀ ਮੈਂ ਮਨਿਸਟਰ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਉਹ ਮਿਨੀ ਬੱਸਾਂ ਛੇਤੀ ਚਲਾਉਣ।

ਹੁਣ ਮੈਂ ਚੌਧਰੀ ਸਾਹਿਬ ਦੀ ਇਕ ਗੱਲ ਦਾ ਜਵਾਬ ਦੇਣਾ ਚਾਹੁੰਦਾ ਹਾਂ। ਨਵਾਂ ਜ਼ਮਾਨਾ ਦੀ ਬੈਲੈਂਸ ਸ਼ੀਟ ਉਸ ਦੇ ਵਰਕਰਾਂ ਦੇ ਸਾਹਮਣੇ ਖੁਲ੍ਹੀ ਪਈ ਹੈ। ਭਾਵੇਂ ਇਹ ਕਾਨੂੰਨੀ ਤੌਰ ਤੇ ਸਾਡੀ ਪਾਰਟੀ ਦਾ ਅਖ਼ਬਾਰ ਨਹੀਂ ਪਰ ਫਿਰ ਵੀ ਅਸੀਂ ਯਬ ਜੀ ਵਾਂਗ ਇਨਕਾਰ ਨਹੀਂ ਕਰਦੇ ਕਿ ਇਹ ਸਾਡਾ ਪਾਰਟੀ ਦਾ ਅਖਬਾਰ ਨਹੀਂ ਹੈ। ਇਹ ਅਖਬਾਰ ਘਾਟੇ

(ਕਾਮਰੇਡ ਸੱਤਪਾਲ ਡਾਂਗ)

ਵਿਚ ਚਲ ਰਿਹਾ ਹੈ ਅਤੇ ਸਾਰੀ ਬੈਲੈਂਸ ਸ਼ੀਟ ਵਰਕਰਾਂ ਦੇ ਅਗੇ ਖੁਲ੍ਹੀ ਹੈ। ਉਨ੍ਹਾਂ ਵਰਕਰਾਂ ਨੇ ਹੀ ਇਹ ਘਾਟਾ ਪੂਰਾ ਕਰਨਾ ਹੈ। ਸਿਰਫ਼ ਮੈਂ ਮਨਿਸਟਰ ਸਾਹਿਬ ਨੂੰ ਫਿਰ ਇਹ ਅਰਜ਼ ਕਰਦਾ ਹਾਂ ਕਿ ਮਿਨੀ ਬੱਸ ਛੇਤੀ ਤੋਂ ਛੇਤੀ ਚਲਾਓ ਤਾਂ ਕਿ ਛੋਟੀਆਂ ਅਖਬਾਰਾਂ ਦਾ ਟੈਕਸੀਆਂ ਤੋਂ ਛੁਟਕਾਰਾ ਹੋ ਸਕੇ।

(ਇਸ ਵੇਲੇ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ।)

ਚੌਧਰੀ ਦਰਸ਼ਨ ਸਿੰਘ ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ ਤੁਹਾਡੇ ਆਉਣ ਤੋਂ ਪਹਿਲਾਂ ਇਥੇ ਡਾਂਗ ਸਾਹਿਬ ਨੇ ਇਹ ਕਿਹਾ ਸੀ ਕਿ ਜੋ ਕੁਝ ਮਿਲਾਪ ਆਪਣੇ ਵਰਕਰਾਂ ਨੂੰ ਦੇਵੇਗਾ ਉਹ ਕੁਝ ਨਵਾਂ ਜ਼ਮਾਨਾ ਵੀ ਦੇਵੇਗਾ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਆਪਣੀ ਪਾਲੀਸੀ ਵੀ ਮਿਲਾਪ ਵਾਲੀ ਹੀ ਕਰ ਲਏਗਾ। (ਹਾਸਾ)

ਸ੍ਰੀ ਸਪੀਕਰ: ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ। (It is not a point of order.)

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ, ਉਤਰੀ): ਸਪੀਕਰ ਸਾਹਿਬ, ਇਹ ਮਤਾ ਸ੍ਰੀ ਕਨੇਡੀਅਨ ਨੇ ਇਥੇ ਪੇਸ਼ ਕੀਤਾ ਹੈ। ਪਰ ਇਹ ਮਤਾ ਬੜਾ ਲੇਟ ਲਿਆਂਦਾ ਗਿਆ ਹੈ। ਇਹ ਮਾਸਟਰਾਂ ਬਾਰੇ, ਸਕੂਲ ਟੀਚਰਾਂ ਬਾਰੇ ਅਤੇ ਹੋਰ ਵਰਕਰਾਂ ਬਾਰੇ ਇਥੇ ਮਤੇ ਲਿਆਉਂਦੇ ਰਹਿੰਦੇ ਹਨ ਪਰ ਇਹ ਮਤਾ ਬੜਾ ਲੇਟ ਲੈ ਕੇ ਆਏ ਹਨ ਇਸ ਤੋਂ ਪੱਤਾ ਲਗਦਾ ਹੈ ਕਿ ਇਸ ਮਤੇ ਵਿਚ ਇਨ੍ਹਾਂ ਦੀ ਬਹੁਤੀ ਦਿਲਚਸਪੀ ਨਹੀਂ ਹੈ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੈਂ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਜੋ ਵਰਕਰਾਂ ਦੇ, ਜਰਨਲਿਸਟਾਂ ਦੇ ਮਸਲੇ ਹਨ ਉਹ ਹੱਲ ਹੋਣੇ ਚਾਹੀਦੇ ਹਨ। ਮਨਿਸਟਰ ਸਾਹਿਬ ਨੇ ਅਗੇ ਵੀ ਇਸ ਬਾਰੇ ਕੋਸ਼ਿਸ਼ ਕੀਤੀ ਹੈ ਅਤੇ ਹੁਣ ਵੀ ਕਰ ਰਹੇ ਹਨ ਕਿ ਕਿਸੇ ਤਰ੍ਹਾਂ ਇਹ ਮਸਲਾ ਹੱਲ ਹੋ ਜਾਵੇ। ਇਥੇ ਇਕ ਗੱਲ ਕਹੀ ਗਈ ਕਿ ਜਰਨਲਿਸਟਾਂ ਨੂੰ ਮਕਾਨ ਆਦਿ ਦੀਆਂ ਸਹੂਲਤਾ ਮਿਲਣੀਆਂ ਚਾਹੀਦੀਆਂ ਹਨ। ਇਸ ਬਾਰੇ ਮੈਂ ਅਰਜ਼ ਕਰ ਦਿਆਂ ਕਿ ਇਸ ਬਾਰੇ ਸਰਕਾਰ ਨੇ ਪਹਿਲੇ ਹੀ ਬਹੁਤ ਸਾਰੀਆਂ ਸਕੀਮਾਂ ਬਣਾਈਆਂ ਹੋਈਆਂ ਹਨ। ਇਨ੍ਹਾਂ ਦੀਆਂ ਕਲੋਨੀਆਂ ਬਣ ਰਹੀਆਂ ਹਨ ਉਨ੍ਹਾਂ ਨੂੰ ਪੈਸੇ ਉਧਾਰ ਦਿਤੇ ਜਾ ਰਹੇ ਹਨ। ਪਰ ਉਹ ਲੋਕ ਜੋ ਪਹਿਲਾਂ ਵੱਡੀਆਂ ਵੱਡੀਆਂ ਸੁਰਖੀਆਂ ਛਾਪਦੇ ਸੀ ਕਿ ਟੀਚਰਾਂ ਦੀ ਫਲਾਣੀ ਮੰਗ ਨਹੀਂ ਸਰਕਾਰ ਮੰਨ ਰਹੀ, ਫਲਾਣੇ ਦੀ ਇਹ ਗੱਲ ਸਰਕਾਰ ਨਹੀਂ ਮੰਨ ਰਹੀ, ਹੁਣ ਉਨ੍ਹਾਂ ਦੇ ਆਪਣੇ ਘਰ ਵਿਚ ਹੜਤਾਲ ਹੋਈ ਹੈ ਤਾਂ ਹੁਣ ਉਹ ਚੁਪ ਕਿਉਂ ਹਨ ਉਨ੍ਹਾਂ ਦੀਆਂ ਸੁਰਖੀਆਂ ਹੁਣ ਕਿਥੇ ਹਨ। ਮੈਂ ਹੁਣ ਵੀ ਇਨ੍ਹਾਂ ਨੂੰ ਅਰਜ਼ ਕਰਦਾ ਹਾਂ ਕਿ ਸਾਰੇ ਰਲ ਕੇ, ਸ਼ਰਮਾਂ ਸਾਹਿਬ ਨੂੰ ਨਾਲ ਲੈ ਕੇ ਇਹ ਝਗੜਾ ਮੁਕਾ ਦਿਓ। ਇਕ ਗੱਲ ਮੈਂ ਹੋਰ ਅਰਜ਼ ਕਰ ਦੇਵਾਂ ਕਿ ਸਾਡੀ ਪਾਰਟੀ ਦਾ ਕੋਈ ਅਖਬਾਰ ਨਹੀਂ ਹੈ। ਜੇ ਕਿਸੇ ਇਕ ਵਿਅਕਤੀ ਦਾ ਅਖਬਾਰ ਹੋਵੇ ਤਾਂ ਪਾਰਟੀ ਉਸ ਦੀ ਜ਼ਿਮੇਵਾਰ ਨਹੀਂ ਹੈ। ਪਾਰਟੀ ਦਾ ਆਪਣਾ ਕੋਈ ਅਖਬਾਰ ਨਹੀਂ ਹੈ। ਅਗਲੀ ਗੱਲ ਸਪੀਕਰ ਸਾਹਿਬ, ਮੈਂ ਇਹ ਕਰਨੀ ਹੈ ਕਿ ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਅਖਬਾਰ ਡੈਮੋਕਰੇਸੀ ਵਿਚ ਇਕ ਖਾਸ ਤਾਕਤ ਹੁੰਦੇ ਹਨ। ਉਨ੍ਹਾਂ ਨੂੰ ਇਥੇ ਪੰਜਾਬ ਵਿਚ ਵੀ ਅਤੇ ਬਾਹਰ ਵੀ ਆਪਣੀ ਮਰਜ਼ੀ ਨਾਲ ਲਿਖਣ ਦੀ ਖੁਲ੍ਹ ਹੋਣੀ ਚਾਹੀਦੀ ਹੈ। ਪਰ ਜੇ ਸਾਰੀਆਂ ਅਖਬਾਰਾਂ ਨੈਸ਼ਨੇਲਾਈਜ਼ ਹੋ ਗਈਆਂ ਤਾਂ ਉਨ੍ਹਾਂ ਵਿਚ ਸਿਰਫ਼ ਸਰਕਾਰੀ

ਪਰਚਾਰ ਹੀ ਹੋਇਆ ਕਰੇਗਾ। ਕੋਈ ਹੋਰ ਇੰਡੀਪੈਂਡੈਂਟ ਓਪੀਨੀਅਨ ਨਹੀਂ ਆਇਆ ਕਰੇਗੀ। ਮੈਂ ਬਹੁਤਾ ਕੁਝ ਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਇਹ ਹੀ ਅਰਜ਼ ਕਰਦਾ ਹਾਂ ਕਿ ਇਹ ਅਖਬਾਰ ਪੰਜਾਬ ਵਿਚ ਤਾਲੀਮ ਦਾ ਇਕ ਬਹੁਤ ਵੱਡਾ ਜ਼ਰੀਆ ਹਨ ਇਹ ਬੰਦ ਨਹੀਂ ਹੋਣੇ ਚਾਹੀਦੇ। ਔਰ ਇਸ ਲਈ ਮੈਂ ਅਰਜ਼ ਕਰਦਾ ਹਾ ਕਿ ਜਰਨਲਿਸਟ ਅਤੇ ਨਾਨਵਰਕਿੰਗ ਜਰਨਲਿਸਟ ਦੇ ਮਸਲੇ ਹੱਲ ਹੋਣੇ ਚਾਹੀਦੇ ਹਨ। ਮੈਂ ਅਖੀਰ ਵਿਚ ਸ਼ਰਮਾ ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਇਨਾਂ ਨੂੰ ਸਮਝਾਉਣ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਜਲੰਧਰ ਦੇ 12 ਅਖਬਾਰਾਂ ਵਿਚ ਜੋ ਲਗਾਤਾਰ 24 ਦਿਨ ਦੀ ਹੜਤਾਲ ਚਲੀ ਆ ਰਹੀ ਹੈ ਉਹ ਕਿਉਂ ਕੀਤੀ ਗਈ ਹੈ ਇਸ ਦਾ ਕਾਰਣ ਹੈ ਮਹਿੰਗਾਈ। ਮਹਿੰਗਾਈ ਦਿਨੋ ਦਿਨ ਵੱਧਦੀ ਜਾ ਰਹੀ ਹੈ ਅਤੇ ਇਸ ਦਾ ਅਸਰ ਹਰ ਵਰਗ ਤੇ ਹੋ ਰਿਹਾ ਹੈ। ਅਖਬਾਰੀ ਕਾਮਿਆਂ ਤੇ ਵੀ ਮਹਿੰਗਾਈ ਅਸਰ ਕਰ ਰਹੀ ਹੈ ਪਰ 1967 ਵਿਚ ਉਨ੍ਹਾਂ ਨੂੰ 21.50 ਰੁਪਏ ਮਹਿੰਗਾਈ ਅਲਾਊਂਸ ਦੇ ਕੇ ਅਤੇ ਬਾਅਦ ਵਿਚ 7.50 ਰੁਪਏ ਦਿਤੇ ਗਏ ਅਤੇ ਉਹ ਚੁਪ ਕਰ ਗਏ। ਹਾਲਾਂਕਿ ਮਹਿੰਗਾਈ ਰੋਜ਼ ਰੋਜ਼ ਵੱਧਦੀ ਜਾ ਰਹੀ ਹੈ। ਜਰਨਲਿਸਟ ਨੇ ਆਪਣਾ ਪੇਟ ਵੀ ਪਾਲਣਾ ਹੈ ਅਤੇ ਆਪਣੇ ਬਾਲ ਬਚਿਆਂ ਦਾ ਪੇਟ ਵੀ ਪਾਲਣਾ ਹੈ। ਇਸ ਲਈ ਜੋ ਵੇਜ ਬੋਰਡ ਨੇ ਵੇਜਿਜ਼ ਮੁਕਰਰ ਕੀਤੀਆਂ ਹਨ ਉਹ ਉਨਾਂ ਨੂੰ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ। ਫਿਰ ਉਨ੍ਹਾਂ ਨੇ ਜੋ ਇਹ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਬੁਨਿਆਦੀ ਤਨਖਾਹ ਵਿਚ 25% ਦਾ ਵਾਧਾ ਹੋਵੇ ਇਹ ਵੀ ਬਿਲਕੁਲ ਠੀਕ ਅਤੇ ਵਾਜਬ ਮੰਗ ਹੈ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਥੇ ਹਾਲ ਹੀ ਵਿਚ ਕਾਲਜ ਦੇ ਟੀਚਰਾਂ ਨੂੰ ਅਤੇ ਹੋਰ ਸਰਕਾਰੀ ਕਰਮਚਾਰੀਆਂ ਨੂੰ ਰਲੀਫ਼ ਦਿਤੀ ਗਈ। ਪਰ ਮੈਂ ਅਖਬਾਰ ਦੇ ਮਾਲਕਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਅਖਬਾਰਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਕੀ ਮਹਿੰਗਾਈ ਨਹੀਂ ਲਗਦੀ। ਇਸ ਲਈ ਮੈਂ ਸਮਝਦਾ ਹਾਂ ਕਿ ਉਨਾਂ ਨੂੰ ਇਹ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ। ਪਰ ਪਰਵਾਨ ਕਰਨ ਵਿਚ ਕੀ ਦਿੱਕਤ ਪੇਸ਼ ਅਉਂਦੀ ਹੈ। ਸਾਡੀ ਸਰਕਾਰ ਇਹ ਪਰਵਾਨ ਕਰਨ ਵਿਚ ਅਸਮਰਥ ਹੈ, ਅਵੇਸਲੀ ਹੈ, ਕਿਉਂਕਿ ਪਿਛੇ ਜਿਹੇ ਜਿਹੜਾ ਲੁਧਿਆਣੇ ਵਿਚ ਹੌਜ਼ਰੀ ਦੇ ਮਾਲਕਾਂ ਅਤੇ ਹੌਜ਼ਰੀ ਦੇ ਕਾਮਿਆਂ ਵਿਚ ਝਗੜਾ ਉਤਪਨ ਹੋ ਗਿਆ ਸੀ ਉਹਦੇ ਵਿਚ ਸਰਕਾਰ ਵਲੋਂ ਉਠਾਏ ਗਏ ਕਦਮਾਂ ਸਦਕਾ ਹੀ ਉਹ ਸਮਝੌਤਾ ਹੋ ਗਿਆ ਸੀ। ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਸੇ ਤਰ੍ਹਾਂ ਹੀ ਇਸ ਮਸਲੇ ਵਿਚ ਵੀ ਦਖਲ ਦੇਕੇ ਅਖਬਾਰਾਂ ਦੇ ਕਾਮਿਆਂ ਦੀਆਂ ਮੰਗਾਂ ਨੂੰ ਛੇਤੀ ਤੋਂ ਛੇਤੀ ਹੱਲ ਕੀਤਾ ਜਾਵੇ ਤਾਂ ਕਿ ਇਹ ਲੋਕ ਆਪਣਾ ਗੁਜ਼ਾਰਾ ਚੰਗੀ ਤਰਾਂ ਕਰ ਸਕਣ (ਘੰਟੀ) ਇਹ ਨਹੀਂ ਕਹਿਣਾ ਚਾਹੀਦਾ ਕਿ ਸਰਕਾਰ ਦਾ ਇਹਦੇ ਨਾਲ ਕੋਈ ਤਾਅੱਲੁਕ ਨਹੀਂ ਹੈ। ਹਾਲਾਂ ਕਿ ਹੋਰ ਸੂਬਿਆਂ ਵਿਚ ਵੀ ਬੰਗਾਲ ਵਿਚ ਪਾਂਡੀ ਯੂਨੀਅਨ ਜਿਸ ਦਾ ਸਰਕਾਰ ਨਾਲ ਕੋਈ ਤਾਅਲੁਕ ਨਹੀਂ ਸੀ ਉਥੇ ਦੇ ਕਾਮਰੇਡ ਜਿਊਤੀ ਬਾਸੂ ਨੇ ਦਖਲ ਦੇਕੇ ਇਸ ਹੜਤਾਲ ਨੂੰ ਖਤਮ ਕਰਾਇਆ ਸੀ ਅਤੇ ਉਨ੍ਹਾਂ ਦੀ ਤਨਖਾਹ ਵਿਚ ਵਾਧਾ ਕਰਾਇਆ ਸੀ। ਇਸ ਗੱਲ ਨੂੰ ਮੁਖ ਰਖਦੇ ਹੋਏ ਇਥੇ ਵੀ ਸਰਕਾਰ ਨੂੰ ਅਖਬਾਰਾਂ ਦੇ ਮਾਲਕਾਂ ਅਤੇ ਕਾਮਿਆਂ ਦੇ ਦਰਮਿਆਨ ਇਸ ਝਗੜੇ ਨੂੰ ਨਿਪਟਾਇਆ ਜਾਣਾ ਚਾਹੀਦਾ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ (ਵਿਘਨ) ਅਖਬਾਰੀ ਕਾਮਿਆਂ ਦੀਆਂ ਮੰਗਾਂ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ। (ਵਿਘਨ)

ਸ੍ਰੀ ਯਸ਼ ਪਾਲ (ਜਾਲੰਧਰ ਦੱਖਣ) : ਸਪੀਕਰ ਸਾਹਿਬ, ਇਸ ਡਿਸਕਸ਼ਨ ਵਿਚ ਮੇਰਾ ਹਿੱਸਾ ਲੈਣ ਦਾ ਕੋਈ ਇਰਾਦਾ ਨਹੀਂ ਸੀ ਕਿਉਂਕਿ ਮੇਰੀ ਪੁਜ਼ੀਸ਼ਨ ਇਸ ਮਾਮਲੇ ਵਿਚ ਨਾਜ਼ੁਕ ਜਿਹੀ ਹੈ । ਗੱਲ ਇਹ ਹੈ ਕਿ ਮੈਂ ਆਪਣੇ ਆਪ ਨੂੰ ਅਮਲੀ ਤੌਰ ਤੇ ਕਦੇ ਵੀ ਮਾਲਕ ਨਹੀਂ ਸਮਝਿਆ ਹੈ । ਮੈਂ ਵਰਕਿੰਗ ਜਰਨਲਿਸਟ ਹਾਂ । (ਵਿਘਨ)

ਇਸ ਕਰਕੇ ਮੈਂ ਚਾਹੁੰਦਾ ਸੀ ਕਿ ਮੈਂ ਨਾ ਬੋਲਾਂ । ਸਰਕਾਰ ਜਿਹੜੀ ਕੋਸ਼ਿਸ਼ ਕਰ ਰਹੀ ਹੈ ਉਹ ਸਿਰੇ ਚੜ੍ਹਾਈ ਜਾਵੇ ਤਾਂ ਚੰਗੀ ਗੱਲ ਹੈ । ਵਿਘਨ)

ਇਕ ਦੋ ਗੱਲਾਂ ਅਜਿਹੀਆਂ ਹੋਈਆਂ ਹਨ ਜਿਸ ਦੇ ਮੁਤਅੱਲਕ ਮੈਂ ਬੇਨਤੀ ਕਹਨਾ ਚਾਹੁੰਦਾ ਹਾਂ ਕਿਉਂਕਿ ਮੈਬਰਾਂ ਵਲੋਂ ਇਹ ਮੰਗ ਆ ਗਈ ਹੈ ਕਿ ਅਖਬਾਰਾਂ ਨੂੰ ਨੈਸ਼ਨੈਲਾਈਜ਼ ਕਰਨਾ ਚਾਹੀਦਾ ਹੈ । ਮੇਰੀ ਇਹ ਰਾਏ ਹੈ ਕਿ ਜਿਹੜੇ ਲੋਕ ਅਖਬਾਰਾਂ ਦੀ ਨੈਸ਼ਨੇਲਾਈਜੇਸ਼ਨ ਦੀ ਮੰਗ ਕਰਦੇ ਹਨ ਉਨ੍ਹਾਂ ਦਾ ਪਰਜਾਤੰਤਰ ਵਿਚ ਵਿਸ਼ਵਾਸ਼ ਨਹੀਂ ਹੈ । ਕਿਸੇ ਹੋਰ ਮੈਂਬਰ ਵਲੋਂ ਇਹ ਰਾਏ ਆ ਜਾਂਦੀ ਤਾਂ ਕੋਈ ਗੱਲ ਨਹੀਂ ਸੀ ਪਰ ਮੈਨੂੰ ਅਫਸੋਸ ਹੈ ਕਿ ਕਮਿਊਨਿਸਟ ਪਾਰਟੀ ਦੇ ਲੀਡਰ ਵਲੋਂ ਇਹ ਗੱਲ ਆਈ ਹੈ ਕਿ ਅਖਬਾਂਰਾਂ ਤਾਂ ਪਾਰਟੀ ਦੀਆਂ ਹੋਣੀਆਂ ਚਾਹੀਦੀਆਂ ਹਨ ਜਾਂ ਸਰਕਾਰ ਦੀਆਂ ਹੋਣੀਆਂ ਚਾਹੀਦੀਆਂ ਹਨ । ਇਹਦਾ ਇਹ ਮਤਲਬ ਹੋਇਆ ਕਿ ਆਮ ਲੋਕਾਂ ਦਾ ਕੋਈ ਅਖਬਾਰ ਨਹੀਂ ਹੋ ਸਕਦਾ । ਇਸ ਬਾਰੇ ਵਿਚ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਵਿਚ ਕੋਈ ਗ਼ਲਤ ਫਹਿਮੀ ਨਹੀਂ ਹੋਣੀ ਚਾਹੀਦੀ ਕਿ ਜਿਹੜੇ ਪਰਜਾ-ਤੰਤਰ ਵਿਚ ਵਿਸ਼ਵਾਸ਼ ਰਖਦੇ ਹਨ ਉਨ੍ਹਾਂ ਨੂੰ ਅਖਬਾਰਾਂ ਦੀ ਆਜ਼ਾਦੀ ਵਾਸਤੇ ਲੜਨਾ ਪਵੇਗਾ । ਅਸੀਂ ਲੜਦੇ ਪਏ ਹਾਂ । ਜਦੋਂ ਕਿ ਲੋਕਾਂ ਨੇ ਆਜ਼ਾਦੀ ਦਾ ਨਾਂਉਂ ਨਹੀਂ ਸੀ ਸੁਣਿਆ ਉਦੋਂ ਦਾ ਇਹ ਅਖਬਾਰਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਵਿਚ ਬਹੁਤ ਹਿੱਸਾ ਪਾਇਆ ਹੈ । ਇਨ੍ਹਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ, ਕਈ ਕਈ ਹਜ਼ਾਰ ਰੁਪਿਆ ਦੀ ਇਨ੍ਹਾਂ ਦੀਆਂ ਜ਼ਮਾਨਤਾਂ ਹੋਈਆਂ, ਘਰ ਵਾਲੇ ਕੈਦ ਹੋਏ, ਜਾਇਦਾਦਾਂ ਜ਼ਬਤ ਹੋਈਆਂ । ਇਹ ਨੈਸ਼ਨੇਲਾਈਜੇਸ਼ਨ ਦੀ ਗੱਲ ਕਰਦੇ ਹਨ, ਇਹ ਬੁਨਿਆਦੀ ਤੌਰ ਤੇ ਗਲਤ ਗੱਲ ਹੈ ਪਾਰਟੀ ਦਾ ਅਖਬਾਰ ਕੋਈ ਨਹੀਂ ਚਲਦਾ । ਇਹ ਕਹਿੰਦੇ ਹਨ ਕਿ ਜੋ ਮਿਲਾਪ ਵਾਲੇ ਕਰਨਗੇ ਉਹੀ ਨਵੇਂ ਜ਼ਮਾਨੇ ਵਾਲੇ ਕਰ ਦੇਣਗੇ । (ਵਿਗਨ)

ਇਹ ਗੱਲ ਠੀਕ ਨਹੀਂ ਹੈ । ਨਵੇਂ ਜ਼ਮਾਨੇ ਵਾਲਿਆਂ ਨੇ ਤਾਂ ਚੰਦਾ ਇਕੱਠਾ ਕਰਨਾ ਹੁੰਦਾ ਹੈ । ਡਾਂਗ ਸਾਹਿਬ ਛੇ ਮਹੀਨੇ ਵਜ਼ੀਰ ਰਹੇ ਕਮਿਊਨਿਸਟ ਪਾਰਟੀ ਦਾ ਭਵਨ ਬਣ ਗਿਆ । ਮੈਂ ਨਵੇਂ ਜ਼ਮਾਨੇ ਦੇ ਖਿਲਾਫ ਨਹੀਂ ਕਿਉਂਕਿ ਉਨ੍ਹਾਂ ਦੀ ਮਜਬੂਰੀ ਹੈ । (ਵਿਘਨ)

ਇਸੇ ਤਰ੍ਹਾਂ ਇਹ ਕਹਿਣਾ ਕਿ ਪੰਜਾਬ ਸਰਕਾਰ ਇਸ਼ਤਿਹਾਰਾਂ ਬਾਰੇ ਕੋਈ ਵਿਤਕਰਾ ਕਰਦੀ ਪਈਂ ਹੈ, ਇਹ ਗਲਤ ਗੱਲ ਹੈ । ਇਹ ਸਰਕਾਰ ਨੇ ਅੱਜ ਤੱਕ ਸਭ ਅਖਬਾਂਰਾਂ ਨੂੰ ਬਰਾਬਰ ਬਰਾਬਰ ਇਸ਼ਤਿਹਾਰ ਦਿਤੇ ਹਨ । ਕੋਈ ਭੇਦ ਭਾਵ ਨਹੀਂ ਹੈ ਚਾਹੇ ਕੋਈ ਕਾਂਗਰਸੀ ਹੈ, ਚਾਹੇ ਐਂਟੀ ਕਾਂਗਰਸ ਹੈ, ਚਾਹੇ ਅਕਾਲੀ ਹੈ ਚਾਹੇ ਕਮਿਊਨਿਸਟ ਹੈ ਅਤੇ ਚਾਹੇ ਕੋਈ ਹੋਰ ਕਿਸੇ ਪਾਰਟੀ ਨੂੰ ਬਿਲੌਂਗ ਕਰਦਾ ਹੈ । ਇਸ ਸਰਕਾਰ ਨੇ ਕੋਈ ਵਿਤਕਰੇ ਵਾਲੀ ਗੱਲ ਨਹੀਂ ਕੀਤੀ ਹੈ ।

ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਕੋਈ ਸੌਖੀ ਗੱਲ ਨਹੀਂ। ਜਿਥੋਂ ਤੱਕ ਅਖਬਾਰਾਂ ਦਾ ਤਾਲੁਕ ਹੈ ਅਜ ਤੋਂ ਤਕਰੀਬਨ ਛੇ ਸਤ ਮਹੀਨੇ ਪਹਿਲਾਂ ਮੈਂ ਅਖਬਾਰਾਂ ਵਾਲਿਆਂ ਨੂੰ ਬੇਨਤੀ ਕੀਤੀ ਸੀ, ਕੁਝ ਲੋਕਾਂ ਨੂੰ ਗਲਤ ਫਹਿਮੀ ਹੈ ਕਿ ਇਹ ਇਧਰ ਉਧਰ ਹਨ, ਕਿ ਪੰਜ ਆਦਮੀਆਂ ਦੀ ਕਮੇਟੀ ਬਣਾ ਲਿਤੀ ਜਾਵੇ ਅਤੇ ਇਹ ਕਮੇਟੀ ਇਹ ਦੇਖ ਲਿਆ ਕਰੇ ਕਿ ਕਿੰਨੀ ਆਮਦਨੀ ਹੁੰਦੀ ਹੈ, ਕਿੰਨਾ ਖਰਚ ਹੁੰਦਾ ਹੈ ਅਤੇ ਬਾਕੀ ਜੋ ਬਚਦਾ ਹੈ ਉਸ ਨੂੰ ਆਪਸ ਵਿਚ ਵੰਡ ਲਿਆ ਕਰਨ। (ਵਿਘਨ) ਇਹ ਮੈਂ ਮਹਿਸੂਸ ਕਰਦਾ ਹਾਂ ਕਿ 100, 200, 300, ਅਤੇ 400 ਰੁਪਏ ਵਿਚ ਗੁਜ਼ਾਰਾ ਨਹੀਂ ਹੁੰਦਾ ਅਤੇ ਜਿਸ ਤਰ੍ਹਾਂ ਨਾਲ ਮਹਿੰਗਾਈ ਵੱਧ ਗਈ ਹੈ ਉਸ ਹਿਸਾਬ ਨਾਲ ਤਨਖਾਹ ਨਹੀਂ ਵਧੀ ਹੈ। ਜੋ ਪਹਿਲਾਂ ਗੌਰਮਿੰਟ ਆਫ ਇੰਡੀਆ ਨੇ ਜਰਨਲਿਸਟਾਂ ਬਾਰੇ ਇਕ ਵੇਜ ਬੋਰਡ ਮੁਕਰੱਰ ਕੀਤਾ ਸੀ। ਉਹਦੀ ਸਿਫਾਰਸ਼ਾਂ ਨੂੰ ਹਿੰਦੁਸਤਾਨ ਭਰ ਵਿਚ ਸਾਰੇ ਜਰਨਲਿਸ਼ਟਾਂ ਦੀ ਐਸੋਸੀਏਸ਼ਨ ਨੇ ਮੰਨਿਆਂ ਸੀ। ਇਸ ਲਈ ਹੁਣ ਨਵੇਂ ਵੇਜ ਬੋਰਡ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। ਅਤੇ ਇਸ ਵਿਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਇਹ ਮਸਲਾ ਇੱਕਲੇ ਜਲੰਧਰ ਦਾ ਨਹੀਂ ਹੈ ਬਲਕਿ ਇਹ ਸਾਰੇ ਹਿੰਦੁਸਤਾਨ ਦਾ ਹੈ। ਜਿਸ ਤਰ੍ਹਾਂ ਸਾਰੇ ਹਿੰਦੁਸਤਾਨ ਵਿਚ ਇਸ ਮਾਮਲੇ ਵਿਚ ਤਨਖਾਹਾਂ ਮੁਕਰੱਰ ਹੋਣਗੀਆਂ ਉਹੀ ਜਾਲੰਧਰ ਵਿਚ ਹੋ ਜਾਣਾ ਚਾਹੀਦਾ ਹੈ। ਅਗਰ ਕੋਈ ਅਖਬਾਰ ਗੌਰਮਿੰਟ ਦੇ ਕਿਸੇ ਕਾਨੂੰਨ ਦੇ ਤਹਿਤ ਕੰਮ ਨਹੀਂ ਕਰਦਾ ਤਾਂ ਉਸ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਇਸ ਵੇਲੇ ਇਸ ਸਵਾਲ ਨੂੰ ਠੰਡੇ ਦਿਲ ਨਾਲ, ਗੁਡਵਿਲ ਨਾਲ ਸੋਚਣ ਦੀ ਲੋੜ ਹੈ। ਕਾਰਖਾਨਿਆਂ ਵਿਚ ਰੂੰ, ਪਥਰ ਅਤੇ ਲੋਹੇ ਨਾਲ ਕੰਮ ਕਰਨਾ ਪੈਂਦਾ ਹੈ। ਪਰ ਅਖਬਾਰ ਵਾਲਿਆਂ ਨੂੰ ਦਿਮਾਗ ਤੋਂ ਕੰਮ ਲੈਣਾਂ ਪੈਂਦਾ ਹੈ। (ਵਿਘਨ)

ਲੇਬਰ ਮਨਿਸਟਰ ਸਾਹਿਬ ਨੇ ਅੱਗੇ ਹੀ ਬੜੇ ਯਤਨ ਕੀਤੇ ਹਨ ਕਿਉਂਕਿ ਪੰਜਾਬ ਸਰਕਾਰ ਨੂੰ ਵੀ ਲੋੜ ਹੈ ਕਿ ਅਖਬਾਰ ਚਲਣ। ਅਖਬਾਰ ਚਲਣਗੇ ਤਾਂ ਲੋਕਾਂ ਨੂੰ ਪੱਤਾ ਲਗੇਗਾ ਕਿ ਲੈਂਡ ਸ਼ੀਲਿੰਗ ਬਿੱਲ ਪਾਸ ਹੋਗਿਆ ਹੈ। ਜੋ ਪੰਜਾਬ ਸਰਕਾਰ ਕਰ ਰਹੀ ਹੈ ਉਹਦਾ ਚੰਗਾ ਪਰਚਾਰ ਤਾਂ ਹੀ ਹੋਵੇਗਾ ਜੇ ਅਖਬਾਰ ਨਿਕਲਦੇ ਰਹਿਣਗੇ। ਮੈਂ ਇਹ ਬੇਨਤੀ ਕਰਦਾਂ ਹਾਂ ਕਿ ਪੰਜਾਬ ਸਰਕਾਰ ਸਦ-ਭਾਵਨਾ ਪੈਦਾ ਕਰਕੇ ਇਸ ਮਸਲੇ ਨੂੰ ਨਜਿੱਠਨ ਦੀ ਕੋਸ਼ਿਸ਼ ਕਰੇ। (ਵਿਘਨ)

PERSONAL EXPLANATION BY COMRADE SATYA PAL DANG.

ਕਾਮਰੇਡ ਸਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ। ਯਸ਼ ਸਾਹਿਬ ਨੇ ਬੜੀ ਪੁਰਾਣੀ ਅਤੇ ਬੋਦੀ ਗੱਲ ਇਥੇ ਰੀਪੀਟ ਕੀਤੀ ਹੈ ਕਿ ਜਦੋਂ ਮੈਂ ਇਥੇ ਸਤ ਮਹੀਨੇ ਮਨਿਸਟਰ ਰਿਹਾ ਤਾਂ ਕਮਿਉਨਿਸਟ ਪਾਰਟੀ ਨੇ ਭਵਨ ਬਣਾ ਲਿਆ। ਸਪੀਕਰ ਸਾਹਿਬ, ਮੈਂ ਇਸ ਹਾਊਸ ਵਿਚ ਅਗੇ ਵੀ ਕਹਿ ਚੁਕਾ ਹਾਂ ਅਤੇ ਹੁਣ ਫੇਰ ਕਹਿੰਦਾ ਹਾਂ ਕਿ ਅਗਰ ਸਰਕਾਰ ਦੀ ਸਾਰੀ ਮਸ਼ੀਨੀਰੀ ਲਗਾਕੇ ਕੋਈ ਸਾਬਤ ਕਰ ਦੇਣ ਕਿ ਜਿੰਨੀ ਦੇਰ ਮੈਂ ਮਨਿਸਟਰ ਰਿਹਾ, ਮਨਿਸਟਰੀ ਦੀ ਪੁਜ਼ੀਸ਼ਨ ਵਰਤ ਕੇ ਮੈਂ ਜਾਂ ਮੇਰੀ ਪਾਰਟੀ ਨੇ ਚੰਡੀਗੜ੍ਹ ਦੇ ਦਫਤਰ ਲਈ ਇਕ ਪੈਸਾ ਜਾਂ ਕੋਈ ਰਕਮ ਕਿਸੇ ਥਾਂ ਤੋਂ ਇੱਕਠੀ ਕੀਤੀ ਹੋਵੇ ਤਾਂ ਮੈਂ ਸਿਆਸਤ ਛੱਡਣ ਨੂੰ ਤਿਆਰ ਹਾਂ। (ਥੰਪਿਗ) (ਵਿਘਨ)

[ਕਾਮਰੇਡ ਸੱਤਪਾਲ ਡਾਂਗ]

ਇਸ ਨੂੰ ਵੱਡਾ ਭਵਨ ਕਹਿ ਲਵੋ ਜਾਂ ਕਮਿਉਨਿਸਟ ਪਾਰਟੀ ਦੀ ਹੋਰ ਜਾਇਦਾਦ ਜਿਹੜੀ ਹੈ ਉਹ ਸਾਰੀ ਦੀ ਸਾਰੀ ਦੇਣ ਨੂੰ ਤਿਆਰ ਹਾਂ ਜੇ ਇਹ ਮਿਲਾਪ ਦੀ ਜਾਇਦਾਦ ਸਾਨੂੰ ਦੇ ਦੇਣ । (ਵਿਘਨ)

ਮਨਿਸਟਰ ਸਾਹਿਬ ਨੇ ਬੋਲਣਾ ਹੈ ਉਹ ਟਰੇਡ ਯੂਨੀਅਨ ਦੇ ਲੀਡਰ ਰਹੇ ਹਨ ਮੈਂ ਉਨ੍ਹਾਂ ਕੋਲ ਬੇਨਤੀ ਕਰਾਂਗਾ ਉਨ੍ਹਾਂ ਨੂੰ ਪਤਾ ਹੈ ਕਿ ਹੜਤਾਲ ਗੈਰ ਕਾਨੂੰਨੀ ਕਰਕੇ । (ਵਿਘਨ) (ਘੰਟੀ)

ਇਸ ਦੇ ਵਿਚ ਮੁਲਾਜ਼ਮਾਂ ਨੂੰ ਬੜੀ ਸੱਟ ਵੱਜਦੀ ਹੈ । ਮੈਂ ਬੇਨਤੀ ਕਰਾਂਗਾ ਕਿ ਇਹ ਐਸ਼ੋਰੈਂਸ ਦੇਣ ਕਿ ਹੜਤਾਲ ਗੈਰ ਕਨੂੰਨੀ ਨਹੀਂ ਹੋਵੇਗੀ ਅਤੇ ਸਰਕਾਰ ਆਪਣੀ ਤਾਕਤ ਵਰਤਕੇ ਉਨ੍ਹਾਂ ਦੀਆਂ ਮੰਗਾਂ ਮੰਨਾਕੇ ਮਾਲਕਾਂ ਕੋਲੋਂ ਫੈਸਲਾ ਕਰਾਏਗੀ ।

ਡਿਪਟੀ ਮੰਤਰੀ: ਸਪੀਕਰ ਸਾਹਿਬ, ਟਾਈਮ ਥੋੜਾ ਰਹਿ ਗਿਆ ਹੈ ।

ਸ੍ਰੀ ਸਪੀਕਰ: ਟਾਈਮ ਵਧਾਇਆ ਜਾ ਸਕਦਾ ਹੈ ।(The time of the sitting can be extended)

ਸ੍ਰੀ ਯੱਸ਼ ਪਾਲ: ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਕਿਹਾ ਹੈ ਕਿ ਕਮਿਉਨਿਸਟ ਪਾਰਟੀ ਦੀ ਜਾਇਦਾਦ ਵੰਡ ਲਵੋ । (ਵਿਘਨ)

ਮੈਂ ਕਹਿੰਦਾ ਹਾਂ ਕਿ ਮਿਲਾਪ ਦੀ ਜਾਇਦਾਦ ਵੀ ਵੰਡ ਲਵੋ ਅਤੇ ਇਨ੍ਹਾਂ ਦੀ ਸਾਰੇ ਹਿੰਦੁਸਤਾਨ ਵਿਚੋਂ ਜਾਇਦਾਦ ਵੰਡ ਲਵੋਂ । (ਵਿਘਨ) (ਸ਼ੋਰ)

DISCUSSION ON MOTION UNDER RULE 77
(Resumption)

ਸ੍ਰੀ ਪ੍ਰੇਮ ਗੁਪਤਾ (ਪਟਿਆਲਾ) : ਸਪੀਕਰ ਸਾਹਿਬ, ਮੈਂ ਪਹਿਲਾਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ 5-4 ਮਿੰਟ ਬੋਲਣ ਲਈ ਦਿੱਤੇ ਹਨ । ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਵਿਚਾਰ ਰੱਖੇ ਹਨ । ਮੈਂ ਕੋਈ ਜ਼ਿਆਦਾ ਲੰਬਾ ਚੌੜਾ ਨਹੀਂ ਕਹਿਣਾ ਚਾਹੁੰਦਾ । ਇਕ ਗੱਲ ਦੀ ਖੁਸ਼ੀ ਹੈ ਕਿ ਜਦ ਇਹ ਹੜਤਾਲ ਹੋਈ, ਸਾਡੇ ਲੇਬਰ ਮਨਿਸਟਰ ਸਾਹਿਬ ਨੇ ਬੜੀ ਮਿਹਨਤ ਕੀਤੀ ਕਿ ਫੈਸਲਾ ਹੋ ਜਾਵੇ । ਹਾਉਸ ਵਿਚ ਜਿੰਨੇ ਮੈਂਬਰ ਸਾਹਿਬਾਨ ਬੋਲੇ ਹਨ ਉਨ੍ਹਾਂ ਨੇ ਕਿਹਾ ਹੈ ਕਿ ਆਪਣੀਆਂ ਕੋਸ਼ਿਸ਼ਾਂ ਹੋਰ ਵਧਾਕੇ ਇਸ ਦਾ ਫੈਸਲਾ ਕਰਾਉਣ । ਜਿਥੋਂ ਤੱਕ ਜਰਨਲਿਸਟ ਅਤੇ ਨਾਨ ਜਰਨਲਿਸਟ, ਅਖਬਾਰਾਂ ਵਿਚ ਕੰਮ ਕਰਨ ਵਾਲਿਆਂ ਬੰਦਿਆਂ ਦੀ ਤਕਲੀਫ ਦਾ ਸਬੰਧ ਹੈ, ਉਹ ਮੈਂ ਦੱਸਦਾ ਹਾਂ । ਅਖਬਾਰਾਂ ਦੀ ਜਿਹੜੀ ਪਾਲਿਸੀ ਹੁੰਦੀ ਹੈ ਉਹ ਪੁਲਿਟੀਕਲ ਪਾਰਟੀ ਦੇ ਮੁਤਾਬਿਕ ਚੱਲਦੀ ਹੈ । ਜੇ ਇੰਡੀਵਿਜੂਅਲ ਦੀ ਹੋਵੇ ਤਾਂ ਇੰਡੀਵਿਜੂਅਲ ਦੀ ਮਰਜ਼ੀ ਨਾਲ ਚੱਲਣੀ ਹੈ । ਜਿਹੜੀ ਗੱਲ ਉਨ੍ਹਾਂ ਨੂੰ ਚੰਗੀ ਲਗੇ ਉਹੀ ਉਨ੍ਹਾਂ ਕਰਨੀ ਹੈ । (ਵਿਘਨ)

ਮੈਂ ਦੱਸਦਾ ਹਾਂ ਕਿ ਪੰਜ ਛੇ ਸਾਲਾਂ ਤੋਂ ਹੀ ਨਹੀਂ ਬਲਕਿ ਕਾਫੀ ਦੇਰ ਤੋਂ ਮਹਿੰਗਾਈ ਬਹੁਤ ਵੱਧ ਗਈ ਹੈ । ਹਰ ਇਕ ਨੂੰ ਮਹਿੰਗਾਈ ਤੋਂ ਬਚਣ ਵਾਸਤੇ

ਸਰਕਾਰ ਕੋਲ, ਜਾਂ ਜੇ ਕੋਈ ਕਾਰਖਾਨੇ ਵਿਚ ਕੰਮ ਕਰਦਾ ਹੈ, ਆਪਣੀਆਂ ਆਪਣੀਆਂ ਤਨਖਾਹਾਂ ਅਤੇ ਅਲਾਊਂਸ ਵਧਾਉਣ ਦੀ ਮੰਗ ਕੀਤੀ ਅਤੇ ਸਰਕਾਰ ਨੇ ਉਸ ਦੇ ਮੁਤਾਬਕ ਵਧਵਾਈਆਂ ਵੀ ਹਨ । ਇਨ੍ਹਾਂ ਅਖਬਾਰਾਂ ਨੇ ਇਸ ਗੱਲ ਦੀ ਐਡਵੋਕੇਸੀ ਕੀਤੀ ਕਿ ਤਨਖਾਹਾਂ ਵਧਾਈਆਂ ਜਾਣੀਆਂ ਚਾਹੀਦੀਆਂ ਹਨ । (ਵਿਘਨ)

ਲੇਕਿਨ ਇਕ ਗੱਲ ਦੀ ਹੈਰਾਨੀ ਹੈ ਕਿ ਜਦ ਅਖਬਾਰਾਂ ਵਾਲਿਆਂ ਨੂੰ ਆਪਣੇ ਮੁਲਾਜ਼ਮਾਂ ਨੂੰ ਕੁਝ ਦੇਣਾ ਪਵੇ ਅਤੇ ਉਥੇ ਹੜਤਾਲ ਹੋ ਜਾਵੇ ਤਾਂ ਇਹ ਠੀਕ ਨਹੀਂ ਲੱਗਦਾ । ਜਿਨ੍ਹਾਂ ਨੇ ਲੋਕਾਂ ਦੀ ਰਾਏ ਸਰਕਾਰ ਤੱਕ ਪਹੁੰਚਾਉਣੀ ਹੈ ਅਤੇ ਉਥੇ ਵੀ ਹੜਤਾਲ ਹੋ ਜਾਵੇ ਤਾਂ ਇਹ ਚੀਜ਼ ਡੈਮੋਕਰੇਸੀ ਵਿਚ ਠੀਕ ਨਹੀਂ ਲੱਗਦੀ । ਇਸ ਲਈ ਮੈਂ ਸਮਝਦਾ ਹਾਂ ਕਿ ਅਖਬਾਰਾਂ ਵਿਚ ਹੜਤਾਲ ਦੀ ਨੌਈਅਤ ਨਹੀਂ ਪਹੁੰਚਣੀ ਚਾਹੀਦੀ ਸੀ । ਉਸ ਤੋਂ ਪਹਿਲਾਂ ਹੀ ਇਹ ਮਾਮਲਾ ਹੱਲ ਹੋਣਾ ਚਾਹੀਦਾ ਸੀ । ਅਖਬਾਰਾਂ ਦੇ ਮਾਲਿਕ ਬੜੀ ਔਖ ਨਾਲ ਅਖਬਾਰ ਚਲਾਉਂਦੇ ਹਨ । ਜਿਥੇ ਅੱਗੇ ਔਖ ਹੈ ਉਥੇ 10-20% ਹੋਰ ਔਖ ਵੱਧ ਜਾਵੇ, ਉਹ ਹੋਰ ਪ੍ਰਬੰਧ ਕਰ ਸਕਦੇ ਹਨ ਪਰ ਆਪਣੇ ਵਰਕਰਾਂ ਨੂੰ, ਜਿਨ੍ਹਾਂ ਦੇ ਸਹਾਰੇ ਉਨ੍ਹਾਂ ਨੇ ਅਖਬਾਰਾਂ ਚਲਾਉਣੀਆਂ ਹਨ, ਉਨ੍ਹਾਂ ਵਾਸਤੇ ਜ਼ਰੂਰ ਕੋਸ਼ਿਸ਼ ਕਰਨੀ ਚਾਹੀਦੀ ਹੈ । ਮੈਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਦ ਹੜਤਾਲ ਹੋਈ ਉਸ ਤੋਂ 21 ਦਿਨ ਪਹਿਲਾਂ ਦੀ ਤਨਖਾਹ, ਪਿਛਲੇ ਮਹੀਨੇ ਦੀ ਤਨਖਾਹ ਅੱਜ ਤੱਕ ਵਰਕਰਾਂ ਨੂੰ ਨਹੀਂ ਮਿਲੀ । ਜੇ ਦੇਖਿਆ ਜਾਵੇ ਸੈਕੰਡ ਕਲਾਸ ਨੂੰ ਮੁਲਕ ਵਿਚ ਜੇ ਤਨਖਾਹ ਇਕ ਦਿਨ ਵੀ ਲੇਟ ਮਿਲੇ ਤਾਂ ਗੁਜ਼ਾਰਾ ਨਹੀਂ ਹੋ ਸਕਦਾ । ਹਰ ਬੰਦਾ ਆਪਣੀ ਤਨਖਾਹ ਵੱਲ ਦੇਖਦਾ ਰਹਿੰਦਾ ਹੈ । ਉਨ੍ਹਾਂ ਨੇ ਆਪਣਾ ਬੱਜਟ ਬਣਾਇਆ ਹੁੰਦਾ ਹੈ । ਪਿਛਲੇ ਮਹੀਨੇ ਦਾ ਬਿੱਲ ਵੀ ਦੇਣਾ ਹੁੰਦਾ ਹੈ । ਸੋ ਮੇਰੇ ਕਹਿਣ ਦਾ ਮਤਲਬ ਹੈ ਕਿ ਇਸ ਵੇਲੇ ਤੱਕ ਵੀ ਉਨ੍ਹਾਂ ਨੂੰ ਤਨਖਾਹ ਨਹੀਂ ਦਿੱਤੀ ਗਈ । ਮੈਂ ਸਮਝਦਾ ਹਾਂ ਕਿ ਸਾਡੇ ਲੇਬਰ ਮਨਿਸਟਰ ਸਾਹਿਬ ਨੂੰ ਪਹਿਲਾਂ ਉਨ੍ਹਾਂ ਦੀ ਪਹਿਲੀ ਤਨਖਾਹ ਦਿਵਾਉਣੀ ਚਾਹੀਦੀ ਹੈ ਅਤੇ ਫਿਰ ਉਸ ਦੇ ਨਾਲ ਹੀ ਹੜਤਾਲ ਖੁਲ੍ਹਾਉਣ ਦਾ ਰਸਤਾ ਲੱਭਣਾ ਚਾਹੀਦਾ ਹੈ । ਕਿਉਂਕਿ ਪਰੈਸ ਦੀ ਬੜੀ ਇੰਪਾਰਟੈਂਸ ਹੁੰਦੀ ਹੈ । ਇਸ ਨੂੰ ਫੋਰਥ ਸਟੇਟ ਸਮਝਿਆ ਜਾਂਦਾ ਹੈ ਡੈਮੋਕਰੇਸੀ ਵਿਚ । (ਘੰਟੀ)

ਇਸ ਲਈ ਮੈਂ ਲੇਬਰ ਮਨਿਸਟਰ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਇਨਫਲੂਐਂਸ ਨੂੰ ਛੇਤੀ ਤੋਂ ਛੇਤੀ ਇਸਤੇਮਾਲ ਕਰਨ ਅਤੇ ਇਸ ਮਾਮਲੇ ਦਾ ਹੱਲ ਹੋਣਾ ਚਾਹੀਦਾ ਹੈ । ਬਾਕੀ ਇਥੇ ਭਵਨਾ ਦੀ ਗੱਲ ਚਲੀ ਹੈ । (ਘੰਟੀ) ਭਵਨ ਘਟਾਉਣ ਦੀ ਗੱਲ ਚਲੀ ਹੈ । (ਵਿਘਨ)

ਮੇਰੀ ਅਰਜ਼ ਹੈ ਕਿ ਪੰਜਾਬ ਅਤੇ ਯੂ. ਟੀ. ਵਿਚ ਕਾਂਗਰਸ ਦੀ ਜਾਇਦਾਦ ਅਤੇ ਕਮਿਊਨਿਸਟ ਪਾਰਟੀ ਦੀ ਜਿਹੜੀ ਜਾਇਦਾਦ ਹੈ, ਉਹ ਦੋਨਾਂ ਨੂੰ ਆਪਿਸ ਵਿਚ ਬਦਲ ਲੈਣੀ ਚਾਹੀਦੀ ਹੈ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਜਵਾਬ ਦਿੰਦਾ ਹਾਂ । (ਵਿਘਨ) ਕਮਿਊਨਿਸਟ ਪਾਰਟੀ ਇਕ ਆਲ ਇੰਡੀਆ ਪਾਰਟੀ ਹੈ । . .
(ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ ਉਨ੍ਹਾਂ ਨੇ ਪਰਸਨਲ ਗੱਲ ਕੋਈ ਨਹੀਂ ਕਹੀ । (Dang Sahib, the hon. Member has not said anything personally against you.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਵੰਡਣ ਵਾਸਤੇ ਤਿਆਰ ਹਾਂ । ਮੇਰੀ ਪੰਜਾਬ ਅਤੇ ਯੂ. ਟੀ. ਵਿਚ ਜਿੰਨੀ ਜਾਇਦਾਦ ਹੈ ਲੈ ਲੈਣ, ਮੈਂ ਵੰਡਣ ਨੂੰ ਤਿਆਰ ਹਾਂ । (ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ, ਜਾਇਦਾਦ ਦੇ ਨਾਲ ਤੁਸੀਂ ਇੰਟੈਲੀਜੈਂਸ ਵੀ ਦੇ ਦਿਓ । (Dang Sahib, you may share intelligence along with property)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਨੂੰ ਵਧਾਈ ਦੇਣੀ ਚਾਹੁੰਦਾ ਹਾਂ, ਇਸ ਕਰਕੇ ਕਿ ਤੁਸੀਂ ਵੀ ਉਨ੍ਹਾਂ ਖਿਆਲਾਂ ਦੇ ਹੋ, ਵਿਚਾਰਧਾਰਾਵਾਂ ਤੇ ਯਕੀਨ ਰੱਖਦੇ ਹੋ ਜਿਨ੍ਹਾਂ ਤੇ ਮੈਂ ਯਕੀਨ ਰੱਖਦਾ ਹਾਂ ਅਤੇ ਇਨ੍ਹਾਂ ਵਿਚਾਰਧਾਰਾਵਾਂ ਦੀ ਫਤਹਿ ਹੈ । ਇਸ ਗੱਲ ਤੇ ਕੱਲ ਵੀ ਅਤੇ ਅੱਜ ਵੀ ਮਾਨਯੋਗ ਮੈਂਬਰਾਂ ਨੇ ਫਖਰ ਮਹਿਸੂਸ ਕੀਤਾ ਹੈ ਕਿ ਮੇਰੇ ਕੋਲ ਘੱਟ ਜਾਇਦਾਦ ਹੈ । ਪਰ ਹੁਣ ਇਸ ਗੱਲ ਤੇ ਫਖਰ ਨਹੀਂ ਹੁੰਦਾ ਕਿ ਬਈ ਮੇਰੇ ਕੋਲ ਜ਼ਿਆਦਾ ਜਾਇਦਾਦ ਹੈ । ਹੁਣ ਜਾਇਦਾਦਾਂ ਵੰਡੀਆਂ ਜਾਣੀਆਂ ਹਨ । ਹੁਣ ਰਾਜੇ ਮਹਾਰਾਜੇ, ਲੈਂਡਲਾਰਡਜ਼ ਅਤੇ ਧਨਾਢਾਂ ਦੀਆਂ ਗੱਲਾਂ ਨਹੀਂ ਹੁੰਦੀਆਂ । ਹੁਣ ਇਨਸਾਨ ਫ਼ਖਰ ਕਰ ਸਕਦਾ ਹੈ ਕਿ ਮੈਂ ਗਰੀਬ ਹਾਂ । (ਪ੍ਰਸ਼ੰਸਾ)

ਉਹ ਪਹਿਲਾ ਯੁਗ ਹੁਣ ਬਦਲ ਗਿਆ । ਰਾਜਿਆਂ, ਮਹਾਂਰਾਜਿਆਂ, ਲੈਂਡ-ਲਾਰਡਾਂ ਅਤੇ ਧਾਨਾਡਾਂ ਦਾ ਯੁਗ ਹੁਣ ਬਦਲ ਗਿਆ ਹੈ । (ਵਿਘਨ (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਤੁਹਾਨੂੰ ਵਧਾਈ ਮਿਲਣੀ ਚਾਹੀਦੀ ਹੈ ਕਿ ਉਹ ਯੁਗ ਬਦਲ ਗਿਆ ਹੈ । (ਵਿਘਨ)

ਹੁਣ ਅਸੀਂ ਉਨ੍ਹਾਂ ਨੂੰ ਸਰਮਾਏਦਾਰਾਂ ਦੀ ਅਤੇ ਕਾਰਖਾਨੇਦਾਰਾਂ ਦੀ ਏਜੰਟੀ ਨਹੀਂ ਕਰਨ ਦੇਣੀ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਵਰਕਰਾਂ ਅਤੇ ਗਰੀਬਾਂ ਦਾ ਯੁਗ ਕਿਹਾ ਹੈ । ਮੈਂ ਬੇਨਤੀ ਕਰਦਾ ਹਾਂ ਕਿ ਇੰਡੀ-ਵਿਜੂਅਲ ਮਨਾਪਲਿਸਟ ਦੇ ਜੋ ਅਖਬਾਰ ਹਨ, ਸੀ. ਐਮ. ਸਾਹਿਬ ਹੁਕਮ ਕਰਨ ਅਤੇ ਉਹ ਅਖਬਾਰ ਬੰਦ ਕਰਨ । (ਵਿਘਨ)

ਪਾਰਟੀਆਂ ਦੇ ਅਤੇ ਜਿਹੜੇ ਦੂਸਰੇ ਅਦਾਰੇ ਹਨ ਉਨ੍ਹਾਂ ਦੇ ਅਖਬਾਰ ਬੰਦ ਕਰਨ । (ਵਿਘਨ)

ਵਿੱਤ ਮੰਤਰੀ : (ਸ੍ਰੀ ਹੰਸ ਰਾਜ ਸ਼ਰਮਾ): ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਆਨਰੇਬਲ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਕੀਮਤੀ ਵਿਚਾਰ ਰੱਖੇ ਹਨ ਅਤੇ ਆਪਣੀਆਂ ਸੁਜੈਸ਼ਨਜ਼ ਦਿੱਤੀਆਂ ਹਨ । ਦਰਅਸਲ ਜਦ ਤੋਂ ਇਹ ਝਗੜਾ ਸ਼ੁਰੂ ਹੋਇਆ, ਝਗੜਾ ਹੋਣ ਤੋਂ ਪਹਿਲਾਂ ਵੀ ਅਸੀਂ ਕੋਸ਼ਿਸ਼ ਕੀਤੀ ਪੰਜਾਬ ਸਰਕਾਰ ਵੱਲੋਂ ਕਿ ਇਹ ਝਗੜਾ ਨਾ ਹੋਵੇ ਲੇਕਿਨ ਕਿਉਂਕਿ ਇਸ ਅਦਾਰੇ ਵਿਚ ਪੰਜਾਬ ਵਿਚ ਯੂਨੀਅਨ ਪਹਿਲੀ ਦਫਾ ਬਣੀ ਹੈ ਅਤੇ ਅਖਬਾਰਾਂ ਦੇ ਮਾਲਿਕਾਂ ਲਈ ਇਹ ਪਹਿਲੀ ਦਫਾ ਸਾਹਮਣੇ ਆਈ, ਇਸ ਕਰਕੇ ਦੋਨੋਂ ਰੀਕਗਨਾਈਜ਼ ਨਹੀਂ ਕਰ ਸਕੇ ਅਤੇ ਦੋਨੋਂ ਹੀ ਆਪਣੇ

ਆਪਣੇ ਤੌਰਤੇ ਕੋਸ਼ਿਸ਼ ਅਤੇ ਯਤਨ ਕਰਦੇ ਸੀ ਕਿ ਉਨ੍ਹਾਂ ਦਾ ਮਹਿੰਗਾਈ ਅਲਾਊਂਸ ਵਧੇ ਅਤੇ ਮਾਲਿਕ ਇਸ ਗੱਲ ਦੀ ਕੋਸ਼ਿਸ਼ ਕਰਦੇ ਸੀ ਕਿ ਅਸੀਂ ਕੁਝ ਨਾ ਦੇਈਏ। ਕਿਉਂਕਿ ਸਾਡੀ ਪੁਜ਼ੀਸ਼ਨ ਨਹੀਂ ਹੈ ਦੇਣ ਵਾਸਤੇ। ਇਸ ਕਰਕੇ ਸਟਰਾਈਕ ਹੋਣ ਤੋਂ ਬਚ ਨਹੀਂ ਸਕੀ। ਅਸੀਂ ਪਹਿਲਾਂ ਵੀ ਕੋਸ਼ਿਸ਼ ਕੀਤੀ ਕਿ ਹੜਤਾਲ ਨਾ ਹੋਵੇ ਬਲਕਿ ਹੜਤਾਲ ਹੋਣ ਤੋਂ ਪਹਿਲਾਂ ਇਕ ਕਮੇਟੀ ਮੈਂ ਤਜਵੀਜ਼ ਕੀਤੀ ਸੀ ਜਿਸ ਦੇ ਵਿਚ ਇਕ ਨੁਮਾਇੰਦਾ ਸਰਕਾਰ ਦਾ ਹੋਵੇ, ਇਕ ਨਮਾਇੰਦਾ ਵਰਕਰ (ਜਰਨਲਿਸਟਸ) ਯੂਨੀਅਨ ਦਾ ਹੋਵੇ ਅਤੇ ਇਕ ਇੰਪਲਾਇਰ ਦਾ ਹੋਵੇ ਤਾਕਿ ਇਹ ਤਿੰਨੇ ਬੈਠਕੇ ਕੋਈ ਗੱਲ ਬਾਤ ਕਰ ਸਕਣ।

ਲੇਕਿਨ ਉਹ ਪਰੋਪੋਜ਼ਲ ਵੀ ਸਿਰੇ ਨਹੀਂ ਚੜ੍ਹੀ। ਉਸ ਦੇ ਬਾਦ ਫਿਰ ਕੋਸ਼ਿਸ਼ ਕੀਤੀ ਗਈ ਅਤੇ ਸਾਲਸੀ ਦੀ ਗਲ ਚਲਾਈ ਕਿ ਉਹ ਕਿਸੀ ਨੂੰ ਆਪਣਾ ਸਾਲਸ ਮੰਨ ਲੈਣ ਲੇਕਿਨ ਉਹ ਗਲ ਵੀ ਸਿਰੇ ਨਹੀਂ ਚੜ੍ਹੀ। ਅਸਲ ਗਲ ਇਹ ਹੈ, ਸਪੀਕਰ ਸਾਹਿਬ, ਕਿ ਜਿਹੜਾ ਫਸਟ ਵੇਜ ਬੋਰਡ ਔਰ ਸੈਕੰਡ ਵੇਜ ਬੋਰਡ ਬਣਿਆ ਹੈ ਉਸ ਨੂੰ ਹਿੰਦ ਸਰਕਾਰ ਹੈਂਡਲ ਕਰਦੀ ਹੈ। ਜਿਹੜਾ ਸੈਕੰਡ ਵੇਜ ਬੋਰਡ ਬਣਿਆ ਹੈ ਇਸ ਨੂੰ ਬੁਨਿਆਦੀ ਤੌਰ ਤੇ ਪੰਜਾਬ ਦੀ ਸਰਕਾਰ ਨੇ ਅਮਲ ਕਰਵਾਇਆ ਹੈ ਅਤੇ ਕਿਸੇ ਨੂੰ ਇਸ ਦੇ ਬਾਰੇ ਕੋਈ ਸ਼ਿਕਾਇਤ ਨਹੀਂ ਹੈ ਕਿ ਸੈਕੰਡ ਵੇਜ ਬੋਰਡ ਤੇ ਅਮਲ ਨਹੀਂ ਹੋਇਆ। ਹੁਣ 25 ਫੀ ਸਦੀ ਬੜੌਤੀ ਦੀ ਜਿਹੜੀ ਗਲ ਸੀ ਉਸ ਤੇ ਕਾਫੀ ਗਲ ਬਾਤ ਕੀਤੀ ਹੈ ਲੇਕਿਨ ਮੈਨੂੰ ਅਫ਼ਸੋਸ ਹੈ ਕਿ ਇਹ ਹੜਤਾਲ ਰੁਕ ਨਹੀਂ ਸਕੀ। ਸਰਕਾਰ ਹੁਣ ਵੀ ਇਸ ਬਾਰੇ ਯਤਨ ਕਰ ਰਹੀ ਹੈ। ਕੱਲ ਨੂੰ ਮੈਂ ਫਿਰ ਦੋਨਾਂ ਪਾਸਿਆਂ ਦੀ ਚੰਡੀਗੜ੍ਹ ਦੇ ਵਿਚ ਮੀਟਿੰਗ ਬੁਲਾਈ ਹੈ ਤਾਂ ਕਿ ਇਹ ਜਿਹੜਾ ਮਸਲਾ ਹੈ ਇਹ ਉਸ ਤਰੀਕੇ ਨਾਲ ਹੀ ਹੱਲ ਕੀਤਾ ਜਾਵੇ ਜਿਹੜਾ ਕੇ ਦੋਨਾਂ ਨੂੰ ਕਾਬਲੇ ਕਬੂਲ ਹੋਵੇ। ਜਿਸ ਨਾਲ ਇਮਪਲਾਈਜ਼ ਦੀ ਤਸੱਲੀ ਹੋਵੇ, ਵਰਕਿੰਗ ਅਤੇ ਨਾਨ ਵਰਕਿੰਗ ਜਰਨਲਿਸਟਸ ਜੋ ਹੈ ਉਸ ਦੀ ਹੱਕ ਰਸਾਈ ਹੋਵੇ। ਮੈਂ ਇਹ ਉਮੀਦ ਕਰਦਾ ਹਾਂ ਕਿ ਮਾਲਕ ਅਤੇ ਮਜ਼ਦੂਰ ਦੋਨੋਂ ਹੀ ਕੋਅਪਰੇਟਿਵ ਸਪਿਰਟ ਦਿਖਾਉਣਗੇ ਅਤੇ ਆਪਸ ਵਿਚ ਗਿਵ ਐਂਡ ਟੇਕ ਦੀ ਪਾਲਿਸੀ ਅਡਾਪਟ ਕਰਕੇ ਅਸੀਂ ਕੋਈ ਸਮਝੌਤੇ ਤੇ ਪਹੁੰਚ ਸਕਾਂਗੇ।

ਸਪੀਕਰ ਸਾਹਿਬ, ਜਿਥੋਂ ਤਕ ਸਵਾਲ ਹੈ ਪਾਰਟੀਆਂ ਦਾ, ਅਸੀਂ ਖੁਸ਼ ਹਾਂ ਕਿ ਹਾਊਸ ਦੇ ਤਮਾਮ ਸੈਕਸ਼ਨਾਂ ਨੇ ਇਸ ਗਲ ਤੇ ਜ਼ੋਰ ਦਿੱਤਾ ਹੈ ਕਿ ਇਸ ਦਾ ਹੱਲ ਕਰਨਾ ਚਾਹੀਦਾ ਹੈ ਅਤੇ ਵਰਕਿੰਗ ਜਰਨਲਿਸਟਸ ਅਤੇ ਨਾਲ ਵਰਕਿੰਗ ਜਰਨਿਲਿਸਟ ਦੀ ਮਦਦ ਕਰਨੀ ਚਾਹੀਦੀ ਹੈ। ਜਿਥੋਂ ਤਕ ਸਰਕਾਰ ਦੀ ਪਾਲਿਸੀ ਦਾ ਸਵਾਲ ਹੈ, ਸਰਕਾਰ ਦੀ ਪਾਲਿਸੀ ਬਿਲਕੁਲ ਵਾਜ਼ੇਹ ਹੈ ਕਿ ਸਰਕਾਰ ਉਨ੍ਹਾਂ ਦੀ ਮਦਦ ਕਰਨਾ ਚਾਹੁੰਦੀ ਹੈ। ਸਰਕਾਰ ਨਾ ਸਿਰਫ ਇਨ੍ਹਾਂ ਜਰਨਲਿਸਟ ਦੀ ਹੀ ਮਦਦ ਕਰਨਾ ਚਾਹੁੰਦੀ ਹੈ ਬਲਕਿ ਹਰ ਵਰਕਰ ਦੀ, ਹਰ ਕਾਮੇ ਦੀ ਜਿਹੜਾ ਮਿਹਨਤ ਕਰਦਾ ਹੈ ਹੱਥ ਨਾਲ ਕੰਮ ਕਰਦਾ ਹੈ ਜਾਂ ਦਿਮਾਗੀ ਕੰਮ ਕਰਦਾ ਹੈ ਇਹ ਸਰਕਾਰ ਸੋਸ਼ਲਿਸਟਿਕ ਸਰਕਾਰ ਹੈ ਅਤੇ ਇਹ ਹਰ [illegible] ਦੇ ਨਾਲ ਖੜੀ ਹੁੰਦੀ ਹੈ। ਲੇਕਿਨ ਜਿਥੋਂ ਤਕ ਕਾਨੂੰਨਾਂ ਦਾ ਤੱਅਲਕ ਹੈ, ਜਿਹੜੇ ਕਾਨੂੰਨ ਹੁਣ ਤਕ ਸੀ ਉਸ ਤੇ ਅਸੀਂ ਅਮਲ ਕਰਵਾ ਦਿੱਤਾ ਹੈ, ਜਿਹੜਾ ਅਗਲਾ ਕਾਨੂੰਨ ਪੰਜਾਬ ਦੀ ਸਰਕਾਰ ਕੋਲ ਹੈ ਅਗਰ ਇਹ ਐਗਰੀਮੈਂਟ ਨਾ ਹੋਵੇ ਤਾਂ ਫਿਰ ਪੰਜਾਬ ਸਰਕਾਰ ਹੋਰ ਸੋਚੇਗੀ ਕਿ ਅਸੀਂ ਕੀ ਕਦਮ ਉਨ੍ਹਾ

ਸਕਦੇ ਹਾਂ । ਜਿਥੋਂ ਤਕ ਦਬਾਅ ਦੇ ਪਾਉਣ ਦਾ ਸਵਾਲ ਹੈ ਪੰਜਾਬ ਸਰਕਾਰ ਕਿਸੀ ਨਾਲ ਕੋਈ ਵਿਤਕਰਾ ਨਹੀਂ ਕਰ ਸਕਦੀ ਐਡਵਰਟਾਈਜ਼ਮੈਂਟ ਵਿਚ ਪੰਜਾਬ ਸਰਕਾਰ ਕੋਈ ਵਿਤਕਰਾ ਨਹੀਂ ਕਰਦੀ ਬਲਕਿ ਐਡਵਰਟਾਈਜ਼ਮੈਂਟ ਦੀ ਪਾਲਿਸੀ ਰਾਹੀਂ ਪੰਜਾਬ ਸਰਕਾਰ ਹਰ ਅਖਬਾਰ ਦੀ ਮਦਦ ਕਰਦੀ ਹੈ । ਜਿਥੋਂ ਤਕ ਐਡਵਰਟਾਈਜ਼ਮੈਂਟ ਦਾ ਦਬਾਅ ਪਾਉਣ ਦਾ ਸਵਾਲ ਹੈ ਉਹ ਇਸ ਕਰਕੇ ਵੀ ਨਹੀਂ ਪਾਇਆ ਜਾ ਸਕਦਾ ਕਿਉਂਕਿ ਜਦੋਂ ਦੀ ਹੜਤਾਲ ਹੋਈ ਹੈ ਉਦੋਂ ਦੀ ਐਡਵਰਟਾਈਜ਼ਮੈਂਟ ਵੀ ਬੰਦ ਹੈ । (ਵਿਘਨ)

ਜਿਨ੍ਹਾਂ ਤਬਕਿਆਂ ਤੋਂ ਮੈਂ ਜ਼ਿਆਦਾ ਮਦਦ ਦੀ ਉਮੀਦ ਕਰਦਾ ਸੀ ਲੇਕਿਨ ਉਧਰੋਂ ਸਾਨੂੰ ਮਦਦ ਮਿਲੀ ਨਹੀਂ । ਕੁਝ ਅਖਬਾਰਾਂ ਇਹ ਕਹਿ ਸਕਦੀਆਂ ਹਨ ਕਿ ਸਾਨੂੰ ਟੈਕਸੀ ਦੀ ਦਿਕਤ ਹੈ । ਮੈਂ ਕਹਿੰਦਾ ਹਾਂ ਕਿ ਟੈਕਸੀ ਤੋਂ ਪਹਿਲਾਂ ਵੀ ਤਾਂ ਇਹ ਅਖਬਾਰਾਂ ਬਸਾਂ ਵਿਚ ਟਰੇਨਾਂ ਵਿਚ ਜਾਂਦੀਆਂ ਦੇਖੀਆਂ ਗਈਆਂ ਹਨ । ਮੈਨੂੰ ਪਤਾ ਹੈ ਕਿ ਬਸਾਂ ਰਾਹੀਂ ਅਤੇ ਰੇਲਵੇ ਰਾਹੀਂ ਅਖਬਾਰਾਂ ਜਾ ਸਕਦੀਆਂ ਹਨ ਅਤੇ ਅੱਜ ਵੀ ਜਾ ਸਕਦੀਆਂ ਹਨ ਲੇਕਿਨ ਸਪੀਕਰ ਸਾਹਿਬ, ਅਸਲ ਗਲ ਇਹ ਹੈ ਕਿ ਹਾਲਾਂ ਡਬਲ ਪਾਲਿਸੀ ਕਈ ਦਿਮਾਗਾਂ ਵਿਚੋਂ ਨਹੀਂ ਨਿਕਲਦੀ । ਉਹ ਬਾਹਰ ਜਾਣਗੇ ਤਾਂ ਕਹਿਣਗੇ ਕਿ ਜਰਨਲਿਸਟਾਂ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ ਅਤੇ ਉਹ ਜਰਨਲਿਸਟਾਂ ਦੀ ਗਲ ਕਰਨਗੇ ਪਰ ਅੰਦਰ ਮੀਟਿੰਗ ਵਿਚ ਜਾਣਗੇ ਤਾਂ ਉਹ ਮਾਲਕਾਂ ਦੀ ਗਲ ਕਰਨਗੇ ਅਤੇ ਉਨ੍ਹਾਂ ਦੀ ਮਦਦ ਕਰਨਗੇ । ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਅਗਰ ਜਿਹੜੀਆਂ ਪਾਰਟੀਆਂ ਅਖਬਾਰਾਂ ਚਲਾਉਂਦੀਆਂ ਹਨ ਉਹ ਮਦਦ ਕਰਨ ਅਤੇ ਕੁਝ ਪਰਸੈਂਟ ਦੇਣ ਤਾਂ ਇਹ ਵੀ ਗਲ ਉਨਾਂ ਦੀ ਐਗਜ਼ਾਮਿਨ ਕੀਤੀ ਜਾ ਸਕਦੀ ਹੈ । ਇਹ ਜਿਹੜੀ ਮੰਗ ਹੈ ਇਹ ਪਹਿਲਾਂ ਨਹੀਂ ਸੀ ਪਰ ਹੁਣ ਇਹ ਕੀਤੀ ਗਈ ਹੈ । ਜਿਹੜੀਆਂ ਪਾਰਟੀ ਦੀਆਂ ਅਖਬਾਰਾਂ ਚਲਦੀਆਂ ਹਨ ਅਗਰ ਉਹ ਕੁਝ ਮਦਦ ਕਰਨ ਤਾਂ ਇਸ ਪਰੋਪੋਜ਼ਲ ਨੂੰ ਵੀ ਵਿਚਾਰਿਆ ਜਾ ਸਕਦਾ ਹੈ । ਦੋ ਮੀਟਿੰਗਾਂ ਹੋਈਆਂ ਅਗਰ ਇਹ ਐਲਾਨ ਕਰਦੇ ਕਿ ਇਸ ਢੰਗ ਨਾਲ ਬੱਸ ਨਹੀਂ ਜਾਂਦੀ ਹੈ ਜਾਂ ਟਰੇਨ ਜਾਂਦੀ ਹੈ, ਕੋਈ ਟੈਕਸੀ ਚਲਾਉ ਜਾਂ ਮਿਨੀ ਬਸ ਦਾ ਅਰੇਂਜਮੈਂਟ ਕਰੋ ਤਾਂ ਇਸ ਗਲ ਤੇ ਵੀ ਵਿਚਾਰਿਆ ਜਾ ਸਕਦਾ ਸੀ । ਮੇਰੇ ਸਾਹਮਣੇ ਵਾਜੇ੍ਹ ਰੂਪ ਵਿਚ ਇਹ ਗਲ ਨਹੀਂ ਆਈ । (ਵਿਘਨ)

ਅੱਜ ਵੀ ਮੈਂ ਪਾਰਟੀ ਦੀਆਂ ਅਖਬਾਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇਸ ਗਲ ਦਾ ਐਲਾਨ ਕਰਨ ਕਿ ਇਤਨੇ ਪਰਸੈਂਟ ਅਸੀਂ ਦਿੰਦੇ ਹਾਂ ਤਾਂ ਕਿ ਕੱਲ ਜਿਹੜੀ ਮੀਟਿੰਗ ਮੈਂ ਚੰਡੀਗੜ੍ਹ ਦੇ ਵਿਚ ਰਖੀ ਹੈ ਉਸ ਦੇ ਵਿਚ ਇਹ ਫੈਸਲਾ ਕਰਵਾਇਆ ਜਾ ਸਕੇ ਅਤੇ ਕੋਈ ਐਲਾਨ ਕੀਤਾ ਜਾ ਸਕੇ । (ਥੰਪਿੰਗ)

ਇਹ ਲੋਕਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ ਅਤੇ ਤਮਾਸ਼ਾ ਦੇਖਿਆ ਜਾ ਰਿਹਾ ਹੈ । ਪੰਜਾਬ ਦੀ ਸਰਕਾਰ ਮੁਲਾਜ਼ਮਾਂ ਦਾ ਤਮਾਸ਼ਾ ਨਹੀਂ ਦੇਖਣਾ ਚਾਹੁੰਦੀ । ਇਹ ਮਜ਼ਾਕ ਦਾ ਮਜ਼ਮੂਨ ਨਹੀਂ ਹੈ । ਦੋ ਵਾਰੀ ਮੈਂ ਕੋਸ਼ਿਸ਼ ਕੀਤੀ ਹੈ ਅਤੇ ਜੇ ਮੇਰੀ ਉਸ ਵਲੇ ਹੀ ਗਲ ਮੰਨ ਲਈ ਜਾਂਦੀ ਤਾਂ ਹੜਤਾਲ ਉਸੇ ਵੇਲੇ ਹੀ ਖ਼ਤਮ ਹੋ ਜਾਂਦੀ । ਪੰਜਾਬ ਦੀ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਜਲਦੀ ਤੋਂ ਜਲਦੀ ਇਹ ਹੜਤਾਲ ਖ਼ਤਮ ਕਰਵਾਈ ਜਾਵੇ ਤਾਂ ਕਿ ਜਿਹੜੇ ਬੁਧੀਮਾਨ ਲੋਕ ਹਨ ਜਿਵੇਂ ਕਿ ਕੈਨੇਡੀਅਨ ਸਾਹਿਬ ਨੇ ਕਿਹਾ ਹੈ ਉਹ ਹੋਰ ਬਧੀਮਾਨ ਬਣ ਸਕਣ । (ਵਿਘਨ)

ਮੈਂ ਇਹ ਗਲ ਫਿਰ ਕਹਿਣੀ ਚਾਹੁੰਦਾ ਹਾਂ ਕਿ ਸਾਡੀ ਕੱਲ ਦੀ ਮੀਟਿੰਗ ਵਿਚ ਤੁਸੀਂ ਸਾਡੀ ਮਦਦ ਕਰੋ ਅਤੇ ਸਾਡੇ ਵਲੋਂ ਵੀ ਇਹ ਕੋਸ਼ਿਸ਼ ਹੋਵੇਗੀ ਕਿ ਐਸਾ ਫਾਰਮੂਲਾ ਬਣਾਇਆ ਜਾਵੇ ਜਿਹੜਾ ਕਿ ਸਾਰਿਆਂ ਨੂੰ ਹੀ ਕਬੂਲ ਹੋਵੇ। ਕਿਉਂਕਿ ਇਹ ਨਵੀਂ ਨਵੀਂ ਯੂਨੀਅਨ ਬਣੀ ਹੈ ਇਸ ਵਾਸਤੇ ਇਹ ਵੀ ਹੋ ਸਕਦਾ ਹੈ ਕਿ ਦੋਨਾਂ ਨੇ ਆਪਣੇ ਆਪਣੇ ਪਰੈਸਟਿਜ ਦਾ ਸਵਾਲ ਬਣਾ ਲਿਆ ਹੋਵੇ। ਅਸੀਂ ਉਸ ਦਾ ਐਸਾ ਹੱਲ ਲੱਭ ਲਵਾਂਗੇ ਜਿਸ ਨਾਲ ਕਿ ਦੋਨਾਂ ਦਾ ਪਰੈਸਟਿਜ ਬਚ ਜਾਵੇ। (ਥੰਪਿੰਗ)

ਇਹ ਹਾਲੀਂ ਨਵੀਂ ਚੀਜ਼ ਹੈ, ਦੋਨਾਂ ਪਾਸਿਓਂ ਕੁਝ ਗਲਾਂ ਰੜਕਦੀਆਂ ਹਨ ਅਤੇ ਮੇਰਾ ਆਪਣਾ ਖਿਆਲ ਹੈ ਕਿ ਇਸ ਦੇ ਵਿਚ ਅਸੀਂ ਅਮਨ ਔਰ ਸ਼ਾਂਤੀ ਲਿਆ ਸਕਾਂਗੇ ਔਰ ਅਖਬਾਰਾਂ ਨੂੰ ਮੁਕੰਮਲ ਤੌਰ ਤੇ ਚਲਵਾ ਸਕਾਂਗੇ। ਇਹ ਠੀਕ ਹੈ ਕਿ ਪੰਜਾਬ ਦੇ ਵਿਚ ਅਖਬਾਰਾਂ ਬਹੁਤ ਵਡੀਆਂ ਨਹੀਂ। ਇਹ ਵੀ ਠੀਕ ਹੈ ਕਿ ਸਾਰੇ ਹਿੰਦੁਸਤਾਨ ਵਿਚ 25 ਫੀ ਸਦੀ ਬੜੌਤੀ ਕਿਧਰੇ ਨਹੀਂ ਪਰ ਇਸ ਦੇ ਨਾਲ ਇਹ ਗਲ ਵੀ ਠੀਕ ਹੈ ਕਿ ਪੰਜਾਬ ਹਮੇਸ਼ਾਂ ਹੀ ਦੂਸਰਿਆਂ ਸੂਬਿਆਂ ਦੀ ਅਗਵਾਈ ਕਰਦਾ ਆਇਆ ਹੈ ਅਤੇ ਇਸੇ ਲਈ ਸ਼ਾਇਦ ਇਹ ਅਗਵਾਈ ਲੈਣ ਲਈ ਵੀ ਜਲੰਧਰ ਤੋਂ ਮੰਗ ਉਠੀ ਹੈ। ਮੈਂ ਜਰਨਲਿਸਟਾਂ ਨੂੰ ਵੀ ਅਪੀਲ ਕਰਾਂਗਾ ਕਿ ਉਹ ਸੈਂਟਰ ਦੇ ਪਾਸ ਕਹਿਣ ਕਿ ਵੇਜ ਬੋਰਡ ਮੁੱਕਰਰ ਹੋਵੇ ਤਾਂ ਕਿ ਸਾਰੇ ਹਿੰਦੁਸਤਾਨ ਦੇ ਮਸਲੇ ਦਾ ਹੱਲ ਹੋ ਜਾਵੇ। ਅਖਬਾਰਾਂ ਵਿਚ ਜੇ ਕੋਈ ਕੀਮਤ ਵਧਣੀ ਹੋਵੇ ਤਾਂ ਹਿੰਦੁਸਤਾਨ ਦੀ ਸਰਕਾਰ ਦੀ ਮਰਜ਼ੀ ਦੇ ਖਿਲਾਫ ਇਕ ਪਾਈ ਵੀ ਨਹੀਂ ਵਧਾਈ ਜਾ ਸਕਦੀ। (ਵਿਘਨ)

ਬੰਗਲਾ ਦੇਸ਼ ਦਾ ਜੋ ਟੈਕਸ ਲਗਿਆ ਸੀ ਉਹ ਸਰਕਾਰ ਨੂੰ ਚਲਾ ਗਿਆ। ਉਹ ਟੈਕਸ ਇਕ ਪੈਸਾ ਲਗਿਆ ਸੀ ਅਤੇ ਹੁਣ ਅਸੀਂ ਇਹ ਚੀਜ਼ ਦੇਖ ਰਹੇ ਹਾਂ ਕਿ ਜਿਨ੍ਹਾਂ ਨੇ ਇਕ ਪੈਸੇ ਦੀ ਬਜਾਏ ਦੋ ਜਾਂ ਤਿੰਨ ਪੈਸੇ ਵਧਾਇਆ ਹੈ। ਉਨ੍ਹਾਂ ਦੀ ਬੈਲੈਂਸ,-ਸ਼ੀਟ ਵਗੈਰਾ ਵੀ ਪੰਜਾਬ ਸਰਕਾਰ ਦੇਖ ਰਹੀ ਹੈ। ਜੇ ਇਹ ਕਹਿਣ ਕਿ ਇਹ ਸਰਕਾਰ ਇਸ ਕੰਮ ਦੇ ਵਿਚ ਦਿਲਚਸਪੀ ਨਹੀਂ ਲੈ ਰਹੀ ਤਾਂ ਇਹ ਬਿਲਕੁਲ ਗਲਤ ਗੱਲ ਹੈ।

ਸਪੀਕਰ ਸਾਹਿਬ, ਇਕ ਹੋਰ ਮੰਗ ਜਰਨਲਿਸਟਾਂ ਦੀ ਹੈ ਕਿ ਉਨ੍ਹਾਂ ਨੇ 21 ਨਵੰਬਰ ਨੂੰ ਹੜਤਾਲ ਕੀਤੀ ਸੀ ਅਤੇ ਪਹਿਲੀ ਤਾਰੀਖ ਤੋਂ 21 ਨਵੰਬਰ ਤਕ ਉਨ੍ਹਾਂ ਨੇ ਕੰਮ ਕੀਤਾ ਹੈ ਪਰ ਉਨ੍ਹਾਂ ਨੂੰ ਉਹ ਪੈਸੇ ਨਹੀਂ ਮਿਲੇ, ਉਨ੍ਹਾਂ ਨੂੰ ਇਨ੍ਹਾਂ ਦਿਨਾਂ ਦੀ ਤਨਖਾਹ ਨਹੀਂ ਮਿਲ ਰਹੀ। ਮੈਂ ਲੇਬਰ ਡੀਪਾਰਟਮੈਂਟ ਵਿਚੋਂ ਆਪਣੇ ਬੰਦੇ ਭੇਜੇ ਹਨ ਅਤੇ ਉਹ ਕੱਲ ਦੇ ਜਲੰਧਰ ਬੈਠੇ ਹਨ ਤਾਂ ਕਿ ਉਨ੍ਹਾਂ ਨੂੰ ਇਨ੍ਹਾਂ ਦਿਨਾਂ ਦੀ ਤਨਖਾਹ ਵਗੈਰਾ ਦਵਾ ਸਕਣ। ਸਰਕਾਰ ਇਸ ਗੱਲ ਦੀ ਜ਼ਿਮੇਵਾਰ ਹੋਵੇਗੀ ਕਿ ਜੋ ਕੰਮ ਉਨ੍ਹਾਂ ਨੇ ਇਨ੍ਹਾਂ ਦਿਨਾਂ ਵਿਚ ਕੀਤਾ ਹੈ ਉਸ ਦੇ ਪੈਸੇ ਦਵਾਏ ਜਾਣ।

ਜੋ ਕੁਝ ਉਨ੍ਹਾਂ ਨੇ ਕੰਮ ਕੀਤਾ ਹੈ ਔਰ ਉਸ ਦੇ ਬਾਰੇ ਵਿਚ ਮੈਂ ਪੋਜ਼ੀਸ਼ਨ ਸਾਫ ਕਰਨੀ ਸੀ ਔਰ ਮੈਂ ਇਹ ਵੀ ਵਾਜ਼ੇ ਕਰ ਦੇਣਾ ਚਾਹੁੰਦਾ ਹਾਂ ਕਿ ਛੋਟੇ ਅਖਬਾਰ, ਦਰਮਿਆਨੇ ਅਖਬਾਰ ਔਰ ਜਿਹੜੇ ਉਨ੍ਹਾਂ ਤੋਂ ਕੁਝ ਚੰਗੇ ਅਖਬਾਰ ਹਨ ਉਨ੍ਹਾਂ ਦਾ ਅਲੱਗ ਅਲੱਗ ਮਸਲਾ ਹੈ। ਉਨ੍ਹਾਂ ਸਾਰਿਆਂ ਦੀ ਪੋਜ਼ੀਸ਼ਨ ਇਕੋ ਜਿਹੀ ਨਹੀਂ, ਉਨ੍ਹਾਂ ਦੀ ਮਾਲੀ ਪੋਜ਼ੀਸ਼ਨ ਇਕੋ ਜਿਹੀ ਨਹੀਂ। ਕੁਝ ਪੋਲੀਟੀਕਲ ਪਾਰਟੀਆਂ ਦੇ ਅਖਬਾਰ ਹਨ ਉਨ੍ਹਾਂ ਦੀ ਪੋਜ਼ੀਸ਼ਨ ਅਲੱਗ ਹੈ। ਸਾਨੂੰ ਇਕ ਵਾਰੀ ਕੋਈ ਫਾਰਮੂਲਾ ਮਿਲ ਜਾਏ ਜਿਸ ਨਾਲ ਅਸੀਂ

[ਵਿੱਤ ਮੰਤਰੀ]

ਕੈਟੇਗਰੀਜ਼ ਬਣਾ ਸਕੀਏ ਕਿ ਇਹ 'ਏ', ਕੈਟੇਗਰੀ ਦਾ ਅਖਬਾਰ ਹੈ, ਇਹ 'ਬੀ', ਦਾ ਹੈ, ਅਤੇ ਇਹ 'ਸੀ' ਦਾ ਹੈ ਫਿਰ ਅਸੀਂ ਕਿਸੇ ਸਿਰੇ ਤਕ ਪਹੁੰਚ ਸਕਾਂਗੇ । ਮੈਂ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਇਸ ਮਾਮਲੇ ਵਿਚ ਸਾਡੀ ਬੜੀ ਮਦਦ ਕੀਤੀ ਹੈ । ਅਸੀਂ ਇਸ ਹਾਊਸ ਦੀ ਖਾਹਿਸ਼ ਦਾ ਪੂਰਾ ਇਹਤਰਾਮ ਕਰਦੇ ਹੋਏ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਵਰਕਰਾਂ ਨੂੰ ਉਨ੍ਹਾਂ ਦਾ ਪੂਰਾ ਹੱਕ ਮਿਲੇ । (ਵਿਘਨ)

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ, ਇਥੇ ਹਾਊਸ ਵਿਚ ਐਸ਼ਿਉਰੈਂਸ ਦੇਣ ਕਿ ਐਂਪਲਾਈਜ਼ ਦੀ ਮਰਜ਼ੀ ਦੇ ਖਿਲਾਫ਼ ਕੇਸ ਟਰੀਬਿਊਨਲ ਨੂੰ ਨਹੀਂ ਦਿਤਾ ਜਾਏਗਾ । (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਹਾਊਸ ਵਿਚ ਇਕ ਹੋਰ ਕੰਟਰੋਵਰਸੀ ਚਲ ਪਈ ਅਤੇ ਬਰਾੜ ਸਾਹਿਬ ਨੇ ਵੀ ਕਿਹਾ ਇਹ ਕਿ ਸਰਕਾਰ ਇਸ ਹੜਤਾਲ ਨੂੰ ਗੈਰ ਕਾਨੂੰਨੀ ਕਰਾਰ ਦੇਣਾ ਚਾਹੁੰਦੀ ਹੈ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਅਸੀਂ ਕੋਈ ਵੀ ਚੀਜ਼ ਕਾਨੂੰਨ ਦੇ ਖਿਲਾਫ਼ ਨਹੀਂ ਕਰਾਂਗੇ । ਇਸ ਬਾਰੇ ਮੈਂ ਅਰਜ਼ ਕਰਾਂ ਕਿ ਅਸੀਂ ਕਨਸੀਲੀਏਸ਼ਨ ਕਰਦੇ ਪਏ ਹਾਂ । ਅਸੀਂ ਥਰੀਪਾਰਟੀ ਟਾਈਪ ਦੀ ਕਨਸੀਲੀਏਸ਼ਨ ਕਮੇਟੀ ਮੁਕੱਰਰ ਕੀਤੀ ਹੈ ਜਿਸ ਦੀ ਮੀਟਿੰਗ ਅਸੀਂ ਕੱਲ ਬੁਲਾਈ ਹੈ । ਇਹ ਕਹਿਣਾ ਕਿ ਇਹ ਟਰਬਿਊਨਲ ਵਿਚ ਨਾ ਦਿਓ, ਕਨਸਾਈਲੇਸ਼ਨ ਵਿਚ ਨਾ ਦਿਓ, ਸਮਝੌਤਾ ਵੀ ਨਾ ਕਰੋ, ਤਾਂ ਫਿਰ ਇਹ ਦੱਸ ਦੇਣ ਕਿ ਅਸੀਂ ਕੀ ਕਰੀਏ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਅਗਰ ਐਂਪਲਾਈਜ਼ ਟਰਿਬਿਊਨਲ ਦੇ ਖਿਲਾਫ਼ ਹੋਣ ਤਾਂ ਇਹ ਕੇਸ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ਼ ਟਰਬਿਊਨਲ ਨੂੰ ਨਾ ਦਿਤਾ ਜਾਵੇ । (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਮੈਂ ਸਮਝੌਤਾ ਕਰਾਉਣ ਦਾ ਪੂਰਾ ਪੂਰਾ ਯਤਨ ਕਰਾਂਗਾ । ਮੈਂ ਐਂਪਲਾਈਜ਼ ਦੀ ਮਰਜ਼ੀ ਦੇ ਖਿਲਾਫ਼ ਕੋਈ ਕੰਮ ਨਹੀਂ ਕਰਾਂਗਾ । ਜਿਸ ਚੀਜ਼ ਨਾਲ ਗਰੀਬਾਂ ਨੂੰ ਦੁਖ ਪਹੁੰਚੇ ਮੈਂ ਉਹ ਕੰਮ ਨਹੀਂ ਕਰਾਂਗਾ । ਮੇਰੀ ਇਹ ਕੋਸ਼ਿਸ਼ ਹੋਵੇਗੀ ਕਿ ਦੋਨਾਂ ਦਾ ਸਮਝੌਤਾ ਹੋ ਜਾਵੇ ਅਖਬਾਰ ਵੀ ਚਾਲੂ ਹੋ ਜਾਣ । ਮੈਂ ਅਰਜ਼ ਕਰਾਂ ਕਿ ਮੈਂ ਇਸ ਸਮਝੌਤੇ ਲਈ ਡਾਂਗ ਸਾਹਿਬ ਨੂੰ ਅਤੇ ਹੋਰ ਅਪੋਜ਼ੀਸ਼ਨ ਨੂੰ ਕਾਨਫੀਡੈਂਸ ਵਿਚ ਲਵਾਂਗਾ ਅਤੇ ਇਸ ਸਮਝੌਤੇ ਲਈ ਕੋਈ ਸੁਚੱਜਾ ਢੰਗ ਲਭਾਂਗਾ । ਲੇਕਿਨ ਜੇ ਕੋਈ ਕਾਨੂੰਨ ਪੰਜਾਬ ਵਿਚ ਲਾਗੂ ਹੋਵੇ ਮੈਂ ਕਿਸ ਤਰ੍ਹਾਂ ਕਹਿ ਦਿਆਂ ਕਿ ਮੈਂ ਉਸ ਦੀ ਉਲੰਘਣਾ ਕਰਕੇ ਕੋਈ ਫੈਸਲਾ ਕਰ ਦਿਆਂਗਾ । ਮੈਂ ਉਹ ਚੀਜ਼ ਕਰਾਂਗਾ ਜਿਸ ਵਿਚ ਦੋਨੋਂ ਪਾਰਟੀਆਂ ਐਗਰੀ ਕਰਨਗੀਆਂ । ਪਰ ਮੈਂ ਇਹ ਕਿਸ ਤਰ੍ਹਾਂ ਕਹਿ ਸਕਦਾ ਹਾਂ ਕਿ ਜੇ ਕਰ ਦੋਨੋਂ ਪਾਰਟੀਆਂ ਕਿਸੇ ਗਲ ਤੇ ਐਗਰੀ ਵੀ ਨਾ ਕਰਨ, ਮੈਂ ਕਿਸੇ ਕੇਸ ਨੂੰ ਰੈਫਰ ਵੀ ਨਾ ਕਰਾਂ । ਹਾਂ ਮੈਂ ਪੂਰੀ ਕੋਸ਼ਿਸ਼ ਕਰਾਂਗਾ ਕਿ ਦੋਨੋਂ ਫ਼ਰੀਕ ਕਿਸੇ ਫਾਰਮੂਲੇ ਨੂੰ ਮੰਨ ਲੈਣ । ਮੈਂ ਉਹ ਚੀਜ਼ ਕਰਾਂਗਾ ਜਿਹੜੀ ਦੋਨੋਂ ਮੰਨ ਜਾਣਗੇ । ਭਾਵੇਂ ਦੋਨੋਂ ਟਰ-ਬਿਊਨਲ ਤੇ ਮੰਨ ਜਾਣ, ਸਾਲਸ ਲਈ ਮੰਨ ਲੈਣ ਮੈਂ ਸਾਲਸ ਕਰ ਦਿਆਂਗਾ, ਜੇ ਆਰਬੀਟਰੇਟਰ ਕਹਿਣਗੀਆਂ ਆਰਬੀਟਰੇਟਰ ਮੁਕੱਰਰ ਕਰ ਦਿਆਂਗਾ । ਜੋ ਦੋਨੋਂ ਕਹਿਣਗੇ ਉਸ ਚੀਜ਼ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਾਂਗਾ ।

ਯਸ਼ ਜੀ ਦਾ ਜ਼ਿਕਰ ਆਇਆ ਸੀ ਇਸ ਹਾਊਸ ਵਿਚ । ਯਸ਼ ਜੀ ਮੇਰੇ ਪਾਸ ਆਏ ਅਤੇ ਉਨ੍ਹਾਂ ਨੇ ਮੈਨੂੰ ਵਿਸ਼ਵਾਸ਼ ਦਿਲਾਇਆ ਅਤੇ ਕਿਹਾ ਕਿ ਤੁਸੀਂ ਜੋ ਵੀ ਫੈਸਲਾ ਕਰੋਗੇ ਮੈਂ ਤੁਹਾਡੇ ਨਾਲ ਹਾਂ । ਮੈਂ ਪੁਲੀਟੀਕਲ ਪਾਰਟੀਆਂ ਨੂੰ ਵੀ ਅਰਜ਼ ਕਰਾਂਗਾ ਕਿ ਪੁਲੀਟੀਕਲ ਪਾਰਟੀਆਂ ਦੇ ਜਿਹੜੇ ਅਖਬਾਰ ਹਨ ਉਹ ਇੱਕਲੇ ਐਡਵਰਟਾਈਜ਼ਮੈਂਟ ਨਾਲ ਨਹੀਂ ਚਲਦੇ ਉਹ ਚੰਦਿਆਂ ਨਾਲ ਚਲਦੇ ਹਨ ਅਤੇ ਅਗਰ ਕੋਈ ਕਾਂਗਰਸ ਪਾਰਟੀ ਦਾ ਅਖਬਾਰ ਚਲਦਾ ਹੁੰਦਾ ਤਾਂ ਮੈਂ ਤੁਹਾਨੂੰ ਵਿਸ਼ਵਾਸ਼ ਦਿਲਾਉਂਦਾ ਉਸ ਦੇ ਵਲੋਂ ਕਿ ਅਸੀਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਨੂੰ ਤਿਆਰ ਹਾਂ । ਮੈਂ ਇਹ ਵੀ ਅਰਜ਼ ਕਰ ਦਿਆਂ ਕਿ ਦੋਹਾਂ ਪਾਰਟੀਆਂ ਦੀ ਗੁਡਵਿਲ ਕਾਇਮ ਰਖਣ ਵਾਸਤੇ ਵੀ ਪੂਰਾ ਖਿਆਲ ਰਖਿਆ ਜਾਵੇਗਾ । ਮੈਂ ਚਾਹੁੰਦਾ ਹਾਂ ਕਿ ਗੁਡਵਿਲ ਆਪਸ ਵਿਚ ਕਾਇਮ ਕਰ ਦਿੱਤੀ ਜਾਏ ।

ਕਾਮਰੇਡ ਸਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਹੁਣ ਇਧਰ ਆਉਂਦਾ ਹਾਂ । ਇਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਨੂੰ ਯਸ਼ ਜੀ ਮਿਲੇ ਅਤੇ ਇਹ ਕਹਿੰਦੇ ਹਨ ਕਿ ਉਨ੍ਹਾਂ ਨੇ ਵਿਸ਼ਵਾਸ਼ ਦਿਲਾਇਆ, ਅਸੀਂ ਵੀ ਇਨ੍ਹਾਂ ਦੇ ਨਾਲ ਹਾਂ ਅਤੇ ਕੌਮੀ ਦਰਦ ਨਾਲ ਗਲ ਕਰ ਲੈਣ । ਮੈਂ ਪੁਛਦਾ ਹਾਂ ਕਿ ਹੁਣ ਮਿਨੀ ਬਸ ਬਾਰੇ ਇਨ੍ਹਾਂ ਦੀ ਕੀ ਰਾਏ ਹੈ. . . .(ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ, ਤੁਹਾਡੇ ਆਪਣੇ ਐਮਪਲਾਈਜ਼ ਦਾ ਡੈਪੂਟੇਸ਼ਨ ਚੀਫ ਮਨਿਸਟਰ ਸਾਹਿਬ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੂੰ ਚੀਫ ਮਨਿਸਟਰ ਸਾਹਿਬ ਨੇ ਵਿਸ਼ਵਾਸ ਦਿਲਾਇਆ ਕਿ ਉਨ੍ਹਾਂ ਦੀਆਂ ਮੰਗਾਂ ਵਲ ਹਮਦਰਦਾਨਾ ਗੌਰ ਕਰਾਂਗੇ .. (ਵਿਘਨ) (Dang Sahib, a deputation of your newspaper employees met the Chief Minister, who assured them that heir demands would be considered sympathetically) (Interruptions)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਫਾਇਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੇ ਮੈਂ ਮਿਨੀ ਬਸ ਦਾ ਮਸਲਾ ਹੱਲ ਕਰ ਦਿਆਂ । (ਵਿਘਨ)

ਜੇ ਇਹ ਕਰ ਦੇਣ ਅਸੀਂ ਇਨ੍ਹਾਂ ਦੇ ਨਾਲ ਹਾਂ । ਯਸ਼ ਜੀ ਨੇ ਇਨ੍ਹਾਂ ਨੂੰ ਆਪਣੀ ਸਹਿਮਤੀ ਦੇ ਦਿੱਤੀ ਹੈ ਅਤੇ ਕੌਮੀ ਦਰਦ ਵਾਲਿਆਂ ਨੂੰ ਮਨਾ ਲੈਣਾ .. (ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਵਰਕਰਾਂ ਦੀਆਂ ਜਾਇਜ਼ ਮੰਗਾਂ ਤੇ ਅਸੀਂ ਜ਼ਰੂਰ ਗੌਰ ਕਰਾਂਗੇ (ਵਿਘਨ) (Dang Sahib, the Chief Minister had assured that the geinune demands of the workers would be definitely considered.) (*Interruptions*)

ਵਿੱਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੀ ਬਲਾ ਮੈਂ ਆਪਣੇ ਗਲ ਨਹੀਂ ਪਾ ਸਕਦਾ । ਪਹਿਲੋਂ ਇਹ ਇਲਾਨ ਕਰਨ ਕਿ ਇਹ ਕੀ ਦੇਣਗੇ ਫਿਰ ਅਸੀਂ ਸੋਚ ਕੇ ਰੇਲਵੇ ਰਾਹੀਂ, ਮਿਨੀ ਬਸ ਰਾਹੀ ਜਾਂ ਕੋਈ ਹੋਰ ਇੰਤਜ਼ਾਮ ਕਰਾਂਗੇ ।

THE PUNJAB URBAN PROPERTY (CEILING) BILL, 1972

Minister of State for Local Government (Shri Joginder Paul Pandey) : Sir, I beg to move—

That the Punjab Urban Property (Ceiling) Bill be taken into considera- tion at once.

Mr. Speaker : Motion moved—

That the Punjab Urban Property (Ceiling) Bill be taken into con- sideration at once.

Shri Prem Gupta (Patiala): Sir, I beg to move—

That the Punjab Urban Property (Ceiling) Bill, 1972, be referred to a Select Committee consisting of the following Members

1. Shri Joginder Paul Pandey, Minister-in-charge.
2. Shri Yash Pal.
3. Sardar Prithipal Singh.
4. Chaudhri Darshan Singh.
5. Shri Kesho Ram.
6. Mrs. Gurbrinder Kaur Brar.
7. Sardar Darshan Singh. K.P.
8. Bhagat Guran Dass Hans.
9. Shri Prem Gupta
10. Sardar Harcharan Singh.
11. Comrade Raj Kumar.
12. Sardar Surjit Singh (Barnala).
13. Giani Arjan Singh, Litt (and)
14. Sardar Dhanna Singh Gulshan

wtih a direction to make a report by 15th February, 1973.

Mr. Speaker : Motion moved—

That the Punjab Urban Property (Ceiling) Bill, 1972, be referred to a Select Commitee consisting of the following Members—

1. Shri Joginder Pal Pandey, Minister-in-charge.
2. Shri Yash Pal.
3. Sardar Prithipal Singh.
4. Chaudhri Darshan Singh.
5. Shri Kesho Ram.
6. Mrs. Gurbrinder Kaur Brar.
7. Sardar Darshan Singh, K. P.
8. Bhagat Guran Dass Hans.
9. Shri Prem Gupta.

10. Sardar Harcharan Singh.

11. Comrade Raj Kumar.

12. Sardar Surjit Singh (Barnala).

13. Giani Arjan Singh Lill and

14. Sardar Dhanna Singh Gulshan,

with a direction to make a report by 15th February, 1973.

Mr. Speaker : The consideration motion for the Bill and the motion for referring the Bill to the Select Committee will be discussed together.

ਸਰਦਾਰ ਅਜਾਇਬ ਸਿੰਘ ਸੰਧੂ : (ਮੋਰਿੰਡਾ, ਐਸ. ਸੀ.) ਸਪੀਕਰ ਸਾਹਿਬ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੱਲ ਇਸ ਸਦਨ ਵਿਚ ਤੁਹਾਡੇ ਸਾਹਮਣੇ ਜਦੋਂ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਆਈ ਸੀ ਔਰ ਹਾਊਸ ਉਸ ਨੂੰ ਅਡਾਪਟ ਕਰਨ ਲਗਾ ਸੀ ਤਾਂ ਸਰਦਾਰ ਉਮਰਾਓ ਸਿੰਘ ਨੂੰ ਸੁਫਨਾ ਆਇਆ ਕਿ ਉਨ੍ਹਾਂ ਨੇ ਅਰਬਨ ਪ੍ਰਾਪਰਟੀ ਬਿਲ ਪਾਸ ਕਰਨਾ ਹੈ । (ਵਿਘਨ)

ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੱਲ ਤੁਹਾਡੇ ਸਾਹਮਣੇ ਇਨ੍ਹਾਂ ਨੇ ਇਥੇ ਕਿਹਾ ਸੀ ਕਿ ਅਸੀਂ ਇਹ ਬਿਲ ਪਾਸ ਕਰਨਾ ਚਾਹੁੰਦੇ ਹਾਂ ਔਰ ਅਸੀਂ ਇਨ੍ਹਾਂ ਨੂੰ ਕਿਹਾ ਸੀ ...... (ਵਿਘਨ)

ਸ੍ਰੀ ਸਪੀਕਰ : ਸੰਧੂ ਸਾਹਿਬ, ਇਹ ਗਲਤ ਬਿਆਨੀ ਹੈ । ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਬਿਲ ਪਾਸ ਕਰਾਉਣ ਵਾਸਤੇ ਲਿਆਉਣਾ ਹੈ ਜਾਂ (ਵਿਘਨ) (Sandhu Sahib, it is not correct. I have told them to bring the Bill for its passage or (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ ਕਿਹਾ ਸੀ ਕਿ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਸਦੋ । (ਵਿਘਨ) ਅਸੀਂ ਰਾਤ ਤਕ ਬੈਠਣ ਨੂੰ ਤਿਆਰ ਹਾਂ ਤੁਸੀਂ ਬਿਲ ਲੈ ਆਓ ਵਿਘਨ)

ਸਿਖਿਆ ਤੇ ਮਾਲ ਮੰਤਰੀ : ਸਪੀਕਰ ਸਾਹਿਬ, ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਸੰਧੂ ਸਾਹਿਬ ਨੇ ਕਿਹਾ ਸੀ ਕਿ ਇਸ ਦੇ ਲਈ ਸਿਟਿੰਗ ਅੱਧਾ ਘੰਟਾ ਹੋਰ ਵਧਾ ਦਈਏ । ਸਾਡੀ ਸਾਰਿਆਂ ਦੀ ਇਹ ਰਾਏ ਹੈ ਕਿ ਇਹ ਬਿਲ ਅੱਧੇ ਘੰਟੇ ਵਿਚ ਪਾਸ ਨਹੀਂ ਸੀ ਹੋ ਸਕਦਾ । ਇਹ ਜਿਹੜਾ ਸਿਲੈਕਟ ਕਮੇਟੀ ਨੂੰ ਰੈਫਰ ਕਰਨ ਦੀ ਮੋਸ਼ਨ ਆਈ ਹੈ ਇਸ ਦੇ ਵਿਚ ਇਨ੍ਹਾਂ ਨੇ ਜਿਹੜੇ ਨਾਮ ਦਿੱਤੇ ਹਨ ਇਨ੍ਹਾਂ ਦੀ ਮਰਜ਼ੀ ਨਾਲ ਹੀ ਦਿੱਤੇ ਹਨ ਅਤੇ ਇਸੇ ਤਰ੍ਹਾਂ ਕੈਮਿਊਨਿਸਟਾਂ ਭਾਈਆਂ ਨੇ ਆਪਣੇ ਨਾਮ ਦਿੱਤੇ ਹਨ । (ਵਿਘਨ) ਹੁਣ ਇਹ ਜੋ ਮਰਜ਼ੀ ਆਏ ਕਹੀ ਜਾਣ .... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ । ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਕੱਲ ਨੂੰ ਇਸ ਨੂੰ ਕਰਾਂਗੇ ।

ਸ੍ਰੀ ਸਪੀਕਰ: ਸੰਧੂ ਸਾਹਿਬ, ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ ਕੀ ਹੋਇਆ ਸੀ ? (Sandhu Sahib, what was decided in the meeting of the Business Advisory Committee ?)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਕਮੇਟੀ ਦੀ ਮੀਟਿੰਗ ਵਿਚ ਅਸੀਂ ਇਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਇਸ ਨੂੰ ਪਾਸ ਕਰਾਉ । ਇਹ ਕਹਿਣ ਲਗੇ ਕਿ ਅਸੀਂ ਨਹੀਂ ਕਰਨਾ । ਹੁਣ ਇਹ ਕਹਿੰਦੇ ਹਨ ਕਿ ਅਸੀਂ ਨਹੀਂ ਕਰਨਾ । ਜੇ ਕਰਨਾ ਨਹੀਂ ਸੀ ਤਾਂ ਫਿਰ ਕੱਲ ਇਥੇ ਰੌਲਾ ਪਾਉਣ ਦੀ ਕੀ ਲੋੜ ਸੀ । ਮੈਂ ਅਰਜ਼ ਕਰਦਾ ਹਾਂ ਕਿ ਇਹ ਬਿਲ ਅੱਜ ਪਾਸ ਹੋਣਾ ਚਾਹੀਦਾ ਹੈ । ਇਹ ਸਿਲੈਕਟ ਕਮੇਟੀ ਨੂੰ ਰੈਫਰ ਨਹੀਂ ਕਰਨਾ ਚਾਹੀਦਾ । ਇਨ੍ਹਾਂ ਨੇ ਕੱਲ ਪੰਜਾਬ ਦੇ ਇੱਕ ਬਹੁਤ ਵੱਡੇ ਹਿੱਸੇ ਨਾਲ ਵਿਤਕਰਾ ਕੀਤਾ ਹੈ ਅਤੇ ਲੈਂਡ ਰਿਫਾਰਮਜ਼ ਦਾ ਬਿਲ ਪਾਸ ਕੀਤਾ ਹੈ । ਇੱਕ ਪਾਸੇ ਇਹ ਕਹਿੰਦੇ ਹਨ ਕਿ ਰਾਜੇ ਖਤਮ ਕਰਨੇ ਹਨ, ਲੈਂਡ ਲਾਰਡ ਖਤਮ ਕਰਨੇ ਹਨ ਪਰ ਦੂਜੇ ਪਾਸੇ ਕਾਰਖਾਨੇਦਾਰ ਅਤੇ ਸਰਮਾਏਦਾਰ ਨੂੰ ਕੁਝ ਨਹੀਂ ਕਹਿੰਦੇ । ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਕਾਰਖਾਨੇਦਾਰਾਂ ਦਾ ਅਤੇ ਸਰਮਾਏਦਾਰਾਂ ਦਾ ਡਰ ਹੈ । ਇਨ੍ਹਾਂ ਨੂੰ ਉਹ ਚੰਦੇ ਦਿੰਦੇ ਹਨ । ਇਸ ਕਰਕੇ ਇਹ ਅਰਬਨ ਪਰਾਪਰਟੀ ਬਿਲ ਨੂੰ ਬਿਲਕੁਲ ਹੱਥ ਨਹੀਂ ਲਾਉਣਾ ਚਾਹੁੰਦੇ । ਕਿਸਾਨਾਂ ਨਾਲ ਇਨ੍ਹਾਂ ਨੇ ਬੜਾ ਵਿਤਕਰਾ ਕੀਤਾ ਹੈ । ਇੱਕ ਪਾਸੇ ਇਹ ਸਮਾਜਵਾਦ ਲਿਆਉਣਾ ਚਾਹੁੰਦੇ ਹਨ ਅਤੇ ਦੂਜੇ ਪਾਸੇ ਨਹੀਂ । ਮੈਨੂੰ ਨਹੀਂ ਪਤਾ ਕਿ ਇੰਦਰਾ ਗਾਂਧੀ ਦਾ ਕੀ ਸਮਜਵਾਦ ਹੋਵੇਗਾ ਲੇਕਿਨ ਗਿਆਨੀ ਜ਼ੈਲ ਸਿੰਘ ਅਤੇ ਉਮਰਾਓ ਸਿੰਘ ਦਾ ਸਮਾਜਵਾਦ ਡਿਸਕ੍ਰਿਮੀਨੇਸ਼ਨ ਕਰਨ ਵਾਲਾ ਹੈ । ਇੱਕ ਪਾਸੇ ਇਨ੍ਹਾਂ ਨੇ ਨੈਸ਼ਨੇਲਾਈਜ਼ ਕਰ ਦਿੱਤਾ ਹੈ ਦੂਸਰੇ ਪਾਸੇ ਨਹੀਂ ਕਰਨਾ ਚਾਹੁੰਦੇ । ਇਸ ਲਈ ਮੈਂ ਸਮਝਦਾ ਹਾਂ ਕਿ ਇਹ ਬਿਲ ਸਿਲੈਕਟ ਕਮੇਟੀ ਨੂੰ ਨਹੀਂ ਰੈਫਰ ਕਰਨਾ ਚਾਹੀਦਾ । ਅਸੀਂ ਤਾਂ ਰਾਤ ਤਕ ਬੈਠਣ ਨੂੰ ਤਿਆਰ ਹਾਂ । ਤੁਸੀਂ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਅੱਧਾ ਘੰਟਾ ਇਸ ਤੇ ਡਿਸ- ਕਸ਼ਨ ਕਰਨ ਦੀ ਬਜਾਏ ਸਾਰੀ ਰਾਤ ਕਰਨ । ਇਹ ਬਿਲ ਅੱਜ ਪਾਸ ਹੋਣਾ ਚਾਹੀਦਾ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਇਹ ਬਿਲ ਸਿਲੈਕਟ ਕਮੇਟੀ ਨੂੰ ਰੈਫਰ ਨਹੀਂ ਹੋਣਾ ਚਾਹੀਦਾ । ਗੁਪਤਾ ਜੀ ਨੇ ਇਸ ਬਿਲ ਨੂੰ ਸਿਲੈਕਟ ਕਮੇਟੀ ਨੂੰ ਰੈਫਰ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਹੈ । ਪਿਛਲੇ ਸੈਸ਼ਨ ਵਿਚ ਇਥੇ ਸਰਕਾਰ ਨੇ ਆਸ਼ਵਾਸਨ ਦਿੱਤਾ ਸੀ ਕਿ ਸ਼ਹਿਰੀ ਜਾਇਦਾਦ ਅਤੇ ਲੈਂਡ ਸੀਲਿੰਗ ਦਾ ਬਿਲ ਇੱਕੋ ਸਮਾਗਮ ਵਿਚ ਪਾਸ ਕੀਤਾ ਜਾਵੇਗਾ । ਹੁਣ ਇਸ ਪਾਰਟੀ ਦਾ ਇੱਕ ਮੈਂਬਰ ਖੜਾ ਹੋ ਕੇ ਇਹ ਪ੍ਰਸਤਾਵ ਲਿਆਇਆ ਹੈ ਕਿ ਸ਼ਹਿਰੀ ਜਾਇਦਾਦ ਦਾ ਬਿਲ ਸਿਲੈਕਟ ਕਮੇਟੀ ਨੂੰ ਰੈਫਰ ਕੀਤਾ ਜਾਵੇ । ਇਸ ਗੌਰਮਿੰਟ ਨੇ ਇਸ ਸਦਨ ਵਿਚ ਇੱਕ ਵਾਰ ਨਹੀਂ ਬਲਕਿ ਸੈਂਕੜੇ ਵਾਰ ਕਿਹਾ ਹੈ ਕਿ ਇੱਕੋ ਸੈਸ਼ਨ ਵਿਚ ਅਸੀਂ ਇਨ੍ਹਾਂ ਦੋਵਾਂ ਬਿਲਾਂ ਨੂੰ ਪਾਸ ਕਰਾਂਗੇ । ਮੈਂ ਤਾਂ ਇਹ ਸਮਝਦਾ ਹਾਂ ਕਿ ਕੱਲ ਜਿਹੜਾ ਚੰਗਾ ਕੰਮ ਕੀਤਾ ਹੈ ਲੈਂਡ ਸੀਲਿੰਗ ਦਾ ਬਿਲ ਪਾਸ ਕਰਕੇ, ਇਸੇ ਤਰ੍ਹਾਂ ਸ਼ਹਿਰੀ ਜਾਇਦਾਦ ਦੀ

ਸੀਲਿੰਗ ਦਾ ਬਿਲ ਵੀ ਅੱਜ ਪਾਸ ਕਰਕੇ ਇੱਕ ਹੋਰ ਚੰਗਾ ਕੰਮ ਇਸ ਸਰਕਾਰ ਨੂੰ ਕਰਨਾ ਚਾਹੀਦਾ ਹੈ । ਜੇ ਇਹ ਬਿਲ ਸਿਲੈਕਟ ਕਮੇਟੀ ਨੂੰ ਰੈਫ਼ਰ ਕੀਤਾ ਗਿਆ ਤਾਂ ਇਸ ਤਰ੍ਹਾਂ ਸਮਾਜ ਦੇ ਇੱਕ ਸੈਕਸ਼ਨ ਨਾਲ ਵਿਤਕਰਾ ਹੋਵੇਗਾ । ਇਸ ਦਾ ਮਤਲਬ ਇਹ ਹੋਵੇਗਾ ਕਿ ਸਰਕਾਰ ਇੱਕ ਹਿੱਸੇ ਦੇ ਮੁਫ਼ਾਦ ਦੀ ਰਾਖੀ ਕਰਨਾ ਚਾਹੁੰਦੀ ਹੈ । ਇਸ ਸਰਕਾਰ ਉੱਤੇ ਇਹ ਦੋਸ਼, ਇਹ ਚਾਰਜਿਜ਼ ਲਗਾਏ ਜਾਣਗੇ । ਇਹ ਸਰਕਾਰ ਕਹਿੰਦੀ ਹੈ ਕਿ 15 ਫਰਵਰੀ ਤਕ ਇਹ ਬਿਲ ਸਿਲੈਕਟ ਕਮੇਟੀ ਨੂੰ ਦੇ ਦਿਉ । ਸਪੀਕਰ ਸਾਹਿਬ, ਪਾਰਲੀਮੈਂਟ ਵਿਚ ਵੀ ਅਰਬਨ ਪ੍ਰਾਪਰਟੀ ਤੇ ਸੀਲਿੰਗ ਦਾ ਬਿਲ ਪਾਸ ਹੋ ਰਿਹਾ ਹੈ । ਪੰਜ ਲੱਖ ਰੁਪਏ ਦੀ ਸੀਲਿੰਗ ਪਾਰਲੀਮੈਂਟ ਲਾ ਰਹੀ ਹੈ ਸਾਡੀ ਸਰਕਾਰ ਇਸ ਬਿਲ ਰਾਹੀਂ ਇਹ ਸੀਲਿੰਗ $2\frac{1}{2}$ ਲੱਖ ਤੇ ਲਾਉਣਾ ਚਾਹੁੰਦੀ ਹੈ । ਇਨ੍ਹਾਂ ਦੀ ਇਹ ਚਾਲ ਹੈ । ਇਹ ਚਾਹੁੰਦੇ ਹਨ ਕਿ ਇਸ ਦੌਰਾਨ ਵਿਚ ਪਾਰਲੀਮੈਂਟ ਵੀ ਬਿਲ ਪਾਸ ਕਰ ਦੇਵੇਗੀ ਫਿਰ ਇਹ ਕਹਿਣਗੇ ਕਿ ਅਸੀਂ ਤਾਂ ਢਾਈ ਲੱਖ ਤੇ ਸੀਲਿੰਗ ਲਾਉਣਾ ਚਾਹੁੰਦੇ ਸੀ ਪਰ ਹੁਣ ਚੂੰਕਿ ਸੈਂਟਰ ਨੇ ਪੰਜ ਲੱਖ ਤੇ ਸੀਲਿੰਗ ਲਾਈ ਹੈ, ਇਸ ਲਈ ਅਸੀਂ ਵੀ ਪੰਜ ਲੱਖ ਤੇ ਸੀਲਿੰਗ ਲਾਵਾਂਗੇ । ਇਹ ਤਾਂ ਇਸ ਤਰ੍ਹਾਂ ਹੈ ਕਿ ਬਿਲੀ ਥੈਲੀ ਵਿਚੋਂ ਬਾਹਰ ਨਿਕਲ ਆਈ । ਮੈਂ ਗੌਰਮਿੰਟ ਨੂੰ ਕਹਿੰਦਾ ਹਾਂ ਕਿ ਇਹ ਬਿਆਨ ਦੇਵੇ ਕਿ ਜੇ ਸੈਂਟਰ ਨੇ ਸੀਲਿੰਗ 5 ਲੱਖ ਤਕ ਲਾਈ ਤਾਂ ਫਿਰ ਕਿਹੜਾ ਐਕਟ ਲਾਗੂ ਹੋਵੇਗਾ । ਜੇ ਕਿਸੇ ਬਿਲ ਨੂੰ ਕੋਲਡ ਸਟੋਰੇਜ ਵਿਚ ਬੰਦ ਕਰਨਾ ਹੋਵੇ ਤਾਂ ਬਿਲ ਸਿਲੈਕਟ ਕਮੇਟੀ ਵਿਚ ਭੇਜ ਦਿੱਤਾ ਜਾਂਦਾ ਹੈ । ਪਿਛਲੇ ਸੈਸ਼ਨ ਵਿਚ ਲੈਂਡ ਸੀਲਿੰਗ ਦਾ ਬਿਲ ਸੀ, ਉਸ ਦੀ ਵੀ ਕੋਈ ਕਮੇਟੀ ਸਰਕਾਰ ਨੇ ਬਣਾਈ ਸੀ ਅਰਬਨ ਸੀਲਿੰਗ ਬਿਲ ਲਈ ਵੀ ਇੱਕ ਕਮੇਟੀ ਬਣਾਈ ਸੀ ਜਿਸ ਦਾ ਚੇਅਰਮੈਨ ਬਾਹਰਲੇ ਦੇਸ਼ਾਂ ਦੇ ਦੌਰੇ ਕਰਦਾ ਰਿਹਾ । ਉਸ ਕਮੇਟੀ ਦੀ ਰਿਪੋਰਟ ਸਦਨ ਵਿਚ ਪੇਸ਼ ਨਹੀਂ ਹੋਈ । ਛੇ ਮਹੀਨੇ ਉਸ ਇਜਲਾਸ ਨੂੰ ਹੋ ਗਏ ਹਨ । ਇਹ ਸਰਕਾਰ ਅੱਜ ਫਿਰ ਕਹਿ ਰਹੀ ਹੈ ਕਿ ਇਸ ਨੂੰ ਸਿਲੈਕਟ ਕਮੇਟੀ ਨੂੰ ਰੈਫ਼ਰ ਕਰਨਾ ਚਾਹੀਦਾ ਹੈ । ਅੱਧੇ ਘੰਟੇ ਵਿਚ ਇਹ ਬਿਲ ਪਾਸ ਨਹੀਂ ਹੋ ਸਕਦਾ ਹੈ । ਮੈਂ ਸਪੀਕਰ ਸਾਹਿਬ, ਇਨ੍ਹਾਂ ਨੂੰ ਪੁਛਦਾ ਹਾਂ ਕਿ ਇਨ੍ਹਾਂ ਨੂੰ ਧਰਮ ਰਾਜ ਨੇ ਕਿਹਾ ਹੈ ਕਿ 18 ਦਸੰਬਰ ਨੂੰ ਅਸੈਂਬਲੀ ਦੀ ਸਿਟਿੰਗ ਨਾ ਹੋਵੇ ? ਅਗਰ ਸੈਸ਼ਨ ਐਕਸਟੈਂਡ ਕਰਨਾ ਪਵੇ ਤਾਂ ਕਰ ਲੈਣ । ਜੇ ਇਹ ਬਿਲ ਅੱਜ ਪਾਸ ਨਾ ਕੀਤਾ ਗਿਆ ਤਾਂ ਲੋਕ ਇਹ ਸਮਝਣਗੇ ਕਿ ਇਹ ਸਰਕਾਰ ਇਸ ਤੋਂ ਨੱਠ ਰਹੀ ਹੈ ਅਤੇ ਇਸ ਸਦਨ ਨਾਲ ਇਹ ਬਹੁਤ ਜ਼ਿਆਦਾ ਬੇਇਨਸਾਫ਼ੀ ਹੋਵੇਗੀ ।

ਸਪੀਕਰ ਸਾਹਿਬ, ਮੈਂ ਅਖੀਰ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਦੋ ਤਿੰਨ ਦਿਨਾਂ ਵਿਚ ਪਾਰਲੀਮੈਂਟਰੀ ਪ੍ਰੋਸੀਜ਼ਰ ਦਾ ਕਾਫੀ ਮਜ਼ਾਕ ਕੀਤਾ ਗਿਆ ਹੈ । ਇਕ ਦਿਨ ਇਕ ਬਿਲ ਇਸ ਹਾਊਸ ਵਿਚ ਇੰਟਰੋਡਿਊਸ ਕੀਤਾ ਜਾਂਦਾ ਹੈ, ਉਸੇ ਦਿਨ ਉਸ ਤੇ ਅਮੈਂਡਮੈਂਟਾਂ ਦਿੱਤੀਆਂ ਜਾਂਦੀਆਂ ਹਨ, ਉਸੇ ਦਿਨ ਉਸ ਤੇ ਡਿਸਕਸ਼ਨ ਹੁੰਦੀ ਹੈ ਅਤੇ ਫਿਰ ਉਸੇ ਦਿਨ ਹੀ ਬਿਲ ਪਾਸ ਹੋ ਜਾਂਦਾ ਹੈ । ਸਪੀਕਰ ਸਾਹਿਬ, ਕਈ ਅਮੈਂਡਮੈਂਟਸ ਤਾਂ ਤੁਸੀਂ ਸਰਕੂਲੇਟ ਵੀ ਨਹੀਂ ਕਰਾ ਸਕੇ ਅਤੇ ਤੁਸੀਂ ਕਿਹਾ ਕਿ ਡੀਮਡ ਟੂ ਹੈਵ ਬੀਨ ਸਰਕੂਲੇਟਿਡ । ਸਪੀਕਰ ਸਾਹਿਬ, ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਅੱਜ ਹੀ ਬਿਲ ਇੰਟਰੋਡਿਊਸ ਕੀਤਾ ਜਾਵੇ ਅਤੇ ਅੱਜ ਹੀ ਪਾਸ ਕੀਤਾ ਜਾਵੇ । ਇਹ ਤਾਂ ਪਾਰਲੀਮੈਂਟਰੀ ਪ੍ਰੋਸੀਜਰਜ਼ ਨਾਲ ਮਜ਼ਾਕ ਕੀਤਾ ਜਾ ਰਿਹਾ ਹੈ । ਮੈਂ ਗਿਆਨੀ ਜ਼ੈਲ ਸਿੰਘ ਨੂੰ ਕਹਾਂਗਾ ਕਿ ਉਹ ਆਪਣੇ ਰਾਜ ਵਿਚ ਪਾਰਲੀਮੈਂਟਰੀ ਅਤੇ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਜਮਹੂਰੀ ਫੰਕਸ਼ਨਿੰਗ ਉਤੇ ਕਾਲਾ ਦਾਗ ਨਾ ਲਾਉਣ ਸਗੋਂ ਚੰਗੀ ਤਰ੍ਹਾਂ ਫੰਕਸ਼ਨਿੰਗ ਕਰਨ ਦੀਆਂ ਇੱਥੇ ਰਿਵਾਇਤਾਂ ਕਾਇਮ ਕਰਨ ਤਾਂ ਕਿ ਆਉਣ ਵਾਲੀਆਂ ਅਸੈਂਬਲੀਆਂ ਇਸ ਤਰ੍ਹਾਂ ਦੇ ਗਲਤ ਕੰਮ ਨਾ ਕਰਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਬਿਲ ਦਾ ਕਤਲੇਆਮ ਨਾ ਕਰਿਆ ਕਰਨ। ਸਾਡੀ ਕਾਰਜ ਵਿਧੀ ਵਿਚ ਲਿਖਿਆ ਹੋਇਆ ਹੈ ਕਿ ਲੈਜਿਸਲੇਸ਼ਨ ਪਾਸ ਕਰਨ ਵੇਲੇ ਇਨ੍ਹਾਂ ਰੂਲਾਂ ਦੀ ਸਪਿਰਟ ਦੇ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਮੈਂ ਅੰਤ ਵਿਚ ਇਹ ਅਰਜ਼ ਕਰਦਾ ਹਾਂ ਕਿ ਸਿਲੈਕਟ ਕਮੇਟੀ ਨੂੰ ਇਹ ਬਿਲ ਰੈਫਰ ਕਰਨ ਦੀ ਤਜਵੀਜ਼ ਨਹੀਂ ਮੰਨਣੀ ਚਾਹੀਦੀ।

ਸ੍ਰੀ ਸਪੀਕਰ: ਜੋਸ਼ ਸਾਹਿਬ, ਤੁਸੀਂ ਇਹ ਗਲਤ ਕਿਹਾ ਹੈ। ਮੈਂ ਤਾਂ ਕਿਹਾ ਸੀ ਕਿ ਰੈਡ ਐਂਡ ਮੂਵਡ ਨਾਂ ਕਿ ਰੈਡ ਐਂਡ ਸਰਕੂਲੇਟਿਡ। (Josh Sahib, you have made a wrong statement. I said that amendments are deemed to have been read and moved and not read and circulated)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਤੁਸੀਂ ਕਿਹਾ ਸੀ ਕਿ ਡੀਮਡ ਟੂ ਹੈਵ ਬੀਨ ਸਰਕੂਲੈਟਿਡ। ਰੂਲਜ਼ ਅਨੁਸਾਰ ਇਹ ਸਰਕੂਲੇਟ ਹੋਣੀਆਂ ਚਾਹੀਦੀਆਂ ਸਨ।

ਸ੍ਰੀ ਸਪੀਕਰ: ਇਹ ਕੋਈ ਅੱਜ ਦਾ ਨਵਾਂ ਪ੍ਰੋਸੀਜਰ ਨਹੀਂ। ਡਾਂਗ ਸਾਹਿਬ ਨੂੰ ਤੁਸੀਂ ਕੰਸਲਟ ਕਰ ਲਓ। ਇਹ ਸਰਕੂਲੇਟ ਵੀ ਹੋਈਆਂ ਹਨ। (This is not a new procedure. Please consult Com. Dang. These have also been circulated).

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਅਸੀਂ ਚੈਲੇਂਜ ਕਰਦੇ ਹਾਂ ਕਿ ਇਹ ਸਰਕੂਲੇਟ ਨਹੀਂ ਹੋਈਆਂ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਸਰਕੂਲੇਸ਼ਨ ਬਾਰੇ ਛੋਟੀ ਜਿਹੀ ਗਲ ਹੈ। ਅੱਗੇ ਤਿੰਨ ਦਿਨ ਪਹਿਲਾਂ ਸਰਕੂਲੇਟ ਹੁੰਦੀਆਂ ਸਨ। ਕੱਲ ਇਹ ਉਸ ਵੇਲੇ ਸਰਕੂਲੇਟ ਹੋਈਆਂ ਜਿਸ ਵੇਲੇ ਬਿਲ ਮੂਵ ਹੋਇਆ।

ਸ੍ਰੀ ਸਪੀਕਰ: ਡਾਂਗ ਸਾਹਿਬ, ਜੇ ਮੈਂਬਰ ਅਮੈਂਡਮੈਂਟਸ ਪਹਿਲਾਂ ਦੇਣਗੇ ਤਾਂ ਹੀ ਅਸੀਂ ਸਰਕੂਲੇਟ ਕਰਾਂਗੇ। (*Addressing Comrade Satya Pal Dang*: If the Members give notice of amendments well in time, only then we can circulate these.)

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਅਸੀਂ ਆਪਣੀਆਂ ਅਮੈਂਡਮੈਂਟ ਪਹਿਲਾਂ ਦਿੱਤੀਆਂ ਹਨ ਪਰ ਉਹ ਸਾਰੀਆਂ ਸਰਕੂਲੇਟ ਨਹੀਂ ਹੋਈਆਂ। ਇਹ ਬਿਲਕੁਲ ਗਲਤ ਗਲ ਹੈ।

ਸ੍ਰੀ ਸਪੀਕਰ: ਇਹ ਮਿਸ-ਸਟੇਟਮੈਂਟ ਹੈ । (This is a mis-statement.)

ਸਰਦਾਰ ਜਗਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਮੇਰੀ ਸਟੇਟਮੈਂਟ ਬਿਲਕੁਲ ਕੁਰੈਕਟ ਹੈ । ਮੈਂ ਚੈਂਬਰ ਵਿਚ ਆ ਕੇ ਤੁਹਾਨੂੰ ਦੱਸ ਦੇਵਾਂਗਾ ।

ਸ੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਲੈਂਡ ਸੀਲਿੰਗ ਦਾ ਬਿਲ ਪਾਸ ਹੋ ਗਿਆ ਹੈ । ਮੈਂ ਪ੍ਰਾਰਥਨਾ ਕਰਦਾ ਹਾਂ ਕਿ ਅਰਬਨ ਪ੍ਰਾਪਰਟੀ ਸੀਲਿੰਗ ਦਾ ਬਿਲ ਵੀ ਅੱਜ ਹੀ ਪਾਸ ਕਰਾਉਣਾ ਚਾਹੀਦਾ ਹੈ ।

ਸ੍ਰੀ ਸਪੀਕਰ: ਕਪੂਰ ਸਾਹਿਬ, ਇਹ ਬਿਲ ਪੇਸ਼ ਤਾਂ ਹਾਊਸ ਵਿਚ ਹੋ ਗਿਆ ਹੈ । (Kapur Sahib, this Bill has come before the House.)

ਸ੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਮੈਂ ਤਾਂ ਅਰਜ਼ ਕੀਤੀ ਹੈ ਕਿ ਇਹ ਪਾਸ ਕਰਨਾ ਚਾਹੀਦਾ ਹੈ ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਕਾਂਗਰਸ ਪਾਰਟੀ ਨੇ ਅਲੈਕਸ਼ਨਾਂ ਦੇ ਦੌਰਾਨ ਬੜੇ ਭੁਲੇਖਾ ਦੇਣ ਵਾਲੇ ਨਾਹਰੇ ਲਾਏ ਜਿਨ੍ਹਾਂ ਵਿਚੋਂ ਲੈਂਡ ਸੀਲਿੰਗ ਅਤੇ ਅਰਬਨ ਪ੍ਰਾਪਰਟੀ ਦੀ ਸੀਲਿੰਗ ਵੀ ਸਨ । ਕਲ੍ਹ ਭਾਵੇਂ ਲੈਂਡ ਸੀਲਿੰਗ ਦਾ ਬਿਲ ਪਾਸ ਕੀਤਾ ਗਿਆ ਹੈ ਪਰ ਉਹ ਪਰੋ-ਲੈਂਡਲਾਰਡ ਬਿਲ ਸੀ । ਅੱਜ ਜਿਹੜਾ ਸ਼ਹਿਰੀ ਜਾਇਦਾਦ ਦੀ ਹੱਦ ਲਾਣ ਵਾਲਾ ਬਿਲ ਪਾਸ ਕਰਨ ਦਾ ਐਲਾਨ ਕਰਕੇ ਪਿੱਛੇ ਹੱਟ ਰਹੇ ਹਨ, ਇਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ । ਇਹ ਆਪਣੇ ਵਾਇਦਿਆਂ ਤੋਂ ਪਿੱਛੇ ਜਾ ਰਹੇ ਹਨ । ਇਨ੍ਹਾਂ ਨੂੰ ਇਹ ਬਿਲ ਪਾਸ ਕਰਨਾ ਚਾਹੀਦਾ ਹੈ । ਇਹ ਬਿਲ ਸਿਲੈਕਟ ਕਮੇਟੀ ਨੂੰ ਰੈਫ਼ਰ ਨਹੀਂ ਹੋਣਾ ਚਾਹੀਦਾ ਅਤੇ ਇਥੇ ਹੀ ਡਿਸਕਸ਼ਨ ਕਰਾ ਕੇ ਅੱਜ ਪਾਸ ਹੋਣਾ ਚਾਹੀਦਾ ਹੈ ।

ਸਰਦਾਰ ਗੁਰਦਰਸ਼ਨ ਸਿੰਘ: ਸਪੀਕਰ ਸਾਹਿਬ, ਜਦੋਂ ਇਹ ਬਿਲ ਪਿਛਲੇ ਸੈਸ਼ਨ ਵਿਚ ਪੇਸ਼ ਕੀਤਾ ਗਿਆ ਸੀ ਤਾਂ ਇੱਕ ਸਿਲੈਕਟ ਕਮੇਟੀ ਬਣਾਈ ਗਈ ਸੀ । ਉਸ ਦੀ ਰਿਪੋਰਟ ਹਾਊਸ ਵਿਚ ਆਉਣੀ ਚਾਹੀਦੀ ਸੀ । ਲੋਕਾਂ ਨੂੰ ਇਸ ਤਰ੍ਹਾਂ ਅਹਿਸਾਸ ਹੋਵੇਗਾ ਕਿ ਜਿਥੋਂ ਤਕ ਜ਼ਿਮੀਂਦਾਰਾਂ ਦਾ ਤੁਅੱਲਕ ਹੈ, ਇਸ ਸਰਕਾਰ ਨੇ ਬਿਲ ਪਾਸ ਕਰ ਦਿੱਤਾ ਹੈ ਅਤੇ ਜਿਥੋਂ ਤਕ ਸਰਮਾਏਦਾਰਾਂ ਦਾ ਤੁਅੱਲਕ ਹੈ, ਸਰਕਾਰ ਇਹ ਬਿਲ ਪਾਸ ਨਹੀਂ ਕਰਨਾ ਚਾਹੁੰਦੀ । ਇਸ ਲਈ ਸਿਰਫ਼ ਅੱਧੇ ਘੰਟੇ ਦੀ ਡਿਸਕਸ਼ਨ ਰੱਖੀ ਗਈ ਹੈ । ਇਸ ਨਾਲ ਮੈਂ ਸਹਿਮਤ ਨਹੀਂ ਕਿਉਂਕਿ ਇਹ ਬਿਲ ਪਿਛਲੇ ਸੈਸ਼ਨ ਵਿਚ ਪੇਸ਼ ਹੋ ਚੁਕਾ ਹੈ ਅਤੇ ਇਹ ਸਿਲੈਕਟ ਕਮੇਟੀ ਨੂੰ ਉਸ ਵੇਲੇ ਭੇਜਿਆ ਗਿਆ ਸੀ । (ਵਿਘਨ)

ਇਸ ਕਰਕੇ ਇਸ ਨੂੰ ਸੀਲੈਕਟ ਕਮੇਟੀ ਨੂੰ ਰੈਫ਼ਰ ਕੀਤਾ ਜਾਵੇ । ਅਗਰ ਕੋਈ ਹੋਰ ਕਾਰਨ ਹੈ ਤਾਂ ਉਹ ਹਾਊਸ ਨੂੰ ਦਸ ਦੇਣ । (ਥੰਪਿੰਗ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਲੈਂਡ ਸੀਲਿੰਗ ਦਾ ਬਿੱਲ ਪਾਸ ਕਰਕੇ ਇਨ੍ਹਾਂ ਨੇ ਜੱਟਾਂ ਤੇ ਕੁਲਹਾੜਾ ਚਲਾਇਆ ਹੈ ਲੇਕਿਨ ਅੱਜ ਇਹ ਅਰਬਨ ਪ੍ਰਾਪਰਟੀ ਦੀ ਸੀਲਿੰਗ ਕਰਨ ਤੋਂ ਕਿਉਂ ਭੱਜ ਰਹੇ ਹਨ ।

ਸ੍ਰੀ ਸਪੀਕਰ : ਸੰਧੂ ਸਾਹਿਬ,ਚੋਪੜਾ ਸਾਹਿਬ ਨੂੰ ਪੁੱਛੋ ਕਿ ਕੁਹਾੜਾ ਚਲਿਆ ਹੈ ਜਾਂ ਕਿ ਨਹੀਂ । (ਵਿਘਨ)(Sandhu Sahib, please ask Com. Chand Singh Chopra whether the axe has been used against the farmers or not.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਗੱਲ ਤਾਂ ਤੁਸੀਂ ਹੀ ਦੱਸ ਸਕਦੇ ਹੋ ਕਿ ਚਲਿਆ ਹੈ ਜਾਂ ਨਹੀਂ । (ਵਿਘਨ)

ਸਿਖਿਆ ਤੇ ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਸਾਡੇ ਸਾਹਮਣੇ ਦੋ ਮੋਸ਼ਨਜ਼ ਹਨ। ਇਕ ਹੈ ਇਸ ਬਿੱਲ ਦੀ ਅਤੇ ਦੂਜੀ ਹੈ ਪ੍ਰਾਈਵੇਟ ਮੈਂਬਰ ਵਲੋਂ । ਪਰ ਪਤਾ ਨਹੀਂ ਕਿ ਇਹ ਮਰੇ ਵੀਰ ਕਿਸ ਤਰ੍ਹਾਂ ਅੰਦਾਜ਼ਾ ਲਗਾ ਰਹੇ ਹਨ ਕਿ ਸਰਕਾਰ ਇਸ ਬਿੱਲ ਨੂੰ ਪਾਸ ਨਹੀਂ ਕਰਨਾ ਚਾਹੁੰਦੀ । ਸਪੀਕਰ ਸਾਹਿਬ, ਅਸੀਂ ਤਾਂ ਚਾਹੁੰਦੇ ਹਾਂ ਕਿ the Bill should be taken into consideration immediately. (ਥੰਪਿੰਗ) ਪਰ ਮੈਂ ਸਮਝਦਾ ਹਾਂ ਕਿ ਅਗਰ ਇਸ ਢੰਗ ਨਾਲ ਮੈਂਬਰਜ ਚਲਦੇ ਹਨ ਤਾਂ ਉਨ੍ਹਾਂ ਦਾ ਸੋਚਣ ਦਾ ਢੰਗ ਗਲਤ ਹੈ । ਅਸੀਂ ਚਾਹੁੰਦੇ ਹਾਂ ਕਿ ਮੈਂਬਰਜ਼ ਨੂੰ ਇਸ ਤੇ ਬਹਿਸ ਕਰਨ ਲਈ ਕਾਫ਼ੀ ਸਮਾਂ ਮਿਲਣਾ ਚਾਹੀਦਾ ਹੈ ਔਰ ਇਸ ਬਿੱਲ ਵਿਚ ਯੂਨਾਨਮਿਟੀ ਹੋਣੀ ਚਾਹੀਦੀ ਹੈ ਇਹ ਇਸ ਬਿੱਲ ਨੂੰ ਚੰਗੀ ਤਰ੍ਹਾਂ ਪੜ੍ਹ ਸਕਣ ।

ਆਵਾਜ਼ਾਂ : ਪੜ੍ਹਿਆ ਹੋਇਆ ਹੈ, ਪੜ੍ਹਿਆ ਹੋਇਆ ਹੈ ।

ਸਿਖਿਆ ਤੇ ਮਾਲ ਮੰਤਰੀ: ਸਪੀਕਰ ਸਾਹਿਬ, ਕਲ ਜਦੋਂ ਬਿਜ਼ਨਿਸ ਐਡਵਾਈਜਰੀ ਕਮੇਟੀ ਦੀ ਮੀਟਿੰਗ ਹੋਈ ਤਾਂ ਉਸ ਵਿਚ ਇਹ ਫੈਸਲਾ ਹੋਇਆ ਕਿ ਇਸ ਵਾਸਤੇ ਅੱਧਾ ਘੰਟਾ ਹੋਣਾ ਚਾਹੀਦਾ ਹੈ ਇਹ ਕਮੇਟੀ ਵਿਚ ਯੂਨਾਨੀਮਸਲੀ ਫੈਸਲਾ ਹੋਇਆ ਹੈ ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ ਇਹ ਬਾਰ ਬਾਰ ਇਸ ਹਾਊਸ ਵਿਚ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦਾ ਰੈਫਰੈਂਸ ਦੇ ਰਹੇ ਹਨ । ਤੁਸੀਂ ਚੇਅਰਮੈਨ ਹੋ ਉਸ ਕਮੇਟੀ ਦੇ ਬਾਰੇ ਤਹਾਨੂੰ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਕਿਸ ਤਰ੍ਹਾਂ ਹੋਇਆ ਸੀ । ਅਸੀਂ ਇਨ੍ਹਾਂ ਨੂੰ ਕਿਹਾ ਕਿ ਜੇਕਰ ਤੁਸੀਂ ਧੱਕਾ ਹੀ ਕਰਨਾ ਹੈ ਅਤੇ ਸਿਲੈਕਟ ਕਮੇਟੀ ਬਣਾ ਹੀ ਦੇਣੀ ਹੈ ਤਾਂ ਜੋ ਸਾਡੀ ਰਾਏ ਹੈ ਉਹ ਅਸੀਂ ਜ਼ਰੂਰੀ ਦਿਆਂਗੇ ਅਤੇ ਜੋ ਅਸੀਂ ਅਪਣੀ ਰਾਏ ਦਿਤੀ ਸੀ ਉਹ ਵੀ ਤੁਹਾਨੂੰ ਪਤਾ ਹੈ । ਪਰ ਇਹ ਕਹਿੰਦੇ ਹਨ ਕਿ ਯੂਨਾਨੀਮਸਲੀ ਫੈਸਲਾ ਹੋਇਆ ਹੈ ।

ਸਿਖਿਆ ਤੇ ਮਾਲ ਮੰਤਰੀ: ਸਪੀਕਰ ਸਾਹਿਬ ਮੈਂ ਬਿਜ਼ੀਨਿਸ ਐਡਵਾਈਜ਼ਰੀ ਦੀ ਗੱਲ ਛੱਡ ਦਿੰਦਾ ਹਾਂ ਪਰ ਜੋ ਅੱਜ ਸਵੇਰੇ ਇਥੇ ਹਾਊਸ ਵਿਚ ਮੋਸ਼ਨ ਐਡਾਪਟ ਕਰਨ ਲਈ ਪ੍ਰੋਸੀਡਿੰਗ ਹੋਈ ਹੈ ਉਹ ਤਾਂ ਸਾਰੇ ਹਾਊਸ ਦੀ ਹੋਈ ਹੈ । ਜੋ ਚੈਂਬਰ ਵਿਚ ਗਲਾਂ ਹੋਈਆਂ ਹਨ ਮੈਂ ਉਹ ਨਹੀਂ ਰੈਫਰ ਕਰਨਾ ਚਾਹੁੰਦਾ । ਸਪੀਕਰ ਸਾਹਿਬ ਇਹ ਇਕ ਬੜਾ ਹੀ ਇੰਮਪਾਰਟੈਂਟ ਬਿੱਲ ਹੈ ਅਤੇ ਮੈਂ ਨਹੀਂ ਸਮਝਦਾ ਕਿ ਇਸ ਤਰ੍ਹਾਂ ਰਸ਼ ਥਰੂ ਕੀਤਾ ਜਾਵੇ । ਇਸ ਤਰ੍ਹਾਂ ਕਰਨ ਨਾਲ ਫਿਰ ਮੇਰੇ ਸਾਥੀ ਕਹਿਣਗੇ ਕਿ ਇਹ ਰਸ਼ ਥਰੂ ਹੋਇਆ ਹੈ ।

ਜਥੇਦਾਰ ਗੁਰਬਚਨ ਸਿੰਘ: ਸਪੀਕਰ ਸਾਹਿਬ ਇਨ੍ਹਾਂ ਨੂੰ ਕਿਸ ਡਾਕਟਰ ਨੇ ਕਿਹਾ ਹੈ ਕਿ ਰਸ਼ ਥਰੂ ਕਰਨ ਕਿ ਇਹ 17 ਤਾਰੀਖ ਨੂੰ ਰਖ ਲੈਣ । (ਇਸ ਸਮੇਂ ਕਾਮਰੇਡ ਸੱਤ ਪਾਲ ਡਾਂਗ ਪੁਆਇੰਟ ਆਫ ਆਰਡਰ ਦੀ ਇਜ਼ਾਜ਼ਤ ਖੜੇ ਹੋ ਕੇ ਮੰਗ ਕਰ ਰਹੇ ਸਨ) (ਵਿਘਨ)

ਸਿਖਿਆ ਤੇ ਮਾਲ ਮੰਤਰੀ: ਸਪੀਕਰ ਸਾਹਿਬ, ਡਾਂਗ ਸਾਹਿਬ ਘੜੀ ਮੁੜੀ ਇੰਟਰੱਪਟ ਕਰਨ ਦਾ ਯਤਨ ਕਰਦੇ ਹਨ । (ਵਿਘਨ) (ਸ਼ੋਰ)

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ ਮੈਂਬਰ ਸਾਹਿਬ, ਚਾਹੁੰਦੇ ਹਨ ਕਿ ਸਨਿਚਰ-ਵਾਰ ਦਾ ਦਿਨ ਰਖ ਲਿਆ ਜਾਵੇ । (ਅਕਾਲੀ ਪਾਰਟੀ ਦੇ ਮੈਂਬਰ ਸਾਹਿਬਾਨ ਵਲੋਂ ਸ਼ੋਰ)

ਸਿਖਿਆ ਤੇ ਮਾਲ ਮੰਤਰੀ: ਸਪੀਕਰ ਸਾਹਿਬ, ਮੇਰੇ ਅਕਾਲੀ ਵੀਰ ਬੜੇ ਕਾਹਲੇ ਪਏ ਹੋਏ ਹਨ, ਮੈਂ ਇਨ੍ਹਾਂ ਨੂੰ ਇਹ ਕਹਿੰਦਾ ਹਾਂ ਕਿ ਮੈਨੂੰ ਕੇਵਲ ਇਤਨਾ ਹੀ ਦੱਸ ਦੇਣ ਕਿ ਇਸ ਬਿੱਲ ਦੀਆਂ ਕਿਤਨੀਆਂ ਕਲਾਜ਼ਾਂ ਹਨ । ਜੇ ਕਰ ਇਹ ਹੀ ਦੱਸ ਦੇਣ ਤਾਂ ਮੈਂ ਅੰਦਾਜ਼ਾ ਲਗਾ ਲਵਾਂਗਾ ਕਿ ਇਨ੍ਹਾਂ ਨੇ ਬਿਲ ਪੜ੍ਹਿਆ ਹੈ ਪਰ ਜੇ ਕਰ ਇਨ੍ਹਾਂ ਨੇ ਨਹੀਂ ਪੜ੍ਹਿਆ ਤਾਂ ਮੈਂ ਇਨ੍ਹਾਂ ਨਾਲ ਧੱਕਾ ਨਹੀਂ ਕਰਨਾ ਚਾਹੁੰਦਾ ।

ਸਰਦਾਰ ਬਲਵਿੰਦਰ ਸਿੰਘ: ਸਪੀਕਰ ਸਾਹਿਬ, ਇਹ ਸਾਨੂੰ ਨਾ ਪੜ੍ਹਾਉਣ ਅਸੀਂ ਪੜ੍ਹਿਆ ਹੋਇਆ ਹੈ । ਇਹ ਸਾਡੇ ਨਾਲ ਇਨਸਾਫ਼ ਨਾ ਕਰਨ ਸਗੋਂ ਜਨਤਾ ਨਾਲ ਕਰਨ ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਕੱਲ ਤਾਂ ਇਹ ਕਹਿੰਦੇ ਸੀ ਕਿ ਪਾਸ ਕਰ ਦਿਆਂਗੇ ਪਰ ਹੁਣ ਇਹ ਆਪਣੇ ਵਾਇਦੇ ਤੋਂ ਕਿਉਂ ਭੱਜ ਰਹੇ ਹਨ ?

ਸਿਖਿਆ ਤੇ ਮਾਲ ਮੰਤਰੀ: ਸਪੀਕਰ ਸਾਹਿਬ, ਇਸ ਵਕਤ ਸਿਰਫ ਇਕ ਦੋ ਸਟੇਟਾਂ ਹਨ। ਜਿਨ੍ਹਾਂ ਨੇ ਕਿ ਬਿੱਲ ਅਰਬਨ ਪ੍ਰਾਪਰਟੀ ਦਾ ਪਾਸ ਕੀਤਾ ਹੈ ਔਰ ਸਾਨੂੰ ਪਤਾ ਲਗਾ ਹੈ ਕਿ ਛੇ ਮਹੀਨੇ ਹੋ ਗਏ ਹਨ ਪਰ ਉਨ੍ਹਾਂ ਨੂੰ ਅਸੈਂਟ ਨਹੀਂ ਮਿਲੀ । (ਆਵਾਜ਼ਾਂ: ਕਿਉਂ ਨਹੀਂ ਮਿਲੀ ?) ਸਪੀਕਰ ਸਾਹਿਬ, ਕਿਉਂ ਨਹੀਂ ਮਿਲੀ ਮੈਂ ਇਨ੍ਹਾਂ ਵੀਰਾਂ ਨੂੰ ਇਹ ਵੀ ਦਸ ਦਿੰਦਾ ਹਾਂ (ਵਿਘਨ) ਸਪੀਕਰ ਸਾਹਿਬ ਇਹ ਜੋ ਬਿੱਲ ਹੈ ਇਸ ਵਿਚ ਐਸੇ ਪ੍ਰੋਵੀਜ਼ਨਜ਼ ਹਨ ਅਤੇ ਉਨ੍ਹਾਂ ਲਈ ਪ੍ਰੈਜ਼ੀਡੈਂਟ ਦੀ ਪ੍ਰਾਇਰ ਅਪਰੂਵਲ ਲੈ ਲੈਣੀ ਬੜੀ ਜ਼ਰੂਰੀ ਹੈ ।

ਸਰਦਾਰ ਅਜਾਇਬ ਸਿੰਘ ਸੰਧੂ: ਬਿਲਕੁਲ ਗਲਤ । ਬਿਲਕੁਲ ਝੂਠ । ਕੀ ਇਹ ਬਿੱਲ ਅੱਜ ਦੀ ਡੇਟ ਤੋਂ ਲਾਗੂ ਸਮਝਿਆ ਜਾਵੇਗਾ ?

ਸਿਖਿਆ ਤੇ ਮਾਲ ਮੰਤਰੀ: ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਅਰਬਨ ਪ੍ਰਾਪਰਟੀ, ਦੀ ਸੀਲਿੰਗ ਵਿਚ ਇਸ ਤਰ੍ਹਾਂ ਹੇਸਟੀ ਸਟੈਪਸ ਨਹੀਂ ਉਠਾਉਣੇ ਚਾਹੀਦੇ ਹਨ । ਜੇਕਰ ਮੇਰੇ ਸਾਥੀ ਇਹ ਚਾਹੁੰਦੇ ਹਨ ਕਿ ਇਹ ਬਿੱਲ ਅੱਜ ਦੀ ਤਾਰੀਖ ਤੋਂ ਹੀ ਲਾਗੂ ਕੀਤਾ ਜਾਵੇ ਤਾਂ ਮੈਂ ਇਨ੍ਹਾਂ ਨੂੰ ਯਕੀਨ ਦਵਾਉਂਦਾ ਹਾਂ ਕਿ ਜਦੋਂ ਵੀ ਇਹ ਬਿੱਲ ਪਾਸ ਹੋਵੇਗਾ ਉਹ ਅੱਜ ਦੀ ਡੇਟ ਤੋਂ ਲਾਗੂ ਸਮਝਿਆ ਜਾਵੇਗਾ । ਇਸ ਲਈ, ਸਪੀਕਰ ਸਾਹਿਬ, ਕੋਈ ਅਜੇਹਾ ਕੰਮ ਕਰਨ ਦੀ ਲੋੜ ਨਹੀਂ ਹੈ । ਕੋਈ ਕਾਹਲੇ ਪੈਣ ਦੀ ਲੋੜ ਨਹੀਂ ਹੈ । ਅਸੀਂ ਵੇਖਣਾ ਇਹ ਹੈ ਕਿ ਇਹ ਵਿਧਾਨ ਦੇ ਮੁਤਾਬਿਕ ਹੋਵੇ। ਸਾਰੇ ਮੈਂਬਰਜ਼ ਨੂੰ ਪੂਰੀ ਅਪਰਚੂਨਿਟੀ ਮਿਲ ਸਕੇ । ਇਸ ਵਿਚ ਕੋਈ ਵੀ ਖਲਾ ਨਾ ਰਹਿ ਜਾਵੇ ਤਾਕਿ ਇਸ ਦੇ ਪਾਸ ਹੋਣ ਤੋਂ ਕੋਰਟ ਵਿਚ ਸਾਡੀ ਪੁਜ਼ੀਸ਼ਨ ਵੀਕ ਨਾ ਹੋਵੇ । ਇਸ ਨੂੰ ਮੁਕੰਮਲ ਬਣਾਇਆ ਜਾ ਸਕੇ ।

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰੜ੍ਹੀ ਜਥੇਦਾਰ ਗੁਰਬਚਨ ਸਿੰਘ ਅਤੇ ਸਰਦਾਰ ਜਸਦੇਵ ਸਿੰਘ ਸੰਧੂ ਜੀ ਖੜੇ ਹੋ ਕੇ ਪੁਆਇੰਟ ਆਫ ਆਰਡਰ ਤੇ ਬੋਲਣ ਦੀ ਮੰਗ ਕਰ ਰਹੇ ਸਨ) (ਵਿਘਨ) ਸਪੀਕਰ ਸਾਹਿਬ ਇਨ੍ਹਾਂ ਨੂੰ ਸਮਝਾਓ । ਇਹ ਦਾੜ੍ਹੀਆਂ ਦਾ ਜੱਥਾ ਫਿਰ ਖੜ੍ਹਾ ਹੋ ਗਿਆ ਹੈ । (ਹਾਸਾ) (ਸ਼ੋਰ)

ਸ੍ਰੀ ਸਪੀਕਰ: ਵਜ਼ੀਰ ਸਾਹਿਬ, ਮੇਰਾ ਖਿਆਲ ਹੈ ਕਿ ਤਾਰੀਖ ਤਾਂ ਇਸ ਬਿੱਲ ਵਿਚ ਦਿੱਤੀ ਹੋਈ ਹੈ।(*Addressing the Education and Revenue Minister :* I think the date has already been fixed in the bill)

ਸਿਖਿਆ ਤੇ ਮਾਲ ਮੰਤਰੀ: ਨਹੀਂ ਜੀ ਇਸ ਵਿਚ ਨਹੀਂ ਹੈ ਸਪੀਕਰ ਸਾਹਿਬ, ਜਦੋਂ ਅਸੀਂ ਇਹ ਬਿਲ ਦਾ ਇਫੈਕਟ ਹੀ ਰੀਟਰਾਸਪੈਕਟਿਵਲੀ ਦੇਣਾ ਹੈ ਤਾ ਫਿਰ ਸਾਨੂੰ ਇਸ ਤਰ੍ਹਾਂ ਹੇਸਟੀ ਨਹੀਂ ਹੋਣਾ ਚਾਹੀਦਾ। ਇਸ ਬਿਲ ਤੇ ਪੂਰੀ ਤਰ੍ਹਾਂ ਵਿਚਾਰ ਕਰਕੇ ਇਸ ਨੂੰ ਮੁਕੰਮਲ ਬਣਾਉਣਾ ਚਾਹੀਦਾ ਹੈ ਕਿਉਂਕਿ ਇਹ ਅਦਾਲਤਾਂ ਵਿਚ ਜਾਣਾ ਹੈ। ਜਿਹੜੇ ਸਾਡੇ ਸਾਥੀਆਂ ਨੇ ਇਸ ਨੂੰ ਪੜ੍ਹਿਆ ਨਹੀਂ ਹੈ ਉਹ ਵੀ ਇਸ ਨੂੰ ਚੰਗੀ ਤਰ੍ਹਾਂ ਪੜ੍ਹ ਲੈਣ। ਸਪੀਕਰ ਸਹਿਬ, ਇਹ ਵਿਸ਼ਵਾਸ਼ ਕਰਨ ਅਸੀਂ ਇਸ ਬਿੱਲ ਨੂੰ ਪਿਛਲੀ ਡੇਟ ਤੋਂ ਹੀ ਲਾਗੂ ਕਰਨਾ ਹੈ।

ਸ੍ਰੀ ਸਪੀਕਰ: ਵਜ਼ੀਰ ਸਾਹਿਬ, ਇਹ ਤੁਹਾਡੇ ਤੇ ਪੂਰੀ ਤਰ੍ਹਾਂ ਵਿਸ਼ਵਾਸ ਕਰਦੇ ਹਨ ਜੀ। (ਹਾਸਾ) (*Addressing the Education and Revenue Minister :* They have full faith in you)

ਸਿਖਿਆ ਤੇ ਮਾਲ ਮੰਤਰੀ: ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਜੀ। ਕਿਉਂਕਿ ਇਹ ਬਿੱਲ ਆਲ ਇੰਡੀਆ ਲੇਵਲ ਤੇ ਬਨਾਉਣਾ ਜ਼ਰੂਰੀ ਹੈ। ਇਹ ਜਿਹੜਾ ਸ਼ੋਸ਼ਲਿਸਟ ਨਿਜ਼ਾਮ ਬਣਾਨਾ ਹੈ, ਇਹ ਆਲ ਇੰਡੀਆਂ ਲੈਵਲ ਤੇ ਹੀ ਬਣਨਾ ਹੈ। ਇਸ ਦੇ ਮੁਤਾਬਿਕ ਹੀ ਸਾਰੀ ਗਾਈਡ ਲਾਈਨ ਹੋਣੀ ਹੈ। ਇਸ ਮੁਆਮਲੇ ਬਾਰੇ ਆਲ ਇੰਡੀਆ ਲੈਵਲ ਦੀ ਇਕ ਸਬ ਕਮੇਟੀ ਵੀ ਬਣੀ ਹੈ, ਅਸੀਂ ਉਸ ਦੀ ਰਿਪੋਰਟ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਉਹ ਅਜੇ ਤਾਈ ਸਾਨੂੰ ਮਿਲੀ ਨਹੀਂ। ਅਰਬਨ ਪ੍ਰਾਪਰਟੀ ਦੇ ਬਿਲ ਨੂੰ ਡੀਲ ਕਰਨ ਵਾਸਤੇ ਮੈਂ ਸਮਝਦਾ ਹਾਂ ਇਸ ਤੋਂ ਹੋਰ ਕੋਈ ਅੱਛਾ ਤਰੀਕਾ ਨਹੀਂ ਹੈ ਕਾਹਲੀ ਨਾਲ ਕੋਈ ਨੁਕਸ ਰਹਿ ਜਾਣ ਦਾ ਵੀ ਡਰ ਹੈ। ਇਸ ਲਈ ਜੇ ਅਸੀਂ ਇਸ ਨੂੰ ਹੁਣ ਪਾਸ ਕਰਕੇ ਵੀ ਭੇਜ ਦੇਈਏ ਤਾਂ ਇਕ ਧਾਰਾ ਅਨੁਸਾਰ ਪ੍ਰੈਜ਼ੀਡੈਂਟ ਕੋਲੋਂ ਅਸੈਂਟ ਵੀ ਲੈਣੀ ਪੈਣੀ ਹੈ ਦੋ ਮਹੀਨੇ ਇਸ ਤਰ੍ਹਾਂ ਇਹ ਨੂੰ ਲੱਗ ਜਾਣੇ ਹਨ। ਇਸ ਲਈ ਮੈਂ ਸਮਝਦਾ ਹਾਂ ਇਹ ਬਿਲ ਹੋਰ ਛਾਣ-ਬੀਣ ਕਰਨ ਦੇ ਲਈ ਸਿਲੈਕਟ ਕਮੇਟੀ ਦੇ ਸਪੁਰਦ ਕਰਨ ਦੀ ਤਜ਼ਵੀਜ਼ ਹੀ ਸਰਕਾਰ ਨੂੰ ਪ੍ਰਵਾਨ ਕਰਨੀ ਚਾਹੀਦੀ ਹੈ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ ਕਿਹਾ ਸੀ ਕਿ ਇਹ ਬਿੱਲ ਟਰੈਕ ਅੱਪ ਕਰੋ ਪਰ ਇਨ੍ਹਾਂ ਨੇ ਨਹੀਂ ਕੀਤਾ। ਅਸੀਂ ਚਾਹੁੰਦੇ ਹਾਂ ਕਿ ਇਹ ਮੇਰੀਆਂ ਦੋ ਗੱਲਾਂ ਦੇ ਜ਼ਵਾਬ ਦੇਣ। ਇਕ ਤਾਂ ਇਹ ਕਿ ਕੀ ਇਹ 24-1-1971 ਦੀ ਡੇਟ ਤੋਂ ਲਾਗੂ ਕਰਨਗੇ ਦੂਸਰੇ ਇਹ ਵੀ ਦਸਣ ਕਿ ਸੈਂਟਰ ਵਿਚ 5 ਲੱਖ ਤੇ ਸੀਲਿੰਗ ਲਗ ਰਹੀ ਹੈ ਉਹ ਕਮਿਟਿਡ ਹਨ ਢਾਈ ਲੱਖ ਲਈ। ਉਹ ਇਹ ਅਸ਼ੋਰੈਂਸ ਦੇਣ ਕਿ ਕੀ ਉਹ ਢਾਈ ਲੱਖ ਤੱਕ ਦੀ ਸੀਲਿੰਗ ਕਰਨਗੇ।

ਸਿਖਿਆ ਤੇ ਮਾਲ ਮੰਤਰੀ: ਸੈਂਟਰ ਵਿਚ ਅਜੇ ਤੱਕ ਕੋਈ ਬਿਲ ਇਸ ਤਰ੍ਹਾਂ ਦਾ ਨਹੀਂ ਆਇਆ। ਮੈਨੂੰ ਨਹੀਂ ਪਤਾ ਇਨ੍ਹਾਂ ਨੂੰ ਕਿਥੋਂ ਇਹ ਖਬਰ ਮਿਲੀ ਹੈ ਕਿ 5 ਲੱਖ

ਦੀ ਸਿਲਿੰਗ ਫਿਕਸ ਹੋ ਰਹੀ ਹੈ । ਇਹ ਕਮਿਊਨਿਸਟ ਅਤੇ ਅਕਾਲੀ ਨੁਮਾਇੰਦੇ ਪਤਾ ਨਹੀਂ ਕਿਥੋਂ ਇਸ ਤਰ੍ਹਾਂ ਦੀਆਂ ਖਬਰਾਂ ਲਿਆਂਦੇ ਹਨ । ਇਨ੍ਹਾਂ ਹਾਲਾਤ ਦੇ ਵਿਚ ਕੋਈ ਅਸ਼ੋਰੈਂਸ ਨਹੀਂ ਦਿੱਤੀ ਜਾ ਸਕਦੀ । ਜਿਸ ਤਰ੍ਹਾਂ ਦੀਆਂ ਗਾਈਡ ਲਾਈਨਜ਼ ਸੈਂਟਰਲ ਪੈਟਰਨ ਤੇ ਹੋਣਗੀਆਂ ਉਸੇ ਤਰ੍ਹਾਂ ਦਾ ਵਿਚਾਰ ਅਸੀਂ ਕਰ ਲਵਾਂਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਦਰਅਸਲ ਗਲ ਇਹ ਹੈ ਕਿ ਇਹ ਕੋਈ ਐਸ਼ੋਰੈਂਸ ਹਾਊਸ ਨੂੰ ਦੇਣਾ ਨਹੀਂ ਚਾਹੁੰਦੇ । ਕਮਿਊਨਿਸਟ ਪਾਰਟੀ ਨੇ ਵੀ ਇਸ ਤਰ੍ਹਾਂ ਦੀਆਂ ਐਸ਼ੋਰੈਂਸ ਮੰਗੀਆਂ ਸੀ । ਇਸ ਦਾ ਮਤਲਬ ਇਹ ਹੈ ਕਿ ਸਰਕਾਰ ਨੇ ਕਿਸਾਨਾ ਦੇ ਨਾਲ ਵਿਤਕਰੇ ਭਰਿਆ ਸਲੂਕ ਇਖਤਿਆਰ ਕੀਤਾ ਹੈ ਇਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਜ਼ਮੀਨ ਤੇ ਸੀਲਿੰਗ ਲਾ ਦਿੱਤੀ ਪਰ ਵਡੇ ਵਡੇ ਕਾਰਖਾਨੇਦਾਰਾਂ ਨੂੰ ਛੋਟ ਦੇ ਦਿੱਤੀ । ਅਸੀਂ ਚਾਹੁੰਦੇ ਹਾਂ ਕਿ ਇਸ ਹਾਊਸ ਨੂੰ ਕੋਈ ਅਰਬਨ ਪਰਾਪਰਟੀ ਬਿਲ ਦੇ ਮੁਤਾਲਿਕ ਅਸ਼ੋਰੈਂਸ ਦਿੰਦੇ ਪਰ ਇਹ ਹੁਣ ਮੁਕਰਦੇ ਹਨ ।

Walk Out

ਸਰਦਾਰ ਰਣਧੀਰ ਸਿੰਘ ਚੀਮਾ : ਮੈਂ ਹਾਊਸ ਨੂੰ ਚੇਤੇ ਕਰਾਉਂਦਾ ਹਾਂ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਆਪਣੀ ਤਕਰੀਰ ਦੇ ਵਿਚ ਇਹ ਐਲਾਨ ਕੀਤਾ ਸੀ ਕਿ ਅਸੀਂ ਦਵੇਂ ਬਿਲ ਇਕਠੇ ਲਿਆਵਾਂਗੇ । ਲੈਂਡ ਸੀਲਿੰਗ ਦਾ ਬਿਲ ਤਾਂ ਇਨ੍ਹਾਂ ਨੇ ਹਾਊਸ ਵਿਚ ਪਾਸ ਕਰਵਾ ਲਿਆ ਪਰ ਅਰਬਨ ਪ੍ਰਾਪਰਟੀ ਦਾ ਬਿਲ ਜਿਹੜਾ ਪਾਸ ਹੋਣਾ ਚਾਹੀਦਾ ਸੀ, ਇਹ ਟਾਲ ਮਟੋਲ ਕਰਦੇ ਹਨ । ਅਸੀਂ ਇਸ ਦੇ ਵਿਰੁਧ ਪਰੋਟੈਸਟ ਕਰਦੇ ਹਾਂ ਅਤੇ ਵਾਕ ਆਊਟ ਕਰਦੇ ਹਾਂ ।

(ਇਸ ਵੇਲੇ ਅਕਾਲੀ ਪਾਰਟੀ ਦੇ ਮੈਂਬਰ ਇਹ ਨਾਹਰੇ ਲਾਉਂਦੇ ਹੋਏ ਵਾਕ ਆਊਟ ਕਰ ਗਏ, ਕਿਸਾਨਾਂ ਨਾਲ ਧੱਕਾ ਕਰਨ ਵਾਲੀ ਸਰਕਾਰ ਮੁਰਦਾਬਾਦ ਗਰੀਬਾਂ ਤੇ ਜ਼ੁਲਮ ਕਰਨ ਵਾਲੀ ਸਰਕਾਰ ਮੁਰਦਾਬਾਦ) ।

THE PUNJAB URBAN PROPERTY (CEILING) BILL, 1972

(Resumption of Discussion)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਅਸੀਂ ਅਜੇ ਕਲ੍ਹ ਹੀ ਲੈਂਡ ਸੀਲਿੰਗ ਦਾ ਬਿਲ ਪਾਸ ਕੀਤਾ ਹੈ, ਆਪ ਨੂੰ ਪਤਾ ਹੈ ਕਿ ਅਰਬਨ ਪ੍ਰਾਪਰਟੀ ਦਾ ਬਿਲ ਵੀ ਇਸ ਹਾਊਸ ਵਿਚ ਪੇਸ਼ ਕੀਤਾ ਜਾ ਚੁਕਾ ਹੈ । ਇਹ ਦੋਵੇਂ ਬਿਲ ਇਸ ਹਾਊਸ ਵਿਚ ਆਏ ਸਨ ਲੈਂਡ ਦੀ ਸੀਲਿੰਗ ਦਾ ਬਿਲ ਅਸੀਂ ਇਸ ਹਾਊਸ ਵਿਚ ਪਾਸ ਕਰ ਚੁੱਕੇ ਹਾਂ । ਇਤਨਾ ਸਮਾਂ ਇਸ ਲਈ ਲੱਗਾ ਕਿਉਂਕਿ ਅਸੀਂ ਚਾਹੁੰਦੇ ਸੀ ਕਿ ਹਿੰਦੁਸਤਾਨ ਵਿਚ ਲੈਂਡ ਸੀਲਿੰਗ ਦੇ ਮੁਤਾਲਿਕ ਜਿਹੜੀ ਵੀ ਤਸਵੀਰ ਹੋਵੇ ਉਹ ਸਾਰੀ ਦੀ ਸਾਰੀ ਇਕ ਰਹੇ । ਪਹਿਲਾਂ ਜਿਹੜੀਆਂ ਇਸ ਬਿਲ ਦੇ ਵਿਚ ਖਾਮੀਆਂ ਰਹਿ ਗਈਆਂ ਸਨ ਉਹ ਅਸੀਂ ਸਾਰੀਆਂ ਦੀਆਂ ਸਾਰੀਆਂ ਨਵੇਂ ਬਿਲ ਰਾਹੀਂ ਠੀਕ ਕਰਵਾਈਆਂ ਅਤੇ ਬਿਲ ਪਾਸ ਕਰਵਾਇਆਂ । ਇਹ ਇਸ ਲਈ ਕਿ ਅਸੀਂ ਆਲ ਇੰਡੀਆ ਪਾਰਟੀ ਹਾਂ

[ਮੁੱਖ ਮੰਤਰੀ]

ਅਤੇ ਜਿਹੜਾ ਆਲ ਇੰਡੀਆ ਕਾਂਗਰਸ ਪਾਰਟੀ ਦਾ ਮੈਨੀਫੈਸਟੋ ਹੈ ਅਸੀਂ ਉਸ ਨੂੰ ਪੂਰਾ ਕਰਨਾ ਹੈ। ਲੈਂਡ ਦੀ ਸੀਲਿੰਗ ਦਾ ਨਵਾਂ ਬਿਲ ਲਿਆ ਕੇ ਅਸੀਂ ਪਾਸ ਕੀਤਾ। ਹੁਣ ਅਰਬਨ ਪਰਾਪਰਟੀ ਦਾ ਬਿਲ ਵੀ ਲਿਆਂਦਾ ਹੈ ਅਤੇ ਇਸ ਦੀਆਂ ਜਿਤਨੀਆਂ ਵੀ ਖਾਮੀਆਂ ਹਨ ਉਹ ਅਸੀਂ ਦੂਰ ਕਰਨੀਆਂ ਹਨ। ਇਹ ਦੂਰ ਕਰਨ ਵਾਸਤੇ ਅਸੀਂ ਇਹ ਅਨੁਭਵ ਕੀਤਾ ਹੈ ਕਿ ਇਹ ਖਾਮੀਆਂ ਜੇ ਉਸੇ ਆਧਾਰ ਤੇ ਦੂਰ ਕੀਤੀਆਂ ਜਾਣ ਤਾਂ ਚੰਗਾ ਹੈ ਕਿ ਅਰਬਨ ਪਰਾਪਰਟੀ ਦੇ ਮੁਤਾਲਿਕ ਸੈਂਟਰ ਨੇ ਇਕ ਕਮੇਟੀ ਬਣਾਈ ਹੋਈ ਹੈ। ਇਸ ਤਰ੍ਹਾਂ ਨਾਲ ਅਰਬਨ ਪ੍ਰਾਪਰਟੀ ਦੀ ਲੈਂਡ ਲੈਜਿਸਲੇਸ਼ਨ ਦੀ ਵੀ ਇਕੋ ਹੀ ਤਸਵੀਰ ਰਹਿ ਸਕਦੀ ਹੈ। ਹਿੰਦੁਸਤਾਨ ਦੀ ਪਾਰਲੀਮੈਂਟ ਦੇ ਵਿਚ ਇਸ ਗੱਲ ਦਾ ਧਿਆਨ ਰਖਿਆ ਜਾਵੇਗਾ ਕਿ ਕਿਵੇਂ ਅਰਬਨ ਪਰਾਪਰਟੀ ਦੀ ਸੀਲਿੰਗ ਮੁਕੱਰਰ ਕੀਤੀ ਜਾਵੇ ਅਤੇ ਕਿਵੇਂ ਅਤੇ ਕਿਸ ਹੱਦ ਤੱਕ ਇਹ ਮੁਕੱਰਰ ਹੋਵੇ ਉਸੇ ਤਰ੍ਹਾਂ ਹੀ ਅਸੀਂ ਆਪਣਾ ਬਿਲ ਮੂਵ ਕਰਾਂਗੇ। ਇਸ ਤੋਂ ਇਲਾਵਾ ਅਸੀਂ ਇਕ ਯੂਨਾਨੀਮਸਲੀ ਰੈਜ਼ੋਲੀਊਸ਼ਨ ਪਾਸ ਕਰ ਕੇ ਹਿੰਦੁਸਤਾਨ ਦੀ ਪਾਰਲੀਮੈਂਟ ਨੂੰ ਆਪਣਾ ਅਧਿਕਾਰ ਦਿੱਤਾ ਹੈ ਕਿ ਉਹ ਕੋਈ ਆਲ ਇੰਡੀਆਂ ਬੇਸਿਜ਼ ਤੇ ਆਪਣਾ ਬਿਲ ਲਿਆਉਣ। ਇਹ ਕਨਸਾਲੀਡੇਟਿਡ ਬਿਲ ਉਹ ਤਦ ਹੀ ਲਿਆਉਣਗੇ ਜੇ ਅੱਧੀਆਂ ਤੋਂ ਵੱਧ ਅਸੈਂਬਲੀਆਂ ਉਨ੍ਹਾਂ ਨੂੰ ਲਿਖਣਗੀਆ। ਜਿਨ੍ਹਾਂ ਨੰਬਰ ਚਾਹੀਦਾ ਸੀ ਉਤਨੀਆਂ ਨੇ ਆਪਣਾ ਰੈਜ਼ੋਲੀਊਸ਼ਨ ਕਰਕੇ ਪਾਰਲੀਮੈਂਟ ਨੂੰ ਭੇਜ ਦਿੱਤਾ ਹੈ, ਹੁਣ ਪਾਰਲੀਮੈਂਟ ਆਥੋਰਾਈਜ਼ਡ ਹੈ ਕਿ ਉਹ ਕੋਈ ਅਰਬਨ ਪਰਾਪਰਟੀ ਦੇ ਮੁਤਾਲਿਕ ਕਨਸਾਲੀਡੇਟਿਡ ਬਿਲ ਪਾਸ ਕਰ ਸਕੇ। ਸੈਂਟਰ ਦੇ ਮਨਿਸਟਰ ਸਾਹਿਬ ਨੇ ਇਸ ਬਿਲ ਦੇ ਤਿਆਰ ਹੋਣ ਦੇ ਮੁਤਾਲਿਕ ਇਕ ਸਟੇਟਮੈਂਟ ਵੀ ਦੇ ਦਿੱਤਾ ਹੈ। ਹੁਣ ਜਦੋਂ ਤਾਈਂ ਪਾਰਲੀਮੈਂਟ ਵਿਚ ਬਿਲ ਨਾ ਆਵੇ ਉਸ ਵਕਤ ਤੱਕ ਸਾਨੂੰ ਇੰਤਜ਼ਾਰ ਕਰਨਾ ਪਵੇਗਾ ਕਿਉਂਕਿ ਜਦੋਂ ਤਕ ਇਹ ਨਹੀਂ ਆਉਂਦਾ ਅਸੀਂ ਕਹਿ ਨਹੀਂ ਸਕਦੇ ਕਿ ਅਰਬਨ ਪਰਾਪਰਟੀ ਦੀ ਸੀਲਿੰਗ ਕਿਤਨੀ ਕੁ ਹੋਵੇਗੀ। ਮੈਨੂੰ ਪੂਰਾ ਯਕੀਨ ਹੈ ਕਿ ਇਹ ਬਿਲ ਪਾਰਲੀਮੈਂਟ ਦੇ ਵਿਚ ਜ਼ਰੂਰ ਹੀ ਆਵੇਗਾ ਅਤੇ ਉਸ ਦੀਆਂ ਗਾਈਡ ਲਾਈਨਜ਼ ਤੇ ਹੀ ਆਪਣਾ ਬਿਲ ਵੀ ਇਸ ਹਾਊਸ ਵਿਚ ਲਿਆਵਾਂਗੇ। ਗੁਪਤਾ ਜੀ ਨੇ ਇਸ ਬਿਲ ਨੂੰ ਅਜੇ ਸਿਲੈਕਟ ਕਮੇਟੀ ਦੇ ਹਵਾਲੇ ਕਰਨ ਦੀ ਤਜਵੀਜ਼ ਦੇ ਕੇ ਬੜੀ ਹੀ ਸਿਆਣੀ ਗੱਲ ਕੀਤੀ ਹੈ ਜੇ ਅਸੀਂ ਇਸ ਬਿਲ ਨੂੰ ਹਾਊਸ ਦੇ ਵਿਚ ਪੇਸ਼ ਨਾ ਕਰਦੇ ਤਾਂ ਦੂਸਰੀਆਂ ਪਾਰਟੀਆਂ ਨੂੰ ਕਹਿਣਾ ਸੀ ਕਿ ਅਸੀਂ ਇਸ ਨੂੰ ਪੇਸ਼ ਕਰਨ ਵਿਚ ਕੋਈ ਗੁਰੇਜ਼ ਕਰਦੇ ਹਾਂ। ਅਸੀਂ ਤਾਂ ਇਸ ਤਾਂ ਇਸ ਨੂੰ ਪਾਸ ਕਰਨਾ ਚਾਹੁੰਦੇ ਹਾਂ ਅਤੇ ਹੋਰ ਪਰੋਗਰੈਸਿਵ ਬਣਾਕੇ ਪਾਸ ਕਰਨਾ ਚਹੁੰਦੇ ਹਾਂ। ਕਿਸੇ ਬਿਲ ਦੀਆਂ ਖਾਮੀਆਂ ਦੂਰ ਕਰਨ ਵਾਸਤੇ ਹੀ ਸੀਲੈਕਟ ਕਮੇਟੀ ਬਣਿਆ ਕਰਦੀ ਹੈ। ਸਪੀਕਰ ਸਾਹਿਬ, ਮੈਂ ਫੇਰ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਅਰਬਨ ਪਰਾਪਰਟੀ ਦੇ ਮੁਤਾਲਕ ਲੈਜਿਸਲੇਸ਼ਨ ਲਿਆਉਣ ਵਾਸਤੇ ਕਮਿਟਡ ਹਾਂ। ਅਸੀਂ ਉਨ੍ਹਾਂ ਨੂੰ ਕਿਹਾ ਸੀ ਕਿ ਇਹ ਦੋਵੇਂ ਬਿਲ ਅਸੀਂ ਇਕੱਠੇ ਹੀ ਲਿਆਵਾਂਗੇ। ਉਹ ਅਸੀਂ ਲਿਆ ਚੁੱਕੇ ਹਾਂ। ਮੈਂ ਫੇਰ ਕਹਿੰਦਾ ਹਾਂ ਕੇ ਜੇ ਹਾਊਸ ਇਸ ਨੂੰ ਸੀਲੈਕਟ ਕਮੇਟੀ ਦੇ ਸਪਰਦ ਕਰਨਾ ਚਾਹੇ ਤਾਂ ਕਰ ਸਕਦਾ ਹੈ ਪਰ ਜੇ ਹਾਊਸ ਚਾਹੇ ਕਿ ਇਹ ਇਸੇ ਤਰ੍ਹਾਂ ਹੀ ਪਾਸ ਕਰਨਾ ਹੈ ਤਾਂ ਬੇਸ਼ਕ ਪਾਸ ਕਰ ਦੇਵੇ ਮੈਨੂੰ ਕੋਈ ਇਤਰਾਜ਼ ਨਹੀਂ। ਪਰ ਇਹ ਇਕ ਬਹੁਤ ਹੀ ਬੁਰੀ ਗਲ ਹੋਵੇਗੀ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਇਨ੍ਹਾਂ ਪਾਰਟੀਆਂ ਦੇ ਭੇਜੇ ਹੋਏ ਨੁਮਾਇੰਦੇ ਜਾਣ ਉਥੇ ਇਕ ਫੈਸਲੇ ਨੂੰ ਮੰਨ ਕੇ ਆਉਣ ਪਰ

ਹਾਊਸ ਵਿਚ ਐਸੇ ਫੈਸਲੇ ਦੇ ਖਿਲਾਫ ਵਾਕ ਆਊਟ ਕਰ ਜਾਣ । ਇਹ ਪਾਰਲੀਮੈਂਟਰੀ ਅਸੂਲਾਂ ਦੇ ਖਿਲਾਫ ਹੈ ।

ਸਪੀਕਰ ਸਾਹਿਬ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਇਥੇ ਪੇਸ਼ ਹੋਈ ਅਤੇ ਪਾਸ ਕਰ ਦਿੱਤੀ ਗਈ ਮੈਨੂੰ ਇਸ ਗਲ ਦਾ ਅਫਸੋਸ ਹੈ ਕਿ ਫਿਰ ਵੀ ਉਹ ਇਸ ਦੇ ਖਿਲਾਫ ਗੱਲ ਕਰਨ ਇਹ ਕੋਈ ਚੰਗੀ ਗਲ ਨਹੀਂ । ਅਜ ਦੋਨਾਂ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੇ ਜੋ ਕੁਝ ਇਥੇ ਕੀਤਾ ਹੈ, ਉਹ ਆਪੋਜ਼ੀਸ਼ਨ ਦੀਆਂ ਰਿਵਾਇਤਾਂ ਦੇ ਅਨੁਕੂਲ ਨਹੀਂ ਹੈ । ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਉਹ ਮੰਨ ਕੇ ਆਏ ਸੀ ਪਰ ਜੇ ਫਿਰ ਭੀ ਇਥੇ ਬਹਿਸ ਕਰਨਾ ਚਾਹੁੰਦੇ ਸੀ ਤਾਂ ਕਰ ਲੈਂਦੇ ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਮੈਂ ਇਹ ਸਮਝਦਾ ਹਾਂ ਕਿ ਗੁਪਤਾ ਜੀ ਨੇ ਜੋ ਸੀਲੈਕਟ ਕਮੇਟੀ ਦੀ ਸੁਜੈਸ਼ਨ ਦਿੱਤੀ ਹੈ, ਇਹ ਨਿਆਂ ਭਰਪੂਰ ਹੈ, ਇਹ ਹਾਊਸ ਨੂੰ ਮੰਨ ਲੈਣੀ ਚਾਹੀਦੀ ਹੈ । ਅਗੇ ਹਾਊਸ ਦੀ ਮਰਜ਼ੀ ਹੈ ਇਹ ਮੰਨੇ ਜਾਂ ਨਾ ਮੰਨੇ ।

Mr. Speaker: Question is—

That the Punjab Urban Property (Ceiling) Bill, 1972 be referred to a Select Committee consisting of the following Members :

1. Shri Joginder Pal Pandey, Minister-in-Charge.
2. Shri Yash Pal.
3. Sardar Prithipal Singh.
4. Chaudhri Darshan Singh.
5. Shri Kesho Ram.
6. Mrs. Gurbrinder Kaur Brar
7. Sardar Darshan Singh, K. P.
8. Bhagat Guran Dass Hans
9. Shri Prem Gupta.
10. Sardar Harcharan Singh.
11. Comrade Raj Kumar.
12. Sardar Surjit Singh, (Barnala)
13. Giani Arjan Singh Litt, and
14. Sardar Dhanna Singh Gulshan

with a direction to make a report by the 15th February, 1973.

The Motion was carried.

THE PUNJAB KHADI AND VILLAGE INDUSTRIES BOARD (AMENDMENT) BILL, 1972

Education and Revenue Minister (Sardar Umrao Singh) : Sir I beg to introduce the Punjab Khadi and Village Industries Board (Amendment) Bill, 1972.

Sir, I beg to move–

That the Punjab Khadi and Village Industries Board (Amendment) Bill be taken into consideration at once.

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਬਿਲ ਵਿਚ ਜਿਹੜੀ ਅਮੈਂਡਮੈਂਟ ਲਿਆਂਦੀ ਗਈ ਹੈ —

Extension of time of the Sitting

ਸ਼੍ਰੀ ਸਪੀਕਰ : ਕਿਉਂਕਿ ਵਕਤ ਬਹੁਤ ਹੋ ਗਿਆ ਹੈ ਇਸ ਲਈ ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਟਾਈਮ ਹੋਰ ਵਧਾ ਦਿਤਾ ਜਾਵੇ । (As it is quite late already, if the House so desires, the time of the sitting may be extended.)

(ਵਿਰੋਧੀ ਬੈਂਚਾਂ ਵਲੋਂ ਅਵਾਜ਼ਾਂ : ਜ਼ਰੂਰ ਵਧਾਓ ਜੀ)

ਸਿਖਿਆ ਅਤੇ ਮਾਲ ਮੰਤਰੀ: ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਟਾਈਮ ਨਹੀਂ ਵਧਾਉਣਾ ਚਾਹੀਦਾ ਕਿਉਂਕਿ ਜੇ ਤੁਸੀਂ ਟਾਈਮ ਵਧਾਓਗੇ ਤਾਂ ਇਹ ਇਰ— ਰੈਲੇਵੈਂਟ ਗਲਾਂ ਕਰਨਗੇ । (ਵਿਘਨ)

Mr. Speaker. The time of the sitting is extended upto 4.00 p.m. (*Interruption*)

ਸਿਖਿਆ ਤੇ ਮਾਲ ਮੰਤਰੀ : ਸਪੀਕਰ ਸਾਹਿਬ, ਜੇ ਇਹ ਸਮਾਂ ਵਧਾਉਣਾ ਹੀ ਹੈ ਤਾਂ 3. 30 ਤੱਕ ਵਧਾ ਦਿਓ ।

ਸ਼੍ਰੀ ਸਪੀਕਰ : ਨਹੀਂ ਇਹ ਠੀਕ ਹੈ । (No, let it be upto 4-00 p.m.)

THE PUNJAB KHADI AND VILLAGE INDUSTRIES BOARD (AMENDMENT) BILL, 1972
(*RESUMPION OF DISCUSSION*)

ਸਿਖਿਆ ਤੇ ਮਾਲ ਮੰਤਰੀ : ਤੇ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਇਸ ਬਿਲ ਵਿਚ ਇਕ ਐਡੀਸ਼ਨ ਕੀਤੀ ਗਈ ਹੈ ਕਿ ਜਦੋਂ ਇਹ ਖਾਦੀ ਬੋਰਡ ਤੋੜਿਆ ਜਾਵੇ ਤਾਂ ਉਸ ਦੀਆਂ ਸਾਰੀਆਂ ਲਾਇਬਿਲਟੀਆਂ ਸਰਕਾਰ ਆਪਣੇ ਜ਼ਿਮੇ ਲਵੇ । (ਥੰਪਿੰਗ) ਪੁਰਾਣੇ ਐਕਟ ਵਿਚ ਇਹ ਨਹੀਂ ਸੀ । ਇਹ ਪੰਜਾਬ ਸਰਕਾਰ ਨੇ ਆਪਣੇ ਸਿਰ ਤੇ ਇਕ ਨਵੀਂ ਜ਼ਿਮੇਦਾਰੀ ਲਈ ਹੈ । ਅਗੇ ਇਹ ਤਾਂ ਸੀ ਕਿ ਜਦੋਂ ਵੀ ਬੋਰਡ ਟੁੱਟੇ ਉਸ ਦੇ ਅਸੈਟਸ ਅਤੇ ਪ੍ਰਾਪਰਟੀ ਸਰਕਾਰ ਵਿਚ ਵੇਸ਼ਟ ਹੋ ਜਾਂਦੀ ਸੀ ਪਰ ਜੇ ਕਿਤੇ ਉਸ ਪ੍ਰਾਪਰਟੀ ਨਾਲੋਂ ਲਾਇਬਿਲਟੀਜ਼ ਵੱਧ ਜਾਣ ਤਾਂ ਇਸ ਸਿਚੂਏਸ਼ਨ ਵਿਚ ਕੀ ਹੋਣਾ ਚਾਹੀਦਾ ਹੈ, ਇਸ ਦਾ ਕੋਈ ਪ੍ਰਬੰਧ ਨਹੀਂ ਸੀ। ਖਾਦੀ ਬੋਰਡ ਨੂੰ ਸੈਂਟਰਲ ਖਾਦੀ ਬੋਰਡ ਵਲੋਂ ਫ਼ੰਡਜ਼ ਗ੍ਰਾਂਟ ਅਤੇ ਲੋਨ ਦੀ ਸ਼ਕਲ ਵਿਚ ਮਿਲਦੇ ਹਨ । ਪਰ ਉਸ ਸੈਂਟਰਲ ਬੋਰਡ ਨੇ ਇਹ ਸਬਸਿਡੀ ਅਤੇ ਲੋਨ ਦੇਣ ਤੋਂ ਇਨਕਾਰ ਕਰ ਦਿਤਾ ਕਿ ਪਹਿਲਾਂ ਪੰਜਾਬ ਵਿਚ ਇਸ ਬੋਰਡ ਨੂੰ ਸਿਕਿਓਰਿਟੀ ਦਿਓ । ਇਸ ਲਈ ਇਹ ਐਮੈਂਡਮੈਂਟ ਲਿਆਂਦੀ ਗਈ ਹੈ । ਇਹ ਇਕ ਰੁਕਾਵਟ ਸੀ ਸੈਂਟਰਲ ਖਾਦੀ ਬੋਰਡ ਤੋਂ ਫ਼ੰਡ ਲੈਣ ਵਿਚ ਹੁਣ ਇਸ ਅਮੈਂਡਮੈਂਟ ਨਾਲ ਇਹ ਰੁਕਾਵਟ ਦੂਰ ਕਰ ਦਿਤੀ ਗਈ ਹੈ ।

ਫਿਰ ਇਸ ਦੀ ਕਲਾਜ਼ 2 ਵਿਚ ਦਿਤਾ ਹੈ :—

"any committee appointed under section 11 shall cease to function"

ਇਸ ਦਾ ਮਤਲਬ ਇਹ ਹੈ ਕਿ ਜਦੋਂ ਬੋਰਡ ਡਿਜ਼ਾਲਵ ਹੋ ਜਾਵੇਗਾ ਤਾਂ ਉਸ ਦੀਆਂ ਕਮੇਟੀਆਂ ਵੀ ਡਿਸਾਲਵ ਹੋ ਜਾਣਗੀਆਂ। ਫਿਰ ਇਸ ਦੀ ਸਬ ਕਲਾਜ਼ ਨੂੰ ਅਮੈਂਡ ਕੀਤਾ ਹੈ ਕਿ :—

"All members shall vacate their offices as members of the Board."

ਇਸ ਦਾ ਮਤਲਬ ਇਹ ਹੈ ਕਿ ਜੋ ਬੋਰਡ ਦੇ ਮੈਂਬਰ ਹੋਣਗੇ ਭਾਵੇਂ ਉਨ੍ਹਾਂ ਦੀ ਮਿਆਦ ਰਹਿੰਦੀ ਵੀ ਹੋਵੇਗੀ ਤਾਂ ਵੀ ਜਦੋਂ ਬੋਰਡ ਸੀਜ਼ ਕਰੇਗਾ ਤਾਂ ਉਹਨਾਂ ਦੀ ਮੈਂਬਰਸ਼ਿਪ ਵੀ ਸੀਜ਼ ਕਰ ਜਾਵੇਗੀ।

ਫਿਰ ਪਹਿਲੀ ਅਤੇ ਚੌਥੀ ਕਲਾਜ਼ ਵਿਚ ਪਹਿਲਾਂ ਇਹ ਸੀ :—

"all rights, obligations and liabilities (including any liabilities under any contract of the Board shall become the rights, obliga tions and liabilities of the Govt."

ਪ੍ਰਾਪਰਟੀ ਅਤੇ ਅਸੈਟਸ ਗੌਰਮਿੰਟ ਕੋਲ ਵੇਸਟ ਹੋ ਜਾਂਦੇ ਸੀ ਪਰ ਲਾਇਬਿਲਟੀ ਸਰਕਾਰ ਆਪਣੇ ਤੇ ਨਹੀਂ ਸੀ ਲੈਂਦੀ ਹੁਣ ਸਰਕਾਰ ਇਹ ਇਕ ਐਡੀਸ਼ਨਲ ਜ਼ਿਮੇਵਾਰੀ ਆਪਣੇ ਤੇ ਲੈ ਰਹੀ ਹੈ।

(ਇਸ ਵੇਲੇ ਸ੍ਰੀਮਤੀ ਗੁਰਬਿੰਦਰ ਕੌਰ ਬਰਾੜ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਇਸ ਤਰ੍ਹਾਂ ਹੋਣ ਨਾਲ ਚੇਅਰਮੈਨ ਸਾਹਿਬਾ, ਮੈਂ ਸਮਝਦਾ ਹਾਂ ਕਿ ਸਰਕਾਰ ਬੋਰਡ ਨੂੰ ਜ਼ਰਾ ਸੰਭਲ ਕੇ ਹੀ ਤੋੜੇਗੀ। ਅਤੇ ਬੋਰਡ ਦੀ ਵਰਕਿੰਗ ਵੀ ਐਫੀਸ਼ੈਂਟ ਹੋ ਜਾਵੇਗੀ ਔਰ ਸੈਂਟਰਲ ਖ਼ਾਦੀ ਬੋਰਡ ਤੋਂ ਸਬਸਿਡੀ ਅਤੇ ਲੋਨ ਵੀ ਮਿਲ ਜਾਇਆ ਕਰਨਗੇ।

Mr. Chairman : Motion moved—

That the Punjab Khadi and Village Industries Board (Amendment Bill be taken into consideration at once.

ਕਾਮਰੇਡ ਸਤਪਾਲ ਡਾਂਗ (ਅੰਮ੍ਰਿਤਸਰ, ਪੱਛਮੀ) : ਮੈਡਮ, ਮੈਂ ਇਸ ਬਿਲ ਤੇ 2 ਮਿੰਟ ਹੀ ਗੱਲ ਕਰਨੀ ਚਾਹੁੰਦਾ ਹਾਂ। ਜਿਹੜੀ ਇਹ ਅਮੈਂਡਮੈਂਟ ਲਿਆਏ ਹਨ ਮੈਨੂੰ ਉਸ ਤੇ ਕੋਈ ਇਤਰਾਜ਼ ਨਹੀਂ ਹੈ, ਉਹ ਪਾਸ ਹੋਣੀ ਚਾਹੀਦੀ ਹੈ। ਪਰ ਕੁਝ ਹੋਰ ਗੱਲਾਂ ਹਨ ਜਿਨ੍ਹਾਂ ਨੇ ਮਜਬੂਰ ਕੀਤਾ ਹੈ ਕਿ ਮੈਂ ਉਨ੍ਹਾਂ ਬਾਰੇ 2—3 ਮਿੰਟਾਂ ਲਈ ਅਰਜ਼ ਕਰਾਂ।

ਇਹ ਬਿਲ ਖਾਦੀ ਬੋਰਡ ਬਾਰੇ ਆਇਆ ਹੈ। ਖਦਰ ਕਦੇ ਸਿੰਬਲ ਸੀ ਸਾਡੀ ਫਰੀਡਮ ਦੀ ਮੂਵਮੈਂਟ ਦਾ। ਪਰ ਅਜ ਹਾਲਤ ਇਹ ਹੈ ਕਿ ਵਡੇ ਵਡ ਕਾਂਗਰਸੀ ਸਰਦਾਰ ਉਮਰਾਓ ਸਿੰਘ ਵਰਗੇ ਵੀ ਖੱਦਰ ਨਹੀਂ ਪਾਉਂਦੇ ਤਾਂ ਸਾਨੂੰ ਇਸ ਗੱਲ ਦੀ ਰੌਸ਼ਨੀ ਵਿਚ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ। ਜਿਥੇ ਤਕ ਪੰਜਾਬ ਦੇ ਖਾਦੀ ਬੋਰਡ ਦਾ ਸਵਾਲ ਹੈ ਉਸ ਵਿਚ ਪਹਿਲੀ ਗਲ ਤਾਂ ਇਹ ਹੈ ਕਿ ਉਸ ਵਿਚ ਕੁਰਪਸ਼ਨ ਬਹੁਤ ਹੀ ਵਧ ਹੈ। ਕੁਰੱਪਸ਼ਨ ਇਤਨੀ ਹੈ ਕਿ ਉਸ ਦੀ ਇੰਤਹਾ ਨਹੀਂ। ਜੇ ਮੈਂ ਸਾਰੇ ਕਿਸੇ ਸੁਣਾਣ ਲੱਗਾਂ ਤਾਂ ਵਕਤ ਬਹੁਤ ਚਾਹੀਦਾ ਹੈ। ਇਸ ਲਈ ਮੈਂ 2-3 ਗੱਲਾਂ ਹੀ ਤੁਹਾਡੇ ਸਾਹਮਣੇ ਰਖਦਾ ਹਾਂ।

[ਕਾਮਰੇਡ ਸਤਪਾਲ ਡਾਂਗ]

ਜਲੰਧਰ ਵਿਚ ਇਕ ਬੜਾ ਵਡਾ ਕਾਂਗਰਸੀ ਲੀਡਰ ਹੈ, ਜਿਸ ਦੀ ਅਜਿਹੀ ਕੋਈ ਇੰਡਸਟਰੀ ਨਹੀਂ ਜਿਸ ਦਾ ਸਬੰਧ ਖਾਦੀ ਬੋਰਡ ਨਾਲ ਹੋਵੇ ਪਰ ਉਸ ਨੇ ਆਪ ਅਤੇ ਆਪਣੇ ਕੁਝ ਸਾਥੀ ਨਾਲ ਰਲਾ ਕੇ ਆਦਰਸ਼ ਖਾਦੀ ਉਦਯੋਗ ਬਣਾ ਕੇ ਇੰਸਪੈਕਟਰਾਂ ਅਨੁਸਾਰ 3,150/- ਰੁਪਏ ਗਰਾਂਟ ਲੈ ਕੇ ਪਤਾ ਨਹੀਂ ਕਿਥੇ ਕੀਤੀ ਹੈ । ਫਿਰ ਚੇਅਰਮੈਨ ਸਾਹਿਬ, ਇਹ ਬੋਰਡ ਸਾਬਣ ਬਣਾਉਣ ਲਈਂ ਘਰੇਲੂ ਉਦਯੋਗ ਸਮਝ ਕੇ ਕਰਜ਼ਾ ਅਤੇ ਗਰਾਂਟ ਦਿੰਦਾ ਹੈ । ਪਰ 4 ਆਦਮੀਆਂ ਨੇ ਸਾਬਣ ਬਣਾਨ ਲਈ ਗਰਾਂਟ ਲਈ ਪਰ ਇਕ ਆਦਮੀ ਜੋ ਨਕੋਦਰ ਦਾ ਹੈ ਠੀਕ ਸਾਬਣ ਬਣਾਉਂਦਾ ਹੈ ਬਾਕੀ ਦੇ 3 ਬਾਰੇ ਪਤਾ ਨਹੀਂ ਕਿ ਉਸ ਪੈਸੇ ਦਾ ਕੀ ਕਰਦੇ ਹਨ । ਮੈਂ ਇਥੇ ਉਨ੍ਹਾਂ ਆਦਮੀਆਂ ਦੇ ਨਾਂ ਦਸ ਸਕਦਾ ਹਾਂ ਜਿਨ੍ਹਾਂ ਨੇ ਜਿਸ ਦਿਨ ਬੋਰਡ ਤੋਂ ਗਰਾਂਟ ਦੇ ਜਾਂ ਕਰਜ਼ੇ ਦੇ ਪੈਸੇ ਲਏ ਉਸੇ ਦਿਨ ਹੀ ਸਕੂਟਰ ਖਰੀਦ ਲਏ ।

ਚੌਧਰੀ ਜੰਗਤ ਰਾਮ : ਹੋਰ ਕੀ ਕਰਨ ।

ਕਾਮਰੇਡ ਸਤਪਾਲ ਡਾਂਗ :ਇਹੀ ਤਾਂ ਮੈਂ ਦਸਨ ਲਗਾ ਹਾਂ ਕਿ ਹੋਰ ਕੀ ਕਰਨ । (ਹਾਸਾ) ਫਿਰ ਚੇਅਰਮੈਨ ਸਾਹਿਬਾ ਬੋਰਡ ਨੇ ਆਇਲ ਇੰਸਪੈਕਟਰਜ਼ ਰਖੇ ਹਨ । ਆਇਲ ਇੰਸਪੈਕਟਰਜ਼ ਲਗਾਏ ਜੋ ਇਨ੍ਹਾਂ ਦੇ ਲਈ ਕੁਆਲੀਫਿਕੇਸ਼ਨਜ਼ ਮੁਕਰੱਰ ਸਨ ਇਸ ਵਿਚੋਂ ਇਕ ਵੀ ਕੁਆਲੀਫਿਕੇਸ਼ਨ ਇਹ ਬੰਦੇ ਪੂਰੀਆਂ ਨਹੀਂ ਕਰਦੇ । ਕਾਨੂੰਨ ਇਹ ਕਹਿੰਦਾ ਹੈ ਕਿ ਹਟਾਏ ਹੋਏ ਮੁਲਾਜ਼ਮਾਂ ਨੂੰ ਇੰਡਸਟਰੀਅਲ ਡਿਸਪਿਊਟ ਐਕਟ ਹੇਠ ਇਸ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ, ਅਤੇ ਪਹਿਲਾ ਚਾਂਸ ਉਨ੍ਹਾਂ ਹਟਾਏ ਹੋਏ ਬੰਦਿਆਂ ਵਿਚੋਂ ਮਿਲਣਾ ਚਾਹੀਦਾ ਹੈ । ਇਨ੍ਹਾਂ ਨੇ ਆਇਲ ਇਨਸਪੈਕਟਰਾਂ ਨੂੰ ਜੋ ਹਟੇ ਹੋਏ ਸਨ ਉਨ੍ਹਾਂ ਨੂੰ ਚਾਂਸ ਨਹੀਂ ਦਿਤਾ ਅਤੇ ਇਨ੍ਹਾਂ ਦੀ ਬਜਾਏ ਆਪਣੇ ਮਨਜ਼ੂਰੇ ਨਜਰ ਰਖ ਲਏ ਜਿਹੜੇ ਕੁਆਲੀਫਾਈਡ ਨਹੀਂ ਸਨ । ਦੂਜਾ ਪਹਿਲੂ ਇਹਦਾ ਇਹ ਹੈ ਕਿ ਖਾਦੀ ਬੋਰਡ ਸਰਕਾਰੀ ਅਦਾਰਾਂ ਨਹੀਂ ਹੈ । ਮੈਨੂੰ ਪਤਾ ਹੈ ਕਿ ਸੱਜਣ ਜਿਹੜਾ ਇਹਨੂੰ ਚਲਾਉਂਦਾ ਹੈ ਉਹ ਰੂਲਿੰਗ ਪਾਰਟੀ ਨਾਲ ਤਾਲੁਕ ਰਖਦਾ ਹੈ । ਇਥੇ ਦੇ ਮੁਲਾਜਮ ਵਰਸਟ ਹਿੱਟ ਹਨ । ਇਨ੍ਹਾਂ ਦੀ ਤਨਖਾਹਾਂ ਬਹੁਤ ਥੋੜੀਆਂ ਹਨ, ਛੁਟੀਆਂ ਮਿਲਦੀਆਂ ਨਹੀਂ ਅਤੇ ਹੋਰ ਕੋਈ ਫੈਸਿਲਿਟੀਜ ਨਹੀਂ ਇਨ੍ਹਾਂ ਮੁਲਾਜਮਾਂ ਨੂੰ । ਇਸ ਖਾਦੀ ਬੋਰਡ ਵਿਚ ਕਾਂਗਰਸ ਦੇ ਵਡੇ ਵਡੇ ਲੀਡਰ ਹਨ । ਮੈਂ ਬੇਨਤੀ ਕਰਾਂਗਾ ਕਿ ਜਿਹੜਾ ਕਦਮ ਚੁਕਿਆ ਗਿਆ ਹੈ ਉਹ ਅਛਾ ਹੈ । ਇਹ ਖਾਦੀ ਬੋਰਡ ਦੇ ਮੁਲਾਜ਼ਮਾਂ ਨੂੰ ਸਰਕਾਰੀ ਮਹਿਕਮਿਆਂ ਵਿਚ ਐਬਜ਼ਾਰਬ ਕਰ ਲੈਣਾ ਚਾਹੀਦਾ ਹੈ । ਛੋਟੀ ਇੰਡਸਟਰੀਜ਼ ਜਿਵੇਂ ਸਾਬਣ ਆਦਿ ਦੀਆਂ ਹਨ ਇਨ੍ਹਾਂ ਨੂੰ, ਸਮਾਲ ਸਕੇਲ ਇੰਡਸਟਰੀਜ਼ ਵਾਲਿਆਂ ਨੂੰ ਲੁਕ ਆਫ਼ਟਰ ਕਰਨਾ ਚਾਹੀਦਾ ਹੈ । ਖਾਦੀ ਬੋਰਡ ਦੀ ਕੋਈ ਲੋੜ ਨਹੀਂ ਹੈ।

आचार्य पृथ्वी सिंह आज़ाद (खन्ना ऐस. सी) : यह जो बिल सदन के सामने है बहुत छोटा सा है लेकिन इस का असर बहुत ज्यादा है खादी बोर्ड के पास खादी कमिशन का जितना भी कर्ज़ा है आगे इसकी ज़िम्मेवारी पंजाब सरकार की थी लेकिन बाद में यह हटा दी गई जिस तरह कि उस बोर्ड के असैट्स होते थे । बाकी जो मैंबरों को हटाने की बात

है। मैं इस बिल पर बोलना नहीं चाहता था। मेरे दोस्त डांग साहिब ने खामोशी के साथ उन बातों की तरफ ध्यान दिलाया है जिनका सम्बन्ध कुरप्शन के साथ है। खादी बोर्ड के अगर Original मेन Principal Act को पढ़ा जाए कि किस कार्य के लिए बना था, इसके सैक्शन (12) में दिया गया है :-

"(a) to start, encourage, assist and carry on Khadi and village industries and to carry on trade or business in such industries, and in the matters incidental to such trade or business;

(b) to help the people by providing them with work iu their home and to give them monetary help ;"

यह लम्बा चौड़ा सैक्शन है इस लिए मैं इस सारे को नहीं पढ़ना चाहता। इसकी हिस्ट्री यह है, अध्यक्ष महोदया, कि 1947 में जब देश का बटवारा हुआ तो पंजाब सरकार ने उस वक्त के चीफ मिनिस्टर पूज्य डाक्टर गोपी चन्द भार्गव, मैंने और दूसरे सज्जनों ने refugees को काम दिलाने के लिए Panjab weaving and spinning centre की स्थापना की उसमें कई लाखों को रोजी मिली इस पर Government of India ने सोचा कि जब तक खादी और विलेज इन्डस्ट्रीज को सरकार की तरफ से प्रोटैक्शन नहीं मिलेगी उतनी देर तक लोगों की सेवा नहीं हो सकती। इसलिये Government of India ने Khadi and village Industries Commission के कहने पर यह Khadi and village Industries Board बनाया। इस बोर्ड का उद्देश्य खादी का प्रचार करना यह एक साईड थी और दूसरे इसका उद्देश्य यह भी था कि जो ग्रामीण लोग हैं उनको इन्डस्ट्रीज तरक्की के लिये काम भी दिया जाए। (विघ्न) जो मैं बोलने के लिए खड़ा हुआ हूँ इस लिये हुआ हूँ कि एक तो उत्साह बढ़ाया डांग साहिब ने (विघ्न) और दूसरे जब परसों Supplementary Grants पर डिस्कशन हो रही थी तो मेरी पार्टी के सदस्य जो कि बहुत बोलते हैं उन्होंने बात कह दी। इस लिये बोलने के लिये खड़ा हुआ हूँ। मैं अध्यक्ष महोदय, आपके जरिये सरकार से दरखास्त करूँगा कि खादी बोर्ड में कुरप्शन की बात चल रही है इसका जन्म उस समय हुआ जब एक पुरजोर पार्टी इक्तदार में आई। उसने खादी बोर्ड के कानूनों को, उद्देश्यों को, एक तरफ रख कर अपनी पार्टी के लिए काम करना शुरू कर दिया। वह पार्टी इस हाऊस में अब नहीं है। चाहे वह अकाली पार्टी की मदद से आई थी। उसने खादी बोर्ड को अपनी पार्टी के प्रचार का एक साधन बनाया और लाखों रुपयों की जो एड थी वह उन्होंने अपने वर्कर्ज़ को इन्डस्ट्रीज़ एड या इन्डस्ट्रीज़ कर्ज़े के नाम पर देकर उनको निहाल किया। इस लिए मैं आपके ज़रिए सरकार से कहना चाहता हूँ कि 1967 से लेकर आज तक जो ग्रांट्स वगैरा दी गई हैं उनकी जांच होनी चाहिए ताकि मालूम हो सके कि कौन से कारकुनों ने जो रकम खादी के काम पर लगानी थी, वह किस. तरह बटोरी है। जिस वक्त सरदार गुरनाम सिंह की वज़ारत थी तो इनके परवर्दा जो आज कल मेरे मानयोग चीफ मिनिस्टर साहिब, के नज़दीक हैं, उन्होंने इस हाऊस में खड़े होकर मेरे पर बड़े इलज़ामात लगा दिए।

ਇਕ ਆਵਾਜ਼ : (ਅਕਾਲੀ ਪਾਰਟੀ ਵਲੋਂ) ਠਾਂ ਲੈ ਦਿਉ।

आचार्य पृथ्वी सिंह आज़ाद : सरदार राजा सिंह ने खादी बोर्ड के उस वक्त के अधिकारियों और खास करके मेरे ऊपर ऐलीगेशनज़ लगाए कि यह लाखों रुपए खा गए हैं । उस वक्त के कांग्रस पार्टी के मैंबरों के पास ज्यादा मैटीरीयल मौजूद नहीं था। फिर भी श्री ज्ञान चंद खरबंदा ने पुज़ीशन वाजय कर दी थी। जिस वक्त सरदार राजा सिंह ने इलज़ामात लगाए, उस वक्त के चीफ मिनिस्टर को और उसके बाद बादल साहिब को मैंने 24 पेज की चिट्ठी लिखी थी। गवर्नर साहिब को भी लिखा था। खादी बोर्ड में गबन हुआ है जिसके मुत्तालिक डांग साहिब ने संकेत किया है, इसके बारे खुली इन्कवायरी होनी चाहिए। (विघ्न)

ਸਰਦਾਰ ਅਜਾਇਬ ਸਿੰਘ ਸੰਧੂ : ਪੰਜਾਬੀ ਵਿਚ ਮੈਂ ਸਿਰਫ ਆਜ਼ਾਦ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਸ ਬੰਦੇ ਨੇ ਪਾਰਟੀ ਨੂੰ ਛਡਿਆ ਹੋਇਆ ਹੈ ਅਤੇ ਉਸ ਦੇ ਕਾਰਨ ਕਿਸੇ ਪਾਰਟੀ ਨੂੰ ਬਦਨਾਮ ਨਹੀਂ ਕਰਨਾ ਚਾਹੀਦਾ ਹੈ । (ਵਿਘਨ)

आचार्य पृथ्वी सिंह आज़ाद : रोज़ रोज़ खादी बोर्ड को बदनाम करने की बात आती है। जब कोआप्रेटिव अदारों को इन्कवाइरी कराए जाने की बात आई तो चीफ मिनिस्टर साहिब को मेरी पार्टी के एक सदस्य ने खड़े हो कर कहा था कि खादी बोर्ड की इन्क्वाइरी भी कराई जानी चाहिए क्योंकि मेरा सम्बन्ध खादी बोर्ड से सन 1928 से है । और मेरा सम्बन्ध उसके साथ उस वक्त तक रहा जब तक कि यह जन संघ के पास चला गया । अध्यक्ष महोदय, आप के ज़रिए मैं चीफ मिनिस्टर साहिब से दरखवास्त करूँगा कि आप खादी बोर्ड की इन्क्वायरी ज़रूर कराओ ताकि मसला साफ हो सके। दूसरी दरखवास्त यह करनी चाहता हूँ कि खादी बोर्ड गरीब लोगों की सेवा करने के लिये गेनफुल एम्प्लायमैंट देने के लिये क्रियेट किया था । आज जो रोज़गार वरकर्ज़ को मिलनी चाहिए वह नहीं मिल रही है। उसका श्री गणेश जन संघ वालों ने किया था। और आज हम भी वही कर रहे हैं। इस खादी बोर्ड को जन्म दिया गया था। इस ऐक्ट ने ओब्जैक्टस यह है (विघ्न) खादी बोर्ड के चेयरमैन उस वक्त चीफ मिनिस्टर हुआ करते थे।

डाक्टर गोपी चंद भार्गव पालेटिक्स से रिटायर होना चाहते थे । इस लिये उन्होंने पंडित नेहरू जी को एक पत्र लिखा था कि मैं पालेटिक्स से रिटायर होना चाहता हूँ और खादी बोर्ड में काम करना चाहता हूँ। उस समय पंजाब के मुख्य मंत्री सरदार प्रताप सिंह कैरों थे। कैरों साहिब को पंडित जी की एक चिट्ठी आई कि खादी बोर्ड का चेयरमैन डाक्टर भार्गव को बना दिया जाए। और उनको कुछ अलाऊंस दिया जाए। मैं कहता हूँ कि खादी बोर्ड का जब तक होल टाइम चेयरमैन नहीं होगा तब तक ठीक कार्य नहीं चलेगा। अब जो इसका चेयरमैन है वह बड़ा पुराना देश भक्त है। उसकी कुरबानी बहुत है। इसी तरह दूसरे जो सज्जन हैं उनकी भी बड़ी कुरबानी है। मैं अर्ज़ करता हूँ इस बोर्ड में खादी के काम से ताअलुक रखने वाला कोई भी नहीं है। इस लिये इसमें से 'खादी' निकाल देनी चाहिए। (विघ्न) अब तो इसमे विलेज इन्डस्ट्री ही रह गई है । और अगर यह विलेज इन्डस्ट्री का ही काम रहना है तो इसको इन्डस्ट्री डिपार्टमैंट वाले ही चलाएं। अगर इसमें खादी का काम नहीं चलना तो खादी इसमें से निकाल ली जाए। और अगर खादी इसमें से नहीं निकालनी तो फिर इसका नाम

खादीबोर्ड ही रखें। मैं कहता हूँ कि खादी बोर्ड को विलेज इन्डस्ट्री का अदारा न रखें और न इसको पुलिटीकल अदारा बनायें जिस तरह कि जनसंघ वालों नें बना रखा था। इस लिये इस बात की इन्क्वायरी करें कि इसमें जनसंघ वालों ने, अकालियों ने या कांग्रेस ने इसमें कोई ऐसी बात या हेरा फेरी तो नहीं की। इस बात की आप इनक्वायरी करायें। मैं आप का धन्यवाद करता हूं।

ਸਰਦਾਰ ਹਰਬੰਸ ਸਿੰਘ ਜਲਾਲ (ਫੂਲ) : ਚੇਅਰਮੈਨ ਸਾਹਿਬਾ ਹਾਊਸ ਵਿਚ ਖਾਦੀ ਅਤੇ ਦਿਹਾਤੀ ਇੰਡਸਟਰੀ ਲਈ ਜਿਹੜੀ ਤਰਮੀਮ ਪੇਸ਼ ਹੋਈ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ। ਜਿਥੋਂ ਤਕ ਖਾਦੀ ਦਾ ਸਵਾਲ ਹੈ, ਭਾਵੇਂ ਜਿਹੜੇ ਮੇਰੇ ਵੀਰ ਖਾਦੀ ਪਹਿਨਦੇ ਹਨ, ਪ੍ਰੰਤੂ ਉਹ ਇਹ ਖਾਦੀ ਨਹੀਂ ਪਹਿਨਦੇ। (ਵਿਘਨ) ਇਹ ਦਿਹਾਤੀ ਦਸਤਕਾਰੀ ਵਿਚ ਗਿਣੀ ਗਈ ਹੈ। ਇਹ ਜਿਹੜੀ ਖਾਦੀ ਪਹਿਨਦੇ ਹਨ, ਉਹ ਹੈਂਡਲੂਮ ਵਿਚ ਨਹੀਂ ਆਉਂਦੀ ਅਤੇ ਨਾ ਹੀ ਇਹਦੀ ਹੈਂਡਲੂਮ ਦੀ ਬਣੀ ਪਹਿਨਣਾ ਚਾਹੁੰਦੇ ਹਨ। ਮੈਂ ਫ਼ਖਰ ਮਹਿਸੂਸ ਕਰਦਾ ਹਾਂ ਕਿ ਮੈਂ ਦਿਹਾਤ ਨਾਲ ਸਬੰਧ ਰੱਖਦਾ ਹਾਂ। ਚੇਅਰਮੈਨ ਸਾਹਿਬਾ, ਖਾਦੀ ਸਬੰਧੀ ਦੋ ਚਾਰ ਲਫ਼ਜ਼ ਕਹਿਣ ਤੋਂ ਪਹਿਲਾਂ ਮੈਂ ਤਹਾਨੂੰ ਮੁਬਾਰਕਬਾਦ ਦਿੰਦਾ ਹਾਂ ਤੁਸੀਂ ਉਸ ਸਮੇਂ ਸਪੀਕਰ ਦੀ ਚੇਅਰ ਤੇ ਬੈਠੇ ਹੋ ਜਦ ਕਿ ਹਾਊਸ ਵੱਖ ਵੱਖ ਕਲਾਸਾਂ ਵਿਚ ਵੰਡਿਆਂ ਗਿਆ ਹੈ। ਡਾਂਗ ਸਾਹਿਬ, ਅਤੇ ਕਮਿਊਨਿਸਟ ਪਾਰਟੀ ਮਜ਼ਦੂਰਾਂ ਦੇ ਹਿੱਤਾਂ ਦੀ ਖਾਤਰ ਲੜਦੇ ਹਨ। ਪਰ ਮੈਨੂੰ ਇਸ ਗਲ ਦਾ ਫਖਰ ਹੈ ਕਿ ਸਾਡੀ ਪਾਰਟੀ ਕਿਸਾਨਾਂ, ਮਜ਼ਦੂਰਾਂ ਅਤੇ ਦਰਮਿਆਨੇ ਤਬਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਦੀ ਹੈ। ਮੈਂ ਤੁਹਾਨੂੰ ਇਸ ਗੱਲ ਦੀ ਵਧਾਂਈ ਦਿੰਦਾ ਹਾਂ। ਅੱਜ ਇਸ ਸਮੇਂ ਹਾਂਉਸ ਵਿਚ ਬੈਠੇ ਮੇਰੇ ਸਾਹਮਣੇ ਵਾਲੇ ਵੀਰ ਉਹ ਭਾਵੇਂ ਆਪਣੇ ਆਪ ਨੂੰ ਸਮਾਜਵਾਦੀ ਕਹਿੰਦੇ ਹੋਣ ਪਰ ਅਜ ਉਹ ਇਸ ਬਿਲ ਤੋਂ ਭੱਜਣ ਦੀ ਕੋਸ਼ਿਸ਼ ਨਾਲ ਬਿਲਕੁਲ ਬੇਨਕਾਬ ਹੋ ਗਏ ਹਨ ਕਿ ਉਹ ਅਮੀਰਾਂ, ਸਰਮਾਏਦਾਰਾਂ, ਕਾਰਖਾਨੇਦਾਰਾਂ, ਵਪਾਰੀਆਂ ਤੇ ਨੌਂ ਨੌਂ ਲੱਖੀ ਟੈਕਸ ਚੋਰਾਂ ਦੀ ਪਾਰਟੀ ਹਨ। (ਵਿਘਨ) (ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ: ਪੁਆਇੰਟ ਆਫ ਆਰਡਰ, ਮੈਡਮ। ਚੇਅਰਮੈਨ ਸਾਹਿਬਾ, ਕੀ ਇਹ ਇਥੇ ਸਿਆਸੀ ਪਰਚਾਰ ਕਰਨ ਆਏ ਹਨ ਜਾਂ ਕਿ ਬਿੱਲ ਤੇ ਬੋਲਣ ?

ਸਰਦਾਰ ਹਰਬੰਸ ਸਿੰਘ ਜਲਾਲ : ਚੇਅਰਮੈਨ ਸਾਹਿਬਾ, ਮੈਂ ਦੱਸ ਰਿਹਾ ਸੀ ਕਿ ਮੈਂ ਦਿਹਾਤ ਨਾਲ ਸਬੰਧ ਰਖਦਾ ਹਾਂ। ਜਿਸ ਨਾਲ ਇਹ ਦਿਹਾਤੀ ਦਸਤਕਾਰੀ ਹੋਣ ਕਰਕੇ ਬਿਲ ਸਬੰਧ ਰਖਦਾ ਹੈ। (ਵਿਘਨ) ਇਥੇ ਅਚਾਰਿਆ ਜੀ ਨੇ ਕਿਹਾ ਸੀ....(ਵਿਘਨ)

Mr. Chairman : Please be brief and to the point.

ਸਰਦਾਰ ਹਰਬੰਸ ਸਿੰਘ ਜਲਾਲ : ਅਚਾਰਿਆ ਜੀ ਨੇ ਕਿਹਾ ਕਿ ਇਕ ਪਾਰਟੀ ਆਈ ਜਿਸ ਨੇ ਖਾਦੀ ਬੋਰਡ ਦਾ ਸੱਤਿਆਨਾਸ ਕਰ ਦਿਤਾ। ਮੈਂ ਇਸ ਨਾਲ ਸਹਿਮਤ ਹਾਂ ਪ੍ਰੰਤੂ ਇਸ ਦਾ ਅਸਲੀ ਕਾਰਨ ਦੱਸਣਾ ਚਾਹੁੰਦਾ ਹਾਂ। (ਵਿਘਨ) ਖਾਦੀ ਦੀ 1966-67 ਵਿਚ ਇਕ ਕਰੋੜ 61 ਲੱਖ 30 ਹਜ਼ਾਰ ਰੁਪਏ ਦੀ ਵਿਕਰੀ ਸੀ ਜਦ ਕਿ 1970-71 ਵਿਚ ਤੁਹਾਨੂੰ ਸੁਣਕੇ ਹੈਰਾਨੀ ਹੋਵੇਗੀ ਕਿ ਉਹ ਕਰੋੜਾਂ ਤੋਂ ਘਟ ਕੇ ਸਿਰਫ 47 ਹਜ਼ਾਰ ਰੁਪਏ

[ਸਰਦਾਰ ਹਰਬੰਸ ਸਿੰਘ ਜਲਾਲ]

ਦੀ ਰਹਿ ਗਈ । ਇਸ ਦੀ ਜ਼ਿਮੇਵਾਰ ਉਹ ਸਰਕਾਰ ਨਹੀਂ, ਉਹ ਪਾਰਟੀ ਨਹੀਂ, ਜਿਹੜੀ ਉਸ ਸਮੇਂ ਬਿਰਾਜਮਾਨ ਸੀ। (ਵਿਘਨ) ਦਰਅਸਲ ਪੰਜਾਬ ਦਾ ਖਾਦੀ ਬੋਰਡ ਹਿੰਦੁਸਤਾਨ ਦੇ ਖਾਦੀ ਬੋਰਡ ਤੋਂ ਏਡ ਲੈਂਦਾ ਹੈ। ਪ੍ਰੰਤੂ ਕਿਉਂਕਿ ਜਿਹੜੀ ਪਾਰਟੀ ਉਸ ਸਮੇਂ ਪੰਜਾਬ ਉਤੇ ਬਿਰਾਜਮਾਨ ਸੀ ਅਤੇ ਜਿਸ ਦੇ ਸਿਰ ਤੇ ਚਿੱਟੀ ਪੱਗ ਨਹੀਂ ਸੀ, ਉਸ ਨੇ ਆਪਣੇ ਨਿਜੀ ਸਵਾਰਥਾਂ ਲਈ ਅਤੇ ਬਦਲੇ ਦੀ ਭਾਵਨਾਂ ਨਾਲ ਪੰਜਾਬ ਦੀ 2 ਕਰੋੜ ਜਨਤਾ ਵਲੋਂ ਅੱਖਾਂ ਮੀਚਕੇ ਇਨ੍ਹਾਂ ਨੂੰ ਜਿਹੜੀ ਏਡ ਮਿਲਦੀ ਸੀ ਉਹ 5 ਸਾਲਾਂ ਵਾਸਤੇ ਬੰਦ ਕਰ ਦਿਤੀ ਹੈ। ਇਹ ਇਕ ਉਹ ਅਦਾਰਾ ਹੈ ਜਿਸ ਨੂੰ ਦਿਹਾਤੀ ਇੰਡਸਟਰੀ ਸਮਝਕੇ ਇੰਡਸਟਰੀ ਐਕਟ ਦੇ ਅਧੀਨ 9-10 ਹਜ਼ਾਰ ਰੁਪਏ ਤੱਕ ਦੀ ਗਰਾਂਟ ਪ੍ਰਤੀ ਇੰਡਸਟਰੀ ਦਿਤੀ ਜਾਂਦੀ ਹੈ । ਇਕ ਇੰਡਸਟਰੀ ਪ੍ਰਤੀ ਜਿਸ ਨੂੰ 90-95 ਹਜ਼ਾਰ ਕਰਜ਼ਾ ਬਿਨਾ ਵਿਆਜ ਦਿਤਾ ਜਾਂਦਾ ਹੈ ਤੋਂ ਬੜੀ ਵਡੀ ਰਕਮ 3% ਵਿਆਜ ਤੇ ਦਿਤੀ ਜਾਂਦੀ ਹੈ । (ਵਿਘਨ) ਇਸ ਨੂੰ ਫਾਈਨੈਂਸ਼ਲ ਕਾਰਪੋਰੇਸ਼ਨ ਵਲੋਂ ਹੈਲਪ ਦੇਣ ਦੀ ਲੋੜ ਹੈ । ਇਸ ਸਾਲ ਕਾਰਪੋਰੇਸ਼ਨ ਵੱਲੋਂ ਹਡਾਂ ਦੀ ਦਸਤਕਾਰੀ ਲਈ 38 ਹਜ਼ਾਰ ਰੁਪਏ ਰੱਖੇ ਗਏ ਹਨ ; (ਵਿਘਨ) ਵਜ਼ੀਰ ਸਾਹਿਬ ਨੂੰ ਦੁੱਖ ਹੋਵੇਗਾ ਕਿ ਹੋਟਲ ਪਾਉਣ ਦੀ ਖਾਤਰ ਇਸ ਸਾਲ ਹੀ 13 ਲਖ 60 ਹਜ਼ਾਰ ਰੁਪਿਆ ਰੱਖਿਆ ਹੈ। (ਵਿਘਨ) (ਘੰਟੀ) ਫ਼ਾਈਨੈਂਸ਼ੀਅਲ ਕਾਰਪੋਰੇਸ਼ਨ ਵਲੋਂ ਇਸ ਖਾਦੀ ਬੋਰਡ ਨੂੰ ਜੋ ਨਾਮ ਨਿਹਾਦ ਦਿਤਾ ਗਿਆ ਹੈ, ਉਸ ਸਬੰਧੀ ਜੇ ਚਾਹੋ ਤਾਂ ਹੈਰਾਨਕੁਨ ਅੰਕੜੇ ਮੈਂ ਪੇਸ਼ ਕਰ ਸਕਦਾ ਹਾਂ, ਪਰ ਮੈਂ ਇਕ ਸਕੈਂਡਲ ਰੱਖਣਾ ਚਾਹੁੰਦਾ ਹਾਂ। (ਵਿਘਨ) ਖਾਦੀ ਬੋਰਡ ਦੀ ਤਰਫੋਂ 1966-67 ਵਿਚ ਸਿਰਫ ਜ਼ੀਰੀ ਵੰਡਣ ਲਈ 2.45 ਕਰੋੜ, ਤੇਲ ਕੋਹਲੂ ਲਈ 3.19 ਕਰੋੜ, ਚਮੜਾ ਦਸਤਕਾਰੀ ਲਈ 2.27 ਕਰੋੜ ਅਤੇ ਖਾਦੀ ਲਈ 9.17 ਕਰੋੜ ਦੀ ਰਕਮ ਰੱਖੀ ਗਈ ਸੀ । ਯਾਨੀ ਐਡੀ ਵਡੀ ਇਨਵੇਸਟਮੈਂਟ ਕੀਤੀ ਗਈ ਸੀ (ਵਿਘਨ) ਭਾਵੇਂ ਸੈਂਟਰ ਗੌਰਮਿੰਟ ਤੋਂ ਏਡ ਬੰਦ ਹੋ ਗਈ ਸੀ ਫੇਰ ਵੀ ਚਾਰ ਸਾਲਾਂ ਵਾਸਤੇ ਐਡੀ ਵਡੀ ਰਕਮ ਖਰਚਣ ਤੋਂ ਬਾਅਦ ਜੇ ਉਹ ਨੇਕ ਨੀਤੀ ਨਾਲ ਖਰਚੀ ਹੁੰਦੀ ਤਾਂ 1970-71 ਵਿਚ ਸੇਲ ਕਰੋੜਾਂ ਤੋਂ ਘਟਕੇ ਹਜ਼ਾਰਾਂ ਤੇ ਨਾ ਆ ਜਾਂਦੀ। ਚੇਅਰਮੈਨ ਸਾਹਿਬਾ, ਖਾਦੀ ਦੀ (ਘੰਟੀ) ਟਰੇਨਿੰਗ ਦੀ ਖਾਤਰ 7-8 ਸੈਂਟਰ ਖੋਲ੍ਹੇ ਗਏ । ਕਰੋੜਾਂ ਰੁਪਏ ਦੀ ਰਕਮ ਲਗਾਈ ਗਈ ਕਿ ਟੈਕਨੀਕਲ ਹੈਂਡਜ ਦੀ ਦਸਤਕਾਰੀ ਲਈ ਚਾਹੀਦੇ ਹਨ । (ਵਿਘਨ) ਪ੍ਰੰਤੂ ਮੈਨੂੰ ਬੜਾ ਦੁੱਖ ਹੁੰਦਾ ਹੈ ਕਿ ਕਰੋੜਾਂ ਦੀ ਸੇਲ ਹਜ਼ਾਰਾਂ ਵਿਚ ਆ ਗਈ ਕਿਉਂਕਿ ਕੋਈ ਟਰੇਂਡ ਆਦਮੀ ਨਹੀਂ ਸੀ । (ਘੰਟੀ) 1966-67 ਵਿਚ ਇਨ੍ਹਾਂ ਸੱਤਾਂ ਅੱਠਾ ਸੈਂਟਰਾਂ ਦੀ ਲਖ਼ਾਂ ਰੁਪਏ ਦੀ ਲਾਗਤ ਹੋਣ ਦੇ ਬਾਵਜੂਦ ਖਾਦੀ ਲਈ ਸਿਰਫ 20 ਆਦਮੀ ਟਰੇਂਡ ਕੀਤੇ ਗਏ ਜਦ ਕਿ ਜ਼ੀਰੀ, ਕੋਹਲੂ ਅਤੇ ਚਮੜਾ ਆਦਿ ਲਈ ਕੋਈ ਵੀ ਆਦਮੀ ਨੂੰ ਇਹ ਟਰੇਨਿੰਗ ਨਹੀਂ ਦਿਤੀ ਗਈ । ਕੀ ਇਤਨੀ ਵੱਡੀ ਰਕਮ ਕਿਸੇ ਇਕ ਵੀ ਟਰੇਂਡ ਆਦਮੀ ਤੋਂ ਬਿਨਾਂ ਖਰਚੀ ਜਾਣੀ ਸਕੈਂਡਲ ਨਹੀਂ। (ਵਿਘਨ) (ਘਟੀ) ਇਹ ਇਸ ਗੱਲ ਦਾ ਜੀਦਾਂ ਜਾਗਦਾ ਸਬੂਤ ਹੈ ਕਿ ਇਹ ਰਕਮ ਖਰਚੀ ਨਹੀਂ ਗਈ । (ਵਿਘਨ) (ਘੰਟੀ) ਇਹ ਕੁਨਬਾਪ੍ਰਵਰੀ ਲਈ ਵਰਤੀ ਗਈ (ਵਿਘਨ) (ਘੰਟੀ) ਇਸ ਖਾਦੀ ਬੋਰਡ ਵਿਚ ਸੁਧਾਰ ਦੀ ਬੜੀ ਲੋੜ ਹੈ ।

ਸ੍ਰੀ ਸਭਾਪਤੀ: ਤੁਸੀਂ ਹੁਣ ਬੈਠ ਜਾਓ। (Please resume your seat now.)

Chairman : Question is—

That the Punjab Khadi and Village Industries Board (Amendment) Bill be taken into consideration at once.

The motion was carried

Chairman: Now the House will proceed to consider the Bill clause by clause

CLAUSE 2.

Chairman : Question is—

That Clause 2 stand part of the Bill.

The motion was carried.

CLAUSE 1.

Chairman : Question is—

That Clause 1 stand part of the Bill.

The motion was carried.

TITLE

Chairman : Question is—

That the Title be the title of the Bill.

The motion was carried

Development Minister (Captain Rattan Singh): Sir, I beg to move that the Punjab Khadi and Village Industries Board (Amendment) Bill be passed.

ਸਰਦਾਰ ਅਜਾਇਬ ਸਿੰਘ ਸੰਧੂ: ਚੇਅਰਮਨ ਸਾਹਿਬਾ ਮੈਂ ਸਿਰਫ ਅਚਾਰਿਆ ਜੀ ਦੇ ਸਵਾਲ ਦਾ ਜਵਾਬ ਦੇਣਾ ਚਾਹੁੰਦਾ ਹਾਂ । (ਵਿਘਨ) ਉਨ੍ਹਾਂ ਨੇ ਕਿਹਾ ਹੈ ਕਿ ਅਕਾਲੀਆਂ ਦੇ ਵਕਤ ਇਹ ਖਾਦੀ ਬੋਰਡ ਸਿਆਸਤ ਦਾ ਅੱਡਾ ਰਿਹਾ.. (ਵਿਘਨ)

ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ: ਮੈਂ ਜਨਸੰਘ ਕਿਹਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਜਿਸ ਵਕਤ ਸਾਡੀ ਸਰਕਾਰ ਸੀ, ਸਾਡੀ ਸਰਕਾਰ ਨੇ ਇਸ ਨੂੰ ਸਿਆਸਤ ਦਾ ਅੱਡਾ ਨਹੀਂ ਬਣਾਇਆ । ਕਿਉਂਕਿ ਅਸੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਦਿਹਾਤੀ ਇੰਡਸਟਰੀ ਬੋਰਡ ਦਾ ਚੇਅਰਮੈਨ ਨਹੀਂ ਲਾਇਆ । ਪਰ ਜੇ ਮੈਂ ਇਹ ਕਹਾਂ ਕਿ ਅੱਜ ਇਹ ਸਿਆਸਤ ਦਾ ਅੱਡਾ ਹੈ ਤਾਂ ਇਹ ਨਰਾਜ਼ ਨਾ ਹੋਣ । (ਵਿਘਨ) (ਸ਼ੋਰ) ਤਾਲਿਬ ਸਾਹਿਬ, ਪੰਜਾਬ ਪ੍ਰਦੇਸ਼ ਕਮੇਟੀ ਦੇ ਪ੍ਰਧਾਨ ਸਾਡੇ ਜ਼ਿਲ੍ਹੇ ਰੋਪੜ ਦੇ ਹਨ । (ਵਿਘਨ) (ਸ਼ੋਰ) ਉਹ ਚੰਗੇ ਕਾਂਗਰਸੀ ਹਨ । (ਵਿਘਨ) ਮੈਂ 1962-67 ਵਿਚ ਐਮ. ਐਲ. ਏ. ਰਿਹਾ ਹਾਂ । ਸ੍ਰੀ ਗੋਪੀ ਚੰਦ ਜੀ ਭਾਰਗੋ ਇਸ ਖਾਦੀ ਬੋਰਡ ਦੇ ਚੇਅਰਮੈਨ ਬਣੇ ਸੀ । ਉਹ ਐਕਟਿਵ ਪਾਲਿਟਿਕਸ ਤੋਂ ਰਿਟਾਇਰ ਹੋਣਾ ਚਾਹੁੰਦੇ ਸੀ । ਇਸ ਕਰਕੇ ਉਨ੍ਹਾਂ ਨੇ ਪ੍ਰਾਈਮ ਮਨਿਸਟਰ ਨੂੰ ਲਿਖਿਆ ਕਿ ਮੈਂ ਐਕਟਿਵ ਪਾਲਿਟਿਕਸ ਤੋਂ ਰਿਟਾਇਰ ਹੋਣਾ ਚਾਹੁੰਦਾ ਹਾਂ । (ਵਿਘਨ) ਪਰ ਹੁਣ ਐਕਟਿਵ ਪਾਲਿਟਿਕਸ ਵਾਲੇ ਬੰਦੇ ਉਥੇ ਪਾਏ ਹੋਏ ਹਨ । (ਵਿਘਨ)

[ਸਰਦਾਰ ਅਜਾਇਬ ਸਿੰਘ ਸੰਧੂ]

ਇਸ ਕਰਕੇ ਮੈਨੂੰ ਕੋਈ ਇਤਰਾਜ਼ ਨਹੀਂ ਪਰ ਮੈਂ ਸਮਝਦਾ ਹਾਂ ਬੀਬੀ ਜੀ ਕਿ ਕਾਂਗਰਸ ਦੀ ਪਰਧਾਨਗੀ ਵੀ ਉਸ ਕੋਲ ਹੋਵੇ ਅਤੇ ਉਹ ਖਾਦੀ ਬੋਰਡ ਦਾ ਚੇਅਰਮੈਨ ਵੀ ਹੋਵੇ ਤਾਂ ਸਿਆਸੀ ਅੱਡਾ ਤਾਂ ਇਨ੍ਹਾਂ ਨੇ ਬਣਾਇਆ ਹੋਇਆ ਹੈ ; (ਵਿਘਨ) ਸ੍ਰੀ ਔਂਕਾਰ ਨਾਥ ਇਨ੍ਹਾਂ ਦੀ ਪਾਰਟੀ ਦਾ ਸੈਕਟਰੀ ਹੈ ਉਸ ਨੂੰ ਵੀ ਲਗਾਇਆ ਗਿਆ ਹੈ । (ਵਿਘਨ) ਇਕ ਬੀਬੀ ਹੈ । ਬਚਪਨ ਤੋਂ ਹੀ ਖਦਰ ਪਾਉਂਦੀ ਹੈ ਮੈਂ ਉਸ ਦਾ ਪੂਰਾ ਸਤਿਕਾਰ ਕਰਦਾ ਹਾਂ । ਇਸਦੇ ਹੋਰ ਮੈਂਬਰ ਹਨ ਜਿਹੜੇ ਕਿ ਮੇਰੇ ਦੋਸਤ ਵੀ ਹਨ, ਉਹ ਖਦਰ ਨਹੀਂ ਪਾਉਂਦੇ ਪਰ ਉਨ੍ਹਾਂ ਨੂੰ ਖਾਦੀ ਬੋਰਡ ਦਾ ਮੈਂਬਰ ਬਣਾਇਆ ਹੋਇਆ ਹੈ । (ਵਿਘਨ) ਸਾਡੇ ਵਾਸਤੇ ਤਾਂ ਗੁਰੂਆਂ ਨੇ ਕਿਹਾ ਹੈ ਕਿ ਚਾਹੇ ਖਦਰ ਪਾਉ ਚਾਹੇ ਟੈਰੀਲੀਨ ਪਾਉ ਜੋ ਮਰਜ਼ੀ ਪਾ ਲਉ । ਆਜ਼ਾਦ ਸਾਹਿਬ ਦੇ ਘਰ ਤਾਂ ਚਰਖਾ ਪਿਆ ਹੈ ਉਹ ਘਰ ਕਤਾਈ ਕਰਕੇ ਖਦਰ ਪਾ ਲੈਂਦੇ ਹਨ । ਪਰ ਜਿਹੜੇ ਇਨ੍ਹਾਂ ਨੇ ਚੇਅਰਮੈਨ ਜਾਂ ਵਾਈਸ ਚੇਅਰਮੈਨ ਲਗਾਇਆ ਹੈ ਉਹ ਖਦਰ ਬਿਲਕੁਲ ਨਹੀਂ ਪਾਉਂਦੇ (ਵਿਘਨ) ਇਸ ਲਈ ਇਹ ਸਿਆਸੀ ਗਲਾਂ ਸਾਨੂੰ ਨਾ ਕਹਿਣ ਆਪਣੀ ਪਾਰਟੀ ਤਕ ਹੀ ਰਖਣ ।

ਸ੍ਰੀ ਬਾਲ ਮੁਕੰਦ ਸ਼ਰਮਾ: ਆਨ ਏ ਪੁਆਇੰਟ ਆਫ ਆਰਡਰ ਚੈਅਰਮੈਨ ਸਾਹਿਬਾ, । ਸਰਦਾਰ ਅਜਾਇਬ ਸਿੰਘ ਸੰਧੂ ਬੀਬੀ ਜੀ ਕਰਕੇ ਐਂਡਰੈਸ ਕਰ ਰਹੇ ਹਨ, ਇਸ ਵੇਲੇ ਕੁਰਸੀ ਤੇ ਚੇਅਰਮੈਨ ਹੈ ਅਤੇ ਇਸ ਵੇਲੇ ਨਾ ਕੋਈ ਬੀਬੀ ਜੀ ਨਾ ਕੋਈ ਬੀਬਾ ਜੀ ਹੈ, ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਇਹ ਆਪਣੇ ਲਫਜ਼ ਵਾਪਸ ਲੈਣੇ ਚਾਹੀਦੇ ਹਨ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਹੋਰ ਮੈਂ ਭਾਈ ਸਾਹਿਬ ਕਹਾਂਗਾ (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ: ਚੇਅਰਮੈਨ ਸਾਹਿਬਾ, ਇਸ ਬਿਲ ਤੇ ਮੈਂ ਕਹਿਣਾ ਤਾਂ ਕੁਝ ਨਹੀਂ ਸੀ ਚਾਹੁੰਦਾ ਪਰ ਡਿਪਟੀ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਪ੍ਰਵੋਕ ਕੀਤਾ ਹੈ ਇਸ ਲਈ ਇਨ੍ਹਾਂ ਦੀ ਸੇਵਾ ਵਿਚ ਮੈਂ ਕੁਝ ਬੇਨਤੀ ਕਰਾਂਗਾ । ਇਨ੍ਹਾਂ ਨੇ ਕਿਹਾ ਹੈ ਕਿ ਸਰਦਾਰ ਨਰਿੰਜਨ ਸਿੰਘ ਕਾਂਗਰਸ ਪਾਰਟੀ ਦੇ ਪਰਧਾਨ ਨੂੰ ਖਾਦੀ ਬੋਰਡ ਦਾ ਚੇਅਰਮੈਨ ਬਣਾ ਕੇ ਅਤੇ ਸ੍ਰੀ ਔਂਕਾਰ ਨਾਥ ਸੈਕੇਟਰੀ ਨੂੰ ਲਗਾ ਕੇ ਬੜਾ ਊਦਮ ਮਚਾ ਰਖਿਆ ਹੈ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਊਦਮ ਤਾਂ ਇਨ੍ਹਾਂ ਨੇ ਪੰਜਾਬ ਵਿਚ ਮਚਾ ਰਖਿਆ ਸੀ ਉਸ ਸ਼ਿਵ ਸੰਕਰ ਦੇ ਜਿਹੜੇ ਪੈਰੋਕਾਰ ਹਨ ਜਨਸੰਘ ਵਾਲੇ ਉਨ੍ਹਾਂ ਨਾਲ ਰਲ ਕੇ ਇਥੇ ਪੰਜਾਬ ਵਿਚ ਊਦਮ ਮਚਾਇਆ ਅਤੇ ਪੰਜਾਬ ਦੀ ਸਟੇਟ ਜੋ ਕਿ ਇਕ ਅੱਛੀ ਸਟੇਟ ਗਿਣੀ ਜਾਂਦੀ ਸੀ ਉਸ ਦਾ ਸਤਿਆਨਾਸ ਕਰ ਦਿਤਾ ਹੈ । (ਵਿਘਨ) ਅੱਜ ਇਹ ਗਲਾਂ ਕਰਦੇ ਹਨ । (ਵਿਘਨ)

ਸਿਖਿਆ ਤੇ ਮਾਲ ਮੰਤਰੀ : (ਸਰਦਾਰ ਉਮਰਾਉ ਸਿੰਘ) : ਸੰਧੂ ਸਾਹਿਬ ਨੇ ਕਿਹਾ ਹੈ ਕਿ ਐਕਟਿਵ ਪੋਲੀਟੀਸ਼ਨਜ਼ ਨੂੰ ਖਾਦੀ ਬੋਰਡ ਵਿਚ ਲਗਾਇਆ ਗਿਆ ਹੈ । ਇਹ ਤਾਂ ਖਾਦੀ ਬੋਰਡ ਹੈ ਜਿਸ ਦਾ ਉਨ੍ਹਾਂ ਨੂੰ ਮੈਂਬਰ ਬਣਾਇਆ ਗਿਆ ਹੈ ਪਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤਾਂ ਇਕ ਨਿਰੋਲ ਧਾਰਮਿਕ ਬਾਡੀ ਹੈ ਉਸ ਦੇ ਵਿਚੋਂ ਜੇ ਇਹ ਪੋਲੀਟੀਸ਼ਨਜ਼ ਨੂੰ ਔਹਦੇਦਾਰੀ ਤੋਂ ਹਟਾ ਦੇਣ ਤਾਂ ਅਸੀਂ ਖਾਦੀ ਬੋਰਡ ਵਿਚੋਂ ਵੀ ਹਟਾ ਦਿਆਂਗੇ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਾਡਾ ਧਰਮ ਔਰ ਸਿਆਸਤ ਇਕਠੀ ਹੈ ਜੀ ਪਰ ਇਨ੍ਹਾਂ ਦੀ ਇਕੱਲੀ ਸਿਆਸਤ ਹੈ । (ਵਿਘਨ)

Chairman : Question is—

That the Punjab Khadi and Village Industries Board (Amendment) Bill be passed.

The motion was carried

THE PATIALA STATE IJLAS-I-KHAS ORDER OF 1919 (REPEALING) BILL, 1972

Education and Revenue Minister (Sardar Umrao Singh) : Madam, I introduce the Patiala State Ijlas-i-Khas Order of 1919 (Repealing) Bill, 1972.

Education and Revenue Minister :

I beg to move—

That the Patiala State Ijlas-i-Khas Order of 1919 Repealing Bill 1972, be taken into consideration at once.

ਚੇਅਰਮੈਨ ਸਾਹਿਬਾ, ਇਸ ਦੇ ਵਿਚ ਬਹੁਤ ਮਾਮੂਲੀ ਜਿਹੀ ਗੱਲ ਹੈ । ਇਕ ਇਜਲਾਸੇ ਖਾਸ ਦਾ ਆਰਡਰ ਹੈ ਉਸ ਨੂੰ ਰਿਪੀਲ ਕਰਨ ਵਾਸਤੇ ਇਹ ਬਿੱਲ ਹਾਊਸ ਵਿਚ ਲਿਆਂਦਾ ਗਿਆ ਹੈ । ਇਹ ਮਹਿਸੂਸ ਕੀਤਾ ਗਿਆ ਕਿ ਇਹ ਬੜੀ ਡਿਸਕਰੀਮੀਨੇਟਰੀ ਜਿਹੀ ਗੱਲ ਹੈ । ਇਸ ਗੱਲ ਤੇ ਵਿਚਾਰ ਕੀਤਾ ਗਿਆ ਕਿ ਸਾਰੇ ਪੰਜਾਬ ਵਿਚ ਇਹ ਲਾਉਣ ਦਾ ਯਤਨ ਕੀਤਾ ਜਾਵੇ । ਫਿਰ ਇਹ ਵਿਚਾਰਿਆ ਗਿਆ ਕਿ ਸਾਰੇ ਪੰਜਾਬ ਵਿਚ ਲਗ ਸਕਦਾ ਹੈ ਜਾਂ ਨਹੀਂ ਤਾਂ ਇਸ ਦੇ ਵਿਚ ਕਨਸਟੀਚਿਉਸ਼ਨ ਦੀ ਰੁਕਾਵਟ ਆਈ । ਕਾਨਟੀਚਿਉਸ਼ਨ ਦੀ 79 ਐਨਟਰੀ ਹੈ ਉਸ ਦੇ ਮੁਤਾਬਿਕ ਕੋਈ ਵੀ ਡਿਊਟੀ ਨਹੀਂ ਲਗਾ ਸਕਦੇ ਪੰਜਾਬ ਵਿਚ ਜਿਹੜੀ ਕਿ ਇਸ ਕਿਸਮ ਦੀ ਹੋਵੇ । ਪੁਰਾਣਾ ਐਕਟ ਲਾਗੂ ਹੋ ਸਕਦਾ ਹੈ ਪਰ ਨਵਾਂ ਨਹੀਂ ਲਾਗੂ ਹੋ ਸਕਦਾ । ਇਸ ਕਰਕੇ ਡਿਸਕਰੀਮੀਨੇਸ਼ਨ ਨੂੰ ਖਤਮ ਕਰਨ ਲਈ ਇਹ ਬਿੱਲ ਰਿਪੀਲ ਕੀਤਾ ਹੈ ।

Chairman: Motion moved —

That the Patiala State Ijlas-i-Khas Order of 1919 (Repealing) Bill, 1972 be taken into consideration at once.

Chairman: Question is—

That the Patiala State Ijlas-i-khas Order of 1919 (Repealing) Bill. 1972 be taken into consideration at once.

The Motion was carried

Chairman: Now the House will proceed to consider the Bill Clause by Clause.

Sub-clause (2) of Clause 1

Chairman: Question is—

That Sub-clause (2) of Clause 1 stand part of the Bill.

The Motion was carried

CLAUSE 2

Chairman: Question is—

That Clause 2 stand part of the Bill.

The Motion was carried

SUB-CLAUSE (1) OF CLAUSE 1

Chairman: Question is—

That sub-clause (1) of Clause 1 stand part of the Bill.

The Motion was carried.

TITLE

Chairman: Question is—

That Title be the Title of the Bill.

The Motion was carried

Education and Revenue Minister (Sardar Umrao Singh): Madam, I beg to move—

That the Patiala State Ijlas-i-Khas Order of 1919 (Repealing) Bill be passed.

Chairman: Motion moved—

That the Patiala State Ijlas-i-Khas Order of 1919 (Repealing) Bill be passed.

Chairman: Question is—

That the Patiala State Ijlas-i-Khas Order of 1919 (Repealing) Bill be passed.

The motion was carried.

THE TALWARA TOWNSHIP (PERIPHERY) CONTROL AMENDMENT BILL, 1972

Irrigation and Power Minister (Shri Gurmail Singh): Madam I beg to introduce the Talwara Township (Periphery) Control Amendment Bill.

Irrigation and Power Minister: Madam Chairman. I beg to move—

That the Talwara Township (Periphery) Control Amendment Bill be taken into consideration at once.

ਚੇਅਰਮੈਨ ਸਾਹਿਬਾ, ਇਹ ਜਿਹੜਾ ਬਿਲ ਹੈ ਇਹ 'ਤਲਵਾੜਾ ਟਾਊਨਸ਼ਿਪ, ਪੈਰੀਫ਼ੇਰੀ, ਕੰਟਰੋਲ ਬਿਲ, 1961 ਵਿਚ ਬਣਿਆ ਸੀ । ਇਜ ਦੀ ਜੋ ਧਾਰਾ 5 ਹੈ ਉਸ ਦੇ ਅਨੁਸਾਰ ਕੋਈ ਵੀ ਵਿਅਕਤੀ ਇਸ ਕੰਟਰੋਲਡ ਏਰੀਆ ਦੇ ਅੰਦਰ ਕੋਈ ਕੰਸਟਰਕਸ਼ਨ ਨਹੀਂ ਸੀ ਕਰ ਸਕਦਾ ਅਤੇ ਜੇ ਕੋਈ ਕਰ ਲੈਂਦਾ ਸੀ ਤਾਂ ਡਿਪਟੀ ਕਮਿਸ਼ਨਰ ਨੂੰ ਇਸ ਬਿਲ ਦੀ ਧਾਰਾ 12 ਸੱਬ ਸੈਕਸ਼ਨ 2 ਅਧੀਨ ਉਸ ਕੰਸਟਰਕਸ਼ਨ ਨੂੰ ਗਿਰਾ ਦੇਣ ਦਾਂ

ਅਖਤਿਆਰ ਹੁੰਦਾ ਸੀ । ਇਸ ਦੇ ਵਿਚ ਇਕ ਕਮੀ ਰਹਿ ਗਈ ਸੀ ਅਤੇ ਉਸ ਸੱਬ ਸੈਕਸ਼ਨ 2 ਨੂੰ ਕਿਸੇ ਵਿਅਕਤੀ ਨੇ ਹਾਈਕੋਰਟ ਵਿਚ ਚੈਲੇਂਜ ਕੀਤਾ ਅਤੇ ਹਾਈਕੋਰਟ ਨੇ ਕਿਹਾ ਕਿ ਜੇ ਕੋਈ ਵਿਅਕਤੀ ਬਣਾ ਲੈਂਦਾ ਹੈ ਤਾਂ ਡੀ. ਸੀ. ਉਸ ਨੂੰ ਗਿਰਾ ਨਹੀਂ ਸਕਦਾ, ਢਾਹ ਨਹੀਂ ਸਕਦਾ । ਜੇ ਕੋਈ ਕਿਸੇ ਕਿਸਮ ਦੀ ਉਸਾਰੀ ਕਰ ਲਵੇ ਤਾਂ ਸੈਕਸ਼ਨ 12 ਦੀ ਸੱਬ ਸੈਕਸ਼ਨ 2 ਅਧੀਨ ਡੀ. ਸੀ. ਨੂੰ ਅਸੀਂ ਪਾਵਰਜ਼ ਦੇਣ ਲਗੇ ਹਾਂ ਕਿ ਉਹ ਉਸ ਉਸਾਰੀ ਕਰਨ ਵਾਲੇ ਨੂੰ ਮੌਕਾ ਦੇਵੇ ਤਾਂ ਕਿ ਉਹ ਆਪਣੇ ਡਿਫ਼ੈਂਸ ਲਈ ਡੀ. ਸੀ. ਕੋਲ ਜਾ ਸਕੇ । ਇਸ ਦੇ ਨਾਲ ਇਹ ਵੀ ਹੋਵੇਗਾ ਕਿ ਕਿਸੇ ਵਿਅਕਤੀ ਨੂੰ ਸਫ਼ਾਈ ਦਾ ਮੌਕਾ ਦਿਤੇ ਬਿਨਾ ਕੋਈ ਫੈਸਲਾ ਨਹੀਂ ਕੀਤਾ ਜਾਵੇਗਾ, ਪਹਿਲੋਂ ਕਈ ਵਾਰ ਕਈਆਂ ਨਾਲ ਧੱਕਾ ਹੋ ਸਕਦਾ ਸੀ । ਮੈਂ ਸਮਝਦਾ ਹਾਂ ਕਿ ਇਸਦਾ ਮਨੋਰਥ ਇਹ ਹੈ ਕਿ ਜੇ ਕੋਈ ਕੰਸਟਰਕਸ਼ਨ ਕਰ ਲਵੇ ਤਾਂ ਡੀ. ਸੀ. ਆਪਣੀ ਇਨਕੁਆਇਰੀ ਕੰਪਲੀਟ ਕਰਨ ਤੋਂ ਬਾਦ ਆਪਣਾ ਡਿਸੀਜ਼ਨ ਦੇ ਦੇਵੇ । ਇਹ ਜਿਹੜਾ ਬਿਲ ਹੈ ਅਤੇ ਇਸ ਵਿਚ ਜਿਹੜੀ ਅਮੈਂਡਮੈਂਟ ਲਿਆਂਦੀ ਗਈ ਹੈ ਇਹ ਲੋਕਾਂ ਦੇ ਹਿੱਤ ਲਈ ਹੈ ਅਤੇ ਇਸ ਲਈ ਇਸ ਨੂੰ ਪਾਸ ਕਰ ਦਿਤਾ ਜਾਵੇ ।

Chairman: Motion moved—

That the Talwara Township (Periphery) control Amendment Bill be taken into consideration at once.

Chairman: Question is—

That the Talwara Township (Periphery) Control Amendment Bill be taken into consideration at once.

The motion was carried.

Chairman: Now the House will proceed to consider the Bill clause by clause.

CLAUSE 2

Chairman: Question is—

That clause 2 stand part of the Bill.

The motion was carried.

CLAUSE 1

Chairman: Question is—

That clause 1 stand part of the Bill.

The motion was carried.

TITLE

Chairman: Question is—

That title be the title of the Bill.

The motion was carried.

Irrigation and Power Minister (Shri Gurmail Singh): Madam, I beg to move—

That the Talwara Township (Periphery) Control Amendment Bill be passed.

Madam Chairman: Motion moved—

That the Talwara Township (Periphery) Control Amendment Bill be passed.

Madam Chairman: Question is—

That the Talwara Township (Periphery) Control Amendment Bill be passed.

The motion was carried.

THE PUNJAB CINEMAS (REGULATION) AMENDMENT BILL, 1972.

Education & Revenue Minister (Sardar Umrao Singh): Madam, I beg to introduce the Punjab Cinemas (Regulation) Amendment Bill, 1972.

Education and Revenue Minister: I beg to move—

That the Punjab Cinemas (Regulation) Amendment Bill be taken into consideration at once.

ਚੇਅਰਮੈਨ ਸਾਹਿਬਾ, ਇਹ ਇਕ ਬੜਾ ਛੋਟਾ ਜਿਹਾ ਬਿਲ ਹੈ ਇਸ ਦੇ ਵਿਚ ਸਟੇਟ ਗੌਰਮੈਂਟ ਨੂੰ ਅਪੀਲ ਸੁਣਨ ਦੀ ਪਾਵਰ ਦਿਤੀ ਗਈ ਹੈ ਜਿਹੜੀ ਕਿ ਪਹਿਲੇ ਨਹੀਂ ਸੀ। ਮੌਜੂਦਾ ਐਕਟ ਦੇ ਮੁਤਾਬਕ ਜੋ ਫੈਸਲਾ ਲਾਇਸੈਂਸਿੰਗ ਅਥਾਰਿਟੀ ਕਰ ਦਿੰਦੀ ਸੀ, ਲਾਇਸੈਂਸਿੰਗ ਅਥਾਰਟੀ ਡੀ. ਸੀ. ਹੁੰਦਾ ਸੀ, ਉਸ ਦੀ ਅਗੇ ਕੋਈ ਅਪੀਲ ਨਹੀਂ ਹੋ ਸਕਦੀ ਸੀ। ਮਿਸਾਲ ਦੇ ਤੌਰ ਤੇ ਅਗਰ ਕਿਸੇ ਨੂੰ ਸਿਨੇਮੇ ਦਾ ਲਾਇਸੈਂਸ ਨਾ ਦਿਤਾ ਜਾਂਦਾ ਉਹ ਉਸ ਦੀ ਅਪੀਲ ਕਿਤੇ ਨਹੀਂ ਕਰ ਸਕਦਾ ਸੀ। ਕਈ ਵਾਰੀ ਇਸ ਕਿਸਮ ਦਾ ਮਸਲਾ ਆ ਜਾਂਦਾ ਹੈ ਕਿ ਕਿਸੇ ਸਿਨੇਮੇ ਵਿਚ ਸੀਟਾਂ ਦੀ ਕਲਾਸੀਫ਼ਿਕੇਸ਼ਨ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ। ਕਲਾਸ ਇਕ, ਕਲਾਸ ਦੋ ਅਤੇ ਕਲਾਸ ਤਿੰਨ ਦੀਆਂ ਸੀਟਾਂ ਕਿੰਨੀਆਂ ਹੋਣੀਆਂ ਚਾਹੀਦੀਆਂ ਹਨ, ਇਸ ਸਿਲਸਿਲੇ ਵਿਚ ਜੋ ਲਾਇਸੈਂਸਿੰਗ ਅਥਾਰਟੀ ਫ਼ੈਸਲਾ ਕਰ ਦਿੰਦੀ ਸੀ ਉਸਦੇ ਰਿਵਿਊ ਦਾ ਕਿਸੇ ਨੂੰ ਕੋਈ ਅਖਤਿਆਰ ਨਹੀਂ ਸੀ ਹੁੰਦਾ। ਇਸੇ ਤਰ੍ਹਾਂ ਹੀ ਜੋ ਟਿਕਟਾਂ ਦੀ ਫ਼ੀਸ ਹੈ ਉਸ ਦਾ ਜੋ ਫ਼ੈਸਲਾ ਲਾਇਸੈਂਸਿੰਗ ਅਥਾਰਟੀ ਕਰ ਦਿੰਦੀ ਸੀ ਉਸ ਦੀ ਕੋਈ ਅਪੀਲ ਨਹੀਂ ਸੀ ਹੋ ਸਕਦੀ। ਇਸ ਲਈ ਜਰੂਰਤ ਮਹਿਸੂਸ ਕੀਤੀ ਗਈ ਕਿ ਇਸ ਕਿਸਮ ਦੀ ਸਟੇਟ ਗੌਰਮੈਂਟ ਕੋਲ ਅਥਾਰਟੀ ਜ਼ਰੂਰ ਹੋਣੀ ਚਾਹੀਦੀ ਹੈ। ਜਿਸ ਦੇ ਨਾਲ ਕਲਾਸੀਫ਼ਿਕੇਸ਼ਨ ਆਫ਼ ਸੀਟਸ, ਜਾਂ ਜੋ ਐਂਟਰਟੇਨਮੈਂਟ ਰੇਟਸ ਹੈਗੇ ਉਸ ਦੀ ਅਪੀਲ ਦੀ ਪਾਵਰ ਸਟੇਟ ਗੌਰਮੈਂਟ ਕੋਲ ਜ਼ਰੂਰ ਹੋਣੀ ਚਾਹੀਦੀ ਹੈ। ਦੂਜੇ ਇਹ ਹੈ ਕਿ ਐਗਰੀਵਡ ਆਦਮੀ ਲਾਇਸੈਂਸਿੰਗ ਅਥਾਰਟੀ ਦੇ ਆਰਡਰ ਦੇ ਖਿਲਾਫ਼ ਅਗੇ ਅਪੀਲ ਕਰ ਸਕੇ।

ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਬੜਾ ਛੋਟਾ ਜਿਹਾ ਬਿਲ ਹੈ ਅਤੇ ਜਿਹੜਾ ਸਿਨੇਮਿਆਂ ਦਾ ਕੰਮ ਹੈ ਉਸਨੂੰ ਸਿੰਪਲੀਫ਼ਾਈ ਕਰਨ ਵਾਸਤੇ ਹੈ ਅਤੇ ਮੈਂ ਆਸ ਕਰਦਾ ਹਾਂ ਕਿ ਸਾਰਾ ਹਾਊਸ ਇਸ ਨੂੰ ਪਾਸ ਕਰੇਗਾ।

Madam Chairman: Motion moved—

That the Punjab Cinemas (Regulation) Amendment Bill be taken into considration at once.

ਕਾਮਰੇਡ ਰਾਜਕੁਮਾਰ (ਧਾਰੀਵਾਲ) : ਮੈਡਮ ਸਾਹਿਬਾ, ਪੰਜਾਬ ਸਿਨੇਮਾ ਰੈਗੂਲੇਸ਼ਨ ਐਕਟ, 1952 ਵਿਚ ਇਹ ਤਰਮੀਮ ਲਿਆ ਕੇ ਸਰਕਾਰ ਨੇ ਸਾਨੂੰ ਮੌਕਾ ਦਿਤਾ ਹੈ ਕਿ ਅਸੀਂ ਦੁਖਦੀ ਹੋਈ ਨਾੜ ਤੇ ਹੱਥ ਰਖ ਸਕੀਏ । ਜਿਸ ਤਰ੍ਹਾਂ ਮੇਰੇ ਆਨਰੇਬਲ ਦੋਸਤ ਸਰਦਾਰ ਉਮਰਾਓ ਸਿੰਘ ਨੇ ਕਿਹਾ ਹੈ ਕਿ ਇਹ ਗਲ ਮਾਮੂਲੀ ਜਿਹੀ ਹੈ ਵੈਸੇ ਤਾਂ ਇਹ ਮਾਮੂਲੀ ਜਿਹੀ ਹੈ । ਕਿਉਂਕਿ ਕੁਦਰਤੀ ਇਨਸਾਫ ਦੇ ਅਸੂਲ ਦੇ ਮੁਤਾਬਕ ਅਪੀਲ ਦਾ ਹੱਕ ਐਕਟ ਦਾ ਹਿਸਾ ਬਣਾਉਣ ਵਾਸਤੇ ਤਰਮੀਮ ਲਿਆਂਦੀ ਹੈ । ਲੇਕਿਨ ਇਹ ਤਰਮੀਮ ਸਰਕਾਰ ਨੂੰ ਇਕ ਤਾਕਤ ਦਿੰਦੀ ਹੈ ਜਿਹੜੀ ਤਾਕਤ ਅੱਜ ਲਾਇਸੈਂਸਿੰਗ ਅਥਾਰਟੀ ਕੋਲ ਹੈ । ਹਾਈ ਕੋਰਟ ਦੇ ਵਿਚ ਇਸ ਮਾਮਲੇ ਉਤੇ, ਇਕ ਮੁਕਦਮਾ ਚਲਿਆ ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਹਾਈ ਕੋਰਟ ਨੇ ਇਹ ਹਲਡ ਕੀਤਾ ਕਿ ਲਾਇਸੈਂਸ ਦੇਣ ਦੇ ਸਬੰਧ ਵਿਚ ਲਾਇਸੈਂਸ ਅਥਾਰਟੀ ਦੀ ਪਾਵਰ ਜਿਹੜੀ ਹੈ ਉਸ ਨੂੰ ਲਿਮਿਟ ਨਹੀਂ ਕਰ ਸਕਦੇ । ਇਸ ਕਰਕੇ ਇਹ ਇਕ ਤਾਕਤ ਸਰਕਾਰ ਆਪਣੇ ਹੱਥ ਵਿਚ ਲੈ ਰਹੀ ਹੈ । ਮੇਰੀ ਪਾਰਟੀ ਇਸ ਤਾਕਤ ਨੂੰ ਸਰਕਾਰ ਦੇ ਹਥਾਂ ਵਿਚ ਦੇਣ ਵਾਸਤੇ ਮੁਖ਼ਾਲਫਤ ਨਹੀਂ ਕਰਦੀ ਮੈਂ ਜਿਵੇਂ ਅਰਜ਼ ਕੀਤੀ ਹੈ ਕਿ ਇਹ ਇਨਸਾਫ਼ ਦੇ ਅਸੂਲ ਦਾ ਤਕਾਜ਼ਾ ਹੈ ਕਿ ਇਹ ਅਪੀਲ ਦਾ ਹੱਕ ਦੇ ਦਿਤਾ ਜਾਏ ਤਾਂ ਕਿ ਲਾਇਸੈਂਸਿੰਗ ਅਥਾਰਟੀ ਆਪਣੀ ਤਾਕਤ ਦਾ ਨਾਜਾਇਜ਼ ਇਸਤੇਮਾਲ ਨਾ ਕਰ ਸਕੇ ਅਤੇ ਪਿਛਲੇ ਕੁਝ ਕੇਸ ਦਸਦੇ ਹਨ ਕਿ ਇਸ ਅਥਾਰਟੀ ਦਾ ਨਾਜ਼ਾਇਜ਼ ਇਸਤੇਮਾਲ ਹੁੰਦਾ ਰਿਹਾ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਟੈਕਸਾਂ ਦੇ ਨਾਲ ਪੰਜਾਬ ਦੇ ਫਸਾਦਾਂ ਦਾ ਬੜਾ ਸਬੰਧ ਹੈ । ਡਿਪਟੀ ਸਪੀਕਰ ਸਾਹਿਬ, ਪਿਛਲੇ ਸਮੇਂ ਦੇ ਵਿਚ ਪੰਜਾਬ ਦੇ ਵਿਚ ਹੋਈਆਂ ਕੁਝ ਬੜੀਆਂ ਦਰਦਨਾਕ ਕਿਸਮ ਦੀਆਂ ਘਟਨਾਵਾਂ ਵਲ ਆਪ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਟਿਕਟਾਂ ਦਾ ਮਾਮਲਾ, ਐਡਮੀਸ਼ਨ ਫ਼ੀਸ ਦਾ ਮਾਮਲਾ, ਸੀਟਾਂ ਦੀ ਕਲਾਸੀਫਿਕੇਸ਼ਨ ਕੀ ਹੋਵੇ, ਇਸ ਸੁਆਲ ਨੇ ਪੰਜਾਬ ਦੇ ਅੰਦਰ ਇਕ ਐਸੀ ਦਬੀ ਹੋਈ ਅੱਗ ਨੂੰ ਕੁਝ ਸਮੇਂ ਲਈ ਭਾਂਬੜ ਬਣਾ ਦਿਤਾ। ਜਿਸ ਤਰ੍ਹਾਂ ਕਿਸੇ ਸਖ਼ਤ ਅੰਧੇਰੇ ਵਿਚ ਬਿਜਲੀ ਦੀ ਚਮਕ ਦੂਰ ਦੂਰ ਪਈਆਂ ਚੀਜ਼ਾਂ ਸਾਡੇ ਸਾਮ੍ਹਣੇ ਸਪਸ਼ਟ ਕਰ ਦਿੰਦੀ ਹੈ, ਇਸ ਤਰੀਕੇ ਨਾਲ, ਪੰਜਾਬ ਵਿਚ ਪਿੱਛਲੇ ਦਿਨਾਂ ਵਿਚ ਸਟੂਡੈਂਟਸ ਅਜੀਟੇਸ਼ਨ ਦੇ ਦੌਰਾਨ ਹਰ ਸ਼ਹਿਰ ਦੇ ਸਿਨੇਮਿਆਂ ਉਤੇ ਲਗਾਤਾਰ ਹੋਏ ਹਮਲਿਆਂ ਦੇ ਬਾਅਦ ਇਹ ਸਵਾਲ ਸਾਹਮਣੇ ਆਇਆ ਹੈ ਕਿ ਆਇਆ ਪੰਜਾਬ ਦੇ ਅੰਦਰ ਸਿਨੇਮਾ ਰੈਗੂਲੇਸ਼ਨ ਐਕਟ ਅਤੇ ਇਸ ਦੇ ਥੱਲੇ ਬਣਾਏ ਗਏ ਰੂਲਾਂ ਅਤੇ ਉਸਦੇ ਥੱਲੇ ਕਾਇਮ ਕੀਤੀਆਂ ਗਈਆਂ ਅਥਾਰਟੀਜ਼ ਆਪਣਾ ਕੰਮ ਪੂਰਾ ਕਰ ਰਹੀਆਂ ਹਨ । ਡਿਪਟੀ ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਇਕ ਮੈਂਬਰ ਨੇ ਪਾਤੜਾਂ ਵਿਚ ਹੋਏ ਹਾਦਸੇ ਲਈ ਕਾਲ ਅਟੈਨਸ਼ਨ ਮੋਸ਼ਨ ਲਿਆਂਦੀ ਹੈ। ਪਾਤੜਾਂ ਵਿਚ ਦੀਵਾਰ ਗਿਰ ਜਾਣ ਨਾਲ 9 ਮੌਤਾਂ ਹੋ ਗਈਆਂ । ਪੰਜਾਬ ਸਿਨੇਮਾ ਰੈਗੂਲੇਸ਼ਨ ਐਕਟ ਦੇ ਥੱਲੇ ਜ਼ਰੂਰੀ ਹੈ ਕਿ ਹਰ ਤਿੰਨ ਸਾਲ ਦੇ ਬਾਅਦ ਲਾਈਸੈਂਸ ਰਿਨਿਊ ਹੋਵੇ । ਲਾਈਸੈਂਸ ਰਿਨਿਊ ਕਰਨ ਵਾਸਤੇ ਇੱਕ ਪ੍ਰੋਸੀਜ਼ਰ ਹੈ ਜਿਹੜਾ ਕਿ ਰੂਲਜ਼ ਵਿਚ ਬੜੀ ਚੰਗੀ ਤਰ੍ਹਾਂ ਨਾਲ ਲਿਖਿਆ ਹੋਇਆ ਹੈ । ਪਹਿਲਾਂ ਉਥੇ ਐਕਸ-ਈ-ਐਨ ਦੇਖਣ ਜਾਏਗਾ

[ਕਾਮਰੇਡ ਰਾਜ ਕੁਮਾਰ]

ਅਤੇ ਇੱਕ ਮਹੀਨਾ ਇਨਸਪੈਕਸ਼ਨ ਕਰੇਗਾ । ਫਿਰ ਗੌਰਰਿੰਟ ਦਾ ਅਲੈਕਟਰੀਕਲ ਇਨਸਪੈਕਟਰ ਸਿਨੇਮੇ ਦੀਆਂ ਅਲੈਕਟਰੀਕਲ ਇਨਸਟਾਲੇਸ਼ਨਜ਼ ਦੇਖੇਗਾ ਅਤੇ ਫਿਰ ਚੀਫ ਮੈਡੀਕਲ ਆਫੀਸਰ ਸੈਨੀਟੇਸ਼ਨ ਪੁਆਇੰਟ ਆਫ ਵਿਯੂ ਤੋਂ ਉਸ ਦੀ ਇਨਸਪੈਕਸ਼ਨ ਕਰੇਗਾ । ਇਹ ਸਾਰੇ ਇਸ ਇਨਸਪੈਕਸ਼ਨ ਦੀ ਰਿਪੋਰਟ ਇੱਕ ਜਾਂ ਡੇਢ ਮਹੀਨੇ ਵਿਚ ਲਾਈਸੈਂਸਿੰਗ ਅਥਾਰਟੀ ਨੂੰ ਦੇਣਗੇ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜੀਆਂ ਅਥਾਰਟੀਜ਼ ਸਿਨੇਮਾ ਰੈਗੂਲੇਸ਼ਨਜ਼ ਐਕਟ ਦੇ ਥੱਲੇ ਕੰਮ ਕਰਦੀਆਂ ਹਨ, ਉਨ੍ਹਾਂ ਦੇ ਕੰਮ ਨਾਂ ਕਰਨ ਦਾ ਅਤੇ ਉਨ੍ਹਾਂ ਦਾ ਆਪਣੇ ਕੰਮ ਵਲ ਤਵਜੋ ਨਾਂ ਦੇਣ ਦਾ. ਇਸ ਤੋਂ ਜਿਉਂਦਾ ਜਾਗਦਾ ਸਬੂਤ ਹੋਰ ਕੀ ਹੋ ਸਕਦਾ ਹੈ । ਇਨ੍ਹਾਂ ਹਾਲਾਤ ਵਿਚ ਇੱਕ ਸਿਨੇਮੇ ਲਾਈਸੈਂਸ ਦੀ ਰਿੰਨਉਲ ਕਿਸ ਤਰ੍ਹਾਂ ਹੋ ਗਈ ?

ਸ੍ਰੀ ਡਿਪਟੀ ਸਪੀਕਰ : ਮੈਂ ਮਨਿਸਟਰ ਸਾਹਿਬ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਕਿਸੇ ਦੀ ਡਿਯੂਟੀ ਲਾ ਦੇਣ ਤਾਂ ਕਿ ਉਹ ਨੋਟ ਕਰੀ ਜਾਣ । (I wonld request the hon. Minister to ask some one to note the points)

ਕਾਮਰੇਡ ਰਾਜ ਕੁਮਾਰ : ਇਹ ਤਾਂ ਆਮ ਸਿਨੇਮਿਆਂ ਵਾਸਤੇ ਜਿਹੜੇ ਰੂਲਜ਼ ਹਨ ਉਹ ਮੈਂ ਦਸ ਰਿਹਾ ਸੀ । ਟੂਰਿੰਗ ਟਾਕੀਜ਼ ਵਾਸਤੇ ਸਪੈਸ਼ਲ ਰੂਲਜ਼ ਬਨਾਏ ਹੋਏ ਹਨ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਐਕਟ ਦੀਆਂ ਲਿਮਿਟੇਸ਼ਨਜ਼ ਨੂੰ ਸਿਨਮੇਟੋਗਰਾਫ ਐਕਟ 1918 ਵਿਚੋਂ ਬਾਈਫਰਕੇਟ ਕਰਕੇ ਪੰਜਾਬ ਸਿਨੇਮਾ ਰੈਗੂਲੇਸ਼ਨਜ਼ ਐਕਟ 1952 ਵਿਚ ਬਣਾਇਆ । ਇਸ ਐਕਟ ਵਿਚ ਬਹੁਤ ਖਾਮੀਆਂ ਹਨ ਜਦੋਂ ਤਕ ਇਨ੍ਹਾਂ ਖਾਮੀਆਂ ਨੂੰ ਦੂਰ ਨਹੀਂ ਕੀਤਾ ਜਾਂਦਾ, ਇਸ ਕਿਸਮ ਦੀਆਂ ਸ਼ਿਕਾਇਤਾਂ ਹੁੰਦੀਆਂ ਹੀ ਰਹਿਣਗੀਆਂ ।

ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਗੱਲਾਂ ਵਿਚ ਨਹੀਂ ਜਾਣਾਂ ਚਾਹੁੰਦਾ ਜਿਨ੍ਹਾਂ ਵਿਚ ਮੇਰੇ ਫਾਜ਼ਲ ਦੋਸਤ ਵਿੱਤ ਮੰਤਰੀ ਸਾਹਿਬ ਪਿਛਲੇ ਦਿਨਾਂ ਵਿਚ ਗਏ ਸਨ । ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਸਿਨੇਮੇ ਨੇਸ਼ਨੇਲਾਈਜ਼ ਹੋ ਜਾਣਗੇ । ਇਸ ਬਾਰੇ ਪੰਜਾਬ ਦੇ ਲੋਕਾਂ ਦੇ ਕੀ ਵਿਚਾਰ ਹਨ, ਇਸਦਾ 8 ਨਵੰਬਰ ਦੇ 'ਹਿੰਦ ਸਮਾਚਾਰ' ਦੇ ਐਡੀਟੋਰੀਅਲ ਵਿਚ ਜ਼ਿਕਰ ਹੈ। 'ਹਿੰਦ ਸਮਾਚਾਰ' ਇੱਕ ਬੜਾ ਵਾਈਡਲੀ ਸਰਕੂਲੇਟਡ ਅਖਬਾਰ ਹੈ । ਜੋ ਕੁਝ ਉਸ ਦੇ ਵਿਚ ਲਿਖਿਆ ਹੈ ਉਹ ਮੇਰੇ ਦੋਸਤਾਂ ਨੇ ਜ਼ਰੂਰ ਪੜ੍ਹਿਆ ਹੋਵੇਗਾ । ਇਹ ਇਮਪਰੈਸ਼ਨ ਉਨ੍ਹਾਂ ਦਾ ਹੀ ਨਹੀਂ ਹੋਰ ਵੀ ਬਹੁਤ ਸਾਰੇ ਲੋਕਾਂ ਦਾ ਹੋ ਸਕਦਾ ਹੈ । ਇਹ ਇਮਪਰੈਸ਼ਨ ਲੋਕਾਂ ਦਾ ਨਾਂ ਹੁੰਦਾ ਅਗਰ ਸਿਨੇਮੇ ਨੇਸ਼ਨੇਲਾਈਜ਼ ਕਰਨ ਦੇ ਐਲਾਨ ਦੇ ਬਾਅਦ ਪੰਜਾਬ ਦੀ ਸਰਕਾਰ ਨੇ ਬਹੁਤ ਸਾਰੇ ਲਾਈਸੈਂਸ ਪ੍ਰਾਈਵੇਟ ਪਾਰਟੀਆਂ ਨੂੰ ਨਾ ਦਿੱਤੇ ਹੁੰਦੇ । ਇਹ ਇਮਪਰੈਸ਼ਨ ਲੋਕਾਂ ਦਾ ਨਾ ਹੁੰਦਾ ਜੇ ਪੰਜਾਬ ਦੀ ਸਰਕਾਰ ਤਰਫੋਂ ਉਨ੍ਹਾਂ ਮਿਊਨਸਪਲ ਕਮੇਟੀਆਂ ਨੂੰ ਜਿਨ੍ਹਾਂ ਨੇ ਪੈਸੇ ਦੀ ਮੰਗ ਕੀਤੀ· ਉਨ੍ਹਾਂ ਨੂੰ ਸਿਨੇਮੇ ਲਾਉਣ ਲਈ ਇਮਦਾਦ ਦੇ ਰੂਪ ਵਿਚ ਪੈਸਾ ਦਿੱਤਾ ਹੁੰਦਾ । ਸਰਕਾਰ ਨੇ ਐਲਾਨ ਕੀਤਾ ਸੀ ਕਿ ਅਸੀਂ ਲੋਕਾਂ ਨੂੰ ਅੱਛੀ ਅਤੇ ਸਸਤੀ ਤਫਰੀਹ ਦੇਣ ਲਈ 100 ਸਿਨੇਮੇ ਪੰਜਾਬ ਵਿਚ ਹੋਰ ਬਣਾਵਾਂਗੇ । ਇਸ ਐਲਾਨ ਦੀ ਅਹਿਮੀਅਤ ਘੱਟ ਜਾਂਦੀ ਹੈ ਅਤੇ ਬਗੈਰ ਸ਼ੱਕ ਦੀ ਗੁੰਜਾਇਸ਼ ਦੇ ਲੋਕਾਂ ਨੇ ਇਹ ਸੋਚਿਆ

ਹੋਵੇਗਾ ਕਿ ਆਇਆ ਇਹ ਸਿਰੀਅਸ ਗਲ ਹੈ । ਇਹ ਉਸਤਰ੍ਹਾਂ ਦੀ ਸੀਰੀਅਸ ਗਲ ਤਾਂ ਨਹੀਂ ਜਿਸ ਤਰ੍ਹਾਂ ਦੀ ਕਿ ਪਿੱਛੇ ਕਈ ਸਰਕਾਰਾਂ ਨੇ ਟਰਾਂਸਪੋਰਟ ਨੇਸ਼ਨੇਲਾਈਜ਼ ਕਰਨ ਲਈ ਕਹੀ ਸੀ । ਜਦੋਂ ਟਰਾਂਸਪੋਰਟਰਾਂ ਦੇ ਘਰਾਂ ਵਿਚ ਇਸ ਗਲ ਦੀ ਚਰਚਾ ਹੋਈ ਅਤੇ ਉਨ੍ਹਾਂ ਨੇ ਇਸ ਦਾ ਇੰਤਜ਼ਾਮ ਕਰ ਲਿਆ ਤਾਂ ਇਹ ਸਾਰੀ ਗੱਲ ਠੱਪ ਹੋ ਗਈ । ਡਿਪਟੀ ਸਪੀਕਰ ਸਾਹਿਬ, ਸਾਡੇ ਰੂਲਜ਼ ਬੜੇ ਹੀ ਵਾਜ਼ਿਆ ਹਨ । ਐਕਟ ਨਾਲੋਂ ਰੂਲਜ਼ ਦੀ ਕਿਤਾਬ ਤਿੰਨ ਗੁਣਾ ਹੈ । ਕੀ ਵਜ੍ਹਾ ਹੈ ਕਿ ਸਰਕਾਰ ਉਨ੍ਹਾਂ ਰੂਲਜ਼ ਦੀ ਪੂਰੀ ਇਮਦਾਦ ਲੈਕੇ ਹਰ ਸਿਨੇਮੇ ਹਾਲ ਵਿਚ ਥੋੜੇ ਪੈਸਿਆਂ ਵਾਲੀਆਂ ਟਿਕਟਾਂ 70 ਫੀ ਸਦੀ ਕਰਾਉਂਦੀ ਅਤੇ ਜ਼ਿਆਦਾ ਪੈਸੇ ਵਾਲੀਆਂ ਟਿਕਟਾਂ 25 ਜਾਂ 30% ਕਰਾਉਂਦੀ । ਸਰਕਾਰ ਦੇ ਸਾਹਮਣੇ ਕੀ ਰੁਕਾਵਟ ਹੈ ਕਿ ਉਨ੍ਹਾਂ ਸਿਨੇਮੇ ਦੇ ਮਾਲਕਾਂ ਨੂੰ ਕਹੇ ਕਿ ਟਿਕਟਾਂ ਉਤੇ ਸੀਟਾਂ ਦੇ ਨੰਬਰ ਲਗੇ ਹੋਣ । ਇਹ ਗਲ ਕਿਉਂ ਨਹੀਂ ਐਨਸ਼ੋਰ ਕਰਾਉਂਦੀ ਕਿ ਹਰ ਬੁਕਿੰਗ ਆਫਿਸ ਵਿਚ ਟਿਕਟਾਂ ਉਤੇ ਸੀਟਾਂ ਦਾ ਨੰਬਰ ਹੋਵੇ ਤਾਂ ਕਿ ਬਲੈਕ ਜਾਂ ਹੋਰ ਕੋਈ ਗੜਬੜ੍ਹ ਹੈ ਉਹ ਬੰਦ ਹੋ ਸਕੇ । ਡਿਪਟੀ ਸਪੀਕਰ ਸਾਹਿਬ, ਰੂਲਜ਼ ਵਿਚ ਬੜਾ ਕਲੀਅਰ ਲਿਖਿਆ ਹੈ ਕਿ ਕਿਸੇ ਵੀ ਸਿਨੇਮੇ ਹਾਲ ਵਿਚ ਸਕਰੀਨ ਪਰਦਾ ਪਹਿਲੀ ਕਤਾਰ ਵਾਲੀਆਂ ਸੀਟਾਂ ਤੋਂ ਘੱਟੋ ਘੱਟ 30 ਫੁੱਟ ਦੇ ਫਾਸਲੇ ਤੇ ਹੋਵੇ । ਪਰ ਵੇਖਣ ਵਿਚ ਆਇਆ ਹੈ ਕਿ ਅਗਲੀ ਕਤਾਰ ਵਾਲੀਆਂ ਸੀਟਾਂ ਤੋਂ ਇਹ ਪਰਦਾ ਮੁਸ਼ਕਲ ਨਾਲ 5 ਜਾਂ 7 ਫੁੱਟ ਦੇ ਫਾਸ਼ਲੇ ਤੇ ਹੁੰਦਾ ਹੈ । ਕਿਉਂ ਨਹੀਂ ਇਸ ਕਿਸਮ ਦੇ ਸਿਨੇਮੇ ਹਾਲਜ਼ ਦੇ ਮਾਲਕਾਂ ਨੂੰ ਹੱਥ ਪਾਇਆ ਜਾਂਦਾ ਅਤੇ ਉਨ੍ਹਾਂ ਨੂੰ ਲੁਟ ਕਰਨ ਤੋਂ ਰੋਕਿਆਂ ਜਾਂਦਾ ਅਤੇ ਆਮ ਆਦਮੀ ਨੂੰ ਸਸਤੇ ਭਾਅ ਤੇ ਸਿਨੇਮਾ ਵੇਖਣ ਦੀ ਮੰਗ ਨੂੰ ਮੁਹਈਆ ਕੀਤਾ ਜਾਂਦਾ ।

ਡਿਪਟੀ ਸਪੀਕਰ ਸਾਹਿਬ, ਮੋਗੇ ਵਿਚ ਕੀ ਹੋਇਆ ਮੋਗੇ ਵਿਚ ਬੱਚੇ ਸਿਨੇਮਾ ਵੇਖਣ ਲਈ ਕੰਸੈਸ਼ਨ ਮੰਗਦੇ ਸਨ । ਪੁਲਿਸ ਵਾਲਿਆਂ ਵਾਸਤੇ ਇੱਕ ਜੈਨਰਲ ਕੰਸੈਸ਼ਨ ਹੈ, ਐਕਸਾਇਜ਼ ਦੇ ਮਹਿਕਮੇ ਵਾਲਿਆਂ ਵਾਸਤੇ ਵੀ ਇੱਕ ਜੈਨਰਲ ਕੰਸੈਸ਼ਨ ਹੈ । ਐਗਜ਼ੈਕਟਿਵ ਇੰਜੀਨੀਅਰ ਪੀ. ਡਬਲਯੂ ਡੀ. ਬੀ. ਐਂਡ, ਆਰ ਵਾਸਤੇ ਪੂਰਾ ਕੰਸੈਸ਼ਨ ਹੁੰਦਾ ਹੈ ਕਿਉਂਕਿ ਉਸ ਨੇ ਸਿਨੇਮੇ ਨੂੰ ਕੰਸਟਰਕਸ਼ਨ ਪੁਆਇੰਟ ਆਫ ਵਿਯੂ ਤੋਂ ਚੈਕ ਕਰਨਾ ਹੁੰਦਾ ਹੈ । ਅਲੈਕਟਰੀਕਲ ਇਨਸਪੈਕਟਰ ਨੂੰ ਇਸ ਵਾਸਤੇ ਕੰਸੈਸ਼ਨ ਦਿੱਤਾ ਜਾਂਦਾ ਹੈ ਕਿਉਂਕਿ ਉਸ ਨੇ ਬਿਜਲੀ ਦੀਆਂ ਇਨਸਟਾਲੇਸ਼ਨਜ਼ ਪਾਸ ਕਰਨੀਆਂ ਹੁੰਦੀਆਂ ਹਨ । ਚੀਫ ਮੈਡੀਕਲ ਅਫਸਰ ਦੇ ਮੁਲਾਜ਼ਮਾਂ ਨੂੰ ਇਸ ਵਾਸਤੇ ਕੰਸੈਸ਼ਨ ਮਿਲਦਾ ਹੈ ਕਿਉਂਕਿ ਉਸ ਨੇ ਸੈਨੀਟੇਸ਼ਨ ਪੁਆਇੰਟ ਆਫ ਵਿਯੂ ਤੋਂ ਸਿਨੇਮੇ ਨੂੰ ਚੈਕ ਕਰਨਾ ਹੁੰਦਾ ਹੈ ਐਕਸਾਇਜ਼ ਐਂਡ ਟੈਕਸੇਸ਼ਨ ਵਾਲੇ ਸਿਨੇਮੇ ਦੇ ਮਾਲਕ ਨੂੰ ਐਕਸਾਈਜ਼ ਟੈਕਸ ਦੀ ਚੋਰੀ ਕਰਨ ਦੀ ਇਜ਼ਾਜਤ ਦਿੰਦੇ ਹਨ ਅਤੇ ਮਾਲਕਾਂ ਨੂੰ ਸਰਕਾਰ ਦਾ ਰਿਵੇਨਯੂ ਉਨ੍ਹਾਂ ਦੇ ਜ਼ੇਬ ਵਿਚ ਪਾਉਣ ਦੀ ਇਜ਼ਾਜਤ ਦਿੰਦੇ ਹਨ । ਇਹ ਇਲਲੀਗਲ ਕੰਸੈਸ਼ਨ ਰੋਕ ਨਹੀਂ ਸਕਦੇ । ਮੋਗੇ ਵਿਚ ਜਦੋਂ ਬੱਚਿਆਂ ਨੇ ਕੰਸੈਸ਼ਨ ਮੰਗਿਆ ਤਾਂ ਪੁਲਿਸ ਵਾਲਿਆਂ ਨੇ ਆਪਣਾ ਕੰਸੈਸ਼ਨ ਪ੍ਰਿਜ਼ਰਵ ਕਰਨ ਲਈ, ਉਸ ਦੇ ਜਵਾਬ ਵਿਚ ਗੋਲੀਆ ਮਾਰੀਆਂ । ਸਰਕਾਰ ਵਲੋਂ ਇਹ ਗਲ ਕਹਿ ਦੇਣਾ ਕਿ ਅਸੀਂ ਕਦਮ ਚੁਕ ਰਹੇ ਹਾਂ ਠੀਕ ਨਹੀਂ । ਮੈਂ ਕਹਿੰਦਾ ਹਾਂ ਕਿ ਤੁਸੀਂ ਕਦਮ ਚੁਕੋ । ਲੇਕਿਨ ਕਿਉਂ ਨਹੀਂ ਅੱਜ ਤਕ ਚੁਕੇ । ਕਿਉਂ ਨਹੀਂ ਸਿਨੇਮਾ ਰੈਗੂਲੇਸ਼ਨ ਐਕਟ ਵਿਚ ਕੋਈ ਅਥਾਰਟੀ ਪ੍ਰੋਵਾਈਡ ਕਰਦੇ ਤਾਂ ਕਿ ਉਹ ਅਥਾਰਟੀ ਪ੍ਰਾਪਰਲੀ ਐਗਜ਼ੀਕਿਉਟ ਕਰੇ। ਡਿਪਟੀ ਕਮਿਸ਼ਨਰ ਦਾ ਦਫਤਰ ਉਸੇ ਤਰ੍ਹਾਂ ਅਨਮਾਇੰਡਫੁਲ ਹੈ, ਜਿਸ ਤਰ੍ਹਾਂ ਕਿ ਲੋਕਲ ਬਾਡੀਜ਼ ਲਈ ਹੁੰਦਾ ਸੀ ਅਤੇ ਇਸ ਦੇ ਨਤੀਜੇ ਦੇ ਤੌਰ ਤੇ ਉਨ੍ਹਾਂ ਦਾ ਡਾਇਰੈਕਟੋਰੇਟ ਬਣਿਆ । ਮੈਂ ਕਹਿੰਦਾ ਹਾਂ ਕਿ ਇਸ ਐਕਟ ਵਿਚ ਤਰਮੀਮ ਲਿਆਉ ਜਿਸ ਰਾਹੀਂ ਬਚਿਆਂ

[ਕਾਮਰੇਡ ਭਾਜ ਕੁਮਾਰ]

ਨੂੰ ਸਿਨੇਮਾ ਵੇਖਣ ਲਈ ਇੱਕ ਕੰਸੈਸ਼ਨਲ ਰੇਟ ਹੋਵੇ । ਸਿਨੇਮੇ ਦੇ ਮਾਲਕਾਂ ਨੂੰ ਪੰਜ ਪੰਜ ਸ਼ੋ ਕਰਨ ਤੇ ਸਰਕਾਰ ਪਾਬੰਦੀ ਲਾਵੇ ਤਾਂ ਕਿ ਜਿਸ ਵਕਤ ਬੱਚੇ ਸਕੂਲਾਂ ਅਤੇ ਕਾਲਜ਼ਾਂ ਵਿਚ ਪੜ੍ਹਦੇ ਹਨ, ਉਸ ਸਮੇਂ ਉਹ ਕਾਲਜ਼ਾਂ ਤੋਂ ਨੱਠ ਕੇ ਸਿਨੇਮਾ ਨਾ ਵੇਖਣ । ਇਸ ਗਲ ਲਈ ਪਾਬੰਦੀ ਲਗਾਉਣ ਦੀ ਲੋੜ ਹੈ । ਰੂਲਜ਼ ਨੂੰ ਅਮੈਂਡ ਕਰਨ ਦੀ ਲੋੜ ਹੈ । ਇਸ ਗਲ ਤੇ ਕਾਬੂ ਪਾਉਣ ਲਈ ਇੱਕ ਅਜਿਹੀ ਅਥਾਰਟੀ ਪ੍ਰੋਵਾਈਡ ਕਰਨ ਦੀ ਲੋੜ ਹੈ । ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਇਸ ਮਾਮਲੇ ਤੇ ਵਿਚਾਰ ਕਰਕੇ ਮੁਨਾਸਿਬ ਵਕਤ ਉਤੇ ਇਹ ਤਰਮੀਮ ਲਿਆਵੇ । ਸਿਨੇਮੇ ਦੇ ਮਾਲਕਾਂ ਉਤੇ ਪੇਨਲਟੀਜ਼ ਵੱਧਾਈਆਂ ਜਾਣ । ਡਿਪਟੀ ਸਪੀਕਕ ਸਾਹਿਬ, ਪੰਜਾਬ ਵਿਚ ਇਕ ਵੀ ਅਜਿਹਾ ਸਿਨੇਮਾ ਨਹੀਂ ਜਿਸ ਦਾ ਸੀਟਿੰਗ ਅਰੇਜਮੈਂਟ ਰੂਲਜ਼ ਅਤੇ ਰੈਗੂਲੈਸ਼ਨਜ਼ ਦੇ ਮੁਤਾਬਿਕ ਹੋਵੇ । ਰੂਲਜ਼ ਅਤੇ ਰੈਗੂਲੇਸ਼ਨਜ਼ ਦੇ ਮੁਤਾਬਿਕ ਸੀਟਸ ਪ੍ਰੋਵਾਈਡ ਕੀਤੀਆਂ ਜਾਣ ।

ਡਿਪਟੀ ਸਪੀਕਰ ਸਾਹਿਬ, ਰੂਲਜ਼ ਪ੍ਰੋਵਾਈਡ ਕਰਦੇ ਹਨ ਕਿ 100 ਸੁਕੇਅਰ ਫੁੱਟ ਜਗ੍ਹਾ ਵੀਹ ਪੰਝੀ ਆਦਮੀਆਂ ਵਾਸਤੇ ਚਾਹੀਦੀ ਹੈ ਪਰ ਇਥੇ ਇਤਨੀ ਜਗ੍ਹਾ 60/70 ਆਦਮੀਆਂ ਤੋਂ ਵੀ ਜ਼ਿਆਦਾ ਲਈ ਵਰਤੀ ਜਾਂਦੀ ਹੈ । ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਫਿਰ ਇਨ੍ਹਾਂ ਪਾਸ ਪੈਨਲਟੀ ਇੰਮਪੋਜ਼ ਕਰਨ ਵਾਲੀ ਕੋਈ ਮਸ਼ੀਨਰੀ ਨਹੀਂ ਹੈ ਔਰ ਪੈਨਲਟੀ ਵੀ ਬਹੁਤ ਥੋੜੀ ਹੈ । ਇਸ ਲਈ ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਾਂਗਾ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਰੋਕਣ ਵਾਸਤੇ ਕਿਸੇ ਨੂੰ ਲਾਇਸੈਂਸ ਦੇਣ ਤੋਂ ਪਹਿਲਾਂ ਇਸ ਸਬੰਧੀ ਸਾਰੀਆਂ ਸ਼ਰਤਾਂ ਨੂੰ ਚੰਗੀ ਤਰ੍ਹਾਂ ਪੂਰਿਆਂ ਕਰਵਾ ਲੈਣਾ ਚਾਹੀਦਾ ਹੈ । ਔਰ ਲਾਈਸੈਂਸ ਕੇਵਲ ਉਨ੍ਹਾਂ ਨੂੰ ਹੀ ਦੇਣੇ ਚਾਹੀਦੇ ਹਨ ਜਿਹੜੇ ਕਿ ਇਨ੍ਹਾਂ ਸ਼ਰਤਾ ਨੂੰ ਪੂਰਾ ਕਰਦੇ ਹੋਣ । ਪਾਂਤੜਾਂ, ਡਿਸਟਰਿਕਟ ਪਟਿਆਲਾ ਦੇ ਵਿਚ ਜੋ ਕੁਝ ਹੋਇਆ ਹੈ ਉਹ ਆਪ ਦੇ ਸਾਹਮਣੇ ਹੈ ਇਸ ਕੇਸ ਵਿਚ ਸਰਕਾਰ ਨੂੰ ਚਾਹੀਦਾ ਹੈ ਕਿ ਉਥੇ ਦੇ ਇਲੈਕਟਰਿਕ ਇਨਸਪੈਕਟਰ ਦੇ ਖਿਲਾਫ ਐਕਸ਼ਨ ਲਿਆ ਜਾਵੇ, ਉਸ ਮਿਸਤਰੀ ਦੇ ਖਿਲਾਫ ਐਕਸ਼ਨ ਲਿਆ ਜਾਵੇ, ਉਸ ਇੰਜੀਨੀਅਰ ਦੇ ਖਿਲਾਫ ਐਕਸ਼ਨ ਲਿਆ ਜਾਵੇ ਜਿਨ੍ਹਾਂ ਨੇ ਇਹਨਾਂ ਸ਼ਰਤਾਂ ਵਲ ਧਿਆਨ ਨਹੀਂ ਕੀਤਾ ਔਰ ਉਥੇ 9 ਆਦਮੀਆਂ ਦੀਆਂ ਮੌਤਾਂ ਹੋਈਆਂ ਹਨ । ਮੈਂ ਮਹਿਸੂਸ ਕਰਦਾ ਹਾਂ ਕਿ ਇਸ ਕਿਸਮ ਦੇ ਵਾਕਿਆਤ ਨੂੰ ਰੋਕਣ ਵਾਸਤੇ ਜ਼ਰੂਰੀ ਹੈ ਕਿ ਇਸ ਪਾਸੇ ਤਵੱਜੋਂ ਇਹ ਸਰਕਾਰ ਦੇਵੇ । ਲੋਕਾਂ ਨੂੰ ਸਹੂਲਤਾਂ ਦਿਤੀਆਂ ਜਾਣ ।

ਦੂਸਰੀ ਇਹ ਬੇਨਤੀ ਹੈ ਕਿ ਇਨ੍ਹਾਂ ਦੇ ਅਫਸਰਾਂ ਪਾਸ ਜੋ ਪਾਵਰਜ਼ ਹਨ ਉਨ੍ਹਾਂ ਨੂੰ ਮਿਸਯੂਜ਼ ਕੀਤਾ ਜਾਂਦਾ ਹੈ । ਉਹ ਅਫਸਰ ਇਨ੍ਹਾਂ ਨੂੰ ਐਬਿਊਜ਼ ਕਰਦੇ ਹਨ । ਮੈਂ ਡਿਪਟੀ ਸਪੀਕਰ ਸਾਹਿਬ, ਇਹ ਗਲ ਬੜੀ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਸਾਡੀ ਸਟੇਟ ਦੇ ਰੇਵਿਨਿਊ ਦਾ ਬਹੁਤ ਸਾਰਾ ਹਿੱਸਾ ਤਾਂ ਇਨ੍ਹਾਂ ਅਫਸਰਾਂ ਦੀਆਂ ਜੇਬਾਂ ਵਿਚ ਚਲਾ ਜਾਂਦਾ ਹੈ ਔਰ ਬਾਕੀ ਸਿਨੇਮਿਆਂ ਦੇ ਮਾਲਕਾਂ ਦੀਆਂ ਜੇਬਾਂ ਵਿਚ ਚਲਾ ਜਾਂਦਾ ਹੈ । ਇਸ ਤਰ੍ਹਾਂ ਸਾਡੀ ਸਟੇਟ ਪਾਸ ਕੁਝ ਨਹੀਂ ਆਉਂਦਾ । ਨੈਸ਼ਨੇਲਾਈਜ਼ੇਸ਼ਨ ਦੀ ਪੁਜ਼ੀਸ਼ਨ ਸਾਡੀ ਸਰਕਾਰ ਨੇ ਵਾਜ਼ਿਆ ਕੀਤੀ, ਸਾਡੀ ਪਾਰਟੀ ਨੇ ਵਾਜ਼ਿਆ ਕੀਤੀ ਅਤੇ ਅਕਾਲੀ ਪਾਰਟੀ ਨੇ ਕੀਤੀ ਤਾਂ ਫਿਰ ਕਿਉਂ ਨਹੀਂ ਇਸ ਤੇ ਅਮਲ ਕੀਤਾ ਜਾਂਦਾ । ਕਿਉਂ ਨਹੀਂ ਇਨ੍ਹਾਂ ਨੂੰ ਕਮਰਸ਼ੀਲਾਈਜ਼ ਕਰਕੇ ਲੋਕਾ ਦੀਆਂ ਦਿਕਤਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਂਦਾ ਅਤੇ ਸਟੇਟ ਦੀ ਅਮਦਨ ਵਾਧਾਈ ਜਾਂਦੀ । ਸਿਨਮਿਆਂ ਸਬੰਧੀ ਕਾਨੂੰਨ 1918 ਦਾ ਬਣਿਆ ਹੋਇਆ ਹੈ ।

ਉਸ ਵੇਲੇ ਇਥੇ ਅੰਗਰੇਜ਼ਾਂ ਦਾ ਰਾਜ ਸੀ । ਕਰਾਊਨ ਹੁੰਦਾ ਸੀ, ਮਲਕਾ ਦਾ ਰਾਜ ਸੀ । ਇਸ ਲਈ ਮੇਰੀ ਬੇਨਤੀ ਹੈ ਕਿ ਅਸੀਂ ਆਪਣੇ ਸੈਂਟਰਲ ਬੋਰਡ ਆਫ ਫਿਲਮ ਸੈਂਸਰ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਕੈਪੇਬਲ ਆਦਮੀਂ ਲਾਈਏ ਔਰ ਜੋ ਸਾਡੇ ਲਕਸ਼ ਹਨ ਉਨ੍ਹਾਂ ਦੇ ਮੁਤਾਬਿਕ ਫਿਲਮਾਂ ਆਉਣ ਨਾ ਕਿ ਅੱਜ ਵਾਂਗ ਲੋਕਾਂ ਦੇ ਇਖਲਾਕ ਨੂੰ ਵਿਗਾੜਨ ਵਾਸਤੇ ਆਉਣ । ਅੱਜ ਜਿਹੜਾ ਵੈਸਟਰਨ ਮੁਲਕਾਂ ਦਾ ਸੋਚਿਆ ਸਮਝਿਆ ਹਮਲਾ ਹੈ ਉਸ ਤੋਂ ਦੇਸ਼ ਨੂੰ ਬਚਾਈਏ । ਡਿਪਟੀ ਸਪੀਕਰ ਸਾਹਿਬ, ਮੈਂ ਇਤਨਾ ਹੀ ਕਹਿ ਕੇ ਆਪ ਦਾ ਧੰਨਵਾਦ ਕਰਦਾ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ, ਐਸ. ਸੀ.) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹ ਬਿੱਲ ਲਿਆਂਦਾ ਹੈ ਅਤੇ ਹੁਣ ਕਹਿੰਦੇ ਹਨ ਕਿ ਇਹ ਮਾੜਾ ਜਿਹਾ ਬਿੱਲ ਹੈ , ਇਸ ਨੂੰ ਫੌਰਨ ਪਾਸ ਕਰ ਦਿਤਾ ਜਾਵੇ । ਮੈਂ ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਜਿਹੜੇ ਕਿ ਮੇਰੇ ਲਾਈਅਰ ਵੀ ਹਨ ਉਨ੍ਹਾਂ ਨੂੰ ਇਹ ਦਸਦਾ ਹਾਂ ਕਿ ਕਲਾਜ 1 (i) ਤੇ (ii) ਵਿਚ ਲਿਖਿਆ ਹੈ ।

"Within such time as may be prescribed."

ਮੈਂ ਹੈਰਾਨ ਹਾਂ ਕਿ ਇਸ ਸਰਕਾਰ ਨੂੰ ਗਲਤ ਗੱਲ ਕਰਨ ਦੀ ਕਿਉਂ ਆਦਤ ਪਈ ਹੋਈ ਹੈ ਇਨ੍ਹਾਂ ਨੇ ਇਹ ਨਹੀ ਦਸਿਆ ਕਿ ਐਪਲੀਕੇਸ਼ਨ ਕਿਤਨੇ ਦਿਨਾ ਵਿਚ ਦੇਣੀਂ ਹੈ ਮੇਰਾ ਖਿਆਲ ਹੈ ਕਿ

"Within such time as may be prescribed"

ਲਿਖਣ ਦੀ ਬਜਾਏ ਇਨ੍ਹਾਂ ਨੂੰ ਲਿਖਣਾ ਚਾਹੀਦਾ ਸੀ ਕਿ 30 ਦਿਨਾਂ ਵਿਚ 60 ਦਿਨਾਂ ਵਿਚ ਜਾਂ 90 ਦਿਨਾਂ ਵਿਚ।

ਡਿਪਟੀ ਸਪੀਕਰ ਸਾਹਿਬ, ਮੇਰਾ ਖਿਆਲ ਹੈ ਇਨ੍ਹਾਂ ਨੂੰ ਪਹਿਲਾਂ ਰੂਲ ਬਨਾਉਣੇਂ ਪੈਣਗੇ । ਔਰ ਰੂਲ ਬਨਾਉਣ ਦੇ ਸਬੰਧ ਵਿਚ ਇਨ੍ਹਾਂ ਨੂੰ ਤਾਰੀਖ ਵੀ ਮੰਗਣੀਂ ਪਵੇਗੀ । ਇਹ ਇਸ ਤਰ੍ਹਾਂ ਦੀਆਂ ਇਰਰੈਗੂਲਰਿਟੀਜ਼ ਕਰਦੇ ਹਨ । ਇਨ੍ਹਾਂ ਨੂੰ ਪਤਾ ਨਹੀਂ ਟਰਕਾਉਣ ਦੀ ਆਦਤ ਕਿਉਂ ਪੈ ਗਈ ਹੈ । ਇਸ ਸਰਕਾਰ ਨੂੰ ਸੋਚਣਾ ਚਾਹੀਦਾ ਹੈ ।

ਸਿਨਮਾ ਰੈਗੂਲੇਸ਼ਨਜ਼ ਬਾਰੇ ਜਿਹੜਾ ਬਿੱਲ ਆਇਆ ਹੈ ਮੈਂ ਅਰਜ਼ ਕਰਦਾ ਹਾਂ ਕਿ ਮੋਗੇ ਕਾਂਡ ਤੇ ਬਾਅਦ ਅਤੇ ਪਾਤੜਾਂ ਦੀ ਘਟਨਾ ਤੋਂ ਬਾਅਦ ਸਾਰੇ ਪੰਜਾਬ ਵਿਚ ਦੋ ਮਹੀਨਿਆਂ ਤੋਂ ਰੌਲਾ ਪੈ ਰਿਹਾ ਹੈ । ਹੁਣ ਸਰਕਾਰ ਨੂੰ ਰੈਗੂਲੇਸ਼ਨਜ਼ ਵਿਚ ਅਮੈਂਡਮੈਂਟ ਕਰਨ ਦੀ ਬਜਾਏ ਇਨ੍ਹਾਂ ਨੂੰ ਸਮਾਜਵਾਦ ਵਲ ਵੱਧਣਾ ਚਾਹੀਦਾ ਸੀ ਔਰ ਚਾਹੀਦਾ ਸੀ ਕਿ ਸਿਨਿਮਿਆਂ ਦਾ, ਜਿਥੋਂ ਕਿ ਕਰੋੜਾਂ ਰੁਪਏ ਦੀ ਆਮਦਨ ਹੈ, ਉਨ੍ਹਾ ਦਾ ਕੌਮੀ-ਕਰਨ ਕਰਨ ਦਾ ਐਲਾਨ ਕਰਦੇ। ਮੇਰੇ ਕਮਿਊਨਿਸਟ ਭਰਾ ਵੀ ਇਸ ਗੱਲ ਦੀ ਮੰਗ ਕਰਦੇ ਹਨ । ਉਹ ਤਾਂ ਸਾਨੂੰ ਭਾਵੇ ਸੈਂਟਰ ਫਾਰਵਰਡ ਕਹਿੰਦੇ ਹਨ ਪਰ ਮੈਂ ਆਪਣੀ ਪਾਰਟੀ ਵਲੋਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਿਨਮਿਆਂ ਦਾ ਕੌਮੀ-ਕਰਨ ਕਰੋ ਔਰ ਇਸ ਕੰਮ ਵਿਚ ਅਸੀਂ ਤੁਹਾਨੂੰ ਪੂਰਾ ਸਹਿਯੋਗ ਦੇਵਾਂਗੇ । (ਵਿਘਨ) (ਥੰਪਿੰਗ)

ਸਿਖਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਸਹਿਯੋਗ ਦੀ ਕਦਰ ਕਰਦਾ ਹਾਂ । ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ।

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : ਡਿਪਟੀ ਸਪੀਕਰ ਸਾਹਿਬ ਟਰਾਂਸਪੋਰਟ ਵੀ ਨੈਸ਼ਨੇਲਾਈਜ਼ ਹੋਣੀ ਚਾਹੀਦੀ ਹੈ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਕ ਗੱਲ ਹੋਰ ਕਹਿਣੀ ਹੈ । ਇਹ ਸਰਕਾਰ ਵੀ ਕਹਿੰਦੀ ਹੈ ਕਿ ਅਸੀਂ ਨੈਸ਼ਨੇਲਾਈਜ਼ੇਸ਼ਨ ਦੇ ਹੱਕ ਵਿਚ ਹਾਂ । ਮੇਰਾ ਖਿਆਲ ਹੈ ਕਿ ਜਿਤਨੀ ਮੈਂ ਨੈਸ਼ਨੇਲਾਈਜ਼ੇਸ਼ਨ ਇਨ੍ਹਾਂ ਤੋਂ ਕਰਵਾਉਣੀ ਚਾਹੁੰਦਾ ਹਾਂ ਇਨ੍ਹਾਂ ਨੇ ਮੰਨਣੀ ਨਹੀਂ ਹੈ । (ਸ਼ੋਰ) ਸਭ ਤੋਂ ਪਹਿਲਾਂ ਸਿਨੇਮਿਆਂ ਦੀ ਨੈਸ਼ਨੇਲਾਈਜ਼ੇਸ਼ਨ ਕਰਕੇ ਵਿਖਾਉਣ ਅਤੇ ਆਪਣੇਂ ਜੌਹਰ ਵਿਖਾਉਣ ।

ਡਿਪਟੀ ਸਪੀਕਰ ਸਾਹਿਬ, ਸਾਡੀ ਤਾਂ ਹਰ ਗੱਲ ਨਾਲ ਸੰਮਤੀ ਹੈ ਭਾਵੇਂ ਤੁਸੀਂ ਸਭ ਕੁਝ ਨੈਸ਼ਨੇਲਾਈਜ਼ ਕਰ ਲਵੋ । ਅਕਾਲੀ ਪਾਰਟੀ ਕਾਂਗਰਸ ਪਾਰਟੀ ਨਾਲੋਂ ਜ਼ਿਆਦਾ ਪ੍ਰੋਗਰੈਸਿਵ ਹੈ । ਇਡਸਟਰੀ ਨੈਸ਼ਨਲਾਈਜ਼ ਕਰੋ, ਸਿਨੇਮੇ ਨੈਸ਼ਨੇਲਾਈਜ਼ ਕਰੋ, ਅਸੀਂ ਤਾਂ ਇਸ ਮੁਲਕ ਦੇ ਵਿਚ ਸਮਾਜ ਵਾਦ ਲਿਆਉਣਾ ਚਾਹੁੰਦੇ ਹਾਂ । ਤਾਂ ਜੋ ਲੋਹਾ ਖਾਣੇ, ਸੀਮਿੰਟ ਭਸ਼ਮ ਕਰਨ ਅਤੇ ਲਕੜੀ ਦੇ ਚੋਰਾਂ ਦਾ ਖਾਤਮਾ ਹੋਵੇ । ਅਸੀਂ ਤਾਂ ਕਹਿੰਦੇ ਹਾਂ ਕਿ ਜਿਥੇ ਰਬ ਤੁਹਾਨੂੰ ਤਾਕਤ ਬਖਸ਼ੇ ਉਥੇ ਰਬ ਤੁਹਾਨੂੰ ਸਮੱਤ ਵੀ ਬਖਸ਼ੇ, ਇਹ ਜਿਹੜੀਆਂ ਨੈਸ਼ਨੇਲਾਈਜ਼ੇਸ਼ਨ ਦੇ ਨਾਉਂ ਤੇ ਖਜ਼ਾਨਾ ਲੁਟਣ ਦੀਆਂ ਗਲਾਂ ਹੋ ਰਹੀਆਂ ਹਨ ਇਹ ਨਹੀਂ ਹੋਣੀਆਂ ਚਾਹੀਦੀਆਂ ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਪਿਕਚਰ ਵਿਖਾਉਣੀ ਹੈ । ਇਹ ਇਕ 320 ਸਫੇ ਦੀਂ ਕਿਤਾਬ ਹੈ, ਇਹ ਸਾਰੀ ਹੀ ਪਿਕਚਰਾਂ ਦੇ ਵਿਚ ਹੈ ਤੁਸੀਂ ਮੈਥੋਂ ਇਹ ਲੈ ਕੇ ਪੜ੍ਹਨ ਦੀ ਕਿਸੇ ਵੇਲੇ ਖੇਚਲ ਕਰਨੀ । ਆਪ ਹੈਰਾਨ ਹੋ ਜਾਵੋਗੇ ਕਿ ਇਹ ਪਿਕਚਰ ਬੁਕ ਕਿਸ ਤਰ੍ਹਾਂ ਦੀ । ਇਹ ਇਕ ਤਰ੍ਹਾਂ ਦਾ ਸਿਨਮਾ ਹੈ ਜੋ ਪੰਜਾਬ ਵੱਲੋਂ ਦਿੱਲੀ ਦੇ ਵਿਚ ਵਿਖਾਇਆ ਜਾ ਰਿਹਾ ਹੈ ।

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ, ਬਿਲ ਦੇ ਸਕੋਪ ਵਿਚ ਰਹਿੰਦੇ ਹੋਏ ਗੱਲ ਕਰੋ । (Please confine your Speach to the scope of the Bill.)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਨਾਚ ਗਾਣੇ ਦੀਆਂ ਤਸਵੀਰਾਂ ਹਨ। ਜਿਹੜੀਆਂ ਏਸ਼ੀਆ 72 ਦੇ ਮੇਲੇ ਵਿਚ ਵਿਖਾਈਆਂ ਜਾ ਰਹੀਆਂ ਹਨ । ਇਹ ਪਿਕਚਰ ਦੇ ਛਾਪਣ ਵਾਲੇ ਇਕ ਬੁਕ ਸੈਲਰ ਨੂੰ ਇਹ ਰੁਪਿਆ 1.30,000 ਦੇ ਕਰੀਬ ਦਿੱਤਾ ਗਿਆ ਹੈ, ਇਸ ਕੰਪਨੀ ਦਾ ਨਾਂਉਂ ਹੈ ਰੁਬੀ ਟਰੇਡਿੰਗ . . . .

Mr. Deputy Speaker: We are not discussing Asia 1972. Please be relevant.

Sardar Ajaib Singh Sandhu: Sir, they have spent Rs. 1,30,000 on the picture. The Rupee Trading Company is producing a picture.

Mr. Deputy Speaker : This does not concern with the Punjab Cinemas (Regulation) Amendment Bill, 1972. The scope of the Bill is very limited. You cannot discuss any other thing. Please be relevant.

Sardar Ajaib Singh Sandhu : * * * *

*Expunged as order by the Chair.

Mr. Deputy Speaker: Whatever the hon. Member has said without the permission of the Chair, should not form part of the proceedings.

ਸਰਦਾਰ ਅਜਾਇਬ ਸਿੰਘ ਸੰਧੂ : * * *

ਸ੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਵੀ ਸੰਧੂ ਸਾਹਿਬ ਕਹਿ ਰਹੇ ਹਨ ਚੇਅਰ ਦੀ ਇਜਾਜ਼ਤ ਤੋਂ ਬਗੈਰ ਇਹ ਪ੍ਰੋਸੀਡਿੰਗ ਦਾ ਭਾਗ ਨਾ ਬਣੇ । (Whatever the hon. Member, Sardar Ajaib Singh Sandhu, is saying without the permission of the Chair that should not form part of the proceedings)

WALK OUT

ਸਰਦਾਰ ਅਜਾਇਬ ਸਿੰਘ ਸੰਧੂ : (ਸ਼ੋਰ) ਡਿਪਟੀ ਸਪੀਕਰ ਸਾਹਿਬ, ਇਹ ਸਾਡੇ ਨਾਲ ਤੁਸੀਂ ਧੱਕਾ ਕਰ ਰਹੇ ਹੋ ਅਤੇ ਜਾਇਜ਼ ਗਲ ਵੀ ਕਹਿਣ ਤੋਂ ਰੋਕਦੇ ਹੋ । ਇਕ ਪਾਰਟੀ ਨੂੰ ਤੁਸੀਂ ਪ੍ਰੋਟੈਕਟ ਕਰਦੇ ਹੋ ਅਤੇ ਇਸ ਦੇ ਖਿਲਾਫ ਐਜ਼ ਏ ਪ੍ਰੋਟੈਸਟ ਅਸੀਂ ਸਾਰੇ ਵਾਕ ਆਊਟ ਕਰਦੇ ਹਾਂ ।

(ਇਸ ਵੇਲੇ ਸਾਰੀ ਅਕਾਲੀ ਪਾਰਟੀ ਵਾਕ ਆਊਟ ਕਰ ਗਈ)

THE PUNJAB CINEMAS(REGULATION)AMENDMENT BILL,1972
(Resmption of Discussion)

ਸਿਖਿਆ ਤੇ ਮਾਲ ਮੰਤਰੀ : ਜੋ ਕੁਝ ਵੀ ਅਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਦੇ ਵਲੋਂ ਕਿਹਾ ਗਿਆ ਹੈ ਉਹ ਹਕੀਕਤ ਦੇ ਬਿਲਕੁਲ ਹੀ ਉਲਟ ਕਿਹਾ ਗਿਆ ਹੈ । ਇਹ ਗਲ ਵੀ ਕਹੀ ਗਈ ਬਿਲ ਦੇ ਵਿਚ ਇਹ ਵੀ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਕਿ ਕੋਈ ਨਾ ਕੋਈ ਅਪੀਲ ਕਰਨ ਲਈ ਟਾਈਮ ਹੋਵੇ । ਪਰ ਉਨ੍ਹਾਂ ਇਸ ਬਿਲ ਨੂੰ ਚੰਗੀ ਤਰ੍ਹਾਂ ਪੜ੍ਹਿਆ ਨਹੀਂ ਕਿ ਇਹ ਸਾਰੀਆਂ ਚੀਜ਼ਾਂ ਇਸ ਦੇ ਵਿਚ ਪ੍ਰੋਵਾਈਡਿਡ ਹਨ । ਇਹ ਗਲ ਵੀ ਉਨ੍ਹਾਂ ਨੇ ਨੈਸ਼ਨੇਲਾਈਜ਼ੇਸ਼ਨ ਵਾਸਤੇ ਕਹੀ ਕਿ ਸਿਨੇਮਾ ਦੀ ਨੈਸ਼ਨੇਲਾਈਜੇਸ਼ਨ ਦੇ ਮੁਤਾਬਿਕ ਵੀ ਵਖਰੀ ਲੈਜਿਸਲੇਸ਼ਨ ਲਿਆਉਣੀ ਚਾਹੀਦੀ ਹੈ । ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੀ ਪਾਰਟੀ ਇਸ ਗੱਲ ਵਾਸਤੇ ਵੀ ਕਮਿਟਿਡ ਹੈ, ਇਸ ਬਾਰੇ ਮੁੱਖ-ਮੰਤਰੀ ਜੀ ਐਲਾਨ ਕਰ ਚੁਕੇ ਹਨ ਫੇਰ ਇਹ ਕਹਿੰਦੇ ਹਨ ਕਿ ਸਾਨੂੰ ਸੋਸ਼ਲਿਸਟ ਮੈਟਰਜ਼ ਲਿਆਉਣ ਦਾ ਕੋਈ ਪ੍ਰਬੰਧ ਵੀ ਕਰਨਾ ਚਾਹੀਦਾ ਹੈ, ਪਰ ਅਸੀਂ ਇਹ ਪ੍ਰੋਸੀਜਰ ਤਾਂ ਆਲਰੈਡੀ ਅਡਾਪਟ ਕਰ ਲਿਆ ਹੈ । ਤੁਸੀਂ ਵੇਖਿਆ ਹੀ ਹੈ ਲੈਂਡ ਸੀਲਿੰਗ ਕਰ ਚੁਕੇ ਹਾਂ । ਅਰਬਨ ਪ੍ਰਾਪਰਟੀ ਦਾ ਬਿਲ ਸੀਲੈਕਟ ਕਮੇਟੀ ਦੇ ਸਪੁਰਦ ਕੀਤਾ ਹੀ ਜਾ ਚੁਕਾ ਹੈ, ਜਿਹੜੇ ਸਿਨੇਮਾਜ਼ ਹਨ ਇਹ ਵੀ ਤਾਂ ਅਰਬਨ ਪ੍ਰਾਪਰਟੀ ਦੇ ਵਿਚ ਹੀ ਕਵਰਡ ਹਨ, ਇਹ ਵੀ ਵਿਚੇ ਹੀ ਆ ਜਾਣਗੇ, ਇਹ ਪ੍ਰਾਰਪਟੀ ਕੋਈ ਵਖਰੀ ਨਹੀਂ । ਮੈਂ ਉਨ੍ਹਾਂ ਦੀ ਵਾਕਫੀਅਤ ਲਈ ਇਹ ਕਲਾਜ਼ ਪੜ੍ਹ ਦੇਂਦਾ ਹਾਂ :

> 'Urban Property' means all land and buildings (including any rights therein) situated in the State of Punjab in any local area which is comprised within the local limits of a Municipality or a Notified Area Committee, or in such other area as may be specified by the Government by Notification........:

---

*Expunged as ordered by the Chair.

[ਸਿਖਿਆ ਤੇ ਮਾਲ ਮੰਤਰੀ]

ਇਹ ਪਤਾ ਨਹੀਂ ਕਿਵੇਂ ਕਹਿੰਦੇ ਹਨ ਕਿ ਸਿਨੇਮਾ ਅਰਬਨ ਪ੍ਰਾਪਰਟੀ ਨਹੀਂ ਹੈ ਜਦੋਂ ਕਿ ਪ੍ਰਾਪਟੀ ਦੀ ਡੈਫੀਨੀਸ਼ਨ ਸਾਫ ਹੈ। ਮੈਂ ਉਨ੍ਹਾਂ ਨੂੰ ਇਕ ਗੱਲ ਹੋਰ ਦਸ ਦੇਵਾਂ ਕਿ ਸਿਨੇਮਾਜ਼ ਦੀ ਨੈਸ਼ਨਲਾਈਜ਼ੇਸ਼ਨ ਕਰਨ ਵਾਸਤੇ ਜੇ ਮੇਜ਼ਰਜ਼ ਅਡਾਪਟ ਕੀਤੇ ਜਾਣ ਤਾਂ ਪ੍ਰੈਜ਼ੀਡੈਂਟ ਦੀ ਅਪਰੂਵਲ ਹੋਣੀ ਚਾਹੀਦੀ ਹੈ, ਸੈਂਟਰੇਲਾਈਜ਼ੇਸ਼ਨਲ ਪ੍ਰੋਸੀਜਰ ਦੇ ਮੁਤਾਬਿਕ, ਪਹਿਲਾ ਅਸੀਂ ਇਹੋ ਫੈਸਲਾ ਕੀਤਾ ਸੀ ਫੇਰ ਇਹ ਵੇਖ ਕੇ ਕਿ ਇਹ ਅਰਬਨ ਪ੍ਰਾਪਰਟੀ ਦੇ ਵਿਚ ਇਕ ਰੁਕਾਵਟ ਹੋਵੇਗੀ ਅਤੇ ਨਵੇਂ ਬਿਲ ਨੂੰ ਹੋਰ ਵੀ ਦੇਰ ਲਗੇਗੀ। ਮੈਂ ਉਨ੍ਹਾਂ ਨੂੰ ਇਹ ਗੱਲ ਫੇਰ ਕਹਿੰਦਾ ਹਾਂ ਕਿ ਅਸੀਂ ਕਮਿਟਿਡ ਹਾਂ ਅਤੇ ਅਸੀਂ ਆਪਣੇ ਮੈਨੀਫੈਸਟੋ ਦੇ ਵਿਚ ਇਨ੍ਹਾਂ ਸਾਰੀਆਂ ਗੱਲਾਂ ਦਾ ਸਾਫ ਪਰਗਟਾਵਾ ਕੀਤਾ ਹੈ। ਸਾਨੂੰ ਇਹ ਜਲਦੀ ਤੋਂ ਜਲਦੀ ਕਰਨਾ ਹੈ। ਇਕ ਸਜਣ ਨੇ ਇਸ ਬਿਲ ਦੇ ਨਾਲ ਪਾਤੜਾਂ ਦੇ ਕੇਸ ਦਾ ਵੀ ਜ਼ਿਕਰ ਕੀਤਾ, ਪਰ ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਇਤਨਾ ਹੀ ਕਹਾਂਗਾ ਕਿ ਅਸੀਂ ਇਸ ਗੱਲ ਦੀ ਰਿਪੋਰਟ ਮੰਗੀ ਹੈ ਅਸੀਂ ਇਸ ਬਾਰੇ ਪੂਰੀ ਪੜਤਾਲ ਕਰ ਰਹੇ ਹਾਂ ਜੇ ਕੋਈ ਉਛਾਲਣ ਦੀ ਭਾਵਨਾ ਨਾਲ ਗੱਲ ਕਰੇ ਤਾਂ ਵਖਰੀ ਗੱਲ ਹੈ ਪਰ ਇਕ ਪੱਕੀ ਦੀਵਾਰ ਕਿਸ ਤਰ੍ਹਾਂ ਹਵਾ ਦੇ ਝਕੋਲਿਆਂ ਨਾਲ ਗਿਰ ਸਕਦੀ ਹੈ।....

ਸਰਦਾਰ ਗੁਰਦੇਵ ਸਿੰਘ ਸਿੱਧੂ : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਨੂੰ ਇਹ ਦਸਣ ਕਿ ਉਹ ਕਹਿੰਦੇ ਹਨ ਕੀ ਬੜੀ ਮਜ਼ਬੂਤ ਦੀਵਾਰ ਸੀ, ਕੀ ਰੂਲਜ਼ ਦੇ ਵਿਚ ਜਦੋਂ ਸੀ. ਐਮ. ਸਾਹਿਬ ਨੇ ਇਕ ਟੂਰਿੰਗ ਟਾਕੀਜ਼ ਦੇ ਲਈ ਸੈਂਕਸ਼ਨ ਦਿਤੀ ਇਹ ਪ੍ਰੋਵੀਜ਼ਨ ਨਹੀਂ ਕਿ ਮਜ਼ਬੂਤ ਅਤੇ ਪੱਕੀ ਦੀਵਾਰ ਹੋਣੀ ਚਾਹੀਦੀ ਹੈ, ਇਹ ਲਾਈਸੈਂਸ ਕਿਸ ਨੇ ਦਿੱਤਾ ਕਿ ਦੀਵਾਰ ਕਾਇਦੇ ਮੁਤਾਬਿਕ ਬਣੀ ਹੋਈ ਹੈ ? ਸੀ. ਐਮ. ਸਾਹਿਬ ਨੇ ਜਦੋਂ ਇਜਾਜ਼ਤ ਦਿੱਤੀ ਉਹ ਵੇਖ ਕੇ ਦਸਣ ਕਿਸਦਾ ਸਰਟੀਫੀਕੇਟ ਫਾਈਲ ਵਿਚ ਦਿੱਤਾ ਹੋਇਆ ਹੈ ?

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਸਿਰਫ਼ ਇਹ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਹਨੇਰੀਆਂ ਨਾਲ ਦੀਵਾਰਾਂ ਕੱਦ ਤੋਂ ਡਿਗਨੀਆਂ ਸ਼ੁਰੂ ਹੋ ਗਈਆਂ ? (ਹਾਸਾ)

ਸ੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸਿਖਿਆ ਤੇ ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਜੇ ਇਨ੍ਹਾਂ ਦੀ ਤਸੱਲੀ ਹੁੰਦੀ ਹੈ ਤਾਂ ਮੈਂ ਪੱਕੀ ਦੀਵਾਰ ਕਹਿ ਦਿੰਦਾ ਹਾਂ। (ਵਿਘਨ)

ਸਰਦਾਰ ਗੁਰਦੇਵ ਸਿੰਘ ਸਿੱਧੂ : ਡਿਪਟੀ ਸਪੀਕਰ ਸਾਹਿਬ, ਇਹ ਗਲਤ ਕਹਿੰਦੇ ਹਨ, ਮੈਂ ਕੋਰੇ ਕਾਗਜ਼ ਤੇ ਅਸਤੀਫ਼ੇ ਲਈ ਦਸਖਤ ਕਰਨ ਨੂੰ ਤਿਆਰ ਹਾਂ ਜੇ ਤੁਸੀਂ ਇਸ ਹਾਊਸ ਦੇ 2-4 ਮੈਂਬਰ ਭੇਜ ਕੇ ਪੜਤਾਲ ਕਰਾਓ ਅਤੇ ਉਹ ਕਹਿ ਦੇਣ ਕਿ ਉਥੇ ਸੀਮਿੰਟ ਜਾਂ ਸਰੀਆ ਲਗਿਆ ਹੋਇਆ ਹੈ। (ਵਿਘਨ)

ਸ੍ਰੀ ਡਿਪਟੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ. ਜੇ ਮੈਂਬਰਾਂ ਦੀ ਮਰਜ਼ੀ ਹੈ ਤਾਂ ਤੁਸੀਂ ਇਨਕੁਆਇਰੀ ਕਰਵਾ ਲਓ । (Addressing the Education and Revenue Minister Sardar Umrao Singh: You may enquire into the matter if the hon. Members so desire)

ਸਿਖਿਆ ਤੇ ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਉਥੇ ਅਸੀਂ ਪਹਿਲਾਂ ਹੀ ਮੈਜਿਸਟਰੀਅਲ ਇਨਕੁਆਇਰੀ ਦਾ ਆਰਡਰ ਦਿਤਾ ਹੋਇਆਂ ਹੈ । ਪਹਿਲੀ ਜਿਹੜੀ ਰਿਪੋਰਟ ਸਾਨੂੰ ਆਈ ਸੀ ਸਾਡੀ ਆਪਣੀ ਉਸ ਨਾਲ ਤੱਸਲੀ ਨਹੀਂ ਹੋਈ ਇਸ ਕਰਕੇ ਅਸੀਂ ਫਿਰ ਇਨਕੁਆਇਰੀ ਦਾ ਆਰਡਰ ਦਿਤਾ ਹੈ ਅਤੇ ਜਦੋਂ ਉਸ ਇਨਕੁਆਇਰੀ ਦੀ ਰਿਪੋਰਟ ਆ ਜਾਵੇਗੀ, ਅਸੀਂ ਯੋਗ ਕਾਰਵਈ ਕਰਾਂਗੇ ।

ਫਿਰ ਕੁਝ ਸਾਥੀਆਂ ਨੇ ਇਥ ਮੋਗੇ ਦਾ ਜ਼ਿਕਰ ਕੀਤਾ ਭਾਵੇਂ ਇਸ ਛੋਟੇ ਜਿਹੇ ਬਿਲ ਦੇ ਨਾਲ ਉਸ ਕਾਂਡ ਦਾ ਕੋਈ ਤਾਲੁਕ ਨਹੀਂ ਸੀ । ਉਥੇ ਜੋ ਕਾਂਡ ਹੋਇਆ ਜੋ ਦੁਰਘਟਨਾ ਹੋਈ ਉਸ ਦਾ ਸਾਨੂੰ ਸਾਰਿਆਂ ਨੂੰ ਬੜਾ ਦੁਖ ਹੈ । ਅਸੀਂ ਇਕ ਦਮ ਉਸ ਸਿਨੇਮਾਂ ਦਾ ਲਾਇਸੈਂਸ ਕੈਂਸਲ ਕਰ ਦਿਤਾ ਅਤੇ ਯੋਗ ਕਾਰਵਾਈ ਕੀਤੀ । ਚਾਹੀਦਾ ਤਾਂ ਇਹ ਸੀ ਕਿ ਪੰਜਾਬ ਸਰਕਾਰ ਦੀ ਇਸ ਕਾਰਵਾਈ ਦੀ ਪ੍ਰਸ਼ੰਸਾ ਕੀਤੀ ਜਾਂਦੀ ਪਰ ਉਹ ਨਹੀਂ ਕੀਤੀ । ਗਈ । ਕਾਮਰੇਡ ਰਾਜ ਕੁਮਾਰ ਜੀ ਅਤੇ ਕੈਨੇਡੀਅਨ ਜੀ ਨੇ ਇਸ ਬਾਰੇ ਕੋਈ ਚਰਚਾ ਨਹੀਂ ਕੀਤੀ । ਉਥੇ ਜਿਹੜੀ ਨਾ ਖੁਸ਼ਗਵਾਰ ਘਟਨਾ ਹੋਈ ਹੈ, ਉਸ ਨੂੰ ਸਾਰੀ ਸਿਨੇਮਾ ਇੰਡਸਟਰੀ ਨਾਲ ਜੋੜ ਦੇਣਾ ਠੀਕ ਨਹੀਂ ਹੈ । ਸਿਨੇਮਿਆਂ ਦੀ ਨੈਸ਼ਨੇਲਾਈਜ਼ੇਸ਼ਨ ਕਰਨਾ ਸਾਡਾ ਅਸੂਲ ਹੈ ਅਤੇ ਅਸੀਂ ਇਸ ਬਾਰੇ ਇਕ ਦੋ ਸਟੈਪ ਵੀ ਚੁਕੇ ਹਨ । ਇਕ ਦੋ ਸਟੈਪ ਮੈਂ ਹਾਊਸ ਦੀ ਜਾਣਕਾਰੀ ਲਈ ਦਸਣਾ ਚਾਹੁੰਦਾ ਹਾਂ । ਅਸੀਂ ਕੋਈ ਨਵਾਂ ਲਾਇਸੈਂਸ ਨਹੀਂ ਦੇ ਰਹੇ । ਇਥੇ ਕਾਮਰੇਡ ਰਾਜ ਕੁਮਾਰ ਜੀ ਨੇ ਕਿਹਾ ਕਿ ਲਾਇਸੈਂਸ ਇਸ਼ੂ ਕੀਤੇ ਜਾ ਰਹੇ ਹਨ । ਪਰ ਮੈਂ ਇਹ ਅਰਜ਼ ਕਰਦਾ ਹਾਂ ਕਿ ਪੰਜਾਬ ਸਰਕਾਰ ਅਤੇ ਇਸ ਦੇ ਹੋਮ ਡਿਪਾਰਟਮੈਂਟ ਨੇ ਕਲੀਅਰ ਇੰਸਟ੍ਰਕਸ਼ਨਜ਼ ਦੇ ਦਿਤੀਆਂ ਹਨ ਕਿ ਕੋਈ ਨਵਾਂ ਲਾਇਸੈਂਸ ਜਾਰੀ ਨਾ ਕੀਤਾ ਜਾਵੇ ।

(ਇਸ ਵੇਲੇ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਪਿਛੇ ਜਿਹੇ ਮੈਂ ਸਿਰਫ਼ ਅਖ਼ਬਾਰ ਵਿਚ ਇਹ ਇਸ਼ਤੇਹਾਰ ਪੜ੍ਹਿਆ ਕਿ ਜਲੰਧਰ ਦਾ ਇਮਪਰੂਵਮੈਂਟ ਟਰਸਟ ਸਿਨਮੇ ਲਈ ਜਗ੍ਹਾ ਆਕਸ਼ਨ ਕਰ ਰਿਹਾ ਹੈ, ਅਸੀਂ ਉਹ ਆਕਸ਼ਨ ਰੁਕਵਾ ਦਿਤੀ ਕਿ ਕਿਤੇ ਕੋਈ ਸਜਣ ਉਹ ਜਗ੍ਹਾ ਖਰੀਦ ਕੇ ਉਸ ਤੇ ਆਪਣਾ ਦਾਹਵਾ ਨਾ ਕਰੇ ਕਿ ਮੈਂ ਸਿਨਮਾ ਜ਼ਰੂਰ ਚਲਾਉਣਾ ਹੈ । ਸੋ ਮੈਂ ਅਰਜ਼ ਕਰਦਾ ਹਾਂ ਕਿ ਪੰਜਾਬ ਸਰਕਾਰ ਇਸ ਗੱਲ ਤੇ ਕੁਮਿਟਿਡ ਹੈ ਕਿ ਸਿਨਮੇਂ ਨੇਸ਼ਨੇਲਾਈਜ਼ ਕਰਨੇ ਹਨ ।

ਫਿਰ ਇਥੇ ਵਿਦਿਆਰਥੀਆਂ ਨੂੰ ਕਨਸੈਸ਼ਨ ਦੇਣ ਦਾ ਸਵਾਲ ਆਇਆ । ਸਪੀਕਰ ਸਾਹਿਬ, ਹੁਣੇ ਪਿਛੇ ਜਿਹੇ ਮੈਂ ਈਸਟ ਯੂਰਪੀਨ ਕੰਟਰੀਜ਼ ਦਾ ਦੌਰਾ ਕਰਕੇ ਆਇਆ ਹਾਂ ਜਿਥੋਂ ਕਿ ਉਸ ਆਈਡੀਓਲੋਜੀ ਦੀ ਪਾਰਟੀ ਰਾਜ ਕਰਦੀ ਹੈ ਜਿਸ ਨੂੰ ਕਿ ਮੇਰੇ ਕਾਮਰੇਡ ਦੋਸਤ ਮੰਨਦੇ ਹਨ । ਉਥੇ ਮੈਂ ਦੇਖਿਆ ਹੈ ਕਿ ਬੱਚਿਆਂ ਨੂੰ ਔਰ ਵਿਦਿਆਰਥੀਆਂ ਨੂੰ ਸਿਨੇਮੇ ਜਾਣ ਤੋਂ ਡਿਸਕਰੇਜ਼ ਕੀਤਾ ਜਾਂਦਾ ਹੈ । ਉਥੋਂ ਵਾਸਤੇ ਯਾਰਡ ਸਟਿਕ ਹੋਰ ਹੋਵੇ ਅਤੇ ਇਥੇ

[ਸਿਖਿਆ ਤੇ ਮਾਲ ਮੰਤਰੀ]

ਵਾਸਤੇ ਹੋਰ ਕਿਉਂ ਹੋਵੇ । ਮੈਂ ਚਾਹੁੰਦਾ ਹਾਂ ਕਿ ਵਿਦਿਆਰਥੀ ਸਿਨਮੇਂ ਦਾ ਧਿਆਨ ਛਡ ਕੇ ਆਪਣੀ ਪੜ੍ਹਾਈ ਅਤੇ ਸਿਹਤ ਵਲ ਧਿਆਨ ਦੇਣ ਤਾਂ ਜ਼ਿਆਦਾ ਫਾਇਦਾ ਹੋਵੇਗਾ । ਮੈਂ ਚਾਹੁੰਦਾ ਹਾਂ ਕਿ ਅਜਿਹਾ ਯੂਥ ਤਿਆਰ ਕੀਤਾ ਜਾਵੇ ਜਿਹੜਾ ਕਿ ਦੇਸ਼ ਦਾ ਚੰਗਾ ਨਾਗਰਿਕ ਬਣ ਸਕੇ । ਇਹ ਕਹਿ ਕੇ ਮੈਂ ਆਸ ਕਰਦਾ ਹਾਂ ਕਿ ਹਊਸ ਇਸ ਬਿਲ ਨੂੰ ਯੂਨੈਨੀਮਸਲੀ ਪਾਸ ਕਰੇਗਾ ।

Mr. Speaker: Question is—

That the Punjab Cinemas (Regulation) Amendment Bill be taken into consideration at once.

The motion was carried.

Mr. Speaker: Now the House will proceed to consider the Bill, Clause by Clause.

CLAUSE 2

Mr. Speaker: Question is—

That Clause 2 stand part of the Bill.

The motion was carried

CLAUSE 1

Mr. Speaker: Question is—

That Clause 1 stand part of the Bill.

The motion was carried.

TITLE

Mr. Speaker: Question is—

That title be the title of the Bill.

The motion was carried.

Education and Revenue Minister (Sardar Umrao Singh): Sir, I beg to move that the Punjab Cinemas (Regulation) Amendment Bill be passed.

Mr. Speaker: Motion moved—

That the Punjab Cinemas (Regulation) Amendment Bill be passed.

Mr. Speaker: Question is—

That the Punjab Cinemas (Regulation) Amendment Bill be passed.

The motion was carried.

Mr. Speaker: The House stands adjourned *sine die*.

3.27 P.M. (*The Sabha than adjourned sine die*).

APPENDIX

To

PUNJAB VIDHAN SABHA DEBATES

Vol. III—No. 5

Dated the 15th December, 1972

MURDER OF PERSONS BELONGING TO SCHEDULED CASTES

*798. **Sardar Harchand Singh** : Will the Chief Minister be pleased to state—

(a) the number of persons belonging to Scheduled Castes, who were murdered during the period from 17th March, 1972 to date, village-wise and district-wise in the State;

(b) the number of murderers apprehended by the police in the cases referred to in part (a) above ;

(c) the details of punishments awarded in each case ?

ਗਿਆਨੀ ਜ਼ੈਲ ਸਿੰਘ : (ਏ) 17 ਮਾਰਚ, 1972 ਤੋਂ 7 ਦਸੰਬਰ, 1972 ਤੱਕ ਕੁਲ 54 ਹਰੀਜਨ ਵਿਅਕਤੀ ਕਤਲ ਹੋਏ। ਪਿੰਡ ਅਤੇ ਜ਼ਿਲ੍ਹਾਵਾਰ ਸੂਚੀ ਨਾਲ ਨੱਥੀ ਹੈ।

(ਬੀ) ਇਨ੍ਹਾਂ ਕਤਲਾਂ ਦੇ ਸਬੰਧ ਵਿਚ ਦਰਜ ਕੀਤੇ ਗਏ ਮੁਕੱਦਮਿਆਂ ਵਿਚ 142 ਦੋਸ਼ੀ ਗ੍ਰਿਫਤਾਰ ਕੀਤੇ ਗਏ।

(ਸੀ) ਉਨ੍ਹਾਂ ਮੁਕੱਦਮਿਆਂ ਦੀ ਸੂਚੀ ਜਿਨ੍ਹਾਂ ਵਿਚ ਸਜ਼ਾ ਹੋ ਚੁਕੀ ਹੈ, ਇਨ੍ਹਾਂ ਵਿਚ ਦਿਤੀ ਗਈ ਸਜ਼ਾ ਦੇ ਵੇਰਵਾ ਸਮੇਤ ਨਾਲ ਨੱਥੀ ਹੈ।

ਮਿਤੀ 17 ਮਾਰਚ, 1972 ਤੋਂ 7 ਦਸੰਬਰ 1972 ਤੱਕ ਪਿੰਡਵਾਰ ਤੇ ਜ਼ਿਲ੍ਹਾਵਾਰ ਸੂਚੀ

ਜ਼ਿਲ੍ਹਾ	ਪਿੰਡ	ਕੱਤਲ ਹੋਏ ਹਰੀਜਨ ਵਿਅਕਤੀਆਂ ਦੀ ਸੰਖਿਆ	ਗ੍ਰਿਫਤਾਰ ਹੋਏ ਕਾਤਲਾਂ ਦੀ ਸੰਖਿਆ ਕੇਸ ਵਾਰ	ਸਜ਼ਾ ਦਾ ਵੇਰਵਾ ਕੇਸਵਾਰ ਅਤੇ ਦੋਸ਼ੀਵਾਰ
1	2	3	4	5
1. ਹੁਸ਼ਿਆਰਪੁਰ				
	1. ਛਾਗਲਾ	1	1	ਦੋਸ਼ੀ ਨੂੰ 7 ਸਾਲ ਦੀ ਸਜ਼ਾ ਤੇ 300/ ਰੁਪਏ ਜੁਰਮਾਨਾ ਹੋਇਆ।

1	2	3	4	5
ਹੁਸ਼ਿਆਰਪੁਰ—ਖਤਮ				
	2. ਬੂਤਕਲਾਂ	1	—	ਅਦਮ ਪੱਤਾ ਰਿਪੋਰਟ ਮਿਤੀ 7 ਮਾਰਚ, 1973 ਨੂੰ ਦਾਖ਼ਲ ਦਫਤਰ ਅਲਾਕਾ ਮੈਜਿਸਟਰੇਟ ਹੋਈ।
	3. ਕਲੌੜ	1	7	ਸਾਰੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ।
	4. ਤਲਵੰਡੀ ਕਾਨੂੰਗੋਆਂ	1	—	ਮਿਤੀ 19 ਮਈ, 1973 ਨੂੰ ਰਿਪੋਰਟ ਅਦਮ ਪੱਤਾ ਭੇਜੀ ਗਈ।
2. ਸੰਗਰੂਰ				
	1. ਮਾਨਮੀ	1	1	ਦੋਸ਼ੀ ਬਰੀ ਹੋਇਆ।
	2. ਬੰਗਵਾਲੀ	1	1	ਦੋਸ਼ੀ ਬਰੀ ਹੋਇਆ।
	3. ਕਾਹਨੇਕੇ	1	6	6 ਦੋਸ਼ੀਆਂ ਦਾ ਕੇਸ ਅਦਾਲਤ ਵਿਚ ਜ਼ੇਰ ਸਮਾਇਤ ਹੈ।
3. ਰੋਪੜ				
	1. ਰਾਮਗੜ੍ਹ	1	3	ਇਕ ਦੋਸ਼ੀ ਨੂੰ ਅ/ਧ 302 ਭ.ਦ. ਵਿਚ ਉਮਰ ਕੈਦ ਤੇ 15000 ਰੁਪਏ ਜੁਰਮਾਨਾ ਹੋਇਆ। ਬਾਕੀ ਦੇ ਦੋਸ਼ੀ ਬਰੀ ਹੋਏ।
	2. ਬਿਓਰਹੇੜੀ	1	7	7 ਦੋਸ਼ੀ ਬਰੀ ਹੋਏ
	3. ਬਦਲ	1	—	ਕੋਈ ਦੋਸ਼ੀ ਗ੍ਰਿਫ਼ਤਾਰ ਨਹੀਂ ਹੋਇਆ ਅਤੇ ਮੁਕੱਦਮਾ ਅਦਮ ਪੱਤਾ ਦਿਤਾ ਗਿਆ।
	4. ਮਾਜਰੀ	1	4	ਇਕ ਦੋਸ਼ੀ ਨੂੰ 6 ਮਾਹ ਕੈਦ ਹੋਈ। ਬਾਕੀ ਦੇ 3 ਦੋਸ਼ੀਆ ਨੂੰ 302 ਭ.ਦ. ਵਿਚ ਉਮਰ ਕੈਦ ਦੀ ਸਜ਼ਾਂ ਅਤੇ 2,000/2000 ਰੁਪਏ ਜੁਰਮਾਨਾ ਹੋਇਆ ਅਤੇ 34 ਭ.ਦ. ਵਿਚ 3/3 ਮਾਹ ਕੈਦ ਅਤੇ 50/50 ਰੁ: ਜੁਰਮਾਨਾ ਹੋਇਆ।

1	2	3	4	5
4.	ਬਠਿੰਡਾ			
	1. ਅਚਾਨਕ	1	1	ਦੋਸ਼ੀ ਨੂੰ ਉਮਰ ਕੈਦ ਤੇ 1,000 ਰੁਪਏ ਜੁਰਮਾਨਾ ਹੋਇਆ ।
	2. ਬੰਗੀ ਕਲਾਂ	1	3	ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਤੇ 1,000/1,000 ਰੁਪਏ ਜੁਰਮਾਨਾ ਹੋਇਆ ।
	3. ਭੁੰਦੜ	1	2	2 ਦੋਸ਼ੀ ਬਰੀ ਹੋਏ ।
5.	ਫਿਰੋਜ਼ਪੁਰ			
	1. ਸੁਦਾ ਭੂਟੀ ਵਾਲਾ	2	3	3 ਦੋਸ਼ੀ ਬਰੀ ਹੋਏ ।
6.	ਜਲੰਧਰ			
	1. ਮਕਸੂਦਾ	1	1	ਦੋਸ਼ੀ ਮਕਰੂਰ ਹੈ ।
	2. ਸਲੇਮਪੁਰ	1	6	6 ਦੋਸ਼ੀ ਬਰੀ ਹੋਏ ।
	3. ਬਡਿਆਨਾ	2	9	5 ਦੋਸ਼ੀਆਂ ਨੂੰ ਉਮਰ ਕੈਦ ਹੋਈ ਅਤੇ 4 ਦੋਸ਼ੀ ਬਰੀ ਹੋਏ ।
	4. ਭੋਏਪੁਰ	1	5	4 ਦੋਸ਼ੀਆਂ ਨੂੰ ਉਮਰ ਕੈਦ ਅਤੇ ਇਕ ਦੋਸ਼ੀ ਬਰੀ ਹੋਇਆ ।
	5. ਸ਼ਹਿਰ ਜਲੰਧਰ	1	4	ਮੁਕੱਦਮਾ ਜੇਰ ਤਫਤੀਸ਼ ਅਦਾਲਤ ਹੈ ।
	6. ਬਸਤੀ ਸ਼ੇਖ ਜਲੰਧਰ	1	1	ਦੋਸ਼ੀ ਨੂੰ ਤਿੰਨ ਸਾਲ ਕੈਦ ਅਤੇ 200 ਜੁਰਮਾਨਾ ਹੋਇਆ ।
	7. ਬਿਨ ਪਾਲਕੇ	1	6	ਮੁਕੱਦਮਾ ਜ਼ੇਰ ਤਫ਼ਤੀਸ਼ ਅਦਾਲਤ ਹੈ ।
	8. ਕਰੀ ਆਮ	1	3	ਦੋ ਦੋਸ਼ੀ ਬਰੀ ਹੋਏ ਅਤੇ ਇਕ ਦੋਸ਼ੀ ਨੂੰ 7 ਸਾਲ ਕੈਦ ਸਖ਼ਤ ਹੋਈ ।

1	2	3	4	5
ਜਲੰਧਰ—ਖਤਮ				
9.	ਦਕੋਹਾ	1	6	ਮੁਕੱਦਮਾ ਜ਼ੇਰ ਤਫਤੀਸ਼ ਅਦਾਲਤ ਹੈ।
7.	ਲੁਧਿਆਣਾ			
1.	ਸਤੋਵਾਲ	1	3	ਤਿੰਨੇ ਦੋਸ਼ੀ ਡਿਸਚਾਰਜ ਹੋਏ।
2.	ਡੇਹਲੋਂ	1	1	ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਹੋਈ।
3.	ਦਸ਼ਮੇਸ਼ ਨਗਰ	1	1	ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਹੋਈ।
3.	ਫਰੀਦਕੋਟ			
1.	ਅਬਲ ਖੁਰਾਨਾ	1	3	3 ਦੋਸ਼ੀ ਬਰੀ ਹੋਏ।
2.	ਦੌਲਾ	1	1	ਦੋਸ਼ੀ ਬਰੀ ਹੋਇਆ।
3.	ਚਿੜਕ	1	1	ਦੋਸ਼ੀ ਨੂੰ ਫਾਂਸੀ ਦੀ ਸਜ਼ਾ ਹੋਈ।
9.	ਪਟਿਆਲਾ			
1.	ਗੋਬਿੰਦਗੜ੍ਹ ਛੰਨਾਂ	3	ਕੋਈ ਨਹੀਂ	ਕੋਈ ਨਹੀਂ
2.	ਕਕੜਾਲਾ	1	3	ਮੁਕੱਦਮਾ ਜ਼ੇਰ ਸਮਾਇਤ ਅਦਾਲਤ ਹੈ।
3.	ਗਲਵਟੀ	1	1	—ਉਹੀ—
4.	ਰਤਨ ਪਾਲੋਂ	1	1	ਦੋਸ਼ੀ ਨੂੰ 5 ਸਾਲ ਦੀ ਸਜ਼ਾ ਹੋਈ।
10.	ਗੁਰਦਾਸਪੁਰ			
1.	ਦੀਨਾ ਨਗਰ	1	8	ਇਕ ਦੋਸ਼ੀ ਨੂੰ ਸਜ਼ਾਏ ਮੌਤ ਤੇ 1,000 ਰੁਪਏ ਜੁਰਮਾਨਾ ਹੋਇਆ। ਤਿੰਨ ਦੋਸ਼ੀਆਂ ਨੂੰ ਉਮਰ ਕੈਦ ਤੇ 1,/000 1,000/ ਰੁਪਏ ਜੁਰਮਾਨਾ ਹੋਇਆ। 4 ਦੋਸ਼ੀਆਂ ਨੂੰ ਉਮਰ ਕੈਦ ਤੇ 500/500 ਰੁਪਏ ਜੁਰਮਾਨਾ ਹੋਇਆ।

1	2	3	4	5
ਗੁਰਦਾਸਪੁਰ—ਖਤਮ				
2.	ਨੰਗਲ	1	1	ਦੋਸ਼ੀ ਨੂੰ 5 ਸਾਲ ਕੈਦ ਤੇ 500 ਰੁਪਏ ਜੁਰਮਾਨਾ ਹੋਇਆ ।
3.	ਬਲੋਂਵਾਲ	1	2	ਇਕ ਦੋਸ਼ੀ ਨੂੰ 4 ਸਾਲ ਕੈਦ ਤੇ 1000 ਰੁਪਏ ਜੁਰਮਾਨਾ ਹੋਇਆ ਅਤੇ ਦੂਜੇ ਦੋਸ਼ੀ ਨੂੰ 2 ਸਾਲ ਕੈਦ ਤੇ 250 ਰੁਪਏ ਜੁਰਮਾਨਾ ਹੋਇਆ ।
11. ਅੰਮ੍ਰਿਤਸਰ				
1.	ਗਰੇਵਾਲ	1	10	ਇਕ ਦੋਸ਼ੀ ਨੂੰ 7 ਸਾਲ ਸਖਤ ਕੈਦ ਹੋਈ ਬਾਕੀ 9 ਦੋਸ਼ੀ ਬਰੀ ਹੋਏ ।
2.	ਬੋਹੜਵਾਲਾ	1	1	ਮੁਕਦਮਾ ਸੁਣਵਾਈ ਅਧੀਨ ਹੈ ।
3.	ਭਗਤਾਂ ਵਾਲਾ ਅੰਮ੍ਰਿਤਸਰ	1	2	ਦੋਨੋ ਦੋਸ਼ੀ ਬਰੀ ਹੋਏ ਕਿਉਂਕਿ ਸਾਰੇ ਗਵਾਹ ਬੈਠ ਗਏ ਸਨ ।
4.	ਲੋਲਾ	1	1	ਦੋਸ਼ੀ ਬਰੀ ਹੋਇਆ ਕਿਉਂਕਿ ਗਵਾਹ ਬੈਠ ਗਏ ਸਨ ।
5.	ਕਸੇਲ	1	1	ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਹੋਈ ।
6.	ਕਲੈਰ	1	3	3 ਦੋਸ਼ੀ ਬਰੀ ਹੋਏ ।
7.	ਫਤਹਿਗੜ੍ਹ ਸ਼ੁਕਰਚਕ	1	5	ਕੇਸ ਸੁਣਵਾਈ ਅਧੀਨ ਹੈ ।
8.	ਕਰੇਜ਼	1	2	ਇਕ ਦੋਸ਼ੀ ਨੂੰ ਉਮਰ ਕੈਦ ਅਤੇ ਦੂਜਾ ਦੋਸ਼ੀ ਬਰੀ ਹੋਇਆ ।
9.	ਚਨਣਕੇ	1	1	ਕੇਸ ਅਦਾਲਤ ਵਿਚ ਸੁਣਵਾਈ ਅਧੀਨ ਹੈ ।
10.	ਕੋਟ ਖਾਲਸਾ	1	4	ਮੁਕੱਦਮਾ ਅਦਾਲਤ ਵਿਚ ਪੈਂਡਿੰਗ ਹੈ ।

1	2	3	4	5
ਅੰਮ੍ਰਿਤਸਰ—ਖਤਮ				
11.	ਹਰੀਜਨ ਕਲੋਨੀ ਭਗਤਾਂ ਵਾਲੀ ਅੰਮ੍ਰਿਤਸਰ ।	1	2	ਇਕ ਦੋਸ਼ੀ ਨੂੰ ਉਮਰ ਕੈਦ ਅਤੇ ਦੂਜਾ ਦੋਸ਼ੀ ਬਰੀ ਹੋਇਆ ।
12.	ਗਵਾਲ ਮੰਡੀ ਰਾਮਤੀਰਥ ਰੋਡ ਅੰਮ੍ਰਿਤਸਰ ।	1	2	ਦੋਨਾਂ ਦੋਸ਼ੀਆਂ ਨੂੰ ਉਮਰ ਕੈਦ ਹੋਈ।
12.	ਕਪੂਰਥਲਾ			
1.	ਦੀਪੇਵਾਲ	1	2	ਦੋਨੋ ਦੋਸ਼ੀ ਰਿਹਾ ਹੋਏ ।
		54	142	

J.B.T TEACHERS APPOINTED ON REGULAR BASIS

*710. 1. **Comrade Satyapal Dang**
2. **Comrade Dana Ram** } Will the Minister for Education and Revenue be pleased to state—

(a) the total number of J. B. T. Teachers selected during the last three years for regular appointments (year-wise);

(b) the total number of teachers out of those mentioned in part (a) above who were actually appointed during the said period year-wise ;

(c) the total number of teachers out of those mentioned in part (b) above belonging to the Scheduled Castes ?

Sardar Umrao Singh:

		1970	1971	1972
(a)		6,869	Nil	6,766
(b)	First list of 1970	5,224	1,036	609
	Second list of 1972.	—	—	5,201

(c) 829

		1970	1971	1972
[(ੲ)		6,869	ਨਿਲ	6,766
(ਬੀ)	1970 ਵਾਲੀ ਲਿਸਟ	5,224	1036	609
	1972 ਵਾਲੀ ਲਿਸਟ	—	—	5,201
ਸੀ)		829]	—	

SPECIAL SCIENCE LABORATORY BUILT FOR GOVERNMENT HIGHER SECONDARY SCHOOL, GARSHANKAR

*763. **Comrade Darshan Singh Canadian** : Will the Minister for Education and Revenue be pleased to state—

(a) whether a Special Science Laboratory was built two years back for the Government Higher Secondary School at Garshankar, if so, the total expenditure incurred on its construction;

(b) whether it is a fact that the said laboratory has not been put to use for the last two years, if so, the reasons therefor ?

Sardar Umrao Singh : (a) Yes. Rs. 53,000 approximately.

(b) Yes, because the Public Health amenities have not yet been provided in the Laboratory by the P.W.D. (Public Health).

[(ੲ) ਹਾਂ ਜੀ, ਲਗਭਗ 53,000 ਰੁਪਏ

(ਬੀ) ਹਾਂ ਜੀ, ਕਿਉਂਕਿ ਇਸ ਲਾਬਾਰਟਰੀ ਵਿਚ ਹਾਲੀ ਤੱਕ ਜਨ–ਸਿਹਤ ਸਹੂਲਤਾਂ ਦਾ ਕੰਮ ਲੋਕ ਨਿਰਮਾਣ ਵਿਭਾਗ ਜਨ–ਸਿਹਤ ਹਲਕਾ ਵਲੋਂ ਮੁਕੰਮਲ ਨਹੀਂ ਹੋਇਆ ।]

HIGH MIDDLE AND PRIMARY SCHOOLS AND THE NUMBER OF CHILDREN THEREIN

*689. **Shri Sardari Lal Kapur** : Will the Minister for Education and Revenue be pleased to state—

(a) the number of High, Middle and Primary Schools in the State at present along with the number of children getting education in each of those schools;

(b) the number of teachers in each of these schools, referred to in part (a) above ;

(c) the number of J.B.T. and B.A.B.T. teachers in the schools referred to in part (a) above who have received the requisite training ;

(d) the action, the Government propose to take to reduce unemployment amongst the J.B.T. and B.A.B.T. teachers in the State ?

Sardar Umrao Singh (Education Minister,)

a) (i) **The number of schools**

	Govt.	*Non-Govt.*	*Total*
Hr. Sec. ..	102	146	248
High ..	830	823	1,153
Middle ..	1,110	76	1,186
Primary ..	7,733	200	7,933

(ii) **Number of students:—**
(figures in lacs)

Age-group	*Govt.*	*Non-Govt.*	*Total*
14—17	1.11	0.78	1.89
11—14	3.29	1.42	4.71
6—11	14.91	2.28	17.19

b) **Number of teachers** :—

	Govt.	*Non-Govt.*	*Total*
Lecturers/ Masters	1,490	197	1,687
Mistresses	10,823	2,640	13,463
C and V	11,664	1,175	12,839
J.B.T.	38,637	4,731	43,368

(c) Almost all the Primary and Secondary teachers are trained. For the new recruits teaching training is necessary.

(d) To reduce unemployment, posts of 3,930 J.B.T., 552 Masters/ Mistresses and 726 C and V new teachers have been created during the year 1972-73.

During the year 1973-74 it is proposed to create the following posts. These will absorb equal number of unemployed teachers of various categories :—

Headmasters	*masters*	*DPE*	*J.B.T.*	*P.T.I.*	*C and V AND ARTS*
50	1,700	10	3,000	138	300

Crafts	*OT*	*Clekrs*	*Class IV*
	100	50	200

IMPLEMENTATION OF RESERVATION POLICY IN THE P.W.D. (B & R).

*821 (C.U) ACHARYA PRITHVI SINGH AZAD, ~~M.L.A.~~: Will the Chief Minister be pleased to state:-

(a) Whether the reservation policy of the Government in services in direct recruitment and in promotion cases is being implemented in the Public Works Department (B&R); if so, whether the representation of Scheduled Castes Employees in each category of staff is upto the reserved percentage;

b) the total number of vacancies category-wise filled by direct recruitment from 1952 to October, 1972, and from 12th September, 1963, to October, 1972, in promotion cases showing the names of Scheduled Caste Employees recruited/promoted after 1972;

c) whether any reserved vacancy according to the roster register has been given to non-scheduled caste persons; if so, whether the permission of the Secretary to Government, Punjab, Welfare Department has been obtained; if not, the reasons therefor;

d) the steps taken or proposed to be taken to bring the lower percentage of the Scheduled Caste employees to 22 percent.

Sardar RANDHIR SINGH CHEEMA, PUBLIC WORKS MINISTER, ~~PUNJAB.~~

(a) Yes. But the representation of Scheduled Castes in the case of direct recruitment as well as promotion cases has not been upto their desired percentages;

b) the total number of vacancies filled by direct recruitment from 1952 to October, 1972 and by promotion from 12.9.1963 to October, 1972 are given below:-

DIRECT RECRUITMENT

Class/Category	Total number of posts filled.	Number of scheduled Castes candidates recruited.
Class I	2	-
Class II	225	28
Class III	2507	288
Class IV	943	292

Representation by promotion from 12.9.1963 to 10/1972

Class I	78	4
Class II	46	
Class III	632	84

c) Some of the reserved vacancies in respect of promotion cadres have been given to the general categories of officials in accordance with seniority because no eligible/suitable Scheduled Caste candidates/officials were available against reserve points. In so far as direct recruitment was concerned, candidates were appointed from time to time on the

..2/

15-12-72

recommendations of the Punjab Public Service Commission/ Subordinate Services Selection Board and Departmental Committ This Department had been mentioning the reserved vacancies in the requisitions being sent to the Recruiting Agencies from time to time. In the event of non-availability of the Scheduled Castes candidates/officials, the reserved points had been carried forward as per instructions issued by the Welfare Department and later the Welfare Department was requested in most of the cases to accord ex-post facto approval to de-reserve the reserved points and to carry them forward till suitable Scheduled Castes candidates/officers become available.

d) On the rosters, the reserved vacancies, if not given to Scheduled Castes/Backward Classes due to non-availability of suitable officials, were being carried forward in accordance with the instructions of the Welfare Department and the deficiency was made up by giving increased quota to their classes in different categories in consultation with the Welfare Department.

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.